# ਮੁਖਵਾਕ ਪ੍ਰਕਾਸ਼

ੴ ਸਤਿਗੁਰ ਪ੍ਰਸਾਦਿ॥

ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ

# ਮੁਖਵਾਕ ਪ੍ਰਕਾਸ਼

(ਭਾਗ ਦੂਜਾ)

ਹੁਕਮਨਾਮਿਆ ਦੀ ਵਿਆਖਿਆ


ਲੇਖਕ

ਸਿੰਘ ਸਾਹਿਬ ਗਿਆਨੀ ਮੱਲ ਸਿੰਘ

ਗ੍ਰੰਥੀ ਸੱਚ ਖੰਡ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ

ਸੰਪਾਦਕ

ਗਿਆਨੀ ਅਮਰਜੀਤ ਸਿੰਘ ਕਥਾ ਵਾਚਕ

ਗੁਰਦੁਆਰਾ ਬਾਬਾ ਗਾਂਧਾ ਸਿੰਘ ਜੀ, ਬਰਨਾਲਾ



ਪ੍ਰਕਾਸ਼ਕ

**ਭਾ. ਚਤਰ ਸਿੰਘ ਜੀਵਨ ਸਿੰਘ**

ਅੰਮ੍ਰਿਤਸਰ।

© ਲੇਖਕ

**ISBN : 978-81-7601-950-7**

**ਪਹਿਲੀ ਐਡੀਸ਼ਨ— ਅਕਤੂਬਰ 2008 (ਬੰਦੀ ਛੋੜ ਦਿਵਸ)**

**ਭੇਟਾ : 400–00**

gqekFeL-

**ਭਾ. ਚਤਰ ਸਿੰਘ ਜੀਵਨ ਸਿੰਘ**

p}ko wkJh ;/tK, nzfwqs;o. (fJzvhnk)

c'B^c?e; L 91-183-2542346, 2547974, 2557973

E.Mail : csjs@vsnl.com, csjsexports@vsnl.com

csjssales@hotmail.com

Web site : www.csjs.com

(Printed in India)

*ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫੋਨ : 2705003, 5095774*

# ਸਮਰਪਣ

ਜਿਨ੍ਹਾਂ ਨੂੰ ਅਰਦਾਸ ਵਿਚ ਸਤਿਕਾਰ ਨਾਲ ਹਮੇਸ਼ਾ ਯਾਦ ਕਰਦੇ ਹਾਂ!!
ਦਸ ਗੁਰੂ ਸਾਹਿਬ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,
ਪੰਜ ਪਿਆਰੇ, ਚਾਰ ਸਾਹਿਬਜ਼ਾਦੇ, ਚਾਲੀ ਮੁਕਤੇ,
ਹਠੀਆਂ, ਜਪੀਆਂ, ਤਪੀਆਂ, ਨਾਮ ਜਪਣ ਅਤੇ ਵੰਡ ਛਕਣ ਵਾਲੇ।
ਜਿਨ੍ਹਾਂ ਦੇਗ ਚਲਾਈ, ਤੇਗ਼ ਵਾਹੀ, ਦੇਖ ਕੇ ਅਨਡਿਠ ਕੀਤਾ।
ਸਮੂਹ ਸਿੰਘਾਂ ਸਿੰਘਣੀਆਂ ਜਿਨ੍ਹਾਂ ਧਰਮ ਲਈ ਸੀਸ ਦਿੱਤੇ,
ਬੰਦ ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ 'ਤੇ ਚੜ੍ਹੇ,
ਤਨ ਆਰਿਆਂ ਨਾਲ ਚਿਰਾਏ,
ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ।
ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਬਾਹੀ!!!

ਇਸੇ ਕਲਮ ਤੋਂ :

- ☞ 1. ਗੁਰ ਸਾਗਰ ਰਤਨੀ ਭਰਪੂਰੇ
- ☞ 2. ਸਕਲ ਧਰਮ ਮੈ ਗ੍ਰਿਹਿਸਤ ਪ੍ਰਧਾਨ ਹੈ
- ☞ 3. ਗੁਰਵਾਕ ਵਿਸ਼ਾ ਪ੍ਰਬੋਧ (ਭਾਗ ਪਹਿਲਾ)
- ☞ 4. ਗੁਰਵਾਕ ਵਿਸ਼ਾ ਪ੍ਰਬੋਧ (ਭਾਗ ਦੂਜਾ)
- ☞ 5. ਸ੍ਰੀ ਗੁਰੂ ਨਾਨਕ ਪ੍ਰਕਾਸ਼ ਪ੍ਰਬੋਧ
- ☞ 6. ਦਸ ਗੁਰ ਜੋਤ-ਗੁਰ ਇਤਿਹਾਸ ਦਸ ਪਾਤਸ਼ਾਹੀਆਂ
- ☞ 7. ਸਬਦ ਗੁਰੂ ਗੁਰ ਜਾਣੀਐ
- ☞ 8. ਮੁਖਵਾਕ ਪ੍ਰਕਾਸ਼ (ਭਾਗ ਪਹਿਲਾ)
- ☞ 9. ਮੁਖਵਾਕ ਪ੍ਰਕਾਸ਼ (ਭਾਗ ਦੂਜਾ)

ਪ੍ਰੈਸ ਵਿਚ ਛਪਣ ਯੋਗ ਪੁਸਤਕਾਂ :

- ☞ 1. ਮੁਖਵਾਕ ਪ੍ਰਕਾਸ਼ (ਭਾਗ ਤੀਜਾ)
- ☞ 2. ਕਥਾ ਪ੍ਰਮਾਣ ਸਾਗਰ

ੴ ਸਤਿਗੁਰ ਪ੍ਰਸਾਦਿ ॥

## ਤਤਕਰਾ ਸ੍ਰੀ ਮੁਖਵਾਕ



| ਲੜੀ ਨੰ: | ਪੋਥੀ ਪੰਨਾ | ਪ੍ਰਾਕ੍ਰਥਨ=ਵਿਸ਼ਾ | ਪੋਥੀ ਪੰਨਾ |
|---|---|---|---|
| ੪੫. ਮਨੁ ਹਾਲੀ ਕਿਰਸਾਣੀ ਕਰਣੀ | ੧੬ | ਕਿਰਸਾਣੀ ਕਿਰਸਾਣੁ ਕਰੇ : | ੧੭ |
| ੪੬. ਤੂ ਪ੍ਰਭ ਦਾਤਾ ਦਾਨਿ ਮਤਿ ਪੂਰਾ | ੨੪ | ਦਾਤਾ ਤੇ ਭੇਖਾਰੀ : | ੨੫ |
| ੪੭. ਸੇਵਕ ਸੇਵ ਕਰਹਿ ਸਭਿ ਤੇਰੀ | ੩੫ | ਸੇਵਕ ਤੇ ਸੇਵਾ | ੩੬ |
| ੪੮ ਸੋ ਸਿਖੁ ਸਖਾ ਬੰਧਪੁ ਹੈ ਭਾਈ | ੪੪ | ਸਿੱਖ ਕਿਸ ਨੂੰ ਕਹਿੰਦੇ ਹਨ ? | ੪੫ |
| ੪੯. ਬਿਨੁ ਸਤਿਗੁਰ ਸੇਵੇ ਬਹੁਤਾ ਦੁਖੁ ਲਾਗਾ | ੬੧ | ਸੇਵਾ ਬਾਰੇ : | ੬੨ |
| ੫੦. ਆਪੇ ਕੰਡਾ ਆਪਿ ਤਰਾਜੀ | ੬੬ | ਆਪੇ ਕੰਡਾ ਤੋਲਿ ਤਰਾਜੀ | ੬੭ |
| ੫੧. ਅਚਰੁ ਚਰੈ ਤਾ ਸਿਧਿ ਹੋਈ | ੭੭ | ਮਨੁ ਅਸਾਧੁ ਸਾਧੈ ਜਨੁ ਕੋਈ | ੭੯ |
| ੫੨. ਗੁਰੁ ਪੂਰਾ ਭੇਟਿਓ ਵਡਭਾਗੀ | ੮੮ | ਪੂਰਨ ਗੁਰੂ ਕਿਸ ਨੂੰ ਕਹਿੰਦੇ ਹਨ ? | ੮੯ |
| ੫੩. ਏਕੁ ਪਿਤਾ ਏਕਸ ਕੇ ਹਮ ਬਾਰਿਕ | ੯੭ | ਸਭਨਾ ਕਾ ਮਾਂ ਪਿਉ ਆਪਿ ਹੈ | ੯੮ |
| ੫੪. ਮਾਤ ਗਰਭ ਮਹਿ ਆਪਨ ਸਿਮਰਨੁ ਦੇ | ੧੧੦ | ਰਚੰਤਿ ਜੀਅ ਰਚਨਾ ਮਾਤ ਗਰਭ ਅਸਥਾਪਨੰ | ੧੧੧ |
| ੫੫. ਪ੍ਰਭ ਕੀ ਸਰਣਿ ਸਗਲ ਭੈ ਲਾਥੇ | ੧੨੦ | ਭਉ ਨ ਵਿਆਪੈ ਤੇਰੀ ਸ਼ਰਣਾ | ੧੨੧ |
| ੫੬. ਅਬਿਨਾਸੀ ਜੀਅਨ ਕੋ ਦਾਤਾ | ੧੩੦ | ਪ੍ਰਭੂ ਅਬਿਨਾਸੀ ਤੇ ਬਿਨਾਸੀ ਸੰਸਾਰਾ | ੧੩੧ |
| ੫੭. ਹਮਰੀ ਗਣਤ ਨ ਗਣੀਆ ਕਾਈ | ੧੪੦ | ਮਾਣ ਹੋਂਦੇ ਹੋਇ ਨਿਮਾਣਾ | ੧੪੧ |
| ੫੮. ਗੁਰਿ ਪੂਰੈ ਕਿਰਪਾ ਧਾਰੀ | ੧੪੯ | ਗੁਰ ਪੂਰੈ ਕਿਰਪਾ ਕੀਨੀ | ੧੫੦ |
| ੫੯. ਗੁਰਿ ਪੂਰੈ ਚਰਨੀ ਲਾਇਆ | ੧੬੩ | ਪੂਰਨ ਗੁਰੂ ਦੇ ਚਰਨ, ਕਮਲ ਕੈਸੇ ਹਨ | ੧੬੪ |
| ੬੦.ਰਾਮਦਾਸ ਸਰੋਵਰਿ ਨਾਤੇ | ੧੭੧ | ਅੰਮ੍ਰਿਤਸਰ ਸਾਹਿਬ ਜੀ ਦੇ ਦਰਸ਼ਨ ਇਸ਼ਨਾਨ | ੧੭੨ |
| ੬੧. ਜਿਤੁ ਪਾਰਬ੍ਰਹਮੁ ਚਿਤਿ ਆਇਆ | ੧੮੪ | ਸੋ ਘਰੁ ਦਯਿ ਵਸਾਇਆ | ੧੮੫ |
| ੬੨. ਅਪਨਾ ਗੁਰੂ ਧਿਆਏ | ੧੯੫ | ਮਿਲਿ ਕੁਸਲ ਸੇਤੀ ਘਰਿ ਆਏ | ੧੯੬ |
| ੬੩. ਪਰਮੇਸਰਿ ਦਿਤਾ ਬੰਨਾ | ੨੦੩ | ਦੁਖ ਰੋਗ ਕਾ ਡੇਰਾ ਭੰਨਾ | ੨੦੪ |
| ੬੪. ਹਰਿ ਮਨਿ ਤਨਿ ਵਸਿਆ ਸੋਈ | ੨੧੨ | ਜੈ ਜੈ ਕਾਰੁ ਕਰੇ ਸਭੁ ਕੋਈ | ੨੧੩ |
| ੬੫. ਆਗੈ ਸੁਖੁ ਮੇਰੇ ਮੀਤਾ | ੨੨੨ | ਜਉ ਸੁਖ ਕਉ ਚਾਹੈ ਸਦਾ | ੨੨੩ |
| ੬੬. ਮਨ ਕੀ ਮਨ ਹੀ ਮਾਹਿ ਰਹੀ | ੨੨੯ | ਮਨ ਦੇ ਫੁਰਨਿਆ ਬਾਰੇ | ੨੩੦ |
| ੬੭. ਮਨ ਰੇ ਕਉਨੁ ਕੁਮਤਿ ਤੈ ਲੀਨੀ | ੨੩੪ | ਮਤ ਕੁਮਤਿ ਬਾਰੇ | ੨੩੫ |
| ੬੮. ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ | ੨੪੩ | ਦੁਖੁ ਸੁਖ ਦੋਨੋ ਸਮ ਕਰਿ ਜਾਨੈ | ੨੪੪ |
| ੬੯. ਆਸਾ ਮਨਸਾ ਬੰਧਨੀ ਭਾਈ | ੨੫੩ | ਕਰਮ ਧਰਮ ਬੰਧਕਾਰੀ | ੨੫੪ |
| ੭੦. ਭਗਤਾ ਦੀ ਸਦਾ ਤੂ ਰਖਦਾ ਹਰਿ ਜਉ | ੨੬੦ | ਚਾਰ ਤਰ੍ਹਾਂ ਦੇ ਭਗਤ | ੨੬੨ |

| ਲੜੀ ਨੰ: | ਪੋਥੀ ਪੰਨਾ | ਪ੍ਰਾਕ੍ਥਨ=ਵਿਸ਼ਾ | ਪੋਥੀ ਪੰਨਾ |
|---|---|---|---|
| ੭੧. ਸਭੁ ਜਗੁ ਜਿਨਹਿ ਉਪਾਇਆ ਭਾਈ | ੨੭੦ | ਜਬ ਪਹਿਲੇ ਹਮ ਸ੍ਰਿਸਟਿ ਬਨਾਈ | ੨੭੨ |
| ੭੨. ਪਾਠੁ ਪੜਿਓ ਅਰੁ ਬੇਦੁ ਬੀਚਾਰਿਓ | ੨੮੪ | ਨਿਵਲਿ ਭੁਅੰਗਮ ਸਾਧੇ | ੨੮੫ |
| ੭੩ ਮਾਇਆ ਮਮਤਾ ਮੋਹਣੀ | ੨੯੪ | ਮਾਇਆ ਕਿਸ ਨੋ ਆਖੀਐ | ੨੯੫ |
| ੭੪. ਵਿਣੁ ਨਾਵੈ ਸਭਿ ਭਰਮਦੇ | ੩੦੨ | ਨਿਤ ਜਗਿ ਤੋਟਾ ਸੈਸਾਰਿ | ੩੦੩ |
| ੭੫. ਹਸਤੀ ਸਿਰਿ ਜਿਉ ਅੰਕਸੁ ਹੈ | ੩੦੯ | ਅਹਰਣਿ ਜਿਉ ਸਿਰੁ ਦੇਇ | ੩੧੦ |
| ੭੬. ਬ੍ਰਹਮੁ ਬਿੰਦੈ ਤਿਸ ਦਾ ਬ੍ਰਹਮਤੁ ਰਹੈ | ੩੧੭ | ਬ੍ਰਹਮੁ ਬਿੰਦਹਿ ਤੇ ਬ੍ਰਾਹਮਣਾ | ੩੧੮ |
| ੭੭. ਗੁਰ ਸੇਵਾ ਤੇ ਸੁਖੁ ਊਪਜੈ | ੩੨੬ | ਸੇਵਾ ਕਿਸ ਨੂੰ ਕਹਿੰਦੇ ਹਨ | ੩੨੭ |
| ੭੮. ਏ ਮਨ ਹਰਿ ਜੀ ਧਿਆਇ ਤੂ | ੩੩੩ | ਏ ਮਨ ਜੈਸਾ ਸੇਵਹਿ ਤੈਸਾ ਹੋਵਹਿ | ੩੩੪ |
| ੭੯. ਕਿਆ ਪੜੀਐ ਕਿਆ ਗੁਨੀਐ | ੩੪੦ | ਤਿੰਨ ਤਰ੍ਹਾਂ ਦਾ ਪੜਨਾ | ੩੪੧ |
| ੮੦. ਜਬ ਹਮ ਹੋਤੇ ਤਬ ਤੂ ਨਾਹੀ | ੩੫੧ | ਹਉ ਹਉ ਕਰਤ ਨਹੀ ਸਚੁ ਪਾਈਐ | ੩੫੨ |
| ੮੧. ਜੀਉ ਡਰਤੁ ਹੈ ਆਪਣਾ | ੩੬੩ | ਡਰੁ ਚੂਕਾ ਦੇਖਿਆ ਭਰਪੂਰਿ | ੩੬੪ |
| ੮੨. ਜੀਉ ਤਪਤੁ ਹੈ ਬਾਰੋ ਬਾਰ | ੩੭੧ | ਤਪਿ ਤਪਿ ਖਪੈ ਬਹੁਤੁ ਬੇਕਾਰ | ੩੭੨ |
| ੮੩. ਇਹੁ ਧਨੁ ਅਖੁਟੁ ਨ ਨਿਖੁਟੈ ਨ ਜਾਇ | ੩੭੭ | ਖਾਵਹੁ ਖਰਚਹੁ ਤੋਟਿ ਨ ਆਵੈ | ੩੭੮ |
| ੮੪. ਹਰਿ ਨਾਮੁ ਧਨੁ ਨਿਰਮਲੁ ਅਤਿ... | ੩੮੫ | ਰਾਮੁ ਨਾਮੁ ਧਨੁ ਨਿਰਮਲੋ | ੩੮੬ |
| ੮੫. ਕਾਚਾ ਧਨੁ ਸੰਚਹਿ ਮੂਰਖ ਗਾਵਾਰ | ੩੯੨ | ਧਨ ਕਾਚਾ ਬਿਖੁ ਛਾਰੁ | ੩੯੩ |
| ੮੬. ਨਾਵੈ ਕੀ ਕੀਮਤਿ ਮਿਤਿ ਕਹੀ... | ੪੦੦ | ਸਾਈ ਨਾਮ ਅਮੋਲ | ੪੦੧ |
| ੮੭. ਹਮ ਅੰਧੁਲੇ ਅੰਧ ਬਿਖੈ ਬਿਖੁ ਰਾਤੇ | ੪੦੬ | ਕਿਉ ਚਾਲਹ ਮਾਰਗਿ ਪੰਥਾ | ੪੦੭ |
| ੮੮. ਇਛਾ ਪੂਰਕੁ ਸਰਬ ਸੁਖਦਾਤਾ ਹਰਿ | ੪੧੭ | ਸਭੇ ਇਛਾ ਪੂਰੀਆਂ | ੪੧੮ |
| ੮੯. ਜਿਸ ਕਾ ਤਨੁ ਮਨੁ ਧਨੁ ਸਭੁ ਤਿਸ ਕਾ | ੪੨੪ | ਤਨੁ ਧਨੁ ਪ੍ਰਭ ਕਾ ਪ੍ਰਭ ਕੀ ਜਿੰਦੁ | ੪੨੫ |
| ੯੦. ਜਿਨਿ ਕੀਨੇ ਵਸਿ ਅਪੁਨੈ ਤ੍ਰੈ ਗੁਣ | ੪੩੧ | ਤ੍ਰੈ ਗੁਣ ਮੋਹਿ ਮੋਹਿਆ ਆਕਾਸੁ | ੪੩੨ |
| ੯੧. ਤੁਮ ਦਾਤੇ ਠਾਕੁਰ ਪ੍ਰਤਿਪਾਲਕ | ੪੩੮ | ਦਦਾ ਦਾਤਾ ਏਕੁ ਹੈ | ੪੩੯ |
| ੯੨. ਦੀਨ ਦਰਦ ਨਿਵਾਰਿ ਠਾਕੁਰ | ੪੪੬ | ਹਰਿ ਜਨ ਰਾਖੈ ਗੁਰ ਗੋਵਿੰਦ | ੪੪੭ |
| ੯੩. ਫਿਰਤ ਫਿਰਤ ਭੇਟੇ ਜਨ ਸਾਧੂ | ੪੫੨ | ਪੂਰੈ ਗੁਰਿ ਸਮਝਾਇਆ | ੪੫੩ |
| ੯੪. ਜਹ ਜਹ ਪੇਖਉ ਤਹ ਹਜੂਰਿ | ੪੫੮ | ਕਿ ਜ਼ਾਹਰ ਜ਼ਹੂਰ ਹੈਂ॥ | ੪੫੯ |
| ੯੫. ਜਾ ਕਉ ਹਰਿ ਰੰਗੁ ਲਾਗੋ... | ੪੭੦ | ਸੋ ਕਹੀਅਤੁ ਹੈ ਸੂਰਾ | ੪੭੧ |
| ੯੬. ਚਤੁਰ ਦਿਸਾ ਕੀਨੋ ਬਲੁ ਅਪਨਾ | ੪੭੯ | ਬਾਬੇ ਤਾਰੇ ਚਾਰਿ ਚਕਿ | ੪੮੦ |
| ੯੭. ਅਉਖੀ ਘੜੀ ਨ ਦੇਖਣ ਦੇਈ | ੪੮੭ | ਅਪਨਾ ਬਿਰਦੁ ਸਮਾਲੇ | ੪੮੮ |
| ੯੮. ਬੰਦਨਾ ਹਰਿ ਬੰਦਨਾ | ੪੯੫ | ਨਮਸਕਾਰ ਗੁਰਦੇਵ ਕੋ | ੪੯੬ |
| ੯੯. ਗੁਰੁ ਸਾਗਰੁ ਰਤਨੀ ਭਰਪੂਰੇ | ੫੦੩ | ਆਪੇ ਹੀ ਵਿਚ ਰਤਨ ਧਰੇ | ੫੦੪ |

| ਲੜੀ ਨੰ: | ਪੋਥੀ ਪੰਨਾ | ਪ੍ਰਾਕ੍ਥਨ=ਵਿਸ਼ਾ | ਪੋਥੀ ਪੰਨਾ |
|---|---|---|---|
| ੧੦੦. ਤੀਰਥਿ ਨਾਵਣ ਜਾਉ ਤੀਰਥ... | ੫੧੨ | ਨਾਮ ਦਾਨ ਇਸ਼ਨਾਨ | ੫੧੩ |
| ੧੦੧. ਪਿਰ ਸੰਗਿ ਮੂਠੜੀਏ | ੫੨੧ | ਪਿਰ ਛੋਡਿਆ ਘਰਿ ਆਪਣਾ | ੫੨੨ |
| ੧੦੨. ਹਰਿ ਜੀਉ ਕ੍ਰਿਪਾ ਕਰੇ | ੫੩੦ | ਪ੍ਰਭਿ ਕਿਰਪਾ ਤੇ ਨਾਮੁ ਧਿਆਈਐ | ੫੩੨ |
| ੧੦੩. ਸਨਕ ਸਨੰਦ ਮਹੇਸ ਸਮਾਨਾਂ | ੫੩੮ | ਪ੍ਰਮੇਸ਼ਰ ਪਾਰਬ੍ਰਹਮ ਬੇਅੰਤੁ | ੫੩੯ |
| ੧੦੪. ਦਿਨ ਤੇ ਪਹਰ ਪਹਰ ਤੇ ਘਰੀਆਂ | ੫੪੮ | ਸਭੁ ਜਗੁ ਚਲਤਉ ਪੇਖੀਐ | ੫੪੯ |
| ੧੦੫. ਪਹਿਲ ਪੁਰੀਏ ਪੁੰਡਰਕ ਵਨਾ | ੫੫੫ | ਸਭ ਫੁਲਾ ਕੀ ਬਾਗਾਤਿ | ੫੫੬ |
| ੧੦੬. ਪਤਿਤ ਪਾਵਨ ਮਾਧਉ ਬਿਰਦ... | ੫੬੭ | ਪਤਿਤ ਉਧਾਰਨ ਪਾਰਬ੍ਰਹਮ | ੫੬੮ |
| ੧੦੭. ਮੇਰੈ ਹੀਅਰੈ ਰਤਨੁ ਨਾਮੁ | ੫੭੪ | ਗੁਰ ਕਾ ਸਬਦੁ ਰਤੰਨੁ ਹੈ | ੫੭੫ |
| ੧੦੮. ਜਿਨ ਹਰਿ ਹਿਰਦੈ ਨਾਮੁ ਨ ਬਸਿਓ | ੫੮੫ | ਹਰਿ ਕਾ ਨਾਮੁ ਨ ਜਪਸਿ ਗਵਾਰਾ | ੫੮੬ |
| ੧੦੯. ਕੋਈ ਜਾਨੈ ਕਵਨੁ ਈਹਾ ਜਗਿ ਮੀਤੁ | ੫੯੩ | ਇਹ ਜਗਿ ਮੀਤੁ ਨ ਦੇਖਿਓ ਕੋਈ | ੫੯੪ |
| ੧੧੦. ਕੋਈ ਜਨੁ ਹਰਿ ਸਿਉ ਦੇਵੈ ਜੋਰਿ | ੬੦੧ | ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ | ੬੦੨ |
| ੧੧੧. ਚਾਤ੍ਰਿਕ ਚਿਤਵਤ ਬਰਸਤ ਮੇਂਹ | ੬੦੮ | ਹਰਿ ਪ੍ਰੇਮ ਭਗਤਿ ਕੋ ਨੇਹਿ | ੬੦੯ |
| ੧੧੨. ਦਰਸਨ ਪਿਆਸੀ ਦਿਨਸੁ ਰਾਤਿ | ੬੧੭ | ਦਰਸਨ ਦੇਖਿ ਜੀਵਾ ਗੁਰ ਤੇਰਾ | ੬੧੯ |
| ੧੧੩. ਆਦਿ ਪੂਰਨ ਮਧਿ ਪੂਰਨ | ੬੨੮ | ਆਦਿ ਅੰਤੇ ਮਧਿ ਪੂਰਨ | ੬੨੯ |
| ੧੧੪. ਬਸੰਤਿ ਸ੍ਵਰਗ ਲੋਕਹ | ੬੩੬ | ਸੁਰਗ ਬਾਸੁ ਨਾ ਬਾਂਛੀਐ | ੬੩੭ |
| ੧੧੫. ਦਇਆ ਕਰਣੰ ਦੁਖ ਹਰਣੰ | ੬੪੪ | ਦਇਆ ਧਰਮੁ ਤਪੁ ਨਿਹਚਲੋ | ੬੪੫ |
| ੧੧੬. ਹਰਿ ਬਿਸਰਤ ਸਦਾ ਖੁਆਰੀ | ੬੫੧ | ਹਰਿ ਬਿਸਰਤੁ ਸੋ ਮੂਆ | ੬੫੨ |
| ੧੧੭. ਰਸਨਾ ਗੁਣ ਗੋਪਾਲ | ੬੬੦ | ਨਾਮ ਜਪਣ ਕਉ ਜਿਹਬਾ ਦੀਨੀ | ੬੬੧ |
| ੧੧੮. ਐਸੋ ਗੁਨੁ ਮੇਰੋ ਪ੍ਰਭ ਜੀ ਕੀਨ | ੬੬੭ | ਪੰਜੇ ਰੋਗ ਅਸਾਧ ਨਿਵਾਰੇ | ੬੬੮ |
| ੧੧੯. ਮਾਈ ਮੇਰੇ ਮਨ ਕੋ ਸੁਖੁ | ੬੭੫ | ਹਰਿ ਸਿਮਰਤ ਮਨੁ ਤਨੁ ਸੁਖੀ | ੬੭੬ |
| ੧੨੦. ਹਰਿ ਹਰਿ ਚਰਨ ਰਿਦੈ ਉਰ ਧਾਰੇ | ੬੮੨ | ਸਿਮਰਿ ਸੁਆਮੀ ਸਤਿਗੁਰੁ ਅਪੁਨਾ | ੬੮੩ |
| ੧੨੧. ਹਰਿ ਜਨੁ ਰਾਮ ਨਾਮ ਗੁਨ ਗਾਵੈ | ੬੯੧ | ਹਰਿ ਜਨ ਕਉ ਇਹੀ ਸੁਹਾਵੈ | ੬੯੨ |
| ੧੨੨. ਇਹੁ ਤਨੁ ਮਾਇਆ ਪਾਹਿਆ... | ੭੦੧ | ਕਵਨ ਰੰਗ | ੭੦੨ |
| ੧੨੩. ਤੁਧੁ ਬਿਨੁ ਦੂਜਾ ਨਾਹੀ ਕੋਇ | ੭੦੮ | ਕਰਹਿ ਸੋ ਹੋਇ | ੭੦੯ |
| ੧੨੪. ਹਰਿ ਕੀਆ ਕਥਾ ਕਹਾਣੀਆ | ੭੧੫ | ਹਰਿ ਹਰਿ ਕਥਾ ਨਿਰਾਲੀ | ੭੧੭ |


☆☆☆

## ਤਤਕਰਾ ਸਾਖੀਆਂ


| ਸਾਖੀਆਂ | ਪੋਥੀ ਪੰਨਾ |
|---|---|
| ਸਾਖੀ— ਗੁਰੂ ਨਾਨਕ ਦੇਵ ਜੀ ਨੇ ਖੇਤੀ ਕਰਨੀ | ੧੮ |
| ਸਾਖੀ— ਦੁਰਗਾ ਦਾਸ ਪੰਡਿਤ ਤੇ ਗੁਰੂ ਅਮਰਦਾਸ ਜੀ | ੨੯ |
| ਸਾਖੀ— ਭਗਤ ਨਾਮਦੇਵ ਜੀ | ੩੩ |
| ਸਾਖੀ— ਬਾਬਾ ਬੁੱਢਾ ਜੀ | ੩੮ |
| ਸਾਖੀ— ਭਾਈ ਅੱਡਣ ਸ਼ਾਹ ਜੀ ਅਨੁਸਾਰ | ੪੬ |
| ਸਾਖੀ— ਗੁਰੂ ਅਮਰਦਾਸ ਜੀ ਤੇ ਬਾਬਾ ਬੁੱਢਾ ਜੀ | ੫੦ |
| ਸਾਖੀ— ਭਾਈ ਗੁਰਮੁਖ ਤੇ ਭੇਖਾਰੀ ਜੀ | ੫੭ |
| ਸਾਖੀ— ਸੇਵਾ ਤੋਂ ਵਾਂਝੇ ਮਨੁੱਖ ਦੀ | ੬੨ |
| ਸਾਖੀ— ਭਾਈ ਕਟਾਰੂ | ੬੯ |
| ਸਾਖੀ— ਵਪਾਰੀ ਦੀ | ੭੨ |
| ਸਾਖੀ— ਰਾਜਾ ਪਾਰਸ ਨਾਥ ਦੀ | ੮੨ |
| ਸਾਖੀ— ਪੂਰਨ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ | ੯੨ |
| ਸਾਖੀ— ਗ਼ਰੀਬ ਘਾਹੀ ਸਿੱਖ | ੯੪ |
| ਖ਼ਾਲਸਾ ਪੰਥ ਦੀ ਸਾਜਨਾ | ੧੦੦ |
| ਸਾਖੀ— ਜੋਗਾ ਸਿੰਘ ਦੀ | ੧੦੫ |
| ਸਾਖੀ— ਮਾਤਾ ਅਨੰਦ ਕੌਰ ਜੀ ਦੀ ਸੱਚੀ ਘਾਲ | ੧੧੫ |
| ਮਹਾਰਾਣੀ ਜਿੰਦਾ ਦਾ ਕੇਸਾਂ ਤੇ ਦਸਤਾਰ... | ੧੧੭ |
| ਸੱਤ ਪ੍ਰਕਾਰ ਦਾ ਭੈ | ੧੨੨ |
| ਸਾਖੀ— ਮੌਤ ਦਾ ਫ਼ਰਿਸ਼ਤਾ | ੧੨੪ |
| ਸਾਖੀ— ਗਨਕਾ ਦੀ | ੧੨੬ |
| ਚਾਰੇ ਯੁੱਗਾਂ ਦਆਂ ਉਮਰਾਂ | ੧੩੩ |
| ਸਾਖੀ— ਹਰਨਾਖਸ਼ ਦੀ | ੧੩੫ |
| ਸਾਖੀ— ਸੂਲੀ ਤੋਂ ਕੰਡਾ ਤੇ ਸਵਾਸ ਕੋਲੇ... | ੧੩੮ |
| ਸਾਖੀ— ਗ਼ੁਲਾਮਾਂ ਦੀ ਮੰਡੀ | ੧੪੫ |
| ਸਾਖੀ— ਕੌਡੇ ਨੂੰ ਤਾਰਨਾ | ੧੪੭ |
| ਸਾਖੀ— ਮਾਤਾ ਸੁਲੱਖਣੀ ਜੀ | ੧੫੫ |
| ਸਾਖੀ— ਭਾਈ ਅਦਲੀ ਜੀ ਤੇ ਬਿਧੀ ਚੰਦ ਜੀ | ੧੫੭ |
| ਸਾਖੀ— ਭਾਈ ਗੋਂਦਾ | ੧੬੫ |
| ਸਾਖੀ ਭਾਈ ਤਿਲਕੁ ਤੇ ਮਹੇਸਾ ਜੋਗੀ | ੧੬੬ |
| ਅੰਮ੍ਰਿਤਸਰ ਤੀਰਥ ਦੀ ਮਹਿਮਾ | ੧੭੪ |
| ਸਾਖੀ— ਸਰੀਰ ਮੰਦਰ ਹਰੀ ਦਾ ਘਰ ਹੈ | ੧੯੧ |
| ਗੁਰੂ ਕੀ ਵਡਾਲੀ | ੧੯੮ |
| ਸਾਖੀ— ਭਾਈ ਆਦਮ ਜੀ | ੨੦੫ |
| ਅਵਤਾਰ ਗੁਰੂ ਹਰਿਗੋਬਿੰਦ ਜੀ | ੨੦੮ |
| ਸਾਖੀ— ਭਗਤ ਰਵਿਦਾਸ ਜੀ | ੨੧੫ |
| ਸਾਖੀ— ਬਾਬਾ ਬੁੱਢਾ ਜੀ ਦੇ ਅੰਤਮ ਸਮੇਂ ਦੀ | ੨੨੫ |
| ਸਾਖੀ— ਸ਼ੇਖ ਚਿਲੀ ਦੀ | ੨੩੧ |
| ਸਾਖੀ— ਇੰਦ੍ਰ ਦੇਵਤਾ ਦੇ ਕਲੰਕੀ ਹੋਣ ਦੀ | ੨੩੭ |
| ਸਾਖੀ— ਨਿੰਦਿਆ ਕਰਕੇ ਕੋਹੜੀ ਹੋਣਾ | ੨੩੮ |
| ਸਾਖੀ— ਮਲੂਕੇ ਚੌਧਰੀ ਦੀ | ੨੪੧ |
| ਸਾਖੀ— ਸ਼ਹੀਦ ਸਿੰਘਣੀਆਂ ਦੀ | ੨੪੭ |
| ਸਾਖੀ— ਗੁਟਾਰ ਤੇ ਬਾਜ ਦੀ | ੨੫੪ |
| ਸਾਖੀ— ਓਨਾ ਕੀ ਰੀਸ ਕਰੇ ਸੁ ਵਿਗੁਚੈ | ੨੬੫ |
| ਸਾਖੀ— ਬ੍ਰਹਮਾ ਦੇ ਸ੍ਰਿਸ਼ਟੀ ਸਾਜਨ ਦੀ | ੨੭੫ |
| ਸਾਖੀ— ਸੰਤੋਖੇ ਜੋਗੀ ਦੀ | ੨੮੮ |
| ਸਾਖੀ— ਚਾਰ ਚੋਰਾਂ ਦੀ | ੨੯੭ |
| ਸੁਆਸਾਂ ਦਾ ਅਲੰਕਾਰ | ੩੦੪ |
| ਸਾਖੀ— ਮੂਰਖ ਲੁਹਾਰ ਤੇ ਚੰਦਨ | ੩੦੫ |
| ਸਾਖੀ— ਊਭੀ ਸੇਵ ਕਰੇਇ | ੩੧੨ |
| ਸਾਖੀ— ਸ਼ਿਵਦੱਤ ਬ੍ਰਾਹਮਣ ਦੀ | ੩੧੯ |
| ਸਾਖੀ— ਸਯਦਾਣੀ ਦੀ | ੩੨੦ |
| ਸਾਖੀ— ਲੰਗੜਾ ਸਿੱਖ | ੩੩੦ |
| ਸਾਖੀ— ਤੀਸਰੇ ਗੁਰੂ ਜੀ ਦੇ ਸਿਮਰਨ ਕਰਨ | ੩੩੬ |
| ਸਾਖੀ— ਤਿੰਨ ਤਰ੍ਹਾਂ ਦੇ ਸੱਪ | ੩੪੨ |
| ਸਾਖੀ— ਪ੍ਰਹਿਲਾਦ ਦੇ ਪੜ੍ਹਨ ਦੀ | ੩੪੪ |
| ਸਾਖੀ— ਗੁਰੂ ਨਾਨਕ ਦੇਵ ਜੀ ਦੇ ਪੜ੍ਹਨ ਦੀ | ੩੪੫ |

ਸਾਖੀ— ਕਾਸ਼ੀ ਵਿਚ ਸਿੱਖਾਂ ਦੇ ਵਿਦਿਆ ... ੩੪੭
ਸਾਖੀ— ਵਿਦਿਆ ਅਭਿਮਾਨੀ ਪੰਡਿਤ ਦੀ ੩੪੯
ਸਾਖੀ-ਬਾਦਸ਼ਾਹ ਦੇ ਸੁਪਨੇ 'ਚ ਭੇਖਾਰੀ... ੩੬੦
ਸਾਖੀ— ਜੁੜੇ ਹੋਏ ਬਾਲਕਾਂ ਦੀ ੩੬੬
ਸਾਖੀ— ਦੇਵਲੂਤ ਰਾਖਸ਼ ੩੬੭
ਸਾਖੀ— ਕੋਹੜੀ ਦੀ ੩੭੪
ਸਾਖੀ— ਦੋ ਗੁਰਮੁੱਖ ਮਿੱਤਰਾਂ ਦੀ ੩੮੦
ਸਾਖੀ— ਬਾਬਾ ਮੋਹਰੀ ਜੀ ਦੀ ੩੮੭
ਸਾਖੀ— ਭਾਈ ਗੱਜਾ ਸਿੰਘ ਦੀ ੩੮੯
ਸਾਖੀ— ਕਾਰੂੰ ਬਾਦਸ਼ਾਹ ਦੀ ੩੯੪
ਸਾਖੀ— ਦੂਨੀ ਚੰਦ ਸ਼ਾਹੂਕਾਰ ਦੀ ੩੯੭
ਸਾਖੀ— ਇਕ ਘੜੀ ਨਾਮ ਜਪੇ ਦਾ ਫਲ ੪੦੨
ਬਾਬਾ ਦੀਪ ਸਿੰਘ ਜੀ ਸ਼ਹੀਦ ੪੧੦
ਸਾਖੀ— ਕਾਮਧੇਨ ਗਊ ਦੀ ੪੨੧
ਸਾਖੀ— ਚਿੰਤਾਮਣੀ ਦੀ ੪੨੧
ਸਾਖੀ— ਤਨੁ ਮਨੁ ਧਨੁ ਸਭਿ ਸਉਪ ਗੁਰਿ ਕਉ ੪੨੭
ਸਾਖੀ— ਜਿਨਿ ਬ੍ਰਹਮਾ ਬਿਸਨੁ ਮਹਾਦੇਉ... ੪੩੪
ਸਾਖੀ— ਇਕ ਪਠਾਨ ਦੀ ੪੪੨
ਸਾਖੀ— ਪੱਥਰ ਵਿਚ ਕੀੜੇ ਦੀ ੪੪੩
ਸਾਖੀ— ਭਗਤਾ ਦੀ ਤੂ ਰਖਦਾ ਹਰਿ ਜੀਉ ੪੪੯
ਸਾਖੀ— ਹਮਜ਼ਾ ਗੌਂਸ ਪੀਰ ਦੀ ੪੫੫
ਸਾਖੀ-ਭਾਈ ਕਨ੍ਹਈਆ ਜੀ ੪੬੩
ਸਾਖੀ— ਸ਼ਹੀਦ ਸਿੰਘਾਂ ਦੀ ੪੭੫
ਸਾਖੀ-ਦੋ ਰਾਜਿਆਂ ਨੂੰ ਕੈਦ ਚੋਂ ਕੱਢਣ ਦੀ ੪੮੪
ਸਾਖੀ-ਭਾਈ ਤਿਲੋਕਾ ੪੯੧
ਸਾਖੀ— ਸਲਾਰਦੀਨ ਕਾਜ਼ੀ ਦੇ ਗੁਰੂ ਜੀ ਦੀ ਸ਼ਰਨ ਆਉਣ ਦੀ ੫੦੦
ਕੋਹਿਨੂਰ ਹੀਰੇ ਬਾਰੇ ਨਿਰਣਾ ੫੦੬
ਸਾਖੀ— ਔਰੰਗਜ਼ੇਬ ਤੇ ਤਾਨੇ ਸ਼ਾਹ ਦੇ ਜੰਗ ੫੦੭
ਤਨਖ਼ਾਹ ਨਾਮਾ, ਪੰਜ ਇਸ਼ਨਾਨਾ ੫੧੪
ਸਾਖੀ— ਨੂਰਸ਼ਾਹ ਜਾਦੂਗਰਨੀ ਦੀ ੫੨੪
ਸਾਖੀ— ਆਖਣ ਅਉਖਾ ਸਾਚਾ ਨਾਉ ੫੩੩
ਸਾਖੀ— ਤਾ ਕੇ ਅੰਤ ਨ ਪਾਏ ਜਾਹਿ ੫੪੩
ਅਲੰਕਾਰ— ਆਵ ਘਟੈ ਤਨ ਛੀਜੈ ੫੫੨
ਅਲੰਕਾਰੁ— ਦੁਨੀ ਸੁਹਾਵਾ ਬਾਗੁ ੫੬੧
ਸਾਖੀ— ਅਜਾਮਲ ਦੀ ੫੭੧
ਸਾਖੀ— ਪਿਉ-ਦਾਦੇ ਦਾ ਖ਼ਜ਼ਾਨਾ ਕੀ ਹੈ ? ੫੭੬
ਸਾਖੀ— ਭਗਤ ਕਬੀਰ ਜੀ ਪਾਸੋਂ ਸੋਨੇ ਬਦਲੇ ਨਾਮ ਰਤਨ ਦੀ ਮੰਗ ੫੭੮
ਸਾਖੀ— ਜਨਕ ਰਾਜਾ ਜੀ ਦੀ ੫੭੯
ਸਾਖੀ— ਰਤਨ ਦੀ ਦਰਸ਼ਨ ਭੇਟਾ ੫੮੦
ਸਾਖੀ— ਸ਼ਾਹੂਕਾਰ ਦੀ ੫੮੨
ਸਾਖੀ— ਮਨ ਕਰਿ ਕਬਹੂੰ ਨ ਹਰਿ ਗੁਨ... ੫੮੯
ਸਾਖੀ— ਸੁੱਚੇ ਮਿੱਤਰ ਦੀ ੫੯੭
ਸਾਖੀ— ਰਾਮ ਕਬੀਰਾ ਏਕ ਭਏ ਹੈ ੬੦੪
ਸਾਖੀ— ਭਗਤ ਸੈਣਿ ਜੀ ੬੧੪
ਸਾਖੀ— ਗੁਰੂ ਹਰਿਗੋਬਿੰਦ ਜੀ ਦੇ ਦਰਸ਼ਨ ੬੨੧
ਸਾਖੀ— ਸੁਕਰਾਤ ਜੀ ੬੩੧
ਸਾਖੀ— ਨੌਖ ਰਾਜੇ ਦੀ ੬੪੦
ਸਾਖੀ— ਰਾਜਾ ਜੁਜਾਤੀ ਦੀ ੬੪੧
ਸਾਖੀ— ਦਇਆ ਧਰਮ ਕੋ ਮੂਲ ਹੈ ੬੪੮
ਸਾਖੀ— ਸੋਟੀ ਹਰੀ ਹੋਣ ਦੀ ੬੪੯
ਸਾਖੀ— ਦੁਨੀ ਚੰਦ ਮਸੰਦ ਦੀ ੬੫੬
ਸਾਖੀ— ਇਕ ਜੱਟ ਦੇ ਸਿਮਰਨ ਦੀ ੬੬੩
ਸਾਖੀ— ਵਜ਼ੀਰ ਖ਼ਾਨ ਦੀ ੬੭੧
ਸਾਖੀ— ਸੋ ਸੁਖ ਰਾਜ ਨ ਲਹੀਐ ੬੭੮
ਸਾਖੀ— ਭਾਈ ਪਾਰੋ ਜੀ ੬੮੫
ਸਾਖੀ— ਭਗਤ ਧੰਨਾ ਜੀ ੬੮੬
ਸਾਖੀ— ਜਨ ਨਿਰਵੈਰ ਨਿੰਦਕ ਅਹੰਕਾਰੀ ੬੯੬
ਸਾਖੀ— ਸਾਹੁ ਸੁਹਾਗਣੀ ਦੀ ੭੦੪
ਸਾਖੀ— ਮੇਰਾ ਕੀਆ ਕਛੂ ਨ ਹੋਇ ੭੧੧


★★★

# ਦੋ ਸ਼ਬਦ

ਸਤਿਕਾਰ ਯੋਗ ਸਿੰਘ ਸਾਹਿਬ ਗਿ. ਮੱਲ ਸਿੰਘ ਜੀ ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਜਿਨ੍ਹਾਂ ਲੰਮੇ ਸਮੇਂ ਤੋਂ ਵੱਖ-ਵੱਖ ਇਤਿਹਾਸਕ ਗੁਰੂ ਅਸਥਾਨਾਂ 'ਤੇ ਰਹਿ ਕੇ ਹੈੱਡ ਗ੍ਰੰਥੀ, ਕਥਾ ਵਾਚਕ ਦੀ ਸੇਵਾ ਨਿਭਾਈ ਅਤੇ ਇਲਾਕੇ ਵਿੱਚ ਅਤੇ ਵਿਦੇਸ਼ਾਂ ਵਿੱਚ ਗੁਰਮਤਿ ਦਾ ਪ੍ਰਚਾਰ ਕੀਤਾ। ਗੁਰਮਤਿ ਦੇ ਦਾਇਰੇ ਵਿੱਚ ਰਹਿ ਕੇ ਗੁਰੂ ਆਸ਼ੇ ਨੂੰ ਸਮਝਿਆ ਅਤੇ ਸਮਝਾਇਆ। ਆਪ ਬਹੁਤ ਵਧੀਆ ਗੁਰਮਤਿ ਅਤੇ ਗੁਰਬਾਣੀ ਦੇ ਵਿਆਖਿਆਕਾਰ ਹਨ। ਹੁਣ ਸੰਨ ੨੦੦੧ ਤੋਂ ਲੈਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਬਤੌਰ ਗ੍ਰੰਥੀ ਸਿੰਘ ਸਾਹਿਬ ਦੀ ਸੇਵਾ ਦੇ ਨਾਲ-ਨਾਲ ਕਲਮ ਰਾਹੀਂ ਸਿੱਖ ਕੌਮ ਦੀ ਲਿਖਤ ਰੂਪ ਵਿਚ ਸੇਵਾ ਕਰ ਰਹਿ ਹਨ। ਹੁਣ ਤੱਕ ਇਨ੍ਹਾਂ ਨੇ ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਿਤ ਅੱਠ ਪੁਸਤਕਾਂ ਲਿਖ ਕੇ ਸੇਵਾ ਕੀਤੀ ਹੈ। ਹੁਣ ਨੌਵੀਂ ਹੱਥਲੀ ਪੁਸਤਕ 'ਮੁੱਖਵਾਕ ਪ੍ਰਕਾਸ਼' ਭਾਗ ਦੂਜਾ (ਹੁਕਮਨਾਮਿਆਂ ਦੀ ਵਿਆਖਿਆ) ਆਪ ਸੰਗਤਾਂ ਪਾਸ ਪਹੁੰਚੀ ਹੈ। ਗੁਰਮਤਿ ਖੋਜੀ ਪ੍ਰਚਾਰਕਾਂ, ਵਿਆਖਿਆਕਾਰਾਂ ਲਈ ਬਹੁਤ ਹੀ ਲਾਭਦਾਇਕ ਹੋਵੇਗੀ। ਇਸ ਲਈ ਕਥਾ ਵਾਚਕਾਂ, ਪ੍ਰਚਾਰਕਾਂ ਅਤੇ ਗੁਰਬਾਣੀ ਪ੍ਰੇਮੀਆਂ ਨੂੰ ਇਸ ਨੂੰ ਪੜ੍ਹਕੇ ਲਾਭ ਲੈਣਾ ਚਾਹੀਦਾ ਹੈ। ਮੇਰੀ ਅਰਦਾਸ ਹੈ, ਗੁਰੂ ਰਾਮਦਾਸ ਜੀ ਅਤੇ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਇਹਨਾਂ ਨੂੰ ਲਿਖਤ ਰਾਹੀਂ ਹੋਰ ਸੇਵਾ ਦਾ ਬਲ ਬਖ਼ਸ਼ਣ, ਜਿਸ ਲਿਖਤ ਨੂੰ ਪੜ੍ਹਕੇ ਸੰਗਤਾਂ ਹੋਰ ਲਾਭ ਲੈ ਸਕਣ।

ਗੁਰੂ-ਪੰਥ ਦਾ ਦਾਸ,
ਸਿੰਘ ਸਾਹਿਬ ਗਿ. ਗੁਰਬਚਨ ਸਿੰਘ
ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ,
ਸ੍ਰੀ ਅੰਮ੍ਰਿਤਸਰ।

# ਦੋ ਸ਼ਬਦ

ਸੋਢੀ ਪਾਤਿਸ਼ਾਹ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਦੀ ਪਰਮ ਕਿਰਪਾਲਤਾ ਦਾ ਸਦਕਾ "ਮੁਖਵਾਕ ਪ੍ਰਕਾਸ਼" (ਭਾਗ ਪਹਿਲਾ) ਹੁਕਮਨਾਮਿਆਂ ਦੀ ਵਿਆਖਿਆ, ਜਿਸ ਵਿਚ ਗੂਜਰੀ ਰਾਗੁ ਤੋਂ ਲੈ ਕੇ ਵਡਹੰਸ ਰਾਗੁ ਤੱਕ ਦੇ ਹੁਕਮਨਾਮੇ ੧੪੩੦ ਅੰਗ ਵਾਲੇ ਪਾਵਨ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਮਰਿਯਾਦਾ ਅਨੁਸਾਰ ਹਰ ਰੋਜ਼ ਗੁਰ ਅਸਥਾਨਾਂ 'ਤੇ ਲਏ ਜਾਣ ਵਾਲੇ। ਪ੍ਰਾਕ੍ਰਥਨ, ਵਿਸ਼ਾ, ਸਾਖੀਆਂ, ਪਦ ਅਰਥ, ਅਰਥ, ਵਿਆਖਿਆ ਤੇ ਸਾਰੰਸ਼ ਤਿਆਰ ਹੋ ਜਾਣ 'ਤੇ ਜੁਲਾਈ ੨੦੦੮ ਨੂੰ ਜੱਥੇਦਾਰ ਅਵਤਾਰ ਸਿੰਘ ਜੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪੰਬਧਕ ਕਮੇਟੀ ਦੁਆਰਾ ਰੀਲੀਜ਼ ਕੀਤਾ ਗਿਆ ਸੀ।

ਹੁਣ "ਮੁਖਵਾਕ ਪ੍ਰਕਾਸ਼" (ਭਾਗ ਦੂਜਾ) ਹੁਕਮਨਾਮਿਆਂ ਦੀ ਵਿਆਖਿਆ ਜਿਸ ਵਿਚ ਸੋਰਠਿ ਰਾਗੁ ਤੋਂ ਲੈ ਕੇ ਤਿਲੰਗ ਰਾਗੁ ਤੱਕ ਦੇ ਹੁਕਮਨਾਮੇ ਅੰਕਿਤ ਹਨ। ਇਥੋਂ ਤੱਕ ਸਾਰੇ ਹੁਕਮਨਾਮਿਆਂ ਦੀ ਗਿਣਤੀ ੧੨੪ ਹੈ। ੪੪ ਹੁਕਮਨਾਮੇ ਪਹਿਲੇ ਭਾਗ ਵਿਚ ਹਨ ਅਤੇ ੮੦ ਹੁਕਮਨਾਮੇ ਇਸ ਦੂਸਰੇ ਭਾਗ ਵਿਚ ਹਨ। ਇਹ ਸਾਰਾ ਕਾਰਜ ਗੁਰੂ ਦਾ ਗੁਰੂ ਸਾਹਿਬ ਜੀ ਨੇ ਆਪ ਹੀ ਕੀਟ ਦਾਸ ਦੇ ਸਿਰ ਉੱਪਰ ਬਖ਼ਸ਼ਿਸ਼ ਭਰਿਆ ਹੱਥ ਰੱਖ ਕੇ ਕਰਾਇਆ ਹੈ, ਨਹੀਂ ਤਾਂ ਇਸ "ਹਰਿ ਅਕਥ ਕਥਾ ਕਾ" ਦਾ ਕਾਰਜ "ਕਿਆ ਹਮ ਕਿਰਮ ਨਾਨ ਨਿਕ ਕੀਰੇ" ਪਾਸੋਂ ਹੋਣਾ ਸੀ। ਕੀਟ ਦਾਸਰੇ ਪਾਸੋਂ ਲਿਖਦਿਆਂ ਅਨਗਿਣਤ ਭੁੱਲਾਂ ਹੋਈਆਂ ਹਨ। ਪਰ ਆਪ ਪਰਮ ਕਿਰਪਾਲੂ ਜੀ ਕਿਰਪਾ ਕਰਕੇ

***"ਭੂਲ ਛਿਮੋ ਹਮਰੀ ਪ੍ਰਭ ਆਪ ਨ ਭੂਲਨਹਾਰ ਕਹੂੰ ਕੋਊ ਮੋ ਸੋ॥***

ਅਗੇ ਰਹਿੰਦਾ ਕਾਰਜ "ਮੁਖਵਾਕ ਪ੍ਰਕਾਸ਼" (ਭਾਗ ਤੀਜਾ) ਹੁਕਮਨਾਮਿਆਂ ਦੀ ਵਿਆਖਿਆ ਦਾ ਆਪ ਹੀ ਕਿਰਪਾ ਕਰਕੇ ਸੰਪੂਰਨ ਕਰ ਕਰਵਾ ਲੈਣਾ। ਇਸ ਰਹਿੰਦੇ ਕਾਰਜ ਨੂੰ ਸੰਪੂਰਨ ਕਰਨ ਕਰਾਉਣ ਲਈ ਆਪ ਜੀ ਇਸ ਕੀਟ 'ਤੇ ਕਿਰਪਾ ਕਰੋ:-

***"ਮੇਹਰ ਕਰੋ ਤ੍ਰਿਣ ਤੇ ਮੁਹਿ ਜਾਹਿ ਗਰੀਬ ਨਿਵਾਜ ਨ ਦੂਸਰ ਤੋ ਸੋ॥***

(ਅਥਵਾ)

***ਮੋਹਿ ਅਨਾਥ ਪ੍ਰਿਅ ਨਾਥ, ਜਿਉ ਜਾਨਹੁ ਤਿਉ ਰਖਹੁ॥<br>
ਚਤੁਰਾਈ ਮੋਹਿ ਨਾਹਿ ਰੀਝਾਵਉ ਕਹਿ ਮੁਖਹੁ॥<br>
ਨਹ ਚਤੁਰਿ ਸੁਘਰਿ ਸੁਜਾਨ ਬੇਤੀ, ਮੋਹਿ ਨਿਰਗੁਨਿ ਗੁਨੁ ਨਹੀ॥<br>
ਨਹ ਰੂਪ ਧੂਪ ਨ ਨੈਣ ਬੰਕੇ, ਜਹ ਭਾਵੈ ਤਹ ਰਖੁ ਤੁਹੀ॥***

***ਜੈ ਜੈ ਜਇਅੰਪਹਿ ਸਗਲ ਜਾ ਕਉ, ਕਰੁਣਾਪਤਿ ਗਤਿ ਕਿਨਿ ਲਖਹੁ ॥***
***ਨਾਨਕੁ ਪਇਅੰਪੈ ਸੇਵ ਸੇਵਕੁ ਜਿਉ ਜਾਨਹੁ ਤਿਉ ਮੋਹਿ ਰਖਹੁ ॥ ੩ ॥***

(ਅੰਗ ੮੪੭)

ਅੰਤ ਵਿਚ ਦਾਸ ਵੱਲੋਂ ਹੋਈਆਂ ਭੁੱਲਾਂ ਦੀ ਗੁਰੂ ਘਰ ਦੇ ਗੁਣੀ ਗਿਆਨੀ ਪ੍ਰਚਾਰਕਾਂ ਤੇ ਕਥਾ ਵਾਚਕਾਂ ਨੇ ਦਾਸਰੇ ਨੂੰ ਮੁਆਫ਼ੀ ਬਖ਼ਸ਼ਣੀ। ਆਸ ਹੈ ਤੁੱਛ ਜੇਹੀ ਕੀਤੀ ਗੁਰੂ ਆਸਰੇ ਨਾਲ ਲਿਖਣ ਦੀ ਸੇਵਾ ਆਪ ਪਰਵਾਨ ਕਰੋਗੇ ਅਤੇ ਅਗਲੇ ਅਰੰਭੇ ਕਾਰਜ ਦੀ ਸੰਪੂਰਤਾ ਲਈ ਤੁਹਾਡੀਆਂ ਬਖ਼ਸ਼ਿਸ਼ ਭਰੀਆਂ ਅਸੀਸਾਂ ਦਾ ਜਾਚਕ-

ਗੁਰੂ ਪੰਥ ਦਾ ਦਾਸ
ਮੱਲ ਸਿੰਘ ਗ੍ਰੰਥੀ
ਸੱਚਖੰਡ ਸ੍ਰੀ ਹਰਿਮੰਦਰ ਸਾਹਿਬ
ਅੰਮ੍ਰਿਤਸਰ ਸਾਹਿਬ
ਫ਼ੋਨ ਨੰ: 94175-42974
94171-60082
0183-2553957-58-59
ਘਰ ਇੰਟਰਕਾਮ ਨੰ: 332 (ਅੰਮ੍ਰਿਤਸਰ)
ਘਰ 01679-238074 (ਬਰਨਾਲਾ)

ਸ੍ਰੀ ਮੁਖਵਾਕ ਨੰਬਰ ੪੫ (ਅੰਗ ੫੯੫)

ਸੋਰਠਿ ਮਹਲਾ ੧ ਘਰੁ ੧ ॥ ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ ॥ ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥ ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ ॥ ੧ ॥ ਬਾਬਾ ਮਾਇਆ ਸਾਥਿ ਨ ਹੋਇ ॥ ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ ॥ ਰਹਾਉ ॥ ਹਾਣੁ ਹਟੁ ਕਰਿ ਆਰਜਾ ਸਚੁ ਨਾਮੁ ਕਰਿ ਵਥੁ ॥ ਸੁਰਤਿ ਸੋਚ ਕਰਿ ਭਾਂਡਸਾਲ ਤਿਸੁ ਵਿਚਿ ਤਿਸ ਨੋ ਰਖੁ ॥ ਵਣਜਾਰਿਆ ਸਿਉ ਵਣਜੁ ਕਰਿ ਲੈ ਲਾਹਾ ਮਨ ਹਸੁ ॥ ੨ ॥ ਸੁਣਿ ਸਾਸਤ ਸਉਦਾਗਰੀ ਸਤੁ ਘੋੜੇ ਲੈ ਚਲੁ ॥ ਖਰਚੁ ਬੰਨੁ ਚੰਗਿਆਈਆ ਮਤੁ ਮਨ ਜਾਣਹਿ ਕਲੁ ॥ ਨਿਰੰਕਾਰ ਕੈ ਦੇਸਿ ਜਾਹਿ ਤਾ ਸੁਖਿ ਲਹਹਿ ਮਹਲੁ ॥ ੩ ॥ ਲਾਇ ਚਿਤੁ ਕਰਿ ਚਾਕਰੀ ਮੰਨਿ ਨਾਮੁ ਕਰਿ ਕੰਮੁ ॥ ਬੰਨੁ ਬਦੀਆ ਕਰਿ ਧਾਵਣੀ ਤਾ ਕੋ ਆਖੈ ਧੰਨੁ ॥ ਨਾਨਕ ਵੇਖੈ ਨਦਰਿ ਕਰਿ ਚੜੈ ਚਵਗਣ ਵੰਨੁ ॥ ੪ ॥ ੨ ॥

# ਪ੍ਰਾਕ੍ਰਥਨ :-

ਇਹ ਪਾਵਨ ਸ਼ਬਦ ਪਹਿਲੇ ਪਾਤਿਸ਼ਾਹ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੋਰਠਿ ਰਾਗੁ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਅੰਦਰ ਹਜ਼ੂਰ ਨੇ ਉਨ੍ਹਾਂ ਚਾਰ (ਵਸੀਲਿਆਂ) ਕੰਮਾਂ ਦਾ ਜ਼ਿਕਰ ਕੀਤਾ ਹੈ, ਜੋ ਸਮੁੱਚੀ ਲੋਕਾਈ ਨੇ ਧਨ ਕਮਾਵਣ ਲਈ ਅਪਨਾਏ ਸਨ। ਇਹ ਕੰਮ ਸਨ—ਖੇਤੀ, ਦੁਕਾਨਦਾਰੀ, ਸੌਦਾਗਰੀ ਤੇ ਨੌਕਰੀ।

## ਵਿਸ਼ਾ—ਕਿਰਸਾਣੀ ਕਿਰਸਾਣੁ ਕਰੇ :

ਸ਼ਬਦ ਦੇ ਆਰੰਭ ਵਿਚ ਖੇਤੀ ਦਾ ਜ਼ਿਕਰ ਆਇਆ ਹੈ। ਖੇਤੀ ਇਕ ਬਹੁਤ ਹੀ (ਮੁਸ਼ੱਕਤ) ਮਿਹਨਤ ਦਾ ਕੰਮ ਹੈ ਪਰ ਦਾਨਿਆਂ (ਮਨੁੱਖਾਂ) ਨੇ ਇਸ ਖੇਤੀ ਦੇ ਕੰਮ ਨੂੰ ਸਭ ਕੰਮਾਂ ਨਾਲੋਂ ਉੱਤਮ ਦੱਸਿਆ ਹੈ। 'ਉੱਤਮ ਖੇਤੀ, ਮੱਧਮ ਵਪਾਰ, ਨਖਿੱਧ ਚਾਕਰੀ' ਕਿਹਾ ਹੈ। ਪਰ ਰਹਿਤਨਾਮਾ ਭਾਈ ਦੇਸਾ ਸਿੰਘ ਜੀ ਅਨੁਸਾਰ ਗੁਰਸਿੱਖ ਨੂੰ ਇਸ ਤਰ੍ਹਾਂ ਦੀ ਕਿਰਤ ਕਰਨ ਦੀ ਆਗਿਆ ਹੈ :

***ਖੇਤੀ ਵਣਜ ਵ ਸਿਲਪ ਬਣਾਵੈ॥***
***ਔਰ ਟਹਲ ਜੋ ਮਨ ਮੋ ਭਾਵੈ॥***

(ਖੇਤੀ, ਸੌਦਾਗਰੀ, ਦਸਤਕਾਰੀ)

ਗੁਰਬਾਣੀ ਅੰਦਰ ਖੇਤੀ ਦੇ ਅਲੰਕਾਰ ਦੁਆਰਾ ਗੁਰਦੇਵ ਨੇ ਸਾਨੂੰ ਦੋ ਸਲੋਕਾਂ ਵਿਚ ਮਨਮੁਖਿ ਤੇ ਗੁਰਮੁਖਿ ਦੀ ਵੱਖ ਵੱਖ ਖੇਤੀ ਦਾ ਇਸ ਤਰ੍ਹਾਂ ਉਪਦੇਸ਼ ਦਿੱਤਾ ਹੈ :

***ਸਲੋਕ ਮਃ ੧॥ ਸਾਵਣੁ ਰਾਤਿ ਅਹਾੜੁ ਦਿਹੁ ਕਾਮੁ ਕ੍ਰੋਧੁ ਦੁਇ ਖੇਤ॥***
***ਲਬੁ ਵਤ੍ਰ ਦਰੋਗੁ ਬੀਉ ਹਾਲੀ ਰਾਹਕੁ ਹੇਤ॥***
***ਹਲੁ ਬੀਚਾਰੁ ਵਿਕਾਰ ਮਣ ਹੁਕਮੀ ਖਟੇ ਖਾਇ॥***
***ਨਾਨਕ ਲੇਖੈ ਮੰਗਿਐ ਅਉਤੁ ਜਣੇਦਾ ਜਾਇ॥ ੧ ॥***

(ਅੰਗ ੯੫੫)

(ਇਸ ਸਲੋਕ ਅੰਦਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਹਿਲਾਂ ਮਨਮੁਖ ਪੁਰਸ਼ ਦੀ ਖੇਤੀ ਦਾ ਜ਼ਿਕਰ ਕੀਤਾ ਹੈ।)। ਸਾਵਣ ਰੂਪ ਰਾਤ ਅਤੇ ਹਾੜ ਰੂਪ ਦਿਨ (ਜਿਸ ਤਰ੍ਹਾਂ ਤਪਦੇ ਹਨ ਤਿਵੇਂ ਮਨਮੁਖ ਪੁਰਸ਼ ਦੀ ਰਾਤ ਕਾਮ ਭਰੀ (ਅਤੇ ਦਿਨ) ਕ੍ਰੋਧ-ਭਰਿਆ ਭਾਵ ਤਪਸ਼ ਭਰਿਆ ਹੁੰਦਾ ਹੈ, ਇਹ ਦੋ) ਉਸ ਦੇ ਖੇਤ ਹਨ, ਇਸ ਵਿਚ ਸਾਉਣੀ ਤੇ ਹਾੜੀ ਦੀ ਫ਼ਸਲ ਪੈਦਾ ਕਰਨੀ ਹੈ, ਇਹ ਉਸ ਦੀ ਪੂੰਜੀ ਹੈ। ਲੋਭ ਰੂਪ ਵਤ੍ਰ ਹੈ, ਝੂਠ ਰੂਪ ਬੀਜ ਬੀਜਦਾ ਹੈ, ਮੋਹ ਰੂਪ ਹਾਲੀ, ਵਿਕਾਰਾਂ ਦੀ ਵਿਚਾਰ ਹੱਲ ਹੈ, ਵਿਕਾਰਾਂ ਦਾ ਬੋਹਲ (ਮਨਮੁਖ) ਨੇ ਬਣਾਇਆ ਹੈ ਪਰ ਲੇਖਾ ਮੰਗਣ ਤੇ ਪਤਾ ਲੱਗਦਾ ਹੈ ਕਿ ਐਸਾ ਬੀਜ ਬੀਜਣ ਵਾਲਾ ਸੰਸਾਰ

ਤੋਂ ਅਉਤਰਾ ਹੀ ਜਾਂਦਾ ਹੈ। ਸੰਸਾਰੀ ਲੋਗ ਐਸੀ ਖੇਤੀ (ਮਨੁਮਖਾਂ) ਵਾਲੀ ਕਰਨ ਵਿਚ ਲੱਗੇ ਹੋਏ ਸਨ। ਗੁਰਦੇਵ ਨੇ ਹੁਣ ਸਾਨੂੰ ਗੁਰਮੁਖਾਂ ਵਾਲੀ ਸੱਚੀ ਖੇਤੀ ਕਰਨੀ ਇਸਤਰ੍ਹਾਂ ਦੀ ਦੱਸੀ ਹੈ :

***ਮ: ੧॥ ਭਉ ਭੁਇ ਪਵਿਤੁ ਪਾਣੀ, ਸਤੁ ਸੰਤੋਖੁ ਬਲੇਦ॥***
***ਹਲੁ ਹਲੇਮੀ ਹਾਲੀ ਚਿਤੁ ਵਤ੍ਰ ਵਖਤ ਸੰਜੋਗੁ॥***
***ਨਾਉ ਬੀਜੁ ਬਖਸੀਸ ਬੋਹਲ, ਦੁਨੀਆ ਸਗਲ ਦਰੋਗ॥***
***ਨਾਨਕ ਨਦਰੀ ਕਰਮੁ ਹੋਇ, ਜਾਵਹਿ ਸਗਲ ਵਿਜੋਗ॥੨॥***

(ਅੰਗ ੯੫੫)

ਪ੍ਰਭੂ ਦਾ ਨਿਰਮਲ ਭੈਅ ਧਰਤੀ (ਜ਼ਮੀਨ) ਹੈ ਤੇ ਪਵਿੱਤ੍ਰਤਾ (ਸ਼ੁੱਧ ਆਚਰਨ) ਪਾਣੀ (ਨਾਲ ਸਿੰਜਨਾ ਕੀਤੀ) ਹੈ, ਸਤਿ ਸੰਤੋਖ ਦੇ ਬਲਦ ਕੀਤੇ ਹਨ। ਨਿੰਮ੍ਰਤਾ ਰੂਪੀ ਹਲ ਤੇ ਚਿੱਤ ਰੂਪ ਹਾਲੀ ਅਤੇ ਚਿੰਤਨ ਰੂਪ ਵਤ੍ਰ ਹੈ, ਪ੍ਰਭੂ ਮਿਲਾਪ ਦਾ ਸਮਾਂ ਰੁੱਤ ਹੈ। ਨਾਮ ਬੀਜ ਤੇ ਹਰੀ ਦੀ ਬਖ਼ਸ਼ਿਸ਼ ਬੋਹਲ ਹੈ, ਸੰਸਾਰ ਨੂੰ ਨਾਸ਼ਵੰਤ ਜਾਣਨਾ ਤੇ ਉਸ ਦੀ ਕ੍ਰਿਪਾ ਨਾਲ ਸਭ ਵਿਛੋੜੇ ਦੂਰ ਹੁੰਦੇ ਹਨ। ਇਸੇ ਤਰ੍ਹਾਂ ਇਸ ਸ਼ਬਦ "ਮਨੁ ਹਾਲੀ ਕਿਰਸਾਣੀ ਕਰਣੀ, ਸਰਮੁ ਪਾਣੀ ਤਨੁ ਖੇਤ॥" ਅੰਦਰ "ਖੇਤੀ" ਦੇ ਅਲੰਕਾਰ ਦੁਆਰਾ ਆਰੰਭ ਵਿਚ ਉਪਦੇਸ਼ ਦਿੱਤਾ ਹੈ।

## ਸਾਖੀ—ਗੁਰੂ ਨਾਨਕ ਦੇਵ ਜੀ ਨੇ ਖੇਤੀ ਕਰਨੀ

ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਨੂੰ ਜੀਵਾਂ ਨੂੰ ਧਰਮ ਦੀ ਕਿਰਤ ਕਰਨ ਦੀ ਜਾਚ ਸਿਖਲਾਉਣ ਲਈ ਆਪ ਕਰਤਾਰਪੁਰ ਸਾਹਿਬ ਜੀ ਵਿਖੇ ਖੇਤੀ ਦਾ ਕੰਮ ਕੀਤਾ ਸੀ। ਹਜ਼ੂਰ ਨੇ ਆਪ ਗੁਰਸਿੱਖਾਂ ਨੂੰ ਨਾਲ ਲਗਾ ਕੇ ਖੇਤੀ ਕੀਤੀ ਹੈ। ਹਲ ਵਾਹੁਣ ਤੇ ਬੀਜਣ ਦਾ ਕੰਮ ਅਤੇ ਖੂਹ ਤੋਂ ਪਾਣੀ ਦੇਣਾ ਫ਼ਸਲ ਨੂੰ, ਫੇਰ ਸਮੇਂ ਅਨੁਸਾਰ ਫ਼ਸਲ ਦੀ ਸੰਭਾਲ ਕਰਨੀ। ਸਤਿਗੁਰੂ ਜੀ ਆਪਣੀ ਨਿਗਰਾਨੀ ਵਿਚ ਸਾਰਾ ਕੰਮ ਆਪ ਗੁਰਸਿੱਖਾਂ ਪਾਸੋਂ ਕਰਵਾਉਂਦੇ ਸਨ। ਭਾਈ ਲਹਿਣਾ (ਗੁਰੂ ਅੰਗਦ ਦੇਵ) ਜੀ ਜਿਸ ਸਮੇਂ ਖਡੂਰ ਸਾਹਿਬ ਤੋਂ ਚੱਲ ਕੇ, ਸਿਰ ਉਪਰ ਲੂਣ ਦਾ ਭਾਰ ਲੈ ਕੇ ਕਰਤਾਰਪੁਰ ਸਾਹਿਬ ਜੀ ਵਿਖੇ ਦੂਸਰੀ ਵਾਰ ਗੁਰੂ ਨਾਨਕ ਦੇਵ ਜੀ ਦੇ ਦਰਸ਼ਨਾਂ ਨੂੰ ਗਏ ਸਨ ਤਾਂ ਉਸ ਸਮੇਂ ਗੁਰੂ ਨਾਨਕ ਦੇਵ ਜੀ ਝੋਨੇ ਦੇ ਖੇਤ ਵਿਚੋਂ ਨਦੀਨ ਕਢਾ ਰਹੇ ਸਨ। ਲੂਣ ਦਾ ਭਾਰ ਮਾਤਾ ਜੀ ਪਾਸ ਰੱਖ ਕੇ ਆਪ ਭਾਈ ਲਹਿਣਾ (ਗੁਰੂ ਅੰਗਦ ਦੇਵ) ਜੀ ਖੇਤ ਗੁਰੂ ਨਾਨਕ ਦੇਵ ਜੀ ਪਾਸ ਚੱਲੇ ਗਏ ਸਨ।

***ਸੁਣਕੈ ਬਚਨ ਲਵਣ ਕੋ ਭਾਰਾ। ਰਖਵਾਯੋ ਨਿਜ ਸਦਨ ਮਝਾਰਾ।***
***ਕਹਯੋ ਕਿਦਾਰ ਧਾਨ ਕੇ ਜਹਿਵਾ। ਕਰਵਾਵਹਿ ਕ੍ਰਿਤ ਬੈਠੇ ਤਹਿਵਾ॥੭੭॥***

(ਸ੍ਰੀ ਨਾਨਕ ਪ੍ਰਕਾਸ਼, ਉਤਰਾਰਧ ਧਿ: ੪੭)

ਖੇਤ ਪਹੁੰਚ ਕੇ ਗੁਰਦੇਵ ਦੇ ਦਰਸ਼ਨ ਕੀਤੇ ਅਤੇ ਚਰਨਾਂ 'ਤੇ ਮਸਤਕ ਟੇਕਿਆ ਤੇ ਸਾਰੇ ਗੁਰਸਿੱਖ

ਝੋਨੇ ਵਿਚੋਂ ਕੱਖ ਕੱਢਦੇ ਦੇਖੇ।

ਭਾਈ ਲਹਿਣਾ (ਗੁਰੂ ਅੰਗਦ ਦੇਵ) ਜੀ ਨੇ ਬੇਨਤੀ ਕੀਤੀ, ਜੀ ਹਜ਼ੂਰ, ਕ੍ਰਿਪਾ ਕਰਕੇ ਮੈਨੂੰ ਭੀ ਇਕ ਰੰਬੀ ਦਿਉ, ਤਾਂਕਿ ਮੇਰੀ ਭੀ ਦੇਹੀ ਸਫਲੀ ਹੋ ਜਾਵੇ। ਮੈਂ ਭੀ ਆਪ ਜੀ ਦੇ ਸੇਵਕਾਂ ਨਾਲ ਮਿਲ ਕੇ ਖੇਤੀ ਦਾ ਕੰਮ ਕਰਾਂ। ਇਸਤਰ੍ਹਾਂ ਕਹਿ ਕੇ ਰੰਬੀ ਨਾਲ ਝੋਨੇ ਵਿਚੋਂ ਨਦੀਨ ਕੱਢਣ ਲੱਗ ਪਏ ਸਨ।

***ਸਬ ਸੇਵਕ ਤਹਿ ਕ੍ਰਿਤ ਕੌ ਕਰਹੀ। ਧਾਨ ਬਿਖੈ ਤੇ ਤ੍ਰਿਣਨ ਨਿਕਰਹੀ।***
***ਤਿਨਹਿ ਬਿਲੋਕਤ ਬੋਲਯੋ ਬੈਨਾ। ਇਕ ਰੰਬੀ ਮੁਝ ਦਿਹੁ ਗੁਨਐਨਾ॥ ੮੮ ॥***
***ਦਾਸਨ ਸਾਥ ਕਰੌਂ ਕ੍ਰਿਤ ਏਹੀ। ਸਫਲੀ ਹ੍ਵੈ ਹੈ ਸਗਰੀ ਦੇਹੀ।***
***ਅਸ ਕਹਿ ਲਾਗਯੋ ਕਰਨ ਨਿਦਾਈ। ਕਰਤ ਹੁਤੇ ਸੇਵਕ ਜਿਹ ਥਾਈ॥ ੮੩ ॥***

(ਸ੍ਰੀ ਨਾਨਕ ਪ੍ਰਕਾਸ਼ ਉਤਰਾਰਧ, ਧਿ: ੪੭)

ਥੋੜ੍ਹਾ ਸਮਾਂ ਗੋਡੀ ਕੀਤੀ, ਝੋਨੇ ਵਿਚੋਂ (ਨਦੀਨ) ਕੱਖ ਕੱਢ ਦਿੱਤੇ ਤਾਂ ਗੁਰਦੇਵ ਨੇ ਗਿਲੇ-ਗਿਲੇ ਨੁਚੜਦੇ ਪਾਣੀ ਗਾਰੇ ਸਮੇਤ ਇਕ (ਬੋਝ) ਭਾਰੀ ਪੰਡ ਕੱਖਾਂ ਦੀ ਸਿਰ ਉੱਪਰ ਚੁਕਾ ਦਿੱਤੀ ਤੇ ਕਿਹਾ ਪੁਰਖਾ, ਪਸ਼ੂਆਂ ਮੱਝਾਂ ਆਦਿ ਵਾਸਤੇ ਧਰਮਸ਼ਾਲਾ ਲੈ ਜਾ। ਉਸ ਪੰਡ ਨੂੰ ਜਿਸ ਵੇਲੇ ਧਰਮਸ਼ਾਲਾ ਵਿਖੇ ਲਿਆ ਕੇ ਲਾਹਿਆ ਤਾਂ ਆਪ ਦੇ ਕਪੜੇ ਵੇਖ ਕੇ ਮਾਤਾ ਜੀ ਨੇ ਗੁਰੂ ਜੀ ਨੂੰ ਕਿਹਾ ਕਿ ਇਨ੍ਹਾਂ ਦੇ ਕਪੜੇ ਗਾਰੇ ਨਾਲ ਲਬੇੜ ਦਿੱਤੇ ਹਨ। ਮਹਾਰਾਜ ਜੀ ਨੇ, ਸਾਡੇ ਮਾਤਾ ਸੁਲੱਖਣੀ ਜੀ ਨੂੰ ਦੱਸਦਿਆਂ ਕਿਹਾ, ਇਹ ਘਾਹ ਦੀ ਪੰਡ ਨਹੀਂ, ਦੀਨ ਦੁਨੀਆਂ ਦਾ ਛੱਤਰ ਸਿਰ ਉੱਪਰ ਰੱਖਿਆ ਹੈ, ਗਾਰਾ ਨਹੀਂ, ਕੇਸਰ ਹੈ, ਇਹ ਵੱਡਾ ਭਾਗਵਾਨ ਪੁਰਖ ਹੈ।

***ਮੈ ਦੀਨ ਦੁਨੀਆਂ ਛਤਰ ਸਿਰ ਧਾਰਾ।***
***ਵਹਿ ਕੀਚ ਜਲ ਨਹੀਂ, ਕੇਸਰ ਸਿਰ ਡਾਰਾ।***
***ਇਹ ਲਹਨਾ ਮੈਂ ਇਸ ਕੌ ਦੇਨਾ। ਕਹੌਂ ਸਤ, ਮਿਥਿਆ ਨਹੀ ਬੈਨਾ।***
***ਇਨ ਕੀ ਮੋ ਸੋ ਹੈ ਬਿਧ ਬਨੀ। ਮੇਰੇ ਰਾਜ ਕੌ ਆਇਉ ਧਨੀ।***

(ਮਹਿਮਾ ਪ੍ਰਕਾਸ਼)

## ਉਥਾਨਕਾ :

ਗੁਰ-ਇਤਿਹਾਸ ਅੰਦਰ ਆਏ ਜ਼ਿਕਰ ਅਨੁਸਾਰ ਤੇ ਸੰਪ੍ਰਦਾਈ ਮਹਾਂਪੁਰਖ ਵਿਦਵਾਨਾਂ ਦੇ ਕਥਨ ਅਨੁਸਾਰ ਇਹ ਪਾਵਨ ਸ਼ਬਦ ਰਾਇ ਭੋਇ ਦੀ ਤਲਵੰਡੀ (ਨਨਕਾਣਾ ਸਾਹਿਬ ਜੀ) ਵਿਖੇ ਉਚਾਰਨ ਕੀਤਾ ਸੀ ਅਤੇ ਗਿਆਨੀ ਗਿਆਨ ਸਿੰਘ ਜੀ ਤਵਾਰੀਖ਼ ਗੁਰੂ ਖ਼ਾਲਸਾ (ਭਾਸ਼ਾ ਵਿਭਾਗ) ਭਾਗ ਪਹਿਲਾ ਅੰਦਰ ਪੰਨਾ ੯੩ ਤੋਂ ੯੫ ਤੱਕ ਲਿਖਦੇ ਹਨ ਕਿ ਭਾਈ ਬਾਲੇ ਤੇ ਮਰਦਾਨੇ ਦੇ ਬਹੁਤ ਬੇਨਤੀ ਕਰਨੇ ਕਰ ਬਾਬਾ ਨਾਨਕ ਭਾਈ ਲਾਲੋ ਤੋਂ ਵਿਦਾ ਹੋ ਕੇ ੧੦ ਦਿਨ ਵਿਚ ਤਲਵੰਡੀ ਪਹੁੰਚੇ ਤੇ ਪਿੰਡੋਂ ਬਾਹਰ "ਚੰਦ੍ਰਭਾਨ ਸੰਧੂ

ਜੱਟ ਦੇ ਜੋ ਬਾਲੇ ਦਾ ਬਾਪ ਸੀ, ਖੂਹ ਉੱਤੇ ਜਾ ਉਤਰੇ। ਇਥੇ ਮਾਤਾ ਤ੍ਰਿਪਤਾ ਜੀ ਤੇ ਪਿਤਾ ਬਾਬਾ ਮਹਿਤਾ ਕਾਲੂ ਜੀ ਨੇ ਰਾਇ ਬੁਲਾਰ ਰਾਜੇ ਦੁਆਰਾ ਨਿੰਮ੍ਰ ਹੋ ਕੇ ਆਖਿਆ ਕਿ ਤਪਾ ਜੀ ਤੁਸੀਂ ਇਥੇ ਹੀ ਰਹੋ। ਇਥੇ ਹੀ ਗੁਜ਼ਰ ਕਰੋ। ਕਾਮੇ ਰੱਖ ਦਿੰਦੇ ਹਾਂ ਤੇ ਖੇਤੀ ਕਰਾਓ। ਹਾਲਾ ਤੁਸਾਂ ਤੋਂ ਨਾ ਲੀਤਾ ਜਾਊ। ਤਾਂ ਬਾਬੇ ਆਖਿਆ ਮੈਂ ਤਾਂ ਇਹ ਖੇਤੀ ਕਰਦਾ ਹਾਂ:- ''ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ॥'' ਸਾਰਾ ਸ਼ਬਦ ਉਚਾਰਨ ਕਰ ਸੁਣਾਇਆ। ਮਹਿਮਾ ਪ੍ਰਕਾਸ਼ (ਭਾਗ ਪਹਿਲਾ) ਸਰੂਪ ਦਾਸ ਭੱਲਾ ਜੀ ਦੇ ਪੰਨਾ ੯੨ 'ਤੇ ਇਸਤਰ੍ਹਾਂ ਜ਼ਿਕਰ ਆਇਆ ਹੈ :

***ਕਾਲੂ ਜੀ ਬਾਬਾ ਸੋ ਕਹੈਂ। ਤੁਮ ਬਿਨ ਧੰਧੇ, ਚਿੰਤਾ ਮੋ ਰਹੈ।***
***ਤਾਤੇ ਸੁਤ ਜੁਦਾ ਖੇਤੀ ਨਿਜ ਕੀਜੈ। ਦੇਖ ਲਾਭ ਸੁਖ ਸਾਤ ਪਤੀਜੈ॥੪॥***
***ਸੁਨੋ ਪਿਤਾ ਹਮ ਖੇਤੀ ਕਰੀ ਬਾਰਹ ਮਾਸ ਹਰੀ ਫਲ ਭਰੀ।***
***ਭੋਗੇ ਸਦਾ ਭਾਈ ਸੁਤ ਮੀਤਾ। ਸਭ ਕੋ ਵਰਸਾਇ ਰਖੋ ਦਿੜ ਚੀਤਾ॥੫॥***

ਦੋਹਰਾ॥

***ਕਹੋ ਕਹਾ ਖੇਤੀ ਕਰੀ, ਦੇਖੀ ਸੁਨੀ ਨ ਕਾਇ।***
***ਐਸੀ ਬਾਤਾ ਕਿਆ ਕਰੋ, ਸੁਨਤ ਜੀਉ ਦੁਖ ਪਾਇ॥੬॥***

ਚੌਪਈ॥

***ਹੇ ਸੁਤ ਕਰੋ ਨ ਬਉਰੀ ਬਾਤ। ਸੁਨ ਮੇਰੋ ਮਨ ਤਨ ਸੁਕ ਜਾਤ।***
***ਖੇਤੀ ਤੁਮਰੀ ਕਹੂੰ ਦੀਸਤ ਨਾਹੀ। ਦੀਜੈ ਦੇਖਾਇ ਤਬ ਮਨ ਪਤਿਆਈ॥੭॥***

(ਮਹਿਮਾ ਪ੍ਰਕਾਸ਼, ਭਾਗ ਪਹਿਲਾ)

ਤਬ ਬਾਬੇ ਮੁਖਾਰਬਿੰਦ ਤੋਂ ਸ਼ਬਦ ਉਚਾਰਨ ਕੀਆ। ਇਸ ਸ਼ਬਦ ਵਿਚ ਪਿਤਾ ਵਲੋਂ ੪ ਕਿੱਤਿਆਂ ਦੀ ਪ੍ਰੇਰਨਾ ਹੋਈ ਹੈ। ਗੁਰਦੇਵ ਨੇ ਉਤਰ ਵਿਚ ਆਪਣੇ ਪਰਮਾਰਥ ਆਦਰਸ਼ ਨੂੰ ਵਰਣਨ ਕੀਤਾ ਹੈ। ਪਿਤਾ ਜੀ ਨਾਲ ਗੱਲਬਾਤ ਆਮ ਵਾਰਤਾਲਾਪ ਵਾਂਙੂ ਹੋਈ ਹੈ। ਉਸ ਗੱਲ ਬਾਤ ਨੂੰ ਗੁਰੂ ਜੀ ਨੇ ਫੇਰ ਸਰਬ ਕਾਲ ਉਪਦੇਸ਼ ਤੇ ਸਰਬ ਪ੍ਰਤੀ ਉਪਦੇਸ਼ ਹੋ ਜਾਣ ਦੇ ਆਸ਼ੇ ਨਾਲ ਸੋਰਠਿ ਰਾਗੁ ਦੇ ਅੰਦਰ, ''ਧੁਰ ਕੀ ਬਾਣੀ ਆਈ'', ਦੇ ਰੂਪ ਵਿਚ ਇਹ ਸ਼ਬਦ

***ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ॥***

ਉਚਾਰਨ ਕੀਤਾ ਹੈ, ਜੋ ਸਮੁੱਚੀ ਮਨੁੱਖਤਾ ਤੇ ਹਰ ਵਰਗ ਦੇ ਹਰ ਕੰਮ ਵਿਚ ਲਗੇ ਜੀਆਂ ਦੀ ਕਲਿਆਣਕਾਰੀ ਕਰਨ ਵਾਲਾ ਹੈ।

**ਸੋਰਠਿ ਮਹਲਾ ੧ ਘਰੁ ੧ ॥ ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ॥ ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ॥ ਭਾਉ ਕਰਮ**

**ਕਰਿ ਜੰਮਸੀ ਸੇ ਘਰ ਭਾਗਠ ਦੇਖੁ ॥੧॥ ਬਾਬਾ ਮਾਇਆ ਸਾਥਿ ਨ ਹੋਇ ॥ ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ ॥ ਰਹਾਉ ॥ ਹਾਣੁ ਹਟੁ ਕਰਿ ਆਰਜਾ ਸਚੁ ਨਾਮੁ ਕਰਿ ਵਥੁ ॥ ਸੁਰਤਿ ਸੋਚ ਕਰਿ ਭਾਂਡਸਾਲ ਤਿਸੁ ਵਿਚਿ ਤਿਸ ਨੋ ਰਖੁ ॥ ਵਣਜਾਰਿਆ ਸਿਉ ਵਣਜੁ ਕਰਿ ਲੈ ਲਾਹਾ ਮਨ ਹਸੁ ॥ ੨ ॥ ਸੁਣਿ ਸਾਸਤ ਸਉਦਾਗਰੀ ਸਤੁ ਘੋੜੇ ਲੈ ਚਲੁ ॥ ਖਰਚੁ ਬੰਨੁ ਚੰਗਿਆਈਆ ਮਤੁ ਮਨ ਜਾਣਹਿ ਕਲੁ ॥ ਨਿਰੰਕਾਰ ਕੈ ਦੇਸਿ ਜਾਹਿ ਤਾ ਸੁਖਿ ਲਹਹਿ ਮਹਲੁ ॥ ੩ ॥ ਲਾਇ ਚਿਤੁ ਕਰਿ ਚਾਕਰੀ ਮੰਨਿ ਨਾਮੁ ਕਰਿ ਕੰਮੁ ॥ ਬੰਨੁ ਬਦੀਆ ਕਰਿ ਧਾਵਣੀ ਤਾ ਕੋ ਆਖੈ ਧੰਨੁ ॥ ਨਾਨਕ ਵੇਖੈ ਨਦਰਿ ਕਰਿ ਚੜੈ ਚਵਗਣ ਵੰਨੁ ॥ ੪ ॥ ੨ ॥**

## ਪਦ ਅਰਥ :

ਹਾਲੀ-ਹਲ ਵਾਹੁਣ ਵਾਲਾ। ਕਿਰਸਾਣੀ-ਖੇਤੀ ਦਾ ਕੰਮ। ਕਰਣੀ-ਭਗਤੀ ਰੂਪ ਖੇਤੀ। ਸਰਮੁ-ਲਜਿਆ ਕਰਨੀ, ਮਾੜੇ ਕਰਮਾਂ ਵਲੋਂ ਇਹ ਪਾਣੀ ਦੇਣਾ ਹੈ। ਤਨੁ ਖੇਤੁ-ਸਰੀਰ ਨੂੰ ਖੇਤ ਕਰ। ਨਾਮੁ ਬੀਜੁ-ਨਾਮ ਰੂਪ ਬੀਜ ਬੀਜਣਾ। ਸੰਤੋਖੁ ਸੁਹਾਗਾ-ਲਕੜੀ ਦਾ ਲੰਮਾ ਭਾਰੀ ਟੁਕੜਾ, ਜੋ ਬੀਜ ਬੀਜ ਕੇ ਖੇਤ ਵਿਚ ਫੇਰੀਦਾ ਹੈ, ਦਾਣੇ ਢੱਕਣ ਵਾਸਤੇ ਤਾਂਕਿ ਚਿੜੀਆਂ ਬੀਜ ਨਾ ਖਾ ਜਾਣ, ਸੰਤੋਖ ਦਾ ਸੁਹਾਗਾ ਫੇਰਣਾ ਹੈ। ਗਰੀਬੀ ਵੇਸੁ-ਸਾਦਾ ਪਹਿਰਾਵਾ। ਭਾਉ-ਪ੍ਰੇਮ। ਕਰਮ ਕਰਿ-ਪ੍ਰੇਮ ਧਾਰ ਕੇ ਕਰਮ ਕਰ। ਬਾਬਾ-ਹੇ ਭਾਈ। ਹਾਣੁ-ਘਟਣ ਵਾਲੀ, ਨਾਸ ਹੋਣ ਵਾਲੀ। ਆਰਜਾ-ਉਮਰ। ਵਥੁ-ਵਸਤੂ। ਸੋਚ-ਵਿਚਾਰ। ਭਾਂਡਸਾਲ-ਭੰਡਾਰ, ਸੌਦੇ ਦੇ ਭਰੇ ਭਾਂਡੇ ਰੱਖਣ ਦੀ ਥਾਂ। ਸਾਸਤ-ਧਾਰਮਿਕ ਪੁਸਤਕ। ਬੰਨੁ-ਰੋਕ। ਬਦੀਆ-ਬੁਰਿਆਈ। ਧਾਵਣੀ-ਦੌੜ-ਭੱਜ। ਚਵਗਣ-ਚਾਰ ਗੁਣਾ। ਵੰਨੁ-ਰੰਗ।

## ਅਰਥ :

(ਹੇ ਭਾਈ ! ਅਗੇ ਪ੍ਰਲੋਕ, ਦਰਗਾਹ ਵਿਚ ਨਾਲ ਜਾਣ ਵਾਲੀ ਵਸਤੂ ਕਮਾਉਣੀ ਹੈ ਤਾਂ ਇਸ ਤਰ੍ਹਾਂ ਕਰ) ਮਨ ਨੂੰ ਹਲ ਵਾਹੁਣ ਵਾਲਾ (ਹਾਲੀ) ਬਣਾ, ਸਰੀਰ ਖੇਤ ਨੂੰ ਸਰਮ=ਲਜਿਆ ਧਾਰਣ (ਰੂਪ) ਪਾਣੀ ਦੇ ਅਤੇ ਭਗਤੀ (ਰੂਪ) ਖੇਤੀ ਕਰ। ਬੀਜ ਨਾਮ (ਦਾ ਪਾ ਕੇ) ਸੁਹਾਗਾ ਸੰਤੋਖ (ਦਾ ਫੇਰ) ਸਾਦਗੀ (ਦਾ ਪਹਿਰਾਵਾ ਹਾਲੀਆਂ ਵਾਲਾ) ਵੇਸ ਬਣਾ। (ਤੇਰੇ) ਪ੍ਰੇਮ (ਤੇ ਈਸ਼੍ਵਰ ਦੀਆਂ) ਮਿਹਰਾਂ ਨਾਲ (ਇਹ ਬੀਜ) ਜੰਮੇਗਾ, ਉਹ ਘਰ (ਜਿਹਨਾਂ ਘਰਾਂ ਵਿਚ ਇਹ ਫ਼ਸਲ ਜਾਵੇਗੀ, ਤੂੰ) ਵੇਖ, ਉਹ ਹਿਰਦੇ (ਨਾਮ-ਧਨ ਨਾਲ) ਧਨਾਢ ਹੋ ਗਏ ਹਨ।੧। ਹੇ ਭਾਈ ! (ਜੀਵ ਦੇ ਅੰਤ ਸਮੇਂ) ਮਾਇਆ ਨਾਲ ਨਹੀਂ ਜਾਂਦੀ। (ਫਿਰ ਵੀ) ਇਸ ਮਾਇਆ ਨੇ (ਸਾਰੇ) ਸੰਸਾਰ ਨੂੰ ਮੋਹਿਆ (ਠੱਗਿਆ) ਹੋਇਆ ਹੈ, (ਪਰ ਇਸ ਤੱਤ ਨੂੰ) ਕੋਈ

ਵਿਰਲਾ (ਮਨੁੱਖ ਹੀ) ਸਮਝਦਾ ਹੈ। ੧। ਰਹਾਉ।

(ਹੇ ਭਾਈ! ਜੇ ਤੂੰ ਦੁਕਾਨਦਾਰੀ ਦਾ ਕੰਮ ਕਰਨਾ ਹੈ, ਤਾਂ ਇਸਤਰ੍ਹਾਂ ਕਰ) ਨਿਤ ਉਮਰ ਜੋ (ਹਾਣ) ਨਾਸ ਹੁੰਦੀ (ਭਾਵ ਘੱਟਦੀ ਜਾ ਰਹੀ ਨਿਹਚੇ ਕਰਨੀ ਹੈ) ਇਹ ਦੁਕਾਨ ਬਣਾ, ਸੱਚ ਨਾਮ (ਜੱਪਣ ਰੂਪ) ਸੌਦਾ (ਇਸ ਦੁਕਾਨ ਵਿਚ) ਪਾ। ਸੁਰਤਿ ਤੇ ਵਿਚਾਰ ਨੂੰ ਭੰਡਾਰ (ਸੌਦਾ ਰੱਖਣ ਵਾਲਾ ਥਾਂ) ਬਣਾ (ਸੁਰਤਿ ਸੋਚ ਦੇ ਭਾਂਡਸਾਲ) ਵਿਚ ਉਸ ਨਾਮ (ਰੂਪ ਵਥੁ=ਸੌਦੇ ਨੂੰ ਰੱਖ। (ਨਾਮ ਦੇ) ਵਣਜਾਰਿਆ! (ਸਤਿਸੰਗੀਆਂ ਸੰਤਾਂ ਨਾਲ ਮਿਲ ਕੇ) ਨਾਮ ਦਾ ਵਣਜੁ=ਵਪਾਰ ਕਰ, ਹੇ ਮਨ (ਫਿਰ ਇਸ ਵਣਜੁ ਦਾ) ਲਾਭ ਲੈ ਕੇ ਖ਼ੁਸ਼ ਹੋ (ਕਿ ਮੇਰੀ ਵਪਾਰਕ ਜ਼ਿੰਦਗੀ ਵਿਚ ਆਤਮ ਵਪਾਰ ਵੀ ਲਾਭਵੰਦ ਹੋ ਰਿਹਾ ਹੈ)। ੨।

(ਹੇ ਭਾਈ! ਜੇ ਤੂੰ ਘੋੜਿਆਂ ਦੀ ਸੌਦਾਗਰੀ ਕਰਨੀ ਹੈ, ਤਾਂ ਇਸ ਤਰ੍ਹਾਂ ਕਰ) ਧਾਰਮਿਕ ਪੁਸਤਕਾਂ (ਦਾ ਉਪਦੇਸ਼) ਸੁਣਿਆ ਕਰ, ਇਹ ਸੌਦਾਗਰੀ ਕਰ (ਅਤੇ) ਘੋੜੇ ਸੱਚ ਦੇ ਲੈ ਕੇ ਚੱਲ। (ਜੀਵਨ ਦੇ ਸਫ਼ਰ ਲਈ ) ਚੰਗਿਆਈਆਂ (ਨੇਕੀਆਂ ਦਾ) ਖ਼ਰਚ (ਆਪਣੇ ਪਲੇ) ਬੰਨ੍ਹ। ਹੇ ਮਨ! (ਇਹ ਨੇਕੀਆਂ ਦਾ ਕੰਮ) ਮਤਾਂ ਜਾਣਦਾ ਹੋਵੇਂ (ਕਿ ਇਹ ਕੰਮ) ਕੱਲ ਕਰ ਲਵਾਂਗਾ, ਕੱਲ 'ਤੇ ਭਰੋਸਾ ਨਾ ਕਰੀਂ। ਇਸ ਤਰ੍ਹਾਂ ਦੀ ਸੌਦਾਗਰੀ ਦਾ ਫਲ ਕੀ ਹੋਵੇਗਾ ਕਿ ਤੂੰ) ਨਿਰੰਕਾਰ ਦੇ ਦੇਸ਼ ਜਾਵੇਂਗਾ ਤੇ ਉਥੋਂ (ਵਾਹਿਗੁਰੂ) ਸਰੂਪ ਦੀ (ਪ੍ਰਾਪਤੀ ਦਾ) ਸੁੱਖ ਮਾਣੇਂਗਾ। ੩।

(ਹੇ ਭਾਈ! ਜੇ ਤੂੰ ਨੌਕਰੀ ਕਰਨੀ ਹੈ ਤਾਂ ਇਸ ਤਰ੍ਹਾਂ ਦੀ ਕਰ)। ਚਿੱਤ ਲਾ ਕੇ (ਪ੍ਰਭੂ ਦੀ) ਚਾਕਰੀ ਕਰ, ਨਾਮ ਨੂੰ ਮੰਨ ਕੇ (ਭਾਵ ਧਿਆਨ ਲਾ ਕੇ ਨਾਮ ਸਿਮਰਨ ਕਰਨ ਰੂਪ ਇਹ) ਕੰਮ ਕਰ। ਬੁਰਿਆਈਆਂ ਨੂੰ (ਭਾਵ ਮਾੜੇ ਕਰਮਾਂ ਨੂੰ) ਰੋਕ (ਇਹ ਦੌੜ ਭੱਜ ਕਰ ਤਾਂ ਹਰ ਕੋਈ ਤੈਨੂੰ ਧੰਨ ਧੰਨ ਆਖੇਗਾ, (ਭਾਵ ਤੇਰੀ ਸ਼ਲਾਘਾ ਕਰੇਗਾ)। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਹੇ ਭਾਈ! ਫਿਰ ਉਹ ਪ੍ਰਮਾਤਮਾ ਤੈਨੂੰ) ਮਿਹਰ ਦੀ ਨਜ਼ਰ ਨਾਲ ਵੇਖੇਗਾ, (ਜਿਸ ਨਾਲ ਤੇਰੀ ਘਾਲ ਨੂੰ) ਚੌਗੁਣਾ ਰੰਗ ਚੜ੍ਹੇਗਾ (ਭਾਵ ਤੈਨੂੰ ਵਾਹਿਗੁਰੂ ਜੀ ਦੀ ਪ੍ਰਾਪਤੀ ਹੋਵੇਗੀ) ਉਹ ਪ੍ਰਮਾਤਮ ਦੇਵ ਜੀ ਤੇਰੇ ਆਤਮਾ ਨੂੰ ਆਪਣੇ ਵਿਚ ਮੇਲ ਲੈਣਗੇ। ੪। ੨।

## ਵਿਆਖਿਆ ਤੇ ਸਾਰੰਸ਼ :

ਜਿਸ ਤਰ੍ਹਾਂ ਇਸ ਸ਼ਬਦ ਅੰਦਰ ਵੱਖ ਵੱਖ ਕੰਮਾਂ ਅੰਦਰ ਲੱਗੇ ਹੋਏ ਮਨੁੱਖ ਨੂੰ ਪ੍ਰਮੇਸ਼ਰ ਨਾਲ ਜੁੜਨ ਦਾ ਹਜ਼ੂਰ ਨੇ ਉਪਦੇਸ਼ ਦਿੱਤਾ ਹੈ, ਇਸ ਤਰ੍ਹਾਂ ਸੋਢੀ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਨੇ ਗਉੜੀ ਰਾਗੁ ਅੰਦਰ ਸੰਸਾਰੀ ਮਨੁੱਖ ਨੂੰ ਖੇਤੀ, ਸੁਦਾਗਰੀ ਤੇ ਦੁਕਾਨਦਾਰੀ ਵਿਚ ਲੱਗੇ ਨੂੰ ਕਿਹਾ ਹੈ :

***ਬਿਖੁ ਸੰਚੈ ਹਟਵਾਣੀਆ,***

ਤੇ ਨਾਲ ਹੀ ਕਿਹਾ ਹੈ :

***ਤਿਉ ਹਰਿ ਜਨਿ, ਹਰਿ ਧਨੁ ਸੰਚਿਆ, ਹਰਿ ਖਰਚੁ ਲੈ ਜਾਇ॥ ੩॥***

ਸਾਰਾ ਸ਼ਬਦ ਇਸ ਤਰ੍ਹਾਂ ਹੈ :

ਗਉੜੀ ਗੁਆਰੇਰੀ ਮਹਲਾ ੪ ॥

**ਕਿਰਸਾਣੀ ਕਿਰਸਾਣੁ ਕਰੇ, ਲੋਚੈ ਜੀਉ ਲਾਇ ॥ ਹਲੁ ਜੋਤੈ ਉਦਮੁ ਕਰੇ ਮੇਰਾ ਪੁਤੁ ਧੀ ਖਾਇ ॥ ਤਿਉ ਹਰਿ ਜਨੁ ਹਰਿ ਹਰਿ ਜਪੁ ਕਰੇ ਹਰਿ ਅੰਤਿ ਛਡਾਇ ॥੧॥ ਮੈ ਮੂਰਖ ਕੀ ਗਤਿ ਕੀਜੈ ਮੇਰੇ ਰਾਮ ॥ ਗੁਰ ਸਤਿਗੁਰ ਸੇਵਾ, ਹਰਿ ਲਾਇ ਹਮ ਕਾਮ ॥ ੧ ॥ ਰਹਾਉ ॥ ਲੈ ਤੁਰੇ ਸਉਦਾਗਰੀ ਸਉਦਾਗਰੁ ਧਾਵੈ ॥ ਧਨੁ ਖਟੈ ਆਸਾ ਕਰੈ, ਮਾਇਆ ਮੋਹੁ ਵਧਾਵੈ ॥ ਤਿਉ ਹਰਿ ਜਨੁ ਹਰਿ ਹਰਿ ਬੋਲਤਾ ਹਰਿ ਬੋਲਿ ਸੁਖੁ ਪਾਵੈ ॥ ੨ ॥ ਬਿਖੁ ਸੰਚੈ ਹਟਵਾਣੀਆ ਬਹਿ ਹਾਟਿ ਕਮਾਇ ॥ ਮੋਹ ਝੂਠੁ ਪਸਾਰਾ ਝੂਠ ਕਾ ਝੂਠੇ ਲਪਟਾਇ ॥ ਤਿਉ ਹਰਿ ਜਨਿ ਹਰਿ ਧਨੁ ਸੰਚਿਆ ਹਰਿ ਖਰਚੁ ਲੈ ਜਾਇ ॥ ੩ ॥ ਇਹੁ ਮਾਇਆ ਮੋਹੁ ਕੁਟੰਬੁ ਹੈ ਭਾਇ ਦੂਜੈ ਫਾਸ ॥ ਗੁਰਮਤੀ ਸੋ ਜਨੁ ਤਰੈ ਜੋ ਦਾਸਨਿ ਦਾਸ ॥ ਜਨਿ ਨਾਨਕਿ ਨਾਮੁ ਧਿਆਇਆ ਗੁਰਮੁਖਿ ਪਰਗਾਸ ॥ ੪ ॥ ੩ ॥ ੯ ॥ ੪੭ ॥**

(ਅੰਗ ੧੬੬)

***"ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥"***

ਇਸ ਪੰਗਤੀ 'ਰਖੁ ਗਰੀਬੀ ਵੇਸੁ ॥' ਦੇ ਬਾਰੇ ਦਾਨੇ ਵਿਦਵਾਨ ਭਾਈ ਗੜੀਆ ਜੀ ਦੀ ਸਾਖੀ ਸੁਣਾਇਆ ਕਰਦੇ ਹਨ। ਇਹ ਸਾਖੀ ਪੜ੍ਹੋ ਦਾਸ ਦੀ ਲਿਖੀ ਪੁਸਤਕ ਦਸ ਗੁਰ-ਜੋਤ, ਗੁਰਇਤਿਹਾਸ ਦਸ ਪਾਤਸ਼ਾਹੀਆਂ ਪੰਨਾ ੨੪੮ 'ਤੇ ਅੰਕਿਤ ਹੈ।

ਵਾਹਿਗੁਰੂ ਜੀ ਕਾ ਖਾਲਸਾ ॥

ਵਾਹਿਗੁਰੂ ਜੀ ਕੀ ਫਤਹਿ ॥

☆☆☆

ਸ੍ਰੀ ਮੁਖਵਾਕ ਨੰਬਰ ੪੬ (ਅੰਗ ੫੯੭)

ਸੋਰਠਿ ਮਹਲਾ ੧ ॥ ਤੂ ਪ੍ਰਭ ਦਾਤਾ ਦਾਨਿ ਮਤਿ ਪੂਰਾ ਹਮ ਥਾਰੇ ਭੇਖਾਰੀ ਜੀਉ ॥ ਮੈ ਕਿਆ ਮਾਗਉ ਕਿਛੁ ਥਿਰੁ ਨ ਰਹਾਈ ਹਰਿ ਦੀਜੈ ਨਾਮੁ ਪਿਆਰੀ ਜੀਉ ॥ ੧ ॥ ਘਟਿ ਘਟਿ ਰਵਿ ਰਹਿਆ ਬਨਵਾਰੀ ॥ ਜਲਿ ਥਲਿ ਮਹੀਅਲਿ ਗੁਪਤੋ ਵਰਤੈ ਗੁਰ ਸਬਦੀ ਦੇਖਿ ਨਿਹਾਰੀ ਜੀਉ ॥ ਰਹਾਉ ॥ ਮਰਤ ਪਇਆਲ ਅਕਾਸੁ ਦਿਖਾਇਓ ਗੁਰਿ ਸਤਿਗੁਰਿ ਕਿਰਪਾ ਧਾਰੀ ਜੀਉ ॥ ਸੋ ਬ੍ਰਹਮੁ ਅਜੋਨੀ ਹੈ ਭੀ ਹੋਨੀ ਘਟ ਭੀਤਰਿ ਦੇਖੁ ਮੁਰਾਰੀ ਜੀਉ ॥ ੨ ॥ ਜਨਮ ਮਰਨ ਕਉ ਇਹੁ ਜਗੁ ਬਪੁੜੋ ਇਨਿ ਦੂਜੈ ਭਗਤਿ ਵਿਸਾਰੀ ਜੀਉ ॥ ਸਤਿਗੁਰੁ ਮਿਲੈ ਤ ਗੁਰਮਤਿ ਪਾਈਐ ਸਾਕਤ ਬਾਜੀ ਹਾਰੀ ਜੀਉ ॥ ੩ ॥ ਸਤਿਗੁਰ ਬੰਧਨ ਤੋੜਿ ਨਿਰਾਰੇ ਬਹੁੜਿ ਨ ਗਰਭ ਮਝਾਰੀ ਜੀਉ ॥ ਨਾਨਕ ਗਿਆਨ ਰਤਨੁ ਪਰਗਾਸਿਆ ਹਰਿ ਮਨਿ ਵਸਿਆ ਨਿਰੰਕਾਰੀ ਜੀਉ ॥ ੪ ॥ ੮ ॥

# ਪ੍ਰਾਕ੍ਰਥਨ :-

ਇਹ ਸ਼ਬਦ ਜੋ ਆਪ ਸੰਗਤਾਂ ਨੇ ਸ੍ਰਵਨ ਕੀਤਾ ਹੈ, ਨਿਰੰਕਾਰੀ ਜੋਤ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੋਰਠਿ ਰਾਗੁ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਦੇ ਆਰੰਭ ਵਿਚ ਹਜ਼ੂਰ ਨੇ ਦਾਤੇ ਤੇ ਭੇਖਾਰੀ ਦਾ ਜ਼ਿਕਰ ਕੀਤਾ ਹੈ।

## ਵਿਸ਼ਾ—ਦਾਤਾ ਤੇ ਭੇਖਾਰੀ :

ਅਕਾਲ ਪੁਰਖ ਵਾਹਿਗੁਰੂ ਜੀ ਦੀ ਸਾਜੀ ਸ੍ਰਿਸ਼ਟੀ ਸਮੁੱਚੀ ਰਚਨਾ ਅੰਦਰ ''ਸੱਚਾ ਦਾਤਾ'' ਇਕ ਵਾਹਿਗੁਰੂ ਜੀ ਹੀ ਹੈ, ਜੋ ਚਾਰ ਖਾਣੀਆਂ ਅੰਦਰ ਪੈਦਾ ਹੋਇ ਸਾਰੇ ਛੋਟੇ ਵੱਡੇ ਜੀਆਂ ਦਾ ਦਾਤਾ ਹੈ।

***ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥***

(ਅੰਗ ੨)

ਸੰਸਾਰ ਅੰਦਰ ਰਾਜੇ ਮਹਾਰਾਜੇ, ਗ਼ਰੀਬ ਅਮੀਰ ਸਾਰੇ ਉਸਦੇ ਦਰ ਦੇ (ਭੇਖਾਰੀ) ਮੰਗਤੇ ਹਨ, ਜੋ ਮਾਇਆ ਆਦਿ ਪਦਾਰਥਾਂ ਦੀ ਪ੍ਰਾਪਤੀ ਲਈ ਦਿਨ ਰਾਤ ਭੇਖਾਰੀ ਮੰਗਤਿਆਂ ਦੀ ਤਰ੍ਹਾਂ ਭੱਜੇ ਫਿਰਦੇ ਹਨ।

***ਜਗਤੁ ਭਿਖਾਰੀ ਫਿਰਤੁ ਹੈ ਸਭ ਕੋ ਦਾਤਾ ਰਾਮੁ॥***

(ਅੰਗ ੧੪੨੮)

ਅਸੀਂ ਉਸ ਨੂੰ ਮੰਗਤਾ ਕਹਿੰਦੇ ਹਾਂ ਜੋ ਬਜ਼ਾਰ ਵਿਚ ਖੜਾ ਪੈਸਾ ਪੈਸਾ ਮੰਗ ਰਿਹਾ ਹੈ। ਅਸਲੀ ਮੰਗਤਾ ਤਾਂ ਉਹ ਹੈ ਜੋ ਸਭ ਕੁਝ ਹੁੰਦੇ ਹੋਏ ਵੀ ਪ੍ਰਮਾਤਮਾ ਪਾਸੋਂ ਮੰਗੀ ਜਾ ਰਿਹਾ ਹੈ ਤੇ ਇਸ ਦੀ ਮੰਗ ਦਾ ਅੰਤ ਨਹੀਂ ਹੁੰਦਾ। ਮੰਗਣ ਦੀ ਰੁੱਚੀ ਬਹੁਤ ਪ੍ਰਬਲ ਮਨੁੱਖ ਅੰਦਰ ਵੇਖਣ ਨੂੰ ਮਿਲਦੀ ਹੈ। ਅਕਸਰ ਮਨੁੱਖ ਉਹੀ ਚੀਜ਼ ਮੰਗਦਾ ਹੈ ਜੋ ਇਸ ਕੋਲ ਨਾ ਹੋਵੇ। ਬਚਪਨ ਵਿਚ ਇਹ ਮਾਂ ਬਾਪ ਪਾਸੋਂ ਮੰਗਦਾ ਹੈ। ਭੈਣਾਂ ਭਰਾਵਾਂ ਪਾਸੋਂ ਮੰਗਦਾ ਹੈ। ਸਮਾਂ ਪਾ ਕੇ ਫੇਰ ਪੁੱਤਰਾਂ ਪਾਸੋਂ ਮੰਗਦਾ ਹੈ। ਇਸ ਤਰ੍ਹਾਂ ਇਸ ਦੀ ਮੰਗਣ ਦੀ ਵਾਦੀ ਪੈ ਜਾਂਦੀ ਹੈ ਤੇ ਜਦ ਇਤਨਿਆਂ ਪਾਸੋਂ ਮੰਗ ਕੇ ਵੀ ਪੂਰਤੀ ਨਾ ਹੋਵੇ ਤਾਂ ਫਿਰ ਇਹ ਪ੍ਰਮਾਤਮਾ ਪਾਸੋਂ ਮੰਗਦਾ ਹੈ।

ਜੋ ਮਨੁੱਖ ਆਪਣੇ ਆਪ ਨੂੰ ਮਾਰ ਨਹੀਂ ਸਕਦਾ, ਉਹ ਮੰਗ ਵੀ ਨਹੀਂ ਸਕਦਾ। ਮੰਗਣ ਵਾਸਤੇ ਆਪਣੇ ਆਪ ਨੂੰ ਪੂਰਨ ਰੂਪ ਵਿਚ ਮਾਰਨਾ ਪੈਂਦਾ ਹੈ। ਜੋ ਆਪਣੇ ਆਪ ਨੂੰ ਪੂਰਨ ਰੂਪ ਵਿਚ ਮਾਰ ਨਹੀਂ ਸਕਦੇ, ਉਹ ਪੂਰਨ ਰੂਪ ਵਿਚ ਮੰਗ ਨਹੀਂ ਸਕਦੇ। ਉਹ ਮੰਗਦੇ ਹੋਏ ਸ਼ਰਮਾਂਦੇ ਰਹਿੰਦੇ ਹਨ। ਮੰਗਣ ਵਾਲੇ ਨੂੰ ਭਾਵੇਂ ਕੁਝ ਮਿਲੇ ਜਾਂ ਨਾ ਮਿਲੇ, ਪਰ ਉਸ ਦਾ ਮਾਨ ਗੌਰਵਤਾ ਤੇ ਅਣਖ ਤਾਂ ਨਸ਼ਟ ਹੋ ਹੀ ਜਾਂਦੇ ਹਨ। ਇਨ੍ਹਾਂ ਗੁਣਾਂ ਨੂੰ ਮਾਰੇ ਬਿਨਾਂ ਮੰਗਣਾ ਔਖਾ ਹੈ :

***ਮਾਂਗਤ ਮਾਨ ਨ ਪਾਇਆ***

– – – –

## *ਮੰਗਣ ਗਿਆ ਸੋ ਮਰ ਰਹਿਆ*

*ਤਬ ਲਗ ਗੁਣ ਅਰ ਗੌਰਵਤਾ ਜਬ ਲਗ ਕਹੈ ਨ ਦੇਹ।*
*ਦੇਹ ਕਹੇ ਤੋ ਖੇਹਿ ਸਭ ਗੁਣ ਗੌਰਵ ਪਿਠ ਦੇਹ।*

ਮਨੁੱਖ ਦੀ ਸਭ ਤੋਂ ਵੱਡੀ ਮੰਗ ਸੁੱਖ ਹੈ ਤੇ ਸੁੱਖ ਇਹ ਪਦਾਰਥਾਂ ਵਿਚ ਮੰਨੀ ਬੈਠਾ ਹੈ। ਇਸ ਵਾਸਤੇ ਇਹ ਪ੍ਰਮਾਤਮਾ ਪਾਸੋਂ ਪਦਾਰਥ ਹੀ ਮੰਗਦਾ ਰਹਿੰਦਾ ਹੈ, ਪਰ ਇਸ ਤਰ੍ਹਾਂ ਦੀ ਮੰਗ ਮੰਗਣੀ ਇਕ ਤਰ੍ਹਾਂ ਦੀ ਝੱਖ ਹੀ ਮਾਰਨੀ ਹੈ:

*ਨਾਨਕ ਬੋਲਣੁ ਝਖਣਾ ਦੁਖ ਛਡਿ ਮੰਗੀਅਹਿ ਸੁਖ॥*

(ਅੰਗ ੧੪੯)

ਕੋਈ ਮੰਗਤਾ ਕਿਤਨਾ ਹੌਲਾ ਤੇ ਕਿਤਨਾ ਵੱਡਾ ਮੰਗਤਾ ਹੈ, ਇਹ ਉਸ ਦੀ ਮੰਗ ਤੋਂ ਹੀ ਪਤਾ ਚੱਲਦਾ ਹੈ। ਜੋ ਸਿਰਫ਼ ਇਕ ਪੈਸਾ ਮੰਗ ਰਿਹਾ ਹੈ ਤਾਂ ਇਹ ਮੰਗਤਾ ਜ਼ਰਾ ਛੋਟੇ ਮੇਲ ਦਾ ਹੈ, ਪਰ ਜੋ ਰਾਜ ਭਾਗ, ਮਹਿਲ ਮਾੜ੍ਹੀਆਂ ਮੰਗ ਰਿਹਾ ਹੈ, ਉਹ ਉੱਚੇ ਪੱਧਰ ਦਾ ਮੰਗਤਾ ਹੈ।

ਮਨੁੱਖ ਦੀ ਮੰਗ ਬੜੀ ਪਰੁਖੀ ਹੈ। ਜੋ ਮੰਗਾਂ ਪਹਿਲੇ ਵੱਡੇ ਵਡੇਰੇ ਮੰਗ ਚੁੱਕੇ ਹਨ ਉਹੀ ਅਸੀਂ ਮੰਗਦੇ ਜਾ ਰਹੇ ਹਾਂ। ਇਸ ਵਾਸਤੇ ਜੀਵਨ ਵਿਚ ਕੋਈ ਨਵੀਨਤਾ ਨਹੀਂ ਹੈ:

*ਜਉ ਮਾਗਹਿ ਤਉ ਮਾਗਹਿ ਬੀਆ॥*
*ਜਾ ਤੇ ਕੁਸਲ ਨ ਕਾਹੂ ਥੀਆ॥*

(ਸਲੋਕ, ਅੰਗ ੨੫੮)

ਸੂਰਜ ਪਾਸੋਂ ਰੌਸ਼ਨੀ ਨਾ ਵੀ ਮੰਗੀਏ ਤਾਂ ਵੀ ਦੇਂਦਾ ਹੈ, ਪ੍ਰਮਾਤਮਾ ਇਸੇ ਤਰ੍ਹਾਂ ਦਾ ਅਣਮੰਗਿਆ ਦਾਨ ਦੇਣ ਵਾਲਾ ਦਾਤਾ ਹੈ:

*ਅਣਮੰਗਿਆ ਦਾਨੁ ਦੇਵਣਾ ਕਹੁ ਨਾਨਕ ਸਚੁ ਸਮਾਲਿ ਜੀਉ॥*

(ਸਿਰੀ ਰਾਗ ਮਹਲਾ ੧, ਅੰਗ ੭੩)

ਤੇ ਐਸੇ ਦਾਤੇ ਕੋਲੋਂ ਬਾਰ ਬਾਰ ਦਾਤਾਂ ਹੀ ਮੰਗੀ ਜਾਣਾ ਜੋ ਕਿਸੇ ਦੇ ਮੰਗਣ ਨਾਲ ਨਹੀਂ ਬਲਕਿ ਆਪਣੀ ਵਿਚਾਰਧਾਰਾ ਦੇ ਮੁਤਾਬਿਕ ਦੇਂਦਾ ਹੈ। ਇਸ ਵਾਸਤੇ ਮੰਗਣ ਵਾਲਿਆਂ ਨੂੰ ਗੁਰਬਾਣੀ ਨੇ ਸਿਆਣਾ ਨਹੀਂ ਆਖਿਆ:

*ਮਮਾ ਮਾਗਨਹਾਰ ਇਆਨਾ॥ਦੇਨਹਾਰ ਦੇ ਰਹਿਓ ਸੁਜਾਨਾ॥*

(ਅੰਗ ੨੫੮)

ਮਾਂ ਬਾਪ ਦੀ ਮੰਗ ਨਹੀਂ ਕੀਤੀ, ਮਿਲ ਗਏ ਹਨ। ਸਰੀਰ ਦੀ ਤੇ ਸਰੀਰ ਦੇ ਹਰ ਅੰਗ ਦੀ ਅਸੀਂ ਕੋਈ ਮੰਗ ਨਹੀਂ ਕੀਤੀ, ਮਿਲ ਗਏ ਹਨ। ਪਵਨ ਪਾਣੀ, ਸੂਰਜ ਚੰਦ ਸਾਨੂੰ ਮਿਲੇ ਹੋਏ ਹਨ ਤੇ ਇਨ੍ਹਾਂ ਤੋਂ ਸੁਭਾਵਕ ਸਾਨੂੰ ਲਾਭ ਹੋ ਰਿਹਾ ਹੈ। ਜੇ ਮਨੁੱਖ ਆਪਣੇ ਆਪ ਨੂੰ ਪਾਤਰ ਬਨਾਉਣ 'ਤੇ ਜ਼ੋਰ ਲਾਵੇ ਤਾਂ ਇਸ ਨੂੰ ਹੋਰ ਵੀ ਬਹੁਤ ਕੁਝ ਮਿਲ ਸਕਦਾ ਹੈ।

ਸਿਆਣਿਆਂ ਦਾ ਕਹਿਣਾ ਹੈ ਕਿ ਜੋ ਕੁਝ ਕਿਸੇ ਨੂੰ ਮਿਲਿਆ ਹੈ, ਉਸ ਨੇ ਆਪਣੇ ਆਪ ਨੂੰ ਪਾਤਰ ਬਣਾ ਲਿਆ ਸੀ, ਜੋ ਨਹੀਂ ਮਿਲਿਆ ਉਸ ਦੇ ਅਜੇ ਯੋਗ ਨਹੀਂ ਸੀ।

ਧਨ ਸੰਪਦਾ, ਇਸਤਰੀ, ਪੁੱਤਰ, ਮਹਿਲ ਮਾੜੀਆਂ ਤਾਂ ਅਕਸਰ ਲੋਕਾਂ ਨੂੰ ਮਿਲ ਜਾਂਦੀਆਂ ਹਨ, ਪਰ ਪ੍ਰਮਾਤਮਾ ਦਾ ਨਾਮ ਤੇ ਉਸ ਦਾ ਗਿਆਨ ਨਹੀਂ ਮਿਲਦਾ, ਕਿਉਂਕਿ ਇਸ ਯੋਗ ਇਸ ਨੇ ਆਪਣੇ ਆਪ ਨੂੰ ਬਣਾਇਆ ਹੀ ਨਹੀਂ।

ਹਿਮਾਲੀਆ ਪਰਬਤ 'ਤੇ ਸਿਰਫ਼ ਜਾਣ ਦੀ ਲੋੜ ਹੈ, ਠੰਢ ਆਪਣੇ ਆਪ ਮਿਲੇਗੀ। ਅੱਖਾਂ ਖੋਲ੍ਹ ਲਈਏ ਤਾਂ ਸੂਰਜ ਦਾ ਪ੍ਰਕਾਸ਼ ਆਪ ਹੀ ਮਿਲਣ ਲੱਗ ਪੈਂਦਾ ਹੈ।

ਸਿਰਫ਼ ਆਪਣੇ ਆਪ ਨੂੰ ਪਾਤਰ ਬਣਾਈਏ, ਪਦਾਰਥ ਆਪਣੇ ਆਪ ਮਿਲ ਜਾਣਗੇ।

ਅਸੀਂ ਇਕ ਹੋਰ ਵੀ ਭੁੱਲ ਕਰਦੇ ਹਾਂ ਕਿ ਮੰਗਤਿਆਂ ਕੋਲੋਂ ਮੰਗਦੇ ਹਾਂ। ਜੋ ਆਪ ਮੰਗਾਂ ਨਾਲ ਭਰਿਆ ਹੋਇਆ ਹੈ, ਉਸ ਕੋਲੋਂ ਮੰਗਦੇ ਹਾਂ ਤੇ ਮੰਗਤਾ ਪਲਟ ਕੇ ਮੰਗਣ ਦੀ ਚਾਹਤ ਤੋਂ ਬਿਨਾਂ ਕੁਝ ਦੇ ਵੀ ਨਹੀਂ ਸਕਦਾ।

ਸੋ ਮੰਗਣਾ ਵੀ ਉਸ ਕੋਲੋਂ ਚਾਹੀਦਾ ਹੈ ਜੋ ਰੰਚਿਕ-ਮਾਤਰ ਵੀ ਸਾਡੇ ਪਾਸੋਂ ਤਮ੍ਹਾ ਨਾ ਰੱਖੇ :

***ਵਡਾ ਦਾਤਾ ਤਿਲੁ ਨ ਤਮਾਇ॥***

(ਜਪੁ ਜੀ)

ਐਸੇ ਦਾਤੇ ਨੂੰ ਛੱਡ ਕੇ ਮੰਗਤਿਆਂ ਪਾਸੋਂ ਮੰਗਣ ਵਾਲਿਆਂ ਨੂੰ ਬਾਬੇ ਫ਼ਰੀਦ ਨੇ ਫਿਟਕਾਰ ਪਾਈ ਹੈ :

***ਫਰੀਦਾ ਰਾਤੀ ਵਡੀਆਂ ਧੁਖਿ ਧੁਖਿ ਉਠਨਿ ਪਾਸ॥***
***ਧਿਗੁ ਤਿਨ੍ਾ ਦਾ ਜੀਵਿਆ ਜਿਨਾ ਵਿਡਾਣੀ ਆਸ॥***

(ਅੰਗ ੧੩੭੮)

ਜੇ ਪੂਰੇ ਦਰੱਖ਼ਤ ਦੀ ਮੰਗ ਕਰ ਲਈਏ ਤਾਂ ਛਾਂ, ਫੁੱਲ, ਫਲ ਤੇ ਪੱਤੇ ਆਪਣੇ ਆਪ ਹੀ ਮਿਲ ਜਾਂਦੇ ਹਨ ।

ਪ੍ਰਭੂ ਦੇ ਨਾਮ ਵਿਚ ਹੀ ਸਾਰੇ ਸੁੱਖ ਤੇ ਅਨੰਦ ਹਨ ।

ਮਨੁੱਖ ਸਦੀਵ ਕਾਲ ਤੋਂ ਲੋੜਾਂ-ਥੁੜਾਂ ਦਾ ਮਾਰਿਆ ਹੈ। ਇਸੇ ਕਾਰਨ ਉਹ ਸਦਾ ਦੂਜਿਆਂ 'ਤੇ

ਨਿਰਭਰ ਰਹਿੰਦਾ ਹੈ। ਉਹ ਦੂਜਿਆਂ ਪਾਸੋਂ ਆਸਰਾ ਭਾਲਦਾ ਹੈ, ਉਪਜੀਵਕਾ ਪ੍ਰਾਪਤ ਕਰਦਾ ਹੈ, ਸੁਰੱਖਿਆ ਲੱਭਦਾ ਹੈ, ਇਥੋਂ ਤੱਕ ਕਿ ਵਿਚਾਰ ਤੇ ਸਾਹਸ ਵੀ ਦੂਜਿਆਂ ਪਾਸੋਂ ਹੀ ਭਾਲਦਾ ਹੈ। ਇਸ ਨਾਤੇ ਮਨੁੱਖ ਸਦਾ ਮੰਗਤਾ ਹੈ, ਪਰ ਜਦ ਉਹ ਮੰਗਣ ਨਿਕਲਦਾ ਹੈ ਤਾਂ ਉਸ ਨੂੰ ਪ੍ਰਤੀਤ ਆਉਂਦੀ ਹੈ ਕਿ ਜਿਨ੍ਹਾਂ ਪਾਸੋਂ ਉਹ ਮੰਗਣ ਤੁਰਿਆ ਹੈ, ਉਹ ਤਾਂ ਉਸ ਵਾਂਗੂ ਹੀ, ਆਪ ਵੀ ਮੰਗਤੇ ਹਨ। ਇਸ ਲਈ ਕਈ ਵਾਰ ਸੋਚਦਾ ਹੈ ਕਿ ਇਹਨਾਂ ਪਾਸੋਂ ਕੀ ਮੰਗਣਾ ਹੈ।

ਐਸਾ ਅਹਿਸਾਸ ਜਾਗਣ ਨਾਲ ਉਹ ਪਰਮ ਦਾਤਾਰ ਵਾਹਿਗੁਰੂ ਜੀ ਵੱਲ ਪਰਤਦਾ ਹੈ ਤੇ ਉਸ ਅੱਗੇ ਆਪਣੀ ਯਾਚਨਾ-ਝੋਲੀ ਅੱਡਦਾ ਹੈ, ਕਿਉਂਕਿ ਉਹ ਕੇਵਲ ਦੇਂਦਾ ਹੀ ਨਹੀਂ, ਦੇ ਕੇ ਕਦੇ ਪਛਤਾਉਂਦਾ ਵੀ ਨਹੀਂ। ਸਿੱਖ ਨੂੰ ਐਸੇ 'ਇਕ ਦਾਤਾਰ' ਪਾਸੋਂ ਮੰਗਣ ਦੀ ਤਾਕੀਦ ਹੈ। ਹੋਰਨਾਂ ਪਾਸੋਂ ਮੰਗਦਿਆਂ ਉਸ ਨੂੰ ਲਾਜ ਨਾਲ ਮਰਨਾ ਪੈਂਦਾ ਹੈ।

## ਉਸ ਪਾਸੋਂ ਕੀ ਮੰਗੀਏ ?

ਪਰ, ਉਸ ਪਾਸੋਂ ਮੰਗੀਏ ਕੀ ? ਉਹ ਤਾਂ ਜੋ ਚਾਹੋ ਦੇ ਦੇਂਦਾ ਹੈ, ਕਿਰਸ ਨਹੀਂ ਕਰਦਾ। ਅਸੀਂ ਮੰਗਣ ਲਗਿਆਂ ਕਿਰਸ ਕਰ ਬਹਿੰਦੇ ਹਾਂ। ਕਹਿੰਦੇ ਹਨ, ਇਕ ਰਾਜਾ ਕਿਸੇ ਬੰਦੇ ਉਪਰ ਪ੍ਰਸੰਨ ਹੋ ਗਿਆ ਤੇ ਕਹਿਣ ਲੱਗਾ, ''ਮੰਗ ਲੈ ਜੋ ਮੰਗਣਾ ਈ।'' ਉਹ ਬੰਦਾ ਕਈ ਦਿਨ ਦਾ ਭੁੱਖਾ ਸੀ, ਕਹਿਣ ਲੱਗਾ, ''ਇਕ ਪਰਾਤ ਹਲਵੇ ਦੀ ਦੇ ਦਿਓ।'' ਰਾਜੇ ਪਾਸੋਂ ਐਸੀ ਨਿਗੂਣੀ ਮੰਗ ਮੰਗਣੀ ਉਸ ਦਾ ਅਪਮਾਨ ਕਰਨਾ ਹੈ। ਫਿਰ ਕੀ ਰਾਜਨ ਕੇ ਰਾਜਾ, ਮਹਾਰਾਜਨ ਕੇ ਮਹਾਰਾਜਾ ਪਾਸੋਂ ਨਿਗੂਣੀਆਂ ਮੰਗਾਂ ਮੰਗਣੀਆਂ ਸੋਭਦੀਆਂ ਹਨ ? ਬਦਕਿਸਮਤੀ ਦੀ ਗੱਲ ਇਹ ਹੈ ਕਿ ਅਸੀਂ ਬਹੁਤੀ ਵਾਰ ਐਸੀਆਂ ਨਿਗੂਣੀਆਂ ਵਸਤਾਂ ਦੀ ਮੰਗ ਕਰਦੇ ਹਾਂ ਜੋ ਸਾਡੇ ਬੰਧਨ ਦਾ ਕਾਰਨ ਬਣਦੀਆਂ ਹਨ। ਅਸੀਂ ਕਮਾਈ ਮੰਗਦੇ ਹਾਂ, ਮਿਲਖ ਧਨ ਮੰਗਦੇ ਹਾਂ, ਸੋਭਾ ਵਡਿਆਈ ਮੰਗਦੇ ਹਾਂ, ਪਦਵੀ ਮਰਾਤਬੇ ਮੰਗਦੇ ਹਾਂ, ਪਰ ਐਸਾ ਕੁਝ ਨਹੀਂ ਮੰਗਦੇ ਜਿਸ ਦੇ ਮੰਗਿਆਂ ਮੁੜ ਕਦੇ ਮੰਗਣ ਦੀ ਲੋੜ ਨਾ ਰਹੇ। ਐਸੀ ਵਸਤ ਤਾਂ ਕੇਵਲ ਵਾਹਿਗੁਰੂ ਦਾ ਨਾਮ, ਉਸ ਦੀ ਸਿਫ਼ਤ-ਸਾਲਾਹ ਹੈ। ਇਹੋ ਚੰਗਾ ਮੰਗਣ ਹੈ। ਇਹੋ ਦਾਨਾਂ ਸਿਰ ਦਾਨ ਹੈ। ਮਤਾਂ ਅਸੀਂ ਆਪਣੀਆਂ ਨਿਗੂਣੀਆਂ ਮੰਗਾਂ ਵਿਚ ਉਲਝ ਕੇ ਨਾਮ ਦੀ ਦਾਤ ਮੰਗਣੀ ਭੁੱਲ ਜਾਈਏ, ਇਸ ਲਈ ਇਹ ਮੰਗ ਅਰਦਾਸ ਦੇ ਰਚੇਤਿਆਂ ਨੇ ਅਰਦਾਸ ਵਿਚ ਅਗਾਊਂ ਹੀ ਸ਼ਾਮਲ ਕਰ ਦਿੱਤੀ ਹੈ। ਇਸ ਦੇ ਨਾਲ ਹੀ ਰਹਿਤ, ਆਚਰਨ ਤੇ ਕੌਮੀ ਸਾਂਝ ਨਾਲ ਲੱਗਦੇ ਉਹ ਦਾਨ ਵੀ ਮੰਗ ਲਏ ਹਨ, ਜਿਨ੍ਹਾਂ ਨਾਲ ਨਾਮ ਪ੍ਰਪੱਕ ਹੁੰਦਾ ਹੈ। ਐਸੇ ਦਾਨ ਹਨ : (੧) ਸਿੱਖੀ ਦਾਨ, (੨) ਕੇਸ ਦਾਨ, (੩) ਰਹਿਤ ਦਾਨ, (੪) ਬਿਬੇਕ ਦਾਨ, (੫) ਵਿਸਾਹ ਦਾਨ, (੬) ਭਰੋਸਾ ਦਾਨ ਤੇ (੭) ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ।

ਇਹ ਮੰਗਾਂ ਅਸੀਂ ਅਰਦਾਸ ਵਿਚ ਹਰ ਰੋਜ਼ ਮੰਗਦੇ ਹਾਂ ਜੋ ਪ੍ਰਵਾਨਤ ਹਨ।

# ਸਾਖੀ—ਦੁਰਗਾ ਦਾਸ ਪੰਡਿਤ ਤੇ ਗੁਰੂ ਅਮਰਦਾਸ ਜੀ ਦੀ

ਦੁਰਗਾ ਦਾਸ ਨੇ ਕੀ ਮੰਗਿਆ ਸੀ ਗੁਰੂ ਪਾਸੋਂ ? ਇਹ ਸਾਖੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਅੰਕਿਤ ਹੈ ਕਿ ਜਦੋਂ ਗੁਰੂ ਅਮਰਦਾਸ ਜੀ ਗੁਰਤਾ ਗੱਦੀ 'ਤੇ ਸੁਸ਼ੋਭਿਤ ਨਹੀਂ ਹੋਏ ਸਨ ਤਾਂ ਮੇਹੜੇ ਗ੍ਰਾਮ ਦਾ ਦੁਰਗਾ ਦਾਸ ਨਾਮ ਦਾ ਬ੍ਰਾਹਮਣ ਜੋ ਕਿ ਜੋਤਸ਼ ਵਿਦਿਆ ਦਾ ਜਾਣੂ ਸੀ, ਗੁਰੂ ਅਮਰਦਾਸ ਜੀ ਦੀ ਪਦਮ ਰੇਖਾ ਦੇਖ ਕੇ ਉਸ ਨੇ ਕਿਹਾ ਸੀ ਕਿ ਤੁਹਾਡੇ ਸੀਸ 'ਤੇ ਛਤਰ ਝੁਲੇਗਾ। ਜਦੋਂ ਸਤਿਗੁਰੂ ਜੀ ਗੁਰਤਾ ਗੱਦੀ 'ਤੇਬਿਰਾਜਮਾਨ ਹੋਣ ਤੋਂ ਉਪਰੰਤ ਇਸ ਨਗਰ ਵਿਚ ਪਹੁੰਚੇ ਤਾਂ ਦੁਰਗਾ ਦਾਸ ਨਾਮੀ ਪੰਡਿਤ ਨੇ ਇਕ ਸਿੱਖ ਤੋਂ ਪੁੱਛਿਆ ਕਿ ਇਹ ਕੌਣ ਹਨ ?

***ਤਿਸ ਨੇ ਸਕਲ ਬਤਾਵਨਿ ਕੀਨਾ। ਅਮਰਦਾਸ ਸ੍ਰੀ ਗੁਰੂ ਪ੍ਰਬੀਨਾ।***
***ਸ੍ਰੀ ਨਾਨਕ ਗਾਦੀ ਪਰ ਬੈਸਾ। ਹੋਤਿ ਸਫਲ ਮੁਖ ਤੇ ਕਹਿ ਜੈਸਾ॥ ੪ ॥***

(ਗੁਰ ਪ੍ਰਤਾਪ, ਰਾਸਿ ੧ ਅੰਸੂ ੫੦)

ਸਿੱਖ ਨੇ ਕਿਹਾ ਕਿ ਤੀਸਰੇ ਗੁਰੂ ਅਮਰਦਾਸ ਜੀ ਸੰਸਾਰ ਦੇ ਜੀਵਾਂ ਨੂੰ ਤਾਰਨ ਲਈ ਤੀਰਥਾਂ 'ਤੇ ਰਟਨ ਕਰਦੇ ਹੋਏ ਇਥੇ ਪਹੁੰਚੇ ਹਨ। ਬ੍ਰਾਹਮਣ ਨੇ ਵਿਚਾਰ ਕੀਤਾ ਕਿ ਇਹ ਤਾਂ ਉਹ ਹੀ ਗੁਰੂ ਜੀ ਹਨ ਜਿਨ੍ਹਾਂ ਦੇ ਚਰਨ ਵਿਚ ਪਦਮ ਵੇਖਿਆ ਸੀ। ਜਦੋਂ ਸਿੱਖਾਂ ਨੇ ਜਾਣਕਾਰੀ ਦਿੱਤੀ ਤਾਂ ਬ੍ਰਾਹਮਣ ਸ਼ਰਧਾ ਨਾਲ ਬਹੁਤ ਪ੍ਰਸੰਨ ਹੋ ਕੇ ਸਹਿਜੇ-ਸਹਿਜੇ ਸਤਿਗੁਰਾਂ ਦੇ ਨਜ਼ਦੀਕ ਪਹੁੰਚਿਆ। ਗੁਰੂ ਜੀ ਨੂੰ ਪਛਾਣ ਕੇ ਬਹੁਤ ਭਾਵਨਾ ਨਾਲ ਗੁਰੂ ਜੀ ਦੇ ਚਰਨਾਂ ਵਿਚ ਜਾ ਕੇ ਬੇਨਤੀ ਕੀਤੀ :

***ਹੇ ਪ੍ਰਭ ਮੈਂ ਦਿਜ ਜਾਨਹੁ ਸੋਈ। ਪੂਰਬ ਮਿਲਯੋ ਬਰਖ ਬਹੁ ਹੋਈ।***
***ਪਿਖਯੋ ਪਦਮ ਪਦ ਪਦਮ ਮਝਾਰੀ। ਤਬ ਨ ਜਾਚਨਾ ਕੀਨਿ ਤੁਮਾਰੀ॥ ੫ ॥***

(ਗੁਰਪ੍ਰਤਾਪ, ਰਾਸਿ ੧, ਅੰਸੂ ੫੦)

ਬ੍ਰਾਹਮਣ ਕਹਿਣ ਲੱਗਾ ਕਿ ਤੁਸੀਂ ਮੇਰੇ ਨਾਲ ਇਕਰਾਰ ਕੀਤਾ ਸੀ ਕਿ ਜਿਸ ਵੇਲੇ ਸਾਨੂੰ ਇਹ ਵਡਿਆਈ ਮਿਲੇਗੀ ਤਾਂ ਤੇਰੇ ਮਨ ਦੀ ਜੋ ਵੀ ਕਾਮਨਾ ਹੋਵੇਗੀ, ਉਹ ਪੂਰੀ ਹੋਵੇਗੀ। ਸੋ ਹੁਣ ਉਹ ਸਮਾਂ ਆ ਗਿਆ ਹੈ। ਕਿਰਪਾ ਕਰਕੇ ਮੇਰੇ ਮਨ ਦੀ ਭਾਵਨਾ ਪੂਰੀ ਕਰੋ। ਸਤਿਗੁਰੂ ਜੀ ਸੁਣ ਕੇ ਬਹੁਤ ਪ੍ਰਸੰਨ ਹੋਏ ਤੇ ਕਿਹਾ ਕਿ ਜੋ ਤੇਰੇ ਮਨ ਦੀ ਇੱਛਾ ਹੈ ਸੋ ਬਿਨਾਂ ਕਿਸੇ ਦੇਰ ਤੋਂ ਪ੍ਰਾਪਤ ਹੋਵੇਗੀ। ਇਸ ਲੋਕ ਦੇ ਸੁੱਖ, ਧਨ ਪਦਾਰਥ, ਸੁੰਦਰ ਇਸਤਰੀ, ਪੁੱਤਰ ਆਦਿ ਪ੍ਰਾਪਤ ਹੋਵੇਗੀ। ਜੇਕਰ ਸੰਸਾਰਕ ਸੁੱਖ ਨਾਸਵਾਨ ਜਾਣ ਕੇ ਪ੍ਰਲੋਕ ਦਾ ਸੁੱਖ ਤੇ ਜੰਮਣ-ਮਰਣ ਤੋਂ ਰਹਿਤ ਪਦਵੀ ਪ੍ਰਾਪਤ ਕਰਨੀ ਹੈ ਤਾਂ ਉਹ ਵੀ ਤੁਹਾਨੂੰ ਪ੍ਰਾਪਤ ਹੋਵੇਗੀ। ਸਤਿਗੁਰਾਂ ਨੇ ਕਿਹਾ, ਲੋਕ ਜਾਂ ਪਰਲੋਕ ਦਾ ਇਕ ਸੁੱਖ ਤੁਸੀਂ ਲੈ ਸਕਦੇ ਹੋ। ਇਹ ਸੁਣ ਕੇ ਬ੍ਰਾਹਮਣ ਸੰਸੇ ਵਿਚ ਪੈ ਗਿਆ ਤੇ ਕੋਈ ਭੀ ਨਿਰਣਾ ਨਾ ਕਰ ਸਕਿਆ। ਜਦੋਂ ਚੁਪ ਕੀਤਿਆਂ ਇਕ ਘੜੀ ਦਾ ਸਮਾਂ ਬਤੀਤ ਹੋ ਗਿਆ ਤਾਂ ਸਤਿਗੁਰੂ ਜੀ ਨੇ ਉਸ ਵੱਲ ਵੇਖਿਆ ਤੇ ਇਹ ਬਚਨ ਆਖੇ :

**ਯਥਾ :**

*ਭੋ ਦਿਜਵਰ! ਕਯੋਂ ਤੂਸ਼ਨਿ ਠਾਨੀ। ਜਾਚਨ ਕੀਜੈ ਚਾਹਿ ਮਹਾਨੀ।*
*ਸੋ ਹਮ ਤੇ ਲਿਹੁ ਜੋ ਮਨ ਭਾਵਾ। ਸਾਚ ਕਰਹਿ ਬਚ ਹਮ ਜੁ ਅਲਾਵਾ ॥੧੨ ॥*

(ਗੁਰ ਪ੍ਰ: ਸੂ: ਗ੍ਰੰਥ, ਰਾਸਿ ੧, ਅੰਸੂ ੫੦)

ਸਤਿਗੁਰੂ ਜੀ ਦੇ ਇਹ ਬਚਨ ਸੁਣ ਕੇ ਬ੍ਰਾਹਮਣ ਨੇ ਬੜੀ ਦੀਨਤਾ ਦੇ ਸਹਿਤ ਗੁਰ ਚਰਨਾਂ ਵਿਚ ਸੀਸ ਨਿਵਾ ਕੇ ਇਹ ਬਚਨ ਕਹੇ ਸਨ। ਇਨ੍ਹਾਂ ਬਚਨਾਂ ਤੋਂ ਮੰਗਣ ਦੀ ਸਮਝ ਪੈਂਦੀ ਹੈ। ਮੰਗਤਾ ਦੁਰਗਾ ਦਾਸ ਜੈਸਾ ਹੋਵੇ ਤੇ ਦਾਤਾ ਸ੍ਰੀ ਗੁਰੂ ਅਮਰਦਾਸ ਜੈਸਾ ਹੋਵੇ। ਦੁਰਗਾ ਦਾਸ ਨੇ ਬੇਨਤੀ ਕਰ ਕੇ ਇਹ ਕੁਝ ਮੰਗਿਆ ਸੀ :

**ਯਥਾ :**

*ਨਾਮ ਦੇਹਿ, ਧਨ ਦੇਹਿ ਨ ਜਨ ਕੋ, ਧਨ ਬਿਹੀਨ ਜਨ ਜਗ ਨ ਸੁਹਾਇ।*
*ਜੇ ਧਨ ਦੇਹਿਂ ਨਾਮ ਨਾਹਿ ਦੇਵੈਂ, ਨਾਮ ਬਿਨਾਂ ਜਨ ਜਮਪੁਰਿ ਜਾਇ।*
*ਤੁਮ ਪਹਿ ਕਹੀ ਨਹੀ ਬਨਿ ਆਵਹਿ ਜਯੋਂ ਭਾਵੈ ਤਯੋਂ ਬਨਤਿ ਬਨਾਇ।*
*ਗੁਰ ਅਮਰਦਾਸ ਤੇਜੋ ਕੇ ਨੰਦਨ ਦੋਨਹੁ ਨਿਰਮਲੁ ਪੰਥ ਚਲਾਇ॥*

(ਗੁਰ ਪ੍ਰ: ਸੂ: ਗ੍ਰੰਥ:, ਰਾਸਿ ੧, ਅੰਸੂ ੫੦)

ਬ੍ਰਾਹਮਣ ਦੇ ਇਹ ਬਚਨ ਸੁਣ ਕੇ ਸਤਿਗੁਰੂ ਜੀ ਨੇ ਪ੍ਰਸੰਨ ਹੋ ਕੇ ਬਚਨ ਕੀਤਾ ਕਿ ਤੁਹਾਨੂੰ ਦੋਨੋਂ ਹੀ ਲੋਕਾਂ ਦੇ ਸੁੱਖ ਪ੍ਰਾਪਤ ਹੋਣਗੇ। ਇਸ ਲੋਕ ਦੇ ਧਨ ਪਦਾਰਥ ਤੇ ਸਤਿਨਾਮ ਦਾ ਸਿਮਰਣ ਕਰਨ ਕਰਕੇ ਮੁਕਤੀ ਨੂੰ ਪ੍ਰਾਪਤ ਕਰੋਗੇ।

ਸੋਰਠਿ ਮਹਲਾ ੧ ॥ ਤੂ ਪ੍ਰਭ ਦਾਤਾ ਦਾਨਿ ਮਤਿ ਪੂਰਾ ਹਮ ਥਾਰੇ ਭੇਖਾਰੀ ਜੀਉ ॥ ਮੈ ਕਿਆ ਮਾਗਉ ਕਿਛੁ ਥਿਰੁ ਨ ਰਹਾਈ ਹਰਿ ਦੀਜੈ ਨਾਮੁ ਪਿਆਰੀ ਜੀਉ ॥ ੧ ॥ ਘਟਿ ਘਟਿ ਰਵਿ ਰਹਿਆ ਬਨਵਾਰੀ ॥ ਜਲਿ ਥਲਿ ਮਹੀਅਲਿ ਗੁਪਤੋ ਵਰਤੈ ਗੁਰ ਸਬਦੀ ਦੇਖਿ ਨਿਹਾਰੀ ਜੀਉ ॥ ਰਹਾਉ ॥ ਮਰਤ ਪਇਆਲ ਅਕਾਸੁ ਦਿਖਾਇਓ ਗੁਰਿ ਸਤਿਗੁਰਿ ਕਿਰਪਾ ਧਾਰੀ ਜੀਉ ॥ ਸੋ ਬ੍ਰਹਮੁ ਅਜੋਨੀ ਹੈ ਭੀ ਹੋਨੀ ਘਟ ਭੀਤਰਿ ਦੇਖੁ ਮੁਰਾਰੀ ਜੀਉ ॥ ੨ ॥ ਜਨਮ ਮਰਨ ਕਉ ਇਹੁ ਜਗੁ ਬਪੁੜੋ ਇਨਿ ਦੂਜੈ ਭਗਤਿ ਵਿਸਾਰੀ ਜੀਉ ॥ ਸਤਿਗੁਰੁ ਮਿਲੈ ਤ ਗੁਰਮਤਿ ਪਾਈਐ ਸਾਕਤ ਬਾਜੀ ਹਾਰੀ ਜੀਉ ॥ ੩ ॥ ਸਤਿਗੁਰ ਬੰਧਨ ਤੋੜਿ ਨਿਰਾਰੇ ਬਹੁੜਿ ਨ ਗਰਭ ਮਝਾਰੀ ਜੀਉ ॥ ਨਾਨਕ ਗਿਆਨ ਰਤਨੁ ਪਰਗਾਸਿਆ ਹਰਿ ਮਨਿ ਵਸਿਆ ਨਿਰੰਕਾਰੀ ਜੀਉ ॥ ੪ ॥ ੮ ॥

## ਪਦ ਅਰਥ :

ਦਾਨਿ ਮਤਿ ਪੂਰਾ-ਦਾਨ ਦੇਣ ਵਿਚ (ਪ੍ਰਭ) ਆਪਣੀ ਮਤਿ ਕਰਕੇ ਪੂਰਾ ਹੈ। ਥਿਰੁ-ਸਥਿਰ, ਅਟੱਲ। ਪਿਆਰੀ-ਪਿਆਰੀ ਵਸਤੂ ਨਾਮ। ਰਵਿ ਰਹਿਆ-ਵਿਆਪਕ ਹੋ ਰਿਹਾ ਹੈ। ਬਨਵਾਰੀ-ਵਾਹਿਗੁਰੂ, ਪ੍ਰਮਾਤਮਾ। ਮਹੀਅਲਿ-ਧਰਤੀ ਅਰ ਅਕਾਸ਼ ਦੇ ਵਿਚ। ਗੁਪਤੋ-ਗੁਪਤ, ਲੁਕਿਆ ਹੋਇਆ, ਅਦ੍ਰਿਸ਼। ਮਰਤ-ਮਾਤ ਲੋਕ। ਪਇਆਲ-ਪਾਤਾਲ। ਅਜੋਨੀ-ਜਨਮ ਤੋਂ ਰਹਿਤ। ਹੈ ਭੀ-ਹੁਣ ਭੀ ਹੈ। ਹੋਨੀ-ਅੱਗੇ ਨੂੰ ਹੋਵੇਗਾ। ਮੁਰਾਰੀ-ਮੁਰ ਦੈਂਤ ਨੂੰ ਮਾਰਨ ਵਾਲਾ, ਭਾਵ ਪ੍ਰਮਾਤਮਾ ਤੋਂ ਹੈ। ਬਪੁੜੋ-ਵਿਚਾਰਾ। ਇਨਿ-ਇਸ (ਜਗਤ) ਜੀਵ ਨੇ। ਸਾਕਤ-ਸ਼ਕਤੀ-ਉਪਾਸ਼ਕ, ਮਾਇਆ ਪ੍ਰੇਮੀ। ਨਿਰਾਰੇ-ਵੱਖਰੇ, ਸੁਤੰਤ੍ਰ।

## ਅਰਥ :

ਹੇ ਪ੍ਰਭੂ ! ਤੂੰ (ਸਰਬ ਜੀਆਂ ਨੂੰ) ਦਾਨ ਦੇਣ ਵਿਚ (ਆਪਣੀ) ਮਤ ਕਰਕੇ ਪੂਰਾ ਹੈਂ। ਅਸੀਂ ਤੇਰੇ (ਦਰ ਦੇ) ਮੰਗਤੇ ਹਾਂ। ਮੈਂ (ਆਪ ਜੀ ਪਾਸੋਂ) ਕਿਹੜੀ ਵਸਤੂ ਮੰਗਾਂ (ਕਿਉਂਕਿ) ਕੋਈ (ਵਸਤੂ) ਵੀ ਸਥਿਰ (ਅਟੱਲ) ਰਹਿਣ ਵਾਲੀ ਨਹੀਂ ਹੈ, (ਇਸ ਕਰਕੇ) ਹਰੀ ਨਾਮ (ਰੂਪ) ਪਿਆਰੀ ਵਸਤੂ (ਮੈਨੂੰ) ਬਖ਼ਸ਼ੋ ਜੀ।੧। (ਹੇ ਭਾਈ !) ਪ੍ਰਮੇਸ਼ਰ (ਘਟਿ ਘਟਿ) ਹਰੇਕ ਹਿਰਦੇ ਵਿਚ ਵਿਆਪਕ ਹੋ ਰਿਹਾ ਹੈ। ਗੁਰੂ ਦੇ ਸ਼ਬਦ ਰਾਹੀਂ (ਅਸਾਂ ਨੇ) ਚੰਗੀ ਤਰ੍ਹਾਂ ਵੇਖ ਲਿਆ ਹੈ ਕਿ (ਉਹ ਪ੍ਰਭੂ) ਜਲ ਤੇ ਥਲ (ਅਤੇ) ਅਕਾਸ਼ ਧਰਤੀ ਦੇ ਵਿਚਾਲੇ (ਸਭ ਥਾਈਂ) ਗੁਪਤ ਰੂਪ (ਵਿਚ) ਵਰਤ ਰਿਹਾ ਹੈ। ਰਹਾਉ। ਗੁਰੂ ਨੇ, ਹਾਂ ਸੱਚੇ ਗੁਰੂ ਨੇ, ਕਿਰਪਾ ਕੀਤੀ ਹੈ ਜੀ, (ਉਹ ਪ੍ਰਮਾਤਮਾ ਸਾਨੂੰ) ਮਾਤ ਲੋਕ, ਪਾਤਾਲ ਤੇ ਅਕਾਸ਼ ਵਿਚ ਵਿਆਪਕ ਰੂਪ ਵਿਚ (ਪੂਰਨ) ਵਿਖਾ ਦਿੱਤਾ ਹੈ। ਉਹ ਬ੍ਰਹਮ (ਵਾਹਿਗੁਰੂ ਜੀ) ਜਨਮ ਤੋਂ ਰਹਿਤ ਹੁਣ ਭੀ ਹੈ, ਅੱਗੇ ਨੂੰ ਵੀ ਹੋਵੇਗਾ (ਉਸ ਵਾਹਿਗੁਰੂ ਜੀ ਨੂੰ (ਤੁਸੀਂ ਵੀ ਇਸੇ ਤਰ੍ਹਾਂ ਆਪਣੇ) ਹਿਰਦੇ ਵਿਚ ਵੇਖ ਲਉ। ੨।

(ਪ੍ਰਸ਼ਨ : ਜਗਤ ਦਾ ਕੀ ਹਾਲ ਹੈ ? ਉਤਰ :) ਇਹ ਵਿਚਾਰਾ ਜਗਤ (ਤਾਂ) ਜੰਮਣ ਮਰਣ ਵਿਚ ਫਿਰਦੇ ਰਹਿਣ) ਲਈ ਹੀ ਹੈ, (ਕਿਉਂਕਿ) ਇਸ (ਜਗਤ ਜੀਵ) ਨੇ ਦੂਜੇ ਭਾਵ (ਮਾਇਆ ਦੇ ਪ੍ਰੇਮ ਵਿਚ) ਲੱਗ ਕੇ (ਪ੍ਰਭੂ) ਦੀ ਭਗਤੀ ਵਿਸਾਰ ਦਿੱਤੀ ਹੈ। ( ਹਾਂ ਜੇਕਰ ਪੂਰਨ) ਸਤਿਗੁਰੂ ਮਿਲ ਪਵੇ ਤਾਂ ਗੁਰੂ ਦੀ ਮਤ ਪ੍ਰਾਪਤ ਹੁੰਦੀ ਹੈ, ਪਰ ਮਾਇਆ ਦੇ ਪ੍ਰੇਮੀ (ਸ਼ਕਤੀ ਦੇ ਉਪਾਸ਼ਕਾਂ) ਨੇ ਤਾਂ ਆਪਣੀ (ਜੀਵਨ) ਦੀ ਬਾਜ਼ੀ ਹਾਰ ਹੀ ਦਿੱਤੀ ਹੈ ਜੀ ।੩। ਸਤਿਗੁਰਾਂ ਨੇ (ਜਿਨ੍ਹਾਂ ਦੇ) ਬੰਧਨ ਤੋੜ ਕੇ (ਵੱਖਰੇ=) ਸੁਤੰਤ੍ਰ ਕਰ ਦਿੱਤੇ ਹਨ, (ਉਹ) ਮੁੜ ਕੇ ਗਰਭ ਵਿਚ ਨਹੀਂ ਆਉਂਦੇ ਜੀ। ਨਾਨਕ (ਗੁਰੂ ਜੀ ਫ਼ੁਰਮਾਉਂਦੇ ਹਨ) ਕਿ ਜਿਨ੍ਹਾਂ ਦੇ ਹਿਰਦੇ ਅੰਦਰ ਗੁਰੂ ਗਿਆਨ ਦਾ ਰਤਨ ਪ੍ਰਕਾਸ਼ਮਾਨ ਹੋ ਗਿਆ ਹੈ, (ਉਹਨਾਂ) ਦੇ ਮਨ ਵਿਚ ਹੀ ਹਰੀ ਨਿਰੰਕਾਰ (ਆ ਕੇ) ਵਸਿਆ ਹੈ।੪।੮।

## ਵਿਆਖਿਆ ਤੇ ਸਾਰੰਸ਼ :

***ਤੂ ਪ੍ਰਭ ਦਾਤਾ ਦਾਨਿ ਮਤਿ ਪੂਰਾ ਹਮ ਥਾਰੇ ਭੇਖਾਰੀ ਜੀਉ॥***

ਸਨਮਾਨ ਯੋਗ ਗੁਰੂ ਰੂਪ ਖਾਲਸਾ ਸਾਧ ਸੰਗਤ ਜੀ ! ਇਹ ਪਾਵਨ ਸ਼ਬਦ ਪਹਿਲੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆਪ ਨੇ ਸ੍ਰਵਨ ਕੀਤਾ ਹੈ। ਇਸ ਸ਼ਬਦ ਵਿਚ ਹਜ਼ੂਰ ਨੇ (ਦਾਤੇ ਤੇ ਭਿਖਾਰੀ) ਦਾ ਆਰੰਭ ਵਿਚ ਜ਼ਿਕਰ ਕੀਤਾ ਹੈ।

ਭਗਤ ਕਬੀਰ ਜੀ ਕਹਿੰਦੇ ਹਨ :

ਵਾਹਿਗੁਰੂ ਸਮਰਥ ਹੈ, ਉਸ ਦੀ ਅਸਚਰਜ ਹੀ ਖੇਡ ਹੈ। ਉਸ ਨੇ ਕਈ ਰਾਜੇ ਬਣਾਏ ਹਨ, ਕਈ ਭਿਖਾਰੀ ਮੰਗਤੇ ਬਣਾਏ ਹਨ। ਭਗਤ ਕਬੀਰ ਜੀ ਨੇ ਆਸਾ ਰਾਗ ਅੰਦਰ ਇਕ ਸ਼ਬਦ ਵਿਚ ਉਸ ਦੀ ਅਸਚਰਜ ਖੇਡ ਦਾ ਜ਼ਿਕਰ ਇਸ ਪ੍ਰਕਾਰ ਕੀਤਾ ਹੈ। ਹੇ ਭਾਈ ! ਉਸ ਵਾਹਿਗੁਰੂ ਜੀ ਨੇ ਇਕ ਐਸੇ ਅਮੀਰ ਬਣਾਏ ਹਨ ਜਿਨ੍ਹਾਂ ਨੂੰ ਸਰੀਰ 'ਤੇ ਧਾਰਣ ਲਈ ਸੁੰਦਰ ਰੇਸ਼ਮੀ ਕੱਪੜੇ (ਪਹਿਨਣ ਨੂੰ ਦਿੱਤੇ ਹਨ) ਅਤੇ ਸੁੰਦਰ ਨਿਵਾਰੀ ਪਲੰਘ (ਸੌਣ ਲਈ ਦਿੱਤੇ ਹਨ, (ਪਰ) ਕਿਸੇ (ਗ਼ਰੀਬ ਵਿਚਾਰੇ) ਨੂੰ ਗਲੀ ਹੋਈ (ਫਟੀ ਪੁਰਾਣੀ) ਗੋਦੜੀ ਵੀ ਨਹੀਂ (ਦਿੱਤੀ ਅਤੇ) ਕਿਸੇ ਦੇ ਘਰ ਵਿਚ ਤਲਾਈ ਹੇਠਾਂ (ਵਿਛਾਉਣ ਦੇ ਥਾਂ) ਪਰਾਲੀ (ਹੀ ਵਿਛੀ ਹੋਈ ਹੈ)।

ਹੇ ਮਨ ! (ਏਦਾਂ ਦੇ ਰੰਗ ਤਮਾਸ਼ੇ ਤੇ ਗ਼ਰੀਬੀ ਵਾਲੀ ਹਾਲਤ ਵੇਖ ਕੇ ਕਿਸੇ ਨਾਲ) ਈਰਖਾ ਭਰਿਆ ਝਗੜਾ ਨਾ ਕਰ ਸਗੋਂ ਸ੍ਰੇਸ਼ਟ (ਕਰਣੀ) ਕਰ ਕੇ (ਪ੍ਰਭੂ ਪਾਸੋਂ ਤੂੰ ਵੀ ਲੋੜੀਂਦੀ (ਵਸਤੂ) ਪ੍ਰਾਪਤ ਕਰ ਲੈ।

(ਹੇ ਮਨ !) ਕੁਮ੍ਹਾਰ ਨੇ (ਭਾਂਡੇ ਬਣਾਉਣ ਲਈ) ਜਿਹੜੀ ਮਿੱਟੀ ਗੁੱਧੀ ਹੈ (ਉਹ) ਇਕੋ ਹੈ (ਪਰ ਉਸ ਨੇ ਉਨ੍ਹਾਂ ਭਾਂਡਿਆਂ ਨੂੰ) ਕਈ ਪ੍ਰਕਾਰ ਦੀ ਰੰਗਤ ਲਾਈ ਹੋਈ ਹੈ। ਕਿਸੇ (ਭਾਂਡੇ) ਨੂੰ ਬਿਆਧੀ ਲਾ ਦਿੱਤੀ ਹੈ (ਭਾਵ ਨੁਕਸ ਪਾ ਦਿੱਤਾ ਹੈ ਜਿਸ ਕਰਕੇ ਉਸ ਵਿਚ ਗੰਦ-ਮੰਦ ਹੀ ਪੈਂਦਾ ਹੈ)।

ਸੂਮ (ਮਨੁੱਖ) ਨੂੰ (ਮਾਲਕ ਨੇ) ਧਨ ਰੱਖਣ (ਭਾਵ ਸਾਂਭਣ) ਲਈ ਦਿੱਤਾ ਹੈ (ਪਰ ਉਹ) ਮੂਰਖ ਕਹਿੰਦਾ ਹੈ (ਕਿ ਇਹ) ਧਨ ਮੇਰਾ ਹੈ (ਭਾਵ ਮੈਂ ਇਸ ਦਾ ਮਾਲਕ ਹਾਂ)। (ਜਦੋਂ) ਜਮ ਦਾ ਡੰਡਾ ਸਿਰ ਵਿਚ ਲੱਗਦਾ ਹੈ, ਤਾਂ (ਇਕ) ਖਿਨ ਵਿਚ (ਉਹ) ਨਿਬੇੜਾ (ਫ਼ੈਸਲਾ) ਕਰ ਦਿੰਦਾ ਹੈ (ਕਿ ਹੇ ਮੂਰਖਾ ! ਇਹ ਘਰ ਤੇਰਾ ਨਹੀਂ ਹੈ)।

(ਹੇ ਭਾਈ ! ਜਿਹੜਾ) ਹਰੀ ਦਾ ਸੇਵਕ ਹੈ (ਉਹ ਸੰਸਾਰ ਵਿਚ) ਉੱਤਮ ਆਖਿਆ ਜਾਂਦਾ ਹੈ (ਕਿਉਂਕਿ ਉਹ ਪ੍ਰਭੂ ਦੀ) ਆਗਿਆ ਮੰਨ ਕੇ ਸੁੱਖ ਪਾਉਂਦਾ ਹੈ। (ਜੋ ਕੁਝ) ਉਸ ਪ੍ਰਭੂ ਨੂੰ ਭਾਉਂਦਾ ਹੈ, ਉਸ ਨੂੰ ਉਹ ਸਤਿ ਕਰਕੇ ਮੰਨਦਾ ਹੈ। (ਅਤੇ ਰੱਬੀ) ਭਾਣਾ (ਆਪਣੇ) ਮਨ ਵਿਚ ਵਸਾਈ (ਰੱਖਦਾ ਹੈ)।

(ਅੰਤ ਵਿਚ) ਕਬੀਰ ਜੀ ਕਹਿੰਦੇ ਹਨ ਹੇ ਸੰਤ ਜਨੋ ! ਸੁਣੋ !(ਹਰ ਵੇਲੇ 'ਮੇਰੀ ਮੇਰੀ' ਦੀ ਰਟ ਲਾਈ ਰੱਖਣੀ ਬਿਲਕੁਲ) ਝੂਠੀ ਹੈ। (ਜਦੋਂ ਜਮ, ਦੇਹ ਰੂਪੀ) ਪਿੰਜਰੇ ਨੂੰ ਫਾੜ ਕੇ (ਜੀਵਾਤਮਾ ਰੂਪੀ) ਚਿੜਾ (ਕੱਢ ਕੇ) ਲੈ ਗਿਆ, ਤਾਂ ਤੜੀ ਤੜਾਗੀ ਪਿਛੇ ਰਹਿ ਗਈ। (ਭਾਵ ਲਿੰਗ ਸਰੀਰ ਚਲਾ ਗਿਆ ਅਤੇ ਪਦਾਰਥ ਆਦਿ ਪਿੰਜਰਾ ਤੇ ਕੂਜੀ ਠੂਠੀ ਆਦਿ ਇਥੇ ਰਹਿ ਗਏ।)

*ਆਸਾ॥ ਕਾਹੂ ਦੀਨ੍ੇ ਪਾਟ ਪਟੰਬਰ, ਕਾਹੂ ਪਲਘ ਨਿਵਾਰਾ॥*
*ਕਾਹੂ ਗਰੀ ਗੋਦਰੀ ਨਾਹੀ, ਕਾਹੂ ਖਾਨ ਪਰਾਰਾ॥ ੧॥*
*ਅਹਿਰਖ ਵਾਦੁ ਨ ਕੀਜੈ, ਰੇ ਮਨ॥*
*ਸੁਕ੍ਰਿਤੁ ਕਰਿ ਕਰਿ ਲੀਜੈ, ਰੇ ਮਨ॥ ੧॥ ਰਹਾਉ॥*
*ਕੁਮ੍ਾਰੈ ਏਕੁ ਜੁ ਮਾਟੀ ਗੂੰਧੀ, ਬਹੁ ਬਿਧਿ ਬਾਨੀ ਲਾਈ॥*
*ਕਾਹੂ ਮਹਿ ਮੋਤੀ ਮੁਕਤਾਹਲ, ਕਾਹੂ ਬਿਆਧਿ ਲਗਾਈ॥ ੨॥*
*ਸੂਮਹਿ ਧਨੁ ਰਾਖਨ ਕਉ ਦੀਆ, ਮੁਗਧੁ ਕਹੈ ਧਨੁ ਮੇਰਾ॥*
*ਜਮ ਕਾ ਡੰਡੁ ਮੂੰਡ ਮਹਿ ਲਾਗੈ, ਖਿਨ ਮਹਿ ਕਰੈ ਨਿਬੇਰਾ॥ ੩॥*
*ਹਰਿ ਜਨੁ ਊਤਮੁ ਭਗਤੁ ਸਦਾਵੈ, ਆਗਿਆ ਮਨਿ ਸੁਖੁ ਪਾਈ॥*
*ਜੋ ਤਿਸੁ ਭਾਵੈ, ਸਤਿ ਕਰਿ ਮਾਨੈ, ਭਾਣਾ ਮੰਨਿ ਵਸਾਈ॥ ੪॥*
*ਕਹੈ ਕਬੀਰੁ ਸੁਨਹੁ ਰੇ ਸੰਤਹੁ, ਮੇਰੀ ਮੇਰੀ ਝੂਠੀ॥*
*ਚਿਰਗਟ ਫਾਰਿ, ਚਟਾਰਾ ਲੈ ਗਇਓ ਤਰੀ ਤਾਗਰੀ ਛੂਟੀ॥ ੫॥*

(ਅੰਗ ੪੭੯)

## ਭਗਤ ਨਾਮਦੇਵ ਜੀ

ਭਗਤ ਨਾਮਦੇਵ ਜੀ ਨੇ ਵੀ ਇੱਕ ਸ਼ਬਦ ਵਿਚ ਇਸੇ ਤਰ੍ਹਾਂ ਪ੍ਰਮੇਸ਼ਰ ਦੀ ਅਸਚਰਜ ਖੇਡ ਦਾ ਜ਼ਿਕਰ ਕੀਤਾ ਹੈ ਕਿ ਹੇ ਭਾਈ! ਵੇਖੋ ਪਰਮੇਸ਼ਰ ਦੇ ਰੰਗ ਕਿ ਕਦੇ (ਤਾਂ ਜੀਵ ਨੂੰ) ਖੀਰ, ਖੰਡ ਘਿਉ (ਖਾਣਾ) ਚੰਗਾ ਨਹੀਂ ਲੱਗਦਾ। ਕਦੇ ਘਰ ਘਰ ਦੇ ਟੁਕੜੇ ਮੰਗਾਉਂਦਾ ਹੈ ਤੇ ਕਦੇ ਕੂੜੇ ਦੇ ਵਿਚੋਂ ਦਾਣੇ ਚੁਗਣ ਲਾ ਦਿੰਦਾ ਹੈ।

ਹੇ ਭਾਈ! ਜਿਸ ਤਰ੍ਹਾਂ ਰਾਮ ਰੱਖਦਾ ਹੈ, ਉਸ ਤਰ੍ਹਾਂ ਰਹਿਣਾ ਹੀ ਯੋਗ ਹੈ। ਹਰੀ ਦੀ ਵਡਿਆਈ (ਕਥਨ ਤੋਂ ਬਾਹਰ ਹੈ, ) ਕੁਝ ਕਹੀ ਨਹੀਂ ਜਾ ਸਕਦੀ।

ਕਦੇ (ਪ੍ਰਭੂ ਜੀਵ ਨੂੰ ਇਤਨਾ ਅਮੀਰ ਬਣਾ ਦਿੰਦਾ ਹੈ ਕਿ ਉਸ ਨੂੰ) ਸੋਹਣੇ ਘੋੜੇ ('ਤੇ ਚੜ੍ਹਾ ਕੇ) ਨਚਾਉਂਦਾ ਹੈ, ਕਦੇ (ਉਸ ਦੇ) ਪੈਰ ਵਿਚ ਜੁੱਤੀ ਵੀ ਨਹੀਂ ਪਾਉਂਦਾ (ਭਾਵ ਉਹ ਪੈਰੋਂ ਨੰਗਾ ਫਿਰਦਾ ਰਹਿੰਦਾ ਹੈ।)।

ਕਦੇ (ਪ੍ਰਭੂ ਜੀਵ ਨੂੰ) ਸਫੈਦ ਵਿਛੌਣਿਆਂ ਵਾਲੇ ਮੰਜੇ ਉੱਤੇ ਸਵਾਉਂਦਾ ਹੈ, (ਪਰ) ਕਦੇ ਧਰਤੀ ਉੱਤੇ ਵਿਛਾਉਣ ਲਈ) ਪਰਾਲੀ ਵੀ ਨਹੀਂ ਮਿਲਦੀ।

ਭਗਤ ਜੀ ਕਹਿੰਦੇ ਹਨ (ਕਿ ਪ੍ਰਭੂ ਦਾ) ਇਕ ਨਾਮ ਹੀ (ਅਜਿਹੀਆਂ ਹਾਲਤਾਂ ਤੋਂ ਬਾਹਰ ਕੱਢਦਾ ਹੈ) ਪਾਰ ਕਰਦਾ ਹੈ। ਜਿਸ (ਜੀਵ) ਨੂੰ ਗੁਰੂ ਮਿਲ ਪੈਂਦਾ ਹੈ, ਉਸ ਨੂੰ (ਗੁਰੂ ਇਸ ਸੰਸਾਰ ਸਾਗਰ ਦੀਆਂ

ਲਹਿਰਾਂ ਚੋਂ) ਪਾਰ ਲੰਘਾ ਦਿੰਦਾ ਹੈ।

***ਕਬਹੂ ਖੀਰਿ ਖਾਡ ਘੀਉ ਨ ਭਾਵੈ॥ ਕਬਹੂ ਘਰ ਘਰ ਟੂਕ ਮਗਾਵੈ॥ ਕਬਹੂ ਕੂਰਨੁ ਚਨੇ ਬਿਨਾਵੈ॥ ੧॥ ਜਿਉ ਰਾਮੁ ਰਾਖੈ, ਤਿਉ ਰਹੀਐ ਰੇ ਭਾਈ॥ ਹਰਿ ਕੀ ਮਹਿਮਾ, ਕਿਛੁ ਕਥਨੁ ਨ ਜਾਈ॥ ੧॥ ਰਹਾਉ॥ ਕਬਹੂ ਤੁਰੇ ਤੁਰੰਗ ਨਚਾਵੈ॥ ਕਬਹੂ ਪਾਇ ਪਨਹੀਓ ਨ ਪਾਵੈ॥ ੨॥ ਕਬਹੂ ਖਾਟ ਸੁਪੇਦੀ ਸੁਵਾਵੈ॥ ਕਬਹੂ ਭੂਮਿ ਪੈਆਰੁ ਨ ਪਾਵੈ॥ ੩॥ ਭਨਤਿ ਨਾਮਦੇਉ, ਇਕੁ ਨਾਮੁ ਨਿਸਤਾਰੈ॥ ਜਿਹ ਗੁਰੁ ਮਿਲੈ, ਤਿਹ ਪਾਰਿ ਉਤਾਰੈ॥੪॥***

(ਅੰਗ ੧੧੬੪)

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੪੭ (ਅੰਗ ੫੯੯)

ਸੋਰਠਿ ਮਹਲਾ ੩ ਘਰੁ ੧ ੧ੴ ਸਤਿਗੁਰ ਪ੍ਰਸਾਦਿ ॥

ਸੇਵਕ ਸੇਵ ਕਰਹਿ ਸਭਿ ਤੇਰੀ ਜਿਨ ਸਬਦੈ ਸਾਦੁ ਆਇਆ ॥ ਗੁਰ ਕਿਰਪਾ ਤੇ ਨਿਰਮਲੁ ਹੋਆ ਜਿਨਿ ਵਿਚਹੁ ਆਪੁ ਗਵਾਇਆ ॥ ਅਨਦਿਨੁ ਗੁਣ ਗਾਵਹਿ ਨਿਤ ਸਾਚੇ ਗੁਰ ਕੈ ਸਬਦਿ ਸੁਹਾਇਆ ॥ ੧ ॥ ਮੇਰੇ ਠਾਕੁਰ ਹਮ ਬਾਰਿਕ ਸਰਣਿ ਤੁਮਾਰੀ ॥ ਏਕੋ ਸਚਾ ਸਚੁ ਤੂ ਕੇਵਲੁ ਆਪਿ ਮੁਰਾਰੀ ॥ ਰਹਾਉ ॥ ਜਾਗਤ ਰਹੇ ਤਿਨੀ ਪ੍ਰਭੁ ਪਾਇਆ ਸਬਦੇ ਹਉਮੈ ਮਾਰੀ ॥ ਗਿਰਹੀ ਮਹਿ ਸਦਾ ਹਰਿ ਜਨ ਉਦਾਸੀ ਗਿਆਨ ਤਤ ਬੀਚਾਰੀ ॥ ਸਤਿਗੁਰੁ ਸੇਵਿ ਸਦਾ ਸੁਖੁ ਪਾਇਆ ਹਰਿ ਰਾਖਿਆ ਉਰ ਧਾਰੀ ॥ ੨ ॥ ਇਹੁ ਮਨੂਆ ਦਹ ਦਿਸਿ ਧਾਵਦਾ ਦੂਜੈ ਭਾਇ ਖੁਆਇਆ ॥ ਮਨਮੁਖ ਮੁਗਧੁ ਹਰਿ ਨਾਮੁ ਨ ਚੇਤੈ ਬਿਰਥਾ ਜਨਮੁ ਗਵਾਇਆ ॥ ਸਤਿਗੁਰੁ ਭੇਟੇ ਤਾ ਨਾਉ ਪਾਏ ਹਉਮੈ ਮੋਹੁ ਚੁਕਾਇਆ ॥ ੩ ॥ ਹਰਿ ਜਨ ਸਾਚੇ ਸਾਚੁ ਕਮਾਵਹਿ ਗੁਰ ਕੈ ਸਬਦਿ ਵੀਚਾਰੀ ॥ ਆਪੇ ਮੇਲਿ ਲਏ ਪ੍ਰਭਿ ਸਾਚੈ ਸਾਚੁ ਰਖਿਆ ਉਰ ਧਾਰੀ ॥ ਨਾਨਕ ਨਾਵਹੁ ਗਤਿ ਮਤਿ ਪਾਈ ਏਹਾ ਰਾਸਿ ਹਮਾਰੀ ॥ ੪ ॥ ੧ ॥

# ਪ੍ਰਾਕ੍ਥਨ :-

ਇਹ ਪਵਿੱਤਰ ਸ਼ਬਦ ਸੋਰਠਿ ਰਾਗੁ ਅੰਦਰ ਤੀਸਰੇ ਪਾਤਸ਼ਾਹ ਜਗਤ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਦਾ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਦੀ ਪਹਿਲੀ ਪੰਕਤੀ ਅੰਦਰ ''ਸੇਵਕ ਤੇ ਸੇਵਾ'' ਦਾ ਜ਼ਿਕਰ ਆਇਆ ਹੈ।

## ਵਿਸ਼ਾ—ਸੇਵਕ ਤੇ ਸੇਵਾ :

ਸੇਵਕ ਕਿਸ ਨੂੰ ਕਹਿੰਦੇ ਹਨ ? ਸੇਵਕ ਉਸ ਨੂੰ ਕਹਿੰਦੇ ਹਨਜੋ ਗੁਰੂ ਦੀ ਸੇਵਾ ਕਰਨ ਵਾਲਾ ਹੈ, ਗੁਰੂ ਦੇ ਘਰ ਅੰਦਰ ਰਹਿੰਦਾ ਹੋਇਆ, ਗੁਰੂ ਸਾਹਿਬ ਜੀ ਦੇ ਹਰ ਹੁਕਮ ਨੂੰ ਮਨ ਅੰਦਰ ਮੰਨਦਾ ਹੈ। ਮਾਣ-ਹੰਕਾਰ ਤੋਂ ਰਹਿਤ ਹੋ ਕੇ ਸੇਵਾ ਤੇ ਸਿਮਰਨ ਕਰਨ ਵਿਚ ਤਤੱਪਰ ਰਹਿੰਦਾ ਹੈ :

***ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ॥ ਗੁਰ ਕੀ ਆਗਿਆ ਮਨ ਮਹਿ ਸਹੈ॥***
***ਆਪਸ ਕਉ ਕਰਿ ਕਛੁ ਨ ਜਨਾਵੈ॥ ਹਰਿ ਹਰਿ ਨਾਮੁ ਰਿਦੈ ਸਦ ਧਿਆਵੈ॥***
***ਮਨੁ ਬੇਚੈ ਸਤਿਗੁਰ ਕੈ ਪਾਸਿ॥ ਤਿਸੁ ਸੇਵਕ ਕੇ ਕਾਰਜ ਰਾਸਿ॥***
***ਸੇਵਾ ਕਰਤ ਹੋਇ ਨਿਹਕਾਮੀ॥ ਤਿਸ ਕਉ ਹੋਤ ਪਰਾਪਤਿ ਸੁਆਮੀ॥***

(ਅੰਗ ੨੮੬)

ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਅੰਦਰ ਸੇਵਕ ਦੀ ਪਰਿਭਾਸ਼ਾ ਦਰਸਾਵਣ ਲਈ ''ਸੇਵਕ'' ਦਾ ਜੀਵਨ ਬਿਰਛ ਜੈਸਾ ਕਥਨ ਕੀਤਾ ਹੈ। ਸੇਵਕ ਦਾ ਜੀਵਨ ਬਿਰਛ ਦੀ ਤਰ੍ਹਾਂ ਪਰਉਪਕਾਰੀ ਹੁੰਦਾ ਹੈ। ਬਿਰਛ ਹਰ ਕਿਸੇ ਨੂੰ ਛਾਉਂ ਦਿੰਦਾ ਹੈ। ਕੋਈ ਰੋੜੇ ਮਾਰੇ ਉਸ ਨੂੰ ਭੀ ਫਲ ਦਿੰਦਾ ਹੈ। ਦਰੱਖ਼ਤ ਨੂੰ ਕੋਈ ਕੱਟਦਾ ਹੈ, ਤਾਂ ਉਹ ਉਸ ਦਾ ਭੀ ਕਾਰਜ ਕਰ ਦਿੰਦਾ ਹੈ, ਨਾਲ ਲੋੜ ਪਵੇ ਤਾਂ ਉਸ ਕੱਟਣ ਵਾਲੇ ਨੂੰ ਨਦੀ ਤੋਂ ਵੀ ਤਾਰ ਦਿੰਦਾ ਹੈ।

***ਅਉਗੁਣ ਕੀਤੇ ਗੁਣ ਕਰੈ, ਸਹਜਿ ਸੁਭਾਉ ਤਰੋਵਰ ਹੰਦਾ।***
***ਵਢਣ ਵਾਲਾ ਛਾਉ ਬਹਿ, ਚੰਗੇ ਦਾ ਮੰਦਾ ਚਿਤਵੰਦਾ।***
***ਫਲ ਦੇ ਵਟ ਵਗਾਇਆਂ, ਵਢਣ ਵਾਲੇ ਤਾਰਿ ਤਰੰਦਾ।***
***ਬੇਮੁਖ ਫਲ ਨ ਪਾਇਦੇ, ਸੇਵਕ ਫਲ ਅਣਗਣਤ ਫਲੰਦਾ।***
***ਗੁਰਮੁਖਿ ਵਿਰਲਾ ਜਾਣੀਐ, ਸੇਵਕੁ ਸੇਵਕ ਸੇਵ ਕਰੰਦਾ।***
***ਜਗੁ ਜੋਹਾਰੇ ਚੰਦ ਨੋ ਸਾਇਰ ਲਹਰਿ ਅਨੰਦੁ ਵਧੰਦਾ।***
***ਜੋ ਤੇਰਾ ਜਗੁ ਤਿਸ ਦਾ ਬੰਦਾ॥੧੧॥*** (ਵਾਰ ੨੬, ਪਉੜੀ ੧੧)

ਸੱਚੀ ਸਰਕਾਰ ਪੰਚਮ ਗੁਰਦੇਵ ਸ੍ਰੀ ਗੁਰੂ ਅਰਜਨ ਦੇਵ ਜੀ ਨੇ (ਪ੍ਰਭੂ) ਵਾਹਿਗੁਰੂ ਜੀ ਨਾਲ "ਸੇਵਕ" ਦੀ ਅਭੇਦਤਾ ਇਸ ਤਰ੍ਹਾਂ ਮਾਝ ਰਾਗੁ ਅੰਦਰ ਪ੍ਰਗਟ ਕੀਤੀ ਹੈ :

*ਓਤਿ ਪੋਤਿ ਸੇਵਕ ਸੰਗਿ ਰਾਤਾ॥ ਪ੍ਰਭ ਪ੍ਰਤਿਪਾਲੇ ਸੇਵਕ ਸੁਖਦਾਤਾ॥*
*ਪਾਣੀ ਪਖਾ ਪੀਸਉ ਸੇਵਕ ਕੈ ਠਾਕੁਰ ਹੀ ਕਾ ਆਹਰੁ ਜੀਉ॥ ੧॥*
*ਕਾਟਿ ਸਿਲਕ ਪ੍ਰਭਿ ਸੇਵਾ ਲਾਇਆ॥ਹੁਕਮੁ ਸਾਹਿਬ ਕਾ ਸੇਵਕ ਮਨਿ ਭਾਇਆ॥*
*ਸੋਈ ਕਮਾਵੈ ਜੋ ਸਾਹਿਬ ਭਾਵੈ ਸੇਵਕੁ ਅੰਤਰਿ ਬਾਹਰਿ ਮਾਹਰੁ ਜੀਉ॥ ੨॥*
*ਤੂੰ ਦਾਨਾ ਠਾਕੁਰੁ ਸਭ ਬਿਧਿ ਜਾਨਹਿ॥ਠਾਕੁਰ ਕੇ ਸੇਵਕ ਹਰਿ ਰੰਗ ਮਾਣਹਿ॥*
*ਜੋ ਕਿਛੁ ਠਾਕੁਰ ਕਾ ਸੋ ਸੇਵਕ ਕਾ ਸੇਵਕੁ ਠਾਕੁਰ ਹੀ ਸੰਗਿ ਜਾਹਰੁ ਜੀਉ॥੩॥*
*ਅਪੁਨੈ ਠਾਕੁਰਿ ਜੋ ਪਹਿਰਾਇਆ॥ ਬਹੁਰਿ ਨ ਲੇਖਾ ਪੁਛਿ ਬੁਲਾਇਆ॥*
*ਤਿਸੁ ਸੇਵਕ ਕੈ ਨਾਨਕ ਕੁਰਬਾਣੀ ਸੋ ਗਹਿਰ ਗਭੀਰਾ ਗਉਹਰੁ ਜੀਉ॥੪॥*

(ਅੰਗ ੧੦੧)

ਸ੍ਰੀ ਗੁਰੂ ਅਮਰਦਾਸ ਜੀ ਨੇ ਸਾਰੰਗ ਦੀ ਵਾਰ ਅੰਦਰ ਕਥਨ ਕੀਤਾ ਹੈ ਕਿ ਸੇਵਕ ਉਸ ਨੂੰ ਆਖਣਾ ਚਾਹੀਦਾ ਹੈ ਜੋ ਆਪਣਾ ਸਿਰ ਗੁਰੂ ਅੱਗੇ ਭੇਟਾ ਕਰ ਦਿੰਦਾ ਹੈ। ਸੇਵਾ ਸਿਮਰਨ ਕਰਦਾ ਹੋਇਆ ਗੁਰ-ਸ਼ਬਦ ਨੂੰ ਹਮੇਸ਼ਾ ਹਿਰਦੇ ਵਿਚ ਵਸਾ ਰੱਖਦਾ ਹੈ ਅਤੇ ਸਤਿਗੁਰੂ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਦਾ ਹੈ ਤੇ ਅਗਲੇ ਸ਼ਬਦ ਅੰਦਰ ਤਨੁ ਮਨੁ ਵੀ ਭੇਟਾ ਕਰਨ ਵਾਲਾ ਦੱਸਿਆ ਹੈ।

*ਨਾਨਕ ਸੇਵਕੁ ਸੋਈ ਆਖੀਐ ਜੋ ਸਿਰੁ ਧਰੇ ਉਤਾਰਿ॥*
*ਸਤਿਗੁਰ ਕਾ ਭਾਣਾ ਮੰਨਿ ਲਏ ਸਬਦੁ ਰਖੈ ਉਰ ਧਾਰਿ॥*

(ਅੰਗ ੧੨੪੭)

*ਸੋ ਸੇਵਕੁ ਹਰਿ ਆਖੀਐ ਜੋ ਹਰਿ ਰਾਖੈ ਉਰਿ ਧਾਰਿ॥*
*ਮਨੁ ਤਨੁ ਸਉਪੇ ਆਗੈ ਧਰੇ ਹਉਮੈ ਵਿਚਹੁ ਮਾਰਿ॥*

(ਅੰਗ ੨੮)

ਭਾਈ ਗੁਰਦਾਸ ਜੀ ਨੇ ਅੱਠਵੀਂ ਵਾਰ ਅੰਦਰ "ਸੇਵਕ" ਨੂੰ ਸੇਵਾ ਦੀ ਕਾਰ ਇਸ ਤਰ੍ਹਾਂ ਨਿੰਮ੍ਰਤਾ ਸਹਿਤ ਹੋ ਕੇ ਕਰਦਾ ਦੱਸਿਆ ਹੈ :

*ਉਤਮ ਮਧਮ ਨੀਚ ਲਖ, ਗੁਰਮੁਖਿ ਨੀਚਹੁ ਨੀਚ ਸਦਾਏ।*
*ਪੈਰੀ ਪੈ ਪਾ ਖਾਕੁ ਹੋਇ ਗੁਰਮੁਖਿ ਗੁਰਸਿਖੁ ਆਪੁ ਗਵਾਏ।*
*ਸਾਧਸੰਗਤਿ ਭਉ ਭਾਉ ਕਰਿ, ਸੇਵਕ ਸੇਵਾ ਕਾਰ ਕਮਾਏ।*
*ਮਿਠਾ ਬੋਲਣ ਨਿਵ ਚਲਣੁ, ਹਥਹੁ ਦੇ ਕੈ ਭਲਾ ਮਨਾਏ।*

*ਸਬਦਿ ਸੁਰਤਿ ਲਿਵਲੀਣੁ ਹੋਇ, ਦਰਗਹ ਮਾਣ ਨਿਮਾਣਾ ਪਾਏ।*
*ਚਲਣੁ ਜਾਣਿ ਅਜਾਣੁ ਹੋਇ, ਆਸਾ ਵਿਚਿ ਨਿਰਾਸੁ ਵਲਾਏ।*
*ਗੁਰਮੁਖਿ ਸੁਖ ਫਲੁ ਅਲਖੁ ਲਖਾਏ ॥ ੨੪ ॥* (ਵਾਰ ੮, ਪਉੜੀ ੨੪)

ਪੰਚਮ ਸਤਿਗੁਰੂ ਜੀ ਦਾ ਫ਼ੁਰਮਾਣ ਹੈ ਕਿ ਮਾਣ ਹੰਕਾਰ ਅੰਦਰ ਘਿਰਿਆ ਮਨੁੱਖ ਸੇਵਕ ਨਹੀਂ ਹੋ ਸਕਦਾ, ਕਿਉਂਕਿ ਹੰਕਾਰੀ ਮਨੁੱਖ ਸੇਵਾ ਨਹੀਂ ਕਰ ਸਕਦਾ। ਸੇਵਾ ਹਮੇਸ਼ਾ ਨਿਰ ਹੰਕਾਰ ਹੀ ਕਰ ਸਕਦਾ ਹੈ।

*ਮਾਨ ਅਭਿਮਾਨ ਮੰਧੇ ਸੋ ਸੇਵਕੁ ਨਾਹੀ॥*
*ਤਤ ਸਮਦਰਸੀ ਸੰਤਹੁ ਕੋਈ ਕੋਟਿ ਮੰਧਾਹੀ॥ ੨ ॥*

(ਅੰਗ ੫੧)

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਿਸ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਲਿਖਾ ਕੇ ਸੰਮਤ ੧੬੬੧ ਬਿਕਰਮੀ ਨੂੰ ਸ੍ਰੀ ਹਰਿਮੰਦਰ ਸਾਹਿਬ ਅੰਦਰ ਪ੍ਰਕਾਸ਼ ਕਰਨਾ ਸੀ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਕਰਨ ਵਾਲਾ ਐਸਾ ਨਿਰਹੰਕਾਰ ਬਾਬਾ ਬੁੱਢਾ ਜੀ ਨੂੰ ਹੀ ਚੁਣਿਆ ਸੀ।

*ਰਿਦੈ ਬਿਚਾਰਨਿ ਸ੍ਰੀ ਗੁਰ ਕਰੈ। ਟਹਿਲ ਗ੍ਰੰਥ ਕੀ ਕੌਣ ਸੁ ਧਰੈ।*
*ਬੇਦੀ ਤੇਹਣ ਭੱਲੇ ਬੰਸ॥ ਸੋਢੀ ਜੇ ਕੁਲ ਕੇ ਅਵਤੰਸ॥ ੨੪ ॥*
*ਨਿਜ ਕੁਲ ਕੋ ਇਨ ਕੋ ਹੰਕਾਰਾ। ਕਰ ਨ ਸਕਹਿ ਸੇਵ ਉਦਾਰਾ।*
*ਇਹ ਸੇਵਕ ਕੀ ਵਸਤ ਸਦੀਵਾ। ਨਿਰ ਹੰਕਾਰ ਜਿਨਹੁ ਮਨ ਨੀਵਾ ॥੨੫ ॥*
*ਸੇਵਾ ਵਿਖੈ ਨਿਪੁੰਨ ਜੋ ਹੋਇ। ਕਰੀਅਹਿ ਇਹਾਂ ਸਥਾਪਨਿ ਸੋਇ।*
*ਸ੍ਰੀ ਨਾਨਕ ਕੋ ਦਰਸਨ ਕੀਨ। ਅਸ ਬੁਢਾ ਵਿਚ ਸੇਵਾ ਪ੍ਰਬੀਨ॥ ੨੬ ॥*

(ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸ ੩, ਅੰਸੂ ੫੦)

## ਸਾਖੀ—ਬਾਬਾ ਬੁੱਢਾ ਜੀ

ਪੂਰਨ ਬ੍ਰਹਮ ਗਿਆਨੀ ਜਿੰਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਪਾਸੋਂ ਸਿੱਖੀ ਪ੍ਰਾਪਤ ਕਰਕੇ ਸਾਰੀ ਜ਼ਿੰਦਗੀ ਸਿੱਖੀ ਨੂੰ ਕਮਾਇਆ, ਉਹ ਸਨ ਸਤਿਕਾਰ ਯੋਗ ਬਾਬਾ ਬੁੱਢਾ ਜੀ। ਇਹਨਾਂ ਦਾ ਜਨਮ ਸੰਨ ੧੫੦੬, ੨੨ ਅਕਤੂਬਰ ਨੂੰ ਅੰਮ੍ਰਿਤਸਰ ਤੋਂ ੧੮ ਕਿਲੋਮੀਟਰ ਉਤਰ-ਪੂਰਵ ਵੱਲ ਇਕ ਪਿੰਡ ਕੱਥੂ ਨੰਗਲ ਵਿਖੇ ਹੋਇਆ ਸੀ। ਆਪ ਜੀ ਦੇ ਪਿਤਾ ਦਾ ਨਾਮ ਭਾਈ ਸੁੱਖਾ ਸੀ, ਜੋ ਰੰਧਾਵਾ ਗੋਤ ਦੇ ਸਨ ਅਤੇ ਮਾਤਾ ਦਾ ਨਾਮ ਮਾਈ ਗੌਰਾ ਸੀ। ਆਪ ਆਪਣੇ ਮਾਪਿਆਂ ਦੇ ਇਕਲੌਤੇ ਪੁੱਤਰ ਸਨ। ਬਚਪਨ ਦਾ ਆਪ ਜੀ ਦਾ ਨਾਮ 'ਬੂੜਾ'' ਸੀ। ਆਪ ਨੇ ਕਿਰਤ ਕਰਦਿਆਂ ਹੋਇਆਂ ਬਾਰ੍ਹਾਂ ਸਾਲ ਆਪਣੇ ਮਾਤਾ-ਪਿਤਾ ਨਾਲ ਬਤੀਤ ਕੀਤੇ।

ਭਾਈ ਮਨੀ ਸਿੰਘ ਜੀ ਨੇ ਵੀ ਲਿਖਿਆ ਹੈ ਕਿ ਪਰਮ ਕਿਰਪਾਲੂ ਗੁਰੂ ਨਾਨਕ ਦੇਵ ਜੀ ਕਲਯੁੱਗੀ ਜੀਵਾਂ ਨੂੰ ਤਾਰਦੇ ਹੋਇ ਜਦੋਂ ਇਹਨਾਂ ਦੇ ਨਗਰ ਪਾਸ ਪਹੁੰਚੇ ਤਾਂ ਇਹ ਬਾਲਕ ਦੁੱਧ ਲੈ ਕੇ ਗੁਰੂ ਜੀ ਦੀ ਸ਼ਰਨ ਵਿਚ ਪੁੱਜਿਆ ਅਤੇ ਉਸ ਵਕਤ ਗੁਰੂ ਨਾਨਕ ਦੇਵ ਜੀ ਨਿਰੰਕਾਰ ਦੀ ਸਿਫ਼ਤਿ-ਸਾਲਾਹ ਵਿਚ ਜੁੜੇ ਹੋਏ ਸਨ। ਭਾਈ ਮਰਦਾਨਾ ਜੀ ਰਬਾਬ ਵਜਾ ਰਹੇ ਸਨ ਤੇ ਗੁਰੂ ਜੀ ਇਲਾਹੀ ਬਾਣੀ ਦਾ ਕੀਰਤਨ ਕਰ ਰਹੇ ਸਨ। ਕੀਰਤਨ ਦੀ ਸਮਾਪਤੀ ਤੋਂ ਬਾਅਦ ਇਸ ਬਾਲਕ ਨੇ ਹਜ਼ੂਰ ਅੱਗੇ ਦੁੱਧ ਰੱਖ ਕੇ ਮਸਤਕ ਟੇਕਿਆ ਅਤੇ ਹੱਥ ਜੋੜ ਕੇ ਬੇਨਤੀ ਕੀਤੀ, ''ਪਾਤਸ਼ਾਹ, ਮੈਨੂੰ ਸਿੱਖੀ ਬਖ਼ਸ਼ ਕੇ ਜਨਮ-ਮਰਨ ਤੋਂ ਰੱਖ ਲਉ।'' ਇਹ ਸਭ ਸੁਣ ਕੇ ਹਜ਼ੂਰ ਹੈਰਾਨ ਹੋ ਗਏ ਤੇ ਕਹਿਣ ਲੱਗੇ ਕਿ ਤੂੰ ਤੇ ਅਜੇ ਬਾਲਕ ਹੈਂ ਅਤੇ ਅਮੋਲਕ ਸਿੱਖੀ ਦੀ ਦਾਤ ਮੰਗ ਰਿਹਾ ਹੈਂ। ਇਹ ਸਿਆਣਿਆਂ ਵਾਲੀ ਸਮਝ ਤੇਰੇ ਵਿਚ ਕਿੱਥੋਂ ਆ ਗਈ? ਕਿਉਂਕਿ ਬਾਲਕ ਅਵੱਸਥਾ ਵਿਚ ਤੇ ਚੰਚਲ ਬੁੱਧੀ ਹੁੰਦੀ ਹੈ ਤੇ ਖੇਲਾਂ ਚੰਗੀਆਂ ਲੱਗਦੀਆਂ ਹਨ।

ਉਸ ਬਾਲਕ ਨੇ ਫਿਰ ਹਜ਼ੂਰ ਨੂੰ ਇਹ ਕਿਹਾ ਕਿ ਸਾਡੇ ਪਿੰਡ ਵਿਚ ਮੁਗ਼ਲ ਫ਼ੌਜ ਆਈ ਸੀ ਤੇ ਉਹਨਾਂ ਨੇ ਕੱਚੀ ਖੇਤੀ ਵੀ ਵੱਢੀ ਤੇ ਪੱਕੀ ਖੇਤੀ ਵੀ ਵੱਢੀ। ਫਿਰ ਮੈਂ ਸੋਚਿਆ ਇਹਨਾਂ ਦਾ ਹੱਥ ਤਾਂ ਕਿਸੇ ਨੇ ਨਹੀਂ ਰੋਕਿਆ ਤੇ ਫਿਰ ਜਮਾਂ ਤੋਂ ਭਲਾ ਕਿਸ ਨੇ ਬਚਾਉਣਾ ਹੈ। ਇਸ ਲਈ ਮੈਂ ਤੁਹਾਡੀ ਸ਼ਰਣ ਵਿਚ ਆਇਆ ਹਾਂ। ਆਪ ਕਿਰਪਾ ਕਰੋ, ਮੈਨੂੰ ਜਮਾਂ ਤੋਂ ਬਚਾਅ ਲਉ। ਕਿਰਪਾਲੂ ਗੁਰੂ ਨਾਨਕ ਦੇਵ ਪਾਤਸ਼ਾਹ ਜੀ ਕਹਿਣ ਲੱਗੇ ਕਿ ਤੂੰ ਤੇ ਬੁੱਢਿਆਂ ਵਰਗੀਆਂ ਗੱਲਾਂ ਕਰਦਾ ਹੈਂ, ਤੂੰ ਤੇ ਬੁੱਢਾ ਹੈਂ। ਤੇਰੀ ਅਕਲ ਤੇ ਬੋਲਬਾਣੀ ਬੁੱਢਿਆਂ ਜੈਸੀ ਹੈ। ਤੇਰੀ ਉਮਰ ਬਹੁਤ ਵਧੇਗੀ ਤੇ ਤੇਰੀ ਸੁਰਤ ਹਮੇਸ਼ਾਂ ਨਿਰੰਕਾਰ ਨਾਲ ਜੁੜੀ ਰਹੇਗੀ। ਇਸੇ ਲਈ ਗੁਰੂ ਨਾਨਕ ਦੇਵ ਜੀ ਦੇ ਬਚਨਾਂ ਅਨੁਸਾਰ ਨਾਮ 'ਬਾਬਾ ਬੁੱਢਾ ਜੀ' ਪੈ ਗਿਆ। ਭਾਈ ਗੁਰਦਾਸ ਜੀ ਦੇ ਬਚਨ ਹਨ:

***ਬੂੜਾ ਬੁਢਾ ਇਕ ਮਨ ਧਿਆਵੈ।***

ਭਾਵ ਕਿ ਬਾਬਾ ਬੁੱਢਾ ਜੀ ਇਕ ਮਨ ਇਕਾਗਰ ਹੋ ਕੇ ਵਾਹਿਗੁਰੂ ਦੇ ਧਿਆਨ ਵਿਚ ਜੁੜੇ ਰਹਿੰਦੇ ਸਨ।

ਗੁਰ ਇਤਿਹਾਸ ਵਿਚ ਇਹ ਵੀ ਜ਼ਿਕਰ ਆਉਂਦਾ ਹੈ ਕਿ ਗੁਰੂ ਨਾਨਕ ਦੇਵ ਪਾਤਸ਼ਾਹ ਜੀ ਨੇ ''ਬਾਬਾ ਬੁੱਢਾ ਜੀ'' ਨੂੰ ਇਹ ਬਚਨ ਵੀ ਕਹੇ ਸਨ:

***ਮੈ ਤੈਥੋਂ ਕਦੇ ਓਲੇ ਨਾ ਹੋਸਾਂ।***

ਭਾਵ ਕਿ ਮੈਂ ਤੇਰੇ ਤੋਂ ਕਦੇ ਦੂਰ ਨਹੀਂ ਹੋਵਾਂਗਾ। ਅਖ਼ੀਰਲੇ ਸਮੇਂ ਵਿਚ ਜਦੋਂ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਦੀ ਧਰਤੀ ਦੇ ਉੱਤੇ, 'ਸੇਵਕ' ਦੀ ਪਰਖ ਕੀਤੀ ਤਾਂ ਉਸ ਵਕਤ ''ਭਾਈ ਲਹਿਣਾ'' ਜੀ ਪੂਰਨ ਰੂਪ ਵਿਚ ਪੂਰੇ ਉਤਰੇ। ਗੁਰੂ ਜੀ ਨੇ ਉਹਨਾਂ ਨੂੰ ਆਪਣਾ ਰੂਪ ਅਸਥਾਪਨ ਕਰ ਦਿੱਤਾ। ਇਤਿਹਾਸ ਇਹ ਵੀ ਦੱਸਦਾ ਹੈ ਕਿ ਜਿਥੇ ਆਪਣਾ ਦੂਜਾ ਰੂਪ ''ਗੁਰੂ ਅੰਗਦ ਦੇਵ ਜੀ'' ਨੂੰ ਬਣਾਇਆ, ਉਥੇ ਗੁਰਿਆਈ ਦਾ ਤਿਲਕ 'ਬਾਬਾ ਬੁੱਢਾ' ਜੀ ਨੇ ਲਗਾਇਆ ਸੀ। ਗੁਰ ਅੰਗਦ ਦੇਵ ਜੀ ਬਖ਼ਸ਼ਿਸ਼ਾਂ ਪ੍ਰਾਪਤ

ਕਰਕੇ ਕਰਤਾਪੁਰ ਤੋਂ ਗੁਰੂ ਨਾਨਕ ਸਾਹਿਬ ਜੀ ਦੀ ਆਗਿਆ ਲੈ ਕੇ ਖਡੂਰ ਸਾਹਿਬ ਚੱਲੇ ਗਏ। ਕਿਹਾ ਜਾਂਦਾ ਹੈ ਕਿ ਫਿਰ ਗੁਰੂ ਅੰਗਦ ਦੇਵ ਜੀ ਵੈਰਾਗ-ਮਈ ਅਵੱਸਥਾ ਵਿਚ ਕਿੰਨੀ ਦੇਰ ਤੱਕ ਅਲੋਪ ਰਹੇ।

ਇਤਿਹਾਸ ਦੱਸਦਾ ਹੈ ਕਿ ਜਿਸ ਵੇਲੇ ਗੁਰੂ ਨਾਨਕ ਦੇਵ ਜੀ ਕਰਤਾਰਪੁਰ ਦੀ ਧਰਤੀ 'ਤੇ ਜੋਤੀ-ਜੋਤਿ ਸਮਾ ਗਏ ਤਾਂ ਗੁਰੂ ਅੰਗਦ ਦੇਵ ਜੀ ਨੇ ਮਾਤਾ ਵੈਰਾਈ ਨੂੰ ਕਿਹਾ ਸੀ ਕਿ ਕਿਸੇ ਨੂੰ ਇਹ ਨਹੀਂ ਦੱਸਣਾ ਕਿ ਅਸੀਂ ਅੰਦਰ ਅਲੋਪ ਹੋ ਕੇ ਬੈਠੇ ਹਾਂ। ਫਿਰ ਸੰਗਤਾਂ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਬਿਹਬਲ ਹੋ ਗਈਆਂ ਸਨ। ਸੰਗਤਾਂ ਨੇ ਬਾਬਾ ਬੁੱਢਾ ਜੀ ਨੂੰ ਬੇਨਤੀ ਕੀਤੀ ਕਿ ਤੁਸੀਂ ਗੁਰੂ ਅੰਗਦ ਦੇਵ ਜੀ ਨੂੰ ਪ੍ਰਗਟ ਕਰੋ, ਕਿਉਂਕਿ ਗੁਰੂ ਨਾਨਕ ਦੇਵ ਜੀ ਗੁਰੂ ਅੰਗਦ ਦੇਵ ਜੀ ਨੂੰ ਆਪਣਾ ਰੂਪ ਦੇ ਗਏ ਹਨ, ਇਸ ਲਈ ਬਾਬਾ ਬੁੱਢਾ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਬੇਨਤੀ ਕੀਤੀ ਕਿ ਤੁਸੀਂ ਪ੍ਰਗਟ ਹੋ ਕੇ ਲੋਕਾਂ ਦਾ ਭਲਾ ਕਰੋ। ਗੁਰੂ ਅੰਗਦ ਦੇਵ ਜੀ ਨੇ ਬਾਬਾ ਬੁੱਢਾ ਜੀ ਦੀ ਬੇਨਤੀ ਪ੍ਰਵਾਨ ਕਰਕੇ ਪ੍ਰਗਟ ਹੋ ਕੇ ਸੰਗਤ ਨੂੰ ਤਾਰਿਆ ਸੀ। ਬਾਬਾ ਬੁੱਢਾ ਜੀ ਨੇ ਬੇਨਤੀ ਕੀਤੀ, ਜੀ ਸਿੱਖੀ ਦਾ ਉਪਦੇਸ਼ ਬਖ਼ਸ਼ੋ ਤਾਂ ਗੁਰੂ ਅੰਗਦ ਦੇਵ ਜੀ ਨੇ ਇਹ ਸਲੋਕ ਉਚਾਰਨ ਕੀਤਾ :

***ਦੀਖਿਆ ਆਖਿ ਬੁਝਾਇਆ ਸਿਫਤੀ ਸਚਿ ਸਮੇਉ ॥***
***ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ ॥***

(ਅੰਗ ੧੫੦)

ਗੁਰੂ ਅਮਰਦਾਸ ਜੀ ਨੂੰ ਜਿਸ ਸਮੇਂ ਗੁਰੂ ਅੰਗਦ ਦੇਵ ਜੀ ਨੇ ਗੁਰਗੱਦੀ ਬਖ਼ਸ਼ੀ ਤਾਂ ਗੁਰਿਆਈ ਦਾ ਤਿਲਕ ਬਾਬਾ ਬੁੱਢਾ ਜੀ ਪਾਸੋਂ ਹੀ ਲਗਵਾਇਆ। ਇਸੇ ਤਰ੍ਹਾਂ ਗੁਰੂ ਸੰਗਤ ਜੀ ! ਛੇਵੇਂ ਪਾਤਸ਼ਾਹ ਤੱਕ ਜੋ ਗੁਰਿਆਈ ਦਾ ਤਿਲਕ ਲੱਗਾ, ਇਸ ਦਾ ਸਤਿਕਾਰ ਬਾਬਾ ਬੁੱਢਾ ਜੀ ਨੂੰ ਹੀ ਦਿੱਤਾ ਭਾਵ ਉਹਨਾਂ ਕੋਲੋਂ ਹੀ ਗੁਰਿਆਈ ਦਾ ਤਿਲਕ ਲਗਵਾਇਆ। ਇਸ ਲਈ ਮਹਾਨ ਸੇਵਕਾਂ ਵਿਚੋਂ ਖ਼ੁਸ਼ੀਆਂ ਤੇ ਸੇਵਾ ਪ੍ਰਾਪਤ ਕਰਨ ਵਾਲੇ ਸਿੱਖ ਬਾਬਾ ਬੁੱਢਾ ਜੀ ਹਨ। ਇਤਿਹਾਸ ਵਿਚ ਇਹ ਵੀ ਲਿਖਿਆ ਹੈ ਕਿ ਚੌਥੇ ਸਰੂਪ ਵਿਚ ਜਿਸ ਵੇਲੇ ਅੰਮ੍ਰਿਤਸਰ ਸਾਹਿਬ ਅਸਥਾਨ ਦੀ ਚੋਣ ਕਰਨ ਦੀ ਵਾਰੀ ਆਈ, ਉਸ ਵੇਲੇ ਵੀ ਗੁਰੂ ਰਾਮਦਾਸ ਜੀ ਨੇ ਬਾਬਾ ਬੁੱਢਾ ਜੀ ਨੂੰ ਹੀ ਭੇਜਿਆ ਸੀ। ਕਿਉਂਕਿ ਬਾਬਾ ਜੀ ਨੇ ਗੁਰੂ ਨਾਨਕ ਦੇਵ ਜੀ ਦੀਆਂ ਰਹਿਮਤਾਂ ਪ੍ਰਾਪਤ ਕੀਤੀਆਂ ਸਨ ਤੇ ਉਹਨਾਂ ਨੂੰ ਇਸ ਜਗ੍ਹਾ ਬਾਰੇ ਕਾਫ਼ੀ ਕੁੱਝ ਪਤਾ ਸੀ ਅਤੇ ਜੇਕਰ ਕਦੇ ਮਾਤਾ ਗੰਗਾ ਜੀ ਨੇ ਪੁੱਤਰ ਦੀ ਪ੍ਰਾਪਤੀ ਵਾਸਤੇ ਬੇਨਤੀ ਕੀਤੀ ਸੀ, ਬੀੜ ਸਾਹਿਬ ਜਾਕੇ ਤਾਂ ਬਾਬਾ ਬੁੱਢਾ ਜੀ ਨੇ ਉਸ ਵੇਲੇ ਇਹ ਬਚਨ ਕੀਤੇ ਸਨ, "ਐਸਾ ਬਲੀ ਸਾਹਿਬਜ਼ਾਦਾ ਪੈਦਾ ਹੋਵੇਗਾ ਕਿ ਉਹ ਜ਼ਾਲਿਮਾਂ ਦੇ ਸਿਰ ਇੰਝ ਭੰਨੇਗਾ, ਜਿਸ ਤਰ੍ਹਾਂ ਅਸੀਂ ਪਿਆਜ਼ (ਗੰਡਾ) ਭੰਨਿਆ ਹੈ ਅਤੇ ਉਹਨਾਂ ਦੀਆਂ ਤਲਵਾਰਾਂ ਵੀ ਇਸ ਤਰ੍ਹਾਂ ਚਮਕਣਗੀਆਂ, ਜਿਸ ਤਰ੍ਹਾਂ ਆਕਾਸ਼ ਵਿਚ ਬਿਜਲੀ ਚਮਕਦੀ ਹੈ। ਉਹਨਾਂ ਦੇ ਨਗਾਰੇ ਇਸ ਤਰ੍ਹਾਂ ਵੱਜਣਗੇ, ਜਿਸ ਤਰ੍ਹਾਂ ਬੱਦਲ ਗੱਜ ਰਿਹਾ ਹੈ।" ਇਹ ਵੀ ਬਾਬਾ ਬੁੱਢਾ ਜੀ ਦੇ ਬਚਨ ਸਨ। ਗੁਰੂ ਅਰਜਨ ਦੇਵ ਜੀ ਨੇ ਵੀ 'ਪਹਿਲਾ ਹੈੱਡ ਗ੍ਰੰਥੀ ਬਾਬਾ ਬੁੱਢਾ ਜੀ' ਨੂੰ ਹੀ ਚੁਣਿਆ :

***ਸੇਵਕ ਕਉ ਸੇਵਾ ਬਨਿ ਆਈ॥***
***ਹੁਕਮੁ ਬੂਝਿ ਪਰਮ ਪਦੁ ਪਾਈ॥***

(ਅੰਗ ੨੯੨)

ਫਿਰ ਬਾਬਾ ਬੁੱਢਾ ਜੀ ਹੀ ਗੁਰੂ ਗ੍ਰੰਥ ਸਾਹਿਬ ਜੀ ਸਿਰ 'ਤੇ ਰੱਖ ਕੇ ਰਾਮਸਰ ਤੋਂ ਹਰਿਮੰਦਰ ਸਾਹਿਬ ਲੈ ਕੇ ਆਏ ਸਨ। ਪਿੱਛੇ ਗੁਰੂ ਅਰਜਨ ਦੇਵ ਜੀ ਚੌਰ ਸਾਹਿਬ ਕਰਦੇ ਆਏ ਸਨ ਅਤੇ ਗੁਰੂ ਗ੍ਰੰਥ ਸਾਹਿਬ ਜੀ' ਦਾ ਪ੍ਰਕਾਸ਼ ਫਿਰ 'ਹਰਿਮੰਦਰ ਸਾਹਿਬ' ਕੀਤਾ।

ਸੋ ਗੁਰੂ ਸੰਗਤ ਜੀ ! ਗੁਰੂ ਕੀ ਸਿੱਖੀ ਬਹੁਤ ਪਿਆਰੀ ਤੇ ਮਹਾਨ ਹੈ। ਉਹ ਮਨੁੱਖ ਬਹੁਤ ਵੱਡੇ ਭਾਗਾਂ ਵਾਲਾ ਹੈ ਜਿਸ ਨੂੰ ਇਹ ਸਿੱਖੀ ਮਿਲਦੀ ਹੈ। ਇਸ ਸਿੱਖੀ ਵਿਚੋਂ ਹੀ ਸਾਨੂੰ ਮਹਾਨ ਸੁੱਖਾਂ ਦੀ ਪ੍ਰਾਪਤੀ ਹੋਣੀ ਹੈ। ਜਿਹੜਾ ਸੱਚਾ ਸਿੱਖ ਹੈ, ਫਿਰ ਗੁਰੂ ਆਪਣੇ ਤੇ ਉਸ ਸਿੱਖ ਵਿਚ ਕੋਈ ਫ਼ਰਕ ਨਹੀਂ ਸਮਝਦਾ ਅਤੇ ਜਿਸ ਸਿੱਖ ਵਿਚ ਸੱਚੀ ਲਗਨ ਹੈ, ਉਹ ਗੁਰੂ ਦੇ ਹਰ ਹੁਕਮ ਨੂੰ ਸਿਰ ਝੁਕਾ ਕੇ ਪਰਵਾਨ ਕਰਦਾ ਹੈ। ਹਰ ਪਲ ਗੁਰੂ ਦੀ ਸੇਵਾ ਸਿਮਰਨ ਤੇ ਸਿੱਖੀ ਕਮਾਉਣ ਵਿਚ ਰੁੱਝਿਆ ਰਹਿੰਦਾ ਹੈ :

**ਸੋਰਠਿ ਮਹਲਾ ੩ ਘਰੁ ੧ ੴ ਸਤਿਗੁਰ ਪ੍ਰਸਾਦਿ ॥**

**ਸੇਵਕ ਸੇਵ ਕਰਹਿ ਸਭਿ ਤੇਰੀ ਜਿਨ ਸਬਦੈ ਸਾਦੁ ਆਇਆ ॥ ਗੁਰ ਕਿਰਪਾ ਤੇ ਨਿਰਮਲੁ ਹੋਆ ਜਿਨਿ ਵਿਚਹੁ ਆਪੁ ਗਵਾਇਆ ॥ ਅਨਦਿਨੁ ਗੁਣ ਗਾਵਹਿ ਨਿਤ ਸਾਚੇ ਗੁਰ ਕੈ ਸਬਦਿ ਸੁਹਾਇਆ ॥ ੧ ॥ ਮੇਰੇ ਠਾਕੁਰ ਹਮ ਬਾਰਿਕ ਸਰਣਿ ਤੁਮਾਰੀ ॥ ਏਕੋ ਸਚਾ ਸਚੁ ਤੂ ਕੇਵਲੁ ਆਪਿ ਮੁਰਾਰੀ ॥ ਰਹਾਉ ॥ ਜਾਗਤ ਰਹੇ ਤਿਨੀ ਪ੍ਰਭੁ ਪਾਇਆ ਸਬਦੇ ਹਉਮੈ ਮਾਰੀ ॥ ਗਿਰਹੀ ਮਹਿ ਸਦਾ ਹਰਿ ਜਨ ਉਦਾਸੀ ਗਿਆਨ ਤਤ ਬੀਚਾਰੀ ॥ ਸਤਿਗੁਰੁ ਸੇਵਿ ਸਦਾ ਸੁਖੁ ਪਾਇਆ ਹਰਿ ਰਾਖਿਆ ਉਰ ਧਾਰੀ ॥ ੨ ॥ ਇਹੁ ਮਨੂਆ ਦਹ ਦਿਸਿ ਧਾਵਦਾ ਦੂਜੈ ਭਾਇ ਖੁਆਇਆ ॥ ਮਨਮੁਖ ਮੁਗਧੁ ਹਰਿ ਨਾਮੁ ਨ ਚੇਤੈ ਬਿਰਥਾ ਜਨਮੁ ਗਵਾਇਆ ॥ ਸਤਿਗੁਰੁ ਭੇਟੇ ਤਾ ਨਾਉ ਪਾਏ ਹਉਮੈ ਮੋਹੁ ਚੁਕਾਇਆ ॥ ੩ ॥ ਹਰਿ ਜਨ ਸਾਚੇ ਸਾਚੁ ਕਮਾਵਹਿ ਗੁਰ ਕੈ ਸਬਦਿ ਵੀਚਾਰੀ ॥ ਆਪੇ ਮੇਲਿ ਲਏ ਪ੍ਰਭਿ ਸਾਚੈ ਸਾਚੁ ਰਖਿਆ ਉਰ ਧਾਰੀ ॥ ਨਾਨਕ ਨਾਵਹੁ ਗਤਿ ਮਤਿ ਪਾਈ ਏਹਾ ਰਾਸਿ ਹਮਾਰੀ ॥ ੪ ॥ ੧ ॥**

(ਅੰਗ ੫੯੯)

## ਪਦ ਅਰਥ :

ਸਭਿ-ਸਾਰੇ। ਸਬਦੈ-ਗੁਰੂ ਦੇ ਸ਼ਬਦ (ਨਾਮ) ਦਾ (ਅਥਵਾ) ਸ਼ਬਦ ਸਰੂਪ ਗੁਰਬਾਣੀ ਦਾ। ਸਾਦੁ-ਸੁਆਦੁ, ਰਸ। ਜਿਨਿ-ਜਿਸ (ਮਨੁੱਖ ਨੇ। ਆਪੁ-ਆਪਾ-ਭਾਵ, ਹੰਕਾਰ। ਅਨਦਿਨੁ-ਦਿਨ ਰਾਤ, ਹਰ ਰੋਜ਼। ਗਾਵਹਿ-ਗਾਉਂਦੇ ਹਨ। ਸਾਚੇ-ਸੱਚੇ (ਪ੍ਰਭੂ) ਦੇ। ਸਬਦਿ-ਗੁਰੂ ਦੇ ਸ਼ਬਦ ਦੁਆਰਾ। ਸੁਹਾਇਆ-ਸੋਭਨੀਕ। ਠਾਕੁਰ-ਮਾਲਕ (ਪ੍ਰਭੂ)। ਬਾਰਿਕ-ਬਾਲਿਕ, ਬੱਚੇ। ਜਾਗਤ- ਜਾਗਦੇ (ਵਿਕਾਰਾਂ ਵਲੋਂ) ਸੁਚੇਤ। ਗਿਰਹੀ ਮਹਿ-ਗ੍ਰਿਹਸਤ ਵਿਚ। ਉਰ-ਹਿਰਦਾ। ਦਹਿ ਦਿਸ-ਦਸੋਂ ਦਿਸ਼ਾ। ਦੂਜੈ ਭਾਇ- ਮਾਇਆ ਦੇ ਮੋਹ ਵਿਚ। ਖੁਆਇਆ-ਗੁਆ ਲਿਆ ਹੈ, ਖੋ ਲਿਆ ਹੈ, ਖੁੰਝਾਇਆ, ਕੁਰਾਹੇ ਪਾਇਆ। ਕਮਾਵਹਿ-ਕਮਾਉਂਦੇ ਹਨ, ਗਤਿ-ਗਤੀ, ਮੁਕਤੀ। ਰਾਸਿ-ਪੂੰਜੀ। ਮਤਿ-ਬੁਧੀ, ਸ੍ਰੇਸ਼ਟ ਬੁਧੀ।

## ਅਰਥ :

(ਹੇ ਪ੍ਰਭੂ !) ਜਿਨ੍ਹਾਂ (ਮਨੁੱਖਾਂ) ਨੂੰ ਗੁਰੂ ਦੇ ਸ਼ਬਦ (ਨਾਮ) ਦਾ (ਅਥਵਾ) ਸ਼ਬਦ ਸਰੂਪ ਗੁਰਬਾਣੀ ਦਾ (ਰਸ) ਸੁਆਦ ਆਇਆ ਹੈ, (ਉਹ) ਸਾਰੇ ਸੇਵਕ ਤੇਰੀ ਸੇਵਾ ਕਰਦੇ ਹਨ। ਗੁਰ ਕਿਰਪਾ ਨਾਲ (ਉਹ ਮਨੁੱਖ) ਨਿਰਮਲੁ=ਪਵਿੱਤਰ ਹੋ ਜਾਂਦਾ ਹੈ, (ਕਉਣ ਪਵਿੱਤਰ ਹੁੰਦਾ ਹੈ ? ਉੱਤਰ :) ਜਿਸ ਨੇ ਆਪਣੇ ਅੰਦਰੋਂ ਆਪਾ ਭਾਵ (ਹੰਕਾਰ) ਦੂਰ ਕਰ ਦਿੱਤਾ ਹੈ। (ਜਿਹੜੇ ਜੀਵ) ਦਿਨ ਰਾਤ ਸੱਚੇ (ਪ੍ਰਭੂ) ਦੇ ਗੁਣ ਗਾਉਂਦੇ ਹਨ, (ਉਹ) ਗੁਰੂ ਦੇ ਸ਼ਬਦ ਦੁਆਰਾ ਸੋਭਨੀਕ ਹੋਇ ਹਨ।੧। ਹੇ ਮੇਰੇ ਮਾਲਕ (ਪ੍ਰਭੂ ਜੀ !) ਅਸੀਂ (ਜੀਵ ਰੂਪ) ਬੱਚੇ ਤੇਰੀ ਸ਼ਰਨ ਵਿਚ ਆਏ ਹਾਂ। ਕੇਵਲ ਤੂੰ (ਆਪ ਹੀ) ਮੁਰਾਰੀ=ਪ੍ਰਮੇਸ਼ਰ ਇਕੋ ਇਕ ਸਦਾ ਥਿਰ ਰਹਿਣ ਵਾਲਾ ਸੱਚ ਸਰੂਪ ਹੈਂ। ਰਹਾਉ। (ਹੇ ਭਾਈ ! ਜਿਹੜੇ ਮਨੁੱਖ ਵਿਕਾਰਾਂ ਵਲੋਂ ਸੁਚੇਤ ਹੋਕੇ) ਜਾਗਦੇ ਰਹੇ, ਉਹਨਾਂ ਨੇ (ਗੁਰ) ਸ਼ਬਦ ਦੁਆਰਾ ਹਉਮੈ ਮਾਰ ਕੇ ਪ੍ਰਭੂ ਨੂੰ ਪਾ ਲਿਆ ਹੈ। (ਉਹ) ਹਰੀ ਦੇ ਸੇਵਕ ਗ੍ਰਿਹਸਤ ਵਿਚ ਹੀ ਸਦਾ ਉਦਾਸ ਰਹਿੰਦੇ ਹਨ ਅਤੇ (ਤੱਤ ਗਿਆਨ ਦੇ ਵਿਚਾਰਵਾਨ) ਹੋ ਕੇ (ਤੱਤ) ਸਿਧਾਂਤ ਦੀ ਵਿਚਾਰ ਕਰਦੇ ਰਹਿੰਦੇ ਹਨ। (ਉਨ੍ਹਾਂ ਨੇ) ਸਤਿਗੁਰੂ ਨੂੰ ਸੇਵ ਕੇ, ਸਦਾ ਆਤਮਿਕ (ਸੁੱਖ) ਪ੍ਰਾਪਤ ਕੀਤਾ ਹੈ ਅਤੇ ਹਰੀ ਨੂੰ ਹਿਰਦੇ ਅੰਦਰ ਵਸਾ ਰੱਖਿਆ ਹੈ।੨।

(ਹੇ ਭਾਈ !) ਇਹ (ਚੰਚਲ ਤੇ ਅਮੋੜ) ਮਨੂਆ ਦਸੋਂ ਦਿਸ਼ਾ ਵਿਚ ਦੌੜਿਆ ਫਿਰਦਾ ਹੈ, (ਕਿਉਂਕਿ ਉਸਨੇ ਆਪਣਾ ਆਪ) ਦੂਜੈ ਭਾਇ=ਮਾਇਆ ਦੇ ਮੋਹ ਵਿਚ ਖੋ ਲਿਆ ਹੈ। (ਐਸਾ) ਮਨਮੁਖ ਮੂਰਖ ਹਰੀ ਨਾਮ ਨਹੀਂ ਚੇਤਦਾ, (ਇਸ ਕਰਕੇ ਉਸਨੇ ਆਪਣਾ) ਜਨਮ ਹੀ ਬਿਰਥਾ ਗੁਆ ਲਿਆ ਹੈ। (ਪਰ ਓਹ ਭੀ ਜੇ) ਸਤਿਗੁਰੂ ਨੂੰ ਮਿਲ ਪਵੇ ਅਤੇ (ਗੁਰੂ ਪਾਸੋਂ) ਨਾਮ ਪ੍ਰਾਪਤ ਕਰੇ, ਤਾਂ (ਇਸ ਨਾਮ ਦੀ ਕਮਾਈ ਨਾਲ) ਹਉਮੈ ਤੇ ਮੋਹ ਨੂੰ ਦੂਰ ਕਰ ਲਵੇਗਾ।੩। ਹਰੀ ਦੇ ਦਾਸ ਸੱਚੇ ਹਨ (ਕਿਉਂਕਿ ਉਹ) ਗੁਰੂ ਦੇ ਸ਼ਬਦ ਦੀ ਵੀਚਾਰ ਦੁਆਰਾ ਸੱਚ ਨੂੰ ਕਮਾਉਂਦੇ ਹਨ। ਸੱਚੇ ਪ੍ਰਭੂ ਨੇ ਉਹ ਆਪ ਹੀ ਆਪਣੇ ਨਾਲ ਮਿਲਾ ਲਏ ਹਨ, (ਅਤੇ ਉਹਨਾਂ ਨੇ) ਸੱਚ ਨੂੰ (ਆਪਣੇ) ਹਿਰਦੇ ਅੰਦਰ ਧਾਰਣ ਕਰ ਰੱਖਿਆ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ (ਉਹਨਾਂ ਨੇ) ਨਾਮ ਤੋਂ (ਹੀ) ਮੁਕਤੀ ਤੇ ਗਿਆਨ-ਬੁੱਧੀ ਪ੍ਰਾਪਤ ਕੀਤੀ ਹੈ, (ਅਤੇ ਓਹ

ਆਖਦੇ ਹਨ ਕਿ) ਇਹ (ਨਾਮ ਹੀ) ਸਾਡੀ ਰਾਸਿ=ਪੂੰਜੀ ਹੈ। ੪। ੧।

## ਵਿਆਖਿਆ ਤੇ ਸਾਰੰਸ਼ :

ਨਾਮੁ ਗੁਰ-ਸ਼ਬਦ ਅਭਿਆਸ ਕਮਾਈ ਰਾਹੀਂ ਅਤੇ ਗੁਰੂ ਕਿਰਪਾ ਨਾਲ ਜਿਸ ਦਾ ਮਨ ਨਿਰਮਲ ਹੋ ਗਿਆ ਤਾਂ ਸਬਦੈ ਸਾਦ ਦੇ ਲੈਣ ਵਾਲਾ ਹੀ ਅਸਲ ਵਿਚ ਸੇਵਕ ਹੈ, ਉਹ ਹੀ ਗੁਰੂ ਦੀ ਸੱਚੀ ਸੇਵਾ ਕਰ ਸਕਦਾ ਹੈ।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੪੮ (ਅੰਗ ੬੦੧)

ਸੋਰਠਿ ਮਹਲਾ ੩ ॥ ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੈ ਵਿਚਿ ਆਵੈ ॥ ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥ ਬਿਨੁ ਸਤਿਗੁਰ ਸੁਖੁ ਕਦੇ ਨ ਪਾਵੈ ਭਾਈ ਫਿਰਿ ਫਿਰਿ ਪਛੋਤਾਵੈ ॥ ੧ ॥ ਹਰਿ ਕੇ ਦਾਸ ਸੁਹੇਲੇ ਭਾਈ ॥ ਜਨਮ ਜਨਮ ਕੇ ਕਿਲਬਿਖ ਦੁਖ ਕਾਟੇ ਆਪੇ ਮੇਲਿ ਮਿਲਾਈ ॥ ਰਹਾਉ ॥ ਇਹੁ ਕੁਟੰਬੁ ਸਭੁ ਜੀਅ ਕੇ ਬੰਧਨ ਭਾਈ ਭਰਮਿ ਭੁਲਾ ਸੈਂਸਾਰਾ ॥ ਬਿਨੁ ਗੁਰ ਬੰਧਨ ਟੂਟਹਿ ਨਾਹੀ ਗੁਰਮੁਖਿ ਮੋਖ ਦੁਆਰਾ ॥ ਕਰਮ ਕਰਹਿ ਗੁਰ ਸਬਦੁ ਨ ਪਛਾਣਹਿ ਮਰਿ ਜਨਮਹਿ ਵਾਰੋ ਵਾਰਾ ॥ ੨ ॥ ਹਉ ਮੇਰਾ ਜਗੁ ਪਲਚਿ ਰਹਿਆ ਭਾਈ ਕੋਇ ਨ ਕਿਸ ਹੀ ਕੇਰਾ ॥ ਗੁਰਮੁਖਿ ਮਹਲੁ ਪਾਇਨਿ ਗੁਣ ਗਾਵਨਿ ਨਿਜ ਘਰਿ ਹੋਇ ਬਸੇਰਾ ॥ ਐਥੈ ਬੂਝੈ ਸੁ ਆਪੁ ਪਛਾਣੈ ਹਰਿ ਪ੍ਰਭੁ ਹੈ ਤਿਸੁ ਕੇਰਾ ॥ ੩ ॥ ਸਤਿਗੁਰੂ ਸਦਾ ਦਇਆਲੁ ਹੈ ਭਾਈ ਵਿਣੁ ਭਾਗਾ ਕਿਆ ਪਾਈਐ ॥ ਏਕ ਨਦਰਿ ਕਰਿ ਵੇਖੈ ਸਭ ਊਪਰਿ ਜੇਹਾ ਭਾਉ ਤੇਹਾ ਫਲੁ ਪਾਈਐ ॥ ਨਾਨਕ ਨਾਮੁ ਵਸੈ ਮਨ ਅੰਤਰਿ ਵਿਚਹੁ ਆਪੁ ਗਵਾਈਐ ॥ ੪ ॥ ੬ ॥

# ਪ੍ਰਾਕ੍ਥਨ:-

ਇਹ ਪਾਵਨ ਸ਼ਬਦ ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦਾ ਸੋਰਠਿ ਰਾਗਣੀ ਵਿਚ ਉਚਾਰਿਆ ਹੋਇਆ ਹੈ। ਪਾਵਨ ਗੁਰਬਾਣੀ ਰਾਗ ਮਾਲਾ ਅਨੁਸਾਰ ਸੋਰਠਿ ਇਕ ਰਾਗਣੀ ਹੈ।

***ਖਸਟਮ ਮੇਘ ਰਾਗ ਵੈ ਗਾਵਹਿ॥ ਪਾਂਚਉ ਸੰਗਿ ਬਰੰਗਨ ਲਾਵਹਿ॥***
***ਸੋਰਠਿ ਗੋਂਡ ਮਲਾਰੀ ਧੁਨੀ॥ ਪੁਨਿ ਗਾਵਹਿ ਆਸਾ ਗੁਨ ਗੁਨੀ॥***

(ਅੰਗ ੧੪੩੦)

ਇਸ ਸ਼ਬਦ ਦੀ ਅਰੰਭਤਾ ਦੇ ਅੰਦਰ 'ਸਿੱਖ' ਸ਼ਬਦ ਪਹਿਲਾਂ ਆਇਆ ਹੈ। ਸਾਰੀ ਪੰਗਤੀ ਇਸ ਪ੍ਰਕਾਰ ਹੈ : "ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ॥"

## ਵਿਸ਼ਾ— ਸਿੱਖ ਕਿਸ ਨੂੰ ਕਹਿੰਦੇ ਹਨ ?

ਸੰਸਕ੍ਰਿਤ ਦੇ ਸ਼ਿਸ਼ਯ ਸ਼ਬਦ ਦਾ ਪੰਜਾਬੀ ਰੂਪ ਸਿੱਖ ਹੈ - ਸਿੱਖਿਆ ਲੈਣ ਵਾਲਾ। ਮਨੁੱਖ ਦੇ ਅੰਦਰ ਸਿੱਖਣ ਦੀ ਰੁਚੀ ਤਾਂ ਹੈ, ਪਰ ਕੀ ਸਿੱਖੀਏ ਤੇ ਕਿਸ ਤੋਂ ਸਿੱਖੀਏ ? ਇਸ ਗੱਲ ਦੇ ਸਮਝਣ ਵਿਚ ਬਹੁਤੇ ਮਨੁੱਖ ਅਸਮਰਥ ਹੁੰਦੇ ਹਨ। ਇਸ ਲਈ ਗੁਰੂ ਦੀ ਲੋੜ ਪੈਂਦੀ ਹੈ ਜੋ ਸਹੀ ਸਿੱਖਿਆ ਦੇ ਕੇ ਸਿੱਖ ਨੂੰ ਸਮਝਾ ਸਕੇ ਤੇ ਸੱਚ ਸਰੂਪ ਵਾਹਿਗੁਰੂ ਜੀ ਨਾਲ ਜੋੜੇ। ਐਸੇ ਗੁਰੂ, ਜਗਤ ਗੁਰੂ, ਸੱਚੇ ਗੁਰੂ ਨਿਰੰਕਾਰ ਆਕਾਰ ਧਾਰ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਸਰੂਪ ਹੋ ਕੇ ਸੰਸਾਰ ਅੰਦਰ ਆਏ। ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਨੂੰ ਪ੍ਰਾਪਤ ਕਰਕੇ ਕਮਾਉਣ ਵਾਲੇ ਨੂੰ "ਸਿੱਖ" ਸ਼ਬਦ ਨਾਲ ਸਤਿਕਾਰਿਆ ਗਿਆ ਹੈ। ਗੁਰੂ ਦੀ ਸਿੱਖਿਆ ਸਿੱਖਣ ਵਾਲੇ ਨੂੰ ਸਿੱਖ ਕਿਹਾ ਜਾਂਦਾ ਹੈ, "ਸਿਖੀ ਸਿਖਿਆ ਗੁਰ ਵੀਚਾਰਿ॥' ਜਿਸ ਨੇ ਸਿੱਖ ਧਰਮ ਦੀ ਰਹਿਤ ਧਾਰਨ ਕੀਤੀ ਹੋਵੇ।

ਮਹਾਨ ਕੋਸ਼ ਅਨੁਸਾਰ ਸਿੱਖ : ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਨੁਗਾਮੀ, ਜਿਸ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਿੱਖ ਧਰਮ ਧਾਰਨ ਕੀਤਾ ਹੈ। ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਧਰਮ ਗ੍ਰੰਥ ਮੰਨਦਾ ਹੈ ਅਤੇ ਦਸ ਸਤਿਗੁਰਾਂ ਨੂੰ ਇਕ ਰੂਪ ਜਾਣਦਾ ਹੈ।

ਸਮ ਅਰਥ ਕੋਸ਼ ਅਨੁਸਾਰ ਸਿੱਖ : ਖਾਲਸਾ, ਗੁਰਮਤਿ ਪੰਥੀ, ਗੁਰਮਤੀਆ, ਨਾਨਕ ਪੰਥੀ। ਸਿੱਖ ਦਾ ਅਰਥ ਸਿੱਖਿਆ ਲੈਣ ਯੋਗ ਜਾਂ ਸਿੱਖਿਆ ਲੈਣ ਵਾਲਾ ਹੈ। ਪਰ ਗੁਰਮਤਿ ਵਿਚ ਸਿੱਖਿਆ ਕਮਾ ਕੇ ਪੂਰਨ ਸਿਖੀ ਨੂੰ ਧਾਰਨ ਕਰ ਚੁੱਕੇ ਬ੍ਰਹਮ ਗਿਆਨੀ ਨੂੰ ਵੀ ਸਿੱਖ ਆਖਦੇ ਹਨ।

ਸਿੱਖ ਪੰਥ ਵਿਸ਼ਵ ਕੋਸ਼ ਅਨੁਸਾਰ ਸਿੱਖ: ਇਹ ਸ਼ਬਦ ਸੰਸਕ੍ਰਿਤ ਦੇ ਸ਼ਿਸ਼ਯ ਸ਼ਬਦ ਦਾ ਤਦਭਵ ਰੂਪ ਹੈ, ਜਿਸ ਦਾ ਅਰਥ ਹੈ ਜੋ ਸਿੱਖਿਆ ਦੇਣ ਯੋਗ ਹੋਵੇ, ਜੋ ਸਿਖਿਆ ਗ੍ਰਹਿਣ ਕਰੇ, ਸ਼ਗਿਰਦ। ਪੰਜਾਬੀ ਸੱਭਿਆਚਾਰ ਵਿਚ 'ਸਿੱਖ' ਉਸ ਨੂੰ ਕਿਹਾ ਜਾਂਦਾ ਹੈ ਜੋ ਗੁਰੂ ਨਾਨਕ ਦੇਵ ਜੀ ਅਤੇ ਹੋਰ ਗੁਰੂ

ਸਾਹਿਬਾਨ ਦੀ ਸਿੱਖਿਆ ਅਥਵਾ ਉਪਦੇਸ਼ ਅਨੁਸਾਰ ਆਪਣਾ ਜੀਵਨ ਬਤੀਤ ਕਰੇ-

***ਸਿਖੀ ਸਿਖਿਆ ਗੁਰ ਵੀਚਾਰਿ॥***

(ਅੰਗ ੪੬੫)

ਇਸ ਤਰ੍ਹਾਂ ਹੁਣ ਇਹ ਸ਼ਬਦ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਏ ਧਰਮ ਵਿਚ ਵਿਸ਼ਵਾਸ ਰੱਖਣ ਵਾਲੇ ਵਿਅਕਤੀ ਲਈ ਰੂੜ ਹੋ ਗਿਆ ਹੈ— ਜਿਸ ਦੇ ਚਿਤ ਵਿਚ ਗੁਰੂ ਦੇ ਉਪਦੇਸ਼ ਦਾ ਅਸਰ ਹੈ ਅਤੇ ਜਿਸ ਦੀ ਸੁਰਤ ਗੁਰੂ-ਸ਼ਬਦ ਵਿਚ ਲੀਣ ਹੈ, ਉਹੀ 'ਸਿੱਖ' ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼ ਭਾਈ ਵੀਰ ਸਿੰਘ ਅਨੁਸਾਰ ਸਿੱਖ (ਸੰ:) ਸੰਸਕ੍ਰਿਤ, ਸ਼ਿਕਸ਼ਾ=ਪੜਨਾ, ਸਿਖਨਾ। ਸਿਖਯ=ਸ਼ਾਗਿਰਦ। ਸਿਸੁ=ਬਾਲਕ, ਸ਼ਾਗਿਰਦ: ੧. ਜੋ ਹੁਕਮ ਮੰਨੇ, ਚੇਲਾ, ਸ਼ਾਗਿਰਦ, ਸਿਖਣ ਵਾਲਾ ਯਥਾ- '*ਸੋ ਗੁਰੂ ਸੋ ਸਿਖੁ ਕਥੀਅਲੇ*' (ਅੰਗ ੫੦੩) ੨. ਉਪਦੇਸੋ, ਸਿਖਯਾ, ਮਤ ਯਥਾ- '*ਜੇ ਇਕ ਗੁਰ ਕੀ ਸਿਖ ਸੁਣੀ*' (ਅੰਗ ੨) ਤਥਾ- '*ਸਤਿਗੁਰ ਸਾਚੀ ਸਿਖ ਸੁਣਾਈ।*' (ਅੰਗ ੧੧੭) ੩. ਇਕ ਸੰਪ੍ਰਦਾ, ਮਜ਼ਹਬ ਜਾਂ ਧਰਮ ਜੋ ਗੁਰੂ ਨਾਨਕ ਦੇਵ ਜੀ ਤੋਂ ਚਲਿਆ। ਜਿਸ ਦੇ ਦਸ ਅਵਤਾਰ ਆਗੂ ਗੁਰੂ-ਪਦ ਨਾਲ ਯਾਦ ਕੀਤੇ ਜਾਂਦੇ ਹਨ, ਸ੍ਰੀ ਗੁਰੂ ਗ੍ਰੰਥ ਸਾਹਿਬ ਜਿਨ੍ਹਾਂ ਦੀ ਧਰਮ ਪੁਸਤਕ ਹੈ ਤੇ ਧਰਮ ਅਵਲੰਬੀ ਸਿੱਖ ਕਹਿਲਾਂਦੇ ਹਨ, ਸਿੱਖ ਧਰਮ ਦਾ ਪੈਰੋਕਾਰ। ਯਥਾ '*ਗੁਰ ਸਤਿਗੁਰ ਕਾ ਜੋ ਸਿਖ ਅਖਾਏ*' (ਅੰਗ ੩੦੫)

## ਸਾਖੀਆਂ— ਭਾਈ ਅੱਡਣ ਸ਼ਾਹ ਜੀ ਅਨੁਸਾਰ

ਏਕ ਸੰਤ ਕੇ ਪਾਸ ਸਾਧ ਨੇ ਪ੍ਰਸ਼ਨ ਕੀਆ, ਸੰਤ ਜੀ! ਗੁਰੂ ਕੈਸਾ ਹੋਵੇ, ਅਰ ਸਿੱਖ ਕੈਸਾ ਹੋਵੇ? ਸੰਤ ਕਹਿਆ ਧਿਆਨ ਦੇ ਕਰ ਸੁਣ। ਗੁਰੂ ਜੇ ਹੋਵੇ ਦਸਵੇਂ ਗੁਰੂ ਜੈਸਾ ਹੋਵੇ ਜੋ ਜਿਉਂ ਜਿਉਂ ਸਿੱਖਾਂ ਦੀ ਪਾਪਾਂ ਸਿਉਂ ਰੱਛਿਆ ਕਰੇ ਤੇ ਸਿੱਖ ਕੈਸਾ ਹੋਵੇ ਜੋ ਗੁਰੂ ਕੀ ਆਗਿਆ ਮੰਨਣ ਵਾਲਾ ਹੋਵੇ।

'ਸਿਖਾਂ' ਦੀ ਭਗਤ ਮਾਲਾ ਅਨੁਸਾਰ ਸ਼ਹੀਦ ਭਾਈ ਮਨੀ ਸਿੰਘ ਜੀ ਨੇ ਲਿਖਿਆ ਹੈ। ਇਕ ਵਾਰ ਭਾਈ ਚੂਹੜ ਲਖਨਊ ਨਿਵਾਸੀ ਨੇ ਛੇਵੇਂ ਗੁਰੂ ਜੀ ਪਾਸ ਬੇਨਤੀ ਦੁਆਰਾ ਪ੍ਰਸ਼ਨ ਕੀਆ। ਗੁਰਦੇਵ ਆਪ ਜੀ ਕ੍ਰਿਪਾ ਕਰ ਸਮਝ ਬਖ਼ਸ਼ੋ ਕਿ 'ਸਿੱਖੀ ਦਾ ਮੂਲ ਕਿਆ ਹੈ? ਬਚਨ ਹੋਇਆ ਸਮਝ-ਮਨ ਨੀਵਾਂ, ਸੇਵਾ ਟਹਿਲ, ਸਾਧ ਸੰਗਤ ਕਾ ਸੰਗਿ, ਸਬਦ ਦਾ ਅਭਿਆਸ ਸਮਝ (ਗਯਾਨ), ਜਿਸ ਨੇ ਜਗਤ ਕੋ ਝੂਠ ਅਤੇ ਪ੍ਰਮਾਤਮਾ ਕੋ ਸੱਤ ਜਾਤਾ ਹੈ ਸੋ ਸਿੱਖ ਹੈ, ਤੁਸੀਂ ਸਾਰੇ ਇਕ ਵਾਹਿਗੁਰੂ ਨੂੰ ਜਾਣਨਾ। ਸੰਖੇਪ ਵਿਚ ਭਾਵ 'ਨਾਮ ਜਪਣਾ, ਕਿਰਤ ਕਰਨੀ, ਵੰਡ ਛੱਕਣਾ' ਸਿੱਖੀ ਦਾ ਮੂਲ ਆਧਾਰ ਹੈ।

***ਚੂਹੜ ਚਉਝੜੁ ਲਖਨਊ ਗੁਰਮੁਖਿ ਅਨਦਿਨੁ ਨਾਮ ਵਖਾਣੀ।***

(ਭਾਈ ਗੁਰਦਾਸ ਜੀ, ਵਾਰ ੧੧, ਪਉੜੀ ੩੧)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਦੱਸਿਆ ਹੈ-੧. ਸਿੱਖ ਉਹ ਹੈ ਜੋ ਸੱਚ ਬੋਲਦਾ

ਹੈ, ਸਿੱਖ ਕਦੇ ਝੂਠ ਨਹੀਂ ਬੋਲਦਾ। ੨. ਸਿੱਖ ਗੁਰੂ ਦੇ ਸਨਮੁਖ ਰਹਿੰਦਾ ਹੈ, ਗੁਰੂ ਦੇ ਹਰ ਹੁਕਮ ਨੂੰ ਸੱਚ ਕਰਕੇ ਮੰਨਦਾ ਹੈ। ੩. ਤੀਸਰੀ ਗੱਲ ਸਿੱਖ ਹਮੇਸ਼ਾ ਸੱਚੇ ਦੀ ਸ਼ਰਣ ਪਿਆ ਰਹਿੰਦਾ ਹੈ, ਭਰਮੀ ਭੇਖੀਆਂ ਦੇ ਸੰਗ ਤੋਂ ਦੂਰ, ਪ੍ਰਪੰਚ ਦੇ ਅਸਰ ਤੋਂ ਨਿਰਲੇਪ ਰਹਿੰਦਾ ਹੈ। ੪. ਜਿਸ ਸਿੱਖ ਨੇ ਗੁਰ ਉਪਦੇਸ਼ ਪ੍ਰਾਪਤ ਕੀਤਾ ਹੈ, ਉਸ ਨੇ ਮਨ ਤਨ ਗੁਰੂ ਨੂੰ ਅਰਪਨ ਕਰ ਦਿੱਤਾ ਹੈ। ੫. ਉਸ ਨੂੰ ਸੱਚਾ ਸੰਤੋਖ ਪ੍ਰਾਪਤ ਹੋਇਆ ਹੈ, ਭਰਮ ਉਸ ਦਾ ਨਵਿਰਤ ਹੋ ਗਿਆ ਹੈ।

***ਬੋਲਹਿ ਸਾਚੁ ਮਿਥਿਆ ਨਹੀ ਰਾਈ॥***
***ਚਾਲਹਿ ਗੁਰਮੁਖਿ ਹੁਕਮਿ ਰਜਾਈ॥***
***ਰਹਹਿ ਅਤੀਤ ਸਚੇ ਸਰਣਾਈ॥੧॥***

(ਅੰਗ ੨੨੭)

ਸੋਢੀ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਨੇ ਭੀ ਬਹੁਤ ਸੁੰਦਰ ਉਪਦੇਸ਼ ਬਖ਼ਸ਼ਿਸ਼ ਕੀਤਾ ਹੈ-

***ਮਃ ੪ ॥ ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥***
***ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥***
***ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥***
***ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥***
***ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥***
***ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥***
***ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥੨॥***

(ਅੰਗ ੩੦੫-੦੬)

ਸਤਿਗੁਰੂ ਸ੍ਰੀ ਗੁਰੂ ਰਾਮਦਾਸ ਜੀ ਨੇ ਵਡਹੰਸ ਕੀ ਵਾਰ ਅੰਦਰ ਐਸੇ ਗੁਰਸਿਖਾਂ ਨੂੰ ਕਿੰਨਾ ਸਤਿਕਾਰ ਦਿੱਤਾ ਹੈ। ਹਜ਼ੂਰ ਕਥਨ ਕਰਦੇ ਹਨ :

***ਪਉੜੀ ॥ ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜੋ ਸਤਿਗੁਰ ਚਰਣੀ ਜਾਇ ਪਇਆ ॥***
***ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਨਿ ਹਰਿ ਨਾਮਾ ਮੁਖਿ ਰਾਮੁ ਕਹਿਆ ॥***
***ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਸੁ ਹਰਿ ਨਾਮਿ ਸੁਣਿਐ ਮਨਿ ਅਨਦੁ ਭਇਆ ॥***
***ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਨਿ ਸਤਿਗੁਰ ਸੇਵਾ ਕਰਿ ਹਰਿ ਨਾਮੁ ਲਇਆ ॥***
***ਤਿਸੁ ਗੁਰਸਿਖ ਕੰਉ ਹੰਉ ਸਦਾ ਨਮਸਕਾਰੀ ਜੋ ਗੁਰ ਕੈ ਭਾਣੈ ਗੁਰਸਿਖੁ ਚਲਿਆ॥੧੮॥***

(ਅੰਗ ੫੯੩)

ਇਕ ਥਾਂ ਗੁਰਬਾਣੀ ਅੰਦਰ ਗੁਰੂ ਰਾਮਦਾਸ ਜੀ ਨੇ ਭਗਤਾਂ, ਸੰਤਾਂ, ਸਾਧਾਂ, ਗੁਰਮੁਖਾਂ ਦਾ ਯਥਾ ਯੋਗ

ਸਤਿਕਾਰ ਕਰਦਿਆਂ। ਅਖ਼ੀਰ ਵਿਚ ਇਨ੍ਹਾਂ ਸਾਰਿਆਂ ਨਾਲੋਂ ਗੁਰਸਿਖਾਂ ਦੇ ਵੱਡੇ ਭਾਗ ਦਸੇ ਹਨ।

ਪਉੜੀ ॥

*ਧੰਨੁ ਧਨੁ ਭਾਗ ਤਿਨਾ ਭਗਤ ਜਨਾ ਜੋ ਹਰਿ ਨਾਮਾ ਹਰਿ ਮੁਖਿ ਕਹਤਿਆ ॥*
*ਧਨੁ ਧਨੁ ਭਾਗ ਤਿਨਾ ਸੰਤ ਜਨਾ ਜੋ ਹਰਿ ਜਸੁ ਸ੍ਰਵਣੀ ਸੁਣਤਿਆ ॥*
*ਧਨੁ ਧਨੁ ਭਾਗ ਤਿਨਾ ਸਾਧ ਜਨਾ ਹਰਿ ਕੀਰਤਨੁ ਗਾਇ ਗੁਣੀ ਜਨ ਬਣਤਿਆ॥*
*ਧਨੁ ਧਨੁ ਭਾਗ ਤਿਨਾ ਗੁਰਮੁਖਾ ਜੋ ਗੁਰਸਿਖ ਲੈ ਮਨੁ ਜਿਣਤਿਆ ॥*
*ਸਭ ਦੂ ਵਡੇ ਭਾਗ ਗੁਰਸਿਖਾ ਕੇ ਜੋ ਗੁਰ ਚਰਣੀ ਸਿਖ ਪੜਤਿਆ॥ ੧੮ ॥*

(ਅੰਗ ੬੪੯)

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਮਹਾਰਾਜ ਨੇ ਵਡਹੰਸ ਕੀ ਵਾਰ ਵਿਚ ਉਸ ਗੁਰਸਿੱਖ ਨੂੰ ਧੰਨ ਕਹਿਆ ਹੈ ਜਿਸ ਨੇ ਗੁਰ ਉਪਦੇਸ਼ ਕੰਨਾਂ ਨਾਲ ਸੁਣਿਆ ਹੈ। ਸਤਿਗੁਰੂ ਸਾਹਿਬ ਜੀ ਗੁਰਸਿੱਖ ਨੂੰ ਨਾਮ ਦ੍ਰਿੜ੍ਹ ਕਰਾ ਦਿੰਦੇ ਹਨ ਜਿਸ ਨਾਮ ਦੇ ਪ੍ਰਤਾਪ ਦਾ ਸਦਕਾ ਗੁਰਸਿੱਖ ਹਉਮੈ ਤੇ ਦੁਬਿਧਾ ਨੂੰ ਮੇਟ ਦਿੰਦੇ ਹਨ। ਹਜ਼ੂਰ ਕਥਨ ਕਰਦੇ ਹਨ :

ਪਉੜੀ ॥

*ਸੇ ਗੁਰਸਿਖ ਧਨੁ ਧੰਨੁ ਹੈ ਜਿਨੀ ਗੁਰ ਉਪਦੇਸੁ ਸੁਣਿਆ ਹਰਿ ਕੰਨੀ॥*
*ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ ਤਿਨਿ ਹੰਉਮੈ ਦੁਬਿਧਾ ਭੰਨੀ॥*
*ਬਿਨੁ ਹਰਿ ਨਾਵੈ ਕੋ ਮਿਤ੍ਰੁ ਨਾਹੀ ਵੀਚਾਰਿ ਡਿਠਾ ਹਰਿ ਜੰਨੀ॥*
*ਜਿਨਾ ਗੁਰਸਿਖਾ ਕਉ ਹਰਿ ਸੰਤੁਸਟੁ ਹੈ ਤਿਨੀ ਸਤਿਗੁਰ ਕੀ ਗਲ ਮੰਨੀ॥*
*ਜੋ ਗੁਰਮੁਖਿ ਨਾਮੁ ਧਿਆਇਦੇ ਤਿਨੀ ਚੜੀ ਚਵਗਣਿ ਵੰਨੀ॥ ੧੨ ॥*

(ਅੰਗ ੫੯੦)

ਭਾਈ ਸਾਹਿਬ ਭਾਈ ਗੁਰਦਾਸ ਜੀ ਵੀ ਉਨ੍ਹਾਂ ਗੁਰਸਿੱਖਾਂ ਤੋਂ ਸਦਕੇ ਜਾਂਦੇ ਹਨ ਜਿੰਨ੍ਹਾਂ ਨੇ ਗੁਰ ਉਪਦੇਸ਼ ਅਨੁਸਾਰ ਆਪਣਾ ਜੀਵਨ ਢਾਲਿਆ ਹੈ। ਅੰਮ੍ਰਿਤ ਵੇਲੇ ਜਾਗਣਾ, ਇਸ਼ਨਾਨ ਕਰਕੇ ਸੁਰਤ ਟਿਕਾ ਕੇ ਸਿਮਰਨ ਵਿਚ ਜੁੜਦੇ ਹਨ। ਸਾਧ ਸੰਗਤ ਵਿਚ ਜਾਕੇ ਗੁਰਬਾਣੀ ਪੜਦੇ ਹਨ :

*ਕੁਰਬਾਣੀ ਤਿਨ੍ਹਾਂ ਗੁਰਸਿਖਾਂ ਪਿਛਲ ਰਾਤੀ ਉਠਿ ਬਹੰਦੇ।*
*ਕੁਰਬਾਣੀ ਤਿਨ੍ਹਾਂ ਗੁਰਸਿਖਾਂ ਅੰਮ੍ਰਿਤ ਵੇਲੈ ਸਰਿ ਨਾਵੰਦੇ।*
*ਕੁਰਬਾਣੀ ਤਿਨ੍ਹਾਂ ਗੁਰਸਿਖਾਂ ਹੋਇ ਇਕ ਮਨਿ ਗੁਰ ਜਾਪੁ ਜਪੰਦੇ।*
*ਕੁਰਬਾਣੀ ਤਿਨ੍ਹਾਂ ਗੁਰਸਿਖਾਂ ਸਾਧਸੰਗਤ ਚਲਿ ਜਾਇ ਜੁੜੰਦੇ।*
*ਕੁਰਬਾਣੀ ਤਿਨ੍ਹਾਂ ਗੁਰਸਿਖਾਂ ਗੁਰਬਾਣੀ ਨਿਤਿ ਗਾਇ ਸੁਣੰਦੇ।*

*ਕੁਰਬਾਣੀ ਤਿਨ੍ਹਾਂ ਗੁਰਸਿਖਾਂ ਮਨਿ ਮੇਲੀ ਕਰਿ ਮੇਲਿ ਮਿਲੰਦੇ।*
*ਕੁਰਬਾਣੀ ਤਿਨ੍ਹਾਂ ਗੁਰਸਿਖਾਂ ਭਾਇ ਭਗਤਿ ਗੁਰਪੁਰਬ ਕਰੰਦੇ।*
*ਗੁਰ ਸੇਵਾ ਫਲੁ ਸੁਫਲ ਫਲੰਦੇ॥ ੨॥* (ਵਾਰ ੧੨, ਪਉੜੀ ੨)

ਭਾਈ ਗੁਰਦਾਸ ਜੀ ਨੇ ਇਕ ਕਬਿੱਤ ਅੰਦਰ ਗੁਰਸਿਖਾਂ ਪ੍ਰਤੀ ਆਪਣੀ ਕਿੰਨੀ ਸ਼ਰਧਾ ਪ੍ਰਗਟ ਕੀਤੀ ਹੈ :

***ਨਖ ਸਿਖ ਲਉ ਸਗਲ ਅੰਗਿ ਰੋਮ ਰੋਮ ਕਰਿ, ਕਾਟਿ ਕਾਟਿ ਸਿਖਨ ਕੇ ਚਰਨ ਪਰ ਵਾਰੀਐ॥***
***ਅਗਨਿ ਜਲਾਇ ਫੁਨਿ ਪੀਸਨ ਪੀਸਾਇ ਤਾਂਹਿ, ਲੈ ਉਡੈ ਪਵਨ ਹੋਇ ਅਨਿਕ ਪ੍ਰਕਾਰੀਐ॥***
***ਜਤ ਕਤ ਸਿਖ ਪਗ ਧਰੈ ਗੁਰ ਪੰਥ ਪ੍ਰਾਤ, ਤਾਹੂ ਤਾਹੂ ਮਾਰਗ ਮੈ ਭਸਮ ਕੈ ਡਾਰੀਐ॥***
***ਤਿਹ ਪਦ ਪਾਦਕ ਚਰਨ ਲਿਵ ਲਾਗੀ ਰਹੈ, ਦਇਆ ਕੈ ਦਯਾਲ ਮੋਹਿ ਪਤਿਤ ਉਧਾਰੀਐ॥ ੬੭੨॥***

ਭਾਈ ਗੁਰਦਾਸ ਜੀ ਨੇ ਗੁਰਸਿੱਖਾਂ ਦੇ ਸੰਬੰਧ ਵਿਚ ਆਪਣੀਆਂ ਵਾਰਾਂ ਅੰਦਰ ਕਿੰਨੀਆਂ ਹੀ ਪਉੜੀਆਂ ਉਚਾਰਨ ਕੀਤੀਆਂ ਹਨ। ਸਿੱਖਾਂ ਦੀ ਭਗਤ ਮਾਲਾ ਕਰਕੇ ਇਕ ਵਾਰ ਪ੍ਰਸਿੱਧ ਹੈ, ਜਿਸ ਦਾ ਟੀਕਾ ਸ਼ਹੀਦ ਭਾਈ ਮਨੀ ਸਿੰਘ ਜੀ ਨੇ ਕੀਤਾ ਹੈ। ਬਹੁਤ ਸਾਰੇ ਸਿੱਖਾਂ ਦੇ ਸੰਬੰਧ ਵਿਚ ਕਬਿੱਤ ਸਵੱਯੀਏ ਉਚਾਰਨ ਕੀਤੇ ਹਨ, ਜੋ ਵਿਸਥਾਰ ਤੋਂ ਡਰਦਿਆਂ ਇਥੇ ਨਹੀਂ ਦਿੱਤੇ।

***ਉਪਦੇਸੁ ਜਿ ਦਿਤਾ ਸਤਿਗੁਰੂ, ਸੋ ਸੁਣਿਆ ਸਿਖੀ ਕੰਨੇ॥***
***ਜਿਨ ਸਤਿਗੁਰ ਕਾ ਭਾਣਾ ਮੰਨਿਆ, ਤਿਨ ਚੜੀ ਚਵਗਣਿ ਵੰਨੇ॥***
***ਇਹ ਚਾਲ ਨਿਰਾਲੀ ਗੁਰਮੁਖੀ, ਗੁਰ ਦੀਖਿਆ ਸੁਣਿ ਮਨੁ ਭਿੰਨੇ॥ ੨੫॥***

(ਅੰਗ ੩੧੪)

ਐਸੇ ਕਰਣੀ ਕਮਾਈ ਕਰਨ ਵਾਲੇ ਅਤੇ ਗੁਰੂ ਦੇ ਹੁਕਮ ਅਨੁਸਾਰ ਚੱਲਣ ਵਾਲੇ ਗੁਰਸਿੱਖ ਨੂੰ ਗੁਰੂ ਰਾਮਦਾਸ ਜੀ ਨੇ ਕਿੰਨਾ ਸਤਿਕਾਰ ਦਿੱਤਾ ਹੈ "ਜਨੁ ਨਾਨਕ ਧੂੜਿ ਮੰਗੈ ਤਿਸੁ ਗੁਰਸਿਖ ਕੀ" ਕਿਹਾ ਹੈ ਅਤੇ ਗੁਰਸਿੱਖ ਨੂੰ ਸਤਿਕਾਰ ਦਿੰਦਿਆਂ ਭਾਈ ਗੁਰਦਾਸ ਜੀ ਨੇ ਇਸ ਤਰ੍ਹਾਂ ਕਥਨ ਕੀਤਾ ਹੈ :

***ਹਉ ਸਦਕੇ ਤਿਨ੍ਹਾਂ ਗੁਰਸਿਖਾਂ ਸਤਿਗੁਰ ਨੋ ਮਿਲਿ ਆਪੁ ਗਵਾਇਆ।***
***ਹਉ ਸਦਕੇ ਤਿਨ੍ਹਾਂ ਗੁਰਸਿਖਾਂ ਕਰਨਿ ਉਦਾਸੀ ਅੰਦਰਿ ਮਾਇਆ।***
***ਹਉ ਸਦਕੇ ਤਿਨ੍ਹਾਂ ਗੁਰਸਿਖਾਂ ਗੁਰਮਤਿ ਗੁਰਚਰਣੀ ਚਿਤੁ ਲਾਇਆ।***
***ਹਉ ਸਦਕੇ ਤਿਨ੍ਹਾਂ ਗੁਰਸਿਖਾਂ ਗੁਰ ਸਿਖ ਦੇ ਗੁਰਸਿਖ ਮਿਲਾਇਆ।***
***ਹਉ ਸਦਕੇ ਤਿਨ੍ਹਾਂ ਗੁਰਸਿਖਾਂ ਬਾਹਰਿ ਜਾਂਦਾ ਵਰਜਿ ਰਹਾਇਆ।***
***ਹਉ ਸਦਕੇ ਤਿਨ੍ਹਾਂ ਗੁਰਸਿਖਾਂ ਆਸਾ ਵਿਚਿ ਨਿਰਾਸੁ ਵਲਾਇਆ।***
***ਸਤਿਗੁਰ ਦਾ ਉਪਦੇਸ ਦ੍ਰਿੜਾਇਆ॥੬॥*** (ਵਾਰ ੧੨, ਪਉੜੀ ੬)

## ਸਾਖੀ—ਗੁਰੂ ਅਮਰਦਾਸ ਜੀ ਤੇ ਬਾਬਾ ਬੁੱਢਾ ਜੀ॥

ਤੀਸਰੇ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ, ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਓਟਿਆਂ ਦੀ ਓਟ, ਨਿਆਸਰਿਆਂ ਦੇ ਆਸਰੇ, ਸੱਚੇ ਜਗਤ ਗੁਰੂ, ਜਿਸ ਗੁਰੂ ਦੀ ਸਿਫ਼ਤ ਕਰਦਿਆਂ ਭੱਟਾਂ ਨੇ ਬਾਣੀ ਅੰਦਰ ਕਥਨ ਕੀਤਾ ਹੈ :

***ਭਲੇ ਅਮਰਦਾਸ ਗੁਣ ਤੇਰੇ, ਤੇਰੀ ਉਪਮਾ ਤੋਹਿ ਬਨਿ ਆਵੈ॥***

(ਅੰਗ ੧੩੯੬)

ਹਜ਼ੂਰ ਇਕ ਦਿਨ ਗੋਇੰਦਵਾਲ ਸਾਹਿਬ ਜੀ ਵਿਖੇ ਬੈਠੇ ਸੰਗਤ ਨੂੰ ਦਰਸ਼ਨ ਉਪਦੇਸ਼ ਬਖ਼ਸ਼ ਕੇ ਤਾਰ ਰਹੇ ਸਨ। ਬੇਅੰਤ ਸੰਗਤਾਂ ਗੁਰਦੇਵ ਦੇ ਦਰਸ਼ਨ ਕਰਕੇ ਅਤੇ ਉਪਦੇਸ਼ ਸੁਣ ਕੇ ਆਪਣਾ ਜੀਵਨ ਸਫਲਾ ਕਰ ਰਹੀਆਂ ਸਨ। ਸਤਿਗੁਰੂ ਸਾਹਿਬ ਜੀ ਦੇ ਦਰਸ਼ਨ ਪਰਸ਼ਨ ਦੀ ਮਹਿਮਾ ਭੱਟਾਂ ਨੇ ਸਵੱਈਆਂ ਅੰਦਰ ਇਸ ਤਰ੍ਹਾਂ ਕਥਨ ਕੀਤੀ ਹੈ :

***ਗੁਰੁ ਅਮਰਦਾਸੁ ਪਰਸੀਐ ਪੁਹਮਿ ਪਾਤਿਕ ਬਿਨਾਸਹਿ॥***
***ਗੁਰੁ ਅਮਰਦਾਸੁ ਪਰਸੀਐ ਸਿਧ ਸਾਧਿਕ ਆਸਾਸਹਿ॥***
***ਗੁਰੁ ਅਮਰਦਾਸੁ ਪਰਸੀਐ ਧਿਆਨੁ ਲਹੀਐ ਪਉ ਮੁਕਿਹਿ॥***
***ਗੁਰੁ ਅਮਰਦਾਸੁ ਪਰਸੀਐ ਅਭਉ ਲਭੈ ਗਉ ਚੁਕਿਹਿ॥***
***ਇਕੁ ਬਿੰਨਿ ਦੁਗਣ ਜੁ ਤਉ ਰਹੈ ਜਾ ਸੁਮੰਤ੍ਰਿ ਮਾਨਵਹਿ ਲਹਿ॥***
***ਜਾਲਪਾ ਪਦਾਰਥ ਇਤੜੇ ਗੁਰ ਅਮਰਦਾਸਿ ਡਿਠੈ ਮਿਲਹਿ॥੫॥੧੪॥***

(ਅੰਗ ੧੩੯੪)

ਜੈਸੀ ਜੈਸੀ ਭਾਵਨਾ ਕਰਕੇ ਗੁਰਸਿੱਖ ਦਰਸ਼ਨ ਕਰਦੇ ਸਨ, ਸਾਰਿਆਂ ਦੀਆਂ ਮਨੋ ਕਾਮਨਾਵਾਂ ਗੁਰਦੇਵ ਪੂਰੀਆਂ ਕਰਦੇ ਸਨ। ਐਸੇ ਸਮੇਂ ਸੰਗਤਾਂ ਦੇ ਬਹੁਤ ਸਾਰੇ ਇਕੱਠ ਵਿਚ ਸਿਆਣੇ-ਸਿਆਣੇ ਗੁਰਸਿੱਖਾਂ ਨੇ, ਜਿਨ੍ਹਾਂ ਵਿਚ ਬਾਬਾ ਬੁੱਢਾ ਜੀ ਮੁੱਖੀ ਸਨ, ਸਤਿਗੁਰੂ ਸਾਹਿਬ ਜੀ ਪਾਸ ਸਿੱਖੀ ਦੀ ਰਹਿਤ ਸੰਬੰਧੀ ਜਾਣਨ ਵਾਸਤੇ ਬੇਨਤੀ ਕੀਤੀ :

***ਇਕ ਦਿਨ ਸੰਗਤ ਸਤਿਗੁਰ ਪਾਸ। ਬੈਠੀ ਹੁਤੀ ਬ੍ਰਿੰਦ ਚਹੁ ਪਾਸ।***
***ਬੁਢੇ ਆਦਿਕ ਸਿੱਖ ਜੋ ਸਿਆਨੇ। ਹਿਤ ਬੂਝਨ ਕੇ ਬੈਨ ਬਖਾਨੇ॥੪੩॥***
***ਸਿਖੀ ਕੀ ਰਹਿਣੀ ਜਿਸ ਢਾਲ। ਸ੍ਰੀ ਮੁਖ ਤੇ ਅਬ ਕਹਹੁ ਕ੍ਰਿਪਾਲ।***
***ਜਿਸ ਮਹਿ ਸਿਖ ਬਰਤੈ ਗਤ ਲਹੈ। ਭਉਜਲ ਬਿਖੈ ਬਹੁਰ ਨਹਿ ਬਹੈ॥੪੪॥***

(ਗੁਰਪ੍ਰਤਾਪ ਸੂਰਜ ਗ੍ਰੰਥ, ਰਾਸਿ ੧, ਅੰਸੂ ੬੪)

ਗੁਰਸਿੱਖਾਂ ਸਮੇਤ ਬਾਬਾ ਜੀ ਨੇ ਬੇਨਤੀ ਕੀਤੀ : ਕਿਰਪਾ ਕਰੋ, ਸਿੱਖੀ ਦੀ ਰਹਿਣੀ ਸਾਨੂੰ ਦੱਸ ਦਿਉ, ਜਿਸ ਨੂੰ ਧਾਰਣ ਕਰਕੇ ਅਸੀਂ ਪੂਰਨ ਰੂਪ ਵਿਚ ਸਿੱਖੀ ਕਮਾ ਸਕੀਏ ਅਤੇ ਜਿਸ ਕਰਕੇ ਮੁੜ ਜੰਮਣ ਮਰਨ ਦੇ ਚੱਕਰ ਵਿਚ ਨਾ ਪੈਣਾ ਪਵੇ, ਇਸ ਚਉਰਾਸੀ ਦੇ ਗੇੜ ਵਿਚੋਂ ਨਿਕਲ ਜਾਈਏ। ਸਿੱਖਾਂ ਦੀ ਬੇਨਤੀ ਸੁਣ ਕਰਿ, ਚੰਦਰਮਾ ਜੈਸੇ ਮੁੱਖ ਤੋਂ ਹਜ਼ੂਰ ਨੇ ਕਿਰਪਾ ਕਰਕੇ ਅੰਮ੍ਰਿਤ ਵਰਗੇ ਬਚਨਾਂ ਰਾਹੀਂ ਉਪਦੇਸ਼ ਬਖ਼ਸ਼ਿਆ :

***ਸੁਨਿ ਸਸਿ ਮੁਖ ਤੇ ਸੁਧਾ ਸਮਾਨੀ। ਸਤਿਗੁਰ ਕਰਣਾ ਕਰੀ ਬਖਾਨੀ।***
***ਗੁਰੂ ਬਾਕ ਦ੍ਰਿੜ ਜਿਨ ਕਰਿ ਮਾਨੇ। ਸੋ ਮਮ ਪਯਾਰੋ ਸਿੱਖਯ ਮਹਾਨੇ॥੪੨॥***

ਗੁਰੂ ਅਮਰਦਾਸ ਜੀ ਕਿਰਪਾ ਕਰਕੇ ਕਹਿਣ ਲਗੇ, ਹੇ ਗੁਰਸਿੱਖੋ! ਜੋ ਗੁਰੂ ਕੇ ਬਚਨ ਉਪਦੇਸ਼ ਨੂੰ ਦ੍ਰਿੜ੍ਹ ਕਰਕੇ ਮੰਨਦਾ ਹੈ, ਉਹ ਮੇਰਾ ਪਿਆਰਾ ਸਿਖ ਹੈ।

ਹੁਣ ਹਜ਼ੂਰ ਉਪਦੇਸ਼ ਬਖ਼ਸ਼ਦੇ ਹਨ : ਪਹਿਲਾਂ ਇਸ਼ਨਾਨ ਕਰਨਾ ਹੈ। ਫੇਰ ਇਕਾਂਤ ਵਿਚ ਚੌਂਕੜਾ ਮਾਰ ਕੇ ਗੁਰੂ ਸਰੂਪ ਦਾ ਧਿਆਨ ਧਰ ਕੇ ਸਿਮਰਨ ਕਰਨਾ ਹੈ। ਸ਼ਬਦ ਵਿਚ ਸੁਰਤ ਨੂੰ ਜੋੜ ਕੇ ਗੁਰਬਾਣੀ ਮਨ ਅੰਦਰ ਵਿਚਾਰੇ, ਸ਼ਬਦ ਵਿਚ ਸੁਰਤ ਨੂੰ ਜੋੜ ਕੇ ਗੁਰਬਾਣੀ ਅਭਿਆਸ ਕਰਦਾ ਰਹੇ।

***ਜਾਗਹਿ ਜਾਮ ਜਾਮਨੀ ਰਹੇ। ਮੱਜਨ ਕਰਿ ਇਕੰਤ ਹੁਇ ਬਹੇ।***
***ਮੋਰਿ ਸੂਰਪ ਰਿਦੇ ਮੋਂ ਧਾਰੇ। ਗੁਰਬਾਨੀ ਕੋ ਰਿਦੈ ਬਿਚਾਰੇ॥ ੪੬॥***
***ਮਨ ਦ੍ਰਿੜ ਕਰਿ ਕੈ ਸੁਰਤਿ ਟਿਕਾਵੈ। ਪ੍ਰਾਤਿ ਹੋਤਿ ਲੌ ਨਾਮ ਅਲਾਵੈ।***
***ਧਰਮ ਕਿਰਤ ਕਰਿ ਸੰਤਨ ਸੇਵੈ। ਪਰ ਤ੍ਰਿਯ ਪਰ ਧਨ ਕਬਹੁ ਨ ਲੇਵੈ॥੪੭॥***

ਸਿੱਖੀ ਦੀ ਰਹਿਤ ਦੱਸਦਿਆਂ ਹਜ਼ੂਰ ਨੇ ਕਿਹਾ ਕਿ ਕਿਸੇ ਦੀ ਨਿੰਦਿਆ ਨਹੀਂ ਕਰਨੀ, ਪਰਾਇਆ ਧਨ ਤੇ ਪਰਾਈ ਇਸਤਰੀ ਦਾ ਸੰਗ ਨਹੀਂ ਕਰਨਾ ਅਤੇ ਝੂਠ ਨਹੀਂ ਬੋਲਣਾ, ਹਮੇਸ਼ਾਂ ਸੱਚ ਬੋਲਣਾ ਹੈ। ਪ੍ਰਮੇਸ਼ਰ ਦਾ ਭਾਣਾ ਮਿੱਠਾ ਕਰਕੇ ਮੰਨਣਾ ਹੈ। ਪ੍ਰਮੇਸ਼ਰ ਵਿਚ ਕਦੇ ਦੋਸ਼ ਨਹੀਂ ਅਰੋਪਨਾ, ਦੋਸ਼ ਆਪਣੇ ਨਿਸ਼ਚੇ ਕਰਨੇ ਹਨ। ਕਾਮ, ਕਰੋਧ, ਲੋਭ, ਮੋਹ, ਹੰਕਾਰ ਆਦਿ ਵਿਕਾਰ ਤਿਆਗਣੇ ਹਨ। ਗੁਰੂ ਸੇਵਾ ਸਿਮਰਨ ਤੇ ਗੁਰਬਾਣੀ ਪੜ੍ਹਦੇ ਸੁਣਦੇ ਰਹਿਣਾ ਹੈ।

***ਪ੍ਰਮੇਸੁਰ ਕੋ ਭਾਣਾ ਮਾਨਹਿ। ਨਹੀ ਦੋਸ਼ ਪ੍ਰਭੁ ਮਹਿ ਕਬਿ ਠਾਨਹਿ।***
***ਆਛੋ ਜਾਨ ਮੁਦਤਿ ਚਿਤ ਰਹੈ। ਤਨ ਹੰਤਾ ਕੋ ਨਿਤਿ ਪ੍ਰਤਿ ਦਹੈ॥ ੫੦॥***

(ਗੁਰਪ੍ਰਤਾਪ ਸੂਰਜ ਗ੍ਰੰਥ, ਰਾਸਿ ੧, ਅੰਸੂ ੬੪)

ਇਸ ਤਰ੍ਹਾਂ ਜੋ ਉਪਦੇਸ਼ ਗੁਰੂ ਸਾਹਿਬ ਜੀ ਨੇ ਦਿੱਤਾ, ਸਾਰੇ ਗੁਰਸਿੱਖਾਂ ਨੇ ਸੁਣ ਕੇ ਅਤੇ ਮੰਨਣ ਕਰਕੇ ਗੁਰਸਿੱਖੀ ਦੀ ਰਹਿਤ ਨੂੰ ਪੂਰਨ ਰੂਪ ਵਿਚ ਕਮਾਇਆ। ਜਿਸ ਦਾ ਜ਼ਿਕਰ ਕਵੀ ਸੰਤੋਖ ਸਿੰਘ ਜੀ ਨੇ ਇਸ ਤਰ੍ਹਾਂ ਕੀਤਾ ਹੈ। ਆਉ ਅਸੀਂ ਭੀ ਇਸ ਉਪਦੇਸ਼ ਅਨੁਸਾਰ ਗੁਰਸਿੱਖੀ ਦੀ ਰਹਿਤ ਧਾਰ ਅਰਿ ਕਮਾ ਕੇ ਲੋਕ ਸੁੱਖੀ ਪ੍ਰਲੋਕ ਸੁਹੇਲੇ ਹੋਈਏ :

***ਇਮਿ ਗੁਰ ਕਹੀ, ਸੁਨੀ ਦੈ ਕਾਨ। ਗੁਰ ਸਿੱਖਯਾ ਸਿਖਯਨ ਸੁਖਦਾਨ।***
***ਧਰੀ ਰਿਦੇ ਮਹਿ ਜੇ ਬਡਿ ਭਾਗੀ। ਸੱਤਯ ਨਾਮੁ ਜਪਿਬੇ ਲਿਵ ਲਾਗੀ॥੫੬॥***

(ਗੁਰਪ੍ਰਤਾਪ ਸੂਰਜ ਗ੍ਰੰਥ, ਰਾਸਿ ੧, ਅੰਸੂ ੬੪)

ਬਾਬਾ ਬੁੱਢਾ ਜੀ ਦੀ ਸਾਖੀ ੪੭ ਨੰਬਰ ਮੁਖਵਾਕ ਅੰਦਰ ਪੜ੍ਹੋ, ਉਹ ਭੀ ਇਥੇ ਸੁਣਾਈ ਜਾ ਸਕਦੀ ਹੈ।

## ਸਿੱਖ ਰਹਿਤ ਮਰਯਾਦਾ ਅਨੁਸਾਰ :

ਸਿੱਖ ਦੀ ਤਾਰੀਫ਼' (ਪੰਨਾ ੯) ਉਪਰ ਅੰਕਿਤ ਹੈ ਕਿ ਜਿਹੜਾ ਸਿੱਖ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿਖਿਆ ਅਤੇ ਦਸਮੇਸ਼ ਜੀ ਦੇ ਅੰਮ੍ਰਿਤ ਉੱਤੇ ਨਿਸ਼ਚਾ ਰੱਖਦਾ ਹੈ ਅਤੇ ਹੋਰ ਕਿਸੇ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਅੰਮ੍ਰਿਤਧਾਰੀ ਸਿੰਘ ਨੂੰ ਵੀ ਸਿੱਖ ਕਿਹਾ ਗਿਆ ਹੈ। ਅਸਲ ਵਿਚ ਵਿਚਾਰਨ ਤੋਂ ਸਮਝ ਪੈਂਦੀ ਹੈ ਕਿ ਗੁਰੂ ਕਾਲ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਤੱਕ ਚਰਨ ਪਾਹੁਲੀ ਗੁਰੂ ਕਾ ਸਿੱਖ ਹੋਇਆ ਹੈ, ਜਿਸ ਦੀ ਸਾਖ ਭਾਈ ਗੁਰਦਾਸ ਨੇ ਭਰੀ ਹੈ "ਚਰਨ ਧੋਇ ਰਹਰਾਸਿ ਕਰਿ ਚਰਣਾਮ੍ਰਿਤੁ ਸਿਖਾਂ ਪੀਲਾਇਆ॥" ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਸਮੇਂ ਅਤੇ ਵਰਤਮਾਨ ਸਮੇਂ ਅੰਦਰ ਖ਼ਾਲਸਾ ਸਾਜਨ ਸਮੇਂ ਤੋਂ ਉਪਰੰਤ ਵਰਤਮਾਨ ਤੱਕ ਅਤੇ ਭਵਿੱਖਤ ਕਾਲ ਅੰਦਰ ਅੰਮ੍ਰਿਤਧਾਰੀ ਰਹਿਤਵਾਨ ਸਿੰਘ ਹੀ ਗੁਰੂ ਕਾ ਅਸਲ 'ਸਿੱਖ' ਹੈ। ਗੁਰ ਇਤਿਹਾਸ ਅਤੇ ਦਸਮੇਸ਼ ਜੀ ਦੀ ਬਾਣੀ ਅਤੇ ਰਹਿਤਨਾਮਿਆਂ ਅੰਦਰ ਵੀ ਅੰਮ੍ਰਿਤਧਾਰੀ ਸਿੰਘ ਨੂੰ ਸਿੱਖ ਨਾਮ ਨਾਲ ਸਿਖਿਆ ਦਿੱਤੀ ਗਈ ਹੈ :

***੧ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ॥ ਸ੍ਰੀ ਮੁਖਵਾਕ ਪਾਤਸਾਹੀ ੧੦॥***
***ਨਿਸ਼ਾਨੇ ਸਿਖੀ ਪੰਜ ਹਰਫ਼ ਅਸਤ ਕਾਫ਼॥ ਹਰਗਿਜ਼ ਨ ਬਾਸ਼ਦ ਅਜੀ ਪੰਜ ਮੁਆਫ਼॥੧॥***
***ਕੜਾ ਕਾਰਦੋ ਕਛ ਕੰਘੇ ਬਿਦਾਂ॥ ਬਿਲਾ ਕੇਸ ਹੇਚ ਅਸਤ ਜੁਮਲੋ ਨਿਸ਼ਾਂ॥ ੨॥***

ਆਉ, ਅੱਗੇ ਇਤਿਹਾਸ ਤੇ ਰਹਿਤਨਾਮਿਆਂ ਅਨੁਸਾਰ ਵਿਚਾਰੀਏ :

***ਸਿੱਖ ਹੋਇ ਸਿਰ ਟੋਪੀ ਧਰੈ॥ ਸਾਤ ਜਨਮ ਕੁਸਟੀ ਹੋਇ ਮਰੈ॥***

ਇਸੇ ਪ੍ਰਕਾਰ ਅੱਗੇ ਸਿੱਖ ਦੀ ਰਹਿਤ ਦੱਸਦਿਆਂ ਬਚਨ ਕਹੇ ਹਨ :

***ਸੁਣ ਗੁਰਸਿਖ ਕੀ ਰਹਿਤ ਇਹ ਤਜੇ ਤਮਾਕੂ ਸੰਗ॥***
***ਮਰਨੀ ਮਰੈ ਤੌ ਅਤਿ ਭਲਾ ਜਗਤ ਜੂਠ ਨਹਿ ਅੰਗ॥***

(ਅਥਵਾ)

***ਰਹਿਣੀ ਰਹੈ ਸੋਈ ਸਿਖੀ ਮੇਰਾ॥ ਉਹ ਸਾਹਿਬ ਮੈ ਉਸ ਕਾ ਚੇਰਾ॥***

## ਵਿਸ਼ਾ— ਸਿੰਘ ਕਿਸ ਨੂੰ ਕਹਿੰਦੇ ਹਨ ?

ਸਿੱਖ ਸ਼ਬਦ ਦੀ ਪਰਿਭਾਸ਼ਾ ਚੰਗੀ ਤਰ੍ਹਾਂ ਨਾਲ ਆਪ ਜੀ ਨੇ ਸਮਝ ਲਈ ਹੈ। ਪਹਿਲੇ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸਵੇਂ ਗੁਰੂ ਸਾਹਿਬ ਜੀ ਤੱਕ ਸੰਨ ੧੬੯੯ ਦੀ ਵਿਸਾਖੀ ਤੋਂ ਪਹਿਲਾਂ ਦਸਾਂ ਗੁਰੂ ਸਾਹਿਬਾਨਾਂ ਦੇ ਉਪਦੇਸ਼ ਨੂੰ ਪ੍ਰਾਪਤ ਕਰਕੇ ਸਮੇਂ-ਸਮੇਂ ਪੂਰਨ ਰੂਪ ਵਿਚ ਸਿੱਖੀ ਕਮਾਉਣ ਵਾਲੇ ਗੁਰੂ ਕੇ ਪਿਆਰੇ "ਗੁਰ ਸਿੱਖ" ਸਦਾਉਂਦੇ ਸਨ। ਸੰਨ ੧੬੯੯ ਦੀ ਵਿਸਾਖੀ ਨੂੰ ਦਸਮੇਸ਼ ਪਿਤਾ ਸਤਿਗੁਰੂ ਸਾਹਿਬ ਜੀ ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਜੀ ਦੀ ਪਵਿੱਤਰ ਧਰਤੀ 'ਤੇ, ਸ੍ਰੀ ਅਨੰਦਪੁਰ ਸਾਹਿਬ ਜੀ ਵਿਖੇ ਪੰਜ ਬਾਣੀਆਂ ੧. ਸ੍ਰੀ ਜਪੁ ਜੀ ਸਹਿਬ, ੨. ਸ੍ਰੀ ਜਾਪੁ ਸਾਹਿਬ, ੩. ਸੁਧਾ ਸਵੱਈਏ, ੪. ਚੌਪਈ ਸਾਹਿਬ, ੫. ਅਨੰਦ ਸਾਹਿਬ ਦਾ ਸੰਪੂਰਨ ਪਾਠ ਕਰਕੇ, ਸਰਬ ਲੋਹ ਦੇ ਬਾਟੇ ਵਿਚ ਜਲ ਪਾ ਕੇ ਵਿਚ ਦੋ ਧਾਰਾ ਖੰਡਾ ਫੇਰਦਿਆਂ ਅੰਮ੍ਰਿਤ ਤਿਆਰ ਕੀਤਾ। ਪੰਜਾਂ ਸਿੱਖਾਂ ੧. ਭਾਈ ਦਇਆ ਰਾਮ ਜੀ ਖੱਤਰੀ ਸਨ ੨. ਭਾਈ ਧਰਮ ਚੰਦ ਜੀ ਜੱਟ ਸਨ ੩. ਭਾਈ ਹਿੰਮਤ ਰਾਇ ਜੀ ਝਿਉਰ ਸਨ ੪. ਭਾਈ ਮੋਹਕਮ ਚੰਦ ਜੀ ਛੀਂਬਾ ਸਨ ੫. ਭਾਈ ਸਾਹਿਬ ਚੰਦ ਜੀ ਨਾਈ ਸਨ। ਇਨ੍ਹਾਂ ਪੰਜਾਂ ਸਿੱਖਾਂ ਨੇ ਵੱਖ-ਵੱਖ ਸਮੇਂ ਗੁਰੂ ਸਾਹਿਬਾਂ ਤੋਂ ਉਪਦੇਸ਼ ਲੈ ਕੇ ਸਿੱਖੀ ਧਾਰਨ ਕੀਤੀ ਸੀ। ਸੰਮਤ ਬਿਕ੍ਰਮੀ ੧੭੫੬, ਸੰਨ ੧੬੯੯ ਦੀ ਵਿਸਾਖੀ ਨੂੰ ਅੰਮ੍ਰਿਤ ਤਿਆਰ ਕਰਨ ਸਮੇਂ ਦਸਮੇਸ਼ ਗੁਰੂ ਜੀ ਨੇ ਨੰਗੀ ਤਲਵਾਰ ਕੱਢ ਕੇ ਭਰੇ ਇਕੱਠ ਵਿਚ ਪੰਜ ਸਿੱਖਾਂ ਦੇ ਸਿਰਾਂ ਦੀ ਮੰਗ ਕੀਤੀ ਤਾਂ ਉਸ ਸਮੇਂ ਵਾਰੀ-ਵਾਰੀ ਇਹ ਪੰਜੇ ਸਿੱਖ ਹਾਜ਼ਰ ਹੋਇ ਸਨ। ਗੁਰਦੇਵ ਨੇ ਪੰਜਾਂ ਦੇ ਸੀਸ ਕਲਮ ਕੀਤੇ ਅਤੇ ਪੰਜਾਂ ਨੂੰ ਦੁਬਾਰਾ ਜੀਵਨ ਦਾਨ ਬਖ਼ਸ਼ਿਆ। ਇਨ੍ਹਾਂ ਪੰਜਾਂ ਨੂੰ ਪੰਜ ਕਕਾਰੀ ਰਹਿਤ ਧਾਰਨ ਕਰਾਈ ਤੇ ਅੰਮ੍ਰਿਤ ਛਕਾਇਆ ਅਤੇ ਮੂਲ ਮੰਤਰ ਗੁਰ ਮੰਤਰ ਤੇ ਨਿਤਨੇਮ ਦੀਆਂ ਬਾਣੀਆਂ ਦੱਸੀਆਂ। ਪੰਜ ਕਕਾਰੀ ਰਹਿਤ ਅਤੇ ਚਾਰ ਬੱਜਰ ਕੁਰਹਿਤਾਂ ਦੱਸ ਕੇ ਸਭ ਤੋਂ ਪਹਿਲਾਂ ਇਨ੍ਹਾਂ ਪੰਜਾਂ ਸਿੱਖਾਂ ਨੂੰ "ਸਿੰਘ" ਤੇ ਪਿਆਰੇ ਸ਼ਬਦ ਦਾ ਸਤਿਕਾਰ ਦਿੱਤਾ।

੧. ਪਿਆਰੇ ਦਇਆ ਸਿੰਘ ਜੀ ੨. ਪਿਆਰੇ ਧਰਮ ਸਿੰਘ ਜੀ ੩. ਪਿਆਰੇ ਹਿੰਮਤ ਸਿੰਘ ਜੀ ੪. ਪਿਆਰੇ ਮੋਹਕਮ ਸਿੰਘ ਜੀ ੫. ਪਿਆਰੇ ਸਾਹਿਬ ਸਿੰਘ ਜੀ, ਇਨ੍ਹਾਂ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਦਸਮੇਸ਼ ਗੁਰੂ ਜੀ ਨੇ ਆਪ ਛਕਿਆ। ਅੰਮ੍ਰਿਤ ਛੱਕ ਕੇ ਗੁਰੂ ਗੋਬਿੰਦ ਰਾਇ ਤੋਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਬਣੇ ਸਨ। ਅੱਜ ਵੀ ਕੋਈ ਮਨੁੱਖ ਪੰਜ ਪਿਆਰਿਆਂ ਪਾਸੋਂ ਅੰਮ੍ਰਿਤ ਛੱਕ ਕੇ ਰਹਿਤ ਦਾ ਧਾਰਣੀ ਬਣ ਕੇ ਹੀ "ਸਿੰਘ" ਬਣ ਸਕਦਾ ਹੈ। ਗੁਰੂ ਕਾ ਸਿੱਖ ਅਖਵਾਉਣ ਵਾਲੇ ਹਰਿ ਮਨੁੱਖ ਮਾਤਰ ਨੂੰ ਅੰਮ੍ਰਿਤ ਛੱਕਣਾ ਬਹੁਤ ਜ਼ਰੂਰੀ ਹੈ।

***ਯਹੀ ਮੋਰ ਆਗਿਆ ਸੁਨੋ ਸਿੰਘ ਪਿਆਰੇ॥***
***ਬਿਨਾ ਕਛ ਕੇਸੰ ਨਾ ਦੇਉ ਦਿਦਾਰੇ॥***

ਕਲਗੀਧਰ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਖ਼ਾਲਸੇ ਨੂੰ ਆਪਣਾ ਸਰੂਪ ਬਖ਼ਸ਼ਿਸ਼ ਕੀਤਾ ਹੈ। ਇਸ ਸੰਬੰਧ ਵਿਚ ਕਵੀ ਸੈਨਾਪਤਿ ਜੀ ਨੇ ਇਸ ਤਰ੍ਹਾਂ ਲਿਖਿਆ ਹੈ ਜੋ ਬਾਅਦ ਵਿਚ ਅੰਮ੍ਰਿਤਪਾਨ ਕਰਕੇ ਕਵੀ

ਸੈਨਾ ਸਿੰਘ ਜੀ ਬਣੇ ਸਨ, ਆਪ ਜੀ ਸ੍ਰੀ ਗੁਰੂ ਸ਼ੋਭਾ ਵਿਚ ਲਿਖਦੇ ਹਨ ਕਿ ਇਕ ਵਾਰ ਸਿੰਘਾਂ ਨੇ ਦਸਮੇਸ਼ ਪਿਤਾ ਜੀ ਨੂੰ ਪੁੱਛਿਆ ਕਿ ਤੁਸੀਂ ਆਪਣਾ ਸਰੂਪ ਕਿਸ ਨੂੰ ਬਖ਼ਸ਼ਿਆ ਹੈ :

ਚੌਪਈ–

*ਏਕ ਦਿਵਸ ਕਾਰਨ ਤੇ ਆਗੇ॥*
*ਮਿਲਿ ਕੈ ਸਿੰਘ ਪੂਛਨੈ ਲਾਗੇ॥*
*ਕਵਨ ਰੂਪ ਆਪਨ ਪ੍ਰਭ ਕੀਨੋ॥*
*ਤਿਨ ਕੋ ਜਵਾਬ ਭਾਂਤਿ ਇਹ ਦੀਨੋ॥*
*ਖਾਲਸੇ ਹੀ ਸੋ ਹੈ ਮਮ ਕਾਮਾ॥*
*ਬਖ਼ਸ ਦੀਯੋ ਖਾਲਸੇ ਕੋ ਜਾਮਾ॥*
*ਖਾਲਸਾ ਮੇਰੋ ਰੂਪ ਹੈ, ਹਉ ਖਾਲਸੇ ਕੇ ਪਾਸ॥*
*ਆਦਿ ਅੰਤ ਹੀ ਹੋਤ ਹੈ, ਖ਼ਾਲਸੇ ਹੀ ਮਹਿ ਬਾਸ॥*

(ਸ੍ਰੀ ਗੁਰ ਸੋਭਾ)

*ਪ੍ਰਥਮ ਰਹਿਤ ਯਹ ਜਾਨ ਖੰਡੇ ਕੀ ਪਾਹੁਲ ਛਕੇ॥*
*ਸੋਈ ਸਿੰਘ ਪ੍ਰਧਾਨ ਅਵਰ ਨਾ ਪਾਹੁਲ ਜੋ ਲਏ॥*

(ਰਹਿਤਨਾਮਾ ਭਾਈ ਦੇਸਾ ਸਿੰਘ ਜੀ)

*ਧਰਹਿ ਕੇਸ ਪਾਹੁਲ ਬਿਨਾ, ਭੇਖੀ ਮੂੜਾ ਸਿਖ॥*
*ਮੇਰੋ ਦਰਸਨ ਨਾਹਿ ਤਿਸ, ਪਾਪੀ ਤਿਆਗੈ ਭਿਖਿ॥*

(ਰਹਿਤਨਾਮਾ ਭਾਈ ਸਾਹਿਬ ਸਿੰਘ ਜੀ)

*ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ॥*
*ਪ੍ਰਭ ਮਹਿ ਮੋ ਮਹਿ ਤਾਸ ਮਹਿ ਰੰਚਕ ਨਾਹਿਨ ਭੇਵ॥*

ਕਲਗੀਧਰ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਬਦ ਗੁਰੂ ਦੇ ਲੜ ਲਾ ਕੇ ਨਾਂਦੇੜ ਦੀ ਧਰਤੀ ਸ੍ਰੀ ਹਜ਼ੂਰ ਸਾਹਿਬ ਵਿਖੇ ਸਮੁਚੇ ਸਿੱਖਾਂ ਨੂੰ ਹੁਕਮ ਕੀਤਾ ਜੋ ਆਪਾਂ ਅਰਦਾਸ ਸਮੇਂ ਹਰਿ ਰੋਜ਼ ਪੜ੍ਹਦੇ ਹਾਂ :

*ਆਗਿਆ ਭਈ ਅਕਾਲ ਕੀ ਤਬੀ ਚਲਾਯੋ ਪੰਥ॥*
*ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਯੋ ਗ੍ਰੰਥ॥*
*ਗੁਰੂ ਗ੍ਰੰਥ ਜੀ ਮਾਨਿਯੋ ਪ੍ਰਗਟ ਗੁਰਾਂ ਕੀ ਦੇਹ॥*
*ਜੋ ਪ੍ਰਭ ਕੋ ਮਿਲਯੋ ਚਹੈ ਖੋਜ ਸਬਦ ਮੇਂ ਲੇਹ॥*

(ਸ੍ਰੀ ਗੁਰੂ ਪੰਥ ਪ੍ਰਕਾਸ਼)

**ਸੋਰਠਿ ਮਹਲਾ ੩ ॥ ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥ ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥ ਬਿਨੁ ਸਤਿਗੁਰ ਸੁਖੁ ਕਦੇ ਨ ਪਾਵੈ ਭਾਈ ਫਿਰਿ ਫਿਰਿ ਪਛੋਤਾਵੈ ॥ ੧ ॥ ਹਰਿ ਕੇ ਦਾਸ ਸੁਹੇਲੇ ਭਾਈ ॥ ਜਨਮ ਜਨਮ ਕੇ ਕਿਲਬਿਖ ਦੁਖ ਕਾਟੇ ਆਪੇ ਮੇਲਿ ਮਿਲਾਈ ॥ ਰਹਾਉ ॥ ਇਹੁ ਕੁਟੰਬੁ ਸਭੁ ਜੀਅ ਕੇ ਬੰਧਨ ਭਾਈ ਭਰਮਿ ਭੁਲਾ ਸੈਂਸਾਰਾ ॥ ਬਿਨੁ ਗੁਰ ਬੰਧਨ ਟੂਟਹਿ ਨਾਹੀ ਗੁਰਮੁਖਿ ਮੋਖ ਦੁਆਰਾ ॥ ਕਰਮ ਕਰਹਿ ਗੁਰ ਸਬਦੁ ਨ ਪਛਾਣਹਿ ਮਰਿ ਜਨਮਹਿ ਵਾਰੋ ਵਾਰਾ ॥ ੨ ॥ ਹਉ ਮੇਰਾ ਜਗੁ ਪਲਚਿ ਰਹਿਆ ਭਾਈ ਕੋਇ ਨ ਕਿਸ ਹੀ ਕੇਰਾ ॥ ਗੁਰਮੁਖਿ ਮਹਲੁ ਪਾਇਨਿ ਗੁਣ ਗਾਵਨਿ ਨਿਜ ਘਰਿ ਹੋਇ ਬਸੇਰਾ ॥ ਐਥੈ ਬੂਝੈ ਸੁ ਆਪੁ ਪਛਾਣੈ ਹਰਿ ਪ੍ਰਭੁ ਹੈ ਤਿਸੁ ਕੇਰਾ ॥ ੩ ॥ ਸਤਿਗੁਰੂ ਸਦਾ ਦਇਆਲੁ ਹੈ ਭਾਈ ਵਿਣੁ ਭਾਗਾ ਕਿਆ ਪਾਈਐ ॥ ਏਕ ਨਦਰਿ ਕਰਿ ਵੇਖੈ ਸਭ ਊਪਰਿ ਜੇਹਾ ਭਾਉ ਤੇਹਾ ਫਲੁ ਪਾਈਐ ॥ ਨਾਨਕ ਨਾਮੁ ਵਸੈ ਮਨ ਅੰਤਰਿ ਵਿਚਹੁ ਆਪੁ ਗਵਾਈਐ ॥ ੪ ॥ ੬ ॥**

(ਅੰਗ ੬੦੧)

## ਪਦ ਅਰਥ :

ਸੋ-ਉਹ ਮਨੁੱਖ। ਸਖਾ-ਮਿੱਤਰ। ਬੰਧਪੁ-ਸੰਬੰਧੀ, ਰਿਸ਼ਤੇਦਾਰ। ਜਿ-ਜਿਹੜਾ। ਗੁਰ ਕੇ-ਗੁਰੂ ਦੇ। ਭਾਣੈ-ਹੁਕਮ, ਆਗਿਆ, ਮਰਜ਼ੀ ਅਨੁਸਾਰ। ਵਿਛੁੜਿ-ਵਿਛੜ ਕੇ। ਸੁਹੇਲੇ-ਸੁੱਖੀ। ਕਿਲਬਿਖ-ਪਾਪ। ਰਹਾਉ। ਕੁਟੰਬੁ-ਪਰਵਾਰ। ਸਭੁ-ਸਾਰਾ। ਜੀਅ ਕੇ ਬੰਧਨ-ਜੀਵ ਦੇ ਲਈ ਬੰਧਨ ਹੈ। ਵਾਰੋ ਵਾਰਾ-ਮੁੜ ਮੁੜ।੨। ਹਉ-ਮੈਂ (ਵੱਡਾ ਹਾਂ)। ਮੇਰਾ-(ਇਹ ਧਨ ਪਦਾਰਥ) ਮੇਰਾ ਹੈ। ਪਲਚਿ ਰਹਿਆ-ਫਸ ਰਿਹਾ, ਉਲਝ ਰਿਹਾ ਹੈ। ਮਹਲੁ (ਸੱਚ ਖੰਡ ਰੂਪ) ਮਹੱਲ, ਪ੍ਰਮਾਤਮਾ ਦੀ ਹਜ਼ੂਰੀ। ਪਾਇਨਿ-ਪਾ ਲੈਂਦੇ ਹਨ। ਨਿਜ ਘਰਿ-ਸਰੂਪ ਰੂਪੀ ਆਪਣੇ ਘਰ ਵਿਚ। ਐਥੈ-ਇਸ (ਮਨੁੱਖਾ ਜਨਮ) ਵਿਚ ।੩। ਦਇਆਲੁ-ਦਇਆ ਦਾ ਘਰ। ਭਾਗਾ-ਚੰਗੀ ਕਿਸਮਤ। ਭਾਉ-ਭਾਵਨਾ, ਨੀਅਤ, ਪ੍ਰੇਮ। ਆਪੁ-ਆਪਾ ਭਾਵ, ਹੰਕਾਰ।੪।

## ਅਰਥ :

ਹੇ ਭਾਈ! ਉਹ ਹੀ (ਗੁਰੂ ਕਾ) ਸਿੱਖ ਸਖਾ=ਮਿੱਤਰ (ਅਤੇ) ਸੰਬੰਧੀ ਰਿਸ਼ਤੇਦਾਰ ਹੈ, ਜਿਹੜਾ ਗੁਰੂ ਦੇ ਹੁਕਮ, (ਅਤੇ) ਆਗਿਆ ਵਿਚ ਚੱਲਦਾ ਹੈ। ਜੋ (ਮਨੁੱਖ) ਆਪਣੀ ਮਰਜ਼ੀ ਅਨੁਸਾਰ ਚੱਲਦਾ ਹੈ, ਉਹ (ਪ੍ਰਭੂ ਪ੍ਰਮਾਤਮਾ ਤੋਂ) ਵਿਛੜ ਕੇ ਦੁੱਖ ਪਾਉਂਦਾ ਹੈ। ਹੇ ਭਾਈ! ਸਤਿਗੁਰੂ (ਸਾਹਿਬ ਜੀ ਦੀ ਸ਼ਰਣ ਪਏ ਤੋਂ)

ਬਿਨਾਂ (ਉਹ ਮਨੁੱਖ) ਕਦੇ ਵੀ ਸੁੱਖ ਨਹੀਂ ਪਾ ਸਕਦਾ, (ਅਤੇ ਉਹ) ਮੁੜ ਮੁੜ ਕੇ (ਦੁੱਖੀ ਹੋ ਕੇ) ਪਛੋਤਾਉਂਦਾ ਹੈ। ੧। ਹੇ ਭਾਈ! ਵਾਹਿਗੁਰੂ ਜੀ ਦੇ ਸੇਵਕ (ਸਦਾ) ਸੁੱਖੀ ਰਹਿੰਦੇ ਹਨ। (ਪ੍ਰਭੂ ਜੀ ਨੇ) ਉਨ੍ਹਾਂ ਦੇ ਜਨਮ ਜਨਮ ਦੇ ਪਾਪ, ਤੇ (ਪਾਪਾਂ ਕਰਕੇ ਮਿਲੇ) ਦੁੱਖ ਕੱਟ ਦਿੱਤੇ ਹਨ, (ਉਨ੍ਹਾਂ ਸੇਵਕਾਂ ਨੂੰ) ਆਪੇ ਹੀ (ਪ੍ਰਭੂ ਨੇ) ਆਪਣੇ ਮੇਲ ਵਿਚ ਮਿਲਾ ਲਿਆ ਹੈ। ਰਹਾਉ। ਹੇ ਭਾਈ! ਇਹ ਸਾਰਾ ਪਰਵਾਰ ਜੀਵ ਲਈ ਬੰਧਨ ਹੈ, (ਕਿਉਂਕਿ ਜੀਵ ਜੋ ਪਰਵਾਰ ਦੇ ਮੋਹ ਕਰਕੇ, ਵਾਹਿਗੁਰੂ ਨੂੰ ਭੁੱਲ ਜਾਂਦਾ ਹੈ) ਸਾਰਾ ਸੰਸਾਰ ਹੀ, (ਇਸ) ਭਰਮ ਵਿਚ (ਪੈ ਕੇ) ਵਾਹਿਗੁਰੂ ਨੂੰ ਭੁਲਿਆ ਪਿਆ ਹੈ। ਗੁਰੂ ਦੀ ਕਿਰਪਾ ਤੋਂ ਬਿਨਾਂ ਇਹ (ਪਰਵਾਰ) ਦੇ ਬੰਧਨ ਨਹੀਂ ਟੁੱਟਦੇ, ਗੁਰੂ ਦੁਆਰਾ ਹੀ (ਗੁਰਮੁਖਿ) ਮੋਖਸ਼ ਦਾ ਦੁਆਰਾ ਪਾਉਂਦਾ ਹੈ। (ਜੋ ਮਨੁੱਖ) ਗੁਰੂ ਦੇ ਸ਼ਬਦ ਨੂੰ ਪਛਾਣਦੇ ਨਹੀਂ, (ਪਰ ਗੁਰੂ ਤੋਂ ਦੂਰ ਰਹਿ ਕੇ) ਅਨੇਕ ਪ੍ਰਕਾਰ ਦੇ ਕਰਮ (ਬਿਧ ਨਿਖੇਧ ਕਰਮ) ਕਰਦੇ ਹਨ, (ਉਹ ਮਨੁੱਖ) ਮੁੜ ਮੁੜ ਕੇ ਮਰਦੇ ਜੰਮਦੇ ਰਹਿੰਦੇ ਹਨ। ੨। ਹੇ ਭਾਈ! ਮੈਂ (ਵੱਡਾ ਹਾਂ), ਇਹ ਧਨ ਪਦਾਰਥ (ਸਭ) ਮੇਰਾ ਹੈ, (ਇਸ ਹਉ ਮੇਰਾ) ਪਨ ਵਿਚ ਜਗਤ ਫਸ ਰਿਹਾ ਹੈ, (ਅਸਲ ਵਿਚ) ਕੋਈ ਕਿਸੇ ਦਾ ਨਹੀਂ ਹੈ। ਗੁਰਮੁਖ (ਸੱਚ ਖੰਡ ਰੂਪ) ਮਹਲੁ ਪਾ ਲੈਂਦੇ ਹਨ, (ਅਤੇ ਵਾਹਿਗੁਰੂ ਜੀ ਦੇ) ਗੁਣ ਗਾਉਂਦੇ ਹਨ, ਉਨ੍ਹਾਂ ਦਾ ਵਾਸਾ ਆਪਣੇ ਸਰੂਪ ਰੂਪੀ ਘਰ ਵਿਚ ਜਾ ਹੁੰਦਾ ਹੈ। ਜੋ ਐਥੈ=ਇਸ (ਮਨੁੱਖਾ ਜਨਮ ਦੀ ਵਾਰੀ) ਵਿਚ (ਗੁਰੂ ਰਾਹੀਂ) ਬੂਝੈ=ਸਮਝ ਲੈਂਦਾ ਹੈ ਇਸ ਭੇਦ ਨੂੰ, ਉਹ ਆਪਣੇ ਆਪ ਨੂੰ ਪਛਾਣ ਲੈਂਦਾ ਹੈ, (ਅਤੇ) ਹਰੀ ਪ੍ਰਭੂ ਉਸਦਾ (ਆਪਣਾ ਬਣ ਜਾਂਦਾ ਹੈ)। ੩।

ਹੇ ਭਾਈ! ਸਤਿਗੁਰੂ ਜੀ ਤਾਂ ਸਦਾ ਦਿਆਲੂ ਹੈ, (ਪਰ) ਬਿਨਾਂ ਭਾਗਾਂ ਤੋਂ ਹੋਣ ਕਰਕੇ (ਗੁਰੂ ਤੋਂ) ਕੀ ਪ੍ਰਾਪਤ ਹੁੰਦਾ ਹੈ? (ਭਾਵ ਕੁਝ ਨਹੀਂ ਪ੍ਰਾਪਤ ਹੁੰਦਾ)। (ਸਤਿਗੁਰੂ) ਸਭ ਵੱਲ ਇਕੋ ਦ੍ਰਿਸ਼ਟੀ ਕਰਕੇ ਵੇਖਦਾ ਹੈ, ਪਰ ਜਿਹੋ ਜਿਹਾ ਕਿਸੇ ਦਾ ਪ੍ਰੇਮ ਹੁੰਦਾ ਹੈ, (ਸਤਿਗੁਰੂ ਪਾਸੋਂ) ਤਿਹੋ ਜਿਹਾ ਫਲ ਪਾਈਦਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਨਾਮ ਮਨ ਅੰਦਰ (ਤਾਂ ਹੀ) ਵੱਸਦਾ ਹੈ, ਜੇ ਕਰ ਮਨ ਵਿਚੋਂ ਆਪਾ ਭਾਵ (ਹੰਕਾਰ) ਦੂਰ ਕਰਕੇ (ਵਾਹਿਗੁਰੂ ਨਾਮ ਨੂੰ ਜੱਪਦੇ ਰਹੀਏ)। ੪। ੬।

## ਵਿਆਖਿਆ ਤੇ ਸਾਰੰਸ਼ :

ਗੁਰ ਇਤਿਹਾਸ ਅੰਦਰ ਪੰਜ ਪ੍ਰਕਾਰ ਦੀ ਸਿੱਖੀ ਦਾ ਜ਼ਿਕਰ ਵੀ ਆਇਆ ਹੈ। ਆਉ ਇਸ ਸੰਬੰਧ ਵਿਚ ਇਤਿਹਾਸ ਨੂੰ ਵਿਚਾਰੀਏ।

## ਸਿੱਖੀ ਪੰਜ ਤਰ੍ਹਾਂ ਦੀ :

ਭਾਈ ਸਾਹਿਬ ਭਾ: ਸੰਤੋਖ ਸਿੰਘ ਜੀ ਨੇ ਸਿੱਖੀ ਪੰਜ ਪ੍ਰਕਾਰ ਦੀ ਦੱਸੀ ਹੈ:

***ਧੰਦੈ ਕੀ ਇਕ, ਦੇਖਾ ਦੇਖੀ। ਹਿਰਸੀ ਤ੍ਰੈ, ਸਿਦਕੀ ਅਵਰੇਖੀ॥ ੩੦॥***
***ਪੰਚਮ ਅਹੈ ਭਾਵ ਕੀ ਭਲੇ।....***

(ਗੁਰ ਪ੍ਰਤਾਪ ਸੂਰਜ, ਰੁਤ ੩, ਅੰਸੂ ੩੪)

ਇਨ੍ਹਾਂ ਪੰਜਾਂ ਤਰ੍ਹਾਂ ਦੀ ਸਿੱਖੀ ਦੀ ਵਿਆਖਿਆ ਇਸ ਪ੍ਰਕਾਰ ਕੀਤੀ ਜਾਂਦੀ ਹੈ:

੧. ਧੰਧੇ ਦੀ: ਨਿਗੁਰੀ, ਮਤਲਬ ਦੀ, ਸੁਆਰਥ ਦੀ :

***ਸਭਿ ਸਗੁਰੇ ਮੁਝ ਨਿਗੁਰਾ ਕਹੈ। ਲੇ ਸਿੱਖੀ ਧੰਧੇ ਕੀ ਅਹੈ॥ ੩੧॥***

੨. ਦੇਖਾ ਦੇਖੀ ਦੀ: ਭੇਡ ਚਾਲ ਦੀ, ਸ਼ਬਦ ਦੇ ਪਰਿਚੈ ਬਿਨਾਂ ਦੂਜਿਆਂ ਨੂੰ ਵੇਖ ਵੇਖ, ਜਿਵੇਂ ਹੋਰ ਸਿੱਖ ਕਰਨ ਉਵੇਂ ਕਰੀ ਜਾਣਾ

***ਕੋ ਇਕ ਸਿੱਖ ਬਨਯੋ। ਕਿਹ ਦੇਖਾ। ਸਦਨ ਪਦਾਰਥ ਭਲੇ ਬਿਸੇਖਾ।***

(ਅਥਵਾ)

***ਲੋਭ ਪਦਾਰਥ ਮਨ ਕੋ ਭਯੋ। ਗੁਰ ਕੋ ਸਿਖ ਹੋਇ ਸੁ ਗਯੋ।***
***ਇਹ ਸਿਖੀ ਹੈ ਦੇਖਾ ਦੇਖੀ। ਰਹੀ ਪਦਾਰਥ ਚਾਹ ਵਿਸੇਖੀ।***

੩. ਹਿਰਸੀ: ਪਦਾਰਥ ਦੇ ਲੋਭ ਵਿਚ ਖਚਿਤ, ਆਪਣੇ ਦੀ ਸੋਝੀ ਤੋਂ ਖ਼ਾਲੀ, ਗੁਰਮਤਿ ਦੀ ਸਿੱਖਿਆ ਤੋਂ ਵਿਹੀਨ-

***ਤੀਜੀ ਹਿਰਸੀ ਸਿਖੀ ਜਾਨੋ।***
***ਬਹੁਤ ਜੋ ਕਰਹਿ ਕਰਨਿ ਸੋ ਠਾਨੋ॥ ੩੪॥***

੪. ਸਿਦਕੀ: ਗੁਰੂ ਤੇ ਅਨਿੰਨ ਵਿਸ਼ਵਾਸ ਵਾਲੀ, ਸੰਕਟ ਵੇਲੇ ਵੀ ਸਿਦਕ ਕਾਇਮ ਰੱਖਣ ਵਾਲੀ, ਸਰੀਰ ਨੂੰ ਮਿਥਿਆ ਜਾਣ ਕੇ ਆਦਰਸ਼ਾਂ ਤੋਂ ਨਿਛਾਵਰ ਕਰਨ ਵਾਲੀ :

***ਚਤਰਥ ਸਿਖੀ ਸਿਦਕੀ ਹੋਈ। ਗੁਰ ਬਿਨ ਅਪਰ ਨਾ ਮਾਨਹਿ ਕੋਈ।***

੫. ਭਾਵਨਾ ਵਾਲੀ: ਸ਼ਰਧਾ ਭਾਵਨਾ ਸਹਿਤ ਸੁਰਤ ਜੋੜਨ ਵਾਲੀ :

***ਪੰਚਮ ਸਿਖੀ ਭਾਵ ਉਪਾਈ। ਲਖ ਗੁਰ ਮਹਿਮਾ ਪਰ ਸਰਣਾਈ।***
***ਨਿਸਦਿਨ ਗੁਰ ਮੂਰਤਿ ਉਰਿ ਧਾਰੀ। ਕਰਹਿ ਭਾਵ ਸਭਿ ਸਿਖ ਮਝਾਰੀ॥੩੯॥***
***ਪੰਚ ਪ੍ਰਕਾਰ ਸਿਖ ਇਮ ਕਹੈ। ਜਥਾ ਕਰਮ ਫਲ ਦੀਰਘ ਲਹੈ।***

(ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੩ ਅੰਸੂ ੩੫)

ਅਰਦਾਸ ਵਿਚ ਸਿੱਖੀ ਹੈ-ਸਿਦਕ ਨੂੰ ਕੇਸਾਂ ਸਵਾਸਾਂ ਨਾਲ ਨਿਭਾਉਣ ਦੀ। ਐਸੀ ਉੱਚਤਮ ਸਿੱਖੀ ਜੋ ਸਾਰਿਆਂ ਵਾਸਤੇ ਅਰਦਾਸ ਵਿਚ ਹਰ ਰੋਜ਼ ਗੁਰਦੇਵ ਪਾਸੋਂ ਮੰਗਦੇ ਹਾਂ, ਜਿਸ ਗੁਰਸਿਖ ਨੇ ਸਿਖੀ ਕਮਾਈ ਹੈ ਤੇ ਭਾਣਾ ਮੰਨਿਆ ਹੈ "ਸੋ ਸਿਖ ਸਖਾ ਬੰਧਪ ਹੈ ਭਾਈ ਜੇ ਗੁਰ ਕੇ ਭਾਣੈ ਵਿਚ ਆਵੈ॥

## ਸਾਖੀ—ਭਾਈ ਗੁਰਮੁਖ ਤੇ ਭੇਖਾਰੀ ਜੀ॥

ਗੁਰਮੁਖ ਨਾਮ ਦੇ ਸਿੱਖ ਨੇ ਅੰਮ੍ਰਿਤਸਰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਚਰਨਾਂ ਵਿਚ ਦੋਵੇਂ ਹੱਥ ਜੋੜ

ਕੇ ਬੇਨਤੀ ਕੀਤੀ ਕਿ ਹੇ ਪ੍ਰਭੂ ! ਜਿਹੜੇ ਸਿੱਖ ਸਤਿਗੁਰਾਂ ਦੇ ਸਨਮੁਖ ਹੋ ਕੇ ਅੱਠੇ ਪਹਿਰ ਭਾਣਾ ਮੰਨਦੇ ਹਨ, ਮੈਨੂੰ ਤਿਨ੍ਹਾਂ ਦਾ ਦਰਸ਼ਨ ਕਰਵਾਓ।

ਬੇਨਤੀ ਸੁਣ ਕੇ ਸਤਿਗੁਰਾਂ ਨੇ ਕਿਹਾ, ਜ਼ਿਲ੍ਹਾ ਗੁਜਰਾਤ ਵਿਖੇ ਭਾਈ ਭਿਖਾਰੀ ਇਕ ਪੂਰਨ ਸਿੱਖ ਭਾਣੇ ਦੇ ਮੰਨਣ ਵਾਲਾ ਰਹਿੰਦਾ ਹੈ, ਤਿਸ ਦਾ ਜਾ ਕੇ ਦਰਸ਼ਨ ਕਰ।

***ਸੁਨਿ ਸ੍ਰੀ ਅਰਜਨ ਗਿਰਾ ਉਚਾਰੀ। ਪੁਰ ਗੁਜਰਾਤ ਸੁ ਨਾਮ ਭਿਖਾਰੀ।੨।***
***ਤਿਹ ਦਰਸਹੁ ਅਬ ਕਰਹੁ ਪਯਾਨਾ। ਗੁਰਮੁਖ ਗੁਰ ਬਚ ਮਾਨ ਮਹਾਨਾ।***
***ਚਲਯੋ ਬਿਚਾਰਤ ਸਿਖ ਬਡ ਹੋਇ। ਸਤਿਗੁਰ ਆਪ ਬਤਾਯਹੁ ਜੋਇ।੩।***

(ਗੁ: ਪ੍ਰ: ਸੂ:, ਰਾਸਿ ੩, ਅੰਸੂ ੬੯)

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਹੁਕਮ ਮੰਨ ਕੇ ਭਾਈ ਗੁਰਮੁਖ ਉਸੇ ਵੇਲੇ ਚੱਲ ਪਿਆ। ਰਸਤੇ ਵਿਚ ਵਿਚਾਰਦਾ ਚਲਾ ਜਾ ਰਿਹਾ ਹੈ ਕਿ ਸਤਿਗੁਰਾਂ ਨੇ ਆਪ ਦੱਸਿਆ ਹੈ, ਇਸ ਲਈ ਇਹ ਕੋਈ ਬੜਾ ਚੰਗਾ ਸਿੱਖ ਹੋਵੇਗਾ।

ਮਨ ਵਿਚ ਵਿਚਾਰਦਾ ਹੈ ਕਿ ਪ੍ਰਭੂ ਦਾ ਭਾਣਾ ਕਿਸ ਤਰ੍ਹਾਂ ਮੰਨਦਾ ਹੋਵੇਗਾ ਤੇ ਕਿਰਤ ਵਿਰਤ ਕਿਸ ਤਰ੍ਹਾਂ ਕਰਦਾ ਹੋਵੇਗਾ ?

ਸਾਰਾ ਰਸਤਾ ਲੰਘ ਕੇ ਗੁਜਰਾਤ ਪਹੁੰਚ ਗਿਆ ਅਤੇ ਪੁੱਛਦਾ ਪੁੱਛਦਾ ਭਾਈ ਭਿਖਾਰੀ ਜੀ ਦੇ ਘਰ ਚਲਾ ਗਿਆ। ਜਾ ਕੇ ਕੀ ਦੇਖਦਾ ਹੈ ਕਿ ਬਹੁਤ ਹੀ ਖੁਸ਼ੀਆਂ ਹੋ ਰਹੀਆਂ ਹਨ। ਭਾਈ ਭਿਖਾਰੀ ਦੇ ਪੁੱਤਰ ਦਾ ਵਿਆਹ (ਅਨੰਦ ਕਾਰਜ) ਦਾ ਦਿਨ ਹੈ। ਇਸਤਰੀਆਂ ਗੀਤ ਗਾਂਵਦੀਆਂ ਪਈਆਂ ਹਨ ਅਤੇ ਭਾਈ ਭਿਖਾਰੀ ਜੀ ਇਕ ਪੁਰਾਣੀ ਜੇਹੀ ਦਰੀ ਸੀਂਵਦੇ ਪਏ ਹਨ। ਗੁਰਮੁਖ ਸਿੱਖ ਪੈਰੀਂ ਪੈਣਾ ਕਹਿ ਕੇ ਬੈਠ ਗਿਆ ਤੇ ਕਿਹਾ, ਮੈਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤੁਹਾਡੇ ਪਾਸ ਭੇਜਿਆ ਹੈ।

ਇਹ ਬਚਨ ਸੁਣ ਕੇ ਭਾਈ ਭਿਖਾਰੀ ਨੇ ਉਠ ਕੇ ਬੜਾ ਸਨਮਾਨ ਕੀਤਾ ਅਤੇ ਆਪਣੇ ਪਾਸ ਬਿਠਾ ਲਿਆ। ਜਿਸ ਕੰਮ ਕਰਨ ਵਿਚ ਭਾਈ ਭਿਖਾਰੀ ਲੱਗਾ ਹੋਇਆ ਸੀ, ਤਿਸ ਨੂੰ ਦੇਖ ਦੇਖ ਕੇ ਗੁਰਮੁਖ ਬੜਾ ਹੈਰਾਨ ਹੋਣ ਲੱਗ ਪਿਆ। ਉਸ ਵੇਲੇ ਭਾਈ ਭਿਖਾਰੀ ਜੀ ਉਸ ਗੁਰਮੁਖ ਦੀ ਬਾਂਹ ਫੜ ਕੇ ਸਾਰੀ ਵਿਵਾਹ ਦੀ ਸਮੱਗਰੀ ਦਿਖਾਣ ਲੱਗ ਪਏ ਕਿ ਇਹ ਪੁੱਤਰ ਦੇ ਕੱਪੜੇ ਸਿਵਾਏ ਹਨ, ਇਹ ਸੁਨਿਆਰਾ ਗਹਿਣੇ ਘੜ ਰਿਹਾ ਹੈ। ਇਥੇ ਬਹੁਤ ਮਠਿਆਈਆਂ ਪਈਆਂ ਹਨ। ਅੱਗੇ ਇਕ ਪਾਸੇ ਮ੍ਰਿਤਕ ਦੇ ਵਾਸਤੇ ਫੱਟਾ ਤੇ ਖੱਫਣ ਤਿਆਰ ਹੋਇਆ ਪਿਆ ਹੈ।

ਭਾਈ ਗੁਰਮੁਖ ਇਹ ਦੇਖ ਕੇ ਬੜਾ ਹੈਰਾਨ ਹੋ ਕੇ ਪੁੱਛਣ ਲੱਗਾ ਕਿ ਇਹ ਮ੍ਰਿਤਕ ਦਾ ਸਾਮਾਨ ਕਿਸ ਵਾਸਤੇ ਇਥੇ ਰੱਖਿਆ ਹੋਇਆ ਹੈ ?

ਭਾਈ ਭਿਖਾਰੀ ਨੇ ਕਿਹਾ ਕਿ ਇਹ ਫਿਰ ਤੈਨੂੰ ਦੱਸਾਂਗਾ, ਜਿਸ ਵੇਲੇ ਇਹ ਸਮਾਨ ਕੰਮ ਆਵੇਗਾ।

ਇਸ ਪ੍ਰਕਾਰ ਸਾਰੀ ਸਮੱਗਰੀ ਦਿਖਾ ਕੇ ਪਹਿਲੇ ਵਾਲੇ ਅਸਥਾਨ ’ਤੇ ਆ ਗਏ, ਜਿਥੇ ਭਾਈ ਭਿਖਾਰੀ ਪਾਟੀ ਹੋਈ ਦਰੀ ਸਿਊਂ ਰਿਹਾ ਸੀ।

ਗੁਰਮੁਖ ਦਿਲ ਵਿਚ ਬੜਾ ਅਸਚਰਜ ਹੁੰਦਾ ਹੈ ਤੇ ਮਨ ਵਿਚ ਵਿਚਾਰਦਾ ਹੈ ਕਿ ਸਤਿਗੁਰਾਂ ਨੇ ਭਾਈ ਭਿਖਾਰੀ ਦੀ ਬੜੀ ਉਪਮਾ ਕੀਤੀ ਹੈ ਪਰ ਇਹ ਤਾਂ ਘਰ ਦੇ ਜੰਜਾਲਾਂ ਵਿਚ ਹੀ ਖਚਤ ਹੋਇਆ ਹੋਇਆ ਹੈ। ਇਹ ਪ੍ਰਭੂ ਦੀ ਭਗਤੀ ਕਿਸ ਵੇਲੇ ਕਰਦਾ ਹੋਵੇਗਾ ਤੇ ਭਾਣਾ ਕਿਸ ਤਰ੍ਹਾਂ ਮੰਨਦਾ ਹੋਵੇਗਾ ?

ਜਦ ਰਾਤ ਹੋਈ ਤਾਂ ਭਾਈ ਭਿਖਾਰੀ ਨੇ ‘ਗੁਰਮੁਖ’ ਸਿੱਖ ਨੂੰ ਬੜੇ ਪ੍ਰੇਮ ਨਾਲ ਭੋਜਨ ਛਕਾ ਕੇ ਸੁੰਦਰ ਪਲੰਘ ਉੱਤੇ ਸੁਵਾਇਆ।

ਦੂਜੇ ਦਿਨ ਸਾਰੇ ਰਿਸ਼ਤੇਦਾਰ ਆਏ ਤੇ ਪੁੱਤਰ ਨੂੰ ਘੋੜੀ ’ਤੇ ਚੜ੍ਹਾ ਕੇ ਜਨੇਤ ਲੈ ਗਏ। ਅਗੋਂ ਕੁੜਮਾਂ ਨੇ ਬੜਾ ਸਵਾਗਤ ਕੀਤਾ। ਪੁੱਤਰ ਨੂੰ ਨੂੰਹ ਸਹਿਤ ਘਰ ਲਿਆਂਦਾ।

ਘਰ ਵਿਚ ਆਇਆਂ ਦੋ ਕੁ ਦਿਨ ਹੀ ਬੀਤੇ ਸਨ ਕਿ ਭਾਈ ਭਿਖਾਰੀ ਦੇ ਪੁੱਤਰ ਦੇ ਪੇਟ ਵਿਚ ਸੂਲ ਉਠਿਆ ਤੇ ਉਹ ਮ੍ਰਿਤੂ ਹੋ ਗਿਆ। ਉਸੀ ਵੇਲੇ ਜੋ ਇਸਤਰੀਆਂ ਖੁਸ਼ੀ ਦੇ ਗੀਤ ਗਾ ਰਹੀਆਂ ਸਨ, ਸੋ ਰੋਣ ਲੱਗ ਪਈਆਂ, ਪ੍ਰੰਤੂ ਭਾਈ ਭਿਖਾਰੀ ਦੇ ਮਨ ਵਿਚ ਪੁੱਤਰ ਦੇ ਮਰਨੇ ਦਾ ਲੇਸ ਮਾਤਰ ਵੀ ਸੋਗ (ਦੁੱਖ) ਨਾ ਹੋਇਆ, ਸਗੋਂ ਬੜੀ ਧੀਰਜਤਾ ਨਾਲ ਉਸੀ ਸੀੜੀ ਪਰ ਪੁੱਤਰ ਨੂੰ ਪਾ ਕੇ ਅਤੇ ਉੱਤੇ ਖੱਫਣ ਪਾ ਕੇ ਕੀਰਤਨ ਕਰਦਾ ਹੋਇਆ ਆਪਣੇ ਪੁੱਤਰ ਦਾ ਸੰਸਕਾਰ ਕੀਤਾ। ਯਥਾ ਜੋਗ ਪ੍ਰਸ਼ਾਦ ਕਰਕੇ ਤੇ ਵਰਤਾ ਕੇ ਘਰ ਵਾਪਸ ਆ ਗਿਆ। ਜੋ ਦਰੀ ਪੁਰਾਣੀ ਸੀਤੀ ਸੀ, ਉਹ ਵਿਛਾ ਕੇ ਬੈਠ ਗਿਆ ਅਤੇ ਸਾਰੇ ਹੋਰ ਲੋਕ ਵੀ ਪਰਚਾਵਣੀ ਵਾਸਤੇ ਆਏ।

ਭਾਈ ਗੁਰਮੁਖ ਇਸ ਕੌਤਕ ਨੂੰ ਦੇਖ ਕੇ ਬੜਾ ਅਸਚਰਜ ਹੋਇਆ ਤੇ ਰਾਤ ਨੂੰ ਭਾਈ ਭਿਖਾਰੀ ਨੂੰ ਏਕਾਂਤ ਦੇਖ ਕੇ ਕਿਹਾ ਕਿ ਜੇ ਤੂੰ ਜਾਣਦਾ ਸੀ ਕਿ ਤੇਰੇ ਪੁੱਤਰ ਨੇ ਮਰ ਜਾਣਾ ਹੈ ਤਾਂ ਤੂੰ ਨੂੰਹ ਨੂੰ ਵਿਵਾਹ ਕੇ ਘਰ ਵਿਖੇ ਕਿਉਂ ਲਿਆਂਦਾ ਹੈ ਅਤੇ ਸਤਿਗੁਰਾਂ ਪਾਸੋਂ ਬੇਨਤੀ ਕਰਕੇ ਉਮਰ ਮੰਗ ਲੈਣੀ ਸੀ। ਉਹ ਤੇਰੇ ਪੁੱਤਰ ਦੀ ਆਯੂ ਵਧਾ ਦਿੰਦੇ, ਜਿਸ ’ਤੇ ਤੇਰੇ ਘਰ ਇਸਤਰੀਆਂ ਦੇ ਰੋਣ ਦਾ ਇਤਨਾ ਕਸ਼ਟ ਨਾ ਹੁੰਦਾ। ਇਹ ਸੰਸਾ ਮੇਰੇ ਮਨ ਵਿਚ ਬੜਾ ਹੈ ਜੋ ਤੂੰ ਸ਼ਕਤੀ ਦੇ ਹੁੰਦਿਆਂ ਹੋਇਆਂ ਬੜਾ ਭਿਆਨਕ ਕਸ਼ਟ ਸਹਾਰਿਆ ਹੈ।

ਇਸ ਤਰ੍ਹਾਂ ਦੇ ਬਚਨ ਭਾਈ ਗੁਰਮੁਖ ਦੇ ਸੁਣ ਕੇ ਭਾਈ ਭਿਖਾਰੀ ਜੀ ਨੇ ਕਿਹਾ ਕਿ ਹੇ ਭਾਈ ! ਜੋ ਪ੍ਰਭੂ ਦੇ ਕੀਤੇ ਹੋਏ ’ਤੇ ਕਿੰਤੂ ਕਰਦੇ ਹਨ, ਉਹ ਮਨਮੁਖ ਹਨ।

***ਸੁਨਤ ਭਿਖਾਰੀ ਗਿਰਾ ਉਚਾਰੀ। ਇਹ ਮਨਮੁਖ ਕੀ ਰੀਤ ਬਿਚਾਰੀ ॥੨੦॥***
***ਜਥਾ ਜੋਗ ਪ੍ਰਮੇਸਰ ਕਰੈ। ਤਿਸ ਮਹਿ ਦੁਖ ਸੰਸੈ ਜੋ ਟਰੈ।***

(ਗੁ: ਪ੍ਰ: ਸੂ:, ਰਾਸਿ ੩)

ਅਤੇ ਜੋ ਮਨੁੱਖ ਭਾਵੀ ਦੇ ਮੇਟਣ ਦਾ ਯਤਨ ਕਰਦੇ ਹਨ ਤਿਨਾਂ ਮਨਮੁਖਾਂ ਦਾ ਪ੍ਰਭੂ ਦੇ ਸਾਥ ਕਦੇ ਵੀ ਮਿਲਾਪ ਨਹੀਂ ਹੁੰਦਾ। ਜਿਸ ਤਰ੍ਹਾਂ ਪ੍ਰਮਾਤਮਾ ਆਪਣੀ ਇੱਛਾ ਅਨੁਸਾਰ ਦੁੱਖ ਦੇਵੇ, ਚਾਹੇ ਸੁੱਖ ਦੇਵੇ, ਤਿਸ ਦੇ ਭਾਣੇ ਵਿਚ ਪ੍ਰਸੰਨ ਰਹੇ। ਉਹ ਪ੍ਰਮਾਤਮਾ ਕਿਸੇ ਨੂੰ ਵੈਰ ਕਰਕੇ ਦੁੱਖ ਨਹੀਂ ਦਿੰਦਾ ਅਤੇ ਪ੍ਰੀਤੀ ਕਰਕੇ ਸੁੱਖ ਨਹੀਂ ਦਿੰਦਾ। ਇਸ ਵਾਸਤੇ ਗੁਰੂ ਸਾਹਿਬ ਜੀ ਦਾ ਸਿੱਖ ਨੂੰ ਇਹ ਹੁਕਮ ਹੈ:

***ਹਉਮੈ ਤਜਨ ਨਾਮ ਲਿਵ ਲਾਵਣ। ਭਾਣਾ ਮੰਨਣ, ਪੰਥ ਇਹ ਪਾਵਣ।***

ਇਹ ਭਾਣਾ ਮੰਨਣ ਵਾਲੇ ਪੂਰਨ ਗੁਰਸਿੱਖ ਭਾਈ ਭਿਖਾਰੀ ਜੀ ਦੇ ਦਰਸ਼ਨ ਪੰਚਮ ਗੁਰਦੇਵ ਨੇ ਗੁਰਮੁਖ ਨਾਮ ਦੇ ਸਿੱਖ ਨੂੰ ਕਰਾਏ।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੪੯ (ਅੰਗ ੬੦੩)

ਸੋਰਠਿ ਮਹਲਾ ੩ ॥ ਬਿਨੁ ਸਤਿਗੁਰ ਸੇਵੇ ਬਹੁਤਾ ਦੁਖੁ ਲਾਗਾ ਜੁਗ ਚਾਰੇ ਭਰਮਾਈ ॥ ਹਮ ਦੀਨ ਤੁਮ ਜੁਗੁ ਜੁਗੁ ਦਾਤੇ ਸਬਦੇ ਦੇਹਿ ਬੁਝਾਈ ॥ ੧ ॥ ਹਰਿ ਜੀਉ ਕ੍ਰਿਪਾ ਕਰਹੁ ਤੁਮ ਪਿਆਰੇ ॥ ਸਤਿਗੁਰੁ ਦਾਤਾ ਮੇਲਿ ਮਿਲਾਵਹੁ ਹਰਿ ਨਾਮੁ ਦੇਵਹੁ ਆਧਾਰੇ ॥ ਰਹਾਉ ॥ ਮਨਸਾ ਮਾਰਿ ਦੁਬਿਧਾ ਸਹਜਿ ਸਮਾਣੀ ਪਾਇਆ ਨਾਮੁ ਅਪਾਰਾ ॥ ਹਰਿ ਰਸੁ ਚਾਖਿ ਮਨੁ ਨਿਰਮਲੁ ਹੋਆ ਕਿਲਬਿਖ ਕਾਟਣਹਾਰਾ ॥ ੨ ॥ ਸਬਦਿ ਮਰਹੁ ਫਿਰਿ ਜੀਵਹੁ ਸਦ ਹੀ ਤਾ ਫਿਰਿ ਮਰਣੁ ਨ ਹੋਈ ॥ ਅੰਮ੍ਰਿਤੁ ਨਾਮੁ ਸਦਾ ਮਨਿ ਮੀਠਾ ਸਬਦੇ ਪਾਵੈ ਕੋਈ ॥ ੩ ॥ ਦਾਤੈ ਦਾਤਿ ਰਖੀ ਹਥਿ ਅਪਣੈ ਜਿਸੁ ਭਾਵੈ ਤਿਸੁ ਦੇਈ ॥ ਨਾਨਕ ਨਾਮਿ ਰਤੇ ਸੁਖੁ ਪਾਇਆ ਦਰਗਹ ਜਾਪਹਿ ਸੇਈ ॥ ੪ ॥ ੧੧ ॥

# ਪ੍ਰਾਕ੍ਥਨ :-

ਸਤਿਕਾਰ ਯੋਗ ਗੁਰੂ ਪਿਆਰੀ ਸੰਗਤ ਜੀ !

ਸ੍ਰੀ ਗੁਰੂ ਅਮਰਦਾਸ ਜੀ ਸੋਰਠਿ ਰਾਗਣੀ ਵਿਚ ਪਰਮ ਪਵਿੱਤਰ ਉਪਦੇਸ਼ ਬਖ਼ਸ਼ਦੇ ਹਨ। ਇਸ ਪਾਵਨ ਸ਼ਬਦ ਅੰਦਰ ਸ੍ਰੀ ਗੁਰੂ ਅਮਰਦਾਸ ਜੀ ਨੇ ਸਤਿਗੁਰੂ ਜੀ ਦੀ ਸੇਵਾ ਤੋਂ ਹੀਣਿਆਂ ਨੂੰ ਬਹੁਤਾ ਦੁੱਖ ਲੱਗਦਾ ਦੱਸਿਆ ਹੈ।

## ਵਿਸ਼ਾ—ਸੇਵਾ ਬਾਰੇ :

ਮਨੁੱਖ ਪਰਮਾਤਮਾ ਨਾਲ ਕੁਝ ਵਾਅਦੇ ਕਰਦਾ ਹੈ। ਇਸ ਸੰਸਾਰ ਉੱਤੇ ਆਉਣ ਤੋਂ ਪਹਿਲਾਂ ਇਕਰਾਰ ਕਰਦਾ ਹੈ ਕਿ ਹੇ ਪ੍ਰਭੂ! ਮੈਂ ਸੇਵਾ ਸਿਮਰਨ, ਸਤਿਸੰਗਤ ਕਰਾਂਗਾ, ਤੈਨੂੰ ਕਦੀ ਵੀ ਵਿਸਾਰਾਂਗਾ ਨਹੀਂ, ਪਰ ਜਨਮ ਲੈਣ ਉਪਰੰਤ ਕੀਤੇ ਹੋਏ ਕੌਲ ਇਕਰਾਰ ਵੀ ਵਿਸਰ ਜਾਂਦੇ ਹਨ ਅਤੇ ਪ੍ਰਭੂ ਵੀ ਵਿਸਰ ਜਾਂਦਾ ਹੈ। ਫਿਰ ਪ੍ਰਮਾਤਮਾ ਦੀ ਪੈਦਾ ਕੀਤੀ ਮਾਇਆ ਦੀ ਖੇਡ ਵਰਤਦੀ ਹੈ। ਪੰਜ ਵਿਕਾਰਾਂ ਦੇ ਵੱਸ ਪੈ ਕੇ ਭਟਕਦਾ ਹੈ। ਚਲਾਇਮਾਨ ਜੀਵਨ ਨੂੰ ਸੱਚ ਮੰਨ ਬੈਠਦਾ ਹੈ ਅਤੇ ਸੱਚ ਮੌਤ ਨੂੰ ਭੁੱਲਾ ਕੇ ਸੁਪਨਿਆਂ ਦੀ ਦੁਨੀਆਂ ਅੰਦਰ ਵਿਚਰਦਾ ਹੋਇਆ ਜਿੱਤ ਹਾਰ ਦੀ ਸੋਝੀ ਗੁਆ ਬੈਠਦਾ ਹੈ। ਇਸ ਦਾ ਜੀਉਣਾ ਹੀ ਸੇਵਾ ਤੋਂ ਬਿਨਾਂ ਨਿਸਫਲ ਹੈ ਤੇ ਹੋਰ ਕਰਣੀਆਂ ਸਭ ਵਿਅਰਥ ਹਨ। ਹੋਰ ਵਿਸਥਾਰ ਸਹਿਤ ਪੜ੍ਹੋ, ਮੁਖਵਾਕ ਪ੍ਰਕਾਸ਼, ਭਾਗ ਪਹਿਲਾ ਦਾ ਪੰਨਾ ੯੮ ਤੋਂ ੧੧੦ ਤੱਕ।

ਅਸਲ ਵਿਚ ਮਨੁੱਖ ਜਨਮ ਮਿਲਿਆ ਹੀ ਗੁਰੂ ਦੀ ਸੇਵਾ ਕਰਨ ਵਾਸਤੇ ਹੈ ਜਾਂ ਪ੍ਰਭੂ ਦੀ ਭਗਤੀ ਕਰਨ ਵਾਸਤੇ ਮਿਲਿਆ ਹੈ। ਭਗਤ ਕਬੀਰ ਜੀ ਦਾ ਸੁੰਦਰ ਫ਼ੁਰਮਾਨ ਹੈ:

***ਗੁਰ ਸੇਵਾ ਤੇ ਭਗਤਿ ਕਮਾਈ॥ ਤਬ ਇਹ ਮਾਨਸ ਦੇਹੀ ਪਾਈ॥***

(ਅੰਗ ੧੧੫੯)

ਸੇਵਾ ਸਿਮਰਨ ਤੋਂ ਵਾਂਝੇ ਮਨੁੱਖਾਂ ਬਾਰੇ ਗੁਰ ਇਤਿਹਾਸ ਅੰਦਰ ਇਸ ਪ੍ਰਕਾਰ ਜ਼ਿਕਰ ਆਉਂਦਾ ਹੈ :

## ਸਾਖੀ—ਸੇਵਾ ਤੋਂ ਵਾਂਝੇ ਮਨੁੱਖ ਦੀ

ਕਿਰਪਾਲੂ ਸ੍ਰੀ ਗੁਰੂ ਨਾਨਕ ਦੇਵ ਜੀ ਸੰਸਾਰ ਨੂੰ ਤਾਰਦੇ ਹੋਏ ਜੰਗਲ ਵਿਚ ਮੰਗਲ ਲਾਈ ਬੈਠੇ ਸਨ। ਭਾਈ ਮਰਦਾਨੇ ਜੀ ਨੂੰ ਹੁਕਮ ਹੋਇਆ ਕਿ ਰਬਾਬ ਵਜਾ, ਕਾਈ ਸਿਫਤ ਕਰਤਾਰ ਦੀ ਕਰੀਏ। ਰਬਾਬ ਵਜੌਣ ਤੋਂ ਸੋਹਣੇ ਇਲਾਹੀ ਰੰਗ ਵਿਚ ਬਾਣੀ ਅਲਾਪੀ। ਪਸ਼ੂ ਪੰਛੀ ਵੀ ਸੁਣ ਕੇ ਪਾਸ ਆ ਬੈਠੇ। ਬ੍ਰਿਛਾਂ ਵਿਚੋਂ ਰਸ ਚੋਣ ਲੱਗਾ। ਦੇਵਤੇ ਵੀ ਆਏ ਤੇ ਸੁਣ ਕੇ ਨਿਹਾਲ ਹੋਏ। ਫਿਰ ਹਜ਼ੂਰ ਦੇ ਨੇਤ੍ਰ ਕੰਵਲ ਖੁੱਲ੍ਹੇ। ਉਥੋਂ ਕੁਝ ਦੂਰ ਮਨੁੱਖ ਦੀ ਲੋਥ ਪਈ ਨੂੰ ਇਕ ਬਘਿਆੜ ਜਿਸ ਦਾ ਇਹ ਖਾਜਾ ਸੀ, ਤਿੰਨ ਚਾਰ ਵਾਰੀ ਵੱਖ-ਵੱਖ

ਅੰਗਾਂ ਨੂੰ ਸੁੰਘ ਕੇ ਮੁੜਿਆ। ਤਾਂ ਵਾਪਸ ਜਾਂਦਾ ਵੇਖ ਕੇ ਭਾਈ ਮਰਦਾਨੇ ਨੇ ਬੇਨਤੀ ਕੀਤੀ ਜੀ! ਇਹ ਕੀ ਕੌਤਕ ਹੈ? ਬਘਿਆੜ ਨੇ ਮੁਰਦਾ ਕਿਉਂ ਨਹੀਂ ਖਾਧਾ? ਸੁੰਘ ਕੇ ਕਿਉਂ ਹਟ ਜਾਂਦਾ ਰਿਹਾ ਹੈ?

ਹਜ਼ੂਰ ਨੇ ਕਿਹਾ, ਭਾਈ! ਧੁਰਿ ਕੀ ਬਾਣੀ ਜਿਨ੍ਹਾਂ ਨੇ ਸੁਣੀ, ਉਨ੍ਹਾਂ ਦੇ ਪਾਪ ਨਵਿਰਤ ਹੋਏ, ਮਨ ਪਵਿੱਤਰ ਹੋਏ ਅਤੇ ਪਿਛਲੀ ਸੋਝੀ ਹੋਈ ਹੈ। ਇਹ ਬਘਿਆੜ ਭਾਵੇਂ ਭੁੱਖਾ ਹੈ, ਮੁਰਦੇ ਨੂੰ ਖਾਣ ਆਇਆ ਸੀ, ਗੁਰਬਾਣੀ ਸੁਣਿਆਂ ਮਨ ਪਵਿੱਤਰ ਹੋਣ ਕਰ ਕੇ ਇਸ ਨੂੰ ਪਿਛਲੇ ਜਨਮ ਦਾ ਗਿਆਨ ਹੈ ਕਿ ਮੈਂ ਇਸ ਪਾਪ ਕਰ ਕੇ ਮਾਸਾਹਾਰੀ ਪਸ਼ੂ ਬਣਿਆ ਹਾਂ, ਇਸ ਮੁਰਦੇ ਦੇ ਪੈਰ, ਹੱਥ, ਸਿਰ, ਅੱਖਾਂ, ਮੁਖ ਸੁੰਘ ਕੇ ਵੇਖਿਆ ਹੈ ਕਿ ਇਸ ਦੇ ਇਹ ਅੰਗ ਪਵਿੱਤਰ ਹੋਣ ਤਾਂ ਖਾਵਾਂ, ਨਹੀਂ ਤਾਂ ਨਾ ਖਾਵਾ। ਪਰ ਇਹ ਮਨੁੱਖ ਪੈਰਾਂ ਨਾਲ ਤੁਰ ਕੇ ਕਦੇ ਸੰਗਤ ਵਿਚ ਨਹੀਂ ਗਿਆ, ਸਗੋਂ ਚੋਰੀ ਯਾਰੀ ਲਈ ਭਟਕਦਾ ਰਹਿਣ ਕਰਕੇ ਇਸ ਦੇ ਪੈਰ ਅਪਵਿੱਤਰ ਹਨ। ਹੱਥਾਂ ਨਾਲ ਸੇਵਾ ਨਹੀਂ ਕੀਤੀ, ਅੱਖਾਂ ਨਾਲ ਸੰਗਤ ਦੇ ਦਰਸ਼ਨ ਨਹੀਂ ਕੀਤੇ। ਸਤਸੰਗਤ ਅੱਗੇ ਝੁੱਕਿਆ ਨਹੀਂ, ਮੁਖ ਵਿਚ ਨਾਮ ਜੱਪਣ ਦੀ ਥਾਂ ਮੰਦ ਵਾਸ਼ਨਾ ਤੇ ਭੈੜੇ ਸੰਕਲਪ ਸਨ। ਗੁਰੂ ਸੇਵਾ ਕਰਕੇ ਸਰੀਰ ਸਫਲਾ ਹੁੰਦਾ ਹੈ। ਸੇਵਾ ਕੀਤੇ ਬਿਨਾਂ ਜਨਮਾਂ ਜਨਮਾਤਰਾਂ ਦੇ ਦੁੱਖ ਭੋਗਣੇ ਪੈਂਦੇ ਹਨ।

ਦੋਹਰਾ॥

***ਮਿਰਤਕ ਬਿਮੁਖਨ ਨਹਿ ਕੀਨੋ ਸਤਿ ਸੰਗਿ।***
***ਆਸ ਨਾ ਦਰਸਨ ਸੰਤ ਕਬ ਰਿਦੇ ਨ ਹਰਿ ਕੋ ਰੰਗ।***
***ਚੌਪਈ॥ ਹਸਤਨ ਸੋ ਕਬ ਟਹਿਲ ਨ ਕੀਨੀ।***
***ਹਰਿ ਜਸ ਸੁਨਿ ਸ੍ਰਵਨਨ ਨਹਿ ਦੀਨੀ।***
***ਜਾਨੇ ਸਭੈ ਅੰਗ ਅਪਵਿਤ।***
***ਇਸ ਖਾਵਨ ਤੇ ਹੋਇ ਅਧੋਗਤਿ।***

(ਸ੍ਰੀ ਨਾਨਕ ਪ੍ਰਕਾਸ਼ ਉਤਰਾਰਧ, ਅਧਿਆਇ ੧੦)

ਸੋਰਠਿ ਮਹਲਾ ੩ ॥ ਬਿਨੁ ਸਤਿਗੁਰ ਸੇਵੇ ਬਹੁਤਾ ਦੁਖੁ ਲਾਗਾ ਜੁਗ ਚਾਰੇ ਭਰਮਾਈ॥ ਹਮ ਦੀਨ ਤੁਮ ਜੁਗੁ ਜੁਗੁ ਦਾਤੇ ਸਬਦੇ ਦੇਹਿ ਬੁਝਾਈ॥੧॥ ਹਰਿ ਜੀਉ ਕ੍ਰਿਪਾ ਕਰਹੁ ਤੁਮ ਪਿਆਰੇ ॥ ਸਤਿਗੁਰੁ ਦਾਤਾ ਮੇਲਿ ਮਿਲਾਵਹੁ ਹਰਿ ਨਾਮੁ ਦੇਵਹੁ ਆਧਾਰੇ॥ ਰਹਾਉ॥ ਮਨਸਾ ਮਾਰਿ ਦੁਬਿਧਾ ਸਹਜਿ ਸਮਾਣੀ ਪਾਇਆ ਨਾਮੁ ਅਪਾਰਾ ॥ ਹਰਿ ਰਸੁ ਚਾਖਿ ਮਨੁ ਨਿਰਮਲੁ ਹੋਆ ਕਿਲਬਿਖ ਕਾਟਣਹਾਰਾ ॥ ੨ ॥ ਸਬਦਿ ਮਰਹੁ ਫਿਰਿ ਜੀਵਹੁ ਸਦ ਹੀ ਤਾ ਫਿਰਿ ਮਰਣੁ ਨ ਹੋਈ॥ ਅੰਮ੍ਰਿਤੁ ਨਾਮੁ ਸਦਾ ਮਨਿ

ਮੀਠਾ ਸਬਦੇ ਪਾਵੈ ਕੋਈ ॥ ੩ ॥ ਦਾਤੈ ਦਾਤਿ ਰਖੀ ਹਥਿ ਅਪਣੈ ਜਿਸੁ ਭਾਵੈ ਤਿਸੁ ਦੇਈ ॥ ਨਾਨਕ ਨਾਮਿ ਰਤੇ ਸੁਖੁ ਪਾਇਆ ਦਰਗਹ ਜਾਪਹਿ ਸੇਈ ॥ ੪ ॥ ੧੧ ॥

(ਅੰਗ ੬੦੩)

## ਪਦ ਅਰਥ :

ਭਰਮਾਈ-ਭਰਮਦਾ, ਭਟਕਦਾ ਰਹਿਆ ਹੈ। ਦੇਹਿ ਬੁਝਾਈ-ਸਮਝਾ ਦਿਉ। ਮਨਸਾ-ਵਾਸ਼ਨਾ। ਮਾਰਿ-ਮਾਰ ਕੇ। ਦੁਬਿਧਾ-ਦੂਜੀ ਭਾਵਨਾ। ਸਹਜਿ-ਆਤਮਿਕ ਅਡੋਲ ਅਵੱਸਥਾ। ਸਮਾਣੀ-ਲੀਣ ਹੋ ਗਈ ਹੈ। ਅਪਾਰਾ-ਪਾਰ ਤੋਂ ਰਹਿਤ ਪ੍ਰਭੂ ਦਾ। ਕਿਲਬਿਖ-ਪਾਪ। ਸਬਦਿ-ਸ਼ਬਦ ਦੁਆਰਾ। ਮਰਹੁ-ਵਿਕਾਰਾਂ ਵਲੋਂ ਮਰੋ। ਦਾਤੈ-ਦਾਤੇ ਨੇ। ਜਾਪਹਿ- ਜਾਣੇ ਜਾਂਦੇ ਹਨ, ਭਾਵ ਆਦਰ ਮਾਨ ਪਾਉਂਦੇ ਹਨ।

## ਅਰਥ :

(ਹੇ ਭਾਈ !) ਸਤਿਗੁਰੂ ਦੀ ਸੇਵਾ ਕੀਤੇ ਬਿਨਾਂ (ਮਨੁੱਖ ਨੂੰ) ਬਹੁਤ ਦੁੱਖ ਚਿੰਬੜਿਆ ਰਹਿੰਦਾ ਹੈ, (ਜਿਸ ਕਾਰਣ) ਚੌਹਾਂ ਜੁਗਾਂ ਅੰਦਰ (ਭਾਵ ਸਦਾ ਹੀ) ਭਟਕ ਰਹਿਆ ਹੈ। (ਹੇ ਵਾਹਿਗੁਰੂ ਜੀ !) ਅਸੀਂ ਗ਼ਰੀਬ (ਮੰਗਤੇ) ਹਾਂ, ਤੁਸੀਂ ਜੁਗਾਂ ਜੁਗਾਂ ਤੋਂ ਦਾਤੇ (ਚੱਲੇ ਆ ਰਹੇ) ਹੋ, ਗੁਰੂ ਦੇ ਸ਼ਬਦ ਰਾਹੀਂ (ਸਾਨੂੰ ਜੀਵਨ ਦੀ) ਸੋਝੀ ਬਖ਼ਸ਼ ਦਿਓ। ੧।

ਹੇ ਪਿਆਰੇ ਹਰੀ=ਵਾਹਿਗੁਰੂ ਜੀਉ ! (ਸਾਡੇ ਉੱਤੇ ਤੁਸੀਂ) ਆਪਣੀ ਕਿਰਪਾ ਕਰੋ। ਸਤਿਗੁਰ (ਨਾਮ) ਦੇ ਦਾਤੇ ਨਾਲ (ਸਾਨੂੰ) ਮਿਲਾਓ (ਅਤੇ) ਹਰੀ ਨਾਮ ਦਾ ਆਸਰਾ ਬਖ਼ਸ਼ੋ। ਰਹਾਉ।

ਹੇ ਭਾਈ ! ਜਿਸ ਨੇ (ਗੁਰੂ ਪਾਸੋਂ) ਅਪਾਰ (ਪ੍ਰਭੂ) ਦਾ ਨਾਮ ਪਾਇਆ ਹੈ, (ਉਸ ਨੇ ਮਨ ਦੀ) ਵਾਸ਼ਨਾ ਮਾਰ ਲਈ ਹੈ, (ਉਸ ਦੀ) ਦੂਜੀ ਭਾਵਨਾ (ਦੂਰ ਹੋ ਗਈ ਹੈ ਅਤੇ ਬ੍ਰਿਤੀ) ਆਤਮਿਕ ਅਡੋਲ ਅਵੱਸਥਾ ਵਿਚ ਸਮਾ ਗਈ ਹੈ। ਹਰੀ ਦਾ (ਨਾਮ) ਰਸ ਚੱਖ ਕੇ (ਉਸਦਾ) ਮਨ ਨਿਰਮਲ ਹੋ ਗਿਆ ਹੈ, (ਕਿਉਂਕਿ ਪ੍ਰਮਾਤਮਾ ਦਾ ਨਾਮ) ਪਾਪਾਂ ਨੂੰ ਕੱਟਣ ਵਾਲਾ ਹੈ। ੨।

(ਹੇ ਭਾਈ !) ਗੁਰੂ ਦੇ ਸ਼ਬਦ ਦੁਆਰਾ (ਜੇ ਵਿਕਾਰਾਂ ਵਲੋਂ) ਮਰੋਗੇ ਤਾਂ ਸਦਾ ਹੀ (ਆਤਮਿਕ ਜੀਵਨ) ਜੀਉਗੇ, ਮੁੜ ਕੇ (ਫੇਰ ਤੁਹਾਡੀ) ਮੌਤ ਨਹੀਂ ਹੋਵੇਗੀ। (ਵਾਹਿਗੁਰੂ ਜੀ ਦਾ) ਅੰਮ੍ਰਿਤ ਰੂਪ ਨਾਮ ਸਦਾ ਹੀ ਮਨ ਵਿਚ ਮਿੱਠਾ ਲੱਗਣ ਲੱਗ ਪਵੇਗਾ, (ਪਰ ਗੁਰੂ ਦੇ) ਸ਼ਬਦ ਦੁਆਰਾ ਕੋਈ (ਵਿਰਲਾ ਹੀ ਇਸ ਅੰਮ੍ਰਿਤ ਨਾਮ ਨੂੰ ਪ੍ਰਾਪਤ ਕਰਦਾ ਹੈ। ੩।

(ਹੇ ਮਨ ! ਵਾਹਿਗੁਰੂ) ਦਾਤੇ ਨੇ ਇਹ (ਨਾਮ ਦੀ ਦਾਤ) ਆਪਣੇ ਹੱਥ (ਵੱਸ) ਵਿਚ ਰੱਖੀ ਹੋਈ ਹੈ, ਜਿਸ ਨੂੰ (ਉਹ) ਚਾਹੁੰਦਾ ਹੈ, ਉਸ ਨੂੰ ਦਿੰਦਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਜੋ ਨਾਮ

ਵਿਚ ਰੱਤੇ ਹੋਏ ਹਨ, (ਉਨ੍ਹਾਂ ਨੇ ਹੀ ਇਥੇ) ਆਤਮਿਕ (ਸਦੀਵੀ) ਸੁੱਖ ਪਾਇਆ ਹੈ, (ਅਤੇ ਓਹ ਹੀ) ਸੱਚੇ ਦੀ ਦਰਗਾਹ ਅੰਦਰ (ਉਜਲੇ ਮੁਖ ਵਾਲੇ) ਜਾਣੇ ਜਾਂਦੇ ਹਨ ਭਾਵ ਮਾਨ (ਸਤਿਕਾਰ) ਪ੍ਰਾਪਤ ਕਰਦੇ ਹਨ। ੪। ੧੧।

## ਵਿਆਖਿਆ ਤੇ ਸਾਰੰਸ਼ :

ਸੇਵਾ ਹੀਣ ਮਨੁੱਖ ਨੂੰ ਚਹੁੰਜੁਗੀ ਸੰਸਾਰ ਅੰਦਰ ਚਉਰਾਸੀ ਲੱਖ ਜੂਨਾਂ ਵਿਚ ਬਾਰ ਬਾਰ ਜੰਮਣ ਮਰਨ ਰੂਪ ਬਹੁਤਾ ਦੁੱਖ ਲੱਗਦਾ ਹੈ।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੫੦ (ਅੰਗ ੬੦੫)

ਸੋਰਠਿ ਮਹਲਾ ੪ ॥ ਆਪੇ ਕੰਡਾ ਆਪਿ ਤਰਾਜੀ ਪ੍ਰਭਿ ਆਪੇ ਤੋਲਿ ਤੋਲਾਇਆ ॥ ਆਪੇ ਸਾਹੁ ਆਪੇ ਵਣਜਾਰਾ ਆਪੇ ਵਣਜੁ ਕਰਾਇਆ ॥ ਆਪੇ ਧਰਤੀ ਸਾਜੀਅਨੁ ਪਿਆਰੈ ਪਿਛੈ ਟੰਕੁ ਚੜਾਇਆ ॥ ੧ ॥ ਮੇਰੇ ਮਨ ਹਰਿ ਹਰਿ ਧਿਆਇ ਸੁਖੁ ਪਾਇਆ ॥ ਹਰਿ ਹਰਿ ਨਾਮੁ ਨਿਧਾਨੁ ਹੈ ਪਿਆਰਾ ਗੁਰਿ ਪੂਰੈ ਮੀਠਾ ਲਾਇਆ ॥ ਰਹਾਉ ॥ ਆਪੇ ਧਰਤੀ ਆਪਿ ਜਲੁ ਪਿਆਰਾ ਆਪੇ ਕਰੇ ਕਰਾਇਆ ॥ ਆਪੇ ਹੁਕਮਿ ਵਰਤਦਾ ਪਿਆਰਾ ਜਲੁ ਮਾਟੀ ਬੰਧਿ ਰਖਾਇਆ ॥ ਆਪੇ ਹੀ ਭਉ ਪਾਇਦਾ ਪਿਆਰਾ ਬੰਨਿ ਬਕਰੀ ਸੀਹੁ ਹਢਾਇਆ ॥ ੨ ॥ ਆਪੇ ਕਾਸਟ ਆਪਿ ਹਰਿ ਪਿਆਰਾ ਵਿਚਿ ਕਾਸਟ ਅਗਨਿ ਰਖਾਇਆ ॥ ਆਪੇ ਹੀ ਆਪਿ ਵਰਤਦਾ ਪਿਆਰਾ ਭੈ ਅਗਨਿ ਨ ਸਕੈ ਜਲਾਇਆ ॥ ਆਪੇ ਮਾਰਿ ਜੀਵਾਇਦਾ ਪਿਆਰਾ ਸਾਹ ਲੈਦੇ ਸਭਿ ਲਵਾਇਆ ॥ ੩ ॥ ਆਪੇ ਤਾਣੁ ਦੀਬਾਣੁ ਹੈ ਪਿਆਰਾ ਆਪੇ ਕਾਰੈ ਲਾਇਆ ॥ ਜਿਉ ਆਪਿ ਚਲਾਏ ਤਿਉ ਚਲੀਐ ਪਿਆਰੇ ਜਿਉ ਹਰਿ ਪ੍ਰਭ ਮੇਰੇ ਭਾਇਆ ॥ ਆਪੇ ਜੰਤੀ ਜੰਤੁ ਹੈ ਪਿਆਰਾ ਜਨ ਨਾਨਕ ਵਜਹਿ ਵਜਾਇਆ ॥ ੪ ॥ ੪ ॥

# ਪ੍ਰਾਕ੍ਰਥਨ :-

ਇਹ ਸ਼ਬਦ ਚੌਥੇ ਗੁਰੂ ਨਾਨਕ ਸੋਢੀ ਸੁਲਤਾਨ ਸ੍ਰੀ ਗੁਰੂ ਰਾਮਦਾਸ ਜੀ ਦਾ ਸੋਰਠਿ ਰਾਗੁ ਅੰਦਰ ਉਚਾਰਨ ਕੀਤਾ ਹੋਇਆ ਹੈ।

## ਵਿਸ਼ਾ—ਆਪੇ ਕੰਡਾ ਤੋਲਿ ਤਰਾਜੀ :

***ਆਪੇ ਕੰਡਾ ਆਪਿ ਤਰਾਜੀ ਪ੍ਰਭਿ ਆਪੇ ਤੋਲਿ ਤੋਲਾਇਆ॥***

ਇਸ ਸ਼ਬਦ ਦੇ ਆਰੰਭ ਵਿਚ=ਕੰਡਾ, ਤਰਾਜੀ ਤੇ ਤੋਲਿ, ਤਿੰਨ ਸ਼ਬਦ ਜੋ ਆਏ ਹਨ, ਇਸ ਉੱਪਰ ਵਿਸਥਾਰ ਪੂਰਬਕ ਵੀਚਾਰ ਕਰਨੀ ਹੈ। ਭਾਈ ਕਾਨ੍ਹ ਸਿੰਘ ਜੀ ਨਾਭਾ ਅਨੁਸਾਰ, ੧. ਕੰਡਾ ਸੰਗਯਾ-ਕੰਟਕ, ਕਾਂਟਾ ***"ਤਿਨ ਅੰਤਰਿ ਹਉਮੈ ਕੰਡਾ ਹੇ"*** (ਸੋਹਿਲਾ) ***"ਕੰਡਾ ਪਾਇ ਨ ਗਡਈ ਮੂਲੇ"*** (ਮਾਰੂ ਸੋਲਹੇ ਮ: ੧)। ੨. ਖੂਹ ਵਿਚੋਂ ਡਿਗੀ ਵਸਤੂ ਕੱਢਣ ਲਈ ਲੋਹੇ ਦਾ ਕਾਂਟੇਦਾਰ ਕੰਡਾ। ੩. ਤਰਾਜ਼ੂ ਦਾ ਕੰਟਕ, ਜੋ ਡੰਡੀ ਦੇ ਮੱਧ ਹੁੰਦਾ ਹੈ, ਅਤੇ ਭਾਰੀ ਵਸਤੂ ਵੱਲ ਝੁਕ ਜਾਂਦਾ ਹੈ "ਆਪੇ ਕੰਡਾ ਤੋਲ ਤਰਾਜੀ" (ਸੂਹੀ ਮ: ੧)। ੪. ਛੋਟਾ ਤਰਾਜ਼ੂ ***"ਕਿਉ ਕੰਡੈ ਤੋਲੈ ਸੁਨਿਆਰੁ"*** (ਵਾਰ ਸਾਰੰਗ ਮ: ੧)। ੫. ਮੱਛੀ ਫੜਨ ਦੀ ਕਾਂਟੇਦਾਰ ਹੁਕ। (ਮਹਾਨ ਕੋਸ਼)

ਭਾਈ ਵੀਰ ਸਿੰਘ ਜੀ ਅਨੁਸਾਰ, ੧. ਕੰਡਾ (ਸੰ:) ਸੰਸਕ੍ਰਿਤ, ਕੰਟਕ। ਪੰਜਾਬੀ, ਕੰਡਾ। ਇਕ ਸੂਲ, ਕਈ ਬ੍ਰਿਛਾਂ ਬੂਟਿਆਂ ਨਾਲ ਲੱਗੀ ਤਿਖੀ ਨੋਕ ਵਾਲੀ ਸ਼ੈ, ਜੋ ਚੁਭ ਜਾਇਆ ਕਰਦੀ ਹੈ। ਯਥਾ-'ਕੰਡਾ ਪਾਇ ਨ ਗਡਈ ਮੂਲੇ' (੧੦੨੯) ੨. (ਪੰਜਾਬੀ) ਚਾਂਦੀ, ਸੋਨਾ ਜਵਾਹਰ ਤੋਲਣ ਦੀ ਛੋਟੀ ਤਕੜੀ। ਯਥਾ-'ਆਪੇ ਕੰਡਾ ਤੋਲੁ ਤਰਾਜੀ ਆਪੇ ਤੋਲਣਹਾਰਾ' (੭੩੧), ਕੰਡਾ ਪ੍ਰੇਮ ਤਕੜੀ ਬੁਧਿ ਰੂਪੀ ਤੇ ਵੱਟਾ ਵੀਚਾਰ ਕੀਤਾ ਜਾਂਦਾ ਹੈ। (ਸ੍ਰੀ ਰਾਗ ਗ੍ਰੰਥ ਸਾਹਿਬ ਕੋਸ਼) ਤਰਾਜੀ (ਸੰ: ਫਾਰਸੀ, ਤਰਾਜ਼ੂ। ਪੰਜਾਬੀ ਤਰਾਜ਼ੂ, ਤਰਾਜੀ, ਤਕੜੀ। ਯਥਾ 'ਆਪੇ ਕੰਡਾ ਤੋਲੁ ਤਰਾਜੀ' (੭੩੧) ਪ੍ਰੇਮ ਰੂਪੀ ਕੰਡਾ, ਵੀਚਾਰ ਰੂਪੀ ਵੱਟਾ ਤੇ ਬੁਧਿ ਰੂਪ ਤੱਕੜੀ ਆਪ ਹੀ ਹੈ। (ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼)

(ਤਰਾਜੀ) ਫ਼ਾਰਸੀ, ੧. ਤਰਾਜੂ ਸੰਗਯਾ-ਤੱਕੜੀ। ਤਰਾਜ਼ੂ ਤੋਲਣ ਦਾ ਯੰਤਰ 'ਆਪੇ ਕੰਡਾ ਆਪਿ ਤਰਾਜੀ' (ਸੋਰਠਿ ਮ: ੪) 'ਸਚੁ ਤਰਾਜੀ ਤੋਲੁ' (ਸ੍ਰੀ ਅ: ਮ: ੧) (ਮਹਾਨ ਕੋਸ਼) ਤੋਲੁ। ੨. ਵੱਟਾ, ਵਜ਼ਨ, ਸਚੁ ਤਰਾਜੀ ਤੋਲੁ, (ਸ੍ਰੀ ਅ: ਮ:੧) (ਮਹਾਨ ਕੋਸ਼) ਤੋਲ, ਸ਼ਬਦ ਵੱਜ਼ਨ ਦੇ ਰੂਪ ਵਿਚ ਆਇਆ ਹੈ, ਪੁਰਾਣੇ ਤੋਲ ਇਸ ਪ੍ਰਕਾਰ ਹੁੰਦੇ ਸਨ। ਸਾਰੰਗਧਰ ਵਿਚ ਤੋਲ ਇਸ ਤਰ੍ਹਾਂ ਹੈ :- ੩੦ ਪ੍ਰਮਾਣੂ ਦਾ ਤ੍ਰਸੇਣੂ ੬ ਤ੍ਰਸੇਣੂ ਦਾ ਮਰੀਚ, ੬ ਮਰੀਚਿ ਦਾ ਰਾਈ, ੩ ਰਾਈ ੧ ਸਰਖਪ (ਸਰ੍ਹੋਂ) ੮ ਸਰਖਪ ਦਾ ਜੌਂ (ਯਵ) ੪ ਜੌਂ ਦੀ ਗੁੰਜਾ (ਰੱਤੀ) ੬ ਗੁੰਜਾ ਦਾ ਮਾਸਾ, ਮਾਸੇ ਦਾ ਨਾਉਂ "ਹੇਮ" ਅਤੇ "ਧਾਨਯਕ" ਭੀ ਹੈ, ਕਈਆਂ ਨੇ ਅੱਠ ਖਸਖਾਸ ਦੀ ਰਾਈ, ਚਾਰ ਰਾਈ ਦਾ ਚਾਵਲ, ਅੱਠ ਚਾਵਲ ਦੀ ਰੱਤੀ। ਅੱਠ ਰੱਤੀ ਦਾ ਮਾਸਾ, ਗਯਾਰਾ ਮਾਸੇ ਦਾ ਤੋਲਾ, ਦੋ ਤੋਲੇ ਦੀ ਸਰਸਾਹੀ, ਦੋ ਸਰਸਾਹੀ ਦਾ ਅੱਧ ਪਾ, ਦੋ ਅੱਧ ਪਾ ਦਾ ਪਾਈਆ,

ਚਾਰ ਪਾਉ ਦਾ ਸੇਰ। ਪੰਜ ਸੇਰ ਦੀ ਪੰਜਸੇਰੀ, ਦੋ ਪੰਜ ਸੇਰੀ ਦੀ ਧੜੀ, ਦੋ ਧੜੀ ਦਾ ਧੌਣ, (ਅੱਧਮਣ) ਦੋ ਧੌਣ ਦਾ ਮਣ, ਅਤੇ ਪੰਜ ਮਣ ਦਾ ਭਾਰ ਲਿਖਿਆ ਹੈ। ਪਰ ਹੁਣ ਇਸ ਸਮੇਂ ਪ੍ਰਚਿੱਲਤ ਤੋਲ ਇਹ ਹੈ :-

੮ ਚਾਵਲ ਦੀ ੧ ਰੱਤੀ, ੮ ਰੱਤੀ ਦਾ ੧ ਮਾਸਾ, ੧੨ ਮਾਸੇ ਦਾ ੧ ਤੋਲਾ, ਪੰਜ ਤੋਲੇ ਦੀ ਛਟਾਂਕ, ੪ ਛਟਾਂਕ ਦਾ ਪਾਈਆ, ੧੬ ਛਟਾਂਕਾ ਦਾ ਸੇਰ। ੪੦ ਸੇਰ ਦਾ ਮਣ। ਇਸ ਤੋਲ ਮਿਣਤੀ ਦੇ ਸੰਬੰਧ ਵਿਚ ਭਾਈ ਗੁਰਦਾਸ ਜੀ ਦਾ ਵੀ ਇਕ ਕਬਿੱਤ ਆਇਆ ਹੈ। ਇਸ ਕਬਿੱਤ ਵਿਚ ਵੀ ''ਤੋਲ'' ਸ਼ਬਦ ਆਇਆ ਹੈ। ''ਹਾਟ ਹਾਟ ਕਨੁ ਕਨੁ ਤੋਲ ਤੁਲਾਧਾਰ ਹੈ। ਇਸ ਕੱਬਿਤ ਵਿਚ ''ਮਨ'' ਸ਼ਬਦ ਦੋ ਅਰਥਾਂ ਵਿਚ ਆਇਆ ਹੈ। ਇਕ ਅਰਥ ਹੈ ''ਮਨ'' ਦਾ ਦਿਲ, ਦੂਜਾ ਅਰਥ ਹੈ ਚਾਲੀ ਸੇਰ।

***''ਏਕ ਮਨੁ ਆਠ ਖੰਡ ਖੰਡ ਖੰਡ ਪਾਂਚ ਟੂਕ, ਟੂਕ ਟੂਕ ਚਾਰਿ ਫਾਰਿ ਫਾਰਿ ਦੋਇ ਫਾਰ ਹੈ।***
***ਤਾਹੂ ਤੇ ਪਈਸੇ ਅਉ ਪਈਸਾ ਏਕ ਪਾਂਚ ਟਾਂਕ, ਟਾਂਕ ਟਾਂਕ ਮਾਸੇ ਚਾਰਿ ਅਨਿਕ ਪ੍ਰਕਾਰ ਹੈ।***
***ਮਾਸਾ ਏਕ ਆਠ ਰਤੀ ਰਤੀ ਆਠ ਚਾਵਰ ਕੀ, ਹਾਟ ਹਾਟ ਕਨੁ ਕਨੁ ਤੋਲ ਤੁਲਾਧਾਰ ਹੈ।***
***ਪੁਰ ਪੁਰ ਪੂਰਿ ਰਹੇ ਸਕਲ ਸੰਸਾਰ ਬਿਖੈ, ਬਸਿ ਆਵੈ ਕੈਸੇ ਜਾ ਕੋ ਏਤੋ ਬਿਸਥਾਰ ਹੈ ॥੨੨੯ ॥***

(ਭਾਈ ਗੁਰਦਾਸ ਜੀ)

## ਪਦ ਅਰਥ :

ਮਨੁ-(੧) ਇਕ ਮਣ ਤੋਲ (੨) ਮਨ (ਅੰਤਸ਼ਕਰਣ) (ਦਿਲ)। ਖੰਡ-ਟੋਟੇ, ਹਿੱਸੇ। ਟੂਕ-ਟੋਟੇ, ਟੁਕੜੇ। ਚਾਰਿ ਫਾਰਿ-ਚਾਰ ਫਾੜੀਆਂ। ਫਾਰਿ-ਫਾੜੇ, ਹਿੱਸੇ। ਤਾਹੂ ਤੇ-ਉਨ੍ਹਾਂ ਤੋਂ। ਪਈਸਾ-ਸਰਸਾਹੀ। ਟਾਂਕ-ਚਾਰ ਮਾਸੇ ਦਾ ਤੋਲ। ਕਨੁ-ਕਿਣਕਾ। ਤੁਲਾਧਾਰ-ਤਕੜੀ, ਤਰਾਜ਼ੂ। ਪੁਰ ਪੁਰ-ਨਗਰ, ਸ਼ਹਿਰ। ਪੂਰਿ ਰਹੇ-ਵਿਆਪ ਰਹੇ। ਸਕਲ-ਸਾਰਾ। ਬਿਖੈ-ਵਿਚੇ।

## ਅਰਥ :

ਇਕ ਮਨ ਦੇ ਅੱਠ ਹਿੱਸੇ, ਇਕ ਇਕ ਹਿੱਸੇ ਦੇ ਪੰਜ ਪੰਜ ਟੁਕੜੇ ਹੁੰਦੇ ਹਨ। ਹਰੇਕ ਸੇਰ ਦੀਆਂ ਚਾਰ ਚਾਰ ਟੁਕੜੀਆਂ ਭਾਵ ਚਾਰ ਚਾਰ ਪਾਈਏ ਬਣੇ। ਫੇਰ ਹਰੇਕ ਟੁਕੜੀ ਦੇ ਦੋ ਦੋ ਟੁਕੜੇ ਭਾਵ ਅੱਧ ਅੱਧ ਪਾਈਆ ਬਣੇ। ਇੰਨ੍ਹਾਂ ਤੋਂ ਸਰਸਾਹੀਆਂ ਅਤੇ ਇਕ ਇਕ ਸਰਸਾਹੀ ਦੇ ਪੰਜ ਪੰਜ ਟਾਂਕ, ਇਕ ਇਕ ਟਾਂਕ ਦੇ ਚਾਰ ਚਾਰ ਮਾਸੇ, ਇਸ ਤਰ੍ਹਾਂ ਕਈ ਪ੍ਰਕਾਰ ਦਾ ਖਿਲਾਰਾ ਬਣਦਾ ਹੈ। ਇਕ ਮਾਸਾ ਅੱਠ ਰੱਤੀਆਂ ਦਾ, ਇਕ ਰੱਤੀ ਅੱਠ ਚੌਲਾਂ ਦੀ, ਇਸ ਪ੍ਰਕਾਰ ਹੱਟੀ ਹੱਟੀ ਉੱਪਰ ਕਿਣਕਾ ਕਿਣਕਾ ਤੋਲ ਤਕੜੀ 'ਤੇ ਤੋਲੇ ਜਾ ਰਹੇ ਹਨ। ਸਾਰੇ ਸੰਸਾਰ ਤੇ ਹਰ ਇਕ ਨਗਰ ਵਿਚ ਇਕ ਮਣ ਦਾ ਇਹ ਖਿਲਾਰਾ ਖਿਲਰਿਆ ਪਿਆ ਹੈ। ਜਿਸ ਮਨ ਦਾ ਇਤਨਾ ਖਿਲਾਰਾ ਹੈ, (ਭਾਵ ਜਿਹੜਾ ਮਨ, ਕਾਮ ਕ੍ਰੋਧ, ਲੋਭ, ਮੋਹ, ਹੰਕਾਰ, ਆਦਿ ਵਿਕਾਰਾਂ ਅਤੇ ਕਈ ਤਰ੍ਹਾਂ ਦੇ ਫੁਰਨਿਆਂ ਵਿਚ ਵੰਡਿਆ ਪਿਆ ਹੈ, ਉਹ ਮਨ ਕਿਸ ਪ੍ਰਕਾਰ ਕਾਬੂ ਕੀਤਾ ਜਾ ਸਕਦਾ ਹੈ। ੨੨੯।

ਕੋਸ਼ਾਂ ਅਨੁਸਾਰ, ਪਿਛੇ ਵੀਚਾਰ ਕੀਤਾ ਹੈ, ਪਰ ਪ੍ਰਕਰਨ ਅਨੁਸਾਰ, ੧. ਕੰਡਾ, ਸ਼ਬਦ ਇਥੇ ਤੋਲਣ, ਵਾਲੀ ਸ਼ੈ ਦਾ ਵਾਚਕ ਹੈ। ਚੁੱਭਣ ਵਾਲੀ ਸੂਲ ਵਾਚਕ ਨਹੀਂ ਹੈ। ਮਹਾਨ ਕੋਸ਼ ਅਨੁਸਾਰ, ੨ ਤਰਾਜ਼ੂ ਦਾ ਕੰਟਕ, ਜੋ ਡੰਡੀ ਦੇ ਮੱਧ ਵਿਚ ਹੁੰਦਾ ਹੈ, ਭਾਰੀ ਵਸਤੂ ਵੱਲ ਝੁੱਕ ਜਾਂਦਾ ਹੈ। ੩. ਛੋਟਾ ਤਰਾਜ਼ੂ, "ਜਿਉ ਕੰਡੈ ਤੋਲੈ ਸੁਨਿਆਰਾ।" ਇਹ ਗੱਲ ਸਪੱਸ਼ਟ ਹੋਈ ਕਿ ਕੰਡੇ ਤੋਲਣ ਵਾਲੇ ਛੋਟੇ ਵੱਡੇ ਕਈ ਤਰ੍ਹਾਂ ਦੇ ਹੁੰਦੇ ਹਨ, ਇਕ ਕੰਡਾ ਛੋਟਾ ਜਿਹਾ ਹੁੰਦਾ ਹੈ, ਜਿਸ ਵਿਚ ਆਮ ਦੁਕਾਨਦਾਰ ਸੌਦਾ ਤੋਲ ਕੇ ਗਾਹਕ ਨੂੰ ਦਿੰਦਾ ਹੈ। ਇਕ ਕੰਡਾ ਵੱਡਾ ਹੁੰਦਾ ਹੈ ਆਰਿਆਂ ਉਪਰ, ਜਿਸ ਵਿਚ ਆਰੇ ਦਾ ਮਾਲਕ ਗਾਹਕ ਨੂੰ ਲੱਕੜਾਂ ਤੋਲ ਕੇ ਦਿੰਦਾ ਹੈ। ਪਰ ਅੱਜ ਕੱਲ ਕੰਡੇ ਵੱਡੇ ਹੋਰ ਆ ਗਏ ਹਨ, ਜੋ ਮੰਡੀਆਂ ਵਿਚ ਜਿਨਸ ਤੋਲਣ ਵਾਲੇ ਹੁੰਦੇ ਹਨ। ਜਿਨ੍ਹਾਂ ਕੰਡਿਆ ਦਾ ਜ਼ਿਕਰ ਕੀਤਾ ਹੈ, ਇਨ੍ਹਾਂ ਨਾਲ ਤੋਲੀ ਹੋਈ ਵਸਤੂ ਉੱਪਰ ਖ਼ਰੀਦਦਾਰ ਨੂੰ ਪੂਰਾ ਭਰੋਸਾ ਨਹੀਂ ਹੁੰਦਾ। ਖ਼ਰੀਦਦਾਰ ਦੇ ਮਨ ਵਿਚ ਸੰਸਾ ਰਹਿੰਦਾ ਹੈ ਕਿ ਚੀਜ਼ ਘੱਟ ਨ ਦਿੱਤੀ ਹੋਵੇ। ਕਿਉਂਕਿ ਕੰਡੇ ਵਿਚ ਫ਼ਰਕ ਹੋ ਸਕਦਾ ਹੈ, ਵੱਟਾ ਘੱਟ ਵੱਧ ਹੋ ਸਕਦਾ ਹੈ। ਜੈਸੇ ਇਤਿਹਾਸ ਅੰਦਰ ਜ਼ਿਕਰ ਆਇਆ ਹੈ ਭਾਈ ਕਟਾਰੂ ਦਾ, ਜੋ ਪੰਚਮ ਪਾਤਸ਼ਾਹ ਜੀ ਦਾ ਸਿੱਖ ਸੀ। ਇਸ ਦਾ ਪ੍ਰਸੰਗ ਇਸ ਪ੍ਰਕਾਰ ਹੈ :

## ਭਾਈ ਕਟਾਰੂ

ਭਾਈ ਕਟਾਰੂ ਨੇ ਗੁਰੂ ਜੀ ਦੇ ਚਰਨਾਂ ਪਰ ਨਮਸ਼ਕਾਰ ਕਰਕੇ ਬੇਨਤੀ ਕੀਤੀ, ਆਪ ਉਪਦੇਸ਼ ਦਿਉ ਜਿਸ ਕਰਕੇ ਮੇਰੇ ਸਾਰੇ ਕਲੇਸ਼ ਮਿਟ ਜਾਣ।

ਹਜ਼ੂਰ ਨੇ ਪੁੱਛਿਆ, ਤੂੰ ਕਿਥੋਂ ਆਇਆ ਹੈਂ ਅਤੇ ਕੀ ਕੰਮ ਕਰਦਾ ਹੈਂ? ਉਸ ਨੇ ਕਿਹਾ, ਮੈਂ ਕਾਬਲ 'ਚੋਂ ਆਇਆ ਹਾਂ, ਕਟਾਰੂ ਮੇਰਾ ਨਾਮ ਹੈ। ਕਾਬਲ ਵਿਖੇ ਜੋ ਸੂਬਾ ਹੈ ਉਸਦਾ ਮੈਂ ਨੌਕਰ ਹਾਂ, ਧੜਵਾਈ ਦਾ ਕੰਮ ਕਰਦਾ ਹਾਂ।

ਇਹ ਸੁਣਕੇ ਹਜ਼ੂਰ ਨੇ ਕਿਹਾ, ਭਾਈ ਕਟਾਰੂ! ਕਿਸੇ ਨੂੰ ਘੱਟ ਤੋਲ ਕੇ ਨ ਦੇਈਂ; ਸਤਿਨਾਮ ਵਾਹਿਗੁਰੂ ਦਾ ਸਿਮਰਨ ਕਰਦਾ ਰਹੀਂ ਅਤੇ ਗੁਰੂ ਨਮਿਤ ਦਸਵੰਧ ਦੇਂਦਾ ਰਹੀ, ਫਿਰ ਤੂੰ ਸਦਾ ਸੁਖੀ ਰਹੇਂਗਾ। ਤੇਰੇ ਘਰ ਕਦੇ ਦਰਿਦ੍ਰ ਨਹੀਂ ਆਵੇਗਾ।

ਉਪਦੇਸ਼ ਲੈ ਕੇ ਗੁਰੂ ਜੀ ਤੋਂ ਆਗਿਆ ਲੈ ਕੇ ਭਾਈ ਕਟਾਰੂ ਚਲਾ ਗਿਆ ਅਤੇ ਜਾ ਕੇ ਆਪਣੇ ਕੰਮ ਵਿਚ ਲੱਗ ਗਿਆ। ਵਾਹਿਗੁਰੂ ਵਾਹਿਗੁਰੂ ਕਹਿ ਕੇ ਤੋਲ ਕੇ ਦੇਈ ਜਾਂਦਾ ਹੈ।

ਇਕ ਦਿਨ ਇਕ ਬਾਣੀਆ ਕੋਈ ਵੱਟਾ ਲਿਆ ਕੇ ਭਾਈ ਕਟਾਰੂ ਪਾਸ ਵੇਚ ਗਿਆ। ਭਾਈ ਕਟਾਰੂ ਨੇ ਉਸੇ ਤਰ੍ਹਾਂ ਲੈ ਕੇ ਰੱਖ ਲਿਆ ਪਰੰਤੂ ਉਹ ਵੱਟਾ ਪੰਜ ਪੈਸੇ ਤੋਲ ਵਿਚ ਘੱਟ ਸੀ। ਭਾਈ ਕਟਾਰੂ ਨੂੰ ਇਸ ਗੱਲ ਦਾ ਕੋਈ ਪਤਾ ਨਹੀਂ ਸੀ। ਉਹ ਉਸੇ ਨਾਲ ਤੋਲ ਕੇ ਸਭ ਨੂੰ ਦੇਈ ਜਾਵੇ।

ਇਕ ਆਦਮੀ ਨੇ ਜਦ ਘਰ ਲਿਜਾ ਕੇ ਸੌਦਾ ਤੋਲਿਆ ਤਾਂ ਘੱਟ ਨਿਕਲਿਆ। ਉਸ ਨੇ ਉਸੀ ਵੇਲੇ ਸੂਬੇ ਪਾਸ ਜਾ ਕੇ ਚੁਗਲੀ ਕੀਤੀ ਕਿ ਕਟਾਰੂ ਨੇ ਘੱਟ ਵੱਟਾ ਰੱਖਿਆ ਹੋਇਆ ਹੈ।

***ਚਾਰੀ ਜਾਹਿ ਉਚਾਰੀ ਤਾਹਿ। ਤੋਲਤ ਘਾਟ ਸਭਿਨ ਕੇ ਪਾਹਿ।***
***ਸੁਨਿ ਸੂਬੇ ਰਿਸ ਕਰਿ ਬੁਲਵਾਯੋ। ਪੁਨ ਕਹਿ ਬਾਟ ਧਰਾ ਅਨਵਾਯੋ।***

ਸਾਰਿਆਂ ਨੂੰ ਸੌਦਾ ਘੱਟ ਤੋਲ ਕੇ ਦਿੰਦਾ ਹੈ।

ਇਹ ਸੁਣ ਕੇ ਸੂਬੇ ਨੂੰ ਗ਼ੁੱਸਾ ਚੜ੍ਹ ਗਿਆ। ਉਸ ਨੇ ਉਸੀ ਵੇਲੇ ਭਾਈ ਕਟਾਰੂ ਨੂੰ ਪਾਸ ਬੁਲਾ ਕੇ ਕਿਹਾ, ਤੇਰੀ ਸ਼ਿਕਾਇਤ ਆਈ ਹੈ ਕਿ ਤੂੰ ਵੱਟੇ ਘੱਟ ਰੱਖੇ ਹੋਏ ਹਨ, ਹੁਣੇ ਮੇਰੇ ਪਾਸ ਲਿਆ ਕੇ ਤੋਲ।

ਭਾਈ ਕਟਾਰੂ ਨੇ ਡਰ ਕੇ ਗੁਰੂ ਜੀ ਨੂੰ ਅਰਾਧਿਆ, ਹੇ ਗ਼ਰੀਬ ਨਿਵਾਜ ! ਮੈਂ ਕੋਈ ਜਾਣ ਬੁਝ ਕੇ ਵੱਟੇ ਘੱਟ ਨਹੀਂ ਰੱਖੇ ਹੋਏ। ਜੇ ਕੋਈ ਘੱਟ ਹੈ ਭੀ ਤਾਂ ਆਪ ਜੀ ਨੇ ਹੀ ਸਹਾਇਤਾ ਕਰਨੀ ਹੈ। ਇਸ ਤਰ੍ਹਾਂ ਗੁਰੂ ਜੀ ਨੂੰ ਅਰਾਧਦਾ ਹੋਇਆ ਵੱਟੇ ਲੈ ਆਇਆ। ਸੂਬੇ ਦੇ ਸਾਹਮਣੇ ਤੱਕੜੀ ਵਿਚ ਪਾ ਕੇ ਤੋਲ ਵਿਖਾਏ ਤਾਂ ਪੂਰੇ ਹੀ ਉਤਰੇ।

ਇਧਰ ਗੁਰੂ ਸਾਹਿਬ ਜੀ ਇਕ ਸਿੱਖ ਦੇ ਭੇਟ ਚੜ੍ਹਾਏ ਹੋਏ ਪੰਜ ਪੈਸੇ ਚੁੱਕ ਕੇ ਆਪਣੇ ਸੱਜੇ ਖੱਬੇ ਹੱਥ ਪਰ ਰੱਖ ਕੇ ਸਿੱਖ ਦੇ ਕਾਰਜ ਨੂੰ ਪਏ ਪੂਰਾ ਕਰਦੇ ਹਨ। ਜਦ ਗੁਰੂ ਜੀ ਨੂੰ ਕਦੇ ਸੱਜੇ ਹੱਥ ਪਰ, ਕਦੇ ਖੱਬੇ ਹੱਥ ਪਰ ਪੈਸੇ ਰੱਖਦਿਆਂ ਵੇਖਿਆ ਤਾਂ ਸਿੱਖਾਂ ਨੇ ਕਿਹਾ, ਗੁਰੂ ਜੀ ! ਆਪ ਜੀ ਪਾਸ ਬਿਅੰਤ ਮਾਇਆ ਆਉਂਦੀ ਹੈ, ਆਪ ਜੀ ਨੇ ਕਦੀ ਹੱਥ ਨਹੀਂ ਲਾਇਆ, ਪਰ ਅੱਜ ਪੰਜ ਪੈਸੇ ਫੜ ਕੇ ਕਦੇ ਸੱਜੇ, ਕਦੇ ਖੱਬੇ ਹੱਥ ਪਰ ਰੱਖਦੇ ਹੋ, ਇਸ ਦਾ ਕੀ ਕਾਰਣ ਹੈ ?

ਹਜ਼ੂਰ ਨੇ ਕਿਹਾ ਕਿ ਸਾਡੇ ਸਿੱਖ ਦਾ ਵੱਟਾ ਪੰਜ ਪੈਸੇ ਘੱਟ ਹੈ ਤੇ ਕਾਬਲ ਦਾ ਸੂਬਾ ਉਨ੍ਹਾਂ ਵੱਟਿਆਂ ਨੂੰ ਤੋਲ ਰਿਹਾ ਹੈ। ਅਸੀਂ ਉਸ ਵੱਟੇ ਨੂੰ ਪੂਰਾ ਕਰ ਰਹੇ ਹਾਂ।

ਯਥਾ-

***ਸ੍ਰੀ ਗੁਰੂ ਕਹਯੋ ਸਿਖ ਕੋ ਬਾਟ॥ ਪੂਰਾ ਕਰਹਿ ਇਤੋ ਸੋ ਘਾਟ॥***
***ਪਲਰੋ ਦੌਨ ਤਰਾਜ਼ੂ ਕੇਰ॥ ਤੋਲਤਿ ਹੈ ਇਤ ਉਤ ਨਰ ਫੇਰਿ॥੪੫॥***
***ਯਾਤੇ ਹਮ ਦੋਨਹੁ ਕਰ ਧਰੈਂ॥ ਸਿਖ ਕੋ ਬਾਟ ਸੁ ਪੂਰਾ ਕਰੈਂ॥***
***ਨਾਮ ਕਟਾਰੂ ਕਾਬਲ ਮਾਂਹਿ॥ ਬਾਟ ਘਾਟ ਅਨਜਾਨੇ ਤਾਂਹਿ॥੪੬॥***

(ਗੁਰ ਪ੍ਰਤਾਪ ਸੂਰਜ, ਰਾਜ ੩, ਅੰਸੂ ੫੧)

ਪਿੱਛੇ ਭਾਈ ਕਟਾਰੂ ਦੇ ਪ੍ਰਸੰਗ ਤੋਂ ਪਹਿਲਾਂ ਵਿਚਾਰ ਕੀਤੀ ਗਈ ਹੈ ਕਿ ਇਨ੍ਹਾਂ ਕੰਡਿਆਂ ਨਾਲ ਤੋਲਣ ਵਿਚ ਗਾਹਕ ਨਾਲ ਧੋਖਾ ਹੋ ਸਕਦਾ ਹੈ, ਪਰ ਇਕ ਕੰਡਾ ਸੁਨਿਆਰੇ ਪਾਸ ਹੁੰਦਾ ਹੈ, ਜ਼ੇਵਰ ਤੋਲਣ ਲਈ, ਉਸ ਕੰਡੇ ਦਾ ਨਾਮ ਹੈ ਧਰਮ ਕੰਡਾ। ਉਸ ਨਾਲ ਤੋਲੇ ਹੋਇ ਜ਼ੇਵਰ ਲੈਣ ਵਾਲੇ ਗਾਹਕ ਨੂੰ ਸ਼ੰਕਾ ਨਹੀਂ ਹੋ ਸਕਦੀ। ਹਾਂ, ਸੁਨਿਆਰੇ ਉਪਰ ਸ਼ੰਕਾ ਹੋ ਸਕਦੀ ਹੈ ਕਿ ਮਾਲ ਖਰਾ ਨਹੀਂ, ਖੋਟਾ ਹੈ, ਪਰ ਧਰਮ ਕੰਡੇ ਉਪਰ ਸ਼ੰਕਾ ਨਹੀਂ ਹੁੰਦੀ। ਅਸਲ ਵਿਚ ਧਰਮ ਨਾਮ ਹੀ ਐਸਾ ਹੈ, ਜਿਸ ਧਰਮ ਦੇ ਨਾਮ ਉਪਰ ਹਰਿ ਕਿਸੇ ਦਾ

ਵਿਸ਼ਵਾਸ ਬੱਝ ਜਾਂਦਾ ਹੈ। ਸੰਸਾਰ ਅੰਦਰ ਲੋਕਾਂ ਦਾ ਵਿਸ਼ਵਾਸ ਬਣਾ ਕੇ ਠੱਗਣ ਲਈ ਕਈਆਂ ਨੇ ਸਰੀਰ ਉੱਪਰ ਧਰਮ ਦਾ ਲਿਬਾਸ ਧਾਰਿਆ, ਜਿਨ੍ਹਾਂ ਵਿਚ ਸੱਜਨ ਠੱਗ ਵਰਗਿਆਂ ਦੇ ਨਾਮ ਹਨ। ਕਿਸ ਤਰ੍ਹਾਂ ਸਮਝ ਪਵੇ ਕਿ ਇਹ ਅਸਲ ਸੰਤ ਹੈ ਜਾਂ ਸੱਜਣ ਠੱਗ ਹੈ। ਭਾਈ ਗੁਰਦਾਸ ਜੀ ਪਾਸੋਂ ਇਕ ਵਾਰ ਗੁਰਸਿਖਾਂ ਪੁੱਛਿਆ ਸੀ, ਜੀ ਕ੍ਰਿਪਾ ਕਰਕੇ ਦੱਸੋ, ਕਿਸ ਤਰ੍ਹਾਂ ਪਛਾਣ ਕਰੀਏ ਕਿ ਇਹ ਅਸਲ ਸੰਤ ਹੈ ਜਾਂ ਅਸੰਤ ਹੈ। ਤਾਂ ਭਾਈ ਸਾਹਿਬ ਜੀ ਨੇ ਬਚਨ ਕਹੇ ਸਨ, ਜੋ ਉਨ੍ਹਾਂ ਦੀ ਬਾਣੀ ਅੰਦਰ ਅੰਕਿਤ ਹਨ :

***ਗੁਛਾ ਹੋਇ ਧ੍ਰਿਕੋਨਿਆ ਕਿਉ ਵੁੜੀਐ ਦਾਖੈ।***
***ਅਕੈ ਕੇਰੀ ਖਖੜੀ ਕੋਈ ਅੰਬੁ ਨ ਆਖੈ।***
***ਗਹਣੇ ਜਿਉ ਜਰਪੋਸ ਦੇ ਨਹੀ ਸੋਇਨਾ ਸਾਖੈ।***
***ਫਟਕ ਨ ਪੁਜਨਿ ਹੀਰਿਆ ਓਇ ਭਰੇ ਬਿਆਖੈ।***
***ਧਉਲੇ ਦਿਸਨਿ ਛਾਹਿ ਦੁਧੁ ਸਾਦਹੁ ਗੁਣ ਗਾਖੈ।***
***ਤਿਉ ਸਾਧ ਅਸਾਧ ਪਰਖੀਅਨਿ ਕਰਤੂਤਿ ਸੁ ਭਾਖੈ ॥੧੭॥***

(ਵਾਰ ੩੫, ਪਉੜੀ ੧੭)

ਭਾਈ ਸਾਹਿਬ ਜੀ ਕਹਿੰਦੇ ਹਨ ਕਿ ਅਕ ਨੂੰ ਲਗਿਆ ਫਲ ਦਾਖਾ ਨਹੀਂ ਹੋ ਸਕਦੀਆਂ। ਮੁਲੰਮੇ ਦਾ ਗਹਿਣਾ ਅਸਲ ਸੋਨਾ ਜਾਂ ਸੁਚਾ ਜ਼ੇਵਰ ਨਹੀਂ ਹੋ ਸਕਦਾ। ਅੱਕ ਦਾ ਕੌੜਾ ਫਲ ਅੰਬ ਕਿਸ ਤਰ੍ਹਾਂ ਬਣ ਸਕਦਾ ਹੈ। ਇਸੇ ਤਰ੍ਹਾਂ ਸਾਧ ਤੇ ਅਸਾਧ ਦੀ ਪਛਾਣ "ਕਰਤੂਤ" ਕਰਮ ਕਰਕੇ ਜਾਂ ਫਿਰ "ਸੁਭਾਖੈ" ਬੋਲੀ ਕਰਕੇ ਉਸੇ ਵੇਲੇ ਹੋ ਜਾਂਦੀ ਹੈ। ਪਰ ਸਤਿਗੁਰੂ ਜੀ ਪਾਸ ਤਾਂ ਹਮੇਸ਼ਾਂ ਧਰਮ ਦਾ ਕੰਡਾ ਪਕੜਿਆ ਹੋਇਆ ਹੈ। ਹਜ਼ੂਰ ਨੇ ਬਾਣੀ ਅੰਦਰ ਵੀ ਫ਼ੁਰਮਾਇਆ ਹੈ :

***ਹਰਿ ਜੇਵਡੁ ਨਾਹੀ ਕੋਈ ਜਾਣੁ ਹਰਿ ਧਰਮੁ ਬੀਚਾਰਦਾ॥***
***ਕਾੜਾ ਅੰਦੇਸਾ ਕਿਉ ਕੀਜੈ ਜਾ ਨਾਹੀ ਅਧਰਮਿ ਮਾਰਦਾ॥***
***ਸਚਾ ਸਾਹਿਬੁ ਸਚੁ ਨਿਆਉ ਪਾਪੀ ਨਰੁ ਹਾਰਦਾ॥***

(ਅੰਗ ੯੦)

ਗੁਰੂ ਸਾਹਿਬ ਜੀ ਪਾਸ ਤਾਂ ਧਰਮ ਕੰਡਾ ਐਸਾ ਫੜਿਆ ਹੈ :

***ਜੈਕਾਰੁ ਕੀਓ ਧਰਮੀਆ ਕਾ ਪਾਪੀ ਕਉ ਡੰਡੁ ਦੀਓਇ॥***

(ਅੰਗ ੮੯)

ਪੁਰਾਤਨ ਸਮੇਂ ਅੰਦਰ ਪੱਥਰ ਦੇ ਵੱਟੇ ਹੁੰਦੇ ਸਨ, ਜਿਨ੍ਹਾਂ ਨਾਲ ਸੌਦਾ ਤੋਲਿਆ ਜਾਂਦਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੁਲਤਾਨਪੁਰ ਦੀ ਧਰਤੀ 'ਤੇ ਮੋਦੀ ਖ਼ਾਨਾ ਖੋਲ੍ਹਿਆ ਅਤੇ ਤੇਰਾ ਤੇਰਾ ਕਰਕੇ ਤੋਲਿਆ। ਉਹ ਤੋਲਣ ਵਾਲੇ ਵੱਟੇ ਪੱਥਰ ਦੇ ਸਨ, ਜੋ ਸੁਲਤਾਨਪੁਰ ਗੁਰਦੁਆਰਾ ਹੱਟ ਸਾਹਿਬ ਇਸ ਵੇਲੇ ਮੌਜੂਦ

ਹਨ। ਇਕ ਵਪਾਰੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਿਹਾਲ ਕੀਤਾ ਸੀ। ਉਸ ਪਾਸ ਵੀ ਪੱਥਰ ਦੇ ਵੱਟੇ ਸਨ। ਹਜ਼ੂਰ ਨੇ ਛੋਟਾ ਪੱਥਰ ਦਾ ਵੱਟਾ ਕਰ ਕਮਲਾਂ ਅੰਦਰ ਲੈ ਕੇ ਵਪਾਰੀ ਨੂੰ ਤਾਰਿਆ ਸੀ। ਇਹ ਪ੍ਰਸੰਗ ਇਸ ਪ੍ਰਕਾਰ ਹੈ :

## ਸਾਖੀ—ਵਪਾਰੀ ਦੀ

ਪਰਮ ਕ੍ਰਿਪਾਲੂ ਸ੍ਰੀ ਗੁਰੂ ਨਾਨਕ ਦੇਵ ਜੀ ਕਲਯੁੱਗੀ ਜੀਆਂ ਨੂੰ ਤਾਰਦੇ ਹੋਏ ਭਾਈ ਬਾਲੇ ਅਤੇ ਮਰਦਾਨੇ ਸਮੇਤ ਰਸਤੇ ਵਿਚ ਤੁਰੇ ਜਾ ਰਹੇ ਸਨ ਤਾਂ ਰਸਤੇ ਵਿਚੋਂ ਅਗੋਂ ਆ ਰਿਹਾ ਇਕ ਵਪਾਰੀ ਮਿਲਿਆ, ਜੋ ਮੋਢੇ ਉੱਪਰ ਗਠੜੀ ਚੁੱਕ ਕੇ ਪਿੰਡਾਂ ਪਿੰਡਾਂ ਵਿਚ ਜਾ ਕੇ ਸੌਦਾ ਵੇਚ ਕੇ ਆਪਣਾ ਅਤੇ ਆਪਣੇ ਪਰਿਵਾਰ ਦਾ ਗੁਜ਼ਾਰਾ ਤੋਰਦਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਵੇਖ ਕੇ ਸਾਧੂ ਜਾਣ ਕਰ ਮਸਤਕ ਝੁਕਾਇਆ। ਹਜ਼ੂਰ ਨੇ ਪੁੱਛਿਆ, ਭਾਈ ਗਠੜੀ ਵਿਚ ਕੀ ਹੈ। ਖੋਲ੍ਹ ਕੇ ਵਿਖਾ। ਤਾਂ ਉਸ ਨੇ ਗਠੜੀ ਖੋਲ੍ਹੀ। ਸ੍ਰੀ ਗੁਰੂ ਨਾਨਕ ਪ੍ਰਕਾਸ਼ ਅੰਦਰ ਆਏ ਜ਼ਿਕਰ ਅਨੁਸਾਰ, ਦੱਸਣ ਲੱਗਿਆ, ਜੀ ਇਹ ਲੂਣ ਹੈ, ਇਹ ਹਲਦੀ ਹੈ ਅਤੇ ਇਹ ਮਿਰਚਾਂ ਹਨ। ਗੁਰਦੇਵ ਨੇ ਗਠੜੀ ਵਿਚੋਂ ਇਕ ਛੋਟਾ ਜਿਹਾ ਪੱਥਰ ਦਾ ਵੱਟਾ ਆਪਣੇ ਕਰ ਕਮਲਾਂ ਅੰਦਰ ਚੁੱਕ ਲਿਆ। ਬਾਕੀ ਪੱਥਰ ਦੇ ਵੱਟੇ ਜੋ ਤੋਲਣ ਵਾਸਤੇ ਗੱਠੜੀ ਵਿਚ ਪਏ ਸਨ। ਵਪਾਰੀ ਨੂੰ ਪਾਤਸ਼ਾਹ ਜੀ ਨੇ ਗਠੜੀ ਵਿਚ ਪਏ ਵੱਟਿਆਂ ਵੱਲ ਇਸ਼ਾਰਾ ਕਰਕੇ ਪੁੱਛਿਆ ਕਿ ਇਹ ਕੀ ਹੈ ? ਤਾਂ ਉਸ ਨੇ ਦੱਸਿਆ ਜੀ ਇਹ ਸੇਰ ਦਾ ਵੱਟਾ ਹੈ, ਉਹ ਅੱਧ ਸੇਰ ਦਾ, ਆਹ ਪਾਈਆ ਦਾ ਹੈ, ਅਤੇ ਆਪ ਜੀ ਦੇ ਹਸਤ ਕਮਲ ਵਾਲਾ ਅੱਧ ਪਾ ਦਾ ਵੱਟਾ ਹੈ। ਹਜ਼ੂਰ ਨੇ ਕਿਹਾ "ਧੰਨ ਇਹ ਪਾਉ ਜਿਨ ਆਪਨਾ ਲਘ ਨਾਮ ਰਖਾਉ॥ " ਅਸਾਂ ਤਾਂ ਭਾਈ ਇਹ ਛੋਟਾ ਹੀ ਪੂਜਨ ਯੋਗ ਜਾਣਿਆ ਹੈ ਜਿਸ ਨੇ ਆਪਣਾ ਨਾਮ ਛੋਟਾ ਰਖਾਇਆ ਹੈ। ਇਹ ਬਚਨ ਕਹਿੰਦਿਆਂ ਐਸੀ ਦ੍ਰਿਸ਼ਟੀ ਵਪਾਰੀ ਉੱਪਰ ਪਾਈ ਕਿ ਉਸ ਨੂੰ ਨਦਰੀ ਨਦਰ ਨਿਹਾਲ ਕਰ ਦਿੱਤਾ।

***ਤਤ ਛਿਨ ਖੁਲਿਗੇ ਬਿਕਟ ਕਪਾਟਾ। ਅਦਭੁਤ ਭਯੋ ਅਪਰ ਹੀ ਠਾਟਾ।***
***ਜਗਯੋ ਗਯਾਨ ਦੁਬਿਧਾ ਸਭ ਖੋਈ। ਤੀਨ ਲੋਕ ਕੀ ਸੋਝੀ ਉਰਿ ਹੋਈ॥'***

ਇਹ ਵੇਖ ਕੇ ਭਾਈ ਬਾਲੇ ਨੇ ਪੁੱਛਿਆ, ਜੀ ਇਸ ਨੇ ਨਾ ਕੋਈ ਸੇਵਾ ਕੀਤੀ, ਨਾ ਸਿਮਰਨ, ਸ਼ੀਘਰ ਹੀ ਇਸ ਨੂੰ ਤਾਰ ਦਿੱਤਾ ਹੈ।

***ਇਨ ਵੈਪਾਰੀ ਤਤ ਛਿਨ ਪਾਈ। ਕਛ ਚਿਰ ਕਾਲ ਨ ਸੇਵ ਕਮਾਈ।***

ਹਜ਼ੂਰ ਨੇ ਕਿਹਾ ਕਿ ਭਾਈ ! ਇਸ ਦੀ ਪੂਰਬਲੇ ਜਨਮ ਦੀ ਕਮਾਈ ਸੀ। ਬਸ, ਸਾਡੇ ਮਿਲਾਪ ਹੋਣ ਦੀ ਹੀ ਦੇਰ ਸੀ।

ਦੋਹਰਾ॥

***ਦੀਪਕ ਬਾਤੀ ਤੇਲ ਯੁਤ, ਪਾਵਕ ਲਾਵਣ ਦੇਰ।***

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

*ਹੋਇ ਰੋਸ਼ਨੀ ਤੁਰਤ ਮਿਲ, ਤਿਉ ਇਸ ਕੋ ਤੂੰ ਹੇਰ॥ ੩੨॥*

(ਨਾਨਕ ਪ੍ਰਕਾਸ)

ਸੂਹੀ ਮਹਲਾ ੧॥

*ਕਉਣ ਤਰਾਜੀ ਕਵਣੁ ਤੁਲਾ ਤੇਰਾ ਕਵਣੁ ਸਰਾਫੁ ਬੁਲਾਵਾ॥*
*ਕਉਣੁ ਗੁਰੂ ਕੈ ਪਹਿ ਦੀਖਿਆ ਲੇਵਾ ਕੈ ਪਹਿ ਮੁਲੁ ਕਰਾਵਾ॥ ੧॥*
*ਮੇਰੇ ਲਾਲ ਜੀਉ ਤੇਰਾ ਅੰਤੁ ਨ ਜਾਣਾ॥ਤੂੰ ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ॥*
*ਤੂੰ ਆਪੇ ਸਰਬ ਸਮਾਣਾ॥੧॥ਰਹਾਉ॥*
*ਮਨੁ ਤਾਰਾਜੀ ਚਿਤੁ ਤੁਲਾ ਤੇਰੀ ਸੇਵ ਸਰਾਫੁ ਕਮਾਵਾ॥*
*ਘਟ ਹੀ ਭੀਤਰਿ ਸੋ ਸਹੁ ਤੋਲੀ ਇਨ ਬਿਧਿ ਚਿਤੁ ਰਹਾਵਾ॥ ੨॥*
*ਆਪੇ ਕੰਡਾ ਤੋਲੁ ਤਰਾਜੀ ਆਪੇ ਤੋਲਣਹਾਰਾ॥*
*ਆਪੇ ਦੇਖੈ ਆਪੇ ਬੂਝੈ ਆਪੇ ਹੈ ਵਣਜਾਰਾ॥ ੩॥*
*ਅੰਧੁਲਾ ਨੀਚ ਜਾਤਿ ਪਰਦੇਸੀ ਖਿਨੁ ਆਵੈ ਤਿਲੁ ਜਾਵੈ॥*
*ਤਾ ਕੀ ਸੰਗਤਿ ਨਾਨਕੁ ਰਹਦਾ ਕਿਉ ਕਰਿ ਮੂੜਾ ਪਾਵੈ॥ ੪॥ ੨॥ ੯॥*

(ਅੰਗ ੭੩੧)

ਸਲੋਕ ਮਹਲਾ ੧॥

*ਨਾਨਕ ਤੁਲੀਅਹਿ ਤੋਲ ਜੇ ਜੀਉ ਪਿਛੈ ਪਾਈਐ॥*
*ਇਕਸੁ ਨ ਪੁਜਹਿ ਬੋਲ ਜੇ ਪੂਰੇ ਪੂਰਾ ਕਰਿ ਮਿਲੈ॥*
*ਵਡਾ ਆਖਣੁ ਭਾਰਾ ਤੋਲੁ॥ ਹੋਰ ਹਉਲੀ ਮਤੀ ਹਉਲੇ ਬੋਲ॥*
*ਧਰਤੀ ਪਾਣੀ ਪਰਬਤ ਭਾਰੁ॥ ਕਿਉ ਕੰਡੈ ਤੋਲੈ ਸੁਨਿਆਰੁ॥*
*ਤੋਲਾ ਮਾਸਾ ਰਤਕ ਪਾਇ॥ ਨਾਨਕ ਪੁਛਿਆ ਦੇਇ ਪੁਜਾਇ॥*
*ਮੂਰਖ ਅੰਧਿਆ ਅੰਧੀ ਧਾਤੁ॥ਕਹਿ ਕਹਿ ਕਹਣੁ ਕਹਾਇਨਿ ਆਪੁ॥੧॥*

(ਵਾਰ ਸਾਰੰਗ ਕੀ, ਅੰਗ ੧੨੩੯ )

ਇਨ੍ਹਾਂ ਸ਼ਬਦਾਂ ਅੰਦਰ ਵੀ ਉਹੀ ਸ਼ਬਦ ਕੰਡਾ, ਤੋਲ, ਤਰਾਜੀ, ਕੰਡੈ, ਆਦਿ ਆਇਆ ਹੈ। ਸਾਰੇ ਸ਼ਬਦ ਦਾ ਭਾਵ ਵੀ ਉਹੀ ਹੈ : ''ਆਪੇ ਕੰਡਾ ਤੋਲੁ ਤਰਾਜੀ ਆਪੇ ਤੋਲਣਹਾਰਾ॥' (ਅਥਵਾ) ਨਾਨਕ ਤੁਲੀਅਹਿ ਤੋਲ ਜੇ ਜੀਉ ਪਿਛੈ ਪਾਈਐ॥' (ਅਥਵਾ) ''ਕਿਉ ਕੰਡੈ ਤੋਲੈ ਸੁਨਿਆਰੁ॥ ਵੀਚਾਰ ਦੇ ਆਰੰਭ ਵਾਲਾ, ਸੋਰਠਿ ਰਾਗਨੀ ਦਾ ਸ਼ਬਦ, ਜਿਸ ਵਿਚ ਗੁਰੂ ਰਾਮਦਾਸ ਜੀ ਨੇ ਉਸ ਪ੍ਰਮੇਸ਼ਰ ਨੂੰ ਹੀ ਧਰਤੀ ਦੇ ਸਾਜਨ ਵਾਲਾ ਤੇ ਹੁਕਮ ਵਿਚ ਹੀ ਪਾਣੀ ਵਿਚ ਧਰਤੀ ਨੂੰ ਟਿਕਾ ਰੱਖਿਆ ਦੱਸਿਆ ਹੈ। ਜਿਸ ਵਸਤੂ ਦਾ
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਕੋਈ ਕਰਤਾ ਹੁੰਦਾ ਹੈ ਉਹੀ ਉਸ ਵਸਤੂ ਦੇ ਤੋਲਿ ਮਿਣਤੀ ਨੂੰ ਜਾਣ ਸਕਦਾ ਹੈ। ਭਾਵ ਹੈ ਪ੍ਰਮੇਸ਼ਰ ਨੇ ਆਪ ਧਰਤੀ ਬਣਾਈ ਹੈ, ਤੇ ਆਪ ਹੀ ਤੋਲ ਮਿਣਤੀ ਜਾਣਦਾ ਹੈ। ਹੋਰ ਕੋਈ ਨਹੀਂ ਜਾਣ ਸਕਦਾ। ਹਜ਼ੂਰ ਦਾ ਫ਼ੁਰਮਾਣ ਹੈ :

***ਧਰਤੀ ਹੋਰੁ ਪਰੈ ਹੋਰੁ ਹੋਰੁ॥ ਤਿਸ ਤੇ ਭਾਰੁ ਤਲੈ ਕਵਣੁ ਜੋਰੁ॥***

(ਅਥਵਾ)

***ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥***
***ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥***

(ਜਪੁ ਜੀ ਸਾਹਿਬ)

ਦਸਤਗੀਰ ਪੀਰ ਦੇ ਬੇਟੇ ਦਾ ਪ੍ਰਸੰਗ ਵੀ ਲੱਗ ਸਕਦਾ ਹੈ।

***ਨਾਲਿ ਲੀਤਾ ਬੇਟਾ ਪੀਰ ਦਾ ਅਖੀ ਮੀਟਿ ਗਇਆ ਹਵਾਈ।***
***ਲਖ ਅਕਾਸ ਪਤਾਲ ਲਖ ਅਖਿ ਫੁਰਕ ਵਿਚਿ ਸਭਿ ਦਿਖਲਾਈ॥***

(ਭਾਈ ਗੁਰਦਾਸ ਜੀ, ਵਾਰ ੧, ਪਉੜੀ ੩੬)

ਸੋਰਠਿ ਮਹਲਾ ੪ ॥ ਆਪੇ ਕੰਡਾ ਆਪਿ ਤਰਾਜੀ ਪ੍ਰਭਿ ਆਪੇ ਤੋਲਿ ਤੋਲਾਇਆ ॥ ਆਪੇ ਸਾਹੁ ਆਪੇ ਵਣਜਾਰਾ ਆਪੇ ਵਣਜੁ ਕਰਾਇਆ ॥ ਆਪੇ ਧਰਤੀ ਸਾਜੀਅਨੁ ਪਿਆਰੈ ਪਿਛੈ ਟੰਕੁ ਚੜਾਇਆ ॥ ੧ ॥ ਮੇਰੇ ਮਨ ਹਰਿ ਹਰਿ ਧਿਆਇ ਸੁਖੁ ਪਾਇਆ ॥ ਹਰਿ ਹਰਿ ਨਾਮੁ ਨਿਧਾਨੁ ਹੈ ਪਿਆਰਾ ਗੁਰਿ ਪੂਰੈ ਮੀਠਾ ਲਾਇਆ ॥ ਰਹਾਉ ॥ ਆਪੇ ਧਰਤੀ ਆਪਿ ਜਲੁ ਪਿਆਰਾ ਆਪੇ ਕਰੇ ਕਰਾਇਆ ॥ ਆਪੇ ਹੁਕਮਿ ਵਰਤਦਾ ਪਿਆਰਾ ਜਲੁ ਮਾਟੀ ਬੰਧਿ ਰਖਾਇਆ ॥ ਆਪੇ ਹੀ ਭਉ ਪਾਇਦਾ ਪਿਆਰਾ ਬੰਨਿ ਬਕਰੀ ਸੀਹੁ ਹਢਾਇਆ ॥ ੨ ॥ ਆਪੇ ਕਾਸਟ ਆਪਿ ਹਰਿ ਪਿਆਰਾ ਵਿਚਿ ਕਾਸਟ ਅਗਨਿ ਰਖਾਇਆ ॥ ਆਪੇ ਹੀ ਆਪਿ ਵਰਤਦਾ ਪਿਆਰਾ ਭੈ ਅਗਨਿ ਨ ਸਕੈ ਜਲਾਇਆ ॥ ਆਪੇ ਮਾਰਿ ਜੀਵਾਇਦਾ ਪਿਆਰਾ ਸਾਹ ਲੈਦੇ ਸਭਿ ਲਵਾਇਆ ॥ ੩ ॥ ਆਪੇ ਤਾਣੁ ਦੀਬਾਣੁ ਹੈ ਪਿਆਰਾ ਆਪੇ ਕਾਰੈ ਲਾਇਆ ॥ ਜਿਉ ਆਪਿ ਚਲਾਏ ਤਿਉ ਚਲੀਐ ਪਿਆਰੇ ਜਿਉ ਹਰਿ ਪ੍ਰਭ ਮੇਰੇ ਭਾਇਆ ॥ ਆਪੇ ਜੰਤੀ ਜੰਤੁ ਹੈ ਪਿਆਰਾ ਜਨ ਨਾਨਕ ਵਜਹਿ ਵਜਾਇਆ ॥ ੪ ॥ ੪ ॥
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

## ਪਦ ਅਰਥ :

ਕੰਡਾ-ਇਸ ਸੰਬੰਧ ਵਿਚ ਵਿਚਾਰ ਆਰੰਭ ਅੰਦਰ ਵਿਸਥਾਰ ਸਹਿਤ ਕੀਤੀ ਜਾ ਚੁੱਕੀ ਹੈ। ਤਰਾਜੀ-ਤੱਕੜੀ। ਤੋਲਿ-ਵੱਟਾ। ਸਾਹੁ-ਸ਼ਾਹ। ਵਣਜਾਰਾ-ਵਾਪਾਰੀ। ਵਣਜੁ-ਵਾਪਾਰ। ਪਿਆਰੈ-ਪਿਆਰੇ (ਪਰਮੇਸਰ) ਨੇ। ਟੰਕੁ-ਚਾਰ ਮਾਸੇ ਦਾ ਵੱਟਾ। ਬੰਧਿ-ਬੰਨ੍ਹ ਕੇ। ਸੀਹੁ-ਸ਼ੇਰ। ਹਵਾਇਆ-ਘੁਮਾਇਆ, ਫਿਰਾਇਆ। ਕਾਸਟ-ਕਾਠ, ਲੱਕੜ। ਸਾਹ-ਸੁਆਸ। ਤਾਣੁ-ਤਾਕਤ, ਬਲ। ਜੰਤੀ-ਵਜੰਤ੍ਰੀ। ਜੰਤੁ-ਵਾਜਾ। ਵਜਹਿ-ਵਜਾਉਂਦੇ ਹਨ।

## ਅਰਥ :

(ਹੇ ਭਾਈ !) ਪ੍ਰਭੂ (ਵਾਹਿਗੁਰੂ ਜੀ) ਆਪ ਹੀ ਕੰਡਾ ਹੈ, ਆਪ ਹੀ ਤਕੜੀ ਰੂਪ ਹੈ, ਆਪ ਹੀ ਤੋਲਿ=ਵੱਟੇ ਨਾਲ (ਸਾਰੇ ਸ੍ਰਿਸ਼ਟੀ) ਨੂੰ ਤੋਲਾਇਆ ਹੈ, (ਭਾਵ ਪ੍ਰਭੂ ਤੋਂ ਬਿਨਾਂ ਹੋਰ ਕੋਈ ਤੋਲਣ ਵਾਲਾ ਨਹੀਂ ਹੈ)।

ਪ੍ਰਭੂ ਆਪ ਹੀ ਸ਼ਾਹ ਹੈ, ਆਪ ਹੀ ਵਾਪਾਰੀ ਹੈ, (ਵਾਹਿਗੁਰੂ ਜੀ ਨੇ) ਆਪ ਹੀ ਸਾਰਾ ਵਾਪਾਰ ਕਰਾਇਆ ਹੈ। ਉਸ ਪਿਆਰੇ (ਵਾਹਿਗੁਰੂ ਜੀ ਨੇ) ਆਪ ਹੀ ਸਾਰੀ ਧਰਤੀ ਬਣਾਈ ਹੈ, ਪਿੱਛੇ (ਤੱਕੜੀ ਵਿਚ) ਚਾਰ ਮਾਸੇ ਦਾ ਤੋਲ (ਰੱਖ ਕੇ) ਚੜਾਇਆ ਹੈ, (ਭਾਵ ਉਸ ਪ੍ਰਭੂ ਜੀ ਨੇ ਸਾਰੀ ਸ੍ਰਿਸ਼ਟੀ ਤੋਲ ਕੇ ਰੱਖੀ ਹੋਈ ਹੈ। ਇਹ ਉਸ ਦੀ ਅਸਚਰਜ ਸ਼ਕਤੀ ਹੈ। ੧।

ਹੇ ਮੇਰੇ ਮਨ ! ਹਰਿ ਹਰਿ=ਵਾਹਿਗੁਰੂ ਵਾਹਿਗੁਰੂ ਜੀ ਨੂੰ ਸਿਮਰ ਕੇ ਹੀ (ਆਤਮਿਕ) ਸੁੱਖ ਪਾਇਆ ਜਾਂਦਾ ਹੈ। (ਕਿਉਂਕਿ) ਹਰਿ ਹਰਿ=ਵਾਹਿਗੁਰੂ ਵਾਹਿਗੁਰੂ ਦਾ ਪਿਆਰਾ ਨਾਮ ਸਾਰੇ (ਸੁੱਖਾਂ ਦਾ) ਨਿਧਾਨੁ=ਖ਼ਜ਼ਾਨਾ ਹੈ, ਪੂਰਨ ਗੁਰੂ ਨੇ (ਪ੍ਰਭੂ ਦਾ ਨਾਮ) ਮੈਨੂੰ ਮਿੱਠਾ ਲਵਾਇਆ ਹੈ। ਰਹਾਉ। (ਉਹ) ਪਿਆਰਾ (ਪ੍ਰਭੂ ਜੀ) ਆਪ ਹੀ ਧਰਤੀ ਹੈ, ਆਪ ਹੀ ਪਾਣੀ ਹੈ, ਆਪ ਹੀ (ਸਭ ਕੁਝ) ਕਰਦਾ ਤੇ ਕਰਾਉਂਦਾ ਹੈ। ਪਿਆਰਾ (ਪ੍ਰਭੂ ਜੀ) ਆਪ ਹੀ (ਆਪਣੇ) ਹੁਕਮ ਅਨੁਸਾਰ ਵਰਤ ਰਿਹਾ ਹੈ, (ਆਪਣੇ ਹੁਕਮ ਵਿਚ ਉਸ ਨੇ) ਮਿੱਟੀ ਤੇ ਪਾਣੀ ਨੂੰ ਬੰਨ੍ਹ ਕੇ ਰੱਖਿਆ ਹੋਇਆ ਹੈ। ਪਿਆਰਾ (ਪ੍ਰਭੂ ਜੀ) ਆਪ ਹੀ (ਆਪਣਾ) ਡਰ ਪਾਉਂਦਾ ਹੈ, ਬੱਕਰੀ ਤੇ ਸ਼ੇਰ ਨੂੰ (ਇਕੱਠਾ) ਬੰਨ੍ਹ ਕੇ ਫਿਰਾ ਰਿਹਾ ਹੈ। (ਭਾਵ ਬੱਕਰੀ ਤੇ ਸ਼ੇਰ ਜੈਸੇ ਵਿਰੋਧੀ ਤੱਤ ਧਰਤੀ ਤੇ ਪਾਣੀ ਵਿਚ ਆਪਣਾ ਡਰ ਪਾ ਕੇ ਰੱਖੇ ਹਨ। ੨।

(ਉਹ) ਪਿਆਰਾ (ਪ੍ਰਭੂ ਜੀ) ਆਪ ਹੀ ਕਾਸਟ (ਲੱਕੜੀ) ਹੈ, ਆਪ ਹੀ ਕਾਠ ਵਿਚ ਅੱਗ ਨੂੰ ਰੱਖਿਆ ਹੋਇਆ ਹੈ। (ਸਾਰੇ ਉਹ) ਪਿਆਰਾ (ਪ੍ਰਭੂ ਜੀ) ਆਪ ਹੀ ਆਪ ਵਰਤ ਰਿਹਾ ਹੈ, ਉਸ ਦੇ ਭੈ ਕਰਕੇ ਅੱਗ (ਕਾਠ) ਨੂੰ ਸਾੜ ਨਹੀਂ ਸਕਦੀ। ਪਿਆਰਾ (ਪ੍ਰਭੂ ਜੀ) ਆਪ ਹੀ (ਜੀਆਂ ਨੂੰ) ਮਾਰ ਕੇ, (ਫੇਰ) ਆਪ ਹੀ ਜੀਵਾਉਂਦਾ ਹੈ। ਸਾਰੇ (ਜੀਵ) ਸਾਹ ਉਸ ਦੇ ਲਵਾਏ ਲੈਂਦੇ ਹਨ, (ਭਾਵ ਉਸ ਤੋਂ ਬਿਨਾਂ ਕੋਈ ਸਾਹ ਨਹੀਂ ਲੈ ਸਕਦਾ)। ੩। ਪਿਆਰਾ (ਪ੍ਰਭੂ ਜੀ) ਆਪ ਹੀ ਸਰੀਰਾਂ ਅੰਦਰ ਬਲ ਰੂਪ ਹੈ, ਆਪ ਹੀ ਦੀਬਾਣ=ਆਸਰਾ ਰੂਪ ਹੈ, ਆਪ ਹੀ (ਉਸ ਨੇ) ਸਭ ਕਿਸੇ ਨੂੰ ਕੰਮ ਕਾਰ (ਵਿਚ ਲਾਇਆ ਹੋਇਆ ਹੈ। ਹੇ ਪਿਆਰੇ ! ਜਿਵੇਂ

(ਪ੍ਰਭੂ ਜੀ ) ਆਪ ਚਲਾਉਂਦਾ ਹੈ, ਉਸੇ ਤਰ੍ਹਾਂ ਹੀ ਚੱਲੀਦਾ ਹੈ, ਜਿਸ ਤਰ੍ਹਾਂ ਮੇਰੇ ਹਰੀ ਪ੍ਰਭੂ ਜੀ ਨੂੰ ਚੰਗਾ ਲੱਗਦਾ ਹੈ। (ਉਹ) ਪਿਆਰਾ (ਪ੍ਰਭੂ ਜੀ) ਆਪ ਹੀ ਵਜੰਤ੍ਰੀ ਭਾਵ ਵਜਾਉਣ ਵਾਲਾ ਹੈ, ਆਪ ਹੀ ਵਾਜਾ ਹੈ, ਸਭ ਉਸੇ ਦੇ ਵਜਾਏ ਵੱਜਦੇ ਹਨ। ਦਾਸਾ ਭਾਵ ਧਾਰ ਕੇ (ਗੁਰੂ) ਨਾਨਕ (ਦੇਵ ਜੀ ਉਚਾਰਨ ਕਰਦੇ ਹਨ ਕਿ) ਸਭ ਕੁਛ (ਉਹ ਪ੍ਰਭੂ ਜੀ) ਆਪ ਹੀ ਹੈ। ੪। ੪।

## ਵਿਆਖਿਆ ਤੇ ਸਾਰੰਸ਼ :

ਸ਼ਬਦ ਦਾ ਅੰਤ੍ਰੀਵ ਭਾਵ ਇਸ ਤਰ੍ਹਾਂ ਹੈ : ਆਪੇ ਕੰਡਾ ਆਪਿ ਤਰਾਜੀ, ਪ੍ਰਭਿ ਆਪੇ ਤੋਲਿ ਤੋਲਾਇਆ॥' ਪ੍ਰੇਮ ਰੂਪ ਕੰਡਾ ਵੀ ਆਪ ਹੀ ਹੈ, ਬੁੱਧੀ ਰੂਪ ਤੱਕੜੀ ਭੀ ਆਪ ਹੀ ਹੈ, ਵਿਚਾਰ ਰੂਪ ਤੋਲਿ=ਵੱਟਾ ਵੀ ਆਪ ਹੀ ਹੈ, ਆਪੇ ਹੀ ਆਪਣੇ ਆਪ ਨੂੰ ਵਿਚਾਰ ਰੂਪ ਵੱਟੇ ਦੇ ਨਾਲ ਤੁਲਾਇਆ ਹੈ। ਵਾਹਿਗੁਰੂ ਰੂਪ ਸ਼ਾਹਾਂ ਦੇ ਸ਼ਾਹ ਪਾਤਸ਼ਾਹ ਨੇ ਸਿੱਖ ਰੂਪ ਵਣਜਾਰੇ ਨੂੰ ਗੁਰੂ ਰੂਪ ਸ਼ਾਹੂਕਾਰ ਪਾਸ ਨਾਮ ਦਾ ਵਣਜ ਕਰਨ ਵਾਸਤੇ ਭੇਜਿਆ ਹੈ।

ਪਿਆਰੇ (ਪ੍ਰਭੂ ਜੀ) ਨੇ ਆਪ ਹੀ ਚਾਰ ਤੱਤਾਂ ਰੂਪੀ ਟੰਕੁ=ਚਾਰ ਮਾਸੇ ਨੂੰ ਪਿਛੇ ਚਾੜ੍ਹ ਕੇ ਭਾਵ ਚਾਰ ਤੱਤਾਂ ਨੂੰ ਰਚ ਕੇ ਉਹਨਾਂ ਦੁਆਰਾ ਫਿਰ ਆਪ ਹੀ ਧਰਤੀ ਦੀ ਸਾਜਣਾ ਕੀਤੀ ਹੈ। ੧। ਧਰਤੀ ਤੇ ਜਲ ਇਕੱਠੇ ਰੱਖੇ ਹਨ। ਧਰਤੀ ਬੱਕਰੀ ਦੀ ਤਰ੍ਹਾਂ ਤੇ ਜਲ ਸ਼ੇਰ ਦੀ ਤਰ੍ਹਾਂ ਹੈ। ਦੋਵੇਂ ਵਿਰੋਧੀ ਇਕੱਠੇ ਰੱਖੇ ਹਨ, (ਅਥਵਾ) ਪੰਜ ਤੱਤਾਂ ਦੀ ਦੇਹ ਵਿਚ, ਜਿੰਦ ਰੂਪ ਬੱਕਰੀ ਬੰਨ੍ਹ ਕੇ ਕਾਲ ਰੂਪੀ ਸ਼ੇਰ ਇਸ ਦੇ ਉਦਾਲੇ ਹੰਢਾਇਆ ਫੇਰਿਆ ਹੈ। ੨। ਕਾਠ ਵਿਚ ਅਗ ਰੱਖਣ ਦੀ ਤਰ੍ਹਾਂ ਪ੍ਰਮੇਸ਼ਰ ਨੇ ਮਾਤਾ ਦੇ ਉਦਰ ਦੀ ਜਠਰ ਅਗਨੀ ਅੰਦਰ ਬੱਚੇ ਦੀ ਰੱਖਿਆ ਕਰਨੀ ''ਭੈ ਅਗਨਿ ਨ ਸਕੈ ਜਲਾਇਆ॥'' ਤੇ ''ਸਾਹ ਲੈਦੇ ਸਭਿ ਲਵਾਇਆ''। ੩। ਕਿਹਾ ਹੈ। ਜੀਵ ਰੂਪ ਵਾਜੇ ਦੇ ਵਜਾਉਣ ਵਾਲਾ ਭੀ ਆਪ ਹੀ ਹੈ। ੪।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੫੧ (ਅੰਗ ੬੦੭)

ਸੋਰਠਿ ਮਹਲਾ ੪ ਪੰਚਪਦਾ ॥ ਅਚਰੁ ਚਰੈ ਤਾ ਸਿਧਿ ਹੋਈ ਸਿਧੀ ਤੇ ਬੁਧਿ ਪਾਈ ॥ ਪ੍ਰੇਮ ਕੇ ਸਰ ਲਾਗੇ ਤਨ ਭੀਤਰਿ ਤਾ ਭ੍ਰਮੁ ਕਾਟਿਆ ਜਾਈ ॥ ੧ ॥ ਮੇਰੇ ਗੋਬਿਦ ਅਪੁਨੇ ਜਨ ਕਉ ਦੇਹਿ ਵਡਿਆਈ ॥ ਗੁਰਮਤਿ ਰਾਮ ਨਾਮੁ ਪਰਗਾਸਹੁ ਸਦਾ ਰਹਹੁ ਸਰਣਾਈ ॥ ਰਹਾਉ ॥ ਇਹੁ ਸੰਸਾਰੁ ਸਭੁ ਆਵਣ ਜਾਣਾ ਮਨ ਮੂਰਖ ਚੇਤਿ ਅਜਾਣਾ ॥ ਹਰਿ ਜੀਉ ਕ੍ਰਿਪਾ ਕਰਹੁ ਗੁਰੁ ਮੇਲਹੁ ਤਾ ਹਰਿ ਨਾਮਿ ਸਮਾਣਾ ॥ ੨ ॥ ਜਿਸ ਕੀ ਵਥੁ ਸੋਈ ਪ੍ਰਭੁ ਜਾਣੈ ਜਿਸ ਨੋ ਦੇਇ ਸੁ ਪਾਏ ॥ ਵਸਤੁ ਅਨੂਪ ਅਤਿ ਅਗਮ ਅਗੋਚਰ ਗੁਰੁ ਪੂਰਾ ਅਲਖੁ ਲਖਾਏ ॥ ੩ ॥ ਜਿਨਿ ਇਹ ਚਾਖੀ ਸੋਈ ਜਾਣੈ ਗੂੰਗੇ ਕੀ ਮਿਠਿਆਈ ॥ ਰਤਨੁ ਲੁਕਾਇਆ ਲੂਕੈ ਨਾਹੀ ਜੇ ਕੋ ਰਖੈ ਲੁਕਾਈ ॥ ੪ ॥ ਸਭੁ ਕਿਛੁ ਤੇਰਾ ਤੂ ਅੰਤਰਜਾਮੀ ਤੂ ਸਭਨਾ ਕਾ ਪ੍ਰਭੁ ਸੋਈ ॥ ਜਿਸ ਨੋ ਦਾਤਿ ਕਰਹਿ ਸੋ ਪਾਏ ਜਨ ਨਾਨਕ ਅਵਰੁ ਨ ਕੋਈ ॥ ੫ ॥ ੯ ॥

# ਪ੍ਰਾਕ੍ਰਥਨ :-

ਪਰਮ ਸਨਮਾਨ ਅਤੇ ਸਤਿਕਾਰ ਯੋਗ ਗੁਰੂ ਰੂਪ ਸਾਧ ਸੰਗਤ ਜੀ! ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਫ਼ਤਹਿ॥

ਇਹ ਪਾਵਨ ਸ਼ਬਦ ਸੋਢੀ ਪਾਤਸ਼ਾਹ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਜੀ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ (ਅੰਗ ੬੦੭) ਉਪਰ ਅੰਕਿਤ ਹੈ।

ਇਸ ਸ਼ਬਦ ਦੀ ਪਹਿਲੀ ਪੰਗਤੀ 'ਅਚਰੁ ਚਰੈ ਤਾ ਸਿਧਿ ਹੋਈ ਸਿਧੀ ਤੇ ਬੁਧਿ ਪਾਈ॥' ਦੇ ਅਰਥ ਟੀਕਾਕਾਰ ਵਿਦਵਾਨਾਂ ਨੇ ਵੱਖ-ਵੱਖ ਕੀਤੇ ਹਨ, ਜੋ ਅੱਗੇ ਜਾ ਕੇ ਕੁਝ ਕੁ ਟੀਕਾਕਾਰਾਂ ਦੇ ਅਰਥ ਦਿੱਤੇ ਹਨ, ਪਰ 'ਅਚਰੁ ਚਰੈ', ਸਬਦ ਗੁਰਬਾਣੀ ਅੰਦਰ ਕਈ ਥਾਂਈ ਇਸ ਪ੍ਰਕਾਰ ਆਇਆ ਹੈ ਅਤੇ ਡਾ: ਭਾਈ ਵੀਰ ਸਿੰਘ ਜੀ ਨੇ ਅਰਥ ਇਸ ਤਰ੍ਹਾਂ ਕੀਤੇ ਹਨ :

***ਮਨੁ ਅਸਾਧੁ ਸਾਧੈ ਜਨੁ ਕੋਈ॥ ਅਚਰੁ ਚਰੈ ਤਾ ਨਿਰਮਲੁ ਹੋਈ॥***

(ਧਨਾਸਰੀ ਮਹਲਾ ੩, ਅੰਗ ੬੬੫)

***ਸਬਦਿ ਮਰੈ ਤਾਂ ਏਕ ਲਿਵ ਲਾਏ॥ ਅਚਰੁ ਚਰੈ ਤਾਂ ਭਰਮੁ ਚੁਕਾਏ॥***

(ਆਸਾ ਮਹਲਾ ੧, ਅੰਗ ੪੧੨)

***ਅਚਰੁ ਚਰੈ ਬਿਬੇਕ ਬੁਧਿ ਪਾਏ ਪੁਰਖੈ ਪੁਰਖੁ ਮਿਲਾਇ॥ ੪॥***

(ਮਲਾਰ ਮਹਲਾ ੩, ਅੰਗ ੧੨੭੬)

***ਮਨੁ ਅਸਾਧ ਸਾਧੈ ਜਨੁ ਕੋਇ॥ ਅਚਰੁ ਚਰੈ ਤਾ ਨਿਰਮਲੁ ਹੋਇ॥***

(ਅੰਗ ੧੫੯)

(ਅਸਾਧ ਰੋਗ ਵਾਂਙੂ) ਮਨ ਵੀ ਸਾਧੀ ਜਾਣ ਵਾਲੀ ਵਸਤੂ ਨਹੀਂ ਹੈ। ਕੋਈ (ਵਿਰਲਾ) ਪੁਰਖ ਇਸ ਨੂੰ ਸਾਧਦਾ ਹੈ। ਇਹ ਮਨੁ ਚਰੈ=ਚੱਲਦਾ ਹੀ ਰਹਿੰਦਾ ਹੈ (ਇਸ ਨੂੰ ਜੇ ਕੋਈ ਅਚਰੁ (=ਅਚਲ) ਕਰ ਲਵੇ ਤਾਂ (ਇਹ) ਨਿਰਮਲ ਹੋ ਜਾਂਦਾ ਹੈ (ਇਉਂ ਗੁਰਮੁਖ ਇਸ ਮਨ ਨੂੰ ਸੰਵਾਰ ਲੈਂਦਾ ਹੈ, (ਉਹ ਵਿਚਹੁ=ਅੰਦਰੋਂ ਹਉਮੈ ਤੇ ਵਿਕਾਰਾਂ ਦੀ ਰੁੱਚੀ ਤਿਆਗ ਦੇਂਦਾ ਹੈ (ਸੰਥਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੋਥੀ ਤੀਜੀ ਭਾਈ ਵੀਰ ਸਿੰਘ) ਇਸ ਤਰ੍ਹਾਂ ਉਪਰੋਕਤ ਪੰਗਤੀਆਂ ਦੇ ਭਾਈ ਵੀਰ ਸਿੰਘ ਜੀ ਦੇ ਇਥੇ ਕੀਤੇ ਅਰਥ ਅਨੁਸਾਰ ਇਸ ਪੰਗਤੀ "ਅਚਰੁ ਚਰੈ ਤਾ ਸਿਧਿ ਹੋਈ ਸਿਧੀ ਤੇ ਬੁਧਿ ਪਾਈ॥" ਦਾ ਅਰਥ=ਇਹ ਮਨੁ ਚਰੈ=ਚਲਦਾ ਹੀ ਰਹਿੰਦਾ ਹੈ, ਇਸ ਚੰਚਲ ਮਨ ਨੂੰ ਅਚਰੁ=ਅੱਚਲ ਕਰ ਲਵੇ, ਤਾਂ (ਮਨੁੱਖ ਜਨਮ ਰੂਪ ਜੀਵਨ) ਦੀ ਸਿਧਿ=ਕਾਮਯਾਬੀ, ਭਾਵ ਸਫਲਤਾ ਤੇ ਇਸ ਸਿਧੀ= ਕਾਮਯਾਬੀ ਤੋਂ ਬੁਧਿ ਪਾਈ=ਆਤਮ ਵਿਸ਼ੈਣੀ ਬੁੱਧੀ ਪਾ ਲਈਂਦੀ ਹੈ।

## ਵਿਸ਼ਾ—ਮਨੁ ਅਸਾਧੁ ਸਾਧੈ ਜਨੁ ਕੋਈ :

ਮਨ ਕਿਸ ਨੂੰ ਕਹਿੰਦੇ ਹਨ? ਮਨ ਦਾ ਰੂਪ ਤੇ ਅਕਾਰ ਕੀ ਹੈ? ਮਨ ਦਾ ਕੋਈ ਰੂਪ ਜਾਂ ਅਕਾਰ ਨਹੀਂ ਹੈ ਕਿਉਂਕਿ ਰੂਪ ਜਾਂ ਅਕਾਰ ਦੇਖਿਆ ਜਾ ਸਕਦਾ ਹੈ, ਪਰ ਮਨ ਦਾ ਕੋਈ ਰੂਪ ਅਕਾਰ ਦਿੱਸਦਾ ਨਹੀਂ ਹੈ। ਫੇਰ ਮਨ ਹੈ ਕੀ, ਜਾਂ ਮਨ ਕਿਸ ਨੂੰ ਕਹਿੰਦੇ ਹਨ?

ਉੱਤਰ—ਮਨ ਦਾ ਭਾਵ ਹੈ ਸਾਰੀਆਂ ਦਿਮਾਗ਼ੀ ਤਾਕਤਾਂ, ਗਿਆਨ ਸ਼ਕਤੀਆਂ, ਸੰਕਲਪ, ਵਿਕਲਪ, ਸਮਝ, ਸਿਆਣਪ। ਵਿਦਵਾਨਾਂ ਨੇ ਅੰਤਹਕਰਣ ਦੇ ਚਾਰ ਭੇਦ ਦਰਸਾਏ ਹਨ :

੧. ਮਨ, ੨. ਬੁਧਿ, ੩. ਚਿੱਤ, ੪. ਅਹੰਕਾਰ। ਇਨ੍ਹਾਂ ਚਾਰਾਂ ਦੇ ਸਮੁਦਾਇ ਨੂੰ ਅੰਤਹਕਰਣ ਕਹਿੰਦੇ ਹਨ।

੧. ਮਨ (ਸੰਕਲਪ ਵਿਕਲਪ ਅਤੇ ਵ੍ਰਿੱਤ),

੨. ਬੁਧਿ (ਵਿਵੇਕ ਨਾਲ ਨਿਸ਼ਚਯ ਕਰਨ ਵਾਲੀ ਸ਼ਕਤੀ),

੩. ਚਿੱਤ (ਜਿਸ ਤੋਂ ਗੱਲਾਂ ਬਾਤਾਂ ਦਾ ਚੇਤਾ ਹੁੰਦਾ ਹੈ),

੪. ਅਹੰਕਾਰ (ਜਿਸ ਤੋਂ ਸੰਸਾਰ ਦੇ ਪਦਾਰਥਾਂ ਨਾਲ ਆਪਣਾ ਸੰਬੰਧ ਪ੍ਰਤੀਤ ਹੁੰਦਾ ਹੈ।

(ਗੁਰਮਤਿ ਮਾਰਤੰਡ, ਭਾਗ ਦੂਜਾ, ਪੰਨਾ ੭੪੬)

ਅਧਿਆਤਮ ਪ੍ਰਕਾਸ਼ ਦੇ ਲੇਖਕ ਮਹਾਤਮਾ ਸੁੱਖਾ ਸਿੰਘ ਜੀ ਨੇ ਅੰਤਹਕਰਣ ਦੇ ਸੰਬੰਧ ਵਿਚ ਇਸ ਤਰ੍ਹਾਂ ਲਿਖਿਆ ਹੈ :

***ਦੋਹਰਾ–ਅਹੰਕਾਰ ਮਨ ਬੁਧਿ ਚਿਤ, ਏਕ ਕਹਤ ਹੈਂ ਚਾਰ।***
***ਏਕ ਕਹਤ ਹੈ ਬੁਧਿ ਮਨ, ਅੰਤਸ਼ ਕਰਣ ਬਿਚਾਰ।***
***ਦੋਹਰਾ–ਜੈਸੇ ਏਕਹਿ ਪਵਨ ਤੇ, ਪ੍ਰਾਨ ਕਹੇ ਹੈਂ ਪਾਂਚ।***
***ਤੈਸੇ ਅੰਤਹਕਰਨ ਕੇ, ਚਾਰ ਭੇਦ ਹੈ ਸਾਚ।***
***ਦੋਹਰਾ–ਜਬ ਚਾਹਤ ਹੈ ਬਸਤ ਕਛੁ, ਚਿਤ ਕਹਿਤ ਹੈ ਤਾਹਿ।***
***ਯਤਨ ਕਲਪਨਾ ਜਬ ਕਰੇ ਮਨ ਕਹੀਅਤ ਹੈ ਵਾਹਿ॥ ੧੧੮॥***
***ਮੈ ਯਹ ਲੀਨੋਂ ਲੇਤਹੋਂ, ਅਹੰਕਾਰ ਯਹ ਜੋਇ।***
***ਸਭ ਕੋ ਜਬ ਨਿਸਚਯ ਕਰੈ, ਬੁਧਿ ਕਹਾਵੈ ਸੋਇ॥***

(ਅਧਿਆਤਮ ਪ੍ਰਕਾਸ਼)

ਅਰਥ :- ੧. ਚਿੱਤ, ਜਿਸ ਵੇਲੇ ਕੋਈ ਕਿਸੇ ਵਸਤੂ ਦੀ ਚਿਤਵਨੀ ਕਰਦਾ ਹੈ, ਉਸ ਨੂੰ ਚਿੱਤ ਕਹਿੰਦੇ ਹਨ।

੨. ਮਨ, ਚਿੱਤ ਦੀ ਚਿਤਵੀ ਵਸਤੂ ਨੂੰ ਲੈਣ ਲਈ ਜੋ ਵਾਰ-ਵਾਰ ਜਤਨ ਕਰਦਾ ਹੈ ਉਸ ਨੂੰ 'ਮਨ' ਕਹਿੰਦੇ ਹਨ।

੩. ਅਹੰਕਾਰ, ਮੈਂ ਵਸਤੂ ਲੈ ਲਈ ਹੈ, ਮੈਂ ਲੈ ਲੈਣੀ ਹੈ, ਜੋ ਇਹ ਕਹਿੰਦਾ ਹੈ ਇਸ ਨੂੰ 'ਅਹੰਕਾਰ' ਕਹਿੰਦੇ ਹਨ।

੪. ਬੁਧਿ, ਜੋ ਉਸ ਵਸਤੂ ਨੂੰ ਨਿਸ਼ਚੇ ਕਰਦੀ ਹੈ ਉਸ ਨੂੰ 'ਬੁਧਿ' ਕਹਿੰਦੇ ਹਨ) (ਅਧਿਆਤਮ ਪ੍ਰਕਾਸ਼)

੧. ਵੇਦਾਂਤ ਸ਼ਾਸਤ੍ਰ ਨੇ ਸੰਕਲਪਾਂ, ਵਿਕਲਪਾਂ, ਨੂੰ 'ਮਨ' ਮੰਨਿਆ ਹੈ 'ਸੰਕਲਪੋਂ ਵਿਕਲਪੋਂ ਹੀ ਮਨਾ।' ਇਸ ਸ਼ਾਸਤ੍ਰ ਨੇ ਦੁੱਖ ਤੇ ਸੁੱਖ ਮਨ ਦੇ ਧਰਮ ਮੰਨੇ ਹਨ।

੨. ਨਯਾਯ ਸ਼ਾਸਤ੍ਰ ਨੇ ਪ੍ਰਮਾਣੂ ਦੀ ਤਰ੍ਹਾਂ ਮਨ ਨੂੰ ਇਕ ਦ੍ਰਵਯ ਮੰਨਿਆ ਹੈ।

੩. ਵੈਸ਼ੇਸ਼ਕ ਸ਼ਾਸਤ੍ਰ ਨੇ ਮਨ ਨੂੰ ਅਣੂ ਜੈਸਾ ਦੱਸਿਆ ਹੈ।

੪. ਸਾਂਖ ਸ਼ਾਸਤ੍ਰ ਨੇ ਗਿਆਨ ਤੇ ਕਰਮ-ਇੰਦ੍ਰੇ ਦੇ ਵਿਚਕਾਰ 'ਮਨ' ਇਕ ਅੰਦਰਲਾ ਇੰਦ੍ਰਾ ਦੱਸਿਆ ਹੈ।

ਗੁਰਬਾਣੀ ਅੰਦਰ ਮਨ ਨੂੰ ਕਈ ਤਰ੍ਹਾਂ ਨਾਲ ਦਰਸਾਇਆ ਗਿਆ ਹੈ :

੧. ਮਨ ਨੂੰ ਜੋਤ ਸਰੂਪ ਤੇ ਮਧ ਸੂਦਨ ਪ੍ਰਮੇਸ਼ਰ ਰੂਪ ਹੀ ਦੱਸਿਆ ਹੈ।

***ਮਨ ਤੂੰ ਜੋਤਿ ਸਰੂਪੁ ਹੈ, ਆਪਣਾ ਮੂਲੁ ਪਛਾਣੁ॥***

(ਅੰਗ ੪੪੧)

***ਮਨ ਅੰਤਰਿ ਬੋਲੈ ਸਭੁ ਕੋਈ॥ ਮਨ ਮਾਰੇ ਬਿਨੁ ਭਗਤਿ ਨ ਹੋਈ॥***
***ਕਹੁ ਕਬੀਰ ਜੋ ਜਾਨੈ ਭੇਉ॥ ਮਨੁ ਮਧੁਸੂਦਨੁ ਤ੍ਰਿਭਵਣ ਦੇਉ॥***

(ਅੰਗ ੩੨੯)

੨. ਮਨ ਨੂੰ ਹਾਥੀ ਜੈਸਾ ਅੜੀਅਲ, ਮਸਤ ਤੇ ਸਥੂਲ ਦੱਸਿਆ ਹੈ।

***ਮਨੁ ਮੈਗਲੁ ਸਾਕਤੁ ਦੇਵਾਨਾ॥ ਬਨ ਖੰਡਿ ਮਾਇਆ ਮੋਹਿ ਹੈਰਾਨਾ॥***

(ਅੰਗ ੪੧੫)

***ਮਨੁ ਕੁੰਚਰੁ ਪੀਲਕੁ ਗੁਰੂ ਗਿਆਨੁ ਕੁੰਡਾ ਜਹ ਖਿੰਚੇ ਤਹ ਜਾਇ॥***
***ਨਾਨਕ ਹਸਤੀ ਕੁੰਡੇ ਬਾਹਰਾ ਫਿਰਿ ਫਿਰਿ ਉਝੜਿ ਪਾਇ॥***

(ਅੰਗ ੫੧੬)

੩. ਮਨ ਨੂੰ ਇਕ ਬਾਲਕ ਦੀ ਤਰ੍ਹਾਂ ਚੰਚਲ ਦੱਸਿਆ ਹੈ :

***ਕਾਂਇਆ ਨਗਰਿ ਇਕੁ ਬਾਲਕੁ ਵਸਿਆ, ਖਿਨੁ ਪਲੁ ਥਿਰੁ ਨ ਰਹਾਈ॥***
***ਅਨਿਕ ਉਪਾਵ ਜਤਨ ਕਰਿ ਥਾਕੇ, ਬਾਰੰ ਬਾਰ ਭਰਮਾਈ॥ ੧॥***
***ਮੇਰੇ ਠਾਕੁਰ, ਬਾਲਕੁ ਇਕਤੁ ਘਰਿ ਆਣੁ॥***
***ਸਤਿਗੁਰੁ ਮਿਲੈ ਤ ਪੂਰਾ ਪਾਈਐ ਭਜੁ ਰਾਮ ਨਾਮੁ ਨੀਸਾਣੁ॥ ੧॥ ਰਹਾਉ॥***

(ਅੰਗ ੧੧੯੧)

੪. ਮਨ ਨੂੰ ਪੰਛੀ ਦੀ ਤਰ੍ਹਾਂ ਚੰਚਲ ਵੀ ਦੱਸਿਆ ਹੈ :

***ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹ ਦਿਸ ਜਾਇ॥***

(ਅੰਗ ੧੩੬੯)

ਗੁਰਬਾਣੀ ਅੰਦਰ ਮਨ ਨੂੰ ਹੋਰ ਵੀ ਕਈ ਤਰ੍ਹਾਂ ਨਾਲ ਦਰਸਾਇਆ ਗਿਆ ਹੈ। ਵਿਸਥਾਰ ਤੋਂ ਡਰਦਿਆਂ ਸਾਰੇ ਤਰ੍ਹਾਂ ਦਾ ਇਥੇ ਨਿਰਣਾ ਨਹੀਂ ਹੋ ਪਾਇਆ। ਇਕ ਹੀ ਤਰ੍ਹਾਂ ਦਾ ਹੋਰ ਇਥੇ ਨਿਰਣਾ ਕਰਦੇ ਹਾਂ :

੫. ਮਨ ਨੂੰ ਗੁਰਦੇਵ ਨੇ ਰਾਜਾ ਭੀ ਕਥਨ ਕੀਤਾ ਹੈ।

***ਮਨੁ ਰਾਜਾ ਮਨੁ ਮਨ ਤੇ ਮਾਨਿਆ ਮਨਸਾ ਮਨਹਿ ਸਮਾਈ॥***

(ਅੰਗ ੧੧੨੫)

***ਇਹੁ ਮਨੁ ਰਾਜਾ ਸੂਰ ਸੰਗ੍ਰਾਮਿ॥***

(ਅੰਗ ੪੧੫)

***ਇਹੁ ਮਨੁ ਰਾਜਾ ਲੋਭੀਆ, ਲੁਭਤਉ ਲੋਭਾਈ॥***

(ਅੰਗ ੪੧੯)

ਭੈਰਉ ਰਾਗੁ ਅੰਦਰ ਭਗਤ ਕਬੀਰ ਜੀ ਨੇ, ਇਕ ਬਹੁਤ ਤਕੜੇ ਮਜ਼ਬੂਤ ਸੁੰਦਰ ਕਿਲ੍ਹੇ ਅੰਦਰ, 'ਤਹ ਮਨ ਮਾਵਾਸੀ ਰਾਜਾ॥' ਦਾ ਜ਼ਿਕਰ ਕੀਤਾ ਹੈ।

ਮਨ ਰਾਜਾ ਦਾ "ਕ੍ਰੋਧ" ਪ੍ਰਧਾਨ ਹੈ, ਵਿਕਾਰਾਂ ਰੂਪੀ ਆਸੁਰੀ ਸੰਪਦਾ ਫੌਜ ਹੈ। ਜਿਸ ਕਿਲ੍ਹੇ ਅੰਦਰ ਮਨ ਰਾਜਾ ਬੈਠਾ ਹੈ, ਇਸ ਕਿਲ੍ਹੇ ਦਾ ਦੋਹਰਾ ਕੋਟ ਤੇ ਤਿਹਰੀ ਪਾਸੀ ਖਾਈ ਹੈ। ਪਾਪ ਪੁੰਨ ਇਸ ਦਾ ਵਰਵਾਜ਼ਾ ਤੇ ਦੁੱਖ ਸੁੱਖ ਦੋ ਪਹਿਰੇਦਾਰ ਤਕੜੇ ਬਿਠਾਏ ਹਨ, ਜਿਸ ਕਰਕੇ ਮਨ ਰੂਪ ਰਾਜੇ ਬਾਰੇ ਭਗਤ ਕਬੀਰ ਜੀ ਕਹਿੰਦੇ ਹਨ : *"ਜਨ ਗਰੀਬ ਕੋ ਜੋਰੁ ਨ ਪਹੁਚੈ ਕਹਾ ਕਰਉ ਰਘੁਰਾਇਆ॥ ੧॥* (ਅੰਗ ੧੧੬੧) ਆਖ਼ਿਰ ਐਸੇ ਰਾਜੇ ਨੂੰ ਫਿਰ ਕਿਸ ਤਰ੍ਹਾਂ ਜਿਤਿਆ ? ਤਾਂ ਭਗਤ ਜੀ ਦੱਸਦੇ ਹਨ ਕਿ ਗਿਆਨ ਰੂਪ ਗੋਲਾ, ਪ੍ਰੇਮ ਦਾ ਪਲੀਤਾ ਧੁਖਾ ਕੇ ਐਸਾ ਚਲਾਇਆ ਜੋ ਇਕ ਚੋਟ ਨਾਲ ਹੀ ਫਤੇਹ ਕਰ ਲਿਆ। ਸਾਧ ਸੰਗਤ ਅਤੇ ਗੁਰੂ ਕਿਰਪਾ ਨਾਲ ਮਨ ਰਾਜੇ ਨੂੰ ਪਕੜ ਲਿਆ ਹੈ 'ਪਕਰਿਓ ਗਢ ਕੋ ਰਾਜਾ॥

੫॥' ਸਾਰਾ ਸ਼ਬਦ ਭਗਤ ਕਬੀਰ ਜੀ ਦਾ ਇਸ ਤਰ੍ਹਾਂ ਹੈ:

*ਕਿਉ ਲੀਜੈ ਗਢੁ ਬੰਕਾ ਭਾਈ॥ ਦੋਵਰ ਕੋਟ ਅਰੁ ਤੇਵਰ ਖਾਈ॥੧॥ਰਹਾਉ॥*
*ਪਾਂਚ ਪਚੀਸ ਮੋਹ ਮਦ ਮਤਸਰ ਆਡੀ ਪਰਬਲ ਮਾਇਆ॥*
*ਜਨ ਗਰੀਬ ਕੋ ਜੋਰੁ ਨ ਪਹੁਚੈ ਕਹਾ ਕਰਉ ਰਘੁਰਾਇਆ॥ ੧॥*
*ਕਾਮੁ ਕਿਵਾਰੀ ਦੁਖੁ ਸੁਖੁ ਦਰਵਾਨੀ ਪਾਪੁ ਪੁੰਨੁ ਦਰਵਾਜਾ॥*
*ਕ੍ਰੋਧੁ ਪ੍ਰਧਾਨੁ ਮਹਾ ਬਡ ਦੁੰਦਰ ਤਹ ਮਨੁ ਮਾਵਾਸੀ ਰਾਜਾ॥ ੨॥*
*ਸ੍ਵਾਦ ਸਨਾਹ ਟੋਪੁ ਮਮਤਾ ਕੋ ਕੁਬੁਧਿ ਕਮਾਨ ਚਢਾਈ॥*
*ਤਿਸਨਾ ਤੀਰ ਰਹੇ ਘਟ ਭੀਤਰਿ ਇਉ ਗਢੁ ਲੀਓ ਨ ਜਾਈ॥ ੩॥*
*ਪ੍ਰੇਮ ਪਲੀਤਾ ਸੁਰਤਿ ਹਵਾਈ ਗੋਲਾ ਗਿਆਨੁ ਚਲਾਇਆ॥*
*ਬ੍ਰਹਮ ਅਗਨਿ ਸਹਜੇ ਪਰਜਾਲੀ ਏਕਹਿ ਚੋਟ ਸਿਝਾਇਆ॥ ੪॥*
*ਸਤੁ ਸੰਤੋਖੁ ਲੈ ਲਰਨੇ ਲਾਗਾ ਤੋਰੇ ਦੁਇ ਦਰਵਾਜਾ॥*
*ਸਾਧਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ ਪਕਰਿਓ ਗਢ ਕੋ ਰਾਜਾ॥ ੫॥*

(ਅੰਗ ੧੧੬੧)

## ਸਾਖੀ—ਰਾਜਾ ਪਾਰਸ ਨਾਥ ਦੀ

ਰਾਜਾ ਪਾਰਸ ਨਾਥ ਦਾ ਜਨਮ 'ਰੋਹ' ਰੁਹੈਲੇ ਦੇਸ਼ ਵਿਚ ਹੋਇਆ ਲਿਖਿਆ ਹੈ। ਜਨਮ ਸਮੇਂ ਇਸ ਦੇ ਬਹੁਤ ਲੰਬੀਆਂ-ਲੰਬੀਆਂ ਜੱਟਾਂ ਸਨ। ਇਸ ਦੇ ਚਿਹਰੇ ਦਾ ਬਹੁਤ ਤੇਜ ਸੀ, ਜਿਸ ਤੇਜ ਪ੍ਰਭਾਵ ਨੂੰ ਵੇਖ ਕੇ ਲੋਕ ਬਹੁਤ ਪ੍ਰਭਾਵਿਤ ਹੋਏ ਸਨ। ਇਸ ਨੂੰ ਲੋਕ ਪਹਿਲੇ ਜਨਮ ਦਾ ਕੋਈ ਬਹੁਤ ਵੱਡਾ ਜੋਗੀ, ਤਪੱਸਵੀ ਸਾਧੂ ਮੰਨਦੇ ਸਨ। ਇਸ ਨੇ ਬਚਪਨ ਵਿਚ ਹੀ ਸ਼ਾਸਤਰ ਅਤੇ ਸ਼ਸਤਰ ਵਿਦਿਆ ਸਿੱਖ ਲਈ ਸੀ, ਜਿਸ ਵਿਦਿਆ ਦੇ ਬਲ ਕਰਕੇ ਬੜੇ-ਬੜੇ ਪੰਡਿਤ ਵਿਦਵਾਨ ਲੋਕ ਇਸ ਨੇ ਜਿਤ ਲਏ ਸਨ। ਦਸਮ ਗ੍ਰੰਥ ਅੰਗ ੬੭੯ ਅਨੁਸਾਰ ਇਸ ਨੇ ਦੱਤਾਤ੍ਰੇਉ ਦਾ ਚਲਾਇਆ ਸੰਨਿਆਸ ਮਤ ਦਾ ਵਿਰੋਧ ਕਰਕੇ ਖੰਡਨ ਕੀਤਾ। ਫੇਰ ਸਾਰੇ ਦੇਸ਼ਾਂ ਦੇ ਰਾਜੇ ਜਿੱਤ ਕੇ ਆਪਣੇ ਅਧੀਨ ਕੀਤੇ। ਆਪਣਾ ਰਾਜ ਕਾਇਮ ਕਰਕੇ, ਸਾਰੇ ਥਾਵਾਂ ਅੰਦਰ ਆਪਣਾ ਹੁਕਮ ਮੰਨਾਉਣ ਰੂਪ ਦੁਹਾਈ ਫਿਰਾਈ। ਇਸਤਰ੍ਹਾਂ ਬਹੁਤ ਤੇਜ ਪ੍ਰਤਾਪ ਸਹਿਤ ਦਸ ਹਜ਼ਾਰ ਬਰਸ ਰਾਜ ਕੀਤਾ। ਦੇਸ਼ਾਂ ਦਿਸੰਤਰਾਂ ਦੇ ਰਾਜੇ ਜੋ ਇਸ ਅੱਗੇ ਅੜੇ ਸਨ, ਉਨ੍ਹਾਂ ਨੂੰ ਪਕੜ ਕੇ ਕੈਦ ਕੀਤਾ। ਕੈਦ ਕੀਤੇ ਰਾਜਿਆਂ ਦੀ ਗਿਣਤੀ ਇਕ ਲੱਖ ਦੱਸੀ ਗਈ ਹੈ। ਇਸ ਤਰ੍ਹਾਂ ਸਾਰੇ ਰਾਜਿਆਂ ਨੂੰ ਜਿੱਤ ਕੇ ਆਪਣੇ ਅਧੀਨ ਕੀਤਾ। ਜੋ ਅੜੇ ਸਨ, ਕੈਦ ਕਰ ਲਏ ਗਏ, ਕੁਝ ਮਾਰ ਦਿੱਤੇ ਸਨ। ਇਸ ਪ੍ਰਕਾਰ ਆਪਣਾ ਸੁਤੰਤਰ ਰਾਜ ਕਰਦਿਆਂ ਹੰਕਾਰ ਸਹਿਤ ਫੇਰ ਭੂਪ ਮੇਧ ਜੱਗ ਕਰਨ ਦੀ ਵਿਉਂਤ ਬਣਾਈ, ਜਿਸ ਤਰ੍ਹਾਂ ਸਤਿਜੁਗ ਅੰਦਰ ਰਾਜੇ ਜੰਭ ਨੇ ਭੂਪ ਮੇਧ ਜੱਗ ਕੀਤਾ ਸੀ। ਫੇਰ ਇਸ ਰਾਜੇ ਨੇ ਆਪਣੇ ਵਜ਼ੀਰ ਦੀ

ਸਲਾਹ ਲਈ ਤਾਂ ਉਸ ਨੇ ਕਿਹਾ:- ਮੰਤ੍ਰੀਯਬਾਚ:-

***ਲੱਛ ਜਉ ਨ੍ਰਿਪ ਮਾਰੀਯੈ ਤਬ ਹੋਤ ਹੈ ਨ੍ਰਿਪ ਮੇਧ॥***
***ਏਕ ਏਕ ਅਨੇਕ ਸੰਪਤ ਦੀਜੀਯੈ ਭਵਿਖੇਧ॥***
***ਲੱਛ ਲੱਛ ਤੁਰੰਗ ਏਕਹਿ ਦੀਜੀਐ ਅਬਚਾਰ॥***
***ਜਗ ਪੂਰਨ ਹੋਤੁ ਹੈ ਸੁਨ ਰਾਜਵਤਾਰ॥ ੧੨੪॥***

(ਦਸਮ ਗ੍ਰੰਥ, ਅੰਗ ੬੮੮)

ਜਿਸ ਵੇਲੇ ਵਜ਼ੀਰ ਨੇ ਕਿਹਾ ਕਿ ਇਕ ਲੱਖ ਰਾਜਾ ਤੇ ਲੱਖ ਘੋੜੇ ਮਾਰ ਕੇ ਭੂਪ ਮੇਧ ਜੱਗ ਹੋ ਸਕਦਾ ਹੈ ਅਤੇ ਹੋਰ ਬਹੁਤ ਸਾਜ਼ੋ ਸਮਾਨ ਸਮੱਗਰੀ ਨਾਲ ਜੱਗ ਪੂਰਨ ਹੋ ਸਕੇਗਾ ਤਾਂ ਪਾਰਸ ਨਾਥ ਰਾਜਾ ਵਜ਼ੀਰ ਨੂੰ ਕਹਿੰਦਾ ਹੈ ਕਿ ਇਹ ਸਾਰਾ ਕੁਝ ਆਪਣੇ ਪਾਸ ਹੈ। ਇਸ ਤਰ੍ਹਾਂ ਨਾਲ ਭੂਪ ਮੇਧ ਜੱਗ ਕਰਨ ਦੀ ਤਿਆਰੀ ਕਰ ਲਈ ਗਈ, ਤਾਂ ਉਸ ਸਮੇਂ ਗਿਆਨ ਦੇਵ ਰਾਜੇ ਨੇ ਕਿਹਾ, ਮਹਾਰਾਜ! ਜੱਗ ਤਾਂ ਹੋ ਸਕਦਾ ਹੈ ਜੇ ਸਭ ਰਾਜੇ ਫਤਹ ਕੀਤੇ ਜਾਣ। ਇਕ ਰਾਜਾ ਅਜੇ ਫਤਹ ਕਰਨ ਵਾਲਾ ਬਾਕੀ ਰਹਿੰਦਾ ਹੈ। ਤਾਂ ਪਾਰਸ ਨਾਥ ਰਾਜੇ ਨੇ ਪੁੱਛਿਆ ਉਹ ਕੌਣ ਹੈ? ਮੈਨੂੰ ਦੱਸ ਮੈਂ ਉਸ ਨੂੰ ਫਤਹ ਕਰਾਂਗਾ। ਤਾਂ ਗਿਆਨ ਦੇਵ ਰਾਜੇ ਨੇ ਕਿਹਾ ਕਿ ਉਸ ਦਾ ਪਤਾ ਮੈਂ ਨਹੀਂ ਦੱਸ ਸਕਦਾ। ਤਾਂ ਫੇਰ ਪਾਰਸ ਨਾਥ ਰਾਜਾ ਬੜੇ ਯਤਨਾਂ ਨਾਲ ਮਛੰਦਰ ਨਾਥ ਨੂੰ ਮਿਲਿਆ। ਉਸ ਨੂੰ ਪੁੱਛਿਆ ਜੀ ਮੈਂ ਸਭ ਰਾਜੇ ਜਿਤ ਲਏ ਹਨ, ਹੇ ਨਾਥ ਜੀ, ਤੁਸੀਂ ਦੱਸੋ ਉਹ ਕਿਹੜਾ ਰਾਜਾ ਹੈ ਜੋ ਮੈਥੋਂ ਜਿੱਤਿਆ ਨਹੀਂ ਗਿਆ? ਤਾਂ ਮਛੰਦਰ ਨਾਥ ਨੇ ਕਿਹਾ ਕਿ ਹੇ ਰਾਜਨ! ਤੈਂ ਹੋਰ ਸਾਰੇ ਰਾਜੇ ਜਿੱਤ ਲਏ ਹਨ, ਪਰ ਜੋ ਫਤਿਹ ਕਰਨ ਤੋਂ ਬਾਕੀ ਰਾਜਾ ਰਹਿੰਦਾ ਹੈ, ਉਸ ਨੂੰ ਤੂੰ ਨਹੀਂ ਜਿੱਤ ਸਕਦਾ, ਉਸ ਦਾ ਨਾਮ ਹੈ "ਮਨ"। ਇਸ ਮਨ ਰਾਜੇ ਨੇ ਵੱਡੇ-ਵੱਡੇ ਬਲੀਆਂ ਨੂੰ ਖ਼ਤਮ ਕਰ ਦਿੱਤਾ ਹੈ।

***ਮਨ ਕੇ ਮਤੇ ਨਾ ਚਾਲੀਏ, ਮਨ ਕੇ ਮਤੇ ਅਨੇਕ॥***
***ਮਨ ਕੇ ਮਾਰੇ ਮਰ ਗਏ ਕਾਜੀ ਮੁੱਲਾ ਸੇਖ॥***

ਭਰਥਰੀ ਜੀ ਨੇ ਵੈਰਾਗ ਸੱਤਕ ਅੰਦਰ ਕਿਹਾ ਹੈ:- "ਮਨ ਰਿਪ ਜੀਤਾ ਸਭ ਰਿਪ ਜੀਤੇ। ਮਨ ਰਿਪ ਜੀਤਾ ਸਭ ਰਿਪ ਜੀਤੇ।" ਜੇ ਮਨ ਰੂਪ ਦੁਸ਼ਮਣ ਰਾਜੇ ਨੂੰ ਜਿਤਿ ਲਿਆ ਤਾਂ ਸਮਝੋ ਕਿ ਸਭ ਦੁਸ਼ਮਣ ਜਿਤ ਲਏ ਹਨ। ਜੇ ਮਨ ਦੁਸ਼ਮਣ ਜੀਉਂਦਾ ਹੈ ਤਾਂ ਸਾਰੇ ਦੁਸ਼ਮਣ ਜੀਉਂਦੇ ਹਨ। ਹੇ ਰਾਜਨ! ਮਨ ਰਾਜੇ ਨੂੰ ਜਿਤ ਕੇ ਭੂਪ ਮੇਧ ਜੱਗ ਕਰ ਸਕਦੇ ਹੋ। ਇਹ ਸੁਣ ਕੇ ਰਾਜਾ ਪਾਰਸ ਨਾਥ ਮਨ ਨੂੰ ਲਗਿਆ ਰੋਕਣ, ਪਰ ਰੋਕ ਨ ਸਕਿਆ। ਕਿਉਂਕਿ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਸਾਡੇ ਮਨਾਂ ਦੀ ਦਸ਼ਾ ਇਸ ਤਰ੍ਹਾਂ ਦਰਸਾਈ ਹੈ:

***ਮਾਈ ਮਨੁ ਮੇਰੋ ਬਸਿ ਨਾਹਿ॥***
***ਨਿਸ ਬਾਸੁਰ ਬਿਖਿਅਨ ਕਉ ਧਾਵਤ ਕਿਹਿ ਬਿਧਿ ਰੋਕਉ ਤਾਹਿ॥੧॥ਰਹਾਉ॥***
***ਬੇਦ ਪੁਰਾਨ ਸਿਮ੍ਰਿਤਿ ਕੇ ਮਤ ਸੁਨਿ ਨਿਮਖ ਨ ਹੀਏ ਬਸਾਵੈ॥***
***ਪਰ ਧਨ ਪਰ ਦਾਰਾ ਸਿਉ ਰਚਿਓ ਬਿਰਥਾ ਜਨਮੁ ਸਿਰਾਵੈ॥ ੧॥***

***ਮਦਿ ਮਾਇਆ ਕੈ ਭਇਓ ਬਾਵਰੋ ਸੂਝਤ ਨਹ ਕਛੁ ਗਿਆਨਾ ॥***
***ਘਟ ਹੀ ਭੀਤਰਿ ਬਸਤ ਨਿਰੰਜਨੁ ਤਾ ਕੋ ਮਰਮੁ ਨ ਜਾਨਾ ॥ ੨ ॥***
***ਜਬ ਹੀ ਸਰਨਿ ਸਾਧ ਕੀ ਆਇਓ ਦੁਰਮਤਿ ਸਗਲ ਬਿਨਾਸੀ ॥***
***ਤਬ ਨਾਨਕ ਚੇਤਿਓ ਚਿੰਤਾਮਨਿ ਕਾਟੀ ਜਮ ਕੀ ਫਾਸੀ ॥ ੩ ॥ ੭ ॥***

(ਅੰਗ ੬੩੨)

ਸੋ ਪਾਰਸ ਨਾਥ ਰਾਜਾ ਮਨ ਨੂੰ ਰੋਕ ਰੋਕ ਕੇ ਥੱਕ ਗਿਆ ਪਰ ਮਨ 'ਤੇ ਕਾਬੂ ਨਹੀਂ ਪਾ ਸਕਿਆ। ਦੁੱਖੀ ਹੋ ਕੇ ਕਹਿਣ ਲੱਗਾ:-

***ਜੋ ਇਨ ਜੀਤ ਸਕੌਂ ਨਹਿ ਭਾਈ॥ ਤਉ ਮੈ ਜਰੌ ਚਿਤਾਹਿ ਜਰਾਈ॥***
***ਮੈ ਇਨ ਕਹਿ ਮਨਿ ਜੀਤਿ ਨ ਸਾਕਾ॥ਅਬ ਮੁਰ ਬਲ ਪੌਰਖ ਸਭ ਥਾਕਾ॥੧੨੨॥***

(ਦਸਮ ਗ੍ਰੰਥ)

ਮਨ ਨਾ ਜਿੱਤੇ ਜਾਣ ਤੋਂ ਅਖ਼ੀਰ ਨੂੰ ਤੰਗ ਹੋ ਕੇ, ਕਟਾਸ਼ ਤੀਰਥ 'ਤੇ ਇਸ਼ਨਾਨ ਕਰਕੇ, ਚਿਖਾ ਬਣਾ ਕੇ ਸੜ ਗਿਆ ਸੀ। ਪਾਰਸ ਨਾਥ ਰਾਜਾ ਦੁਨੀਆਂ ਭਰ ਦੇ ਰਾਜੇ ਜਿਤਣ ਵਾਲਾ ਪਰ ਮਨ ਰਾਜੇ ਨੂੰ ਨਹੀਂ ਜਿਤ ਸਕਿਆ।

ਇਸ ਮਨ ਰੂਪ ਰਾਜੇ ਨੂੰ ਪ੍ਰਮੇਸ਼ਰ ਦੇ ਪਿਆਰਿਆਂ ਸੰਤਾਂ ਭਗਤਾਂ ਨੇ ਹੀ ਜਿਤਿਆ ਹੈ। ਤਦ ਹੀ ਹਜ਼ੂਰ ਪੰਚਮ ਗੁਰਦੇਵ ਨੇ ਕਿਹਾ ਹੈ :

***ਨਾਨਕ ਤਿਨ ਸੰਤਨ ਸਰਣਾਗਤੀ ਜਿਨ ਮਨੁ ਵਸਿ ਕੀਨਾ॥***
***ਤਨੁ ਧਨੁ ਸਰਬਸੁ ਆਪਣਾ ਪ੍ਰਭਿ ਜਨ ਕਉ ਦੀਨ੍ਹਾ॥***

(ਅੰਗ ੮੧੫)

ਟੀਕਾਕਾਰਾਂ ਵਲੋਂ ਅਰਥਾਂ ਦੀ ਭਿੰਨਤਾ :

***ਅਚਰੁ ਚਰੈ ਤਾ ਸਿਧਿ ਹੋਈ ਸਿਧੀ ਤੇ ਬੁਧਿ ਪਾਈ॥***

ਅਚਰੁ ਚਰੈ- ( ਸੰਸ: ਚਰੁ=ਚਲਣਾ), ਚਰੈ-ਜੋ ਚੱਲਦਾ ਰਹਿੰਦਾ ਹੈ, ਉਸ ਨੂੰ ਅਚਰੁ ਕਰੇ, ਅਚੱਲ ਕਰ ਲਵੇ, ਚੱਲਣੋ ਰੋਕੇ ਭਾਵ ਇਕਾਗਰ ਕਰ ਲਵੇ। ਨਿਰੁਕਤ-ਸੰਥਿਆ ਪੋਥੀ ਤੀਜੀ ਭਾਈ ਵੀਰ ਸਿੰਘ ਜੀ ਪੰਨਾ : ੧੦੭੭ 'ਤੇ ਹੈ।

***ਅਚਰੁ ਚਰੈ ਤਾ ਸਿਧਿ ਹੋਈ ਸਿਧੀ ਤੇ ਬੁਧਿ ਪਾਈ॥***

੧. (ਗੁਰੂ ਦੀ ਸ਼ਰਣ ਪੈ ਕੇ ਜਦੋਂ) ਮਨੁੱਖ ਅਜਿੱਤ ਮਨ ਨੂੰ ਜਿੱਤ ਲੈਂਦਾ ਹੈ ਤਦੋਂ (ਜੀਵਨ ਸੰਗਰਾਮ ਵਿਚ ਇਸ ਨੂੰ) ਕਾਮਯਾਬੀ ਹੋ ਜਾਂਦੀ ਹੈ, (ਇਸ) ਕਾਮਯਾਬੀ ਤੋਂ (ਮਨੁੱਖ ਨੂੰ ਇਹ) ਅਕਲ ਹਾਸਲ ਹੋ

ਜਾਂਦੀ ਹੈ। (ਦਰਪਣ)

੨. ਜਬ (ਅਚਰੁ) ਕਾਮੁ ਕੋ ਵਾ ਨਾਮ ਸਹਾਰੇ ਵਾ ਧਾਰੇ ਤਬ (ਸਿਧਿ) ਭਾਵ ਅੰਤਹਕਰਣ ਦੀ ਸੁੱਧੀ ਹੋਤੀ ਹੈ ਐ ਸਿੱਧੀ ਹੋਣੇ ਤੇ ਆਤਮ ਵਖੈਣੀ ਬੁੱਧੀ ਪਾਈਦੀ ਹੈ। (ਫਰੀਦ ਕੋਟੀ ਸਟੀਕ)

੩. (ਹੇ ਭਾਈ! ਜੋ) ਨਾ ਖਾਧੀ ਜਾ ਸਕਣ ਵਾਲੀ (ਨਾਮ ਵਸਤੂ) ਖਾ ਲਵੇ ਤਾਂ (ਉਸਨੂੰ) ਜੀਵਨ-ਸਫਲਤਾ ਮਿਲਦੀ ਹੈ (ਅਤੇ ਇਸ) ਸਫਲਤਾ ਤੋਂ (ਆਤਮ ਵਿਸੈਣੀ) ਅਕਲ ਪਾਈਦੀ ਹੈ।

(ਦਰਸ਼ਨ ਨਿਰਣੈ)

੪. ਹੇ ਭਾਈ! ਜੋ ਕਾਮ ਕੋਰਧ ਅਚਰ ਹਨ ਜੋ ਚਰੇ ਨਹੀਂ ਜਾਂਦੇ ਭਾਵ ਨਾਸ਼ ਨਹੀਂ ਹੁੰਦੇ, ਉਹਨਾਂ ਨੂੰ ਚਰੈ=ਨਾਸ਼ ਕਰੇ, ਤਾਂ ਅੰਤਸ਼ਕਰਣ ਦੀ ਸ਼ੁੱਧੀ ਰੂਪ ਸਿਧੀ ਪ੍ਰਾਪਤ ਹੁੰਦੀ ਹੈ: (ਗੁਰਵਾਕ ਚਾਨਣ)

੫. ਅਚਰ, ੧. ਵਿ-ਜੋ ਚਲੇ ਨਾ, ਜੜ੍ਹ। ੨. ਅਭੱਖ, ਜੋ ਚਰਨ (ਖਾਣ) ਲਾਇਕ ਨਹੀਂ। ੩. ਸੰਗਿਯਾ-ਕਰਤਾਰ, ਜੋ ਸਦਾ 'ਅਚਰੁ ਚਰੈ ਤਾ ਸਿਧਿ ਹੋਈ' (ਸੋਰਠਿ ਮ: ੪) (ਮਹਾਨ ਕੋਸ਼)

੬.ਅਚਰ ਚਰੈ ਪੰਜਾਬੀ, ਚਰਨਾ=ਖਾਣਾ) ਨਾ ਚਰੇ ਜਾਣ ਵਾਲੇ ਨੂੰ ਚਰੇ, ਬਲੀਆਂ ਨੂੰ ਜਿਤ ਲਵੇ। ਭਾਵ ਕਾਮ ਆਦਿਕ ਦੋਖਾਂ ਨੂੰ ਜੋ ਜਿਤਣੇ ਕਠਨ ਹਨ, ਜਿਤ ਲਵੇ ਯਥਾ-ਅਚਰੁ ਚਰੈ ਬਿਬੇਕ ਬੁਧਿ ਪਾਏ ਪੁਰਖੈ ਪੁਰਖੁ ਮਿਲਾਇ॥ (ਅੰਗ ੧੨੭੬) (ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼ ਵੀਰ ਸਿੰਘ)

**ਸੋਰਠਿ ਮਹਲਾ ੪ ਪੰਚਪਦਾ॥ਅਚਰੁ ਚਰੈ ਤਾ ਸਿਧਿ ਹੋਈ ਸਿਧੀ ਤੇ ਬੁਧਿ ਪਾਈ॥ਪ੍ਰੇਮ ਕੇ ਸਰ ਲਾਗੇ ਤਨ ਭੀਤਰਿ ਤਾ ਭ੍ਰਮੁ ਕਾਟਿਆ ਜਾਈ॥੧॥ ਮੇਰੇ ਗੋਬਿਦ ਅਪੁਨੇ ਜਨ ਕਉ ਦੇਹਿ ਵਡਿਆਈ॥ਗੁਰਮਤਿ ਰਾਮ ਨਾਮੁ ਪਰਗਾਸਹੁ ਸਦਾ ਰਹਹੁ ਸਰਣਾਈ॥ਰਹਾਉ॥ਇਹੁ ਸੰਸਾਰੁ ਸਭੁ ਆਵਣ ਜਾਣਾ ਮਨ ਮੂਰਖ ਚੇਤਿ ਅਜਾਣਾ॥ਹਰਿ ਜੀਉ ਕ੍ਰਿਪਾ ਕਰਹੁ ਗੁਰੁ ਮੇਲਹੁ ਤਾ ਹਰਿ ਨਾਮਿ ਸਮਾਣਾ॥੨॥ ਜਿਸ ਕੀ ਵਥੁ ਸੋਈ ਪ੍ਰਭੁ ਜਾਣੈ ਜਿਸ ਨੋ ਦੇਇ ਸੁ ਪਾਏ॥ ਵਸਤੁ ਅਨੂਪ ਅਤਿ ਅਗਮ ਅਗੋਚਰ ਗੁਰੁ ਪੂਰਾ ਅਲਖੁ ਲਖਾਏ॥ ੩ ॥ ਜਿਨਿ ਇਹ ਚਾਖੀ ਸੋਈ ਜਾਣੈ ਗੂੰਗੇ ਕੀ ਮਿਠਿਆਈ॥ਰਤਨੁ ਲੁਕਾਇਆ ਲੂਕੈ ਨਾਹੀ ਜੇ ਕੋ ਰਖੈ ਲੁਕਾਈ॥੪॥ ਸਭੁ ਕਿਛੁ ਤੇਰਾ ਤੂ ਅੰਤਰਜਾਮੀ ਤੂ ਸਭਨਾ ਕਾ ਪ੍ਰਭੁ ਸੋਈ॥ ਜਿਸ ਨੋ ਦਾਤਿ ਕਰਹਿ ਸੋ ਪਾਏ ਜਨ ਨਾਨਕ ਅਵਰੁ ਨ ਕੋਈ॥੫॥੯॥**

(ਅੰਗ ੬੦੭)

## ਪਦ ਅਰਥ :

ਅਚਰੁ ਚਰੈ-(ਸੰਸ:, ਚਰ=ਚਲਣਾ), ਚਰੈ-ਜੋ ਚੱਲਦਾ ਰਹਿੰਦਾ ਹੈ, ਉਸ ਨੂੰ ਅਚਰੁ ਕਰੇ, ਅਚੱਲ ਕਰ ਲਵੇ; ਚਲਣੋਂ ਰੋਕੇ ਭਾਵ ਇਕਾਗਰ ਕਰ ਲਵੇ। (ਅਥਵਾ)-

ਅਚਰੁ-ਅਚੱਲ। ਚਰੈ-ਚੱਲਦਾ ਹੀ ਰਹਿੰਦਾ ਹੈ। ਸਿਧਿ-ਕਾਮਯਾਬੀ (ਜੀਵਨ ਦੀ ਸਫਲਤਾ)। ਸਿਧੀ-ਕਾਮਯਾਬੀ (ਜੀਵਨ ਦੀ ਸਫਲਤਾ ਤੋਂ)। ਬੁਧਿ-ਆਤਮ ਵਿਸੈਣੀ ਬੁਧੀ। ਸਰ-ਤੀਰ। ਤਨ ਭੀਤਰਿ-ਸਰੀਰ ਭਾਵ ਹਿਰਦੇ ਵਿਚ। ਰਹਹੁ-ਰਹੇ। ਵਥੁ-ਵਸਤੂ। ਅਨੂਪ-ਅਤਿ ਸੁੰਦਰ, ਬਹੁਤ ਸੋਹਣੀ। ਅਲਖੁ-ਲਖਤਾ ਤੋਂ ਰਹਿਤ ਪ੍ਰਭੂ। ਲਖਾਏ-ਜਣਾ ਦਿੰਦਾ ਹੈ। ਲੁਕਾਇਆ-ਛੁਪਾਇਆ। ਸੋਈ-ਸਾਰ ਲੈਣ ਵਾਲਾ। ਅਵਰੁ-ਹੋਰ।

## ਅਰਥ :

(ਹੇ ਭਾਈ ! ਇਹ ਜੋ ਚੰਚਲ) ਮਨ ਚੱਲਦਾ ਹੀ ਰਹਿੰਦਾ ਹੈ, (ਇਕ ਖਿਨ ਭਰ ਵੀ ਟਿਕਦਾ ਨਹੀਂ), ਇਸ ਨੂੰ ਅਚਰੁ=ਅਚੱਲ ਕਰ ਲਵੇ, ਤਾਂ (ਮਨੁੱਖ ਜਨਮ ਰੂਪ ਜੀਵਨ) ਦੀ ਸਿਧਿ=ਕਾਮਯਾਬੀ, ਭਾਵ ਸਫਲਤਾ, ਤੇ ਇਸ ਸਿਧੀ=ਕਾਮਯਾਬੀ ਤੋਂ ਬੁਧਿ ਪਾਈ=ਆਤਮ ਵਿਸੈਣੀ ਬੁਧੀ ਪਾ ਲਈਦੀ ਹੈ। (ਜਦ ਪ੍ਰਭੂ) ਪਿਆਰੇ ਦੇ (ਪ੍ਰੇਮ ਰੂਪੀ) ਤੀਰ ਹਿਰਦੇ ਵਿਚ ਲੱਗ ਜਾਂਦੇ ਹਨ ਤਾਂ (ਮਨ ਦਾ) ਭ੍ਰਮ ਕੱਟਿਆ ਜਾਂਦਾ ਹੈ।੧।

ਹੇ ਮੇਰੇ ਗੋਬਿੰਦ ! ਆਪਣੇ ਦਾਸ ਨੂੰ ਵਡਿਆਈ ਦਿਉ। ਗੁਰੂ ਦੀ ਮਤਿ ਦੁਆਰਾ (ਮੇਰੇ ਹਿਰਦੇ ਵਿਚ) ਰਾਮ ਨਾਮ ਨੂੰ ਪ੍ਰਗਟ ਕਰੋ (ਤਾਂ ਜੋ ਤੁਹਾਡਾ ਦਾਸ) ਸਦੀਵ ਕਾਲ (ਆਪ ਜੀ ਦੀ) ਸ਼ਰਣ ਵਿਚ ਟਿਕਿਆ ਰਹੇ। ਰਹਾਉ। ਇਹ ਸਾਰਾ ਸੰਸਾਰ ਜੰਮਦਾ ਮਰਦਾ ਰਹਿੰਦਾ ਹੈ, (ਇਸ ਲਈ) ਹੇ ਮੂਰਖ ਤੇ ਬੇਸਮਝ ਮਨਾ ! (ਤੂੰ ਜਨਮ ਮਰਨ ਤੋਂ ਬਚਣ ਵਾਸਤੇ ਪ੍ਰਭੂ ਦਾ) ਸਿਮਰਨ ਕਰ। (ਨਾਲ ਹੀ ਇਸ ਤਰ੍ਹਾਂ ਬੇਨਤੀ ਕਰ) ਕਿ ਹੇ ਹਰੀ (ਵਾਹਿਗੁਰੂ) ਜੀਉ! (ਤੁਸੀਂ ਮੇਰੇ ਉੱਤੇ) ਕਿਰਪਾ ਕਰੋ, (ਮੈਨੂੰ) ਗੁਰੂ ਦਾ ਮਿਲਾਪ ਕਰਾ ਦਿਉ, ਤਾਂ ਹੀ (ਮੈਂ) ਹਰੀ ਨਾਮ ਵਿਚ ਲੀਨ ਹੋ ਸਕਦਾ ਹਾਂ।੨।

(ਹੇ ਭਾਈ !) ਜਿਸ (ਪ੍ਰਭੂ) ਦੀ (ਨਾਮ ਰੂਪੀ) ਵਸਤੂ ਹੈ ਉਹ ਪ੍ਰਭੂ (ਆਪ ਹੀ ਇਸ ਬਾਰੇ) ਜਾਣਦਾ ਹੈ (ਕਿ ਉਸ ਨੇ ਕਿਸ ਨੂੰ ਇਹ ਦਾਤ ਦੇਣੀ ਹੈ? ਅਤੇ) ਜਿਸ ਨੂੰ (ਓਹ ਪ੍ਰਭੂ ਜੀ ਨਾਮ ਦੀ ਦਾਤਿ) ਦੇਂਦਾ ਹੈ, ਓਹ (ਜਗਿਆਸੂ ਹੀ ਨਾਮ ਰੂਪੀ ਦਾਤ) ਪ੍ਰਾਪਤ ਕਰਦਾ ਹੈ। (ਇਹ ਨਾਮ ਰੂਪ) ਵਸਤੂ ਬਹੁਤ ਸੁੰਦਰ ਹੈ (ਪਰ) ਅਲੱਖ ਸਰੂਪ ਪੂਰਨ ਗੁਰੂ, ਇਸ ਅਗਮ ਅਗੋਚਰ (ਨਾਮ ਰੂਪ) ਵਸਤੂ ਨੂੰ (ਕਿਰਪਾ ਕਰਕੇ) ਜਣਾ ਦੇਂਦਾ ਹੈ।੩।

(ਹੇ ਭਾਈ ! ਜਿਸ ਮਨੁੱਖ ਨੇ) ਇਹ ਨਾਮ ਰੂਪ (ਵਸਤੂ) ਚੱਖੀ ਹੈ ਓਹੀ (ਇਸ ਦਾ ਸੁਆਦ) ਜਾਣਦਾ ਹੈ। (ਇਹ ਤਾਂ ਗੁੰਗੇ ਦੀ ਮਿਠਿਆਈ ਵਾਲਾ ਸੁਆਦ ਹੈ, (ਕਿਉਂਕਿ ਗੁੰਗਾ ਬੋਲ ਕੇ ਦਸ ਨਹੀਂ ਸਕਦਾ। ਹਾਂ, ਉਸ ਦੇ ਚਿਹਰੇ ਤੋਂ ਅਨਭੁਵ ਕੀਤਾ ਜਾ ਸਕਦਾ ਹੈ)। ਜੇ ਕੋਈ ਨਾਮ ਰਤਨ ਛੁਪਾ ਕੇ (ਰੱਖਣਾ ਚਾਹੇ

ਤਾਂ ਉਹ) ਰਤਨ ਛੁਪਾਇਆ ਨਹੀਂ ਛੁੱਪ ਸਕਦਾ।੪।

(ਹੇ ਪ੍ਰਭੂ!) ਸਭ ਕੁਝ ਤੇਰਾ (ਬਣਾਇਆ ਹੋਇਆ ਹੈ)। ਤੂੰ ਅੰਤਰਜਾਮੀ (ਪਿਤਾ) ਹੈਂ। ਤੂੰ ਸਭ ਦੀ ਖ਼ਬਰ-ਸਾਰ ਲੈਣ ਵਾਲਾ ਹੈਂ। ਦਾਸ ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਹੇ ਪ੍ਰਭੂ!) ਜਿਸ ਨੂੰ (ਤੂੰ ਨਾਮ ਦੀ) ਦਾਤ ਬਖ਼ਸ਼ਦਾ ਹੈਂ ਉਹ ਹੀ (ਇਹ ਦਾਤ) ਪ੍ਰਾਪਤ ਕਰਦਾ ਹੈ, (ਉਸ ਤੋਂ ਬਿਨਾਂ) ਹੋਰ ਕੋਈ (ਜੀਵ) ਨਾਮ ਦੀ ਦਾਤਿ (ਪ੍ਰਾਪਤ ਨਹੀਂ) ਕਰ ਸਕਦਾ।੫।੯।

## ਵਿਆਖਿਆ ਤੇ ਸਾਰੰਸ਼ :

ਇਸ ਸ਼ਬਦ ਅੰਦਰ ਹਜ਼ੂਰ ਨੇ ਮਨ ਨੂੰ ਇਕਾਗਰ ਕਰਕੇ ਹੀ ਸਿਧੀ ਤੋਂ ਬੁਧਿ ਪਾਈ ਦੱਸਿਆ ਹੈ। ਭਾਈ ਗੁਰਦਾਸ ਜੀ ਨੇ ਸਾਰੇ ਇੰਦ੍ਰਿਆਂ ਤੇ ਮਨ ਦਾ ਹੁਕਮ ਚਲਦਾ ਹੀ ਦੱਸਿਆ ਹੈ।

***ਅਖੀ ਅੰਦਰਿ ਦੇਖਦਾ ਸਭ ਚੋਜ ਵਿਡਾਣਾ। ਕੰਨੀ ਸੁਣਦਾ ਸੁਰਤਿ ਕਰਿ ਆਖਾਣਿ ਵਖਾਣਾ।***
***ਜੀਭੈ ਅੰਦਰਿ ਬੋਲਦਾ ਬਹੁ ਸਾਦ ਲੁਭਾਣਾ। ਹਥੀਂ ਕਿਰਤਿ ਕਮਾਂਵਦਾ ਪਗਿ ਚਲੈ ਸੁਜਾਣਾ।***
***ਦੇਹੀ ਅੰਦਰਿ ਇਕੁ ਮਨੁ ਇੰਦ੍ਰੀ ਪਰਵਾਣਾ। ਆਪੇ ਆਪਿ ਵਰੱਤਦਾ ਗੁਰਮੁਖਿ ਸੁਖੁ ਮਾਣਾ॥੧੮॥***

(ਵਾਰ ੨, ਪਉੜੀ ੧੮)

ਜੇ ਸਾਡਾ ਮਨ ਸਥਿਰ ਹੈ ਤਾਂ ਹੀ ਅੱਖਾਂ ਵੇਖਦੀਆਂ ਹਨ, ਨਹੀਂ ਤਾਂ ਭਾਵੇਂ ਕੋਈ ਚੀਜ਼ ਸਾਹਮਣੇ ਪਈ ਹੋਵੇ ਦਿਸਦੀ ਨਹੀਂ। ਕੰਨ ਵੀ ਤਦ ਹੀ ਸੁਣਦੇ ਹਨ ਜੇ ਮਨ ਸਥਿਰ ਹੋਵੇਗਾ, ਨਹੀਂ ਤਾਂ ਜਿੰਨਾ ਮਰਜ਼ੀ ਕੋਈ ਕਥਾ ਕੀਰਤਨ ਸੁਣਾਈ ਜਾਵੇ, ਪਰ ਸੁਣਦਾ ਨਹੀਂ। ਮਨ ਨੂੰ ਸਾਧਿਆਂ ਸਾਰੇ ਕਾਰਜ ਸਿਧਿ ਹੋ ਜਾਂਦੇ ਹਨ। ਜੀਵਨ ਦੀ ਸਫਲਤਾ ਵੀ ਇਸ ਨੂੰ ਸਾਧਣ ਨਾਲ ਹੀ ਹੋ ਆਉਂਦੀ ਹੈ।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੫੨ (ਅੰਗ ੬੦੯)

ਸੋਰਠਿ ਮਹਲਾ ੫ ॥ ਗੁਰੁ ਪੂਰਾ ਭੇਟਿਓ ਵਡਭਾਗੀ ਮਨਹਿ ਭਇਆ ਪਰਗਾਸਾ ॥ ਕੋਇ ਨ ਪਹੁਚਨਹਾਰਾ ਦੂਜਾ ਅਪੁਨੇ ਸਾਹਿਬ ਕਾ ਭਰਵਾਸਾ ॥ ੧ ॥ ਅਪੁਨੇ ਸਤਿਗੁਰ ਕੈ ਬਲਿਹਾਰੈ ॥ ਆਗੈ ਸੁਖੁ ਪਾਛੈ ਸੁਖ ਸਹਜਾ ਘਰਿ ਆਨੰਦੁ ਹਮਾਰੈ ॥ ਰਹਾਉ ॥ ਅੰਤਰਜਾਮੀ ਕਰਣੈਹਾਰਾ ਸੋਈ ਖਸਮੁ ਹਮਾਰਾ ॥ ਨਿਰਭਉ ਭਏ ਗੁਰ ਚਰਣੀ ਲਾਗੇ ਇਕ ਰਾਮ ਨਾਮ ਆਧਾਰਾ ॥ ੨ ॥ ਸਫਲ ਦਰਸਨੁ ਅਕਾਲ ਮੂਰਤਿ ਪ੍ਰਭੁ ਹੈ ਭੀ ਹੋਵਨਹਾਰਾ ॥ ਕੰਠਿ ਲਗਾਇ ਅਪੁਨੇ ਜਨ ਰਾਖੇ ਅਪੁਨੀ ਪ੍ਰੀਤਿ ਪਿਆਰਾ ॥ ੩ ॥ ਵਡੀ ਵਡਿਆਈ ਅਚਰਜ ਸੋਭਾ ਕਾਰਜੁ ਆਇਆ ਰਾਸੇ ॥ ਨਾਨਕ ਕਉ ਗੁਰੁ ਪੂਰਾ ਭੇਟਿਓ ਸਗਲੇ ਦੂਖ ਬਿਨਾਸੇ ॥ ੪ ॥ ੫ ॥

# ਪ੍ਰਾਕ੍ਰਥਨ :-

ਇਹ ਪਵਿੱਤਰ ਸ੍ਰੀ ਮੁਖਵਾਕ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸੋਰਠਿ ਰਾਗਨੀ ਵਿਚ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਦੀ ਪਹਿਲੀ ਪੰਕਤੀ ਹੈ :

***ਗੁਰੁ ਪੂਰਾ ਭੇਟਿਓ ਵਡਭਾਗੀ ਮਨਹਿ ਭਇਆ ਪਰਗਾਸਾ॥***

ਇਸ ਅੰਦਰ ਪੂਰਨ ਗੁਰੂ ਦਾ ਮਿਲਾਪ ਵੱਡਿਆਂ ਭਾਗਾਂ ਕਰਕੇ ਦੱਸਿਆ ਹੈ।

## ਵਿਸ਼ਾ—ਪੂਰਨ ਗੁਰੂ ਕਿਸ ਨੂੰ ਕਹਿੰਦੇ ਹਨ ?

ਗੁਰੂ-ਗੁਰੁ, ਸੰਗਯਾ ਇਹ ਸ਼ਬਦ ਗ੍ਰੀ ਧਾਤੂ ਤੋਂ ਬਣਿਆ ਹੈ, ਇਸ ਦੇ ਅਰਥ ਹਨ ਨਿਗਲਣਾ ਅਤੇ ਸਮਝਾਉਣਾ। ਜੋ ਅਗਯਾਨ ਨੂੰ ਖਾ ਜਾਂਦਾ ਹੈ ਅਤੇ ਸਿੱਖ ਨੂੰ ਤਤ੍ਵਗਯਾਨ ਸਮਝਾਉਂਦਾ ਹੈ, ਉਹ ਗੁਰੂ ਹੈ। (ਮਹਾਨ ਕੋਸ਼) ਅਗਯਾਨ ਵਿਨਾਸ਼ਕ, ਸੱਤਯ ਅਤੇ ਹਿੱਤ ਉਪਦੇਸ਼ ਦਾ ਨਾਉਂ ਗੁਰੂ ਹੈ, ਪਰ ਇਸ ਸ਼ਬਦ ਦੀ ਗੁਰੂ ਨਾਨਕ ਦੇਵ ਜੀ ਵਿਚ ਰੂਢੀ ਸ਼ਕਤਿ ਹੈ, ਜੋ ਕਰਤਾਰ ਵਲੋਂ ਸੰਸਾਰ ਮਾਤਰ ਦੇ ਉਧਾਰ ਵਾਸਤੇ ਜਗਤ-ਗੁਰੂ ਥਾਪੇ ਗਏ ਹਨ।

***ਨਾਨਕ ਸਤਿਗੁਰੁ ਐਸਾ ਜਾਣੀਐ, ਜੋ ਸਭਸੈ ਲਏ ਮਿਲਾਇ ਜੀਉ॥***

(ਅੰਗ ੭੨)

ਗੁਰੂ ਗ੍ਰੰਥ ਸਾਹਿਬ ਵਿਚ ਪ੍ਰਤਿਪਾਦਿਤ ਭਗਤੀ ਅਸਲ ਵਿਚ ਪੱਥ-ਪ੍ਰਦਰਸ਼ਕ (ਗੁਰੂ) ਦੀ ਬੜੀ ਅਹਿਮ ਦੇਣ ਹੈ। ਗੁਰੂ ਤੋਂ ਬਿਨਾਂ ਗੁਰਮਤਿ-ਭਗਤੀ ਦੀ ਕਲਪਨਾ ਹੀ ਨਹੀਂ ਕੀਤੀ ਜਾ ਸਕਦੀ। ਸੱਚ ਤਾਂ ਇਹ ਹੈ ਕਿ ਭਗਤੀ ਹੈ ਹੀ ਗੁਰੂ ਦੀ ਦੇਣ, ਗੁਰੂ ਦੇ ਉਪਦੇਸ਼ ਬਗ਼ੈਰ ਭਗਤੀ ਸਫਲੀ ਨਹੀਂ ਹੋ ਸਕਦੀ।

***ਹੋਰੁ ਕਿਤੈ ਭਗਤਿ ਨ ਹੋਵਈ ਬਿਨੁ ਸਤਿਗੁਰ ਕੇ ਉਪਦੇਸ॥***

(ਅੰਗ ੨੨)

ਭਾਈ ਕਾਨ੍ਹ ਸਿੰਘ ਜੀ ਨਾਭਾ ਨੇ 'ਗੁਰ' ਪਦ ਦੀ ਵਿਆਖਿਆ ਦਾ ਇਸ ਤਰ੍ਹਾਂ ਵੀ ਜ਼ਿਕਰ ਕੀਤਾ ਹੈ ਕਿ ਸੰਗਯਾ-ਧਰਮ ਉਪਦੇਸ਼ਾਂ, ਧਰਮ ਦਾ ਆਚਾਰਯ, ''ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ'' (ਜਪੁ) ''ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ॥ (ਵਾਰ ਮਾਝ ਮ: ੨, ਅੰਗ ੧੫੦)

ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਚਾਰ ਪ੍ਰਕਾਰ ਦੇ ਗੁਰੂ ਦੱਸੇ ਹਨ :

(ੳ) ਭ੍ਰਿੰਗੀ ਗੁਰੂ—ਭ੍ਰਿੰਗੀ ਖਾਸ ਜਾਤ ਦੇ ਕੀੜੇ ਨੂੰ ਆਪ ਜਿਹਾ ਕਰ ਲੈਂਦਾ ਹੈ, ਪਰ ਹਰੇਕ ਕ੍ਰਿਮ ਨੂੰ ਨਹੀਂ।

(ਅ) ਪਾਰਸ ਗੁਰੂ—ਪਾਰਸ ਲੋਹੇ ਨੂੰ ਸੋਨਾ ਕਰਦਾ ਹੈ, ਪਰ ਪਾਰਸ ਰੂਪ ਕਿਸੇ ਨੂੰ ਨਹੀਂ ਕਰਦਾ।

(ੲ) ਵਾਮਨ ਚੰਦਨ ਗੁਰੂ—ਇਹ ਖ਼ਾਸ ਰੁੱਤ ਵਿਚ ਪਾਸ ਦੇ ਬਿਰਛਾਂ ਨੂੰ ਸੁਗੰਧੀ ਵਾਲਾ ਕਰ ਦਿੰਦਾ ਹੈ,

ਪਰ ਸਾਰੀਆਂ ਰੁੱਤਾਂ ਵਿਚ ਨਹੀਂ ਅਤੇ ਬਾਂਸ ਨੂੰ ਕਿਸੇ ਵੀ ਰੁਤ ਵਿੱਚ ਸੁਗੰਧੀ ਵਾਲਾ ਨਹੀਂ ਕਰਦਾ।

(ਸ) ਦੀਪਕ ਗੁਰੂ—ਆਪਣੇ ਤੁਲ ਹੀ ਦੂਜੇ ਦੀਪਕ ਨੂੰ ਜੋਤ ਵਾਲਾ ਕਰ ਦਿੰਦਾ ਹੈ।

(ਮਹਾਨ ਕੋਸ਼ ਭਾਸ਼ਾ ਵਿਭਾਗ, ਪੰਨਾ ੪੧੯)

ਰਾਮ ਚਰਿਤ੍ਰ ਰਮਾਇਣ ਅੰਦਰ ਇਹ ਤਿੰਨ ਤਰ੍ਹਾਂ ਦੇ ਗੁਰੂ ਕਥਨ ਕੀਤੇ ਹਨ:

ਪਿੰਗਲਾ ਗੁਰੂ—ਜੋ ਸਾਧਨਾ ਰੂਪ ਪੈਰਾਂ ਤੋਂ ਬਿਨਾਂ ਹੈ, ਪਰ ਉਕਤੀਆਂ ਜੁਗਤੀਆਂ ਰੂਪ ਬਾਹਾਂ ਨਾਲ ਤਰਨਾ ਚਾਹੁੰਦਾ ਹੈ ਪਰ ਤਰ ਨਹੀਂ ਸਕਦਾ, ਨਾ ਹੀ ਹੋਰ ਕਿਸੇ ਨੂੰ ਤਾਰ ਸਕਦਾ ਹੈ। ਹੋਰਨਾਂ ਨੂੰ ਉਪਦੇਸ਼ ਤਾਂ ਦਿੰਦਾ ਹੈ, ਪਰ ਆਪ ਕਮਾਈ ਤੋਂ ਸੱਖਣਾ ਹੋਣ ਕਰਕੇ ਕਿਸੇ 'ਤੇ ਅਸਰ ਨਹੀਂ ਕਰਦਾ।

(ਅ) ਅੰਧੁਲਾ ਗੁਰੂ—ਐਸਾ ਗੁਰੂ ਆਪ ਤਾਂ ਸਾਧਨਾ ਸੰਪੰਨ ਹੈ, ਪਰ ਗਿਆਨਵਾਨ ਨਹੀਂ ਹੈ। ਇਕ ਆਪ ਕੱਠਨ ਸਾਧਨ ਕੀਤੇ ਹਨ, ਕੀਤੇ ਸਾਧਨਾਂ ਦਾ ਹੋਰਨਾਂ ਨੂੰ ਢੰਗ ਤਰੀਕਾ ਦੱਸ ਸਕਦਾ ਹੈ, ਪਰ ਆਪ ਮੁਕਤੀ ਰੂਪ ਕਿਨਾਰੇ ਨੂੰ ਵੇਖਿਆ ਨਹੀਂ, ਇਸ ਤਰਫੋਂ ਆਪ ਅੰਧਾ ਹੈ।

(ੲ) ਪੂਰਨ ਗੁਰੂ—ਜੋ ਆਪ ਪੂਰਨ ਗਿਆਨਵਾਨ ਹੋਵੇ ਅਤੇ ਪੂਰਨ ਘਾਲ ਜਿਸ ਨੇ ਘਾਲੀ ਹੈ। ਐਸਾ ਗੁਰੂ ਉਕਤੀਆਂ ਜੁਗਤੀਆਂ ਨਾਲ ਅਧਿਕਾਰੀ ਨੂੰ ਉਪਦੇਸ਼ ਦੇਕੇ ਸ਼ੰਕਾ ਨਵਿਰਤ ਕਰ ਦਿੰਦਾ ਹੈ।

ਅੱਠ ਤਰ੍ਹਾਂ ਦੇ ਹੋਰ ਗੁਰੂਆਂ ਦਾ ਨਿਰਣਾ ਸੰਤ ਸੁੰਦਰ ਦਾਸ ਜੀ ਨੇ ਗਿਆਨ ਸੁਮੁੰਦਰੀਕ ਗ੍ਰੰਥ ਅੰਦਰ ਇਸ ਤਰ੍ਹਾਂ ਕੀਤਾ ਹੈ :

੧. ਬਿਲਾ ਗੁਰੂ—ਜੋ ਘੂਰ-ਘੂਰ, ਤਾੜ ਤਾੜ ਕੇ ਉਪਦੇਸ਼ ਦੇਵੇ, ਐਸੇ ਉਪਦੇਸ਼ ਕਰਤਾ ਨੂੰ ਬਿਲਾ ਗੁਰੂ ਦੱਸਿਆ ਹੈ।

੨. ਗਿੱਦੜ ਗੁਰੂ—ਜੋ ਸੇਵਕਾਂ ਨਾਲ ਧੋਖਾ ਕਰਦਾ ਹੈ, ਪਖੰਡ ਦਾ ਲਿਬਾਸ ਧਾਰ ਕੇ ਆਪਣੀ ਪੂਜਾ ਕਰਾਉਂਦਾ ਹੈ।

੩. ਘੋੜਾ ਗੁਰੂ—ਜਿਸ ਤਰ੍ਹਾਂ ਘੋੜੇ 'ਤੇ ਸਵਾਰੀ ਕਰਕੇ ਸੈਰ ਕਰੀਦੀ ਹੈ, ਇਸ ਤਰ੍ਹਾਂ ਸੇਵਕਾਂ ਨੂੰ ਇਕੱਠੇ ਕਰਕੇ ਤੀਰਥ ਯਾਤਰਾ 'ਤੇ ਲੈ ਜਾਣਾ ਅਤੇ ਸੇਵਕਾਂ ਪਾਸੋਂ ਖੁੱਲ੍ਹੀ ਮਾਇਆ ਇਕੱਠੀ ਕਰ ਲੈਣੀ, ਮਗਰੋਂ ਛਕੀ ਛਕਾਈ ਜਾਣੀ।

੪. ਸ਼ੇਰ ਗੁਰੂ—ਜੋ ਆਪਣਿਆਂ ਸੇਵਕਾਂ ਦਾ ਮਾਲ ਧਨ ਸਾਰਾ ਹੀ ਹੜੱਪ ਕਰ ਜਾਂਦੇ ਹਨ ਅਤੇ ਸ਼ੇਰ ਦੀ ਤਰ੍ਹਾਂ ਸਭ ਕੁਝ ਖਾ ਜਾਂਦੇ ਹਨ।

੫. ਭ੍ਰਿੰਗੀ ਗੁਰੂ—ਖ਼ਾਸ ਕਿਸਮ ਦੇ ਕੀੜੇ ਨੂੰ ਪਕੜ ਕੇ ਆਪਣੇ ਸਾਹਮਣੇ ਰੱਖ ਕੇ ਕੁਝ ਸਮੇਂ ਮਗਰੋਂ ਆਪਣੇ ਜੈਸਾ ਹੀ ਬਣਾ ਲੈਂਦਾ ਹੈ। ਇਸੇ ਤਰ੍ਹਾਂ ਕਿਸੇ ਖ਼ਾਸ ਉੱਤਮ ਅਧਿਕਾਰੀ ਨੂੰ ਉਪਦੇਸ਼ ਦੇ ਕੇ ਗਿਆਨ ਦੁਆਰਾ ਆਪਣਾ ਰੂਪ ਬਣਾ ਲੈਂਦੇ ਹਨ।

੬. ਪਾਰਸ ਗੁਰੂ—ਅੱਠਾਂ ਧਾਤਾਂ 'ਚੋਂ ਕਿਸੇ ਨੂੰ ਵੀ ਛੋਹ ਕੇ ਪਾਰਸ ਸੋਨਾ ਬਣਾ ਦਿੰਦਾ ਹੈ। ਇਸੇ ਤਰ੍ਹਾਂ ਜਗਿਆਸੂ ਨੂੰ ਸ਼ੁੱਧ ਸਰੂਪ ਦਾ ਗਿਆਨ ਕਰਾ ਦਿੰਦਾ ਹੈ, ਪਰ ਉਹ ਜਗਿਆਸੂ ਅਗੇ ਉਪਦੇਸ਼ ਦੇ ਕੇ ਹੋਰ ਕਿਸੇ ਨੂੰ ਸ਼ੁੱਧ ਸਰੂਪ ਨਹੀਂ ਬਣਾ ਸਕਦਾ।

੭. ਚੰਦਨ ਗੁਰੂ—ਚੰਦਨ ਬਸੰਤ ਰੁੱਤ ਵਿਚ ਹੀ ਲਾਗਲੇ ਬਿਰਛਾਂ ਨੂੰ ਸੁਗੰਧਿਤ ਕਰਦਾ ਹੈ, ਪਰ ਬਾਂਸ ਨੂੰ ਬਸੰਤ ਰੁੱਤ ਵਿਚ ਭੀ ਨਹੀਂ ਕਰ ਸਕਦਾ। ਇਸੇ ਤਰ੍ਹਾਂ ਜੋ ਕਦੇ-ਕਦੇ ਉਪਦੇਸ਼ ਰਾਹੀਂ ਭਗਤੀ ਰੂਪ ਸੁਗੰਧੀ ਦਿੰਦਾ ਹੈ, ਹਮੇਸ਼ਾ ਉਪਦੇਸ਼ ਨਹੀਂ ਦਿੰਦਾ, ਉਹ ਚੰਦਨ ਗੁਰੂ ਹੈ।

੮. ਦੀਪਕ ਗੁਰੂ—ਇਕ ਦੀਪਕ ਜੱਗ ਰਿਹਾ ਹੋਵੇ ਤੇ ਦੂਜਾ ਦੀਵਾ ਤੇਲ ਬੱਤੀ ਸਹਿਤ ਜੋ ਹੈ ਉਸ ਨਾਲ ਲਾਇਆਂ ਉਹ ਭੀ ਜੱਗ ਪੈਂਦਾ ਹੈ, ਪ੍ਰਕਾਸ਼ ਕਰ ਦਿੰਦਾ ਹੈ। ਇਸੇ ਤਰ੍ਹਾਂ ਸ਼ਰਧਾ ਦੀ ਬੱਤੀ ਤੇ ਪ੍ਰੇਮ ਰੂਪ ਤੇਲ ਸੰਜੁਗਤ ਜੋ ਹੈ, ਉਸ ਨੂੰ ਉਪਦੇਸ਼ ਰਾਹੀਂ ਗਿਆਨ ਦਾ ਪ੍ਰਕਾਸ਼ ਜੋ ਕਰ ਦੇਵੇ, ਉਹ ਦੀਪਕ ਗੁਰੂ ਹੈ।

ਇਹ ਨਿਰਣਾ ਸਿਰਫ਼ ਜੀਵ ਕੋਟੀ ਦੇ ਗੁਰੂਆਂ ਦਾ ਹੀ ਹੈ। ਜੈਸੇ ਜੈਸੇ ਕਿਸੇ ਵਿਚ ਗੁਣ ਹਨ, ਉਸ ਤਰ੍ਹਾਂ ਦੀ ਉਸ ਨਾਲ ਤੁਲਨਾ ਦਿੱਤੀ ਹੈ। ਬਿਲੇ ਜੈਸੇ ਮਨੁੱਖ ਨੂੰ ਬਿਲਾ ਗੁਰੂ ਦੱਸ ਦਿੱਤਾ ਹੈ, ਗਿਦੜ ਜੈਸੇ ਧੋਖੇਬਾਜ਼ ਡਰਪੋਕ ਨੂੰ ਗਿਦੜ ਗੁਰੂ ਕਿਹਾ ਹੈ। ਪਰ ਪੂਰਨ ਗੁਰੂ ਤਾਂ ਜਗਤ ਜੀਆਂ ਦੀ ਕਲਿਆਣ ਕਰਨ ਵਾਸਤੇ ਨਿਰੰਕਾਰ ਆਪ ਗੁਰੂ ਨਾਨਕ ਰੂਪ ਹੋਕੇ ਸੰਸਾਰ ਅੰਦਰ ਆਏ ਹਨ।

ਸ੍ਰੀ ਗੁਰੂ ਰਾਮਦਾਸ ਜੀ ਨੇ ਪੂਰਨ ਗੁਰੂ ਦੀ ਸਿਫਤ ਕਰਦਿਆਂ ਸਲੋਕ ਵਾਰਾਂ ਤੇ ਵਧੀਕ ਅੰਦਰ ਅੰਮ੍ਰਿਤ ਬਚਨ ਉਚਾਰਨ ਕੀਤੇ ਹਨ :

*ਵਾਹੁ ਵਾਹੁ ਸਤਿਗੁਰੁ ਪੁਰਖੁ ਹੈ ਜਿਨਿ ਸਚੁ ਜਾਤਾ ਸੋਇ॥*
*ਜਿਤੁ ਮਿਲਿਐ ਤਿਖ ਉਤਰੈ ਤਨੁ ਮਨੁ ਸੀਤਲੁ ਹੋਇ॥*
*ਵਾਹੁ ਵਾਹੁ ਸਤਿਗੁਰੁ ਸਤਿ ਪੁਰਖੁ ਹੈ ਜਿਸ ਨੋ ਸਮਤੁ ਸਭ ਕੋਇ॥*
*ਵਾਹੁ ਵਾਹੁ ਸਤਿਗੁਰੁ ਨਿਰਵੈਰੁ ਹੈ ਜਿਸੁ ਨਿੰਦਾ ਉਸਤਤਿ ਤੁਲਿ ਹੋਇ॥*
*ਵਾਹੁ ਵਾਹੁ ਸਤਿਗੁਰੁ ਸੁਜਾਣੁ ਹੈ ਜਿਸੁ ਅੰਤਰਿ ਬ੍ਰਹਮੁ ਵੀਚਾਰੁ॥*
*ਵਾਹੁ ਵਾਹੁ ਸਤਿਗੁਰੁ ਨਿਰੰਕਾਰੁ ਹੈ ਜਿਸ ਅੰਤੁ ਨ ਪਾਰਾਵਾਰੁ॥*
*ਵਾਹੁ ਵਾਹੁ ਸਤਿਗੁਰੂ ਹੈ ਜਿ ਸਚੁ ਦ੍ਰਿੜਾਏ ਸੋਇ॥*
*ਨਾਨਕ ਸਤਿਗੁਰ ਵਾਹੁ ਵਾਹੁ ਜਿਸ ਤੇ ਨਾਮੁ ਪਰਾਪਤਿ ਹੋਇ॥*

(ਅੰਗ ੧੪੨੧)

ਭਾਈ ਗੁਰਦਾਸ ਜੀ ਨੇ ਪੂਰਨ ਗੁਰੂ ਦੀ ਸਿਫ਼ਤ ਕਰਦਿਆਂ ਵਾਰ ੨੬ਵੀਂ ਅੰਦਰ ਕਿਹਾ ਹੈ ਕਿ ਪੂਰਨ ਸਤਿਗੁਰੂ ਗੁਣੀ ਨਿਧਾਨ ਅਤੇ ਔਗਣਾਂ ਨੂੰ ਬਖ਼ਸ਼ਣ ਵਾਲਾ ਹੈ ਅਤੇ ਪੂਰਾ ਵੈਦ ਹੈ। ਪੰਜਾਂ ਅਸਾਧ ਰੋਗਾਂ ਦੇ

ਨਿਵਾਰਣਹਾਰਾ ਹੈ। ਨਿੰਦਕ ਦੋਖੀਆਂ ਬੇਮੁਖਾਂ ਨੂੰ ਪੂਰਨ ਨਿਰਵੈਰ ਗੁਰੂ ਤਾਰਣ ਵਾਲਾ ਹੈ। ਪੂਰਨ ਸਤਿਗੁਰੂ ਐਸਾ ਆਗੂ ਹੈ ਜੋ ਬਾਂਹ ਪਕੜ ਕੇ ਅੰਧਿਆਂ ਨੂੰ ਵੀ ਤਾਰ ਦਿੰਦਾ ਹੈ :

*ਸਤਿਗੁਰ ਗੁਣੀ ਨਿਧਾਨੁ ਹੈ ਗੁਣ ਕਰਿ ਬਖਸੈ ਅਵਗੁਣਿਆਰੇ।*
*ਸਤਿਗੁਰੁ ਪੂਰਾ ਵੈਦੁ ਹੈ ਪੰਜੇ ਰੋਗ ਅਸਾਧ ਨਿਵਾਰੇ।*
*ਸੁਖ ਸਾਗਰੁ ਗੁਰੁਦੇਉ ਹੈ ਸੁਖ ਦੇ ਮੇਲਿ ਲਏ ਦੁਖਿਆਰੇ।*
*ਗੁਰ ਪੂਰਾ ਨਿਰਵੈਰੁ ਹੈ ਨਿੰਦਕ ਦੋਖੀ ਬੇਮੁਖ ਤਾਰੇ।*
*ਗੁਰੁ ਪੂਰਾ ਨਿਰਭਉ ਸਦਾ ਜਨਮ ਮਰਣ ਜਮ ਡਰੈ ਉਤਾਰੇ।*
*ਸਤਿਗੁਰੁ ਪੁਰਖੁ ਸੁਜਾਣੁ ਹੈ ਵਡੇ ਅਜਾਣ ਮੁਗਧ ਨਿਸਤਾਰੇ।*
*ਸਤਿਗੁਰੁ ਆਗੂ ਜਾਣੀਐ ਬਾਹ ਪਕੜਿ ਅੰਧਲੇ ਉਧਾਰੇ।*
*ਮਾਣੁ ਨਿਮਾਣੇ ਸਦ ਬਲਿਹਾਰੇ ॥੧੯॥* (ਵਾਰ ੨੬,ਪਉੜੀ ੧੯)

## ਸਾਖੀ—ਪੂਰਨ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ

ਨਿਰੰਕਾਰੀ ਜੋਤ ਸ੍ਰੀ ਗੁਰੂ ਨਾਨਕ ਦੇਵ ਜੀ ਜਗਤ ਜੀਆਂ ਨੂੰ ਨਾਮ ਦਾਨ ਦੇ ਕੇ, ਸੁਲਤਾਨਪੁਰ ਰਹਿੰਦਿਆਂ ਮੋਦੀਖ਼ਾਨੇ ਵਿਚ ਬੈਠੇ ਸਭ ਦੀਆਂ ਝੋਲੀਆਂ ਤੇਰਾਂ-ਤੇਰਾਂ ਕਹਿ ਕੇ ਭਰਦਿਆਂ ਤਾਰ ਰਹੇ ਸਨ। ਇਸ ਸਮੇਂ ਭਾਈ ਮਰਦਾਨਾ ਹਜ਼ੂਰ ਦੀ ਚਰਨ ਸ਼ਰਨ ਵਿਚ ਆਇਆ ਤੇ ਦੋਵੇਂ ਹੱਥ ਜੋੜ ਗੁਰਦੇਵ ਨੂੰ ਮਸਤਕ ਟੇਕਿਆ। ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਕਿਹਾ, ਨਾਮ ਚੇਤੇ ਆਏ ਤੇ ਨਾਲ ਹੀ ਭਾਈ ਮਰਦਾਨੇ ਪਾਸੋਂ ਮਾਤਾ ਪਿਤਾ ਜੀ ਤੇ ਰਾਇ ਬੁਲਾਰ ਰਾਜੇ ਸਾਰਿਆਂ ਦੀ ਸੁੱਖ ਸਾਂਦ ਪੁੱਛੀ। ਭਾਈ ਮਰਦਾਨੇ ਨੇ ਨਗਰ ਤਲਵੰਡੀ ਦੀ ਸਾਰੀ ਖ਼ਬਰ ਸਾਰ ਨਿੰਮ੍ਰਤਾ ਨਾਲ ਦੱਸੀ। ਫੇਰ ਗੁਰਦੇਵ ਨੇ ਭਾਈ ਮਰਦਾਨੇ ਦੇ ਆਵਣ ਦਾ ਕਾਰਨ ਪੁੱਛਿਆ ਤਾਂ ਦੋਵੇਂ ਹੱਥ ਜੋੜ ਬੇਨਤੀ ਕਰ ਦੱਸਿਆ, ਜੀ ਮੇਰੀ ਸਪੁੱਤਰੀ ਦਾ ਵਿਵਾਹ ਰੱਖਿਆ ਹੈ ਇਸ ਕਾਰਜ ਲਈ ਮੈਂ ਆਪ ਜੀ ਪਾਸ ਆਇਆ ਹਾਂ। ਕਿਉਂਕਿ ਜਿਸ ਵੇਲੇ ਮੈਂ ਆਪ ਜੀ ਪਾਸ ਪਹਿਲਾਂ ਆਇਆ ਸੀ, ਉਸ ਵੇਲੇ ਆਪ ਜੀ ਨੇ ਮੈਨੂੰ ਹੁਕਮ ਕੀਤਾ ਸੀ, ਕਿ ਮਰਦਾਨਿਆ ਅੱਜ ਤੋਂ ਬਾਅਦ ਤੈਂ ਸਾਥੋਂ ਬਿਨਾਂ ਹੋਰ ਕਿਸੇ ਪਾਸੋਂ ਕੁਝ ਮੰਗਣਾ ਨਹੀਂ ਹੈ। ਜਦ ਵੀ ਕਿਸੇ ਵਸਤੂ ਦੀ ਲੋੜ ਪਵੇ ਤਾਂ ਸਾਥੋਂ ਮੰਗੀਂ, ਅਸੀਂ ਤੇਰੀਆਂ ਲੋੜਾਂ ਪੂਰੀਆਂ ਕਰਾਂਗੇ।

ਗੁਰਦੇਵ ਹੁਣ ਮੇਰੀ ਲੜਕੀ ਦਾ ਵਿਵਾਹ ਰੱਖਿਆ ਹੈ, ਇਸ ਕਾਰਜ ਵਾਸਤੇ ਆਪ ਜੀ ਪਾਸੋਂ ਮੰਗਣ ਆਇਆ ਹਾਂ।

*ਸੁਣ ਜਜਮਾਨ ਬਚਨ ਤੁਮ ਭਾਖਾ। ਤਜਹੁ ਅਵਰ ਜਾਚਨ ਅਭਿਲਾਖਾ।*
*ਜਾਂਤੇ ਮਾਂਗੋ ਮੈਂ ਨਹਿ ਕੋਊ। ਤੁਮਰੋ ਬਚਨ ਚਿਤਾਰਤ ਸੋਊ ॥ ੩੦ ॥*

***ਔਰ ਚਲਤ ਨੀਕੀ ਗੁਜਰਾਨਾ। ਤਨੀਆ ਬਿਆਹਨ ਖਰਚ ਮਹਾਨਾ।***
***ਤਾਕੀ ਸਕਤ ਨਾ ਸਦਨ ਹਮਾਰੇ। ਜਾ ਹਿਤ ਆਇਉ ਨਿਕਟ ਤੁਮਾਰੇ॥੩੧॥***

(ਸ੍ਰੀ ਨਾਨਕ ਪ੍ਰਕਾਸ਼, ਧਿ: ੨੭)

ਪਰਮ ਕ੍ਰਿਪਾਲੂ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਭਗੀਰਥ ਨੂੰ ਹੁਕਮ ਕੀਤਾ ਕਿ ਵਿਵਾਹ ਵਾਸਤੇ ਜਿਸ-ਜਿਸ ਵਸਤੂ ਦੀ ਲੋੜ ਹੈ, ਭਾਈ ਮਰਦਾਨੇ ਪਾਸੋਂ ਲਿਖ ਲਉ। ਤਾਂ ਭਾਈ ਮਰਦਾਨੇ ਨੇ ਲੋੜ ਦੀਆਂ ਚੀਜ਼ਾਂ ਭਾਈ ਭਗੀਰਥ ਜੀ ਨੂੰ ਲਿਖਾ ਦਿੱਤੀਆਂ। ਗੁਰਦੇਵ ਨੇ ਭਾਈ ਭਗੀਰਥ ਨੂੰ ਕਿਹਾ ਕਿ ਤੂੰ ਲਾਹੌਰ ਸ਼ਹਿਰ ਜਾ। ਉਥੇ ਤੈਂ ਇਕ ਰਾਤ ਕੱਟਣੀ ਹੈ, ਇਕ ਰਾਤ ਤੋਂ ਵੱਧ ਸਮਾਂ ਨਹੀਂ ਰਹਿਣਾ। ਜੋ ਕੁਝ ਮਰਦਾਨੇ ਨੇ ਲਿਖਾਇਆ ਹੈ, ਉਹ ਸਭ ਸਾਜ਼ੋ ਸਮਾਨ ਲੈਕੇ ਆਉਣਾ ਹੈ। ਲਾਹੌਰ ਸ਼ਹਿਰ ਵਿਚ ਇਕ ਮਨਸੁਖ ਨਾਮ ਦਾ ਤਕੜਾ ਸ਼ਾਹੂਕਾਰ ਸੀ। ਭਾਈ ਭਗੀਰਥ ਨੇ ਸਾਮਾਨ ਦੀ ਲਿਸਟ ਮਨਸੁਖ ਸ਼ਾਹੂਕਾਰ ਨੂੰ ਦੇਕੇ ਕਿਹਾ ਕਿ ਲਿਸਟ ਅਨੁਸਾਰ ਸਾਰਾ ਸਾਮਾਨ ਮੈਨੂੰ ਦੇ ਦਿਉ। ਮਨਸੁਖ ਨੇ ਹੋਰ ਸਾਰਾ ਸਾਮਾਨ ਕਿਹਾ ਕਿ ਮਿਲ ਜਾਵੇਗਾ, ਪਰ ਇਕ ਜੋ ਚੂੜਾ ਲਿਖਿਆ ਹੈ ਇਸ ਦੇ ਤਿਆਰ ਹੋਣ ਵਿਚ ਟਾਈਮ ਲੱਗੇਗਾ। ਭਾਈ ਭਗੀਰਥ ਨੇ ਸੁਣ ਕੇ ਕਿਹਾ ਕਿ ਮੈਂ ਇਕ ਰਾਤ ਹੀ ਇਥੇ ਲਾਹੌਰ ਵਿਚ ਠਹਿਰਾਂਗਾ। ਜੇ ਮੈਂ ਦੂਜੀ ਰਾਤ ਕੱਟ ਲਈ ਤਾਂ ਮੇਰਾ ਜਨਮ ਬਿਅਰਥ ਚੱਲਿਆ ਜਾਵੇਗਾ। ਮਨਸੁਖ ਕਹਿੰਦਾ ਹੈ, ਕੀ ਕਾਰਨ, ਜਨਮ ਕਿਸਤਰ੍ਹਾਂ ਬਿਅਰਥ ਚਲਿਆ ਜਾਵੇਗਾ ? ਭਾਈ ਭਗੀਰਥ ਕਹਿੰਦਾ ਹੈ, ਜੀ ਮੈਨੂੰ ਮੇਰੇ ਪੂਰਨ ਗੁਰੂ ਦਾ ਹੁਕਮ ਹੈ, ਕਿ ਇਕ ਰਾਤ ਹੀ ਲਾਹੌਰ ਸ਼ਹਿਰ ਵਿਚ ਕੱਟਣੀ ਹੈ। ਜੇ ਮੈਂ ਦੂਜੀ ਰਾਤ ਕੱਟ ਲਈ ਤਾਂ ਪੂਰਨ ਗੁਰੂ ਦਾ ਹੁਕਮ ਨਾ ਮੰਨਣ ਕਰਕੇ ਮੇਰਾ ਜਨਮ ਬਿਅਰਥ ਜਾਏਗਾ। ਮਨਸੁਖ ਕਹਿੰਦਾ ਹੈ, ਕਲਿਜੁਗ ਅੰਦਰ ਪੂਰਨ ਗੁਰੂ ਕਿਥੇ ਹੈ, ਕੱਚੇ ਪਖੰਡੀ ਗੁਰੂ ਤਾਂ ਬਥੇਰੇ ਹਨ। ਭਾਈ ਭਗੀਰਥ ਕਹਿੰਦਾ ਹੈ, ਜੀ ਮੇਰੇ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਪੂਰਨ ਗੁਰੂ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਉਪਰ ਤੂੰ ਸ਼ੰਕਾ ਨਾ ਕਰ। ਜਿਸ ਵੇਲੇ ਤੂੰ ਦਰਸ਼ਨ ਕਰੇਂਗਾ ਤਾਂ ਦਰਸ਼ਨ ਕੀਤਿਆਂ ਹੀ ਤੈਨੂੰ ਪਤਾ ਲੱਗੇਗਾ ਕਿ ਠੀਕ ਇਹ ਸਰਬ ਕਲਾ ਸਮਰਥ ਪੂਰਨ ਸਤਿਗੁਰੂ ਜੀ ਹਨ।

***ਸੁਨੋ ਸਾਹੁ ਮਮ ਸਤਿਗੁਰ ਪੂਰਾ। ਜਾਕੋ ਬਚਨ ਹੋਤ ਨਹਿ ਊਰਾ।***
***ਤਿਨਕੀ ਆਇਸ ਜਾਨਹੁ ਐਸੇ । ਦੂਜੀ ਨਿਸ ਪੁਰ ਰਹੁ ਨਾ ਜੈਸੇ॥੪੨॥***
***ਸੁਨ ਕਰ ਮਨਸੁਖ ਬਚਨ ਬਖਾਨਾ। ਕਲੀਕਾਲ ਅਤਸੈ ਬਲਵਾਨਾ।***
***ਇਸ ਮਹਿ ਐਸੋ ਕੋਇ ਨਾ ਪੂਰਾ। ਤੂੰ ਭਾਖਤ ਜੈਸੇ ਜਸ ਰੂਰਾ॥੪੩॥***

(ਸ੍ਰੀ ਨਾਨਕ ਪ੍ਰਕਾਸ਼ ਪੂਰਬਾਰਧ, ਧਿ: ੨੭)

ਭਾਈ ਭਗੀਰਥ ਪਾਸੋਂ ਪੂਰਨ ਗੁਰੂ ਦੀ ਸਿਫਤ ਸੁਣ ਕੇ ਮਨਸੁਖ ਸ਼ਾਹੂਕਾਰ ਕਹਿੰਦਾ ਹੈ ਕਿ ਜੇ ਗੁਰੂ ਨਾਨਕ ਦੇਵ ਜੀ ਪੂਰਨ ਗੁਰੂ ਹਨ ਤਾਂ ਮੇਰੇ ਘਰ ਵਾਲੀ ਦਾ ਇਕ ਨਵਾਂ ਚੂੜਾ ਬਣਿਆ ਪਿਆ ਹੈ, ਜੋ ਉਸ ਨੇ ਪਹਿਨਿਆ ਨਹੀਂ ਹੈ। ਉਹ ਚੂੜਾ ਆਪਾਂ ਲੈ ਚੱਲਦੇ ਹਾਂ, ਇਸ ਚੂੜੇ ਦੀ ਕੀਮਤ ਵੀ ਮੈਂ ਨਹੀਂ ਲੈਣੀ, ਪਰ ਪੂਰਨ ਗੁਰੂ ਦੇ ਮੈਨੂੰ ਦਰਸ਼ਨ ਜ਼ਰੂਰ ਕਰਾ। ਇਸ ਤਰ੍ਹਾਂ ਭਾਈ ਭਗੀਰਥ ਤੇ ਮਨਸੁਖ ਸ਼ਾਹੂਕਾਰ ਵਿਵਾਹ

ਦਾ ਸਾਰਾ ਸਮਾਨ ਲੈਕੇ ਲਾਹੌਰ ਤੋਂ ਚੱਲੇ ਹਨ। ਰਸਤੇ ਵਿਚ ਆਉਂਦਿਆਂ ਮਨਸੁਖ ਸ਼ਾਹੂਕਾਰ ਭਾਈ ਭਗੀਰਥ ਨੂੰ ਕਹਿੰਦਾ ਹੈ, ਤੂੰ ਪਿੱਛੇ ਰਹੀਂ ਮੈਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੂੰ ਮਸਤਕ ਟੇਕਾਂਗਾ। ਜੇਕਰ ਗੁਰੂ ਜੀ ਨੇ ਬਿਨਾਂ ਦੱਸਿਆਂ ਮੇਰਾ ਨਾਮ ਲੈਕੇ ਮੈਨੂੰ ਬੁਲਾਇਆ ਤਾਂ ਮੈਂ ਸਮਝਾਂਗਾ ਕਿ ਇਹ ਪੂਰਨ ਗੁਰੂ ਹਨ। ਭਾਈ ਭਗੀਰਥ ਜੀ ਕਹਿੰਦਾ ਹੈ ਕਿ ਤੇਰਾ ਨਾਮ ਬਿਨਾਂ ਦੱਸਿਆਂ ਜਾਣਨਾ ਤਾਂ ਗੁਰੂ ਜੀ ਵਾਸਤੇ ਇਕ ਮਾਮੂਲੀ ਗੱਲ ਹੈ। ਇਸ ਤਰ੍ਹਾਂ ਗੱਲਾਂ ਬਾਤਾਂ ਕਰਦਿਆਂ ਚਲੇ ਜਾ ਰਹੇ ਹਨ।

***ਮਨਸੁਖ ਕਹੇ ਲੇ ਮੁਝ ਨਾਮਾ। ਕਰਹਿ ਅਵਾਹਨ ਜੇ ਸੁਖ ਧਾਮਾ।***
***ਦ੍ਰਿੜ ਪ੍ਰਤੀਤ ਤਬ ਉਰ ਮਹਿ ਜਾਗੈ। ਸਤਿ ਜਾਨਹੁ ਮੈ ਇਹ ਦੁਖ ਦਾਗੈ॥੫੬॥***

(ਸ੍ਰੀ ਨਾਨਕ ਪ੍ਰਕਾਸ਼ ਪੂਰਬਾਰਧ, ਧਿ: ੨੭)

ਜਿਸ ਵੇਲੇ ਗੁਰੂ ਜੀ ਪਾਸ ਜਾ ਕੇ ਮਸਤਕ ਟੇਕਿਆ ਅਤੇ ਦਰਸ਼ਨ ਕੀਤੇ, ਤਾਂ ਭਾਈ ਮਨਸੁਖ ਦਰਸ਼ਨ ਕਰਕੇ ਹੱਥ ਜੋੜ ਪਾਸ ਖਲੋਤਾ ਹੈ। ਪਿੱਛੋਂ ਭਗੀਰਥ ਨੇ ਆ ਮਸਤਕ ਟੇਕਿਆ ਤਾਂ ਉਸੇ ਵੇਲੇ ਗੁਰਦੇਵ ਨੇ ਬਚਨ ਕਹੇ। ਆਉ ਭਾਈ ਭਗੀਰਥ ਪਰਉਪਕਾਰੀ। ਚੰਦਨ ਜੈਸਾ ਤੇਰਾ ਜੀਵਨ ਹੈ, ਪਹਿਲਾਂ ਤਾਂ ਮਨਸੁਖ ਨਾਮ ਕੱਚਾ ਹੀ ਸੀ। ਹੁਣ ਤੂੰ ਸੱਚਾ ਕਰਨ ਵਾਸਤੇ ਲੈ ਕੇ ਆਇਆ ਹੈਂ।

***ਅਬਿਲੋਕਤ ਭਏ ਉਤਪਾਲ ਲੋਚਨ। ਬਚਨ ਉਚਾਰੇ ਭ੍ਰਮਹਿ ਬਿਮੋਚਨ।***
***ਆਉ ਭਗੀਰਥ ਪਰਉਪਕਾਰੀ। ਮਨ ਮਲਿਆਗਰ ਰੀਤ ਬਿਚਾਰੀ॥੫੮॥***
***ਪੂਰਬ ਥੋ ਮਨਸੁਖ ਇਹ ਕਾਚਾ। ਕੀਉ ਨਾਮ ਚਾਹਤ ਅਬਿਸਾਚਾ।***
***ਜਾਤੇ ਆਨਿਉ ਆਪਨੇ ਸੰਗਾ। ਧੰਨ ਸੰਤ ਮਤ ਕੀਟੀ ਭ੍ਰਿੰਗਾ॥੫੯॥***

(ਸ੍ਰੀ ਨਾਨਕ ਪ੍ਰਕਾਸ਼ ਪੂਰਬਾਰਧ, ਧਿ: ੨੭)

ਬਸ ਜਿਸ ਵੇਲੇ ਹਜ਼ੂਰ ਨੇ ਕਿਹਾ "ਪੂਰਬ ਥੋ ਮਨਸੁਖ ਇਹ ਕਾਚਾ॥ ਕੀਉ ਨਾਮ ਚਾਹਤ ਅਬਿਸਾਚਾ।" ਇਹ ਬਚਨ ਸੁਣਦਿਆਂ ਸਾਰ ਗੁਰਦੇਵ ਦੇ ਚਰਨਾਂ 'ਤੇ ਢਹਿ ਪਿਆ ਮਨਸੁਖ ਸ਼ਾਹੂਕਾਰ। ਮੁਖ ਤੋਂ ਪੁਕਾਰ ਉਠਿਆ ਕਿ ਸੱਚ ਮੁਚ ਹੀ ਪੂਰਨ ਸਰਬ ਕਲਾ ਸਮੱਰਥ ਗੁਰੂ ਜੀ ਹਨ। ਪੂਰਨ ਗੁਰੂ ਜੀ ਨੇ ਕ੍ਰਿਪਾ ਕਰਕੇ ਭਾਈ ਮਨਸੁਖ ਸ਼ਾਹੂਕਾਰ ਨੂੰ ਨਦਰੀ ਨਦਰ ਨਿਹਾਲ ਕਰ ਦਿੱਤਾ। ਇਸ ਮਨਸੁਖ ਸ਼ਾਹੂਕਾਰ ਨੇ ਸੰਗਲਾਦੀਪ ਦੇ ਰਾਜੇ ਸ਼ਿਵਨਾਭ ਨੂੰ ਪੂਰਨ ਗੁਰੂ ਦੀ ਮਹਿਮਾ ਦੱਸੀ ਸੀ।

## ਸਾਖੀ—ਗ਼ਰੀਬ ਘਾਹੀ ਸਿੱਖ

ਪੂਰਨ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਜੀ ਨੂੰ ਸ਼ਰਧਾ ਨਾਲ ਸਿੱਖ ਸੱਚੇ ਪਾਤਸ਼ਾਹ ਜੀ ਕਹਿ ਕੇ ਸਤਿਕਾਰ ਦਿੰਦੇ ਸਨ। ਬਾਦਸ਼ਾਹ ਜਹਾਂਗੀਰ ਨੂੰ ਇਹ ਗੱਲ ਚੰਗੀ ਨਹੀਂ ਲੱਗਦੀ ਸੀ।

***ਸਭ ਸੰਗਤ ਜਿਸ ਦਰਸਨ ਕੋ ਆਵੈ। ਸਚੇ ਪਾਤਸਾਹ ਕਹਿ ਕੈ ਬੁਲਾਵੈ।***

(ਮਹਿਮਾ ਪ੍ਰਕਾਸ਼)

ਇਕ ਵਾਰ ਆਗਰੇ ਦਾ ਪ੍ਰਸੰਗ ਹੈ, ਗੁਰੂ ਜੀ ਤੇ ਬਾਦਸ਼ਾਹ ਦਾ ਡੇਰਾ ਕੋਲੋਂ ਕੋਲ ਸੀ। ਇਕ ਗ਼ਰੀਬ ਘਾਹੀ ਸਿੱਖ ਨੇ ਭੁਲੇਖੇ ਨਾਲ ਟਕਾ ਰੱਖ ਕੇ ਬਾਦਸ਼ਾਹ ਨੂੰ ਕਿਹਾ, "ਸੱਚੇ ਪਾਤਸ਼ਾਹ ! ਜਮਾਂ ਤੋਂ ਬਚਾਉਣਾ।" ਸੁਣ ਕੇ ਬਾਦਸ਼ਾਹ ਦੀ ਤਸੱਲੀ ਹੋ ਗਈ ਕਿ ਗੁਰੂ ਜੀ ਨੂੰ ਸਿੱਖ ਪਾਤਸ਼ਾਹ ਕਿਉਂ ਆਖਦੇ ਹਨ। ਬਾਦਸ਼ਾਹ ਕਹਿੰਦਾ ਹੈ, "ਸਿੱਖਾ, ਮੈਂ ਜਮਾਂ ਤੋਂ ਨਹੀਂ ਬਚਾ ਸਕਦਾ। ਜਮਾਂ ਤੋਂ ਰੱਖਿਆ ਕਰਨ ਵਾਲੇ ਸੱਚੇ ਪਾਤਸ਼ਾਹ ਦਾ ਡੇਰਾ ਅੱਗੇ ਹੈ। ਮੈਂ ਇਸ ਦੁਨੀਆਂ ਦੇ ਪਦਾਰਥ ਦੇ ਸਕਦਾ ਹਾਂ।" ਇਹ ਸੁਣ ਕੇ ਬੇਪ੍ਰਵਾਹ ਸਿੱਖ ਨੇ ਟਕਾ ਚੁੱਕ ਲਿਆ ਅਤੇ ਗੁਰੂ ਜੀ ਦੇ ਅੱਗੇ ਰੱਖ ਕੇ ਮੱਥਾ ਟੇਕਿਆ। ਹਜ਼ੂਰ ਨੇ ਕਿਹਾ, "ਸਿੱਖਾ, ਨਾਮ ਜਪਿਆ ਕਰ, ਗੁਰੂ ਨਾਨਕ ਤੇਰੀ ਰੱਖਿਆ ਕਰਨਗੇ। ਪੂਰਨ ਗੁਰੂ ਹੀ ਜਮਾਂ ਦੀ ਮਾਰ ਤੋਂ ਮਨੁੱਖ ਨੂੰ ਬਚਾ ਸਕਦਾ ਹੈ।" ਜਮਾਂ ਦਾ ਨਾਮ ਸੁਣ ਕੇ ਬਾਦਸ਼ਾਹ ਜਹਾਂਗੀਰ ਆਪ ਘਬਰਾ ਗਿਆ ਕਿ ਉਥੇ ਇਨ੍ਹਾਂ ਫ਼ੌਜਾਂ ਨੇ ਮੇਰੇ ਨਾਲ ਨਹੀਂ ਜਾਣਾ। ਸੱਚ ਹੈ ਕਿ ਉਥੇ ਸੱਚੇ ਪਾਤਸ਼ਾਹ ਪੂਰਨ ਗੁਰੂ ਹੀ ਮਨੁੱਖ ਦੀ ਸਹਾਇਤਾ ਕਰ ਸਕਦਾ ਹੈ।

**ਸੋਰਠਿ ਮਹਲਾ ੫ ॥ ਗੁਰੁ ਪੂਰਾ ਭੇਟਿਓ ਵਡਭਾਗੀ ਮਨਹਿ ਭਇਆ ਪਰਗਾਸਾ ॥ ਕੋਇ ਨ ਪਹੁਚਨਹਾਰਾ ਦੂਜਾ ਅਪੁਨੇ ਸਾਹਿਬ ਕਾ ਭਰਵਾਸਾ ॥ ੧ ॥ ਅਪੁਨੇ ਸਤਿਗੁਰ ਕੈ ਬਲਿਹਾਰੈ ॥ ਆਗੈ ਸੁਖੁ ਪਾਛੈ ਸੁਖ ਸਹਜਾ ਘਰਿ ਆਨੰਦੁ ਹਮਾਰੈ ॥ ਰਹਾਉ ॥ ਅੰਤਰਜਾਮੀ ਕਰਣੈਹਾਰਾ ਸੋਈ ਖਸਮੁ ਹਮਾਰਾ ॥ ਨਿਰਭਉ ਭਏ ਗੁਰ ਚਰਣੀ ਲਾਗੇ ਇਕ ਰਾਮ ਨਾਮ ਆਧਾਰਾ ॥ ੨ ॥ ਸਫਲ ਦਰਸਨੁ ਅਕਾਲ ਮੂਰਤਿ ਪ੍ਰਭੁ ਹੈ ਭੀ ਹੋਵਨਹਾਰਾ ॥ ਕੰਠਿ ਲਗਾਇ ਅਪੁਨੇ ਜਨ ਰਾਖੇ ਅਪੁਨੀ ਪ੍ਰੀਤਿ ਪਿਆਰਾ ॥ ੩ ॥ ਵਡੀ ਵਡਿਆਈ ਅਚਰਜ ਸੋਭਾ ਕਾਰਜੁ ਆਇਆ ਰਾਸੇ ॥ ਨਾਨਕ ਕਉ ਗੁਰੁ ਪੂਰਾ ਭੇਟਿਓ ਸਗਲੇ ਦੂਖ ਬਿਨਾਸੇ ॥ ੪ ॥ ੫ ॥**

(ਅੰਗ ੬੦੯)

## ਪਦ ਅਰਥ :

ਭੇਟਿਓ-ਮਿਲਿਆ ਹੈ। ਵਡਭਾਗੀ-ਵੱਡੇ ਭਾਗਾਂ ਨਾਲ।

ਮਨਹਿ-ਮਨ ਵਿਚ। ਸਹਜਾ-ਅਡੋਲਤਾ ਵਾਲਾ। ਘਰਿ-ਹਿਰਦੇ ਵਿਚ। ਆਧਾਰਾ-ਆਸਰਾ। ਸਫਲ-ਫਲ ਸਹਿਤ। ਅਕਾਲ ਮੂਰਤਿ-ਮੌਤ ਤੋਂ ਰਹਿਤ ਸਰੂਪ। ਕੰਠਿ-ਗਲ ਨਾਲ। ਆਇਆ ਰਾਸੇ-ਰਾਸ ਆਇਆ, ਸਿਰੇ ਚੜ੍ਹ ਗਿਆ।

## ਅਰਥ :

(ਹੇ ਭਾਈ !) ਮੈਨੂੰ ਪੂਰਨ ਗੁਰੂ ਵੱਡਿਆਂ ਭਾਗਾਂ ਕਰਕੇ ਮਿਲਿਆ ਹੈ (ਅਤੇ ਮੇਰੇ) ਮਨ ਵਿਚ (ਗੁਰੂ

ਗਿਆਨ ਦਾ ਚਾਨਣ) ਹੋ ਗਿਆ ਹੈ। ਮੈਨੂੰ ਆਪਣੇ ਮਾਲਕ ਦਾ ਭਰੋਸਾ ਹੈ, ਕਿ ਉਸ ਦੀ ਬਰਾਬਰੀ ਕੋਈ ਨਹੀਂ ਕਰ ਸਕਦਾ, (ਫਿਰ ਉਸਦੇ ਸੇਵਕ ਨੂੰ ਕੋਈ) ਦੂਜਾ ਦੁੱਖ ਦੇਣ ਲਈ ਉਸ ਦੇ ਨੇੜੇ ਨਹੀਂ ਪਹੁੰਚ ਸਕਦਾ। ੧।

(ਹੇ ਭਾਈ!) ਮੈਂ ਆਪਣੇ (ਸੱਚੇ ਸਤਿਗੁਰੂ) ਤੋਂ ਕੁਰਬਾਨ ਜਾਂਦਾ ਹਾਂ। (ਜਿਸ ਸਤਿਗੁਰੂ ਦੀ ਕਿਰਪਾ ਨਾਲ) ਅੱਗੇ ਪਰਲੋਕ ਵਿਚ ਸੁੱਖ, ਪਿੱਛੇ ਇਸ ਲੋਕ ਵਿਚ (ਭਾਵ ਹਰ ਵੇਲੇ) ਅਡੋਲਤਾ ਵਾਲਾ ਸਾਡੇ ਹਿਰਦੇ ਰੂਪੀ ਘਰ ਵਿਚ ਆਤਮਿਕ ਅਨੰਦ (ਮੰਗਲ) ਬਣਿਆ ਰਹਿੰਦਾ ਹੈ।ਰਹਾਉ।

(ਹੇ ਭਾਈ !) ਜਿਸ ਵਾਹਿਗੁਰੂ ਦਾ ਦਰਸ਼ਨ ਫਲ ਦੇਣ ਵਾਲਾ ਹੈ (ਅਤੇ) ਜਿਸ ਦੀ ਹਸਤੀ ਮੌਤ ਤੋਂ ਰਹਿਤ ਹੈ, (ਉਹ ਪ੍ਰਭੂ) ਹੁਣ ਭੀ ਹੈ, ਪਹਿਲਾਂ ਭੀ ਸੀ ਅਤੇ ਅੱਗੋਂ ਭਾਵ ਸਦੀਵ ਕਾਲ ਲਈ ਵੀ ਹੋਂਦ ਵਾਲਾ ਹੈ। (ਉਹ ਪ੍ਰਭੂ) ਆਪਣੇ ਸੇਵਕਾਂ ਨੂੰ (ਆਪਣੇ) ਗਲ੍ਹ ਨਾਲ ਲੱਗਾ ਕੇ ਰੱਖਦਾ ਹੈ ਅਤੇ ਆਪਣੀ ਪ੍ਰੀਤ ਦਾ ਪਿਆਰਾ ਹੈ। (ਭਾਵ ਪ੍ਰੇਮ ਕਰਨ ਵਾਲਿਆਂ ਦੀ ਸਦਾ ਰੱਖਿਆ ਕਰਦਾ ਹੈ)। ੩।

(ਹੇ ਭਾਈ!) ਉਸ ਗੁਰੂ ਦੀ ਵੱਡੀ ਵਡਿਆਈ (ਅਤੇ) ਅਸਚਰਜ ਸ਼ੋਭਾ ਹੈ, ( ਜਿਸ ਦੀ ਕਿਰਪਾ ਨਾਲ ਜੀਵਨ ਦਾ ਮਨੋਰਥ) ਕੰਮ ਸਿਰੇ ਚੜ੍ਹਿਆ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ ਮੈਨੂੰ (ਭਾਵ ਪੰਚਮ ਪਾਤਸ਼ਾਹ ਨੂੰ) ਪੂਰਾ ਗੁਰੂ ਮਿਲਿਆ ਹੈ, ਜਿਸ ਦੀ ਕਿਰਪਾ ਨਾਲ ਸਾਰੇ ਦੁੱਖ ਦੂਰ ਹੋ ਗਏ ਹਨ। ੪। ੫।

## ਵਿਆਖਿਆ ਤੇ ਸਾਰੰਸ਼ :

ਪੂਰਨ ਗੁਰੂ ਦੇ ਮਿਲਾਪ ਦੁਆਰਾ ਹੀ ਜੀਵ ਨੂੰ ਜੀਵਨ-ਜੁਗਤੀ ਮਿਲਦੀ ਹੈ, ਜਿਸ ਜੁਗਤੀ ਦੁਆਰਾ ਮਨੁੱਖ ਆਪਣਾ ਜੀਵਨ ਸਫਲਾ ਕਰ ਲੈਂਦਾ ਹੈ।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੫੩ (ਅੰਗ ੬੧੧)

ਸੋਰਠਿ ਮਹਲਾ ੫ ਘਰੁ ੨ ਚਉਪਦੇ ੴ ਸਤਿਗੁਰ ਪ੍ਰਸਾਦਿ ॥

ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ ॥ ਸੁਣਿ ਮੀਤਾ ਜੀਉ ਹਮਾਰਾ ਬਲਿ ਬਲਿ ਜਾਸੀ ਹਰਿ ਦਰਸਨੁ ਦੇਹੁ ਦਿਖਾਈ ॥ ੧ ॥ ਸੁਣਿ ਮੀਤਾ ਧੂਰੀ ਕਉ ਬਲਿ ਜਾਈ ॥ ਇਹੁ ਮਨੁ ਤੇਰਾ ਭਾਈ ॥ ਰਹਾਉ ॥ ਪਾਵ ਮਲੋਵਾ ਮਲਿ ਮਲਿ ਧੋਵਾ ਇਹੁ ਮਨੁ ਤੈ ਕੂ ਦੇਸਾ ॥ ਸੁਣਿ ਮੀਤਾ ਹਉ ਤੇਰੀ ਸਰਣਾਈ ਆਇਆ ਪ੍ਰਭ ਮਿਲਉ ਦੇਹੁ ਉਪਦੇਸਾ ॥ ੨ ॥ ਮਾਨੁ ਨ ਕੀਜੈ ਸਰਣਿ ਪਰੀਜੈ ਕਰੈ ਸੁ ਭਲਾ ਮਨਾਈਐ ॥ ਸੁਣਿ ਮੀਤਾ ਜੀਉ ਪਿੰਡੁ ਸਭੁ ਤਨੁ ਅਰਪੀਜੈ ਇਉ ਦਰਸਨੁ ਹਰਿ ਜੀਉ ਪਾਈਐ ॥ ੩ ॥ ਭਇਓ ਅਨੁਗ੍ਰਹੁ ਪ੍ਰਸਾਦਿ ਸੰਤਨ ਕੈ ਹਰਿ ਨਾਮਾ ਹੈ ਮੀਠਾ ॥ ਜਨ ਨਾਨਕ ਕਉ ਗੁਰਿ ਕਿਰਪਾ ਧਾਰੀ ਸਭੁ ਅਕੁਲ ਨਿਰੰਜਨੁ ਡੀਠਾ ॥ ੪ ॥ ੧ ॥ ੧੨ ॥

# ਪ੍ਰਾਕ੍ਰਥਨ :-

ਇਹ ਪਾਵਨ ਸ਼ਬਦ ਪੰਚਮ ਗੁਰਦੇਵ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸੋਰਠਿ ਰਾਗਨੀ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਦੀ ਪਹਿਲੀ ਪੰਗਤੀ ਹੈ "ਏਕ ਪਿਤਾ ਏਕਸੁ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ॥" ਇਸ ਸ਼ਬਦ ਦਾ ਪ੍ਰਾਰੰਭਤਾ ਦਾ ਵਿਸ਼ਾ ਹੈ-ਏਕ ਪਿਤਾ ਏਕਸ ਕੇ ਹਮ ਬਾਰਿਕ। ਵਿਸਥਾਰ ਸਹਿਤ ਪੜ੍ਹੋ ਦਾਸ ਦੀ ਲਿਖੀ ਪੁਸਤਕ, ਗੁਰਵਾਕ ਵਿਸ਼ਾ ਪ੍ਰਬੋਧ, ਪੰਨਾ ੮੬ ਅੰਦਰ।

## ਵਿਸ਼ਾ—ਸਭਨਾ ਕਾ ਮਾਂ ਪਿਉ ਆਪਿ ਹੈ

ਉਸ ਸਰਬ ਸ਼ਕਤੀਮਾਨ ਅਕਾਲ ਪੁਰਖ ਵਾਹਿਗੁਰੂ ਜੀ ਨੇ ਇਹ ਸਾਰੀ ਸੰਸਾਰਿਕ ਰਚਨਾ ਆਪ ਰਚੀ ਹੈ।

***ਸਗਲੀ ਬਣਤ ਬਣਾਈ ਆਪੇ॥ ਆਪੇ ਕਰੇ ਕਰਾਏ ਥਾਪੇ॥***
***ਇਕਸੁ ਤੇ ਹੋਇਓ ਅਨੰਤਾ ਨਾਨਕ ਏਕਸੁ ਮਾਹਿ ਸਮਾਏ ਜੀਉ॥***

(ਅੰਗ ੧੩੧)

ਸਾਰੀ ਸ੍ਰਿਸ਼ਟੀ ਦਾ ਰਚਨਹਾਰ ਓਹ ਅਕਾਲ ਪੁਰਖ ਵਾਹਿਗੁਰੂ ਜੀ ਹੀ ਸਾਰਿਆਂ ਦਾ "ਮਾਤਾ ਪਿਤਾ ਹੈ" ਗੁਰਦੇਵ ਦਾ ਫ਼ੁਰਮਾਨ ਹੈ-

"ਸਭਨਾ ਕਾ ਮਾ ਪਿਉ ਆਪਿ ਹੈ"

ਕਿਉਂਕਿ ਪਰਮਾਤਮਾ ਦੀ ਇੱਛਾ ਤੋਂ ਬਿਨਾਂ ਮਨੁੱਖਾ ਜੀਵਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਇਹ ਜੋ ਮਨੁਖਾ ਸਰੀਰ ਹੈ ਬੇਸ਼ਕ ਮਾਤਾ-ਪਿਤਾ ਦੇ ਸੰਬੰਧ ਤੋਂ ਮਿਲਿਆ ਹੈ, ਪਰ ਮਿਲਿਆ ਪਰਮਾਤਮਾ ਦੀ ਕਿਰਪਾ ਦੁਆਰਾ ਹੈ। ਫਿਰ ਉਹ ਵਾਹਿਗੁਰੂ ਜੀ ਹੀ ਮਾਤਾ ਪਿਤਾ ਹੈ।

***ਹਰਿ ਜੀ ਮਾਤਾ ਹਰਿ ਜੀ ਪਿਤਾ ਹਰਿ ਜੀਉ ਪ੍ਰਤਿਪਾਲਕ॥***
***ਹਰਿ ਜੀ ਮੇਰੀ ਸਾਰ ਕਰੇ ਹਮ ਹਰਿ ਕੇ ਬਾਲਕ॥***

(ਅੰਗ ੧੧੦੧)

(ਅਥਵਾ)

"ਏਕੁ ਪਿਤਾ ਏਕਸ ਕੇ ਹਮ ਬਾਰਿਕ" ਇਸ ਲਈ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਸੁਖਮਨੀ ਸਾਹਿਬ ਦੀ ਬਾਣੀ ਰਾਹੀਂ ਝੰਜੋੜਦੇ ਹਨ:

***ਰਮਈਆ ਕੇ ਗੁਨ ਚੇਤਿ ਪਰਾਨੀ॥***
***ਕਵਨ ਮੂਲ ਤੇ ਕਵਨ ਦ੍ਰਿਸਟਾਨੀ॥***

*ਜਿਨਿ ਤੂੰ ਸਾਜਿ ਸਵਾਰਿ ਸੀਗਾਰਿਆ॥*
*ਗਰਭ ਅਗਨਿ ਮਹਿ ਜਿਨਹਿ ਉਬਾਰਿਆ॥*
*ਬਾਰ ਬਿਵਸਥਾ ਤੁਝਹਿ ਪਿਆਰੈ ਦੂਧ॥*
*ਭਰਿ ਜੋਬਨ ਭੋਜਨ ਸੁਖ ਸੂਧ॥*
*ਬਿਰਧਿ ਭਇਆ ਊਪਰਿ ਸਾਕ ਸੈਨ॥*
*ਮੁਖਿ ਅਪਿਆਉ ਬੈਠ ਕਉ ਦੈਨ॥*
*ਇਹੁ ਨਿਰਗੁਨੁ ਗੁਨੁ ਕਛੂ ਨ ਬੂਝੈ॥*
*ਬਖਸਿ ਲੇਹੁ ਤਉ ਨਾਨਕ ਸੀਝੈ॥ ੧॥*

(ਗਉੜੀ ਸੁਖਮਨੀ ਮ: ੫, ਅੰਗ ੨੬੬)

ਮਨੁੱਖ ਦਾ ਸਰੀਰ ਪੰਜ ਤੱਤਾਂ ਦਾ ਜੋੜ ਹੈ। ਪਾਣੀ, ਹਵਾ, ਮਿੱਟੀ, ਅਗਨੀ ਤੇ ਆਕਾਸ਼ ਨੇ ਮਿਲ ਕੇ ਇਸ ਸਰੀਰ ਦੀ ਬਣਤਰ ਬਣਾਈ ਹੈ। ਆਤਮਾ ਪਰਮਾਤਮਾ ਦੀ ਅੰਸ਼ ਹੈ। ਗੁਰਵਾਕ ਹੈ:

*ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ॥*

(ਸਲੋਕ ਮਹਲਾ ੯, ਅੰਗ ੧੪੨੭)

ਜਿਵੇਂ ਪਾਣੀ ਦੀਆਂ ਬੂੰਦਾਂ ਸਮੁੰਦਰ ਤੋਂ ਵਿਛੜੀਆਂ ਹਨ, ਇਸੇ ਤਰ੍ਹਾਂ ਆਤਮਾ ਪਰਮਾਤਮਾ ਤੋਂ ਵਿਛੜ ਕੇ ਰੱਬੀ ਹੁਕਮ ਅਨੁਸਾਰ ਸਫਰ 'ਤੇ ਹੈ। ਮਨੁੱਖਾ ਜਨਮ ਦਾ ਮਿਲ ਜਾਣਾ ਇਕ ਪੜਾਅ ਹੈ, ਮੰਜ਼ਿਲ ਨਹੀਂ। ਹਾਂ, ਗੁਰੂ ਮਾਰਗ 'ਤੇ ਚਲਦਿਆਂ ਹੋਇਆਂ ਪੜਾਅ ਤੋਂ ਮੰਜ਼ਿਲ ਤੱਕ ਪਹੁੰਚਣ ਦਾ ਇਕ ਬਹੁਤ ਹੀ ਵੱਡਮੁੱਲਾ ਅਵਸਰ ਹੈ:

*ਭਈ ਪਰਾਪਤਿ ਮਾਨੁਖ ਦੇਹੁਰੀਆ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥*

(ਆਸਾ ਮਹਲਾ ੫, ਅੰਗ ੩੭੮)

ਮਾਪਿਆਂ ਦੀ ਇਕ ਸੀਮਾ ਹੈ। ਪਰਮਾਤਮਾ ਤਾਂ ਉਥੇ ਵੀ ਸਹਾਈ ਹੁੰਦਾ ਹੈ, ਜਿਥੇ ਮਾਪਿਆਂ ਦੀ ਸੋਚ ਅਤੇ ਪਹੁੰਚ ਨਹੀਂ ਹੈ:

*ਜਹ ਮਾਤ ਪਿਤਾ ਸੁਤ ਮੀਤ ਨ ਭਾਈ॥*
*ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥*

(ਗਉੜੀ ਸੁਖਮਨੀ ਮ: ੫, ਅੰਗ ੨੬੪)

ਇਕ ਮਾਤਾ ਪਿਤਾ ਸਾਰਿਆਂ ਦੇ ਮਾਤਾ ਪਿਤਾ ਨਹੀਂ ਹੋ ਸਕਦੇ। ਸਾਰਿਆਂ ਦਾ ਇਕ ਪਿਤਾ ਤਾਂ ਵਾਹਿਗੁਰੂ ਜੀ ਹੈ ਜਾਂ ਫਿਰ ਇਕ ਪਿਤਾ ਸਾਰਿਆਂ ਦਾ ਗੁਰੂ ਹੈ। ਗੁਰੂ ਭੀ ਸੱਚਾ ਮਾਤਾ ਪਿਤਾ ਹੈ ਜੋ ਇਸ ਅਮੋਲਕ ਮਨੁੱਖਾ ਜਨਮ ਦੀ ਸਫਲਤਾ ਵਾਸਤੇ ਸਰਬ ਸ਼ਕਤੀਮਾਨ ਪਰੀਪੂਰਨ ਪ੍ਰਮਾਤਮਾ ਰੂਪ "ਪਿਤਾ" ਦੀ ਸਮਝ ਬਖ਼ਸ਼ਦਾ ਹੈ:

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥***
***ਅਵਰਿ ਕਾਜ ਤੇਰੈ ਕਿਤੈ ਨ ਕਾਮ॥***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥***

(ਅੰਗ ੩੭੮)

ਸੰਗਤ ਵਿਚ ਮਿਲ ਕੇ ਵਾਹਿਗੁਰੂ ਜੀ ਦਾ ਸਿਮਰਨ ਕਰਕੇ, ਜੀਵਨ ਨੂੰ ਸਫਲਾ ਕਰਨ ਦਾ ਸਿਧਾਂਤ ਬਖ਼ਸ਼ਣ ਵਾਲੇ, ਤੇ ਮਾਤਾ ਪਿਤਾ ਦੀ ਪੁੱਤਰ ਪ੍ਰਤੀ ਮਮਤਾ, ਅਤੇ ਬਚਪਨ ਵਿਚ ਪੁੱਤਰ ਦੀ ਮਾਤਾ ਪਿਤਾ ਵਲੋਂ ਸਾਂਭ ਸੰਭਾਲ ਰੂਪ ਵੱਡੀ ਘਾਲਣਾ ਦਾ ਇਸ ਪੁੱਤਰ ਨੂੰ ਅਹਿਸਾਸ ਕਰਾਉਣ ਵਾਲੇ ਤੇ ਪੁੱਤਰ ਨੂੰ ਮਾਤਾ ਪਿਤਾ ਦੀ ਸੇਵਾ ਕਰਨ ਰੂਪ ਆਪਣਾ ਫਰਜ਼ ਸੰਭਾਲਣ ਦੀ ਸਿੱਖਿਆ ਦੇਣ ਵਾਲੇ "ਗੁਰੂ ਰੂਪ ਪਿਤਾ" ਜੀ ਵੀ ਸਾਡੇ ਸੱਚੇ ਮਾਤਾ ਪਿਤਾ ਹਨ। "ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ॥" ਧੰਨ ਗੁਰੂ ਨਾਨਕ ਦੇਵ ਜੀ ਨੇ ਨਾਵੇਂ ਸਰੂਪ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਤੱਕ ਚਰਨ ਪਾਹੁਲ ਤੇ ਗੁਰੂ ਦੀਖਿਆ ਬਖ਼ਸ਼ ਕੇ ਜਗਿਆਸੂ ਨੂੰ ਸਿੱਖੀ ਦੀ ਬਖ਼ਸ਼ਿਸ਼ ਕੀਤੀ। ਦਸਮ ਸਰੂਪ ਅੰਦਰ ਆਪ ਜੀ ਨੇ ਇਸ ਸਿਧਾਂਤ ਨੂੰ ਪੂਰਨ ਰੂਪ ਵਿਚ ਉਜਾਗਰ ਕਰਿ ਵਿਖਾਇਆ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਜੀ (ਸ੍ਰੀ ਅਨੰਦਪੁਰ ਸਾਹਿਬ ਜੀ) ਵਿਖੇ ਖ਼ਾਲਸਾ ਪੰਥ ਦੀ ਸਾਜਨਾ ਕਰਕੇ ਕਿਹਾ, ਕਿ ਅੱਜ ਤੋਂ ਤੁਹਾਡਾ ਨਵਾਂ ਜਨਮ ਹੋਇਆ ਹੈ। ਖ਼ਾਲਸੇ ਦਾ ਜਨਮ ਅਸਥਾਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਜੀ, ਖ਼ਾਲਸਾ ਵਾਸੀ ਅਨੰਦਪੁਰ ਸਾਹਿਬ ਦਾ ਅਤੇ ਖਾਲਸੇ ਦੇ ਨਾਨਕੇ ਗੁਰੂ ਕੇ ਲਾਹੌਰ। ਅੱਜ ਤੋਂ ਖਾਲਸੇ ਦਾ ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਅਤੇ ਮਾਤਾ ਸਾਹਿਬ ਦੇਵਾਂ ਕੌਰ ਜੀ ਹਨ। ਇਸ ਲਈ ਸੱਚੇ ਸੁੱਚੇ ਤੇ ਸਰਬ ਕਲਾ ਸਮਰੱਥ ਗੁਰੂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਡੇ ਸਾਰਿਆਂ ਦੇ ਪਿਤਾ ਹਨ। ਇਹ ਸਾਰਾ ਪ੍ਰਸੰਗ ਖ਼ਾਲਸਾ ਪੰਥ ਸਾਜਨ ਦਾ ਇਸ ਪ੍ਰਕਾਰ ਹੈ:

## ਖ਼ਲਾਸਾ ਪੰਥ ਦੀ ਸਾਜਨਾ

***ਤਬ ਸਹਿਜੇ ਰਚਿਓ ਖ਼ਾਲਸਾ ਸਾਬਤ ਮਰਦਾਨਾ।***

ਪ੍ਰਾਚੀਨ ਪੰਥ ਪ੍ਰਕਾਸ਼ ਦੇ ਅਨੁਸਾਰ ਗੁਰੂ ਜੀ ਨੇ ਸੋਚਿਆ ਕਿ ਜੇ ਨਿਰੋਲ ਰਾਜਪੂਤਾਂ 'ਤੇ ਬਖ਼ਸ਼ਿਸ਼ ਕੀਤੀ ਤਾਂ ਉਹ ਤਾਂ ਪਹਿਲਾਂ ਹੀ ਰਾਜਪੂਤ ਹਨ। ਬੇਗਾਨੇ ਪੁੱਤ ਦਾ ਮੂੰਹ ਚੁੰਮਣ ਨਾਲੋਂ ਤਾਂ ਨਿਤਾਣਿਆਂ ਨੂੰ ਪਿਆਰ ਦੇਣਾ ਹੀ ਸੋਭਦਾ ਹੈ:

***ਫਿਰ ਸਤਿਗੁਰ ਚਿਤ ਸੋਝੀ ਆਈ। ਇਹ (ਰਾਜਪੂਤ) ਕਬ ਸਿਖ ਬਨੈ ਹਮ ਆਈ।***
***ਮੁਖ ਤਿਨੇ ਅੰਮ੍ਰਿਤ ਇਨ ਕਿਮ ਦਯੈ। ਕਿਮ ਪੁਤ ਬਿਗਾਨੇ ਮੁਖ ਚੁਮ ਚੁਮਯੈ।***
***ਉਇ ਰਾਜਪੂਤ ਸਦਾਵੈ ਆਪ ਸਿਪਾਹੀ। ਉਇ ਕਹੈਂ ਕਦੌਂ ਗੁਰ ਦਈ ਪਾਤਸ਼ਾਹੀ?***
***ਅਬ ਦਈ ਪਾਤਸ਼ਾਹੀ ਗਰੀਬਨ ਉਠਾਇ। ਵਹੈ ਜਾਨੈ ਗੁਰ ਦਈ ਹਮਾਰੈ।***

(ਰਤਨ ਸਿੰਘ ਭੰਗੂ)

ਬੰਸਾਵਲੀ ਨਾਮੇ ਦੇ ਕਥਨ ਅਨੁਸਾਰ :

***ਸੰਮਤ ਸਤਾਰਾਂ ਸੈ ਪੰਚਾਸ ਹੋਇਆ।***
***ਪੰਥ ਜੁਦਾ ਕਰਨ ਦਾ ਉਪਾਉ ਸਾਹਿਬ ਮਨ ਹੋਇਆ।***
***ਪਹਿਲੇ ਮੁਣਿਆਦ ਪੰਥ ਦੀ ਇਹ ਰੱਖੀ।***
***ਭੱਦਨ ਨਹੀਂ ਕਰਨਾ ਇਹ ਠਹਿਰੀ ਜੇ ਪੱਕੀ।***

ਅਤੇ ਸੈਨਾਪਤੀ ਜੀ ਨੇ ਕਲਗੀਧਰ ਗੁਰੂ ਗੋਬਿੰਦ ਸਿੰਘ ਜੀ ਤੇ ਖ਼ਾਲਸੇ ਦੀ ਸਿਫ਼ਤ ਕਰਦਿਆਂ ਗੁਰੂ ਸੋਭਾ ਵਿਚ ਠੀਕ ਲਿਖਿਆ ਹੈ ਕਿ :

***ਕਲ ਮੈਂ ਕਰਨਹਾਰ ਨਿਰੰਕਾਰ ਕਲਾਧਾਰ,***
***ਜਗਤ ਕੇ ਉਧਾਰਬੇ ਗੋਬਿੰਦ ਆਯੋ ਹੈ।***
***ਅਸੁਰ ਸਿੰਘਾਰਬੇ ਕੌ ਦੁਰਜਨ ਕੇ ਮਾਰਬੇ ਕੌ,***
***ਸੰਕਟ ਨਿਵਾਰਬੇ ਕੌ ਖ਼ਾਲਸਾ ਬਨਾਯੋ ਹੈ।***

੧੬੯੯ ਦੀ ਵਿਸਾਖੀ ਨੂੰ ਕੇਸਗੜ੍ਹ ਦੀ ਪਵਿੱਤਰ ਧਰਤੀ 'ਤੇ ਦੀਵਾਨ ਸਜਿਆ ਹੋਇਆ ਸੀ। ਅੱਸੀ ਹਜ਼ਾਰ ਦੇ ਲੱਗਭੱਗ ਸੰਗਤਾਂ ਸੱਜੀਆਂ ਬੈਠੀਆਂ ਸਨ। ਸਟੇਜ ਦੇ ਪਿਛਲੇ ਪਾਸੇ ਸੁੰਦਰ ਤੰਬੂ ਲੱਗੇ ਹੋਏ ਸਨ। ਓਸੇ ਪਾਸਿਉਂ ਗੁਰੂ ਮਹਾਰਾਜ ਆਏ ਤੇ ਤੰਬੂ ਦਾ ਪਰਦਾ ਹਿੱਲਿਆ। ਗੁਰੂ ਗੋਬਿੰਦ ਸਿੰਘ ਮਹਾਰਾਜ ਸਟੇਜ ਉੱਤੇ ਆ ਖਲੋਤੇ। ਹਜ਼ੂਰ ਦੇ ਸੀਸ 'ਤੇ ਸੁਨਹਿਰੀ ਚੱਕਰ, ਮੱਥੇ ਉੱਤੇ ਹੀਰਿਆਂ ਨਾਲ ਜੜੀ ਕਲਗੀ, ਨੇਤਰ ਬੀਰ ਰਸ ਵਿਚ ਸੁਰਖ਼, ਚਿਹਰਾ ਕੁਛ ਰੋਹ ਵਿਚ ਤਣਿਆ ਹੋਇਆ ਤੇ ਸੱਜੇ ਹੱਥ ਵਿਚ ਬਿਜਲੀ ਵਾਂਗ ਚਮਕਦੀ ਨੰਗੀ ਤਲਵਾਰ ਸੀ।

ਕੁਝ ਦੇਰ ਗੁਰਦੇਵ ਚੁੱਪ-ਚਾਪ ਸੰਗਤਾਂ ਵੱਲ ਵੇਖਦੇ ਰਹੇ। ਸੱਜੇ ਹੱਥ ਵਿਚ ਸੂਤੀ ਹੋਈ ਤਲਵਾਰ ਲਹਿਰਾ ਰਹੀ ਸੀ। ਉਸ ਵੇਲੇ ਹਜ਼ੂਰ ਦਾ ਸਰੀਰ ਜ਼ਰਾ ਕੁ ਬੀਰ ਰਸ ਵਿਚ ਸੀ ਤੇ ਮੁੱਖੋਂ ਅਵਾਜ਼ ਗਰਜਵੀਂ ਆਈ, ''ਸੰਗਤ ਜੀ ! ਸਾਨੂੰ ਇਕ ਸਿਰ ਦੀ ਲੋੜ ਹੈ। ਉਠੋ ਕੋਈ ਗੁਰੂ ਦਾ ਸਿੱਖ, ਜਿਹੜਾ ਖ਼ੁਸ਼ੀ ਨਾਲ ਸੀਸ ਭੇਟ ਕਰੇ।''

"ਸੀਸ ਭੇਟ ?" ਇਹ ਅਨੋਖੀ ਮੰਗ ਸੁਣ ਕੇ ਸੰਗਤਾਂ ਹੈਰਾਨ ਰਹਿ ਗਈਆਂ। ਦੋ ਮਿੰਟ ਬੀਤ ਗਏ ਪਰ ਸੰਗਤ ਵਿਚੋਂ ਕੋਈ ਜਵਾਬ ਨਾ ਆਇਆ।

"ਏਨੀ ਦੇਰ ?" ਗੁਰਦੇਵ ਨੇ ਪਹਿਲਾਂ ਨਾਲੋਂ ਵੀ ਉੱਚੀ ਸੁਰ ਵਿਚ ਕਿਹਾ, "ਕੋਈ ਉਠੋ, ਜਿਹੜਾ ਸਿਰ ਦੇਣ ਲਈ ਤਿਆਰ ਹੋਵੇ।" ਇਕ ਸਿੱਖ ਉਠਿਆ "ਸੱਚੇ ਪਾਤਸ਼ਾਹ !" ਭਾਈ ਦਇਆ ਰਾਮ ਨੇ ਹੱਥ ਜੋੜ ਕੇ ਕਿਹਾ। "ਭੁੱਲ ਹੋ ਗਈ, ਪਹਿਲੇ ਹੁਕਮ ਨਾਲ ਉਠਿਆ ਨਹੀਂ। ਸੀਸ ਹਾਜ਼ਰ ਹੈ।" ਸਿਰ ਝੁਕਾ ਕੇ ਉਹ ਗੁਰਦੇਵ ਵੱਲ ਵੱਧ ਤੁਰਿਆ।

ਗੁਰਦੇਵ ਉਸ ਨੂੰ ਬਾਹੋਂ ਫੜ ਕੇ ਤੰਬੂ ਵਿਚ ਲੈ ਗਏ। ਹਜ਼ੂਰ ਨੇ ਭਾਈ ਦਇਆ ਰਾਮ ਦਾ ਸਿਰ ਕਲਮ ਕੀਤਾ। ਲਹੂ ਨਾਲ ਲਿੱਬੜੀ ਤਲਵਾਰ ਲੈ ਕੇ ਦੂਸਰੇ ਸਿਰ ਦੀ ਮੰਗ ਕੀਤੀ। ਦੂਸਰਾ ਸੁਣ ਕੇ ਭਾਈ ਧਰਮ ਚੰਦ ਉਠਿਆ। ਉਸ ਨੇ ਹੱਥ ਜੋੜ ਕੇ ਸਾਹਮਣੇ ਆ ਸੀਸ ਝੁਕਾਇਆ। "ਗੁਰਦੇਵ ! ਸਿਰ ਅਰਪਨ ਕਰਨ ਵਿਚ ਦੇਰ ਹੋ ਗਈ, ਖਿਮਾ ਕਰਨੀ। ਸਿਰ ਹਾਜ਼ਰ ਹੈ।" ਗੁਰਦੇਵ ਧਰਮ ਚੰਦ ਨੂੰ ਬਾਹੋਂ ਫੜ ਕੇ ਤੰਬੂ ਵਿਚ ਲੈ ਗਏ।

ਪਹਿਲਾਂ ਵਾਂਗ ਭਾਈ ਧਰਮ ਚੰਦ ਦਾ ਵੀ ਸਿਰ ਕਲਮ ਕੀਤਾ।

ਬਹੁਤ ਸਾਰੇ ਲੋਕ ਦੀਵਾਨ ਵਿਚੋਂ ਉੱਠ ਨੱਸੇ। ਗੁਰਦੇਵ ਦੇ ਆਉਂਦਿਆਂ ਤੱਕ ਕਾਫ਼ੀ ਸਾਰਾ ਪੰਡਾਲ ਵਿਹਲਾ ਹੋ ਗਿਆ।

ਗੁਰਦੇਵ ਨੇ ਤੀਸਰੀ ਵਾਰ ਸਟੇਜ 'ਤੇ ਆ ਕੇ ਕਿਹਾ, "ਇਕ ਸਿਰ ਹੋਰ ਚਾਹੀਦਾ ਹੈ। ਆਓ, ਕੋਈ ਸਿਦਕੀ ਸਿੱਖ।"

ਕੁਝ ਪਲਾਂ ਦੀ ਉਡੀਕ ਪਿਛੋਂ ਭਾਈ ਹਿੰਮਤ ਰਾਇ ਉਠ ਕੇ ਆ ਹਾਜ਼ਰ ਹੋਇਆ। ਓਸੇ ਤਰ੍ਹਾਂ ਗੁਰਦੇਵ ਉਸਨੂੰ ਵੀ ਅੰਦਰ ਲੈ ਗਏ। ਤੀਜਾ ਸਿਰ ਕਲਮ ਕੀਤਾ।

ਹੁਣ ਤਾਂ ਸੰਗਤਾਂ ਵਿਚ ਭਾਜੜ ਪੈ ਗਈ। ਮਸੰਦ ਬਹੁਤ ਹੀ ਘਬਰਾ ਗਏ। ਮਸੰਦ ਰਲ ਕੇ ਮਾਤਾ ਗੁਜਰੀ ਪਾਸ ਜਾ ਰੋਏ। ਉਹਨਾਂ ਆਪਣੀ ਰਾਏ ਪੇਸ਼ ਕੀਤੀ, "ਮਾਤਾ ਜੀ ! ਗੁਰੂ ਮਹਾਰਾਜ ਸਿੱਖਾਂ ਦੇ ਸਿਰ ਕੱਟੀ ਜਾਂਦੇ ਹਨ। ਸਿੱਖੀ ਦਾ ਭਲਾ ਚਾਹੁੰਦੇ ਹੋ, ਤਾਂ ਵੱਡੇ ਪੋਤਰੇ ਨੂੰ ਗੁਰ ਗੱਦੀ 'ਤੇ ਬਿਠਾ ਦਿਉ।"

ਸਾਰੀ ਵਾਰਤਾ ਸੁਣ ਕੇ ਮਾਤਾ ਜੀ ਸੋਚ ਰਹੇ ਸਨ ਕਿ ਗੁਰਦੇਵ ਸਮਰੱਥ ਹਨ, ਉਹ ਜੋ ਕਰਨਗੇ, ਠੀਕ ਹੀ ਕਰਨਗੇ।

ਉਸ ਪਿਛੋਂ ਮੁਹਕਮ ਚੰਦ ਨੇ ਆਪਣਾ ਸੀਸ ਪੇਸ਼ ਕੀਤਾ। ਗੁਰਦੇਵ ਓਸੇ ਤਰ੍ਹਾਂ ਉਹਨਾਂ ਨੂੰ ਵੀ ਤੰਬੂ ਵਿਚ ਲੈ ਗਏ, ਸਿਰ ਕਲਮ ਕੀਤਾ ਫੇਰ ਇਸੇ ਤਰ੍ਹਾਂ ਭਾਈ ਸਾਹਿਬ ਚੰਦ ਜੀ ਦਾ ਸੀਸ ਕਲਮ ਕੀਤਾ। ਪੰਜਾਂ ਦੇ ਸੀਸ ਕਲਮ ਕਰਨ ਉਪਰੰਤ :

***ਮਿਰਤਕ ਕਉ ਪਾਇਓ ਤਨਿ ਸਾਸਾ***

ਦੇ ਮਹਾਂਵਾਕ ਅਨੁਸਾਰ ਪੰਜਾਂ ਨੂੰ ਜੀਉਂਦਾ ਕੀਤਾ।

***ਆਤਮ ਸ਼ਕਤੀ ਜਿਸ ਵਿਚ ਭਰੀ। ਸੂਰਬੀਰਤਾ ਅਰ ਸੰਗ ਜਰੀ।***
***ਇਹ ਅੰਮ੍ਰਿਤ ਮੁਰਦੇ ਜੀਵਾਵੈ। ਤਤ ਦ੍ਰਿਸਟ ਤੇ ਜਾਇ ਪੁਚਾਵੈ॥੫੨॥***

ਇਸ ਸੰਬੰਧ ਵਿਚ ਭਾਈ ਮਹਿੰਦਰ ਸਿੰਘ ਚੁਹਾਣਕੇ ਨੇ ਸੁੰਦਰ ਕਵਿਤਾ ਲਿਖੀ ਹੈ:

***ਸੁਣ ਵੇਖ ਜਲਾਲ ਦਸਮੇਸ਼ ਦਾ, ਉਥੇ ਮੱਚ ਗਈ ਹਾਹਾਕਾਰ।***
***ਸਾਰੇ ਘੁਸਰੋ ਮੁਸਰੀ ਹੋ ਗਏ, ਹੱਥ ਵੇਖ ਨੰਗੀ ਤਲਵਾਰ।***
***ਕੱਚੇ ਪਿਲੇ ਸਾਰੇ ਹਿਲ ਤੁਰੇ, ਬੈਠੇ ਰਹਿਗੇ ਜਿੰਨ੍ਹਾਂ ਨੂੰ ਪਿਆਰ।***

ਪੰਜ ਬਾਣੀਆਂ ਪੜ੍ਹ ਕੇ ਅੰਮ੍ਰਿਤ ਤਿਆਰ ਕੀਤਾ ਤੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਇਆ। ਪੰਜ ਕਕਾਰਾਂ ਦੀ ਰਹਿਤ ਦੱਸੀ। ਕੁਰਹਿਤਾਂ ਤੋਂ ਬਚਣ ਦਾ ਹੁਕਮ ਕੀਤਾ ਤੇ ਪੰਜ ਪਿਆਰੇ ਖ਼ਿਤਾਬ ਬਖ਼ਸ਼ਿਆ।

***ਪਠਯੋ ਪਾਠ ਜਪੁ ਜੀ ਅਰ ਜਾਪ ਜੀ ਆਪ ਸ੍ਵਯੇ ਚੌਪਈ ਅਨੰਦ।***
***ਅੰਮ੍ਰਿਤ ਕੀਯੋ ਤਿਆਰ ਅਮਿਤ ਬਰ ਅਜਰ ਜਰਨ ਜਗ ਮਾਨਦ॥ ੪॥***

(ਸ੍ਰੀ ਗੁਰੂ ਪਦ ਪ੍ਰੇਮ ਪ੍ਰਕਾਸ਼)

***ਬੋਲ ਖਾਲਸਾ ਵਾਹਿਗੁਰੂ ਕਾ ਫਤਹਿ ਵਾਹਿਗੁਰੂ ਜੀ ਕੀ।***
***ਪ੍ਰਥਮ ਪਢਾਏ ਪਲਾਈ ਪਾਹੁਲ ਪਾਂਚ ਬੇਰਹਿਤ ਹੀ ਕੀ॥ ੧੧॥***
***ਫਤੇ ਬੁਲਾਏ ਤਯੋ ਹੀ ਪੁਨ ਕੇਸਨ ਪਾਚ ਚੁਲੇ ਗੁਰ ਪਾਏ॥ ੩੯॥***
***ਨੇਤ੍ਰਨ ਹੂੰ ਮੈ ਪਾਂਚਹਿ ਛੀਟੇ ਫਤੇ ਬੁਲਾਏ ਲਗਾਏ।***
***ਸੰਗਿਯਾ ਸਿੰਘ ਲਗਾਇ ਸਭਨੁ ਕੇ ਨਾਮ ਦੀਯੇ ਪਲਟਾਏ।***

(ਸ੍ਰੀ ਗੁਰੂ ਪਦ ਪ੍ਰੇਮ ਪ੍ਰਕਾਸ਼)

ਪਿਆਰੇ ਦਯਾ ਸਿੰਘ ਜੀ, ਪਿਆਰੇ ਧਰਮ ਸਿੰਘ ਜੀ, ਪਿਆਰੇ ਹਿੰਮਤ ਸਿੰਘ ਜੀ, ਪਿਆਰੇ ਮੋਹਕਮ ਸਿੰਘ ਜੀ, ਪਿਆਰੇ ਸਾਹਿਬ ਸਿੰਘ ਜੀ।

***ਦਯਾ ਸਿੰਘ ਤੂੰ ਧਰਮ ਸਿੰਘ ਤੂੰ ਮੋਹਕਮ ਸਿੰਘ ਸੁਜਾਨਾ।***
***ਸਾਹਿਬ ਸਿੰਘ ਤੂੰ ਹਿੰਮਤ ਸਿੰਘ ਤੂੰ ਪੰਚਹੂ ਪਰਮ ਪ੍ਰਿਆ ਪ੍ਰਾਨਾ।***

ਸੂਰਜ ਪ੍ਰਕਾਸ਼ ਅਨੁਸਾਰ ਹਜ਼ੂਰ ਨੇ ਪੰਜਾਂ ਪਾਸੋਂ ਉਨ੍ਹਾਂ ਦੇ ਪਿੰਡ ਤੇ ਘਰ ਪੁੱਛੇ ਤਾਂ ਉਨ੍ਹਾਂ ਨੇ ਕਿਹਾ:

***ਲਵਪੁਰ ਜਨਮ ਬਸਨ ਕੋ ਧਾਮੂ। ਦਇਆ (ਸਿੰਘ) ਗੁਰੂ ਬਖ਼ਸ਼ਯੋ ਨਾਮੂ॥੩੦॥***
***ਦੂਸਰ ਕਹਯੋ ਹਸਤਨਾਪੁਰ ਕੋ। ਨਾਮ ਧਰਮ (ਸਿੰਘ) ਮੈਂ ਸਿਖ ਗੁਰ ਕੋ।***

*ਤ੍ਰਿਤੀਯੇ ਭਨਤ ਭਯੋ ਪ੍ਰਭ ਪਾਸੀ। ਪੁਰੀ ਦਵਾਰਕਾ ਹੈ ਮਮ ਵਾਸੀ॥ ੩੧॥*
*ਮੋਹਕਮ (ਸਿੰਘ) ਨਾਮ ਹੈ ਮੋਰਾ। ਚਤਰਥ ਸਿਖ ਬੋਲਯੋ ਕਰ ਜੋਰਾ।*
*ਬਿਦਰ ਪੁਰੀ ਵਾਸੀ ਪਹਿਚਾਨੋ। ਸਾਹਿਬ (ਸਿੰਘ) ਨਾਮ ਮਮ ਜਾਨੋ॥ ੩੨॥*
*ਪੰਚਮ ਕਹਿ ਵਾਸੀ ਜਗੰਨਾਥ। ਹਿੰਮਤ (ਸਿੰਘ) ਨਾਮ ਹੈ ਨਾਥ।*

ਮੂਲ-ਮੰਤਰ ਅਤੇ ਗੁਰ ਮੰਤਰ ਦਾ ਜਾਪ ਬਖ਼ਸ਼ਿਆ, ਪੰਜ ਬਾਣੀਆਂ ਦਾ ਨਿਤਨੇਮ ਕਰਨ ਦਾ ਹੁਕਮ ਕੀਤਾ। ਕਲਗੀਧਰ ਨੇ ਆਪ ਅੰਮ੍ਰਿਤ ਛੱਕਿਆ ਜਿਸ ਦਾ ਜ਼ਿਕਰ ਗੁਰ ਬਿਲਾਸ ਪਾਤਸ਼ਾਹੀ ੧੦ ਵਿਚ ਇਸ ਪ੍ਰਕਾਰ ਆਇਆ ਹੈ:

*ਉਤਰ ਸਿੰਘਾਸਨ ਜੁਗ ਕਰ ਜੋਰੀ। ਅੰਮ੍ਰਿਤ ਲੇਤ ਆਪ ਮੁਖ ਗੋਰੀ।*
*ਬੈਸ ਸੂਦਰ ਏ ਜਾਟ ਅਪਾਰਾ। ਤਾਕੋ ਪੰਥ ਨਾਮ ਮੈ ਧਾਰਾ।*
*ਸਭ ਜਗ ਰਾਜ ਤੋਹਿ ਕੋ ਦੀਨਾ। ਪੁਨ ਬਿਧ ਸੋ ਤੁਮ ਕੋ ਗੁਰ ਕੀਨਾ॥ ੫੬॥*
*ਜਾ ਵਿਧਿ ਅੰਮ੍ਰਿਤ ਤੁਮ ਗੁਰ ਪਾਯੋ। ਤੈਸੇ ਮੋਹਿ ਮਿਲਾਯੋ ਭਾਯੋ।*
*ਓਤ ਪੋਤ ਗੁਰ ਸਿਖ ਜਗ ਜਾਨੋ। ਜੈਸੇ ਨੌ ਗੁਰ ਸੰਗ ਮੋ ਮਾਨੋ॥ ੫੭॥*

ਚਾਰੇ ਸਾਹਿਬਜ਼ਾਦਿਆਂ ਨੇ, ਮਾਤਾਵਾਂ ਨੇ ਅਤੇ ਕਈ ਹਜ਼ਾਰ ਹੋਰ ਪ੍ਰਾਣੀਆਂ ਨੇ ਅੰਮ੍ਰਿਤ ਛੱਕਿਆ। ਕਵੀ ਸੰਤੋਖ ਸਿੰਘ ਜੀ ਨੇ ਬੜੀਆਂ ਸੁੰਦਰ ਲਾਈਨਾਂ ਲਿਖੀਆਂ ਹਨ:

*ਵਾਹਿਗੁਰੂ ਜੀ ਕਾ ਭਯੋ ਖਾਲਸਾ ਨੀਕਾ ਅਤਿ,*
*ਵਾਹਿਗੁਰੂ ਜੀ ਕੀ ਮਿਲ ਫਤੇ ਸੁ ਬੁਲਾਈ ਹੈ।*
*ਪੀਰ ਪਾਤਸ਼ਾਹ ਕਰਾਮਾਤੀ ਜੇ ਅਪਰ ਪੰਥ,*
*ਹਿੰਦੂ ਕਿ ਤੁਰਕ ਹੂੰ ਕੀ ਕਾਨ, ਕੋ ਮਿਟਾਈ ਹੈ।*
*ਧਰਮ ਸੰਥਾਪਬੇ ਕੋ ਪਾਪਨ ਕੇ ਖਾਪਬੇ ਕੋ,*
*ਗੁਰੂ ਗੁਰੂ ਜਾਪਬੇ ਕੋ, ਨਈ ਰੀਤ ਯੁ ਚਲਾਈ ਹੈ।*

ਪਰ ਗੁਰੂ ਪ੍ਰਤੀਤ ਅੰਦਰ ਟਿਕਣ ਵਾਲੇ ਸਿੱਖ ਸੇਵਕ ਨੂੰ ਹਮੇਸ਼ਾ ਮਿਹਰ ਪ੍ਰਾਪਤ ਹੁੰਦੀ ਹੈ, ਜਿਸ ਕਰਕੇ ਸੇਵਕ ਨਿਹਾਲ ਅਵੱਸਥਾ ਮਾਣਦਾ ਹੈ:

*ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ॥*
*ਸੇਵਕ ਕਉ ਗੁਰੁ ਸਦਾ ਦਇਆਲ॥*
*ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ॥*
*ਗੁਰ ਬਚਨੀ ਹਰਿ ਨਾਮੁ ਉਚਰੈ॥*

***ਸਤਿਗੁਰੁ ਸਿਖ ਕੇ ਬੰਧਨ ਕਾਟੈ॥***
***ਗੁਰ ਕਾ ਸਿਖੁ ਬਿਕਾਰ ਤੇ ਹਾਟੈ॥***
***ਸਤਿਗੁਰੁ ਸਿਖ ਕਉ ਨਾਮ ਧਨੁ ਦੇਇ॥***
***ਗੁਰ ਕਾ ਸਿਖੁ ਵਡਭਾਗੀ ਹੇ॥***
***ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ॥***
***ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ॥੧॥***

(ਗਉੜੀ ਸੁਖਮਨੀ ਮ: ੫, ਅੰਗ ੨੮੬)

ਰੱਬੀ ਗਿਆਨ ਅਤੇ ਬਖ਼ਸ਼ਿਸ਼ਾਂ ਦੇ ਨਿਧਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਫਰਾ-ਤਫਰੀ ਦੇ ਇਸ ਯੁੱਗ ਅੰਦਰ ਆਪਣੇ ਰੂਹਾਨੀ ਪ੍ਰਕਾਸ਼ ਦੁਆਰਾ ਭੁਲੱਕੜ ਪ੍ਰਾਣੀਆਂ ਨੂੰ ਸ਼ੁਭ ਮਾਰਗ ਦੇ ਪਾਂਧੀ ਬਣਾ ਕੇ ਉਨ੍ਹਾਂ ਦਾ ਲੋਕ-ਪ੍ਰੋਲਕ ਸੰਵਾਰ ਰਹੇ ਹਨ :

***ਭੂਲੇ ਸਿਖ ਗੁਰੂ ਸਮਝਾਏ॥***
***ਉਝੜਿ ਜਾਦੇ ਮਾਰਗਿ ਪਾਏ॥***

(ਮਾਰੂ ਮਹਲਾ ੧, ਅੰਗ ੧੦੩੨)

ਤਥਾ :

***ਭੂਲੇ ਮਾਰਗੁ ਜਿਨਹਿ ਬਤਾਇਆ॥***
***ਐਸਾ ਗੁਰੁ ਵਡਭਾਗੀ ਪਾਇਆ॥***

(ਬਿਲਾਵਲੁ ਮਹਲਾ ੫, ਅੰਗ ੮੦੩)

ਇਕ ਸਿਆਣਾ ਵਕੀਲ ਕਿਸੇ ਗੁਨਾਹਗਾਰ ਨੂੰ ਸਜ਼ਾ ਤੋਂ ਬਚਾਅ ਲੈਂਦਾ ਹੈ ਜੇਕਰ ਉਹ ਅੱਗੇ ਤੋਂ ਗੁਨਾਹਾਂ ਤੋਂ ਤੌਬਾ ਕਰ ਲਵੇ। ਇਸੇ ਤਰ੍ਹਾਂ ਨੇਕ ਅਮਲਾਂ ਦਾ ਪ੍ਰਣ ਕਰਨ ਵਾਲਾ ਮਨੁੱਖ ਗੁਰੂ ਚਰਨਾਂ 'ਚ ਅਰਦਾਸ ਕਰ ਕੇ ਆਪਣੇ ਗੁਨਾਹ ਬਖ਼ਸ਼ਵਾ ਲੈਂਦਾ ਹੈ। ਪਿਤਾ ਵਰਗਾ ਕ੍ਰਿਪਾਲੂ ਸੁਭਾਅ ਹੈ ਗੁਰੂ ਦਾ। ਪਿਤਾ ਦਾ ਹੱਕ ਵੀ ਹੈ ਤੇ ਫ਼ਰਜ਼ ਵੀ ਹੈ ਪੁੱਤਰ ਨੂੰ ਡਾਂਟਣ ਦਾ ਤੇ ਸੁਧਾਰ ਕਰਨ ਦਾ। ਪਿਤਾ ਪਿਆਰ ਦਾ ਮੁਜੱਸਮਾ ਵੀ ਹੈ।

## ਸਾਖੀ—ਜੋਗਾ ਸਿੰਘ ਦੀ

ਭਾਈ ਜੋਗਾ ਸਿੰਘ ਨੂੰ ਹੁਸ਼ਿਆਰਪੁਰ ਤੋਂ ਗੁਰੂ ਪਿਤਾ ਨੇ ਡਾਂਟਿਆ ਵੀ ਤੇ ਹੁਸ਼ਿਆਰੀਆਂ 'ਚੋਂ ਕੱਢਿਆ ਵੀ। ਅਨੰਦਪੁਰ ਦੀ ਸੋਝੀ ਵੀ ਦਿੱਤੀ, ਪਿਆਰ ਨਾਲ ਨਿਹਾਲ ਵੀ ਕੀਤਾ ਤਦ ਹੀ ਕਿਸੇ ਸਿਆਣੇ ਸ਼ਾਇਰ ਨੇ ਕਿਹਾ ਹੈ :

*ਗੁਰੂ ਦੀ ਜੇ ਲੋੜ ਹੋਵੇ ਗੁਰੂ ਭੀ ਅਜਿਹਾ ਹੋਵੇ,*
*ਜੈਸੇ ਦਸਮੇਸ਼ ਮਾਤਾ ਗੁਜਰੀ ਦੇ ਲਾਲ ਜੀ।*
*ਵਾਰ ਪਰਵਾਰ ਚੌਹਾਂ ਬੱਚਿਆਂ ਨੂੰ ਵਾਰ ਦੇਵੇ,*
*ਦੇਸ਼ ਅਤੇ ਕੌਮ ਤੋਂ ਕੁਰਬਾਨ ਵਾਰ ਵਾਰ ਜੀ।*
*ਸਾਰੀ ਰਾਤ ਪਹਿਰਾ ਦੇਵੇ ਆਪ ਚੌਕੀਦਾਰ ਹੋ ਕੇ,*
*ਪਾਪ ਅੱਗ ਵਿਚੋਂ ਲਏ ਸਿਖ ਕੌ ਨਿਕਾਲ ਜੀ।*
*ਅੰਮ੍ਰਿਤ ਦਾ ਸੋਮਾ ਹੋਵੇ, ਤਪਦਿਆਂ ਨੂੰ ਠਾਰ ਦੇਵੇ,*
*ਸੰਤਾਂ ਦਾ ਸਹਾਈ ਹੋਵੇ ਪਿਆਰਿਆਂ ਦੀ ਢਾਲ ਜੀ।*

ਅਥਵਾ :

*ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ॥*
*ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ॥*
*ਹਰਿ ਨਾਮੋ ਮੰਤ੍ਰੁ ਦ੍ਰਿੜਾਇਦਾ ਕਟੇ ਹਉਮੈ ਰੋਗੁ॥*
*ਨਾਨਕ ਸਤਿਗੁਰੁ ਤਿਨਾ ਮਿਲਾਇਆ*
*ਜਿਨਾ ਧੁਰੇ ਪਇਆ ਸੰਜੋਗੁ॥*

(ਰਾਮਕਲੀ ਕੀ ਵਾਰ ਮਹਲਾ ੫, ਅੰਗ ੯੫੭)

ਇਸ ਤੋਂ ਇਲਾਵਾ ਸਤਿਗੁਰੂ ਜੀ ਨੇ ਆਪਣੀ ਕਿਰਪਾ ਦੇ ਖ਼ਜ਼ਾਨੇ ਵਿਚੋਂ ਜੋ ਦੈਵੀ ਕਣੀਆਂ ਬਖ਼ਸ਼ੀਆਂ ਹਨ, ਉਹ ਹੈ ਸਿੱਖਾਂ ਨੂੰ ਵਿਲੱਖਣ ਸਰੂਪ ਤੇ ਸਰਦਾਰੀ ਰੁਤਬਾ। ਸੂਰਤ ਤੇ ਸੀਰਤ, ਹੀਣ ਤੇ ਗ਼ੁਲਾਮੀ ਦੀ ਬਦਸੂਰਤ ਜ਼ਿੰਦਗੀ 'ਚੋਂ ਖਿੱਚ ਕੇ ਖ਼ੂਬਸੂਰਤ ਅਤੇ ਆਜ਼ਾਦ ਗੌਰਵਮਈ ਜੀਵਨ-ਸੰਸਾਰ ਵਿਚ ਪ੍ਰਵੇਸ਼ ਕਰਵਾਇਆ। ਸਮੁੱਚੇ ਹਿੰਦੋਸਤਾਨੀਆਂ ਦੇ ਬੇਗ਼ੈਰਤੇ ਸੁਭਾਅ ਨੂੰ ਬਦਲ ਕੇ ਅਣਖ ਗ਼ੈਰਤ ਦੇ ਸੰਸਕਾਰ ਬਖ਼ਸ਼ੇ। ਜਿਵੇਂ ਕਿਸੇ ਰੋਗੀ ਦੇ ਬਿਮਾਰ ਖ਼ੂਨ ਨੂੰ ਬਦਲ ਕੇ ਨਰੋਆ ਖ਼ੂਨ ਚੜ੍ਹਾ ਦੇਈਏ ਤਾਂ ਉਸ ਨੂੰ ਨਵੀਂ ਤੰਦਰੁਸਤੀ ਦਾ ਅਨੁਭਵ ਹੁੰਦਾ ਹੈ, ਇਵੇਂ ਹੀ ਕਲਗੀਧਰ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਮਹਾਨ ਪਰਉਪਕਾਰਾਂ ਦੁਆਰਾ ਹਿੰਦੋਸਤਾਨ ਦੇ ਮਨੁੱਖ ਨੂੰ ਨਵਾਂ ਜੀਵਨ ਦਾਨ ਬਖ਼ਸ਼ਿਆ। ਸਤਿਗੁਰੂ ਜੀ ਦੇ ਅਹਿਸਾਨਾਂ ਅਤੇ ਪਰਉਪਕਾਰਾਂ ਨੂੰ ਪ੍ਰਸਿੱਧ ਸ਼ਾਇਰ ਜੋਗੀ ਅੱਲਾ ਯਾਰ ਖ਼ਾਂ ਨੇ ਕੈਸਾ ਖ਼ੂਬ ਚਿਤਰਿਆ ਹੈ :

*ਕਰਤਾਰ ਕੀ ਸੁਗੰਧ ਹੈ ਨਾਨਕ ਕੀ ਕਸਮ ਹੈ।*
*ਜਿਤਨੀ ਭੀ ਹੋ ਗੋਬਿੰਦ ਕੀ ਤਾਰੀਫ਼ ਵਹੁ ਕਮ ਹੈ।*
*ਹਰ ਚੰਦ ਮੇਰੇ ਹਾਥ ਮੇਂ ਪੁਰਜ਼ੋਰ ਕਲਮ ਹੈ।*
*ਸਤਿਗੁਰੂ ਕੇ ਲਿਖੂੰ ਵਸਫ਼ ਕਹਾਂ ਤਾਬਿ ਰਕਮ ਹੈ।*

***ਇਕ ਆਂਖ ਸੇ ਕਿਆ ਬੁਲਬੁਲਾ ਕੁਲ ਵਹਿਰ ਕੋ ਦੇਖੇ।***
***ਸਾਹਿਲ ਕੋ ਮੰਝਧਾਰ ਕੋ ਜਾਂ ਲਹਿਰ ਕੋ ਦੇਖੇ।***

ਸੰਪ੍ਰਦਾਈ ਵਿਦਵਾਨ ਮਹਾਂਪੁਰਖਾਂ ਦੇ ਕਥਨ ਅਨੁਸਾਰ ਇਸ ਸ਼ਬਦ ਦੀ ਉਥਾਨਕਾ ਇਸ ਪ੍ਰਕਾਰ ਹੈ : ਗੁਰ ਇਤਿਹਾਸ ਅੰਦਰ ਜ਼ਿਕਰ ਆਉਂਦਾ ਹੈ ਕਿ ਸ੍ਰੀ ਗੁਰੂ ਰਾਮਦਾਸ ਜੀ ਦੇ ਤਿੰਨ ਸਾਹਿਬਜ਼ਾਦੇ ਸਨ। ਵੱਡੇ ਬਾਬਾ ਪ੍ਰਿਥੀ ਚੰਦ ਜੀ, ਇਹਨਾਂ ਤੋਂ ਛੋਟੇ ਬਾਬਾ ਮਹਾਦੇਵ ਜੀ ਅਤੇ ਉਮਰ ਵਿਚ ਸਭ ਤੋਂ ਛੋਟੇ ਸ੍ਰੀ ਗੁਰੂ ਅਰਜਨ ਦੇਵ ਜੀ ਸਨ। ਪ੍ਰਿਥੀ ਚੰਦ ਦੀ ਸੰਗਤ ਹੋਣ ਕਰਕੇ ਬਾਬਾ ਮਹਾਦੇਵ ਜੀ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਪਹਿਲਾਂ ਦੂਰ ਸਨ। ਇਕ ਵਾਰ ਸ੍ਰੀ ਗੁਰੂ ਅਮਰਦਾਸ ਜੀ ਦਾ ਜੋਤੀ ਜੋਤ ਸਮਾਉਣ ਦਾ ਗੁਰਪੁਰਬ ਮਨਾਉਣ ਸ੍ਰੀ ਗੁਰੂ ਅਰਜਨ ਦੇਵ ਜੀ ਗੋਇੰਦਵਾਲ ਗਏ ਸਨ। ਬਾਬਾ ਮਹਾਂਦੇਵ ਜੀ ਵੀ ਇਸ ਸਮੇਂ ਉਥੇ ਗਏ ਹੋਏ ਸਨ। ਇਸ ਪਵਿੱਤਰ ਦਿਹਾੜੇ ਤੇ ਬੇਅੰਤ ਸੰਗਤਾਂ ਇਕੱਠੀਆਂ ਹੋਈਆਂ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕਰਕੇ ਤੇ ਗੁਰ-ਉਪਦੇਸ਼ ਲੈਕੇ ਸੰਗਤਾਂ ਆਪਣਾ ਜੀਵਨ ਸਫਲਾ ਕਰਦੀਆਂ ਨੂੰ ਵੇਖ ਕੇ ਬਾਬਾ ਮਹਾਂਦੇਵ ਜੀ ਦੇ ਮਨ ਵਿਚ ਵੀ ਗੁਰੂ ਅਰਜਨ ਦੇਵ ਜੀ ਦੇ ਪ੍ਰਤੀ ਸ਼ਰਧਾ ਪੈਦਾ ਹੋ ਆਈ। ਦੋਵੇਂ ਹੱਥ ਜੋੜ ਬਾਬਾ ਮਹਾਂਦੇਵ ਜੀ ਨੇ ਬੇਨਤੀ ਕੀਤੀ ਕਿ ਐ ਗੁਰੂ ਅਰਜਨ ਦੇਵ ! ਮੈਂ ਆਪ ਜੀ ਨੂੰ ਹੁਣ ਤੱਕ ਛੋਟਾ ਭਰਾ ਹੀ ਸਮਝਦਾ ਰਿਹਾ ਹਾਂ, ਇਹ ਮੇਰੀ ਗ਼ਲਤੀ ਸੀ। ਤੁਸੀਂ ਤਾਂ ਗੁਰਦੇਵ ਸਰੂਪ ਹੋ, ਮੇਰੇ 'ਤੇ ਕ੍ਰਿਪਾ ਕਰੋ। ਗੁਰੁ ਬਿਲਾਸ ਵਿਚ ਪ੍ਰਸੰਗ ਆਉਂਦਾ ਹੈ, ਕਿ ਗੁਰੂ ਸਾਹਿਬ ਜੀ ਨੇ ਬਾਬਾ ਮਹਾਂ ਦੇਵ ਜੀ ਦੀ ਸ਼ਰਧਾ ਪ੍ਰੇਮ ਦੇਖ ਦੇ ਕਿਹਾ, ਭਰਾਤਾ ਜੀ ! ਤੁਹਾਡਾ ਪੂਰਬਲਾ ਭਾਗ ਜਾਗਿਆ ਹੈ, ਜੋ ਗੁਰਸਿੱਖਾਂ ਦੀ ਸੰਗਤ ਵਿਚ ਆ ਗਏ ਹੋ-

***ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ।***
***ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ॥***

(ਅੰਗ ੨੦੪)

ਹੁਣ ਤੁਹਾਡੀ ਉਮਰ ਪੂਰੀ ਹੋ ਚੁੱਕੀ ਹੈ ਤੇ ਚੰਗਾ ਹੋਇਆ ਸਰੀਰ ਦੇ ਹੁੰਦਿਆਂ ਹੀ ਆਪਣਾ ਮਿਲਾਪ ਹੋ ਗਿਆ, ਨਹੀਂ ਤਾਂ ਸਾਨੂੰ ਭੀ ਖ਼ਿਆਲ ਰਹਿਣਾ ਸੀ, ਕਿ ਇਕ ਭਰਾ ਤਾਂ ਸੰਸਾਰ ਵਿਚੋਂ ਗ਼ੁੱਸੇ ਹੀ ਤੁਰ ਗਿਆ, ਮੈਂ ਉਸ ਨੂੰ ਖ਼ੁਸ਼ ਨਹੀਂ ਕਰ ਸਕਿਆ, ਚਲੋ ਤੁਹਾਡੀ ਤਾਂ ਖ਼ੁਸ਼ੀ ਮਿਲੀ। ਇਹ ਸੁਣ ਕੇ ਮਹਾਂਦੇਵ ਜੀ ਦੀਆਂ ਅੱਖਾਂ ਵਿਚ ਅੱਥਰੂ ਭਰ ਆਏ ਤੇ ਕਹਿਣ ਲੱਗੇ, ਮਹਾਰਾਜ ! ਤੁਹਾਡਾ ਸਾਡੇ ਬੇਮਸਝ ਜੀਵਾਂ ਨਾਲ ਇਤਨਾ ਸਨੇਹ ਪਿਆਰ ਹੈ।

ਮਹਾਰਾਜ ! ਹੁਣ ਕੀ ਹੁਕਮ ਹੈ ? ਤਾਂ ਗੁਰੂ ਜੀ ਕਹਿਣ ਲੱਗੇ ਕਿ ਹੁਕਮ ਤਾਂ ਰੱਬੀ ਹੈ। ਤੁਸੀਂ ਚੱਲਣ ਦੀ ਤਿਆਰੀ ਕਰੋ, ਤੁਹਾਡਾ ਸੰਸਾਰ ਤੋਂ ਜਾਣ ਦਾ ਥੋੜਾ ਸਮਾਂ ਰਹਿੰਦਾ ਹੈ। ਬਾਬਾ ਮਹਾਂਦੇਵ ਜੀ ਨੇ ਸਤਿਗੁਰੂ ਜੀ ਤੋਂ ਪਿਛਲੀਆਂ ਗ਼ਲਤੀਆਂ ਦੀ ਖਿਮਾ ਮੰਗੀ ਅਤੇ ਬੇਨਤੀ ਕੀਤੀ ਕਿ ਗੁਰੂ ਜੀ, ਮੈਂ ਸਾਰੀ ਜ਼ਿੰਦਗੀ ਪ੍ਰਮੇਸ਼ਰ ਦੇ ਦਰਸ਼ਨਾਂ ਤੋਂ ਵਾਂਝਾ ਰਿਹਾ ਹਾਂ। ਹੁਣ ਇਹ ਸਰੀਰ ਸ਼ਾਂਤ ਹੋ ਜਾਏਗਾ ਤੇ ਕੀ ਦਰਸ਼ਨਾਂ ਦੀ ਪਿਆਸ

ਵਿਚੇ ਹੀ ਰਹਿ ਜਾਏਗੀ ? ਮੇਰੀ ਮਦਦ ਕਰੋ ਜੋ ਮੈਂ ਆਪ ਦਰਸ਼ਨ ਨਹੀਂ ਕਰ ਸਕਿਆ ਅਤੇ ਨਾ ਹੀ ਕਰ ਸਕਾਂਗਾ। ਇਹ ਸਭ ਕੁਝ ਤੁਹਾਡੀ ਕ੍ਰਿਪਾ ਨਾਲ ਹੀ ਹੋ ਸਕਦਾ ਹੈ। ਇਸ ਸ਼ਬਦ ਵਿਚ ਗੁਰੂ ਜੀ ਅਤੇ ਬਾਬਾ ਮਹਾਦੇਵ ਜੀ ਦੇ ਪ੍ਰਸ਼ਨ ਉਤਰ ਗੁੰਥਨ ਕੀਤੇ ਹਨ, ਜਿਵੇਂ ਸਿਧ ਗੋਸ਼ਟ ਵਿਚ ਸਿਧਾਂ ਦੇ ਪ੍ਰਸ਼ਨ ਤੇ ਗੁਰੂ ਜੀ ਦੇ ਉੱਤਰ ਹਨ। ਸ਼ਬਦ ਸ਼ੁਰੂ ਕਰਨ ਤੋਂ ਪਹਿਲਾਂ ਮੰਗਲ ਉਚਾਰਦੇ ਹਨ:- "ੴ ਸਤਿਗੁਰ ਪ੍ਰਸਾਦਿ॥ ੧- ਅਦ੍ਵੈਤ ਸਰੂਪ ਬ੍ਰਹਮ, ਓਅੰਕਾਰ- ਸਰਬ ਦਾ ਪ੍ਰਕਾਸ਼ਕ ਉਚਾਰਨੇ ਮਾਤ੍ਰ ਸੇ ਰੱਖਿਆ ਕਰਨ ਵਾਲਾ। ਸਤਿ- ਨਾਸ਼ ਤੋਂ ਰਹਿਤ। ਗੁਰ-ਚੇਤਨ। ਪ੍ਰਸਾਦਿ-ਅਨੰਦ ਸਰੂਪ। ਸਤ ਚੇਤਨ ਅਨੰਦ ਸਰੂਪ ਬ੍ਰਹਮ ਦੀ ਪ੍ਰਾਪਤੀ ਗੁਰੂ ਕਿਰਪਾ ਨਾਲ ਹੁੰਦੀ ਹੈ। ਅੱਗੇ ਮਹਾਂਦੇਵ ਜੀ ਨੂੰ ਅੰਮ੍ਰਿਤ ਬਚਨਾਂ ਵਿਚ ਉਪਦੇਸ਼ ਬਖ਼ਸ਼ਦੇ ਹਨ :

**ਸੋਰਠਿ ਮਹਲਾ ੫ ਘਰੁ ੨ ਚਉਪਦੇ ੴ ਸਤਿਗੁਰ ਪ੍ਰਸਾਦਿ॥**

**ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ॥ ਸੁਣਿ ਮੀਤਾ ਜੀਉ ਹਮਾਰਾ ਬਲਿ ਬਲਿ ਜਾਸੀ ਹਰਿ ਦਰਸਨੁ ਦੇਹੁ ਦਿਖਾਈ॥੧॥ ਸੁਣਿ ਮੀਤਾ ਧੂਰੀ ਕਉ ਬਲਿ ਜਾਈ॥ ਇਹੁ ਮਨੁ ਤੇਰਾ ਭਾਈ॥ ਰਹਾਉ॥ ਪਾਵ ਮਲੋਵਾ ਮਲਿ ਮਲਿ ਧੋਵਾ ਇਹੁ ਮਨੁ ਤੈ ਕੂ ਦੇਸਾ॥ ਸੁਣਿ ਮੀਤਾ ਹਉ ਤੇਰੀ ਸਰਣਾਈ ਆਇਆ ਪ੍ਰਭ ਮਿਲਉ ਦੇਹੁ ਉਪਦੇਸਾ॥੨॥ ਮਾਨੁ ਨ ਕੀਜੈ ਸਰਣਿ ਪਰੀਜੈ ਕਰੈ ਸੁ ਭਲਾ ਮਨਾਈਐ॥ ਸੁਣਿ ਮੀਤਾ ਜੀਉ ਪਿੰਡੁ ਸਭੁ ਤਨੁ ਅਰਪੀਜੈ ਇਉ ਦਰਸਨੁ ਹਰਿ ਜੀਉ ਪਾਈਐ॥੩॥ ਭਇਓ ਅਨੁਗ੍ਰਹੁ ਪ੍ਰਸਾਦਿ ਸੰਤਨ ਕੈ ਹਰਿ ਨਾਮਾ ਹੈ ਮੀਠਾ॥ ਜਨ ਨਾਨਕ ਕਉ ਗੁਰਿ ਕਿਰਪਾ ਧਾਰੀ ਸਭੁ ਅਕੁਲ ਨਿਰੰਜਨੁ ਡੀਠਾ॥੪॥੧॥੧੨॥**

(ਅੰਗ ੬੧੧)

## ਪਦ ਅਰਥ :

ਗੁਰ ਹਾਈ-ਗੁਰੂ ਹੈਂ। ਕਉ-ਤੋਂ। ਜਾਸੀ-ਜਾਏਗਾ। ਬਲਿ ਜਾਈ- ਮੈਂ ਕੁਰਬਾਨ ਜਾਵਾਂ। ਪਾਵ ਮਲੋਵਾ- ਪੈਰ ਮਲਾਂ, ਮਰਦਨ ਕਰਾਂ। ਧੋਵਾ-ਧੋਵਾਂ। ਤੈ ਕੂ-ਤੈਨੂੰ। ਦੇਸਾ-ਦੇਵਾਂਗਾ। ਮਿਲਉ-ਮੈਂ ਮਿਲਾਂ। ਮਾਨੁ-ਹੰਕਾਰ। ਪਰੀਜੈ-ਪੈਣਾ ਚਾਹੀਦਾ ਹੈ। ਇਉ-ਇਸ ਤਰ੍ਹਾਂ। ਅਨਗ੍ਰਹੁ-ਕਿਰਪਾ, ਮਿਹਰ। ਪ੍ਰਸਾਦਿ-ਕਿਰਪਾ ਨਾਲ। ਗੁਰਿ-ਗੁਰੂ ਨੇ। ਅਕੁਲ-ਕੁਲ ਤੋਂ ਰਹਿਤ। ਨਿਰੰਜਨੁ-ਮਾਇਆ ਦੀ ਕਾਲਖ ਤੋਂ ਰਹਿਤ।

**ਅਰਥ :**

(ਹੇ ਮਿੱਤਰ ! ਸਾਡਾ) ਇਕੋ ਪਿਤਾ ਹੈ, ਅਸੀਂ (ਦੋਵੇਂ) ਇਕ ਪ੍ਰਭੂ ਪਿਤਾ ਦੇ ਬਾਲਕੇ ਹਾਂ, ਪਰ ਤੂੰ ਮੇਰਾ ਗੁਰੂ ਹੈਂ। ਹੇ ਮਿੱਤਰ ! (ਮੇਰੀ ਗੱਲ) ਸੁਣ, ਮੇਰਾ ਹਿਰਦਾ ਤੈਥੋਂ ਸਦਕੇ ਜਾਵੇਗਾ, ਤੂੰ ਮੈਨੂੰ (ਕਿਰਪਾ ਕਰਕੇ) ਪ੍ਰਮਾਤਮਾ ਦਾ ਦਰਸ਼ਨ ਦਿਖਾ ਦੇ। ੧।

ਹੇ ਮਿੱਤਰ ! ਮੇਰੀ ਗੱਲ ਸੁਣ, ਮੈਂ ਤੇਰੇ ਚਰਨਾਂ ਦੀ ਧੂੜੀ ਤੋਂ ਕੁਰਬਾਨ ਜਾਂਦਾ ਹਾਂ। ਹੇ ਭਾਈ ! ਇਹ ਮਨ ਵੀ ਤੇਰਾ ਹੀ ਹੈ। ਰਹਾਉ।

(ਹੇ ਪਿਆਰੇ !) ਮੈਂ ਤੇਰੇ ਪੈਰ ਮਲਾਂ, ਮਲ ਮਲ ਕੇ ਧੋਵਾਂ (ਅਤੇ) ਆਪਣਾ ਮਨ ਭੀ ਤੈਨੂੰ ਦੇ ਦੇਵਾਂਗਾ। ਹੇ ਮਿੱਤਰ ! ਸੁਣ, ਮੈਂ ਤੇਰੀ ਸ਼ਰਨ ਆਇਆ ਹਾਂ, ਮੈਨੂੰ ਐਸਾ ਉਪਦੇਸ਼ ਦਿਉ, ਕਿ ਮੈਂ ਪ੍ਰਭੂ ਨੂੰ ਮਿਲ ਪਵਾਂ। ੨।

(ਹੁਣ ਉਪਦੇਸ਼ ਕਰਦੇ ਹਨ ਕਿ) ਹੇ ਮਿੱਤਰ ਹੰਕਾਰ ਨਹੀਂ ਕਰਨਾ ਚਾਹੀਦਾ, (ਪ੍ਰਮਾਤਮਾ ਦੀ) ਸ਼ਰਨ ਪੈਣਾ ਚਾਹੀਦਾ ਹੈ। (ਜੋ ਕੁਝ ਪ੍ਰਮਾਤਮਾ) ਕਰੇ, ਉਸ ਨੂੰ ਭਲਾ ਕਰਕੇ ਮੰਨਣਾ ਚਾਹੀਦਾ ਹੈ, (ਭਾਵ ਸਤਿ ਕਰਕੇ ਮੰਨਣਾ ਚਾਹੀਦਾ ਹੈ)। ਹੇ ਮਿੱਤਰ ! ਸੁਣ, ਜਿੰਦ ਜਾਨ ਸਾਰਾ ਸਰੀਰ ਹੀ ਭੇਟਾ ਕਰ ਦੇਣਾ ਚਾਹੀਦਾ ਹੈ, ਇਸ ਤਰ੍ਹਾਂ ਪ੍ਰਮਾਤਮਾ ਦਾ ਦਰਸ਼ਨ ਪਾ ਲਈਦਾ ਹੈ। ੩।

(ਹੇ ਭਾਈ !) ਸੰਤਾਂ ਦੀ ਕਿਰਪਾ ਕਰਕੇ (ਪ੍ਰਮਾਤਮਾ ਦੀ) ਮਿਹਰ ਹੋਈ (ਤਾਂ ਮੈਨੂੰ) ਹਰੀ ਦਾ ਨਾਮ ਮਿੱਠਾ ਭਾਵ ਪਿਆਰਾ ਲੱਗਣ ਲੱਗ ਪਿਆ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ (ਮੈਂ) ਦਾਸ ਉੱਤੇ ਗੁਰੂ ਨੇ ਕਿਰਪਾ ਕੀਤੀ ਤਾਂ ਸਭ ਪਾਸੇ ਕੁਲਾਂ ਤੋਂ ਰਹਿਤ, ਮਾਇਆ ਦੀ ਕਾਲਖ ਤੋਂ ਰਹਿਤ ਉਸ ਪ੍ਰਭੂ ਨੂੰ ਦੇਖ ਲਿਆ ਹੈ। ੪। ੧। ੧੨।

## ਵਿਆਖਿਆ ਤੇ ਸਾਰੰਸ਼ :

ਜੀਉ ਪਿੰਡ ਗੁਰੂ ਨੂੰ ਅਰਪਨ ਕਰਨ ਨਾਲ ਹੀ ਮਨੁੱਖ ਨੂੰ ਸੁਮੱਚੀ ਦੁਨੀਆਂ ਦੇ ਇਕ ਪਿਤਾ ਦੀ ਸਮਝ ਪੈਂਦੀ ਹੈ। ਫਿਰ ਉਸ ਦਾ ਬਾਰਿਕ ਬਣ ਕੇ ਮਨੁੱਖ ਆਪਣਾ ਜੀਵਨ ਸਫਲਾ ਕਰ ਪਾਉਂਦਾ ਹੈ।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੫੪ (ਅੰਗ ੬੧੩)

ਸੋਰਠਿ ਮਹਲਾ ੫ ਘਰੁ ੨ ॥ ਮਾਤ ਗਰਭ ਮਹਿ ਆਪਨ ਸਿਮਰਨੁ ਦੇ ਤਹ ਤੁਮ ਰਾਖਨਹਾਰੇ ॥ ਪਾਵਕ ਸਾਗਰ ਅਥਾਹ ਲਹਰਿ ਮਹਿ ਤਾਰਹੁ ਤਾਰਨਹਾਰੇ ॥ ੧ ॥ ਮਾਧੌ ਤੂ ਠਾਕੁਰੁ ਸਿਰਿ ਮੋਰਾ ॥ ਈਹਾ ਊਹਾ ਤੁਹਾਰੋ ਧੋਰਾ ॥ ਰਹਾਉ ॥ ਕੀਤੇ ਕਉ ਮੇਰੈ ਸੰਮਾਨੈ ਕਰਣਹਾਰੁ ਤ੍ਰਿਣੁ ਜਾਨੈ ॥ ਤੂ ਦਾਤਾ ਮਾਗਨ ਕਉ ਸਗਲੀ ਦਾਨੁ ਦੇਹਿ ਪ੍ਰਭ ਭਾਨੈ ॥ ੨ ॥ ਖਿਨ ਮਹਿ ਅਵਰੁ ਖਿਨੈ ਮਹਿ ਅਵਰਾ ਅਚਰਜ ਚਲਤ ਤੁਮਾਰੇ ॥ ਰੂੜੋ ਗੂੜੋ ਗਹਿਰ ਗੰਭੀਰੋ ਊਚੌ ਅਗਮ ਅਪਾਰੇ ॥ ੩ ॥ ਸਾਧਸੰਗਿ ਜਉ ਤੁਮਹਿ ਮਿਲਾਇਓ ਤਉ ਸੁਨੀ ਤੁਮਾਰੀ ਬਾਣੀ ॥ ਅਨਦੁ ਭਇਆ ਪੇਖਤ ਹੀ ਨਾਨਕ ਪ੍ਰਤਾਪ ਪੁਰਖ ਨਿਰਬਾਣੀ ॥ ੪ ॥ ੭ ॥ ੧੮ ॥

# ਪ੍ਰਾਕ੍ਰਥਨ :-

ਪਰਮ ਕਿਰਪਾਲੂ ਸ਼ਾਂਤੀ ਦੇ ਸੋਮੇ, ਸ਼ਹੀਦਾਂ ਦੇ ਸਿਰਤਾਜ, ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਇਹ ਪਾਵਨ ਸ਼ਬਦ ਸੋਰਠਿ ਰਾਗਣੀ ਅੰਦਰ ਉਚਾਰਨ ਕੀਤਾ ਹੋਇਆ ਹੈ।

ਇਸ ਸ਼ਬਦ ਦੀ ਪਹਿਲੀ ਪੰਗਤੀ ਅੰਦਰ ਗੁਰਦੇਵ ਦੇ ਅੰਮ੍ਰਿਤ ਬਚਨ ਉਚਾਰਨ ਕੀਤੇ ਇਸ ਤਰ੍ਹਾਂ ਹਨ :

***ਮਾਤ ਗਰਭ ਮਹਿ ਆਪਨ ਸਿਮਰਨੁ ਦੇ, ਤਹ ਤੁਮ ਰਾਖਨਹਾਰੇ॥***

ਇਸ ਸ਼ਬਦ ਦਾ ਵਿਸ਼ਾ ਇਸ ਪ੍ਰਕਾਰ ਹੈ :-

## ਵਿਸ਼ਾ — ਰਚੰਤਿ ਜੀਅ ਰਚਨਾ ਮਾਤ ਗਰਭ ਅਸਥਾਪਨੰ॥

ਧੰਨ ਓਸ ਸ਼ਕਤੀਮਾਨ ਵਾਹਿਗੁਰੂ ਜੀ ਨੇ ਸਭ ਤੋਂ ਪਹਿਲਾਂ ਇਸ ਜੀਵ ਦੀ ਰਚਨਾ ਕਰਨ ਲੱਗਿਆਂ, ਮਾਤਾ ਦੀ ਰਕਤ ਅਤੇ ਪਿਤਾ ਦੀ ਬਿੰਦ ਦੁਆਰਾ ਮਾਤਾ ਦੇ ਉਦਰ ਅੰਦਰ ਇਸ ਦੀ ਹੋਂਦ ਕਾਇਮ ਕੀਤੀ।

***ਰਕਤੁ ਬਿੰਦੁ ਕਰਿ ਨਿੰਮਿਆ ਅਗਨਿ ਉਦਰ ਮਝਾਰਿ॥***

(ਅੰਗ ੭੦੬)

*ਰਕਤੁ ਬਿੰਦੁ ਕਾ ਇਹੁ ਤਨੋ ਅਗਨੀ ਪਾਸਿ ਪਿਰਾਣੁ॥'*

(ਅੰਗ ੬੩)

(ਅਥਵਾ)

***ਪਾਨੀ ਮੈਲਾ ਮਾਟੀ ਗੋਰੀ॥ ਇਸ ਮਾਟੀ ਕੀ ਪੁਤਰੀ ਜੋਰੀ॥***

(ਅੰਗ ੩੩੬)

ਇਸ ਰਕਤ ਬਿੰਦ ਤੋਂ ਮਾਂ ਦੇ ਪੇਟ ਵਿਚ ਬੱਚੇ ਦਾ ਵਜੂਦ ਕਾਇਮ ਕਰਕੇ ਇਸ ਵਿਚ ਜੀਵਨ ਕਲ੍ਹਾ ਪਾਉਣਾ ਕੀਤੀ। ਬੱਚੇ ਦੇ ਨਾੜੂਏ ਰਾਹੀਂ, ਮਾਤਾ ਦੀ ਖਾਧੀ ਹੋਈ ਖ਼ੁਰਾਕ ਦਾ ਆਹਾਰ ਬਣਾ ਕੇ ਬੱਚੇ ਦੀ ਪਾਲਣਾ ਕੀਤੀ ਹੈ। ਨੌਂ ਮਹੀਨੇ ਮਾਤਾ ਦੇ ਉਦਰ ਵਿਚ ਪੁੱਠਾ ਲਟਕਿਆ ਮਾਤਾ ਦੀ ਜਠਰ ਅਗਨੀ ਰੂਪ ਅਗਨਿ ਕੁੰਡ ਅਤੇ ਨਰਕ ਘੋਰ ਉਦਰ ਵਿਚ ਇਸ ਦੀ ਰੱਖਿਆ ਕੀਤੀ।

***ਅਗਨਿ ਕੁੰਡ ਵਿਚਿ ਰਖੀਅਨਿ, ਨਰਕ ਘੋਰ ਮਹਿੰ ਉਦਰੁ ਮੰਝਾਰਾ॥***

(ਭਾਈ ਗੁਰਦਾਸ ਜੀ, ਵਾਰ ੩੭, ਪਉੜੀ ੬)

ਗੁਰਬਾਣੀ ਅਨੁਸਾਰ ਮਾਤਾ ਦੇ ਉਦਰ ਵਿਚ ਪੁੱਠਾ ਲਟਕਦਾ ਸਵਾਸ-ਸਵਾਸ ਵਾਹਿਗੁਰੂ ਜੀ ਦਾ ਸਿਮਰਨ ਕਰਦਾ ਸੀ, ਜਿਸ ਸਿਮਰਨ ਦਾ ਸਦਕਾ ਇਸ ਨੂੰ ਜਠਰ ਅਗਨੀ ਦਾ ਸੇਕ ਪੋਹ ਨਹੀਂ ਸਕਿਆ।

ਸਲੋਕ॥

*ਰਚੰਤਿ ਜੀਅ ਰਚਨਾ, ਮਾਤ ਗਰਭ ਅਸਥਾਪਨੰ॥*
*ਸਾਸਿ ਸਾਸਿ ਸਿਮਰੰਤਿ ਨਾਨਕ, ਮਹਾ ਅਗਨਿ ਨ ਬਿਨਾਸਨੰ॥ ੧॥*
*ਮੁਖੁ ਤਲੈ ਪੈਰ ਉਪਰੇ, ਵਸੰਦੋ ਕੁਹਥੜੈ ਥਾਇ॥*
*ਨਾਨਕ ਸੋ ਧਣੀ ਕਿਉ ਵਿਸਾਰਿਓ, ਉਧਰਹਿ ਜਿਸ ਦੈ ਨਾਇ॥ ੨॥*

ਪਉੜੀ॥

*ਰਕਤੁ ਬਿੰਦੁ ਕਰਿ ਨਿੰਮਿਆ, ਅਗਨਿ ਉਦਰ ਮਝਾਰਿ॥*
*ਉਰਧ ਮੁਖੁ ਕੁਚੀਲ ਬਿਕਲੁ, ਨਰਕਿ ਘੋਰਿ ਗੁਬਾਰਿ॥*
*ਹਰਿ ਸਿਮਰਤ ਤੂ ਨਾ ਜਲਹਿ, ਮਨਿ ਤਨਿ ਉਰ ਧਾਰਿ॥*
*ਬਿਖਮ ਥਾਨਹੁ ਜਿਨਿ ਰਖਿਆ, ਤਿਸੁ ਤਿਲੁ ਨ ਵਿਸਾਰਿ॥*
*ਪ੍ਰਭ ਬਿਸਰਤ ਸੁਖੁ ਕਦੇ ਨਾਹਿ, ਜਾਸਹਿ ਜਨਮੁ ਹਾਰਿ॥ ੨॥*

(ਅੰਗ ੭੦੬)

*ਗਰਭ ਅਗਨਿ ਮਹਿ ਜਿਨਹਿ ਉਬਾਰਿਆ॥*
*ਰਕਤ ਕਿਰਮ ਮਹਿ ਨਹੀ ਸੰਘਾਰਿਆ॥*
*ਅਪਨਾ ਸਿਮਰਨੁ ਦੇ ਪ੍ਰਤਿਪਾਲਿਆ, ਓਹੁ ਸਗਲ ਘਟਾ ਕਾ ਮਾਲਕਾ॥*

(ਅੰਗ ੧੦੮੪)

ਇਸ ਸਾਰੇ ਪ੍ਰਸੰਗ ਨੂੰ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਅੰਦਰ ਇਸ ਤਰ੍ਹਾਂ ਕਥਨ ਕੀਤਾ ਹੈ :

*ਮਾਣਸ ਜਨਮ ਦੁਲੰਭੁ ਹੈ, ਛਿਣ ਭੰਗਰੁ ਛਲ ਦੇਹੀ ਛਾਰਾ।*
*ਪਾਣੀ ਦਾ ਕਰਿ ਪੁਤਲਾ ਉਡੈ ਨ ਪਉਣੁ ਖੁਲੇ ਨਉਂ ਦੁਆਰਾ।*
*ਅਗਨਿ ਕੁੰਡ ਵਿਚਿ ਰਖੀਅਨਿ ਨਰਕ ਘੋਰ ਮਹਿੰ ਉਦਰੁ ਮੰਝਾਰਾ।*
*ਕਰੈ ਉਰਧ ਤਪੁ ਗਰਭ ਵਿਚਿ ਚਸਾ ਨ ਵਿਸਰੈ ਸਿਰਜਣਹਾਰਾ।*
*ਦਸੀ ਮਹੀਨੀਂ ਜੰਮਿਆਂ ਸਿਮਰਣ ਕਰੀ ਕਰੇ ਨਿਸਤਾਰਾ।*
*ਜੰਮਦੋ ਮਾਇਆ ਮੋਹਿਆ ਨਦਰਿ ਨ ਆਵੈ ਰਖਣਹਾਰਾ।*
*ਸਾਹੋਂ ਵਿਛੁੜਿਆ ਵਣਜਾਰਾ॥੬॥*

(ਵਾਰ ੩੭, ਪਉੜੀ ੬)

ਗੁਰਦੇਵ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿਰੀਰਾਗੁ ਅੰਦਰ ਪਹਿਰੇ ਸਿਰਲੇਖ ਹੇਠ, ਜੀਵ ਦੇ ਮਾਤਾ ਦੇ ਉਦਰ ਵਿਚ "ਉਰਧ ਤਪੁ ਅੰਤਰਿ ਕਰੇ ਵਣਜਾਰਿਆ ਮਿਤ੍ਰਾ ਖਸਮ ਸੇਤੀ ਅਰਦਾਸਿ॥" ਕਰਦਾ ਦਰਸਾਇਆ ਹੈ। ਇਸੇ ਸਿਰਲੇਖ ਹੇਠ ਸੋਢੀ ਪਾਤਸ਼ਾਹ ਗੁਰੂ ਰਾਮਦਾਸ ਜੀ ਨੇ "ਹਰਿ ਧਿਆਵੈ ਹਰਿ ਉਚਰੈ ਵਣਜਾਰਿਆ ਮਿਤ੍ਰਾ ਹਰਿ ਹਰਿ ਨਾਮੁ ਸਮਾਰਿ॥" ਕਥਨ ਕੀਤਾ ਹੈ।' ਪੰਚਮ ਗੁਰਦੇਵ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭੀ ਇਸੇ ਸਿਰਲੇਖ ਹੇਠ "ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਧਰਿ ਪਾਇਤਾ ਉਦਰੈ ਮਾਹਿ॥" ਦੱਸਿਆ ਹੈ। ਇਸ ਸੰਬੰਧ ਵਿਚ ਗੁਰੂ ਸਾਹਿਬਾਨ ਦੇ ਅੰਮ੍ਰਿਤ ਬਚਨ ਮੂਲ ਰੂਪ ਵਿਚ ਇਕ-ਇਕ ਪਹਿਰਾ ਇਸ ਪ੍ਰਕਾਰ ਹੈ :

***ੴ ਸਤਿਗੁਰ ਪ੍ਰਸਾਦਿ॥ਸਿਰੀਰਾਗੁ ਮਹਲਾ ੧ ਪਹਰੇ ਘਰੁ ੧॥***

*ਪਹਿਲੈ ਪਹਰੈ ਰੈਣ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ॥*
*ਉਰਧ ਤਪੁ ਅੰਤਰਿ ਕਰੇ ਵਣਜਾਰਿਆ ਮਿਤ੍ਰਾ ਖਸਮ ਸੇਤੀ ਅਰਦਾਸਿ॥*
*ਖਸਮ ਸੇਤੀ ਅਰਦਾਸਿ ਵਖਾਣੈ, ਉਰਧ ਧਿਆਨਿ ਲਿਵ ਲਾਗਾ॥੨॥*
*ਨਾ ਮਰਜਾਦੁ ਆਇਆ ਕਲਿ ਭੀਤਰਿ, ਬਾਹੁੜਿ ਜਾਸੀ ਨਾਗਾ॥*
*ਜੈਸੀ ਕਲਮ ਵੁੜੀ ਹੈ ਮਸਤਕਿ, ਤੈਸੀ ਜੀਅੜੇ ਪਾਸਿ॥*
*ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ, ਹੁਕਮਿ ਪਇਆ ਗਰਭਾਸਿ॥੧॥*

(ਮਹਲਾ ੧, ਸਿਰੀਰਾਗੁ ਪਹਿਰੇ, ਅੰਗ ੭੪)

ਸਿਰੀਰਾਗੁ ਮਹਲਾ ੪॥

*ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹਰਿ ਪਾਇਆ ਉਦਰ ਮੰਝਾਰਿ॥*
*ਹਰਿ ਧਿਆਵੈ ਹਰਿ ਉਚਰੈ ਵਣਜਾਰਿਆ ਮਿਤ੍ਰਾ ਹਰਿ ਹਰਿ ਨਾਮੁ ਸਮਾਰਿ॥*
*ਹਰਿ ਹਰਿ ਨਾਮੁ ਜਪੇ ਆਰਾਧੇ, ਵਿਚਿ ਅਗਨੀ ਹਰਿ ਜਪਿ ਜੀਵਿਆ॥*
*ਬਾਹਰਿ ਜਨਮੁ ਭਇਆ ਮੁਖਿ ਲਾਗਾ, ਸਰਸੇ ਪਿਤਾ ਮਾਤ ਥੀਵਿਆ॥*
*ਜਿਸ ਕੀ ਵਸਤੁ ਤਿਸੁ ਚੇਤਹੁ ਪ੍ਰਾਣੀ ਕਰਿ ਹਿਰਦੈ ਗੁਰਮੁਖਿ ਬੀਚਾਰਿ॥*
*ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ, ਹਰਿ ਜਪੀਐ ਕਿਰਪਾ ਧਾਰਿ॥ ੧॥*

(ਸਿਰੀਰਾਗੁ ਮਹਲਾ ੪, ਅੰਗ ੭੬)

ਸਿਰੀਰਾਗੁ ਮਹਲਾ ੫॥

*ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਧਰਿ ਪਾਇਤਾ ਉਦਰੈ ਮਾਹਿ॥*
*ਦਸੀ ਮਾਸੀ ਮਾਨਸੁ ਕੀਆ ਵਣਜਾਰਿਆ ਮਿਤ੍ਰਾ ਕਰਿ ਮੁਹਲਤਿ ਕਰਮ ਕਮਾਹਿ॥*
*ਮੁਹਲਤਿ ਕਰਿ ਦੀਨੀ ਕਰਮ ਕਮਾਣੇ ਜੈਸਾ ਲਿਖਤੁ ਧੁਰਿ ਪਾਇਆ॥*

***ਮਾਤ ਪਿਤਾ ਭਾਈ ਸੁਤ ਬਨਿਤਾ, ਤਿਨ ਭੀਤਰਿ ਪ੍ਰਭੂ ਸੰਜੋਇਆ॥***
***ਕਰਮ ਸੁਕਰਮ ਕਰਾਏ ਆਪੇ ਇਸੁ ਜੰਤੈ ਵਸਿ ਕਿਛੁ ਨਾਹਿ॥***
***ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ, ਧਰਿ ਪਾਇਤਾ ਉਦਰੈ ਮਾਹਿ॥ ੧॥***

(ਸਿਰੀਰਾਗ ਮਹਲਾ ੫, ਅੰਗ ੭੭)

ਮਾਤਾ ਦੇ ਉਦਰ ਵਿਚ ਪੁੱਠਾ ਲਟਕਦਾ ਸਵਾਸ ਸਵਾਸ ਵਾਹਿਗੁਰੂ ਜੀ ਦਾ ਸਿਮਰਨ ਕਰਦਾ ਐਸੇ ਅਗਨਿ ਕੁੰਡ ਵਿਚ ਜਿਥੇ "ਮਾਤ ਗਰਭ ਦੁਖ ਸਾਗਰੋ ਪਿਆਰੇ ਤਹ ਆਪਣਾ ਨਾਮੁ ਜਪਾਇਆ॥" ਪ੍ਰਭੂ ਇਸ ਦੀ ਰੱਖਿਆ ਕਰਦਾ ਹੈ। ਪਰ ਮਾਤਾ ਦੇ ਪਰਉਪਕਾਰ ਨੂੰ ਵੀ ਭੁਲਾਇਆ ਨਹੀਂ ਜਾ ਸਕਦਾ, ਕਿਉਂਕਿ ਸਭ ਤੋਂ ਪਹਿਲਾਂ ਉਸ ਕਾਦਰ ਦੀ ਕੁਦਰਤ ਨੂੰ ਦੇਖਣ ਦਾ ਸੁਭਾਗ ਪੁੱਤਰ ਨੂੰ ਮਾਤਾ ਪਿਤਾ ਦੇ ਸੰਬੰਧ ਰਾਹੀਂ ਮਿਲਿਆ ਹੈ। ਮਾਤਾ ਪਿਤਾ ਦੇ ਸੰਬੰਧ ਦੀ ਅੰਸ਼ ਹਰ ਮਨੁੱਖੀ ਸਰੀਰ ਅੰਦਰ ਮੌਜੂਦ ਹੈ। ਇਕ ਲੰਬੀ ਘਾਲਣਾ ਹੈ ਮਾਤਾ ਦੇ ਰੂਪ ਵਿਚ ਇਸਤਰੀ ਦੀ। ਜਨਮ ਮਰਨ ਦੀ ਖੇਡ ਅੰਦਰੋਂ ਇਕ ਨਵੀਂ ਮੂਰਤ ਨੂੰ ਪ੍ਰਗਟ ਕਰਨਾ। ਫਿਰ ਪਾਲਣਾ ਪੋਸਣਾ। ਵਾਕਿਆ ਹੀ ਮਾਪਿਆਂ ਦੇ ਇਸ ਕਰਜ਼ੇ ਨੂੰ ਚੁਕਾਇਆ ਨਹੀਂ ਜਾ ਸਕਦਾ। ਮਾਤਾ ਦੀ ਘਾਲਣਾ ਕਿੰਨੀ ਕਠਨ ਹੈ, ਭਾਈ ਗੁਰਦਾਸ ਜੀ ਨੇ ਇਸ ਤਰ੍ਹਾਂ ਦਰਸਾਈ ਹੈ-

***ਮਾਤ ਪਿਤਾ ਮਿਲਿ ਨਿੰਮਿਆ ਆਸਾਵੰਤੀ ਉਦਰੁ ਮਝਾਰੇ।***
***ਰਸ ਕਸ ਖਾਇ ਨਿਲਜ ਹੋਇ ਛੁਹ ਛੁਹ ਧਰਣਿ ਧਰੈ ਪਗ ਧਾਰੇ।***
***ਪੇਟ ਵਿਚਿ ਦਸ ਮਾਹ ਰਖਿ ਪੀੜਾ ਖਾਇ ਜਣੈ ਪੁਤੁ ਪਿਆਰੇ।***
***ਜਣ ਕੈ ਪਾਲੈ ਕਸਟ ਕਰਿ ਖਾਨ ਪਾਨ ਵਿਚਿ ਸੰਜਮ ਸਾਰੇ।***
***ਛਾਦਨੁ ਭੋਜਨੁ ਪੋਖਿਆ ਭਦਣਿ ਮੰਗਣਿ ਪੜ੍ਹਨਿ ਚਿਤਾਰੇ।***
***ਪਾਂਧੇ ਪਾਸਿ ਪੜ੍ਹਾਇਆ ਖਟਿ ਲੁਟਾਇ ਹੋਇ ਸੁਚਿਆਰੇ।***
***ਉਰਿਣਤ ਹੋਇ ਭਾਰੁ ਉਤਾਰੇ॥੧੦॥***

(ਵਾਰ ੩੭, ਪਉੜੀ ੧੦)

ਮਾਂ ਇਸ ਲਈ ਇਹ ਕਠਨ ਘਾਲਨਾ ਘਾਲਦੀ ਹੈ, ਕਿਉਂਕਿ ਪੁੱਤਰ ਤੋਂ ਸੱਖਣੀ ਇਸਤਰੀ ਸੰਸਾਰ ਅੰਦਰ ਸੋਭਾ ਨਹੀਂ ਪਾਉਂਦੀ।

***"ਮਾਵਾਂ ਭਾਵੇਂ ਹੋਵਨ ਪਰੀਆਂ, ਹੁਸਨ ਦੇ ਨਾਲ ਡਕ-ਡਕ ਭਰੀਆਂ।***
***ਪੂਰਾ ਕਦੇ ਸ਼ਿੰਗਾਰ ਨਾ ਹੋਵੇ, ਪੁੱਤਰਾਂ ਦਾ ਜੇ ਗਲ ਹਾਰ ਨਾ ਹੋਵੇ।"***

ਪਰ ਫੇਰ ਭੀ ਮਾਤਾ ਦੇ ਉਪਕਾਰ ਨੂੰ ਭੁਲਾ ਕੇ ਤੇ ਮਾਤਾ ਪਿਤਾ ਦੀ ਸੇਵਾ ਤੇ, ਉਨ੍ਹਾਂ ਦੀਆਂ ਲੋੜਾਂ ਵਿਸਾਰ ਕੇ ਜਿਨ੍ਹਾਂ ਪੁੱਤਰਾਂ ਦੇ ਕਦਮ ਧਾਰਮਿਕ ਮੰਦਰਾਂ ਦੀ ਤਰਫ ਚੱਲਦੇ ਹਨ, ਉਨ੍ਹਾਂ ਪੁੱਤਰਾਂ ਨੂੰ ਸਿੱਖ ਪੰਥ ਦੇ ਵੇਦ ਵਿਆਸ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਗਿਆਨ ਭਰਪੂਰ ਤਾੜਨਾ ਕੀਤੀ ਹੈ-

***ਮਾਂ ਪਿਉ ਪਰਹਰਿ ਸੁਣੈ ਵੇਦੁ ਭੇਦੁ ਨ ਜਾਣੈ ਕਥਾ ਕਹਾਣੀ।***
***ਮਾਂ ਪਿਉ ਪਰਹਰਿ ਕਰੈ ਤਪੁ ਵਣਖੰਡਿ ਭੁਲਾ ਫਿਰੈ ਬਿਬਾਣੀ।***
***ਮਾਂ ਪਿਉ ਪਰਹਰਿ ਕਰੈ ਪੂਜੁ ਦੇਵੀ ਦੇਵ ਨ ਸੇਵ ਕਮਾਣੀ।***
***ਮਾਂ ਪਿਉ ਪਰਹਰਿ ਨ੍ਹਾਵਣਾ ਅਠਸਠਿ ਤੀਰਥ ਘੁੰਮਣਵਾਣੀ।***
***ਮਾਂ ਪਿਉ ਪਰਹਰਿ ਕਰੈ ਦਾਨ ਬੇਈਮਾਨ ਅਗਿਆਨ ਪਰਾਣੀ।***
***ਮਾਂ ਪਿਉ ਪਰਹਰਿ ਵਰਤ ਕਰਿ ਮਰਿ ਮਰਿ ਜੰਮੈ ਭਰਮਿ ਭੁਲਾਣੀ।***
***ਗੁਰੁ ਪਰਮੇਸਰੁ ਸਾਰੁ ਨ ਜਾਣੀ॥੧੩॥*** (ਵਾਰ ੩੭, ਪਉੜੀ ੧੩)

ਮਾਪਿਆਂ ਨੂੰ ਨਜ਼ਰ ਅੰਦਾਜ਼ ਕਰਨ ਵਾਲੇ ਪ੍ਰਾਣੀਆਂ ਲਈ ਧਾਰਮਿਕ ਗ੍ਰੰਥਾਂ ਦਾ ਗਿਆਨ ਕਥਾ-ਵਾਰਤਾ ਇਕ ਮਨ-ਪਰਚਾਵਾ ਹੀ ਹੁੰਦਾ ਹੈ। ਐਸੇ ਮਨੁੱਖ ਦਾ ਤਪ ਕਰਨਾ ਜੰਗਲਾਂ ਦੀ ਭਟਕਣਾ ਹੀ ਬਣਦਾ ਹੈ। ਮਨ ਸ਼ਾਂਤ ਨਹੀਂ ਹੁੰਦਾ। ਦੇਵੀ ਦੇਵਤਿਆਂ ਦੀ ਪੂਜਾ ਫੋਕਟ ਅਡੰਬਰ ਸਿੱਧ ਹੁੰਦਾ ਹੈ। ਜੇਕਰ ਮਾਤਾ-ਪਿਤਾ ਦੇ ਰੂਪ 'ਚ ਘਰ ਬੈਠੇ ਹੀ ਦੇਵੀ ਦੇਵਤੇ ਵਲੋਂ ਨਜ਼ਰਾਂ ਫੇਰ ਲਈਆਂ ਗਈਆਂ ਹੋਣ ਤਾਂ ਦਾਨ-ਪੁੰਨ ਮਨੁੱਖ ਨੂੰ ਬੇਈਮਾਨ ਬਣਾਉਂਦੇ ਹਨ। ਵਰਤ ਨੇਮ ਤਾਂ ਉਸ ਦੇ ਮੁੜ ਮੁੜ ਜੰਮਣ ਮਰਨ ਦਾ ਕਾਰਨ ਬਣਦੇ ਹਨ।

ਮਾਤਾ ਦੀ ਬੱਚੇ ਪ੍ਰਤੀ ਘਾਲ ਆਪ ਨੇ ਪੜ੍ਹ ਲਈ ਹੈ। ਪਰ ਮਾਂ ਦੀ ਅਸਲ ਤੇ ਸੱਚੀ ਘਾਲ ਇਸ ਤਰ੍ਹਾਂ ਦੀ ਵੀ ਹੋਣੀ ਚਾਹੀਦੀ ਹੈ, ਜਿਸ ਤਰ੍ਹਾਂ ਦੀ ਪੰਥ ਰਤਨ ਸੰਤ ਗਿਆਨੀ ਗੁਰਬਚਨ ਸਿੰਘ ਖਾਲਸਾ ਜੀ ਦੇ ਮਾਤਾ ਅਨੰਦ ਕੌਰ ਜੀ ਦੀ (ਖ਼ਾਲਸਾ ਜੀ ਦੇ) ਜਨਮ ਤੋਂ ਪਹਿਲਾਂ ਸੀ।

## ਸਾਖੀ—ਮਾਤਾ ਅਨੰਦ ਕੌਰ ਜੀ ਦੀ ਸੱਚੀ ਘਾਲ

ਮਾਤਾ ਅਨੰਦ ਕੌਰ ਜੀ ਦਾ ਅਨੰਦ ਕਾਰਜ ਬਾਬਾ ਰੂੜ ਸਿੰਘ ਜੀ ਨਾਲ ਹੋਇਆ ਸੀ। ਬਾਬਾ ਰੂੜ ਸਿੰਘ ਜੀ ਅੰਮ੍ਰਿਤਧਾਰੀ ਰਹਿਤ ਮਰਯਾਦਾ ਦੇ ਪੂਰਨ ਧਾਰਣੀ ਸਨ। ਆਪ ਜੀ ਸਿੱਖ ਪਲਟਨ (ਫ਼ੌਜ) ਵਿਚ ਬ੍ਰਹਮਾ ਫ਼ਰੰਟੀਅਰ ਫ਼ੋਰਸ ਵਿਚ ਗ੍ਰੰਥੀ ਸਿੰਘ ਦੀ ਡਿਊਟੀ ਕਰਦੇ ਸਨ। ਆਪ ਜੀ ਮੂਲ ਮੰਤਰ, ਗੁਰ ਮੰਤਰ ਤੇ ਨਿਤਨੇਮ ਦੀਆਂ ਬਾਣੀਆਂ ਨਾਲ ਪੰਜ ਗ੍ਰੰਥੀ ਦੇ ਨਿਤਨੇਮੀ ਸਨ। ਮਾਤਾ ਅਨੰਦ ਕੌਰ ਜੀ ਘਰ ਦੇ ਕੰਮਾਂ ਦੇ ਨਾਲ-ਨਾਲ ਤੇਰ੍ਹਾਂ ਸਾਲ ਲਗਾਤਾਰ ਨਿਤਨੇਮ ਅਨੁਸਾਰ, ਵਾਹਿਗੁਰੂ ਮੰਤ੍ਰ ਦਾ ਸਿਮਰਨ, ਸੁਖਮਨੀ ਸਾਹਿਬ ਦਾ ਪਾਠ, ਜਪੁ ਜੀ ਸਾਹਿਬ ਦੇ ਪੰਝੀ ਪਾਠ ਹਰ ਰੋਜ਼ ਕਰਦੇ ਸਨ। ਮਾਤਾ ਅਨੰਦ ਕੌਰ ਜੀ ਦੀ ਸੱਚੀ ਘਾਲ ਦਾ ਸਦਕਾ ਇਨ੍ਹਾਂ ਦੇ ਘਰ, ਪੁੱਤਰ ਹਜ਼ਾਰਾ ਸਿੰਘ ਜੀ ਨੇ ਜਨਮ ਲਿਆ, ਜੋ ਵੱਡੇ ਹੋ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਦੀ ਸੇਵਾ ਤੇ ਸਸ਼ੋਭਿਤ ਹੋਇ। ਆਪ ਜੀ ਲਗਾਤਾਰ ੨੪ ਸਾਲ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਹੈੱਡ ਗ੍ਰੰਥੀ ਦੀ ਸੇਵਾ ਨਿਭਾਉਂਦੇ ਰਹੇ ਸਨ। ਮਾਤਾ ਅਨੰਦ ਕੌਰ ਜੀ ਦੇ ਜਦ

ਦੂਸਰੇ ਸਪੁੱਤਰ ਨੇ ਜਨਮ ਲੈਣਾ ਸੀ, ਉਸ ਸਮੇਂ ਮਾਤਾ ਜੀ ਅੱਠੇ ਪਹਿਰ ਨਿਤਨੇਮ ਸਿਮਰਨ ਵਿਚ ਲਿਵਲੀਨ ਰਹਿੰਦੇ ਸਨ। ਜਪੁ ਜੀ ਸਾਹਿਬ ਜੀ ਦੇ ਪੰਝੀ ਪਾਠ ਵਿਚਾਰ-ਵਿਚਾਰ ਕੇ, ਰਸ ਲੈ-ਲੈ ਕੇ ਕਰਦੇ ਸਨ। ਨਾਮ ਰਸ ਵਿਚ ਭਿੱਜੇ ਹੋਏ ਮਾਤਾ ਜੀ ਦਸਮੇਸ਼ ਪਿਤਾ ਕਲਗੀਧਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅੱਗੇ ਅਰਦਾਸਾਂ ਕਰਦੇ ਰਹਿੰਦੇ ਸਨ ਕਿ ਹੇ ਕਲਗੀਧਰ ਸੱਚੇ ਪਿਤਾ ਜੀ ! ਆਪ ਜੀ ਨੇ ਆਪਣਾ ਪੂਰਨ ਸੰਤ ਭਗਤ, ਤੇਰੀ ਸਿੱਖੀ ਦਾ ਪ੍ਰਚਾਰ ਕਰਨ ਵਾਲਾ ਮੈਨੂੰ ਸਪੁੱਤਰ ਬਖ਼ਸ਼ਣਾ। ਇਸ ਨਿਤਨੇਮ 'ਤੇ ਸਿਮਰਨ ਅਤੇ ਅਰਦਾਸਾਂ ਦਾ ਸਦਕਾ, ਇਸ ਸੱਚੀ ਘਾਲ ਕਮਾਈ ਦਾ ਸਦਕਾ ਈਸਵੀ ਸੰਨ ੧੯੦੨, ਮਾਘ ਮਹੀਨੇ ਦੀ ਪੁੰਨਿਆ, ਫੱਗਣ ਦੀ ਸੰਗਰਾਂਦ ਵਾਲੇ ਦਿਨ ਪੂਰਨ ਗੁਰਸਿਖ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂ ਵਾਲਿਆਂ ਦਾ ਜਨਮ ਹੋਇਆ। ਜਨਮ ਉਪਰੰਤ ਉਸੇ ਦਿਨ ਇਸ਼ਨਾਨ ਕਰਵਾ ਕੇ ਆਪ ਜੀ ਤੇ ਸਤਿਕਾਰ ਯੋਗ ਭੂਆ ਜੀ ਬੀਬੀ ਸਾਹਿਬ ਕੌਰ ਜੀ ਨੇ ਗੁਰਦੁਆਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮਸਤਕ ਟਿਕਾਇਆ ਅਤੇ ਗੁਰਮਤਿ ਅਨੁਸਾਰ ਨਾਮਕਰਨ ਸੰਸਕਾਰ ਕੀਤਾ। ਉਸੇ ਦਿਨ ਤੋਂ ਘਰ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਹਿਜ ਪਾਠ ਆਰੰਭ ਕੀਤਾ ਗਿਆ। ਜਿੰਨਾ ਚਿਰ ਪਾਠੀ ਸਿੰਘ ਪਾਠ ਕਰਦਾ ਰਹਿੰਦਾ, ਓਨਾ ਚਿਰ ਮਾਤਾ ਅਨੰਦ ਕੌਰ ਜੀ ਬਾਲ ਸਰੂਪ (ਸੰਤ ਗਿਆਨੀ ਗੁਰਬਚਨ ਸਿੰਘ ਜੀ) ਨੂੰ ਗੋਦ ਵਿਚ ਲੈਕੇ ਪਾਠ ਸੁਣਦੇ ਰਹਿੰਦੇ ਸਨ। ਸਾਰਾ ਪਾਠ ਇਸ ਤਰ੍ਹਾਂ ਮਾਤਾ ਜੀ ਨੇ ਆਪ ਤੇ ਆਪਣੇ ਬਾਲਕ ਸਪੁੱਤਰ (ਖ਼ਾਲਸਾ ਜੀ) ਨੂੰ ਸੁਣਾਇਆ। ਮਾਤਾ ਪਿਤਾ ਜੀ ਦੀ ਘਾਲ ਤੇ ਜਤਨ ਦਾ ਸਦਕਾ (ਖ਼ਾਲਸਾ) ਜੀ ਬਚਪਨ ਵਿਚ ਹੀ ਸ਼ੁੱਧ ਪਾਠੀ ਤੇ ਨਿਤਨੇਮ ਦੀਆਂ ਬਾਣੀਆਂ ਸਮੇਤ ਪੰਜ ਗ੍ਰੰਥੀ ਕੰਠ ਕਰ ਗਏ ਸਨ।

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਸੰਪ੍ਰਦਾਈ ਅਰਥਾਂ ਦੀ ਚਲਾਈ ਟਕਸਾਲ ਦੇ ਅਰਥ ਪੜ੍ਹਾ ਕੇ ਖ਼ਾਲਸਾ ਜੀ ਨੇ ਕਿਤਨੇ ਕਥਾਕਾਰ ਗਿਆਨੀ ਪ੍ਰਚਾਰਕ ਪੈਦਾ ਕੀਤੇ। ਆਪ ਜੀ ਨੇ ਪਿੰਡਾਂ-ਪਿੰਡਾਂ ਤੇ ਸ਼ਹਿਰਾਂ ਵਿਚ ਵਿਦਿਆਰਥੀਆਂ ਸਮੇਤ ਜਾ ਕੇ ਸਿੱਖੀ ਦਾ ਪ੍ਰਚਾਰ ਕਰਕੇ ਅਨਗਿਣਤ ਪ੍ਰਾਣੀਆਂ ਨੂੰ ਅੰਮ੍ਰਿਤ ਛਕਾਇਆ। ਹਜ਼ਾਰਾਂ ਸ਼ੁੱਧ ਪਾਠੀ ਸਿੰਘ ਪੈਦਾ ਕੀਤੇ, ਜੋ ਆਪ ਜੀ ਦੇ ਪੜ੍ਹਾਏ ਸਿੰਘ ਅੱਜ ਤੱਕ ਇਤਿਹਾਸਕ ਅਸਥਾਨਾਂ ਤੇ ਗ੍ਰੰਥੀ, ਹੈੱਡ ਗ੍ਰੰਥੀ, ਕਥਾ ਵਾਚਕ, ਸਿੰਘ ਸਾਹਿਬ ਤੇ ਜੱਥੇਦਾਰਾਂ ਦੀਆਂ ਸੇਵਾਵਾਂ ਕਰ ਰਹੇ ਹਨ। ਇਹ ਸਾਰੀ ਘਾਲ ਮਾਤਾ ਅਨੰਦ ਕੌਰ ਜੀ ਦੀ ਸੀ। ਮਾਤਾ ਜੀ ਦੇ ਜੀਵਨ ਤੋਂ ਅੱਜ ਦੀਆਂ ਮਾਤਾਵਾਂ ਨੂੰ ਪ੍ਰੇਰਨਾ ਲੈਣੀ ਚਾਹੀਦੀ ਹੈ। ਅੱਜ ਦੀਆਂ ਮਾਤਾਵਾਂ ਨੂੰ ਗੁਰਬਾਣੀ ਭੁੱਲ ਗਈ ਹੈ। ਘਰਾਂ ਅੰਦਰ ਸੋਦਰ ਰਹਿਰਾਸ ਦੇ ਪਾਠ ਦੀ ਬਜਾਏ ਅੱਜ ਘਰ-ਘਰ ਵਿਚ ਸਿਨਮੇ ਬਣ ਗਏ ਹਨ। ਟੀ.ਵੀ. ਰਾਹੀਂ ਘਰਾਂ ਵਿਚ ਫ਼ਿਲਮਾਂ ਦੇਖੀਆਂ ਜਾਂਦੀਆਂ ਹਨ। ਗੁਰਦੇਵ ਦਾ ਫ਼ੁਰਮਾਣ ਹੈ :

***ਕਉਤਕ ਕੋਡ ਤਮਾਸਿਆ ਚਿਤਿ ਨ ਆਵਸੁ ਨਾਉ॥***
***ਨਾਨਕ ਕੋੜੀ ਨਰਕ ਬਰਾਬਰੇ ਉਜੜੁ ਸੋਈ ਥਾਉ॥***

(ਅੰਗ ੭੦੭)

ਇਸ ਲਈ ਚਾਹੀਦਾ ਹੈ ਕਿ ਘਰਾਂ ਅੰਦਰ ਮਾਤਾਵਾਂ ਭੈਣਾਂ ਆਪਣੇ ਬੱਚਿਆਂ ਨੂੰ ਬਾਣੀ ਪੜ੍ਹਨ ਲਾਉਣ। ਸ਼ਹੀਦਾਂ ਦਾ ਇਤਿਹਾਸ, ਸਾਖੀਆਂ ਦੇ ਰੂਪ ਵਿਚ ਸੁਨਾਵਣ।

***ਸਿਖ ਸਿੱਖਣੀ ਮਿਲ ਬਹੈ, ਚਰਚਾ ਕਰੈ ਅਪਾਰ।***
***ਭਜਨ ਸਿਖਾਵੈ ਪੁਤਰ ਕੌ, ਹਰਿ ਭਜੁ ਬਾਰੰਬਾਰ।***

ਅੱਗੇ ਇਕ ਸਾਖੀ ਇਸ ਵਿਸ਼ੇ ਨਾਲ ਸੰਬੰਧਿਤ, ਮਾਂ ਦੀ ਸਿੱਖੀ ਤੇ ਗੁਰੂ ਕੀ ਮੋਹਰ ਕੇਸਾਂ ਲਈ ਤੜਪ, ਮਹਾਰਾਣੀ ਜਿੰਦਾਂ ਦੀ ਦੇ ਰਹੇ ਹਾਂ-

## ਮਹਾਰਾਣੀ ਜਿੰਦਾਂ ਦਾ ਕੇਸਾਂ ਤੇ ਦਸਤਾਰ ਨਾਲ ਪਿਆਰ

ਜਿਸ ਵੇਲੇ ਅੰਗਰੇਜ਼ਾਂ ਨੇ ਸੰਨ ੧੮੪੯ ਨੂੰ ਸਿੱਖ ਰਾਜ ਸਮਾਪਿਤ ਕਰਕੇ, ਛੋਟੀ ਉਮਰ ਦੇ ਮਹਾਰਾਜਾ ਦਲੀਪ ਸਿੰਘ ਨੂੰ ਮਾਂ ਨਾਲੋਂ ਨਿਖੇੜ ਕੇ ਇੰਗਲੈਂਡ ਭੇਜ ਦਿੱਤਾ, ਮਹਾਰਾਣੀ ਜਿੰਦਾ ਨੂੰ ਨੇਪਾਲ ਵਿਚ ਨਜ਼ਰਬੰਦ ਕਰ ਦਿੱਤਾ, ਪੁੱਤਰ ਅਤੇ ਮਾਂ ਦਾ ਵਿਛੋੜਾ ਪਾ ਦਿੱਤਾ ਤਾਂ ਪੁੱਤਰ ਦੇ ਵਿਜੋਗ ਵਿਚ ਮਾਂ ਦੀ ਨਿਗ੍ਹਾ ਚੱਲੀ ਗਈ ਅਤੇ ਮਹਾਰਾਣੀ ਜਿੰਦਾਂ ਅੰਨ੍ਹੀ ਹੋ ਗਈ ਰੋ ਰੋ ਕੇ। ਆਖ਼ਿਰ ਮਾਂ ਦੇ ਵਾਰ-ਵਾਰ ਅਪੀਲਾਂ ਕਰਨ ਤੋਂ (ਪੁੱਤਰ) ਦਲੀਪ ਸਿੰਘ ਨੂੰ ਇੰਗਲੈਂਡ ਤੋਂ ਮਾਂ ਨੂੰ ਮਿਲਾਉਣ ਵਾਸਤੇ ਤਕਰੀਬਨ ੧੦ ਸਾਲ ਬਾਅਦ ਕਲਕੱਤੇ ਲਿਆਂਦਾ ਗਿਆ। ਮਹਾਰਾਣੀ ਜਿੰਦਾਂ ਨੂੰ ਨੇਪਾਲ ਤੋਂ ਪੁੱਤਰ ਦਲੀਪ ਸਿੰਘ ਨੂੰ ਮਿਲਾਉਣ ਵਾਸਤੇ ਕਲਕੱਤੇ ਲਿਆਂਦਾ ਗਿਆ। ਦੋਨੋਂ ਮਾਂ ਪੁੱਤਰ ਇਕੱਠੇ ਹੋਏ। ਪੁੱਤਰ ਦਲੀਪ ਸਿੰਘ ਨੇ ਮਾਂ ਦੇ ਚਰਨੀਂ ਮੱਥਾ ਟੇਕਿਆ ਤੇ ਕਿਹਾ ਮਾਂ ! ਮੈਂ ਤੇਰਾ ਪੁੱਤਰ ਦਲੀਪ ਸਿੰਘ ਹਾਂ। ਅੰਨ੍ਹੀ ਮਾਂ ਮਹਾਰਾਣੀ ਜਿੰਦਾਂ ਨੇ ਪੁੱਤਰ ਦੇ ਸਿਰ 'ਤੇ ਦੋਵੇਂ ਹੱਥ ਰੱਖੇ। ਜਿਸ ਵੇਲੇ ਮਹਾਰਾਣੀ ਜਿੰਦਾਂ ਦੇ ਹੱਥ ਕੱਟੇ ਕੇਸਾਂ 'ਤੇ ਲੱਗੇ ਤੇ ਦਸਤਾਰ ਤੇ ਜੂੜਾ ਨਾ ਪ੍ਰਤੀਤ ਹੋਇਆ ਤਾਂ ਮਹਾਰਾਣੀ ਜਿੰਦਾਂ ਭੁੱਬਾਂ ਮਾਰ-ਮਾਰ ਕੇ ਰੋਈ। ਰੋਂਦਿਆਂ ਹੋਇਆਂ ਕਿਹਾ, ਹੇ ਅੰਮੜੀਏ ! ਰਾਜ ਚਲਾ ਗਿਆ, ਮੈਥੋਂ ਮੇਰਾ ਪਤੀ ਮਹਾਰਾਜਾ ਰਣਜੀਤ ਸਿੰਘ ਖੋਹ ਲਿਆ। ਪੰਜਾਬ ਦੀ ਧਰਤੀ ਖੋਹ ਲਈ, ਪੰਜਾਬ 'ਚ ਮੈਨੂੰ ਨਹੀਂ ਰਹਿਣ ਦਿੱਤਾ, ਪਰ ਇਕ ਗੁਰੂ ਨਾਨਕ ਸਾਹਿਬ ਜੀ ਦੀ ਸਿੱਖੀ ਤਾਂ ਮੇਰੇ ਕੋਲ ਰਹਿਣ ਦਿੰਦੀ। ਧਾਹਾਂ ਮਾਰ-ਮਾਰ ਕੇ ਰੋਂਦਿਆਂ ਇਸ ਤਰ੍ਹਾਂ ਕਹਿ ਰਹੀ ਸੀ : ਹੇ ਹੋਣੀਏ ! ਤੂੰ ਇਸ ਦੁਖਿਆਰੀ ਅੰਨ੍ਹੀ ਮਾਂ ਨਾਲ ਇਸ ਤਰ੍ਹਾਂ ਕਿਉਂ ਕੀਤਾ। ਪੁੱਤਰ ਦੇ ਸਿਰ ਤੋਂ ਜੂੜਾ ਤੇ ਦਸਤਾਰ, ਗੁਰੂ ਨਾਨਕ ਸਾਹਿਬ ਜੀ ਦੀ ਸਿੱਖੀ ਵੀ ਖੋਹ ਲਈ ਹੈ। ਆਖ਼ਿਰ ਪੁੱਤਰ ਦਲੀਪ ਸਿੰਘ ਮਾਂ ਦੀ ਆਤਮਾ ਲੀਰੋ ਲੀਰ ਹੋਈ ਦੇਖ ਕੇ ਮਾਂ ਦੇ ਚਰਨੀ ਡਿੱਗ ਪਿਆ ਤੇ ਪ੍ਰਣ ਕੀਤਾ ਕਿ ਮਾਂ ! ਹੋ ਸਕਦਾ ਹੈ ਗਿਆ ਰਾਜ ਵਾਪਸ ਨਾ ਲਿਆ ਸਕਾਂ, ਪਰ ਮੈਂ ਪ੍ਰਣ ਕਰਦਾ ਹਾਂ ਕਿ ਗਈ ਸਿੱਖੀ ਵਾਪਸ ਲਿਆਵਾਂਗਾ। ਅੱਜ ਤੋਂ ਮਗਰੋਂ ਕੇਸ ਨਹੀਂ ਕੱਟਾਂਗਾ, ਸਿਰ 'ਤੇ ਦਸਤਾਰ ਸਜਾਵਾਂਗਾ। ਕੀਤਾ ਪ੍ਰਣ ਦਲੀਪ ਸਿੰਘ ਨੇ ਪੂਰਾ ਕਰਕੇ ਵਿਖਾਇਆ, ਮਾਂ ਦੀ ਤੜਪ ਰਹੀ ਸਿੱਖੀ ਪ੍ਰਤੀ। ਅੱਜ ਦੀਆਂ ਮਾਵਾਂ ਆਪ ਪੁੱਤਰ ਨੂੰ ਪੈਸੇ ਦੇ ਕੇ ਨਾਈ ਪਾਸ ਭੇਜ ਕੇ ਸਿੱਖੀ ਕਤਲ ਕਰਾਉਂਦੀਆਂ ਹਨ। ਇਸ ਸਿਆਣੇ ਕਵੀ ਨੇ ਮਹਾਰਾਜਾ ਦਲੀਪ ਸਿੰਘ ਤੇ (ਮਾਂ) ਮਹਾਰਾਣੀ ਜਿੰਦਾਂ ਦੇ ਮਿਲਾਪ ਨੂੰ ਬਹੁਤ ਹੀ ਸੁੰਦਰ ਢੰਗ ਨਾਲ ਬਿਆਨ ਕੀਤਾ ਹੈ-

***ਵਿੱਛੜੀ ਜਿੰਦਾਂ ਨੂੰ ਜਦੋਂ ਦਲੀਪ ਮਿਲਿਆ, ਧਾਹਾਂ ਮਾਰ ਸੀ ਰੋਂਦੀ ਮਜਬੂਰ ਮਾਤਾ।***
***ਜੂੜਾ ਪੁੱਤ ਦੇ ਸਿਰ ਨਾ ਵੇਖ ਕੇ ਤੇ, ਹੋ ਗਈ ਟੁੱਟ ਕੇ ਚਕਣਾ ਚੂਰ ਮਾਤਾ।***

***ਅਗੋਂ ਕਿਹਾ ਉਸ ਮਾਂ ਦੇ ਚਰਨ ਫੜ ਕੇ, ਫਰੰਗੀ ਕੀਤਾ ਏ ਸਿੱਖੀ ਤੋਂ ਦੂਰ ਮਾਤਾ।***
***ਅੰਮ੍ਰਿਤ ਛੱਕ ਕੇ ਸੱਜੂੰ ਮੈਂ ਸਿੰਘ ਪੂਰਾ, ਸਹੁੰ ਖਾਂਦਾ ਹਾਂ ਤੇਰੇ ਹਜ਼ੂਰ ਮਾਤਾ।'***

ਸੋ ਅੱਜ ਸਾਡੇ ਨੌਜਵਾਨਾਂ ਦਾ ਕਿੰਨਾ ਬੁਰਾ ਹਾਲ ਹੈ। ਕਿਸ ਤਰ੍ਹਾਂ ਬੋਦਰੀਆਂ ਜੀਆਂ ਰੱਖ ਕੇ ਸਿਰਾਂ 'ਤੇ ਟੋਪੀਆਂ ਲਈਆਂ ਹਨ ਤੇ ਕੰਨਾਂ ਵਿਚ ਮੁਰਕੀਆਂ ਪਾਈ ਫਿਰਦੇ ਹਨ। ਇਨ੍ਹਾਂ ਨੂੰ ਉਹ ਲਹੂ ਭਿੱਜਿਆ ਇਤਿਹਾਸ ਭੁੱਲ ਗਿਆ ਹੈ, ਜਦੋਂ ਸਿੰਘਾਂ ਨੇ ਸਿੱਖੀ ਲਈ ਬੰਦ-ਬੰਦ ਕਟਾਵਾਇਆ, ਆਰਿਆਂ ਨਾਲ ਚੀਰੇ ਗਏ, ਖੋਪਰੀਆਂ ਲੁਹਾਈਆਂ, ਪਰ ਸਿੱਖੀ ਸਿਦਕ ਕੇਸਾਂ ਸੁਵਾਸਾਂ ਨਾਲ ਨਿਭਾਇਆ ਸੀ।

ਇਸ ਸੰਬੰਧ ਵਿਚ ਵੀ ਬੜਾ ਸੁੰਦਰ ਲਿਖਿਆ ਹੈ-

***ਭੁੱਲੇ ਭਟਕੇ ਅੱਜ ਨੌਜਵਾਨ ਸਾਡੇ,***
***ਪਾਵਨ ਕੇਸਾਂ ਨੂੰ ਕਤਲ ਕਰਾਈ ਫਿਰਦੇ।***
***ਕੇਸਾਂ ਸਵਾਸਾਂ ਨਾਲ ਸਿੱਖੀ ਨਿਭਾਉਣ ਵਾਲਾ,***
***ਲਹੂ ਭਿੱਜਾ ਇਤਿਹਾਸ ਭੁਲਾਈ ਫਿਰਦੇ।***
***ਕੋਈ ਗੱਭਰੂ ਸਿਰਾਂ 'ਤੇ ਬੰਨ੍ਹ ਪੱਟਕੇ,***
***ਇਸੇ ਵਿਚ ਹੀ ਸਮਝੀ ਵਡਿਆਈ ਫਿਰਦੇ।***
***ਸਿਰ ਸ਼ਰਮ ਨਾਲ ਜਾਂਦਾ ਏ ਝੁਕ (ਜਾਚਕ),***
***ਲੰਘਦੇ ਤੱਕੀ ਦਾ ਜਦੋਂ ਬਜ਼ਾਰ ਵਿਚੋਂ।***
***ਪੱਟਕੇ ਵਿਚ ਸਰਦਾਰੀ ਤਾਂ ਬੋਲਦੀ ਨਹੀਂ,***
***ਇਹ ਬੋਲਦੀ ਸਿਰਫ਼ ਦਸਤਾਰ ਵਿਚੋਂ।***

ਸੋਰਠਿ ਮਹਲਾ ੫ ਘਰੁ ੨ ॥ ਮਾਤ ਗਰਭ ਮਹਿ ਆਪਨ ਸਿਮਰਨੁ ਦੇ ਤਹ ਤੁਮ ਰਾਖਨਹਾਰੇ ॥ ਪਾਵਕ ਸਾਗਰ ਅਥਾਹ ਲਹਰਿ ਮਹਿ ਤਾਰਹੁ ਤਾਰਨਹਾਰੇ ॥ ੧ ॥ ਮਾਧੌ ਤੂ ਠਾਕੁਰੁ ਸਿਰਿ ਮੋਰਾ ॥ ਈਹਾ ਊਹਾ ਤੁਹਾਰੋ ਧੋਰਾ ॥ ਰਹਾਉ ॥ ਕੀਤੇ ਕਉ ਮੇਰੈ ਸੰਮਾਨੈ ਕਰਣਹਾਰੁ ਤ੍ਰਿਣੁ ਜਾਨੈ ॥ ਤੂ ਦਾਤਾ ਮਾਗਨ ਕਉ ਸਗਲੀ ਦਾਨੁ ਦੇਹਿ ਪ੍ਰਭ ਭਾਨੈ ॥ ੨ ॥ ਖਿਨ ਮਹਿ ਅਵਰੁ ਖਿਨੈ ਮਹਿ ਅਵਰਾ ਅਚਰਜ ਚਲਤ ਤੁਮਾਰੇ ॥ ਰੂੜੋ ਗੂੜੋ ਗਹਿਰ ਗੰਭੀਰੋ ਊਚੌ ਅਗਮ ਅਪਾਰੇ ॥ ੩ ॥ ਸਾਧਸੰਗਿ ਜਉ ਤੁਮਹਿ ਮਿਲਾਇਓ ਤਉ ਸੁਨੀ ਤੁਮਾਰੀ ਬਾਣੀ ॥ ਅਨਦੁ ਭਇਆ ਪੇਖਤ ਹੀ ਨਾਨਕ ਪ੍ਰਤਾਪ ਪੁਰਖ ਨਿਰਬਾਣੀ ॥ ੪ ॥ ੭ ॥ ੧੮ ॥

## ਪਦ ਅਰਥ :

ਦੇ-ਦੇ ਕੇ। ਤਹ-ਉਥੇ (ਭਾਵ ਮਾਂ ਦੇ ਗਰਭ ਵਿਚ)। ਪਾਵਕ ਸਾਗਰ ਮਹਿ- ਅੱਗ ਦੇ ਸਮੁੰਦਰ ਵਿਚ। ਤਾਰਹੁ-ਤਾਰ ਲਵੋ। ਤਾਰਨਹਾਰੇ-ਹੇ ਤਾਰਨ ਵਾਲੇ (ਪ੍ਰਭੂ !)। ਸਿਰਿ ਮੋਰਾ-ਮੇਰੇ ਸਿਰ ਉੱਤੇ। ਧੋਰਾ-ਆਸਰਾ। ਕੀਤੇ ਕਉ-ਪੈਦਾ ਕੀਤੇ ਹੋਏ (ਜੀਵਾਂ) ਨੂੰ। ਮੇਰੈ ਸੰਮਾਨੈ-ਪਹਾੜ ਦੇ ਬਰਾਬਰ (ਵੱਡਾ ਮੰਨਦਾ ਹੈ)। ਕਰਣਹਾਰੁ-ਪੈਦਾ ਕਰਨ ਵਾਲੇ ਨੂੰ। ਤ੍ਰਿਣ ਜਾਣੈ-ਘਾਹ (ਦੇ ਤੀਲੇ ਸਮਾਨ ਤੁੱਛ ਜਿਹਾ) ਜਾਣਦਾ ਹੈ। ਸਗਲੀ-ਸਾਰੀ (ਸ੍ਰਿਸ਼ਟੀ। ਦਾਨੁ ਦੇਹਿ-ਦਾਨ ਦੇਂਦਾ ਹੈ। ਪ੍ਰਭ-ਹੇ ਪ੍ਰਭੂ ! । ਭਾਨੈ-(ਆਪਣੀ) ਇੱਛਾ ਅਨੁਸਾਰ। ਅਵਰੁ-ਹੋਰ। ਅਚਰਜ ਚਲਤ-ਅਜੀਬ ਕੌਤਕ। ਰੂੜੋ-ਸੁੰਦਰ। ਗੂੜੋ-ਗੁੱਝਾ। ਗਹਿਰ-ਡੂੰਘਾ, ਅਥਾਹ। ਗੰਭੀਰੋ-ਧੀਰਜ ਵਾਲਾ, ਸੰਜੀਦਾ। ਊਚੌ-ਉੱਚਾ। ਅਗਮ-ਅਪਹੁੰਚ। ਅਪਾਰੇ-ਪਾਰ ਤੋਂ ਰਹਿਤ, ਬੇਅੰਤ। ਸਾਧਸੰਗਿ-ਸਾਧ ਸੰਗਤ ਨਾਲ। ਪੇਖਤ ਹੀ-ਵੇਖਦਿਆਂ ਹੀ। ਪੁਰਖ-ਸਰਬ ਵਿਆਪਕ ਪਭੂ। ਨਿਰਬਾਣੀ-ਵਾਸ਼ਨਾ ਤੋਂ ਰਹਿਤ (ਹਰੀ)।

## ਅਰਥ :

(ਹੇ ਪ੍ਰਭੂ ਜੀ ! ਜਿਸ ਤਰ੍ਹਾਂ) ਤੁਸੀਂ ਮਾਤਾ ਦੇ ਉਦਰ (ਪੇਟ) ਵਿਚ ਆਪਣਾ ਸਿਮਰਨ ਦੇ ਕੇ ਉਥੇ ਰੱਖਿਆ ਕਰਨ ਵਾਲੇ ਬਣੇ ਸੀ, ਇਸ ਤਰ੍ਹਾਂ ਇਥੇ ਹੁਣ, ਹੇ ਤਾਰਣ ਵਾਲੇ ਪ੍ਰਭੂ ਜੀ, ਆਪ ਸਾਨੂੰ ਕਾਮ ਕਰੋਧ ਆਦਿ ਵਿਕਾਰਾਂ ਦੀ ਅੱਗ ਦੇ ਅਥਾਹ ਸਮੁੰਦਰ ਦੀਆਂ ਲਹਿਰਾਂ ਵਿਚੋਂ ਤਾਰ ਲਵੋ (ਭਾਵ ਬਚਾ ਲਵੋ। ੧। ਹੇ ਮਾਇਆ ਪਤੀ (ਪ੍ਰਮੇਸ਼ਰ) ! ਤੂੰ ਮੇਰੇ ਸਿਰ ਉੱਤੇ (ਮੇਰਾ) ਮਾਲਕ (ਰੱਖਿਆ ਕਰਨ ਵਾਲਾ ਹੈਂ।) ਈਹਾ=ਇਸ ਲੋਕ ਵਿਚ, ਊਹਾ=ਪ੍ਰੋਲਕ ਵਿਚ ਮੈਨੂੰ ਤੁਹਾਡਾ ਹੀ ਆਸਰਾ ਹੈ। ਰਹਾਉ। ਹੇ ਪ੍ਰਭੂ ! (ਇਹ ਮੂਰਖ ਜੀਵ) ਤੇਰੀ ਪੈਦਾ ਕੀਤੀ ਰਚਨਾ ਨੂੰ ਪਹਾੜ ਤਰ੍ਹਾਂ ਸਮਝਦਾ ਹੈ ਅਤੇ (ਤੂੰ ਜੋ) ਪੈਦਾ ਕਰਨ ਵਾਲਾ ਹੈਂ, ਤੈਨੂੰ ਘਾਹ ਦੇ (ਤੀਲੇ ਸਮਾਨ ਤੁੱਛ ਜਿਹਾ) ਸਮਝਦਾ ਹੈ। ਹੇ ਪ੍ਰਭੂ ! ਤੂੰ ਸਭ ਪਦਾਰਥ ਦੇਣ ਵਾਲਾ ਦਾਤਾ ਹੈਂ, ਸਾਰੀ ਸ਼੍ਰਿਸਟੀ ਤੇਰੇ ਪਾਸੋਂ ਦਾਤਾਂ ਮੰਗਣ ਵਾਲੀ ਹੈ, (ਪਰ) ਹੇ ਪ੍ਰਭੂ ਜੀ ! ਤੂੰ ਆਪਣੀ ਇੱਛਾ ਅਨੁਸਾਰ (ਸਭ ਨੂੰ) ਦਾਨ ਦਿੰਦਾ ਹੈਂ। ੨। (ਹੇ ਮਾਲਕ) ! ਤੂੰ ਇਕ ਛਿਨ ਵਿਚ ਹੋਰ (ਕਰਦਾ ਹੈਂ ਅਤੇ ਦੂਜੀ) ਛਿਨ ਵਿਚ ਕੁਝ ਹੋਰ (ਕਰਦਾ ਹੈਂ ਇਹ) ਤੇਰੇ ਅਸਚਰਜ ਕੌਤਕ ਹਨ। (ਤੂੰ) ਸੁੰਦਰ, ਗੁੱਝਾ, ਡੂੰਘਾ, ਅਥਾਹ ਅਤੇ ਧੀਰਜ ਵਾਲਾ ਹੈਂ, ਉੱਚਾ ਪਹੁੰਚ ਤੋਂ ਪਰੇ, ਪਾਰ ਤੋਂ ਰਹਿਤ (ਭਾਵ ਬੇਅੰਤ ਹੈਂ। ੩। ( ਹੇ ਪ੍ਰਭੂ ਜੀ !) ਜਿਸ ਵੇਲੇ ਤੁਸਾਂ (ਸਾਨੂੰ) ਸਾਧ ਸੰਗਤ ਨਾਲ ਮਿਲਾਇਆ ਤਾਂ (ਅਸੀਂ) ਆਪ ਜੀ ਦੀ (ਸਿਫ਼ਤ ਸਾਲਾਹ ਵਾਲੀ) ਨਾਮ ਰੂਪ ਬਾਣੀ ਸੁਣੀ। ਨਾਨਕ (ਗੁਰੂ ਜੀ ਕਥਨ ਕਰਦੇ ਹਨ ਕਿ) ਵਾਸ਼ਨਾ ਤੋਂ ਰਹਿਤ (ਨਿਰਲੇਪ) ਸਰਬ ਵਿਆਪਕ (ਪ੍ਰਭੂ ਪ੍ਰਮਾਤਮਾ ਦਾ) ਪਰਤਾਪ ਵੇਖਕੇ (ਸਾਨੂੰ) ਅਨੰਦ ਪ੍ਰਾਪਤ ਹੋ ਗਿਆ ਹੈ। ੪। ੭। ੧੮।

## ਵਿਆਖਿਆ ਤੇ ਸਾਰੰਸ਼ :

ਸ਼ਬਦ ਦੇ ਅਖ਼ੀਰਲੇ ਪਦੇ ਅੰਦਰ ਸੰਗਤ ਵਿਚ ਮਿਲ ਕੇ ਨਾਮ ਬਾਣੀ ਦੇ ਅਭਿਆਸ ਰਾਹੀਂ ਪ੍ਰਭੂ ਦੇ ਦਰਸ਼ਨ ਤੇ ਅਨੰਦ ਦੀ ਪ੍ਰਾਪਤੀ ਦਰਸਾਈ ਹੈ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਸ੍ਰੀ ਮੁਖਵਾਕ ਨੰਬਰ ੫੫ (ਅੰਗ ੬੧੫)

ਸੋਰਠਿ ਮਹਲਾ ੫ ॥ ਪ੍ਰਭ ਕੀ ਸਰਣਿ ਸਗਲ ਭੈ ਲਾਥੇ ਦੁਖ ਬਿਨਸੇ ਸੁਖੁ ਪਾਇਆ ॥ ਦਇਆਲੁ ਹੋਆ ਪਾਰਬ੍ਰਹਮੁ ਸੁਆਮੀ ਪੂਰਾ ਸਤਿਗੁਰੁ ਧਿਆਇਆ ॥ ੧ ॥ ਪ੍ਰਭ ਜੀਉ ਤੂ ਮੇਰੋ ਸਾਹਿਬੁ ਦਾਤਾ ॥ ਕਰਿ ਕਿਰਪਾ ਪ੍ਰਭ ਦੀਨ ਦਇਆਲਾ ਗੁਣ ਗਾਵਉ ਰੰਗਿ ਰਾਤਾ ॥ ਰਹਾਉ ॥ ਸਤਿਗੁਰਿ ਨਾਮੁ ਨਿਧਾਨੁ ਦ੍ਰਿੜਾਇਆ ਚਿੰਤਾ ਸਗਲ ਬਿਨਾਸੀ ॥ ਕਰਿ ਕਿਰਪਾ ਅਪੁਨੋ ਕਰਿ ਲੀਨਾ ਮਨਿ ਵਸਿਆ ਅਬਿਨਾਸੀ ॥ ੨ ॥ ਤਾ ਕਉ ਬਿਘਨੁ ਨ ਕੋਊ ਲਾਗੈ ਜੋ ਸਤਿਗੁਰਿ ਅਪੁਨੈ ਰਾਖੇ ॥ ਚਰਨ ਕਮਲ ਬਸੇ ਰਿਦ ਅੰਤਰਿ ਅੰਮ੍ਰਿਤ ਹਰਿ ਰਸੁ ਚਾਖੇ ॥ ੩ ॥ ਕਰਿ ਸੇਵਾ ਸੇਵਕ ਪ੍ਰਭ ਅਪੁਨੇ ਜਿਨਿ ਮਨ ਕੀ ਇਛ ਪੁਜਾਈ ॥ ਨਾਨਕ ਦਾਸ ਤਾ ਕੈ ਬਲਿਹਾਰੈ ਜਿਨਿ ਪੂਰਨ ਪੈਜ ਰਖਾਈ ॥ ੪ ॥ ੧੪ ॥ ੨੫ ॥

# ਪ੍ਰਾਕ੍ਥਨ:-

ਪਰਮ ਕਿਰਪਾਲੂ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਉਚਾਰਨ ਕੀਤਾ ਹੋਇਆ ਪਾਵਨ ਸ੍ਰੀ ਮੁਖਵਾਕ ਆਪ ਸੰਗਤਾਂ ਨੇ ਸ੍ਰਵਣ ਕੀਤਾ ਹੈ। ਆਉ ਇਸ ਸ਼ਬਦ ਦੀ ਵੀਚਾਰ ਸ੍ਰਵਨ ਕਰੀਏ। ਇਸ ਸ਼ਬਦ ਦੀ ਆਰੰਭਤਾ ਦੀ ਪਹਿਲੀ ਪੰਗਤੀ ਹੈ-

***ਪ੍ਰਭਿ ਕੀ ਸਰਣਿ ਸਗਲ ਭੈ ਲਾਥੇ ਦੁਖ ਬਿਨਸੇ ਸੁਖੁ ਪਾਇਆ॥***

ਇਸ ਪੰਗਤੀ ਅੰਦਰ ਸੱਚੇ ਸਾਹਿਬ ਜੀ ਨੇ ਪ੍ਰਭੂ ਦੀ ਸ਼ਰਣ ਅੰਦਰ ਆਇਆ ''ਸਗਲ ਭੈ ਲਾਥੇ'' ਅਤੇ ''ਦੁਖ ਬਿਨਸੇ ਸੁਖੁ ਪਾਇਆ॥'' ਕਿਹਾ ਹੈ।

## ਵਿਸ਼ਾ — ਭਉ ਨ ਵਿਆਪੈ ਤੇਰੀ ਸ਼ਰਣਾ

ਭੈ, ਪੰਜਾਬੀ ਭਾਸ਼ਾ ਦਾ ਸ਼ਬਦ ਹੈ, ਸੰਸਕ੍ਰਿਤ ਵਿਚ ਇਸ ਦਾ ਰੂਪ ਹੈ 'ਭਯ'। ਇਸ ਦੇ ਸਮ ਅਰਥਾਂ ਵਿਚ ਹੋਰ ਨਾਮ ਹਨ-ਡਰ, ਖ਼ੌਫ਼, ਸਹਿਮ, ਭਉ। ਇਕ ਸੰਸਾਰਿਕ ਭੈ ਅਤੇ ਦੂਜਾ ਵਾਸਤਵਿਕ ਪ੍ਰਮਾਤਮਾ ਦਾ ਭੈ ਹੈ। ਪਹਿਲਾਂ ਸੰਸਾਰਿਕ ਭੈ ਖ਼ਤਰਿਆਂ, ਦੁੱਖਾਂ, ਤਕਲੀਫ਼ਾਂ ਤੋਂ ਪੈਦਾ ਹੁੰਦਾ ਹੈ। ਇਸ ਨੂੰ ਦੁਨਿਆਵੀ ਭੈ ਜਾਂ ਸਾਧਾਰਣ ਭੈ ਵੀ ਕਿਹਾ ਜਾ ਸਕਦਾ ਹੈ। ਦੂਸਰਾ ਵਾਸਤਵਿਕ ਭੈ ਹੈ। ਇਸ ਦਾ ਸੰਬੰਧ ਪ੍ਰਮਾਤਮਾ ਦੇ ਹੁਕਮ, ਰਜ਼ਾ, ਜਾਂ ਭਾਣੇ ਵਿਚ ਚੱਲਣ ਨਾਲ ਹੈ। ਇਸ ਵਿਚ ਆਪਣੀ ਤੁੱਛਤਾ ਅਤੇ ਆਪਣੇ ਵਿਚ ਦੋਸ਼ ਵੇਖਣ ਦੀ ਰੁੱਚੀ ਦਾ ਸਥਾਨ ਵੀ ਹੈ।

ਇਸ ਵਾਸਤਵਿਕ ਭੈ ਨੂੰ ਸੋਢੀ ਪਾਤਸ਼ਾਹ ਗੁਰੂ ਰਾਮਦਾਸ ਜੀ ਨੇ ਨਿਰਮਲ ਭਉ ਦੱਸਿਆ ਹੈ।

***ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਖੈ ਰਾਮੁ ਹਦੂਰੇ॥***

(ਅੰਗ ੭੭੪)

ਇਸਲਾਮ ਧਰਮ ਅਨੁਸਾਰ, 'ਕੁਰਾਨ ਸ਼ਰੀਫ਼' ਵਿਚ ਖ਼ੁਦਾ ਤੋਂ ਡਰਦੇ ਰਹਿਣ ਲਈ ਚੇਤਾਵਨੀ ਦਿੱਤੀ ਗਈ ਹੈ ਮਾਨੁਖ ਨੂੰ ਕਿ ਮਾੜੇ ਕਰਮ ਕਰਨ ਵਾਲਿਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਂਦੀਆਂ ਹਨ। ਇਸਲਾਮ ਧਰਮ ਵਿਚ ਰੱਬ ਦਾ ਸੰਕਲਪ 'ਜਬਾਰ' (ਜਬਰ ਵਾਲਾ) ਅਤੇ 'ਕਹਾਰ' (ਕਹਿਰ ਵਾਲਾ) ਹੈ, ਜਿਸ ਤੋਂ ਭੈ ਦੀ ਉੱਤਪਤੀ ਹੋਣੀ ਸੁਭਾਵਿਕ ਹੈ। ਗੁਰਬਾਣੀ ਅਨੁਸਾਰ ਰੱਬ ਦਾ ਜੋ ਭੈ ਦੱਸਿਆ ਹੈ, ਇਸ ਤੋਂ ਭਾਵ ਹੈ ਕਿ ਸੰਸਾਰਿਕ ਕਾਰਜ-ਵਿਧਾਨ ਦੇ ਅਨੁਸ਼ਾਸਨ ਜਾਂ ਮਰਯਾਦਾ ਵਿਚ ਰਹਿਣਾ ਅਤੇ ਉਸ ਨੂੰ ਸਿਰ ਮੱਥੇ ਮੰਨ ਕੇ ਸੰਸਾਰਿਕ ਯਾਤਰਾ ਕਰਨੀ। ਇਸ ਤਰ੍ਹਾਂ ਦੇ ਭੈ ਵਿਚ ਅਸਲੋਂ ਸਾਰੀ ਸ੍ਰਿਸ਼ਟੀ, ਸਾਰਾ ਬ੍ਰਹਿਮੰਡ, ਸਾਰੀ ਸੰਸਾਰਿਕ ਗਤੀ-ਵਿਧੀ, ਸਾਰੀ ਮਖ਼ਲੂਕ ਅਦਬ ਸਤਿਕਾਰ ਵਿਚ ਖੜੋਤੀ ਪਾਲਨਾ ਕਰਨ ਲਈ ਤਤਪਰ ਹੈ। ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਭਾਵ ਨੂੰ ਪ੍ਰਗਟ ਕਰਦਿਆਂ ਆਸਾ ਕੀ ਵਾਰ ਅੰਦਰ ਅੰਮ੍ਰਿਤ ਬਚਨ ਉਚਾਰਨ ਕੀਤੇ ਹਨ-

*ਭੈ ਵਿਚਿ ਪਵਣੁ ਵਹੈ ਸਦਵਾਉ॥ ਭੈ ਵਿਚਿ ਚਲਹਿ ਲਖ ਦਰੀਆਉ॥*
*ਭੈ ਵਿਚਿ ਅਗਨਿ ਕਢੈ ਵੇਗਾਰਿ॥ ਭੈ ਵਿਚਿ ਧਰਤੀ ਦਬੀ ਭਾਰਿ॥*
*ਭੈ ਵਿਚਿ ਇੰਦੁ ਫਿਰੈ ਸਿਰ ਭਾਰਿ॥ ਭੈ ਵਿਚਿ ਰਾਜਾ ਧਰਮ ਦੁਆਰੁ॥*
*ਭੈ ਵਿਚਿ ਸੂਰਜੁ ਭੈ ਵਿਚਿ ਚੰਦੁ॥ ਕੋਹ ਕਰੋੜੀ ਚਲਤ ਨ ਅੰਤੁ॥*
*ਭੈ ਵਿਚਿ ਸਿਧ ਬੁਧ ਸੁਰ ਨਾਥ॥ ਭੈ ਵਿਚਿ ਆਡਾਣੇ ਆਕਾਸ॥*
*ਭੈ ਵਿਚਿ ਜੋਧ ਮਹਾਬਲ ਸੂਰ॥ ਭੈ ਵਿਚਿ ਆਵਹਿ ਜਾਵਹਿ ਪੂਰ॥*
*ਸਗਲਿਆ ਭਉ ਲਿਖਿਆ ਸਿਰਿ ਲੇਖੁ॥ ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ॥੧॥*

(ਅੰਗ ੪੬੪)

ਜੋ ਸੰਸਾਰਿਕ ਭੈ ਹੈ, ਜਿਸ ਨੂੰ ਦੁਨਿਆਵੀ ਭੈ ਜਾਂ ਸਾਧਾਰਣ ਭੈ ਦੱਸਿਆ ਹੈ, ਇਸ ਨੂੰ ਸਿਆਣੇ ਵਿਦਵਾਨਾਂ ਨੇ ਸੱਤ ਤਰ੍ਹਾਂ ਦਾ ਕਥਨ ਕੀਤਾ ਹੈ:

## ਸੱਤ ਪ੍ਰਕਾਰ ਦਾ ਭੈ :

੧. ਯਹ ਭੈ—ਇਸ ਸੰਸਾਰ ਅੰਦਰ ਜਿਤਨੇ ਛੋਟੇ ਵੱਡੇ ਜੀਅ ਜੰਤ ਹਨ ਸਾਰੇ ਦੇ ਸਾਰੇ ਇਕ ਦੂਜੇ ਦੇ ਭੈ ਵਿਚ ਹਨ। ਜਿਸ ਤਰ੍ਹਾਂ ਜੰਗਲੀ ਜਾਨਵਰਾਂ ਨੂੰ ਸ਼ੇਰ ਦਾ ਭੈ ਬਣਿਆ ਰਹਿੰਦਾ ਹੈ। ਇਸ ਤਰ੍ਹਾਂ ਸਾਰੇ ਜਾਨਵਰ ਆਪ ਤੋਂ ਤਕੜੇ ਤੋਂ ਡਰਦੇ ਰਹਿੰਦੇ ਹਨ। ਮਨੁੱਖ ਮਾਤਰ ਨੂੰ ਵੀ ਇਸ ਤਰ੍ਹਾਂ ਦਾ ਭੈ ਬਣਿਆ ਹੀ ਰਹਿੰਦਾ ਹੈ।

੨. ਪ੍ਰਲੋਕ ਭੈ—ਪ੍ਰਲੋਕ ਅੰਦਰ, ਧਾਰਮਿਕ ਸ਼ਾਸਤ੍ਰਾਂ ਅਤੇ ਗੁਰਬਾਣੀ ਅਨੁਸਾਰ, ਜੀਵ ਦੇ ਕੀਤੇ ਮਾੜੇ ਕਰਮਾਂ ਅਨੁਸਾਰ ਇਸ ਨੂੰ ਸਜ਼ਾਵਾਂ ਦਿੱਤੀਆਂ ਜਾਂਦੀਆਂ ਹਨ :

*ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ॥*
*ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ॥*

(ਅੰਗ ੧੪੨੫)

*ਪਾਪ ਕਰੇਦੜ ਸਰਪਰ ਮੁਠੇ॥ ਅਜਰਾਈਲਿ ਫੜੇ ਫੜਿ ਕੁਠੇ॥*
*ਦੋਜਕਿ ਪਾਏ ਸਿਰਜਣਹਾਰੈ ਲੇਖਾ ਮੰਗੈ ਬਾਣੀਆ॥*

(ਅੰਗ ੧੦੧੯-੨੦)

੩. ਜਨਮ ਵੇਦਨਾ—ਜਨਮ ਸਮੇਂ ਦੀ ਪੀੜਾ ਦਾ ਭੈ ਧਾਰਮਿਕ ਸ਼ਾਸਤ੍ਰਾਂ ਅੰਦਰ, ਜਨਮ ਸਮੇਂ ਦੇ ਕਸ਼ਟਾਂ ਨੂੰ ਸੱਤਰ ਹਜ਼ਾਰ ਬਿਛੂ ਦੇ ਡੰਗ ਮਾਰਨ ਜਿਤਨਾ ਕਸ਼ਟ ਦਸਿਆ ਹੈ। ਇਕ ਬਿਛੂ ਪੱਥਰ 'ਤੇ ਡੰਗ ਮਾਰੇ ਤਾਂ ਉਹ ਪੱਥਰ ਸੰਖੀਆ=ਜ਼ਹਿਰ ਬਣ ਜਾਂਦਾ ਹੈ। ਰੱਬ ਦੇ ਪਿਆਰੇ ਸੰਤ ਭਗਤ ਇਸ ਜਨਮ-ਪੀੜਾ

ਤੋਂ ਬਚਣ ਵਾਸਤੇ ਬੰਦਗੀ ਵਿਚ ਜੁੜੇ ਰਹਿੰਦੇ ਹਨ, ਕਿ ਵਾਰ-ਵਾਰ ਜਨਮ ਨਾ ਹੋਵੇ।

੪. ਜਾਤਿ-ਜਾਤੀ ਦਾ ਭੈ— ਕਈ ਵਾਰ ਇਕ ਜਾਤੀ ਦੇ ਜੀਆਂ ਨੂੰ ਕਿਸੇ ਆ ਪਈ ਆਫ਼ਤ ਸਮੇਂ ਭੈ ਬਣ ਆਉਂਦਾ ਹੈ। ਜਿਸ ਤਰ੍ਹਾਂ ਔਰੰਗਜ਼ੇਬ ਬਾਦਸ਼ਾਹ ਨੇ ਬ੍ਰਾਹਮਣ ਜਾਤੀ ਨੂੰ ਭੈ ਦਿੱਤਾ ਸੀ। ਕਸ਼ਮੀਰੀ ਬ੍ਰਾਹਮਣ ਇਕੱਠੇ ਹੋ ਕੇ ਗੁਰੂ ਤੇਗ਼ ਬਹਾਦਰ ਜੀ ਦੀ ਸ਼ਰਣ ਵਿਚ ਅਨੰਦਪੁਰ ਆਏ ਸਨ। ਇਹ ਪ੍ਰਸੰਗ ਪੜ੍ਹੋ ਦਾਸ ਦੀ ਲਿਖੀ ਪੁਸਤਕ, ਸ੍ਰੀ ਮੁਖਵਾਕ ਨੰਬਰ ੧੧ (ਭਾਗ ਪਹਿਲਾ) ਪੰਨਾ ੨੧੯ 'ਤੇ।

੫. ਅਨਰੱਖਿਆ ਭੈ— ਜਿਥੇ ਕੋਈ ਵੀ ਜੀਵ ਦੀ ਰੱਖਿਆ ਨਹੀਂ ਕਰ ਸਕਦਾ, ਉਥੋਂ ਦਾ ਭੈ ਬਣਿਆ ਰਹਿਣਾ ਕਿ ਉਥੇ ਮੇਰੀ ਕੋਈ ਰੱਖਿਆ ਨਹੀਂ ਕਰ ਸਕਦਾ।

***ਜਹ ਮਾਤ ਪਿਤਾ ਸੁਤ ਮੀਤ ਨ ਭਾਈ॥ ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥***

(ਅੰਗ ੨੬੪)

੬. ਗੁਪਤ ਭੈ— ਜੈਸੇ ਘਾਹ ਆਦਿ ਕੱਖਾਂ ਵਿਚ ਤੁਰੇ ਫਿਰਦਿਆਂ ਸਰਪ ਆਦਿ ਜੀਅ ਜੰਤ ਦਾ ਮਨੁੱਖ ਦੇ ਮਨ ਵਿਚ ਗੁਪਤ ਭੈ ਬਣਿਆ ਰਹਿੰਦਾ ਹੈ। ਜਾਂ ਰਾਤ ਦੇ ਸਮੇਂ ਹਨੇਰੇ ਅੰਦਰ ਮਨੁੱਖ ਦੇ ਮਨ ਵਿਚ ਗੁਪਤ ਭੈ ਬਣਿਆ ਰਹਿੰਦਾ ਹੈ।

੭. ਅਕਸਮਾਤ੍ਰ ਭੈ—ਅਚਾਨਕ ਕੋਈ ਘਟਨਾ ਵਾਪਰਨ ਦਾ ਭੈ ਬਣੇ ਰਹਿਣਾ। ਜੈਸੇ ਕਿਸੇ ਕਾਰ ਆਦਿ ਗੱਡੀ ਵਿਚ ਸਫ਼ਰ ਕਰਨ ਸਮੇਂ ਐਕਸੀਡੈਂਟ ਹੋਣ ਦਾ ਮਨ ਅੰਦਰ ਭੈ ਬਣੇ ਰਹਿਣਾ।

***ਯਹ ਭੈ ਪ੍ਰਲੋਕ ਭੈ ਜਨਮ ਬੇਦਨਾ ਜਾਤਿ॥***
***ਅਨਰੱਖਿਆ ਅਰ ਗੁਪਤ ਭੈ ਅਕਸਮਾਤ੍ਰ ਭੈ ਸਾਤ॥***

ਇਹ ਸੱਤ ਤਰ੍ਹਾਂ ਦਾ ਸੰਸਾਰਿਕ ਦੁਨਿਆਵੀ ਭੈ ਮੰਨਿਆ ਹੈ। ਇਸ ਤੋਂ ਬਿਨਾਂ ਇਕ ਮੌਤ ਦਾ ਭੈ ਹੈ ਜੋ ਸਭ ਨੂੰ ਵਿਆਪ ਰਿਹਾ ਹੈ। ਮੌਤ ਤੋਂ ਤਾਂ ਸਭ ਕੋਈ ਡਰਦਾ ਹੈ। ਗੁਰਦੇਵ ਦਾ ਫ਼ੁਰਮਾਣ ਹੈ-

***ਮਰਣੈ ਤੇ ਜਗਤੁ ਡਰੈ ਜੀਵਿਆ ਲੋੜੈ ਸਭੁ ਕੋਇ॥***

(ਅੰਗ ੫੫੫)

***ਜਗਿ ਮਰਣੁ ਨ ਭਾਇਆ ਨਿਤ ਆਪੁ ਲੁਕਾਇਆ ਮਤ ਜਮੁ ਪਕਰੈ ਲੈ ਜਾਇ ਜੀਉ॥੨॥***

(ਅੰਗ ੪੪੭)

ਇਸ ਲਈ ਮਰਨਾ ਕਿਸੇ ਨੂੰ ਵੀ ਚੰਗਾ ਨਹੀਂ ਲੱਗਦਾ। ਸਭ ਕੋਈ ਜੀਊਣਾ ਚਾਹੁੰਦਾ ਹੈ। ਪਰ ਜਿਤਨਾ ਕੋਈ ਮਰਜ਼ੀ ਯਤਨ ਕਰ ਲਵੇ, ਮਰਣ ਤੋਂ ਕੋਈ ਬਚ ਨਹੀਂ ਸਕਦਾ।

ਮੌਤ ਦਾ ਨਾਮ ਸੁਣ ਕੇ ਮਨੁੱਖ ਘਬਰਾਉਂਦਾ ਹੈ, ਜਤਨ ਕਰਦਾ ਹੈ ਕਿ ਮੈਂ ਉਸ ਜਗ੍ਹਾ ਚਲਿਆ ਜਾਵਾਂ ਜਿਥੇ ਮੌਤ ਨਾ ਆ ਸਕੇ, ਪਰ ਮੌਤ ਉਥੋਂ ਵੀ ਲੱਭ ਲੈਂਦੀ ਹੈ।

# ਸਾਖੀ—ਮੌਤ ਦਾ ਫ਼ਰਿਸ਼ਤਾ

ਜ਼ਿਕਰ ਆਉਂਦਾ ਹੈ ਕਿ ਇਕ ਚੰਗੇ ਮਹਾਤਮਾ ਦਾ ਚੇਲਾ ਸੀ। ਸਵੇਰ ਨੂੰ ਸੈਰ ਕਰਨ ਵਾਸਤੇ ਘਰੋਂ ਬਾਹਰ ਨਿਕਲਿਆ। ਆਪਣੇ ਆਨੰਦ ਨਾਲ ਚਲਿਆ ਜਾ ਰਿਹਾ ਸੀ ਕਿ ਇਕ ਅਚਨਚੇਤ ਫ਼ਰਿਸ਼ਤੇ ਨੇ ਉਸ ਦੇ ਕੰਧੇ 'ਤੇ ਆ ਕੇ ਹੱਥ ਰੱਖਿਆ ਤੇ ਜਦੋਂ ਉਸ ਮਹਾਤਮਾ ਦੇ ਚੇਲੇ ਨੇ ਪਿੱਛੇ ਮੁੜ ਕੇ ਵੇਖਿਆ ਤਾਂ ਉਸ ਫ਼ਰਿਸ਼ਤੇ ਨੇ ਕਿਹਾ ਕਿ ਤੂੰ ਮੇਰੇ ਤੋਂ ਡਰ ਨਾ, ਕਿਉਂਕਿ ਅੱਜ ਤੱਕ ਮੈਂ ਜਿਸ ਕਿਸੇ ਕੋਲ ਵੀ ਆਇਆ ਹਾਂ, ਉਸ ਨੂੰ ਕਦੇ ਵੀ ਮੈਂ ਛੱਡ ਕੇ ਨਹੀਂ ਗਿਆ, ਪਰ ਤੈਨੂੰ ਛੱਡ ਕੇ ਜਾ ਰਿਹਾ ਹਾਂ ਕਿਉਂਕਿ ਤੂੰ ਮਹਾਤਮਾ ਦਾ ਚੇਲਾ ਹੈਂ ਤੇ ਤੈਨੂੰ ਇਹ ਵੀ ਦੱਸ ਦੇਂਦਾ ਹਾਂ ਕਿ ਮੈਂ ਸ਼ਾਮ ਨੂੰ ਤੇਰੇ ਕੋਲ ਆਵਾਂਗਾ ਅਤੇ ਉਸ ਸਮੇਂ ਤੈਨੂੰ ਜੀਊਂਦਾ ਨਹੀਂ ਛੱਡਾਂਗਾ। ਅਗਰ ਤੂੰ ਆਪਣਾ ਬਚਾਅ ਕਰ ਸਕਦਾ ਹੈਂ ਤਾਂ ਕਰ ਲੈ। ਹੁਣ ਤਾਂ ਕੇਵਲ ਮੈਂ ਤੈਨੂੰ ਦੱਸਣ ਹੀ ਆਇਆ ਹਾਂ। ਇੰਨਾ ਕੁਝ ਕਹਿ ਕੇ ਉਹ ਫਿਰ ਤੋਂ ਅਲੋਪ ਹੋ ਗਿਆ। ਉਹ ਚੇਲਾ ਆਪਣੇ ਮਹਾਤਮਾ ਕੋਲ ਚਲਾ ਗਿਆ ਤੇ ਕਹਿਣ ਲੱਗਾ ਕਿ ਮੇਰੀ ਮਦਦ ਕਰੋ। ਅੱਜ ਇਕ ਅਚਨਚੇਤ ਫ਼ਰਿਸ਼ਤਾ ਮੇਰੇ ਕੋਲ ਆਇਆ ਸੀ ਤੇ ਉਹ ਮੈਨੂੰ ਇਹ ਕਹਿ ਗਿਆ ਹੈ ਕਿ ਮੇਰੇ ਦਿਨ ਦੇ ਚਾਰ ਪਹਿਰ ਹੀ ਬਾਕੀ ਬਚੇ ਹਨ, ਅਤੇ ਸ਼ਾਮ ਨੂੰ ਉਸ ਨੇ ਮੈਨੂੰ ਲੈਣ ਵਾਸਤੇ ਆਉਣਾ ਹੈ। ਕਹਿਣ ਲੱਗਾ ਕਿ ਤੂੰ ਭਾਵੇਂ ਜਿਥੇ ਮਰਜ਼ੀ ਚਲਾ ਜਾ, ਤੇਰਾ ਬਚਾਅ ਨਹੀਂ ਹੋ ਸਕਦਾ ਅਤੇ ਨਾਲ ਉਸ ਨੇ ਇਹ ਵੀ ਕਿਹਾ ਕਿ ਤੂੰ ਉਸ ਮਹਾਤਮਾ ਦਾ ਚੇਲਾ ਹੈਂ, ਇਸੇ ਲਈ ਮੈਂ ਤੈਨੂੰ ਦੱਸਣ ਵਾਸਤੇ ਆਇਆ ਹਾਂ, ਨਹੀਂ ਤੇ ਮੈਂ ਕਿਸੇ ਨੂੰ ਵੀ ਨਹੀਂ ਦੱਸਦਾ। ਫਿਰ ਮਹਾਤਮਾ ਕਹਿਣ ਲੱਗਾ ਕਿ ਦੱਸ, ਮੈਂ ਤੇਰੀ ਕੀ ਮੱਦਦ ਕਰਾਂ ? ਪਰ ਚੇਲਾ ਬੇਸਮਝ ਸੀ, ''ਬਿਨ ਹਰਿ ਨਾਮ ਨਾ ਬਚਨ ਪੈ ਹੈ'' ਨਾਮ ਮੰਗਦਾ, ਪਰ ਇਹ ਕਹਿਣ ਲੱਗਾ ਕਿ ਇਹ ਘੋੜਾ ਮੈਨੂੰ ਦੇ ਦੇਵੋ, ਮੈਂ ਇਸ 'ਤੇ ਸਵਾਰ ਹੋ ਕੇ ਦੂਰ ਚਲਾ ਜਾਵਾਂ। ਮਹਾਤਮਾ ਜੀ ਕਹਿਣ ਲੱਗੇ ਠੀਕ ਹੈ, ਤੂੰ ਇਹ ਘੋੜਾ ਲੈ ਜਾ। ਉਹ ਘੋੜਾ ਲੈ ਕੇ ਕਿਤੇ ਦੂਰ ਨਿਕਲ ਗਿਆ। ਆਖ਼ਿਰ ਇਕ ਬਾਗ਼ ਉਸ ਨੂੰ ਨਜ਼ਰ ਆਇਆ ਤੇ ਉਥੇ ਜਾ ਕੇ ਉਸ ਨੇ ਆਪਣਾ ਘੋੜਾ ਰੋਕਿਆ ਤੇ ਖ਼ੁਸ਼ ਹੋ ਕੇ ਘੋੜੇ ਨੂੰ ਥਾਪੜਾ ਦਿੰਦਾ ਹੈ, ਸ਼ਾਬਾਸ਼ ਦਿੰਦਾ ਹੈ, ਅਤੇ ਨਾਲ ਉਸ ਦਾ ਧੰਨਵਾਦ ਕਰਦਿਆਂ ਹੋਇਆਂ ਇਹ ਕਹਿੰਦਾ ਹੈ ਕਿ ਮਿੱਤਰਾ, ''ਤੂੰ ਮੇਰੀ ਬਹੁਤ ਮੱਦਦ ਕੀਤੀ ਹੈ, ਸਾਰਾ ਦਿਨ ਤੂੰ ਦੌੜਦਾ ਰਿਹਾ ਹੈਂ। ਨਾ ਤੇ ਮੈਂ ਤੈਨੂੰ ਕੁਝ ਖਾਣ ਨੂੰ ਦਿੱਤਾ ਤੇ ਨਾ ਹੀ ਪਾਣੀ ਪੀਣ ਨੂੰ ਦਿੱਤਾ ਹੈ। ਪਰ ਮੈਂ ਹੁਣ ਇੰਨੀ ਦੂਰ ਨਿਕਲ ਆਇਆ ਹਾਂ ਕਿ ਹੁਣ ਮੌਤ ਦਾ ਫ਼ਰਿਸ਼ਤਾ ਮੈਨੂੰ ਲੱਭ ਨਹੀਂ ਸਕੇਗਾ।'' ਅਜੇ ਉਹ ਇੰਨੀ ਗੱਲ ਕਹਿ ਹੀ ਰਿਹਾ ਸੀ ਕਿ ਉਸ ਫ਼ਰਿਸ਼ਤੇ ਨੇ ਆ ਕੇ ਉਸ ਦੇ ਕੰਧੇ 'ਤੇ ਹੱਥ ਰੱਖਿਆ ਤੇ ਕਿਹਾ ਕਿ ਤੂੰ ਘੋੜੇ ਦਾ ਧੰਨਵਾਦ ਨਾ ਕਰ ਬਲਕਿ ਘੋੜੇ ਦਾ ਧੰਨਵਾਦ ਤੇ ਮੈਨੂੰ ਕਰਨਾ ਚਾਹੀਦਾ ਹੈ। ਕਿਉਂਕਿ ਸਵੇਰੇ ਮੈਂ ਤੈਨੂੰ ਇਧਰ-ਉਧਰ ਫਿਰਦਿਆਂ ਵੇਖਿਆ ਹੈ, ਪਰ ਮੈਂ ਜਾਣਿਆ ਸੀ ਕਿ ਇਸ ਦਾ ਸਮਾਂ ਫਲਾਣੇ ਬਾਗ਼ ਵਿਚ ਹੈ। ਬਾਗ਼ ਇਤਨੀ ਦੂਰ ਹੈ, ਸ਼ਾਮ ਤੱਕ ਇਹ ਉਥੇ ਕਿਥੇ ਪੁਜੇਗਾ, ਪਰ ਇਹ ਘੋੜਾ ਆਪ ਹੀ ਤੈਨੂੰ ਇਥੇ ਲੈ ਆਇਆ ਹੈ। ਉਸ ਵੇਲੇ ਉਸ ਨੇ ਗਿੱਚੀ ਤੋਂ ਉਸ ਨੂੰ ਫੜਿਆ ਤੇ ਲਟਕਾ ਦਿੱਤਾ।

***ਮਲਕਲ ਮਉਤ ਜਾਂ ਆਵਸੀ ਸਭ ਦਰਵਾਜੇ ਭੰਨਿ॥*** (ਅੰਗ ੧੩੮੩)

ਗੁਰੂ ਜੀ ਕਹਿੰਦੇ ਹਨ ਕਿ ਐ ਮਨੁੱਖ ! ਤੂੰ ਭਾਵੇਂ ਜਿਥੇ ਮਰਜ਼ੀ ਚਲਾ ਜਾ, ਮੌਤ ਨੇ ਆਪਣੇ ਆਪ ਤੇਰੇ ਕੋਲ ਪਹੁੰਚ ਜਾਣਾ ਹੈ, ਪਰ ਜੇਕਰ ਕਰਤਾ ਰਾਖਾ ਹੈ, ਤਾਂ ਤੇਰਾ ਕੁਝ ਵੀ ਕੋਈ ਵਿਗਾੜ ਨਹੀਂ ਸਕਦਾ। ਵਾਹਿਗੁਰੂ ਨੂੰ ਛੱਡ ਕੇ ਤੁਸੀਂ ਕਿਥੇ ਜਾ ਸਕਦੇ ਹੋ :

***ਬਿਨ ਹਰਿ ਨਾਮੁ ਨ ਬਾਚਨ ਪਾਇ ਹੈ।***

ਪਰ ਜੇਕਰ ਵਾਸਤਵਿਕ ਭੈ, ਪ੍ਰਮੇਸ਼ਰ ਦਾ ਭੈ ਮਨ ਵਿਚ ਵਸ ਜਾਵੇ ਤਾਂ ਇਹ ਸੰਸਾਰਿਕ ਸਾਰੇ ਭੈ ਖ਼ਤਮ ਹੋ ਜਾਂਦੇ ਹਨ।

***ਗੁਰ ਮਿਲਿ ਭਉ ਗੋਵਿੰਦ ਕਾ ਭੈ ਡਰੁ ਦੂਰਿ ਕਰਣਾ॥***
***ਭੈ ਤੇ ਬੈਰਾਗੁ ਊਪਜੈ ਹਰਿ ਖੋਜਤ ਫਿਰਣਾ॥***
***ਖੋਜਤ ਖੋਜਤ ਸਹਜੁ ਉਪਜਿਆ ਫਿਰਿ ਜਨਮਿ ਨ ਮਰਣਾ॥***

(ਅੰਗ ੧੧੦੨)

ਪੰਚਮ ਗੁਰਦੇਵ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਅੰਮ੍ਰਿਤ ਬਚਨ ਹਨ, ਕਿ ਸਾਰੇ ਸੰਸਾਰ ਦੀ ਵਾਹਿਗੁਰੂ ਜੀ ਨੇ ਰਚਨਾ ਕੀਤੀ ਹੈ। ਇਹ ਸਾਰਾ ਸੰਸਾਰ ਹੀ ਭੈ ਦੇ ਵਿਚ ਹੈ ਪਰ ਇਕ ਉਸ ਨੂੰ ਭੈ ਨਹੀ ਹੈ ਜਿਸ ਨੂੰ ਪ੍ਰਮੇਸ਼ਰ ਦੇ ਨਾਮ ਦਾ ਆਸਰਾ ਹੈ। ਹਾਂ, ਪ੍ਰਭੂ ਦੀ ਸ਼ਰਣ ਪਿਆਂ ਭਉ ਨਹੀਂ ਵਿਆਪਦਾ। ਉਸ ਮਾਲਕ ਦੀ ਸ਼ਰਣ ਪੈ ਕੇ ਜੀਵ ਨੂੰ ਚਾਹੀਦਾ ਹੈ ਕਿ ਉਸ ਪ੍ਰਭੂ ਦਾ ਨਾਮ ਜਪੇ।

***ਭੈ ਮਹਿ ਰਚਿਓ ਸਭੁ ਸੰਸਾਰਾ॥ ਤਿਸੁ ਭਉ ਨਾਹੀ ਜਿਸੁ ਨਾਮੁ ਅਧਾਰਾ॥੧॥***
***ਭਉ ਨ ਵਿਆਪੈ ਤੇਰੀ ਸਰਣਾ॥ ਜੋ ਤੁਧੁ ਭਾਵੈ ਸੋਈ ਕਰਣਾ॥੧॥ ਰਹਾਉ॥***

(ਅੰਗ ੧੯੨)

ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਮਹਾਰਾਜ ਨੇ ਸੋਰਠਿ ਰਾਗੁ ਅੰਦਰ ਪ੍ਰਭੂ ਦੀ ਸਰਣਿ ਵਿਚ ਪੈਣ ਦਾ ਉਪਦੇਸ਼ ਬਖ਼ਸ਼ਿਸ਼ ਕੀਤਾ ਹੈ। ਇਸ ਸ਼ਬਦ ਅੰਦਰ ਉਪਦੇਸ਼ ਦੇਂਦਿਆਂ ਅੰਮ੍ਰਿਤ ਬਚਨ ਉਚਾਰਨ ਕੀਤੇ ਹਨ ਕਿ ਹੇ ਮਨ ! ਉਸ ਪ੍ਰਭੂ ਦੀ ਸਰਣਿ ਵਿਚ ਪੈ ਜਾ। ਜਿਸ ਪ੍ਰਭੂ ਦਾ ਸਿਮਰਨ ਕਰਕੇ ਪਾਪਣ ਗਨਕਾ ਤਰ ਗਈ ਸੀ। ਗਨਕਾ ਦੋ ਹੋਈਆਂ ਹਨ, ਇਸ ਸੰਬੰਧ ਵਿਚ ਦਾਸ ਦੀ ਲਿਖੀ ਪੁਸਤਕ ਮੁਖਵਾਕ ਪ੍ਰਕਾਸ਼ (ਭਾਗ ਪਹਿਲਾ) ਦੇ ਪੰਨਾ ੨੦੫, ਅੰਦਰ ਪੜ੍ਹੋ। ਦੂਸਰਾ ਜ਼ਿਕਰ ਭਗਤ ਧ੍ਰੂਅ ਜੀ ਦਾ ਕੀਤਾ ਹੈ। ਤੀਸਰਾ ਦ੍ਰਿਸ਼ਟਾਂਤ ਗਜ ਗਰਾਹ-ਹਾਥੀ ਤੇ ਤੰਦੂਏ ਦਾ ਦਿੱਤਾ ਹੈ।

ਚੌਥਾ ਪ੍ਰਮਾਣ ਗੁਰਦੇਵ ਨੇ ਸਾਨੂੰ ਸਮਝਾਉਣ ਵਾਸਤੇ ਅਜਾਮਲ ਪਾਪੀ ਦਾ ਦਿੱਤਾ ਹੈ।

***ਸੋਰਠਿ ਮਹਲਾ ੯ ॥ ਮਨ ਰੇ ਪ੍ਰਭ ਕੀ ਸਰਨਿ ਬਿਚਾਰੋ॥***
***ਜਿਹ ਸਿਮਰਤ ਗਨਕਾ ਸੀ ਉਧਰੀ ਤਾ ਕੋ ਜਸੁ ਉਰ ਧਾਰੋ॥੧॥ਰਹਾਉ॥***
***ਅਟਲ ਭਇਓ ਧ੍ਰੂਅ ਜਾ ਕੈ ਸਿਮਰਨਿ ਅਰੁ ਨਿਰਭੈ ਪਦੁ ਪਾਇਆ॥***

***ਦੁਖ ਹਰਤਾ ਇਹ ਬਿਧਿ ਕੋ ਸੁਆਮੀ ਤੈ ਕਾਹੇ ਬਿਸਰਾਇਆ॥ ੧ ॥***
***ਜਬ ਹੀ ਸਰਨਿ ਗਹੀ ਕਿਰਪਾ ਨਿਧਿ ਗਜ ਗਰਾਹ ਤੇ ਛੂਟਾ॥***
***ਮਹਮਾ ਨਾਮ ਕਹਾ ਲਉ ਬਰਨਉ ਰਾਮ ਕਹਤ ਬੰਧਨ ਤਿਹ ਤੂਟਾ॥੨ ॥***
***ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ॥***
***ਨਾਨਕ ਕਹਤ ਚੇਤ ਚਿੰਤਾਮਨਿ ਤੈ ਭੀ ਉਤਰਹਿ ਪਾਰਾ॥ ੩ ॥ ੪ ॥***

(ਅੰਗ ੬੩੨)

## ਸਾਖੀ—ਗਨਕਾ ਦੀ

ਇਹ ਗਨਕਾ ਵੇਸਵਾ ਸੀ। ਇਸ ਨੇ ਬਿਭਚਾਰ ਕਰਮ ਕਰਨ ਦਾ ਮਾੜਾ ਧੰਧਾ ਧਾਰਣ ਕੀਤਾ ਹੋਇਆ ਸੀ। ਇਸ ਵੇਸਵਾ ਨੇ ਅਨੇਕਾਂ ਸੁਹਾਗਵੰਤੀਆਂ ਦੇ ਸਿਰ ਦੇ ਤਾਜ ਪੁਰਖਾਂ ਦੇ ਜੀਵਨ ਵਿਗਾੜ ਦਿੱਤੇ ਸਨ। ਸਾਰੀ ਉਮਰ ਇਸ ਗਨਕਾ ਨੇ ਨਿਤ ਨਵੇਂ ਮਨੁੱਖਾਂ ਨਾਲ ਵਿਭਚਾਰ ਕਰਦਿਆਂ ਬਤੀਤ ਕਰ ਲਈ ਸੀ। ਕੋਈ ਪੂਰਬਲਾ ਚੰਗਾ ਕਰਮ ਇਸ ਦਾ ਪ੍ਰਗਟ ਹੋ ਆਇਆ। ਇਕ ਦਿਨ ਇਕ ਸਾਧੂ ਨਾਮ ਰੰਗ ਵਿਚ ਰੰਗਿਆ ਹੋਇਆ, ਹਰ ਰੋਜ਼ ਦੀ ਤਰ੍ਹਾਂ ਜੰਗਲ ਚੋਂ ਉੱਠ ਕੇ ਸ਼ਹਿਰ ਵਿਚ ਭੋਜਨ ਛੱਕਣ ਵਾਸਤੇ ਤੁਰਿਆ ਹੈ। ਸ਼ਹਿਰ ਵਿਚ ਪ੍ਰਵੇਸ਼ ਕਰਦਿਆਂ ਹੀ ਬਰਖਾ ਸ਼ੁਰੂ ਹੋ ਗਈ। ਇਸ ਮਹਾਤਮਾ ਦੇ ਬਸਤ੍ਰ ਭਿੱਜ ਗਏ ਹਨ ਅਤੇ ਠੰਡ ਦਾ ਮੌਸਮ ਸੀ। ਠੰਡ ਨਾਲ ਸਾਧੂ ਦਾ ਸਰੀਰ ਕੰਬ ਰਿਹਾ ਹੈ। ਮਹਾਤਮਾ ਇਕ ਘਰ ਦੀ ਦੀਵਾਰ ਨਾਲ ਲੱਗ ਕੇ ਖੜਾ ਹੋ ਗਿਆ। ਪ੍ਰੰਤੂ ਇਹ ਘਰ ਪਾਪਨ ਵੇਸਵਾ ਦਾ ਸੀ। ਵੇਸਵਾ ਨੇ ਥੱਲੇ ਦੀਵਾਰ ਨਾਲ ਖਲੋਤੇ ਸਾਧੂ ਨੂੰ ਵੇਖਿਆ, ਕਿ ਸਾਧੂ ਦੇ ਬਸਤ੍ਰ ਭਿੱਜੇ ਹੋਏ ਹਨ ਅਤੇ ਠੰਡ ਨਾਲ ਸੰਤ ਜੀ ਦਾ ਸਰੀਰ ਕੰਬ ਰਿਹਾ ਹੈ। ਵੇਸਵਾ ਦੇ ਭਾਗ ਜਾਗ ਪਏ ਹਨ। ਸ਼ੀਘਰ ਹੀ ਵੇਸਵਾ ਨੇ ਸੰਤਾਂ ਦੇ ਚਰਨਾਂ 'ਤੇ ਆ ਸਿਰ ਰੱਖਿਆ ਤੇ ਬੇਨਤੀ ਕੀਤੀ ਕਿ ਸੰਤ ਜੀ, ਉਪਰ ਚੁਬਾਰੇ ਵਿਚ ਚਲੋ। ਇਸ ਤਰ੍ਹਾਂ ਬੇਨਤੀ ਕਰਕੇ ਉਪਰ ਲੈ ਗਈ। ਸੰਤਾਂ ਨੂੰ ਸੁੱਕਾ ਬਸਤ੍ਰ ਦਿੱਤਾ ਅਤੇ ਜਲ ਪਾਣੀ ਛਕਾਇਆ। ਸੰਤ ਦਇਆਲੂ ਹੋ ਆਏ। ਪੁੱਛਿਆ ਸੰਤ ਨੇ ਵੇਸਵਾ ਨੂੰ ਕਿ ਬੱਚੀ, ਮੇਰੀ ਧੀ ਕੀ ਕੰਮ ਕਰਦੀ ਹੈ ? ਸੰਤਾਂ ਦੇ ਇਹ ਬਚਨ ਸੁਣਦਿਆਂ ਸਾਰ ਵੇਸਵਾ ਧਾਹਾਂ ਮਾਰ ਕੇ ਰੋ ਪਈ ਅਤੇ ਆਪਣਾ ਸਾਰਾ ਮਾੜਾ ਕਰਮ ਸੰਤਾਂ ਨੂੰ ਸੁਣਾਇਆ। ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਸੰਤਾਂ ਨੇ ਪ੍ਰਸੰਨ ਹੋਕੇ ਇਸ ਨੂੰ ਇਕ ਤੋਤਾ ਦੇ ਦਿੱਤਾ ਤੇ ਕਿਹਾ ਕਿ ਮੇਰੀ ਧੀਏ, ਇਸ ਤੋਤੇ ਨੂੰ ਅੰਮ੍ਰਿਤ ਵੇਲੇ ਉਠ ਕੇ ਹਮੇਸ਼ਾ ਸਦਾ ਹੀ ਰਾਮ ਨਾਮ ਪੜ੍ਹਾਇਆ ਕਰ। ਮਹਾਤਮਾ ਤੋਤਾ ਦੇਕੇ ਚੱਲਿਆ ਗਿਆ ਤੇ ਵੇਸਵਾ ਨੇ ਸੰਤਾਂ ਦਾ ਬਚਨ ਮੰਨ ਕੇ ਤੋਤੇ ਨੂੰ ਰਾਮ ਨਾਮ ਪੜ੍ਹਾਉਣਾ ਸ਼ੁਰੂ ਕਰ ਦਿੱਤਾ। ਹੁਣ ਮੁਖੋਂ ਰਾਮ ਨਾਮ ਬੋਲਣ ਕਰਕੇ ਨਾਮ ਨੇ ਗਨਕਾ ਦੇ ਪਾਪ ਧੋ ਦਿੱਤੇ ਹਨ। ਭਾਈ ਗੁਰਦਾਸ ਜੀ ਕਹਿੰਦੇ ਹਨ:-"ਲਿਵ ਲਗੀ ਤਿਸੁ ਤੋਤਿਅਹੁ ਨਿਤ ਪੜ੍ਹਾਏ ਕਰੈ ਅਸੋਤਾ॥" ਦਿਨ ਰਾਤ ਰਾਮ ਨਾਮ ਜੱਪਣ ਲੱਗ ਪਈ ਹੈ। ਨਾਮ ਜਪਦਿਆਂ ਹੀ ਨੀਂਦ ਆ ਜਾਂਦੀ ਹੈ। ਉਠਦਿਆਂ ਸਾਰ ਤੋਤੇ ਨੂੰ ਰਾਮ ਨਾਮ ਪੜ੍ਹਾਉਣਾ ਸ਼ੁਰੂ ਕਰ ਦਿੰਦੀ ਹੈ। ਇਕ ਦਿਨ

ਰੱਬ ਦਾ ਐਸਾ ਭਾਣਾ ਵਰਤਿਆ ਕਿ ਪਿੰਜਰੇ ਵਿਚ ਸੱਪ ਨੇ ਤੋਤੇ ਨੂੰ ਡੰਗ ਮਾਰ ਕੇ ਖ਼ਤਮ ਕਰ ਦਿੱਤਾ। ਹਰ ਰੋਜ਼ ਦੀ ਤਰ੍ਹਾਂ ਵੇਸਵਾ ਨੇ ਹਨੇਰੇ ਵਿਚ ਹੀ ਤੋਤੇ ਨੂੰ ਪਿੰਜਰੇ ਵਿਚ ਹੱਥ ਲਾ ਕੇ ਕਿਹਾ, ਬੋਲ ਗੰਗਾ ਰਾਮ ਨਾਮ। ਤਾਂ ਉਸ ਵੇਲੇ ਸੱਪ ਨੇ ਵੇਸਵਾ ਦੇ ਹੱਥ ਉਪਰ ਡੰਗ ਮਾਰਿਆ। ਸੱਪ ਜ਼ਹਿਰੀਲਾ ਸੀ, ਰਾਮ ਨਾਮ ਕਹਿੰਦਿਆਂ ਹੀ ਵੇਸਵਾ ਦੇ ਪ੍ਰਾਣ ਨਿਕਲ ਗਏ। ਅੰਤਲੇ ਸਮੇਂ ਮੁਖ ਤੋਂ ਰਾਮ ਨਾਮ ਨਿਕਲਣ ਕਰਕੇ ਗਨਕਾ ਮੁਕਤ ਹੋ ਗਈ। ਇਸ ਸਾਰੇ ਪ੍ਰਸੰਗ ਨੂੰ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਅੰਦਰ ਇਸ ਤਰ੍ਹਾਂ ਕਥਨ ਕੀਤਾ ਹੈ :

***ਗਨਿਕਾ ਪਾਪਣਿ ਹੋਇ ਕੈ ਪਾਪਾਂ ਦਾ ਗਲਿ ਹਾਰੁ ਪਰੋਤਾ।***
***ਮਹਾਂ ਪੁਰਖ ਆਚਾਣਚਕ ਗਨਿਕਾ ਵਾੜੇ ਆਇ ਖਲੋਤਾ।***
***ਦੁਰਮਤਿ ਦੇਖਿ ਦਇਆਲੁ ਹੋਇ ਹਥਹੁ ਉਸ ਨੋ ਦਿਤੋਨੁ ਤੋਤਾ।***
***ਰਾਮ ਨਾਮੁ ਉਪਦੇਸੁ ਕਰਿ ਖੇਲਿ ਗਇਆ ਦੇ ਵਣਜੁ ਸਓਤਾ।***
***ਲਿਵ ਲਗੀ ਤਿਸੁ ਤੋਤਿਅਹੁ ਨਿਤ ਪੜ੍ਹਾਏ ਕਰੈ ਅਸੋਤਾ।***
***ਪਤਿਤੁ ਉਧਾਰਣੁ ਰਾਮ ਨਾਮੁ ਦੁਰਮਤਿ ਪਾਪ ਕਲੇਵਰੁ ਧੋਤਾ।***
***ਅੰਤਕਾਲਿ ਜਮ ਜਾਲੁ ਤੋੜਿ ਨਰਕੈ ਵਿਚਿ ਨ ਖਾਧੁ ਸੁ ਗੋਤਾ।***
***ਗਈ ਬੈਕੁੰਠਿ ਬਿਬਾਣਿ ਚੜ੍ਹਿ ਨਾਉਂ ਨਰਾਇਣੁ ਛੋਤਿ ਅਛੋਤਾ।***
***ਥਾਉਂ ਨਿਥਾਵੇਂ ਮਾਣੁ ਮਣੋਤਾ॥੨੧॥***

(ਵਾਰ ੧੦, ਪਉੜੀ ੨੧)

ਭਗਤ ਧ੍ਰੂ ਜੀ ਇੱਕ ਰਾਜੇ ਦਾ ਪੁੱਤਰ ਸੀ। ਮਤਰੇਈ ਮਾਂ ਦੇ ਮੇਹਣੇ ਸੁਣ ਕੇ ਹਰੀ ਦੀ ਸ਼ਰਣ ਪੈ ਕੇ ਹਰੀ ਦੀ ਭਗਤੀ ਵਿਚ ਲੱਗ ਗਿਆ ਸੀ। ਆਖ਼ਿਰ ਪ੍ਰਭੂ ਦੀ ਸ਼ਰਣਿ ਪੈਕੇ ਭਗਤੀ ਕਰਦਿਆਂ ਅਬਿਚਲ ਰਾਜ ਪ੍ਰਾਪਤ ਕੀਤਾ ਸੀ। ਪੜ੍ਹੋ ਭਾਈ ਗੁਰਦਾਸ ਜੀ ਦੀ ੧੦ਵੀਂ ਵਾਰ ਦੀ ਪਹਿਲੀ ਪਉੜੀ। ਹਾਥੀ ਤੇ ਤੰਦੂਆ ਕਿਸੇ ਰਿਖੀ ਦੇ ਸ੍ਰਾਪ ਕਰਕੇ ਇਸ ਜੂਨ ਵਿਚ ਪਏ ਸਨ, ਜੋ ਪਹਿਲਾਂ ਗੰਧਰਵ ਜੂਨ ਵਿਚ ਸਨ। ਹਰੀ ਹਰਿ ਛੇਤਰ ਘਾਟ ਦੇ ਪਾਸ ਗੰਗਾ ਵਿਚ ਤੰਦੂਆ ਹਾਥੀ ਨੂੰ ਪਕੜ ਕੇ ਡੋਬਣ ਲਈ ਲੈ ਚਲਿਆ ਸੀ। ਉਸ ਸਮੇਂ ਹਾਥੀ ਦੀ ਸਹਾਇਤਾ ਪ੍ਰਭੂ ਨੇ ਕੀਤੀ। ਗੁਰੂ ਨਾਵੇਂ ਪਾਤਸ਼ਾਹ ਜੀ ਨੇ ਭੋਗ ਦੇ ਸਲੋਕਾਂ ਅੰਦਰ ਵੀ ਇਸ ਦਾ ਜ਼ਿਕਰ ਕੀਤਾ ਹੈ :

***ਗਜ ਜਿਉ ਹੋਹੋ ਸਹਾਇ॥***

ਅਜਾਮਲ—ਭਾਗਵਤ ਪੁਰਾਨ ਅਨੁਸਾਰ ਕਨੌਂਜ ਦਾ ਇਕ ਬ੍ਰਾਹਮਣ ਸੀ ਜੋ ਇਕ ਵੇਸਵਾ ਨਾਲ ਰਹਿੰਦਾ ਸੀ। ਪੁੱਤਰ ਦਾ ਨਾਮ ਨਾਰਾਇਣ ਰੱਖਣ 'ਤੇ ਨਾਰਾਇਣ ਦਾ ਨਾਮ ਜੱਪਣ ਲੱਗ ਪਿਆ ਸੀ, ਜਿਸ ਕਰਕੇ ਇਸ ਦਾ ਉਧਾਰ ਹੋ ਗਿਆ ਸੀ। (ਪੜ੍ਹੋ ਭਾਈ ਗੁਰਦਾਸ ਜੀ ਦੀ ਵਾਰ ੧੦, ਪਉੜੀ ੨੦)

ਵਿਸਥਾਰ ਦੇ ਡਰ ਕਾਰਣ ਇਹ ਪ੍ਰਸੰਗ ਸੰਪੂਰਨ ਨਹੀਂ ਦੇ ਸਕੇ। ਭੈ ਅਤੇ ਪ੍ਰਭੂ ਦੀ ਸਰਣਿ ਦੇ ਸਬੰਧ ਵਿਚ ਆਪ ਨੇ ਵਿਸਥਾਰ ਸਹਿਤ ਪੜ੍ਹ ਲਿਆ ਹੈ। ਹੁਣ ਸੰਖੇਪ ਰੂਪ ਵਿਚ ਸ਼ਬਦ ਦੇ ਅਰਥ ਵਿਚਾਰੀਏ।

**ਸੋਰਠਿ ਮਹਲਾ ੫ ॥ ਪ੍ਰਭ ਕੀ ਸਰਣਿ ਸਗਲ ਭੈ ਲਾਥੇ ਦੁਖ ਬਿਨਸੇ ਸੁਖੁ ਪਾਇਆ ॥ ਦਇਆਲੁ ਹੋਆ ਪਾਰਬ੍ਰਹਮੁ ਸੁਆਮੀ ਪੂਰਾ ਸਤਿਗੁਰੁ ਧਿਆਇਆ ॥ ੧ ॥ ਪ੍ਰਭ ਜੀਉ ਤੂ ਮੇਰੋ ਸਾਹਿਬੁ ਦਾਤਾ ॥ ਕਰਿ ਕਿਰਪਾ ਪ੍ਰਭ ਦੀਨ ਦਇਆਲਾ ਗੁਣ ਗਾਵਉ ਰੰਗਿ ਰਾਤਾ ॥ ਰਹਾਉ ॥ ਸਤਿਗੁਰਿ ਨਾਮੁ ਨਿਧਾਨੁ ਦ੍ਰਿੜਾਇਆ ਚਿੰਤਾ ਸਗਲ ਬਿਨਾਸੀ ॥ ਕਰਿ ਕਿਰਪਾ ਅਪੁਨੋ ਕਰਿ ਲੀਨਾ ਮਨਿ ਵਸਿਆ ਅਬਿਨਾਸੀ ॥ ੨ ॥ ਤਾ ਕਉ ਬਿਘਨੁ ਨ ਕੋਊ ਲਾਗੈ ਜੋ ਸਤਿਗੁਰਿ ਅਪੁਨੈ ਰਾਖੇ ॥ ਚਰਨ ਕਮਲ ਬਸੇ ਰਿਦ ਅੰਤਰਿ ਅੰਮ੍ਰਿਤ ਹਰਿ ਰਸੁ ਚਾਖੇ ॥ ੩ ॥ ਕਰਿ ਸੇਵਾ ਸੇਵਕ ਪ੍ਰਭ ਅਪੁਨੇ ਜਿਨਿ ਮਨ ਕੀ ਇਛ ਪੁਜਾਈ ॥ ਨਾਨਕ ਦਾਸ ਤਾ ਕੈ ਬਲਿਹਾਰੈ ਜਿਨਿ ਪੂਰਨ ਪੈਜ ਰਖਾਈ ॥ ੪ ॥ ੧੪ ॥ ੨੫ ॥**

(ਅੰਗ ੬੧੫)

## ਪਦ ਅਰਥ :

ਭੈ-ਡਰ। ਬਿਨਸੇ-ਨਾਸ਼ ਹੋ ਗਏ। ਸਾਹਿਬੁ-ਮਾਲਕ। ਗਾਵਉ-ਮੈਂ ਗਾਵਾਂ। ਰੰਗਿ ਰਾਤਾ-ਰੰਗ (ਪ੍ਰੇਮ) ਵਿਚ ਲੱਗਾ ਹੋਇਆ। ਦ੍ਰਿੜਾਇਆ-ਪੱਕਾ ਕਰਾ ਦਿੱਤਾ। ਬਿਘਨੁ-ਰੋਕ, ਰੁਕਾਵਟ, ਅਟਕਾਅ। ਪੁਜਾਈ-ਪੂਰੀ ਕਰ ਦਿੱਤੀ। ਪੈਜ ਰਖਾਈ-ਇੱਜ਼ਤ ਰੱਖ ਲਈ।

## ਅਰਥ :

(ਹੇ ਭਾਈ) ! ਪ੍ਰਭੂ ਦੀ ਸ਼ਰਣ ਵਿਚ (ਪੈਣ ਨਾਲ ਸਾਡੇ) ਸਾਰੇ ਡਰ ਦੂਰ ਹੋ ਗਏ ਹਨ। ਦੁੱਖ (ਵੀ) ਨਾਸ ਹੋ ਗਏ (ਅਤੇ ਆਤਮਿਕ) ਸੁੱਖ ਪਾ ਲਿਆ ਹੈ। ਜਿਸ ਵੇਲੇ ਪੂਰਨ ਗੁਰੂ ਨੂੰ ਸਿਮਰਿਆ ਤਾਂ ਪਾਰਬ੍ਰਹਮ ਸੁਆਮੀ (ਪ੍ਰਮਾਤਮਾ ਵੀ) ਦਇਆਲੂ ਹੋ ਆਇਆ ਹੈ। ੧। ਹੇ ਪ੍ਰਭੂ ਜੀ ! ਤੂੰ ਮੇਰਾ ਮਾਲਕ ਅਤੇ ਸੁੱਖਾਂ ਦਾ ਦਾਤਾ ਹੈਂ। ਹੇ ਦੀਨਾ ਉੱਤੇ ਦਇਆ ਕਰਨ ਵਾਲੇ (ਵਾਹਿਗੁਰੂ ਜੀ) ! ਆਪ ਮੇਰੇ ਉਪਰ ਕਿਰਪਾ ਕਰੋ, ਤਾਂ ਕਿ ਮੈਂ ਤੇਰੇ ਪ੍ਰੇਮ ਰੰਗ ਵਿਚ ਰੱਤਾ ਹੋਇਆ ਤੇਰੇ ਗੁਣ ਗਾਉਂਦਾ ਰਹਾਂ (ਭਾਵ ਤੇਰਾ ਜਸ ਕਰਦਾ ਰਹਾਂ)। ਰਹਾਉ। ਹੇ ਭਾਈ ! ਜਿਸ ਵੇਲੇ ਸਤਿਗੁਰੂ ਜੀ ਨੇ ਨਾਮ ਰੂਪੀ ਖ਼ਜ਼ਾਨਾ (ਦ੍ਰਿੜ੍ਹ ਕਰਵਾਇਆ ਤਾਂ ਮੇਰੀ) ਸਾਰੀ ਚਿੰਤਾ ਨਾਸ ਹੋ ਗਈ। (ਪ੍ਰਭੂ ਨੇ) ਕ੍ਰਿਪਾ ਕਰਕੇ (ਮੈਨੂੰ) ਆਪਣਾ ਬਣਾ ਲਿਆ ਹੈ, ਅਤੇ ਮੇਰੇ ਮਨ ਅੰਦਰ (ਉਹ) ਨਾਸ ਤੋਂ ਰਹਿਤ ਪ੍ਰਮਾਤਮਾ ਵੱਸ ਗਿਆ ਹੈ। ੨।

(ਹੇ ਭਾਈ) ! ਉਸ ਮਨੁੱਖ ਦੇ (ਕਿਸੇ ਕਾਰਜ ਵਿਚ) ਵਿਘਨ ਨਹੀਂ ਪੈਂਦਾ, ਜਿਸ ਨੂੰ ਆਪਣੇ ਸਤਿਗੁਰੂ ਨੇ (ਹੱਥ ਦੇਕੇ) ਰੱਖ ਲਿਆ ਹੈ। (ਉਸ ਪ੍ਰਭੂ ਦੇ ) ਕਮਲ ਫੁੱਲ ਜੈਸੇ ਸੁੰਦਰ ਚਰਨ (ਉਸ ਸੇਵਕ ਦੇ) ਮਨ ਵਿਚ ਵੱਸ ਗਏ ਹਨ, (ਅਤੇ ਉਸ ਨੇ) ਹਰੀ ਨਾਮ ਅੰਮ੍ਰਿਤ ਰਸ ਚਖ ਲਿਆ ਹੈ। ੩।

(ਹੇ ਭਾਈ ! ਤੂੰ) ਆਪਣੇ ਉਸ ਗੁਰ-ਪਰਮੇਸੁਰ ਦੀ, ਸੇਵਕ ਬਣ ਕੇ ਸੇਵਾ ਕਰ, ਜਿਸ ਨੇ ਤੇਰੇ ਮਨ ਦੀ ਇੱਛਾ ਪੂਰੀ ਕੀਤੀ ਹੈ। ਦਾਸ ਨਾਨਕ (ਗੁਰੂ ਜੀ ਕਥਨ ਕਰਦੇ ਹਨ) ਕਿ ਮੈਂ ਉਸ (ਗੁਰ-ਪ੍ਰਮੇਸ਼ਰ) ਤੋਂ ਸਦਕੇ ਹਾਂ, ਜਿਸ ਨੇ (ਮੇਰੀ) ਪੂਰੀ ਤਰ੍ਹਾਂ ਇੱਜ਼ਤ ਰੱਖ ਲਈ ਹੈ। ੪। ੧੪। ੨੫।

## ਵਿਆਖਿਆ ਤੇ ਸਾਰੰਸ਼ :

ਅਕਾਲ ਪੁਰਖ ਦੀ ਸਰਣ ਹੀ ਸੁਖਦਾਈ ਹੈ, ਸਾਰੇ ਡਰ ਤੇ ਦੁੱਖਾਂ ਤੋਂ ਛੁਟਕਾਰਾ ਦੇਣ ਵਾਲੀ ਹੈ।

***ਸਰਬ ਸੁਖਾ ਕਾ ਦਾਤਾ ਸਤਿਗੁਰੁ ਤਾ ਕੀ ਸਰਨੀ ਪਾਈਐ॥***

(ਅੰਗ ੬੩੦)

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੫੯ (ਅੰਗ ੬੧੭)

ਸੋਰਠਿ ਮਹਲਾ ੫ ॥ ਅਬਿਨਾਸੀ ਜੀਅਨ ਕੋ ਦਾਤਾ ਸਿਮਰਤ ਸਭ ਮਲੁ ਖੋਈ॥ ਗੁਣ ਨਿਧਾਨ ਭਗਤਨ ਕਉ ਬਰਤਨਿ ਬਿਰਲਾ ਪਾਵੈ ਕੋਈ॥੧॥ਮੇਰੇ ਮਨ ਜਪਿ ਗੁਰ ਗੋਪਾਲ ਪ੍ਰਭੁ ਸੋਈ॥ ਜਾ ਕੀ ਸਰਣਿ ਪਇਆਂ ਸੁਖੁ ਪਾਈਐ ਬਾਹੁੜਿ ਦੂਖੁ ਨ ਹੋਈ ॥ ੧ ॥ ਰਹਾਉ ॥ ਵਡਭਾਗੀ ਸਾਧਸੰਗੁ ਪਰਾਪਤਿ ਤਿਨ ਭੇਟਤ ਦੁਰਮਤਿ ਖੋਈ॥ ਤਿਨ ਕੀ ਧੂਰਿ ਨਾਨਕੁ ਦਾਸੁ ਬਾਛੈ ਜਿਨ ਹਰਿ ਨਾਮੁ ਰਿਦੈ ਪਰੋਈ॥੨ ॥੫॥੩੩॥

## ਪ੍ਰਾਕ੍ਰਥਨ :-

ਇਹ ਅੰਮ੍ਰਿਤ ਬਚਨ ਗੁਰੂ ਨਾਨਕ ਦੇਵ ਜੀ ਨੇ ਪੰਚਮ ਸਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਰੂਪ ਹੋਕੇ ਉਚਾਰਨ ਕੀਤੇ ਹੋਏ ਹਨ। ਇਸ ਸ਼ਬਦ ਦੀ ਅਰੰਭਤਾ ਦੇ ਮੁਖ ਵਿਸ਼ੇ ਰਾਹੀਂ ਉਸ ਪ੍ਰਭੂ ਨੂੰ ਅਬਿਨਾਸੀ ਦੱਸਿਆ ਹੈ, ਜੋ ਪ੍ਰਭੂ ਸਾਰੇ ਜੀਆਂ ਦਾ ਦਾਤਾ ਹੈ ਅਤੇ ਜਿਸ ਦਾ ਸਿਮਰਨ ਕਰਨ ਨਾਲ ਜੀਵ ਦੀ ਪਾਪਾਂ ਦੀ ਸਾਰੀ ਮੈਲ ਲੱਥ ਜਾਂਦੀ ਹੈ।

## ਵਿਸ਼ਾ—ਪ੍ਰਭੂ ਅਬਿਨਾਸੀ ਤੇ ਬਿਨਾਸੀ ਸੰਸਾਰਾ

ਅਕਾਲ ਪੁਰਖ ਪਰੀਪੂਰਨ ਸਰਬ ਵਿਆਪੀ ਸਤਿਗੁਰੂ ਜੀ ਹੀ ਨਾਸ ਤੋਂ ਰਹਿਤ ਇਕ ਅਬਿਨਾਸੀ ਸਰੂਪ ਹੈ। ਬਾਕੀ ਸਭ ਬਿਨਾਸ ਰੂਪ ਹੈ। ਉਹ ਅਬਿਨਾਸੀ ਪ੍ਰਭੂ ਹੀ ਸਾਰੇ ਜੀਅ ਜੰਤ, ਪੀਰ ਪੈਗੰਬਰ, ਔਲੀਏ, ਅਵਤਾਰ, ਦੇਵ ਦੈਂਤਾਂ ਦੇ ਰਚਨ ਤੇ ਅੰਤ ਕਰਨ ਵਾਲਾ ਹੈ। ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਅਕਾਲ ਉਸਤਿਤ ਵਿਚ ਕਥਨ ਕਰਦੇ ਹਨ-

***ਕਿਤੇ ਕ੍ਰਿਸ਼ਨ ਸੇ ਕੀਟ ਕੋਟੈ ਉਪਾਏ॥ ਉਸਾਰੇ ਗੜ੍ਹੇ ਫੇਰਿ ਮੇਟੇ ਬਨਾਏ॥***
***ਅਗਾਧੇ ਅਭੈ ਆਦਿ ਅਦ੍ਵੈ ਅਬਿਨਾਸੀ॥ਪਰੇਅੰ ਪਰਾ ਪਰਮ ਪੂਰਨ ਪ੍ਰਕਾਸੀ॥੬॥੯੬॥***

(ਦਸਮ ਗ੍ਰੰਥ)

***"ਅਬਜਕਤ ਤੇਜ ਅਨਭਉ ਪ੍ਰਕਾਸ॥ ਅੱਛੈ ਸਰੂਪ ਅਦ੍ਵੈ ਅਨਾਸ॥***
***ਅਨਤੁੱਟ ਤੇਜ ਅਨਖੁਟ ਭੰਡਾਰ॥ ਦਾਤਾ ਦੁਰੰਤ ਸਰਬੰ ਪ੍ਰਕਾਰ॥ ੧॥ ੧੨੧॥***
***ਅਨਭੂਤ ਤੇਜ ਅਨਛਿੱਜ ਗਾਤ॥ ਕਰਤਾ ਸਦੀਵ ਹਰਤਾ ਸਨਾਤ॥***
***ਆਸਨ ਅਡੋਲ ਅਨਭੂਤ ਕਰਮ॥ ਦਾਤਾ ਦਇਆਲ ਅਨਭੂਤ ਧਰਮ॥੨॥੧੨੨॥***

(ਦਸਮ ਗ੍ਰੰਥ)

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਨੇ ਬਚਿਤ੍ਰ ਨਾਟਕ ਅੰਦਰ ਉਸ ਅਬਿਨਾਸੀ ਸਰੂਪ ਵਾਹਿਗੁਰੂ ਜੀ ਜੋ ਮਹਾਨ ਸ਼ਕਤੀ ਸਰੂਪ ਹੋ ਕੇ ਜੀਆਂ, ਦੇਵੀ ਦੇਵਤਿਆਂ, ਪੀਰਾਂ ਪੈਗ਼ਬੰਰਾਂ, ਅਵਤਾਰਾਂ ਦੇ ਰਚਨ ਤੇ ਨਾਸ਼ ਕਰਨ ਵਾਲਾ ਹੈ, ਉਸ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੈ :

***ਕਈ ਮੇਟ ਡਾਰੇ ਉਸਾਰੇ ਬਨਾਏ॥ ਉਪਾਰੇ ਗੜ੍ਹੇ ਫੇਰਿ ਮੇਟੇ ਉਪਾਏ॥***
***ਕ੍ਰਿਆ ਕਾਲ ਜੂ ਕੀ ਕਿਨੂ ਨਾ ਪਛਾਨੀ॥ਘਨਿਯੋ ਪੈ ਬਿਹੈਹੈ ਘਨਿਯੋ ਪੈ ਬਿਹਾਨੀ॥੨੬॥***
***ਕਿਤੇ ਕ੍ਰਿਸਨ ਸੇ ਕੀਟ ਕੋਟੈ ਬਨਾਏ॥ ਕਿਤੇ ਰਾਮ ਸੇ ਮੇਟਿ ਡਾਰੇ ਉਪਾਏ॥***
***ਮਹਾਂਦੀਨ ਕੇਤੇ ਪ੍ਰਿਥੀ ਮਾਂਝ ਹੂਏ॥ ਸਮੈ ਆਪਨੀ ਆਪਨੀ ਅੰਤਿ ਮੂਏ॥ ੨੭॥***
***ਜਿਤੇ ਅਉਲੀਆਂ ਅੰਬੀਆ ਹੋਇ ਬੀਤੇ॥ ਤਿਤਿਯੋ ਕਾਲ ਜੀਤਾ ਨਾ ਤੇ ਕਾਲ ਜੀਤੇ॥***

*ਜਿਤੇ ਰਾਮ ਸੇ ਕ੍ਰਿਸਨ ਹੁਇ ਬਿਸਨ ਆਏ॥ ਤਿਤਿਯੋ ਕਾਲ ਖਾਪਿਉ ਨ ਤੇ ਕਾਲ ਘਾਏ॥੨੮॥*
*ਜਿਤੇ ਇੰਦ੍ਰ ਸੇ ਚੰਦ੍ਰ ਸੇ ਹੋਤ ਆਏ॥ ਤਿਤਿਯੋ ਕਾਲ ਖਾਪਾ ਨ ਤੇ ਕਾਲ ਘਾਏ॥*
*ਜਿਤੇ ਅਉਲੀਆਂ ਅੰਬੀਆਂ ਗਉਸ ਹੁਵੈ ਹੈ॥ਸਭੈ ਕਾਲ ਕੇ ਅੰਤ ਦਾੜ੍ਹਾ ਤਲੈ ਹੈ॥੨੯॥*

(ਦਸਮ ਗ੍ਰੰਥ)

ਗੁਰਬਾਣੀ ਦੇ ਸਿਧਾਂਤ ਅਨੁਸਾਰ ਉਹ ਨਾਸ ਰਹਿਤ ਸਦਾ ਸਥਿਰ ਸਰੂਪ ਅਬਿਨਾਸੀ ਪ੍ਰਭੂ ਜੋ ਤਿੰਨ ਕਾਲ ਸਤਿ ਸਰੂਪ ਹੈ।

*ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥*

(ਅਥਵਾ)

*ਆਦਿ ਸਤੇ ਜੁਗਾਦਿ ਸਤੇ ਸਦਾ ਸਦਾ ਸਤੇ॥*

ਉਹ ਅਬਿਨਾਸੀ ਸਰੂਪ ਸਾਰੇ ਸੰਸਾਰ ਦਾ ਰਚਨਹਾਰ ਪ੍ਰਭੂ ਜਿਸ ਵੇਲੇ ਜਿਸ ਜੀਅ ਨੂੰ ਪੈਦਾ ਕਰਦਾ ਹੈ, ਉਸ ਦਾ ਅੰਤ ਸਮਾਂ ਵੀ ਉਸੇ ਵੇਲੇ ਨੀਅਤ ਕਰ ਦਿੰਦਾ ਹੈ।

*ਮਰਣੁ ਲਿਖਾਇ ਮੰਡਲ ਮਹਿ ਆਏ॥*

(ਅੰਗ ੬੮੫)

ਜਿਤਨਾ ਚਿਰ ਮਨੁੱਖ ਨੇ ਸੰਸਾਰ ਅੰਦਰ ਜੀਉਣਾ ਹੈ, ਉਸ ਕਰਤੇ ਵਾਹਿਗੁਰੂ ਜੀ ਨੇ ਜੀਵ ਦੇ ਨਾਲ ਹੀ ਲਿਖ ਪਾਇਆ ਹੈ। ਮਨੁੱਖ ਨੂੰ ਸਵਾਸ ਵੀ, ਕਰਤੇ ਅਬਿਨਾਸੀ ਪ੍ਰਭੂ ਨੇ ਗਿਣ ਕੇ ਦਿੱਤੇ ਹਨ। ਉਸ ਗਿਣਤੀ ਅਨੁਸਾਰ ਹੀ ਸਵਾਸ ਲੈ ਸਕਦਾ ਹੈ, ਉਸ ਗਿਣਤੀ ਤੋਂ ਨਾ ਵੱਧ, ਨਾ ਘੱਟ ਕੋਈ ਸਵਾਸ ਲੈ ਸਕਦਾ ਹੈ।

*ਲਿਖਿਆ ਆਇਆ ਗੋਵਿੰਦ ਕਾ ਵਣਜਾਰਿਆ ਮਿਤ੍ਰਾ ਉਠਿ ਚਲੇ ਕਮਾਣਾ ਸਾਥਿ॥*
*ਇਕ ਰਤੀ ਬਿਲਮ ਨ ਦੇਵਨੀ ਵਣਜਾਰਿਆ ਮਿਤ੍ਰਾ ਓਨੀ ਤਕੜੇ ਪਾਏ ਹਾਥ॥*

(ਅੰਗ ੭੮)

*ਛਨਿ ਘਾਲੇ ਸਭ ਦਿਵਸ ਸਾਸ ਨਹ ਬਢਨ ਘਟਨ ਤਿਲੁ ਸਾਰ॥*
*ਜੀਵਨ ਲੋਰਹਿ ਭਰਮ ਮੋਹ ਨਾਨਕ ਤੇਊ ਗਵਾਰ॥ ੧॥*

(ਅੰਗ ੨੫੪)

## ਚਾਰ ਤਰ੍ਹਾਂ ਦੀ ਪਰਲੋ :

ਸ਼ਾਸਤ੍ਰਾਂ ਅੰਦਰ ਚਾਰ ਪ੍ਰਕਾਰ ਦੀ ਪਰਲੋ ਕਥਨ ਕੀਤੀ ਗਈ ਹੈ—੧. ਨਿਤ ਪਰਲੋ, ੨. ਨਮਿਤ ਪਰਲੋ, ੩. ਅਵਾਂਤ੍ਰ ਪਰਲੋ, ੪. ਮਹਾਂ ਪਰਲੋ।

੧. ਨਿਤ ਪਰਲੋ—ਜਿਹੜਾ ਸੌਂ ਜਾਣਾ ਹੈ, ਇਸ ਨੂੰ ਨਿਤ ਪਰਲੋ ਕਥਨ ਕੀਤਾ ਹੈ।

੨. ਨਮਿਤ ਪਰਲੋ—ਕਰਤੇ ਨੇ ਜੋ ਉਮਰ ਮਨੁੱਖ ਨੂੰ ਦਿੱਤੀ ਹੈ, ਉਸ ਨੂੰ ਭੋਗ ਕੇ ਜਦ ਮਨੁੱਖ ਸਰੀਰ ਛੱਡਦਾ ਹੈ ਭਾਵ ਮਰਦਾ ਹੈ, ਉਸ ਨੂੰ ਨਮਿਤ ਪਰਲੋ ਦੱਸਿਆ ਹੈ।

੩. ਅਵਾਂਤ੍ਰ ਪਰਲੋ—ਜਿਸ ਸਮੇਂ ਮਾਤ ਲੋਕ ਦੇ ਸਾਰੇ ਜੀਅ ਜੰਤ ਖ਼ਤਮ ਹੋ ਜਾਂਦੇ ਹਨ। ਸਾਰੀ ਧਰਤੀ ਉਪਰ ਜਲ ਹੀ ਜਲ ਹੋ ਜਾਂਦਾ ਹੈ। ਇਸ ਸਮੇਂ ਬ੍ਰਹਮਪੁਰੀ, ਵਿਸ਼ਨਪੁਰੀ, ਸਿਵਪੁਰੀ, ਇੰਦ੍ਰਪੁਰੀ ਆਦਿ ਲੋਕ ਕਾਇਮ ਰਹਿੰਦੇ ਹਨ, ਸਿਰਫ਼ ਮਾਤ ਲੋਕ ਦੇ ਜੀਅ ਜੰਤ ਖ਼ਤਮ ਹੋ ਜਾਂਦੇ ਹਨ। ਇਸ ਨੂੰ ਅਵਾਂਤ੍ਰ ਪਰਲੋ ਦਰਸਾਇਆ ਹੈ।

੪. ਮਹਾਂ ਪਰਲੋ—ਜਿਸ ਸਮੇਂ ਸਾਰੀਆਂ ਪੁਰੀਆਂ ਦੇ ਦੇਵਤੇ ਅਵਤਾਰਾਂ ਪੀਰਾਂ ਪੈਗ਼ੰਬਰਾਂ ਤੇ ਮਾਤ ਲੋਕ ਦੇ ਜੀਆਂ ਦੇ ਕਰਮ ਫਲ ਦੇਣ ਨੂੰ ਸ਼ਾਂਤ ਹੋ ਜਾਂਦੇ ਹਨ, ਤਾਂ ਸਾਰੇ ਜੀਵ ਧਰਤੀ ਉੱਤੇ ਲਯ ਹੋ ਜਾਂਦੇ ਹਨ। ਧਰਤੀ ਪਾਣੀ ਵਿਚ ਲਯ ਹੋ ਜਾਂਦੀ ਹੈ, ਪਾਣੀ ਅੱਗਨੀ ਵਿਚ, ਅੱਗਨੀ ਹਵਾ ਵਿਚ, ਹਵਾ ਅਕਾਸ਼ ਵਿਚ, ਅਕਾਸ਼ ਮਾਇਆ ਵਿਚ ਅਤੇ ਮਾਇਆ ਤਿਲ ਰੂਪ ਹੋਕੇ ਅੰਤ ਨੂੰ ਬ੍ਰਹਮ ਵਿਚ ਲੀਨ ਹੋ ਜਾਂਦੀ ਹੈ। ਇਸ ਨੂੰ ਮਹਾਂ ਪਰਲੋ ਕਹਿੰਦੇ ਹਨ। ਇਸ ਸਮੇਂ ਤਿੰਨੇ ਲੋਕ ਤੇ ਸਾਰੀਆਂ ਪੁਰੀਆਂ ਖ਼ਤਮ ਹੋ ਜਾਂਦੀਆਂ ਹਨ। ਕਿਉਂਕਿ ਕਰਤੇ ਅਬਿਨਾਸੀ ਪੁਰਖ ਪ੍ਰਮਾਤਮਾ ਨੇ ਜਿਸ ਤਰ੍ਹਾਂ ਮਨੁੱਖਾਂ ਦੀਆਂ ਉਮਰਾਂ ਲਿਖੀਆਂ ਹਨ, ਇਸੇ ਤਰ੍ਹਾਂ ਬ੍ਰਹਮਾ ਆਦਿ ਸਭ ਦੇਵਤਿਆਂ ਦੀਆਂ ਉਮਰਾਂ ਭੀ ਲਿਖੀਆਂ ਮਿਲਦੀਆਂ ਹਨ।

***ਬ੍ਰਹਮ ਜੂਕੇ ਜਨਮ ਤੇ ਪ੍ਰਗਟ ਹੋਤ ਸੰਸਾਰ।***
***ਮਹਾਂ ਪ੍ਰਲਯ ਹਵੈ ਮਰਨ ਤੇ ਯਹੈ ਬਾਤ ਨਿਰਧਾਰ।***

(ਅਧਿਆਤਮ ਪ੍ਰਕਾਸ਼)

ਬ੍ਰਹਮਾ ਦੇ ਇਕ ਦਿਨ ਨੂੰ ਕਲਪ ਕਹਿੰਦੇ ਹਨ। ਇਸ ਬ੍ਰਹਮਾ ਦੇ ਇਕ ਦਿਨ ਵਿਚ ਚੌਦਾਂ ਇੰਦ੍ਰ ਰਾਜ ਕਰਕੇ ਖ਼ਤਮ ਹੋ ਜਾਂਦੇ ਹਨ।

***ਬ੍ਰਹਮਾ ਹੀ ਕੇ ਦਿਵਸ ਕੋ ਕਲਪ ਕਹੇਂ ਸਭ ਤਾਤ।***
***ਜਾਂ ਮਹਿ ਚੌਦਹਿ ਇੰਦ੍ਰ ਹਵੈ, ਰਾਜ ਕਰਤ ਮਿਟ ਜਾਤ।***

(ਅਧਿਆਤਮ ਪ੍ਰਕਾਸ਼)

***ਚਉਦਹ ਇੰਦ੍ਰ ਵਿਣਾਸੁ ਕਾਲਿ, ਬ੍ਰਹਮੇ ਦਾ ਇਕੁ ਦਿਵਸੁ ਵਿਹਾਵੈ॥***
***ਧੰਧੇ ਹੀ ਬ੍ਰਹਮਾ ਮਰੈ, ਲੋਮਸ ਦਾ ਇਕੁ ਰੋਮ ਛਿਜਾਵੈ॥***

(ਵਾਰ ੧੨, ਪਉੜੀ ੧੦)

## ਚਾਰੇ ਯੁੱਗਾਂ ਦੀਆਂ ਉਮਰਾਂ :

੧. ਸਤਿਯੁਗ ਦੀ ਉਮਰ ਸਤਾਰਾਂ ਲੱਖ ਅਠਾਈ ਹਜ਼ਾਰ ਸਾਲ ਮੰਨੀ ਹੈ।

੨. ਤਰੇਤਾ ਯੁੱਗ ਦੀ ਉਮਰ ਬਾਰਾਂ ਲੱਖ ਛਿਆਨਵੇਂ ਹਜ਼ਾਰ ਸਾਲ ਹੈ।

੩. ਦਵਾਪੁਰ ਯੁੱਗ ਦੀ ਉਮਰ ਅੱਠ ਲੱਖ ੬੪ ਹਜ਼ਾਰ ਸਾਲ ਲਿਖੀ ਹੈ।

੪. ਕਲਿਯੁਗ ਦੀ ਉਮਰ ਚਾਰ ਲੱਖ ੩੨ ਹਜ਼ਾਰ ਸਾਲ ਦੱਸੀ ਹੈ।

***ਸੱਤ੍ਰਹਿ ਲਾਖ ਹਜਾਰ ਅਠਾਇਸ ਹੈ ਯੁੱਗ ਸਤ ਚਹੁੰ ਪਗੁ ਜਾਨੋ।***
***ਬਾਰਹਿ ਲਾਖ ਹਜ਼ਾਰ ਛਿਆਨਵੇਂ ਤੇਤਾ ਤਹਾਂ ਪਗ ਤੀਨ ਬਖਾਨੋ।***
***ਆਠਹਿ ਲਾਖ ਹਜਾਰ ਜੋ ਚੌਸਠ ਦਵਾਪਰ ਦਵੈ ਪਗ ਧਰਮ ਕੇ ਮਾਨੋ।***
***ਚਾਰ ਲਾਖ ਬਤੀਸ ਹਜਾਰ ਕੋ ਹੈ ਕਲਿ ਏਕ ਪਗੈ ਠਹਰਾਨੋ॥ ੩੯॥***

(ਅਧਿਆਤਮ ਪ੍ਰਕਾਸ਼)

ਤ੍ਰਿਤਾਲੀ ਲੱਖ ੨੦ ਹਜ਼ਾਰ ਸਾਲ ਬੀਤ ਜਾਣ ਤੋਂ ਚਾਰਾਂ ਯੁੱਗਾਂ ਦੀ ਇਕ ਚੌਕੁੜੀ ਬਣਦੀ ਹੈ। ਇਸ ਤਰ੍ਹਾਂ ਦੀ ਹਜ਼ਾਰ ਚੌਕੁੜੀ ਬੀਤ ਜਾਣ ਤੋਂ ਬ੍ਰਹਮਾ ਜੀ ਦਾ ਇਕ ਦਿਨ ਬਣਦਾ ਹੈ। ਜਿਸ ਤਰ੍ਹਾਂ ਬ੍ਰਹਮਾ ਦਾ ਦਿਨ ਹੈ, ਇਸੇ ਤਰ੍ਹਾਂ ਦੀ ਬ੍ਰਹਮਾ ਦੀ ਰਾਤ ਦੱਸੀ ਹੈ।

***ਲਾਖ ਤਿਤਾਲੀ ਵਰਖ ਅਰੁ, ਬੀਤੇ ਬੀਸ ਹਜਾਰ।***
***ਏਕ ਚੌਕੁੜੀ ਯੁਗਨ ਕੀ ਤੋਕੋ ਕਹਯੋ ਬਿਚਾਰ।***
***ਐਸੀ ਐਸੀ ਚੌਕੁੜੀ ਯੁਗ ਜਬ ਜਾਇ ਹਜਾਰ।***
***ਬ੍ਰਹਮਾ ਜੂਕੋ ਏਕ ਦਿਨ ਤਬ ਕਹੀਯਤ ਨਿਰਧਾਰ।***

ਇਸ ਤਰ੍ਹਾਂ ਜਿਸ ਸਮੇਂ ਚਾਰਾਂ ਯੁੱਗਾਂ ਦੀ ਇਕ ਚੌਕੜੀ ਪੂਰੀ ਹੋ ਜਾਂਦੀ ਹੈ ਤਾਂ ਬ੍ਰਹਮਾ ਦਾ ਦਿਨ ਪੂਰਾ ਹੋਕੇ ਰਾਤ ਆ ਜਾਂਦੀ ਹੈ। ਮਾਤ ਲੋਕ ਵਿਚ ਉਸ ਸਮੇਂ ਅਵਾਂਤ੍ਰ ਪਰਲੋ ਆਉਂਦੀ ਹੈ।

***ਸ੍ਰਿਸਟ ਰਚੇ ਦਿਨ ਕੇ ਉਦੇ, ਰਾਤ ਪ੍ਰਲ ਹਵੈ ਜਾਤ।***
***ਮਹਾਂ ਪਰਲੋ ਬ੍ਰਹਮਾ ਜੀ ਦੇ ਮਰਨ ਸਮੇਂ ਹੁੰਦੀ ਹੈ।***
***ਮਹਾਂ ਪਰਲੋ ਹਵੈ ਮਰਨ ਤੇ, ਯਹੈ ਬਾਤ ਨਿਰਧਾਰ।***

ਇਸ ਲਈ ਇਹ ਸਾਰੇ ਛੋਟੇ ਵੱਡੇ ਦੇਵਤੇ ਵੀ ਉਸ ਅਬਿਨਾਸੀ ਪ੍ਰਭੂ ਦੇ ਲਿਖੇ ਸਮੇਂ ਅਨੁਸਾਰ ਮਰ ਜਾਂਦੇ ਹਨ। ਸਾਰੇ ਅਵਤਾਰ ਵੀ ਉਸ ਅਬਿਨਾਸੀ ਪ੍ਰਭੂ ਦੇ ਹੁਕਮ ਅਨੁਸਾਰ ਜੰਮਦੇ ਮਰਦੇ ਰਹਿੰਦੇ ਹਨ।

***ਕਾਲ ਪਾਇ ਬ੍ਰਹਮਾ ਬਪੁ ਧਰਾ॥ ਕਾਲ ਪਾਇ ਸਿਵ ਜੂ ਅਵਤਰਾ॥***
***ਕਾਲ ਪਾਇ ਕਰ ਬਿਸਨੁ ਪ੍ਰਕਾਸਾ॥ਸਕਲ ਕਾਲ ਕਾ ਕੀਆ ਤਮਾਸਾ॥***

(ਚੌਪਈ ਸਾਹਿਬ, ਦਸਮ ਗ੍ਰੰਥ)

***ਏਕ ਸ਼ਿਵ ਭਏ, ਏਕ ਗਏ, ਏਕ ਫੇਰ ਭਏ, ਰਾਮਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ।***

***ਬ੍ਰਹਮਾ ਅਰੁ ਬਿਸ਼ਨ ਕੇਤੇ, ਬੇਦ ਔ ਪੁਰਾਨ ਕੇਤੇ, ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਏ ਹੈਂ।***
***ਮੋਨਦੀ ਮਦਾਰ ਕੇਤੇ, ਅਸੁਨੀ ਕੁਮਾਰ ਕੇਤੇ, ਅੰਸਾ ਅਵਤਾਰ ਕੇਤੇ, ਕਾਲ ਬਸ ਭਏ ਹੈਂ।***
***ਪੀਰ ਔ ਪਿਕਾਂਬਰ ਕੇਤੇ, ਗਨੇ ਨ ਪਰਤ ਏਤੇ, ਭੂਮ ਹੀ ਤੇ ਹੁਇ ਕੈ, ਫੇਰਿ ਭੂਮ ਹੀ ਮਿਲਏ ਹੈਂ॥੭॥੭੭॥***

(ਅਕਾਲ ਉਸਤਤਿ, ਦਸਮ ਗ੍ਰੰਥ)

ਸੰਸਾਰ ਅੰਦਰ ਉਸ ਪ੍ਰਮੇਸ਼ਰ ਤੋਂ ਬਿਨਾਂ ਕੋਈ ਵੀ ਅਬਿਨਾਸੀ ਨਹੀਂ ਹੈ ਜੋ ਨਾਸ਼ ਨਾ ਹੋਵੇ। ਸਦਾ ਸਥਿਰ ਤਿੰਨ ਕਾਲ ਨਾਸ਼ ਰਹਿਤ ਤਾਂ ਉਹ ਅਬਿਨਾਸੀ ਪ੍ਰਭੂ ਹੀ ਹੈ।

ਪਰ ਕਈ ਹਰਨਾਖ਼ਸ਼ ਤੇ ਰਾਵਣ ਜੈਸਿਆਂ ਨੇ ਹੰਕਾਰ ਸਹਿਤ ਆਪਣੇ ਆਪ ਨੂੰ ਅਬਿਨਾਸੀ ਕਹਾਉਣ ਦਾ ਜਤਨ ਕੀਤਾ ਪਰ ਉਹ ਰਹਿ ਨਹੀਂ ਸਕੇ ਅਤੇ ਨਾਸ਼ ਹੋ ਗਏ।

## ਸਾਖੀ — ਹਰਨਾਖਸ਼ ਦੀ

ਹਰਨਾਖਸ਼ ਕਸ਼ਯਪ ਦੇ ਘਰ ਦਿੱਤੀ ਦੀ ਕੁੱਖੋਂ ਪੈਦਾ ਹੋਇਆ ਦੱਸਿਆ ਹੈ। ਇਕ ਹਰਨਾਖਸ਼ ਦਾ ਵੱਡਾ ਭਰਾ ਸੀ ਜਿਸ ਦਾ ਨਾਮ ਹਰਨਾਖ ਜਾਂ ਹਿਰਣਯਾਕ੍ਸ਼ ਸੀ। ਇਹ ਦੋਵੇਂ ਨਾਮ ਹਰਨਾਖਸ਼ ਦੇ ਭਰਾ ਦੇ ਲਿਖੇ ਮਿਲਦੇ ਹਨ। ਇਸ ਹਿਰਣਯਾਕ੍ਸ਼ ਦਾ ਵਿਸ਼ਨੂੰ ਦੇ ਅਵਤਾਰ ਵਰਾਹ ਨਾਲ ਭਾਰੀ ਜੁੱਧ ਹੋਇਆ ਤੇ ਇਕ ਹਜ਼ਾਰ ਸਾਲ ਜੁੱਧ ਚੱਲਿਆ। ਆਖ਼ਿਰ ਨੂੰ ਵਰਾਹ ਅਵਤਾਰ ਨੇ ਹਿਰਣਯਾਕ੍ਸ਼ ਰਾਖਸ਼ ਨੂੰ ਮਾਰ ਕੇ ਖ਼ਤਮ ਕਰ ਦਿੱਤਾ। ਭਾਗਵਤ-ਪੁਰਾਣ ਅਨੁਸਾਰ ਹਰਨਾਖਸ਼ ਨੂੰ ਆਪਣੇ ਭਰਾ ਮਰੇ ਦਾ ਬਹੁਤ ਦੁੱਖ ਹੋਇਆ। ਇਸ ਭਰਾ ਦੇ ਬਦਲੇ ਦੀ ਭਾਵਣਾ ਨੂੰ ਲੈਕੇ ਹਰਨਾਖਸ਼ ਨੇ ਦੇਵੀ ਦੇਵਤੇ, ਗਊ ਬ੍ਰਾਹਮਣ ਅਤੇ ਵੇਦਾਂ ਨੂੰ ਨਸ਼ਟ ਕਰਨ ਦੀ ਆਗਿਆ ਦਿੱਤੀ। ਮੰਦਰਾਚਲ ਪਹਾੜ ਜਾਂ ਕਾਲਾਂਤਰ ਵਿਚ ਇਸ ਨੇ ਤਪੱਸਿਆ ਕਰਕੇ ਬ੍ਰਹਮਾ ਪਾਸੋਂ ਵਰ ਪ੍ਰਾਪਤ ਕਰ ਲਿਆ ਕਿ ਇਹ ਨਾ ਦਿਨ ਨੂੰ, ਨਾ ਰਾਤ ਨੂੰ ਮਰੇ, ਨਾ ਹੀ ਕੋਈ ਪਸ਼ੂ ਜਾਂ ਦੇਵਤਾ ਮਾਰ ਸਕੇ ਅਤੇ ਨਾ ਹੀ ਸ਼ਸਤ੍ਰ ਜਾਂ ਅਸਤ੍ਰ ਕਰਕੇ ਮਾਰਿਆ ਜਾ ਸਕੇ। ਇਸ ਤਰ੍ਹਾਂ ਦੇ ਵਰ ਪ੍ਰਾਪਤ ਕਰਕੇ ਹੰਕਾਰ ਹੋ ਆਇਆ ਕਿ ਮੈਨੂੰ ਮਾਰਨ ਵਾਲਾ ਕੋਈ ਨਹੀਂ ਹੈ। ਮੈਂ ਨਾਸ ਰਹਿਤ ਅਬਿਨਾਸੀ ਹਾਂ। ਇਸ ਦੇ ਭਰਾ ਨੂੰ ਵਿਸ਼ਨੂੰ ਦੇ ਅਵਤਾਰ ਵਰਾਹ ਨੇ ਮਾਰਿਆ ਸੀ। ਇਸ ਕਰਕੇ ਵਿਸ਼ਨੂੰ ਭਗਵਾਨ ਦਾ ਨਾਮ ਲੈਣ ਵਾਲੇ ਨੂੰ ਵੀ ਮਾਰਨ ਦਾ ਹੁਕਮ ਦੇ ਦਿੱਤਾ। ਦੇਵਤਿਆਂ ਨਾਲ ਜੰਗ ਜੁੱਧ ਸ਼ੁਰੂ ਕਰ ਦਿੱਤਾ। ਬ੍ਰਹਮਾ ਦੇ ਵਰ ਨਾਲ ਸਭ ਨੂੰ ਜਿਤ ਕੇ ਤ੍ਰਿਲੋਕੀ ਦਾ ਰਾਜ ਹਾਸਲ ਕਰ ਲਿਆ। ਇਸ ਨੂੰ ਇਤਨਾ ਹੰਕਾਰ ਹੋ ਗਿਆ ਕਿ ਕੋਈ ਭਗਵਾਨ ਨਹੀਂ ਹੈ, ਮੈਂ ਹੀ ਖ਼ੁਦ ਭਗਵਾਨ ਹਾਂ। ਕਿਸੇ ਨੇ ਭਗਵਾਨ ਦਾ ਨਾਮ ਨਹੀਂ ਲੈਣਾ, ਮੇਰਾ ਨਾਮ ਜਪੋ, ਮੈਂ ਹੀ ਭਗਵਾਨ ਹਾਂ। ਇਸ ਹਰਨਾਖਸ਼ ਦੇ ਘਰ ਵਾਲੀ ਕਿਆਦੂ ਦੇ ਕੁੱਖੋਂ ਇਸ ਦੇ ਚਾਰ ਪੁੱਤਰਾਂ ਨੇ ਜਨਮ ਲਿਆ। ੧. ਸੰਹਲਾਦ, ੨. ਅਨਹਲਾਦ, ੩. ਹਲਾਦ। ਇਹ ਤਿੰਨ ਪੁੱਤਰਾਂ ਤੋਂ ਪਿਛੋਂ ਅਕਾਲ ਪੁਰਖ ਨੇ ਆਪਣੇ ਭਗਤ ਪ੍ਰਹਿਲਾਦ ਨੂੰ ਇਸ ਦੇ ਘਰ ਜਨਮ ਦਿੱਤਾ, ਜੋ ਬਾਲਕ ਅਵੱਸਥਾ ਵਿਚ ਪੜ੍ਹਨ ਸਮੇਂ ਹੀ ਆਪਣੇ ਬਾਪ ਰਾਜਾ ਹਰਨਾਖਸ਼ ਦੇ ਹੁਕਮ ਦੇ ਉਲਟ ਰਾਮ ਦਾ ਨਾਮ ਲੈਣ ਲੱਗਿਆ। ਇਸ ਨੂੰ ਵੇਖ ਕੇ ਨਾਲ

ਪੜ੍ਹਨ ਵਾਲੇ ਬਾਲਕਾਂ ਨੇ ਵੀ ਰਾਮ ਨਾਮ ਉੱਚੀ ਉੱਚੀ ਜੱਪਣਾ ਸ਼ੁਰੂ ਕਰ ਦਿੱਤਾ। ਸੰਡਾ ਮਰਕਾ ਜੋ ਬੱਚਿਆਂ ਨੂੰ ਪੜ੍ਹਾਵਣ ਵਾਲੇ ਸਨ, ਉਨ੍ਹਾਂ ਨੇ ਹਰਨਾਖਸ਼ ਪਾਸ ਪੁਕਾਰ ਕੀਤੀ ਕਿ ਤੁਹਾਡਾ ਪੁੱਤਰ ਆਪ ਤਾਂ ਵਿਗੜਿਆ ਹੈ, ਉਸ ਨੇ ਤਾਂ ਸਾਰੇ ਬਾਲਕ ਵੀ ਵਿਗਾੜ ਦਿੱਤੇ ਹਨ। ਤਾਂ ਹਰਨਾਖਸ਼ ਨੇ ਪ੍ਰਹਿਲਾਦ ਨੂੰ ਰਾਮ ਨਾਮ ਕਹਿਣ ਤੋਂ ਰੋਕਿਆ, ਪਰ ਭਗਤ ਪ੍ਰਹਿਲਾਦ ਨਾਮ ਜਪਣੋਂ ਨਹੀਂ ਹਟਿਆ। ਭਗਤ ਜੀ ਨੂੰ ਮਾਰਣ ਵਾਸਤੇ ਹਰਨਾਖਸ਼ ਨੇ ਹੁਕਮ ਦੇ ਦਿੱਤਾ। ਭਗਤ ਪ੍ਰਹਿਲਾਦ ਨੂੰ ਮਾਰਣ ਵਾਸਤੇ ਭਗਤ ਜੀ ਦੀ ਭੂਆ ਹੋਲਕਾ ਅੱਗ ਵਿਚ ਲੈ ਕੇ ਬੈਠੀ ਪਰ ਹੋਲਕਾ ਸੜ ਕੇ ਭਸਮ ਹੋ ਗਈ। ਪ੍ਰਹਿਲਾਦ ਦੀ ਰੱਖਿਆ ਪ੍ਰਮੇਸ਼ਰ ਨੇ ਕੀਤੀ।

ਜਲ ਵਿਚ ਡੋਬਣ ਦਾ ਜਤਨ ਕੀਤਾ ਤਾਂ ਪ੍ਰਮੇਸ਼ਰ ਨੇ ਰੱਖਿਆ ਕੀਤੀ। ਅਨੇਕਾਂ ਜਤਨ ਪ੍ਰਹਿਲਾਦ ਨੂੰ ਮਾਰਨ ਦੇ ਕੀਤੇ ਪਰ ਪ੍ਰਭੂ ਰੱਖਿਆ ਕਰਦਾ ਰਿਹਾ। ਆਖ਼ਿਰ ਥੰਮ੍ਹ ਤਪਾਇਆ ਗਿਆ ਤੇ ਕਿਹਾ ਕਿ ਇਸ ਨੂੰ ਜੱਫੀ ਪਾ। ਇਕ ਕਥਨ ਅਨੁਸਾਰ ਭਗਵਾਨ ਨੇ ਕੀੜੀ ਦੇ ਰੂਪ ਵਿਚ ਥੰਮ੍ਹ ਉਪਰ ਤੁਰਨਾ ਕੀਤਾ। ਕੀੜੀ ਵੇਖ ਕੇ ਭਗਤ ਜੀ ਨੇ ਤਪਦੇ ਥੰਮ੍ਹ ਨੂੰ ਜੱਫੀ ਪਾ ਲਈ। ਥੰਮ੍ਹ ਸ਼ਾਂਤ ਹੋ ਗਿਆ। ਇਹ ਵੇਖ ਕੇ ਹਰਨਾਖਸ਼ ਨੇ ਭਗਤ ਜੀ ਨੂੰ ਮਾਰਨ ਵਾਸਤੇ ਤਲਵਾਰ ਕੱਢ ਲਈ। ਕਿਹਾ ਦੱਸ ਹੁਣ ਮੇਰੀ ਤਲਵਾਰ ਤੋਂ ਤੈਨੂੰ ਕੌਣ ਬਚਾਏਗਾ। ਤਾਂ ਉਸੇ ਸਮੇਂ ਭਗਵਾਨ ਨਰ ਸਿੰਘ ਰੂਪ ਧਾਰ ਕੇ ਪ੍ਰਗਟ ਹੋ ਆਇਆ। ਹਰਨਾਖਸ਼ ਜੋ ਅਬਿਨਾਸੀ ਰੱਬ ਆਪ ਕਹਾਉਂਦਾ ਸੀ, ਉਸ ਨੂੰ ਨੌਂਦਰਾਂ ਨਾਲ ਪਾੜ ਦਿੱਤਾ ਸੀ।

***ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ॥***

(ਆਸਾ ਦੀ ਵਾਰ)

ਭਾਈ ਗੁਰਦਾਸ ਜੀ ਨੇ ਭੀ ਇਹ ਪ੍ਰਸੰਗ ਵਾਰਾਂ ਅੰਦਰ ਕਥਨ ਕੀਤਾ ਹੈ।

ਇਸਤਰ੍ਹਾਂ ਇਕ ਉਹ ਅਕਾਲ ਪੁਰਖ ਹੀ ਨਾਸ਼ ਤੋਂ ਰਹਿਤ ਅਬਿਨਾਸੀ ਸਰੂਪ ਹੈ। ਉਸ ਤੋਂ ਬਿਨਾਂ ਹੋਰ ਕੋਈ ਅਬਿਨਾਸੀ ਨਹੀਂ ਹੈ, ਹੋਰ ਸਭ ਕੁਝ ਬਿਨਾਸ ਰੂਪ ਹੈ।

***ਅਲਾਹੁ ਅਲਖੁ ਅਗੰਮੁ ਕਾਦਰੁ ਕਰਣਹਾਰੁ ਕਰੀਮੁ॥***
***ਸਭ ਦੁਨੀ ਆਵਣ ਜਾਵਣੀ ਮੁਕਾਮੁ ਏਕੁ ਰਹੀਮੁ॥੬॥***
***ਮੁਕਾਮੁ ਤਿਸ ਨੋ ਆਖੀਐ ਜਿਸੁ ਸਿਸਿ ਨ ਹੋਵੀ ਲੇਖੁ॥***
***ਅਸਮਾਨੁ ਧਰਤੀ ਚਲਸੀ ਮੁਕਾਮੁ ਓਹੀ ਏਕੁ॥੭॥***
***ਦਿਨ ਰਵਿ ਚਲੈ ਨਿਸਿ ਸਸਿ ਚਲੈ ਤਾਰਿਕਾ ਲਖ ਪਲੋਇ॥***
***ਮੁਕਾਮੁ ਓਹੀ ਏਕੁ ਹੈ ਨਾਨਕਾ ਸਚੁ ਬੁਗੋਇ॥੮॥੧੭॥***

(ਮਹਲਾ ੧, ਅੰਗ ੬੪)

ਉਹ ਜੋ ਅਕਾਲ ਪੁਰਖ ਪਰੀਪੂਰਨ ਪ੍ਰਮਾਤਮਾ ਸਰਬ ਕਲਾ ਸਮਰੱਥ ਅਬਿਨਾਸੀ ਪ੍ਰਭ ਆਪੇ ਆਪਿ॥ ਹੈ, ਉਸ ਦੀ ਸਿਫਤ ਕਰਦਿਆਂ ਭਾਈ ਗੁਰਦਾਸ ਕਥਨ ਕਰਦੇ ਹਨ :

*ਵੇਦ ਕਤੇਬਹੁ ਬਾਹਰਾ, ਲੇਖ ਅਲੇਖ ਨ ਲਖਿਆ ਜਾਈ।*
*ਰੂਪੁ ਅਨੂਪੁ ਅਚਰਜੁ ਹੈ, ਦਰਸਨੁ ਦ੍ਰਿਸਟਿ ਅਗੋਚਰ ਭਾਈ।*
*ਇਕੁ ਕਵਾਉ ਪਸਾਉ ਕਰਿ ਤੋਲੁ ਨ ਤੁਲਾਧਾਰ ਨ ਸਮਾਈ।*
*ਕਥਨੀ ਬਦਨੀ ਬਾਹਰਾ, ਥਕੈ ਸਬਦੁ ਸੁਰਤਿ ਲਿਵ ਲਾਈ।*
*ਮਨ ਬਚ ਕਰਮ ਅਗੋਚਰਾ, ਮਤਿ ਬੁਧਿ ਸਾਧਿ ਸੋਝੀ ਥਕਿ ਪਾਈ।*
*ਅਛਲ ਅਛੇਦ ਅਭੇਦ ਹੈ, ਭਗਤਿ ਵਛਲੁ ਸਾਧਸੰਗਤਿ ਛਾਈ।*
*ਵਡਾ ਆਪਿ ਵਡੀ ਵਡਿਆਈ॥੧੯॥*

(ਵਾਰ, ਪਉੜੀ ੧੯)

ਉਹ ਅਬਿਨਾਸੀ ਪ੍ਰਭੂ ਹੀ ''ਜੀਵਨ ਕੋ ਦਾਤਾ॥'' ਸਰਬ ਜੀਆਂ ਦਾ ਦਾਤਾ ਹੈ। ਸਾਰੇ ਜੀਆਂ ਦੀ ਪਾਲਣਾ ਕਰਨ ਵਾਲਾ ਹੈ। ''ਦਾਤੇ'' ਦੇ ਸੰਬੰਧ ਵਿਚ ਪੜ੍ਹੋ, ਇਸੇ ਪੋਥੀ (ਮੁਖਵਾਕ ਪ੍ਰਕਾਸ਼ ਭਾਗ ਦੂਜਾ) ਦੇ ਆਰੰਭ ਅੰਦਰ, ਸ੍ਰੀ ਮੁਖਵਾਕ ਨੰਬਰ ੪੬ ਤੇ, ''ਤੂ ਪ੍ਰਭ ਦਾਤਾ ਦਾਨਿ ਮਤਿ ਪੂਰਾ ਹਮ ਥਾਰੇ ਭੇਖਾਰੀ ਜੀਉ॥''

ਸੋਰਠਿ ਮਹਲਾ ੫ ॥ ਅਬਿਨਾਸੀ ਜੀਅਨ ਕੋ ਦਾਤਾ ਸਿਮਰਤ ਸਭ ਮਲੁ ਖੋਈ॥ ਗੁਣ ਨਿਧਾਨ ਭਗਤਨ ਕਉ ਬਰਤਨਿ ਬਿਰਲਾ ਪਾਵੈ ਕੋਈ॥੧॥ ਮੇਰੇ ਮਨ ਜਪਿ ਗੁਰ ਗੋਪਾਲ ਪ੍ਰਭੁ ਸੋਈ॥ ਜਾ ਕੀ ਸਰਣਿ ਪਇਆਂ ਸੁਖੁ ਪਾਈਐ ਬਾਹੁੜਿ ਦੂਖੁ ਨ ਹੋਈ॥ ੧ ॥ ਰਹਾਉ ॥ ਵਡਭਾਗੀ ਸਾਧਸੰਗੁ ਪਰਾਪਤਿ ਤਿਨ ਭੇਟਤ ਦੁਰਮਤਿ ਖੋਈ॥ ਤਿਨ ਕੀ ਧੂਰਿ ਨਾਨਕੁ ਦਾਸੁ ਬਾਛੈ ਜਿਨ ਹਰਿ ਨਾਮੁ ਰਿਦੈ ਪਰੋਈ॥ ੨ ॥ ੫ ॥ ੩੩ ॥

(ਅੰਗ ੬੧੭)

## ਪਦ ਅਰਥ :

ਜੀਅਨ ਕੋ-ਜੀਆਂ ਦਾ। ਮਲੁ-ਮੈਲ। ਕਉ-ਵਾਸਤੇ, ਲਈ।

ਬਰਤਨਿ-ਵਰਤਣ ਵਲੇਵਾ। ਬਿਰਲਾ-ਵਿਰਲਾ। ਵਡਭਾਗੀ-ਵੱਡੇ ਭਾਗਾਂ ਨਾਲ। ਭੇਟਤ-ਮਿਲਦਿਆਂ। ਦੁਰਮਤਿ-ਖੋਟੀ ਮਤਿ। ਖੋਈ-ਨਾਸ਼ ਹੋ ਗਈ ਹੈ।

## ਅਰਥ :

(ਹੇ ਭਾਈ) ! ਨਾਸ ਤੋਂ ਰਹਿਤ ਪ੍ਰਮਾਤਮਾ ਸਾਰੇ ਜੀਆਂ ਦਾ ਦਾਤਾ ਹੈ, (ਉਸ ਦਾ) ਸਿਮਰਨ ਕਰਨ ਨਾਲ (ਪਾਪਾਂ ਵਿਕਾਰਾਂ) ਦੀ ਸਾਰੀ ਮੈਲ ਲਹਿ ਗਈ ਹੈ। (ਉਹ ਪ੍ਰਭੂ) ਜੋ ਸਭ ਗੁਣਾਂ ਦਾ ਖ਼ਜ਼ਾਨਾ ਹੈ, ਭਗਤ

ਜਨਾਂ ਦਾ (ਉਹ ਹੀ) ਵਰਤਣ-ਵਲੇਵਾ ਹੈ, (ਪਰ ਉਸ ਨੂੰ ਕੋਈ) ਵਿਰਲਾ ਹੀ ਮਨੁੱਖ ਪ੍ਰਾਪਤ ਕਰਦਾ ਹੈ।੧। ਮੇਰੇ ਮਨ ! ਤੂੰ ਭੀ ਉਸ ਗੁਰ ਗੋਪਾਲ ਪ੍ਰਮਾਤਮਾ ਨੂੰ ਜਪਿਆ ਕਰ। ਜਿਸ ਪ੍ਰਭੂ ਦੀ ਸਰਣਿ ਪਇਆਂ (ਆਤਮਿਕ) ਸੁੱਖ ਪ੍ਰਪਤ ਕਰ ਲਈਦਾ ਹੈ, ਫਿਰ ਕਦੇ ਭੀ ਦੁੱਖ ਨਹੀਂ ਲੱਗਦਾ। ੧। ਰਹਾਉ (ਹੇ ਭਾਈ) ! ਵੱਡੇ ਭਾਗਾਂ ਨਾਲ ਸਾਧੂ (ਜਨਾਂ ਦਾ) ਸੰਗ ਪ੍ਰਾਪਤ ਹੋਇਆ ਹੈ। ਉਹਨਾਂ ਸਾਧੂ ਜਨਾਂ ਨੂੰ ਮਿਲਦਿਆਂ ਖੋਟੀ ਮਤਿ ਨਾਸ ਹੋ ਗਈ ਹੈ। ਨਾਨਕ (ਗੁਰੂ ਜੀ ਕਥਨ ਕਰਦੇ ਹਨ) ਕਿ ਮੈਂ ਦਾਸ ਉਹਨਾਂ (ਹਰੀ ਦੇ ਸੰਤਾਂ ਦੀ) ਚਰਨ ਧੂੜ ਮੰਗਦਾ ਹਾਂ, ਜਿਹਨਾਂ ਨੇ ਹਰੀ ਦਾ ਨਾਮ (ਆਪਣੇ) ਹਿਰਦੇ ਵਿਚ ਪ੍ਰੋ ਲਿਆ ਹੈ। ੨। ੫। ੩੩।

## ਵਿਆਖਿਆ ਤੇ ਸਾਰੰਸ਼ :

ਸਤਸੰਗਤ ਵੱਡਿਆਂ ਭਾਗਾਂ ਕਰਕੇ ਪ੍ਰਾਪਤ ਹੁੰਦੀ ਹੈ, ਭਾਗਾਂ ਤੋਂ ਬਿਨਾਂ ਸਤਸੰਗਤ ਪ੍ਰਾਪਤ ਨਹੀਂ ਹੁੰਦੀ।

ਗੁਰੂ ਕੀ ਸੰਗਤ ਕਰਨ ਦਾ ਇਹ ਫਲ ਹੈ ਕਿ ਮਨੁੱਖ ਦੇ ਮਾੜੇ ਕਰਮ ਕੱਟੇ ਜਾਂਦੇ ਹਨ। ਮਾੜੇ ਕਰਮਾਂ ਦਾ ਫਲ ਦੁੱਖ ਜੋ ਸੂਲੀ 'ਤੇ ਚੜ੍ਹਨ ਦਾ ਮਿਲਣਾ ਹੈ, ਗੁਰ ਸੰਗਤ ਕਰਨ ਨਾਲ ਸੂਲੀ ਤੋਂ ਸੂਲ (ਕੰਡਾ) ਬਣ ਜਾਂਦਾ ਹੈ।

## ਸਾਖੀ—ਸੂਲੀ ਤੋਂ ਕੰਡਾ ਤੇ ਸਵਾਸ ਕੋਲੇ ਬਣਨ ਦੀ

ਕੁਸੰਗਤ ਕਰਨ ਨਾਲ ਮਨੁੱਖ ਦੇ ਕੀਮਤੀ ਸਵਾਸ ਭਸਮ ਹੋ ਜਾਂਦੇ ਹਨ। ਇਸ ਸਬੰਧ ਵਿਚ ਡਾ: ਭਾਈ ਵੀਰ ਸਿੰਘ ਜੀ ਨੇ ਗੁਰੂ ਨਾਨਕ ਚਮਤਕਾਰ ਅੰਦਰ ਇਕ ਬਹੁਤ ਸੁੰਦਰ ਪ੍ਰਸੰਗ ਅੰਕਿਤ ਕੀਤਾ ਹੈ ਜੋ ਇਸ ਤਰ੍ਹਾਂ ਹੈ :

ਦੋ ਮਨੁੱਖ ਇਕ ਮਹੱਲੇ ਅੰਦਰੋਂ ਚੱਲਦੇ ਹਨ। ਇਕ ਮਨੁੱਖ ਗੁਰੂ ਨਾਨਕ ਦੇਵ ਜੀ ਦੀ ਹਜ਼ੂਰੀ ਅੰਦਰ ਬੈਠ ਕੇ ਪਰਮਾਤਮਾ ਦੀ ਸਿਫ਼ਤਿ-ਸਾਲਾਹ ਸੁਣਦਾ ਹੈ। ਫਿਰ ਦੀਵਾਨ ਦੀ ਸਮਾਪਤੀ ਉਪਰੰਤ ਵਾਪਸ ਘਰ ਆ ਜਾਂਦਾ ਹੈ, ਪਰ ਦੂਜਾ ਇਕ ਵੇਸਵਾ ਦੇ ਦਰਵਾਜ਼ੇ 'ਤੇ ਦਸਤਕ ਦਿੰਦਾ ਹੈ। ਇਸ ਤਰ੍ਹਾਂ ਕੁਝ ਵਕਤ ਲੰਘ ਗਿਆ। ਇਕ ਦਿਨ ਦੋਵਾਂ ਨੇ ਆਪਣੇ ਮਹੱਲੇ 'ਚੋਂ ਅੱਗੜ-ਪਿੱਛੜ ਆਉਂਦਿਆਂ ਆਪਣੇ ਆਪਣੇ ਬਾਰੇ ਦੱਸਿਆ, ਫਿਰ ਇਕੱਠੇ ਹੀ ਵਾਪਸ ਮਹੱਲੇ 'ਚ ਆਉਣ ਦਾ ਵਾਅਦਾ ਕੀਤਾ ਕਿ ਜਿਹੜਾ ਵੀ ਪਹਿਲਾਂ ਵਾਪਸ ਆਵੇ, ਉਹ ਇਸ ਬ੍ਰਿਛ ਹੇਠਾਂ ਬੈਠ ਕੇ ਦੂਜੇ ਦਾ ਇੰਤਜ਼ਾਰ ਕਰੇ। ਕੁਸੰਗੀ ਮਨੁੱਖ ਵੇਸਵਾ ਦੇ ਦਰਵਾਜ਼ੇ ਤਾਲਾ ਲੱਗਾ ਵੇਖ ਕੇ ਪਹਿਲਾਂ ਬ੍ਰਿਛ ਹੇਠਾਂ ਆ ਕੇ ਬੈਠ ਗਿਆ। ਬੈਠਾ ਬੈਠਾ ਧਰਤੀ ਨੂੰ ਖੋਦਣ ਲੱਗ ਪਿਆ। ਉਸ ਨੂੰ ਇਕ ਸੋਨੇ ਦੀ ਮੋਹਰ ਨਜ਼ਰ ਆਈ। ਬੜਾ ਖ਼ੁਸ਼ ਹੋਇਆ। ਜਦ ਮਿੱਟੀ ਨੂੰ ਹੋਰ ਪੁੱਟਿਆ ਤਾਂ ਬਰਤਨ ਨਜ਼ਰ ਆਇਆ। ਜਦ ਉਸ ਬਰਤਨ ਨੂੰ ਵੇਖਿਆ ਤਾਂ ਕੋਲਿਆਂ ਨਾਲ ਭਰਿਆ ਪਿਆ ਸੀ। ਮਨ ਬੜਾ ਹੈਰਾਨ ਤੇ ਦੁੱਖੀ ਹੋਇਆ।

ਇੰਨੇ ਚਿਰ ਨੂੰ ਗੁਰੂ ਨਾਨਕ ਜੀ ਦੀ ਹਜ਼ੂਰੀ ਦਾ ਰਸ-ਮਾਨਣ ਵਾਲਾ ਸਤਿਸੰਗੀ ਵੀ ਪਹੁੰਚ ਗਿਆ, ਪਰ ਲੰਗੜਾ ਕੇ ਤੁਰਦਾ ਸੀ। ਕੁਸੰਗੀ ਨੇ ਉਸ ਨੂੰ ਲੰਗੜਾਉਣ ਬਾਰੇ ਪੁੱਛਿਆ ਤਾਂ ਸਤਸੰਗੀ ਨੇ ਕਿਹਾ, ਜਦ

ਮੈਂ ਦੀਵਾਨ ਦੀ ਸਮਾਪਤੀ ਤੋਂ ਬਾਅਦ ਤੁਰਨ ਲੱਗਾ ਤਾਂ ਇਕ ਕੰਡਾ ਪੈਰ ਹੇਠਾਂ ਚੁਭ ਗਿਆ, ਉਸ ਕਰਕੇ ਜ਼ਰਾ ਪੀੜ ਹੋ ਰਹੀ ਹੈ। ਕੁਸੰਗੀ ਨੇ ਕਿਹਾ ਕਿ ਮੈਨੂੰ ਇਕ ਸੋਨੇ ਦੀ ਮੋਹਰ ਤੇ ਇਕ ਕੋਲਿਆਂ ਦਾ ਬਰਤਨ ਮਿੱਟੀ ਵਿਚੋਂ ਲੱਭਾ ਹੈ ਅਤੇ ਤੈਨੂੰ ਕੰਡੇ ਦੀ ਪੀੜ, ਇਸ ਦਾ ਕੀ ਕਾਰਨ ਹੈ ? ਸਤਿਸੰਗੀ ਨੇ ਆਖਿਆ ਕਿ ਇਸ ਬਾਰੇ ਸਤਿਗੁਰੂ ਜੀ ਪਾਸੋਂ ਚਲ ਕੇ ਪੁੱਛੀਏ। ਜਦੋਂ ਬੇਨਤੀ ਕਰਕੇ ਪੁੱਛਿਆ ਤਾਂ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਅਗੰਮੀ ਦਿਬ-ਦ੍ਰਿਸ਼ਟੀ ਰਾਹੀਂ ਜਾਣ ਕੇ ਦੱਸਿਆ ਕਿ ਬਦ-ਰਾਹ 'ਤੇ ਚੱਲਣ ਵਾਲੇ ਦੇ ਸ਼ੁਭ ਕਰਮ ਸੜ ਕੇ ਕੋਇਲੇ ਬਣ ਗਏ। ਸਿਰਫ਼ ਇਕ ਹੀ ਚੰਗਾ ਕਰਮ ਰਹਿ ਗਿਆ ਜੋ ਸੋਨੇ ਦੀ ਮੋਹਰ ਬਣ ਨਜ਼ਰ ਆਇਆ। ਭਾਵ ਸੋਨੇ ਵਾਂਗ ਕੀਮਤੀ ਗੁਣ ਕਰਮ ਕੁਸੰਗਤ ਦੀ ਅਗਨੀ ਅੰਦਰ ਜਲ ਜਾਂਦੇ ਹਨ।

ਸਤਿਸੰਗੀ ਪੁਰਸ਼ ਦੇ ਕਿਸੇ ਪੂਰਬਲੇ ਮਾੜੇ ਕਰਮ ਕਰਕੇ ਇਸ ਸੂਲੀ ਦਾ ਦੁੱਖ ਸਹਿਣਾ ਪੈਣਾ ਸੀ, ਪਰ ਸਤਿਸੰਗਤਿ ਰਾਹੀਂ ਵਾਹਿਗੁਰੂ ਜੀ ਦੇ ਨਾਲ ਜੁੜਨ ਕਰਕੇ ਭਿਆਨਕ ਸੂਲੀ ਦਾ ਦੁੱਖ ਕੰਡੇ (ਸੂਲ) ਦੀ ਮਾਮੂਲੀ ਪੀੜ ਰਾਹੀਂ ਕੱਟਿਆ ਗਿਆ। ਦੋਵਾਂ ਪੁਰਸ਼ਾਂ ਨੇ ਸਤਿਗੁਰੂ ਜੀ ਦੇ ਚਰਨਾਂ ਉੱਤੇ ਆਪਣੇ ਮਸਤਕ ਰੱਖ ਦਿੱਤੇ ਅਤੇ ਸਤਿਸੰਗਤ ਦੀ ਸ੍ਰੇਸ਼ਟ ਮਹਿਮਾ ਹਿਰਦੇ ਵਿਚ ਵਸਾਈ।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੫੭ (ਅੰਗ ੬੧੯)

ਸੋਰਠਿ ਮਹਲਾ ੫ ॥ ਹਮਰੀ ਗਣਤ ਨ ਗਣੀਆ ਕਾਈ ਅਪਣਾ ਬਿਰਦੁ ਪਛਾਣਿ ॥ ਹਾਥ ਦੇਇ ਰਾਖੇ ਕਰਿ ਅਪੁਨੇ ਸਦਾ ਸਦਾ ਰੰਗੁ ਮਾਣਿ ॥ ੧ ॥ ਸਾਚਾ ਸਾਹਿਬੁ ਸਦ ਮਿਹਰਵਾਣ ॥ ਬੰਧੁ ਪਾਇਆ ਮੇਰੈ ਸਤਿਗੁਰਿ ਪੂਰੈ ਹੋਈ ਸਰਬ ਕਲਿਆਣ ॥ ਰਹਾਉ ॥ ਜੀਉ ਪਾਇ ਪਿੰਡੁ ਜਿਨਿ ਸਾਜਿਆ ਦਿਤਾ ਪੈਨਣੁ ਖਾਣੁ ॥ ਅਪਣੇ ਦਾਸ ਕੀ ਆਪਿ ਪੈਜ ਰਾਖੀ ਨਾਨਕ ਸਦ ਕੁਰਬਾਣੁ ॥ ੨ ॥ ੧੬ ॥ ੪੪ ॥

# ਪ੍ਰਾਕ੍ਰਥਨ :-

ਇਹ ਸ੍ਰੀ ਮੁਖਵਾਕ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸੋਰਠਿ ਰਾਗੁ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਦੇ ਆਰੰਭ ਅੰਦਰ ਗੁਰਦੇਵ ਨੇ ਅਕਾਲ ਪੁਰਖ ਵਾਹਿਗੁਰੂ ਜੀ ਦੇ ਪਤਿਤ ਪਾਵਨ ਬਿਰਦ ਦਾ ਪ੍ਰਗਟਾਵਾ ਕੀਤਾ ਹੈ। ਉਹ ਅਕਾਲ ਪੁਰਖ ਅੰਤਰਜਾਮੀ ਭਗਤ ਵੱਛਲ, "ਸਦ ਬਖਸਿੰਦੁ ਸਦਾ ਮਿਹਰਵਾਨਾ" ਹੈ। ਅਉਗਣਹਾਰੇ, ਅਕ੍ਰਿਤਘਣਾਂ, ਪਾਪੀਆਂ ਨੂੰ ਬਖ਼ਸ਼ਣ ਸਮੇਂ ਉਹ ਵਾਹਿਗੁਰੂ ਜੀ ਸਾਡੇ ਮਾੜੇ ਕਰਮਾਂ ਨੂੰ ਨਹੀਂ ਵਿਚਾਰਦਾ।

## ਵਿਸ਼ਾ—ਮਾਣ ਹੋਂਦੇ ਹੋਇ ਨਿਮਾਣਾ

ਇਹ ਅਟੱਲ ਸਚਿਆਈ ਹੈ ਕਿ ਮਨੁੱਖਾ ਜਨਮ ਦੀ ਸਫਲਤਾ ਸੇਵਾ ਸਿਮਰਨ ਕਰਕੇ ਹੀ ਹੁੰਦੀ ਹੈ। ਪਰ ਮਨੁੱਖਾ ਜਨਮ ਮਿਲਿਆ ਵੀ ਸੇਵਾ ਸਿਮਰਨ ਕਰਨ ਵਾਸਤੇ ਹੈ।

***ਗੁਰ ਸੇਵਾ ਤੇ ਭਗਤਿ ਕਮਾਈ॥ ਤਬ ਇਹ ਮਾਨਸ ਦੇਹੀ ਪਾਈ॥***

***ਇਸ ਦੇਹੀ ਕਉ ਸਿਮਰਹਿ ਦੇਵ॥ ਸੋ ਦੇਹੀ ਭਜੁ ਹਰਿ ਕੀ ਸੇਵ॥***

(ਅੰਗ ੧੧੫੯)

ਪਰ ਪੰਚਮ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਇਹ ਵੀ ਫ਼ੁਰਮਾਣ ਕਰਦੇ ਹਨ ਕਿ

***ਸੋਧਤ ਸੋਧਤ ਸੋਧਿ ਬੀਚਾਰਾ॥ ਬਿਨੁ ਹਰਿ ਭਜਨ ਨਹੀ ਛੁਟਕਾਰਾ॥***

(ਅੰਗ ੨੬੦)

ਸਿਮਰਨ ਭਜਨ ਅਤੇ ਸੇਵਾ ਮਾਣ ਹੰਕਾਰ ਤਿਆਗ ਕੇ ਕੀਤਾ ਸਫਲਾ ਹੁੰਦਾ ਹੈ। ਮਾਣ ਨੂੰ ਛੱਡ ਕੇ ਸੇਵਾ ਸਿਮਰਨ ਕਰਨ ਨਾਲ ਵਾਹਿਗੁਰੂ ਜੀ ਕ੍ਰਿਪਾਲਤਾ ਕਰਦਾ ਹੈ। ਮਨੁੱਖ ਦਾ ਹਰਿ ਜਤਨ ਵਾਹਿਗੁਰੂ ਜੀ ਦੀ ਕ੍ਰਿਪਾ ਨਾਲ ਸਫਲਾ ਹੁੰਦਾ ਹੈ। ਇਸ ਲਈ ਅਕਾਲ ਪੁਰਖ ਵਾਹਿਗੁਰੂ ਜੀ ਦੀ ਕ੍ਰਿਪਾਲਤਾ ਪ੍ਰਾਪਤ ਕਰਨ ਵਾਸਤੇ ਮਾਣ ਤਿਆਗ ਕੇ ਨਿਰਮਾਣਤਾ ਧਾਰਣੀ ਜ਼ਰੂਰੀ ਹੈ। ਗੁਰਸਿਖ ਜਪੁ ਤਪੁ ਸੇਵਾ ਸਿਮਰਨ ਘਾਲ ਕਮਾਈ ਕਰਦਾ ਹੋਇਆ ਨਿਰਮਾਣ ਰਹਿੰਦਾ ਹੈ।

***ਜਪੁ ਤਪੁ ਸੰਜਮੁ ਧਰਮੁ ਨ ਕਮਾਇਆ॥***
***ਸੇਵਾ ਸਾਧ ਨ ਜਾਨਿਆ ਹਰਿ ਰਾਇਆ॥***
***ਕਹੁ ਨਾਨਕ ਹਮ ਨੀਚ ਕਰੰਮਾ॥***
***ਸਰਣਿ ਪਰੇ ਕੀ ਰਾਖਹੁ ਸਰਮਾ॥***

(ਅੰਗ ੧੨)

ਅਸਲ ਵਿਚ ਸਿੱਖੀ ਦੀ ਸ਼ੁਰੂਆਤ ਹੀ ਨਿਰਮਾਣਤਾ ਤੋਂ ਹੁੰਦੀ ਹੈ।

***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥***

(ਅੰਗ ੧੧੦੨)

ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਇਸ ਨਿਰਮਾਣਤਾ ਪਣੇ ਦਾ ਵਿਸਥਾਰ ਕਰਦਿਆਂ ਆਪਣੀਆਂ ਵਾਰਾਂ ਅੰਦਰ ਨੌਵੀਂ ਵਾਰ ਦੀ ੨੨ਵੀਂ ਪਉੜੀ ਵਿਚ ਇਸਤਰ੍ਹਾਂ ਕਥਨ ਕੀਤਾ ਹੈ :

***ਮੁਰਦਾ ਹੋਇ ਮੁਰੀਦੁ ਸੋ ਗੁਰ ਗੋਰਿ ਸਮਾਵੈ।***
***ਸਬਦ ਸੁਰਤਿ ਲਿਵ ਲੀਣੁ ਹੋਇ ਓਹੁ ਆਪੁ ਗਵਾਵੈ।***
***ਤਨੁ ਧਰਤੀ ਕਰਿ ਧਰਮਸਾਲ ਮਨੁ ਦਭੁ ਵਿਛਾਵੈ।***
***ਲਤਾਂ ਹੇਠਿ ਲਤਾੜੀਐ ਗੁਰ ਸਬਦੁ ਕਮਾਵੈ।***
***ਭਾਇ ਭਗਤ ਨੀਵਾਣੁ ਹੋਇ ਗੁਰਮਤਿ ਠਹਰਾਵੈ।***
***ਵਰਸੈ ਨਿਝਰ ਧਾਰ ਹੋਇ ਸੰਗਤਿ ਚਲਿ ਆਵੈ॥੨੨॥੯॥***

(ਵਾਰ ੯, ਪ: ੨੨)

ਪਹਿਲਾਂ ਸਿੱਖ ਨਿਰਮਾਣ ਹੁੰਦਾ ਹੈ, ਉਸ ਦੀ ਨਿਰਮਾਣਤਾ ਅਰਜ਼ੋਈ ਜਾਂ ਅਰਦਾਸ ਦਾ ਰੂਪ ਧਾਰਦੀ ਹੈ। ਨਿਰਮਾਣ ਹੋ ਕੇ ਕੀਤੀਆਂ ਅਰਦਾਸਾਂ ਗੁਰੂ ਦਰਿ ਪਰਵਾਣ ਹੁੰਦੀਆਂ ਹਨ। ਸਿੱਖ ਦੀਆਂ ਅਰਦਾਸਾਂ ਬੇਨਤੀਆਂ ਦਾ ਰੂਪ ਧਾਰਨ ਕਰ ਲੈਂਦੀਆਂ ਹਨ।

ਸਿੱਖ ਬੇਨਤੀ ਕਰਦਾ ਹੋਇਆ ਇਤਨੇ ਨਿਰਮਾਣ ਪਣੇ ਵਿਚ ਢੱਲ ਜਾਂਦਾ ਹੈ। ਜਿਸ ਤਰ੍ਹਾਂ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾ ਅੰਦਰ ਵਾਰ ੩੬ ਦੀ ਪਉੜੀ ੨੧ਵੀਂ ਵਿਚ ਕਥਨ ਕੀਤਾ ਹੈ :

***ਹਉ ਅਪਰਾਧੀ ਗੁਨਹਗਾਰ ਹਉ ਬੇਮੁਖ ਮੰਦਾ।***
***ਚੋਰ ਯਾਰੁ ਜੁਆਰਿ ਹਉ ਪਰ ਘਰਿ ਜੋਹੰਦਾ।***
***ਨਿੰਦਕੁ ਦੁਸਟੁ ਹਰਾਮਖੋਰੁ ਠਗੁ ਦੇਸ ਠਗੰਦਾ।***
***ਕਾਮੁ ਕ੍ਰੋਧੁ ਮਦੁ ਲੋਭੁ ਮੋਹੁ ਅਹੰਕਾਰੁ ਕਰੰਦਾ।***
***ਬਿਸਾਸਘਾਤੀ ਅਕਿਰਤਘਣ ਮੈ ਕੋ ਨ ਰਖੰਦਾ।***
***ਸਿਮਰਿ ਮੁਰੀਦਾ ਢਾਢੀਆ ਸਤਿਗੁਰ ਬਖਸੰਦਾ॥੨੧॥੩੬॥***

(ਵਾਰ ੩੬, ਪਉੜੀ ੨੧)

ਗੁਰਸਿੱਖ ਵਾਸਤੇ ਮਨੁੱਖਾ ਜਨਮ ਦੀ ਪੂਰਨ ਸਫਲਤਾ ਲਈ ਬੰਦਗੀ ਕਰਦਿਆਂ ਜਿਥੇ ਦ੍ਰਿੜ੍ਹਤਾ, ਅਰਦਾਸ ਤੇ ਸਿਮਰਨ ਦੀ ਲੋੜ ਹੈ, ਉਥੇ ਨਿਰਮਾਣਤਾ ਦੀ ਵੀ ਡਾਢੀ ਲੋੜ ਹੈ। ਗੁਰਮਤਿ ਦੇ ਸਿਧਾਂਤ ਅਨੁਸਾਰ ਜੋ ਨਿਰਮਾਣਤਾ ਪਣੇ ਦੀ ਜ਼ਿੰਦਗੀ ਜਿਊਂਦੇ ਹਨ, ਭਾਈ ਸਾਹਿਬ ਜੀ ਉਨ੍ਹਾਂ ਗੁਰਸਿੱਖਾਂ ਤੋਂ ਕਿਸ

ਤਰ੍ਹਾਂ ਸਦਕੇ ਜਾਂਦੇ ਹਨ-

***ਹਉ ਤਿਸੁ ਵਿਟਹੁ ਵਾਰਿਆ ਹੋਂਦੈ ਤਾਣੁ ਜੁ ਹੋਇ ਨਿਤਾਣਾ।***
***ਹਉ ਤਿਸੁ ਵਿਟਹੁ ਵਾਰਿਆ ਛੋਡਿ ਸਿਆਣਪ ਹੋਇ ਇਆਣਾ।***
***ਹਉ ਤਿਸੁ ਵਿਟਹੁ ਵਾਰਿਆ ਖਸਮੈ ਦਾ ਭਾਵੈ ਜਿਸੁ ਭਾਣਾ।***
***ਹਉ ਤਿਸ ਵਿਟਹੁ ਵਾਰਿਆ ਗੁਰਮੁਖਿ ਮਾਰਗੁ ਦੇਖਿ ਲੁਭਾਣਾ।***
***ਹਉ ਤਿਸੁ ਵਿਟਹੁ ਵਾਰਿਆ ਚਲਣੁ ਜਾਣਿ ਜੁਗਤਿ ਮਿਹਮਾਣਾ।***
***ਦੀਨ ਦੁਨੀ ਦਰਗਹ ਪਰਵਾਣਾ॥੩॥***

(ਵਾਰ ੧੨, ਪਉੜੀ ੩, ਭਾਈ ਗੁਰਦਾਸ ਜੀ)

ਅਕਾਲ ਪੁਰਖ ਵਾਹਿਗੁਰੂ ਜੀ ਸ਼ੁਭ ਗੁਣਾਂ ਦਾ ਸਮੁੰਦਰ ਹੈ।

***ਗੁਣਹ ਸੁਖ ਸਾਗਰਾ ਬ੍ਰਹਮ ਰਤਨਾਗਰਾ ਭਗਤਿ ਵਛਲੁ ਨਾਨਕ ਗਾਇਓ॥***

(ਅੰਗ ੬੮੩)

ਇਸ ਲਈ ਉਹ ਪ੍ਰਭੂ ਜੀ ਬੇਅੰਤ ਗੁਣਾਂ ਦਾ ਮਾਲਕ ਹੈ। ਉਸ ਦੇ ਸਮੱਗਰ ਗੁਣ ਕਹੇ ਨਹੀਂ ਜਾ ਸਕਦੇ ਕਿਉਂਕਿ ਕਹਿਣ ਵਾਸਤੇ ਸਾਡੀ ਜਿਹਵਾ ਇਕ ਹੈ, ਉਸ ਦੇ ਗੁਣ ਬੇਅੰਤ ਹਨ।

***ਜਿਹਵਾ ਏਕ ਕਵਨ ਗੁਨ ਕਹੀਐ॥***
***ਬੇਸੁਮਾਰ ਬੇਅੰਤ ਸੁਆਮੀ ਤੇਰੋ ਅੰਤੁ ਨ ਕਿਨ ਹੀ ਲਹੀਐ॥***

(ਅੰਗ ੬੭੪)

***ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ ਤੂ ਸਾਹਿਬ ਗੁਣੀ ਨਿਧਾਨਾ॥***
***ਤੁਮਰੀ ਮਹਿਮਾ ਬਰਨਿ ਨ ਸਾਕਉ ਤੂੰ ਠਾਕੁਰ ਊਚ ਭਗਵਾਨਾ॥***

(ਅੰਗ ੭੩੫)

ਜਿਵੇਂ ਸੂਰਜ ਦੀ ਰੌਸ਼ਨੀ ਤੋਂ ਬਿਨਾਂ ਸੂਰਜ ਨੂੰ ਵੇਖਣਾ ਔਖਾ ਹੈ, ਇਸੇ ਤਰ੍ਹਾਂ ਗੁਣਾਂ ਤੋਂ ਬਿਨਾਂ ਗੁਣਾਂ ਦੇ ਦਾਤੇ ਨੂੰ ਵੀ ਵੇਖਣਾ ਔਖਾ ਹੈ, ਉਸ ਰੌਸ਼ਨੀ ਨਾਲ ਹੀ ਉਸ ਨੂੰ ਵੇਖ ਸਕਦੇ ਹਾਂ। ਜਿਸ ਦਿਨ ਗੁਣਾਂ 'ਤੇ ਅਸੀਂ ਆਪਣੀ ਛਾਪ ਲਾ ਦਿੰਦੇ ਹਾਂ, ਉਸੇ ਦਿਨ ਗੁਣਾਂ ਦਾ ਸੁਭਾਵ ਤੇ ਰੂਪ ਬਦਲ ਜਾਂਦਾ ਹੈ। ਉਹ ਗੁਣ ਹੀ ਫੇਰ ਔਗੁਣ ਬਣ ਜਾਂਦੇ ਹਨ। ਐਸੇ ਗੁਣ ਅਹੰਕਾਰ ਪੈਦਾ ਕਰਨ ਵਿਚ ਸਹਾਇਕ ਬਣ ਜਾਂਦੇ ਹਨ। ਗੁਣ ਅਨੰਤ ਤਰ੍ਹਾਂ ਦੇ ਹਨ। ਕਈ ਗੁਣੀ ਮਨੁੱਖ ਹੰਕਾਰੀ ਦੇਖੇ ਜਾਂਦੇ ਹਨ। ਭਗਤ ਰਵਿਦਾਸ ਜੀ ਦਾ ਸੁੰਦਰ ਫ਼ੁਰਮਾਣ ਹੈ:

***ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ॥***
***ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ॥***

(ਅੰਗ ੯੭੪)

***ਮਾਣ ਹੋਂਦੇ ਹੋਇ ਨਿਮਾਣਾ॥***

ਐਸਾ ਨਿਰਮਾਣਤਾ ਦਾ ਧਾਰਣੀ ਗੁਰਸਿਖ ਸਤਿਗੁਰੂ ਜੀ ਅੱਗੇ ਬੇਨਤੀਆਂ ਕਰਦਾ ਰਹਿੰਦਾ ਹੈ :

***ਸਭਿ ਗੁਣ ਤੇਰੇ ਮੈ ਨਾਹੀ ਕੋਇ॥*** (ਜਪੁ ਜੀ ਸਾਹਿਬ)

***ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ॥***
***ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ॥***
***ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ॥***
***ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ॥***

(ਅੰਗ ੧੪੦੬)

***ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ॥***
***ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ॥***

(ਅੰਗ ੧੫੬)

ਮਨੁੱਖ ਦਾ ਸੁਭਾਅ ਹੈ ਭੁੱਲਣਾ, ਜੀਵ ਸਦਾ ਹੀ ਭੁੱਲਣਹਾਰ ਹੈ। ਭੁੱਲਾਂ ਵੀ ਮਨੁੱਖ ਖਿਨ-ਖਿਨ ਕਾਲ ਅੰਦਰ ਕਰਦਾ ਹੈ, ਪਰ ਮਨੁੱਖ ਜਿਤਨੀਆਂ ਵੱਡੀਆਂ ਭੁੱਲਾਂ ਕਰਨ ਵਾਲਾ ਮੰਨਿਆ ਹੈ, ਅਕਾਲ ਪੁਰਖ ਵਾਹਿਗੁਰੂ ਸਰੂਪ ਸਤਿਗੁਰੂ ਜੀ ਉਤਨਾ ਹੀ ਬਖ਼ਸ਼ਿੰਦ ਹੈ। ਇਸ ਲਈ ਉਸ ਬਖ਼ਸ਼ਣਹਾਰ ਬਖ਼ਸ਼ਿੰਦ ਦਾਤੇ ਅੱਗੇ ਇਸ ਤਰ੍ਹਾਂ ਬੇਨਤੀਆਂ ਕਰੀਏ :

੧. ਸੋਲਕੁ॥

***ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ॥***
***ਬਖਸਨਹਾਰ ਬਖਸਿ ਲੈ ਨਾਨਕ ਪਾਰਿ ਉਤਾਰ॥ ੧॥***

(ਅੰਗ ੨੬੧)

***੨. ਸਾਸਿ ਸਾਸਿ ਹਮ ਭੂਲਨਹਾਰੇ॥ ਤੁਮ ਸਮਰਥ ਅਗਨਤ ਅਪਾਰੇ॥***
***ਸਰਨਿ ਪਰੇ ਕੀ ਰਾਖੁ ਦਇਆਲਾ॥ ਨਾਨਕ ਤੁਮਰੇ ਬਾਲ ਗੁਪਾਲਾ॥੪੮॥***

(ਅੰਗ ੨੬੦)

***੩. ਭਗਤ ਵਛਲ ਸੁਨਿ ਹੋਤ ਨਿਰਾਸ ਰਿਦੈ, ਪਤਿਤ ਪਾਵਨ ਸੁਨਿ ਆਸਾ ਉਰਿਧਾਰ ਹੌਂ॥***
***ਅੰਤਰਜਾਮੀ ਸੁਨਿ ਕੰਪਤ ਹੌ ਅੰਤਰਗਤਿ, ਦੀਨ ਕੋ ਦਇਆਲ ਸੁਨਿ ਭੈ ਭ੍ਰਮ ਟਾਰ ਹੌਂ॥***
***ਜਲਧਰ ਸੰਗਮ ਕੈ ਅਫਲ ਸੇਂਬਲ ਦ੍ਰੁਮ, ਚੰਦਨ ਸੁਗੰਧ ਸਨਬੰਧ ਮਲਗਾਰ ਹੌਂ॥***
***ਅਪਨੀ ਕਰਨੀ ਕਰਿ ਨਰਕ ਹੂੰਨ ਪਾਵਉ ਠਉਰ, ਤੁਮਰੇ ਬਿਰਦ ਕਰਿ ਆਸਰੋ ਸਮ੍ਹਾਰ ਹੌਂ॥੫੦੩॥***

(ਕਬਿਤ ਸਵੱਯੇ, ਭਾਈ ਗੁਰਦਾਸ ਜੀ)

*੪. ਸਤਿਗੁਰ ਗੁਣੀ ਨਿਧਾਨੁ ਹੈ ਗੁਣ ਕਰਿ ਬਖਸੈ ਅਵਗੁਣਿਆਰੇ।*
*ਸਤਿਗੁਰੁ ਪੂਰਾ ਵੈਦੁ ਹੈ ਪੰਜੇ ਰੋਗ ਅਸਾਧ ਨਿਵਾਰੇ।*
*ਸੁਖ ਸਾਗਰੁ ਗੁਰੁਦੇਉ ਹੈ ਸੁਖ ਦੇ ਮੇਲਿ ਲਏ ਦੁਖਿਆਰੇ।*
*ਗੁਰ ਪੂਰਾ ਨਿਰਵੈਰੁ ਹੈ ਨਿੰਦਕ ਦੋਖੀ ਬੇਮੁਖ ਤਾਰੇ।*
*ਗੁਰੁ ਪੂਰਾ ਨਿਰਭਉ ਸਦਾ, ਜਨਮ ਮਰਣ ਜਮ ਡਰੈ ਉਤਾਰੇ।*
*ਸਤਿਗੁਰੁ ਪੁਰਖੁ ਸੁਜਾਣੁ ਹੈ ਵਡੇ ਅਜਾਣ ਮੁਗਧ ਨਿਸਤਾਰੇ।*
*ਸਤਿਗੁਰੁ ਆਗੂ ਜਾਣੀਐ ਬਾਹ ਪਕੜਿ ਅੰਧਲੇ ਉਧਾਰੇ।*
*ਮਾਣੁ ਨਿਮਾਣੇ ਸਦ ਬਲਿਹਾਰੇ॥੧੯॥*

(ਵਾਰ ੨੬, ਪਉੜੀ ੧੯, ਭਾਈ ਗੁਰਦਾਸ ਜੀ)

''ਹਮਰੀ ਗਣਤ ਨ ਗਣੀਆ ਕਾਈ'', ਸ੍ਰੀ ਮੁਖਵਾਕ ਦੀ ਇਸ ਪੰਗਤੀ ਦਾ ਇਹੋ ਹੀ ਭਾਵ ਹੈ। ਸਾਨੂੰ ਅਵਗੁਣਿਆਰਿਆਂ ਨੂੰ ਬਖ਼ਸ਼ਣ ਲੱਗਿਆਂ ਉਸ ਬਖ਼ਸ਼ਿੰਦ ਦਾਤੇ ਨੇ ਸਾਡੇ ਅਵਗੁਣਾਂ ਦੀ ਗਿਣਤੀ ਨਹੀਂ ਕੀਤੀ, ਆਪਣੇ ਪਤਿਤ ਪਾਵਨ ਬਿਰਦੁ ਦੀ ਸੰਭਾਲ ਕੀਤੀ ਹੈ।

ਐਸੇ ਨਿਰੰਕਾਰੀ ਜੋਤ ਗੁਰੂ ਨਾਨਕ ਦੇਵ ਜੀ ਨੇ ਅਨੰਤ ਅਉਗਣਹਾਰੇ ਜੀਅ ਤਾਰੇ ਹਨ।

ਰੁਹੇਲਖੰਡ ਵਿਚ ਗੁਰੂ ਨਾਨਕ ਦੇਵ ਜੀ ਨੂੰ ਹੀ ਗ਼ੁਲਾਮਾਂ ਦੀ ਮੰਡੀ ਵਿਚ ਵੇਚਣ ਤੇ ਖ਼ਰੀਦਣ ਵਾਲਿਆਂ ਨੂੰ ਹਜ਼ੂਰ ਕਿਰਪਾ ਕਰਕੇ ਬਖ਼ਸ਼ਿਸ਼ ਕਰਕੇ ਤਾਰਦੇ ਹਨ। ਗੁਰਦੇਵ ਦੇ ਕੀਰਤਨੀਏ ਭਾਈ ਮਰਦਾਨੇ ਨੂੰ ਪਕੜ ਕੇ ਤੇਲ ਦੇ ਕੜਾਹਿਆਂ ਵਿਚ ਪਾਵਣ ਵਾਲੇ ਕੌਡੇ ਜੈਸੇ ਰਾਖਸ਼ਾਂ ਨੂੰ ਹਜ਼ੂਰ ਤਾਰਦੇ ਹਨ, ਹਜ਼ੂਰ ਦਾ ਪਤਿਤ ਪਾਵਣ ਬਿਰਦ ਹੈ।

## ਸਾਖੀ—ਗ਼ੁਲਾਮਾਂ ਦੀ ਮੰਡੀ

ਰੁਹੇਲਖੰਡ ਉਸ ਸਮੇਂ ਮਨੁੱਖੀ ਨੀਲਾਮੀ ਦਾ ਮਾਨੋ ਇਕ ਬੜਾ ਭਾਰੀ ਅੱਡਾ ਸੀ। ਓਥੋਂ ਦੇ ਹੁਕਮਰਾਨ ਪਠਾਣ ਦੂਸਰੇ ਇਲਾਕਿਆਂ ਵਿਚੋਂ ਗ਼ਰੀਬ ਲੋਕਾਂ ਨੂੰ ਫੜ ਲਿਆਉਂਦੇ ਤੇ ਪਸ਼ੂਆਂ ਵਾਂਗ ਵੇਚ ਦੇਂਦੇ। ਇਹ ਹਾਲਾਤ ਸੁਣ ਕੇ ਗੁਰੂ ਸਾਹਿਬ ਜੀ ਦਾ ਦਿਲ ਭਰ ਆਇਆ। ਮਹਾਰਾਜ ਨੇ ਮਰਦਾਨੇ ਨੂੰ ਇਕ ਨਗਰ ਵਿਚ ਅਟਕਣ ਦਾ ਹੁਕਮ ਦਿੱਤਾ। ਆਪ ਗੁਰੂ ਸਾਹਿਬ ਜੀ ਅੱਗੇ ਰੁਹੇਲਿਆਂ ਦੇ ਇਲਾਕੇ ਵੱਲ ਹੋ ਤੁਰੇ। ਹਜ਼ੂਰ ਥੋੜੀ ਦੂਰ ਗਏ ਸਨ, ਤਾਂ ਇਕ ਰੁਹੇਲੇ ਪਠਾਣ ਨੇ ਗੁਰਦੇਵ ਨੂੰ ਪਕੜ ਲਿਆ। ਅਗਲੇ ਦਿਨ ਮਹਾਰਾਜ ਗ਼ੁਲਾਮਾਂ ਦੀ ਮੰਡੀ ਵਿਚ ਦੋ ਘੋੜਿਆਂ ਬਦਲੇ ਵਿਕ ਗਏ। ਇਸ ਇਲਾਕੇ ਦੇ ਨਾਮਵਰ ਪੀਰ ਨੇ ਗੁਰਦੇਵ ਨੂੰ ਖ਼ਰੀਦ ਲਿਆ। ਅਗਲੇ ਦਿਨ ਸਵੇਰ-ਸਾਰ ਪੀਰ ਉਠਿਆ, ਤਾਂ ਗੁਰਦੇਵ ਸਮਾਧੀ ਲਾਈ ਬੈਠੇ ਸ਼ਬਦ ਗਾ ਰਹੇ ਸਨ। ਜਿਸ ਪੀਰ ਨੇ ਗੁਰੂ ਜੀ ਨੂੰ ਮੁਲ ਖ਼ਰੀਦਿਆ ਸੀ, ਉਹ ਪੀਰ ਚੋਖਾ ਚਿਰ ਖਲੋਤਾ ਗੁਰਦੇਵ ਵੱਲ ਵੇਖਦਾ ਰਿਹਾ। ਹਜ਼ੂਰ ਦੇ ਦੀਦਾਰ ਦਾ ਪ੍ਰਭਾਵ ਇਤਨਾ ਪਰਬਲ ਸੀ, ਕਿ ਪੱਥਰ ਹਿਰਦਾ ਵੀ ਵੇਖ

ਕੇ ਪਿਘਲ ਜਾਂਦਾ ਸੀ। ਗੁਰਦੇਵ ਦੇ ਨੇਤਰ ਖੁੱਲ੍ਹੇ। ਹਜ਼ੂਰ ਨੇ 'ਸਤਿਨਾਮ ਸਤਿ ਕਰਤਾਰ, ਸਤਿਨਾਮੁ ਸਤਿ ਕਰਤਾਰ' ਦੀ ਧੁਨੀ ਉਚਾਰੀ। ਪੀਰ ਨੇ ਕੁਛ ਸ਼ਰਧਾ ਨਾਲ ਪੁੱਛਿਆ, "ਐ ਨੇਕ ਇਨਸਾਨ! ਆਪ ਕੌਣ ਹੋ ?" "ਮੈਂ ਖ਼ੁਦਾ ਦਾ ਬੰਦਾ ਹਾਂ।" ਹਜ਼ੂਰ ਨੇ ਓਸੇ ਸ਼ਾਂਤੀ ਨਾਲ ਉੱਤਰ ਦਿੱਤਾ।

"ਤੁਸੀਂ ਇਸ ਪਾਸੇ ਕਿਉਂ ਆਏ ਹੋ ? ਤੁਹਾਨੂੰ ਪਤਾ ਨਹੀਂ ਸੀ ਕਿ ਇਥੇ ਓਪਰੇ ਲੋਕ ਫੜ ਕੇ ਗ਼ੁਲਾਮ ਬਣਾ ਲਏ ਜਾਂਦੇ ਹਨ ?"

"ਪਤਾ ਸੀ। ਇਸ ਬੁਰੇ ਕੰਮ ਤੋਂ ਹਟਾਉਣ ਵਾਸਤੇ ਹੀ ਅਸੀਂ ਏਧਰ ਆਏ ਹਾਂ।"

"ਤੁਹਾਨੂੰ ਭਰੋਸਾ ਹੈ ਕਿ ਅਸੀਂ ਏਸ ਮਾੜੇ ਕੰਮ ਤੋਂ ਹਟ ਜਾਵਾਂਗੇ ?"

"ਹਾਂ ਸਾਨੂੰ ਭਰੋਸਾ ਹੈ।" ਹਜ਼ੂਰ ਨੇ ਪੂਰੀ ਦ੍ਰਿੜ੍ਹਤਾ ਨਾਲ ਕਿਹਾ, "ਇਨਸਾਨ ਨੇਕੀ ਕਰਨ ਵਾਸਤੇ ਤੇ ਸਿਮਰਨ ਭਜਨ ਲਈ ਪੈਦਾ ਹੋਇਆ ਹੈ। ਬਦੀ ਤਾਂ ਸ਼ੈਤਾਨ ਦਾ ਕੰਮ ਹੈ।" ਹਜ਼ੂਰ ਨੇ ਮਾਰੂ ਰਾਗੁ ਵਿਚ ਸ਼ਬਦ ਗਾਇਆ :

***ਮੁਲ ਖਰੀਦੀ ਲਾਲਾ ਗੋਲਾ, ਮੇਰਾ ਨਾਉ ਸਭਾਗਾ॥***
***ਗੁਰ ਕੀ ਬਚਨੀ ਹਾਟਿ ਬਿਕਾਨਾ, ਜਿਤੁ ਲਾਇਆ ਤਿਤੁ ਲਾਗਾ॥***

(ਅੰਗ ੯੯੧)

ਸ੍ਰੀ ਗੁਰੂ ਨਾਨਕ ਪ੍ਰਕਾਸ਼ ਅਨੁਸਾਰ ਇਹ ਸ਼ਬਦ ਇਕ ਸਿੱਖ ਤਰਖਾਣ ਦੇ ਬਾਲਕ ਪ੍ਰਥਾਇ ਉਚਾਰਨ ਕੀਤਾ ਗਿਆ ਹੈ। ਉਸ ਪੀਰ ਨੇ ਕਿਹਾ–

"ਆਪ ਕਿਤੇ ਨਾਨਕ ਤਪਾ ਜੀ ਤਾਂ ਨਹੀਂ ?" ਪੀਰ ਨੇ ਸ਼ਬਦ ਵਿਚ ਅੰਤ ਉੱਤੇ ਆਏ ਨਾਮ ਤੋਂ ਅੰਦਾਜ਼ਾ ਲਾ ਕੇ ਕਿਹਾ ਸੀ।

"ਹਾਂ, ਮੇਰਾ ਨਾਮ ਨਾਨਕ ਹੈ।" ਉਸ ਵੇਲੇ ਤੱਕ ਗੁਰਦੇਵ ਦੇ ਨਾਮ ਤੋਂ ਬਹੁਤ ਲੋਕ ਜਾਣੂ ਹੋ ਚੁੱਕੇ ਸਨ।

ਕੁਝ ਦੇਰ ਸੋਚਣ ਪਿਛੋਂ ਪੀਰ ਨੇ ਗੁਰਦੇਵ ਦੇ ਚਰਨ ਪਕੜ ਕੇ ਕਿਹਾ,

"ਪੀਰ ਨਾਨਕ! ਆਪ ਖ਼ੁਦਾ ਤੱਕ ਪਹੁੰਚੇ ਹੋਏ ਹੋ। ਕੋਈ ਰਸਤਾ ਦੱਸੋ, ਜਿਵੇਂ ਸਾਡੇ ਗੁਨਾਹ ਬਖ਼ਸ਼ੇ ਜਾਣ।" "ਬੰਦਾ ਬੰਦੇ ਨੂੰ ਗ਼ੁਲਾਮ ਬਣਾ ਕੇ ਰੱਖੇ, ਇਹ ਖ਼ੁਦਾ ਦਾ ਨਿਰਾਦਰ ਹੈ। ਗ਼ੁਲਾਮ ਆਜ਼ਾਦ ਕਰ ਦਿਓ। ਅੱਗੇ ਵਾਸਤੇ ਇਹ ਬੁਰਾ ਕਰਮ ਤਿਆਗ ਦਿਓ। ਧਰਮ ਦੀ ਕਿਰਤ ਕਰਕੇ ਖਾਉ ਤੇ ਖ਼ੁਦਾ ਦੀ ਸੱਚੇ ਦਿਲੋਂ ਬੰਦਗੀ ਕਰੋ, ਏਹਾ ਰਾਹ ਹੈ ਬਖ਼ਸ਼ੇ ਜਾਣ ਦਾ।" ਪੀਰ ਦੇ ਮਨ 'ਤੇ ਇਸ ਉਪਦੇਸ਼ ਦਾ ਬਹੁਤ ਅਸਰ ਹੋਇਆ। ਇਲਾਕੇ ਦੇ ਨਾਮਵਰ ਪਠਾਣ ਉਸਦੇ ਮੁਰੀਦ ਸਨ। ਉਸਨੇ ਸਭ ਨੂੰ ਬੁਲਾ ਕੇ ਸਮਝਾਇਆ। ਸਭ ਨੇ ਗੁਰਦੇਵ ਦੇ ਚਰਨ ਪਕੜ ਕੇ ਖਿਮਾਂ ਮੰਗੀ, ਪਿਛਲੇ ਗੁਨਾਹਾਂ ਤੋਂ ਤੋਬਾ ਕੀਤੀ ਤੇ ਸਾਰੇ ਗ਼ੁਲਾਮ ਆਜ਼ਾਦ ਕਰ ਦਿੱਤੇ। ਰੁਹੇਲੇ ਪਠਾਣਾਂ ਤੋਂ ਵਿਦਿਆ ਹੋ ਕੇ ਸਤਿਗੁਰੂ ਜੀ ਦਿੱਲੀ ਪਹੁੰਚੇ।

# ਸਾਖੀ—ਕੌਡੇ ਨੂੰ ਤਾਰਨਾ

ਗੁਰਦੇਵ ਇੰਦੌਰ, ਹੋਸ਼ੰਗਾਬਾਦ ਆਦਿ ਥਾਵਾਂ 'ਤੇ ਪ੍ਰਚਾਰ ਕਰਦੇ ਹੋਏ ਦੱਖਣ ਵੱਲ ਹੋ ਤੁਰੇ। ਹਜ਼ੂਰ ਇਕ ਜੰਗਲ ਵਿਚੋਂ ਲੰਘ ਰਹੇ ਸਨ, ਜਿਸ ਨੂੰ ਕਜਲੀ ਵਣ ਕਹਿੰਦੇ ਸਨ। ਸ੍ਰੀ ਗੁਰੂ ਨਾਨਕ ਪ੍ਰਕਾਸ਼ ਅਨੁਸਾਰ ਮਰਦਾਨਾ ਹਜ਼ੂਰ ਦੇ ਰੋਕਣ ਦੇ ਬਾਵਜੂਦ ਉਸ ਤਰਫ਼ ਚੱਲਿਆ ਗਿਆ ਜਿਥੇ ਕੌਡਾ ਰਾਖ਼ਸ਼ ਰਹਿੰਦਾ ਸੀ। ਮਰਦਾਨੇ ਨੂੰ ਉਸ ਨੇ ਪਕੜ ਲਿਆ। ਫਿਰ ਗੁਰੂ ਜੀ ਨੂੰ ਲੱਗਿਆ ਯਾਦ ਕਰਨ। ਅੰਤਰਜਾਮੀ ਸਤਿਗੁਰੂ ਜੀ ਨੇ ਬਾਲੇ ਨੂੰ ਕਿਹਾ ਕਿ ਮਰਦਾਨਾ ਯਾਦ ਕਰ ਰਿਹਾ ਹੈ ਅਤੇ ਸ਼ੀਘਰ ਸ੍ਰੀ ਗੁਰੂ ਜੀ ਉਹਨਾਂ ਦੇ ਸਰਦਾਰ 'ਕੌਡੇ' ਦੇ ਅੱਡੇ 'ਤੇ ਜਾ ਪੁੱਜੇ। ਗੁਰਦੇਵ ਦੇ ਮੂੰਹੋਂ 'ਸਤਿ ਕਰਤਾਰ' ਦੀ ਧੁਨੀ ਸੁਣ ਕੇ ਕੌਡਾ ਹੈਰਾਨ ਹੋਇਆ ਮਹਾਰਾਜ ਵੱਲ ਵੇਖਦਾ ਰਿਹਾ। ਹਜ਼ੂਰ ਦੇ ਦੀਦਾਰ ਵਿਚ ਅਨੋਖੀ ਖਿੱਚ ਸੀ, ਜਿਸਦੇ ਸਾਹਮਣੇ ਪੱਥਰ ਵੀ ਨਰਮ ਹੋ ਜਾਂਦੇ ਸਨ। ਗੁਰਦੇਵ ਨੇ ਮਿੱਠਾ ਮੁਸਕਰਾਉਂਦਿਆਂ ਕਿਹਾ "ਭਾਈ ਕੌਡਾ ! ਅਸੀਂ ਤੇਰੇ ਮਿਲਣ ਵਾਸਤੇ ਆਏ ਹਾਂ।"

"ਮੇਰੇ ਮਿਲਣ ਵਾਸਤੇ ? ਆਪ ਜਾਣਦੇ ਹੋ, ਮੈਂ ਕੌਣ ਹਾਂ ?" ਕੌਡੇ ਨੇ ਹੈਰਾਨੀ ਨਾਲ ਪੁੱਛਿਆ।

"ਹਾਂ, ਜਾਣਦੇ ਹਾਂ। ਤੇਰੇ ਤਪ ਰਹੇ ਕੜਾਹੇ ਬਾਰੇ ਵੀ ਜਾਣਦੇ ਹਾਂ।" ਇਉਂ ਵੀ ਲਿਖਿਆ ਹੈ ਕਿ ਗੁਰਦੇਵ ਦੇ ਸਾਥੀ ਮਰਦਾਨੇ ਨੂੰ ਫੜ ਕੇ ਕੌਡਾ ਤੇਲ ਦੇ ਕੜਾਹੇ ਵਿਚ ਤਲ ਕੇ ਖਾਣ ਲੱਗਾ ਸੀ ਕਿ ਹਜ਼ੂਰ ਦੀ ਦ੍ਰਿਸ਼ਟੀ ਪੈਣ ਨਾਲ ਤੇਲ ਠੰਡਾ ਹੋ ਗਿਆ ਸੀ। ਪਰ ਗੁਰਦੇਵ ਦਾ ਦਰਸ਼ਨ ਪਾ ਕੇ ਤੇ ਮਿੱਠੇ ਬਚਨ ਸੁਣ ਕੇ ਕੌਡਾ ਮਹਾਰਾਜ ਦੇ ਚਰਨਾਂ 'ਤੇ ਢਹਿ ਪਿਆ। ਮਹਾਰਾਜ ਨੇ ਮਾੜੇ ਕਰਮ ਛੱਡਣ ਵਾਸਤੇ ਕਿਹਾ, ਤਾਂ ਕੌਡਾ ਕਹਿੰਦਾ ਹੈ, ਜੀ ਮੈਂ ਹਰ ਕਿਸੇ ਮਨੁੱਖ ਨੂੰ ਨਹੀਂ ਖਾਂਦਾ। ਮੇਰੇ ਕੋਲ ਇਕ ਸ਼ੀਸ਼ਾ ਹੈ, ਮੈਂ ਉਸ ਸ਼ੀਸ਼ੇ ਵਿਚ ਹਰ ਇਕ ਫੜ ਕੇ ਲਿਆਂਦੇ ਮਨੁੱਖ ਨੂੰ ਵੇਖਦਾ ਹਾਂ।

***ਗਹਿ ਕਰ ਆਏ ਮਨੁਜ ਘਨੇਰੇ। ਮੁਕਰ ਵਿਖੈ ਪ੍ਰਤੀਬਿੰਬ ਸੁ ਹੇਰੇ।***
***ਕੂਕਰ, ਸੂਕਰ, ਖਰ, ਖਗ, ਸ਼ੇਰਾ। ਇਤਿਆਦਿਕ ਕੋ ਮੁਖ ਹੇਰਾ।***

ਇਸ ਤਰ੍ਹਾਂ ਜਿੰਨ੍ਹਾ ਦਾ ਪ੍ਰਤਿਬਿੰਬ ਮਨੁੱਖ ਦਿਸੇ, ਉਹ ਛੱਡ ਦਿੰਦਾ ਹਾਂ। ਬਾਕੀ ਸਭ ਨੂੰ ਖਾ ਜਾਂਦਾ ਹਾਂ।

**ਸੋਰਠਿ ਮਹਲਾ ੫ ॥ ਹਮਰੀ ਗਣਤ ਨ ਗਣੀਆ ਕਾਈ ਅਪਣਾ ਬਿਰਦੁ ਪਛਾਣਿ ॥ ਹਾਥ ਦੇਇ ਰਾਖੇ ਕਰਿ ਅਪੁਨੇ ਸਦਾ ਸਦਾ ਰੰਗੁ ਮਾਣਿ ॥ ੧ ॥ ਸਾਚਾ ਸਾਹਿਬੁ ਸਦ ਮਿਹਰਵਾਣ ॥ ਬੰਧੁ ਪਾਇਆ ਮੇਰੈ ਸਤਿਗੁਰਿ ਪੂਰੈ ਹੋਈ ਸਰਬ ਕਲਿਆਣ ॥ ਰਹਾਉ ॥ ਜੀਉ ਪਾਇ ਪਿੰਡੁ ਜਿਨਿ ਸਾਜਿਆ ਦਿਤਾ ਪੈਨਣੁ ਖਾਣੁ ॥ ਅਪਣੇ ਦਾਸ ਕੀ ਆਪਿ ਪੈਜ ਰਾਖੀ ਨਾਨਕ ਸਦ ਕੁਰਬਾਣੁ ॥ ੨ ॥ ੧੬ ॥ ੪੪ ॥**

## ਪਦ ਅਰਥ :

ਗਣਤ-ਗਿਣਤੀ। ਬਿਰਦੁ-ਪਤਿਤ ਪਾਵਣ। ਪਛਾਨਿ-ਪਛਾਣਿਆ। ਕਰਿ ਅਪੁਨੇ-ਆਪਣੇ ਬਣਾ ਕੇ। ਮਾਨਿ-ਮਾਣਿਆ। ਸਦਾ-ਸਦਾ ਹੀ। ਬੰਧੁ-ਬੰਨਾ, ਰੋਕ। ਕਲਿਆਣੁ-ਖ਼ੁਸ਼ੀ। ਜੀਉ-ਜਿੰਦ। ਪਿੰਡੁ-ਸਰੀਰ। ਪੈਜ-ਇੱਜ਼ਤ।

## ਅਰਥ :

(ਹੇ ਭਾਈ! ਅਕਾਲ ਪੁਰਖ ਨੇ) ਸਾਡੇ (ਮਾੜੇ ਚੰਗੇ ਕਰਮਾਂ) ਦੀ ਗਿਣਤੀ ਨਹੀਂ ਕੀਤੀ, ਆਪਣਾ ਪਤਿਤ ਪਾਵਣ ਬਿਰਦ ਪਛਾਣਦਿਆਂ (ਸਾਨੂੰ) ਬਖ਼ਸ਼ਿਸ਼ ਕੀਤੀ ਹੈ। (ਉਸ ਨੇ ਸਾਨੂੰ) ਆਪਣਾ ਸੇਵਕ ਜਾਣ ਕੇ, ਦੁੱਖਾਂ ਤੋਂ ਸਾਡੀ ਹੱਥ ਦੇ ਕੇ ਰੱਖਿਆ ਕੀਤੀ ਹੈ, ਅਤੇ ਇਸ ਕਰਕੇ (ਅਸੀਂ) ਸਦਾ ਸਦਾ-ਹਮੇਸ਼ਾਂ ਹੀ ਅਨੰਦ ਮਾਣਿਆ ਹੈ।੧। ਹੇ ਭਾਈ! ਸਾਚਾ ਸਾਹਿਬ (ਅਕਾਲ ਪੁਰਖ ਵਾਹਿਗੁਰੂ ਜੀ) ਸਦਾ ਹੀ ਮਿਹਰਵਾਨ ਹੈ। ਮੇਰੇ ਪੂਰੇ ਸਤਿਗੁਰੂ ਨੇ (ਸਾਰੇ ਦੁੱਖਾਂ ਨੂੰ) ਬੰਨਾ ਲਾ ਦਿੱਤਾ ਹੈ, (ਜਿਸ ਕਰਕੇ) ਸਭ ਤਰ੍ਹਾਂ ਦੀ ਖ਼ੁਸ਼ੀ (ਸੁੱਖ ਸਾਂਦ) ਹੋਈ ਹੈ। ਰਹਾਉ। (ਹੇ ਭਾਈ! ਜਿਸ ਪ੍ਰਮੇਸ਼ਰ ਨੇ) ਸਥੂਲ ਸਰੀਰ ਸਾਜਿਆ=ਬਣਾ ਕੇ ਇਸ ਵਿਚ ਜਿੰਦ=ਜੀਵਨ ਕਲਾ ਪਾ ਕੇ (ਇਸ ਨੂੰ ਸਵਾਰਿਆ ਹੈ), ਫਿਰ ਇਸ ਨੂੰ ਤਨ 'ਤੇ ਪਾਣ ਲਈ ਬਸਤ੍ਰ, ਤੇ ਖਾਣ ਵਾਸਤੇ ਭੋਜਨ ਦਿੱਤਾ ਹੈ। (ਪ੍ਰਮੇਸ਼ਰ ਨੇ) ਆਪਣੇ ਦਾਸ ਦੀ ਆਪ ਇੱਜ਼ਤ ਰੱਖੀ ਹੈ। ਨਾਨਕ (ਗੁਰੂ ਜੀ ਕਹਿੰਦੇ ਹਨ ਕਿ) ਮੈਂ ਉਸ ਪ੍ਰਮੇਸ਼ਰ ਤੋਂ ਸਦਾ ਕੁਰਬਾਣ ਜਾਂਦਾ ਹਾਂ।੨।੧੬।੪੪।

## ਵਿਆਖਿਆ ਤੇ ਸਾਰੰਸ਼ :

ਪਾਵਨ ਸ਼ਬਦ ਦੇ ਅੰਦਰ ਪ੍ਰਭੂ ਦੇ ਗੁਣ ਤੇ ਦਇਆਲਤਾ ਆਦਿ ਦੱਸ ਕੇ ਉਸ ਦਾ ਬਿਰਦ ਦਰਸਾਇਆ ਹੈ। ਅਖ਼ੀਰ ਵਿਚ ਸਥੂਲ ਸਰੀਰ ਦੀ ਰਚਨਾ ਤੇ ਉਸ ਪ੍ਰਭੂ ਨੇ ਜਿੰਦ ਪਾ ਕੇ ਖਾਣ ਪੀਣ ਉਸ ਨੇ ਦਿੱਤਾ ਦੱਸਿਆ ਹੈ।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੫੮ (ਅੰਗ ੬੨੧-੨੨)

ਸੋਰਠਿ ਮਹਲਾ ੫ ॥ ਗੁਰਿ ਪੂਰੈ ਕਿਰਪਾ ਧਾਰੀ ॥ ਪ੍ਰਭਿ ਪੂਰੀ ਲੋਚ ਹਮਾਰੀ ॥ ਕਰਿ ਇਸਨਾਨੁ ਗ੍ਰਿਹਿ ਆਏ ॥ ਅਨਦ ਮੰਗਲ ਸੁਖ ਪਾਏ ॥ ੧ ॥ ਸੰਤਹੁ ਰਾਮ ਨਾਮਿ ਨਿਸਤਰੀਐ ॥ ਊਠਤ ਬੈਠਤ ਹਰਿ ਹਰਿ ਧਿਆਈਐ ਅਨਦਿਨੁ ਸੁਕ੍ਰਿਤੁ ਕਰੀਐ ॥ ੧ ॥ ਰਹਾਉ ॥ ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ ॥ ਕੋਟਿ ਜਨਮ ਕੇ ਕਿਲਬਿਖ ਨਾਸੇ ਹਰਿ ਚਰਣੀ ਚਿਤੁ ਲਾਏ ॥ ੨ ॥ ਉਸਤਤਿ ਕਰਹੁ ਸਦਾ ਪ੍ਰਭ ਅਪਨੇ ਜਿਨਿ ਪੂਰੀ ਕਲ ਰਾਖੀ ॥ ਜੀਅ ਜੰਤ ਸਭਿ ਭਏ ਪਵਿਤ੍ਰਾ ਸਤਿਗੁਰ ਕੀ ਸਚੁ ਸਾਖੀ ॥ ੩ ॥ ਬਿਘਨ ਬਿਨਾਸਨ ਸਭਿ ਦੁਖ ਨਾਸਨ ਸਤਿਗੁਰਿ ਨਾਮੁ ਦ੍ਰਿੜਾਇਆ ॥ ਖੋਏ ਪਾਪ ਭਏ ਸਭਿ ਪਾਵਨ ਜਨ ਨਾਨਕ ਸੁਖਿ ਘਰਿ ਆਇਆ ॥ ੪ ॥ ੩ ॥ ੫੩ ॥

## ਪਾਕ੍ਰਥਨ :-

ਇਹ ਮੁਖਵਾਕ ਜਗਤ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਦੇ ਆਰੰਭ ਵਿਚ ਗੁਰਦੇਵ ਨੇ ਪੂਰੇ ਗੁਰੂ ਦੀ ਕਿਰਪਾ ਦਾ ਜ਼ਿਕਰ ਕੀਤਾ ਹੈ। ਇਸ ਸੰਬੰਧ ਵਿਚ ਵਿਚਾਰ ਕਰਨੀ ਹੈ ਕਿ ਪੂਰਨ ਗੁਰੂ ਤੇ ਪੂਰੇ ਗੁਰੂ ਦੀ ਕ੍ਰਿਪਾ ਕਿਵੇਂ ਪ੍ਰਾਪਤ ਹੋਵੇ।

## ਵਿਸ਼ਾ—ਗੁਰ ਪੂਰੈ ਕਿਰਪਾ ਕੀਨੀ

ਪਹਿਲਾਂ ਗੁਰ ਪੂਰੇ ਦੇ ਸੰਬੰਧ ਵਿਚ ਵਿਚਾਰ ਕਰੀਏ, ਫੇਰ ਕਿਰਪਾ ਦੀ ਗੱਲ ਕਰਾਂਗੇ। ਪ੍ਰਕਿਰਤੀ ਅੰਦਰ ਪੂਰਾ ਤਾਂ ਇਸ ਪ੍ਰਕਿਰਤੀ ਦਾ ਕਰਤਾ ਹੀ ਹੈ ਜਾਂ ਉਸ ਕਰਤੇ ਦਾ ਸਰੂਪ। ਪੂਰਨ ਗੁਰੂ ਸਾਹਿਬ ਜੀ ਪੂਰੇ ਹਨ ਅਤੇ ਉਸ ਪ੍ਰਭੂ ਦਾ ਨਾਮ ਵੀ ਪੂਰਾ ਹੈ :

***ਪੂਰਾ ਪ੍ਰਭੁ ਆਰਾਧਿਆ ਪੂਰਾ ਜਾ ਕਾ ਨਾਉ॥***
***ਨਾਨਕ ਪੂਰਾ ਪਾਇਆ ਪੂਰੇ ਕੇ ਗੁਨ ਗਾਉ॥***

(ਅੰਗ ੨੯੫)

ਉਹ ਸਰਬ ਕਲਾ ਸਮੱਰਥ ਵਾਹਿਗੁਰੂ ਜੀ ਭੂਤ ਕਾਲ, ਭਵਿੱਖਤ ਕਾਲ ਅਤੇ ਵਰਤਮਾਨ ਕਾਲ ਇਨ੍ਹਾਂ ਸਾਰੇ ਸਮਿਆਂ ਅੰਦਰ ਤੇ ਸਭ ਥਾਵਾਂ ਵਿਚ ਪੂਰਨ ਹੈ।

***ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ ਪਰਮੇਸੁਰਹ॥***

(ਅੰਗ ੭੦੫)

***ਜਲਿ ਥਲਿ ਮਹੀਅਲਿ ਪੂਰਿਆ ਸੁਆਮੀ ਸਿਰਜਨਹਾਰੁ॥***
***ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰੁ॥***

(ਅੰਗ ੨੯੬)

ਪੂਰਨ ਉਸ ਨੂੰ ਕਹਿੰਦੇ ਹਨ ਜਿਸ ਵਿਚ ਘਟਣਾ ਵੱਧਣਾ ਨਹੀਂ ਹੁੰਦਾ। ਘਟਣ ਵੱਧਣ ਤੋਂ ਰਹਿਤ ਤਾਂ ਕੇਵਲ ਅਕਾਲ ਪੁਰਖ ਪ੍ਰਮਾਤਮਾ ਹੀ ਹੈ।

***ਨ ਘਾਟ ਹੈ ਨ ਵਾਧ ਹੈ ਨ ਘਾਟ ਬਾਧ ਹੋਤ ਹੈ॥***

ਪ੍ਰਾਕਿਰਤਕ ਮੰਡਲ ਵਿਚ ਤਾਂ ਘਟਣਾ ਵੱਧਣਾ ਬਣਿਆ ਹੀ ਰਹਿੰਦਾ ਹੈ। ਪੁੰਨਿਆ ਦੀ ਰਾਤ ਤੋਂ ਪਿਛੋਂ ਚੰਦ੍ਰਮਾ ਵੀ ਘੱਟਣਾ ਸ਼ੁਰੂ ਹੋ ਜਾਂਦਾ ਹੈ। ਬੱਚਾ ਜਨਮ ਲੈਂਦਾ ਹੈ, ਜਨਮ ਸਮੇਂ ਤੋਂ ਹੀ ਜੋ ਪ੍ਰਮੇਸ਼ਰ ਵਲੋਂ ਨੀਅਤ ਸਮਾਂ ਸੰਸਾਰ ਅੰਦਰ ਰਹਿਣ ਦਾ ਮਿਲਿਆ ਹੈ, ਉਹ ਘਟਣਾ ਸ਼ੁਰੂ ਹੋ ਜਾਂਦਾ ਹੈ।

***ਜਨਨੀ ਜਾਨਤ ਸੁਤੁ ਬਡਾ ਹੋਤੁ ਹੈ, ਇਤਨਾ ਕੁ ਨ ਜਾਨੈ ਜਿ ਦਿਨ ਦਿਨ ਅਵਧ ਘਟਤੁ ਹੈ॥***

(ਅੰਗ ੯੧)

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਸਹਸਕ੍ਰਿਤੀ ਅੰਦਰ ਫ਼ੁਰਮਾਣ ਕਰਦੇ ਹਨ :

***ਘਟੰਤ ਰੂਪੰ ਘਟੰਤ ਦੀਪੰ ਘਟੰਤ ਰਵਿ ਸਸੀਅਰ ਨਖ੍ਹਤ੍ਰ ਗਗਨੰ॥***
***ਘਟੰਤ ਬਸੁਧਾ ਗਿਰਿ ਤਰ ਸਿਖੰਡੰ॥ਘਟੰਤ ਲਲਨਾ ਸੁਤ ਭ੍ਰਾਤ ਹੀਤੰ॥***

(ਅੰਗ ੧੩੫੪)

ਅਕਾਲ ਪੁਰਖ ਵਾਹਿਗੁਰੂ ਜੀ ਦਾ ਪੂਰਨ ਸਰੂਪ ਗੁਰੂ ਵੀ ਪੂਰਨ ਹੈ। ਪੂਰਨ ਗੁਰੂ ਦਾ ਜ਼ਿਕਰ ਗੁਰਬਾਣੀ ਅੰਦਰ ਵਾਰ-ਵਾਰ ਆਇਆ ਹੈ :

***ਗੁਰੁ ਪੂਰਾ ਪੂਰੀ ਜਾ ਕੀ ਬਾਣੀ***

(ਅੰਗ ੮੦੫)

***ਗੁਰੁ ਪੂਰਾ ਜਿਨ ਸਿਮਰਿਆ ਸੇਈ ਭਏ ਨਿਹਾਲ॥***
***ਨਾਨਕ ਨਾਮੁ ਅਰਾਧਣਾ ਕਾਰਜੁ ਆਵੈ ਰਾਸਿ॥***

(ਅੰਗ ੧੪੨੫)

ਮਨੁੱਖ ਆਪ ਅਧੂਰਾ ਹੈ। ਮਨੁੱਖ ਦੀ ਸਿੱਖਿਆ ਅਧੂਰੀ ਹੋ ਸਕਦੀ ਹੈ। ਅਧੂਰੇ ਮਨੁੱਖ ਦਾ ਕੀਤਾ ਹੋਇਆ ਹਰ ਕੰਮ ਵੀ ਅਧੂਰਾ ਹੋ ਸਕਦਾ ਹੈ :

***ਕਿਨ ਹੀ ਨ ਕੀਏ ਕਾਜ ਮਾਇਆ ਪੂਰੇ॥***

(ਅੰਗ ੮੯੯)

ਅਧੂਰਾ ਅਗਿਆਨੀ ਤੇ ਅੰਧਲਾ ਗੁਰੂ ਵੀ ਅਧੂਰਾ ਹੈ। ਐਸੇ ਅੰਧੇ ਅਗਿਆਨੀ ਗੁਰੂ ਦਾ ਉਪਦੇਸ਼ ਲੈਣ ਵਾਲਾ ਵੀ ਅੰਧਾ ਅਗਿਆਨੀ ਮਨੁੱਖ ਹੈ :

***ਅੰਧੇ ਕੈ ਰਾਹਿ ਦਸਿਐ ਅੰਧਾ ਹੋਇ ਸੁ ਜਾਇ॥***
***ਹੋਇ ਸੁਜਾਖਾ ਨਾਨਕਾ ਸੋ ਕਿਉ ਉਝੜਿ ਪਾਇ॥***

(ਅੰਗ ੯੫੪)

***ਗੁਰੂ ਸਦਾਏ ਅਗਿਆਨੀ ਅੰਧਾ ਕਿਸੁ ਓਹੁ ਮਾਰਗਿ ਪਾਏ॥***

(ਅੰਗ ੪੯੧)

***ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ॥***
***ਆਪਿ ਮੁਸੈ ਮਤਿ ਹੋਛੀਐ ਕਿਉ ਰਾਹੁ ਪਛਾਣੈ॥***

(ਅੰਗ ੭੬੭)

***ਜੋ ਡੁਬੰਦੋ ਆਪਿ ਸੋ ਤਰਾਏ ਕਿਨ੍ ਖੇ॥***
***ਤਾਰੇਦੜੋ ਭੀ ਤਾਰਿ ਨਾਨਕ ਪਿਰ ਸਿਉ ਰਤਿਆ॥***

(ਅੰਗ ੧੧੦੧)

ਪੂਰਨ ਗੁਰੂ ਦਾ ਮੰਤਰ ਉਪਦੇਸ਼ ਵੀ ਪੂਰਾ ਹੈ ਕਿਉਂਕਿ ਪੂਰਨ ਗੁਰੂ ਪੂਰਨ ਪ੍ਰਭੂ ਨਾਲ ਜੁੜਨ ਦਾ ਉਪਦੇਸ਼ ਦਿੰਦਾ ਹੈ :

***ਪੂਰੇ ਗੁਰ ਕਾ ਸੁਨਿ ਉਪਦੇਸੁ॥ ਪਾਰਬ੍ਰਹਮੁ ਨਿਕਟਿ ਕਰਿ ਪੇਖੁ॥***
***ਸਾਸਿ ਸਾਸਿ ਸਿਮਰਹੁ ਗੋਬਿੰਦ॥ ਮਨ ਅੰਤਰ ਕੀ ਉਤਰੈ ਚਿੰਦ॥***

(ਅੰਗ ੨੯੫)

ਭਾਈ ਸਾਹਿਬ ਭਾਈ ਗੁਰਦਾਸ ਕਥਨ ਕਰਦੇ ਹਨ ਕਿ ਪੂਰਨ ਬ੍ਰਹਮ ਦਾ ਸਰੂਪ ਪੂਰਨ ਸਤਿਗੁਰੂ ਜੀ ਕਿਰਪਾ ਕਰਕੇ (ਆਗਿਆਕਾਰੀ ਗੁਰਸਿੱਖ ਦੇ) ਹਿਰਦੇ ਵਿਚ ਸੱਚਾ ਉਪਦੇਸ਼ ਟਿਕਾਅ ਦਿੰਦਾ ਹੈ, ਜਿਸ ਕਰਕੇ ਗੁਰਸਿੱਖ ਦੀ ਬੁਧੀ ਅਡੋਲ ਹੋ ਜਾਂਦੀ ਹੈ, (ਭਾਵ ਮਨ ਸਥਿਰ ਹੋ ਜਾਂਦਾ ਹੈ। ਸ਼ਬਦ ਸੁਰਤਿ ਵਿਚ ਲਿਵ ਲਾਇਆਂ ਪਾਣੀ ਵਿਚ ਅਨੰਦ ਮਾਣਦੀ ਮੱਛੀ ਵਾਲੀ ਦਸ਼ਾ ਉਸ ਦੀ ਹੋ ਜਾਂਦੀ ਹੈ ਅਤੇ ਦੁੱਧ ਵਿਚ ਘਿਉ ਸਮਾਏ ਹੋਣ ਦੀ ਜੁਗਤ ਵਾਂਗ ਉਸ ਨੂੰ ਪੂਰਨ ਬ੍ਰਹਮ ਸਾਰਿਆਂ ਵਿਚ ਸਮਾਇਆ ਨਜ਼ਰ ਆਉਂਦਾ ਹੈ। (ਸ਼ਬਦ ਸੁਰਤਿ ਵਿਚ ਜੁੜੇ ਗੁਰਸਿਖ ਦੇ) ਹਿਰਦੇ ਵਿਚ ਸਦਾ ਸਰੂਪ ਪ੍ਰਭੂ ਦਾ ਹੁੰਦਾ ਹੈ। ਅੱਖਾਂ ਨਾਲ ਸਭ ਥਾਈਂ ਤੇ ਸਭ ਪਾਸੇ ਉਹ ਪ੍ਰਭੂ ਨੂੰ ਹੀ ਵੇਖਦਾ ਹੈ। ਕੰਨਾਂ ਨਾਲ ਵੀ ਉਸ ਦਾ (ਜੱਸ) ਸੁਣਦਾ ਹੈ, ਮੁਖੋਂ ਉਸ ਦਾ ਨਾਮ ਉਚਾਰਨ ਕਰਦਾ ਹੈ, ਨਾਸਕਾ ਨਾਲ ਉਸ ਦੀ ਸੁਗੰਧੀ ਮਾਣਦਾ ਹੈ ਅਤੇ ਜੀਭ ਨਾਲ ਉਸ ਪ੍ਰਭੂ ਦੇ ਨਾਮ ਰਸ ਨੂੰ ਭੁੰਚਦਾ ਹੈ। ਉਸ ਪੂਰਨ ਬ੍ਰਹਮ ਨੂੰ ਪਰਸ ਕੇ ਉਸ ਦੇ ਅੰਦਰ ਪ੍ਰੇਮਾ ਭਗਤੀ ਦਾ ਨਿਵਾਸ ਹੋ ਜਾਂਦਾ ਹੈ। ਸਤਿਗੁਰੂ ਜੀ ਸਤਿ ਸਰੂਪ ਹੈ। ਉਸ ਨੇ ਇਹ ਗਿਆਨ ਬਖ਼ਸ਼ਿਆ ਹੈ ਕਿ ਬ੍ਰਿਛ ਦੀਆਂ ਟਾਹਣੀਆਂ, ਪੱਤਿਆਂ, ਫੁੱਲਾਂ ਤੇ ਫਲਾਂ ਵਿਚ (ਸੂਖਮ ਬੀਜ) ਸਮਾਏ ਹੋਣ ਦੀ ਤਰ੍ਹਾਂ ਪੂਰਨ ਬ੍ਰਹਮ ਸਾਰਿਆਂ ਵਿਚ ਮਿਲਿਆ ਹੋਇਆ ਇਕ ਪ੍ਰਭੂ ਹੀ ਹੈ :

***ਪੂਰਨ ਬ੍ਰਹਮ ਗੁਰ ਪੂਰਨ ਕ੍ਰਿਪਾ ਕੈ ਦੀਨੋ, ਸਾਚ ਉਪਦੇਸ਼ ਰਿਦੈ, ਨਿਹਚਲ ਮਤਿ ਹੈ।***
***ਸਬਦ ਸੁਰਤਿ ਲਿਵ-ਲੀਨ ਜਲ ਮੀਨ ਭਏ, ਪੂਰਨ ਸਰਬ-ਮਈ ਪੈ ਘ੍ਰਿਤ ਜੁਗਤਿ ਹੈ।***
***ਸਾਚੁ ਰਿਦੈ ਸਾਚੁ ਦੇਖੈ ਸੁਨੈ ਬੋਲੈ ਗੰਧ ਰਸ, ਪੂਰਨ ਪਰਸਪਰ ਭਾਵਨੀ ਭਗਤਿ ਹੈ।***
***ਪੂਰਨ ਬ੍ਰਹਮ ਦ੍ਰੁਮ ਸਾਖਾ ਪਤ੍ਰ ਫੂਲ ਫਲ, ਏਕ ਹੀ ਅਨੇਕ ਮੇਕ, ਸਤਿਗੁਰ ਸਤਿ ਹੈ॥੨੭੬॥***

(ਕਬਿੱਤ ਸਵੱਈਏ, ਭਾਈ ਗੁਰਦਾਸ ਜੀ)

ਭਾਈ ਗੁਰਦਾਸ ਜੀ ਨੇ ਤੀਸਰੀ ਵਾਰ ਦੀ ਸੱਤਵੀਂ ਪਉੜੀ ਅੰਦਰ ਪੂਰਨ ਗੁਰੂ ਦੀ ਸਿਫ਼ਤ ਇਸ ਤਰ੍ਹਾਂ ਕਥਨ ਕੀਤੀ ਹੈ :

***ਪੂਰਾ ਸਤਿਗੁਰੁ ਆਪਿ ਨ ਅਲਖੁ ਲਖਾਵਈ।***
***ਦੇਖੈ ਥਾਪਿ ਉਥਾਪਿ ਜਿਉ ਤਿਸੁ ਭਾਵਈ।***
***ਲੇਪੁ ਨ ਪੁੰਨਿ ਨ ਪਾਪਿ ਉਪਾਇ ਸਮਾਵਈ।***
***ਲਾਗੂ ਵਰੁ ਨ ਸਰਾਪ ਨ ਆਪ ਜਣਾਵਈ।***

***ਗਾਵੈ ਸਬਦੁ ਅਲਾਪਿ ਅਕਥੁ ਸੁਣਾਵਈ।***
***ਅਕਥ ਕਥਾ ਜਪੁ ਜਾਪਿ ਨ ਜਗਤੁ ਕਮਾਵਈ।***
***ਪੂਰੇ ਗੁਰ ਪਰਤਾਪਿ ਆਪੁ ਗਵਾਵਈ।***
***ਲਾਹੇ ਤਿੰਨੇ ਤਾਪਿ ਸੰਤਾਪ ਘਟਾਵਈ।***
***ਗੁਰਬਾਣੀ ਮਨ ਧ੍ਰਾਪਿ ਨਿਜ ਘਰਿ ਆਵਈ ॥੭॥***

(ਭਾਈ ਗੁਰਦਾਸ ਜੀ, ਵਾਰ ਤੀਜੀ, ਪਉੜੀ ਸੱਤਵੀਂ)

ਸੰਸਾਰ ਅੰਦਰ ਅਧੂਰੀ ਚੀਜ਼ ਕੋਈ ਵੀ ਨਹੀਂ ਸੋਭਦੀ। ਅਧੂਰੀ ਕਵਿਤਾ ਬੇਅਰਥ ਹੈ। ਅਧੂਰੀ ਤਸਵੀਰ ਕਾਬਲੇ-ਦੀਦ ਨਹੀਂ। ਅਧੂਰੀ ਸੰਗੀਤ ਦੀ ਧੁਨ ਕਾਬਲੇ-ਸੁਨੀਦ ਨਹੀਂ। ਅਧੂਰਾ ਬਣਿਆ ਮਕਾਨ ਰਹਿਣ ਲਾਇਕ ਨਹੀਂ ਅਤੇ ਅਧੂਰਾ ਬਣਿਆ ਖਲੋਤਾ ਮਕਾਨ ਸੋਭਾ ਵੀ ਨਹੀਂ ਪਾਉਂਦਾ। ਅਧੂਰੇ ਮਨੁੱਖ ਦੀ ਕੀਤੀ ਹਰ ਚੀਜ਼ ਅਧੂਰੀ ਹੁੰਦੀ ਹੈ। ਪੂਰੇ ਦਾ ਕੀਤਾ ਸਭ ਕੁਝ ਪੂਰਾ ਹੈ :

***ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ॥***
***ਨਾਨਕ ਗੁਰਮੁਖਿ ਐਸਾ ਜਾਣੈ ਪੂਰੇ ਮਾਂਹਿ ਸਮਾਂਹੀ॥***

(ਅੰਗ ੧੪੧੨)

ਅਧੂਰੇ ਨਾਲ ਜੁੜਿਆ ਅਧੂਰਾ ਹੀ ਰਹੇਗਾ। ਪੂਰੇ ਨਾਲ ਜੁੜਿਆ ਉਸ ਦਾ ਰੂਪ ਪੂਰਨ ਹੀ ਹੋ ਜਾਂਦਾ ਹੈ।

ਨਦੀ ਸਾਗਰ ਵਿਚ ਲੀਨ ਹੋਕੇ ਹੀ ਪੂਰਨ ਹੋ ਸਕਦੀ ਹੈ। ਬ੍ਰਹਮ ਰੂਪ ਸਾਗਰ ਵਿਚ ਸਮਾਅ ਕੇ ਹੀ ਜੀਵ ਪੂਰਨ ਹੋ ਸਕਦਾ ਹੈ। (ਇਸ ਪੋਥੀ ਅੰਦਰ ਪੜ੍ਹੋ ਸ੍ਰੀ ਮੁਖਵਾਕ ਨੰਬਰ ੫੨ ਪੂਰਨ ਗੁਰੂ ਬਾਰੇ) ''ਗੁਰਿ ਪੂਰੈ ਕਿਰਪਾ ਧਾਰੀ॥''

ਸ਼ਬਦ ਦੀ ਪਹਿਲੀ ਪੰਗਤੀ ਅੰਦਰ ''ਗੁਰ ਪੂਰੈ'', ਤੋਂ ਮਗਰੋਂ ''ਕਿਰਪਾ ਧਾਰੀ॥' ਸ਼ਬਦ ਆਇਆ ਹੈ।

ਹੁਣ ਕਿਰਪਾ ਦੇ ਸੰਬੰਧ ਵਿਚ ਵੀਚਾਰ ਕਰੀਏ। ਅਧੂਰੇ ਗੁਰੂ ਤੇ ਅਧੂਰੇ ਮਨੁੱਖ ਦੀ ਕਿਰਪਾ ਵੀ ਅਧੂਰੀ ਹੋਵੇਗੀ। ਪੂਰਨ ਗੁਰੂ ਦੀ ਕਿਰਪਾ ਵੀ ਪੂਰਨ ਹੁੰਦੀ ਹੈ, ਪਰ ਇਸ ਗੱਲ ਦੀ ਸਮਝ ਵੀ ਉਸ ਮਨੁੱਖ ਨੂੰ ਹੀ ਪੈਂਦੀ ਹੈ, ਜੋ ਪੂਰਨ ਗੁਰੂ ਨਾਲ ਜੁੜਿਆ ਹੈ ਅਤੇ ਜਿਸ 'ਤੇ ਪੂਰੇ ਗੁਰੂ ਨੇ ਕਿਰਪਾ ਕੀਤੀ ਹੈ :

***ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ॥***
***ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ॥***

(ਅੰਗ ੬੩੩)

ਕਿਰਪਾ ਦੇ ਸੰਬੰਧ ਵਿਚ ਵਿਸਥਾਰ ਸਹਿਤ ਪੜ੍ਹੋ ਦਾਸ ਦੀ ਲਿਖੀ ਪੁਸਤਕ, ਮੁਖਵਾਕ ਪ੍ਰਕਾਸ਼ (ਭਾਗ

ਪਹਿਲਾ) ਦਾ ਪੰਨਾ ੨੮੨ ਤੇ ੧੮੫ ਅੰਦਰ।

ਗੁਰਮਤਿ ਅਨੁਸਾਰ ਪੰਜ ਪ੍ਰਕਾਰ ਦੀ ਕਿਰਪਾ ਕਹੀ ਜਾ ਸਕਦੀ ਹੈ :

੧. ਪ੍ਰਭੂ ਕਿਰਪਾ ੨. ਗੁਰੂ ਕਿਰਪਾ ੩. ਸੰਤ ਕਿਰਪਾ ੪. ਸਾਧ ਕਿਰਪਾ ੫. ਖਾਲਸੇ ਦੀ ਕਿਰਪਾ।

੧. ਪ੍ਰਭ ਕਿਰਪਾ ਤੇ ਨਾਮੁ ਧਿਆਈਐ॥ (ਅੰਗ ੧੮੦)

੨. ਗੁਰ ਕਿਰਪਾ ਤੇ ਨਾਮੁ ਵਖਾਣੁ॥ (ਅੰਗ ੧੮੯)

੩. ਸੰਤ ਕ੍ਰਿਪਾ ਤੇ ਜਪੀਐ ਨਾਮੁ॥ (ਅੰਗ ੧੮੯)

੪. ਸਾਧ ਕ੍ਰਿਪਾ ਤੇ ਸੂਕਾ ਹਰਿਆ॥ (ਅੰਗ ੧੦੨)

੫. ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ, ਨਹੀ ਮੋ ਸੋ ਗ਼ਰੀਬ ਕਰੋਰਿ ਪਰੇ॥ (ਦਸਮ ਗ੍ਰੰਥ)

ਅਕਾਲ ਪੁਰਖ ਵਾਹਿਗੁਰੂ ਜੀ ਦੀ ਕਿਰਪਾ ਨਾਲ ਹੀ ਨਾਮ ਜਪਿਆ ਜਾ ਸਕਦਾ ਹੈ। ਕੇਵਲ ਬੰਦਗੀ ਵਿਚ ਹੀ ਕਿਰਪਾ ਦੀ ਲੋੜ ਨਹੀਂ, ਬਲਕਿ ਮਨੁੱਖ ਦੇ ਸਾਰੇ ਜਤਨ, ਸਾਰੇ ਕੰਮਾਂ ਦੀ ਸਫਲਤਾ ਵਾਸਤੇ ਪ੍ਰਭੂ ਕਿਰਪਾ ਦੀ ਲੋੜ ਹੈ। ਪ੍ਰਭੂ ਕਿਰਪਾ ਕਰੇ ਤਾਂ ਮਾਤਾ ਦੇ ਗਰਭ ਵਿਚ ਰੱਖਿਆ ਕਰਦਾ ਹੈ। ਗੁਰੂ ਵੀ ਕਿਰਪਾ ਕਰਕੇ ਸਿੱਖ ਦੀ ਦੁੱਖ ਸਮੇਂ ਰੱਖਿਆ ਕਰਦਾ ਹੈ, ਸਿੱਖ ਦੀਆਂ ਸਾਰੀਆਂ ਇੱਛਾਵਾਂ ਪੂਰੀਆਂ ਕਰਦਾ ਹੈ। ਆਦਿ ਕਾਲ ਅੰਦਰ ਪ੍ਰਭੂ ਨੇ ਕਿਰਪਾ ਕੀਤੀ ਸੀ ਭਗਤ ਧ੍ਰੂ ਜੀ ਉਪਰ। ਭਗਤ ਧ੍ਰੂ ਜੀ ਨੂੰ ਅਕਾਲ ਪੁਰਖ ਦੀ ਕਿਰਪਾ ਕਰਕੇ ਹੀ ''ਪਿਛਹੁ ਰਾਜੇ ਸਦਿਆ ਅਬਿਚਲੁ ਰਾਜੁ ਕਰਹੁ ਨਿਤ ਨੀਤਾ।' ਬੰਦਗੀ ਵਿਚ ਸਫ਼ਲਤਾ ਪ੍ਰਾਪਤ ਹੋਈ। ਧ੍ਰੂ ਪਰ ਪ੍ਰਭੂ ਦੇ ਕਿਰਪਾ ਕਰਨ ਦੀ ਸਾਖ ਗੁਰਬਾਣੀ ਨੇ ਇਸ ਤਰ੍ਹਾਂ ਭਰੀ ਹੈ :

***ਸਿਰੀ ਗੁਰੂ ਸਾਹਿਬੁ ਸਭ ਊਪਰਿ॥ ਕਰੀ ਕ੍ਰਿਪਾ ਸਤਜੁਗਿ ਜਿਨਿ ਧ੍ਰੂ ਪਰਿ॥***
***ਸ੍ਰੀ ਪ੍ਰਹਲਾਦ ਭਗਤ ਉਧਰੀਅੰ॥ ਹਸ੍ਤ ਕਮਲ ਮਾਥੇ ਪਰ ਧਰੀਅੰ॥***

(ਅੰਗ ੧੪੦੧)

ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਅੰਦਰ ਭਗਤ ਧ੍ਰੂ ਜੀ ਦਾ ਜੀਵਨ ਇਸ ਤਰ੍ਹਾਂ ਦਰਸਾਇਆ ਹੈ :

***ਧ੍ਰੂ ਹਸਦਾ ਘਰਿ ਆਇਆ ਕਰਿ ਪਿਆਰੁ ਪਿਉ ਕੁਛੜਿ ਲੀਤਾ।***
***ਬਾਹਹੁ ਪਕੜਿ ਉਠਾਲਿਆ ਮਨ ਵਿਚਿ ਰੋਸ ਮਤ੍ਰੇਈ ਕੀਤਾ।***
***ਡੁਡਹੁਲਿਕਾ ਮਾਂ ਪੁਛੈ ਤੂੰ ਸਾਵਾਣੀ ਹੈ ਕਿ ਸੁਰੀਤਾ?***
***ਸਾਵਾਣੀ ਹਾਂ ਜਨਮ ਦੀ ਨਾਮੁ ਨ ਭਗਤੀ ਕਰਮਿ ਦ੍ਰਿੜੀਤਾ।***
***ਕਿਸੁ ਉਦਮ ਤੇ ਰਾਜੁ ਮਿਲੈ ਸਤ੍ਰੂ ਤੇ ਸਭਿ ਹੋਵਨਿ ਮੀਤਾ?***
***ਪਰਮੇਸਰੁ ਆਰਾਧੀਐ ਜਿਦੂ ਹੋਈਐ ਪਤਿਤ ਪੁਨੀਤਾ।***

***ਬਾਹਰਿ ਚਲਿਆ ਕਰਣਿ ਤਪੁ ਮਨ ਬੈਰਾਗੀ ਹੋਇ ਅਤੀਤਾ।***
***ਨਾਰਦ ਮੁਨਿ ਉਪਦੇਸਿਆ ਨਾਮੁ ਨਿਧਾਨੁ ਅਮਿਓ ਰਸੁ ਪੀਤਾ।***
***ਪਿਛਹੁ ਰਾਜੇ ਸਦਿਆ ਅਬਿਚਲੁ ਰਾਜੁ ਕਰਹੁ ਨਿਤ ਨੀਤਾ।***
***ਹਾਰਿ ਚਲੇ ਗੁਰਮੁਖਿ ਜਗ ਜੀਤਾ॥੧॥***

(ਭਾਈ ਗੁਰਦਾਸ ਜੀ, ਵਾਰ ੧੦, ਪਉੜੀ ੧)

ਨਾਮ ਜੱਪਣ ਵਾਲਿਆਂ ਦੀਆਂ ਇੱਛਾਵਾਂ ਪ੍ਰਭੂ ਕਿਰਪਾ ਕਰਕੇ ਪੂਰੀਆਂ ਕਰਦਾ ਹੈ। ਧ੍ਰੂ ਭਗਤ ਦੀ ਇੱਛਾ ਰਾਜ ਪ੍ਰਾਪਤੀ ਦੀ ਸੀ ''ਕਿਸੁ ਉਦਮ ਤੇ ਰਾਜੁ ਮਿਲੈ ਸਤ੍ਰੂ ਤੇ ਸਭਿ ਹੋਵਨਿ ਮੀਤਾ॥'

ਇਹ ਪ੍ਰਭੂ ਨੇ ਕਿਰਪਾ ਕਰਕੇ ਪੂਰੀ ਕੀਤੀ ਬਲਕਿ ਅਬਿਚਲ ਰਾਜ ਬਖ਼ਸ਼ ਦਿੱਤਾ ''ਧ੍ਰੂ ਅਟੱਲ ਅਜਹੁ ਨ ਟਰਿਓ॥''

ਗੁਰੂ ਸਾਹਿਬ ਜੀ ਵੀ ਕਿਰਪਾ ਕਰਕੇ ਆਪਣੇ ਪਿਆਰਿਆਂ ਦੀਆਂ ਇੱਛਾਵਾਂ ਪੂਰੀਆਂ ਕਰਦੇ ਹਨ। ਜਿਸ ਤਰ੍ਹਾਂ ਮਾਤਾ ਸੁਲੱਖਣੀ ਜੀ ਨੇ ਪੁੱਤਰ ਦੀ ਪ੍ਰਾਪਤੀ ਵਾਸਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸਰਣਿ ਵਿਚ ਬੇਨਤੀ ਕੀਤੀ ਸੀ, ਕਿ ਸਤਿਗੁਰੂ ਜੀ ! ਆਪ ਕਿਰਪਾ ਕਰਕੇ ਮੈਨੂੰ ''ਨਾਮ ਸੁਲੱਖਣੀ ਵਸਦੀ ਹਾਂ ਚੱਬੇ। ਅਫਲ ਜਾਂਦੀ ਨੂੰ ਇਕ ਫਲ ਲੱਗੇ।'' ਇਕ ਪੁੱਤਰ ਦੀ ਦਾਤ ਬਖ਼ਸ਼ੋ ਜੀ। ਮੀਰੀ ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਕ ਦੀ ਥਾਂ ਕਿਰਪਾ ਕਰਕੇ ਸੱਤ ਪੁੱਤਰ ਬਖ਼ਸ਼ ਦਿੱਤੇ ਸਨ।

## ਸਾਖੀ—ਮਾਤਾ ਸੁਲੱਖਣੀ ਜੀ

ਸ੍ਰੀ ਅੰਮ੍ਰਿਤਸਰ ਤੋਂ ਤਿੰਨ ਮੀਲ ਦੇ ਫ਼ਾਸਲੇ ਪਰ ਸ੍ਰੀ ਤਰਨ ਤਾਰਨ ਵਾਲੀ ਸੜਕ 'ਤੇ ਇਕ ਚੱਬਾ ਨਾਮ ਪਿੰਡ ਹੈ। ਇਥੋਂ ਦੇ ਰਹਿਣ ਵਾਲੀ ਬੀਬੀ, ਜਿਸ ਦਾ ਨਾਮ ਸੁਲੱਖਣੀ ਸੀ। ਬਿਰਧ ਅਵੱਸਥਾ ਹੋ ਗਈ ਸੀ ਪਰ ਘਰ ਵਿਚ ਕੋਈ ਪੁੱਤਰ ਨਾ ਹੋਇਆ। ਇਸ ਮਿੱਠੇ ਮੇਵੇ ਦੀ ਤਲਾਸ਼ ਵਾਸਤੇ ਪੁੱਤਰ ਦੀ ਇੱਛਾ ਰੱਖ ਕੇ ਸਾਧਾਂ ਪੀਰਾਂ ਦੇ ਚਰਨ ਪੂਜੇ, ਮੜ੍ਹੀਆਂ ਤੇ ਪੀਰਖ਼ਾਨਿਆਂ ਦੀਆਂ ਸੁੱਖਣਾਂ ਸੁੱਖੀਆਂ। ਜਾਦੂ ਟੂਣੇ ਕਰਨ ਵਾਲੇ ਪਖੰਡੀਆਂ ਨੂੰ ਬਥੇਰਾ ਕੁਝ ਖਵਾਇਆ, ਪਰ ਕਿਤੋਂ ਵੀ ਇਹ ਇੱਛਾ ਪੂਰੀ ਨਾ ਹੋਈ। ਅਖ਼ੀਰ ਨੂੰ ਨਿਰਾਸ਼ ਹੋ ਕੇ ਘਰ ਵਿਚ ਬੈਠ ਗਈ ਸੀ। ਇਧਰੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਸਿੱਖਾਂ ਦੇ ਸਮੇਤ ਜੀਆਂ ਨੂੰ ਮੁਕਤ ਕਰਨ ਵਾਸਤੇ ਸ਼ਿਕਾਰ ਖੇਲਣ ਦੇ ਬਹਾਨੇ ਸੰਗਰਾਣੇ ਸਾਹਿਬ ਵਾਲੀ ਜਗ੍ਹਾ ਪੁੱਜੇ। ਸੰਗਤਾਂ ਨੂੰ ਪਤਾ ਲਗਿਆ ਤਾਂ ਪ੍ਰਸ਼ਾਦੇ, ਲੱਸੀ, ਮੱਖਣ ਤੇ ਦੁੱਧ ਲੈ ਕੇ ਮਗਰ ਚੱਲ ਪਈਆਂ। ਇਸ ਮਾਤਾ ਸੁਲੱਖਣੀ ਨੇ ਵੀ ਹਜ਼ੂਰ ਦਾ ਜਸ ਸੁਣਿਆ ਤੇ ਪਾਸ ਪੁੱਜ ਕੇ ਮੱਥਾ ਟੇਕਿਆ ਅਤੇ ਨੂਰਾਨੀ ਚਿਹਰੇ ਦੇ ਦਰਸ਼ਨ ਕੀਤੇ।

ਇਸ ਨੇ ਨਿਝੱਕ ਹੋ ਕੇ ਪੁੱਤਰ ਦੀ ਜਾਚਨਾ ਕੀਤੀ। ਹਜ਼ੂਰ ਨੇ ਇਸ ਦੇ ਮਸਤਕ ਵੱਲ ਤੱਕਿਆ ਤੇ ਆਖਿਆ, ਮਾਤਾ ! ਤੇਰੇ ਕਰਮਾਂ ਵਿਚ ਪੁੱਤਰ ਨਹੀਂ ਲਿਖਿਆ। ਹਜ਼ੂਰ ਦੇ ਪਾਸੋਂ ਇਹ ਬਚਨ ਸੁਣ ਕੇ ਰਹਿੰਦੀ ਖੂੰਹਦੀ ਆਸ ਵੀ ਟੁੱਟ ਗਈ। ਸ਼ੋਕਾਤੁਰ ਹੋਈ ਹੋਈ ਵਾਪਸ ਮੁੜੀ। ਕਹਿੰਦੇ ਹਨ ਕਿ ਰਸਤੇ ਵਿਚ ਭਾਈ

ਗੁਰਦਾਸ ਜੀ ਮਿਲ ਗਏ। ਇਸ ਦੇ ਚਿਹਰੇ ਵੱਲ ਤੱਕ ਕੇ ਪੁੱਛਿਆ, "ਮਾਤਾ ਤੂੰ ਉਦਾਸ ਕਿਉਂ ਆ ਰਹੀ ਹੈਂ, ਇਸ ਦਾ ਕੀ ਕਾਰਨ ਹੈ ?" ਭਾਈ ਗੁਰਦਾਸ ਦੇ ਇਹ ਬਚਨ ਸੁਣ ਕੇ ਮਾਤਾ ਸੁਲੱਖਣੀ ਦੀਆਂ ਭੁੱਬਾਂ ਨਿਕਲ ਗਈਆਂ, ਤੇ ਸਾਰੀ ਗੱਲ ਸੁਣਾਈ। ਭਾਈ ਗੁਰਦਾਸ ਜੀ ਕਹਿਣ ਲੱਗੇ, "ਮਾਤਾ ਉਦਾਸ ਨਾ ਹੋ, ਕਲ੍ਹ ਮਹਾਰਾਜ ਨੇ ਫੇਰ ਇਸੇ ਪਾਸੇ ਆਉਣਾ ਹੈ। ਤੂੰ ਕਲਮ ਦਵਾਤ ਤੇ ਕਾਗਜ਼ ਲੈ ਕੇ ਅੱਗੇ ਤਿਆਰ ਰਹੀਂ। ਕਹੀਂ ਮਹਾਰਾਜ ਜੀ, ਓਥੇ ਵੀ ਆਪ ਲਿਖਣ ਵਾਲੇ ਹੋ, ਇਥੇ ਵੀ ਆਪ ਲਿਖਣ ਵਾਲੇ ਹੋ, ਜੇਕਰ ਉਸ ਸਮੇਂ ਨਹੀਂ ਲਿਖਿਆ ਤਾਂ ਹੁਣ ਲਿਖ ਦੇਵੋ।

ਭਾਈ ਗੁਰਦਾਸ ਦੀ ਦੱਸੀ ਜੁਗਤੀ ਸੁਣ ਕੇ ਮਾਤਾ ਨੂੰ ਕੁਝ ਧੀਰਜ ਆਇਆ। ਦੂਜੇ ਦਿਨ ਸਾਰੀ ਤਿਆਰੀ ਕਰ ਕੇ ਸਤਿਗੁਰਾਂ ਦੇ ਆਉਣ ਤੋਂ ਪਹਿਲਾਂ ਉਸ ਥਾਂ 'ਤੇ ਖੜੋ ਗਈ, ਜਿਥੋਂ ਦੀ ਮਹਾਰਾਜ ਨੇ ਲੰਘਣਾ ਸੀ। ਹਜ਼ੂਰ ਦੀਵਾਨ ਸਮਾਪਤ ਕਰਕੇ ਨੀਲੇ 'ਤੇ ਕਾਠੀ ਪਵਾ, ਅਸਵਾਰ ਹੋ ਕੇ ਜਿਸ ਰਸਤੇ ਪਹਿਲੇ ਦਿਨ ਗਏ ਸਨ, ਉਸ ਰਸਤੇ ਚੱਲ ਪਏ। ਓਧਰ ਉਡੀਕ ਕਰਦੀ ਸੁਲੱਖਣੀ ਨੇ ਘੋੜੇ ਦੀ ਵਾਗ ਫੜ ਕੇ ਇਹ ਸੱਦ ਪੜ੍ਹੀ–

***ਸਸੀਏ ਦਾੜੀਏ ਚਿਟੀਏ ਪਗੇ। ਅਰਜ ਕਰੇਂਦੀ ਹਾਂ ਸਤਿਗੁਰ ਅੱਗੇ।***
***ਨਾਮ ਸੁਲੱਖਣੀ ਵਸਦੀ ਹਾਂ ਚੱਬੇ। ਅਫਲ ਜਾਂਦੀ ਨੂੰ ਇਕ ਫਲ ਲਗੇ।***

(ਪੰਥ ਪ੍ਰਕਾਸ਼, ਐਡੀਸ਼ਨ ਚੌਥੀ)

ਇਹ ਸ਼ਬਦ ਸੁਣ ਕੇ ਹਜ਼ੂਰ ਮੁਸਕਰਾ ਪਏ ਤੇ ਪੁੱਛਿਆ, "ਮਾਤਾ ਕੀ ਚਾਹੁੰਦੀ ਹੈਂ ?"

ਸੁਲੱਖਣੀ ਬੋਲੀ, ਆਪ ਅੰਤਰਯਾਮੀ ਹੋ, ਆਪਣੇ ਖ਼ਜ਼ਾਨੇ ਵਿਚੋਂ ਇਕ ਪੁੱਤਰ ਦੀ ਦਾਤ ਬਖ਼ਸ਼ੋ।" ਸਤਿਗੁਰੂ ਜੀ ਬੋਲੇ, "ਤੈਨੂੰ ਕੱਲ੍ਹ ਜੁ ਕਹਿ ਦਿੱਤਾ ਸੀ ਕਿ ਤੇਰੇ ਕਰਮਾਂ ਵਿਚ ਪੁੱਤਰ ਨਹੀਂ ਲਿਖਿਆ।"

ਮਾਤਾ ਸੁਲੱਖਣੀ ਨੇ (ਭਾਈ ਗੁਰਦਾਸ ਜੀ ਦੀ ਸਿੱਖਿਆ ਅਨੁਸਾਰ) ਕਾਗ਼ਜ਼ ਤੇ ਕਲਮ ਦਵਾਤ ਅੱਗੇ ਕਰਕੇ ਕਿਹਾ–"ਮਹਾਰਾਜ ! ਉਥੇ ਵੀ ਆਪ ਨੇ ਹੀ ਲਿਖਣਾ ਸੀ। ਜੇਕਰ ਉਸ ਸਮੇਂ ਨਹੀਂ ਲਿਖਿਆ ਤਾਂ ਹੁਣ ਲਿਖ ਦੇਵੋ।" ਜਾਣੀ-ਜਾਣ ਸਤਿਗੁਰਾਂ ਨੇ ਜਾਣਿਆ ਕਿ ਕਿਸੇ ਪੂਰਨ ਗੁਰਸਿੱਖ ਨੇ ਇਹ ਜੁਗਤੀ ਦੱਸੀ ਹੈ। ਕਾਗ਼ਜ਼ ਤੇ ਕਲਮ ਦਵਾਤ ਪਕੜੀ, ਘੋੜੇ 'ਤੇ ਚੜ੍ਹੇ ਹੀ ਏਕਾ ਪਾਉਣ ਲੱਗੇ। ਜਦੋਂ ਏਕੇ ਦੀ ਘੁੰਡੀ ਪਾਈ ਤਾਂ ਘੋੜੇ ਨੇ ਸੰਮ ਚੁਕਿਆ, ਧੌਣ ਹਿਲਾਈ, ਸਿੱਧੀ ਡੰਡੀ ਦੀ ਬਜਾਏ ਕੁਝ ਕੁ ਵਿੰਗੀ ਹੋ ਗਈ ਤੇ ਏਕੇ ਦਾ ਸਾਤਾ ਬਣ ਗਿਆ, ਕਿਉਂਕਿ ਏਕੇ ਤੇ ਸਾਤੇ ਦੀ ਉਪਰੋਂ ਤਾਂ ਮਰੋੜੀ ਇਕੋ ਜਿਹੀ ਹੀ ਹੁੰਦੀ ਹੈ। ਹਜ਼ੂਰ ਨੇ ਕਿਹਾ, "ਲੈ ਮਾਤਾ, ਇਕ ਮੰਗਦੀ ਸੀ। ਗੁਰੂ ਨਾਨਕ ਸਾਹਿਬ ਦੇ ਘਰੋਂ ਤੈਨੂੰ ਸੱਤ ਮਿਲ ਗਏ ਹਨ। ਹੁਣ ਸੇਵਾ ਸਿਮਰਨ ਕਰਕੇ ਗੁਰੂ ਨਾਨਕ ਸਾਹਿਬ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੀਂ।"

ਪੰਜ ਤਰ੍ਹਾਂ ਦੀ ਕਿਰਪਾ ਅੰਦਰ ਪ੍ਰਭੂ ਕਿਰਪਾ, ਗੁਰੂ ਕਿਰਪਾ, ਸੰਤ ਕਿਰਪਾ, ਸਾਧ ਕਿਰਪਾ, ਖ਼ਾਲਸਾ ਕਿਰਪਾ, ਦਾ ਜ਼ਿਕਰ ਆਇਆ ਹੈ। ਪ੍ਰਭੂ ਕਿਰਪਾ ਤੇ ਗੁਰੂ ਕਿਰਪਾ ਬਾਰੇ ਲਿਖਿਆ ਗਿਆ ਆਪ ਨੇ ਪੜ੍ਹ ਹੀ ਲਿਆ ਹੈ।

ਧਾਰਮਿਕ ਦੁਨੀਆਂ ਅੰਦਰ ਸਾਧੂ ਤੇ ਸੰਤ ਦਾ ਆਪਣਾ ਇਕ ਖ਼ਾਸ ਅਸਥਾਨ ਹੈ। ਦੋਵੇਂ ਹੀ ਸਤਿਕਾਰ ਯੋਗ ਹਨ, ਜੀਵਨ ਦੇ ਸਿਖਰ ਹਨ। ਇਨ੍ਹਾਂ ਤੋਂ ਮਨੁੱਖ ਮਾਤਰ ਜਗਿਆਸੂ ਜਨਾਂ ਨੂੰ ਜੀਵਨ ਨੂੰ ਉਚਾਈਆਂ ਵੱਲ ਲੈ ਜਾਣ ਦੀ ਪ੍ਰੇਰਨਾ ਮਿਲਦੀ ਹੈ। ਜੋ ਸਾਧਨਾ ਵਿਚ ਰਤਿਆ ਹੈ, ਉਸ ਨੂੰ ਸਾਧੂ ਆਖਦੇ ਹਨ। ਧਰਮ ਦੀ ਸਾਧਨਾ ਦਾ ਆਧਾਰ ਨਿਰਮਲ ਕਰਮ ਹੈ। ਇਸ ਕਰਕੇ ਗੁਰਬਾਣੀ ਸਾਧੂ ਨੂੰ ਨਿਰਮਲ ਕਰਮ ਕਰਨ ਵਾਲਾ ਦੱਸਦੀ ਹੈ, ਹੋਰ ਸਾਧ ਕਿਸੇ ਲਿਬਾਸ ਦਾ ਨਾਮ ਨਹੀਂ ਹੈ।

***ਸਾਧ ਨਾਮ ਨਿਰਮਲ ਤਾ ਕੇ ਕਰਮ॥***

(ਸੁਖਮਨੀ ਸਾਹਿਬ ਅੰਗ ੨੯੬)

ਸਾਧਨਾ, ਸੰਪੰਨ ਸਾਧਨਾ ਨੂੰ ਸਫ਼ਲਤਾ ਦਾ ਫਲ ਪ੍ਰਾਪਤ ਕਰਿ ਚੁਕੇ, ਮੱਛੀ ਦੀ ਜਲ ਨਾਲ ਪ੍ਰੀਤ ਦੀ ਤਰ੍ਹਾਂ, ਨਾਮ ਜਲ ਆਧਾਰ ਵਾਲੇ ਨੂੰ ਗੁਰਬਾਣੀ ਨੇ ਸੰਤ ਕਿਹਾ ਹੈ।

***ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ॥***
***ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥***

(ਅੰਗ ੩੧੯)

ਐਸਾ ਪੂਰਨ ਸੰਤ, ਸਰਣਿ ਵਿਚ ਆਏ ਮਨੁੱਖ ਨੂੰ ਕਿਰਪਾ ਕਰਕੇ ਗੁਰੂ ਨਾਲ ਜੋੜ ਦਿੰਦਾ ਹੈ। ਇਸ ਵਾਸਤੇ ਪਾਵਨ ਗੁਰਬਾਣੀ ਦਾ ਫ਼ੁਰਮਾਣ ਹੈ :

***ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ॥***

(ਬਾਰਹ ਮਾਹਾ ਮਾਂਝ, ਅੰਗ ੧੩੬)

ਐਸੇ ਪੂਰਨ ਸੰਤ ਸਨ ਬਾਬਾ ਅਦਲੀ ਜੀ, ਜਿਨ੍ਹਾਂ ਨੇ ਕਿਰਪਾ ਕਰਕੇ ਭਾਈ ਬਿਧੀ ਚੰਦ ਜੀ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਮਿਲਾਪ ਕਰਾ ਦਿੱਤਾ ਸੀ।

## ਸਾਖੀ—ਭਾਈ ਅਦਲੀ ਜੀ ਤੇ ਬਿਧੀ ਚੰਦ ਜੀ

ਗੁਰੂ ਦੀ ਸਰਣਿ ਵਿਚ ਆਉਣ ਤੋਂ ਪਹਿਲਾਂ ਮਨੁੱਖ ਜਿਸ ਨੂੰ ਬਚਪਨ ਵਿਚ ਚੰਗੀ ਸੰਗਤ ਪ੍ਰਾਪਤ ਨਾ ਹੋਈ ਹੋਵੇ, ਉਹ ਮਾੜੀ ਸੰਗਤ ਕਰਕੇ ਭੈੜੇ ਕਰਮ ਕਰਨ ਲੱਗ ਪੈਂਦਾ ਹੈ। ਚੰਗੇ ਸੰਤਜਨਾਂ ਦੀ ਸੰਗਤ ਮਨੁੱਖ ਨੂੰ ਚੰਗੇ ਕਰਮ ਕਰਨ ਦੀ ਸਿੱਖਿਆ ਦੇ ਕੇ ਪੂਰਨ ਗੁਰੂ ਦਾ ਮਿਲਾਪ ਬਖ਼ਸ਼ ਦਿੰਦੀ ਹੈ।

ਮਾੜੀ ਸੰਗਤ ਵਿਚ ਮਨੁੱਖ ਮੰਦੇ ਕਰਮ ਸਿੱਖਦਾ ਹੈ। ਉਹ ਮਾੜੇ ਕਰਮ ਮਨੁੱਖ ਨੂੰ ਜੇਲ੍ਹਾਂ ਦੇ ਦੁੱਖ ਅਤੇ ਨਰਕ ਤੱਕ ਦੇ ਦੁੱਖ ਵਿਚ ਪਾ ਦਿੰਦੀ ਹੈ। ਪਰ ਪੂਰਬਲੇ ਕਿਸੇ ਚੰਗੇ ਕਰਮ ਦੇ ਪ੍ਰਗਟ ਹੋਣ ਤੋਂ ਜੇ ਮੰਦ ਕਰਮੀ ਮਨੁੱਖ ਨੂੰ ਵੀ ਕਿਸੇ ਪੂਰਨ ਸੰਤ ਦੀ ਸੰਗਤ ਮਿਲ ਜਾਵੇ ਤਾਂ ਸੰਤ ਜਨ ਕਿਰਪਾ ਕਰਕੇ ਮੰਦੇ ਕਰਮਾਂ ਦਾ ਤਿਆਗ ਕਰਾ ਕੇ ਪੂਰਨ ਗੁਰੂ ਦਾ ਮਿਲਾਪ ਕਰਾ ਦਿੰਦੇ ਹਨ। ਐਸੇ ਚੋਰੀ ਆਦਿ ਮਾੜੇ ਕਰਮ ਕਰਨ ਵਾਲੇ ਭਾਈ ਬਿਧੀ ਚੰਦ ਜੀ ਨੂੰ ਸੰਤ ਅਦਲੀ ਜੀ ਦੀ ਸੰਗਤ ਪ੍ਰਾਪਤ ਹੋਈ। ਬਿਧੀ ਚੰਦ ਨੇ ਮੱਝਾਂ ਚੋਰੀ ਕੀਤੀਆਂ

ਸਨ, ਮਾਲਕ ਮੱਝਾਂ ਦੇ ਆਪਣੇ ਪਿੱਛੇ ਆਉਂਦੇ ਦੇਖ ਕੇ ਮੱਝਾਂ ਛੱਪੜ ਵਿਚ ਵਾੜ ਕੇ ਆਪ ਆਪਣੀ ਰੱਖਿਆ ਲਈ ਸੰਤ ਅਦਲੀ ਦੀ ਸ਼ਰਣ ਵਿਚ ਪੈ ਕੇ ਬੇਨਤੀ ਕੀਤੀ ਸੀ ਕਿ ਮੈਨੂੰ ਅੱਜ ਬਚਾ ਲਉ, ਕਿਉਂਕਿ ਮੱਝਾਂ ਦੇ ਮਾਲਕ ਮੈਨੂੰ ਕੁਟ-ਕੁਟ ਕੇ ਮਾਰ ਦੇਣਗੇ। ਬਾਬਾ ਅਦਲੀ ਜੀ ਨੇ ਕਿਹਾ ਕਿ ਗੁਰੂ ਅਰਜਨ ਦੇਵ ਜੀ ਰੱਖਿਆ ਕਰਨ ਨੂੰ ਸਮਰੱਥ ਹਨ, ਪਰ ਪ੍ਰਣ ਕਰ, ਕਿ ਅੱਗੋਂ ਮਾੜਾ ਕਰਮ ਤੇ ਮਾੜੀ ਸੰਗਤ ਨਹੀਂ ਕਰਾਂਗਾ ਤਾਂ ਗੁਰੂ ਜੀ ਸਹਾਇਤਾ ਕਰਨਗੇ। ਬਿਧੀ ਚੰਦ ਨੇ ਪ੍ਰਣ ਕੀਤਾ ਤਾਂ ਇਸ ਦੀ ਗੁਰੂ ਨੇ ਰੱਖਿਆ ਕੀਤੀ ਸੀ। ਮੱਝਾਂ ਦੇ ਮਾਲਕ ਬਿਧੀ ਚੰਦ ਨੂੰ ਗੁਰਸਿੱਖਾਂ ਨਾਲ ਮਿਲ ਕੇ ਨਾਮ ਜਪਦੇ ਨੂੰ ਦੇਖ ਕੇ ਗੁਰਸਿੱਖ ਸੰਤ ਜਾਣ ਕਰ ਛੱਡ ਗਏ ਸਨ। ਫੇਰ ਬਿਧੀ ਚੰਦ ਬਾਬਾ ਅਦਲੀ ਜੀ ਦੀ ਪ੍ਰੇਰਨਾ ਨਾਲ ਗੁਰੂ ਅਰਜਨ ਦੇਵ ਜੀ ਦੇ ਪਾਸ ਆਇਆ। ਗੁਰੂ ਜੀ ਨੇ ਚੋਰੀ ਆਦਿ ਮਾੜੇ ਕਰਮ ਛੱਡਾ ਕੇ ਹਮੇਸ਼ਾਂ ਬਾਣੀ ਪੜ੍ਹਦਿਆਂ, ਪਰਉਪਕਾਰੀ ਜੀਵਨ ਬਤੀਤ ਕਰਨ ਵਾਸਤੇ ਕਿਹਾ। ਗੁਰ ਬਿਲਾਸ ਪਾਤਸ਼ਾਹੀ ਛੇਵੀਂ ਅਨੁਸਾਰ :

***ਚਲਤ ਪੰਥ ਗੁਰਬਾਣੀ ਗਾਵੈ।***

ਗੁਰੂ ਕਿਰਪਾ ਨਾਲ ਭਾਈ ਬਿਧੀ ਚੰਦ ਜੀ ਹਮੇਸ਼ਾ ਬਾਣੀ ਪੜ੍ਹਦੇ ਰਹਿੰਦੇ ਸਨ। ਆਪ ਜੀ ਬੜੀ ਉੱਚੀ ਕਰਨੀ ਵਾਲੇ ਹੋਇ ਹਨ। ਗੁਰੂ ਸਾਹਿਬ ਜੀ ਦੀਆਂ ਆਪ ਜੀ ਨੇ ਬਹੁਤ ਖ਼ੁਸ਼ੀਆਂ ਪ੍ਰਾਪਤ ਕੀਤੀਆਂ ਹਨ। ਸੋ ਜ਼ਿਕਰ ਆਉਂਦਾ ਹੈ ਇਤਿਹਾਸ ਅੰਦਰ ਕਿ ਇਕ ਵਾਰ ਕਸ਼ਮੀਰ ਦੀ ਸੰਗਤ ਸਤਿਗੁਰਾਂ ਦੇ ਦਰਸ਼ਨਾਂ ਨੂੰ ਆ ਰਹੀ ਸੀ, ਜਿਨ੍ਹਾਂ ਪਾਸ ਭੇਟਾ ਤੋਂ ਇਲਾਵਾ ਸੋਹਣੇ ਸੁੰਦਰ ਦੁਸ਼ਾਲੇ ਸਨ। ਸੰਗਤ ਜਿਸ ਵਕਤ ਪੱਟੀ ਦੇ ਨਜ਼ਦੀਕ ਆਈ ਤਾਂ ਰਸਤੇ ਵਿਚ ਕੁਝ ਬਾਰਸ਼ ਨਾਲ ਸਲਾਬ ਕਰਕੇ ਦੁਸ਼ਾਲੇ ਪੱਟੀ ਦੇ ਬਦਾਮੀ ਬਾਗ਼ ਵਿਚ ਸੁਕਣੇ ਪਾਏ। ਪੱਟੀ ਦੇ ਪਠਾਣ ਮਿਰਜ਼ਾ ਬੇਗ ਨੇ ਦੁਸ਼ਾਲੇ ਦੇਖ ਕੇ ਆਪਣੇ ਅਹਿਲਕਾਰਾਂ ਨੂੰ ਕਿਹਾ ਕਿ ਇਹ ਦੁਸ਼ਾਲੇ ਸਿੱਖਾਂ ਤੋਂ ਖੋਹ ਲਓ। ਦੁਸ਼ਾਲੇ ਖੋਹੇ ਜਾਣ ਤੋਂ ਬਾਅਦ ਸੰਗਤ ਦੇ ਮਨ 'ਚ ਬਹੁਤ ਉਦਾਸੀ ਆ ਗਈ। ਹਜ਼ੂਰ ਦੇ ਪਾਸ ਪਹੁੰਚ ਆਪੋ ਆਪਣੀ ਭੇਟਾ ਰੱਖ ਨਮਸਕਾਰ ਕੀਤੀ ਤੇ ਦੁਸ਼ਾਲੇ ਖੋਹੇ ਜਾਣ ਦੀ ਸਾਰੀ ਵਾਰਤਾ ਕਹਿ ਸੁਣਾਈ। ਸਤਿਗੁਰਾਂ ਨੇ ਸੰਗਤ ਦਾ ਬਚਨ ਸੁਣਦਿਆਂ ਬਾਬਾ ਬਿਧੀ ਚੰਦ ਜੀ ਨੂੰ ਦੁਸ਼ਾਲੇ ਲੈ ਆਉਣ ਦਾ ਹੁਕਮ ਦਿੱਤਾ। ਬਾਬਾ ਜੀ ਸਤਿਗੁਰਾਂ ਦੀ ਆਗਿਆ ਲੈ, ਨਮਸਕਾਰ ਕਰਕੇ ਪੱਟੀ ਨੂੰ ਰਵਾਨਾ ਹੋਏ। ਪੱਟੀ ਪਹੁੰਚ ਕੇ ਦੁਸ਼ਾਲੇ ਖ਼ਰੀਦਣ ਵਾਲੇ ਵਪਾਰੀ ਬਣ ਦੁਸ਼ਾਲਿਆਂ ਦਾ ਭੇਤ ਲਿਆ। ਫਿਰ ਦੁਸ਼ਾਲੇ ਲੈਣ ਲਈ ਇਕ ਬੇਗਮ ਦਾ ਰੂਪ ਬਣਾ ਕੇ ਪੱਟੀ ਦੇ ਸੂਬੇ ਮਿਰਜ਼ਾ ਬੇਗ ਦੇ ਮਹਿਲਾਂ 'ਚ ਪਹੁੰਚ ਕੇ ਬੇਗਮਾਂ ਨੂੰ ਚੁਬਾਰੇ ਵਿਚ ਬੰਦ ਕਰਕੇ ਆਪ ਦੁਸ਼ਾਲੇ ਕੱਢ ਲਏ। ਇਤਨੇ ਨੂੰ ਰੌਲਾ ਪੈ ਗਿਆ ਕਿ ਸਿੱਖ ਬੇਗਮ ਬਣ ਕੇ ਦੁਸ਼ਾਲੇ ਲੈ ਗਿਆ ਹੈ। ਪੱਟੀ ਦੇ ਹਾਕਮ ਨੇ ਸ਼ਹਿਰ ਦੇ ਦਰਵਾਜ਼ੇ ਬੰਦ ਕਰਵਾ ਕੇ ਘੇਰਾ ਚਾਰੋਂ ਤਰਫ਼ ਪਾਇਆ। ਭਾਈ ਜੀ ਨੇ ਆਪਣਾ ਬਚਾਅ ਕਰਨ ਲਈ ਇਕ ਭਠਿਆਰੇ ਤੋਂ ਠਹਿਰਨ ਵਾਸਤੇ ਜਗ੍ਹਾ ਮੰਗੀ। ਉਸ ਨੇ ਬੇਨਤੀ ਕੀਤੀ ਕਿ ਬਾਬਾ ਜੀ, ਤੁਸੀਂ ਗੁਰੂ ਦੇ ਸਿੱਖ ਹੋ ਤੇ ਮੇਰੇ ਪਾਸ ਕੇਵਲ ਭੱਠ ਵਾਲੀ ਜਗ੍ਹਾ ਹੈ। ਇਥੇ ਦਾਣੇ ਭੁੰਨ ਕੇ ਮੈਂ ਆਪਣਾ ਗੁਜ਼ਾਰਾ ਕਰਦਾ ਹਾਂ।

ਆਪ ਸਤਿਗੁਰਾਂ 'ਤੇ ਪੂਰਾ ਭੋਰਸਾ ਰੱਖ ਬਲਦੇ ਭੱਠ ਵਿਚ ਬੈਠ ਗਏ। ਸਤਿਗੁਰੂ ਜੀ ਨੇ ਉਸ ਵਕਤ ਭਾਈ ਕੀ ਡਰੋਲੀ ਆਪਣੇ ਸਰੀਰ 'ਤੇ ਜਲ ਦੀਆਂ ਗਾਗਰਾਂ ਪਵਾਈਆਂ ਅਤੇ ਆਪਣੇ ਸਿੱਖ ਭਾਈ ਬਿਧੀ

ਚੰਦ ਨੂੰ ਅੱਗ ਦਾ ਸੇਕ ਨਹੀਂ ਲੱਗਣ ਦਿੱਤਾ। ਬਿਧੀ ਚੰਦ ਨੇ ਦੁਸ਼ਾਲੇ ਗੁਰੂ ਜੀ ਦੇ ਹਾਜ਼ਰ ਕਰ ਮਹਾਨ ਪ੍ਰਸੰਨਤਾ ਪ੍ਰਾਪਤ ਕੀਤੀ। ਉਸ ਅਸਥਾਨ ਦਾ ਨਾਮ ਗੁਰਦੁਆਰਾ ਭੱਠਾ ਸਾਹਿਬ ਹੈ। ਇਸ ਦਾ ਪ੍ਰਬੰਧ ਬਾਬਾ ਦਇਆ ਸਿੰਘ ਜੀ ਸੁਰ ਸਿੰਘ ਵਾਲਿਆਂ ਪਾਸ ਹੈ, ਜੋ ਭਾਈ ਬਿਧੀ ਚੰਦ ਜੀ ਦੀ ਅੰਸ ਬੰਸ ਹਨ। ਗੁਰ ਬਿਲਾਸ ਪਾਤਸ਼ਾਹੀ ਛੇਵੀਂ ਅਨੁਸਾਰ, ਉਸ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸੈਂਚੀਆਂ ਲਿਖਤ ਰੂਪ ਵਿਚ ਬਹੁਤ ਘੱਟ ਮਿਲਦੀਆਂ ਸਨ। ਗੁਰਬਾਣੀ ਦੇ ਪ੍ਰਚਾਰ ਵਾਸਤੇ ਭਾਈ ਬਿਧੀ ਚੰਦ ਜੀ ਨੇ ਗੁਰੂ ਕੇ ਹੁਕਮ ਨਾਲ ਸੈਂਚੀਆਂ ਵੀ ਲਿਖੀਆਂ :

***ਤਤ ਛਿਨ ਕਾਗਦ ਲੀਏ ਮੰਗਾਇ। ਰਚ ਸੈਂਚੀਆਂ ਮਨ ਮਹਿ ਸੁਖਿ ਪਾਇ।***

(ਗੁਰਬਿਲਾਸ ਪਾਤਸ਼ਾਹੀ ਛੇਵੀਂ, ਪੰਨਾ ੬੭੬)

ਭਾਈ ਬਿਧੀ ਚੰਦ ਜੀ ਨੇ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਵੀ ਲਿਖਿਆ ਹੈ ਜੋ ਬਿਲਾਵਲ ਰਾਗ ਤੱਕ, ਭਗਤ ਸਧਨਾ ਜੀ ਦੀ ਬਾਣੀ ਤੱਕ ਹੀ ਲਿਖ ਸਕੇ ਸਨ, ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਜੇ ਲਿਖ ਜਾਂਦੇ ਤਾਂ ਬਹੁਤਾ ਚੰਗਾ ਹੁੰਦਾ। ਇਹ ਸਰੂਪ ਬਿਲਾਵਲ ਰਾਗ ਤੱਕ, ਬਾਬਾ ਜੀ ਦੀ ਅੰਸ ਬੰਸ, ਬਾਬਾ ਦਇਅ ਸਿੰਘ ਜੀ ਪਾਸ ਹੈ।

ਇਕ ਵਾਰ ਭਾਈ ਕਰੋੜੀ ਮੱਲ ਦੋ ਘੋੜੇ ਦਿਲਬਾਗ਼ ਤੇ ਗੁਲਬਾਗ਼, ਗੁਰੂ ਜੀ ਦੀ ਭੇਟਾ ਕਰਨ ਵਾਸਤੇ ਲੈ ਕੇ ਆ ਰਿਹਾ ਸੀ। ਰਸਤੇ ਵਿਚ ਲਾਹੌਰ ਦੇ ਨਵਾਬ ਅਨਾਇਤ ਉਲਾ ਖ਼ਾਂ ਦੇ ਕਹਿਣ 'ਤੇ ਫ਼ੌਜਦਾਰ ਲੱਲਾ ਬੇਗ ਨੇ ਖੋਹ ਲਏ ਸਨ। ਗੁਰੂ ਜੀ ਦੇ ਹੁਕਮ ਨਾਲ ਭਾਈ ਬਿਧੀ ਚੰਦ ਨੇ ਘਾਹੀ ਬਣ ਕੇ ਪਹਿਲਾ ਘੋੜਾ ਗੁਰੂ ਜੀ ਪਾਸ ਲਿਆਂਦਾ, ਤਾਂ ਹਜ਼ੂਰ ਨੇ ਪ੍ਰਸੰਨ ਹੋ ਕੇ ਕੁਝ ਮੰਗਣ ਵਾਸਤੇ ਕਿਹਾ ਤੇ ਭਾਈ ਬਿਧੀ ਚੰਦ ਜੀ ਨੇ ਚਾਰ ਚੀਜਾਂ ਮੰਗੀਆਂ ਸਨ। ਇਹ ਚੀਜ਼ਾਂ ਸਨ : ਸਤਿਗੁਰਾਂ ਦਾ ਅੰਗ, ਸਾਧ ਦਾ ਸੰਗ, ਨਾਮ ਦਾ ਰੰਗ, ਨਿਸਚਾ ਅਭੰਗ। ਫਿਰ ਦੂਸਰਾ ਘੋੜਾ ਨਜੂਮੀ ਬਣ ਕੇ ਲਿਆਏ ਸਨ ਤਾਂ ਗੁਰਦੇਵ ਨੇ ਪ੍ਰਸੰਨ ਹੋ ਕੇ ਘੁੱਟ ਕੇ ਛਾਤੀ ਨਾਲ ਲਾ ਕੇ ਵਰ ਦਿੱਤਾ ਸੀ : ਬਿਧੀ ਚੰਦ ਛੀਨਾ। ਗੁਰੂ ਕਾ ਸੀਨਾ। ਪਰੇਮ ਭਗਤ ਲੀਨਾ। ਇਸ ਕਰਕੇ ਭਾਈ ਸਾਹਿਬ ਜੀ ਮਹਾਨ ਸੂਰਬੀਰ ਬਚਨ ਦੇ ਬਲੀ ਸਨ।

ਭਾਈ ਗੁਰਦਾਸ ਜੀ ਨੇ ਆਪਣੇ ਕਬਿੱਤ ਸਵੱਯੇ ਅੰਦਰ ਗੁਰੂ ਦੀ ਗੁਰਮਤਿ ਗੁਰ ਸਿਖਿਆ ਦੀ ਮਹਿਮਾ ਕਥਨ ਕਰਦਿਆਂ ਦੱਸਿਆ ਹੈ ਕਿ ਗੁਰਮਤਿ ਗੁਰੂ ਦੀ ਸਿੱਖਿਆ ਸਤ ਕਰਕੇ ਧਾਰਣ ਕਰਨ ਵਾਲਾ ਅੱਧਮ ਅਸਾਧ ਮਨੁੱਖ ਸੱਚਾ ਸਾਧੂ ਤੇ ਸੰਤ ਬਣ ਜਾਂਦਾ ਹੈ। ਗੁਰਮਤਿ ਸਤ ਕਰਕੇ ਮੰਨਣ ਵਾਲਾ ਵਿਚਾਰ ਹੀਨ, ਉੱਤਮ ਬੁੱਧੀਵਾਨ ਤੇ ਉੱਤਮ ਵਿਚਾਰਵਾਨ ਬਣ ਜਾਂਦਾ ਹੈ। ਅਗਿਆਨੀ ਮਨੁੱਖ ਗੁਰਮਤਿ ਦਾ ਸਦਕਾ ਬ੍ਰਹਮ ਗਿਆਨੀ ਬਣ ਜਾਂਦਾ ਹੈ। ਗੁਰਮਤਿ ਧਾਰਨ ਕਰਨ ਵਾਲਾ ਜੀਵਨ ਮੁਕਤ ਪੁਰਖ ਹੋ ਜਾਂਦਾ ਹੈ ਅਤੇ ਅਚੱਲ ਘਰ ਦੀ ਪ੍ਰਾਪਤੀ ਕਰ ਲੈਂਦਾ ਹੈ।

***ਗੁਰਮਤਿ ਸਤਿ ਕਰਿ ਅਧਮ ਅਸਾਧ ਸਾਧ, ਗੁਰਮਤਿ ਸਤਿ ਕਰਿ ਜੰਤ ਸੰਤ ਨਾਮ ਹੈ।***
***ਗੁਰਮਤਿ ਸਤਿ ਕਰਿ ਅਬਿਬੇਕੀ ਹੁਇ ਬਿਬੇਕੀ, ਗੁਰਮਤਿ ਸਤਿ ਕਰਿ ਕਾਮ ਨਿਹਕਾਮ ਹੈ।***

***ਗੁਰਮਤਿ ਸਤਿ ਕਰਿ ਅਗਿਆਨੀ ਬ੍ਰਹਮ-ਗਿਆਨੀ, ਗੁਰਮਤਿ ਸਤਿ ਕਰਿ ਸਹਜ ਬਿਸ੍ਰਾਮ ਹੈ।***
***ਗੁਰਮਤਿ ਸਤਿ ਕਰਿ ਜੀਵਨ ਮੁਕਤਿ ਭਏ, ਗੁਰਮਤਿ ਸਤਿ ਕਰਿ ਨਿਹਚਲ ਧਾਮ ਹੈ॥੨੫॥***

(ਭਾਈ ਗੁਰਦਾਸ ਜੀ, ਕੱਬਿਤ ਸਵੱਯੇ)

ਐਸੇ ਗੁਰਮਤਿ ਦੇ ਧਾਰਣ ਵਾਲੇ ਸਾਧੂ ਗੁਰਸਿੱਖ, ਭਾਈ ਮਨਸੁਖ ਸ਼ਾਹੂਕਾਰ ਨੇ, ਕਿਰਪਾ ਕਰਕੇ ਸ਼ਿਵਨਾਭ ਰਾਜੇ ਨੂੰ ਸੰਗਲਾਦੀਪ ਅੰਦਰ ਗੁਰੂ ਨਾਨਕ ਦੇਵ ਜੀ ਦੇ ਮਿਲਾਪ ਦਾ ਉਪਦੇਸ਼ ਦਿੱਤਾ ਸੀ। ਸ਼ਿਵਨਾਭ ਨੇ ਵਰਤ ਰਖਾਇਆ ਸੀ। ਗੁਰੂ ਦੇ ਸਿੱਖ ਪੂਰਨ ਸਾਧੂ ਭਾਈ ਮਨਸੁੱਖ ਨੇ ਅੰਮ੍ਰਿਤ ਵੇਲੇ ਦੇਗ ਤਿਆਰ ਕਰਕੇ ਅਰਦਾਸ ਕੀਤੀ ਤੇ ਪ੍ਰਸਾਦਿ ਸਭ ਨੂੰ ਵਰਤਾਇਆ ਸੀ। ਸ਼ਿਵਨਾਭ ਨੇ ਮਨਸੁੱਖ 'ਤੇ ਵਰਤਾਂ ਦੇ ਉਲਟ ਪ੍ਰਸ਼ਾਦ ਵਰਤਾਉਣ ਦਾ ਦੋਸ਼ ਲਾ ਕੇ ਸਜ਼ਾ ਦੇਣ ਦਾ ਹੁਕਮ ਦਿੱਤਾ ਸੀ। ਪਰ ਅਸਲ ਸਾਧੂ ਸੁਭਾਅ ਦੇ ਧਾਰਣੀ ਮਨਸੁੱਖ ਸ਼ਾਹੂਕਾਰ ਨੇ ਕਿਰਪਾ ਕਰਕੇ ਸ਼ਿਵਨਾਭ ਰਾਜੇ ਨੂੰ ਗੁਰੂ ਨਾਨਕ ਦੇਵ ਜੀ ਦੇ ਮਿਲਾਪ ਦਾ ਪਾਂਧੀ ਬਣਾਇਆ। ਖ਼ਾਲਸੇ ਦੀ ਕਿਰਪਾ ਕਲਗੀਧਰ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਆਪਣੀ ਬਾਣੀ ਦਸਮ ਗ੍ਰੰਥ ਵਿਚ ਦਰਸਾਈ ਹੈ :

***ਜੁੱਧ ਜਿਤੇ ਇਨ ਹੀ ਕੇ ਪ੍ਰਸਾਦਿ, ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ॥***
***ਅਘ ਅਉਘ ਟਰੈ ਇਨਹੀ ਕੇ ਪ੍ਰਸਾਦਿ, ਇਨਹੀ ਕੀ ਕ੍ਰਿਪਾ ਫੁਨ ਧਾਮ ਭਰੇ॥***
***ਇਨਹੀ ਕੇ ਪ੍ਰਸਾਦਿ ਸੁ ਬਿਦਿਆ ਲਈ, ਇਨਹੀ ਕੀ ਕ੍ਰਿਪਾ ਸਭ ਸਤ੍ਰੁ ਮਰੇ॥***
***ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ, ਨਹੀ ਮੋ ਸੋ ਗਰੀਬ ਕਰੋਰ ਪਰੇ॥ ੨॥***

(ਦਸਮ ਗ੍ਰੰਥ, ਅੰਗ ੭੧੬)

ਖ਼ਾਲਸੇ ਦੀ ਕਿਰਪਾ 'ਤੇ ਸਮੇਂ ਅਨੁਸਾਰ ਵਿਸਥਾਰ ਕੀਤਾ ਜਾ ਸਕਦਾ ਹੈ ਕਿ ਜਿਸ ਸਮੇਂ ਅਹਿਮਦਸ਼ਾਹ ਅਬਦਾਲੀ ਹਿੰਦੁਸਤਾਨ ਦੀ ਪਤ ਲੁਟ ਕੇ ਨੌਜਵਾਨ ਲੜਕੀਆਂ ਸਮੇਤ ਕੀਮਤੀ ਖ਼ਜ਼ਾਨੇ ਲੈ ਕੇ ਜਾ ਰਿਹਾ ਸੀ, ਉਸ ਸਮੇਂ ਸੱਤ ਦਿਨਾਂ ਦੇ ਭੁਖਿਆਂ ਸਿੰਘਾਂ ਨੂੰ ਅੱਜ ਪ੍ਰਸ਼ਾਦਾ ਮਿਲਿਆ ਹੈ। ਸਿੰਘ ਪੰਗਤ ਲਾਕੇ ਪ੍ਰਸ਼ਾਦਾ ਛੱਕਣ ਦੀ ਤਿਆਰੀ ਵਿਚ ਸਨ ਕਿ ਠੀਕ ਉਸੇ ਸਮੇਂ ਸਿੰਘਾਂ ਨੂੰ ਖ਼ਬਰ ਮਿਲੀ ਕਿ ੨੨੦੦ ਨੌਜਵਾਨ ਲੜਕੀਆਂ ਨੂੰ ਅਬਦਾਲੀ ਜ਼ਬਰਦਸਤੀ ਲੈ ਕੇ ਜਾ ਰਿਹਾ ਹੈ। ਸਿੰਘਾਂ ਨੇ ਪ੍ਰਸ਼ਾਦਾ ਥਾਂ ਤੇ ਹੀ ਰੱਖ ਕੇ ਦੁਸ਼ਮਣਾਂ 'ਤੇ ਹਮਲਾ ਕਰ ਦਿੱਤਾ। ਕਿਹਾ ਜੇ ਜਿਉਂਦੇ ਆ ਗਏ ਤਾਂ ਪ੍ਰਸ਼ਾਦਾ ਛੱਕ ਲਵਾਂਗੇ। ਉਸ ਸਮੇਂ ਖ਼ਾਲਸੇ ਨੇ ਕਿਰਪਾ ਕਰਕੇ ੨੨੦੦ ਨੌਜਵਾਨ ਲੜਕੀਆਂ ਦੁਸ਼ਮਣਾਂ ਤੋਂ ਛੁਡਾ ਕੇ ਘਰੋ ਘਰੀਂ ਪਹੁੰਚਾ ਦਿੱਤੀਆਂ ਸਨ। ਇਹ ਹੈ ਖ਼ਾਲਸੇ ਦੀ ਕਿਰਪਾ।

ਸੋਰਠਿ ਮਹਲਾ ੫ ॥ ਗੁਰਿ ਪੂਰੈ ਕਿਰਪਾ ਧਾਰੀ ॥ ਪ੍ਰਭਿ ਪੂਰੀ ਲੋਚ ਹਮਾਰੀ ॥ ਕਰਿ ਇਸਨਾਨੁ ਗ੍ਰਿਹਿ ਆਏ ॥ ਅਨਦ ਮੰਗਲ ਸੁਖ ਪਾਏ ॥ ੧ ॥ ਸੰਤਹੁ ਰਾਮ ਨਾਮਿ ਨਿਸਤਰੀਐ ॥ ਊਠਤ ਬੈਠਤ ਹਰਿ ਹਰਿ ਧਿਆਈਐ ਅਨਦਿਨੁ ਸੁਕ੍ਰਿਤੁ ਕਰੀਐ ॥ ੧ ॥ ਰਹਾਉ ॥ ਸੰਤ ਕਾ ਮਾਰਗੁ ਧਰਮ ਕੀ

**ਪਉੜੀ ਕੋ ਵਡਭਾਗੀ ਪਾਏ ॥ ਕੋਟਿ ਜਨਮ ਕੇ ਕਿਲਬਿਖ ਨਾਸੇ ਹਰਿ ਚਰਣੀ ਚਿਤੁ ਲਾਏ॥੨॥ਉਸਤਤਿ ਕਰਹੁ ਸਦਾ ਪ੍ਰਭ ਅਪਨੇ ਜਿਨਿ ਪੂਰੀ ਕਲ ਰਾਖੀ॥ ਜੀਅ ਜੰਤ ਸਭਿ ਭਏ ਪਵਿਤ੍ਰਾ ਸਤਿਗੁਰ ਕੀ ਸਚੁ ਸਾਖੀ॥ ੩॥ਬਿਘਨ ਬਿਨਾਸਨ ਸਭਿ ਦੁਖ ਨਾਸਨ ਸਤਿਗੁਰਿ ਨਾਮੁ ਦ੍ਰਿੜਾਇਆ ॥ਖੋਏ ਪਾਪ ਭਏ ਸਭਿ ਪਾਵਨ ਜਨ ਨਾਨਕ ਸੁਖਿ ਘਰਿ ਆਇਆ॥੪ ॥੩॥੫੩॥**

(ਅੰਗ ੬੨੧-੨੨)

## ਪਦ ਅਰਥ :

ਲੋਚ-ਇੱਛਾ, ਮੁਰਾਦ। ਗ੍ਰਿਹਿ-ਘਰ ਵਿਚ। ਨਿਸਤਰੀਐ-ਤਰਿਆ ਜਾਂਦਾ ਹੈ। ਸੁਕ੍ਰਿਤੁ ਕਰੀਐ-ਚੰਗਾ, ਸ਼ੁਭ (ਨੇਕ) ਕਰਮ ਕਰਨਾ ਚਾਹੀਦਾ ਹੈ। ਧਰਮ ਕੀ ਪਉੜੀ-ਧਰਮ ਦੀ ਸਿੱਖਿਆ, ਧਰਮ ਦੀ ਜੀਵਨ-ਜੁਗਤੀ, ਉਪਦੇਸ਼ ਰੂਪੀ ਪਉੜੀ। ਕੋ-ਕੋਈ। ਵਡਭਾਗੀ-ਵੱਡੇ ਭਾਗਾਂ ਵਾਲਾ। ਕਿਲਬਿਖ-ਪਾਪ। ਕਲ-ਕਲਾ, ਸ਼ਕਤੀ, ਸਤਾ। ਸਾਖੀ-ਸਿੱਖਿਆ।

## ਅਰਥ :

(ਹੇ ਭਾਈ) ! ਪੂਰਨ ਗੁਰੂ ਨੇ (ਮੇਰੇ ਉੱਤੇ) ਕਿਰਪਾ-ਦ੍ਰਿਸ਼ਟੀ ਕੀਤੀ ਹੈ। (ਇਸ ਕਰਕੇ) ਅਕਾਲ ਪੁਰਖ ਨੇ ਮੇਰੇ (ਦਿਲ ਦੀ) ਇੱਛਾ ਪੂਰੀ ਕਰ ਦਿੱਤੀ ਹੈ, (ਕਿਉਂਕਿ ਪ੍ਰਭੂ ਸਾਰੀਆਂ ਇੱਛਾ ਪੂਰੀਆਂ ਕਰਨ ਨੂੰ ਸਮੱਰਥ ਹੈ)। ਨਾਮ ਜਲ ਵਿਚ ਇਸ਼ਨਾਨ ਕਰਕੇ ਸਰੂਪ ਘਰ ਵਿਚ ਆਏ ਹਾਂ, (ਅਥਵਾ ਅੰਮ੍ਰਿਤਸਰ ਸਰੋਵਰ ਵਿਚ ਇਸ਼ਨਾਨ ਕਰਕੇ, ਆਪਣੇ ਘਰ ਗੁਰੂ ਕੇ ਮਹਿਲਾਂ ਵਿਚ ਆਏ ਹਾਂ)। (ਇਸ ਤਰ੍ਹਾਂ ਅਸੀਂ ਪ੍ਰਭੂ ਦੇ ਬਖ਼ਸ਼ੇ ਹੋਇ) ਅਨੰਦ, ਮੰਗਲ (ਖ਼ੁਸ਼ੀਆਂ ਅਤੇ) ਸੁੱਖ ਪਾਏ ਹਨ।੧। ਹੇ ਸੰਤਹੁ ! (ਰਮੇ ਹੋਇ) ਰਾਮ ਦਾ ਨਾਮ ਜਪ ਕੇ ਹੀ (ਸੰਸਾਰ ਸਗਾਰ ਤੋਂ) ਤਰਿਆ ਜਾਂਦਾ ਹੈ। (ਇਸ ਲਈ) ਉਠਦਿਆਂ ਬਹਿੰਦਿਆਂ ਹਰਿ ਹਰਿ (ਨਾਮ) ਨੂੰ ਧਿਆਈਏ, ਅਤੇ ਰਾਤ ਦਿਨ (ਸ੍ਰੇਸ਼ਟ ਕਿਰਤ) ਪੁੰਨ ਕਰਮਾਂ ਨੂੰ ਕਰੀਏ। ੧। ਰਹਾਉ। (ਹੇ ਭਾਈ !) ਸੰਤਾਂ ਦੇ (ਉਪਦੇਸ਼ ਰਾਹੀਂ) ਦਰਸਾਇਆ ਰਸਤਾ ("ਊਚ ਅਪਾਰ" ਪ੍ਰਭੂ ਨੂੰ ਮਿਲਣ ਲਈ) ਧਰਮ ਦੀ ਪਉੜੀ ਹੈ, (ਜਿਸ ਰਾਹੀਂ ਪ੍ਰਭੂ ਤੱਕ ਮਨੁੱਖ ਪਹੁੰਚ ਸਕਦਾ) ਹੈ, ਪਰ ਕੋਈ ਵਡਿਭਾਗੀ ਪੁਰਸ਼ ਹੀ ਇਸ ਨੂੰ ਪਾਉਂਦਾ ਹੈ। (ਧਰਮ ਧਾਰਨ ਕਰਕੇ) ਜਿਸ ਨੇ ਹਰੀ ਚਰਨਾਂ ਵਿਚ ਆਪਣਾ ਚਿਤ ਲਾਇਆ ਹੈ, ਉਸ ਦੇ ਕ੍ਰੋੜਾਂ ਜਨਮਾਂ ਦੇ ਪਾਪ ਨਾਸ਼ ਹੋ ਜਾਂਦੇ ਹਨ। ੨।

(ਹੇ ਭਾਈ !) ਆਪਣੇ (ਉਸ) ਪ੍ਰਭੂ ਦੀ ਸਦਾ ਵਡਿਆਈ ਕਰੋ, ਜਿਸ ਨੇ ਸੰਸਾਰ ਵਿਚ ਆਪਣੀ ਪੂਰੀ (ਸਤਾ) ਸ਼ਕਤੀ ਰਖੀ ਹੋਈ ਹੈ। ਸਤਿਗੁਰੂ ਦੀ ਸੱਚੀ ਸਿੱਖਿਆ (ਸੁਣ ਕੇ) ਸਾਰੇ ਜੀਵ ਜੰਤੂ ਪਵਿੱਤਰ ਹੋ ਗਏ ਹਨ। ੩।

(ਹੇ ਭਾਈ) ! ਸਤਿਗੁਰੂ ਨੇ (ਸਾਨੂੰ ਹਰੀ ਦਾ) ਨਾਮ ਦ੍ਰਿੜ੍ਹ (ਪੱਕਾ) ਕਰਾ ਦਿੱਤਾ ਹੈ, ਜੋ ਸਾਰੇ ਵਿਘਨਾਂ ਨੂੰ ਨਾਸ਼ ਕਰਨ ਵਾਲਾ ਅਤੇ ਸਾਰੇ ਦੁੱਖਾਂ ਨੂੰ ਖ਼ਤਮ ਕਰਨ ਵਾਲਾ ਹੈ। (ਇਸ ਨਾਮ ਦੀ ਬਰਕਤ ਨਾਲ) ਸਾਰੇ ਪਾਪ ਨਾਸ਼ ਹੋ ਗਏ, ਅਤੇ ਸਾਰੇ ਜੀਵ ਪਵਿੱਤਰ ਹੋ ਗਏ ਹਨ। ਨਾਨਕ (ਗੁਰੂ ਜੀ ਕਥਨ ਕਰਦੇ ਹਨ ਕਿ) ਮੈਂ ਜਨ ਸੁੱਖ ਨਾਲ ਨਿਜ-ਘਰ ਵਿਚ ਆ ਗਿਆ ਹਾਂ। ੪। ੩। ੫੩।

## ਵਿਆਖਿਆ ਤੇ ਸਾਰੰਸ਼ :

ਪ੍ਰਭੂ ਸਰੂਪ ਗੁਰੂ ਦੀ ਕਿਰਪਾ ਨਾਲ ਹੀ ਸਾਰੀਆਂ ਮਨੁੱਖ ਦੀਆਂ ਇੱਛਾਵਾਂ ਪੂਰੀਆਂ ਹੁੰਦੀਆਂ ਦੱਸੀਆਂ ਹਨ। ਗੁਰੂ ਕਿਰਪਾ ਕਰਕੇ ਮਨੁੱਖਾਂ ਨੂੰ ਨਾਮ ਦ੍ਰਿੜ੍ਹ ਕਰਾ ਦਿੰਦੇ ਹਨ, ਜਿਸ ਨਾਮ ਦਾ ਸਦਕਾ ਵਿਘਨ ਨਾਸ਼ ਹੋ ਜਾਂਦੇ ਹਨ ਤੇ ਸਾਰੀਆਂ ਇੱਛਾਵਾਂ ਪੂਰਨ ਹੋ ਜਾਂਦੀਆਂ ਹਨ।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੫੯ (ਅੰਗ ੬੨੩)

ਸੋਰਠਿ ਮਹਲਾ ੫ ॥ ਗੁਰਿ ਪੂਰੈ ਚਰਨੀ ਲਾਇਆ ॥ ਹਰਿ ਸੰਗਿ ਸਹਾਈ ਪਾਇਆ ॥ ਜਹ ਜਾਈਐ ਤਹਾ ਸੁਹੇਲੇ ॥ ਕਰਿ ਕਿਰਪਾ ਪ੍ਰਭਿ ਮੇਲੇ ॥ ੧ ॥ ਹਰਿ ਗੁਣ ਗਾਵਹੁ ਸਦਾ ਸੁਭਾਈ ॥ ਮਨ ਚਿੰਦੇ ਸਗਲੇ ਫਲ ਪਾਵਹੁ ਜੀਅ ਕੈ ਸੰਗਿ ਸਹਾਈ ॥ ੧ ॥ ਰਹਾਉ ॥ ਨਾਰਾਇਣ ਪ੍ਰਾਣ ਅਧਾਰਾ ॥ ਹਮ ਸੰਤ ਜਨਾਂ ਰੇਨਾਰਾ ॥ ਪਤਿਤ ਪੁਨੀਤ ਕਰਿ ਲੀਨੇ ॥ ਕਰਿ ਕਿਰਪਾ ਹਰਿ ਜਸੁ ਦੀਨੇ ॥ ੨ ॥ ਪਾਰਬ੍ਰਹਮੁ ਕਰੇ ਪ੍ਰਤਿਪਾਲਾ ॥ ਸਦ ਜੀਅ ਸੰਗਿ ਰਖਵਾਲਾ ॥ ਹਰਿ ਦਿਨੁ ਰੈਨਿ ਕੀਰਤਨੁ ਗਾਈਐ ॥ ਬਹੁੜਿ ਨ ਜੋਨੀ ਪਾਈਐ ॥ ੩ ॥ ਜਿਸੁ ਦੇਵੈ ਪੁਰਖੁ ਬਿਧਾਤਾ ॥ ਹਰਿ ਰਸੁ ਤਿਨ ਹੀ ਜਾਤਾ ॥ ਜਮਕੰਕਰੁ ਨੇੜਿ ਨ ਆਇਆ ॥ ਸੁਖੁ ਨਾਨਕ ਸਰਣੀ ਪਾਇਆ ॥ ੪ ॥ ੯ ॥ ੫੯ ॥

# ਪ੍ਰਾਕ੍ਰਥਨ :-

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸੋਰਠਿ ਰਾਗੁ ਅੰਦਰ ਉਚਾਰਨ ਕੀਤਾ ਹੋਇਆ ਇਹ ਪਵਿੱਤਰ ਸ੍ਰੀ ਮੁਖਵਾਕ ਆਪ ਗੁਰ ਸੰਗਤ ਨੇ ਸ੍ਰਵਨ ਕੀਤਾ ਹੈ। ਇਸ ਸ਼ਬਦ ਦੇ ਆਰੰਭ ਵਿਚ ਗੁਰਦੇਵ ਨੇ ਪੂਰੇ ਗੁਰੂ ਦੇ ਚਰਨਾਂ ਦੀ ਗੱਲ ਕੀਤੀ ਹੈ। ਪੂਰੇ ਗੁਰੂ ਦੇ ਸੰਬੰਧ ਵਿਚ 'ਗੁਰੁ ਪੂਰਾ ਭੇਟਿਓ ਵਡਭਾਗੀ ਮਨਹਿ ਭਇਆ ਪਰਗਾਸਾ॥' ਅਤੇ "ਗੁਰ ਪੂਰੈ ਕਿਰਪਾ ਧਾਰੀ॥" ਇਨ੍ਹਾਂ ਹੁਕਮਨਾਮਿਆਂ ਦੇ ਆਰੰਭ ਵਿਚ ਵਿਸਥਾਰ ਕੀਤਾ ਗਿਆ ਹੈ, ਉਥੇ ਵਿਸਥਾਰ ਸਹਿਤ ਪੂਰੇ ਗੁਰੂ ਬਾਰੇ ਪੜ੍ਹ ਲੈਣਾ। ਹੁਣ ਪੂਰੇ ਗੁਰੂ ਦੇ ਚਰਨਾਂ ਬਾਰੇ ਵਿਚਾਰ ਕਰਨੀ ਹੈ।

## ਵਿਸ਼ਾ—ਪੂਰਨ ਗੁਰੂ ਦੇ ਚਰਨ ਕਮਲ ਕੈਸੇ ਹਨ :

ਗੁਰਮਤਿ ਦੇ ਪਾਂਧੀ, ਗੁਰਇਤਿਹਾਸ ਦੇ ਲੇਖਕ ਸਾਰੇ ਸਿਆਣੇ ਕਵੀ ਜਨਾਂ ਨੇ ਜਿਥੇ ਕਿਤੇ ਪੂਰਨ ਗੁਰੂ ਦੇ ਚਰਨਾਂ ਦਾ ਜ਼ਿਕਰ ਕੀਤਾ ਹੈ, ਉਥੇ ਸਤਿਕਾਰ ਸਹਿਤ ਚਰਨ ਕਮਲ ਸ਼ਬਦ ਹਰਿ ਥਾਂ ਵਰਤਿਆ ਹੈ। ਕਿਉਂਕਿ ਕੰਵਲ ਫੁੱਲ ਕੋਮਲ, ਸੁੰਦਰ ਤੇ ਸੁਗੰਧੀ ਸਹਿਤ ਜਲ ਤੋਂ ਨਿਰਲੇਪ ਖਿੜਿਆ ਹੋਇਆ ਮਨੁੱਖੀ ਮਨਾਂ ਨੂੰ ਮੋਹਿਤ ਕਰਦਾ ਹੈ। ਸਤਿਗੁਰੂ ਸਾਹਿਬ ਜੀ ਦੇ ਚਰਨ ਕਮਲਾਂ ਦੀ ਸਿਫ਼ਤ ਭਾਈ ਗੁਰਦਾਸ ਜੀ ਨੇ ਇਸ ਤਰ੍ਹਾਂ ਕੀਤੀ ਹੈ ਕਿ ਗੁਰੂ ਸਾਹਿਬ ਜੀ ਦੇ ਚਰਨ ਕਮਲਾਂ ਦੀ ਮਹਿਮਾ ਸਮਝ-ਸੋਝੀ ਤੋਂ ਪਰੇ ਹੈ, ਬਹੁਤ ਹੀ ਅਸਚਰਜ ਰੂਪ ਹੈ। ਉਨ੍ਹਾਂ (ਗੁਰੂ ਸਾਹਿਬ ਜੀ ਦੇ ਚਰਨਾਂ ਕਮਲਾਂ ਨੂੰ) ਮੇਰੀ ਬਾਰ ਬਾਰ ਨਮਸਕਾਰ ਹੈ। (ਸਮੁੱਚੀ ਦੁਨੀਆਂ ਭਰ ਦੀ ਕੋਮਲਤਾ ਤੋਂ ਵੀ ਉਹ ਕੋਮਲ ਹਨ, ਫੇਰ ਸ਼ੀਤਲਤਾ ਕਰਕੇ ਅਤੀ ਸ਼ੀਤਲ ਹਨ। ਉਨ੍ਹਾਂ ਦੀ ਸੁਗੰਧੀ ਦੇ ਤੁਲ ਕੋਈ ਹੋਰ ਸੁਗੰਧੀ ਨਹੀਂ ਹੈ। (ਜਿਸ ਗੁਰੂ ਕੇ ਅਨਿੰਨ ਸੇਵਕ) ਨੇ ਸਤਿਗੁਰੂ ਦੇ ਚਰਨ ਕਮਲਾਂ ਦੇ ਸਿੰਘਾਸਨ 'ਤੇ ਆਸਨ ਜਮਾ ਕੇ, ਨਿਜ ਸਰੂਪ ਵਿਚ ਟਿਕ ਕੇ ਸਹਜ ਸਮਾਧੀ ਲਾਈ ਹੈ, (ਭਾਵ, ਜਿਸ ਸਨਮੁਖ ਗੁਰਸਿੱਖ ਨੇ ਸਤਿਗੁਰੂ ਦੇ ਚਰਨ ਕਮਲਾਂ ਦੇ ਧਿਆਨ ਵਿਚ ਜੁੜ ਕੇ ਨਾਮ-ਸਿਮਰਨ ਦੀ ਅਖੰਡਾਦਾਰ ਘਾਲ ਕਮਾਈ ਕੀਤੀ ਹੈ) ਉਸ ਗੁਰਸਿੱਖ ਦੇ ਨਾਮ ਅੰਮ੍ਰਿਤ ਰਸ ਭੁੰਚਣ ਦਾ ਸਵਾਦ ਅਲੌਕਿਕ ਹੈ, (ਜਿਸ ਦਾ ਕਥਨ) ਪਹੁੰਚ ਤੋਂ ਪਰੇ ਹੈ। ਸੁੰਦਰਤਾ ਕਰਕੇ (ਸਤਿਗੁਰੂ ਦੇ ਚਰਨ ਕਮਲਾਂ ਦੀ) ਸੁੰਦਰਤਾ ਬੇਮਿਸਾਲ ਹੈ, ਉਸ ਨੂੰ ਬਿਆਨ ਕਰਨ ਵਾਸਤੇ ਮਨ ਕਾਮਨਾ ਥੱਕ ਜਾਂਦੀ ਹੈ, ਚਰਨ ਕਮਲਾਂ ਦੀ ਵਡਿਆਈ ਦੀ ਕਥਾ ਕਹੀ ਨਹੀਂ ਜਾ ਸਕਦੀ, ਇਹ ਕੌਤਕ ਹੈਰਾਨ ਤੋਂ ਹੈਰਾਨ ਕਰ ਦੇਣ ਵਾਲਾ ਹੈ।

***ਚਰਨ ਕਮਲ ਕੋ ਮਹਾਤਮ ਅਗਾਧਿ ਬੋਧਿ, ਅਤਿ ਅਸਚਰਜ-ਮੈ ਨਮੋ ਨਮੋ ਨਮ ਹੈ॥***
***ਕੋਮਲ ਕੋਮਲਤਾ ਅਉ ਸੀਤਲ ਸੀਤਲਤਾ ਕੈ, ਬਾਸਨਾ ਸੁਬਾਸੁ ਤਾਸੁ ਦੁਤੀਆ ਨ ਸਮ ਹੈ॥***
***ਸਹਜ ਸਮਾਧਿ ਨਿਜ ਆਸਨ ਸਿੰਘਾਸਨ, ਸ੍ਵਾਦ ਬਿਸਮਾਦ ਰਸ ਗੰਮਿਤਾ ਅਗਮ ਹੈ॥***
***ਰੂਪ ਕੈ ਅਨੂਪ ਰੂਪ ਮਨ ਮਨਸਾ ਥਕਤ, ਅਕਥ ਕਥਾ ਬਿਨੋਦ ਬਿਸਮੈ ਬਿਸਮ ਹੈ॥੮੦॥***

(ਭਾਈ ਗੁਰਦਾਸ ਜੀ, ਕਬਿੱਤ ਸਵੱਯੇ)

ਐਸੇ ਗੁਰੂ ਦੇ ਚਰਨ ਕਮਲ ਕੋਮਲ ਤੋਂ ਕੋਮਲ, ਸੀਤਲ ਤੋਂ ਸੀਤਲ ਤੇ ਬਿਸਮਾਦ ਰੱਸ ਨੂੰ ਭੁੰਚਦਾ ਹੋਇਆ ਸਹਜ ਸਮਾਧਿ ਦੇ ਸਿੰਘਾਸਨ 'ਤੇ ਆਸਨ ਲਾਈ ਬੈਠੇ ਭਾਈ ਗੋਂਦਾ ਜੀ ਦਾ ਇਤਿਹਾਸ ਅੰਦਰ ਜ਼ਿਕਰ ਆਉਂਦਾ ਹੈ। ਜਿੰਨਾ ਚਿਰ ਸਹਜ ਸਮਾਧਿ ਵਿਚ ਭਾਈ ਗੋਂਦਾ ਜੀ ਬੈਠਾ ਰਿਹਾ, ਓਨਾ ਚਿਰ ਸੱਤਮ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਜੀ ਲੰਗਰ ਛੱਕਣ ਨਹੀਂ ਗਏ ਸਨ।

## ਸਾਖੀ—ਭਾਈ ਗੋਂਦਾ

ਸਤਿਗੁਰੂ ਸ੍ਰੀ ਹਰਿਰਾਇ ਸਾਹਿਬ ਜੀ ਮਹਾਰਾਜ ਨੇ ਭਾਈ ਗੋਂਦੇ ਨੂੰ ਕਾਬਲ ਵਿਚ ਸਿੱਖੀ ਦਾ ਪ੍ਰਚਾਰ ਕਰਨ ਵਾਸਤੇ ਭੇਜਿਆ ਸੀ। ਉਸ ਨੇ ਉਥੇ ਰਹਿ ਕੇ ਸਿੱਖੀ ਦਾ ਪ੍ਰਚਾਰ ਭੀ ਬਹੁਤ ਕੀਤਾ। ਉਸ ਦਾ ਹਰ ਰੋਜ਼ ਦਾ ਨਿਯਮ ਸੀ, ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਗੁਰੂ ਸਰੂਪ ਦੇ ਧਿਆਨ 'ਚ ਮਗਨ ਹੋਣਾ। ਇਕ ਦਿਨ ਇਸ ਨੇ ਅੰਮ੍ਰਿਤ ਵੇਲੇ ਨਿਯਮ ਅਨੁਸਾਰ ਗੁਰੂ ਸਰੂਪ ਵਿਚ ਧਿਆਨ ਧਰਿਆ ਅਤੇ ਧਿਆਨ ਰਾਹੀਂ ਮਨ ਰੂਪ ਹੱਥਾਂ ਨਾਲ ਇਸ ਨੇ ਗੁਰੂ ਸਾਹਿਬ ਜੀ ਦੇ ਚਰਨ ਪਕੜ ਲਏ ਸਨ। ਚਾਰ ਪਹਿਰ ਇਸ ਤਰ੍ਹਾਂ ਸਤਿਗੁਰੂ ਜੀ ਦੇ ਧਿਆਨ 'ਚ ਮਗਨ ਸਮਾਧੀ ਵਿਚ ਬੈਠਾ ਰਿਹਾ। ਉਧਰ ਕੀਰਤਪੁਰ ਸਾਹਿਬ ਸਤਿਗੁਰੂ ਜੀ ਵੀ ਚਾਰ ਪਹਿਰ ਉਠੇ ਨਹੀਂ। ਪ੍ਰਸ਼ਾਦਾ ਤਿਆਰ ਹੋਣ ਤੇ ਲਾਂਗਰੀਆਂ ਦੇ ਬਾਰ-ਬਾਰ ਬੇਨਤੀ ਕਰਨ ਤੋਂ ਸਤਿਗੁਰੂ ਜੀ ਨੇ ਦੱਸਿਆ ਸੀ ਕਿ ਭਾਈ ! ਕਾਬਲ ਵਿਚ ਇਕ ਸਿੱਖ ਭਾਈ ਗੋਂਦਾ ਜੀ ਨੇ ਧਿਆਨ ਰਾਹੀਂ ਸਾਡੇ ਚਰਨ ਪਕੜ ਰੱਖੇ ਹਨ। ਜੇ ਅਸੀਂ ਉਠਦੇ ਹਾਂ ਤੇ ਉਸ ਤੋਂ ਚਰਨ ਛੁਡਾਉਂਦੇ ਹਾਂ ਤਾਂ ਉਸ ਦੀ ਸਮਾਧੀ ਖੁਲ੍ਹਦੀ ਹੈ ਅਤੇ ਉਸ ਨੂੰ ਖੇਦ ਪੁੱਜਦਾ ਹੈ।

***ਕਾਬਲ ਮਹਿ ਗੌਂਦਾ ਸਿਖ ਰਹੇ। ਧਰੇ ਧਯਾਨ ਦੋਨੌਂ ਪਦ ਗਹੇ।***
***ਕਿਸ ਬਿਧ ਤਿਸ ਤੇ ਚਰਨ ਛੁਡਾਵੌਂ। ਬਿਨਾ ਛੁਟੇ ਕਿਮ ਲੰਗਰ ਜਾਵੌਂ॥੨੬॥***
***ਰਹਯੋ ਉਡੀਕਤ ਛੌਰਹਿ ਮੋਹੀ। ਦ੍ਰਿਢ ਗਹਿ ਰਾਖਯੋ ਤਯਾਗ ਨ ਹੋਹੀ॥***
***ਜਬ ਸੰਧਿਆ ਹੋਈ ਦਿਨ ਗਯੋ। ਤਬਿ ਗੌਂਦਾ ਊਠਤ ਤਹਿ ਭਯੋ॥੨੭॥***

(ਗੁਰਪ੍ਰਤਾਪ ਸੂਰਜ ਗ੍ਰੰਥ)

ਜਿਸ ਵੇਲੇ ਭਾਈ ਗੋਂਦਾ ਜੀ ਸਮਾਧੀ 'ਚੋਂ ਉਠਿਆ ਤਾਂ ਸਤਿਗੁਰੂ ਸਾਹਿਬ ਜੀ ਨੇ ਉਠ ਕੇ ਲੰਗਰ ਛੱਕਿਆ ਸੀ। ਗੁਰਸਿੱਖਾਂ ਦੇ ਪੁੱਛਣ ਤੋਂ ਸਤਿਗੁਰੂ ਜੀ ਨੇ ਦੱਸਿਆ ਸੀ ਕਿ ਅਸੀਂ ਤਾਂ ਨਹੀਂ ਉਠੇ, ਕਿਉਂਕਿ ਭਾਈ ਗੋਂਦੇ ਨੇ ਧਿਆਨ ਰਾਹੀਂ ਸਾਡੇ ਚਰਨ ਫੜ ਰਖੇ ਸਨ।

ਐਸੇ ਗੁਰੂ ਕੇ ਚਰਨ ਕਮਲਾਂ ਦੇ ਸੁਆਦ ਬਿਸਮਾਦ ਰਸ ਭੁੰਚਨ ਵਾਲੇ ਗੁਰਸਿੱਖ ਦੀ (ਅਵੱਸਥਾ) ਪਤੰਗੇ ਦੀ ਦੀਪਕ ਨਾਲ ਪ੍ਰੀਤੀ, ਹਰਨ ਦੀ ਘੰਡੇ ਹੇੜੇ ਦੇ ਸ਼ਬਦ ਸੁਣਨ ਨਾਲ, ਤੇ ਭੌਰੇ ਦੇ ਫੁੱਲ ਦੀ ਸੁਗੰਧੀ ਵਿਚ ਲੀਨ ਹੋਣ ਵਾਂਗ, ਗੁਰਸਿੱਖ ਦਾ ਮਨ ਰੂਪ ਭੌਰਾ ਗੁਰਦੇਵ ਦੇ ਚਰਨ ਕਮਲਾਂ ਦੇ ਪ੍ਰੇਮ ਰਸ ਤੇ ਆਤਮ ਰਸ ਦੇ ਸੁੱਖ ਰੂਪੀ ਡੱਬੇ ਵਿਚ ਸਮਾਅ ਜਾਂਦਾ ਹੈ।

*੨. ਲੋਚਨ ਪੰਤਗ ਦੀਪ ਦਰਸ ਦੇਖਨ ਗਏ, ਜੋਤੀ ਜੋਤਿ ਮਿਲਿ ਪੁਨਿ ਊਤਰ ਨ ਆਨੇ ਹੈ॥*
*ਨਾਦ ਬਾਦ ਸੁਨਬੇ ਕਉ ਸ੍ਰਵਨ ਹਰਨ ਗਏ, ਸੁਨਿ ਧੁਨਿ ਥਕਤ ਭਏ ਨ ਬਹੁਰਾਨੇ ਹੈ॥*
*ਚਰਨ ਕਮਲ ਮਕਰੰਦ ਰਸਿ ਰਸਿਕ ਹੁਇ, ਮਨ ਮਧੁਕਰ ਸੁਖ ਸੰਪਟ ਸਮਾਨੇ ਹੈ॥*
*ਰੂਪ ਗੁਨ ਪ੍ਰੇਮ ਰਸ ਪੂਰਨ ਪਰਮ ਪਦ, ਆਨ ਗਿਆਨ ਧਿਆਨ ਰਸ ਭਰਮ ਭੁਲਾਨੇ ਹੈ॥ ੪੩੧॥*

(ਕੱਬਿਤ ਸਵੱਯੇ ਭਾਈ ਗੁਰਦਾਸ ਜੀ)

ਜਿਸ ਗੁਰਮੁਖ ਗੁਰਸਿੱਖ ਦਾ ਮਨ (ਗੁਰੂ ਸਾਹਿਬ ਜੀ ਦੇ ਚਰਨ ਕਮਲਾਂ) ਦਾ ਭੌਰਾ ਬਣ ਗਿਆ ਹੈ, ਉਹ ਗੁਰਮੁਖ (ਗੁਰਸਿੱਖ ਭੌਰਾ) ਗੁਰੂ ਸਾਹਿਬ ਜੀ ਦੇ ਚਰਨ ਕਮਲਾ ਦਾ ਅੰਨਿਨ ਸੇਵਕ (ਗੁਰ ਉਪਦੇਸ਼) ਨੂੰ ਕਮਾ ਕੇ ਮੋਖਸ਼ ਦੀ ਪ੍ਰਾਪਤੀ ਕਰ ਲੈਂਦਾ ਹੈ। ਉਹ ਗੁਰੂ ਦੇ ਚਰਨਾਂ ਨੂੰ ਛੱਡ ਨਹੀਂ ਸਕਦਾ, ਕਿਉਂਕਿ ਗੁਰ ਚਰਨ ਕਮਲਾਂ ਨੂੰ ਛੱਡਣ ਵਾਲੇ ਦੀ ਦਸ਼ਾ ਐਸੀ ਹੈ ਜੈਸੇ ਮਾਨਸਰ ਨੂੰ ਤਿਆਗ ਕੇ ਹੰਸ ਛੱਪੜ 'ਤੇ ਜਾ ਬੈਠੇ ਤਾਂ ਉਹ ਹੰਸਾਂ ਦੀ ਕੁਲ ਨੂੰ ਲਜਾਵਾਨ ਕਰਦਾ ਹੈ। ਜੈਸੇ ਮੱਛੀ ਪਾਣੀ ਤੋਂ ਵਿਛੜ ਕੇ ਜਿਉਂਦੀ ਰਹੇ ਤਾਂ ਉਸ ਦੀ ਪਾਣੀ ਨਾਲ ਸੱਚੀ ਪ੍ਰੀਤੀ ਨਹੀਂ ਹੈ। ਜੈਸੇ ਪਪੀਹਾ ਸ੍ਵਾਂਤੀ ਬੂੰਦ ਤਿਆਗ ਕੇ ਹੋਰ ਜਲ ਪਾਨ ਕਰੇ ਤਾਂ ਉਹ ਆਪਣੇ ਟੱਬਰ ਨੂੰ ਕਲੰਕਤ ਕਰਦਾ ਹੈ। ਐਸੇ ਹੀ ਗੁਰੂ ਸਾਹਿਬ ਦੇ ਚਰਨ ਕਮਲਾਂ ਦਾ ਤਿਆਗ ਕਰਕੇ ਹੋਰਾਂ ਦੇਵੀ ਦੇਵਤੇ ਤੇ ਪਖੰਡੀ ਗੁਰੂਆਂ ਦਾ ਪ੍ਰੇਮੀ ਬਣ ਕੇ ਮੁਕਤੀ ਨਹੀਂ ਪਾ ਸਕਦਾ। ਪਰ ਸੱਚਾ ਗੁਰਸਿੱਖ ਤਾਂ "ਚਰਨ ਕਮਲ ਅਲਿ ਗੁਰਸਿੱਖ ਮੋਖ ਹੁਇ॥' ਗੁਰੂ ਦੇ ਚਰਨਾਂ ਦਾ ਭੌਰਾ ਬਣਕੇ ਹੀ ਮੁਕਤੀ ਪ੍ਰਾਪਤ ਕਰਦਾ ਹੈ। ਗੁਰੂ ਨੂੰ ਛੱਡ ਕੇ ਹੋਰ ਕਿਸੇ ਦੀ ਦਿੱਤੀ ਮੁਕਤੀ ਨੂੰ ਗੁਰਸਿੱਖ ਪ੍ਰਵਾਣ ਨਹੀਂ ਕਰਦਾ। ਜਿਸ ਤਰ੍ਹਾਂ ਭਾਈ ਤਿਲਕੂ ਦਾ ਪ੍ਰਸੰਗ ਹੈ ਕਿ ਉਸ ਨੇ ਮਹੇਸ਼ੇ ਜੋਗੀ ਦੀ ਦਿੱਤੀ ਮੁਕਤੀ ਪ੍ਰਵਾਨ ਨਹੀਂ ਕੀਤੀ।

*੩. ਮਾਨਸਰ ਤਿਆਗਿ ਆਨ ਸਰ ਜਾਏ ਬੈਠੇ ਹੰਸੁ,*
*ਖਾਇ ਜਲ-ਜੰਤ ਹੰਸ ਬੰਸਹਿ ਲਜਾਵਈ॥*
*ਸਲਿਲ ਬਿਛੋਹ ਭਏ ਜੀਅਤ ਜਉ ਰਹੈ ਮੀਨ,*
*ਕਪਟ ਸਨੇਹ ਕੈ ਸਨੇਹੀ ਨ ਕਹਾਵਈ॥*
*ਬਿਨੁ ਘਨ ਬੂੰਦ ਜਉ ਅਨਤ ਜਲ ਪਾਨ ਕਰੈ,*
*ਚਾਤ੍ਰਿਕ ਸੰਤਾਨ ਬਿਖੈ ਲਾਛਨ ਲਗਾਵਈ॥*
*ਚਰਨ ਕਮਲ ਅਲਿ ਗੁਰਸਿਖ ਮੋਖਿ ਹੁਇ,*
*ਆਨ ਦੇਵ ਸੇਵਕ ਹੁਇ ਮੁਕਤਿ ਨ ਪਾਵਈ॥ ੪੬੩॥*

(ਕੱਬਿਤ ਸਵੱਯੇ ਭਾਈ ਗੁਰਦਾਸ ਜੀ)

## ਸਾਖੀ—ਭਾਈ ਤਿਲਕੂ ਤੇ ਮਹੇਸਾ ਜੋਗੀ

ਭਾਈ ਤਿਲਕੂ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਅਨਿੰਨ ਸੇਵਕ ਗੜ੍ਹਸ਼ੰਕਰ ਦੇ

ਰਹਿਣ ਵਾਲਾ ਸੀ। ਨਿਤਨੇਮੀ, ਜਪੀ ਤਪੀ, ਸੇਵਾ ਸਿਮਰਨ ਤੇ ਨਾਮ ਰੰਗ ਵਿਚ ਰੰਗਿਆ ਹੋਇਆ ਸੀ। ਇਥੇ ਗੜ੍ਹਸ਼ੰਕਰ ਵਿਚ ਇਕ ਪਖੰਡੀ ਅਖੌਤੀ ਜੋਗੀ ਰਹਿੰਦਾ ਸੀ, ਜਿਸ ਦਾ ਨਾਮ ਸੀ ਮਹੇਸ਼ਾ ਜੋਗੀ, ਜੋ ਪਹਿਲਾਂ ਵੀ ਪਖੰਡ ਕਰਕੇ ਲੋਕਾਂ ਨੂੰ ਗੁਮਰਾਹ ਕਰਦਾ ਰਹਿੰਦਾ ਸੀ। ਇਕ ਵਾਰ ਇਸ ਮਹੇਸ਼ੇ ਜੋਗੀ ਨੇ ਕੁਝ ਸਮਾਂ ਅੰਦਰ ਰਹਿ ਕੇ ਚਾਲੀਹਾ (ਚਾਲੀਸਾ) ਕੱਟਿਆ ਤੇ ਬਾਹਰ ਰੌਲਾ ਪਾ ਦਿੱਤਾ ਕਿ ਮੈਨੂੰ ਸ਼ਿਵਜੀ ਮਹਾਰਾਜ ਨੇ ਦਰਸ਼ਨ ਦੇਕੇ ਵਰ ਦਿੱਤਾ ਹੈ ਕਿ ਜੋ ਮਹੇਸ਼ੇ ਜੋਗੀ ਦਾ ਦਰਸ਼ਨ ਕਰੇਗਾ, ਉਹ ਸਰੀਰ ਤਿਆਗ ਕੇ ਮੁਕਤ ਹੋਕੇ ਇਕ ਸਾਲ ਬੈਕੁੰਠ ਪੁਰੀ ਵਿਚ ਰਹਿ ਕੇ ਸੁੱਖ ਭੋਗੇਗਾ। ਖ਼ਲਕਤ ਦੀ ਭੇਡ ਚਾਲ ਹੈ। ਜਿਸ ਪਾਸੇ ਇਕ ਭੇਡ ਜਾਵੇ, ਉਸ ਪਾਸੇ ਨੂੰ ਸਾਰੀਆਂ ਬਹਿ ਤੁਰਦੀਆਂ ਹਨ :

***ਦੇਖੋ ਜਗਤ ਕੀ ਭੇਡਾ ਚਾਲ। ਚਾਲਤੇ ਕੇ ਪਿਛੇ ਚਲੈ।***
***ਪ੍ਰਮਾਰਥ ਨਾ ਸੰਭਾਲ। ਦੇਖੋ ਜਗਤ ਕੀ ਮੂੜਤਾ।***

(ਸਾਰਕੁਤਾਵਲੀ)

ਲੋਕ ਵਹੀਰਾਂ ਘਤ ਕੇ ਮਹੇਸ਼ੇ ਜੋਗੀ ਦੇ ਦਰਸ਼ਨਾਂ ਨੂੰ ਜਾਣ ਲੱਗ ਪਏ। ਕੋਈ ਪੈਸਾ ਚੜ੍ਹਾਵੇ, ਕੋਈ ਰੁਪਯਾ, ਕੋਈ ਅੰਨ, ਬਸਤ੍ਰ ਚੜ੍ਹਾਵੇ, ਹਜ਼ਾਰਾਂ ਰੁਪਏ ਇਕੱਠੇ ਹੋ ਗਏ, ਮਹੇਸ਼ੇ ਜੋਗੀ ਦਾ ਤਾਂ ਇਥੇ ਹੀ ਸਵਰਗ ਬਣ ਗਿਆ। ਲੋਕਾਂ ਨੂੰ ਜਾਣ ਆਉਣ ਦਾ ਕਸ਼ਟ ਤੇ ਮਾਇਆ ਪਦਾਰਥ ਮਹੇਸ਼ੇ ਨੂੰ ਦਿੱਤੇ ਤੇ ਆਪ ਲੋਕਾਂ ਨੇ ਘਰ ਵਿਚ ਤੰਗੀ ਦਾ ਕਸ਼ਟ ਭੋਗਿਆ। ਇਥੇ ਦੁੱਖ ਭੋਗਿਆ ਤਾਂ ਅਗੇ ਵੀ ਨਰਕਾਂ ਦਾ ਦੁੱਖ ਭੋਗਣਾ ਪਵੇਗਾ। ਇਕ ਭਾਈ ਤਿਲਕੂ ਗੁਰੂ ਦੇ ਸਿਦਕੀ ਸਿੱਖ ਨੇ ਜੋਗੀ ਦਾ ਦਰਸ਼ਨ ਨਹੀਂ ਕੀਤਾ। ਬਾਕੀ ਸਭ ਨੇ ਮਹੇਸ਼ੇ ਜੋਗੀ ਦੇ ਦਰਸ਼ਨ ਕਰ ਲਏ ਸਨ। ਜੋਗੀ ਨੇ ਆਪਣੇ ਸੇਵਕਾਂ ਪਾਸੋਂ ਪੁੱਛਿਆ ਕਿ ਮੇਰੇ ਦਰਸ਼ਨ ਕਰਨ ਤੋਂ ਕੋਈ ਵਾਂਝਾ ਤਾਂ ਨਹੀਂ ਰਹਿ ਗਿਆ ਜਿਸ ਨੇ ਮੇਰੇ ਦਰਸ਼ਨ ਨਾ ਕੀਤੇ ਹੋਣ ? ਸੇਵਕ ਕਹਿੰਦੇ ਹਨ, ਜੀ ਇਕ ਤਿਲਕੂ ਸਿੱਖ ਤੁਹਾਡੇ ਦਰਸ਼ਨ ਕਰਨ ਨਹੀਂ ਆਇਆ, ਬਾਕੀ ਸਭ ਨੇ ਦਰਸ਼ਨ ਕਰ ਲਏ ਹਨ। ਜੋਗੀ ਨੇ ਕਿਹਾ ਜਾਉ ਤਿਲਕੂ ਨੂੰ ਕਹੋ ਕਿ ਉਸ ਨੂੰ ਮੇਰੇ ਦਰਸ਼ਨ ਕਰਨ ਦਾ ਫਲ ਦੋ ਸਾਲ ਬੈਕੁੰਠ ਪੁਰੀ ਦਾ ਸੁੱਖ ਮਿਲੇਗਾ। ਜੋਗੀ ਦੇ ਸੇਵਕਾਂ ਨੇ ਭਾਈ ਤਿਲਕੂ ਨੂੰ ਜਾ ਕੇ ਕਿਹਾ, ਤਾਂ ਭਾਈ ਤਿਲਕੂ ਕਹਿੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਸਿੱਖ ਇਸ ਤਰ੍ਹਾਂ ਦੀ ਮੁਕਤੀ ਦੀ ਇੱਛਾ ਨਹੀ ਰੱਖਦੇ।

***ਮੁਕਤਿ ਬਪੁੜੀ ਭੀ ਗਿਆਨੀ ਤਿਆਗੇ॥*** (ਅੰਗ ੧੦੭੮)

ਗੁਰੂ ਦੇ ਸਿੱਖ ਤਾਂ ਇਸ ਤਰ੍ਹਾਂ ਕਹਿੰਦੇ ਹਨ :

***ਰਾਜ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ॥***

(ਅੰਗ ੫੩੪)

ਆਖ਼ਿਰ ਨੂੰ ਜੋਗੀ ਆਪ ਚੱਲ ਕੇ ਭਾਈ ਤਿਲਕੂ ਜੀ ਪਾਸ ਗਿਆ, ਤਾਂ ਭਾਈ ਤਿਲਕੂ ਨੇ ਬੂਹੇ ਬੰਦ ਕਰ ਲਏ ਕਿ ਮੈਂ ਜੋਗੀ ਦੇ ਦਰਸ਼ਨ ਨਹੀਂ ਕਰਨੇ। ਜੋਗੀ ਨੇ ਗੁਰੂ ਦਾ ਵਾਸਤਾ ਪਾ ਕੇ ਕਿਹਾ ਕਿ ਸਿੱਖਾ, ਤੂੰ ਧੰਨ ਹੈਂ, ਤੇਰਾ ਗੁਰੂ ਧੰਨ ਹੈ, ਮੈਂ ਤੇਰੇ ਦਰਸ਼ਨਾਂ ਚੋਂ ਤੇਰੇ ਸੱਚੇ ਗੁਰੂ ਦੇ ਦਰਸ਼ਨ ਕਰਨੇ ਹਨ। ਤਾਂ ਤਿਲਕੂ

ਨੇ ਬੂਹਾ ਖੋਲ੍ਹਿਆ ਸੀ। ਭਾਈ ਤਿਲਕੂ ਨਾਲ ਮਹੇਸ਼ਾ ਜੋਗੀ ਚਲ ਕੇ ਗੁਰੂ ਸਾਹਿਬ ਜੀ ਦੀ ਸ਼ਰਣ ਆਇਆ ਅਤੇ ਗੁਰੂ ਸਾਹਿਬ ਜੀ ਦੇ ਦਰਸ਼ਨ ਕੀਤੇ। ਤਵਾਰੀਖ਼ ਗੁਰੂ ਖ਼ਾਲਸਾ ਭਾਗ ਪਹਿਲਾ ਅਨੁਸਾਰ ਗੁਰਦੇਵ ਨੇ ਇਸ ਸ਼ਬਦ ਰਾਹੀਂ ਜੋਗੀ ਨੂੰ ਉਪਦੇਸ਼ ਦਿੱਤਾ :

***ਤਾਗਾ ਕਰ ਕੈ ਲਾਈ ਥਿਗਲੀ॥ ਲਉ ਨਾੜੀ ਸੂਆ ਹੈ ਅਸਤੀ॥***
***ਅੰਭੈ ਕਾ ਕਰਿ ਡੰਡਾ ਧਰਿਆ॥ ਕਿਆ ਤੂ ਜੋਗੀ ਗਰਬਹਿ ਪਰਿਆ॥***

(ਅੰਗ ੮੮੬)

ਗੁਰੂ ਕੇ ਸਿੱਖ ਨੂੰ ਇਹ ਪੂਰਨ ਵਿਸ਼ਵਾਸ ਹੈ ਕਿ ਸਮੱਰਥ ਗੁਰੂ ਸਾਹਿਬ ਜੀ ਦੇ ਪਵਿੱਤਰ ਜੋ ਚਰਨ ਕਮਲ ਹਨ, ਇਸ ਮਨੁੱਖ ਮਾਤਰ ਨੂੰ ਸੰਸਾਰ ਸਮੁੰਦਰ ਤੋਂ ਪਾਰ ਉਤਾਰਨ ਵਾਲੇ ਹਨ।

ਧਨਾਸਰੀ ਮਹਲਾ ੫ ॥

***ਗੁਰ ਕੇ ਚਰਨ ਜੀਅ ਕਾ ਨਿਸਤਾਰਾ॥ ਸਮੁੰਦੁ ਸਾਗਰੁ ਜਿਨਿ ਖਿਨ ਮਹਿ ਤਾਰਾ॥੧॥ ਰਹਾਉ॥***
***ਕੋਈ ਹੋਆ ਕ੍ਰਮ ਰਤੁ ਕੋਈ ਤੀਰਥ ਨਾਇਆ॥ ਦਾਸੀਂ ਹਰਿ ਕਾ ਨਾਮੁ ਧਿਆਇਆ॥੧॥***
***ਬੰਧਨ ਕਾਟਨਹਾਰੁ ਸੁਆਮੀ॥ ਜਨ ਨਾਨਕੁ ਸਿਮਰੈ ਅੰਤਰਜਾਮੀ॥੨॥੩॥੫੭॥***

(ਅੰਗ ੬੮੪)

ਜਿਸ ਮਨੁੱਖ ਦੇ ਪੂਰਬਲੇ ਬਹੁਤ ਹੀ ਉੱਤਮ ਭਾਗ ਹੁੰਦੇ ਹਨ, ਉਸ ਮਨੁੱਖ 'ਤੇ ਪ੍ਰਭੂ ਕਿਰਪਾ ਕਰਕੇ ਪੂਰਨ ਗੁਰੂ ਦਾ ਮਿਲਾਪ ਬਖ਼ਸ਼ ਦਿੰਦਾ ਹੈ। ਪੂਰਨ ਗੁਰੂ ਕਿਰਪਾ ਕਰਕੇ ਉਸ ਜੀਵ ਨੂੰ ਆਪਣੇ ਚਰਨਾਂ ਨਾਲ ਲਗਾ ਲੈਂਦਾ ਹੈ। ਗੁਰੂ ਚਰਨਾਂ ਨਾਲ ਜੁੜਿਆ ਮਨੁੱਖ, ਹਰੀ ਜੋ ਜੀਵ ਦੀ ਅੰਗ ਸੰਗ ਹੋਕੇ ਸਹਾਇਤਾ ਕਰਨ ਵਾਲਾ ਹੈ, ਉਸ ਹਰੀ ਨੂੰ ਪਾ ਲੈਂਦਾ ਹੈ।

ਸੋਰਠਿ ਮਹਲਾ ੫ ॥ ਗੁਰਿ ਪੂਰੈ ਚਰਨੀ ਲਾਇਆ ॥ ਹਰਿ ਸੰਗਿ ਸਹਾਈ ਪਾਇਆ ॥ ਜਹ ਜਾਈਐ ਤਹਾ ਸੁਹੇਲੇ ॥ ਕਰਿ ਕਿਰਪਾ ਪ੍ਰਭਿ ਮੇਲੇ ॥ ੧ ॥ ਹਰਿ ਗੁਣ ਗਾਵਹੁ ਸਦਾ ਸੁਭਾਈ ॥ ਮਨ ਚਿੰਦੇ ਸਗਲੇ ਫਲ ਪਾਵਹੁ ਜੀਅ ਕੈ ਸੰਗਿ ਸਹਾਈ ॥ ੧ ॥ ਰਹਾਉ ॥ ਨਾਰਾਇਣ ਪ੍ਰਾਣ ਅਧਾਰਾ ॥ ਹਮ ਸੰਤ ਜਨਾਂ ਰੇਨਾਰਾ ॥ ਪਤਿਤ ਪੁਨੀਤ ਕਰਿ ਲੀਨੇ ॥ ਕਰਿ ਕਿਰਪਾ ਹਰਿ ਜਸੁ ਦੀਨੇ ॥ ੨ ॥ ਪਾਰਬ੍ਰਹਮੁ ਕਰੇ ਪ੍ਰਤਿਪਾਲਾ ॥ ਸਦ ਜੀਅ ਸੰਗਿ ਰਖਵਾਲਾ ॥ ਹਰਿ ਦਿਨੁ ਰੈਨਿ ਕੀਰਤਨੁ ਗਾਈਐ ॥ ਬਹੁੜਿ ਨ ਜੋਨੀ ਪਾਈਐ ॥ ੩ ॥ ਜਿਸੁ ਦੇਵੈ ਪੁਰਖੁ ਬਿਧਾਤਾ ॥ ਹਰਿ ਰਸੁ ਤਿਨ ਹੀ ਜਾਤਾ ॥ ਜਮਕੰਕਰੁ ਨੇੜਿ ਨ ਆਇਆ ॥ ਸੁਖੁ ਨਾਨਕ ਸਰਣੀ ਪਾਇਆ ॥ ੪ ॥ ੯ ॥ ੫੯ ॥

(ਅੰਗ ੬੨੩)

ਗੁਰੂ ਚਰਨਾਂ ਦੇ ਸੰਬੰਧ ਵਿਚ ਹੋਰ ਵਿਸਥਾਰ ਕਰਨ ਵਾਸਤੇ ਦੇਵੀ ਚੰਦ ਦੀ ਸਾਖੀ ਦਸਮ ਪਾਤਸ਼ਾਹ ਜੀ ਦੇ ਇਤਿਹਾਸ ਅੰਦਰ ਅੰਕਿਤ ਹੈ, ਜਿਸ ਦੇ ਨੇਤਰਾਂ 'ਚ ਤੱਤੀਆਂ ਸਲਾਈਆਂ ਕਰਕੇ ਫੇਰੀਆਂ ਸਨ, ਸੁਣਾਈ ਜਾ ਸਕਦੀ ਹੈ। ਤੁਲਸਾ ਦਾਸੀ ਦੀ ਸਾਖੀ ਭੀ ਲੱਗ ਸਕਦੀ ਹੈ, ਵਿਸਥਾਰ ਦੇ ਡਰ ਕਾਰਣ ਇਥੇ ਨਹੀਂ ਲਿਖੀਆਂ।

## ਪਦ ਅਰਥ :

ਜਹ-ਜਿਥੇ। ਤਹਾ-ਤਹਾਂ, ਉਥੇ। ਸੁਹੇਲੇ-ਸੁਖੀ। ਸੁਭਾਈ-ਪ੍ਰੇਮ ਨਾਲ। ਰੇਨਾਰਾ-ਚਰਨਾਂ ਦੀ ਧੂੜ। ਪਤਿਤ-(ਆਚਰਣ ਤੋਂ) ਡਿੱਗੇ ਹੋਏ। ਪੁਨੀਤ-ਪਵਿੱਤਰ। ਪ੍ਰਤਿਪਾਲਾ-ਪਾਲਣਾ। ਜੀਅ ਸੰਗਿ-ਜਿੰਦ ਦੇ ਨਾਲ। ਬੁਹੜਿ-ਫਿਰ। ਬਿਧਾਤਾ-ਸਿਰਜਣਹਾਰ। ਜਾਤਾ-ਜਾਣਿਆ। ਜਮਕੰਕਰੁ-ਜਮਦੂਤ।

## ਅਰਥ :

(ਹੇ ਭਾਈ !) ਪੂਰਨ ਗੁਰੂ ਨੇ (ਸਾਨੂੰ ਆਪਣੀ) ਚਰਨੀਂ ਲਾ ਲਿਆ ਹੈ। (ਜਿਸ ਕਰਕੇ ਪੂਰਨ ਗੁਰੂ ਦੀ ਕਿਰਪਾ ਨਾਲ) ਅਸਾਂ ਨੇ ਹਰੀ (ਜੋ) ਅੰਗ ਸੰਗ ਹੋਕੇ ਸਹਾਇਤਾ ਕਰਨ ਵਾਲਾ ਹੈ, (ਉਸ) ਨੂੰ ਪਾ ਲਿਆ ਹੈ। (ਹੁਣ) ਜਿਥੇ ਵੀ ਜਾਈਏ ਉਥੇ ਹੀ ਸੁੱਖੀ ਹਾਂ (ਕਿਉਂਕਿ) ਪ੍ਰਭੂ ਨੇ ਕਿਰਪਾ ਕਰਕੇ (ਸਾਨੂੰ ਆਪਣੇ ਨਾਲ) ਮੇਲ ਲਿਆ ਹੈ। ੧। (ਹੇ ਭਾਈ !) ਹਰੀ ਪ੍ਰਭੂ ਦੇ ਗੁਣ ਪ੍ਰੇਮ ਨਾਲ ਸਦਾ ਹੀ ਗਾਉ। ਉਹ (ਪ੍ਰਭੂ) ਜੋ ਜੀਵ ਦਾ ਸਦਾ ਸੰਗੀ ਹੋ ਕੇ ਸਹਾਇਤਾ ਕਰਨ ਵਾਲਾ ਹੈ, ਉਸ (ਪ੍ਰਭੂ ਪਾਸੋਂ) ਮਨ ਇੱਛਤ ਸਾਰੇ ਫਲ ਪਾ ਲਵੋਗੇ। ੧। ਰਹਾਉ। (ਹੇ ਭਾਈ !) ਪ੍ਰਮਾਤਮਾ (ਸਾਡੇ) ਪ੍ਰਾਣਾਂ ਦਾ ਆਸਰਾ ਹੈ। ਅਸੀਂ ਸੰਤ ਜਨਾਂ ਦੇ ਚਰਨਾਂ ਦੀ ਧੂੜ ਹਾਂ। (ਜਿਨ੍ਹਾਂ ਸੰਤਾਂ ਨੇ) ਆਚਰਨ ਤੋਂ ਡਿੱਗੇ ਹੋਏ (ਪਾਪੀ) ਪਵਿੱਤਰ ਕਰ ਲਏ ਹਨ, (ਸੰਤਾਂ ਨੇ ਉਨ੍ਹਾਂ) ਪਾਪੀਆਂ ਨੂੰ ਕਿਰਪਾ ਕਰਕੇ ਹਰੀ ਦਾ ਜਸ (ਗਾਉਣ ਦਾ ਉਪਦੇਸ਼) ਦਿੱਤਾ ਹੈ। ੨। (ਹੇ ਭਾਈ !) ਪ੍ਰਮੇਸ਼ਰ (ਜੱਸ ਕਰਨ ਵਾਲਿਆਂ ਦੀ ਚੰਗੀ ਤਰ੍ਹਾਂ) ਪਾਲਣਾ ਕਰਦਾ ਹੈ। (ਫੇਰ ਉਨ੍ਹਾਂ ਦੀ) ਜਿੰਦ ਨਾਲ ਸਦਾ ਰਖਵਾਲਾ ਬਣਿਆ ਰਹਿੰਦਾ ਹੈ।

(ਇਸ ਲਈ ਹੇ ਭਾਈ!) ਦਿਨ ਰਾਤ (ਉਸ) ਹਰੀ ਦਾ ਕੀਰਤਨ ਕਰਨਾ ਚਾਹੀਦਾ ਹੈ। (ਕੀਰਤਨ=ਜਸ ਕਰਨ ਵਾਲੇ ਮਨੁੱਖ ਨੂੰ) ਫਿਰ ਜੂਨਾਂ ਵਿਚ ਨਹੀਂ ਪਾਇਆ ਜਾਂਦਾ। ੩।

(ਹੇ ਭਾਈ !) ਜਿਸ ਮਨੁੱਖ ਨੂੰ ਸਿਰਜਨਹਾਰ (ਪ੍ਰਮਾਤਮਾ ਕੀਰਤਨ ਦੀ ਦਾਤ) ਦੇਂਦਾ ਹੈ, ਹਰੀ ਕੀਰਤਨ ਦਾ ਰਸ ਉਸ (ਮਨੁੱਖ) ਨੇ ਹੀ ਜਾਣਿਆ ਹੈ। (ਇਹ ਸੱਚ ਹੈ) ਕਿ ਹਰੀ ਜੱਸ ਕਰਨ ਵਾਲੇ ਮਨੁੱਖ ਦੇ ਨੇੜੇ ਜਮਦੂਤ (ਕਦੇ ਵੀ) ਨਹੀਂ ਆਇਆ। ਨਾਨਕ (ਗੁਰੂ ਕਥਨ ਕਰਦੇ ਹਨ) ਕਿ ਉਸ ਨੇ ਪ੍ਰਭੂ ਦੀ ਸ਼ਰਣ ਵਿਚ ਆਕੇ (ਸੱਚਾ) ਸੁੱਖ ਪਾ ਲਿਆ ਹੈ। ੪। ੯। ੫੯।

## ਵਿਆਖਿਆ ਤੇ ਸਾਰੰਸ਼ :

ਪੂਰਨ ਗੁਰੂ ਦੇ ਚਰਨਾਂ ਨਾਲ ਜੁੜਿਆ ਮਨੁੱਖ ਕਿਤੇ ਵੀ ਚੱਲਿਆ ਜਾਵੇ ਉਹ ਹਰ ਥਾਂ ਹੀ ਸੁੱਖੀ ਹੁੰਦਾ ਹੈ, ਕਿਉਂਕਿ ਕਿਰਪਾ ਕਰਕੇ ਪ੍ਰਭੂ ਨੇ ਉਸ ਨੂੰ ਆਪਣੇ ਨਾਲ ਮੇਲ ਲਿਆ ਹੁੰਦਾ ਹੈ।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੬੦ (ਅੰਗ ੬੨੫)

ਸੋਰਠਿ ਮਹਲਾ ੫ ਘਰੁ ੩ ਦੁਪਦੇ ੴ ਸਤਿਗੁਰ ਪ੍ਰਸਾਦਿ॥

ਰਾਮਦਾਸ ਸਰੋਵਰਿ ਨਾਤੇ॥ਸਭਿ ਉਤਰੇ ਪਾਪ ਕਮਾਤੇ॥ਨਿਰਮਲ ਹੋਏ ਕਰਿ ਇਸਨਾਨਾ॥ਗੁਰਿ ਪੂਰੈ ਕੀਨੇ ਦਾਨਾ॥੧॥ਸਭਿ ਕੁਸਲ ਖੇਮ ਪ੍ਰਭਿ ਧਾਰੇ॥ਸਹੀ ਸਲਾਮਤਿ ਸਭਿ ਥੋਕ ਉਬਾਰੇ ਗੁਰ ਕਾ ਸਬਦੁ ਵੀਚਾਰੇ ॥ ਰਹਾਉ ॥ ਸਾਧਸੰਗਿ ਮਲੁ ਲਾਥੀ ॥ ਪਾਰਬ੍ਰਹਮੁ ਭਇਓ ਸਾਥੀ॥ਨਾਨਕ ਨਾਮੁ ਧਿਆਇਆ॥ਆਦਿ ਪੁਰਖ ਪ੍ਰਭੁ ਪਾਇਆ ॥ ੨ ॥ ੧ ॥ ੬੫ ॥

# ਪ੍ਰਾਕ੍ਥਨ :-

ਜਗਤ ਗੁਰੂ ਪਰਉਪਕਾਰੀ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਇਹ ਪਵਿਤ੍ਰ ਸ਼ਬਦ ਸੋਰਠਿ ਰਾਗੁ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਦੀਆਂ ਆਰੰਭਤਾ ਦੀਆਂ ਪੰਗਤੀਆਂ ਹਨ-

***ਰਾਮਦਾਸ ਸਰੋਵਰਿ ਨਾਤੇ॥ ਸਭਿ ਉਤਰੇ ਪਾਪ ਕਮਾਤੇ॥***

ਗੁਰਦੇਵ ਨੇ ਇਨ੍ਹਾਂ ਪੰਗਤੀਆਂ ਅੰਦਰ ਸਰੋਵਰਿ ਦਾ ਇਸ਼ਨਾਨ ਕਰਨ ਨਾਲ ਮਨੁੱਖ ਦੇ ਪੂਰਬਲੇ ਕਮਾਏ ਹੋਇ ਪਾਪ ਨਿਵਿਰਤ ਹੋਇ ਦੱਸੇ ਹਨ।

## ਵਿਸ਼ਾ—ਅੰਮ੍ਰਿਤਸਰ ਸਾਹਿਬ ਜੀ ਦੇ ਦਰਸ਼ਨ ਇਸ਼ਨਾਨ

ਮਨੁੱਖ ਦੇ ਨਾ ਚਾਹੁੰਦੇ ਹੋਇ ਵੀ ਸਰੀਰ 'ਤੇ ਪਹਿਨੇ ਕਪੜੇ ਮੈਲੇ ਹੋ ਜਾਂਦੇ ਹਨ। ਹਵਾ ਵਿਚ ਸੂਖਮ ਧੂੜ ਵਿਚ ਕੰਮ ਕਾਰ ਕਰਦਿਆਂ, ਤੁਰਦੇ ਫਿਰਦਿਆਂ ਇਹ ਧੂੜ ਕਪੜਿਆਂ ਅਤੇ ਸਰੀਰ 'ਤੇ ਪੈ ਜਾਂਦੀ ਹੈ, ਜਿਸ ਨਾਲ ਸਰੀਰ ਅਤੇ ਕਪੜੇ ਮੈਲੇ ਹੋ ਜਾਂਦੇ ਹਨ। ਕਪੜੇ ਨਾ ਧੋਈਏ ਤਾਂ ਫਿਰ ਮੈਲ ਦੇ ਜ਼ੱਰੇ ਇਤਨੇ ਵੱਧ ਜਾਂਦੇ ਹਨ, ਕਿ ਕਪੜੇ ਨਹੀਂ, ਇਸਦੀ ਫਿਰ ਮੈਲ ਹੀ ਦਿੱਸਦੀ ਹੈ। ਮੈਲੇ ਕੱਪੜੇ ਵਾਲੇ ਮਨੁੱਖ ਪਾਸ ਕੋਈ ਬੈਠਣ ਨੂੰ ਤਿਆਰ ਨਹੀਂ ਹੁੰਦਾ, ਇਸ ਲਈ ਕਪੜਾ ਧੋਣਾ ਪੈਂਦਾ ਹੈ। ਸਰੀਰ 'ਤੇ ਪਈ ਹੋਈ ਧੂੜ ਨਾਲ ਤਨ ਮੈਲਾ ਹੁੰਦਾ ਹੈ, ਇਸ ਧੂੜ ਤੋਂ ਬਿਨਾਂ ਮਨੁੱਖ ਦੇ ਆਪਣੇ ਅੰਦਰੋਂ ਹੀ ਪਸੀਨੇ ਰਾਹੀਂ ਨੌਂ ਗੋਲਕਾਂ ਰਾਹੀਂ ਮੈਲ ਨਿਕਲਦੀ ਰਹਿੰਦੀ ਹੈ।

ਇਸ ਮੈਲ ਨਾਲ ਸਰੀਰ ਤਾਂ ਮੈਲਾ ਹੁੰਦਾ ਹੀ ਹੈ, ਪਰ ਇਸ ਦਾ ਮਨ 'ਤੇ ਵੀ ਬੁਰਾ ਅਸਰ ਪੈਂਦਾ ਹੈ। ਸਰੀਰ ਦੀ ਸ਼ੁੱਧੀ ਵਾਸਤੇ ਇਸ਼ਨਾਨ ਦੀ ਜ਼ਰੂਰਤ ਪੈਂਦੀ ਹੈ। ਜਿਥੇ ਕਪੜੇ ਮੈਲੇ ਹੁੰਦੇ ਹਨ ਤੇ ਤਨ ਮੈਲਾ ਹੁੰਦਾ ਹੈ, ਉਥੇ ਨਾਲ ਮਨੁੱਖ ਦਾ ਮਨ ਵੀ ਮੈਲਾ ਹੋ ਜਾਂਦਾ ਹੈ। ਮਨ ਨੂੰ ਤਾਂ ਮੈਲ ਅਨੰਤ ਤਰ੍ਹਾਂ ਦੀ ਜਨਮਾਂ-ਜਨਮਾਤ੍ਰਾਂ ਦੀ ਲੱਗੀ ਹੋਈ ਹੈ :

***ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ॥***
***ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ॥***

(ਅੰਗ ੬੫੧)

ਇਸ ਜਨਮ ਵਿਚ ਵੀ ਵਿਕਾਰਾਂ ਦੀ ਮੈਲ ਅਤੇ ਹਉਮੈ ਦੀ ਮੈਲ ਲੱਗ ਰਹੀ ਹੈ, ਜਿਸ ਨੂੰ ਇਸ ਨੇ ਕਦੇ ਧੋਵਣ ਦਾ ਜਤਨ ਹੀ ਨਹੀਂ ਕੀਤਾ।

***ਹਉ ਮੈਲਾ ਮਲੁ ਕਬਹੁ ਨ ਧੋਵੈ॥***

(ਗਉੜੀ ਸੁਖਮਨੀ ਮ: ੫, ਅੰਗ ੨੬੪)

ਮਨ ਦੀ ਸ਼ੁੱਧਤਾ ਵਾਸਤੇ ਫਿਰ ਮਨ ਦਾ ਇਸ਼ਨਾਨ ਵੀ ਜ਼ਰੂਰੀ ਸੀ।

## *ਮਨਿ ਮੈਲੈ ਸਭੁ ਕਿਛੁ ਮੈਲਾ* (ਅੰਗ ੫੫੮)

ਮਨ ਮੈਲਾ ਹੈ ਤਾਂ ਮਨੁਖ ਜਿੰਨੇ ਮਰਜ਼ੀ ਚੰਗੇ ਬਸਤ੍ਰ ਪਾ ਲਵੇ, ਜਿੰਨਾ ਮਰਜ਼ੀ ਸਾਬਣ ਲਾ ਕੇ ਤਨ ਦਾ ਇਸ਼ਨਾਨ ਕਰ ਲਵੇ ਅਤੇ ਖ਼ੁਸ਼ਬੂਦਾਰ ਸੁਗੰਧਤ ਵਸਤੂਆਂ ਸਰੀਰ ਉਪਰ ਲੱਗਾ ਲਵੇ, ਪਰ ਮਨ ਮੈਲਾ ਹੋਣ ਕਰਕੇ ਇਸ ਦਾ ਸਭ ਕਿਛ ਮੈਲਾ ਹੈ। ਇਸ ਮੈਲ ਨੂੰ ਦੂਰ ਕਰਨ ਵਾਸਤੇ ਕਈਆਂ ਨੇ ਹਿੰਦੂ ਮੱਤ ਦੇ ਤੀਰਥ ਇਸ਼ਨਾਨ ਦੱਸੇ ਤੇ ਦਾਨ ਪੁੰਨ ਕਰਨੇ ਦੱਸੇ। ਪਰ ਇਨ੍ਹਾਂ ਸਾਧਨਾਂ ਨਾਲ ਸਗੋਂ ਮਨ ਨੂੰ ਹੰਕਾਰ ਰੂਪ ਮੈਲ ਹੋਰ ਲੱਗ ਜਾਂਦੀ ਹੈ।

***ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥***
***ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ॥***

(ਅੰਗ ੧੪੨੮)

ਜਿਸ ਤਰ੍ਹਾਂ ਬਸਤਰ ਮੈਲਾ ਹੋਵੇ ਤਾਂ ਧੋਬੀ ਉਸ ਮੈਲੇ ਬਸਤਰ ਨੂੰ ਕਿਸੇ ਦਰਿਆ ਜਾਂ ਤਲਾ 'ਤੇ ਜਾ ਕੇ ਖੁਲ੍ਹੇ ਜਲ ਨਾਲ ਸਾਫ਼ ਕਰਦਾ ਹੈ, ਇਸ ਤਰ੍ਹਾਂ ਸਾਡੇ ਕਲਯੁੱਗੀ ਜੀਵਾਂ ਦੇ ਮਨ, ਵਿਕਾਰਾਂ ਦੀ ਮੈਲ ਨਾਲ ਲੱਥ ਪਲੱਥ ਹੋਇ ਵੇਖ ਕੇ ਗੁਰੂ ਸਾਹਿਬਾਨ ਨੇ ਸਾਡੇ 'ਤੇ ਤਰਸ ਕਰਕੇ, ਚਉਰਾਸੀ ਲੱਖ ਜੂਨਾਂ ਦੇ ਗੇੜ ਚੋਂ ਕੱਢਣ ਵਾਸਤੇ ਕਿਤੇ ਤੀਸਰੇ ਸਰੂਪ ਅੰਦਰ ਗੋਇੰਦਵਾਲ ਵਿਖੇ ਬਾਉਲੀ ਸਾਹਿਬ ਜੈਸੇ ਤੀਰਥ ਕਿਰਪਾ ਕਰਕੇ ਰਚਿ ਦਿੱਤੇ। ਕਿਹਾ ਚੌਰਾਸੀ ਵਾਰੀ ਇਸ਼ਨਾਨ ਕਰਨ ਸਮੇਂ ਚੌਰਾਸੀ ਜਪੁ ਜੀ ਸਾਹਿਬ ਜੀ ਦੇ ਪਾਠ ਕਰਨ ਨਾਲ ਚੌਰਾਸੀ ਕੱਟੀ ਜਾਵੇਗੀ :

***ਬਾਰ ਚੁਰਾਸੀ ਕਰਹਿ ਇਸਨਾਨ। ਇਤਨੇ ਜਪੁ ਜੀ ਪਾਠ ਬਖਾਨ।***
***ਸਤਿਗੁਰ ਮੂਰਤ ਕਰਕੇ ਧਯਾਨ। ਮਿਟਹਿ ਚੁਰਾਸੀ ਆਵਣ ਜਾਨ॥੫॥***

(ਰਾਸਿ ੧, ਗੁਃ ਪ੍ਰਃ ਸੂਰਜ ਗ੍ਰੰਥ)

ਪਰਮ ਕ੍ਰਿਰਪਾਲੂ ਸੋਢੀ ਪਾਤਸ਼ਾਹ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਜੀ ਨੇ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਦੇ ਹੁਕਮ ਅਨੁਸਾਰ ਜਗਤ ਜੀਆਂ ਨੂੰ ਤਾਰਣ ਵਾਸਤੇ ਅਤੇ ਜਗਤ ਜੀਆਂ ਦੇ ਪਾਪ ਦੂਰ ਕਰਨ ਲਈ, ਗਿਆਨੀ ਗਿਆਨ ਸਿੰਘ ਜੀ ਤਵਾਰੀਖ਼ ਗੁਰੂ ਖ਼ਾਲਸਾ ਦੇ ਪੰਨਾ ੩੪੪ ਅਨੁਸਾਰ ਅੰਮ੍ਰਿਤ ਸਰ ਸਰੋਵਰ ਦਾ ਟੱਕ ਸੰਮਤ ਬਿਕ੍ਰਮੀ ੧੬੩੦, ਸੰਨ ੧੫੭੩ ਨੂੰ ਗੁਰੂ ਰਾਮਦਾਸ ਜੀ ਨੇ ਲਾਇਆ। ਗੁਰ ਪ੍ਰਤਾਪ ਸੂਰਜ ਗ੍ਰੰਥ ਅਨੁਸਾਰ ਗੁਰੂ ਰਾਮਦਾਸ ਜੀ ਅਤੇ ਬਾਬਾ ਬੁੱਢਾ ਜੀ ਸਿੱਖਾਂ ਸਮੇਤ ਅਰਦਾਸ ਕਰਕੇ, ਬਾਬਾ ਜੀ ਦੇ ਕਹਿਣ ਅਨੁਸਾਰ, ਗੁਰੂ ਰਾਮਦਾਸ ਜੀ ਨੇ ਸਰੋਵਰ ਦਾ ਪਹਿਲਾ ਟੱਕ ਦੁੱਖ ਭੰਜਨੀ ਬੇਰ ਪਾਸ ਆਪ ਲਾਇਆ ਸੀ।

***ਸ੍ਰੀ ਨਾਨਕ ਆਦਿਕ ਲੇ ਨਾਇ। ਕਰਿ ਅਰਦਾਸ ਸੀਸ ਨਿਹੁਰਾਇ॥੪॥***
***ਬ੍ਰਿਧ ਬਚ ਤੇ ਲੇ ਖਨਨੀ ਹਾਥ। ਟਕ ਲਾਇਸ ਚਿਤਵਤਿ ਗੁਰੁ ਨਾਥ॥੧੧॥***

(ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸ ੨, ਅੰਸੂ ੧੩)

ਪਰ ਨੀਵਨ ਇਤਿਹਾਸ ਦੇ ਲੇਖਕਾਂ ਨੇ ਸੰਮਤ ਬਿਕ੍ਰਮੀ ੧੬੩੪, ਸੰਨ ੧੫੭੭ ਨੂੰ ਦੁੱਖ ਭੰਜਨੀ ਬੇਰ ਦੇ ਕੋਲ, ਸਰੋਵਰ ਦਾ ਟੱਕ ਲਗਾਇਆ ਦੱਸਿਆ ਹੈ, ਜਿਸ ਦਾ ਨਾਮ ਗੁਰੂ ਜੀ ਨੇ ਅੰਮ੍ਰਿਤਸਰ ਰੱਖਿਆ।

***ਜੋ ਇਸਨਾਨ ਯਾ ਸੋ ਕਰੇ ਸਤਿਗੁਰ ਭਗਤ ਬਢਾਇ।***
***ਬਿਨ ਪ੍ਰਿਆਸ ਮੁਕਤ ਲਹੇ ਮਮ ਬਚਨ ਨਾ ਬਿਰਥਾ ਜਾਇ।***

(ਮਹਿਮਾ ਪ੍ਰਕਾਸ)

## ਅੰਮ੍ਰਿਤਸਰ ਤੀਰਥ ਦੀ ਮਹਿਮਾ:

ਪੁਰਾਤਨ ਜਨਮ ਸਾਖੀ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਦੁਪਹਿਰ ਹਰਿ ਕੀ ਪਉੜੀ ਵਾਲੀ ਜਗ੍ਹਾ ਆਰਾਮ ਕੀਤਾ ਤੇ ਭੋਗ ਮੋਖ ਦਾ ਪ੍ਰਵਾਹ ਚਲਣ ਦਾ ਇਸ ਜਗ੍ਹਾ ਨੂੰ ਵਰ ਦਿੱਤਾ। ਇਕ ਰਵਾਇਤ ਇਹ ਭੀ ਹੈ ਕਿ ਗੁਰੂ ਨਾਨਕ ਕਰਤਾਰਪੁਰ ਤੋਂ ਚੱਲ ਕੇ ਇਥੇ ਆਉਂਦੇ ਤਾਂ ਗੁਰੂ ਅੰਗਦ ਦੇਵ ਜੀ ਖਡੂਰ ਸਾਹਿਬ ਤੋਂ ਚੱਲ ਕੇ ਇਸ ਜਗ੍ਹਾ ਇਕੱਠੇ ਬੈਠਦੇ ਸਨ। ਦੂਸਰਾ ਜ਼ਿਕਰ ਗੁਰੂ ਨਾਨਕ ਦੇਵ ਜੀ ਦੀਪਾਲਪੁਰ ਨੂੰ ਜਾਣ ਸਮੇਂ ਇਥੇ ਟਿਕੇ ਸਨ। ਗੁਰੂ ਅੰਗਦ ਦੇਵ ਜੀ ਨੇ ਇਸ ਅਸਥਾਨ ਨੂੰ ਪਵਿੱਤਰ ਕੀਤਾ ਸੀ, ਰਿਸਦਾ ਅੰਗੂਠਾ ਇਥੋਂ ਲੱਭੀ ਬੂਟੀ ਨਾਲ ਠੀਕ ਹੋਇਆ ਸੀ ਦੁੱਖ ਭੰਜਨੀ ਬੇਰੀ ਪਾਸੋਂ। (ਪ੍ਰਿੰ: ਸਤਿਬੀਰ ਸਿੰਘ ਸਾਡਾ ਇਤਿਹਾਸ) ਗੁਰੂ ਅਮਰਦਾਸ ਜੀ ਨੇ ਆਪ ਟੱਕ ਲੱਗਾ ਕੇ ਚੱਕ ਰਾਮਦਾਸ ਪੁਰ ਵਸਾਉਣ ਦਾ ਹੁਕਮ ਕੀਤਾ ਸੀ। ਅੰਮ੍ਰਿਤ ਸਰੋਵਰ ਦਾ ਟੱਕ ਗੁਰੂ ਰਾਮਦਾਸ ਜੀ ਨੇ ਲਾਇਆ ਸੀ। ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤ ਸਰੋਵਰ ਪੱਕਾ ਕੀਤਾ ਅਤੇ ਹਰਿਮੰਦਰ ਸਾਹਿਬ ਦੀ ਉਸਾਰੀ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ। ਗੁਰੂ ਹਰਿਗੋਬਿੰਦ ਜੀ ਨੇ ਅਕਾਲ ਤਖ਼ਤ ਦੀ ਸਿਰਜਨਾ ਕੀਤੀ। ਮਹਿਮਾ ਪ੍ਰਕਾਸ਼ ਅਨੁਸਾਰ ਗੁਰੂ ਹਰਿ ਰਾਇ ਜੀ ਨੇ ਵੀ ਚਰਨ ਪਾਏ ਸਨ। ਇਕ ਲੇਖਕ ਅਨੁਸਾਰ ਸੱਤਵੇਂ ਪਾਤਸ਼ਾਹ ਜਦ ਅੰਮ੍ਰਿਤਸਰ ਸਾਹਿਬ ਆਏ ਸਨ ਤਾਂ ਇਸ ਸਮੇਂ ਅੱਠਵੇਂ ਪਾਤਸ਼ਾਹ ਜੀ ਵੀ ਨਾਲ ਅੰਮ੍ਰਿਤਸਰ ਆਏ ਸਨ। ਗੁਰੂ ਤੇਗ਼ ਬਹਾਦਰ ਜੀ ਦਾ ਪਵਿੱਤਰ ਅਸਥਾਨ ਥੜਾ ਸਾਹਿਬ ਹੈ। ਇਸ ਅਸਥਾਨ ਦੀ ਮਹਾਨਤਾ ਦੀਆਂ ਸਾਰੀਆਂ ਗੱਲਾਂ ਨੂੰ ਮੁੱਖ ਰੱਖ ਕੇ ਗੁਰੂ ਅਮਰਦਾਸ ਜੀ ਨੇ ਅੰਮ੍ਰਿਤ ਸਰੋਵਰ ਰਚਣ ਵਾਸਤੇ ਇਹ ਥਾਂ ਚੁਣਿਆ ਸੀ। ਆਪ ਨੇ ਇਸ ਨੂੰ ਬਨਾਉਣ ਦੀ ਸਾਰੀ ਜ਼ਿੰਮੇਵਾਰੀ ਗੁਰੂ ਰਾਮਦਾਸ ਜੀ ਨੂੰ ਸੌਂਪ ਦਿੱਤੀ ਸੀ। ਇਉਂ ਉਤਮ ਗੁਰਿਆਈ ਦਾ ਤਿਲਕ ਦੇ ਕੇ ਗੁਰੂ ਅਮਰਦਾਸ ਜੀ ਨੇ ਗੁਰੂ ਰਾਮਦਾਸ ਜੀ ਨੂੰ ਸਮੇਤ ਪਰਿਵਾਰ ਅੰਮ੍ਰਿਤਸਰ ਜਾ ਵੱਸਣ ਦਾ ਹੁਕਮ ਦਿੱਤਾ। ਗੁਰਦੇਵ ਦੀ ਆਗਿਆ ਦਾ ਪਾਲਣ ਕਰਦੇ ਹੋਏ ਗੁਰੂ ਰਾਮਦਾਸ ਜੀ ਹਮੇਸ਼ਾ ਵਾਸਤੇ ਅੰਮ੍ਰਿਤਸਰ ਆ ਵੱਸੇ ਸਨ।

***ਬੈਠਾ ਸੋਢੀ ਪਾਤਿਸਾਹੁ ਰਾਮਦਾਸੁ ਸਤਿਗੁਰੂ ਕਹਾਵੈ।***
***ਪੂਰਨੁ ਤਾਲੁ ਖਟਾਇਆ ਅੰਮ੍ਰਿਤਸਰਿ ਵਿਚਿ ਜੋਤ ਜਗਾਵੈ॥***

(ਭਾ: ਗੁਰਦਾਸ ਜੀ ਵਾਰ ੧, ਪਉੜੀ ੪੭)

## ਤੀਰਥ ਪੂਰਾ ਸਤਿਗੁਰੂ :

ਸਿਆਣੇ ਵਿਦਵਾਨਾਂ ਦਾ ਵਿਚਾਰ ਹੈ ਕਿ ਨਵੇਂ ਮਨੁੱਖ ਦੀਆਂ ਲੋੜਾਂ ਪੂਰੀਆਂ ਕਰਨ ਵਾਸਤੇ ਨਵੇਂ ਧਰਮ ਵਜੂਦ ਵਿਚ ਆਉਂਦੇ ਹਨ। ਕੁਝ ਰਸਮਾਂ-ਰੀਤਾਂ ਉਹ ਪੁਰਾਣੇ ਸਮਾਜ ਦੀਆਂ ਹੂ-ਬ-ਹੂ ਅਪਣਾ ਲੈਂਦੇ ਹਨ, ਕੁਝ ਦਾ ਪੂਰੀ ਤਰ੍ਹਾਂ ਵਿਰੋਧ ਕਰਦੇ ਹਨ ਤੇ ਕੁਝ ਦੀ ਕੇਵਲ ਸ਼ਕਲੋ-ਸੂਰਤ ਜਾਂ ਢੰਗ ਬਦਲੇ ਜਾਂਦੇ ਹਨ। 'ਤੀਰਥ' ਸ਼ਬਦ ਭਾਰਤ ਭਰ ਦੇ ਲੋਕਾਂ ਦੇ ਮਨਾਂ ਵਿਚ ਬਹੁਤ ਰਚ ਚੁੱਕਾ ਹੈ। ਅਜੇ ਤੱਕ ਵੀ ਤੀਰਥ ਯਾਤਰਾ ਨੂੰ ਕਲਿਆਣ ਜਾਂ ਆਤਮਿਕ-ਸ਼ੁੱਧੀ ਦਾ ਸਾਧਨ ਮੰਨਿਆ ਜਾਂਦਾ ਹੈ। ਗੁਰਬਾਣੀ ਵਿਚ ਗੁਰੂ ਸਾਹਿਬਾਨ ਨੇ ਭਾਵੇਂ ਨਾਮ ਸਿਮਰਨ ਨੂੰ ਹੀ ਸੱਚਾ 'ਤੀਰਥ' ਮੰਨਿਆ ਹੈ :

***ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥***
***ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥***

(ਅੰਗ ੬੮੭)

ਪਰ ਅਸਲੀ ਤੌਰ ਤੇ ਇਤਿਹਾਸਕ ਤੀਰਥ-ਅਸਥਾਨਾਂ ਦੀ ਮਹਾਨਤਾ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ। ਅਸਥਾਨ ਦਾ ਪਵਿੱਤਰ ਇਤਿਹਾਸ ਉਸਦੀ ਮਾਨਤਾ ਦਾ ਕਾਰਨ ਹੁੰਦਾ ਹੈ। ਉਹ ਯਾਤਰੂ ਦੇ ਮਨ 'ਤੇ ਚੰਗਾ ਪ੍ਰਭਾਵ ਵੀ ਪਾਉਂਦਾ ਹੈ। ਆਮ ਤੀਰਥਾਂ ਨਾਲੋਂ ਤੀਰਥ ਪੂਰਾ ਸਤਿਗੁਰੂ ਦਾ ਰਚਿਆ ਗੁਰ ਤੀਰਥ ਗੁਰਸਿੱਖਾਂ ਵਾਸਤੇ ਮਹਾਨ ਹੈ। ਗੁਰੂ ਰਾਮਦਾਸ ਜੀ ਦੇ ਪਵਿੱਤਰ ਬਚਨ ਹਨ :

***ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ॥***
***ਗੁਰਸਿਖੀ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ॥***

(ਅੰਗ ੪੫੦)

ਗੁਰੂ ਸਾਹਿਬਾਂ ਦੀ ਚਰਨ-ਛੋਹ ਪ੍ਰਾਪਤ ਹੋਣ ਕਰਕੇ ਗੁਰੂ ਅਮਰਦਾਸ ਜੀ ਨੇ ੧੫੭੨ ਵਿਚ ਭਾਈ ਜੇਠਾ ਜੀ ਨੂੰ ਨਵਾਂ ਸ਼ਹਿਰ ਰਾਮਦਾਸ ਪੁਰ (ਅੰਮ੍ਰਿਤਸਰ) ਬਣਾਉਣ ਦੀ ਆਗਿਆ ਕੀਤੀ ਅਤੇ ਗੁਰੂ ਅਮਰਦਾਸ ਜੀ ਦੀ ਆਗਿਆ ਪਾ ਕੇ (ਗੁਰੂ) ਰਾਮਦਾਸ ਜੀ ਨੇ ਇਕ ਸਰੋਵਰ ਦਾ ਟੱਕ ਲਾਇਆ, ਜਿਸਨੂੰ ਇਸ ਵੇਲੇ ਸੰਤੋਖਸਰ ਕਹਿੰਦੇ ਹਨ। ਨਾਲ ਹੀ ਗੁਰੂ ਮਹਾਰਾਜ ਨੇ ਇਕ ਨਵਾਂ ਨਗਰ ਵਸਾਉਣ ਦੀ ਰਸਮ ਅਦਾ ਕੀਤੀ (ਮੋਹੜੀ ਗੱਡੀ) ਤੇ ਉਸ ਦਾ ਨਾਮ 'ਗੁਰੂ ਦਾ ਚੱਕ' ਧਰਿਆ। ਪਿਛੋਂ ਇਸ ਨਗਰ ਦਾ ਨਾਮ 'ਰਾਮਦਾਸ ਪੁਰ' ਜਾਂ 'ਚੱਕ ਰਾਮਦਾਸ' ਪੈ ਗਿਆ ਪਰ ੧੮੮੩-੮੪ ਦੇ ਗਜ਼ਟੀਅਰ ਵਿਚ ਐਚ. ਡੀ. ਕਰੇ ਨੇ ਲਿਖਿਆ ਹੈ ਕਿ ਇਹ ਅੰਮ੍ਰਿਤਸਰ ਵਾਲੀ ਥਾਂ ਗੁਰੂ ਰਾਮਦਾਸ ਜੀ ਨੇ ਤੁੰਗ ਪਿੰਡ ਦੇ ਜ਼ਿਮੀਂਦਾਰ ਪਾਸੋਂ ੭੦੦ ਰੁਪੈ ਵਿਚ ਖ਼ਰੀਦੀ ਸੀ। ਪਰ ਬਰਾਊਨ ਦੇ ਬਣਾਏ ਨਕਸ਼ੇ ਵਿਚ ਗੁਰੂ ਕਾ ਚੱਕ ਤੇ ਅੰਮ੍ਰਿਤਸਰ ਦੋਵੇਂ ਨਾਮ ਮਿਲਦੇ ਹਨ। ਭਾਈ ਕੇਸਰ ਸਿੰਘ ਜੀ ਅਨੁਸਾਰ ਇਸ ਦਾ ਪਹਿਲਾ ਨਾਮ ਰਾਮਦਾਸ ਸਰ ਤੇ ਅਮਰਸਰ ਹਨ।

***ਦੁਇ ਨਾਮ ਤੀਰਥ ਕੇ ਪਏ ਸੰਸਾਰ। ਕੋਈ ਕਹੈ ਰਾਮਦਾਸ ਸਰ। ਕੋਈ ਕਹੈ ਅਮਰ ਸਰ ਉਚਾਰ।***

ਪਰ ਅੱਗੇ ਜਾ ਕੇ ਲਿਖਦੇ ਹਨ, ਕਿ ਜਿਸ ਵੇਲੇ ਉਸਾਰੀ ਹੋ ਗਈ ਮਕਾਨਾਂ ਦੀ, ਤੇ ਸੇਵਾ ਹੋ ਗਈ ਸਰੋਵਰਾਂ ਦੀ ਤਾਂ ਅੰਮ੍ਰਿਤਸਰ ਪ੍ਰਸਿੱਧ ਹੋ ਗਿਆ।

***ਉਸਾਰੀ ਫੇਰ ਲਵਾਈ ਅੰਮ੍ਰਿਤਸਰ।***
***ਨਾਲੇ ਸਰਿ ਬਣੇ ਨਾਲ ਬਣੇ ਨਗਰ ਵਿਚ ਘਰ।***

ਸ਼ਾਂਤੀ ਦੇ ਸੋਮੇ ਤੇ ਸੱਚ ਦੇ ਸੂਰਜ ਪਰਮ ਕਿਰਪਾਲੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ, ਜਿਸ ਗੁਰੂ ਦਾ ਨਾਮ ਲੈਣ ਨਾਲ ਗਰਭ ਜੂਨ ਵਿਚ ਪੈਣ ਦਾ ਦੁੱਖ ਕੱਟਿਆ ਜਾਂਦਾ ਹੈ, ਸੰਮਤ ਬ੍ਰਿਕਮੀ ੧੬੪੩ ਨੂੰ ਅੰਮ੍ਰਿਤ ਸਰੋਵਰ ਦੀ ਕਾਰ ਸੇਵਾ ਆਰੰਭ ਕੀਤੀ। ਸਰੋਵਰ ਦੀ ਸੇਵਾ ਗੁਰਸਿੱਖ ਕਿਤਨੇ ਪ੍ਰੇਮ ਨਾਲ ਕਰਦੇ ਸਨ, ਇਸ ਦਾ ਜ਼ਿਕਰ ਕਵੀ ਸੰਤੋਖ ਸਿੰਘ ਜੀ ਨੇ ਇਸ ਤਰ੍ਹਾਂ ਕੀਤਾ ਹੈ :

***ਕਿਨਹੁ ਗਹੀ ਖਨਨੀ ਕਰ ਮਾਂਹੀ॥ ਖਨਹਿ ਕਰਹਿ ਬਲ ਪ੍ਰੇਮ ਉਮਾਹੀ।***
***ਕਿਨਹੁ ਟੋਕਰੀ ਸਿਰ ਪਰ ਧਰੀ। ਬਹੁਤ ਭਾਰਿ ਹਾਥਨਿ ਸੋਂ ਭਰੀ॥ ੩੩॥***
***ਕੇਤਿਕ ਲੈ ਕਰਿ ਵਹਿਰ ਗਿਰਾਵਹਿ। ਕੋ ਕਹਿ ਕਰਿ ਉਤਸਾਹੁ ਵਧਾਵਹਿ।***
***ਅਤਿ ਅਨੰਦਤਾ ਉਰ ਮੈਂ ਹੋਈ। ਕਾਰ ਤਲਾਵ ਲਗੇ ਸਭਿ ਕੋਈ॥ ੩੪॥***

(ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੨, ਅੰਸੂ ੩੯)

ਸ੍ਰੀ ਗੁਰੂ ਅਰਜਨ ਦੇਵ ਜੀ ਦੁੱਖ ਭੰਜਨੀ ਬੇਰੀ ਹੇਠ ਜਾਂ ਅਠਸਠ ਘਾਟ ਵਾਲੀ ਜਗ੍ਹਾ ਜਿਥੇ ਹੁਣ ਥੜਾ ਬਣਿਆ ਹੈ, ਉਪਰ ਬੈਠ ਕੇ ਸਰੋਵਰ ਦੀ ਸੇਵਾ ਦੀ ਨਿਗਰਾਨੀ ਕਰਦੇ ਸਨ। ਬਾਬਾ ਬੁੱਢਾ ਜੀ ਸਮੇਤ ਆਪਣੇ ਪਰਿਵਾਰ ਦੇ ਸੇਵਾ ਕਰ ਕਰਾ ਰਹੇ ਸਨ।

***ਆਪ ਖਰੇ ਹੋਇ ਸਭਿਨ ਮਝਾਰੀ। ਕਾਰ ਕਰਾਵਹਿ ਗੁਰ ਉਪਕਾਰੀ।***
***ਦੇਖਤ ਕਾਰ ਚੌਗਨੀ ਹੋਇ। ਉਦਮ ਕਰਹਿਂ ਅਧਿਕ ਸਭਿ ਕੋਇ॥ ੩੫॥***

(ਗੁਰਪ੍ਰਤਾਪ ਸੂਰਜ ਗ੍ਰੰਥ, ਰਾਸਿ ੨, ਅੰਸੂ ੩੯)

***ਭਾਈ ਬੁੱਢਾ ਜੁਤਿ ਪਰਵਾਰ। ਸੁਤ ਪੌਤ੍ਰਾਦਿ ਸਹਿਤ ਕਰਿ ਕਾਰੁ।...੧੯॥***

(ਗੁਰਪ੍ਰਤਾਪ ਸੂਰਜ ਗ੍ਰੰਥ, ਰਾਸਿ ੨, ਅੰਸੂ ੩੯)

ਗੁਰ ਇਤਿਹਾਸ ਅਨੁਸਾਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਿਸ ਵੇਲੇ ਸਰੋਵਰ ਦੀ ਸੇਵਾ ਸ਼ੁਰੂ ਕੀਤੀ, ਉਸ ਵੇਲੇ ਦੱਸਿਆ ਕਿ ਸਾਡੇ ਪਿਤਾ ਗੁਰੂ ਰਾਮਦਾਸ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਦੇ ਹੁਕਮ ਅਨੁਸਾਰ ਇਹ ਸੇਵਾ ਸ਼ੁਰੂ ਕੀਤੀ ਸੀ, ਪਰ ਉਸ ਸਮੇਂ ਸੇਵਾ ਸੰਪੂਰਨ ਨਹੀਂ ਹੋਈ ਸੀ। ਜਲ ਨਾਲ ਮਿਟੀ ਪੈਕੇ, ਉਹ ਸੇਵਾ ਕੀਤੀ ਵਾਲੀ ਨੀਵੀ ਥਾਂ ਫਿਰ ਭਰ ਗਈ ਹੈ। ਚਿੰਨ੍ਹ ਮਾਤਰ ਇਹ ਦੁੱਖ ਭੰਜਨੀ ਬੇਰ ਪਾਸ ਨੀਵੀਂ ਥਾਂ ਮੌਜੂਦ ਹੈ। ਇਸ ਤਰ੍ਹਾਂ ਦੱਸਦਿਆਂ ਪੰਚਮ ਗੁਰਦੇਵ ਨੇ ਅਰਦਾਸ ਕਰ ਕੇ ਸੇਵਾ ਸ਼ੁਰੂ ਕੀਤੀ ਸੀ।

*ਸਤਿਗੁਰ ਅਮਰਦਾਸ ਕੀ ਆਇਸੁ। ਲੇ ਪਿਤ ਹਮਰੇ ਇਹ ਠਾਂ ਆਇਸੁ।*
*ਪਾਵਣ ਤੀਰਥ ਕੋ ਬਿਦਤਾਵਨਿ। ਲਾਇ ਬ੍ਰਿੰਦ ਨਰ ਕੀਨ ਖਨਾਵਨਿ ॥੨੭॥*
*ਨਹੀ ਸੰਪੂਰਨ ਕਾਰਜਿ ਹੋਵਾ। ਗੋਇੰਦਵਾਲ ਜਾਇ ਗੁਰ ਜੋਵਾ।*
*ਪੁਨ ਜਲ ਸੌਂ ਬਹਿ ਮ੍ਰਿਤਕਾ ਪਰੀ। ਖਨੀ ਬਾਂਇ ਸੋ ਪੂਰਨ ਕਰੀ ॥੨੮॥*

(ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੨, ਅੰਸੂ ੩੯)

ਤਥਾ :

*ਪੰਚਾਂਮ੍ਰਿਤ ਕਰਿਵਾਇ ਸੁ ਘਨੋ। ਕਰਿ ਅਰਦਾਸ ਨਾਮ ਗੁਰ ਭਨੋ।*
*ਨਰ ਸਮਦਾਇਨ ਮਹਿਂ ਬਰਤਾਯੋ। ਕਰਯੋ ਮਹੂਰਤਿ ਬਿਘਨ ਨਸਾਯੋ ॥ ੩੧ ॥*
*ਤੀਖਨ ਖਨਨੀ ਲੈ ਕਰਿ ਹਾਥ। ਮ੍ਰਿਤਕਾ ਖਨੀ ਪ੍ਰਿਥਮ ਗੁਰ ਨਾਥ।*
*ਸਗਰੇ ਸਿਖ ਆਗਯਾ ਕੋ ਪਾਏ। ਲਗੇ ਸੇਵ ਕੋ ਚੌਂਪ ਉਪਾਏ॥ ੩੨ ॥*

(ਗੁਰੁ ਪ੍ਰਤਾਪ ਸੂਰਜ ਗ੍ਰੰਥ, ਰਾਸਿ ੨, ਅੰਸੂ ੩੯)

ਇਸ ਲਈ ਅੰਮ੍ਰਿਤ ਸਰੋਵਰ ਦੇ ਰਚਨ ਦਾ ਉੱਦਮ ਸ੍ਰੀ ਗੁਰੂ ਅਮਰਦਾਸ ਜੀ ਦੇ ਹੁਕਮ ਨਾਲ ਸ੍ਰੀ ਗੁਰੂ ਰਾਮਦਾਸ ਜੀ ਨੇ ਕੀਤਾ ਸੀ, ਇਸ ਕਰਕੇ ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਅੰਦਰ ਇਸ ਭਾਵ ਨੂੰ ਐਉਂ ਪਰਗਟ ਕੀਤਾ ਹੈ :

*ਜਿਨਿ ਉਦਮੁ ਕੀਆ ਤਾਲ ਕੇਰਾ, ਤਿਸ ਕੀ ਉਪਮਾ ਕਿਆ ਗਨੀ॥*

(ਅੰਗ ੭੮੪)

ਜਿਸ ਸਮੇਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਰਵੋਰ ਦੀ ਸੇਵਾ ਸੰਪੂਰਨ ਕੀਤੀ। ਅੰਮ੍ਰਿਤ ਸਰਵੋਰ ਦੇ ਪੌੜ ਆਦਿ ਪੱਕੇ ਹੋਣ ਦੀ ਸੇਵਾ ਸਾਰੀ ਸੰਪੂਰਨ ਹੋ ਗਈ ਤਾਂ ਉਸ ਸਮੇਂ ਛੇਤੀ ਹੀ ਵਰਖਾ ਦੇ ਨਿਰਮਲ ਜਲ ਨਾਲ ਸਰੋਵਰ ਲਬਾ-ਲਬ ਭਰ ਗਿਆ। ਸ੍ਰੀ ਹਰਿਮੰਦਰ ਸਾਹਿਬ ਦੇ, ਸੁਨਹਿਰੀ ਇਤਿਹਾਸ ਦੇ ਪੰਨਾ ੫੯ ਅਨੁਸਾਰ, ਅੰਮ੍ਰਿਤ ਵੇਲੇ ਸਭ ਤੋਂ ਪਹਿਲਾਂ ਇਸ ਅੰਮ੍ਰਿਤਸਰ ਸਰੋਵਰ ਵਿਚ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਖ਼ੁਦ ਇਸ਼ਨਾਨ ਕੀਤਾ ਸੀ। ਤੇ ਉਸ ਸਮੇਂ ਗੁਰ ਇਤਿਹਾਸ ਅਨੁਸਾਰ ਗੁਰੂ ਅਰਜਨ ਦੇਵ ਜੀ ਨੇ ਇਸ ਸਰੋਵਰ ਦੀ ਮਹਿਮਾ ਕਥਨ ਕਰਦਿਆਂ ਇਹ ਪਵਿੱਤਰ ਸ਼ਬਦ ਉਚਾਰਨ ਕੀਤਾ ਸੀ-

*ਰਾਮਦਾਸ ਸਰੋਵਰਿ ਨਾਤੇ॥ ਸਭਿ ਉਤਰੇ ਪਾਪ ਕਮਾਤੇ॥*
*ਨਿਮਰਲ ਹੋਏ ਕਰਿ ਇਸਨਾਨਾ॥ ਗੁਰਿ ਪੂਰੈ ਕੀਨੇ ਦਾਨਾ॥*

(ਅੰਗ ੬੨੫)

ਇਸ ਤੋਂ ਬਿਨਾਂ ਗੁਰਦੇਵ ਨੇ ਹੋਰ ਵੀ ਕਈ ਸ਼ਬਦ ਇਸ ਪਵਿੱਤਰ ਅੰਮ੍ਰਿਤ ਸਰੋਵਰ ਦੀ ਮਹਿਮਾ ਕਥਨ ਕਰਦਿਆਂ ਉਚਾਰਨ ਕੀਤੇ।

***ਇਤਯਾਦਿਕ ਬਹੁ ਸ਼ਬਦ ਉਚਾਰੇ। ਲਿਖੇ ਜੁ ਹੈ ਗੁਰੁ ਗ੍ਰੰਥ ਮਝਾਰੇ।***

(ਸ੍ਰੀ ਗੁਰ ਪੰਥ ਪ੍ਰਕਾਸ਼, ਪੂਰਬਾਰਧ ਬਿਸ੍ਰਾਮ ੧੮)

ਤਥਾ :

***ਸੋਰਠਿ ਰਾਗੁ ਮਝਾਰ ਬਨਾਵੈਂ। ਮਹਾਂ ਮਹਾਤਮ ਕੋ ਬਿਦਤਾਵੈਂ।***
***ਅੰਮ੍ਰਿਤਸਰਿ ਜਿਨ ਮੱਜਨ ਕੀਨਾ। ਕੋਟਿ ਜਨਮ ਕੇ ਅਘ ਕਰਿ ਛੀਨਾ॥***

(ਗੁਰੁ ਪ੍ਰਤਾਪ ਸੂਰਜ ਗ੍ਰੰਥ, ਰਾਸਿ ੨, ਅੰਸੂ ੫੬)

ਤਥਾ :-

***ਕਹਿਓ ਮਹਾਤਮ ਆਪ ਗੁਰੁ ਸ੍ਰੀ ਮੁਖ ਸ਼ਬਦ ਉਚਾਰ।***
***ਸ੍ਰੀ ਅੰਮ੍ਰਿਤਸਰ ਮਹਮਾ ਅਮਿਤ ਲਿਖੀ ਗ੍ਰਿੰਥ ਮਝਾਰ॥ ੧੧॥***

(ਮਹਿਮਾ ਪ੍ਰਕਾਸ਼)

ਇਸ ਅੰਮ੍ਰਿਤਸਰ ਸਰੋਵਰ ਦੇ ਇਸ਼ਨਾਨ ਦੀ ਮਹਿਮਾ ਹਜ਼ੂਰ ਨੇ ਆਪ ਗੁਰਬਾਣੀ ਅਤੇ ਗੁਰਇਤਿਹਾਸ ਅੰਦਰ ਬੇਅੰਤ ਥਾਈਂ ਕਥਨ ਕੀਤੀ ਹੈ। ਇਹ ਅੰਮ੍ਰਿਤ ਸਰੋਵਰ ੫੦੦ ਫੁੱਟ ਲੰਬਾ, ੪੯੦ ਫੁੱਟ ਚੌੜਾ ਤੇ ੧੭ ਫੁੱਟ ਡੂੰਘਾ ਹੈ। ਕੁਲ ੧੧ ਪੌੜ ਹਨ, ਇਸ ਅੰਮ੍ਰਿਤਸਰ ਸਰੋਵਰ ਦੇ। ਇਸ ਸਰੋਵਰ ਦੇ ਵਿਚਕਾਰ ਸਿੱਖ ਕੌਮ ਦੇ ਸ਼੍ਰੋਮਣੀ ਕੇਂਦਰੀ ਧਾਰਮਿਕ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਉਸਾਰੀ ਪੰਚਮ ਪਾਤਸ਼ਾਹ ਜੀ ਨੇ ਆਪ ਕਰਵਾਈ। ਇਸ ਦੀ ਸ਼ੁਰੂਆਤ ਗੁਰਦੇਵ ਨੇ ਅਰਦਾਸ ਕਰਕੇ ਕੀਤੀ-

***ਇਮ ਅਰਦਾਸ ਕਰੀ ਬ੍ਰਿਧ ਜਬੈ। ਸ੍ਰੀ ਅਰਜਨ ਕਰ ਪੰਕਜ ਤਬੈ॥ ੧੩॥***
***ਗਹੀ ਈਂਟ ਤਹਿੰ ਕਰੀ ਟਿਕਾਵਨ। ਮੰਦਰ ਅਵਿਚਲ ਨੀਵ ਰਖਾਵਨ।...੧੪॥***

(ਗੁਰਪ੍ਰਾਤਪ ਸੂਰਜ ਗ੍ਰੰਥ, ਰਾਸਿ ੨ ਅੰਸੂ ੫੩)

ਸ੍ਰੀ ਹਰਿਮੰਦਰ ਸਾਹਿਬ ਜੀ ਦੀ ਇਮਾਰਤ ੪੦ ਫੁੱਟ ਮੁਰੱਬਾ ਹੈ। ਚੁਗਿਰਦੇ ੧੩-੧੩ ਫੁੱਟ ਚੌੜੀ ਪ੍ਰਕਰਮਾ ਹੈ। ਸਣੇ ਪ੍ਰਕਰਮਾ ੬੬ ਫੁੱਟ ਮੁਰੱਬਾ ਠੋਸ ਥੜ੍ਹਾ ਹੈ, ਜਿਸ ਦੀ ਨੀਂਹ ੨੦ ਫੁੱਟ ਡੂੰਘੀ ਹੈ। ਤਿੰਨ-ਤਿੰਨ ਫੁਟ ਹੇਠ ਰੋੜੀ ਮਸਾਲੇ ਪਾਈ ਹੋਈ ਹੈ। ਇਸ ਦੀ ਨੀਵ ਗੁਰਦੇਵ ਨੇ ਆਪ ਸੰਮਤ ੧੬੪੫ ਨੂੰ ਰੱਖੀ। ਦੁਨੀਆਂ ਭਰ ਵਿਚ ਐਸਾ ਅਸਥਾਨ ਹੈ ਜਿਸ ਦੀ ਪਰਮ ਕ੍ਰਿਪਾਲੂ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਪਵਿੱਤਰ ਕਰ ਕਮਲਾਂ ਨਾਲ ਸਿਰਜਨਾ ਕੀਤੀ। ਸਿੱਖੀ ਸ਼ਰਧਾ, ਸੇਵਾ-ਸਿਮਰਨ, ਭਗਤੀ ਤੇ ਸ਼ਕਤੀ, ਮਾਨਸਿਕ ਤ੍ਰਿਪਤੀ ਅਤੇ ਕੁਰਬਾਨੀ ਦੀ ਪ੍ਰੇਰਨਾ ਵਜੋਂ ਜਾਣੇ ਜਾਂਦੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਜਿਸ ਬਾਰੇ ਗੁਰਬਾਣੀ ਅੰਦਰ ਅੰਕਿਤ ਹੈ-

***ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ॥***
***ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ॥***

(ਅੰਗ ੧੩੬੨)

ਸ੍ਰੀ ਹਰਿਮੰਦਰ ਸਾਹਿਬ ਸਿੱਖ ਕੌਮ ਦਾ ਸ਼੍ਰੋਮਣੀ ਕੇਂਦਰੀ ਧਾਰਮਿਕ ਅਸਥਾਨ ਹੈ। ਇਸ ਦੇ ਚਾਰ-ਚੁਫੇਰੇ ਅੰਮ੍ਰਿਤ ਜਲ ਦੀਆਂ ਪਵਿੱਤਰ ਲਹਿਰਾਂ ਨਾਲ ਲਹਿਰਾਉਂਦਾ ਅੰਮ੍ਰਿਤ-ਸਰੋਵਰ ਇਸ ਦੀ ਸ਼ਾਨ ਤੇ ਮਹਾਨਤਾ ਨੂੰ ਚਾਰ ਚੰਨ ਲਾਉਂਦਾ ਪ੍ਰਤੀਤ ਹੁੰਦਾ ਹੈ। ਅਸਲ ਵਿਚ ਹਰਿਮੰਦਰ ਸਾਹਿਬ ਪੰਜਾਬ ਦੀ ਧਰਤੀ 'ਤੇ ਲੱਗੀ ਹੋਈ ਇਹ ਰੱਬੀ ਮੋਹਰ ਛਾਪ ਹੈ।

ਇਹ ਸ੍ਰੀ ਹਰਿਮੰਦਰ ਸਾਹਿਬ, ਕਲਾ ਦਾ ਸੁੰਦਰ ਨਮੂਨਾ, ਇਮਾਰਤਸਾਜ਼ੀ ਦੀ ਦਿਲਕਸ਼ ਤੇ ਅਨੂਪਮ ਘਾੜਤ, ਆਤਮਿਕ ਹੁਲਾਸ ਦਾ ਸੋਮਾ, ਗੁਰਬਾਣੀ ਦੇ ਕੀਰਤਨ ਤੇ ਪਾਠ ਦੇ ਅਖੰਡ ਪ੍ਰਵਾਹ ਦੀ ਵਗਦੀ ਨਿਰਮਲ ਧਾਰਾ, ਸੇਵਾ ਤੇ ਸਿਮਰਨ ਦਾ ਸੰਗਮ ਅਤੇ ਸਿੱਖੀ ਦਾ ਰੌਸ਼ਨ-ਮੀਨਾਰ ਹੈ। ਇਹ ਸੱਚ-ਮੁੱਚ ਮਾਤ ਲੋਕ ਦਾ ਸੱਚਖੰਡ ਹੈ। ਇਹ ਇਕੱਲਾ, ਸੁੰਦਰ ਸੁਵਰਨ-ਮੰਦਰ ਜਾਂ ਗੋਲਡਨ ਟੈਂਪਲ ਹੀ ਨਹੀਂ ਹੈ, ਇਹ ਤਾਂ ਹਰਿ ਜਪੇ ਹਰਿਮੰਦਰ ਸਾਜਿਆ ਹੈ। ਇਹ ਤਾਂ ਗੁਰਬਾਣੀ ਮੰਦਰ ਹੈ, ਨਾਮ ਮੰਦਰ ਹੈ ਅਤੇ ਕੀਰਤਨ ਮੰਦਰ ਹੈ। ਗੁਰੂ ਮੰਦਰ ਹੈ, ਹਰੀ ਦਾ ਮੰਦਰ ਹੈ, ਇਹ ਰੱਬੀ ਪਿਆਰ, ਰੱਬੀ ਏਕਤਾ, ਸਮਾਨਤਾ, ਇਕ-ਸੁਰਤਾ ਅਤੇ ਮਨੁੱਖ ਮਾਤਰ ਦੇ ਪਿਆਰ ਦਾ ਕੇਵਲ ਪ੍ਰਤੀਕ ਹੀ ਨਹੀਂ, ਸਗੋਂ ਜਿਉਂਦੀ ਜਾਗਦੀ ਮੂੰਹ ਬੋਲਦੀ ਸੁੰਦਰ ਤਸਵੀਰ ਹੈ। ਇਥੋਂ ਨਾਮ ਰੂਪ ਰਤਨ, ਪ੍ਰੇਮ ਰੂਪ ਲਾਲ, ਵੈਰਾਗ ਰੂਪ ਮਾਣਕ, ਸ਼ੁੱਧਤਾ ਰੂਪ ਮੋਤੀਆਂ ਨੂੰ ਕੀਰਤਨ ਰਾਹੀਂ ਗੁਰਸਿੱਖਾਂ ਰੂਪ ਹੰਸ ਪ੍ਰਾਪਤ ਕਰਦੇ ਹਨ।

ਕ੍ਰਿਪਾਲੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਬਚਨ ਹਨ-

***ਪ੍ਰਭੁ ਹਰਿਮੰਦਰੁ ਸੋਹਣਾ ਤਿਸੁ ਮਹਿ ਮਾਣਕ ਲਾਲ॥***

(ਅੰਗ ੧੭)

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਜੋ ਵੱਡਮੁੱਲੇ ਕੀਮਤੀ ਮਾਣਕ ਲਾਲ ਰਤਨ ਹਨ, ਉਹਨਾਂ ਦੇ ਦਰਸ਼ਨ ਜਲੌਂ ਸਜਾ ਕੇ ਵਿਸ਼ੇਸ਼ ਗੁਰਪੁਰਬਾਂ ਵਾਲੇ ਦਿਨ ਕਰਵਾਏ ਜਾਂਦੇ ਹਨ। ਜਲੌਂ ਬਾਰੇ ਵਿਸ਼ੇਸ਼ ਜਾਣਕਾਰੀ ਦਾਸ ਦੀ ਲਿਖੀ ਪੁਸਤਕ 'ਗੁਰ ਸਾਗਰੁ ਰਤਨੀ ਭਰਪੂਰੇ' ਪੰਨਾ ੪੫ 'ਤੇ ਪੜ੍ਹੋ।

ਦੋਹਰਾ

***ਖੋੜਸ ਸ਼ੈ ਪੈਤਾਲੀਏ, ਮੰਦਰ ਭਯੋ ਤਿਆਰਿ।***

(ਸ੍ਰੀ ਗੁਰੂ ਪੰਥ ਪ੍ਰਕਾਸ਼)

ਹਰਿਮੰਦਰ ਸਾਹਿਬ ਅੰਮ੍ਰਿਤਸਰ ਸਰੋਵਰ ਦੇ ਵਿਚਕਾਰ ਰਚਿਆ ਗਿਆ। ਉਸਦੇ ਚਾਰ ਦਰਵਾਜ਼ੇ ਰੱਖੇ ਗਏ, ਜਿਸ ਦਾ ਭਾਵ ਸੀ, ਕਿ ਇਹ ਹਰਿਮੰਦਰ ਸਾਹਿਬ ਚੌਹਾਂ ਵਰਣਾਂ, ਚੌਹਾਂ ਆਸ਼ਰਮਾਂ, ਚਾਰੇ ਦਿਸ਼ਾਵਾਂ ਤੋਂ ਆਏ ਮਨੁੱਖਾਂ ਵਾਸਤੇ ਖੁੱਲ੍ਹਾ ਹੈ। ਹੋਰਨਾਂ ਧਰਮਾਂ ਦੇ ਬਣਾਏ ਮੰਦਰ ਕੇਵਲ ਆਪਣੀਆਂ ਕੌਮਾਂ ਵਾਸਤੇ ਸਨ। ਨੀਵੀਆਂ ਜਾਤੀਆਂ ਦੇ ਮਨੁੱਖਾਂ ਨੂੰ ਉਹਨਾਂ ਦੇ ਅੰਦਰ ਦਾਖ਼ਲ ਹੋਣ ਦੀ ਆਗਿਆ ਨਹੀਂ ਸੀ।

ਇਹ ਹਰੀ (ਈਸ਼ਵਰ) ਦਾ ਮੰਦਰ ਸਾਰੀਆਂ ਜਾਤੀਆਂ ਵਾਸਤੇ, ਹਰ ਪ੍ਰਾਣੀ ਮਾਤਰ ਵਾਸਤੇ ਖੁੱਲ੍ਹਾ ਹੈ। 'ਹਰਿਮੰਦਰ' ਸਾਹਿਬ ਇਕ ਪੁਲ ਰਾਹੀਂ ਬਾਹਰ ਦੀ ਪ੍ਰਕਰਮਾ ਨਾਲ ਮਿਲਾ ਦਿੱਤਾ ਗਿਆ। ਕਲਾ-ਮਈ

ਪੱਖ ਤੋਂ ਵੀ ਕਾਰੀਗਰੀ ਦਾ ਬਹੁਤ ਉੱਤਮ ਨਮੂਨਾ ਹੈ। ਇਸ ਵੇਲੇ ਅੰਮ੍ਰਿਤਸਰ ਦਾ ਹਰਿਮੰਦਰ ਸਾਹਿਬ **(Golden Temple)** ਵਿਸ਼ਵ ਭਰ ਦੇ ਪ੍ਰਸਿੱਧ 'ਅਜੂਬਿਆਂ' ਵਿਚ ਗਿਣਿਆ ਜਾਂਦਾ ਹੈ।

**ਸੋਰਠਿ ਮਹਲਾ ੫ ਘਰੁ ੩ ਦੁਪਦੇ ੴ ਸਤਿਗੁਰ ਪ੍ਰਸਾਦਿ॥**
**ਰਾਮਦਾਸ ਸਰੋਵਰਿ ਨਾਤੇ॥ ਸਭਿ ਉਤਰੇ ਪਾਪ ਕਮਾਤੇ॥ ਨਿਰਮਲ ਹੋਏ ਕਰਿ ਇਸਨਾਨਾ॥ ਗੁਰਿ ਪੂਰੈ ਕੀਨੇ ਦਾਨਾ॥੧॥ ਸਭਿ ਕੁਸਲ ਖੇਮ ਪ੍ਰਭਿ ਧਾਰੇ॥ ਸਹੀ ਸਲਾਮਤਿ ਸਭਿ ਥੋਕ ਉਬਾਰੇ ਗੁਰ ਕਾ ਸਬਦੁ ਵੀਚਾਰੇ॥ ਰਹਾਉ॥ ਸਾਧਸੰਗਿ ਮਲੁ ਲਾਥੀ॥ ਪਾਰਬ੍ਰਹਮੁ ਭਇਓ ਸਾਥੀ॥ ਨਾਨਕ ਨਾਮੁ ਧਿਆਇਆ॥ ਆਦਿ ਪੁਰਖ ਪ੍ਰਭੁ ਪਾਇਆ॥੨॥੧॥੬੫॥**

(ਅੰਗ ੬੨੫)

## ਪਦ ਅਰਥ :

ਰਾਮਦਾਸ ਸਰੋਵਰਿ-(ਗੁਰੂ) ਰਾਮਦਾਸ ਜੀ ਦੇ ਸਰੋਵਰ ਵਿਚ ਨਾਤੇ-ਨਹਾਤੇ, ਇਸ਼ਨਾਨ ਕੀਤੇ। ਪਾਪ ਕਮਾਤੇ-ਪਿਛਲੇ ਕਮਾਏ ਹੋਏ ਪਾਪ-ਕਰਮ। ਨਿਰਮਲ-ਪਵਿੱਤ੍ਰ। ਕਰਿ ਇਸਨਾਨਾ-ਇਸ਼ਨਾਨ ਕਰਕੇ। ਕੁਸਲ ਖੇਮ-ਸੁੱਖ ਆਨੰਦ। ਪ੍ਰਭਿ-ਪ੍ਰਭੂ ਨੇ। ਧਾਰੇ-ਰੱਖੇ, ਬਣਾਏ। ਸਹੀ ਸਲਾਮਤਿ-ਰਾਜ਼ੀ ਖ਼ੁਸ਼ੀ ਨਾਲ। ਸਭਿ ਥੋਕ-ਸਾਰੇ ਪਦਾਰਥ (ਭਾਵ ਸ਼ੁਭ ਗੁਣ) ਉਬਾਰੇ-ਬਚਾਅ ਲਏ। ਵੀਚਾਰੇ-ਵੀਚਾਰ ਕੇ। ਮਲੁ-(ਪਾਪਾਂ ਰੂਪੀ) ਮੈਲ। ਲਾਥੀ-ਲਹਿ ਗਈ। ਆਦਿ ਪੁਰਖ- ਪਹਿਲਾ ਪੁਰਖ (ਪਰਮੇਸ਼ਰ)।

## ਅਰਥ :

(ਹੇ ਭਾਈ !) ਜਦੋਂ ਅਸੀਂ ਗੁਰੂ) ਰਾਮਦਾਸ ਜੀ ਦੇ (ਅੰਮ੍ਰਿਤ) ਸਰੋਵਰ ਵਿਚ ਇਸ਼ਨਾਨ ਕੀਤਾ, (ਉਸ ਸਮੇਂ) ਸਾਰੇ ਪਿਛਲੇ ਕਮਾਏ ਹੋਏ (ਸਾਡੇ) ਪਾਪ ਲਹਿ ਗਏ ਹਨ। (ਅਸੀਂ) ਇਸ਼ਨਾਨ ਕਰਕੇ ਪਵਿੱਤਰ ਹੋ ਗਏ ਹਾਂ। ਪੂਰਨ ਗੁਰੂ ਨੇ (ਇਹ ਅੰਮ੍ਰਿਤ ਸਰੋਵਰ ਦਾ ਇਸ਼ਨਾਨ ਸਾਨੂੰ) ਦਾਨ (ਵਜੋਂ ਬਖ਼ਸ਼ਿਸ਼ ਕੀਤਾ ਹੈ। ੧।

(ਹੇ ਭਾਈ ! ਹੁਣ) ਪ੍ਰਭੂ ਨੇ (ਸਾਨੂੰ) ਸਾਰੇ ਸੁੱਖ ਅਨੰਦ ਬਣਾ ਦਿੱਤੇ ਹਨ। (ਅਸਾਂ ਨੇ) ਗੁਰੂ ਦਾ ਸ਼ਬਦ ਵਿਚਾਰਿਆ ਹੈ, (ਜਿਸ ਸ਼ਬਦ ਦੀ ਵੀਚਾਰ ਵਿਚ ਲੱਗ ਕੇ) ਅਸੀਂ ਆਪਣੇ ਸਾਰੇ (ਸ਼ੁਭ ਗੁਣਾਂ ਰੂਪੀ) ਪਦਾਰਥ ਜਿਉਂ ਦੇ ਤਿਉਂ ਬਚਾਅ ਲਏ ਹਨ। ਰਹਾਉ। (ਹੇ ਭਾਈ !) ਸਾਧ-ਸੰਗ ਕਰਕੇ (ਸਾਡੀ ਸਾਰੀ ਪਾਪਾਂ ਦੀ) ਮੈਲ ਲਹਿ ਗਈ ਹੈ। (ਹੁਣ) ਪ੍ਰਭੂ ਪਰਮਾਤਮਾ ਸਾਡਾ ਸਾਥੀ ਬਣ ਗਿਆ ਹੈ, (ਭਾਵ ਉਸ ਪਰਮਾਤਮਾ ਨੂੰ ਸਦਾ ਸੰਗੀ ਹੋ ਕੇ ਸਹਾਇਤਾ ਕਰਨ ਵਾਲਾ ਜਾਣਿਆ ਹੈ)।

ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਮੈਂ ਨਾਮ ਨੂੰ ਸਿਮਰਿਆ ਹੈ, (ਜਿਸ ਦਾ ਫਲ ਸਰੂਪ)

ਆਦਿ ਪੁਰਖ (ਪਰਮਾਤਮਾ) ਨੂੰ ਪਾ ਲਿਆ ਹੈ। (ਭਾਵ ਗੁਰੂ ਕਿਰਪਾ ਨਾਲ ਸਦਾ ਆਪਣਾ ਸਾਥੀ ਜਾਣਿਆ ਹੈ)। ੨। ੧। ੬੫।

## ਵਿਆਖਿਆ ਤੇ ਸਾਰੰਸ਼ :

ਕਈ ਵਿਦਵਾਨਾਂ ਨੇ ਰਾਮ ਦੇ ਦਾਸਾਂ ਦਾ ਸੰਗਤ ਰੂਪ ਸਰੋਵਰ ਦਾ ਜ਼ਿਕਰ ਕੀਤਾ ਹੈ। ਨਾਮ ਰੂਪ ਵਿਚ ਇਸ਼ਨਾਨ ਕਰਨਾ ਦੱਸਿਆ ਹੈ।

"ਤੀਰਥ ਨਾਵਣ ਜਾਉ ਤੀਰਥ ਨਾਮ ਹੈ" ਇਸ ਸੰਬੰਧ ਵਿਚ ਵਿਸਥਾਰ ਸਹਿਤ ਗਿਆਨੀ ਹਰਬੰਸ ਸਿੰਘ ਜੀ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਸ਼ਨ ਨਿਰਣੈ ਸਟੀਕ ਪੋਥੀ ਨੰ: ੭ ਵਿਚ ਇਸ ਤਰ੍ਹਾਂ ਜ਼ਿਕਰ ਕੀਤਾ ਹੈ, ਜੋ ਇਥੇ ਅਸੀਂ ਜਿਉਂ ਦਾ ਤਿਉਂ ਦੇ ਰਹੇ ਹਾਂ ਤਾਂਕਿ ਅੰਮ੍ਰਿਤ ਸਰੋਵਰ ਦੀ ਮਹਿਮਾ ਜਾਣ ਸਕੀਏ।

ਅਰਥ ਭੇਦ ਅਤੇ ਨਿਰਣੈ :

***ਰਾਮਦਾਸਿ ਸਰੋਵਰ ਨਾਤੇ॥ ਸਭਿ ਉਤਰੇ ਪਾਪ ਕਮਾਤੇ॥***

(ਅੰਗ ੬੨੪)

## ਵੱਖ ਵੱਖ ਅਰਥ :

੧. (ਜੋ ਪੁਰਸ਼ ਗੁਰੂ) ਰਾਮਦਾਸ (ਜੀ ਦੇ) ਸਰੋਵਰ (ਅੰਮ੍ਰਿਤਸਰ) ਵਿਚ ਨਾਤੇ ਹਨ, (ਉਹਨਾਂ ਦੇ ) ਕੀਤੇ ਹੋਏ ਪਾਪ ਸਾਰੇ ਦੂਰ ਹੋ ਗਏ ਹਨ। (ਪੰ: ਨਰੈਣ ਸਿੰਘ, ਫ, ਸ ਤੇ ਹੋਰ ਟੀਕਾਕਾਰ)

੨. ਹੇ ਭਾਈ ! ਜੇਹੜੇ ਮਨੁੱਖ ਰਾਮ ਦੇ ਦਾਸਾਂ ਦੇ ਸਰੋਵਰ ਵਿਚ (ਸਾਧ ਸੰਗਤਿ ਵਿਚ ਨਾਮ ਅੰਮ੍ਰਿਤ ਨਾਲ) ਇਸ਼ਨਾਨ ਕਰਦੇ ਹਨ, ਉਹਨਾਂ ਦੇ (ਪਿਛਲੇ)ਕੀਤੇ ਹੋਏ ਸਾਰੇ ਪਾਪ ਲਹਿ ਜਾਂਦੇ ਹਨ। (ਦਰਪਣ)

ਨਿਰਣੈ : ਵਿਸ਼ਾ ਵਸਤੂ ਅਨੁਸਾਰ ਆਪੋ ਆਪਣੀ ਥਾਂ 'ਤੇ ਉਪ੍ਰੋਕਤ ਦੋਵੇਂ ਅਰਥ ਠੀਕ ਲੱਗਦੇ ਹਨ, ਪਰ ਨੰ: ੨ ਵਾਲੇ ਅਰਥ ਗੁਰਬਾਣੀ ਵਿਆਕਰਣ ਨੇਮਾਂ ਦੇ ਵਿਪ੍ਰੀਤ ਹਨ। (੧) ਨਾਤੇ, ਉਤਰੇ, ਕਮਾਤੇ ਹੋਏ, ਕੀਨੇ, ਧਾਰੇ, ਉਬਾਰੇ , ਲਾਥੀ, ਭਇਓ, ਧਿਆਇਆ ਅਤੇ ਪਾਇਆ ਸਾਰੇ ਪਦ ਭੂਤ ਕਾਲ ਦੇ ਸੂਚਕ ਹਨ। 'ਦਰਪਣ' ਦੇ ਕਰਤਾ ਨੇ ਇਥੇ ਵਿਆਕਰਣ ਨੇਮਾਂ ਦੀ ਉਲੰਘਣਾ ਕੀਤੀ ਹੈ।

(੨) 'ਰਾਮਦਾਸ' ਪਦ ਦੇ ਅਰਥ 'ਰਾਮ ਦੇ ਦਾਸ' ਕਰਨੇ ਵੀ ਪਰੰਪਰਾ ਦੇ ਉਲਟ ਹਨ ਜਦੋਂ ਕਿ ਸ੍ਰੀ ਗੁਰੂ ਰਾਮਦਾਸ ਜੀ ਦੇ ਨਾਮ ਦਾ ਇਸ ਸਰੋਵਰ ਨਾਲ ਅਟੁੱਟ ਸੰਬੰਧ ਹੈ। ਜੇ 'ਰਾਮਦਾਸ' ਦੇ ਸਸੇ ਨੂੰ ਔਂਕੜ ਨਹੀਂ ਲੱਗਾ ਤਾਂ ਇਸ ਦਾ ਇਹ ਮਤਲਬ ਨਹੀਂ ਕਿ ਇਹ ਪਦ ਬਹੁ ਵਚਨ ਦਾ ਸੂਚਕ ਬਣ ਗਿਆ ਹੈ। ਗੁਰਬਾਣੀ ਦੇ ਲਗਮਾਤਰੀ ਨੇਮਾਂ ਅਨੁਸਾਰ ਮੁਕਤੇ ਅੱਖਰ ਚੋਂ ਦਾ, ਦੇ, ਦੀ ਬਣਨਗੇ, ਦੂਜੇ ਅਰਥ ਨਹੀਂ ਬਣ ਸਕਦੇ। ਇਥੇ ਮੁਕਤੇ ਤੋਂ ਭਾਵ ਸੰਬੰਧਕੀ ਪਦ ਹੈ।

ਵਿਦਵਾਨ ਪੁਰਸ਼ ਵਿਦਿਆ ਦੇ ਬਲ ਨਾਲ 'ਰਾਮਦਾਸ ਸਰੋਵਰਿ' ਦੇ ਭਾਵਕ ਅਰਥ 'ਸਾਧ ਸੰਗਤ

ਰੂਪੀ ਸਰੋਵਰ' ਬੇਸ਼ਕ ਕਰ ਲੈਣ ਪਰ ਇਸ ਤਰ੍ਹਾਂ ਉਹ 'ਰਾਮਦਾਸ ਸਰੋਵਰ' ਦੀ ਮਹਿਮਾ ਨਾਲ ਅਨਿਆ ਕਰਦੇ ਹਨ। ਇਸ ਸਰੋਵਰ ਨਾਲ ਕਿਸੇ ਹੋਰ ਸਰੋਵਰ ਦੀ ਤੁਲਨਾ ਕਰਨੀ ਭੀ ਠੀਕ ਨਹੀਂ ਹੋਵੇਗੀ, ਕਿਉਂਕਿ ਪੰਚਮ ਗੁਰਦੇਵ ਜੀ ਦੇ ਆਪਣੇ ਅੰਮ੍ਰਿਤ ਬਚਨ ਹਨ :

***ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ॥***
***ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ॥***
***ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ॥***
***ਹਰਿਹਾਂ ਨਾਨਕ ਕਸਮਲ ਜਾਹਿ ਨਾਇਐ ਰਾਮਦਾਸ ਸਰ॥***

(ਪੰਨਾ ੧੩੬੨)

"ਗੁਰੂ ਅਰਜੁਨੁ ਪਰਤਖ ਹਰਿ" ਜੇ ਉਪਰੋਕਤ ਅੰਮ੍ਰਿਤ ਬਚਨਾਂ ਦੇ ਸਾਹਮਣੇ ਰੱਖੇ ਜਾਣ ਤਾਂ "ਰਾਮਦਾਸ ਸਰੋਵਰਿ ਨਾਤੇ" ਦਾ ਫਲ "ਸਭ ਉਤਰੇ ਪਾਪ ਕਮਾਤੇ" ਤੋਂ ਕਿਵੇਂ ਕੋਈ ਸਿੱਖ ਮੁਨਕਰ ਹੋ ਸਕਦਾ ਹੈ ? ਜੇ ਕੇਵਲ ਸਾਧ ਸੰਗਤ ਵਿਚ ਨਾਮ ਅੰਮ੍ਰਿਤ ਨਾਲ ਇਸ਼ਨਾਨ ਦੀ ਗੱਲ ਹੁੰਦੀ ਹੈ ਤਾਂ "ਕਰਤੈ ਪੁਰਖਿ ਤਾਲ ਦਿਵਾਇਆ" ਜਾਂ

***ਸੰਤਾ ਕੇ ਕਾਰਜਿ ਆਪਿ ਖਲੋਇਆ, ਹਰਿ ਕੰਮੁ ਕਰਾਵਣਿ ਆਇਆ ਰਾਮ॥***
***ਧਰਤਿ ਸੁਹਾਵੀ ਤਾਲੁ ਸੁਹਾਵਾ, ਵਿਚਿ ਅੰਮ੍ਰਿਤ ਜਲੁ ਛਾਇਆ ਰਾਮ॥***

(ਅੰਗ ੭੮੩)

ਇਤਨੀ ਮਹਿਮਾ ਉਚਾਰਨ ਦੀ ਕੀ ਲੋੜ ਪਈ ਸੀ ? ਸੋ 'ਰਾਮਦਾਸ ਸਰੋਵਰਿ" ਦੇ ਅਰਥ (ਗੁਰੂ ਰਾਮਦਾਸ ਜੀ ਦੇ ਸਰੋਵਰ ਵਿਚ ਕਰਨੇ ਹੀ ਠੀਕ ਹਨ। ਬਾਕੀ ਪੜ੍ਹੋ ਸਾਰੰਸ਼ ਅਤੇ ਸਿਧਾਂਤ।

## ਸਾਰੰਸ਼ ਅਤੇ ਸਿਧਾਂਤ :

ਕਈ ਆਲੋਚਕ ਇਹ ਕਹਿੰਦੇ ਹਨ ਕਿ ਜੇ ਸ੍ਰੀ ਗੁਰੂ ਰਾਮਦਾਸ ਜੀ ਦੇ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕੀਤਿਆਂ ਪਾਪ ਲਹਿ ਜਾਂਦੇ ਤਾਂ ਫਿਰ ਨਾਮ ਜੱਪਣ ਤੇ ਸੇਵਾ ਕਰਨ ਦੀ ਕਿਹੜੀ ਲੋੜ ਰਹਿ ਜਾਂਦੀ ਹੈ ?

ਡਿਪਲੋਮਾ ਇਨ-ਡਿਵਿਨਿਟੀ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਪ੍ਰੋਗਰਾਮ ਵਿਚ ਮਿਤੀ ੮-੭-੯੦ ਨੂੰ ਇਕ ਵਿਦਿਆਰਥੀ ਨੇ ਸਟੇਜ ਉੱਤੇ ਆ ਕੇ ਇਹ ਪ੍ਰਸ਼ਨ ਕੀਤਾ ਕਿ ਪਾਣੀ ਤਾਂ ਪਾਣੀ ਹੀ ਹੁੰਦਾ ਹੈ। ਭਾਵੇਂ ਉਹ ਕਿਸੇ ਨਲਕੇ, ਖੂਹ, ਦਰਿਆ ਜਾਂ ਨਹਿਰ ਦਾ ਹੋਵੇ। ਸ੍ਰੀ ਅੰਮ੍ਰਿਤਸਰ ਜੀ ਦੇ ਸਰੋਵਰ ਵਿਚ ਵੀ ਤਾਂ ਨਹਿਰ ਦਾ ਪਾਣੀ ਹੀ ਪਾਇਆ ਜਾਂਦਾ ਹੈ। ਕੀ ਇਸ ਪਾਣੀ ਵਿਚ ਇਸ਼ਨਾਨ ਕਰਨ ਨਾਲ ਪਾਪਾਂ ਦੀ ਮੈਲ ਲਹਿ ਜਾਂਦੀ ਹੈ ? ਸਟੇਜ ਦੇ ਪ੍ਰਬੰਧਕੀ ਬੁਲਾਰੇ ਨੇ ਆਪਣੇ ਵਲੋਂ ਸਰੋਵਰ ਦੀ ਮਹਿਮਾ ਦਸ ਕੇ ਵਿਦਿਆਰਥੀ ਨੂੰ ਸਮਝਾਉਣ ਦਾ ਬੜਾ ਯਤਨ ਕੀਤਾ ਪਰ ਉਸਦੀ ਤਸੱਲੀ

ਨਾ ਕਰਵਾ ਸਕਿਆ। ਸੁਭਾਵਿਕ ਹੀ ਸ੍ਰੀ ਗੁਰੂ ਰਾਮਦਾਸ ਜੀ ਦੀ ਮਿਹਰ ਹੋਈ, ਦਾਸਰਾ ਸਟੇਜ 'ਤੇ ਬੈਠਾ ਹੋਇਆ ਸੀ, ਉਠ ਕੇ ਵਿਦਿਆਰਥੀ ਨੂੰ ਸੰਬੋਧਨ ਕਰਦੇ ਹੋਏ ਆਖਿਆ ਕਿ ਤੁਹਾਡੀ ਇਹ ਗੱਲ ਬਿਲਕੁਲ ਠੀਕ ਹੈ ਕਿ ਅੰਮ੍ਰਿਤ ਸਰੋਵਰ ਵਿਚ ਜੋ ਜਲ ਹੈ, ਇਹ ਨਹਿਰ ਚੋਂ ਹੀ ਆਉਂਦਾ ਹੈ ਪਰ ਇਹ ਦਸੋ ਕਿ ਇਸ ਪਾਣੀ ਨੂੰ ਜਦ ਇਹ ਨਹਿਰ ਵਿਚ ਹੁੰਦਾ ਹੈ, ਕੀ ਕੋਈ ਮਨੁੱਖ ਅੰਮ੍ਰਿਤ ਜਲ ਆਖਦਾ ਹੈ ? ਕੋਈ ਇਸ ਨੂੰ ਨਮਸਕਾਰ ਕਰਦਾ ਹੈ ? ਜਦੋਂ ਇਹ ਜਲ ਇਸ ਪਾਵਨ ਸਰੋਵਰ ਤੋਂ ਬਾਹਰ ਕੱਢਿਆ ਜਾਂਦਾ ਹੈ, ਬਾਹਰ ਨਿਕਲਣ ਪਿਛੋਂ ਇਸ ਨੂੰ ਕੋਈ ਅੰਮ੍ਰਿਤ ਜਲ ਸਮਝ ਕੇ ਛੱਕਦਾ ਹੈ ਜਾਂ ਇਸ ਅੱਗੇ ਆਪਣਾ ਸਿਰ ਸਿਦਕ ਨਾਲ ਨਿਵਾਉਂਦਾ ਹੈ ? ਜੇ ਤੁਸੀਂ ਇਸ ਦਾ ਰਾਜ਼ (ਭੇਦ) ਸਮਝ ਲਵੋ ਤਾਂ ਤੁਹਾਡੇ ਭਰਮਗੜ੍ਹ ਟੁੱਟ ਜਾਣਗੇ। ਇਹ ਜਾਣ ਕੇ ਉਸ ਵਿਦਿਆਰਥੀ ਦੀ ਪੂਰਨ ਤਸੱਲੀ ਹੋ ਗਈ।

ਗੁਰੂ ਪਿਆਰਿਓ। 'ਰਾਮਦਾਸ ਸਰਵੋਰ' ਦਾ ਸਿੱਧਾ ਸੰਬੰਧ ਸ੍ਰੀ ਹਰਿਮੰਦਰ ਸਾਹਿਬ ਨਾਲ ਹੈ, ਜੋ ਸਿੱਖ ਧਰਮ ਦਾ ਕੇਂਦਰੀ ਅਸਥਾਨ ਹੈ ਜਿਥੇ ਨਿਰੰਤਰ 'ਧੁਰ ਕੀ ਬਾਣੀ ਆਈ' ਦਾ ਪਾਠ, ਸ਼ਬਦ ਕੀਰਤਨ ਅਤੇ ਨਾਮ ਸਿਮਰਨ ਹੁੰਦਾ ਰਹਿੰਦਾ ਹੈ। ਇਸ ਬਾਣੀ ਦਾ ਪ੍ਰਭਾਵ ਇਸ ਸਰੋਵਰ ਦੇ ਅੰਮ੍ਰਿਤ ਜਲ 'ਤੇ ਪੈਂਦਾ ਹੈ। ਇਸ ਦੀ ਚੁੰਬਕ ਸ਼ਕਤੀ ਮਨੁੱਖ ਦੇ ਹਿਰਦੇ ਵਿਚ ਆਤਮਿਕ ਚਾਉ ਬਖ਼ਸ਼ਦੀ ਹੈ। ਆਠ ਪਹਿਰ ''ਗੁਰਮੁਖਿ ਨਾਮੁ ਦਾਨੁ ਇਸਨਾਨੁ'' ਦਾ ਪਰਵਾਹ ਮਨੁੱਖੀ ਸੁਰਤਿ ਨੂੰ ਨਰੋਆ ਕਰਨ ਵਿਚ ਸਹਾਈ ਹੁੰਦਾ ਹੈ, ਜਿਸ ਦੀ ਬਰਕਤ ਨਾਲ ਤਿੰਨੇ ਤਾਪ ਤੇ ਸਾਰੇ ਪਾਪ ਨਾਸ਼ ਹੋ ਜਾਂਦੇ ਹਨ।

ਜੇ ਇਸ ਸਰੋਵਰ ਦੀ ਵਿਸ਼ੇਸ਼ਤਾ ਨਾ ਹੋਵੇ ਤਾਂ ਸਾਰਾ ਸਿੱਖ ਜਗਤ ਨਿਤ ਦੀ ਅਰਦਾਸਿ ਵਿਚ ਭਿਖਾਰੀ ਬਣ ਕੇ ''ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ'' ਦੀ ਮੰਗ ਕਿਉਂ ਕਰੇ ? ਇਸ ਸਰੋਵਰ ਦੇ ਕੰਢੇ 'ਤੇ ਆਤਮ-ਰੱਸੀਆਂ ਦੀ ਭੀੜ ਲੱਗੀ ਰਹਿੰਦੀ ਹੈ। ਭਾਵੇਂ ਅਹਿਮਦ ਸ਼ਾਹ ਅਬਦਾਲੀ ਤੇ ਹੋਰ ਗੁਰੂ ਘਰ ਦੇ ਦੋਖੀਆਂ ਨੇ ਸਰੋਵਰ ਨੂੰ ਪੂਰ ਕੇ ਇਸ ਦਾ ਨਾਮ-ਨਿਸ਼ਾਨ ਮਿਟਾਣ ਲਈ ਅੱਡੀ ਚੋਟੀ ਦਾ ਟਿਲ ਲਾਇਆ, ਪਰ ਉਹ ਆਪ ਮਿੱਟ ਗਏ, ਰਾਮਦਾਸ ਸਰੋਵਰ ਉਸੇ ਤਰ੍ਹਾਂ ਅੰਮਿਤ ਜਲ ਨਾਲ ਲਹਿ-ਲਹਾ ਰਿਹਾ ਹੈ।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੬੧ (ਅੰਗ ੬੨੫-੨੬)

ਸੋਰਠਿ ਮਹਲਾ ੫ ॥ ਜਿਤੁ ਪਾਰਬ੍ਰਹਮੁ ਚਿਤਿ ਆਇਆ ॥ ਸੋ ਘਰੁ ਦਯਿ ਵਸਾਇਆ ॥ ਸੁਖ ਸਾਗਰੁ ਗੁਰੁ ਪਾਇਆ ॥ ਤਾ ਸਹਸਾ ਸਗਲ ਮਿਟਾਇਆ ॥ ੧ ॥ ਹਰਿ ਕੇ ਨਾਮ ਕੀ ਵਡਿਆਈ ॥ ਆਠ ਪਹਰ ਗੁਣ ਗਾਈ ॥ ਗੁਰ ਪੂਰੇ ਤੇ ਪਾਈ ॥ ਰਹਾਉ ॥ ਪ੍ਰਭ ਕੀ ਅਕਥ ਕਹਾਣੀ ॥ ਜਨ ਬੋਲਹਿ ਅੰਮ੍ਰਿਤ ਬਾਣੀ ॥ ਨਾਨਕ ਦਾਸ ਵਖਾਣੀ ॥ ਗੁਰ ਪੂਰੇ ਤੇ ਜਾਣੀ ॥ ੨ ॥ ੨ ॥ ੬੬ ॥

# ਪ੍ਰਾਕ੍ਥਨ :-

ਇਹ ਸ੍ਰੀ ਮੁਖਵਾਕ ਗੁਰੂ ਨਾਨਕ ਦੇਵ ਜੀ ਨੇ ਪੰਜਵੇਂ ਸਰੂਪ ਅੰਦਰ, ਸ੍ਰੀ ਗੁਰੂ ਅਰਜਨ ਦੇਵ ਜੀ ਰੂਪ ਹੋਕੇ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਦੇ ਆਰੰਭ ਵਿਚ ਗੁਰਦੇਵ ਨੇ ਬਖ਼ਸ਼ਿਸ਼ ਕੀਤੀ ਹੈ ਕਿ ਜਿਸ ਜਨ ਦੇ ਚਿਤ ਵਿਚ ਪ੍ਰਮੇਸੁਰ (ਯਾਦ) ਆ ਗਿਆ ਹੈ, ਉਹ ਸਰੀਰ ਘਰ ਅਤੇ ਪ੍ਰਤੱਖ ਘਰ ਪ੍ਰਮੇਸਰ ਨੇ (ਸੁੱਖ ਸਹਿਤ) ਵਸਾ ਦਿੱਤਾ ਹੈ।

***ਜਿਤੁ ਪਾਰਬ੍ਰਹਮੁ ਚਿਤਿ ਆਇਆ॥ ਸੋ ਘਰੁ ਦਯਿ ਵਸਾਇਆ॥***

ਪਹਿਲੀ ਪੰਗਤੀ ਅੰਦਰ, ਪੂਰਨ ਵਿਆਪਕ ਪ੍ਰਮੇਸ਼ਰ ਦਾ ਚਿਤ ਵਿਚ ਯਾਦ ਆਉਣਾ ਕਿਹਾ ਹੈ। ਉਸ ਨੂੰ ਯਾਦ ਕਰਨ ਦਾ ਲਾਭ ਇਹ ਹੋਇਆ ਹੈ, ਕਿ ਉਸ ਪ੍ਰੇਰਕ ਪ੍ਰਭੂ ਨੇ ਉਸ ਘਰ ਨੂੰ ਸੁੱਖ ਸਹਿਤ ਵਸਾ ਦਿੱਤਾ ਹੈ, (ਜਿਸ ਘਰ ਵਿਚ ਉਸ ਨੂੰ ਯਾਦ ਕੀਤਾ ਹੈ)।

## ਵਿਸ਼ਾ—ਸੋ ਘਰੁ ਦਯਿ ਵਸਾਇਆ

ਪਹਿਲਾਂ ਘਰੁ ਸ਼ਬਦ ਦੇ ਸੰਬੰਧ ਵਿਚ ਵਿਚਾਰ ਕਰੀਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ''ਘਰ'' ਸ਼ਬਦ ਵੱਖ-ਵੱਖ ਅਰਥਾਂ ਵਿਚ ਆਇਆ ਹੈ।

੧. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦਾਂ ਦੇ ਉੱਪਰ ਕਈ ਜਗ੍ਹਾ ਸੂਚਨਾ ਮਾਤਰ ਘਰੁ ਲਿਖਿਆ ਹੈ। ਇਸ ਤੋਂ ਮੁਰਾਦ ਗਾਏ ਜਾਣ ਵਾਲੇ ਰਾਗ ਦੀ ਪ੍ਰਧਾਨ ਸੁਰ ਦੀ ਸੰਖਯਾ ਦੱਸਣ ਤੋਂ ਹੈ। ਕਈ ਸਿਆਣੇ ਘਰੁ ਦਾ ਅਰਥ ਤਾਲ ਵੀ ਕਰਦੇ ਹਨ, ਘਰੁ ੧ ਪਹਿਲੇ ਘਰ ਵਿਚ ਗਾਉਣ ਤੋਂ ਭਾਵ ਇਕ ਤਾਲ ਵਿਚ ਗਾਉਣ ਦਾ ਹੁਕਮ ਕੀਤਾ ਹੈ। ਗੁਰਬਾਣੀ ਹਜ਼ੂਰ ਨੇ ਸਤਾਰਵੇਂ ਘਰੁ ਤੱਕ ਵੀ ਉਚਾਰਨ ਕੀਤੀ ਹੈ।

੨. ਘਰ ਸ਼ਬਦ ਪੰਜਾਬੀ ਦਾ ਹੈ, ਸੰਸਕ੍ਰਿਤ ਵਿਚ, ਗ੍ਰਹਿ ਸ਼ਬਦ ਹੈ। ਘਰ ਤੋਂ ਭਾਵ ਹੈ ਰਹਿਣ ਦੀ ਜਗ੍ਹਾ, ਮਕਾਨ :

***ਕਬੀਰ ਜਾ ਘਰ ਸਾਧ ਨ ਸੇਵੀਅਹਿ, ਹਰਿ ਕੀ ਸੇਵਾ ਨਾਹਿ॥***

(ਅੰਗ ੧੩੭੪)

੩. ਘਰ ਦਾ ਅਰਥ ਸ਼ਾਸਤ੍ਰ ਵੀ ਆਇਆ ਹੈ :

***ਛਿਅ ਘਰ ਛਿਅ ਗੁਰ ਛਿਅ ਉਪਦੇਸ॥***

(ਕੀਰਤਨ ਸੋਹਿਲਾ)

ਅਰਥ : ਛੇ ਸ਼ਾਸਤ੍ਰ ਹਨ, ਛੇ ਗੁਰੂ ਕਰਤੇ ਹਨ ਸ਼ਾਸਤ੍ਰਾਂ ਦੇ, ਤੇ ਛੇ ਉਨ੍ਹਾਂ ਦੇ ਉਪਦੇਸ਼ ਹਨ।

੪. ਘਰ ਤੋਂ ਭਾਵ ਹੈ ਹਿਰਦਾ। ਯਥਾ-''ਘਰ ਮਹਿ ਘਰੁ ਦੇਖਾਇ ਦੇਇ'

੫. ਘਰ ਤੋਂ ਮੁਰਾਦ ਇਸਤ੍ਰੀ ਵੀ ਹੈ। ''ਘਰ ਕਾ ਮਾਸੁ ਚੰਗੇਰਾ'' ਤਥਾ-

''ਖੁਸਰੇ ਕਿਆ ਘਰ ਵਾਸੁ'' ਅਰਥ ਖੁਸਰੇ ਦੀ ਇਸਤ੍ਰੀ ਪਾਸ ਵਸਣਾ ਕੀ ਹੈ ?

੬. ਘਰ ਨਾਲ ਉੱਚਾ ਵਿਸ਼ੇਸ਼ਣ ਲੱਗ ਕੇ ਬੱਦਲ ਅਰਥ ਵੀ ਕਰਦੇ ਹਨ।

***''ਘਰ ਉਚਾ ਨਿਰਨਾਉ''***

੭. ਘਰ ਤੋਂ ਭਾਵ ਗੋਲਕਾਂ ਵੀ ਆਇਆ ਹੈ, ਨੌਂ ਗੋਲਕਾਂ ਹਨ-

***ਕਹਤੁ ਕਬੀਰ ਨਵੈ ਘਰ ਮੂਸੇ ਦਸਵੈਂ ਤਤੁ ਸਮਾਈ॥***

(ਅੰਗ ੩੩੯)

੮. ਘਰ—ਕਈ ਦਾਨੇ ਬਹੱਤਰ ਕੋਠੜੀਆਂ ਦੱਸਦੇ ਹਨ, ਕਈ ਕੰਗੋੜ ਬਹੱਤਰ ਮੁਹਰਿਆਂ ਤੋਂ ਭਾਵ ਲੈਂਦੇ ਹਨ, (ਅਥਵਾ) ਬਹੱਤਰ ਘਰਾਂ ਵਾਲੇ ਸਰੀਰ ਵਿਚ ਵਾਹਿਗੁਰੂ ਸਮਾ ਰਿਹਾ ਕਿਹਾ ਹੈ।

***ਬਹਤਰਿ ਘਰ ਇਕੁ ਪੁਰਖੁ ਸਮਾਇਆ॥***

(ਅੰਗ ੭੯੩)

ਇਤਆਦਿ ''ਘਰ'' ਸ਼ਬਦ ਦੇ ਵੱਖ-ਵੱਖ ਅਰਥ ਹਨ। ਹੁਣ ਆਪਾਂ ਪ੍ਰਤੱਖ ਰਹਿਣ ਵਾਲੇ ਘਰ ਦੀ ਵਿਚਾਰ ਕਰਨੀ ਹੈ। ਰਹਿਣ ਵਾਸਤੇ ਘਰ ਦੀ ਲੋੜ ਤਾਂ ਹਰ ਇਕ ਛੋਟੇ-ਵੱਡੇ ਜੀਅ ਜੰਤੂ ਨੂੰ ਹੈ। ਰਹਿਣ ਵਾਲਾ ਘਰ ਤਾਂ ਅਕਾਲ ਪੁਰਖ ਵਾਹਿਗੁਰੂ ਜੀ ਦਾ ਵੀ ਗੁਰਬਾਣੀ ਅੰਦਰ, ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੱਸਿਆ ਹੈ ਕਿ ਜਿਸ ਘਰ ਅੰਦਰ ਬੈਠ ਕੇ ਵਾਹਿਗੁਰੂ ਜੀ ਸਾਰੇ ਜੀਆਂ ਦੀ ਸਾਰ ਸੰਭਾਲ ਕਰਦਾ ਹੈ। ਇਸ ਘਰ ਦੀ ਗੱਲ ਗੁਰਦੇਵ ਨੇ ਵਾਰ-ਵਾਰ ਗੁਰਬਾਣੀ ਅੰਦਰ ਤਿੰਨ ਵਾਰ ਕੀਤੀ ਹੈ। ਵਾਰ-ਵਾਰ ਤਾਂ ਕੀਤੀ ਹੈ ਕਿਉਂਕਿ ਉਸ ਪ੍ਰਮਾਤਮਾ ਦਾ ਘਰ ਸਭ ਤੋਂ ਸੁੰਦਰ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ''ਸੋ ਦਰੁ'' ਤਿੰਨ ਵਾਰ ਆਇਆ ਹੈ।

***ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ॥***

(ਜਪੁ ਜੀ ਸਾਹਿਬ, ਅੰਗ ੬)

***ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ॥***

(ਰਹਿਰਾਸ ਸਾਹਿਬ, ਅੰਗ ੮)

***ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮ੍ਹਾਲੇ॥***

(ਆਸਾ ਰਾਗੁ, ਅੰਗ ੩੪੭)

***ਨਿਜ ਘਰੁ ਮੇਰੋ ਸਾਧ ਸੰਗ ਹੈ***

(ਭਾਈ ਗੁਰਦਾਸ ਜੀ)

ਉਸ ਵਾਹਿਗੁਰੂ ਜੀ ਦੇ ਪਿਆਰੇ ਸੰਤ, ਭਗਤ ਜਨਾਂ ਦਾ ਜਿਸ ਸ਼ਹਿਰ ਵਿਚ ਰਹਿਣ ਵਾਸਤੇ ਪਰਮਾਤਮਾ ਨੇ ਟਿਕਾਣਾ ਦਿੱਤਾ ਹੈ, ਉਸ ਸੁੰਦਰ ਸ਼ਹਿਰ ਦਾ ਜ਼ਿਕਰ ਹਜ਼ੂਰ ਨੇ ਇਸ ਤਰ੍ਹਾਂ ਦਰਸਾਇਆ ਹੈ :

***ਸੂਖ ਮਹਲ ਜਾ ਕੇ ਊਚ ਦੁਆਰੇ। ਤਾ ਮਹਿ ਵਾਸਹਿ ਭਗਤ ਪਿਆਰੇ॥***

(ਅੰਗ ੭੩੯)

***ਬੇਗਮ ਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀ ਤਿਹਿ ਠਾਉ॥***

(ਅੰਗ ੩੪੫)

ਉਸ ਵਾਹਿਗੁਰੂ ਅਕਾਲ ਪੁਰਖ ਦਾ ਘਰ ਹੈ, ਸੰਤਾਂ ਭਗਤਾਂ ਪ੍ਰਮੇਸ਼ਰ ਦੇ ਪਿਆਰਿਆਂ ਦਾ ਸੁੰਦਰ ਸ਼ਹਿਰ ਅੰਦਰ ਨਿਵਾਸ ਦੱਸਿਆ ਹੈ। ਧਾਰਮਿਕ ਸ਼ਾਸਤਰਾਂ ਅੰਦਰ ਵੱਖ-ਵੱਖ ਦੇਵ ਪੁਰੀਆਂ ਅੰਦਰ ਦੇਵਤਿਆਂ ਦੇ ਸੁੰਦਰ ਮਕਾਨ ਮੰਦਰ, ਦੇਵਤਿਆਂ ਦੇ ਇੰਜੀਨੀਅਰ ਵਿਸ਼ਵਕਰਮਾ ਜੀ ਦੇ ਬਣਾਉਣ ਦਾ ਜ਼ਿਕਰ ਆਇਆ ਹੈ। ਗੁਰਇਤਿਹਾਸ ਅੰਦਰ, ਗੁਰੂ ਸਾਹਿਬਾਨਾਂ ਵਲੋਂ ਜਿਥੇ ਵੱਖ-ਵੱਖ ਨਗਰ, ਸੁੰਦਰ ਸ਼ਹਿਰ ਵਸਾਉਣ ਦਾ ਜ਼ਿਕਰ ਹੈ, ਉਥੇ ਆਪਣੇ ਰਹਿਣ ਵਾਸਤੇ ਤੇ ਸੰਗਤਾਂ ਦੇ ਰਹਿਣ ਵਾਸਤੇ ਘਰ ਬਣਾਉਣ ਦਾ ਵੀ ਜ਼ਿਕਰ ਆਇਆ ਹੈ। ਖਾਸ ਕਰਕੇ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਵਿਖੇ ਗੁਰੂ ਕੇ ਮਹਿਲ ਅਸਥਾਨ ਜਿਥੇ ਗੁਰੂ ਜੀ ਰਹਿੰਦੇ ਸਨ, ਉਹ ਘਰ ਸੀ। ਹੁਣ ਰੱਬ ਦਾ ਘਰ, ਗੁਰੂ ਦਾ ਘਰ, ਸੰਤਾਂ ਭਗਤਾਂ, ਦੇਵਤਿਆਂ ਦੇ ਘਰ ਹਨ।

ਇਸ ਲਈ ਛੋਟੇ-ਵੱਡੇ ਜੀਅ ਜੰਤ ਹਰ ਇਕ ਨੂੰ ਘਰ ਦੀ ਲੋੜ ਹੈ। ਪਰ ਹਰ ਇਕ ਜੀਅ ਜੰਤ ਆਪਣੇ-ਆਪਣੇ ਵਿੱਤ ਅਨੁਸਾਰ ਆਪਣੇ ਰਹਿਣ ਵਾਸਤੇ ਘਰ ਬਣਾਉਂਦਾ ਹੈ। ਜਿਸ ਤਰ੍ਹਾਂ ਇਕ ਖ਼ਾਸ ਕਿਸਮ ਦਾ ਕੀੜਾ ਆਪਣੇ ਮੁੱਖ ਵਿਚ ਮਿੱਟੀ ਲਿਆ ਕੇ ਆਪਣਾ ਘਰ ਬਣਾਉਂਦਾ ਹੈ, ਇਸ ਨੂੰ ਭ੍ਰਿੰਗੀ ਕੀੜਾ ਜਾਂ ਘੰਘਰੀਣ ਕਹਿੰਦੇ ਹਨ। ਇਕ ਕਾਲੇ ਰੰਗ ਦੀ ਚਿੜੀ ਜਿਹਾ ਛੋਟਾ ਪੰਛੀ ਇਹ ਵੀ ਆਪਣੀ ਚੁੰਝ ਵਿਚ ਮਿੱਟੀ ਲਿਆ ਕੇ ਆਪਣਾ ਘਰ ਤਿਆਰ ਕਰਦਾ ਹੈ। ਕਈ ਜਾਨਵਰਾਂ ਦਾ ਘਰ ਖੁੱਡ ਹੁੰਦਾ ਹੈ। ਪੰਛੀ ਦਰੱਖ਼ਤ ਉਪਰ ਆਪਣਾ ਆਲ੍ਹਣਾ (ਘਰ) ਬਣਾਉਂਦਾ ਹੈ।

ਇਸੇ ਤਰ੍ਹਾਂ ਰਹਿਣ ਵਾਸਤੇ ਹਰ ਇਕ ਮਨੁੱਖ ਨੂੰ ਵੀ ਘਰ ਦੀ ਜ਼ਰੂਰਤ ਹੈ। ਪਹਿਲਾਂ ਭੂਤਕਾਲ ਅੰਦਰ ਮਨੁੱਖ ਦੇ ਰਹਿਣ ਵਾਸਤੇ ਘਰ ਸਾਦੇ ਹੁੰਦੇ ਸਨ। ਕਿਸੇ ਦੀ ਛੱਪਰੀ ਹੁੰਦੀ ਸੀ, ਕਿਸੇ ਪਾਸ ਕੱਚਾ ਮਕਾਨ ਹੁੰਦਾ ਸੀ, ਕਿਸੇ-ਕਿਸੇ ਮਨੁੱਖ ਦਾ ਪੱਕਾ ਮਕਾਨ ਬਣਿਆ ਹੁੰਦਾ ਸੀ, ਅੱਜ ਤਕਰੀਬਨ ਹਰ ਇਕ ਮਨੁੱਖ ਪਾਸ ਸੁੰਦਰ ਤੋਂ ਸੁੰਦਰ ਬਣਿਆ ਪੱਕਾ ਮਕਾਨ ਹੈ। ਇਹ ਮਕਾਨ (ਘਰ) ਸੁੱਖਾਂ ਨਾਲ ਗੁਰੂ ਦਾ ਵਸਾਇਆ ਅਸੀਂ ਤਾਂ ਹੀ ਕਹਿ ਸਕਦੇ ਹਾਂ ਜੇ ਇਸ ਘਰ ਅੰਦਰ ਅਸੀਂ ਗੁਰੂ ਨੂੰ ਯਾਦ ਕਰਦੇ ਹਾਂ। ਤਾਂ ਫਿਰ ਇਹ ਘਰ ਧਰਮ ਦਾ ਘਰ ਹੈ। ਗੁਰੂ ਨਾਨਕ ਦੇਵ ਜੀ ਨੇ ਤਰਸ ਕਰਕੇ, ਹਰ ਇਕ ਗੁਰਸਿੱਖ ਦਾ ਘਰ ਧਰਮ ਦਾ ਘਰ ਬਣਾ ਕੇ ਸੁੱਖਾਂ ਨਾਲ ਵਸਾਇਆ ਸੀ।

***ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ॥***

(ਭਾਈ ਗੁਰਦਾਸ ਜੀ, ਵਾਰ ੧, ਪਉੜੀ ੨੭)

ਗੁਰੂ ਸਾਹਿਬ ਜੀ ਦਾ ਹੁਕਮ ਹੈ ਕਿ ਹੇ ਗੁਰਸਿੱਖੋ ! ਤੁਸੀਂ ਘਰ ਅੰਦਰ ਟਿੱਕ ਕੇ ਪ੍ਰਮਾਤਮਾ ਨੂੰ ਯਾਦ

ਕਰੋ। ਤੁਹਾਡੇ ਗੁਰੂ ਸਾਰੇ ਕਾਰਜ ਸਵਾਰੇਗਾ ਅਤੇ ਤੁਹਾਡੇ ਦੁਸ਼ਟ ਦੁਸ਼ਮਣਾਂ ਦਾ ਨਾਸ ਕਰਕੇ, ਸੇਵਕ ਜਨਾਂ ਦੀ ਪੈਜ ਗੁਰੂ ਆਪ ਰੱਖੇਗਾ।

*ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ॥ਸਤਿਗੁਰਿ ਤੁਮਰੇ ਕਾਜ ਸਵਾਰੇ॥*
*ਦੁਸਟ ਦੂਤ ਪਰਮੇਸਰਿ ਮਾਰੇ॥ ਜਨ ਕੀ ਪੈਜ ਰਖੀ ਕਰਤਾਰੇ॥*

(ਅੰਗ ੨੦੧)

*ਹਿਰਦੈ ਨਾਮੁ ਵਸਾਇਹੁ॥ ਘਰਿ ਬੈਠੇ ਗੁਰੂ ਧਿਆਇਹੁ॥*
*ਗੁਰਿ ਪੂਰੈ ਸਚੁ ਕਹਿਆ॥ ਸੋ ਸੁਖੁ ਸਾਚਾ ਲਹਿਆ॥*

(ਅੰਗ ੬੨੧)

ਪਰ ਜਿਸ ਘਰ ਅੰਦਰ ਪ੍ਰਮੇਸ਼ਰ ਦੀ ਯਾਦ ਭੁੱਲ ਗਈ ਹੈ, ਉਹ ਘਰ ਸੁੱਖਾਂ ਤੋਂ ਵਿਰਵਾ ਹੋਕੇ ਦੁੱਖ ਰੂਪ ਵਿਚ ਬਦਲ ਜਾਂਦਾ ਹੈ। ਐਸਾ ਘਰ ਬਾਹਰੋਂ ਦੇਖਣ ਵਿਚ ਜਿੰਨਾ ਮਰਜ਼ੀ ਸੋਹਣਾ ਹੋਵੇ, ਪਰ ਪ੍ਰਮੇਸ਼ਰ ਦੀ ਯਾਦ ਭੁੱਲਣ ਕਰਕੇ ਉਹ ਘਰ ਦੀ ਥਾਂ ਨਰਕ ਬਣ ਜਾਂਦਾ ਹੈ :

*ਕਉਤਕ ਕੋਡ ਤਮਾਸਿਆ ਚਿਤਿ ਨ ਆਵਸੁ ਨਾਉ॥*
*ਨਾਨਕ ਕੋੜੀ ਨਰਕ ਬਰਾਬਰੇ ਉਜੜੁ ਸੋਈ ਥਾਉ॥*

(ਅੰਗ ੭੦੭)

ਜਿਥੇ ਪ੍ਰਮੇਸ਼ਰ ਦੀ ਯਾਦ ਹੈ, ਉਹ ਛੱਪਰੀ ਵੀ ਚੰਗੀ ਹੈ। ਉਸ ਛੱਪਰੀ ਅੰਦਰ ਰਹਿਣ ਵਾਲੇ ਦੇ ਬਸਤ੍ਰ ਭਾਵੇਂ ਫਟੇ ਹੋਏ ਹਨ। ਉਸ ਦੀ ਜਾਤੀ ਵੀ ਚੰਗੀ ਨ ਹੋਵੇ, ਕੋਈ ਆਦਰ ਵੀ ਨ ਦਿੰਦਾ ਹੋਵੇ। ਉਸ ਦਾ ਸੁੰਦਰ ਰੂਪ ਨਾ ਹੋਵੇ, ਕੋਈ ਸੰਸਾਰੀ ਮਿੱਤਰ ਵੀ ਨਹੀਂ ਤੇ ਧਨ ਹੀਣ ਹੈ, ਪਰ ਨਾਮ ਸਿਮਰਨ ਵਿਚ ਭਿੱਜਿਆ ਹੋਣ ਕਰਕੇ, ਪੰਚਮ ਗੁਰਦੇਵ ਨੇ ਕਹਿ ਦਿੱਤਾ ਹੈ :

*ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ॥*
*ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ॥*
*ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ॥*
*ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥*
*ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ॥*

(ਅੰਗ ੭੦੭)

ਗੁਰੂ ਘਰ ਦੇ ਲਾਡਲੇ ਕਵੀ ਭਾਈ ਨੰਦ ਲਾਲ ਜੀ ਤਾਂ ਕਹਿੰਦੇ ਹਨ ਕਿ ਜਿਸ ਵੇਲੇ ਬੰਦਾ ਰੱਬ ਨੂੰ ਭੁੱਲ ਜਾਂਦਾ ਹੈ ਤਾਂ ਉਸ ਵਕਤ ਉਸ ਘਰ ਅੰਦਰ ਮਨੁੱਖ ਨੂੰ ਦੁੱਖ ਆ ਘੇਰਦੇ ਹਨ, ਤੇ ਰੱਬੀ ਯਾਦ ਨਾਲ ਸਾਰੀਆਂ ਖ਼ੁਸ਼ੀਆਂ ਮਿਲ ਜਾਂਦੀਆਂ ਹਨ-

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

***ਗ਼ਮ ਚੇ ਬਾਸ਼ਦ ਗ਼ਫ਼ਲਤ ਅਜ਼ ਯਾਦੇ ਖ਼ੁਦਾ॥***
***ਚੀਸਤ ਸ਼ਾਦੀ-ਯਾਦ ਆਂ ਬ ਮੁੰਤਹਾ॥***

(ਦੀਵਾਨੇ ਗੋਯਾ)'

***ਸੋ ਘਰੁ ਦਖਿ ਵਸਾਇਆ॥''***

ਗੁਰੂ ਕਾਲ ਤੋਂ ਪਹਿਲਾਂ ਤਾਂ ਜਿਤਨੇ ਵੀ ਉਪਦੇਸ਼ਕ ਸੰਸਾਰ ਅੰਦਰ ਆਏ ਹਨ, ਘਰ ਵਸਾਉਣ ਦੀ ਥਾਂ ਘਰ ਉਜਾੜਨ ਦੀ ਸਿੱਖਿਆ ਦਿੰਦੇ ਸਨ। ਉਨ੍ਹਾਂ ਦੀ ਸਿੱਖਿਆ ਧਾਰਨ ਕਰਕੇ ਤਾਂ ਵੱਡੇ-ਵੱਡੇ ਰਾਜ ਘਰਾਣੇ ਉਜੜ ਗਏ ਸਨ। ਜਿਸ ਤਰ੍ਹਾਂ ਜ਼ਿਕਰ ਹੈ ਕਿ ਰਾਜਾ ਗੋਪੀ ਚੰਦ, ਰਾਜਾ ਭਰਥਰੀ ਆਦਿ ਰਾਜ ਭਾਗ ਛੱਡ ਗਏ ਸਨ। ਗੁਰਦੇਵ ਨੇ ਬਖ਼ਸ਼ਿਸ਼ ਕਰਕੇ ਕਿਹਾ ਹੈ-

***ਜੋਗ ਨ ਭਗਵੀ ਕਪੜੀ, ਜੋਗੁ ਨ ਮੈਲੇ ਵੇਸਿ॥***
***ਨਾਨਕ ਘਰਿ ਬੈਠਿਆ ਜੋਗੁ ਪਾਈਐ ਸਤਿਗੁਰ ਕੈ ਉਪਦੇਸਿ॥***

(ਅੰਗ ੧੪੨੧)

ਗੁਰੂ ਸਾਹਿਬਾਨ ਨੇ ਅਨੇਕਾਂ ਨਗਰ, ਸ਼ਹਿਰ, ਤੇ ਘਰ ਜੀਆਂ 'ਤੇ ਕਿਰਪਾ ਕਰਕੇ ਵਸਾਏ ਹਨ, ਪਰ ਪਖੰਡੀ ਵਿਭਚਾਰੀ ਅਖੌਤੀ ਗੁਰੂ ਅੱਜ ਵੀ ਵੱਸਦਿਆਂ ਘਰਾਂ ਨੂੰ ਉਜਾੜਨ ਵਾਲੇ ਹਨ। ਜੋ ਚੰਚਲ ਮਨਾਂ ਵਾਲੇ ਮੰਦ ਕਰਮੀ ਗੁਰੂ ਬਾਂਦਰ ਜਾਨਵਰ ਦੀ ਤਰ੍ਹਾਂ ਤੇਜ਼ ਤਰਾਰ ਹਨ, ਭੋਲੇ ਭਾਲੇ ਲੋਕਾਂ ਨੂੰ ਲੁਟਦੇ ਉਜਾੜਦੇ ਹਨ। ਜੈਸੇ ਪੰਡਿਤ ਹਰਿਦਿਆਲ ਜੀ ਨੇ ਸਾਰੁਕਤਾਵਲੀ ਅੰਦਰ ਇਕ ਐਸੇ ਜਾਨਵਰ ਬਾਂਦਰ ਤੇ ਗ਼ਰੀਬ ਪੰਛੀ ਬਿਜੜੇ ਦੀ ਸੁੰਦਰ ਕਥਾ ਲਿਖੀ ਹੈ। ਬਿਜੜਾ ਪੰਛੀ ਦਰੱਖ਼ਤ ਉਪਰ ਆਪਣਾ ਬਹੁਤ ਸੋਹਣਾ ਘਰ (ਆਲ੍ਹਣਾ) ਬਣਾਉਂਦਾ ਹੈ। ਇਕ ਵਾਰ ਪੋਹ ਦਾ ਮਹੀਨਾ ਤੇ ਤੇਜ਼ ਹਵਾ ਚਲਦੀ ਪਈ ਸੀ, ਉੱਪਰੋਂ ਬਰਸਾਤ ਹੋ ਰਹੀ ਹੈ। ਬਿਜੜਾ ਪੰਛੀ ਦਰੱਖ਼ਤ ਉਪਰ ਆਪਣੇ ਬਣੇ ਘਰ ਵਿਚ ਬੈਠਾ ਦੇਖ ਰਿਹਾ ਹੈ ਕਿ ਥੱਲੇ ਇਕ ਬਾਂਦਰ ਜਾਨਵਰ, ਮੀਂਹ ਨਾਲ ਭਿੱਜਿਆ, ਠੰਡ ਨਾਲ ਠੁਰ-ਠੁਰ ਕਰਦਾ ਪਿਆ ਹੈ। ਬਿਜੜਾ ਪੰਛੀ ਬਾਂਦਰ ਨੂੰ ਕਹਿਣ ਲੱਗਿਆ ਕਿ ਤੇਰੇ ਦੋ ਹੱਥ, ਦੋ ਪੈਰ ਹਨ, ਮਨੁੱਖ ਜੈਸਾ ਤੇਰਾ ਸਰੀਰ ਦਿੱਸਦਾ ਪਿਆ ਹੈ। ਤੂੰ ਠੰਡ ਤੋਂ ਬਚਣ ਵਾਸਤੇ ਆਪਣਾ ਘਰ ਕਿਉਂ ਨਹੀਂ ਬਣਾ ਲੈਂਦਾ। ਵੇਖ ਮੇਰੇ ਕੋਈ ਹੱਥ ਪੈਰ ਨਹੀਂ ਹਨ ਪਰ ਮੈਂ ਚੁੰਝ ਨਾਲ ਆਪਣਾ ਕਿੰਨਾ ਸੋਹਣਾ ਘਰ ਬਣਾਇਆ ਹੈ। ਬਿਜੜੇ ਪੰਛੀ ਦੀ ਚੰਗੀ ਕਹੀ ਗੱਲ, ਬਾਂਦਰ ਨੂੰ ਬੁਰੀ ਲੱਗੀ। ਬਾਂਦਰ ਗ਼ੁੱਸੇ ਵਿਚ ਆਕੇ ਕਹਿੰਦਾ ਹੈ ਕਿ ਤਿੱਖੀ ਸੂਈ ਜੈਸੇ ਮੂੰਹ ਵਾਲੀ ਵਿਭਚਾਰਨੇ, ਤੈਨੂੰ ਪਤਾ ਨਹੀਂ ਤੂੰ ਪੰਡਤ ਨਾਲ ਝਗੜਾ ਕਰ ਰਹੀ ਹੈਂ। ਮੇਰਾ ਆਪਣਾ ਘਰ ਬਨਾਉਣ ਦਾ ਬਲ ਤਾਂ ਮੇਰੇ ਪਾਸ ਨਹੀਂ, ਪਰ ਤੇਰਾ ਬਣਿਆ ਘਰ ਨਾਸ ਕਰਨ ਨੂੰ ਮੈਂ ਸਮਰੱਥ ਹਾਂ। ਇਸ ਤਰ੍ਹਾਂ ਕਹਿੰਦਿਆਂ ਬਾਂਦਰ ਨੇ ਛਾਲ ਮਾਰ ਕੇ ਬਿਜੜੇ ਪੰਛੀ ਦਾ ਬਣਿਆ ਘਰ ਤੋੜ ਦਿੱਤਾ।' ਬਿਜੜਾ ਪੰਛੀ-

***ਦ੍ਵੈ ਕਰ ਦ੍ਵੈ ਪਗ ਆਹਿ ਤਵ, ਦ੍ਰਿਸਯਤ ਪੁਰਖ ਅਕਾਰ।***
***ਸੀਤ ਵਾਤ ਕੇ ਘਾਤ ਹਿਤ, ਕਿਉਂ ਨਹਿ ਕਰੋ ਅਗਾਰ॥ ੧੪॥***
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਬਾਂਦਰ ਜਾਨਵਰ–

***ਸੂਚੀ ਮੁਖ ਬਿਭਚਾਰਨੇ ਰੰਡੇ ਪੰਡਿਤ ਰਾਰ॥***
***ਨਹਿ ਬਲ ਨਿਜ ਗ੍ਰਹਿ ਰਚਨ ਮੈ, ਸਮਰੱਥ ਹਤ ਤਵ ਦ੍ਵਾਰ॥ ੧੫॥***
***ਜੈਸੇ ਤੈਸੇ ਪੁਰਖ ਕੋ, ਦੈ ਉਪਦੇਸ ਨ ਸੰਤ॥***
***ਮੂਰਖ ਕਪ ਬਿਨ ਗ੍ਰਹਿ ਕਰੀ, ਚਟਕਾ ਜੋ ਗ੍ਰਹਿਵੰਤ॥ ੧੬॥***

(ਤੇਰਵਾਂ ਅਧਿਆਇ ਸਾਰੁਕਤਾਵਲੀ)

ਸੋ ਮਨਮੁੱਖ ਦਾ ਸੁਭਾਅ ਹੈ ਕਿ ਕਿਸੇ ਦਾ ਵੱਸਦਾ ਘਰ ਉਜਾੜ ਦੇਣਾ ਅਤੇ ਗੁਰਮੁਖਿ ਦਾ ਸੁਭਾਅ ਹੁੰਦਾ ਹੈ ਉਜੜੇ ਘਰ ਨੂੰ ਵਸਾ ਦੇਣਾ। ਪਖੰਡੀ ਗੁਰੂਆਂ ਦਾ ਸੁਭਾਅ ਹੁੰਦਾ ਹੈ ਕਿਸੇ ਦੇ ਵਸਦੇ ਘਰਾਂ ਨੂੰ ਉਜਾੜਨਾ। ਗੁਰੂ ਸਾਹਿਬ ਤੇ ਪ੍ਰਮਾਤਮਾ ਦਾ ਸੁਭਾਅ ਹੈ ਨਿਮਾਣਿਆਂ ਨਿਤਾਣਿਆਂ 'ਤੇ ਤਰਸ ਕਰਕੇ ਉਨ੍ਹਾਂ ਦੇ ਘਰਾਂ ਨੂੰ ਵਸਾਉਣਾ। ਜਿਸ ਤਰ੍ਹਾਂ ਹੰਕਾਰੀ ਸ਼ਾਹੂਕਾਰ ਨੇ ਭਗਤ ਨਾਮਦੇਵ ਜੀ ਦਾ ਘਰ ਢਾਹ ਕੇ, ਡੂੰਘੀਆਂ ਨੀਹਾਂ ਪੁਟ ਕੇ ਆਪਣਾ ਮਹੱਲ ਬਣਾ ਲਿਆ ਸੀ।

***ਗਹਰੀ ਕਰਿ ਕੈ ਨੀਵ ਖੁਦਾਈ ਊਪਰਿ ਮੰਡਪ ਛਾਏ॥***
***ਮਾਰਕੰਡੇ ਤੇ ਕੋ ਅਧਿਕਾਈ ਜਿਨਿ ਤ੍ਰਿਣ ਧਰਿ ਮੂੰਡ ਬਲਾਏ॥ ੧॥***
***ਹਮਰੋ ਕਰਤਾ ਰਾਮੁ ਸਨੇਹੀ॥***
***ਕਾਹੇ ਰੇ ਨਰ ਗਰਬੁ ਕਰਤ ਹਹੁ ਬਿਨਸਿ ਜਾਇ ਝੂਠੀ ਦੇਹੀ॥੧॥ਰਹਾਉ॥***

(ਅੰਗ ੬੯੨)

ਭਗਤ ਨਾਮ ਦੇਵ ਜੀ ਦੀ ਛੱਪਰੀ ਪ੍ਰਮੇਸ਼ਰ ਨੇ ਆਪ ਬਣਾਈ, ਜਿਸ ਦੀ ਸੁੰਦਰਤਾ ਦੇਖ ਕੇ ਸਭ ਹੈਰਾਨ ਹੁੰਦੇ ਸਨ। ਇਕ ਗੁਆਂਢਣ ਮਾਤਾ ਨੇ ਤਾਂ ਭਗਤ ਜੀ ਪਾਸੋਂ ਪੁੱਛ ਹੀ ਲਿਆ ਕਿ ਭਗਤ ਜੀ ਜਿਸ ਪਾਸੋਂ ਤੁਸੀਂ ਛੱਪਰੀ ਬਣਾਈ ਹੈ, ਉਸ ਕਾਰੀਗਰ ਦਾ ਪਤਾ ਮੈਨੂੰ ਦੱਸ, ਮੈਂ ਤੇਰੇ ਤੋਂ ਦੁਗਣੀ ਮਜ਼ਦੂਰੀ ਦੇਕੇ ਵੀ ਆਪਣਾ ਘਰ ਬਣਾਉਣ ਲਈ ਤਿਆਰ ਹਾਂ। ਇਸ ਪ੍ਰਸੰਗ ਨੂੰ ਭਗਤ ਜੀ ਨੇ ਇਸ ਤਰ੍ਹਾਂ ਦਰਸਾਇਆ ਹੈ–

***ਪਾੜ ਪੜੋਸਣਿ ਪੂਛਿ ਲੇ ਨਾਮਾ ਕਾ ਪਹਿ ਛਾਨਿ ਛਵਾਈ ਹੋ॥***
***ਤੋ ਪਹਿ ਦੁਗਣੀ ਮਜੂਰੀ ਦੈਹਉ ਮੋ ਕਉ ਬੇਢੀ ਦੇਹੁ ਬਤਾਈ ਹੋ॥***

(ਅੰਗ ੬੫੭)

ਪੰਚਮ ਪਾਤਸ਼ਾਹ ਜੀ ਨੇ ਸ੍ਰੀ ਮੁਖਵਾਕ ਦੀ ਇਸ ਪੰਗਤੀ ਅੰਦਰ, ਹਿਰਦੇ ਘਰ ਦੀ ਗੱਲ ਕੀਤੀ ਹੈ।

***ਸੋ ਘਰੁ ਦੀਖਿ ਵਸਾਇਆ॥***

ਇਹ ਮਨੁੱਖਾ ਸਰੀਰ ਵੀ, ਹਰੀ ਦਾ ਇਕ ਸੁੰਦਰ ਘਰ ਹੈ। ਪਰ ਪਾਤਸ਼ਾਹਾਂ ਦਾ ਪਾਤਸ਼ਾਹ ਪ੍ਰਮਾਤਮਾ

ਇਸ ਸਰੀਰ ਘਰ ਨੂੰ ਤਾਂ ਹੀ ਪਸੰਦ ਕਰੇਗਾ ਜੇ ਅਸੀਂ ਇਸ ਨੂੰ ਸਵਾਰ ਕੇ ਰੱਖਾਂਗੇ।

***ਹਰਿ ਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ॥***

(ਅੰਗ ੩੪੬)

## ਸਾਖੀ—ਸਰੀਰ ਮੰਦਰ ਹਰੀ ਦਾ ਘਰ ਹੈ

ਦਾਸ ਨੇ ਜਿਨ੍ਹਾਂ ਮਹਾਂਪੁਰਖਾਂ ਪਾਸੋਂ ਵਿਦਿਆ ਪ੍ਰਾਪਤ ਕੀਤੀ ਹੈ, ਉਹ ਸੰਤ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂ ਵਾਲਿਆਂ ਨੇ ਇਹ ਪ੍ਰਸੰਗ ਖ਼ਾਲਸਾ ਜੀਵਨ ਵਿਚ, ਅਲੰਕਾਰ ਦੇ ਸਿਰਲੇਖ ਹੇਠ ਦਿੱਤਾ ਹੈ।

ਇਕ ਵਾਰੀ ਇਕ ਰਾਜੇ ਨੇ ਆਪਣੀ ਪਰਜਾ ਦੇ ਲੋਕਾਂ ਨਾਲ ਇਹ ਪ੍ਰਣ ਕੀਤਾ ਕਿ ਸਾਰੇ ਆਪੋ ਆਪਣੇ ਘਰ ਸਜਾਓ। ਜਿਸ ਦਾ ਘਰ ਮੇਰੇ ਪਸੰਦ ਆ ਗਿਆ ਉਥੇ ਮੈਂ ਆਪਣਾ ਨਿਵਾਸ ਕਰ ਕੇ ਆਪਣਾ ਰਾਜ ਦਾ ਤਖ਼ਤ ਉਸ ਨੂੰ ਸਦਾ ਵਾਸਤੇ ਦੇ ਦੇਵਾਂਗਾ ਪਰ ਜਿਸ ਦਾ ਘਰ ਭੱਜਾ, ਟੁੱਟਾ, ਗੰਦਾ ਮੰਦਾ, ਢੱਠਿਆ ਹੋਇਆ ਹੋਵੇਗਾ, ਉਸ ਨੂੰ ਪਕੜ ਕੇ ਉਜਾੜ ਵਿਚ ਛੱਡਿਆ ਜਾਵੇਗਾ।

ਇਹ ਸੁਣ ਕੇ ਸਾਰੇ ਲੋਕ ਚਿੱਤ ਵਿਚ ਬੜੇ ਪ੍ਰਸੰਨ ਹੋਏ। ਲੱਗੇ ਆਪੋ ਆਪਣੇ ਘਰ ਸੰਵਾਰਨ। ਰਾਜੇ ਨੇ ਪਰਜਾ ਦਾ ਸਿਦਕ ਪਰਖਣ ਵਾਸਤੇ ਜਾਣ ਬੁੱਝ ਕੇ ਕੁਝ ਦੇਰ ਲਾ ਦਿੱਤੀ। ਉਸ ਸਮੇਂ ਕਈਆਂ ਨੇ ਚਿੱਤ ਵਿਚ ਖ਼ਿਅਲ ਕੀਤਾ ਕਿ ਰਾਜੇ ਨੂੰ ਕਈ ਤਰ੍ਹਾਂ ਦੇ ਕਾਰ ਵਿਹਾਰ ਪ੍ਰਬੰਧ ਦੇ ਰੁਝੇਵੇਂ ਹੋਣ ਕਾਰਨ ਸ਼ਾਇਦ ਆਪਣਾ ਪ੍ਰਣ ਭੁੱਲ ਹੀ ਗਿਆ ਹੋਵੇ, ਆਵੇ ਹੀ ਨਾ। ਇਉਂ ਜਾਣ ਕੇ ਕਈਆਂ ਨੇ ਆਪਣੇ ਘਰ ਵਿਚ ਪਸ਼ੂ ਬੰਨ੍ਹਣੇ ਸ਼ੁਰੂ ਕਰ ਦਿੱਤੇ, ਗੋਹੇ ਪਿਸ਼ਾਬ ਨਾਲ ਖ਼ਰਾਬ ਕਰ ਦਿੱਤੇ। ਕਈਆਂ ਨੇ ਅੰਦਰ ਅੰਗੀਠੀਆਂ, ਚੁੱਲ੍ਹੇ ਭੱਠੀਆਂ ਬਣਾ ਕੇ ਧੂੰਏਂ ਨਾਲ ਕਾਲੇ ਕਰ ਦਿੱਤੇ। ਕਈਆਂ ਨੇ ਦਰਵਾਜ਼ੇ ਭੰਨ ਦਿੱਤੇ, ਰੌਸ਼ਨਦਾਨ ਤੇ ਕਲਸ ਤੋੜ ਭੰਨ ਦਿੱਤੇ।

ਪਰ ਇਕ ਐਸੇ ਸੂਝਵਾਨ, ਸ਼ਰਧਾਲੂ, ਆਗਿਆਕਾਰੀ ਵੀ ਸਨ, ਜਿਨ੍ਹਾਂ ਦੇ ਮਨ ਵਿਚ ਨਿਸਚਾ ਸੀ ਕਿ ਰਾਜਾ ਸਾਹਿਬ ਬੜੇ ਧਰਮੀ, ਨਿਆਂਕਾਰੀ, ਬਚਨ ਦੇ ਸੱਚੇ ਤੇ ਜੀਵਨ ਦੇ ਸੁੱਚੇ ਹਨ। ਉਹਨਾਂ ਨੂੰ ਆਪਣੇ ਪ੍ਰਣ ਦਾ ਚੇਤਾ ਤਾਂ ਜ਼ਰੂਰ ਹੋਵੇਗਾ, ਪਰ ਰਾਜ-ਪ੍ਰਬੰਧ ਦੇ ਰੁਝੇਵੇਂ ਕਰਕੇ ਕੁਝ ਦੇਰ ਹੋ ਗਈ ਹੈ। ਰਾਜਾ ਸਾਹਿਬ ਜ਼ਰੂਰ ਆਉਣਗੇ। ਉਸ ਦੀ ਉਡੀਕ ਵਿਚ ਸੋਹਣੇ ਪਲੰਘ ਉਪਰ ਸੋਹਣੀ ਤਲਾਈ ਤੇ ਵਿਛਾਈ, ਸੋਹਣਾ ਸਿਰਹਾਣਾ, ਸਿਰਪੋਸ਼, ਸੋਹਣੇ ਸੁਗੰਧੀ ਵਾਲੇ ਫੁੱਲ ਤੇ ਤੋਤੇ ਲਟਕਾਏ। ਸੇਜਾ ਦੇ ਚਾਰੇ ਪਾਸੇ ਕੱਸ ਕੇ ਵੱਟ ਕੱਢੇ ਤੇ ਬਹੁਤ ਸਫ਼ਾਈ ਨਾਲ ਵਿਛਾਈ ਕੀਤੀ। ਕੋਲ ਦੀਵੇ ਦਾ ਪ੍ਰਕਾਸ਼ ਕਰ ਕੇ ਰਾਜੇ ਦੇ ਆਉਣ ਦੀ ਉਡੀਕ ਵਿਚ ਉਸ ਦਾ ਕੀਰਤਨ (ਜੱਸ) ਕਰ ਰਹੇ ਹਨ।

ਰਾਜੇ ਨੂੰ ਆਪਣੇ ਬਚਨ ਦਾ ਚੇਤਾ ਆਇਆ। ਸਾਰਿਆਂ ਦੇ ਮੰਦਰ ਵੇਖਣ ਵਾਸਤੇ ਆਪਣੇ ਵਜ਼ੀਰ, ਅਹਿਲਕਾਰ ਤੇ ਪੁਲਿਸ ਨੂੰ ਨਾਲ ਲੈ ਕੇ ਤੁਰਿਆ। ਜਦੋਂ ਜਾ ਕੇ ਇਹਨਾਂ ਸਾਰਿਆਂ ਦੇ ਭੰਨੇ ਤੋੜੇ ਤੇ ਖ਼ਰਾਬ ਕੀਤੇ ਘਰ ਤੱਕੇ ਤਾਂ ਰਾਜੇ ਨੇ ਨਾਰਾਜ਼ ਹੋ ਕੇ ਉਹਨਾਂ ਸਾਰਿਆਂ ਨੂੰ ਕੈਦ ਵਿਚ ਬੰਦ ਕਰ ਦਿੱਤਾ, ਪਰ ਜੋ ਮਾਈ

ਭਾਈ ਰਾਜੇ ਦੇ ਦਰਸ਼ਨਾਂ ਦੇ ਚਾਹਵਾਨ ਸਨ ਤੇ ਉਡੀਕ ਰਹੇ ਸਨ, ਉਹਨਾਂ ਦੀ ਭਾਵਨਾ ਤੇ ਘਰ ਬੜਾ ਸਜਿਆ ਧਜਿਆ ਸੀ। ਉਹ ਘਰ ਪਸੰਦ ਕਰ ਕੇ ਉਸ ਸੇਜਾ 'ਤੇ ਆਪ ਬੈਠੇ ਅਤੇ ਆਪਣੇ ਰਾਜ ਭਾਗ ਦਾ ਤਖ਼ਤ ਸਦਾ ਲਈ ਉਹਨਾਂ ਨੂੰ ਬਖ਼ਸ਼ ਦਿੱਤਾ। ਇਹ ਹੈ ਹੋਰ ਦ੍ਰਿਸ਼ਟਾਂਤ ਜਿਸ ਦਾ ਹੋਰ ਦ੍ਰਿਸ਼ਟਾਂਤ ਇਸ ਪ੍ਰਕਾਰ ਹੈ :

ਰਾਜਿਆਂ ਦਾ ਰਾਜਾ, ਮਹਾਰਾਜਿਆਂ ਦਾ ਮਹਾਰਾਜਾ ਪਰਮੇਸ਼ਰ ਹੈ।

ਯਥਾ :

***ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ॥***

(ਅੰਗ ੬)

***ਰਾਜਾਨ ਰਾਜ॥ ਭਾਨਾਨ ਭਾਨ॥ ਦੇਵਾਨ ਦੇਵ॥ ਉਪਮਾ ਮਹਾਨ॥***

(ਦਸਮ ਗ੍ਰੰਥ)

ਸਾਰਿਆਂ ਦਾ ਮਾਲਕ ਸੱਚਾ ਪਾਤਸ਼ਾਹ ਮਹਾਰਾਜਾ ਅਕਾਲ ਪੁਰਖ ਆਪ ਹੈ। ਉਸਨੇ ਸਾਰੇ ਜੀਵਾਂ ਨੂੰ ਸਰੀਰ ਰੂਪੀ ਘਰ ਦਿੱਤੇ ਹਨ ਤੇ ਪ੍ਰਣ ਕਰਾਇਆ ਹੈ ਕਿ ਜਿਹੜਾ ਇਨ੍ਹਾਂ ਨੂੰ ਚੰਗੀ ਤਰ੍ਹਾਂ ਸਵਾਰ, ਸੰਭਾਲ ਕੇ ਰੱਖੇਗਾ, ਜਿਸ ਦਾ ਘਰ (ਸਰੀਰ) ਸਾਡੇ ਪਸੰਦ ਆ ਗਿਆ, ਉਸ ਦੇ ਪਵਿੱਤਰ ਹਿਰਦੇ ਨੂੰ ਆਪਣਾ ਤਖ਼ਤ ਬਣਾ ਕੇ, ਓਥੇ ਆਪਣਾ ਨਿਵਾਸ ਕਰਕੇ, ਉਸ ਨਿਰਮਲ ਚਿੱਤ ਆਗਿਆਕਾਰੀ ਨੂੰ ਆਪਣੇ ਸਰੂਪ ਰੂਪੀ ਤਖ਼ਤ ਦਾ ਸਦਾ ਵਾਸਤੇ ਮਾਲਕ ਬਣਾ ਦੇਵਾਂਗੇ। ਇਹ ਬਚਨ ਸੁਣ ਕੇ ਸਾਰੇ ਪ੍ਰਾਣੀ ਮਾਤਰ ਬੜੇ ਪ੍ਰਸੰਨ ਹੋਏ। ਲੱਗੇ ਆਪਣੇ ਸਰੀਰਾਂ ਤੇ ਮਨਾਂ ਨੂੰ ਸੰਵਾਰਨ ਅਤੇ ਰਾਜੇ ਨੂੰ ਉਡੀਕਣ ਪਰ ਉਹਨਾਂ ਦਾ ਸਿਦਕ ਪਰਖਣ ਵਾਸਤੇ ਪਰਮੇਸ਼ਰ ਨੇ ਕੁਝ ਦੇਰ ਲਾਈ।

ਕਈ ਬੇਸਿਦਕੇ ਲੋਕਾਂ ਨੇ ਇਹ ਕਹਿ ਕੇ, 'ਇਹ ਜੱਗ ਮਿੱਠਾ ਅਗਲਾ ਕਿਨ ਡਿੱਠਾ। ਖਾਓ ਪੀਓ ਹੰਢਾਓ, ਚਾਰ ਦਿਨ ਜੀਵਨ ਹੈ ਐਸ਼ ਲੈ ਲਓ, ਵਿਸ਼ੇ ਸੁੱਖ ਮਾਣੋ, ਫਿਰ ਤਾਂ ਮਰ ਹੀ ਜਾਣਾ ਹੈ।' ਉਨ੍ਹਾਂ ਨੇ ਹਿਰਦੇ ਅੰਦਰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਰੂਪ ਪਸ਼ੂ ਬੰਨ੍ਹ ਲਏ। ਦੂਜਿਆਂ ਨੇ ਤੰਬਾਕੂ ਪੀ ਪੀ ਕੇ ਧੂੰਏ ਨਾਲ ਅੰਦਰ ਕਾਲਾ ਕਰ ਲਿਆ। ਮੂੰਹ ਵਿਚੋਂ ਵਿਸ਼ਟਾ ਨਾਲੋਂ ਵੀ ਭੈੜੀ ਬਦਬੂ ਆਉਣ ਲੱਗੀ। ਮੂੰਹ ਸਰੀਰ ਦਾ ਦਰਵਾਜ਼ਾ ਹੈ। ਜਿਵੇਂ ਦਰਵਾਜ਼ੇ ਰਾਹੀਂ ਪ੍ਰਵੇਸ਼ ਹੋ ਕੇ ਅੰਦਰਲੀਆਂ ਸਾਰੀਆਂ ਚੀਜ਼ਾਂ ਦਾ ਪਤਾ ਲੱਗ ਜਾਂਦਾ ਹੈ, ਇਸੇ ਤਰ੍ਹਾਂ ਜੋ ਚੀਜ਼ ਮੁੱਖ ਵਿਚ ਪਾਈਏ, ਉਸ ਦਾ ਸਾਰੇ ਸਰੀਰ ਵਿਚ ਪ੍ਰਵੇਸ਼ ਹੋ ਜਾਂਦਾ ਹੈ, ਇਸ ਲਈ ਮੁੱਖ ਸਰੀਰ ਰੂਪੀ ਘਰ ਦਾ ਦਰਵਾਜ਼ਾ ਮੰਨਿਆ ਹੈ।

ਕਈ ਬੇਸਮਝ ਲੋਕਾਂ ਨੇ ਮੂੰਹ, ਦਾਹੜਾ, ਮੁਛਹਿਰੇ ਮੁੰਨਣ ਰੂਪ ਦਰਵਾਜ਼ੇ ਹੀ ਢਾਹ ਦਿੱਤੇ। ਕਈਆਂ ਨੇ ਨੇਤਰਾਂ ਦੇ ਭਰਵੱਟੇ ਮੁਨਾਉਣ ਰੂਪ ਰੌਸ਼ਨਦਾਨਾਂ ਨੂੰ ਹੀ ਤੋੜ ਭੰਨ ਦਿੱਤਾ। ਕਈਆਂ ਨੇ ਸਿਰ ਦੇ ਕੇਸ, ਜੂੜਾ ਜੋ ਕਲਸ ਦੀ ਨਿਆਈਂ ਸਭ ਤੋਂ ਉੱਚਾ ਸੀ, ਕੇਸਾਂ ਨੂੰ ਕਟਾਉਣ ਰੂਪੀ ਕਲਸ ਨੂੰ ਕੱਟ ਦਿੱਤਾ। ਪਰਮੇਸ਼ਰ ਨੇ ਇਹ ਵੇਖ ਕੇ ਕਿ ਮੇਰੇ ਰਹਿਣ ਵਾਲੇ ਘਰ ਨੂੰ ਇਹਨਾਂ ਨੇ ਭੰਨ ਤੋੜ ਕੇ, ਢਾਹ ਕੇ ਬਰਬਾਦ ਕਰ ਦਿੱਤਾ ਹੈ। ਇਸ ਲਈ ਸਭ ਨੂੰ ਚੌਰਾਸੀ ਲੱਖ ਜੂਨ ਵਿਚ ਪਾ ਦਿੱਤਾ, ਪਰ ਇਕ ਉਹ ਸਿਦਕੀ ਲੋਕ ਸਨ, ਜਿਹੜੇ

(ਪਰਮੇਸ਼ਰ) ਰਾਜੇ ਦੀ ਉਡੀਕ ਵਿਚ ਸਨ, ਉਹਨਾਂ ਨੇ ਸਰੀਰ ਰੂਪ ਮਕਾਨ ਬਣਾ ਸਵਾਰ ਕੇ ਰੱਖੇ।

ਯਥਾ :

***ਸਾਬਤ ਸੂਰਤਿ ਦਸਤਾਰ ਸਿਰਾ॥***

(ਅੰਗ ੧੦੮੪)

ਸਿਰ ਦੀ ਚੋਟੀ ਤੋਂ ਲੈ ਕੇ ਪੈਰ ਦੇ ਅੰਗੂਠੇ ਤੱਕ ਸਾਬਤ ਸੂਰਤ ਰਹੇ :

***ਕਬੀਰ ਜੈਸੀ ਉਪਜੀ ਪੇਡ ਤੇ ਜਉ ਤੈਸੀ ਨਿਬਹੈ ਓੜਿ॥***
***ਹੀਰਾ ਕਿਸ ਕਾ ਬਾਪੁਰਾ ਪੁਜਹਿ ਨ ਰਤਨ ਕਰੋੜਿ॥***

(ਅੰਗ ੧੩੭੨)

ਭਾਵ ਜਿਵੇਂ ਮਾਤਾ ਦੇ ਗਰਭ ਤੋਂ ਸਰੀਰ ਰੂਪੀ ਪੇੜ ਪੈਦਾ ਹੋਇਆ, ਉਸੇ ਤਰ੍ਹਾਂ ਓੜਕ ਤੱਕ ਸਾਬਤ ਸੂਰਤ ਨਿਭ ਜਾਵੇ ਤਾਂ (ਹੀਰਾ) ਮਨੁੱਖਾ ਜਨਮ ਕੀ, ਕ੍ਰੋੜਾਂ (ਰਤਨ) ਦੇਵ ਦੇਵੀਆਂ ਵੀ ਉਸ ਦੇ ਮੁਕਾਬਲੇ ਪੁੱਜ ਨਹੀਂ ਸਕਦੀਆਂ। ਉਹਨਾਂ ਨੇ ਅੰਤਹਰਨ ਮਨ, ਬੁੱਧ, ਚਿੱਤ, ਹੰਕਾਰ ਦਾ ਪਲੰਘ ਬਣਾ ਕੇ, ਇਹਨਾਂ ਦੀਆਂ ਬ੍ਰਿਤੀਆਂ ਸੇਰੂਏ ਤੇ ਬਾਹੀਆਂ ਬਣਾ ਕੇ, ਪ੍ਰੇਮ ਦੇ ਵਾਣ ਨਾਲ ਬੁਣ ਕੇ ਉੱਪਰ ਤੁਲਤਾ ਦੀ ਤੁਲਾਈ, ਸਮਤਾ ਦੀ ਵਿਛਾਈ, ਮਹਾਂਵਾਕਾਂ ਦੇ ਸੇਜਬੰਦ, ਵਿਸ਼ਿਆਂ ਦਾ ਤਿਆਗ ਰੂਪ ਫੁੱਲ, ਸਤ ਸੰਤੋਖ ਦੇ ਤੋਤੇ ਲਟਕਾਏ ਅਤੇ ਸ਼ਬਦ ਰੂਪੀ ਦੀਵੇ ਦਾ ਪ੍ਰਕਾਸ਼ ਕੀਤਾ।

ਯਥਾ : ਸਤਿਗੁਰ ਸਬਦਿ ਉਜਾਰੋ ਦੀਪਾ' ਕੀਤਾ।

ਭਗਤੀ ਦਾ ਸਿਰਪੋਸ਼, ਹੰਕਾਰ ਦੀ ਨਵਿਰਤੀ ਸਰ੍ਹਾਣਾ ਬਣਾ ਕੇ ਉਸ (ਰਾਜੇ) ਦੀ ਯਾਦ ਵਿਚ ਕੀਰਤਨ ਕਰ ਰਹੇ ਹਨ।

ਯਥਾ :

***ਆਵਹੁ ਸਜਣਾ ਹਉ ਦੇਖਾ ਦਰਸਨੁ ਤੇਰਾ ਰਾਮ॥***
***ਘਰਿ ਆਪਨੜੈ ਖੜੀ ਤਕਾ ਮੈ ਮਨਿ ਚਾਉ ਘਨੇਰਾ ਰਾਮ॥***

(ਅੰਗ ੭੬੪)

ਐਸੇ ਸ਼ਰਧਾਲੂਆਂ ਦੇ ਪਵਿੱਤਰ ਹਿਰਦੇ ਵਿਚ ਆਪਣਾ ਨਿਵਾਸ ਕਰ ਕੇ, ਉਹਨਾਂ ਗੁਰਮੁਖਾਂ ਨੂੰ ਸਰੂਪ ਰੂਪ ਤਖ਼ਤ ਦੇ ਮਾਲਕ ਸਦਾ ਵਾਸਤੇ ਬਣਾ ਦਿੱਤਾ।

ਯਥਾ :

***ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ॥***

(ਅੰਗ ੯੬੯)

***ਤਥਾ : ਦਾਸੁ ਕਮੀਰੁ ਚੜਿਓ ਗੜ੍ ਊਪਰਿ ਰਾਜੁ ਲੀਓ ਅਬਿਨਾਸੀ॥***

(ਅੰਗ ੧੧੬੨)

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

**ਸੋਰਠਿ ਮਹਲਾ ੫ ॥ ਜਿਤੁ ਪਾਰਬ੍ਰਹਮੁ ਚਿਤਿ ਆਇਆ ॥ ਸੋ ਘਰੁ ਦਯਿ ਵਸਾਇਆ ॥ ਸੁਖ ਸਾਗਰੁ ਗੁਰੁ ਪਾਇਆ ॥ ਤਾ ਸਹਸਾ ਸਗਲ ਮਿਟਾਇਆ ॥ ੧ ॥ ਹਰਿ ਕੇ ਨਾਮ ਕੀ ਵਡਿਆਈ ॥ ਆਠ ਪਹਰ ਗੁਣ ਗਾਈ ॥ ਗੁਰ ਪੂਰੇ ਤੇ ਪਾਈ ॥ ਰਹਾਉ ॥ ਪ੍ਰਭ ਕੀ ਅਕਥ ਕਹਾਣੀ ॥ ਜਨ ਬੋਲਹਿ ਅੰਮ੍ਰਿਤ ਬਾਣੀ ॥ ਨਾਨਕ ਦਾਸ ਵਖਾਣੀ ॥ ਗੁਰ ਪੂਰੇ ਤੇ ਜਾਣੀ ॥ ੨ ॥ ੨ ॥ ੬੬ ॥**

## ਪਦ ਅਰਥ :

ਜਿਤੁ-ਜਿਸ (ਸ਼ਬਦਾਰਥ ਵਿਚ 'ਜਿਤੁ' ਦੇ ਅਰਥ 'ਜਿਥੇ' ਕੀਤੇ ਗਏ ਹਨ, ਜੋ ਠੀਕ ਨਹੀਂ ਹਨ, ਕਿਉਂਕਿ ਇਹ ਸਥਾਨ ਵਾਚੀ ਪਦ ਨਹੀਂ ਹੈ)। ਚਿਤਿ-ਚਿਤ ਵਿਚ। ਸੋ ਘਰੁ-ਉਹ ਹਿਰਦਾ ਰੂਪੀ ਘਰ। ਦਯਿ-ਪਰਮੇਸ਼ਰ ਨੇ। ਸਹਸਾ ਸਗਲ-ਸਾਰਾ ਸ਼ੰਕਾ ਭਰਮ। ਆਠ ਪਹਰ-ਭਾਵ ਸਾਰਾ ਦਿਨ, ਹਰ ਵੇਲੇ। ਗਾਈ-ਗਾਈ ਜਾਂਦੀ ਹੈ। ਅਕਥ-ਕਥਨ ਤੋਂ ਰਹਿਤ, ਬੇਅੰਤ। ਕਹਾਣੀ-ਕਥਾ। ਬੋਲਹਿ-ਬੋਲਦੇ (ਉਚਾਰਦੇ) ਹਨ। ਵਖਾਣੀ-ਆਖੀ ਹੈ। ਜਾਣੀ-ਸਮਝੀ ਹੈ।

## ਅਰਥ :

(ਹੇ ਭਾਈ !) ਜਿਸ (ਮਨੁੱਖ) ਦੇ ਚਿਤ ਵਿਚ ਪਾਰਬ੍ਰਹਮ ਪ੍ਰਮੇਸ਼ਰ (ਯਾਦ) ਆਇਆ ਹੈ, ਉਸ ਦਾ ਹਿਰਦਾ ਰੂਪ ਘਰ ( ਅਥਵਾ ਪ੍ਰਤੱਖ ਘਰ) ਪ੍ਰੇਰਕ ਪ੍ਰਮਾਤਮਾ ਨੇ (ਸੁੱਖ ਸਹਿਤ) ਵਸਾ ਦਿੱਤਾ ਹੈ। (ਉਸ ਨੇ) ਸੁੱਖਾਂ ਦਾ ਸਮੁੰਦਰ ਗੁਰੂ ਪਾ ਲਿਆ ਹੈ। ਤੇ ਗੁਰੂ ਨੇ (ਉਸ ਦਾ) ਸਾਰਾ ਸੰਸਾ ਦੂਰ ਕਰ ਦਿੱਤਾ ਹੈ।੧। (ਹੇ ਭਾਈ ! ਇਹ ਸਾਰੀ) ਵਡਿਆਈ ਪ੍ਰਮੇਸ਼ਰ ਦੇ ਨਾਮ ਦੀ ਹੈ। (ਅਸੀਂ ਹੁਣ) ਅਠੇ ਪਹਿਰ ਹਰੀ ਦੇ ਗੁਣ ਗਾਏ ਹਨ। (ਇਹ ਦਾਤ ਗੁਣ ਗਾਉਣ ਦੀ) ਅਸੀਂ ਪੂਰਨ ਗੁਰੂ ਪਾਸੋਂ ਪਾਈ ਹੈ। ਰਹਾਉ। (ਹੇ ਭਾਈ !) ਪ੍ਰਭੂ ਦੀ ਕਥਾ ਅਕੱਥ ਹੈ। (ਪ੍ਰਭੂ ਦੇ ਭਗਤ ਜਨ (ਉਸ ਪ੍ਰਭੂ ਦੀ ਨਾਮ) ਅੰਮ੍ਰਿਤ ਬਾਣੀ (ਮੁਖੋਂ) ਬੋਲਦੇ ਰਹਿੰਦੇ ਹਨ) ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਪ੍ਰਭੂ ਦੇ) ਦਾਸਾਂ ਨੇ (ਇਹ ਗੱਲ) ਆਖੀ ਹੈ, (ਕਿ ਉਨ੍ਹਾਂ ਨੇ ਨਾਮ ਦੀ ਮਹਿਮਾ) ਪੂਰਨ ਗੁਰੂ ਪਾਸੋਂ ਜਾਣੀ ਹੈ।੨।

## ਵਿਆਖਿਆ ਤੇ ਸਾਰੰਸ਼ :

ਵਿਆਖਿਆ ਆਰੰਭ ਵਿਚ ਵਿਸਥਾਰ ਸਹਿਤ ਹੋ ਚੁੱਕੀ ਹੈ। ਸਾਰੰਸ਼ ਸ਼ਬਦ ਦਾ , ਇਸ ਮੁਖਵਾਕ ਅੰਦਰ "ਹਰਿ ਕੇ ਨਾਮ ਕੀ ਵਡਿਆਈ॥" ਦੱਸੀ ਹੈ। ਜਿਸ ਸਰੀਰ ਘਰ ਜਾਂ ਪ੍ਰਤੱਖ ਘਰ ਅੰਦਰ ਨਾਮ ਜੱਪਿਆ ਜਾਂਦਾ ਹੈ, ਉਹ ਹੀ ਘਰ ਸੁਹਾਵਣਾ ਬਣ ਜਾਂਦਾ ਹੈ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਸ੍ਰੀ ਮੁਖਵਾਕ ਨੰਬਰ ੬੨ (ਅੰਗ ੬੨੭)

ਸੋਰਠਿ ਮਹਲਾ ੫ ॥ ਅਪਨਾ ਗੁਰੂ ਧਿਆਏ ॥ ਮਿਲਿ ਕੁਸਲ ਸੇਤੀ ਘਰਿ ਆਏ ॥ ਨਾਮੈ ਕੀ ਵਡਿਆਈ ॥ ਤਿਸੁ ਕੀਮਤਿ ਕਹਣੁ ਨ ਜਾਈ ॥੧॥ ਸੰਤਹੁ ਹਰਿ ਹਰਿ ਹਰਿ ਆਰਾਧਹੁ ॥ ਹਰਿ ਆਰਾਧਿ ਸਭੋ ਕਿਛੁ ਪਾਈਐ ਕਾਰਜ ਸਗਲੇ ਸਾਧਹੁ ॥ ਰਹਾਉ ॥ ਪ੍ਰੇਮ ਭਗਤਿ ਪ੍ਰਭ ਲਾਗੀ ॥ ਸੋ ਪਾਏ ਜਿਸੁ ਵਡਭਾਗੀ ॥ ਜਨ ਨਾਨਕ ਨਾਮੁ ਧਿਆਇਆ ॥ ਤਿਨਿ ਸਰਬ ਸੁਖਾ ਫਲ ਪਾਇਆ ॥ ੨ ॥ ੧੨ ॥ ੭੬ ॥

# ਪ੍ਰਾਕ੍ਰਥਨ:-

ਇਹ ਸ੍ਰੀ ਮੁਖਵਾਕ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸੋਰਠਿ ਰਾਗੁ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਅੰਦਰ ਹਜ਼ੂਰ ਨੇ ਅੰਮ੍ਰਿਤ ਬਚਨਾਂ ਰਾਹੀਂ ਬਖ਼ਸ਼ਿਸ਼ ਕੀਤਾ ਹੈ। ਆਪਣੇ ਗੁਰੂ ਦੀ ਯਾਦ ਹਮੇਸ਼ਾ ਹਿਰਦੇ ਅੰਦਰ ਵਸਾ ਕੇ, ਭਾਵ ਘਰ ਤੋਂ ਬਾਹਰ ਕਿਸੇ ਕੰਮ ਗਿਆਂ, ਗੁਰੂ ਨੂੰ ਸਿਮਰਦਿਆਂ, ਗੁਰੂ ਆਸਰੇ ਨਾਲ ਸੁੱਖ ਆਨੰਦ ਨਾਲ ਵਾਪਸ ਘਰ ਆਉਣਾ ਦਰਸਾਇਆ ਹੈ।

## ਵਿਸ਼ਾ— ਮਿਲਿ ਕੁਸਲ ਸੇਤੀ ਘਰਿ ਆਏ

ਸ਼ਰਧਾਵਾਨ ਗੁਰੂ ਕੇ ਸਿੱਖ ਦਾ ਆਪਣੇ ਗੁਰੂ ਉੱਪਰ ਪੂਰਨ ਭਰੋਸਾ ਹੁੰਦਾ ਹੈ। ਗੁਰਸਿੱਖ ਦੇ ਮਨ ਅੰਦਰ ਇਹ ਵੀ ਪੂਰਨ ਭਰੋਸਾ ਹੈ, ਕਿ ਗੁਰੂ ਹਮੇਸ਼ਾ ਮੇਰੇ ਅੰਗ ਸੰਗ ਹੈ। ਗੁਰਸਿੱਖ ਕਿਤੇ ਵੀ ਕਿਸੇ ਔਖੇ ਤੋਂ ਔਖੇ ਕੰਮ ਵਾਸਤੇ, ਕਠਨ ਤੋਂ ਕਠਨ ਥਾਂ ਚਲਿਆ ਜਾਵੇ ਤਾਂ ਉਥੇ ਗੁਰੂ ਨੂੰ ਸਿਮਰਦਿਆਂ, ਗੁਰੂ ਆਸਰੇ ਨਾਲ ਸੁੱਖ ਸਹਿਤ ਵਾਪਸ ਆਪਣੇ ਘਰ ਪਹੁੰਚ ਜਾਂਦਾ ਹੈ। ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ਼ਰਧਾਵਾਨ ਜਗਿਆਸੂ ਦੇ ਭਰੋਸੇ ਨੂੰ ਆਪਣੇ ਅੰਮ੍ਰਿਤ ਬਚਨਾਂ ਰਾਹੀਂ ਇਸ ਤਰ੍ਹਾਂ ਪ੍ਰਗਟ ਕੀਤਾ ਹੈ :

***ਸਿਮਰਉ ਸਿਮਰਿ ਸਿਮਰਿ ਸੁਖ ਪਾਵਉ ਸਾਸਿ ਸਾਸਿ ਸਮਾਲੇ ॥***
***ਇਹ ਲੋਕਿ ਪਰਲੋਕਿ ਸੰਗਿ ਸਹਾਈ ਜਤ ਕਤ ਮੋਹਿ ਰਖਵਾਲੇ ॥ ੧ ॥***
***ਗੁਰ ਕਾ ਬਚਨੁ ਬਸੈ ਜੀਅ ਨਾਲੇ ॥***
***ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ ਭਾਹਿ ਨ ਸਾਕੈ ਜਾਲੇ॥੧॥ਰਹਾਉ॥***
***ਨਿਰਧਨ ਕਉ ਧਨੁ ਅੰਧੁਲੇ ਕਉ ਟਿਕ ਮਾਤ ਦੂਧੁ ਜੈਸੇ ਬਾਲੇ ॥***
***ਸਾਗਰ ਮਹਿ ਬੋਹਿਥੁ ਪਾਇਓ ਹਰਿ ਨਾਨਕ ਕਰੀ ਕ੍ਰਿਪਾ ਕਿਰਪਾਲੇ॥੨॥***

(ਅੰਗ ੬੭੯)

ਇਸ ਸ਼ਬਦ 'ਤੇ ਸਮੇਂ ਅਨੁਸਾਰ ਬੋਲਣ ਵਾਸਤੇ ਸਾਖੀਆਂ ਪੜ੍ਹੋ ਦਾਸ ਦੀ ਲਿਖੀ ਪੁਸਤਕ, ਗੁਰਵਾਕ ਵਿਸ਼ਾ ਪ੍ਰਬੋਧ ਦੇ ਪੰਨਾ ੯੫ ਉਪਰ।

ਗੁਰਸਿੱਖ ਨੂੰ ਇਕੱਲਾ ਰਸਤੇ ਜਾਂਦਿਆਂ ਸਮੇਂ ਹੀ ਗੁਰੂ-ਗੁਰੂ ਯਾਦ ਕਰਨ ਦਾ ਹੁਕਮ ਨਹੀਂ, ਸਗੋਂ ਗੁਰੂ ਸਾਹਿਬ ਜੀ ਦਾ ਹੁਕਮ ਤਾਂ ਸ੍ਵਾਸਿ-ਸ੍ਵਾਸਿ ਪ੍ਰਭੂ ਨੂੰ ਯਾਦ ਕਰਨ ਦਾ ਹੈ।

***ਸਾਸਿ ਸਾਸਿ ਸਿਮਰਹੁ ਗੋਬਿੰਦ॥ ਮਨ ਅੰਤਰ ਕੀ ਉਤਰੈ ਚਿੰਦ॥***

(ਅੰਗ ੨੯੫)

***ਦਮਿ ਦਮਿ ਸਦਾ ਸਮ੍ਹਾਲਦਾ ਦੰਮੁ ਨ ਬਿਰਥਾ ਜਾਇ॥***

(ਅੰਗ ੫੫੬)

ਗੁਰਸਿੱਖ ਨੂੰ ਉਠਣ ਸਮੇਂ, ਬੈਠਣ ਸਮੇਂ, ਰਾਤ ਨੂੰ ਆਰਾਮ ਕਰਨ ਸਮੇਂ ਤੇ ਰਸਤੇ ਵਿਚ ਚੱਲਦਿਆਂ ਕਿਸੇ ਸਮੇਂ ਵੀ ਵਾਹਿਗੁਰੂ ਨਾਮ ਵਿਸਰੇ ਨਾ।

***ਊਠਤ ਬੈਠਤ ਸੋਵਤ ਨਾਮ॥ ਕਹੁ ਨਾਨਕ ਜਨ ਕੈ ਸਦ ਕਾਮ॥***

(ਅੰਗ ੨੮੬)

***ਊਠਤ ਬੈਠਤ ਸੋਵਤ ਧਿਆਈਐ॥ਮਾਰਗਿ ਚਲਤ ਹਰੇ ਹਰਿ ਗਾਈਐ॥***

(ਅੰਗ ੩੮੬)

ਐਸੇ ਗੁਰਸਿੱਖ ਦੀ ਹਰ ਥਾਂ ਗੁਰੂ ਪਤ ਰੱਖਦਾ ਹੈ, ਹਰ ਇਕ ਐਸੇ ਸੇਵਕ ਦਾ ਕਾਰਜ ਗੁਰੂ ਆਪ ਪੂਰਾ ਕਰਦਾ ਹੈ।

***ਅਪੁਨੇ ਸੇਵਕ ਕੀ ਆਪੇ ਰਾਖੈ, ਆਪੇ ਨਾਮਿ ਜਪਾਵੈ॥***
***ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥***
***ਸੇਵਕ ਕਉ ਨਿਕਟੀ ਹੋਇ ਦਿਖਾਵੈ॥***
***ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ॥***

(ਅੰਗ ੪੦੩)

ਗੁਰੂ ਆਸਰੇ ਤੋਂ ਬਿਨਾਂ ਇਕੱਲੇ ਮਨੁੱਖ ਨੂੰ ਰਸਤੇ ਵਿਚ ਕਿਸੇ ਸਮੇਂ ਵੀ ਮੁਸੀਬਤ ਪੈ ਸਕਦੀ ਹੈ। ਐਸੇ ਕਠਨ ਸਮੇਂ ਗੁਰੂ ਪ੍ਰਮੇਸ਼ਰ ਤੋਂ ਬਿਨਾਂ ਹੋਰ ਕੋਈ ਮਨੁੱਖ ਦੀ ਸਹਾਇਤਾ ਨਹੀਂ ਕਰ ਸਕਦਾ। ਗੁਰੂ ਸਾਹਿਬ ਜੀ ਨੇ ਤਰਸ ਕਰਕੇ ਮਨੁੱਖ ਨੂੰ ਵਿਕਾਰਾਂ ਤੋਂ ਬਚਣ ਵਾਸਤੇ, ਅਤੇ ਹਰ ਥਾਂ ਆਪਣੀ ਸਹਾਇਤਾ ਵਾਸਤੇ ਗੁਰਬਾਣੀ ਅਤੇ ਗੁਰੂ ਸਾਧ ਸੰਗਤ ਦਾ ਆਸਰਾ ਸੱਚਾ ਦੱਸਿਆ ਹੈ। ਕਿਉਂਕਿ ਜਿਸ ਸਮੇਂ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਕਠਨ ਤੋਂ ਕਠਨ ਰਸਤੇ ਨੂੰ ਲੰਘ ਕੇ ਸੁਮੇਰ ਪਰਬਤ ਉੱਪਰ ਸਿੱਧਾਂ ਨੂੰ ਮਿਲੇ, ਤਾਂ ਸਿੱਧਾਂ ਨੇ ਹੈਰਾਨ ਹੋ ਕੇ ਗੁਰੂ ਜੀ ਨੂੰ ਪੁੱਛਿਆ ਕਿ ਤੁਸੀਂ ਕਠਨ ਰਸਤੇ ਨੂੰ ਲੰਘ ਕੇ ਕਿਸ ਤਰ੍ਹਾਂ ਇਸ ਜਗ੍ਹਾ ਆ ਪਹੁੰਚੇ ਹੋ ? ਤਾਂ ਹਜ਼ੂਰ ਨੇ ਇਹ ਉੱਤਰ ਦਿੱਤਾ ਸੀ-

***ਹਉ ਜਪਿਆ ਪਰਮੇਸਰੋ ਭਾਉ ਭਗਤਿ ਸੰਗਿ ਤਾੜੀ ਲਾਈ।***

(ਵਾਰ ੧, ਪਉੜੀ ੨੮)

ਭਾਈ ਗੁਰਦਾਸ ਜੀ ਨੇ ਵੀ ਇਸ ਸੰਬੰਧ ਵਿਚ ਬਹੁਤ ਸੁੰਦਰ ਬਚਨ ਕਹੇ ਹਨ ਕਿ ਜੋ ਮਨੁੱਖ ਸੰਗਤ ਨਾਲ ਮਿਲ ਕੇ ਰਸਤੇ ਵਿਚ ਚੱਲਦਾ ਹੈ, ਉਹ ਸੁੱਖ ਅਨੰਦ ਨਾਲ ਘਰ ਪਹੁੰਚ ਜਾਂਦਾ ਹੈ, ਪਰ ਜੋ ਸੰਗ ਨਾਲੋਂ ਵਿਛੜ ਜਾਂਦਾ ਹੈ ਉਸ ਨੂੰ ਝਟ ਰਾਹ-ਮਾਰ ਧਾੜਵੀ ਮਾਰ ਮਿਟਾਉਂਦੇ ਹਨ, ਇਸੇ ਤਰ੍ਹਾਂ ਵਾੜ ਕੀਤੇ ਖੇਤ ਦਾ ਨੁਕਸਾਨ ਕਰਨ ਵਾਸਤੇ ਮਨੁੱਖ ਅਤੇ ਪਸ਼ੂ ਛੁਹ ਨਹੀਂ ਸਕਦੇ, ਪਰ "ਛੇੜੀ ਭਏ ਵਾੜ ਬਿਨਾਂ ਛੂਛੇ, ਖ਼ਾਲੀ ਖੇਤ ਨੂੰ ਪਸ਼ੂ ਪੰਛੀ ਉਜਾੜ ਦਿੰਦੇ ਹਨ। ਪਿੰਜਰੇ ਵਿਚ ਰੱਖਿਆ ਹੋਇਆ ਤੋਤਾ ਪ੍ਰੇਮ ਨਾਲ ਰਾਮ ਨਾਮ ਦਾ ਰਟਨ ਕਰਦਾ ਹੈ। ਪਿੰਜਰੇ ਤੋਂ ਬਾਹਰ ਨਿਕਲੇ ਤੋਤੇ ਨੂੰ ਇਕ ਛਿਨ ਵਿਚ ਪਕੜ ਕੇ ਬਿੱਲਾ ਖਾ ਜਾਂਦਾ

ਹੈ। ਇਸੇ ਤਰ੍ਹਾਂ ਮਨੁੱਖ ਸਾਧ ਸੰਗਤ ਨਾਲ ਮਿਲਕੇ ਮਨ ਨੂੰ ਗੁਰ ਸ਼ਬਦ ਵਿਚ ਜੋੜਿਆਂ (ਉੱਚ ਆਤਮਿਕ ਅਵੱਸਥਾ ਰੂਪ) ਸਹਜ ਘਰ ਵਿਚ ਪਹੁੰਚ ਜਾਂਦਾ ਹੈ, ਪਰ ਸਤਿਗੁਰੂ ਤੋਂ ਵਿਛੜ ਕੇ ਦਸੋਂ ਦਿਸ਼ਾਂ ਭਟਕਦੇ ਮਨ ਨੂੰ ਪੰਜੇ ਵੈਰੀ ਕਾਮ ਕਰੋਧ ਆਦਿਕ (ਆਤਮਿਕ ਜੀਵਨ ਵਲੋਂ) ਮਾਰ-ਮੁਕਾਉਂਦੇ ਹਨ।

***ਸੰਗ ਮਿਲਿ ਚਲੈ ਨਿਰ ਬਿਘਨ ਪਹੂਚੈ ਘਰਿ,***
***ਬਿਛਰੈ ਤੁਰਤ ਬਟਵਾਰੋ ਕਾਰ ਡਾਰਿ ਹੈ॥***
***ਜੈਸੇ ਬਾਰ ਦੀਏ ਖੇਤ ਛੁਵਤ ਨ ਮ੍ਰਿਗ ਨਰ,***
***ਛੇਡੀ ਭਏ ਮ੍ਰਿਗ ਪੰਖੀ ਖੇਤਹਿ ਉਜਾਰਿ ਹੈ॥***
***ਪਿੰਜਰਾ ਮੈ ਸੂਆ ਜੈਸੇ ਰਾਮ ਨਾਮ ਲੇਤ ਹੇਤੁ,***
***ਨਿਕਸਤਿ ਖਿਨ ਤਾਂਹਿ ਗ੍ਰਸਤ ਮੰਜਾਰ ਹੈ।***
***ਸਾਧ ਸੰਗ ਮਿਲਿ ਮਨ ਪਹੁੰਚੈ ਸਹਜ ਘਰਿ,***
***ਬਿਚਰਤ ਪੰਚੋ ਦੂਤ ਪ੍ਰਾਨ ਪਰਿਹਾਰ ਹੈ॥ ੫੮੨॥***

(ਕਬਿੱਤ ਸਵੱਯੇ, ਭਾਈ ਗੁਰਦਾਸ ਜੀ)

ਇਸ ਸ਼ਬਦ ਦੇ ਆਰੰਭ ਵਿਚ ਸੰਪ੍ਰਦਾਈ ਮਹਾਂਪੁਰਖ ਅਤੇ ਸੰਪ੍ਰਦਾਈ ਟੀਕਾਕਾਰਾਂ ਨੇ, ਗੁਰੂ ਕੀ ਵਡਾਲੀ ਤੋਂ ਪ੍ਰਵਾਰ ਸਮੇਤ ਗੁਰੂ ਅਰਜਨ ਦੇਵ ਜੀ ਦੇ, ਅੰਮ੍ਰਿਤਸਰ ਸਾਹਿਬ ਵਾਪਸ ਸੁੱਖ ਅਨੰਦ ਨਾਲ ਪਹੁੰਚਣ ਦੀ ਖ਼ਬਰ-ਸਾਰ ਸੰਗਤ ਦੇ ਪੁੱਛਣ ਤੋਂ ਗੁਰੂ ਜੀ ਨੇ ਇਹ ਸ਼ਬਦ ਉਚਾਰਨ ਕਰਕੇ ਦੱਸਿਆ ਇਹ ਉਥਾਨਕਾ ਲਾਉਂਦੇ ਹਨ। ਇਹ ਸਾਰਾ ਸੰਖੇਪ ਇਤਿਹਾਸ ਇਸ ਪ੍ਰਕਾਰ ਹੈ :

## ਗੁਰੂ ਕੀ ਵਡਾਲੀ

ਸੰਨ ੧੫੯੪ ਸੰਮਤ ੧੬੫੧ ਬਿ. ਦੇ ਆਰੰਭ ਵਿਚ ਗੁਰੂ ਅਰਜਨ ਦੇਵ ਜੀ ਅੰਮ੍ਰਿਤਸਰ ਛੱਡ ਕੇ ਚਾਰ ਮੀਲ ਦੂਰ ਪਿੰਡ ਵਡਾਲੀ ਵਿਚ ਜਾ ਟਿਕੇ।

ਇਥੋਂ ਗੁਰੂ ਅਰਜਨ ਦੇਵ ਜੀ ਪ੍ਰਵਾਰ ਸਮੇਤ ਸੰਨ ੧੫੯੭ ਵਿਚ ਵਾਪਸ ਅੰਮ੍ਰਿਤਸਰ ਆਏ । ਹੁਣ ਇਥੇ ਵਡਾਲੀ ਵਿਚ ਰਹਿੰਦਿਆਂ ਹੀ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦਾ ਵਰ ਪੂਰਾ ਹੋਇਆ। ਗੁਰੂ ਅਰਜਨ ਦੇਵ ਜੀ ਦੇ ਘਰ ਤੇ ਮਾਤਾ ਗੰਗਾ ਜੀ ਦੀ ਕੁੱਖੋਂ ਬੁੱਧਵਾਰ, ਹਾੜ ਵਦੀ ੧੬੫੨ ਬਿ. (ਸੰਨ ੧੫੯੫ ਈ:) ਨੂੰ (ਗੁਰੂ) ਹਰਿ ਗੋਬਿੰਦ ਸਾਹਿਬ ਪ੍ਰਗਟ ਹੋਏ। ਸਾਰੇ ਸਿੱਖ ਜਗਤ ਵਿਚ ਅਥਾਹ ਖ਼ੁਸ਼ੀ ਹੋਈ। ਪੰਚਮ ਪਾਤਸ਼ਾਹ ਜੀ ਨੇ ਮਾਲਕ ਦਾ ਸ਼ੁਕਰਾਨਾ ਕਰਦਿਆਂ ਇਹ ਸ਼ਬਦ ਉਚਾਰਿਆਂ :

***ਸਤਿਗੁਰ ਸਾਚੈ ਦੀਆ ਭੇਜਿ॥ ਚਿਰੁ ਜੀਵਨੁ ਉਪਜਿਆ ਸੰਜੋਗਿ॥***

(ਅੰਗ ੩੯੬)

ਪ੍ਰਿਥੀ ਚੰਦ ਦੇ ਘਰ ਹਨ੍ਹੇਰਾ ਛਾ ਗਿਆ। ਉਹਨੇ ਮਨ ਵਿਚ ਧਾਰ ਲਈ ਕਿ ਉਹ ਹਰ ਕੀਮਤ ਉੱਤੇ ਬਾਲਕ ਦੀ ਜਾਨ ਲੈ ਕੇ ਰਹੇਗਾ। ਪਹਿਲਾਂ ਉਹਨੇ ਜਾਦੂ ਟੂਣਿਆਂ ਰਾਹੀਂ ਜ਼ੋਰ ਅਜ਼ਮਾਇਆ। ਏਸ ਪਾਸਿਓਂ ਨਿਰਾਸ਼ ਹੋ ਕੇ ਪ੍ਰਿਥੀਆ ਹੋਰ ਨੀਵੇਂ ਕੁਕਰਮ 'ਤੇ ਉੱਤਰ ਆਇਆ।

## ਗੁਰੂ ਜੀ ਨੂੰ ਖ਼ਤਮ ਕਰਨ ਦੀਆਂ ਸਾਜ਼ਿਸ਼ਾਂ :

ਤਵਾਰੀਖ਼ ਗੁਰੂ ਖ਼ਾਲਸਾ ਅਨੁਸਾਰ-ਪਹਿਲੀ ਵਾਰ ਪ੍ਰਿਥੀਏ ਨੇ 'ਸੋਭੀ' ਨਾਮ ਦੀ ਦਾਈ ਨੂੰ ਵੱਢੀ ਵਜੋਂ ਉਸ ਨੂੰ ਪੰਜ ਸੌ ਰੁਪੈ ਦੇਣੇ ਮੰਨੇ। ਪਰ ਬੰਸਾਵਲੀ ਨਾਮਾ ਦੇ ਕਰਤੇ ਨੇ ਫਤੋ ਨਾਮ ਦੀ ਦਾਈ ਦੱਸੀ ਹੈ। ਦਾਈ ਫਤੋ ਨੂੰ ਦੋ ਸੌ ਰੁਪਿਆਂ ਦਾ ਲਾਲਚ ਦਿੱਤਾ। ਉਹ ਆਪਣੇ ਥਣਾਂ ਨੂੰ ਜ਼ਹਿਰ ਲਾ ਕੇ ਵਡਾਲੀ ਜਾ ਪਹੁੰਚੀ। ਖੇਡ ਰਹੇ ਬਾਲਕ ਸਾਹਿਬਜ਼ਾਦੇ ਨੂੰ ਗੋਦੀ ਵਿਚ ਬਿਠਾ ਕੇ ਉਹ ਆਪਣਾ ਜ਼ਹਿਰ ਵਾਲਾ ਦੁਧ ਮੱਲੋ-ਮੱਲੀ ਉਨ੍ਹਾਂ ਦੇ ਮੂੰਹ ਵਿਚ ਦੇਣ ਲੱਗੀ, ਤਾਂ ਉਹ ਅੱਗੋਂ ਰੋਣ ਲੱਗ ਪਏ। ਦਾਈ ਆਪਣੇ ਪਾਪ ਦੇ ਡਰ ਤੋਂ ਕੰਬਣ ਲੱਗ ਪਈ। ਉਹਨੇ ਗੁਰੂ ਮਹਾਰਾਜ ਦੇ ਸਾਹਮਣੇ ਸਾਰੀ ਕਹਾਣੀ ਸਾਫ਼ ਸਾਫ਼ ਦੱਸ ਦਿੱਤੀ। ਗੁਰੂ ਮਹਾਰਾਜ ਨੇ ਉਸ ਨੂੰ ਕੁਝ ਨਾ ਕਿਹਾ, ਪਰ ਉਹ ਜ਼ਹਿਰ ਏਨਾ ਤੇਜ਼ ਸੀ, ਜਿਸਦੇ ਅਸਰ ਨਾਲ ਉਹ ਕੁਝ ਘੜੀਆਂ ਵਿਚ ਬੇਹੋਸ਼ ਹੋ ਕੇ ਮਰ ਗਈ।

***ਹਾਥ ਜੁਗ ਪਾਵ ਕੌ ਪਸਾਰ ਕੈ ਪਰੀ ਹੈ ਧਰ,***
***ਦਾਸ ਗਨ ਦਾਸੀ ਮਿਲ ਦੇਖੀ ਸੁ ਗ੍ਰਸੀ ਹੈ ਮੀਚ।***
***ਜੀਵ ਗਯੋ ਉਪਰ ਅਪਰ ਦੇਹ ਧਾਰ ਕਰ ਮੂਰਛਤ***
***ਕੋਈ ਲਖ ਤਾਂਕੇ ਮੁਖ ਬਾਰ ਸੀਚ।੨੬।***

(ਗੁ: ਪ੍ਰ: ਸੂ:, ਰਾਸਿ ੩ ਅੰਸੂ ੮)

ਦੂਸਰੀ ਵਾਰ ਪ੍ਰਿਥੀ ਚੰਦ ਨੇ ਫੇਰ ਪੈਸੇ ਦੇ ਕੇ ਇਕ ਸਪੇਰੇ ਕੋਲੋਂ ਉਸ ਕਮਰੇ ਵਿਚ ਜ਼ਹਿਰੀ ਨਾਗ ਛੱਡਵਾ ਦਿੱਤਾ, ਜਿਸ ਵਿਚ (ਗੁਰੂ) ਹਰਿਗੋਬਿੰਦ ਸਾਹਿਬ ਇਕੱਲੇ ਬੈਠੇ ਖੇਡ ਰਹੇ ਸਨ। ਸੇਵਕਾਂ ਨੇ ਵੇਖਿਆ ਕਿ ਸੱਪ ਨੂੰ ਬਾਲਕ ਸਰੂਪ ਗੁਰੂ ਜੀ ਨੇ ਸਿਰੀ ਤੋਂ ਘੁੱਟ ਕੇ ਮਾਰ ਦਿੱਤਾ :

***ਸੀਸ ਦਬਾਇ ਕੈ ਫੇਸ ਦਯੋ, ਬਹੁ ਦੀਰਘ ਸੋ ਉਲਟਯੋ ਬਲ ਖਾਏ।***

(ਗੁ: ਪ੍ਰ: ਸ: ਰਾਸ ੩, ਅੰਸੂ ੮)

## ਸੀਤਲਾ

ਅੰਮ੍ਰਿਤਸਰ ਸ਼ਹਿਰ ਵਿਚ ਇਕ ਸਮੇਂ ਚੇਚਕ ਦੀ ਬਿਮਾਰੀ ਪਈ ਹੋਈ ਸੀ। ਇਸ ਦਾ ਅਸਰ (ਗੁਰੂ) ਸ੍ਰੀ ਹਰਿਗੋਬਿੰਦ ਸਾਹਿਬ ਜੀ ਦੇ ਸਰੀਰ ਉਪਰ ਹੋ ਗਿਆ। ਮਾਤਾ ਗੰਗਾ ਜੀ ਘਬਰਾਏ ਤਾਂ ਗੁਰੂ ਅਰਜਨ ਦੇਵ ਜੀ ਨੇ ਕਿਹਾ, ਫ਼ਿਕਰ ਨਾ ਕਰੋ, ਵਾਹਿਗੁਰੂ ਸਭ ਜੀਵਾਂ ਦੀ ਰੱਖਿਆ ਕਰਨ ਵਾਲਾ ਹੈ। ਜਿਸ ਵੇਲੇ ਸਾਹਿਬਜ਼ਾਦਾ ਠੀਕ ਹੋ ਗਿਆ ਤਾਂ ਗੁਰੂ ਜੀ ਨੇ ਇਹ ਸ਼ਬਦ ਉਚਾਰਿਆ ਸੀ :

ਸੋਰਠਿ ਮਹਲਾ ੫ ॥

***ਸਦਾ ਸਦਾ ਹਰਿ ਜਾਪੇ॥ ਪ੍ਰਭ ਬਾਲਕ ਰਾਖੇ ਆਪੇ॥***
***ਸੀਤਲਾ ਠਾਕਿ ਰਹਾਈ॥ ਬਿਘਨ ਗਏ ਹਰਿ ਨਾਈ॥੧॥***

(ਅੰਗ ੬੨੭)

ਅਥਵਾ : ਦੂਸਰਾ ਸ਼ਬਦ ਉਚਾਰਿਆ ਸੀ ਉਸ ਵੇਲੇ :

ਗਉੜੀ ਮਹਲਾ ੫ ॥

***ਨੇਤ੍ਰ ਪ੍ਰਗਾਸੁ ਕੀਆ ਗੁਰਦੇਵ॥ ਭਰਮ ਗਏ ਪੂਰਨ ਭਈ ਸੇਵ॥੧॥ ਰਹਾਉ॥***
***ਸੀਤਲਾ ਤੇ ਰਖਿਆ ਬਿਹਾਰੀ॥ ਪਾਰਬ੍ਰਹਮ ਪ੍ਰਭ ਕਿਰਪਾ ਧਾਰੀ॥੧॥***

(ਅੰਗ ੨੦੦)

ਤੀਸਰੀ ਵਾਰ ਪ੍ਰਿਥੀਚੰਦ ਨੇ ਇਕ ਦੁਨੀ ਚੰਦ ਨਾਮ ਦਾ ਬਾਹਮਣ ਜੋ ਗੁਰੂ ਕਾ ਰਸੋਈਆ ਸੀ, ਵੱਢੀ ਦੇ ਕੇ ਗੁਰੂ ਜੀ ਨੂੰ ਖ਼ਤਮ ਕਰਨ ਵਾਸਤੇ ਉਸਨੂੰ ਮਨਾ ਲਿਆ ਸੀ। ਬ੍ਰਾਹਮਣ ਨੇ ਦਹੀਂ ਵਿਚ ਜ਼ਹਿਰ ਘੋਲ ਕੇ ਸਾਹਿਬਜ਼ਾਦੇ ਨੂੰ ਦੇਣੀ ਚਾਹੀ। ਸਾਹਿਬਜ਼ਾਦੇ ਨੇ ਦਹੀਂ ਖਾਣ ਤੋਂ ਇਨਕਾਰ ਕਰ ਦਿੱਤਾ, ਪਰ ਬ੍ਰਾਹਮਣ ਨੇ ਜ਼ਬਰਦਸਤੀ ਦਹੀਂ ਮੂੰਹ ਵਿਚ ਪਾਉਣ ਦੀ ਕੋਸ਼ਿਸ਼ ਕੀਤੀ, ਤਾਂ ਸਾਹਿਬਜ਼ਾਦੇ ਨੇ ਰੋਣਾ ਸ਼ੁਰੂ ਕਰ ਦਿੱਤਾ। ਸੁਣ ਕੇ ਗੁਰੂ ਅਰਜਨ ਦੇਵ ਜੀ ਆਪ ਕੋਲ ਪਹੁੰਚੇ :

***ਰੁਦਨਾਯੋ ਕਿਮ ਬ੍ਰਿਪ ਤੁਮ ਗੁਰਿ ਸੁਨ ਕਰਿ ਪੂਛਾ।***
***ਕਹਿਤ ਸੁ ਮੈ ਦਧਿ ਪਿਯਾਵਤੋ ਬੋਲਤ ਛਬਿ ਛੂਛਾ।***
***ਨਹਿ ਪੀਵਤ ਇਮ ਜਾਨਕੈ ਝਿਰਕਯੋ ਡਰਪਾਯੋ।***

(ਗੁਰ: ਪ੍ਰ: ਸੂ: , ਰਾਸਿ ੩)

ਤਾਂ ਗੁਰੂ ਜੀ ਨੂੰ ਦੇਖ ਕੇ ਬ੍ਰਾਹਮਣ ਡਰ ਨਾਲ ਕੰਬਣ ਲੱਗ ਪਿਆ। ਹਜ਼ੂਰ ਸਭ ਕੁਝ ਸਮਝ ਗਏ। ਬ੍ਰਾਹਮਣ ਦਾ ਪਾਪ ਨੰਗਾ ਕਰਨ ਵਾਸਤੇ ਉਹ ਦਹੀਂ ਕੁੱਤੇ ਅੱਗੇ ਪਾਇਆ। ਦਹੀਂ ਖਾਣ ਤੋਂ ਕੁੱਤੇ ਨੇ ਸਿਰ ਹਿਲਾਇਆ ਪਰ ਗੁਰੂ ਜੀ ਕਹਿੰਦੇ ਹਨ, ਖਾ ਲੈ, ਤੈਨੂੰ ਮੁਕਤ ਕਰ ਦੇਵਾਂਗੇ। ਫਿਰ ਦਹੀਂ ਖਾਣ ਤੋਂ ਥੋੜੇ ਚਿਰ ਪਿਛੋਂ ਜ਼ਹਿਰ ਨਾਲ ਕੁੱਤਾ ਮਰ ਗਿਆ। ਪਾਪ ਲੁਕਿਆ ਨਾ ਰਿਹਾ, ਤਾਂ ਬ੍ਰਾਹਮਣ ਨੇ ਸਭ ਕੁਝ ਮੰਨ ਲਿਆ, ਕਿ ਉਸ ਤੋਂ ਇਹ ਪਾਪ ਪ੍ਰਿਥੀਏ ਨੇ ਕਰਵਾਇਆ ਹੈ। ਤਾਂ ਗੁਰੂ ਜੀ ਨੇ ਉਸ ਵੇਲੇ ਸ਼ਬਦ ਉਚਾਰਿਆ:

ਭੈਰਉ ਮਹਲਾ ੫ ॥

***ਲੇਪੁ ਨ ਲਾਗੋ ਤਿਲ ਕਾ ਮੂਲਿ॥***
***ਦੁਸਟੁ ਬ੍ਰਾਹਮਣੁ ਮੂਆ, ਹੋਇ ਕੈ ਸੂਲ ॥੧॥***
***ਹਰਿ ਜਨ ਰਾਖੇ ਪਾਰਬ੍ਰਹਮਿ ਆਪਿ॥***

***ਪਾਪੀ ਮੂਆ ਗੁਰ ਪਰਤਾਪਿ॥ ੧ ॥ ਰਹਾਉ॥***

(ਅੰਗ ੧੧੩੭)

ਬ੍ਰਾਹਮਣ ਦੇ ਮਨ 'ਤੇ ਇਸ ਪਾਪ ਦਾ ਏਨਾ ਭਾਰ ਪਿਆ ਕਿ ਕੁਝ ਦਿਨਾਂ ਅੰਦਰ ਹੀ ਉਹ ਪੇਟ ਦੇ ਸੂਲ ਨਾਲ ਮਰ ਗਿਆ।

ਭੈੜੀਆਂ ਕਰੂਤਤਾਂ ਦੇ ਕਾਰਨ ਪ੍ਰਿਥੀ ਚੰਦ ਦੀ ਲੋਕਾਂ ਵਿਚ ਬਹੁਤ ਬਦਨਾਮੀ ਹੋਈ। ਉਹਦੇ ਵਾਸਤੇ ਅੰਮ੍ਰਿਤਸਰ ਵਿਚ ਰਹਿਣਾ ਔਖਾ ਹੋ ਗਿਆ। ਲੋਕ ਉਸਦੇ ਸਾਹਮਣੇ ਕਹਿਣ ਲੱਗ ਪਏ : "ਪ੍ਰਿਥੀਆ ਮੀਣਾ ਹੈ। ਪਹਿਲਾਂ ਇਸਨੇ ਲਾਹੌਰ ਦੇ ਹਾਕਮ ਸੁਲਹੀ ਖ਼ਾਨ ਨੂੰ ਬੁਲਾ ਕੇ ਗੁਰੂ ਜੀ ਨੂੰ ਅੰਮ੍ਰਿਤਸਰ ਵਿਚੋਂ ਕਢਵਾਇਆ ਸੀ ਤੇ ਹੁਣ ਬਾਲਕ ਸਾਹਿਬਜ਼ਾਦੇ ਦੀ ਜਾਨ ਲੈਣ ਵਾਸਤੇ ਇਹਨੇ ਪਾਪ ਕੀਤੇ ਹਨ। ਇਹ ਮੀਣਾ ਕੁਲ-ਘਾਤੀ ਹੈ।"

ਗੁਰੂ ਕੀ ਵਡਾਲੀ ਤੋਂ ਪਰਿਵਾਰ ਸਮੇਤ ਗੁਰੂ ਅਰਜਨ ਦੇਵ ਜੀ ਸੰਨ ੧੫੯੭ ਨੂੰ ਤਿੰਨ ਸਾਲ ਮਗਰੋਂ ਜਿਸ ਵੇਲੇ ਸ੍ਰੀ ਅੰਮ੍ਰਿਤਸਰ ਸਾਹਿਬ ਆਏ ਹਨ, ਤਾਂ ਉਸ ਸਮੇਂ ਸੰਗਤਾਂ ਨੇ ਗੁਰੂ ਜੀ ਨੂੰ ਪੁੱਛਿਆ ਸੀ ਕਿ ਆਪ ਜੀ ਸੁੱਖ ਆਨੰਦ ਨਾਲ ਵਾਪਸ ਅੰਮ੍ਰਿਤਸਰ ਸਾਹਿਬ ਆਏ। ਗੁਰਦੇਵ ! ਪਤਾ ਲੱਗਿਆ ਸੀ ਕਿ ਸਾਹਿਬਜ਼ਾਦੇ ਉੱਪਰ ਬਾਬਾ ਪ੍ਰਿਥੀਚੰਦ ਨੇ ਬਹੁਤ ਹਮਲੇ ਕੀਤੇ ਸਨ ਜੀ। ਹੋਰ ਸਭ ਠੀਕ ਠਾਕ ਹੈ ? ਤਾਂ ਉੱਤਰ ਵਿਚ ਹਜ਼ੂਰ ਨੇ ਸ਼ਬਦ ਉਚਾਰਨ ਕੀਤਾ :

**ਸੋਰਠਿ ਮਹਲਾ ੫ ॥ ਅਪਨਾ ਗੁਰੂ ਧਿਆਏ ॥ ਮਿਲਿ ਕੁਸਲ ਸੇਤੀ ਘਰਿ ਆਏ ॥ ਨਾਮੈ ਕੀ ਵਡਿਆਈ ॥ ਤਿਸੁ ਕੀਮਤਿ ਕਹਣੁ ਨ ਜਾਈ ॥ ੧ ॥ ਸੰਤਹੁ ਹਰਿ ਹਰਿ ਹਰਿ ਆਰਾਧਹੁ ॥ ਹਰਿ ਆਰਾਧਿ ਸਭੋ ਕਿਛੁ ਪਾਈਐ ਕਾਰਜ ਸਗਲੇ ਸਾਧਹੁ ॥ ਰਹਾਉ ॥ ਪ੍ਰੇਮ ਭਗਤਿ ਪ੍ਰਭ ਲਾਗੀ ॥ ਸੋ ਪਾਏ ਜਿਸੁ ਵਡਭਾਗੀ ॥ ਜਨ ਨਾਨਕ ਨਾਮੁ ਧਿਆਇਆ ॥ ਤਿਨਿ ਸਰਬ ਸੁਖਾ ਫਲ ਪਾਇਆ ॥ ੨ ॥ ੧੨ ॥ ੭੬ ॥**

(ਅੰਗ ੬੨੭)

## ਪਦ ਅਰਥ :

ਧਿਆਏ-ਧਿਆ ਕੇ। ਕੁਸਲ ਸੇਤੀ-ਸੁੱਖ ਅਨੰਦ ਨਾਲ। ਘਰਿ-ਘਰ ਵਿਚ। ਆਰਾਧਹੁ-ਸਿਮਰੋ। ਆਰਾਧਿ-ਸਿਮਰ ਕੇ। ਸਾਧਹੁ-ਸਵਾਰੋ। ਸਰਬ ਸੁਖਾ ਫਲ-ਸਾਰੇ ਸੁੱਖ ਦੇਣ ਵਾਲੇ ਫਲ।

## ਅਰਥ :

(ਹੇ ਭਾਈ !) ਆਪਣੇ ਗੁਰੂ ਦੁਆਰਾ ਪ੍ਰਭੂ ਦਾ ਸਿਮਰਨ ਕਰੋ, (ਉਸ ਪ੍ਰਭੂ ਦੇ ਸਿਮਰਨ ਦਾ ਸਦਕਾ)

ਅਸੀਂ ਸੁੱਖ ਅਨੰਦ ਨਾਲ ਘਰ ਵਿਚ ਵਾਪਸ ਆ ਗਏ ਹਾਂ। (ਇਹ ਸਭ ਪਰਮੇਸ਼ਰ ਦੇ ) ਨਾਮ ਦੀ ਵਡਿਆਈ ਹੈ। ਉਸ (ਨਾਮ ਦੀ) ਕੀਮਤ ਕਹੀ ਨਹੀਂ ਜਾ ਸਕਦੀ। ੧। ਹੇ ਸੰਤਹੁ ! (ਤੁਸੀਂ) ਹਰੀ ਪ੍ਰਮਾਤਮਾ ਦਾ ਮਨ, ਬਾਣੀ, ਸਰੀਰ ਕਰਕੇ ਹਰਿ ਹਰਿ ਨਾਮ ਦਾ ਸਿਮਰਨ ਕਰੋ। ਹਰੀ ਦਾ ਨਾਮ ਸਿਮਰਨ ਕਰਕੇ ਸਭ ਕੁਝ (ਭਾਵ ਹਰੇਕ ਪਦਾਰਥ) ਪਾ ਲਈਦਾ ਹੈ, (ਤੁਸੀਂ ਵੀ ਨਾਮ ਸਿਮਰਨ ਕਰਕੇ) ਸਾਰੇ ਕੰਮ ਸਵਾਰ ਲਵੋ। ਰਹਾਉ। (ਹੇ ਭਾਈ ! ਨਾਮ ਸਿਮਰਨ ਕਰਨ ਵਾਲੇ ਨੂੰ) ਪ੍ਰਭੂ ਦੀ ਪ੍ਰੇਮਾ ਭਗਤੀ ਚੰਗੀ ਲੱਗਦੀ ਹੈ। (ਪਰ ਇਹ ਭਗਤੀ) ਓਹ ਪ੍ਰਾਪਤ ਕਰਦਾ ਹੈ, ਜਿਸ ਦੇ ਵੱਡੇ ਭਾਗ ਹੋਣ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਜਿਸ ਨੇ (ਪ੍ਰਭੂ ਦਾ) ਨਾਮ ਸਿਮਰਿਆ ਹੈ, ਉਸ ਨੇ ਸਾਰੇ ਸੁੱਖਾਂ ਦਾ ਫਲ ਦੇਣ ਵਾਲਾ (ਪ੍ਰਮਾਤਮਾ) ਪਾ ਲਿਆ ਹੈ। ੨। ੧੨। ੭੬।

## ਵਿਆਖਿਆ ਤੇ ਸਾਰੰਸ਼ :

***''ਅਪਨਾ ਗੁਰੂ ਧਿਆਏ ॥''***

ਪੂਰਨ ਗੁਰੂ ਨੂੰ ਹਿਰਦੇ ਵਿਚ ਵਸਾਇਆ, ਤਾਂ ਗੁਰੂ ਸਦਾ ਹੀ ਅੰਗ ਸੰਗ ਹੋਕੇ ਸਿੱਖ ਦੀ ਸਹਾਇਤਾ ਕਰਦਾ ਹੈ। ਪਰ ਸਿੱਖ ਦਾ ਨਿਸ਼ਚਾ ਹੋਵੇ ਕਿ ''ਗੁਰ ਮੇਰੇ ਸੰਗਿ ਸਦਾ ਹੈ ਨਾਲੇ ॥'' ਫਿਰ ਗੁਰਦੇਵ ਘਰ ਅੰਦਰ ਤੇ ਘਰ ਤੋਂ ਬਾਹਰ ਹਰਿ ਸਮੇਂ, ਹਰਿ ਥਾਂ ਸਿੱਖ ਦੀ ਸਹਾਇਤਾ ਕਰਦਾ ਹੈ।

ਵਾਹਿਗੁਰੂ ਜੀ ਕਾ ਖਾਲਸਾ ॥

ਵਾਹਿਗੁਰੂ ਜੀ ਕੀ ਫਤਹਿ ॥

☆☆☆

ਸ੍ਰੀ ਮੁਖਵਾਕ ਨੰਬਰ ੬੩ (ਅੰਗ ੬੨੭-੨੮)

ਸੋਰਠਿ ਮਹਲਾ ੫ ॥ ਪਰਮੇਸਰਿ ਦਿਤਾ ਬੰਨਾ ॥ ਦੁਖ ਰੋਗ ਕਾ ਡੇਰਾ ਭੰਨਾ ॥ ਅਨਦ ਕਰਹਿ ਨਰ ਨਾਰੀ ॥ ਹਰਿ ਹਰਿ ਪ੍ਰਭਿ ਕਿਰਪਾ ਧਾਰੀ ॥ ੧ ॥ ਸੰਤਹੁ ਸੁਖੁ ਹੋਆ ਸਭ ਥਾਈ ॥ ਪਾਰਬ੍ਰਹਮੁ ਪੂਰਨ ਪਰਮੇਸਰੁ ਰਵਿ ਰਹਿਆ ਸਭਨੀ ਜਾਈ ॥ ਰਹਾਉ ॥ ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥ ਦਇਆਲ ਪੁਰਖ ਮਿਹਰਵਾਨਾ ॥ ਹਰਿ ਨਾਨਕ ਸਾਚੁ ਵਖਾਨਾ ॥ ੨ ॥ ੧੩ ॥ ੭੭ ॥

# ਪ੍ਰਾਕ੍ਰਥਨ :-

ਸਰਬ ਕਲਾ ਸਮਰਥ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਸ੍ਰੀ ਮੁਖਵਾਕ ਦੀ ਦੂਸਰੀ ਪੰਗਤੀ ਅੰਦਰ ਦੁਖਾਂ ਤੇ ਰੋਗਾਂ ਦੇ ਸਮੁਦਾਏ ਦਾ ਜ਼ਿਕਰ ਕੀਤਾ ਹੈ ਅਤੇ ਨਾਲ ਹੀ ਉਨ੍ਹਾਂ ਦੁਖਾਂ ਤੇ ਰੋਗਾਂ ਦਾ ਡੇਰਾ ਭੰਨਾ ਕਹਿ ਦਿੱਤਾ ਹੈ, ਪਰ ਦੁਖਾਂ ਰੋਗਾਂ ਦਾ ਡੇਰਾ ਭੰਨਿਆ ਕਿਸ ਆਸਰੇ ਨਾਲ, ਉਸ ਦਾ ਜ਼ਿਕਰ ਹਜ਼ੂਰ ਨੇ ਪਹਿਲੀ ਪੰਗਤੀ ਵਿਚ ਕੀਤਾ ਹੈ।

## ਵਿਸ਼ਾ— ਦੁਖ ਰੋਗ ਕਾ ਡੇਰਾ ਭੰਨਾ

ਰੋਗੁ— ਸਰੀਰਿਕ ਤੇ ਮਾਨਸਿਕ ਵੱਖ-ਵੱਖ ਤਰ੍ਹਾਂ ਦਾ ਹੈ। ਸਰੀਰਕ ਰੋਗ ਕਿੰਨੇ ਤਰ੍ਹਾਂ ਦਾ ਹੈ, ਇਹ ਅੰਦਾਜ਼ਾ ਕਹਿਣ ਤੋਂ ਬਾਹਰ ਹੈ। ਇਸੇ ਤਰ੍ਹਾਂ ਮਾਨਸਿਕ ਰੋਗ ਵੀ ਇਕ ਤਰ੍ਹਾਂ ਦਾ ਨਹੀਂ ਹੈ। ਇਨ੍ਹਾਂ ਰੋਗਾਂ ਤੋਂ ਪੈਦਾ ਹੋਈ ਤਕਲੀਫ਼ ਨੂੰ ਦੁੱਖ ਕਿਹਾ ਜਾਂਦਾ ਹੈ। ਰੋਗ ਨਾਮ ਬਿਮਾਰੀ ਦਾ ਹੈ। ਮਨੁੱਖ ਨੂੰ ਬਿਮਾਰੀ ਕੀ ਹੈ ? ਕਿਉਂ ਹੈ ? ਇਸ ਦੀ ਖੋਜ ਵੀ ਅਨੰਤ ਕਾਲ ਤੋਂ ਕੀਤੀ ਜਾ ਰਹੀ ਹੈ। ਪਰ ਜਿਸ ਬਿਮਾਰੀ ਦਾ ਅੱਜ ਕਾਰਨ ਲੱਭਿਆ ਗਿਆ ਹੈ, ਉਸ ਦਾ ਕੱਲ ਬਦਲ ਜਾਂਦਾ ਹੈ। ਜੋ ਦਵਾਈ ਅੱਜ ਸਹੀ ਮੰਨੀ ਜਾਂਦੀ ਹੈ, ਉਹ ਕੱਲ ਗ਼ਲਤ ਹੋ ਜਾਂਦੀ ਹੈ। ਇਸ ਕਰਕੇ ਅੱਜ ਤੱਕ ਬਿਮਾਰੀਆਂ ਦਾ ਅੰਤ ਨਹੀਂ ਹੋ ਸਕਿਆ। ਸਰੀਰਕ ਰੋਗਾਂ ਦਾ ਇਲਾਜ ਪਹਿਲਾਂ ਆਯੁਰਵੈਦਿਕ ਢੰਗ ਨਾਲ ਕੀਤਾ ਜਾਂਦਾ ਸੀ, ਫੇਰ ਐਲੋਪੈਥਿਕ ਨੇ ਥਾਂ ਆਣ ਮੱਲੀ। ਮੈਡੀਕਲ ਸਾਇੰਸ ਦੀ ਉੱਚ ਪੱਧਰੀ ਤਰੱਕੀ ਹੋਣ ਦੇ ਬਾਵਜੂਦ ਵੀ ਬੀਮਾਰੀਆਂ ਨਾਲ ਲੋਕੀਂ ਪਹਿਲਾਂ ਨਾਲੋਂ ਅੱਜ ਵੱਧ ਪੀੜਤ ਹਨ। ਪਰ ਹੁਣ ਹੋਮਿਓਪੈਥਿਕ ਤੇ ਪ੍ਰਾਕ੍ਰਿਤਕ ਇਲਾਜ ਰਾਹੀਂ ਬਿਮਾਰੀਆਂ 'ਤੇ ਕਾਬੂ ਪਾਉਣ ਤਾ ਯਤਨ ਕੀਤਾ ਜਾ ਰਿਹਾ ਹੈ। ਅੱਜ ਤੱਕ ਬੀਮਾਰੀਆਂ ਦਾ ਅੰਤ ਹੋਣ ਵਿਚ ਨਹੀਂ ਆ ਰਿਹਾ। ਜਿਥੇ ਅੱਜ ਮੈਡੀਕਲ ਸਟੋਰ ਦਵਾਈਆਂ ਨਾਲ ਭਰੇ ਦਿਸਦੇ ਹਨ, ਉਥੇ ਛੋਟੇ ਵੱਡੇ ਸਰਕਾਰੀ ਤੇ ਪ੍ਰਾਈਵੇਟ ਹਸਪਤਾਲ ਬੀਮਾਰ ਮਰੀਜ਼ਾਂ ਨਾਲ ਭਰੇ ਦਿਸਦੇ ਹਨ। ਜਦ ਤੱਕ ਮਨੁੱਖੀ ਖੋਜ ਇਕ ਬਿਮਾਰੀ ਖ਼ਤਮ ਕਰਨ ਤੱਕ ਪੁੱਜਦੀ ਹੈ, ਓਦੋਂ ਤੱਕ ਦੂਸਰੀ ਨਵੀਂ ਬਿਮਾਰੀ ਜਨਮ ਲੈ ਲੈਂਦੀ ਹੈ। ਕੋਈ ਸਮਾਂ ਸੀ ਜਦੋਂ ਪਲੇਗ ਦੀ ਬੀਮਾਰੀ ਨਾਲ ਸ਼ਹਿਰਾਂ ਦੇ ਸ਼ਹਿਰ, ਪਿੰਡਾਂ ਦੇ ਪਿੰਡ ਉਜੜ ਜਾਂਦੇ ਸਨ। ਇਸ ਭਿਆਨਕ ਬੀਮਾਰੀ 'ਤੇ ਕਾਬੂ ਪਾ ਲਿਆ ਗਿਆ ਤਾਂ ਚੇਚਕ ਨਾਲ ਅਣਗਿਣਤ ਬੱਚੇ ਅਪੰਗ ਜਾਂ ਅੰਨ੍ਹੇ ਹੋ ਜਾਂਦੇ ਸਨ। ਇਸ ਦਾ ਸਹੀ ਇਲਾਜ ਹੋਇਆ ਤਾਂ ਮਿਆਦੀ ਬੁਖ਼ਾਰ ਚੱਲ ਪਿਆ ਜੋ ਬਹੁਤਿਆਂ ਲਈ ਜਾਨ-ਲੇਵਾ ਬਣਿਆ। ਇਸ ਉਪਰ ਕਾਬੂ ਪਾ ਲਿਆ ਗਿਆ ਤਾਂ ਹੁਣ ਭਿਅੰਕਰ ਰੋਗ ਕੈਂਸਰ ਹੋਣਾ ਸ਼ੁਰੂ ਹੋ ਗਿਆ ਹੈ, ਜੋ ਅੱਜ ਤਕ ਪੂਰਨ ਰੂਪ ਵਿਚ ਇਹ ਰੋਗ ਕਾਬੂ ਤੋਂ ਬਾਹਰ ਹੋ ਰਿਹਾ ਹੈ। ਅਸਲ ਵਿਚ ਰੋਗ ਦੀ ਜੜ੍ਹ ਮਨੁੱਖ ਦੇ ਅਚੇਤਨ ਮਨ ਵਿਚ ਮੌਜੂਦ ਹੈ। ਇਕ ਰੋਗ ਦੀ ਸ਼ਾਖ਼ ਕੱਟੀਦੀ ਹੈ ਤਾਂ ਨਵੀਂ ਸ਼ਾਖ਼ ਫੁੱਟ ਪੈਂਦੀ ਹੈ। ਇਸ ਤਰ੍ਹਾਂ ਸ਼ਾਖ਼ ਕੱਟਣ ਦਾ ਤੇ ਨਵੀਂ ਫੁਟ ਪੈਣ ਦਾ ਸਿਲਸਿਲਾ ਜ਼ਿੰਦਗੀ ਭਰ ਚਲਦਾ ਰਹਿੰਦਾ ਹੈ। ਇਸ ਤਰ੍ਹਾਂ ਇਨ੍ਹਾਂ ਸਰੀਰਕ ਰੋਗਾਂ ਤੇ ਮਾਨਸਿਕ ਰੋਗਾਂ ਦੇ ਦੁੱਖ ਕਰਕੇ ਸੰਸਾਰ ਦੁਖੀ ਹੈ। ਜਿਸ ਤਰ੍ਹਾਂ ਸਰੀਰਕ ਰੋਗ ਤੋਂ ਦੁੱਖ ਪੈਦਾ ਹੁੰਦਾ ਹੈ, ਇਸੇ ਤਰ੍ਹਾਂ ਮਾਨਸਿਕ ਦੁੱਖ ਤੋਂ ਸਰੀਰਕ ਰੋਗ ਉਪਜਦਾ ਹੈ। ਦੁੱਖ ਤੇ ਰੋਗ ਦੋਵੇਂ ਤਾਣੇ ਪੇਟੇ ਦੀ ਤਰ੍ਹਾਂ ਆਪਸ

ਵਿਚ ਓਤ ਪੋਤ ਹਨ। ਦੁੱਖ ਇਕ ਵਿਆਪਕ ਰੋਗ ਹੈ। ਮਨ ਕਿਸੇ ਵਸਤੂ ਦੀ ਚਾਹਤ ਕਰਦਾ ਹੈ, ਤਾਂ ਮਨ-ਇੱਛਤ ਵਸਤੂ ਨਾ ਪ੍ਰਾਪਤ ਹੋਣ ਕਰਕੇ ਵੀ ਦੁੱਖ ਦਾ ਜਨਮ ਹੁੰਦਾ ਹੈ। ਚੂੰਕਿ ਮਨੁੱਖ ਦੀਆਂ ਇੱਛਾਵਾਂ ਬਹੁਤੀਆਂ ਹਨ, ਇਸ ਕਰਕੇ ਦੁੱਖ ਵੀ ਅਣਗਿਣਤ ਹਨ। ਜਦ ਇਕ ਇੱਛਾ ਪੂਰੀ ਹੁੰਦੀ ਹੈ ਤਾਂ ਹੋਰ ਅਨੇਕਾਂ ਇੱਛਾਵਾਂ ਪੈਦਾ ਹੋ ਜਾਂਦੀਆਂ ਹਨ। ਗ਼ਰੀਬ ਦੀ ਇੱਛਾ ਧਨਵਾਨ ਹੋਣ ਦੀ ਹੈ, ਪੁੱਤਰ ਹੀਨ ਦੀ ਇੱਛਾ ਪੁੱਤਰ ਪ੍ਰਾਪਤੀ ਦੀ ਹੈ। ਪਰ ਅਸੀਂ ਦੇਖਦੇ ਹਾਂ ਕਿ ਗ਼ਰੀਬ ਵੀ ਦੁੱਖੀ ਹੈ, ਅਮੀਰ ਵੀ ਦੁਖੀ ਹੈ। ਬੀਮਾਰ ਦਾ ਦੁਖੀ ਹੋਣਾ ਸੁਭਾਵਕ ਹੈ, ਪਰ ਤੰਦਰੁਸਤ ਵੀ ਦੁਖੀ ਹੈ। ਪੁੱਤਰ ਹੀਨ ਵੀ ਦੁੱਖੀ ਹੈ, ਪੁੱਤਰ ਵਾਲਾ ਵੀ ਦੁੱਖੀ ਹੈ। ਹਰ ਇਕ ਦੀ ਇੱਛਾ ਵੱਖ ਵੱਖ ਹੈ, ਇਸ ਲਈ ਹਰ ਇਕ ਦਾ ਦੁੱਖ ਵੀ ਵੱਖ ਵੱਖ ਹੈ। ਸਾਰਿਆਂ ਜੀਆਂ ਦਾ ਆਸਰਾ ਰੂਪ ਪ੍ਰਭੂ ਹੀ ਹਰ ਇਕ ਦੀ ਇੱਛਾ ਪੂਰੀ ਕਰਨ ਵਾਲਾ ਤੇ ਸਾਰਿਆਂ ਦੇ ਦੁੱਖ ਰੋਗ ਮੇਟਣ ਵਾਲਾ ਹੈ। ਜਿਸ ਤਰ੍ਹਾਂ ਪੁੱਤਰ ਦੀ ਇੱਛਾ ਕਰਕੇ ਪੁੱਤਰ ਬਿਨਾ ਬਾਬਾ ਆਦਮ ਜੀ ਤੇ ਉਨ੍ਹਾਂ ਦੇ ਘਰੋਂ ਮਾਤਾ ਜੀ ਦੋਵੇਂ ਜੀਅ ਦੁੱਖ ਕਰਕੇ ਬਹੁਤ ਦੁਖੀ ਸਨ। ਸੋਢੀ ਪਾਤਸ਼ਾਹ ਗੁਰੂ ਰਾਮਦਾਸ ਜੀ ਨੇ ਇਨ੍ਹਾਂ ਨੂੰ ਪੁੱਤਰ ਬਖਸ਼ ਕੇ ਇਨ੍ਹਾਂ ਦਾ ਦੁਖ ਦੂਰ ਕੀਤਾ ਸੀ।

## ਸਾਖੀ— ਭਾਈ ਆਦਮ ਜੀ

ਮਾਲਵੇ ਦੀ ਧਰਤੀ ਜ਼ਿਲ੍ਹਾ ਬਠਿੰਡਾ ਵਿਚ ਭੁੱਚੋ ਨਾਮ ਦਾ ਨਗਰ ਤੇ ਰੇਲਵੇ ਸਟੇਸ਼ਨ ਹੈ। ਇਸ ਪਿੰਡ ਵਿਚ ਸਿੱਧੂ ਗੋਤ ਦਾ ਜ਼ਿਮੀਂਦਾਰ ਭਾਈ ਆਦਮ ਰਹਿੰਦਾ ਸੀ। ਪਿਤਾ ਪੁਰਖੀ ਕ੍ਰਿਤ ਅਨੁਸਾਰ ਖੇਤੀ ਬਾੜੀ ਦਾ ਕੰਮ ਕਰਦਾ ਅਤੇ ਵੰਡ ਛਕਦਾ ਸੀ। ਇਸ ਦੇ ਮਨ ਵਿਚ ਵੀ ਪੁੱਤਰ ਦੀ ਇੱਛਾ ਸੀ। ਹੋਰ ਧਨ ਪਦਾਰਥ ਘਰ ਵਿਚ ਬੜਾ ਸੀ ਪਰ ਇਕੋ ਇਕ ਇਹੋ ਘਾਟ ਸੀ ਜੋ ਗ੍ਰਹਿਸਥ ਦਾ ਜ਼ਰੂਰੀ ਅੰਗ ਹੈ, ਸੋ ਕਿਤੇ ਵੀ ਪੂਰੀ ਨਾ ਹੋ ਸਕੀ।

ਬੜੇ ਜਾਦੂ ਟੂਣੇ ਕਰਨ ਵਾਲੇ ਪਾਖੰਡੀਆਂ ਦਾ ਪੂਜਨ ਕੀਤਾ। ਮੜ੍ਹੀਆਂ ਤੇ ਕਬਰਾਂ 'ਤੇ ਦੀਵੇ ਜਗਾਏ, ਸਿਵਿਆਂ 'ਤੇ ਛਿਲੇ ਕੱਟੇ, ਚੌਰਸਤਿਆਂ ਵਿਚ ਉਤਾਰੇ ਲਾਹੇ, ਪਰ ਮਨ ਦੀ ਸੱਧਰ ਕਿਤੋਂ ਵੀ ਪੂਰੀ ਨਾ ਹੋਈ। ਜਿਉਂ-ਜਿਉਂ ਆਪਣੇ ਚਿੱਟੇ ਦਾੜ੍ਹੇ ਤੇ ਬ੍ਰਿਧ ਅਵਸਥਾ ਵਲ ਤੱਕਦਾ ਹੈ, ਤਿਉਂ-ਤਿਉਂ ਨਿਰਾਸਤਾ ਦੇ ਡੂੰਘੇ ਸਾਗਰ ਵਿਚ ਗ਼ੋਤੇ ਖਾਂਦਾ ਹੈ। ਸਮਾਂ ਬਤੀਤ ਹੁੰਦਿਆਂ ਕੁਝ ਦੇਰ ਨਹੀਂ ਲੱਗਦੀ। ਇਸ ਤਰ੍ਹਾਂ ਯਤਨ ਕਰਦਿਆਂ ਇਸ ਦੀ ਉਮਰ ਸੱਤਰ (੭੦) ਸਾਲ ਦੀ ਹੋ ਗਈ।

ਦੇਵਨੇਤ ਨਾਲ ਕੋਈ ਗੁਰੂ ਦਾ ਸਿੱਖ ਮਿਲਿਆ ਜਿਸ ਦਾ ਨਾਮ ਭਾਈ ਗੁਰਦਾਸ ਜੀ ਇਤਿਹਾਸ ਵਿਚ ਲਿਖਿਆ ਹੈ। ਆਦਮ ਨੇ ਪ੍ਰਸ਼ਾਦਿ ਪਾਣੀ ਦੁਆਰਾ ਸੇਵਾ ਕੀਤੀ। ਭਾਈ ਸਾਹਿਬ ਨੇ ਚਿਹਰੇ ਦੀ ਉਦਾਸੀ ਦਾ ਕਾਰਨ ਪੁੱਛਿਆ। ਭਾਈ ਆਦਮ ਨੇ ਆਪਣੀ ਸਾਰੀ ਵਿਥਿਆ ਸੁਣਾਈ ਤਾਂ ਭਾਈ ਸਾਹਿਬ ਜੀ ਬੋਲੇ ਕਿ ਸੋਢੀ ਸੁਲਤਾਨ ਗੁਰੂ ਰਾਮਦਾਸ ਜੀ ਮਹਾਰਾਜ ਜੋ ਨਿਰਾਸਿਆਂ ਦੀ ਆਸਾ ਪੂਰੀ ਕਰਨ ਵਾਲੇ ਹਨ, ਤੂੰ ਉਦਾਸ ਨਾ ਹੋ, ਉਹਨਾਂ ਪਾਸੋਂ ਤੈਨੂੰ ਜ਼ਰੂਰ ਹੀ ਇਹ ਮੁਰਾਦ ਮਿਲੇਗੀ।

ਭਾਈ ਸਾਹਿਬ ਦੀਆਂ ਗੱਲਾਂ 'ਤੇ ਨਿਸਚਾ ਕਰਕੇ ਇਹ ਆਪਣੀ ਘਰ ਵਾਲੀ ਸਮੇਤ ਗੁਰ ਚਰਨਾਂ ਵਿਚ

ਸ੍ਰੀ ਅੰਮ੍ਰਿਤਸਰ ਪੁੱਜਾ ਕਿ ਜੇਕਰ ਪੁੱਤਰ ਦੀ ਦਾਤ ਨਾ ਮਿਲੀ ਤਾਂ ਗੁਰੂ ਘਰ ਦੀ ਕੀਤੀ ਸੇਵਾ ਤਾਂ ਨਿਹਫਲ ਨਹੀਂ ਜਾਵੇਗੀ, ਇਸ ਦਾ ਪ੍ਰਲੋਕ ਵਿਚ ਜ਼ਰੂਰ ਹੀ ਫਲ ਮਿਲੇਗਾ। ਗੁਰੂ ਦੇ ਲੰਗਰ ਵਾਸਤੇ ਜੰਗਲ ਵਿੱਚੋਂ ਲੱਕੜਾਂ ਲਿਆਉਣੀਆਂ ਸ਼ੁਰੂ ਕਰ ਦਿੱਤੀਆਂ। ਹਰ ਰੋਜ਼ ਦੋ ਭਾਰ ਲੈ ਕੇ ਆਉਂਦਾ ਹੈ, ਇਕ ਲੰਗਰ ਵਿਚ ਦੇ ਦਿੰਦਾ ਹੈ ਤੇ ਇਕ ਆਪਣੇ ਪਾਸ ਜਮ੍ਹਾਂ ਕਰ ਰੱਖਦਾ ਹੈ।

ਇਉਂ ਸੇਵਾ ਕਰਦੇ ਨੂੰ ਛੇ ਮਹੀਨੇ ਬਤੀਤ ਹੋ ਗਏ। ਸਰਦੀ ਦਾ ਮੌਸਮ ਆ ਗਿਆ। ਚੌਥੇ ਪਾਤਿਸ਼ਾਹ ਜੀ ਸਿੱਖਾਂ ਦੇ ਸਮੇਤ ਸ੍ਰੀ ਗੋਇੰਦਵਾਲ ਦੀ ਯਾਤਰਾ ਨੂੰ ਗਏ। ਦੋ ਤਿੰਨ ਦਿਨਾਂ ਤੋਂ ਬਾਅਦ ਸ਼ਾਮ ਨੂੰ ਵਾਪਿਸ ਆਏ, ਤਾਂ ਉਸ ਦਿਨ ਝੜੀ ਲੱਗੀ ਹੋਈ ਸੀ। ਠੰਢੀ ਪੌਣ ਚਲਦੀ ਤੇ ਸੀਤ ਪੈਂਦੀ ਸੀ। ਹਜ਼ੂਰ ਨੇ ਸੰਗਤ ਦੀ ਸਰਦੀ ਅਨੁਭਵ ਕਰਕੇ ਕਿਹਾ ਕਿ ਐਸ ਵੇਲੇ ਕੋਈ ਪ੍ਰੇਮੀ ਸਿੱਖ ਹੈ, ਜੋ ਗੁਰਸਿੱਖਾਂ ਨੂੰ ਅਗਨੀ ਸਿਕਾ ਕੇ ਸਰਦੀ ਦੂਰ ਕਰੇ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਘਰੋਂ ਜੋ ਵੀ ਮੰਗੇਗਾ, ਉਸ ਨੂੰ ਮਿਲ ਜਾਵੇਗਾ।

ਕਿਸੇ ਸਿੱਖ ਪਾਸੋਂ ਇਹ ਵਾਰਤਾ ਭਾਈ ਆਦਮ ਨੇ ਵੀ ਸੁਣ ਲਈ। ਉਹ ਇਸ ਸੁਨਹਿਰੀ ਮੌਕੇ ਨੂੰ ਕਦੋਂ ਹੱਥੋਂ ਗਵਾਉਂਦੇ ਸਨ ? ਉਸੇ ਵੇਲੇ ਕਮਰਕੱਸਾ ਕੀਤਾ। ਛੇ ਮਹੀਨਿਆਂ ਦਾ ਇਕੱਠਾ ਕੀਤਾ ਬਾਲਣ ਸਿੱਖਾਂ ਦੇ ਡੇਰਿਆਂ ਵਿਚ ਦੇ ਕੇ ਅੰਗੀਠੇ ਬਾਲ ਦਿੱਤੇ। ਸਭਨਾਂ ਨੇ ਬਸਤਰ ਸੁਕਾਏ, ਸਰਦੀ ਦੂਰ ਕੀਤੀ। ਸਾਰਿਆਂ ਨੇ ਸਿੱਖ ਨੂੰ ਅਸੀਸਾਂ ਦਿੱਤੀਆਂ।

ਹਜ਼ੂਰ ਵੀ ਉੱਚੀ ਜਗ੍ਹਾ 'ਤੇ ਖਲੋ ਕੇ ਸਿੱਖਾਂ ਦੇ ਡੇਰਿਆਂ ਵਿਚ ਬਲ ਰਹੇ ਅੰਗੀਠਿਆਂ ਵਲ ਤੱਕ ਰਹੇ ਸਨ। ਰਾਤ ਬਤੀਤ ਹੋਈ। ਸਿੱਖ ਦੀ ਘਾਲਣਾ ਨੂੰ ਫਲ ਲਾਉਣ ਵਾਸਤੇ ਸਵੇਰ ਦੇ ਦੀਵਾਨ ਵਿਚ ਕਿਹਾ ਕਿ ਜਿਸ ਸਿੱਖ ਨੇ ਰਾਤ ਸੰਗਤ ਨੂੰ ਅੱਗ ਸਿਕਾ ਕੇ ਸੇਵਾ ਕੀਤੀ ਹੈ, ਉਸ ਨੂੰ ਸਾਡੇ ਪਾਸ ਬੁਲਾਉ। ਪ੍ਰੇਮੀ ਸਿੱਖਾਂ ਨੇ ਭਾਈ ਆਦਮ ਨੂੰ ਹਜ਼ੂਰ ਦੇ ਪਾਸ ਬੁਲਾ ਲਿਆਂਦਾ। ਇਸ ਨੇ ਸਤਿਕਾਰ ਸਹਿਤ ਮੱਥਾ ਟੇਕਿਆ ਤੇ ਹੱਥ ਜੋੜ ਕੇ ਸਾਹਮਣੇ ਖੜਾ ਹੋ ਗਿਆ।

ਵਰਾਂ ਦੇ ਦਾਤੇ ਸਤਿਗੁਰੂ ਜੀ ਨੇ ਕਿਹਾ, "ਸਿੱਖਾ ! ਮਨ ਦਾ ਮਨੋਰਥ ਦੱਸ, ਗੁਰੂ ਨਾਨਕ ਦੇ ਖ਼ਜ਼ਾਨੇ ਵਿੱਚੋਂ ਪੂਰਾ ਕਰੀਏ।" ਕੰਨਾਂ ਰੂਪੀ ਡੂਨਿਆਂ ਦੁਆਰਾ ਅੰਮ੍ਰਿਤ ਬਚਨ ਪਾਨ ਕਰਕੇ ਸਿੱਖ ਨੇ ਖ਼ਿਆਲ ਕੀਤਾ ਕਿ ਜੇ ਮੈਂ ਪੁੱਤਰ ਵਾਸਤੇ ਬੇਨਤੀ ਕਰਾਂ ਤਾਂ ਸਿੱਖਾਂ ਵਿਚ ਹਾਸੀ ਹੋਵੇਗੀ, ਕਿਉਂਕਿ ਮੇਰੀ ਤੇ ਮੇਰੀ ਘਰਵਾਲੀ ਦੀ ਅਵਸਥਾ ਬਹੁਤ ਬਿਰਧ ਹੋ ਗਈ ਹੈ। ਸੁੱਕੇ ਬ੍ਰਿਛ ਨੂੰ ਫਲ ਲੱਗਣੇ ਕਠਿਨ ਹਨ। ਹੱਥ ਜੋੜ ਕੇ ਬੇਨਤੀ ਕੀਤੀ—ਸੱਚੇ ਪਾਤਿਸ਼ਾਹ ਜੀ ! ਸਿੱਖੀ ਦੀ ਦਾਤ ਬਖ਼ਸ਼ੋ। ਹਜ਼ੂਰ ਨੇ ਕਿਹਾ ਕਿ ਭਾਈ ਤੇਰੇ ਮਨ ਦਾ ਸੰਕਲਪ ਤਾਂ ਕੋਈ ਹੋਰ ਹੈ, ਪਰ ਤੂੰ ਮੰਗ ਨਹੀਂ ਰਿਹਾ। ਜਾਹ, ਕੱਲ ਆ ਕੇ ਮੰਗ ਲਵੀਂ।

ਦੂਜੇ ਦਿਨ ਫੇਰ ਹਾਜ਼ਰ ਹੋਇਆ, ਹਜ਼ੂਰ ਨੇ ਕਿਹਾ—ਕੀ ਚਾਹੁੰਦਾ ਹੈਂ ? ਉਸ ਨੇ ਕਿਹਾ, ਜੀ ਸਿੱਖੀ ਬਖ਼ਸ਼ ਕੇ ਮੁਕਤ ਕਰੋ। ਹਜ਼ੂਰ ਨੇ ਕਿਹਾ, ਸਾਡਾ ਬਿਰਦ ਹੈ-ਪਹਿਲਾਂ ਮਨ ਦੀ ਮੁਰਾਦ ਪੂਰੀ ਕਰ, ਫੇਰ ਮੁਕਤੀ ਵੀ ਮਿਲ ਜਾਵੇਗੀ। ਜਾਹ, ਕੱਲ ਫੇਰ ਆਵੀਂ। ਘਰਵਾਲੀ ਨੂੰ ਪਤਾ ਲੱਗਿਆ ਕਿ ਚੌਥਾ ਗੁਰੂ ਨਾਨਕ ਤਰੁੱਠਿਆ ਹੈ, ਜੋ ਖ਼ਾਲੀਆਂ ਨੂੰ ਭਰਦਾ ਤੇ ਕੰਗਲਿਆਂ ਨੂੰ ਬਾਦਸ਼ਾਹ ਬਣਾਉਂਦਾ ਹੈ। ਉਹ ਫਿਰ ਤੀਜੇ ਦਿਨ ਪਤੀ ਦੇ ਨਾਲ ਆਈ ਤੇ ਸਾਰੀ ਸੰਕੋਚ ਛੱਡ ਕੇ ਕਿਹਾ—ਮਹਾਰਾਜ ਜੀ ! ਸਾਡੇ ਮਨ ਵਿਚ ਤਾਂ ਪੁੱਤਰ ਦੀ

ਇੱਛਾ ਹੈ, ਪਰ ਇਹ ਮੰਗ ਨਹੀਂ ਸਕਦੇ, ਸੰਕੋਚ ਕਰਦੇ ਹਨ, ਆਪ ਜਾਣੀ ਜਾਣ ਹੋ, ਕਿਰਪਾ ਕਰੋ ਤੇ ਪੁੱਤਰ ਦੀ ਦਾਤ ਬਖ਼ਸ਼ੋ।

ਹਜ਼ੂਰ ਨੇ ਇਹ ਬਚਨ ਸੁਣ ਕੇ ਨੇਤਰ ਬੰਦ ਕਰ ਲਏ। ਦੀਵਾਨ ਵਿਚ ਵੀ ਚੁਪ ਚਾਪ ਛਾ ਗਈ। ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਡੇਢ ਘੰਟਾ ਨੇਤਰ ਨਾ ਖੋਲ੍ਹੇ। ਇਹ ਸੁਭਾਗ ਜੋੜੀ ਤੇ ਸੰਗਤ ਹੈਰਾਨ ਹੋ ਗਈ ਕਿ ਅੱਜ ਕੀ ਕਾਰਨ ਹੈ, ਸਤਿਗੁਰੂ ਜੀ ਨਿਰਵਿਕਲਪ ਸਮਾਧੀ ਵਿਚ ਲੀਨ ਹੋ ਗਏ ਹਨ।

ਅਖ਼ੀਰ ਨੇਤਰ ਕਮਲ ਖੋਲ੍ਹ ਕੇ ਕਿਹਾ—ਸਿੱਖਾ! ਅਸੀਂ ਚੰਗੀ ਤਰ੍ਹਾਂ ਖੋਜ ਕਰਕੇ ਧਿਆਨ ਦੁਆਰਾ ਦੇਖਿਆ ਹੈ, ਤੇਰੇ ਭਾਗਾਂ ਵਿਚ ਪੁੱਤਰ ਨਹੀਂ ਲਿਖਿਆ, ਪਰ ਤੂੰ ਗੁਰੂ ਨਾਨਕ ਦੇ ਘਰ ਦੀ ਸੇਵਾ ਕੀਤੀ ਹੈ, ਅਸੀਂ ਬਚਨ ਕੀਤਾ ਹੈ ਕਿ ਜੋ ਤੂੰ ਮੰਗੇਂਗਾ ਸੋ ਮਿਲੇਗਾ, ਸੋ ਸੇਵਾ ਕੀਤੀ ਨਿਸਫਲ ਕਿਵੇਂ ਕਰੀਏ। ਇਸ ਲਈ ਸਾਡੇ ਘਰ ਚਾਰ ਪੁੱਤਰ ਹੋਣੇ ਸਨ, ਤਿੰਨ ਤਾਂ ਪ੍ਰਗਟ ਹੋ ਗਏ ਹਨ—ਇਕ ਪ੍ਰਿਥੀ ਚੰਦ, ਦੂਜਾ ਮਹਾਂਦੇਵ, ਤੀਜੇ (ਗੁਰੂ) ਅਰਜਨ ਦੇਵ ਜੀ, ਚੌਥਾ ਜੋ ਹੋਣਾ ਹੈ, ਉਹ ਅਸੀਂ ਤੈਨੂੰ ਦੇ ਦਿੱਤਾ ਹੈ। ਬੜਾ ਭਗਤੀ ਦਾ ਅਵਤਾਰ ਹੋਵੇਗਾ, ਨਾਮ ''ਭਗਤੂ'' ਰੱਖਣਾ। ਮਾਲਵੇ ਦੇਸ਼ ਵਿਚ ਗੁਰਸਿੱਖੀ ਦਾ ਪ੍ਰਚਾਰ ਕਰੇਗਾ ਤੇ ਬੜਾ ਪੂਜਨੀਕ ਵਰਾਂ ਦਾ ਦਾਤਾ ਹੋਵੇਗਾ।

ਭਾਈ ਆਦਮ ਇਹ ਵਰ ਸੁਣ ਕੇ ਹਜ਼ੂਰ ਦਾ ਜਸ ਕਰਦਾ ਹੋਇਆ ਘਰਵਾਲੀ ਸਮੇਤ ਮੱਥਾ ਟੇਕ ਕੇ ਆਗਿਆ ਲੈ ਕੇ ਘਰ ਪੁੱਜਾ। ਸਮਾਂ ਪਾ ਕੇ ਭਾਈ ਭਗਤੂ ਦਾ ਜਨਮ ਹੋਇਆ ਜੋ ਬੜਾ ਪ੍ਰਸਿਧ ਪੂਜਨੀਕ ਮਹਾਂਪੁਰਸ਼ ਹੋਇਆ ਹੈ।

ਸੱਤਵੇਂ ਪਾਤਿਸ਼ਾਹ ਤੱਕ ਗੁਰਸਿੱਖੀ ਦਾ ਪ੍ਰਚਾਰ ਕਰਦਾ ਰਿਹਾ। ਅੱਗੇ ਇਸ ਦੀ ਬੰਸ ਵਿੱਚੋਂ ਕੈਂਥਲ ਵਾਲਾ ਰਾਜਾ ਭਾਈ ਉਦੈ ਸਿੰਘ ਹੋਇਆ ਹੈ, ਜਿਸ ਦੇ ਪਾਸ ਮਹਾਂ ਕਵੀ ਸੰਤੋਖ ਸਿੰਘ ਜੀ ਨੇ ਠਹਿਰ ਕੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਰਚਨਾ ਕੀਤੀ ਹੈ। ਇਹ ਸਾਰਾ ਪ੍ਰਸੰਗ ਗੁਰ ਪ੍ਰਤਾਪ ਸੂਰਜ ਗ੍ਰੰਥ ਰਾਸ ੨, ਅੰਸੂ-੪੧ ਵਿਚ ਲਿਖਿਆ ਹੈ।

## ***ਪਰਮੇਸਰਿ ਦਿਤਾ ਬੰਨਾ॥***

ਬੰਨਾ—ਇਸ ਬੰਨਾ, ਪਦ ਦੇ ਕੋਸ਼ਾਂ ਅੰਦਰ ਵੱਖ-ਵੱਖ ਅਰਥ ਕੀਤੇ ਮਿਲਦੇ ਹਨ, ਜਿਸ ਤਰ੍ਹਾਂ ਪੰਜਾਬੀ ਵਿਚ ਬੰਨਾ, ਬੰਨ੍ਹਣਾ, ਬਨੇਰਾ, ਹੱਦ, ਟੇਕ, ਯਥਾ-''ਕਿਸੈ ਕੋ ਸੀਵ ਬੰਨੈ ਰੋਲੁ ਨਾਹੀ'' ਅਤੇ ਆਸਰਾ, ਲਾੜਾ, ਪੁੱਤਰ, ਬੰਨ, ਰੋਕ ਇਤਿਆਦਿ ਬਹੁਤ ਸਾਰੇ ਅਰਥ ਹਨ। ਪਰ ਅਰਥ ਪ੍ਰਕਰਣ ਅਨੁਸਾਰ ਹੀ ਕੀਤਾ ਜਾਂਦਾ ਹੈ। ਟੀਕਾਕਾਰਾਂ ਨੇ ''ਪਰਮੇਸਰਿ ਦਿਤਾ ਬੰਨਾ॥'' ਸ਼ਬਦ ਦੇ ਅਰਥ ਕਰਨ ਲਗਿਆਂ ਵੀ ''ਬੰਨਾ'' ਪਦ ਦੇ ਅਰਥ ਵੱਖ-ਵੱਖ ਕੀਤੇ ਹਨ। ਪਰ ਬਹੁਤੀ ਗਿਣਤੀ ਵਿਚ ਆਸਰਾ ਤੇ ਪੁੱਤਰ, ਗਿਆਨ ਰੂਪ ਪੁੱਤਰ ਕੀਤੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼ ਅੰਦਰ ਭਾਈ ਵੀਰ ਸਿੰਘ ਜੀ ਨੇ ਇਸ ਤਰ੍ਹਾਂ ਲਿਖਿਆ ਹੈ-

(ਅ) ਪੁਤ੍ਰ, ਬੇਟਾ। ਯਥਾ=''ਪਰਮੇਸਰਿ ਦਿਤਾ ਬੰਨਾ'' (੬੨੭) ਪਰਮੇਸਰ ਨੇ (ਵਾਰਸ ਯਾ) ਪੁੱਤਰ

ਦਿੱਤਾ ਹੈ। ਕਹਿੰਦੇ ਹਨ ਕਿ ਇਹ ਸ਼ਬਦ ਗੁਰੂ ਹਰਿਗੋਬਿੰਦ ਜੀ ਦੇ ਜਨਮ ਪਰ ਕਿਹਾ ਗਿਆ ਸੀ।

(ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼, ਪੰਨਾ ੪੭੩)

ਗੁਰਵਾਕ ਚਾਨਣ, ਭਾਗ ਪਹਿਲਾ ਅੰਦਰ ਪੰਨਾ ੪੫੯ ਉਪਰ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਅਵਤਾਰ ਸਮੇਂ ਉਚਾਰਨ ਕੀਤਾ ਦਸਿਆ ਹੈ। ਸੰਪ੍ਰਦਾਈ ਟੀਕਾ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਅਮੀਰ ਭੰਡਾਰ) ਸੈਂਚੀ ਪੰਜਵੀਂ ਦੇ ਪੰਨਾ ਪ੬੯ ਉਪਰ ਵੀ ਪ੍ਰਮੇਸਰ ਨੇ ਕਿਰਪਾ ਕਰਕੇ ਪ੍ਰਤੱਖ ਬੰਨਾ-ਪੁੱਤਰ (ਹਰਿਗੋਬਿੰਦ) ਦਿੱਤਾ ਲਿਖਿਆ ਹੈ।

## ਅਵਤਾਰ ਗੁਰੂ ਹਰਿਗੋਬਿੰਦ ਜੀ

***ਦਲਿ ਭੰਜਨ ਗੁਰੁ ਸੂਰਮਾ, ਵਡ ਜੋਧਾ, ਬਹੁ ਪਰਉਪਕਾਰੀ।***

(ਭਾ. ਗੁਰਦਾਸ, ਵਾਰ ੧, ਪਉੜੀ ੪੮)

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਗਟ ਹੋਣ ਦਾ ਪ੍ਰਸੰਗ ਇਤਿਹਾਸਕਾਰਾਂ ਨੇ ਇਸ ਪ੍ਰਕਾਰ ਲਿਖਿਆ ਹੈ :

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਾਦੀ ਹੋਇਆਂ ਚਾਰ-ਪੰਜ ਸਾਲ ਬੀਤ ਚੱਲੇ ਸਨ, ਪਰ ਅਜੇ ਉਹਨਾਂ ਘਰ ਸੰਤਾਨ ਨਹੀਂ ਸੀ ਹੋਈ।

ਇਕ ਦਿਨ ਘਰ ਵਿਚ ਗੱਲਾਂ ਕਰਦਿਆਂ ਪ੍ਰਿਥੀ ਚੰਦ ਨੇ ਆਪਣੀ ਪਤਨੀ ਕਰਮੋ ਨੂੰ ਕਿਹਾ, "ਭਲੀਏ ਲੋਕੇ, ਤੈਨੂੰ ਚਿੰਤਾ ਕਰਨ ਦੀ ਲੋੜ ਨਹੀਂ। ਮੈਂ ਗੁਰੂ ਨਹੀਂ ਬਣ ਸਕਿਆ ਪਰ ਆਪਣਾ ਪੁੱਤਰ ਮੇਹਰਬਾਨ ਅਵੱਸ਼ ਗੁਰੂ ਬਣੇਗਾ। (ਗੁਰੂ) ਅਰਜਨ ਦੇਵ ਦੇ ਘਰ ਸੰਤਾਨ ਨਹੀਂ ਹੋਣੀ। ਸੋ ਉਹਨਾਂ ਦਾ ਸਭ ਕੁਝ ਅਸਾਂ ਹੀ ਸਾਂਭਣਾ ਹੈ। ਇਹ ਗੱਲਾਂ ਦਾਸੀ ਨੇ ਸੁਣ ਲਈਆਂ ਸਨ। ਉਸ ਦੀ ਦਾਸੀ ਰਾਹੀਂ ਇਹ ਗੱਲਾਂ ਮਾਤਾ ਗੰਗਾ ਜੀ ਤਕ ਪੁੱਜੀਆਂ, ਤਾਂ ਉਹ ਬਹੁਤ ਦੁਖੀ ਹੋਏ।

***ਦਾਸੀ ਪ੍ਰਿਥੀਏ ਕੀ ਸੁਨਤ ਦੰਪਤ ਕੇ ਸਭ ਬੈਨ।***
***ਮਨ ਪ੍ਰਸੰਨ ਅਤ ਹੀ ਭਈ, ਕਰਿ ਬਿਚਾਰ ਦਿਨ ਰੈਣ।***
***ਸ੍ਰੀ ਅਰਜਨ ਕੀ ਹੁਤੀ ਇਕ ਦਾਸੀ ਬੁਧਿਵਾਨ।***
***ਤਿਹ ਸੋ ਕਹਿਯੋ ਪ੍ਰਸੰਗ ਸਭ, ਜਿਤਨੋ ਕੀਨ ਬਖਾਨ।***

(ਅਥਵਾ)

***ਗੁਰ ਅਰਜਨ ਕੇ ਧਾਮ ਆਨ ਸੁਨਾਈ ਤਰਕ ਜੁਤਿ।***

(ਗੁ: ਪ੍ਰ: ਸੂ:, ਰਾਸਿ ੩)

ਮਾਤਾ ਗੰਗਾ ਜੀ ਨੇ ਗੁਰੂ ਮਹਾਰਾਜ ਦੇ ਚਰਨ ਪਕੜ ਕੇ ਤਰਲਾ ਲਿਆ, "ਹੇ ਪਾਤਿਸ਼ਾਹ ! ਆਪ ਸਾਰੇ ਸੰਸਾਰ ਦੀਆਂ ਭਾਵਨਾਵਾਂ ਪੂਰਨ ਕਰਦੇ ਹੋ, ਤਾਂ ਇਸ ਦਾਸੀ ਦੀਆਂ ਕਿਉਂ ਨਹੀਂ ਕਰਦੇ ? ਮੈਂ ਗੁਰੂ

ਨਾਨਕ ਦੇ ਘਰੋਂ ਇਕ ਪੁੱਤਰ ਦੀ ਦਾਤ ਮੰਗਦੀ ਹਾਂ, ਮੇਰੇ ਉੱਤੇ ਮੇਹਰ ਕਰੋ।''

ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬੜੇ ਧੀਰਜ ਨਾਲ ਉੱਤਰ ਦਿੱਤਾ, ''ਗੰਗਾ ਜੀ, ਤੁਸਾਂ ਵਰ ਲੈਣਾ ਹੈ, ਤਾਂ ਮਹਾਨ ਸੰਤ ਬਾਬਾ ਬੁੱਢਾ ਜੀ ਦੀ ਸ਼ਰਣ ਜਾਉ :

***ਸਾਹਿਬ ਸੁ ਬੁਢਾ ਨਾਮ, ਮਹਾਗੁਣ ਬ੍ਰਿੰਦ ਧਾਮ।***
***ਗਿਆਨ ਅਭਿਰਾਮ ਸ਼ੇਰ ਮੋਹ ਸਮ ਏਨ ਕੀ।***
***ਕੀਜੀਏ ਪ੍ਰਸੰਨ ਬਰ ਲੀਜੀਏ ਸੁ ਧੰਨ ਬਨਿ,***
***ਬਿਨਤੀ ਭਨੀਜੀਏ ਬਡਾਈ ਤਜ ਬੈਨ ਕੀ।***

ਸਤਿਗੁਰੂ ਦੇ ਦੱਸੇ ਅਨੁਸਾਰ ਮਾਤਾ ਗੰਗਾ ਜੀ ਹੱਥੀਂ ਪ੍ਰਸ਼ਾਦਾ ਤਿਆਰ ਕਰਕੇ ਨੰਗੇ ਪੈਰੀਂ ਚੱਲ ਕੇ ਝਬਾਲ ਦੀ ਬੀੜ ਵਿਚ ਬਾਬਾ ਬੁੱਢਾ ਜੀ ਕੋਲ ਹਾਜ਼ਰ ਹੋਏ। ਬਾਬਾ ਜੀ ਨੇ ਪ੍ਰਸੰਨ ਹੋ ਕੇ ਜੋ ਵਰ ਦਿੱਤਾ :

ਕਵੀ ਸੰਤੋਖ ਸਿੰਘ ਲਿਖਦੇ ਹਨ :

***ਬੋਲਯੋ ਬਡ ਉਤਸ਼ਾਹ ਬਢਾਵਤ, ਧੰਨ ਮਾਤ ਆਵਨ ਭਾ ਤੋਹਿ।***
***ਬਲੀ ਬਿਸਾਲ ਖੜਗ ਖਰ ਧਰ ਕਰਿ ਮੁਗਲਨ ਮਾਰ ਗੁਰੂ ਬਡਿ ਹੋਹਿ।***

(ਗੁ: ਪ੍ਰ: ਸੂ:, ਰਾਸਿ ੩)

''ਮਾਤਾ ਜੀ, ਆਪ ਜੀ ਦੇ ਘਰ ਇਕ ਮਹਾਨ ਯੋਧਾ ਪੈਦਾ ਹੋਵੇਗਾ, ਜੋ ਸੰਤ ਵੀ ਹੋਵੇਗਾ ਤੇ ਸੂਰਮਾ ਵੀ।''

***ਤੁਮਰੇ ਗ੍ਰਿਹ ਪ੍ਰਗਟੇਗਾ ਜੋਧਾ। ਜਾਕੋ ਬਲ ਗੁਨ ਕਿਨਹੂ ਸੋਧਾ।***

(ਗੁਰ ਬਿਲਾਸ ਪਾਤਸ਼ਾਹੀ ਛੇਵੀਂ)

ਇਸ ਵਰ ਦੀ ਖ਼ਬਰ ਸੁਣ ਕੇ ਪ੍ਰਿਥੀ ਚੰਦ ਬਹੁਤ ਹੀ ਔਖਾ ਹੋ ਗਿਆ। ਉਸਦੀ ਈਰਖਾ ਹੱਦੋਂ ਵੱਧ ਗਈ।

ਸੰਨ ੧੫੯੪, ਸੰਮਤ ੧੬੫੧ ਬਿ. ਦੇ ਅਰੰਭ ਵਿਚ ਗੁਰੂ ਅਰਜਨ ਦੇਵ ਜੀ ਸਮੇਤ ਪ੍ਰਵਾਰ ਦੇ ਪਿੰਡ ਵਡਾਲੀ ਜਾ ਠਹਿਰੇ ਸਨ। ਇਥੇ ਰਹਿੰਦਿਆਂ ਬਾਬਾ ਬੁੱਢਾ ਜੀ ਦੇ ਬਚਨਾਂ ਅਨੁਸਾਰ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਮਾਤਾ ਗੰਗਾ ਜੀ ਦੀ ਕੁੱਖੋਂ ੧੬੫੨ ਬਿ. (ਸੰਨ ੧੫੯੫ ਈ:) ਨੂੰ ਅਵਤਾਰ ਹੋਇਆ। ਸਾਹਿਬਜ਼ਾਦੇ ਦੇ ਪ੍ਰਗਟ ਹੋਣ ਦੀ ਖ਼ੁਸ਼ੀ ਅੰਦਰ, ਪ੍ਰਮੇਸਰਿ ਦਾ ਸ਼ੁਕਰਾਨਾ ਕਰਦਿਆਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਹ ਸ਼ਬਦ ਉਚਾਰਨ ਕੀਤੇ ਸਨ–

***ਪਰਮੇਸਰਿ ਦਿਤਾ ਬੰਨਾ॥***

ਯਥਾ–

***ਸਤਿਗੁਰ ਸਾਚੈ ਦੀਆ ਭੇਜਿ॥***
***ਚਿਰੁ ਜੀਵਨੁ ਉਪਜਿਆ ਸੰਜੋਗਿ॥***

(ਅੰਗ ੩੯੬)

ਸੋਰਠਿ ਮਹਲਾ ੫ ॥ ਪਰਮੇਸਰਿ ਦਿਤਾ ਬੰਨਾ ॥ ਦੁਖ ਰੋਗ ਕਾ ਡੇਰਾ ਭੰਨਾ ॥ ਅਨਦ ਕਰਹਿ ਨਰ ਨਾਰੀ ॥ ਹਰਿ ਹਰਿ ਪ੍ਰਭਿ ਕਿਰਪਾ ਧਾਰੀ ॥ ੧ ॥ ਸੰਤਹੁ ਸੁਖੁ ਹੋਆ ਸਭ ਥਾਈ ॥ ਪਾਰਬ੍ਰਹਮੁ ਪੂਰਨ ਪਰਮੇਸਰੁ ਰਵਿ ਰਹਿਆ ਸਭਨੀ ਜਾਈ ॥ ਰਹਾਉ ॥ ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥ ਦਇਆਲ ਪੁਰਖ ਮਿਹਰਵਾਨਾ ॥ ਹਰਿ ਨਾਨਕ ਸਾਚੁ ਵਖਾਨਾ ॥ ੨ ॥ ੧੩ ॥ ੭੭ ॥

(ਅੰਗ ੬੨੭-੨੮)

## ਪਦ ਅਰਥ :

ਬੰਨਾ-ਆਸਰਾ (ਪੁੱਤਰ)। ਭੰਨਾ-ਭੱਜ ਗਿਆ, ਤੋੜ ਦਿੱਤਾ। ਅਨਦ ਕਰਹਿ-ਅਨੰਦ ਕਰਦੇ, ਖ਼ੁਸ਼ੀਆਂ ਮਨਾਉਂਦੇ ਹਨ। ਨਰ ਨਾਰੀ-(ਸਾਰੇ) ਮਰਦ ਤੇ ਇਸਤਰੀਆਂ। ਰਵਿ ਰਹਿਆ-ਵਿਆਪਕ ਹੋ ਰਿਹਾ ਹੈ। ਸਭਨੀ ਜਾਈ-ਸਭ ਥਾਵਾਂ ਵਿਚ। ਧੁਰਿ ਕੀ ਬਾਣੀ ਆਈ-ਧੁਰ ਤੋਂ (ਰੱਬੀ ਮੰਡਲ ਚੋਂ) ਆਈ ਬਾਣੀ।

## ਅਰਥ :

ਹੇ ਭਾਈ ! ਪਰਮੇਸਰ ਨੇ ਸਾਨੂੰ (ਆਪਣਾ) ਆਸਰਾ (ਅਥਵਾ ਪੁੱਤਰ) ਦਿੱਤਾ ਹੈ, (ਜਿਸ ਕਰਕੇ) ਦੁੱਖਾਂ ਰੋਗਾਂ ਦਾ ਡੇਰਾ ਸਮੁਦਾਅ ਭਜ ਗਿਆ (ਭਾਵ ਸਾਰੇ ਦੁੱਖ ਦੂਰ ਹੋ ਗਏ। ਹੁਣ ਸਾਰੇ ਮਨੁੱਖ ਤੇ ਇਸਤ੍ਰੀਆਂ ਖ਼ੁਸ਼ੀ ਮਨਾਉਂਦੇ ਹਨ, ਕਿਉਂਕਿ ਹਰਿ ਹਰਿ ਪ੍ਰਭੂ (ਪ੍ਰਮਾਤਮਾ) ਨੇ ਕਿਰਪਾ ਕੀਤੀ ਹੈ। ੧। ਹੇ ਸੰਤਹੁ ! (ਹੁਣ) ਸਭ ਥਾਵਾਂ 'ਤੇ ਸੁਖ ਹੀ ਸੁਖ ਪੂਰਨ ਤੌਰ 'ਤੇ ਵਿਆਪਕ ਹੋ ਰਿਹਾ (ਦਿਸ ਪਿਆ ਹੈ)। ਰਹਾਉ। ਹੇ ਭਾਈ ! ਧੁਰ ਤੋਂ ਰੱਬੀ ਮੰਡਲ ਚੋਂ ਅਥਵਾ ਧੁਰ ਰੂਪ ਪ੍ਰਮਾਤਮਾ ਤੋਂ ਭੇਜੀ ਹੋਈ ਬਾਣੀ ਸਾਨੂੰ ਆਈ (ਉਤਰੀ) ਹੈ। ਉਸ ਬਾਣੀ ਨੇ ਸਾਰੀ ਚਿੰਤਾ ਦੂਰ ਕਰ ਦਿੱਤੀ ਹੈ। ਦਇਆਲ ਪੁਰਖ (ਪ੍ਰਮਾਤਮਾ) ਸਾਡੇ ਉਪਰ ਮਿਹਰਬਾਨ ਹੈ। ਗੁਰੂ ਜੀ ਉਚਾਰਨ ਕਰਦੇ ਹਨ ਕਿ ਅਸੀਂ ਉਸ ਸਦਾ ਥਿਰ ਰਹਿਣ ਵਾਲੇ ਹਰੀ ਦਾ (ਨਾਮ) ਵਖਾਨਾ-ਉਚਾਰਨ ਕੀਤਾ ਹੈ, ਭਾਵ ਨਾਮ ਸਿਮਰਿਆ ਹੈ। ੨। ੧੩। ੭੭।

## ਵਿਆਖਿਆ ਤੇ ਸਾਰੰਸ਼ :

***ਧੁਰ ਕੀ ਬਾਣੀ ਆਈ॥ ਤਿਨਿ ਸਗਲੀ ਚਿੰਤ ਮਿਟਾਈ॥***

ਸੰਸਾਰਿਕ ਲੋਗ ਸਭ ਚਿੰਤਤਿ ਹਨ, ''ਚਿੰਤਤਿ ਹੀ ਦੀਸਹਿ ਸਭ ਲੋਗ'' ਚਿੰਤਾ ਬਹੁਤ ਦੁਖਦਾਈ ਹੈ, ਚਿੰਤਾ ਨਾਲ ਮਨੁੱਖ ਮਾਨਸਿਕ ਤੌਰ ਤੇ ਰੋਗੀ ਹੋ ਜਾਂਦਾ ਹੈ। ਇਸ ਰੋਗ ਤੋਂ ਸਰੀਰਿਕ ਰੋਗ ਪੈਦਾ ਹੁੰਦੇ ਹਨ। ਇਹ ਰੋਗਾਂ ਦੇ ਮੂਲ ਚਿੰਤਾ ਨੂੰ ਧੁਰ ਕੀ ਬਾਣੀ ਦੂਰ ਕਰਨ ਵਾਲੀ ਹੈ।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੬੪ (ਅੰਗ ੬੨੯)

ਸੋਰਠਿ ਮਹਲਾ ੫ ॥ ਹਰਿ ਮਨਿ ਤਨਿ ਵਸਿਆ ਸੋਈ ॥ ਜੈ ਜੈ ਕਾਰੁ ਕਰੇ ਸਭੁ ਕੋਈ ॥ ਗੁਰ ਪੂਰੇ ਕੀ ਵਡਿਆਈ ॥ ਤਾ ਕੀ ਕੀਮਤਿ ਕਹੀ ਨ ਜਾਈ ॥੧॥ ਹਉ ਕੁਰਬਾਨੁ ਜਾਈ ਤੇਰੇ ਨਾਵੈ ॥ ਜਿਸ ਨੋ ਬਖਸਿ ਲੈਹਿ ਮੇਰੇ ਪਿਆਰੇ ਸੋ ਜਸੁ ਤੇਰਾ ਗਾਵੈ ॥੧॥ ਰਹਾਉ ॥ ਤੂੰ ਭਾਰੋ ਸੁਆਮੀ ਮੇਰਾ ॥ ਸੰਤਾਂ ਭਰਵਾਸਾ ਤੇਰਾ ॥ ਨਾਨਕ ਪ੍ਰਭ ਸਰਣਾਈ ॥ ਮੁਖਿ ਨਿੰਦਕ ਕੈ ਛਾਈ ॥੨॥੨੨॥੮੬॥

## ਪ੍ਰਾਕ੍ਰਥਨ :-

ਪੰਚਮ ਪਾਤਸ਼ਾਹ ਸ਼ਹੀਦਾਂ ਦੇ ਸਿਰਤਾਜ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਹ ਪਾਵਨ ਸ਼ਬਦ ਸੋਰਠਿ ਰਾਗ ਅੰਦਰ ਉਚਾਰਨ ਕੀਤਾ ਹੈ। ਇਸ ਸ਼ਬਦ ਅੰਦਰ ਨਾਮ ਦੀ ਮਹਿਮਾ ਕਥਨ ਕੀਤੀ ਹੈ। ਜਿਸ ਸਰੀਰ ਅੰਦਰ ਰਹਿ ਕੇ ਮਨੁੱਖ ਨੇ ਨਾਮ ਅਭਿਆਸ ਕਮਾਈ ਕੀਤੀ ਹੈ, ਉਹ ਪੰਜ ਤੱਤਾਂ ਦੀ ਰਚਿਤ ਦੇਹ ਮਨੁੱਖੀ ਸਰੀਰ ਵੀ ਸਤਿਕਾਰ ਯੋਗ ਬਣ ਜਾਂਦਾ ਹੈ। ਪਰ ਐਸੀ ਅਵੱਸਥਾ ਹੋਵੇ :

***ਘਟਿ ਵਸਹਿ ਚਰਣਾਰਬਿੰਦ ਰਸਨਾ ਜਪੈ ਗੁਪਾਲ॥***
***ਨਾਨਕ ਸੋ ਪ੍ਰਭੁ ਸਿਮਰੀਐ ਤਿਸੁ ਦੇਹੀ ਕਉ ਪਾਲਿ॥***

(ਅੰਗ ੫੫੪)

ਨਾਮਹੀਣ ਮਨੁੱਖ ਦੀ ਦੇਹੀ ਨੂੰ ਗੁਰਦੇਵ ਨੇ ਫਿਟਲਾਹਨਤਾਂ ਪਾਈਆਂ ਹਨ। ਨਾਮ ਨੂੰ ਵਿਸਾਰ ਕੇ ਐਸੇ ਮਨੁੱਖ ਦਾ ਖਾਣਾ ਪੀਣਾ ਪਹਿਨਣਾ ਵੀ ਧ੍ਰਿਕਾਰਯੋਗ ਕਿਹਾ ਹੈ :

***ਧ੍ਰਿਗੁ ਧ੍ਰਿਗੁ ਖਾਇਆ ਧ੍ਰਿਗੁ ਧ੍ਰਿਗੁ ਸੋਇਆ***
***ਧ੍ਰਿਗੁ ਧ੍ਰਿਗੁ ਕਾਪੜੁ ਅੰਗਿ ਚੜਾਇਆ॥***
***ਧ੍ਰਿਗੁ ਸਰੀਰੁ ਕੁਟੰਬ ਸਹਿਤ ਸਿਉ ਜਿਤੁ ਹੁਣਿ ਖਸਮੁ ਨ ਪਾਇਆ॥***
***ਪਉੜੀ ਛੁੜਕੀ ਫਿਰਿ ਹਾਥਿ ਨ ਆਵੈ ਅਹਿਲਾ ਜਨਮੁ ਗਵਾਇਆ॥***

(ਅੰਗ ੭੯੬)

(ਅਥਵਾ)

***ਨਾਮੁ ਬਿਸਾਰਿ ਕਰੇ ਰਸ ਭੋਗ॥ ਸੁਖੁ ਸੁਪਨੈ ਨਹੀ ਤਨ ਮਹਿ ਰੋਗ॥***

(ਅੰਗ ੨੪੦)

ਜੋ ਮਨੁੱਖ ਨਾਮ ਜੱਪਦਾ ਹੈ, ਉਸ ਦਾ ਸਾਰੇ ਹੀ ਸਤਿਕਾਰ ਹੁੰਦਾ ਹੈ।

## ਵਿਸ਼ਾ—ਜੈ ਜੈ ਕਾਰੁ ਕਰੇ ਸਭੁ ਕੋਈ

ਅਸਲ ਵਿਚ ਪ੍ਰਮਾਤਮਾ ਦਾ ਨਾਮ ਜਪ ਕੇ ਉਸ ਨਾਮੀ ਸਰੂਪ ਵਿਚ ਅਭੇਦ ਹੋਣਾ ਹੀ ਮਨੁੱਖੀ ਜੀਵਨ ਦਾ ਅਸਲ ਮਨੋਰਥ ਹੈ। ਇਸ ਮੰਤਵ ਲਈ ਇਕ ਮਾਤਰ ਸਾਧਨ ਹੈ 'ਨਾਮ'। ਉਸ ਵਾਹਿਗੁਰੂ ਜੀ ਦਾ ਨਾਮ ਸੱਚਾ ਹੈ ਤੇ ਸਦਾ ਕਾਇਮ ਰਹਿਣ ਵਾਲਾ ਹੈ। ਜਿਸ ਤਰ੍ਹਾਂ ਸਚਿ ਕਦੇ ਪੁਰਾਣਾ ਨਹੀਂ ਹੁੰਦਾ, ਇਸੀ ਤਰ੍ਹਾਂ ਨਾਮ ਕਦੇ ਮੈਲਾ ਨਹੀਂ ਹੁੰਦਾ ਭਾਵ ਜਿਸ ਹਿਰਦੇ ਸਰੀਰ ਆਦਿ ਵਿਚ ਪ੍ਰਭੂ ਦੇ ਨਾਮ ਦਾ ਨਿਵਾਸ ਹੈ, ਉਸ ਹਿਰਦੇ ਨੂੰ ਕਾਮ, ਕ੍ਰੋਧ ਆਦਿ ਵਿਕਾਰਾਂ ਦੀ ਮੈਲ ਨਹੀਂ ਲੱਗਦੀ। ਮੈਲ ਰਹਿਤ, ਨਿਰਮਲ ਸ਼ੁੱਧ, ਹਰ ਕੋਈ ਚੀਜ਼ ਸੋਹਣੀ ਲੱਗਦੀ ਹੈ। ਉਸ ਸੋਹਣੀ ਵਸਤੂ ਦੀ ਹਰ ਕੋਈ ਸ਼ਲਾਘਾ ਕਰਦਾ ਹੈ। ਇਸੇ ਤਰ੍ਹਾਂ ਨਾਮ ਜੱਪਣ

ਵਾਲੇ, ਨਿਰਮਲ ਮਨਾਂ ਵਾਲੇ ਪ੍ਰਮੇਸ਼ਰ ਦੇ ਪਿਆਰਿਆਂ ਦੀ ਸਭ ਕੋਈ ਜੈ ਜੈ ਕਾਰ ਕਰਦਾ ਹੈ। ਨਾਮ ਇਕ ਐਸਾ ਨਿਰਮਲ ਪਦਾਰਥ ਹੈ, ਜੋ ਵੱਡੇ-ਵੱਡੇ ਪਾਪੀਆਂ ਵੇਕਾਰੀਆਂ ਤੇ ਅਪਰਾਧੀਆਂ ਦੇ ਦੁੱਖ ਦੂਰ ਕਰਦਾ ਹੈ।

ਗੁਰਵਾਕ ਹੈ-

***ਜੋ ਜੋ ਨਾਮੁ ਜਪੈ ਅਪਰਾਧੀ ਸਭਿ ਤਿਨ ਕੇ ਦੋਖ ਪਰਹਰੇ॥***

(ਅੰਗ ੯੯੫)

ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਬਿਲਾਵਲ ਰਾਗ ਵਿਚ ਅੰਮ੍ਰਿਤ ਬਚਨ ਉਚਾਰਨ ਕੀਤੇ ਹਨ, ਕਿ ਹੋਰ ਤਾਂ ਹੋਰ, ਨਾਮ ਦੀ ਬਰਕਤ ਨਾਲ ਵੇਸਵਾ ਤੇ ਵੇਸਵਾ ਗਾਮੀਆਂ ਦੀ ਵੀ ਮੁਕਤੀ ਹੋ ਜਾਂਦੀ ਹੈ :

***ਅਜਾਮਲੁ ਗਨਿਕਾ ਜਿਹ ਸਿਮਰਤ ਮੁਕਤ ਭਏ ਜੀਅ ਜਾਨੌ॥***

(ਅੰਗ ੮੩੦)

(ਅਥਵਾ)

***ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ॥***

(ਅੰਗ ੬੩੨)

***ਪਤਿਤ ਅਜਾਮਲ ਪਾਪੁ ਕਰਿ ਜਾਇ ਕਲਾਵਤਣੀ ਦੇ ਰਹਿਆ।***
***ਗੁਰੁ ਤੇ ਬੇਮੁਖੁ ਹੋਇ ਕੈ ਪਾਪ ਕਮਾਵੈ ਦੁਰਮਤਿ ਦਹਿਆ।***
***ਬ੍ਰਿਥਾ ਜਨਮੁ ਗਵਾਇਆ ਭਵਜਲ ਅੰਦਰਿ ਫਿਰਦਾ ਵਹਿਆ।***
***ਛਿਅ ਪੁਤ ਜਾਏ ਵੇਸੁਆ ਪਾਪਾ ਦੇ ਫਲ ਇਛੇ ਲਹਿਆ।***
***ਪੁਤੁ ਉਪੰਨਾਂ ਸਤਵਾਂ ਨਾਉ ਧਰਣ ਨੋ ਚਿਤਿ ਉਮਹਿਆ।***
***ਗੁਰੂ ਦੁਆਰੈ ਜਾਇ ਕੈ ਗੁਰਮੁਖਿ ਨਾਉ ਨਾਰਾਇਣੁ ਕਹਿਆ।***
***ਅੰਤਕਾਲ ਜਮਦੂਤ ਵੇਖਿ ਪੁਤ ਨਰਾਇਣੁ ਬੋਲੈ ਛਹਿਆ॥***
***ਜਮਗਣ ਮਾਰੇ ਹਰਿ ਜਨਾਂ ਗਇਆ ਸੁਰਗ ਜਮੁ ਡੰਡੁ ਨ ਸਹਿਆ॥***
***ਨਾਇ ਲਏ ਦੁਖੁ ਡੇਰਾ ਢਹਿਆ॥ ੨੦॥*** (ਵਾਰ ੧੦, ਪਉੜੀ ੨੦)

ਅਜਾਮਲ ਇਕ ਕੁਕਰਮੀ ਤੇ ਵੇਸਵਾ ਗਾਮੀ ਬ੍ਰਾਹਮਣ ਹੋਇਆ ਹੈ। ਉਸਨੇ ਆਪਣੇ ਅਖ਼ੀਰਲੇ ਪੁੱਤਰ ਦਾ ਨਾਮ ਨਾਰਾਇਣ ਰੱਖਿਆ। ਇਸ ਤਰ੍ਹਾਂ ਅਖ਼ੀਰਲੇ ਸਮੇਂ ਤੱਕ ਨਾਰਾਇਣ-ਨਾਰਾਇਣ ਆਖਦਿਆਂ ਉਸਨੂੰ 'ਨਾਰਾਇਣ (ਪ੍ਰਮਾਤਮਾ) ਨਾਮ ਦੀ ਲਗਨ ਲੱਗ ਗਈ। ਗੁਰਦੇਵ ਦਾ ਫ਼ੁਰਮਾਣ ਹੈ, ਜਿਸਦੇ ਸਦਕਾ ਅੰਤਲੇ ਸਮੇਂ :

***ਪੁਤ੍ਰ ਹੇਤਿ ਨਾਰਾਇਣੁ ਕਹਿਓ ਜਮਕੰਕਰ ਮਾਰਿ ਬਿਦਾਰੇ॥*** (ਅੰਗ ੯੯੯)

ਪ੍ਰਮਾਤਮਾ ਦਾ ਨਾਮ ਐਸਾ ਹੈ, ਜਿਸ ਮਨੁੱਖ ਨੂੰ ਕਿਤੇ ਸਤਿਕਾਰ ਨਹੀਂ ਮਿਲਦਾ ਭਾਵੇਂ ਨੀਵੀਂ ਤੋਂ ਨੀਵੀਂ ਜਾਤ ਵਿਚੋਂ ਹੋਵੇ, ਪਰ ਨਾਮ ਜੱਪਣ ਨਾਲ ਉਹ ਚਾਰੇ ਕੁੰਟਾਂ ਵਿਚ ਸਤਿਕਾਰਿਆ ਜਾਂਦਾ ਹੈ:-

***ਜਿਸ ਨੀਚ ਕਉ ਕੋਈ ਨ ਜਾਨੈ॥***
***ਨਾਮੁ ਜਪਤ ਉਹੁ ਚਹੁ ਕੁੰਟ ਮਾਨੈ॥***

(ਅੰਗ ੩੮੬)

ਐਸੇ ਹੀ ਭਗਤ ਰਵਿਦਾਸ ਜੀ ਭਾਵੇਂ ਜਾਤੀ ਕਰਕੇ ਚਮਿਆਰ ਸਨ, ਪਰ ਨਾਮ ਜੱਪ ਕੇ ਪ੍ਰਮੇਸ਼ਰ ਵਾਹਿਗੁਰੂ ਵਿਚ ਅਭੇਦ ਹੋ ਗਏ ਸਨ।

***ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥ ਕਨਕ ਕਟਿਕ ਜਲ ਤਰੰਗ ਜੈਸਾ॥***

(ਅੰਗ ੯੩)

ਪ੍ਰਮਾਤਮਾ ਵਿਚ ਅਭੇਦ ਹੋਣ ਕਰਕੇ ਬ੍ਰਾਹਮਣਾਂ ਦੀ ਪ੍ਰਸਿੱਧ ਕਾਂਸ਼ੀ ਪੁਰੀ ਵਿਚ ਜਿਥੇ ਵੱਡੇ-ਵੱਡੇ ਜਾਤ ਅਭਿਮਾਨੀ, ਚਾਰਾਂ ਵੇਦਾਂ, ਛੇ ਸ਼ਾਸਤਰਾਂ, ੧੮ ਪੁਰਾਣਾਂ, ੨੭ ਸਿੰਮ੍ਰਿਤੀਆਂ ਦੇ ਬਕਤੇ ਬ੍ਰਾਹਮਣ ਲੋਕ ਰਹਿੰਦੇ ਸਨ, ਉਹਨਾਂ ਸਾਰਿਆਂ 'ਚੋਂ, ਉੱਤਮ ਭਗਤ ਕਰਕੇ ਭਗਤ ਰਵਿਦਾਸ ਜੀ ਸਾਰੇ ਪ੍ਰਸਿੱਧ ਹੋ ਗਏ ਸਨ, ਜਿਸ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਇਸ ਤਰ੍ਹਾਂ ਕੀਤਾ ਹੈ:

***ਭਗਤੁ ਭਗਤੁ ਜਗਿ ਵਜਿਆ ਚਹੁ ਚਕਾਂ ਦੇ ਵਿਚਿ ਚਮਿਰੇਟਾ।***
***ਪਾਣ੍ਹਾ ਗੰਢੈ ਰਾਹ ਵਿਚਿ ਕੁਲਾ ਧਰਮ ਢੋਇ ਢੋਰ ਸਮੇਟਾ।***
***ਜਿਉ ਕਰਿ ਮੈਲੇ ਚੀਥੜੇ ਹੀਰਾ ਲਾਲੁ ਅਮੋਲੁ ਪਲੇਟਾ।***
***ਚਹੁ ਵਰਨਾ ਉਪਦੇਸਦਾ ਗਿਆਨ ਧਿਆਨੁ ਕਰਿ ਭਗਤਿ ਸਹੇਟਾ।***
***ਨ੍ਹਾਵਣਿ ਆਇਆ ਸੰਗੁ ਮਿਲਿ ਬਾਨਾਰਸ ਕਰਿ ਗੰਗਾ ਥੇਟਾ।***
***ਕਢਿ ਕਸੀਰਾ ਸਉਪਿਆ ਰਵਿਦਾਸੈ ਗੰਗਾ ਦੀ ਭੇਟਾ।***
***ਲਗਾ ਪੁਰਬੁ ਅਭੀਚ ਦਾ ਡਿਠਾ ਚਲਿਤੁ ਅਚਰਜੁ ਅਮੇਟਾ।***
***ਲਇਆ ਕਸੀਰਾ ਹਥੁ ਕਢਿ ਸੂਤੁ ਇਕੁ ਜਿਉ ਤਾਣਾ ਪੇਟਾ।***
***ਭਗਤ ਜਨਾਂ ਹਰਿ ਮਾਂ ਪਿਉ ਬੇਟਾ॥ ੧੭॥***

(ਵਾਰ ੧੦, ਪਉੜੀ ੧੭)

## ਸਾਖੀ—ਭਗਤ ਰਵਿਦਾਸ ਜੀ

ਭਗਤ ਰਵਿਦਾਸ ਜੀ ਚਮਿਆਰ ਜਾਤੀ ਕਰਕੇ ਤਾਂ ਨੀਚ ਸਦੀਂਦੇ ਸਨ, ਪਰ ਇਨ੍ਹਾਂ ਦਾ ਆਚਰਨ ਸਭ ਤੋਂ ਉੱਚਾ ਤੇ ਸੁੱਚਾ ਸੀ। ਇਨ੍ਹਾਂ ਦੇ ਅਸਥਾਨ ਪਰ ਦੋ ਵੇਲੇ ਸਵੇਰੇ ਸ਼ਾਮ ਨੂੰ ਪਰਮੇਸ਼ਰ ਸੰਬੰਧੀ ਵਿਚਾਰ ਤੇ ਕੀਰਤਨ ਹੁੰਦਾ ਸੀ, ਜਿਸ ਕਰਕੇ ਲੋਕਾਂ ਦੀ ਆਵਾਜਾਈ ਬਹੁਤ ਹੋ ਗਈ। ਪ੍ਰਮੇਸ਼ਰ ਸੰਬੰਧੀ ਵਿਚਾਰ

ਸੁਣਨ ਨਾਲ ਕਈਆਂ ਦੇ ਆਚਰਨ ਉੱਚੇ ਹੋ ਗਏ ਤੇ ਲੋਕ ਆਉਂਦੇ ਜਾਂਦੇ 'ਧੰਨ ਰਵਿਦਾਸ, ਧੰਨ ਰਵਿਦਾਸ ਜੀ' ਕਹਿੰਦੇ ਹੋਏ, ਉਸਤਿਤ ਕਰਨ ਲੱਗ ਪਏ। ਇਕ ਕਾਂਸ਼ੀ ਵਿਚ ਕੀ, ਰਵਿਦਾਸ ਜੀ ਦੀ ਸ਼ੋਭਾ ਤਾਂ ਸੁਗੰਧੀ ਵਾਂਗ ਦੂਰ ਦੂਰ ਤੱਕ ਫੈਲ ਗਈ। ਇਥੋਂ ਤੱਕ ਕਿ ਕਿਸੇ ਸ਼ਰਧਾਲੂ ਨੇ ਚਿਤੌੜਗੜ੍ਹ ਦੇ ਕਿਲ੍ਹੇ ਵਿਚ ਜਾ ਕੇ ਰਵਿਦਾਸ ਜੀ ਦੀ ਉਪਮਾ ਕਰਨੀ ਸ਼ੁਰੂ ਕਰ ਦਿੱਤੀ ਕਿ - ''ਰਵਿਦਾਸ ਜੀ ਪ੍ਰਭੂ ਦੇ ਪੂਰਨ ਭਗਤ ਹਨ।'' ਜਿਸ ਵੇਲੇ ਚਿਤੌੜਗੜ੍ਹ ਦੇ ਰਾਜੇ ਦੀ ਧਰਮ ਪਤਨੀ 'ਝਾਲੀ' ਨੇ ਰਵਿਦਾਸ ਜੀ ਦੀ ਉਪਮਾ ਸੁਣੀ ਤਾਂ ਉਸਦੇ ਮਨ ਵਿਚ ਭਗਤ ਜੀ ਦੇ ਦਰਸ਼ਨ ਕਰਨ ਦੀ ਲਗਨ ਲੱਗ ਗਈ ਤੇ ਵਿਚਾਰ ਕੇ ਰਾਣੀ ਨੇ ਆਪਣੇ ਪਤੀ ਦੇਵ ਤੋਂ ਤੀਰਥ ਯਾਤਰਾ ਕਰਨ ਦੀ ਆਗਿਆ ਮੰਗੀ। ਜਦ ਰਾਜੇ ਨੇ ਜਾਣ ਦਾ ਹੁਕਮ ਦੇ ਦਿੱਤਾ ਤਾਂ ਉਸ ਵੇਲੇ ਰਾਣੀ ਆਪਣੇ ਨਾਲ ਕੁਝ ਸਿਪਾਹੀ ਲੈ ਕੇ ਤੀਰਥ ਯਾਤਰਾ ਦੇ ਬਹਾਨੇ ਕਾਂਸ਼ੀ ਆ ਪੁੱਜੀ। ਨਾ ਪਹਿਲੇ ਗੰਗਾ ਇਸ਼ਨਾਨ ਕੀਤਾ, ਨਾ ਹੀ ਕਿਸੇ ਮੰਦਰ ਵਿਚ ਜਾ ਕੇ ਦੇਵਤੇ ਦੀ ਪੂਜਾ ਕੀਤੀ, ਸਗੋਂ ਸਿਧੀ ਰਵਿਦਾਸ ਜੀ ਦੇ ਕੋਲ ਆ ਪਹੁੰਚੀ। ਅੱਗੇ ਹਰੀ ਨਾਮ ਦਾ ਕੀਰਤਨ ਹੋ ਰਿਹਾ ਸੀ, ਕਿਉਂਕਿ-

*ਕਲਜੁਗ ਮਹਿ ਕੀਰਤਨੁ ਪਰਧਾਨਾ॥*
*ਗੁਰਮੁਖਿ ਜਪੀਐ ਲਾਇ ਧਿਆਨਾ॥*

(ਮਾਰੂ ਸੋਲਹੇ ਮ: ੫, ਅੰਗ ੧੦੭੫)

ਪਰਮੇਸ਼ਰ ਦੇ ਸਨਮੁਖ ਰਵਿਦਾਸ ਜੀ ਬੇਨਤੀਆਂ ਕਰ ਰਹੇ ਸਨ-

*ਜਉ ਤੁਮ ਗਿਰਿਵਰ ਤਉ ਹਮ ਮੋਰਾ॥*
*ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ॥੧॥*
*ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ॥*
*ਤੁਮ ਸਿਉ ਤੋਰਿ ਕਵਨ ਸਿਉ ਜੋਰਹਿ॥੧॥ ਰਹਾਉ॥*
*ਜਉ ਤੁਮ ਦੀਵਰਾ ਤਉ ਹਮ ਬਾਤੀ॥*
*ਜਉ ਤੁਮ ਤੀਰਥ ਤਉ ਹਮ ਜਾਤੀ॥ ੨॥*
*ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ॥*
*ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥ ੩॥*
*ਜਹ ਜਹ ਜਾਉ ਤਹਾ ਤੇਰੀ ਸੇਵਾ॥*
*ਤੁਮ ਸੋ ਠਾਕੁਰੁ ਅਉਰੁ ਨ ਦੇਵਾ॥ ੪॥*
*ਤੁਮਰੇ ਭਜਨ ਕਟਹਿ ਜਮ ਫਾਂਸਾ॥*
*ਭਗਤਿ ਹੇਤ ਗਾਵੈ ਰਵਿਦਾਸਾ॥ ੫॥ ੫॥*

(ਅੰਗ ੬੫੮)

ਰਵਿਦਾਸ ਜੀ ਦੇ ਪਵਿੱਤਰ ਮੁਖਾਰਬਿੰਦ ਤੋਂ ਇਸ ਤਰ੍ਹਾਂ ਦੀ ਬਾਣੀ ਸੁਣਦਿਆਂ ਸਾਰ ਝਾਲੀ ਰਾਣੀ ਦਾ ਇਸ ਤਰ੍ਹਾਂ ਅੰਦਰ ਵਿੰਨ੍ਹਿਆ ਗਿਆ, ਜਿਵੇਂ ਕਬੀਰ ਜੀ ਨੇ ਕਿਹਾ ਹੈ-

***ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ॥***
***ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ॥***

(ਅੰਗ ੧੩੭੪)

ਜਿਸ ਵੇਲੇ ਕੀਰਤਨ ਦੀ ਸਮਾਪਤੀ ਹੋਈ, ਉਸ ਵੇਲੇ ਰਾਣੀ ਭਗਤ ਜੀ ਦੇ ਚਰਨੀਂ ਪੈ ਕੇ ਬੇਨਤੀ ਕਰਨ ਲੱਗੀ ਕਿ ਹੇ ਪ੍ਰਭੂ ! ਮੇਰੇ 'ਤੇ ਕਿਰਪਾ ਕਰੋ, ਮੈਨੂੰ ਭੀ ਪਰਮੇਸ਼ਰ ਦੇ ਰਸਤੇ 'ਤੇ ਲਗਾਉ। ਮੈਂ ਤਾਂ ਰਾਜਸੀ ਪਦਾਰਥਾਂ ਵਿਚ ਲੱਗ ਕੇ ਆਪਣੇ ਅਮੋਲਕ ਮਨੁੱਖਾ ਜਨਮ ਨੂੰ ਨਿਸਫਲ ਗਵਾ ਲਿਆ ਹੈ।

ਰਾਣੀ ਦੀ ਬੇਨਤੀ ਸੁਣ ਕੇ ਭਗਤ ਰਵਿਦਾਸ ਜੀ ਨੇ ਰਾਮ ਨਾਮ ਜਪਣ ਦਾ ਉਪਦੇਸ਼ ਦਿੱਤਾ, ਜਿਸ ਨਾਲ ਰਾਣੀ ਦੀ ਆਤਮਾ ਸ਼ਾਂਤ ਹੋ ਗਈ ਤੇ ਸਾਰੀ ਭਟਕਣਾ ਮਿਟ ਗਈ। ਕੁਝ ਸਮਾਂ ਉਹ ਭਗਤ ਜੀ ਦੇ ਪਾਸ ਰਹਿ ਕੇ ਸੰਗਤ ਵਿਚ ਜੁੜ ਕੇ ਹਰੀ ਨਾਮ ਸਿਮਰਨ ਕਰਦੀ ਰਹੀ। ਕੁਝ ਸਮੇਂ ਬਾਅਦ ਉਹ ਭਗਤ ਰਵਿਦਾਸ ਜੀ ਤੋਂ ਆਗਿਆ ਲੈ ਕੇ ਵਾਪਿਸ ਚਿਤੌੜਗੜ੍ਹ ਨੂੰ ਚਲੀ ਗਈ।

ਉਸ ਸਮੇਂ ਸਾਰੇ ਕਾਂਸ਼ੀ ਸ਼ਹਿਰ ਵਿਚ ਚਰਚਾ ਸ਼ੁਰੂ ਹੋ ਗਈ ਕਿ ਚਿਤੌੜਗੜ੍ਹ ਦੇ ਰਾਜੇ ਦੀ ਰਾਣੀ ਨੇ ਰਵਿਦਾਸ ਚਮਿਆਰ ਨੂੰ ਆਪਣਾ ਗੁਰੂ ਧਾਰਨ ਕੀਤਾ ਹੈ। ਬ੍ਰਾਹਮਣਾਂ ਨੇ ਇਸ ਗੱਲ ਦਾ ਬਹੁਤ ਬੁਰਾ ਮਨਾਇਆ। ਇਸ ਵਿਚ ਉਹ ਆਪਣਾ ਨਿਰਾਦਰ ਸਮਝਦੇ ਸਨ।

ਕੁਝ ਬ੍ਰਾਹਮਣ ਤਾਂ ਇਥੋਂ ਤੱਕ ਕਿ ਚਿਤੌੜਗੜ੍ਹ ਦੇ ਰਾਜੇ ਕੋਲ ਜਾ ਕੇ ਰੋਣ ਪਿੱਟਣ ਲੱਗ ਪਏ, ਤੇ ਕਹਿਣ ਲੱਗੇ "ਰਾਜੇ ਲੋਕ ਪਰਜਾ ਅਤੇ ਧਰਮ ਦੇ ਰਖਵਾਲੇ ਹੁੰਦੇ ਹਨ। ਜੇਕਰ ਰਾਜੇ ਹੀ ਮਰਿਆਦਾ ਨੂੰ ਤੋੜ ਦੇਣ ਤਾਂ ਧਰਮ ਕਿਸ ਤਰ੍ਹਾਂ ਬਚ ਸਕਦਾ ਹੈ।"

ਰਾਜੇ ਨੇ ਉਹਨਾਂ ਦੇ ਕੀਰਨੇ ਸੁਣ ਕੇ ਕਿਹਾ "ਕਿਹੜੀ ਅਧਰਮ ਦੀ ਗੱਲ ਹੋਈ ਹੈ ?"

ਬ੍ਰਾਹਮਣਾਂ ਨੇ ਕਿਹਾ-"ਆਪ ਜੀ ਦੀ ਪਤਨੀ 'ਝਾਲੀ' ਤੀਰਥ ਯਾਤਰਾ ਕਰਨ ਗਈ ਸੀ। ਉਹ ਕਾਂਸ਼ੀ ਦੇ ਰਹਿਣ ਵਾਲੇ ਚਮਿਆਰ ਨੂੰ ਆਪਣਾ ਗੁਰੂ ਧਾਰਨ ਕਰਕੇ ਆਈ ਹੈ। ਇਸ ਨੇ ਜੋ ਕੁਝ ਵੀ ਕੀਤਾ ਹੈ, ਧਰਮ ਤੋਂ ਉਲਟ ਕੀਤਾ ਹੈ। ਇਸ ਨੇ ਜ਼ਰਾ ਵੀ ਨਹੀਂ ਸੋਚਿਆ ਕਿ ਮੈਂ ਉੱਚੀ ਕੁਲ ਦੀ ਰਾਜਕੁਮਾਰੀ ਤੇ ਰਾਜੇ ਦੀ ਪਟਰਾਣੀ ਹਾਂ। ਚਮਿਆਰ ਦੇ ਲੰਗਰ ਵਿਚੋਂ ਲੰਗਰ ਛੱਕ ਕੇ ਆਪਣਾ ਜਨਮ ਭ੍ਰਸ਼ਟ ਕਰ ਆਈ ਹੈ, ਜੋ ਘੋਰ ਪਾਪ ਹੋਇਆ ਹੈ। ਸਾਡੀ ਸਾਰੇ ਪੰਡਿਤਾਂ ਦੀ ਨਿਰਾਦਰੀ ਹੋਈ ਹੈ।"

ਇਹ ਗੱਲ ਸੁਣ ਕੇ ਰਾਜਾ ਬੜਾ ਕਰੋਧਵਾਨ ਹੋਇਆ ਤੇ ਅੰਦਰ ਜਾ ਕੇ ਰਾਣੀ ਤੋਂ ਪੁੱਛਣ ਲੱਗਾ ਕਿ ਉਹ ਬ੍ਰਾਹਮਣ ਕੀ ਕਹਿੰਦੇ ਹਨ ? ਪਰ ਕੀ ਵੇਖਦਾ ਹੈ ਕਿ ਅੰਦਰ ਰਾਣੀ ਹਰੀ ਜਸ ਗਾ ਰਹੀ ਹੈ। ਉਹ ਰਾਮ ਨਾਮ ਜੱਪ ਰਹੀ ਹੈ।

ਕੀਰਤਨ ਦੀ ਸਮਾਪਤੀ ਹੋਈ ਤਾਂ ਆਪਣੇ ਪਿੱਛੇ ਪਤੀ ਦੇਵ ਨੂੰ ਖਲੋਤਾ ਵੇਖ ਕੇ ਪਤੀ ਦੇ ਸਤਿਕਾਰ ਵਜੋਂ ਉਠ ਕੇ ਖਲੋ ਗਈ।

ਰਾਜੇ ਨੇ ਗ਼ੁੱਸੇ ਵਿਚ ਕਿਹਾ, ''ਮੈਂ ਸੁਣਿਆ ਹੈ ਤੂੰ ਰਵਿਦਾਸ ਚਮਾਰ ਨੂੰ ਗੁਰੂ ਧਾਰਨ ਕਰਕੇ ਆਈ ਹੈਂ ?''

ਰਾਣੀ ਨੇ ਕਿਹਾ, ''ਜੀ ਹਾਂ, ਇਸ ਵਿਚ ਕੋਈ ਝੂਠ ਨਹੀਂ ਹੈ।''

ਰਾਜੇ ਨੇ ਕਿਹਾ, ''ਇਹ ਤੂੰ ਬਹੁਤ ਵੱਡਾ ਗੁਨਾਹ ਕੀਤਾ ਹੈ। ਸਾਡੀ ਰੀਤ ਬ੍ਰਾਹਮਣਾਂ ਨੂੰ ਗੁਰੂ ਧਾਰਨਾ ਹੈ, ਨਾ ਕਿ ਚਮਿਆਰਾਂ ਨੂੰ। ਸਾਰੇ ਕਾਂਸ਼ੀ ਦੇ ਬ੍ਰਾਹਮਣ ਆਕੇ ਤੇਰੀ ਤੇ ਮੇਰੀ ਨਿੰਦਿਆ ਕਰ ਰਹੇ ਹਨ। ਉਹ ਕਹਿੰਦੇ ਹਨ, ਕਿ ਰਾਣੀ ਪਾਸੋਂ ਪ੍ਰਾਸਚਿਤ ਕਰਵਾਉ ਤਾਂ ਉਸ ਦੇ ਪਾਪ ਨਵਿਰਤ ਹੋਣਗੇ।''

ਰਾਣੀ ਨੇ ਕਿਹਾ, ''ਪ੍ਰਾਸਚਿਤ ਕਰਨ ਦੀ ਕੋਈ ਲੋੜ ਨਹੀਂ ਹੈ, ਕਿਉਂਕਿ ਮੈਂ ਕੋਈ ਪਾਪ ਨਹੀਂ ਕੀਤਾ। ਇਹ ਬ੍ਰਾਹਮਣ ਝੂਠੇ ਤੇ ਪੈਸੇ ਦੇ ਲਾਲਚੀ ਹਨ। ਇਹ ਰਵਿਦਾਸ ਜੀ ਦੀ ਰੀਸ ਨਹੀਂ ਕਰ ਸਕਦੇ। ਉਹ ਤਾਂ ਪਰਮੇਸ਼ਰ ਦੇ ਹਮੇਸ਼ਾਂ ਕੋਲ ਹੀ ਰਹਿੰਦੇ ਹਨ :

***ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥***

(ਅੰਗ ੯੩)

ਇਹਨਾਂ ਬ੍ਰਾਹਮਣਾਂ ਨੂੰ ਪੁੱਛੋ ਕਿ ਕਦੇ ਪ੍ਰਮੇਸ਼ਰ ਦੇ ਦਰਸ਼ਨ ਕੀਤੇ ਹਨ ? ਮੇਰੇ ਗੁਰੂ ਤਾਂ ਉਹ ਰਵਿਦਾਸ ਜੀ ਹੀ ਠੀਕ ਹਨ, ਜਿਨ੍ਹਾਂ ਮੇਰਾ ਜੀਵਨ ਇੰਨਾ ਉੱਚਾ ਕਰ ਦਿੱਤਾ ਹੈ। ਉਹਨਾਂ ਦੀ ਕਿਰਪਾ ਨਾਲ ਮੈਂ ਵੀ ਭਗਵਾਨ ਦੇ ਰੋਜ਼ਾਨਾ ਦਰਸ਼ਨ ਕਰਦੀ ਹਾਂ। ਮੈਥੋਂ ਉਸਦੀ ਨਿੰਦਿਆ ਨਹੀਂ ਸੁਣੀ ਜਾਂਦੀ। ਜਾਉ ਤੁਸੀਂ ਬ੍ਰਾਹਮਣਾਂ ਨੂੰ ਕਹਿ ਦਿਉ ਕਿ ਉਹ ਇਸ ਗੱਲ ਤੋਂ ਨਹੀਂ ਮੁਕਰਦੀ।''

ਰਾਣੀ ਦੀਆਂ ਇਹ ਗੱਲਾਂ ਸੁਣ ਕੇ ਰਾਜਾ ਠਠੰਬਰ ਗਿਆ। ਰਾਣੀ ਦੀ ਸੱਚੀ ਭਗਤੀ ਅੱਗੇ ਰਾਜਾ ਬੋਲ ਨਾ ਸਕਿਆ। ਜਿਸ ਵੇਲੇ ਰਾਜਾ ਵਾਪਿਸ ਮੁੜਨ ਲੱਗਾ ਤਾਂ ਰਾਣੀ ਵੀ ਉਸ ਦੇ ਨਾਲ ਹੀ ਬਾਹਰ ਆ ਗਈ ਤੇ ਪੰਡਿਤਾਂ ਨੂੰ ਕਹਿਣ ਲੱਗੀ :

''ਤੁਸੀਂ ਕਿਹੜਾ ਮੂੰਹ ਲੈ ਕੇ ਰਵਿਦਾਸ ਜੀ ਦੀ ਵਿਰੋਧਤਾ ਕਰਦੇ ਹੋ ? ਤੁਹਾਨੂੰ ਇਹੋ ਦੁੱਖ ਹੈ ਕਿ ਮੈਂ ਤੁਹਾਨੂੰ ਦਾਨ ਨਹੀਂ ਦਿੱਤਾ ਜਾਂ ਕੋਈ ਹੋਰ ਦੁੱਖ ਹੈ ?''

ਪੰਡਿਤਾਂ ਨੇ ਕਿਹਾ, ''ਜੀ ਹਾਂ ! ਇਹੀ ਦੁੱਖ ਹੈ। ਅਸਾਂ ਨੂੰ ਦਾਨ ਜ਼ਰੂਰ ਮਿਲਣਾ ਚਾਹੀਦਾ ਹੈ।'' ਰਾਣੀ ਨੇ ਕਿਹਾ, ''ਅੱਛਾ ਹੁਣ ਤੁਸੀਂ ਜਾਉ। ਕੋਈ ਦਿਨ ਮਿੱਥ ਕੇ ਯੱਗ ਕਰਾਂਗੇ। ਤੁਹਾਨੂੰ ਬੁਲਾ ਕੇ ਦਾਨ ਦਿੱਤਾ ਜਾਵੇਗਾ।'' ਇਹ ਗੱਲ ਸੁਣ ਕੇ ਉਹ ਖ਼ੁਸ਼ੀ ਖ਼ੁਸ਼ੀ ਚੱਲੇ ਗਏ। ਪਿਛੋਂ ਰਾਣੀ ਨੇ ਰਾਜੇ ਦੀ ਸਲਾਹ ਨਾਲ ਯੱਗ ਕਰਵਾਇਆ, ਤੇ ਰਵਿਦਾਸ ਜੀ ਨੂੰ ਵੀ ਸੱਦਿਆ ਗਿਆ ਤੇ ਕਿਹਾ :

''ਮਹਾਰਾਜ ਜੀ ! ਸਮਸ਼ਟੀ ਭੰਡਾਰਾ ਕਰਨਾ ਹੈ। ਆਪ ਹੁਕਮ ਦਿਉ ਤਾਂ ਕਰੀਏ, ਪਰ ਆਪ ਜੀ ਜ਼ਰੂਰ ਦਰਸ਼ਨ ਦੇਣੇ। ਜੇਕਰ ਆਪ ਜੀ ਨਾ ਆਏ ਤਾਂ ਯੱਗ ਸਫ਼ਲ ਨਹੀਂ ਹੋਣਾ।'' ਰਵਿਦਾਸ ਜੀ ਨੇ ਕਿਹਾ, ''ਜੇ

ਅਸੀਂ ਆਏ ਤਾਂ ਬ੍ਰਾਹਮਣ ਨਹੀਂ ਆਉਣਗੇ। ਸਾਡੀ ਪ੍ਰਸੰਨਤਾ ਹੀ ਪ੍ਰਸੰਨਤਾ ਹੈ, ਜੇ ਅਸੀਂ ਨਾ ਆਏ ਤਾਂ ਕੀ ਹੋਏਗਾ ? ਤੁਸੀਂ ਬ੍ਰਾਹਮਣਾਂ ਨੂੰ ਪ੍ਰਸੰਨ ਕਰੋ।'' ਰਾਣੀ ਨੇ ਕਿਹਾ, ''ਜੇਕਰ ਆਪ ਨਾ ਆਏ, ਤਾਂ ਅਸੀਂ ਭੰਡਾਰਾ ਹੀ ਨਹੀਂ ਕਰਨਾ।''

ਰਾਣੀ ਦਾ ਪ੍ਰੇਮ ਦੇਖ ਕੇ ਰਵਿਦਾਸ ਜੀ ਨੇ ਕਿਹਾ, ''ਅੱਛਾ ਜ਼ਰੂਰ ਆਵਾਂਗੇ।'' ਯੱਗ ਦਾ ਦਿਨ ਨਿਸ਼ਚਿਤ ਕਰਕੇ ਸਾਰੇ ਬ੍ਰਾਹਮਣਾਂ ਨੂੰ ਸੱਦਾ ਭੇਜਿਆ ਗਿਆ। ਜਦ ਸਾਰੇ ਬ੍ਰਾਹਮਣ ਆਕੇ ਪੰਗਤਾਂ ਵਿਚ ਬੈਠ ਗਏ, ਤਾਂ ਇਤਨੇ ਨੂੰ ਰਵਿਦਾਸ ਜੀ ਵੀ ਪਹੁੰਚੇ। ਵੇਖਦਿਆਂ ਹੀ ਪੰਡਿਤਾਂ ਨੇ ਰੌਲਾ ਪਾਉਣਾ ਸ਼ੁਰੂ ਕੀਤਾ। ਰੌਲਾ ਸੁਣ ਕੇ ਰਵਿਦਾਸ ਜੀ ਨੇ ਕਿਹਾ, ''ਰਾਣੀ ਜੀ, ਮੈਂ ਤੁਹਾਨੂੰ ਕਿਹਾ ਸੀ ਕਿ ਮੈਨੂੰ ਨਾ ਸੱਦੋ, ਵੇਖੋ ਇਹਨਾਂ ਨੇ ਫਿਰ ਰੌਲਾ ਪਾ ਦਿੱਤਾ ਹੈ।'' ਇਹ ਕਹਿ ਕੇ ਰਵਿਦਾਸ ਪਾਸੇ ਹੋ ਗਏ। ਬ੍ਰਾਹਮਣ ਸ਼ਾਂਤ ਹੋ ਕੇ ਬੈਠ ਗਏ। ਜਿਸ ਵੇਲੇ ਹੱਥ ਧੁਆ ਕੇ ਅੰਨ ਪ੍ਰੋਸਿਆ ਗਿਆ ਤੇ ਬ੍ਰਾਹਮਣ ਲੋਕ ਸਲੋਕ ਪੜ੍ਹ ਕੇ ਭੋਜਨ ਛੱਕਣ ਲੱਗੇ ਤਾਂ ਪ੍ਰਮੇਸ਼ਰ ਆਪ ਹੀ ਰਵਿਦਾਸ ਜੀ ਦੀ ਪਤ ਰੱਖਣ ਵਾਸਤੇ ਆਇਆ ਤੇ ਰਵਿਦਾਸ ਜੀ ਦੇ ਕਈ ਰੂਪ ਧਾਰ ਦੋ ਦੋ ਬ੍ਰਾਹਮਣਾਂ ਵਿਚਕਾਰ ਜਾ ਬੈਠੇ। ਇਹ ਵੇਖ ਕੇ ਸਾਰੇ ਹੈਰਾਨ ਹੋ ਗਏ। ਆਖਣ ਲੱਗੇ ਪਏ ਕਿ ਇਹ ਕੀ ਕੌਤਕ ਬਣ ਗਿਆ ਹੈ, ਜੋ ਸਾਰਿਆਂ ਦੇ ਨਾਲ ਰਵਿਦਾਸ ਕਈ ਰੂਪ ਧਾਰ ਕੇ ਬੈਠਾ ਹੈ। ਵਰਤਾਵੇ ਅੰਨ ਵਰਤਾਉਣ ਲਈ ਫਿਰਦੇ ਹਨ, ਪਰ ਉਹਨਾਂ ਪਾਸੋਂ ਕੋਈ ਨਹੀਂ ਲੈਂਦਾ। ਉਹਨਾਂ ਕਿਹਾ, ਕੀ ਸਬੱਬ ਹੈ ?

ਪੰਡਿਤਾਂ ਨੇ ਕਿਹਾ ਕਿ ਸਾਡੇ ਸਾਰਿਆਂ ਦੇ ਨਾਲ ਰਵਿਦਾਸ ਬੈਠਾ ਹੋਇਆ ਹੈ। ਵਰਤਾਵਿਆਂ ਨੇ ਕਿਹਾ, ਕਿਉਂ ਝੂਠ ਬੋਲਦੇ ਹੋ, ਉਹ ਤਾਂ ਅੰਦਰ ਬੈਠੇ ਹਨ, ਨਾਲੇ ਹਜ਼ਾਰਾਂ ਪੁਰਸ਼ਾਂ ਨਾਲ ਇਕੱਠਾ ਕਿਵੇਂ ਬੈਠ ਸਕਦਾ ਹੈ ?

ਉਸ ਵੇਲੇ ਸਿਆਣੇ ਪੰਡਿਤਾਂ ਨੇ ਕਿਹਾ ਕਿ ਇਹ ਸਭ ਰਾਮ ਦੀ ਹੀ ਖੇਡ ਹੈ। ਸਾਡੀ ਕੋਈ ਪੇਸ਼ ਨਹੀਂ ਹੈ, ਉਹ ਭਗਵਾਨ ਸਰੂਪ ਹਨ, ਈਰਖਾ ਰਹਿਤ ਹਨ। ਆਪਾਂ ਵੀ ਈਰਖਾ ਪਣ ਛੱਡੀਏ ਤੇ ਰਵਿਦਾਸ ਜੀ ਨੂੰ ਆਪਣੇ ਵਿਚ ਬੁਲਾਈਏ।

ਪੰਡਿਤਾਂ ਨੇ ਰਵਿਦਾਸ ਅੱਗੇ ਬੇਨਤੀ ਕੀਤੀ ਕਿ ਤੁਸੀਂ ਸਾਡੇ ਨਾਲ ਆ ਕੇ ਪੰਗਤ ਵਿਚ ਬੈਠ ਕੇ ਭੋਜਨ ਛਕੋ। ਬੇਨਤੀ ਮੰਨ ਕੇ ਭਗਤ ਜੀ ਨੇ ਭੋਜਨ ਛੱਕਿਆ ਤੇ ਸਭ ਨੂੰ ਪ੍ਰਸੰਨ ਕੀਤਾ। ਰਾਣੀ ਝਾਲੀ ਨੇ ਸਾਰੇ ਪੰਡਿਤਾਂ ਨੂੰ ਦੋ ਦੋ ਮੋਹਰਾਂ ਸੋਨੇ ਦੀਆਂ ਦੇ ਕੇ ਪ੍ਰਸੰਨ ਕੀਤਾ। ਉਸ ਵੇਲੇ ਬੈਰਾਗ ਵਿਚ ਆ ਕੇ ਰਵਿਦਾਸ ਜੀ ਨੇ ਪ੍ਰਮਾਤਮਾ ਦੀ ਉਸਤਿਤ ਸੰਬੰਧੀ ਸ਼ਬਦ ਉਚਾਰਿਆ–

***ਐਸੀ ਲਾਲ ਤੁਝ ਬਿਨੁ ਕਉਨੁ ਕਰੈ॥***
***ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ॥ ੧॥ ਰਹਾਉ॥***
***ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀਂ ਢਰੈ॥***
***ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ॥ ੧॥***
***ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ॥***
***ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ॥੨॥੧॥*** (ਅੰਗ ੧੧੦੬)

**ਸੋਰਠਿ ਮਹਲਾ ੫ ॥ ਹਰਿ ਮਨਿ ਤਨਿ ਵਸਿਆ ਸੋਈ ॥ ਜੈ ਜੈ ਕਾਰੁ ਕਰੇ ਸਭੁ ਕੋਈ ॥ ਗੁਰ ਪੂਰੇ ਕੀ ਵਡਿਆਈ ॥ ਤਾ ਕੀ ਕੀਮਤਿ ਕਹੀ ਨ ਜਾਈ ॥ ੧ ॥ ਹਉ ਕੁਰਬਾਨੁ ਜਾਈ ਤੇਰੇ ਨਾਵੈ ॥ ਜਿਸ ਨੋ ਬਖਸਿ ਲੈਹਿ ਮੇਰੇ ਪਿਆਰੇ ਸੋ ਜਸੁ ਤੇਰਾ ਗਾਵੈ ॥ ੧ ॥ ਰਹਾਉ ॥ ਤੂੰ ਭਾਰੋ ਸੁਆਮੀ ਮੇਰਾ ॥ ਸੰਤਾਂ ਭਰਵਾਸਾ ਤੇਰਾ ॥ ਨਾਨਕ ਪ੍ਰਭ ਸਰਣਾਈ ॥ ਮੁਖਿ ਨਿੰਦਕ ਕੈ ਛਾਈ ॥ ੨ ॥ ੨੨ ॥ ੮੬ ॥**

(ਅੰਗ ੬੨੯)

## ਪਦ ਅਰਥ :

ਜਾਈ-ਜਾਵਾਂ। ਤੇਰੇ ਨਾਵੈ-ਤੇਰੇ ਨਾਮ ਤੋਂ। ਭਾਰੋ-ਮਹਾਨ, ਵੱਡਾ। ਮੁਖਿ-ਮੂੰਹ ਵਿਚ। ਛਾਈ-ਸੁਆਹ।

## ਅਰਥ :

ਉਸ ਪ੍ਰਮਾਤਮਾ ਦਾ (ਨਾਮ) ਮੇਰੇ ਮਨ ਤੇ ਸਰੀਰ ਵਿਚ ਵੱਸ ਗਿਆ ਹੈ। (ਇਸ ਕਰਕੇ) ਸਭ ਕੋਈ (ਸਾਡਾ) ਜੈ ਜੈਕਾਰ ਕਰ ਰਿਹਾ ਹੈ। (ਇਹ ਸਭ) ਪੂਰਨ ਗੁਰੂ ਦੀ (ਵਡਿਆਈ) ਮਹਿਮਾ ਹੈ। ਗੁਰੂ ਵਲੋਂ (ਬਖ਼ਸ਼ੀ ਹੋਈ ਵਡਿਆਈ) ਦੀ ਕੀਮਤ (ਕਿਸੇ ਪਾਸੋਂ ਵੀ) ਨਹੀਂ ਕਹੀ ਜਾ ਸਕਦੀ। ੧।

(ਹੇ ਪ੍ਰਭੂ !) ਮੈਂ ਤੇਰੇ ਨਾਮ ਤੋਂ ਸਦਕੇ ਜਾਂਦਾ ਹਾਂ। ਹੇ ਮੇਰੇ ਪਿਆਰੇ (ਪ੍ਰਭੂ !) ਜਿਸ (ਮਨੁੱਖ) ਨੂੰ ਤੂੰ ਬਖ਼ਸ਼ ਲੈਂਦਾ ਹੈਂ, ਉਹ (ਮਨੁੱਖ) ਤੇਰਾ ਜਸ ਗਾਉਂਦਾ ਹੈ।੧। ਰਹਾਉ। (ਹੇ ਪ੍ਰਭੂ !) ਤੂੰ ਮੇਰਾ ਵੱਡਾ ਮਾਲਕ ਹੈਂ। (ਤੇਰੇ ਸੰਤਾਂ) ਨੂੰ ਤੇਰਾ ਹੀ ਭਰੋਸਾ (ਆਸਰਾ) ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਹੇ ਪ੍ਰਭੂ ! (ਮੈਂ ਤੇਰੀ) ਸ਼ਰਣ ਵਿਚ ਆਇਆ ਹਾਂ। (ਜੋ ਮੇਰੀ ਨਿੰਦਿਆ ਕਰਦੇ ਸਨ) ਉਨ੍ਹਾਂ ਨਿੰਦਕਾਂ ਦੇ ਮੂੰਹ ਵਿਚ ਸੁਆਹ (ਪਈ ਹੈ)। ੨। ੨੨। ੮੬।

## ਵਿਆਖਿਆ ਤੇ ਸਾਰੰਸ਼ :

ਇਸ ਪਾਵਨ ਮੁਖਵਾਕ ਅੰਦਰ ਪੂਰਨ ਗੁਰੂ ਦੀ ਵਡਿਆਈ ਦਾ ਵੀ ਜ਼ਿਕਰ ਕੀਤਾ ਹੈ-

***ਗੁਰ ਪੂਰੇ ਕੀ ਵਡਿਆਈ ॥ ਤਾ ਕੀ ਕੀਮਤਿ ਕਹੀ ਨ ਜਾਈ ॥ ੧ ॥***

ਪੂਰਨ ਗੁਰੂ ਦੀ ਵਡਿਆਈ (ਮਹਿਮਾ) ਕਹਿਣ ਤੋਂ ਪਰੇ ਹੈ। ਗੁਰੂ ਦੀ ਮਹਿਮਾ ਦੀ ਕੀਮਤ ਕੌਣ ਪਾ ਸਕਦਾ ਹੈ। ਗੁਰਦੇਵ ਦਾ ਸੁੰਦਰ ਫ਼ੁਰਮਾਣ ਹੈ-

***ਕੀਮਤਿ ਪਾਇ ਨ ਕਹਿਆ ਜਾਇ ॥***

(ਅੰਗ ੯)

ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਅੰਦਰ ਪੂਰਨ ਗੁਰੂ ਦੀ ਸਿਫ਼ਤ (ਮਹਿਮਾ) ਕਰਦਿਆਂ ਇਸ ਤਰ੍ਹਾਂ ਕਥਨ ਕੀਤਾ ਹੈ :

***ਪੂਰਾ ਸਤਿਗੁਰੁ ਜਾਣੀਐ ਪੂਰੇ ਪੂਰਾ ਠਾਟੁ ਬਣਾਇਆ।***
***ਪੂਰੇ ਪੂਰਾ ਤੋਲੁ ਹੈ ਘਟੈ ਨ ਵਧੈ ਘਟਾਇ ਵਧਾਇਆ।***
***ਪੂਰੇ ਪੂਰੀ ਮਤਿ ਹੈ ਹੋਰਸੁ ਪੁਛਿ ਨ ਮਤਾ ਪਕਾਇਆ।***
***ਪੂਰੇ ਪੂਰਾ ਮੰਤੁ ਹੈ ਪੂਰਾ ਬਚਨੁ ਨ ਟਲੈ ਟਲਾਇਆ।***
***ਸਭੇ ਇਛਾ ਪੂਰੀਆ ਸਾਧਸੰਗਤਿ ਮਿਲਿ ਪੂਰਾ ਪਾਇਆ।***
***ਵੀਹ ਇਕੀਹ ਉਲੰਘਿਕੈ ਪਤਿ ਪਉੜੀ ਚੜ੍ਹਿ ਨਿਜ ਘਰਿ ਆਇਆ।***
***ਪੂਰੇ ਪੂਰਾ ਹੋਇ ਸਮਾਇਆ॥੧੯॥***

(ਵਾਰ ੨੬, ਪਉੜੀ ੧੯)

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੬੫ (ਅੰਗ ੬੨੯-੩੦)

ਸੋਰਠਿ ਮਹਲਾ ੫ ॥ ਆਗੈ ਸੁਖੁ ਮੇਰੇ ਮੀਤਾ ॥ ਪਾਛੇ ਆਨਦੁ ਪ੍ਰਭਿ ਕੀਤਾ ॥ ਪਰਮੇਸੁਰਿ ਬਣਤ ਬਣਾਈ ॥ ਫਿਰਿ ਡੋਲਤ ਕਤਹੂ ਨਾਹੀ ॥ ੧ ॥ ਸਾਚੇ ਸਾਹਿਬ ਸਿਉ ਮਨੁ ਮਾਨਿਆ ॥ ਹਰਿ ਸਰਬ ਨਿਰੰਤਰਿ ਜਾਨਿਆ ॥ ੧ ॥ ਰਹਾਉ ॥ ਸਭ ਜੀਅ ਤੇਰੇ ਦਇਆਲਾ ॥ ਅਪਨੇ ਭਗਤ ਕਰਹਿ ਪ੍ਰਤਿਪਾਲਾ ॥ ਅਚਰਜੁ ਤੇਰੀ ਵਡਿਆਈ ॥ ਨਿਤ ਨਾਨਕ ਨਾਮੁ ਧਿਆਈ ॥ ੨ ॥ ੨੩ ॥ ੮੭ ॥

# ਪ੍ਰਾਕ੍ਰਥਨ :-

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਸੋਰਠਿ ਰਾਗ ਅੰਦਰ ਉਚਾਰਨ ਕੀਤਾ ਇਹ ਸ਼ਬਦ ਹੈ। ਇਸ ਸ਼ਬਦ ਦੇ ਆਰੰਭ ਅੰਦਰ ਗੁਰਦੇਵ ਨੇ ਜੋ ਉਸ ਪ੍ਰਭੂ ਦੇ ਪਿਆਰੇ ਸੇਵਕ ਜਨ ਹਨ, ਉਹਨਾਂ ਨੂੰ ਮਿੱਤਰ ਸ਼ਬਦ ਨਾਲ ਸਤਿਕਾਰ ਦਿੰਦਿਆਂ ਹੋਇਆਂ, ਐਥੇ ਉਥੇ, ਅੱਗੇ ਪਿੱਛੇ, ਲੋਕ ਪਰਲੋਕ ਅੰਦਰ ਸੁੱਖ-ਆਨੰਦ ਬਖ਼ਸ਼ਣ ਦੀ ਗੱਲ ਕੀਤੀ ਹੈ।

## ਵਿਸ਼ਾ— ਜਉ ਸੁਖ ਕਉ ਚਾਹੈ ਸਦਾ

ਸੰਸਾਰ ਦੇ ਅੰਦਰ ਹਰ ਇਕ ਮਨੁੱਖ ਸੁੱਖ ਪ੍ਰਾਪਤੀ ਦੀ ਦੌੜ ਵਿਚ ਹੈ। ਦੁੱਖ ਵਿਚ ਘਿਰਿਆ ਹੋਇਆ ਸੰਸਾਰੀ ਮਨੁੱਖ ਸੁੱਖ ਦੀ ਪ੍ਰਾਪਤੀ ਕਰਕੇ ਦੁੱਖ ਤੋਂ ਛੁਟਕਾਰਾ ਪਾਉਣਾ ਚਾਹੁੰਦਾ ਹੈ। ਪਰ ਸੁੱਖ ਤੇ ਦੁੱਖ ਮਨੁੱਖੀ ਜੀਵਨ ਦੇ ਅਨਿੱਖੜਵੇਂ ਅੰਗ ਹਨ। ਜਾਂ ਇਸ ਤਰ੍ਹਾਂ ਕਹਿ ਲਉ ਕਿ ਮਨੁੱਖੀ ਜੀਵਨ ਖ਼ੁਸ਼ੀਆਂ ਤੇ ਗ਼ਮੀਆਂ ਦਾ ਸੁਮੇਲ ਹੈ। ਕਿਸੇ ਨੂੰ ਬਹੁਤੇ ਸੁੱਖ ਹਨ ਅਤੇ ਦੁੱਖ ਥੋੜੇ। ਕਿਸੇ ਨੂੰ ਦੁੱਖ ਵਧੇਰੇ ਹਨ ਅਤੇ ਸੁੱਖ ਘੱਟ ਹਨ, ਪਰ ਮਨੁੱਖ ਸਦਾ ਸੁੱਖ ਹੀ ਚਾਹੁੰਦਾ ਹੈ।

ਗੁਰਦੇਵ ਦਾ ਫ਼ੁਰਮਾਨ ਹੈ :

***ਸੁਖ ਕਉ ਮਾਗੈ ਸਭੁ ਕੋ ਦੁਖੁ ਨ ਮਾਗੈ ਕੋਇ॥***

(ਅੰਗ ੫੭)

ਸ੍ਰੀ ਗੁਰੂ ਤੇਗ਼ ਬਹਾਦਰ ਜੀ ਮਹਾਰਾਜ ਦਾ ਵੀ ਫ਼ੁਰਮਾਨ ਹੈ :

***ਜਤਨ ਬਹੁਤ ਸੁਖ ਕੇ ਕੀਏ, ਦੁਖ ਕੋ ਕੀਓ ਨ ਕੋਇ॥***

(ਅੰਗ ੧੪੨੮)

ਸੁੱਖ ਦੀ ਪ੍ਰਾਪਤੀ ਵਾਸਤੇ ਮਨੁੱਖ ਕੀ ਕੁਝ ਨਹੀਂ ਕਰਦਾ। ਇਥੋਂ ਤੱਕ ਕਿ ਨੈਤਿਕ ਕਦਰਾਂ ਕੀਮਤਾਂ ਨੂੰ ਇਕ ਪਾਸੇ ਰੱਖ ਕੇ ਸੁੱਖ ਲਈ ਝੂਠ ਬੋਲਦਾ ਹੈ। ਦੂਜਿਆਂ ਦੇ ਹੱਕ ਮਾਰਦਾ ਹੈ। ਹੇਰਾ-ਫੇਰੀਆਂ ਕਰਦਾ ਹੈ। ਧਨ ਦੀ ਇਕੱਤਰਤਾ ਵਿਚ ਸੁੱਖ ਸਮਝ ਕੇ ਧਨ ਇਕੱਠਾ ਕਰਨ ਲਈ ਦਿਨ ਰਾਤ ਭੱਜਿਆ ਫਿਰਦਾ ਹੈ। ਭਗਤ ਕਬੀਰ ਜੀ ਦਾ ਫ਼ੁਰਮਾਨ ਹੈ :

***ਬਹੁ ਪਰਪੰਚੁ ਕਰਿ ਪਰ ਧਨੁ ਲਿਆਵੈ॥***
***ਸੁਤ ਦਾਰਾ ਪਹਿ ਆਨ ਲੁਟਾਵੈ॥***
***ਮਨ ਮੇਰੇ ਭੂਲੇ ਕਪਟੁ ਨ ਕੀਜੈ॥***
***ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ॥***

(ਅੰਗ ੬੫੬)

ਸੁੱਖ ਦੀ ਪ੍ਰਾਪਤੀ ਵਾਸਤੇ ਮਨੁੱਖ ਥਾਂ ਪਰ ਥਾਂ ਜਾ ਕੇ ਦੂਜਿਆਂ ਦੀਆਂ ਖ਼ੁਸ਼ਾਮਦਾਂ ਕਰਦਾ ਹੈ, ਪਰ ਇਹ ਭਰਮ ਵਿਚ ਪਿਆ ਹੋਇਆ ਇਸ ਤਰ੍ਹਾਂ ਦੇ ਸੁੱਖ ਦੀ ਦੌੜ ਵਿਚ ਹੈ। ਸਗੋਂ ਇਸ ਨੂੰ ਸੁੱਖ ਦੀ ਬਜਾਇ ਦੁੱਖ ਹੀ ਮਿਲਦਾ ਹੈ। ਪਰਮੇਸ਼ਰ ਨੂੰ ਭੁੱਲ ਕੇ ਕੁੱਤਿਆਂ ਵਾਂਗ ਦਰ-ਦਰ 'ਤੇ ਭਟਕਦਾ ਫਿਰਦਾ ਹੈ। ਜਿਥੋਂ ਇਸ ਨੂੰ ਅਸਲ ਸੁੱਖ ਪ੍ਰਾਪਤ ਹੋਣਾ ਹੈ, ਉਹ ਇਸ ਗ਼ਾਫ਼ਲ ਮਨੁੱਖ ਨੂੰ ਚਿਤ ਚੇਤੇ ਵੀ ਨਹੀ ਹੈ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਸੁੰਦਰ ਫ਼ੁਰਮਾਨ ਹੈ :

***ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ ਸੇਵ ਕਰਤ ਜਨ ਜਨ ਕੀ॥***
***ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ॥***

(ਅੰਗ ੪੧੧)

ਅਗਿਆਨੀ ਮਨੁੱਖ ਧਨ ਦੌਲਤ, ਦੁਨਿਆਵੀ ਰਸਾਂ ਕਸਾਂ ਅਤੇ ਰੰਗ ਤਮਾਸ਼ਿਆਂ ਨੂੰ ਹੀ ਸੁੱਖਾਂ ਦਾ ਸਾਧਨ ਸਮਝੀ ਬੈਠਾ ਹੈ, ਜੋ ਬੜਾ ਥੋੜਾ ਚਿਰ ਰਹਿਣ ਵਾਲੇ ਦੁਨਿਆਵੀ ਤੁੱਛ ਸੁੱਖ ਹਨ। ਦੁਨਿਆਵੀ ਪਦਾਰਥ ਅਤੇ ਇਹਨਾਂ ਨੂੰ ਭੋਗਣ ਵਾਲੇ ਵੀ ਸਭ ਚਲਾਇਮਾਨ ਹਨ। ਭਾਵ ਸਭ ਕੁਝ ਨਸ਼ਵੰਤ ਹੈ। ਅਸਲ ਵਿਚ ਸਾਰੇ ਸੁੱਖਾਂ ਦਾ ਭੰਡਾਰ ਤਾਂ ਪ੍ਰਮਾਤਮਾ ਦਾ ਨਾਮ ਹੈ :

***ਸੁਖੁ ਨਾਹੀ ਬਹੁਤੈ ਧਨਿ ਖਾਟੇ॥***
***ਸੁਖੁ ਨਾਹੀ ਪੇਖੇ ਨਿਰਤਿ ਨਾਟੇ॥***
***ਸੁਖੁ ਨਾਹੀ ਬਹੁ ਦੇਸ ਕਮਾਏ॥***
***ਸਰਬ ਸੁਖਾ ਹਰਿ ਹਰਿ ਗੁਣ ਗਾਏ॥***

(ਅੰਗ ੧੧੪੭)

ਸੁੱਖਾਂ ਦਾ ਕੇਂਦਰ ਪ੍ਰਭੂ ਪ੍ਰਮਾਤਮਾ ਹੈ। ਜਦ ਤੱਕ ਉਸ ਪ੍ਰਭੂ ਪ੍ਰਮਾਤਮਾ ਨਾਲ ਨਾ ਜੁੜੀਏ, ਸੁੱਖਾਂ ਦਾ ਨਸੀਬ ਹੋਣਾ ਮੁਸ਼ਕਿਲ ਹੈ। ਸੋ ਉਸ ਪ੍ਰਭੂ ਦਾ ਮਿਲਣਾ ਹੀ ਸੁੱਖਾਂ ਦਾ ਮਿਲਣਾ ਹੈ। ਉਸਨੂੰ ਭੁੱਲਣਾ ਹੀ ਮਹਾਨ ਦੁੱਖ ਹੈ। ਭਾਈ ਸਾਹਿਬ ਭਾਈ ਨੰਦ ਲਾਲ ਗੋਆ ਜੀ ਦਾ ਕਥਨ ਹੈ:-

***ਗ਼ਮ ਦੇ ਬਾਸ਼ਦ ਗਫ਼ਲਤ ਅਜ਼ ਯਾਦੇ ਖ਼ੁਦਾ॥***
***ਚੀਸਤ ਸ਼ਾਦੀ-ਯਾਦ ਆ ਬ ਮੁੰਤਹਾ॥***

(ਭਾਈ ਨੰਦ ਲਾਲ ਗੋਆ)

ਉਸਦੀ ਪ੍ਰਾਪਤੀ ਕਰਕੇ ਪ੍ਰਾਣੀ ਦੀ ਪੂਰਨ ਤੌਰ 'ਤੇ ਪ੍ਰਭੂ ਚਰਨਾਂ ਵਿਚ ਲਿਵ ਜੁੜ ਜਾਂਦੀ ਹੈ ਅਤੇ ਮਨੁੱਖ ਦੇ ਸਾਰੇ ਦੁੱਖਾਂ ਦੀ ਨਵਿਰਤੀ ਹੋ ਜਾਂਦੀ ਹੈ। ਜੀਵਨ ਵਿਚ ਸੁੱਖ ਤੇ ਅਨੰਦ ਆ ਵੱਸਦਾ ਹੈ। ਹਰ ਥਾਂ ਉਸਨੂੰ ਪੂਰਨ ਵਿਆਪਕ ਪ੍ਰਭੂ ਹੀ ਦਿੱਸਦਾ ਹੈ। ਉਸਨੂੰ ਕੋਈ ਬੁਰਾ ਨਹੀਂ ਦਿੱਸਦਾ, ਸਭ ਭਲੇ ਹੀ ਨਜ਼ਰ ਆਉਂਦੇ ਹਨ। ਕਦੇ ਹਾਰ ਨਹੀਂ ਹੁੰਦੀ, ਸਦਾ ਜਿੱਤ ਹੀ ਹੁੰਦੀ ਹੈ-

***ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ॥***
***ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ॥***

(ਅੰਗ ੧੩੦੨)

***ਦ੍ਰਿਸਟਿ ਮਹਿ ਦਰਸ ਦਰਸ ਮਹਿ ਦ੍ਰਿਸਟਿ ਦ੍ਰਿਗ,***
***ਦ੍ਰਿਸਟਿ ਦਰਸ ਅਦਰਸ ਗੁਰ ਧਿਆਨ ਹੈ॥***
***ਸਬਦ ਮਹਿ ਸੁਰਤਿ ਸੁਰਤਿ ਮਹਿ ਸਬਦ ਧੁਨਿ,***
***ਸਬਦ ਸੁਰਤਿ ਅਗਮਿਤਿ ਗੁਰ ਗਿਆਨ ਹੈ॥***
***ਗਿਆਨ ਧਿਆਨ ਕਰਨੀ ਕੈ ਪ੍ਰਗਟਤ ਪ੍ਰੇਮ ਰਸੁ,***
***ਗੁਰਮਤਿ ਗਤਿ ਪ੍ਰੇਮ ਨੇਮ ਨਿਰਬਾਨ ਹੈ।***
***ਪਿੰਡ ਪ੍ਰਾਨ ਪ੍ਰਾਨਪਤਿ ਬੀਸ ਕੌ ਬਰਤਮਾਨ,***
***ਗੁਰਮੁਖਿ ਸੁਖ ਇਕ-ਈਸ ਮੌ ਨਿਧਾਨ ਹੈ॥ ੪੫॥***

(ਕਬਿੱਤ ਸਵੱਯੇ ਭਾ: ਗੁਰਦਾਸ ਜੀ)

ਐਸੇ ਦੁੱਖ ਸੁੱਖ ਵਿਚ ਸਮਾਨ ਅਵੱਸਥਾ ਦੇ ਧਾਰਨੀ ਪੂਰਨ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਸਨ।

## ਸਾਖੀ—ਬਾਬਾ ਬੁੱਢਾ ਜੀ ਦੇ ਅੰਤਮ ਸਮੇਂ ਦੀ

ਬਾਬਾ ਬੁੱਢਾ ਜੀ ਦਾ ਜਨਮ ਸੰਨ ੧੫੦੬ ਈ: ਨੂੰ ਪਿੰਡ ਕੱਥੂ ਨੰਗਲ ਜ਼ਿਲ੍ਹਾ ਅੰਮ੍ਰਿਤਸਰ ਵਿਚ ਪਿਤਾ ਭਾਈ ਸੁੱਘਾ ਜੀ ਰੰਧਾਵਾ ਦੇ ਘਰ ਮਾਤਾ ਗੌਰਾਂ ਜੀ ਦੀ ਕੁੱਖੋਂ ਹੋਇਆ। ਬਾਬਾ ਬੁੱਢਾ ਜੀ ੧੨ ਕੁ ਸਾਲ ਦੀ ਉਮਰ ਵਿਚ ਉਸ ਸਮੇਂ ਗੁਰੂ ਨਾਨਕ ਦੇਵ ਜੀ ਦੀ ਸ਼ਰਨ ਵਿਚ ਪਹਿਲੀ ਵਾਰ ਆਏ ਸਨ, ਜਿਸ ਸਮੇਂ ਪਿੰਡ ਕੱਥੂਨੰਗਲ ਦੀ ਜੂਹ ਵਿਚ ਇਕ ਬ੍ਰਿੱਛ ਥੱਲੇ ਬੈਠੇ ਗੁਰਦੇਵ ਕੀਰਤਨ ਰਾਹੀਂ ਇਲਾਹੀ ਬਾਣੀ ਦਾ ਸ਼ਬਦ ਗਾ ਰਹੇ ਸਨ। ਮਰਦਾਨਾ ਪਾਸ ਬੈਠਾ ਰਬਾਬ ਵਜਾ ਰਿਹਾ ਸੀ। ਬਾਬਾ ਬੁੱਢਾ ਜੀ ਨੇ ਜਿਥੇ ਗੁਰੂ ਨਾਨਕ ਦੇਵ ਜੀ ਮਹਾਰਾਜ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ, ਉਥੇ "ਛੇ ਮਹਿਲਾਂ ਤਕ ਦਰਸ ਨਿਹਾਰੀ" ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ੬ ਪਾਤਸ਼ਾਹੀਆਂ ਦੀ ਦਰਸ਼ਨ-ਹਜ਼ੂਰੀ ਵਿਚ ਰਹਿਣ ਦਾ ਮਾਣ ਸਤਿਕਾਰ ਪ੍ਰਾਪਤ ਕੀਤਾ ਅਤੇ ਸਾਰੇ ਗੁਰੂ ਸਾਹਿਬਾਂ ਦੇ ਹੁਕਮ ਦੀ ਪਾਲਣਾ ਕਰਨ ਵਿਚ ਪੂਰਨ ਰੂਪ ਗੁਰਸਿੱਖੀ ਕਮਾਉਣ ਦਾ ਮਾਣ ਪ੍ਰਾਪਤ ਕੀਤਾ। ਜਿਸ ਵੇਲੇ ਗੁਰੂ ਨਾਨਕ ਦੇਵ ਜੀ ਤੋਂ ਬਖ਼ਸ਼ਿਸ਼ ਪਾ ਕੇ ਗੁਰੂ ਅੰਗਦ ਦੇਵ ਜੀ ਖੰਡੂਰ ਸਾਹਿਬ ਜਾ ਠਹਿਰੇ ਸਨ-

***ਗੁਰੁ ਅੰਗਦੁ ਗੁਰੁ ਅੰਗੁ ਤੇ ਅੰਮ੍ਰਿਤੁ ਬਿਰਖੁ ਅੰਮ੍ਰਿਤ ਫਲ ਫਲਿਆ।***
***ਜੋਤੀ ਜੋਤਿ ਜਗਾਈਅਨੁ ਦੀਵੇ ਤੇ ਜਿਉ ਦੀਵਾ ਬਲਿਆ।*** (ਵਾਰ ੨੪, ਪਉੜੀ ੮)

ਸ੍ਰੀ ਗੁਰੂ ਅੰਗਦ ਦੇਵ ਜੀ ਨਗਰ ਤੋਂ ਥੋੜੀ ਦੂਰ ਖੇਤਾਂ ਵਿਚ ਇਕ ਕੱਚਾ ਕੋਠਾ ਸੀ, ਉਸ ਕੋਠੇ ਵਿਚ ਜਾ ਬੈਠੇ ਸਨ। ਮਾਈ ਭਰਾਈ ਅੱਠੀਂ ਪਹਿਰੀ ਆਪਿ ਜੀ ਕੋਲ ਪ੍ਰਸ਼ਾਦਾ ਤੇ ਦੁੱਧ ਦਾ ਕਟੋਰਾ ਦੇ ਜਾਇਆ ਕਰਦੇ ਸਨ। ਸੰਨ ੧੫੩੯ ਨੂੰ ਗੁਰੂ ਨਾਨਕ ਦੇਵ ਜੀ ਜੋਤੀ ਜੋਤਿ ਸਮਾ ਗਏ। ਗੁਰਦੇਵ ਦੇ ਦਰਸ਼ਨ ਤੋਂ ਬਿਨਾਂ ਸੰਗਤਾਂ ਬਿਹਬਲ ਹੋ ਰਹੀਆਂ ਸਨ। ਸੰਗਤਾਂ ਖਡੂਰ ਸਾਹਿਬ ਜਾਂਦੀਆਂ ਸਨ, ਪਰ ਗੁਰੂ ਅੰਗਦ ਦੇਵ ਜੀ ਕੋਠੇ ਦਾ ਦਰਵਾਜ਼ਾ ਬੰਦ ਕਰੀ ਅਲੋਪ ਹੋਏ ਜਪ ਤਪ ਵਿਚ ਲਿਵਲੀਨ ਰਹਿੰਦੇ ਸਨ। ਅਖ਼ੀਰ ਨੂੰ ਸੰਗਤਾਂ ਦੇ ਬੇਨਤੀ ਕਰਨ ਤੋਂ ਬਾਬਾ ਬੁੱਢਾ ਜੀ ਨੇ ਮਾਈ ਭਰਾਈ ਨੂੰ ਨਾਲ ਲੈ ਕੇ ਗੁਰਦੇਵ ਨੂੰ ਗੁਪਤ ਨਿਵਾਸ ਅਸਥਾਨ ਤੋਂ ਲੱਭ ਕੇ ਪ੍ਰਗਟ ਹੋ ਕੇ ਸੰਗਤਾਂ ਨੂੰ ਤਾਰਨ ਲਈ ਬੇਨਤੀ ਕੀਤੀ ਸੀ।

ਜਿਸ ਵੇਲੇ ਤੀਸਰੇ ਗੁਰੂ ਅਮਰਦਾਸ ਜੀ ਗੋਇੰਦਵਾਲ ਵਿਚ ਜਗਤ ਜੀਆਂ ਨੂੰ ਤਾਰ ਰਹੇ ਸਨ ਤਾਂ ਬਾਬਾ ਦਾਤੂ ਜੀ ਦੇ ਲੱਤਾਂ ਮਾਰਨ ਤੋਂ ਗੁਰਦੇਵ ਆਪਣੇ ਪੁਰਾਣੇ ਪਿੰਡ ਬਾਸਰਕੇ ਜਾ ਪੁੱਜੇ ਸਨ।

ਇਕ ਕੱਚੇ ਕੋਠੇ ਵਿਚ ਪ੍ਰਵੇਸ਼ ਕਰਕੇ ਬੂਹੇ ਅੱਗੇ ਇਹ ਲਿਖ ਕੇ ਲਾ ਦਿੱਤਾ ਸੀ ਕਿ ਜੋ ਇਹ ਬੂਹਾ ਖੋਲ੍ਹੇਗਾ ਉਹ ਸਾਡਾ ਸਿੱਖ ਨਹੀਂ ਹੈ।

***ਧੇਨ ਪਾਲ ਕੋ ਕੋਸਟ ਹੇਰਾ। ਤਿਸ ਦਰ ਪਰ ਲਿਖ ਕੀਨ ਬਸੇਰਾ॥***
***ਇਸ ਦਰ ਜੋ ਨਰ ਕਰਹਿ ਉਪਾਰੇ। ਤਿਸ ਕੇ ਗੁਰ ਨਹਿ ਸਿਖ ਹਮਾਰੇ।***

(ਗੁ: ਪ੍ਰ: ਸੂ: ਗ੍ਰੰ: ਰਾਸਿ ੧ ਅੰਸ ੩੫)

ਉਸ ਸਮੇਂ ਵੀ ਸੰਗਤਾਂ ਦੇ ਬੇਨਤੀ ਕਰਨ ਤੋਂ ਬਾਬਾ ਬੁੱਢਾ ਜੀ ਸੰਗਤ ਸਮੇਤ ਬਾਸਰਕੇ ਪਹੁੰਚ ਕੇ ਬੂਹੇ ਦੇ ਅੱਗੇ ਲਿਖਿਆ ਵੇਖ ਕੇ ਕੋਠੇ ਦੇ ਪਿਛਲੇ ਪਾਸਿਉਂ ਸੰਨ੍ਹ ਲਾ ਕੇ ਗੁਰੂ ਜੀ ਦੇ ਚਰਨਾਂ 'ਤੇ ਜਾ ਮਸਤਕ ਟੇਕਿਆ ਸੀ। ਹਜ਼ੂਰ ਨੇ ਕਿਹਾ, ਬਾਬਾ ਬੁੱਢਾ ਜੀ! ਤੁਸਾਂ ਸਾਡਾ ਹੁਕਮ ਨਹੀਂ ਮੰਨਿਆ। ਤਾਂ ਆਪ ਜੀ ਨੇ ਬੇਨਤੀ ਕੀਤੀ ਸੀ–

***ਸ੍ਰੀ ਗੁਰ ਹਮ ਨਹਿ ਆਇਸ ਟਾਰੀ॥***
***ਤਜਿ ਦਰ, ਫੋਰਯੋ ਦੀਵਾਰ ਪਿਛਾਰੀ॥***
***ਸਭ ਸਿੱਖਨਿ ਮਨ ਬਯਾਕਲ ਹੇਰਾ॥***
***ਦੂਰੇ ਆਪ ਕਰ ਜਗਤ ਅੰਧੇਰਾ॥ ੨੬॥***

(ਗੁ: ਪ੍ਰ: ਸੂ: ਗ੍ਰੰਥ, ਰਾਸਿ: ੧, ਅੰਸ ੩੬)

ਬਾਬਾ ਬੁੱਢਾ ਜੀ ਨੇ ਹੱਥ ਜੋੜ ਕੇ ਨਿਮਰਤਾ ਨਾਲ ਕਿਹਾ, ਵੇਖ ਲਉ ਬੂਹਾ ਉਸੇ ਤਰ੍ਹਾਂ ਬੰਦ ਹੈ। ਸੇਵਕ ਤਾਂ ਪਾਸਿਉਂ (ਸੰਨ ਵੱਲ ਇਸ਼ਾਰਾ ਕਰਕੇ) ਕਿਹਾ ਕਿ ਦਾਸ ਤਾਂ ਇਸ ਪਾਸੇ ਦੀ ਆਇਆ ਹੈ। ਗੁਰੂ ਜੀ ਸੰਨ ਵਲ ਵੇਖ ਕੇ ਹੱਸ ਪਏ ਅਤੇ ਕਿਹਾ, ਬਾਬਾ ਬੁੱਢਾ ਜੀ, ਤੁਹਾਡੇ ਕੌਤਕ ਵੀ ਨਿਰਾਲੇ ਹਨ ਅਤੇ ਵਰਦਾਇਕ ਬਚਨ ਕਿਹਾ, ''ਇਸ ਕੋ ਪਾਰ ਦਯੋ ਦਰਸਾਵੈ॥ ਸੋ ਨਰ ਜਨ ਕੋ ਪਿਖਨ ਨ ਪਾਵੈ।'' ਇਹ ਸੰਨ ਸਾਹਿਬ

ਅਸਥਾਨ ਨੂੰ ਹਜ਼ੂਰ ਨੇ ਵਰਦਾਇਕ ਬਚਨ ਕਹੇ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਲਿਖਾ ਕੇ ਪ੍ਰਕਾਸ਼ ਕਰਨ ਸਮੇਂ ਸ੍ਰੀ ਹਰਿਮੰਦਰ ਸਾਹਿਬ ਜੀ ਦਾ ਮੁੱਖ ਗ੍ਰੰਥੀ ਬਾਬਾ ਬੁੱਢਾ ਜੀ ਨੂੰ ਥਾਪਿਆ ਸੀ ਤੇ ਰਾਮਸਰ ਤੋਂ ਸਰੂਪ ਹਰਿਮੰਦਰ ਸਾਹਿਬ ਲਿਆਉਣ ਵੇਲੇ ਗੁਰਦੇਵ ਨੇ ਬਚਨ ਕਹੇ ਸਨ-

***ਬੁਢਾ ਨਿਜ ਸਿਰ ਪਰ ਧਰ ਗ੍ਰਿੰਥ॥ ਆਗੇ ਚਲਹੁ ਸੁਧਾਸਰ ਪੰਥ॥***
***ਮਾਨਿ ਵਾਕ ਲੇ ਭਇਉ ਅਗਾਰੇ॥ ਚਮਰ ਗੁਰੂ ਅਰਜਨ ਕਰਿ ਧਾਰੇ॥***

ਸ੍ਰੀ ਹਰਿਮੰਦਰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਪਹਿਲਾ ਹੁਕਮਨਾਮਾ ਬਾਬਾ ਬੁੱਢਾ ਜੀ ਨੇ ਲਿਆ ਸੀ।

***ਅਦਬ ਸੰਗ ਤਬਿ ਗ੍ਰੰਥ ਕੋ ਖੋਲਾ॥ ਲੈ ਅਵਾਜ ਬੁੱਢਾ ਮੁੱਖ ਬੋਲ॥***

ਆਪਣੇ ਅੰਤਲੇ ਸਮੇਂ ਬਾਬਾ ਬੁੱਢਾ ਜੀ ਪਿੰਡ ਰਮਦਾਸ ਵਿਖੇ ਜਾ ਠਹਿਰੇ ਸਨ। ਆਪ ਜੀ ਨੇ ਆਪਣੇ ਅੰਤਮ ਸਮੇਂ ਮੀਰੀ ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਪਾਸ ਬੇਨਤੀ ਕਰ ਭੇਜੀ। ਗੁਰੂ ਹਰਿਗੋਬਿੰਦ ਜੀ ਸਾਰੇ ਕੰਮ ਛੱਡ ਕੇ ਪਿੰਡ ਰਮਦਾਸ ਜਾ ਪਹੁੰਚੇ ਸਨ। ਬਾਬਾ ਬੁੱਢਾ ਜੀ ਨੇ ਗੁਰੂ ਜੀ ਦੇ ਚਰਨਾਂ 'ਤੇ ਨਮਸਕਾਰ ਕੀਤੀ ਅਤੇ ਭਾਈ ਭਾਨਾ ਜੀ ਦੀ ਬਾਂਹ ਸਤਿਗੁਰੂ ਜੀ ਨੂੰ ਫੜਾ ਕੇ ਨੇਤਰਾਂ 'ਚ ਜਲ ਭਰ ਲਿਆ ਅਤੇ ਬੈਰਾਗ ਵਿਚ ਆਕੇ ਬੇਨਤੀ ਕੀਤੀ— ਸਤਿਗੁਰੂ ਸਾਹਿਬ ਜੀ ! ਜਿਸ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਛੇਵੇਂ ਸਰੂਪ ਤੱਕ ਦਾਸ ਨੂੰ ਆਪਣੇ ਚਰਨਾਂ 'ਚ ਜੋੜੀ ਰੱਖਿਆ ਹੈ, ਇਸੇ ਤਰ੍ਹਾਂ ਪਿੱਛੋਂ ਦਾਸ ਦੀ ਸੰਤਾਨ 'ਤੇ ਵੀ ਮਿਹਰ ਭਰਿਆ ਹੱਥ ਰੱਖਣਾ। ਆਪ ਜੀ ਨੇ ਸਾਰੇ ਸੁੱਖ ਬਖ਼ਸ਼ਿਸ਼ ਕਰਨੇ ਅਤੇ ਗ਼ਰੀਬ ਨਿਵਾਜ਼ ! ਹੁਣ ਅੱਗੇ ਦੀ ਤਿਆਰੀ ਹੈ, ਆਪ ਜੀ ਨੇ ਜਿਸ ਤਰ੍ਹਾਂ ਹੁਣ ਤੱਕ ਦਾਸ 'ਤੇ ਕ੍ਰਿਪਾ ਕੀਤੀ ਹੈ, ਇਸੇ ਤਰ੍ਹਾਂ ਆਪ ਜੀ ਨੇ ਅੱਗੇ ਪਰਲੋਕ ਵਿਚ ਵੀ ਕਿਰਪਾ ਕਰਨੀ। ਤਾਂ ਗੁਰੂ ਹਰਿਗੋਬਿੰਦ ਜੀ ਨੇ ਉਸ ਸਮੇਂ ਪੰਚਮ ਪਾਤਸ਼ਾਹ ਦਾ ਉਚਾਰਨ ਕੀਤਾ ਹੋਇਆ ਇਹ ਪਾਵਨ ਸ਼ਬਦ ਬਾਬਾ ਬੁੱਢਾ ਜੀ ਨੂੰ ਪੜ੍ਹ ਕੇ ਸੁਣਾਇਆ ਸੀ-

***ਆਗੈ ਸੁਖੁ ਮੇਰੇ ਮੀਤਾ॥ ਪਾਛੇ ਆਨਦੁ ਪ੍ਰਭਿ ਕੀਤਾ॥***

ਇਸ ਤਰ੍ਹਾਂ ਬੇਨਤੀ ਕਰਕੇ ੧੪ ਮੱਘਰ, ਸੰਮਤ ੧੬੮੮ ਬਿ: ਨੂੰ ਬਾਬਾ ਬੁੱਢਾ ਜੀ ਪਿੰਡ ਰਮਦਾਸ ਵਿਚ ਪਰਲੋਕ ਸਿਧਾਰ ਗਏ। ਗੁਰੂ ਮਹਾਰਾਜ ਨੇ ਆਪਣੇ ਹੱਥੀਂ ਬਾਬਾ ਜੀ ਦਾ ਅੰਤਮ ਸੰਸਕਾਰ ਕੀਤਾ। ਬਾਬਾ ਬੁੱਢਾ ਜੀ ਨੂੰ ਦੂਜੇ ਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਲੈ ਕੇ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਤੱਕ ਪੰਜ ਸ੍ਰੀ ਗੁਰੂ ਸਾਹਿਬਾਂ ਨੂੰ ਗੁਰਿਆਈ ਗੱਦੀ ਦਾ ਤਿਲਕ ਲਾਵਣ ਦਾ ਵੀ ਸਤਿਕਾਰ ਪ੍ਰਾਪਤ ਹੋਇਆ ਹੈ।

ਸੋਰਠਿ ਮਹਲਾ ੫ ॥ ਆਗੈ ਸੁਖੁ ਮੇਰੇ ਮੀਤਾ ॥ ਪਾਛੇ ਆਨਦੁ ਪ੍ਰਭਿ
ਕੀਤਾ ॥ ਪਰਮੇਸੁਰਿ ਬਣਤ ਬਣਾਈ ॥ ਫਿਰਿ ਡੋਲਤ ਕਤਹੂ ਨਾਹੀ ॥ ੧
॥ ਸਾਚੇ ਸਾਹਿਬ ਸਿਉ ਮਨੁ ਮਾਨਿਆ ॥ ਹਰਿ ਸਰਬ ਨਿਰੰਤਰਿ
ਜਾਨਿਆ ॥ ੧ ॥ ਰਹਾਉ ॥ ਸਭ ਜੀਅ ਤੇਰੇ ਦਇਆਲਾ ॥ ਅਪਨੇ

**ਭਗਤ ਕਰਹਿ ਪ੍ਰਤਿਪਾਲਾ ॥ ਅਚਰਜੁ ਤੇਰੀ ਵਡਿਆਈ ॥ ਨਿਤ ਨਾਨਕ ਨਾਮੁ ਧਿਆਈ ॥ ੨ ॥ ੨੩ ॥ ੮੭ ॥**

(ਅੰਗ ੬੨੯-੩੦)

## ਪਦ ਅਰਥ :

ਆਗੈ-ਅਗੋਂ ਲਈ ਪ੍ਰਲੋਕ ਦਾ। ਪਾਛੈ-ਪਿਛੇ ਬੀਤੇ ਸਮੇਂ ਵਿਚ। ਬਣਤ-ਵਿਉਂਤ। ਕਤਹੂ-ਕਿਸੇ ਤਰ੍ਹਾਂ ਭੀ। ਮਾਨਿਆ-ਪਤੀਜਿਆ। ਨਿਰੰਤਰਿ-ਇਕ ਰਸ। ਕਰਹਿ-ਤੂੰ ਕਰਦਾ ਹੈਂ।

## ਅਰਥ :

ਹੇ ਮੇਰੇ ਮਿੱਤਰ ! ਆਗੈ=ਪ੍ਰਲੋਕ ਦਾ ਸੁੱਖ (ਤੁਹਾਨੂੰ) ਪ੍ਰਾਪਤ ਹੋਵੇਗਾ। ਪਾਛੈ=ਇਸ ਲੋਕ ਵਿਚ ਪ੍ਰਭੂ ਨੇ ਤੁਹਾਨੂੰ ਅਨੰਦ ਬਖ਼ਸ਼ਿਆ ਹੈ। ਪ੍ਰਮੇਸ਼ਰ ਨੇ (ਜਿਸ ਮਨੁੱਖ ਲਈ ਸੁੱਖ ਆਨੰਦ ਦੀ) ਐਸੀ ਵਿਉਂਤ ਬਣਾ ਰੱਖੀ ਹੈ, ਉਹ ਮਨੁੱਖ ਮਨ ਕਰਕੇ ਫਿਰ (ਕਦੇ) ਕਿਸੇ ਪਾਸੇ ਡੋਲਦਾ ਨਹੀਂ। ੧। (ਹੇ ਮਿੱਤਰ ! ਮੇਰਾ) ਮਨ ਸੱਚੇ ਮਾਲਕ ਨਾਲ ਪਤੀਜ ਗਿਆ ਹੈ। (ਇਸ ਕਰਕੇ ਮੈਂ) ਪ੍ਰਮੇਸ਼ਰ ਨੂੰ ਸਾਰਿਆਂ ਵਿਚ (ਪੂਰਨ) ਇਕ ਰਸ ਵਿਆਪਕ ਜਾਣਿਆ ਹੈ। ੧। ਰਹਾਉ। ਹੇ ਦਇਆਲੂ (ਦਾਤਾ ਜੀ !) ਸਾਰੇ ਜੀਵ ਤੇਰੇ ਹੀ ਸਾਜੇ ਹੋਏ ਹਨ। ਤੂੰ ਆਪਣੇ ਭਗਤਾਂ ਦੀ ਚੰਗੀ ਤਰ੍ਹਾਂ ਪਾਲਨਾ ਕਰਦਾ ਹੈਂ। (ਹੇ ਪ੍ਰਭੂ !) ਤੇਰੀ ਵਡਿਆਈ ਹੈਰਾਨ ਕਰਨ ਵਾਲੀ ਹੈ। ਨਾਨਕ (ਗੁਰੂ ਜੀ ਕਥਨ ਕਰਦੇ ਹਨ) ਕਿ ਮੈਂ ਨਿਤ ਹੀ (ਭਾਵ ਹਮੇਸ਼ਾਂ ਹੀ) ਨਾਮ ਸਿਮਰਦਾ ਹਾਂ। ੮। ੨੩। ੮੭।

## ਵਿਆਖਿਆ ਤੇ ਸਾਰੰਸ਼ :

ਗੁਰਦੇਵ ਨੇ ਇਸ ਸ਼ਬਦ ਦੀਆਂ ਰਹਾਉ ਦੀਆਂ ਪੰਕਤੀਆਂ ਅੰਦਰ ਸੱਚੇ ਸਾਹਿਬ ਦੇ ਸਾਥ ਮਨ ਮੰਨਿਆ ਦੱਸਿਆ ਹੈ। ਜੋ ਸੱਚਾ ਸਾਹਿਬ ਸਾਰੇ ਥਾਵਾਂ ਵਿਚ ਪੂਰਨ ਰੂਪ ਵਿਚ ਵਿਆਪਕ ਜ਼ੱਰੇ-ਜ਼ੱਰੇ ਵਿਚ ਸਮਾ ਰਿਹਾ ਹੈ, ਉਸ ਨੂੰ ਇਸ ਤਰ੍ਹਾਂ ਪੂਰਨ ਜਾਣ ਕੇ ਉਸ ਨਾਲ ਮਨ ਮੰਨ ਗਿਆ ਹੈ।

***ਸਾਚੇ ਸਾਹਿਬ ਸਿਉ ਮਨੁ ਮਾਨਿਆ ॥ ਹਰਿ ਸਰਬ ਨਿਰੰਤਰਿ ਜਾਨਿਆ ॥***

ਵਾਹਿਗੁਰੂ ਜੀ ਕਾ ਖਾਲਸਾ ॥

ਵਾਹਿਗੁਰੂ ਜੀ ਕੀ ਫਤਹਿ ॥

☆☆☆

ਸ੍ਰੀ ਮੁਖਵਾਕ ਨੰਬਰ ੬੬ (ਅੰਗ ੬੩੧)

ਸੋਰਠਿ ਮਹਲਾ ੯ ॥ ਮਨ ਕੀ ਮਨ ਹੀ ਮਾਹਿ ਰਹੀ ॥ ਨਾ ਹਰਿ ਭਜੇ ਨ ਤੀਰਥ ਸੇਵੇ ਚੋਟੀ ਕਾਲਿ ਗਹੀ ॥ ੧ ॥ ਰਹਾਉ ॥ ਦਾਰਾ ਮੀਤ ਪੂਤ ਰਥ ਸੰਪਤਿ ਧਨ ਪੂਰਨ ਸਭ ਮਹੀ ॥ ਅਵਰ ਸਗਲ ਮਿਥਿਆ ਏ ਜਾਨਉ ਭਜਨੁ ਰਾਮੁ ਕੋ ਸਹੀ ॥ ੧ ॥ ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥ ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥ ੨ ॥ ੨ ॥

## ਪ੍ਰਾਕ੍ਰਥਨ :-

ਜਗਤ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਕਲਯੁੱਗ ਦੇ ਅੰਦਰ ਵੱਡਾ ਸਾਕਾ ਵਰਤਾ ਤਿਲਕ ਅਤੇ ਜੰਞੂ ਦੀ ਰੱਖਿਆ ਕਰਨ ਵਾਲੇ ਹਨ, ਜਿਨ੍ਹਾਂ ਦੇ ਸੰਬੰਧ ਵਿਚ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸੁੰਦਰ ਫ਼ੁਰਮਾਨ ਹੈ-

***ਤਿਲਕ ਜੰਞੂ ਰਾਖਾ ਪ੍ਰਭ ਤਾਕਾ॥***
***ਕੀਨੋ ਬਡੋ ਕਲੂ ਮਹਿ ਸਾਕਾ॥***

(ਦਸਮ ਗ੍ਰੰਥ)

ਗੁਰਦੇਵ ਨਾਵੇਂ ਪਾਤਸ਼ਾਹ ਜੀ ਦਾ ਇਹ ਪਾਵਨ ਸ਼ਬਦ ਸੋਰਠਿ ਰਾਗ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਵਿਚ ਹਜ਼ੂਰ ਨੇ ਸ਼ਬਦ ਦੇ ਆਰੰਭ ਅੰਦਰ ਸੰਸਾਰੀ ਬਿਰਤੀ ਵਾਲੇ ਸੰਸਾਰਕ ਪਦਾਰਥਾਂ ਦੀ ਪ੍ਰਾਪਤੀ ਰਾਹੀ ਦੁਨੀਆਵੀ ਝੂਠੇ ਸੁੱਖ ਦੀ ਇੱਛਾ ਕਰਕੇ ਮਨ ਦੇ ਸੰਕਲਪਾਂ ਦੀ ਦੌੜ ਵਿਚ ਲੱਗੇ ਹੋਏ ਮਨੁੱਖ ਦਾ ਜ਼ਿਕਰ ਕੀਤਾ ਹੈ।

## ਵਿਸ਼ਾ—ਮਨ ਦੇ ਫੁਰਨਿਆਂ ਬਾਰੇ

ਮਨੁੱਖੀ ਮਨ ਵਿਚੋਂ ਸੰਕਲਪ ਤੇ ਵਿਕਲਪ ਹਮੇਸ਼ਾ ਫੁਰਦੇ ਰਹਿੰਦੇ ਹਨ ਜਿਨ੍ਹਾਂ ਰਾਹੀਂ ਮਨੁੱਖ ਚੰਗੇ ਜਾਂ ਮਾੜੇ ਪਾਸੇ ਲੱਗਦਾ ਹੈ। ਇਸ ਮਨ ਨੂੰ ਮਨੁੱਖ ਜਿਸ ਸਮੇਂ ਸਾਧ ਸੰਗਤ ਵਿਚ ਲਿਜਾ ਕੇ ਪ੍ਰਭੂ ਚਰਨਾਂ ਨਾਲ ਜੋੜ ਦਿੰਦਾ ਹੈ, ਤਾਂ ਸੁੱਖ ਤੇ ਅਨੰਦ ਦੀ ਪ੍ਰਾਪਤੀ ਹੁੰਦੀ ਹੈ। ਦੂਜੇ ਪਾਸੇ ਇਹੋ ਮਨ ਮਾੜੇ ਸੰਕਲਪਾਂ ਰਾਹੀਂ ਜੀਵ ਨੂੰ ਵਿਕਾਰਾਂ ਵਿਚ ਪਾ ਕੇ ਖੱਜਲ ਖ਼ੁਆਰ ਕਰਦਾ ਹੈ ਅਤੇ ਮਨੁੱਖ ਦੀ ਜ਼ਿੰਦਗੀ ਦੁੱਖਾਂ ਵਿਚ ਘਿਰ ਜਾਂਦੀ ਹੈ। ਮਨ ਜੰਗਲ ਦੇ ਪੰਛੀ ਦੀ ਤਰ੍ਹਾਂ ਹੈ, ਜੋ ਕਦੀ ਟਿਕ ਕੇ ਨਹੀਂ ਬੈਠਦਾ, ਸਾਰਾ ਦਿਨ ਇਧਰ-ਉਧਰ ਉਡਾਰੀਆਂ ਮਾਰਦਾ ਰਹਿੰਦਾ ਹੈ। ਭਾਵ ਕਿ ਮਨ ਵਿਚ ਹਰ ਵੇਲੇ ਇਧਰ ਉਧਰ ਦੇ ਫੁਰਨੇ ਹੀ ਫੁਰਦੇ ਰਹਿੰਦੇ ਹਨ। ਭਗਤ ਕਬੀਰ ਜੀ ਦਾ ਸੁੰਦਰ ਫ਼ੁਰਮਾਣ ਹੈ :

***ਕਹੈ ਕਬੀਰੁ ਸੁਨਹੁ ਰੇ ਸੰਤਹੁ ਇਹੁ ਮਨੁ ਉਡਨ ਪੰਖੇਰੂ ਬਨ ਕਾ॥***

(ਅੰਗ ੧੨੫੩)

(ਅਥਵਾ)

***ਮਨੁ ਦਹ ਦਿਸਿ ਚਲਿ ਚਲਿ ਭਰਮਿਆ ਮਨਮੁਖੁ ਭਰਮਿ ਭੁਲਾਇਆ॥***
***ਨਿਤ ਆਸਾ ਮਨਿ ਚਿਤਵੈ ਮਨ ਤ੍ਰਿਸਨਾ ਭੁਖ ਲਗਾਇਆ॥***

(ਅੰਗ ੭੭੬)

ਇਸ ਤਰ੍ਹਾਂ ਦੇ ਮਨ ਪਿਛੇ ਤੁਰਨ ਵਾਲਾ ਮਨੁੱਖ ਹਰ ਸਮੇਂ ਦੌੜ ਭੱਜ ਕਰਨ ਦੇ ਕਾਰਨ ਭਟਕਣਾਂ ਵਿਚ

ਹੀ ਪਿਆ ਰਹਿੰਦਾ ਹੈ। ਮਨ ਸਦਾ ਆਸਾਂ ਹੀ ਚਿਤਵਦਾ ਰਹਿੰਦਾ ਹੈ। ਫਲਸਰੂਪ ਮਾਇਆ ਦੀ ਤ੍ਰਿਸ਼ਨਾ ਦੀ ਭੁੱਖ ਇਸਨੂੰ ਚਿੰਬੜੀ ਹੈ, ਜਿਸ ਕਾਰਨ ਬੇਸਮਝ ਮਨ ਮਾਇਆ ਦੇ ਮੋਹ ਦੇ ਕਾਰਨ ਭਟਕਣਾਂ ਵਿਚ ਪੈ ਕੇ ਜੀਵਨ ਦੇ ਅਸਲ ਮਾਰਗ ਤੋਂ ਖੁੱਝਿਆ ਰਹਿੰਦਾ ਹੈ :

***ਇਹੁ ਮਨੂਆ ਖਿਨੁ ਨ ਟਿਕੈ ਬਹੁ ਰੰਗੀ***
***ਦਹ ਦਹ ਦਿਸਿ ਚਲਿ ਚਲਿ ਹਾਢੇ॥***

(ਅੰਗ ੧੭੦-੭੧)

ਇਸ ਤਰ੍ਹਾਂ ਦੀ ਦਸੋਂ ਦਿਸ਼ਾ ਦੀ ਦੌੜ ਵਿਚ ਭਟਕਦਾ ਮਨ ਹਰੀ ਦੇ ਗੁਣ ਕਿਸ ਤਰ੍ਹਾਂ ਗਾ ਸਕਦਾ ਹੈ। ਇਸ ਤਰ੍ਹਾਂ ਦੇ ਮਨ ਵਾਲੇ ਮਨੁੱਖ ਦੀਆਂ ਇੰਦਰੀਆਂ ਵੀ ਵਿਕਾਰਾਂ ਵਿਚ ਘਿਰੀਆਂ ਰਹਿੰਦੀਆਂ ਹਨ ਅਤੇ ਸਦਾ ਹੀ ਮੰਦ ਵਾਸ਼ਨਾਵਾਂ, ਕਾਮ ਵਾਸ਼ਨਾਵਾਂ ਆਦਿ ਵਿਚ ਗ੍ਰਸਿਆ ਰਹਿੰਦਾ ਹੈ। ਵਿਕਾਰ ਹਮੇਸ਼ਾ ਐਸੇ ਕਾਮੀ ਮਨੁੱਖ ਨੂੰ ਸਤਾਉਂਦੇ ਰਹਿੰਦੇ ਹਨ। ਤੀਸਰੇ ਗੁਰਦੇਵ ਦਾ ਫ਼ੁਰਮਾਣ ਹੈ :

***ਮਨੂਆ ਦਹਦਿਸ ਧਾਵਦਾ ਓਹ ਕੈਸੇ ਹਰਿ ਗੁਣ ਗਾਵੈ॥***
***ਇੰਦ੍ਰੀ ਵਿਆਪਿ ਰਹੀ ਅਧਿਕਾਈ ਕਾਮੁ ਕ੍ਰੋਧੁ ਨਿਤ ਸੰਤਾਵੈ॥***

(ਅੰਗ ੫੬੫)

ਭਾਈ ਗੁਰਦਾਸ ਜੀ ਦਾ ਸੁੰਦਰ ਕਥਨ ਹੈ-

***ਜੈਸੋ ਮਨੁ ਲਾਗਤ ਹੈ ਲੇਖਕ ਕੋ ਲੇਖੈ ਬਿਖੈ,***
***ਹਰਿ ਜਸੁ ਲਿਖਤ ਨ ਤੈਸੋ ਠਹਿਰਾਵਈ॥***
***ਜੈਸੋ ਮਨੁ ਬਨਜ ਬਿਉਹਾਰ ਕੇ ਬਿਥਾਰ ਬਿਖੈ,***
***ਸਬਦ ਸੁਰਤਿ ਅਵਗਾਹਨ ਨ ਭਾਵਈ॥***
***ਜੈਸੋ ਮਨੁ ਕਨਿਕ ਅਉ ਕਾਮਨੀ ਸਨੇਹ ਬਿਖੈ,***
***ਸਾਧ ਸੰਗਿ ਤੈਸੋ ਨੇਹੁ ਪਲ ਨ ਲਗਾਵਈ॥***
***ਮਾਇਆ ਬੰਧ ਧੰਧ ਬਿਖੈ ਆਵਧ ਬਿਹਾਇ ਜਾਇ,***
***ਗੁਰ-ਉਪਦੇਸ ਹੀਨ ਪਾਛੇ ਪਛੁਤਾਵਈ॥੨੩੪॥***

(ਕਬਿੱਤ ਸਵੱਯੇ ਭਾਈ ਗੁਰਦਾਸ ਜੀ)

## ਸਾਖੀ—ਸ਼ੇਖ਼ ਚਿਲੀ ਦੀ

ਇਕ ਸ਼ਾਹੂਕਾਰ ਤੇਲ ਦਾ ਕੁੱਪਾ ਭਰਿਆ ਲੈ ਕੇ ਜਾ ਰਿਹਾ ਸੀ। ਉਸ ਨੇ ਸ਼ੇਖ਼ ਚਿਲੀ ਨੂੰ ਇਕ ਆਨਾ ਦੇਣਾ ਤਹਿ ਕਰਕੇ ਕੁੱਪਾ ਤੇਲ ਦਾ ਉਸ ਦੇ ਸਿਰ ਉੱਪਰ ਚੁੱਕਾ ਦਿੱਤਾ। ਸ਼ੇਖ਼ ਚਿਲੀ ਤੇਲ ਦਾ ਭਰਿਆ ਕੁੱਪਾ ਸਿਰ ਉੱਤੇ ਰੱਖ ਕੇ ਸ਼ਾਹੂਕਾਰ ਦੇ ਪਿੱਛੇ-ਪਿੱਛੇ ਤੁਰਿਆ ਜਾਂਦਾ, ਮਨ ਵਿਚ ਇਹ ਸੋਚਦਾ ਜਾਂਦਾ ਹੈ ਕਿ ਮੈਂ

ਇਸ ਆਨੇ ਦੀ ਇਕ ਮੁਰਗ਼ੀ ਖ਼ਰੀਦਾਂਗਾ। ਉਸ ਮੁਰਗ਼ੀ ਦੇ ਆਂਡਿਆਂ ਚੋਂ, ਹੋਰ ਬੱਚੇ ਪੈਦਾ ਕਰਕੇ ਬਹੁਤ ਸਾਰੀਆਂ ਮੁਰਗ਼ੀਆਂ ਬਣਾ ਕੇ, ਇਕ ਮੁਰਗ਼ੀਖ਼ਾਨਾ ਤਿਆਰ ਕਰ ਲਵਾਂਗਾ। ਫਿਰ ਮੁਰਗ਼ੀਆਂ ਨੂੰ ਵੇਚ ਕੇ ਬੱਕਰੀਆਂ ਖ਼੍ਰੀਦ ਲਵਾਂਗਾ। ਬਹੁਤ ਸਾਰੀਆਂ ਬੱਕਰੀਆਂ ਦਾ ਜਦ ਇੱਜੜ ਬਣ ਜਾਵੇਗਾ ਤਾਂ ਬੱਕਰੀਆਂ ਨੂੰ ਵੇਚ ਕੇ ਫਿਰ ਮੈਂ ਮੱਝ ਖ਼੍ਰੀਦ ਲਵਾਂਗਾ। ਉਸ ਮੱਝ ਤੋਂ ਅੱਗੇ ਬਹੁਤ ਸਾਰੀਆਂ ਮੱਝਾਂ ਹੋ ਜਾਣਗੀਆਂ। ਮੱਝਾਂ ਦਾ ਦੁੱਧ ਵੇਚ ਵੇਚ ਕੇ ਮੈਂ ਜ਼ਮੀਨ ਖ਼੍ਰੀਦ ਲਵਾਂਗਾ। ਫਿਰ ਮੇਰਾ ਵਿਆਹ ਹੋ ਜਾਵੇਗਾ। ਬਹੁਤ ਸੁੰਦਰ ਮਕਾਨ ਬਣਾ ਕੇ ਮੈਂ ਆਪਣੀ ਘਰਵਾਲੀ ਸਮੇਤ ਰਹਾਂਗਾ। ਮੇਰੇ ਕੋਲ ਜ਼ਮੀਨ ਜਾਇਦਾਦ ਹੋਣ ਕਰਕੇ, ਚੰਗਾ ਸੁੰਦਰ ਮਕਾਨ ਬਣਿਆ ਹੋਣ ਕਰਕੇ ਫਿਰ ਮੈਨੂੰ ਪਿੰਡ ਦੀ ਚੌਧਰਤਾ ਮਿਲ ਜਾਵੇਗੀ। ਫਿਰ ਮੇਰੇ ਬੱਚੇ ਹੋ ਜਾਣਗੇ, ਪਿੰਡ ਵਿਚ ਫਿਰ ਮੈਨੂੰ ਲੋਕ ਆਉ ਚੌਧਰੀ-ਆਉ ਚੌਧਰੀ ਆਖ ਕੇ ਸਤਿਕਾਰ ਦਿਆ ਕਰਨਗੇ। ਫਿਰ ਮੈ ਸੱਥ ਵਿਚ ਬੈਠ ਕੇ ਸਾਰਿਆਂ ਦਾ ਚੌਧਰੀ ਬਣ ਕੇ, ਲੋਕਾਂ ਦੇ ਇਕੱਠ ਵਿਚ ਬੈਠਾ ਗੱਲਾਂ ਮਾਰਿਆ ਕਰਾਂਗਾ। ਇਸ ਤਰ੍ਹਾਂ ਸ਼ੇਖ਼ ਚਿਲੀ ਤੇਲ ਦਾ ਕੁੱਪਾ ਸਿਰ 'ਤੇ ਰੱਖ ਕੇ ਆਪਣੇ ਮਨ ਵਿਚ ਹੀ ਖ਼ਿਆਲਾਂ ਨਾਲ ਇਕ ਆਨੇ ਤੋਂ ਸਾਰੇ ਪਿੰਡ ਦਾ ਚੌਧਰੀ ਤੇ ਇਕ ਵੱਡੇ ਪਰਿਵਾਰ ਵਾਲਾ ਬਣ ਗਿਆ। ਇਸ ਤਰ੍ਹਾਂ ਫਿਰ ਮਨ ਵਿਚ ਖ਼ਿਆਲ ਕਰਦਾ ਹੈ, ਕਿ ਮੈਂ ਸੱਥ ਵਿਚ ਬੈਠਾ ਜਦ ਲੋਕਾਂ ਦੇ ਇਕੱਠ ਵਿਚ ਗੱਲਾਂ ਕਰਦਾ ਹੋਵਾਂਗਾ, ਤਾਂ ਮੇਰਾ ਵੱਡਾ ਲੜਕਾ ਮੈਨੂੰ ਜਦ ਸੱਦਣ ਆਵੇਗਾ ਅਤੇ ਇਕੱਠ ਵਿਚ ਮੈਨੂੰ ਕਹੇਗਾ, ਬਾਪੂ ਜੀ, ਘਰ ਚਲੋ, ਬੇਬੇ ਜੀ ਬੁਲਾ ਰਹੇ ਹਨ, ਤਾਂ ਓਸ ਵੇਲੇ ਮੈਂ ਲੱਤ ਮਾਰ ਕੇ ਰੋਅਬ ਨਾਲ ਕਹਾਂਗਾ, ਤੂੰ ਚੱਲ ਮੈਂ ਠਹਿਰ ਕੇ ਆਵਾਂਗਾ। ਇਸ ਤਰ੍ਹਾਂ ਕਹਿੰਦਿਆਂ ਜਦੋਂ ਲੱਤ ਚੁੱਕੀ ਲੜਕੇ ਦੇ ਮਾਰਨ ਨੂੰ ਤਾਂ ਤੇਲ ਦਾ ਭਰਿਆ ਕੁੱਪਾ ਰੁੜ ਗਿਆ। ਜਿਸ ਵੇਲੇ ਸ਼ਾਹੂਕਾਰ ਨੇ ਤੇਲ ਡੁਲਿਆ ਵੇਖਿਆ ਤਾਂ ਸ਼ੇਖ਼ ਚਿਲੀ ਨੂੰ ਗ਼ੁੱਸੇ ਹੋਣ ਲੱਗਾ। ਸ਼ੇਖ਼ ਚਿਲੀ ਸ਼ਾਹੂਕਾਰ ਨੂੰ ਕਹਿੰਦਾ ਹੈ ਕਿ ਤੂੰ ਕੁੱਪੇ ਨੂੰ ਰੋਂਦਾ ਹੈਂ, ਮੇਰਾ ਸਾਰਾ ਪਰਿਵਾਰ ਰੁੜ ਗਿਆ ਹੈ। ਇਹ ਕਹਿ ਕੇ ਸ਼ੇਖ਼ ਚਿਲੀ ਭੁੱਬਾਂ ਮਾਰ ਕੇ ਰੋਣ ਲੱਗ ਪਿਆ ਅਤੇ ਸ਼ਾਹੂਕਾਰ ਉਸਦੇ ਮੂੰਹ ਵੱਲ ਵੇਖਦਾ ਰਹਿ ਗਿਆ। ਇਸ ਤਰ੍ਹਾਂ ਮਨੁੱਖ ਸ਼ੇਖ਼ ਚਿਲੀ ਵਾਂਗ ਆਪਣੇ ਮਨ ਵਿਚ ਫੁਰਨਿਆਂ ਦੇ ਵੱਡੇ ਵੱਡੇ ਮਹਿਲ ਉਸਾਰਦਾ ਰਹਿੰਦਾ ਹੈ। ਇਹ ਸਾਰੇ ਮਨ ਦੇ ਸੰਕਲਪ ਮਨ ਵਿਚ ਹੀ ਰਹਿ ਜਾਂਦੇ ਹਨ।

**ਸੋਰਠਿ ਮਹਲਾ ੯ ॥ ਮਨ ਕੀ ਮਨ ਹੀ ਮਾਹਿ ਰਹੀ ॥ ਨਾ ਹਰਿ ਭਜੇ ਨ ਤੀਰਥ ਸੇਵੇ ਚੋਟੀ ਕਾਲਿ ਗਹੀ ॥੧॥ ਰਹਾਉ ॥ ਦਾਰਾ ਮੀਤ ਪੂਤ ਰਥ ਸੰਪਤਿ ਧਨ ਪੂਰਨ ਸਭ ਮਹੀ ॥ ਅਵਰ ਸਗਲ ਮਿਥਿਆ ਏ ਜਾਨਉ ਭਜਨੁ ਰਾਮੁ ਕੋ ਸਹੀ ॥ ੧ ॥ ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥ ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥ ੨ ॥ ੨ ॥**

## ਪਦ ਅਰਥ :

ਮਨ ਕੀ-ਮਨ ਦੀ (ਮਨਸ਼ਾ, ਇੱਛਾ)। ਮਾਹਿ-ਵਿਚ। ਨਾ ਹਰਿ ਭਜੇ-ਨਾ (ਘਰ ਬੈਠ ਕੇ) ਹਰੀ ਦਾ ਭਜਨ ਕੀਤਾ। ਨ ਤੀਰਥ ਸੇਵੇ, ਨਾ ਤੀਰਥਾਂ ਦੇ (ਦਰਸ਼ਨ, ਨਾ ਸੰਤ ਜਨਾਂ ਦੇ ਚਰਨ) ਸੇਵਨ ਕੀਤੇ। ਚੋਟੀ-

ਬੋਦੀ। ਕਾਲਿ-ਮੌਤ ਨੇ। ਗਹੀ-ਫੜ ਲਈ। ਦਾਰਾ-ਇਸਤ੍ਰੀ। ਮੀਤ-ਮਿੱਤਰ। ਪੂਤ-ਪੁੱਤਰ। ਸੰਪਤਿ-ਮਾਲ ਅਸਬਾਬ। ਧਨ-ਦੌਲਤ। ਮਹੀ-ਧਰਤੀ। ਫਿਰਤ-ਫਿਰਦਿਆਂ। ਹਾਰਿਓ-ਥੱਕ ਗਿਆ। ਦੇਹ ਲਹੀ-ਦੇਹੀ ਲੱਭੀ। ਕਹਤ-ਕਹਿੰਦਾ ਹੈ। ਬਰੀਆ-ਵਾਰੀ।

## ਅਰਥ :

(ਹੇ ਭਾਈ!) ਮਨ ਦੀ (ਇੱਛਾ) ਮਨ ਵਿਚ ਹੀ ਰਹਿ ਗਈ ਹੈ, (ਭਾਵ ਪੂਰੀ ਨਾ ਹੋਈ)। ਨਾ ਹੀ (ਘਰ ਵਿਚ ਬੈਠ ਕੇ) ਹਰੀ ਦਾ ਭਜਨ (ਸਿਮਰਨ) ਕੀਤਾ, ਨਾ ਹੀ ਤੀਰਥਾਂ 'ਤੇ ਜਾ ਕੇ (ਦਰਸ਼ਨ ਤੇ ਸੰਤ ਜਨਾਂ ਦੇ ਚਰਨ) ਸੇਵਨ ਕੀਤੇ, ਮੌਤ ਨੇ ਆਕੇ (ਸਿਰ) ਦੀ ਚੋਟੀ ਆ ਫੜੀ। ੧। ਰਹਾਉ। (ਹੇ ਭਾਈ!) ਇਸਤਰੀ ਮਿਤ੍ਰ, ਪੁੱਤਰ, ਰਥ, ਮਾਲ ਅਸਬਾਬ, ਦੌਲਤ, ਸਾਰੀ ਧਰਤੀ (ਜਾਇਦਾਦ ਆਦਿ ਤੇ) ਇਸ ਤੋਂ ਬਿਨਾਂ ਹੋਰ ਸਭ ਕੁਝ ਨਾਸ਼ਵੰਤ (ਝੂਠਾ) ਸਮਝੋ, ਕੇਵਲ ਰਾਮ ਦਾ (ਸਿਮਰਨ) ਭਜਨ (ਇਕ) ਠੀਕ ਕੰਮ ਹੈ (ਭਾਵ ਸਚੀ ਵਸਤੂ ਹੈ।੧। (ਹੇ ਭਾਈ!) ਬਹੁਤੇ ਜੁਗ ਫਿਰਦਿਆਂ ਫਿਰਦਿਆਂ (ਜਦੋਂ) ਥੱਕ ਗਿਆ! (ਤਾਂ ਇਹ) ਮਨੁੱਖਾ ਦੇਹੀ ਲੱਭੀ ਹੈ (ਭਾਵ ਪ੍ਰਾਪਤ ਹੋਈ) ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ ਹੇ ਭਾਈ! ਇਹ (ਦੇਹੀ ਪ੍ਰਮੇਸਰ ਦੇ) ਮਿਲਣ ਦੀ ਵਾਰੀ ਹੈ, (ਹੁਣ ਤੂੰ ਪ੍ਰਭੂ ਨੂੰ) ਕਿਉਂ ਨਹੀਂ ਸਿਮਰਦਾ? (ਭਾਵ ਸਿਮਰਨ ਕਰ ਲੈ। ੨। ੨।

## ਵਿਆਖਿਆ ਤੇ ਸਾਰੰਸ਼ :

ਮਨੁੱਖ ਚੰਗਾ ਕਰਮ ਛੱਡ ਕੇ ਮੰਦ ਕਰਮਾਂ ਵਿਚ ਅਉਧ ਬਤੀਤ ਕਰ ਲੈਂਦਾ ਹੈ। ਮਨੁੱਖ ਦੇ ਮਨ ਅੰਦਰ ਖ਼ਿਆਲ ਸੀ ਕਿ ਚੰਗਾ ਕਰਮ ਫਿਰ ਕਰ ਲਵਾਂਗਾ, ਪਰ ਓਹ ਖ਼ਿਆਲ ਵਿਚ ਹੀ ਰਹਿ ਜਾਂਦਾ ਹੈ ਅਤੇ ਕਾਲ ਸਿਰ ਤੋਂ ਆ ਪਕੜਦਾ ਹੈ। ਸ਼ਬਦ ਦੇ ਅਖ਼ੀਰ 'ਚ ਗੁਰਦੇਵ ਨੇ ਦਸਿਆ ਹੈ :

***ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ॥***
***ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ॥***

(ਅੰਗ ੬੩੧)

***ਕਈ ਜਨਮ ਭਏ ਕੀਟ ਪਤੰਗਾ ॥ ਕਈ ਜਨਮ ਗਜ ਮੀਨ ਕੁਰੰਗਾ॥***
***ਕਈ ਜਨਮ ਪੰਖੀ ਸਰਪ ਹੋਇਓ॥ ਕਈ ਜਨਮ ਹੈਵਰ ਬ੍ਰਿਖ ਜੋਇਓ॥੧॥*** (ਅੰਗ ੧੭੬)

ਇਸ ਪੰਗਤੀ ਅੰਦਰ ਹਜ਼ੂਰ ਨੇ ਉਹ ਸਿਧਾਂਤ ਉਜਾਗਰ ਕੀਤਾ ਹੈ-

*ਭਈ ਪਰਾਪਤਿ ਮਾਨੁਖ ਦੇਹੁਰੀਆ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥* (ਅੰਗ ੧੨)
***ਇਹੀ ਤੇਰਾ ਅਉਸਰੁ ਇਹ ਤੇਰੀ ਬਾਰ॥ ਘਟ ਭੀਤਰਿ ਤੂ ਦੇਖੁ ਬਿਚਾਰਿ॥*** (ਅੰਗ ੧੧੫੯)

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਸ੍ਰੀ ਮੁਖਵਾਕ ਨੰਬਰ ੬੭ (ਅੰਗ ੬੩੧-੩੨)

ਸੋਰਠਿ ਮਹਲਾ ੯ ॥ ਮਨ ਰੇ ਕਉਨੁ ਕੁਮਤਿ ਤੈ ਲੀਨੀ ॥ ਪਰ ਦਾਰਾ ਨਿੰਦਿਆ ਰਸ ਰਚਿਓ ਰਾਮ ਭਗਤਿ ਨਹਿ ਕੀਨੀ ॥ ੧ ॥ ਰਹਾਉ ॥ ਮੁਕਤਿ ਪੰਥੁ ਜਾਨਿਓ ਤੈ ਨਾਹਨਿ ਧਨ ਜੋਰਨ ਕਉ ਧਾਇਆ ॥ ਅੰਤਿ ਸੰਗ ਕਾਹੂ ਨਹੀ ਦੀਨਾ ਬਿਰਥਾ ਆਪੁ ਬੰਧਾਇਆ ॥ ੧ ॥ ਨਾ ਹਰਿ ਭਜਿਓ ਨ ਗੁਰ ਜਨੁ ਸੇਵਿਓ ਨਹ ਉਪਜਿਓ ਕਛੁ ਗਿਆਨਾ ॥ ਘਟ ਹੀ ਮਾਹਿ ਨਿਰੰਜਨੁ ਤੇਰੈ ਤੈ ਖੋਜਤ ਉਦਿਆਨਾ ॥ ੨ ॥ ਬਹੁਤੁ ਜਨਮ ਭਰਮਤ ਤੈ ਹਾਰਿਓ ਅਸਥਿਰ ਮਤਿ ਨਹੀ ਪਾਈ ॥ ਮਾਨਸ ਦੇਹ ਪਾਇ ਪਦ ਹਰਿ ਭਜੁ ਨਾਨਕ ਬਾਤ ਬਤਾਈ ॥ ੩ ॥ ੩ ॥

# ਪ੍ਰਾਕ੍ਥਨ :-

ਸ੍ਰੀ ਗੁਰੂ ਤੇਗ਼ ਬਹਾਦਰ ਜੀ ਮਹਾਰਾਜ ਦਾ ਇਹ ਪਾਵਨ ਸ਼ਬਦ ਸੋਰਠਿ ਰਾਗ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਅੰਦਰ ਉੱਤਮ ਬਕਤੇ ਦੁਆਰਾ ਆਪਣੇ ਮਨ ਨੂੰ ਸੰਬੋਧਨ ਕਰਕੇ ਭੈੜੇ ਮਨ ਵਾਲੇ ਖੋਟੀ ਮਤ ਵਿਚ ਲੱਗੇ ਮਨੁੱਖ ਨੂੰ ਉਪਦੇਸ਼ ਦਿੱਤਾ ਹੈ। ਕਿਉਂਕਿ ਕੁਮਤਿ ਦੇ ਧਾਰਨ ਵਾਲਾ ਮਨੁੱਖ ਹੀ ਪਰਾਏ ਘਰਾਂ ਨੂੰ ਮਾੜੀ ਨਜ਼ਰ ਨਾਲ ਤੱਕਦਾ ਹੈ ਅਤੇ ਪਰਾਈ ਨਿੰਦਿਆ ਕਰਨ ਵਿਚ ਆਪਣਾ ਜੀਵਨ ਅਜਾਈਂ ਗਵਾ ਲੈਂਦਾ ਹੈ।

## ਵਿਸ਼ਾ—ਮਤ ਕੁਮਤਿ ਬਾਰੇ

ਗੁਰਬਾਣੀ ਵਿਚ ਮਤ ਤੇ ਕੁਮਤਿ ਅਤੇ ਗੁਰਮਤਿ ਤੇ ਦੁਰਮਤਿ ਦਾ ਜ਼ਿਕਰ ਆਇਆ ਹੈ। ਮਤ ਤੇ ਗੁਰਮਤਿ ਇਕ ਪਤਿਬਰਤਾ ਸੁਹਾਗਣ ਇਸਤਰੀ ਦੀ ਤਰ੍ਹਾਂ ਹਨ। ਕੁਮਤਿ ਤੇ ਦੁਰਮਤਿ ਦੁਹਾਗਣ ਔਰਤ ਦੀ ਤਰ੍ਹਾਂ ਹਨ। ਮਤਿ ਤੇ ਗੁਰਮਤਿ ਮਨੁੱਖ ਦੀ ਚੰਗੀ ਮਾਂ ਦੀ ਤਰ੍ਹਾਂ ਰੱਖਿਆ ਕਰਦੀਆਂ ਹਨ, ਕੁਮਤਿ ਤੇ ਦੁਰਮਤਿ ਦੁਰਾਚਾਰੀ ਨਾਲਾਇਕ ਮਾਂ ਜਿਵੇਂ ਆਪਣੇ ਪੁੱਤ ਨੂੰ ਮਾੜੇ ਪਾਸੇ ਲਾ ਕੇ ਡੋਬ ਦਿੰਦੀ ਹੈ। ਇਸ ਤਰ੍ਹਾਂ ਮਨੁੱਖ ਦੀ ਜ਼ਿੰਦਗੀ ਨੂੰ ਮੰਦ ਕਰਮਾਂ ਵਿਚ ਗ਼ਰਕ ਕਰ ਦਿੰਦੀਆਂ ਹਨ। ਗੁਰਦੇਵ ਨੇ ਗੁਰਬਾਣੀ ਅੰਦਰ ਇਸੇ ਕਰਕੇ ਕਿਹਾ ਹੈ :

***ਮਤਿ ਮਾਤਾ ਸੰਤੋਖੁ ਪਿਤਾ ਸਰਿ ਸਹਜ ਸਮਾਯਉ॥***

(ਅੰਗ ੧੩੯੭)

ਗੁਰੂ ਸਾਹਿਬ ਜੀ ਨੇ ਐਸੀ ਉੱਤਮ ਮਤ ਦੀ ਥਾਂ ਥਾਂ ਜਾਚਨਾ ਕਰਨ ਦੀ ਪ੍ਰੇਰਨਾ ਦਿੱਤੀ ਹੈ :

***ਊਤਮ ਮਤਿ ਮੇਰੈ ਰਿਦੈ ਤੂੰ ਆਉ॥***
***ਧਿਆਵਊ ਗਾਵਉ ਗੁਣ ਗੋਵਿੰਦਾ,***
***ਅਤਿ ਪ੍ਰੀਤਮ ਮੋਹਿ ਲਾਗੈ ਨਾਉ॥***

(ਅੰਗ ੩੭੭)

ਅਥਵਾ :

***ਸਾ ਮਤਿ ਦੇਹੁ ਦਇਆਲ ਪ੍ਰਭੂ ਜਿਤ ਤੁਮਹਿ ਅਰਾਧਾ॥***
***ਨਾਨਕੁ ਮੰਗੈ ਦਾਨੁ ਪ੍ਰਭ ਰੇਨ ਪਗ ਸਾਧਾ॥***

(ਅੰਗ ੬੭੭)

ਇਸ ਲਈ ਜੋ ਕੁਮਤਿ ਤੇ ਦੁਰਮਤਿ ਦੇ ਧਾਰਨੀ ਹਨ, ਉਹ ਮਨੁੱਖ ਭੈੜਿਆਂ ਕੰਮਾਂ ਵਿਚ ਖਚਤ ਹੋ ਕੇ ਆਪਣਾ ਜੀਵਨ ਬਰਬਾਦ ਕਰ ਲੈਂਦੇ ਹਨ। ਗੁਰਦੇਵ ਮਨ ਨੂੰ ਸੰਬੋਧਨ ਕਰਕੇ ਸਿੱਖਿਆ ਦਿੰਦੇ ਹਨ ਕਿ

ਹੇ ਮਨ! ਤੂੰ ਕਿਸ ਦੀ ਖੋਟੀ ਮਤ ਧਾਰਨ ਕਰ ਲਈ ਹੈ। ਕਿਉਂਕਿ ਗੁਰੂ ਦੀ ਮਤ ਇਹ ਕੁਝ ਕਰਨ ਲਈ ਆਗਿਆ ਨਹੀਂ ਦਿੰਦੀ।

ਗੁਰੂ ਕੀ ਮਤਿ ਲੈ ਕੇ ਤਾਂ ਮਨੁੱਖ ਭਗਤੀ ਕਰਕੇ ਆਪਣਾ ਜੀਵਨ ਸਵਾਰ ਲੈਂਦਾ ਹੈ :

***ਗੁਰ ਕੀ ਮਤਿ ਤੂੰ ਲੇਹਿ ਇਆਨੇ॥***
***ਭਗਤਿ ਬਿਨਾ ਬਹੁ ਡੂਬੇ ਸਿਆਨੇ॥***

(ਅੰਗ ੨੮੮)

ਅਥਵਾ :

***ਹਰਿ ਹਰਿ ਜਪਹੁ ਪਿਆਰਿਆ ਗੁਰਮਤਿ ਲੇ ਹਰਿ ਬੋਲ॥***
***ਮਨੁ ਸਚ ਕਸਵਟੀ ਲਾਈਐ ਤੁਲੀਐ ਪੂਰੈ ਤੋਲਿ॥***

(ਅੰਗ ੨੨)

ਇਸ ਲਈ ਗੁਰਮਤਿ ਧਾਰਨ ਕਰਕੇ ਤਾਂ ਪ੍ਰਭੂ ਦੀ ਭਗਤੀ ਕਰੀਦੀ ਹੈ। ਜਿਨ੍ਹਾਂ ਕੰਮਾਂ ਵਿਚ ਹੇ ਮਨ! ਤੂੰ ਲੱਗ ਗਿਆ ਹੈਂ, ਇਹ ਖੋਟੀ ਮਤ ਦਾ ਕੰਮ ਹੈ। ਇਸ ਖੋਟੀ ਮਤਿ ਨੂੰ ਧਾਰਨ ਕਰਕੇ ਤਾਂ ਚਾਰ ਵੇਦਾਂ ਦੇ ਬਕਤੇ ਬ੍ਰਾਹਮਣ ਰਾਵਣ ਵਰਗਿਆਂ ਨੂੰ ਮੂਰਖਤਾ ਦਾ ਖ਼ਿਤਾਬ ਮਿਲਿਆ :

***ਲੰਕਾ ਗਢੁ ਸੋਨੇ ਕਾ ਭਇਆ॥ ਮੂਰਖ ਰਾਵਨੁ ਕਿਆ ਲੇ ਗਇਆ॥***

(ਅੰਗ ੧੧੫੮)

ਨੌਖ ਰਾਜੇ ਜੈਸਿਆਂ ਨੂੰ ਅਨੰਤ ਯੱਗ ਕਰਨ ਤੋਂ ਸਵਰਗ ਦੀ ਪ੍ਰਾਪਤੀ ਕਰਕੇ ਇਸ ਖੋਟੀ ਮਤ ਕਰਕੇ ਸਵਰਗ ਵਿਚ ਸਰਪ ਬਣਕੇ ਗਿਰਨਾ ਪਿਆ ਅਤੇ ਸਵਰਗ ਪੁਰੀ ਦੇ ਰਾਜਾ ਇੰਦ੍ਰ ਨੇ ਗੋਤਮ ਦੇ ਘਰ ਜਾ ਕੇ ਖੋਟੀ ਮਤ ਧਾਰ ਕੇ ਅਹਿੱਲਿਆ ਨਾਲ ਆਪਣਾ ਮੂੰਹ ਕਾਲਾ ਕੀਤਾ।

ਗੁਰਦੇਵ ਦਾ ਫ਼ੁਰਮਾਨ ਹੈ :

***ਗੋਤਮੁ ਤਪਾ ਅਹਿਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰੁ ਲੁਭਾਇਆ॥***
***ਸਹਸ ਸਰੀਰ ਚਿਹਨ ਭਗ ਹੂਏ ਤਾ ਮਨਿ ਪਛੋਤਾਇਆ॥***

(ਅੰਗ ੧੩੪੪)

ਅਤੇ ਇਸ ਸੰਬੰਧ ਵਿਚ ਭਾਈ ਗੁਰਦਾਸ ਜੀ ਨੇ ਆਪਣੀ ਦਸਵੀਂ ਵਾਰ ਦੀ ਅਠਾਰ੍ਹਵੀਂ ਪਉੜੀ ਅੰਦਰ ਕਥਨ ਕੀਤਾ ਹੈ :

***ਗੋਤਮ ਨਾਰਿ ਅਹਿਲਿਆ ਤਿਸਨੋ ਦੇਖਿ ਇੰਦ੍ਰ ਲੋਭਾਣਾ।***
***ਪਰ ਘਰਿ ਜਾਇ ਸਰਾਪੁ ਲੈ ਹੋਇ ਸਹਸ ਭਗ ਪਛੋਤਾਣਾ।***
***ਸੁੰਞਾ ਹੋਆ ਇੰਦ੍ਰ ਲੋਕੁ ਲੁਕਿਆ ਸਰਵਰਿ ਮਨਿ ਸਰਮਾਣਾ।***

***ਸਹਸ ਭਗਹੁ ਲੋਇਣ ਸਹਸ ਲੈਂਦੋਈ ਇੰਦ੍ਰ ਪੁਰੀ ਸਿਧਾਣਾ।***
***ਸਤੀ ਸਤਹੁ ਟਲਿ ਸਿਲਾ ਹੋਇ ਨਦੀ ਕਿਨਾਰੈ ਬਾਝੁ ਪਰਾਣਾ।***
***ਰਘੁਪਤਿ ਚਰਣਿ ਛੁਹੰਦਿਆ ਚਲੀ ਸੁਰਗ ਪੁਰਿ ਬਣੇ ਬਿਬਾਣਾ।***
***ਭਗਤਿ ਵਛਲੁ ਭਲਿਆਈਅਹੁ ਪਤਿਤ ਉਧਾਰਣੁ ਪਾਪ ਕਮਾਣਾ।***
***ਗੁਣ ਨੋ ਗੁਣ ਸਭ ਕੋ ਕਰੈ ਅਉਗੁਣ ਕੀਤੇ ਗੁਣੁ ਤਿਸੁ ਜਾਣਾ।***
***ਅਬਿਗਤਿ ਗਤਿ ਕਿਆ ਆਖਿ ਵਖਾਣਾ।***

(ਵਾਰ ੧੦, ਪਉੜੀ ੧੮)

## ਸਾਖੀ—ਇੰਦ੍ਰ ਦੇਵਤਾ ਦੇ ਕਲੰਕੀ ਹੋਣ ਦੀ

ਗੋਤਮ ਰਿਖੀ, ਰਾਜਾ ਜਨਕ ਦਾ ਪੁਰੋਹਿਤ ਸੀ। ਇਸ ਦੀ ਇਸਤਰੀ ਦਾ ਨਾਮ ਅਹਿਲਿਆ ਸੀ। ਇਸ ਅਹਿਲਿਆ ਦਾ ਸੁੰਦਰ ਸਰੂਪ ਵੇਖ ਕੇ ਸਵਰਗ ਦਾ ਰਾਜਾ ਇੰਦ੍ਰ ਦੇਵਤਾ, ਜੋ ਦੇਵਤਿਆਂ ਦਾ ਰਾਜਾ ਮੰਨਿਆ ਜਾਂਦਾ ਸੀ ਅਤੇ ਜਿਸ ਦੀਆਂ ਸੁੰਦਰ ਤੋਂ ਸੁੰਦਰ ਅਪੱਛਰਾਂ ਸਰੁਚੀ ਜੈਸੀਆਂ ਪਟਰਾਣੀਆਂ ਸਨ, ਅਹਿਲਿਆ ਦਾ ਸੁੰਦਰ ਰੂਪ ਵੇਖ ਕੇ ਮੋਹਿਤ ਹੋ ਗਿਆ ਅਤੇ ਆਪਣੀ ਮੰਦ ਵਾਸ਼ਨਾ ਪੂਰੀ ਕਰਨ ਵਾਸਤੇ ਚੰਦ੍ਰਮਾ ਦੀ ਸਹਾਇਤਾ ਲਈ। ਚੰਦਰਮਾ ਨੇ ਮੁਰਗ਼ਾ ਬਣ ਕੇ ਸਮੇਂ ਤੋਂ ਪਹਿਲਾਂ ਬਾਂਗ ਦਿੱਤੀ। ਹਰ ਰੋਜ਼ ਦੇ ਨਿਯਮ ਅਨੁਸਾਰ ਮੁਰਗ਼ੇ ਦੀ ਬਾਂਗ ਸੁਣ ਕੇ ਗੋਤਮ ਰਿਖੀ ਗੰਗਾ 'ਤੇ ਇਸ਼ਨਾਨ ਕਰਨ ਚੱਲਿਆ ਗਿਆ। ਪਿੱਛੋਂ ਘਰ ਸੁੰਨਾ ਜਾਣ ਕੇ ਇੰਦ੍ਰ ਦੇਵਤੇ ਨੇ ਅਹਿਲਿਆ ਨਾਲ ਕੁਕਰਮ ਕੀਤਾ। ਇੰਦ੍ਰ ਕੁਕਰਮ ਕਰਕੇ ਜਾਣ ਦੀ ਤਿਆਰੀ ਵਿਚ ਸੀ ਕਿ ਉੱਪਰੋਂ ਗੋਤਮ ਰਿਖੀ ਆ ਗਿਆ। ਇੰਦ੍ਰ ਨੂੰ ਰਿਖੀ ਨੇ ਹਜ਼ਾਰ ਭਗਾਂ ਹੋਣ ਦਾ ਸਰਾਪ ਦੇ ਦਿੱਤਾ, ਨਾਲ ਹੀ ਅਹਿਲਿਆ ਨੂੰ ਸਿਲਾ ਹੋਣ ਦਾ ਸਰਾਪ ਦੇ ਦਿੱਤਾ। ਗੁਰਦੇਵ ਦਾ ਇਸ ਸੰਬੰਧ ਵਿਚ ਫ਼ੁਰਮਾਣ ਹੈ :

***ਗੋਤਮ ਤਪਾ ਅਹਿਲਿਆ ਇਸਤਰੀ ਤਿਸੁ ਦੇਖ ਇੰਦ੍ਰ ਲੁਭਾਇਆ॥***
***ਸਹਸ ਸਰੀਰ ਚਿਹਨ ਭਗ ਹੂਏ ਤਾਂ ਮਨ ਪਛੋਤਾਇਆ॥***

(ਅੰਗ ੧੩੪੪)

ਸਿਲਾ ਬਣੀ ਅਹਿਲਿਆ ਨੂੰ ਸ੍ਰੀ ਰਾਮ ਚੰਦਰ ਜੀ ਨੇ ਤਾਰਿਆ। ਭਗਤ ਨਾਮਦੇਵ ਜੀ ਨੇ ਇਸ ਸੰਬੰਧ ਵਿਚ ਅੰਮ੍ਰਿਤ ਬਚਨ ਉਚਾਰਨ ਕੀਤੇ ਹਨ : ''ਗੋਤਮ ਨਾਰਿ ਅਹਲਿਆ ਤਾਰੀ' (ਮਾਲੀ ਗਉੜਾ)

ਚੰਦਰਮਾ ਦੇ ਭੱਜੇ ਜਾਂਦੇ ਦੇ, ਨਯਾਯ ਸ਼ਾਸਤਰ ਦੇ ਕਰਤਾ ਜਨਕ ਜੀ ਦੇ ਪੁਰੋਹਿਤ ਗੋਤਮ ਰਿਖੀ ਨੇ ਗਿਲਾ ਪਰਨਾ ਮਾਰਿਆ ਜਿਸ ਕਰਕੇ ਚੰਦਰਮਾ ਕਲੰਕੀ ਹੋ ਗਿਆ। ਗੁਰਮਤਿ ਤੋਂ ਸੱਖਣੇ, ਕੁਮੱਤ ਦੇ ਧਾਰਨੀ, ਵਿਕਾਰਾਂ ਵਿਚ ਘਿਰੇ ਹੋਏ ਮਨ ਦੀ ਹਾਲਤ, ਭਾਈ ਗੁਰਦਾਸ ਜੀ ਨੇ ਇਸ ਤਰ੍ਹਾਂ ਕਥਨ ਕੀਤੀ ਹੈ :

*ਨਾਇਕੁ ਹੈ ਏਕੁ ਅਰੁ ਨਾਇਕਾ ਅਸਟ ਤਾ ਕੈ,*
*ਏਕ ਏਕ ਨਾਇਕਾ ਕੇ ਪਾਂਚ ਪਾਂਚ ਪੂਤ ਹੈ॥*
*ਏਕ ਏਕ ਪੂਤ ਗ੍ਰਿਹ ਚਾਰਿ ਚਾਰਿ ਨਾਤੀ,*
*ਏਕੈ ਏਕੈ ਨਾਤੀ ਦੋਇ ਪਤਨੀ ਪ੍ਰਸੂਤ ਹੈ॥*
*ਤਾਹੂ ਤੇ ਅਨੇਕ ਪੁਨਿ ਏਕੈ ਏਕੈ ਪਾਂਚ ਪਾਂਚ,*
*ਤਾ ਤੈ ਚਾਰਿ ਚਾਰਿ ਸੁਤ ਸੰਤਤਿ ਸਭੂਤ ਹੈ॥*
*ਤਾ ਤੇ ਆਠ ਆਠ ਸੁਤਾ, ਸੁਤਾ ਸੁਤਾ ਆਠ ਸੁਤ,*
*ਐਸੋ ਪਰਵਾਰੁ ਕੈਸੇ ਹੋਇ ਏਕ ਸੂਤ ਹੈ॥੨੨੮॥*

(ਕਬਿੱਤ ਸਵੱਯੇ ਭਾ: ਗੁਰਦਾਸ ਜੀ)

*ਸੁਧਿ ਜਬ ਤੇ ਹਮ ਧਰੀ ਬਚਨ ਗੁਰ ਦਏ ਹਮਾਰੇ॥*
*ਪੂਤ ਇਹੈ ਪ੍ਰਨ ਤੋਹਿ ਪ੍ਰਾਨ ਜਬ ਲਗ ਘਟ ਥਾਰੇ॥*
*ਨਿਜ ਨਾਰੀ ਕੇ ਸਾਥ ਨੇਹੁ ਤੁਮ ਨਿੱਤ ਬਢੈਯਹੁ॥*
*ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ॥ ੫੧॥*
*ਪਰ ਨਾਰੀ ਕੇ ਭਜੇ ਸਹਸ ਬਾਸਵ ਭਗ ਪਾਏ॥*
*ਪਰ ਨਾਰੀ ਕੇ ਭਜੇ ਚੰਦ੍ਰ ਕਾਲੰਕ ਲਗਾਏ॥*
*ਪਰ ਨਾਰੀ ਕੇ ਹੇਤ ਸੀਸ ਦਸ ਸੀਸ ਗਵਾਯੋ॥*
*ਹੋ ਪਰ ਨਾਰੀ ਕੇ ਹੇਤ ਕਟਕ ਕਵਰਨ ਕੌ ਘਾਯੋ॥ ੫੨॥*

(ਦਸਮ ਗ੍ਰੰਥ)

## ਸਾਖੀ— ਨਿੰਦਿਆ ਕਰਕੇ ਕੋਹੜੀ ਹੋਣਾ

ਇਕ ਵਾਰ ਇਕ ਰਾਜੇ ਨੇ ਯਗ ਆਰੰਭ ਕੀਤਾ ਤੇ ਬਹੁਤ ਸਾਰੇ ਪੰਡਿਤ ਆਦਿ ਸੱਦੇ। ਛੇ ਪ੍ਰਕਾਰ ਦੇ ਰਸਾਂ ਦੁਆਰਾ ਛੱਤੀ ਪ੍ਰਕਾਰ ਦੇ ਭੋਜਨ ਬਣਾਏ। ਜਿਸ ਵਕਤ ਭੋਜਨ ਬਣ ਰਹੇ ਸਨ, ਉਸ ਵਕਤ ਇਕ ਇਲ ਜ਼ਹਿਰੀਲਾ ਸੱਪ ਚੁੱਕ ਕੇ ਉਡੀ ਜਾ ਰਹੀ ਸੀ। ਜਿਸ ਵਕਤ ਉਤੇ ਆਈ ਤਾਂ ਸੱਪ ਉਸਦੇ ਕੋਲੋਂ ਛੁੱਟ ਗਿਆ ਤੇ ਹੇਠਾਂ ਰਿਝਦੀ ਹੋਈ ਖੀਰ ਵਿਚ ਆ ਡਿੱਗਾ, ਪਰ ਉਸ ਦਾ ਕਿਸੇ ਨੂੰ ਪਤਾ ਨਹੀਂ ਲੱਗਾ, ਕਿਉਂਕਿ ਲਾਂਗਰੀ ਕੋਈ ਪਾਸ ਨਹੀਂ ਸੀ। ਉਹ ਵਿਚੇ ਹੀ ਰਿੱਝ ਗਿਆ। ਜਦੋਂ ਪੰਡਿਤਾਂ ਨੂੰ ਬਿਠਾ ਕੇ ਲੰਗਰ ਵਰਤਾਇਆ ਗਿਆ ਤਾਂ ਜਿਸ ਜਿਸ ਨੇ ਖੀਰ ਖਾਧੀ, ਉਹ ਸਾਰੇ ਹੀ ਮਰ ਗਏ। ਬਹੁਤ ਸਾਰੇ ਬ੍ਰਾਹਮਣ ਤੇ ਸਾਧੂ ਆਦਿਕ ਮਰੇ ਵੇਖ ਕੇ ਰਾਜੇ ਦੇ ਮਨ ਅੰਦਰ ਖ਼ਿਆਲ ਆਇਆ, ਕਿ ਮੇਰੇ ਪਾਸੋਂ ਬੜਾ ਭਾਰੀ ਪਾਪ ਹੋ ਗਿਆ ਹੈ, ਜਿਸ ਕਰਕੇ ਨਰਕਾਂ ਵਿਚ ਜਾ ਪਵਾਂਗਾ ਤੇ ਫਿਰ ਨਿਕਲ ਨਹੀਂ ਸਕਾਂਗਾ, ਇਸ ਵਾਸਤੇ ਪਾਪਾਂ ਦਾ ਪ੍ਰਾਸਚਿਤ

ਕਰਨ ਦੇ ਕਾਰਨ, ਰਾਜ ਭਾਗ ਤਿਆਗ ਕੇ ਵੈਰਾਗ ਧਾਰ ਕੇ ਜੰਗਲ ਵਿਚ ਤਪੱਸਿਆ ਕਰਨ ਚੱਲਾ ਗਿਆ। ਬਹੁਤ ਸਮਾਂ ਤਪੱਸਿਆ ਕੀਤੀ। ਇਕ ਦਿਨ ਰਾਜਾ ਸ਼ਹਿਰ ਵਿਚੋਂ ਭਿਖਿਆ ਮੰਗਣ ਗਿਆ। ਉਸ ਵਕਤ ਇਕ ਬ੍ਰਾਹਮਣੀ ਨੇ ਰਾਜੇ ਨੂੰ ਪਛਾਣ ਕੇ ਨਿੰਦਿਆ ਕੀਤੀ, ਕਿ ਐਨੇ ਬ੍ਰਾਹਮਣ ਅਤੇ ਸਾਧੂ ਮਾਰ ਕੇ ਹੁਣ ਬੈਰਾਗੀ ਬਣ ਬੈਠਾ ਹੈ। ਜਦੋਂ ਨਿੰਦਿਆ ਕੀਤੀ ਤਾਂ ਉਸ ਨੂੰ ਕੋਹੜ ਹੋ ਗਿਆ ਤੇ ਉਹ ਕੋਹੜ ਨਾਲ ਹੀ ਮਰ ਗਈ। ਜੋ ਸੱਪ ਖੀਰ ਵਿਚ ਪਿਆ ਸੀ, ਉਸਦਾ ਕਿਸੇ ਨੂੰ ਵੀ ਪਤਾ ਨਹੀਂ ਸੀ ਤੇ ਨਾ ਹੀ ਰਾਜੇ ਨੇ ਜਾਣ ਕੇ ਬ੍ਰਾਹਮਣ ਆਦਿਕ ਮਰਵਾਏ ਸਨ। ਅਚਨਚੇਤ ਮਰਨ ਕਰਕੇ ਅਜੇ ਉਹ ਪਾਪ ਕਿਸੇ ਨੂੰ ਨਹੀਂ ਸੀ ਲੱਗਾ। ਨਾ ਹੀ ਲਾਂਗਰੀ ਨੂੰ ਤੇ ਨਾ ਹੀ ਰਾਜੇ ਨੂੰ। ਕਿਉਂਕਿ ਉਨ੍ਹਾਂ ਦਾ ਕੋਈ ਦੋਸ਼ ਨਹੀਂ ਸੀ, ਪਰ ਜਦੋਂ ਝੂਠੀ ਨਿੰਦਿਆ ਬ੍ਰਾਹਮਣੀ ਨੇ ਕੀਤੀ ਤਾਂ ਉਸ ਨੂੰ ਪਾਪ ਦਾ ਫਲ ਲੱਗਾ, ਤੇ ਉਹ ਕੋਹੜੀ ਹੋ ਕੇ ਮਰ ਗਈ। ਇਸ ਵਾਸਤੇ ਨਿੰਦਾ ਭੁੱਲ ਕੇ ਵੀ ਨਹੀਂ ਕਰਨੀ ਚਾਹੀਦੀ ਤੇ ਗੱਲ ਸੋਚ ਵਿਚਾਰ ਕੇ ਕਰਨੀ ਚਾਹੀਦੀ ਹੈ। ਨਿੰਦਕ ਆਪ ਵੀ ਦੁੱਖ ਭੋਗਦੇ ਹਨ ਅਤੇ ਕੁਲਾਂ ਨੂੰ ਵੀ ਦੁੱਖ ਭੁਗਤਾਉਂਦੇ ਹਨ। ਜਿਵੇਂ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ:

***ਮਦਰਾ ਦਹਿਤਾ ਸਪਤ ਕੁਲ, ਭਾਂਗ ਦਹੇ ਤਨ ਏਕ॥***
***ਜਗਤ ਜੂਠ ਸਤ ਕੁਲ ਦਹੇ, ਨਿੰਦਾ ਦਹੇ ਅਨੇਕ॥***

ਸ਼ਰਾਬ ਪੀਣ ਵਾਲੇ ਦੀਆਂ ਸਤ ਕੁੱਲਾਂ ਨਾਸ਼ ਹੁੰਦੀਆਂ ਹਨ। ਭਾਵ ਨਰਕਾਂ ਨੂੰ ਜਾਂਦੀਆਂ ਹਨ ਅਤੇ ਭੰਗ ਪੀਣ ਵਾਲੇ ਦਾ ਸਰੀਰ ਨਕਾਰਾ ਹੋ ਜਾਂਦਾ ਹੈ, ਨਾਸ਼ ਹੋ ਜਾਂਦਾ ਹੈ। ਤਮਾਕੂ ਪੀਣ ਵਾਲੇ ਦੀਆਂ ਸੌ ਕੁਲਾਂ ਨਰਕ ਵਿਚ ਪੈਂਦੀਆਂ ਹਨ ਅਤੇ ਨਿੰਦਾ ਕਰਨ ਵਾਲੇ ਦੀਆਂ ਅਨਗਿਣਤ ਕੁਲਾਂ ਨਰਕ ਵਿਚ ਪੈਂਦੀਆਂ ਹਨ ਇਸ ਕਰਕੇ ਨਿੰਦਾ ਭੁੱਲ ਕੇ ਵੀ ਕਿਸੇ ਦੀ ਨਾ ਕਰੋ :

***ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ॥***
***ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ॥***

(ਅੰਗ ੭੫੫)

ਤਿੰਨ ਤਰ੍ਹਾਂ ਦੇ ਬਕਤੇ:- ੧. ਉੱਤਮ ੨. ਮੱਧਮ ੩. ਕਨਿਸ਼ਟ

੧. ਉੱਤਮ ਬਕਤਾ:- ਜੋ ਆਪਣੇ ਮਨ ਨੂੰ ਸੰਬੋਧਨ ਕਰਕੇ ਦੂਸਰੇ ਦੇ ਭਲੇ ਲਈ ਸਿੱਖਿਆ ਦੇਵੇ।

੨. ਮੱਧਮ ਬਕਤਾ:- ਜੋ ਦੂਸਰੇ ਦਾ ਨਾਮ ਲੈ ਕੇ ਉਪਦੇਸ਼ ਦੇਵੇ। ਜਿਸ ਤਰ੍ਹਾਂ ਗੀਤਾ ਵਿਚ ਸ੍ਰੀ ਕ੍ਰਿਸ਼ਨ ਜੀ ਨੇ ਅਰਜਨ ਜੀ ਨੂੰ ਨਾਮ ਲੈ ਕੇ ਉਪਦੇਸ਼ ਦਿੱਤਾ ਹੈ।

੩. ਕਨਿਸ਼ਟ ਬਕਤਾ: ਜੋ ਦੂਜੇ ਨੂੰ ਤਾੜਨਾ ਕਰਕੇ ਉਪਦੇਸ਼ ਕਰੇ। ਜੈਸੇ:

***ਰੇ ਜੀਅ ਨਿਲਜ ਲਾਜ ਤੁੋਹਿ ਨਾਹੀ॥***
***ਹਰਿ ਤਜਿ ਕਤ ਕਾਹੂ ਕੇ ਜਾਂਹੀ॥***

(ਅੰਗ ੩੩੦)

ਇਹ ਸ਼ਬਦ ਹਜ਼ੂਰ ਨੇ ਉਤਮ ਵਕਤੇ ਦੁਆਰਾ ਉਚਾਰਨ ਕੀਤਾ ਹੈ :

**ਸੋਰਠਿ ਮਹਲਾ ੯ ॥ ਮਨ ਰੇ ਕਉਨੁ ਕੁਮਤਿ ਤੈ ਲੀਨੀ ॥ ਪਰ ਦਾਰਾ ਨਿੰਦਿਆ ਰਸ ਰਚਿਓ ਰਾਮ ਭਗਤਿ ਨਹਿ ਕੀਨੀ॥੧॥ਰਹਾਉ॥ਮੁਕਤਿ ਪੰਥੁ ਜਾਨਿਓ ਤੈ ਨਾਹਨਿ ਧਨ ਜੋਰਨ ਕਉ ਧਾਇਆ॥ਅੰਤਿ ਸੰਗ ਕਾਹੂ ਨਹੀ ਦੀਨਾ ਬਿਰਥਾ ਆਪੁ ਬੰਧਾਇਆ॥੧॥ਨਾ ਹਰਿ ਭਜਿਓ ਨ ਗੁਰ ਜਨੁ ਸੇਵਿਓ ਨਹ ਉਪਜਿਓ ਕਛੁ ਗਿਆਨਾ॥ਘਟ ਹੀ ਮਾਹਿ ਨਿਰੰਜਨੁ ਤੇਰੈ ਤੈ ਖੋਜਤ ਉਦਿਆਨਾ॥੨॥ਬਹੁਤੁ ਜਨਮ ਭਰਮਤ ਤੈ ਹਾਰਿਓ ਅਸਥਿਰ ਮਤਿ ਨਹੀ ਪਾਈ॥ਮਾਨਸ ਦੇਹ ਪਾਇ ਪਦ ਹਰਿ ਭਜੁ ਨਾਨਕ ਬਾਤ ਬਤਾਈ॥੩॥੩॥**

(ਅੰਗ ੬੩੧-੩੨)

## ਪਦ ਅਰਥ :

ਕੁਮਤਿ-ਭੈੜੀ ਸਿੱਖਿਆ। ਪਰ ਦਾਰਾ-ਪਰਾਈ ਇਸਤਰੀ। ਰਚਿਓ-ਰਚਿਆ ਮਿਚਿਆ (ਮਿਲਿਆ ਰਿਹਾ। ਮੁਕਤਿ ਪੰਥੁ-ਮੁਕਤੀ ਦਾ ਰਸਤਾ। ਨਾਹਨਿ-ਨਹੀਂ। ਧਨ-ਦੌਲਤ। ਜੋਰਨ ਕਉ-ਜੋੜਨ ਲਈ। ਧਾਇਆ-ਦੌੜਦਾ ਭੱਜਦਾ ਰਿਹਾ। ਬਿਰਥਾ-ਵਿਅਰਥ ਹੀ। ਆਪੁ-ਆਪਣੇ ਆਪ ਨੂੰ। ਭਜਿਓ-ਸਿਮਰਿਆ। ਗੁਰ ਜਨੁ-ਗੁਰੂ ਪੁਰਖ। ਉਦਿਆਨਾ- ਜੰਗਲ। ਬਾਤ ਬਤਾਈ-ਗੱਲ ਦੱਸੀ, ਸਮਝਾਈ।

## ਅਰਥ :

ਹੇ ਮਨ! ਤੂੰ ਕਿਹੜੀ ਭੈੜੀ ਸਿੱਖਿਆ (ਭਾਵ ਖੋਟੀ ਮਤ) ਲੈ ਲਈ ਹੈ। ਪਰਾਈ ਇਸਤ੍ਰੀ (ਅਤੇ ਪਰਾਈ) ਨਿੰਦਿਆ ਦੇ ਰਸ ਵਿਚ ਰਚਿਆ ਮਿਚਿਆ (ਭਾਵ ਮਿਲਿਆ) ਰਿਹਾ ਅਤੇ ਪ੍ਰਭੂ ਦੀ ਭਗਤੀ (ਉਕੀ ਹੀ) ਨਹੀਂ ਕੀਤੀ। ੧। ਰਹਾਉ। (ਹੇ ਮਨ!) ਤੂੰ ਮੁਕਤੀ ਦਾ ਰਸਤਾ ਨਹੀਂ ਜਾਣਿਆ, (ਦੁਨਿਆਵੀ) ਧਨ ਦੌਲਤ ਜੋੜਨ (ਇਕੱਠਾ ਕਰਨ) ਲਈ ਭਜਦਾ ਰਿਹਾ। ਪਰ (ਇਹ ਧਨ) ਅੰਤ (ਸਮੇਂ ਅਤੇ ਹੋਰ) ਕਿਸੇ ਵਸਤੂ ਨੇ ਤੇਰਾ ਸਾਥ ਨਹੀਂ ਦਿੱਤਾ। ਆਪਣੇ ਆਪ ਨੂੰ (ਤੂੰ) ਬਿਅਰਥ ਹੀ (ਇਨ੍ਹਾਂ ਦੇ ਮੋਹ ਮਮਤਾ) ਵਿਚ ਬੰਧਾਇਆ ਹੈ। ੧। (ਹੇ ਮਨ!) ਨਾ ਤੂੰ ਹਰੀ ਦਾ ਭਜਨ ਕੀਤਾ, ਨਾ ਹੀ ਗੁਰੂ-ਪੁਰਖ ਦੀ ਸੇਵਾ ਕੀਤੀ (ਅਤੇ) ਨਾ ਹੀ (ਤੇਰੇ ਅੰਦਰ) ਕੁਝ ਆਤਮਿਕ ਗਿਆਨ ਪੈਦਾ ਹੋਇਆ। ਮਾਇਆ ਦੀ ਕਾਲਖ ਤੋਂ ਰਹਿਤ ਹਰੀ ਤੇਰੇ ਹਿਰਦੇ ਵਿਚ ਹੀ ਹੈ, (ਪਰ ਹੇ ਮਨ!) ਤੂੰ (ਉਸ ਪ੍ਰਮਾਤਮਾ ਨੂੰ) ਜੰਗਲਾਂ ਵਿਚ ਲੱਭਦਾ ਫਿਰਦਾ ਹੈਂ। ੨। (ਹੇ ਮਨ!) ਤੂੰ ਬਹੁਤ ਜਨਮ ਭਰਮਦਿਆਂ ਭਟਕਦਿਆਂ (ਸੰਸਾਰ ਜੂਏ ਵਿਚ) ਹਾਰ ਦਿੱਤੇ ਹਨ, (ਪ੍ਰੰਤੂ) ਨਿਹਚਲ ਮਤਿ (ਜਿਸ ਨਾਲ ਜਨਮ ਮਰਨ ਦਾ ਗੇੜ ਮੁਕਦਾ ਹੈ, ਤੂੰ ਹੁਣ ਤੱਕ) ਪ੍ਰਾਪਤ ਨਹੀਂ ਕੀਤੀ।

ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਹੇ ਮਨ !) ਜੋ ਗੱਲ ਤੈਨੂੰ (ਗੁਰੂ ਸਾਹਿਬ ਨੇ) ਸਮਝਾਈ ਹੈ (ਉਸ ਨੂੰ ਗ੍ਰਹਿਣ ਕਰ) ਕਿਉਂਕਿ ਤੂੰ ਮਨੁੱਖਾ ਜਨਮ ਦੀ ਪਦਵੀ ਪਾਈ ਹੈ, ਇਸ ਲਈ ਹਰੀ ਦਾ (ਸਿਮਰਨ) ਭਜਨ ਕਰ। ੩। ੩।

## ਵਿਆਖਿਆ ਤੇ ਸਾਰੰਸ਼ :

ਗੁਰਮਤਿ ਤਿਆਗ ਕੇ ਕੁਮੱਤ ਦੇ ਧਾਰਣ ਵਾਲਾ ਦੁਰਮਤੀਆ ਸ਼ਰਾਬਾਂ ਆਦਿ ਪੀ ਕੇ ਪਾਗ਼ਲ ਬਣ ਜਾਂਦਾ ਹੈ। ''ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥'' ਇਸ ਕਰਕੇ ਮਨੁੱਖ ਦੁੱਖਾਂ ਵਿਚ ਘਿਰ ਜਾਂਦਾ ਹੈ।

## ਸਾਖੀ—ਮਲੂਕੇ ਚੌਧਰੀ ਦੀ

ਸਤਿਗੁਰੂ ਅੰਗਦ ਦੇਵ ਸਾਹਿਬ ਜੀ ਦੇ ਸਮੇਂ ਸ੍ਰੀ ਖਡੂਰ ਸਾਹਿਬ ਜੀ ਵਿਚ ਮਲੂਕਾ ਪਿੰਡ ਦਾ ਚੌਧਰੀ ਸੀ। ਕਈ ਵਿਦਵਾਨਾਂ ਨੇ ਇਸਦਾ ਨਾਮ ਚੌਧਰੀ ਜਵਾਹਰ ਮੱਲ ਲਿਖਿਆ ਹੈ। ਇਸ ਦੀ ਹਵੇਲੀ ਸਤਿਗੁਰਾਂ ਦੇ ਮੱਲ ਅਖਾੜਾ ਸਾਹਿਬ ਦੇ ਪਾਸ ਹੀ ਸੀ। ਇਸ ਨੂੰ ਸ਼ਰਾਬ ਪੀਣ ਦੀ ਬੜੀ ਭੈੜੀ ਆਦਤ ਸੀ। ਇਸ ਕਰਕੇ ਇਸ ਨੂੰ ਮਿਰਗੀ ਦੀ ਦੁਖਦਾਇਕ ਬਿਮਾਰੀ ਸੀ, ਜੋ ਬੜੇ-ਬੜੇ ਇਲਾਜ ਕਰਕੇ ਵੀ ਨਾ ਹਟੀ। ਇਸ ਨੇ ਬਿਮਾਰੀ ਤੋਂ ਤੰਗ ਆ ਕੇ ਸੱਚੇ ਪਾਤਸ਼ਾਹ ਜੀ ਦੇ ਹਜ਼ੂਰ ਆ ਕੇ ਬੇਨਤੀ ਕੀਤੀ :

***ਆਪ ਤਪਾ ਜੀ ਪਰਮ ਕਿਰਪਾਲੁ॥ ਸਭ ਭਾਖਹਿ ਤੁਮ ਸੁਜਸ ਬਿਸਾਲ॥***

ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ, ਹੇ ਗ਼ਰੀਬ ਨਿਵਾਜ ਜੀ ! ਮੇਰੀ ਮਿਰਗੀ ਦੀ ਬਿਮਾਰੀ ਹਟਾਓ।

***ਰੋਗ ਅਧਿਕ ਮੇਰੇ ਤਨ ਮਾਂਹੀ॥***
***ਕਰਹੁ ਕ੍ਰਿਪਾ ਜਿਮ ਇਹੁ ਮਿਟ ਜਾਹੀ॥੨੩॥***

ਸਤਿਗੁਰੂ ਸਾਹਿਬ ਜੀ ਨੇ ਸਹਿਜ ਸੁਭਾਅ ਕਿਹਾ ਕਿ ਭਾਈ ਖੋਟੀ ਸ਼ਰਾਬ ਪੀਣੀ ਛੱਡ ਦੇਵੇਂ ਤਾਂ ਤੇਰੀ ਮਿਰਗੀ ਦੀ ਬਿਮਾਰੀ ਹਟ ਜਾਏਗੀ, ਪਰ ਇਹ ਗੱਲ ਚੇਤੇ ਰੱਖੀਂ, ਜਿਸ ਦਿਨ ਸ਼ਰਾਬ ਪੀਵੇਂਗਾ, ਐਸੀ ਮਿਰਗੀ ਆਵੇਗੀ ਕਿ ਉੱਠ ਨਹੀਂ ਸਕੇਂਗਾ, ਉਥੇ ਹੀ ਮਰ ਜਾਵੇਂਗਾ। ਇਹ ਸਤਿਗੁਰੂ ਸਾਹਿਬ ਜੀ ਨੇ ਬਚਨ ਕਰ ਦਿੱਤੇ। ਮਲੂਕੇ ਨੇ ਇਹ ਬਚਨ ਸੁਣ ਕੇ ਸ਼ਰਾਬ ਛੱਡ ਦਿੱਤੀ।

ਅੱਠ ਸਾਲ ਜਿਉਂਦਾ ਰਿਹਾ ਤੇ ਮਿਰਗੀ ਦੀ ਬਿਮਾਰੀ ਨਾ ਆਈ। ਫੇਰ ਉਸ ਨੇ ਕਿਹਾ ਕਿ ਹੁਣ ਤਾਂ ਬਿਮਾਰੀ ਹਟ ਗਈ ਹੈ। ਮੌਜ ਲੈ ਲਈਏ। ਸਾਉਣ ਦੀਆਂ ਘਟਾਂ ਝੁਕ ਕੇ ਆਈਆਂ। ਠੰਢੀ-ਠੰਢੀ ਪਉਣ ਚੱਲੀ, ਨਿੱਕੀ-ਨਿੱਕੀ ਬੂੰਦਾ-ਬਾਂਦੀ ਹੋ ਰਹੀ ਸੀ। ਇਹ ਰਹਿ ਨਾ ਸਕਿਆ। ਨੌਕਰ ਨੂੰ ਕਿਹਾ, ਲਿਆ ਓਇ ਸ਼ਰਾਬ ! ਜਦੋਂ ਸ਼ਰਾਬ ਪੀ ਕੇ ਨੇਤਰਾਂ ਨੂੰ ਤਰਾਰ ਜਿਹਾ ਆਇਆ ਤਾਂ ਚੁਬਾਰੇ 'ਤੇ ਚੜ੍ਹ ਕੇ ਆਖਿਆ, ਹੇ ਤਪਾ ਜੀ ! ਅੱਜ ਨਹੀਂ ਰਹਿ ਸਕਿਆ। ਅੱਜ ਮੈਂ ਪੀ ਲਈ ਹੈ। ਉਸ ਵਕਤ ਸਤਿਗੁਰੂ ਸਾਹਿਬ ਜੀ ਦਾ ਦੀਵਾਨ ਗੁਰਦੁਆਰੇ ਮੱਲ ਅਖਾੜੇ ਸਾਹਿਬ ਜੀ ਵਿਖੇ ਲੱਗਾ ਹੋਇਆ ਸੀ।

ਸਤਿਗੁਰਾਂ ਨੇ ਇਸ ਦੀ ਇਹ ਗੱਲ ਸੁਣ ਕੇ ਕਿਹਾ, ਚੰਗਾ ਜੇ ਇਉਂ ਹੈ ਤਾਂ ਮਿਰਗੀ ਵੀ ਹੁਕਮ ਦੀ ਬੁੱਧੀ ਹੋਈ ਸੀ। ਲੈ ਹੁਣ ਤੱਕੜਾ ਹੋ ਜਾ, ਮਿਰਗੀ ਵੀ ਆਈ। ਇਹ ਬਚਨ ਕਹਿਣ ਤੋਂ ਮਿਰਗੀ ਪੈਣ ਕਰਕੇ ਅਟਾਰੀ ਤੋਂ ਡਿੱਗ ਕੇ ਮਰ ਗਿਆ।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੬੮ (ਅੰਗ ੬੩੩)

ਸੋਰਠਿ ਮਹਲਾ ੯ ॥ ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥ ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥ ੧ ॥ ਰਹਾਉ ॥ ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ॥ ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥ ੧ ॥ ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥ ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ ॥ ੨ ॥ ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ॥ ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥ ੩ ॥ ੧੧ ॥

# ਪ੍ਰਾਕ੍ਰਥਨ :-

ਸ੍ਰੀ ਗੁਰੂ ਤੇਗ਼ ਬਹਾਦਰ ਜੀ ਮਹਾਰਾਜ ਨੇ ਇਸ ਪਾਵਨ ਸ਼ਬਦ ਅੰਦਰ ਜੀਵਨ ਮੁਕਤ ਗਿਆਨਵਾਨ ਪੁਰਖ ਦਾ ਨਿਰਣਾ ਕੀਤਾ ਹੈ। ਜੋ ਪੁਰਸ਼ ਗਿਆਨਵਾਨ ਦੁੱਖ ਤੇ ਸੁੱਖ ਨੂੰ ਮਿੱਟੀ ਤੇ ਸੋਨੇ ਨੂੰ ਇਕ ਸਮਾਨ ਸਮਝਦਾ ਹੈ ਅਤੇ ਨਿੰਦਿਆ ਤੇ ਉਸਤਤੀ, ਲੋਭ ਤੇ ਮੋਹ ਅਭਿਮਾਨ ਤੋਂ ਰਹਿਤ ਹੈ, ਐਸਾ ਜੀਵਨ ਮੁਕਤ ਪੁਰਸ਼ ਆਸਾ ਮਨਸਾ ਦਾ ਤਿਆਗ ਕਰਕੇ ਹਰਖ ਤੇ ਸੋਗ ਤੋਂ ਰਹਿਤ ਹੈ। ਇਸ ਨੂੰ ਕਾਮ ਕ੍ਰੋਧ ਆਦਿਕ ਵਿਕਾਰ ਨਹੀਂ ਛੋਂਹਦੇ। ਗੁਰੂ ਦੀ ਕਿਰਪਾ ਦਾ ਪਾਤਰ ਬਣਿਆ ਹੋਇਆ, ਪ੍ਰਮੇਸ਼ਰ ਵਿਚ ਇਸ ਤਰ੍ਹਾਂ ਲੀਨ ਹੈ, ਜਿਸ ਤਰ੍ਹਾਂ ਪਾਣੀ ਵਿਚ ਪਾਣੀ ਮਿਲ ਜਾਂਦਾ ਹੈ। ਪਰ ਇਹ ਅਵੱਸਥਾ ਇਕ ਜੀਵਨ ਮੁਕਤਿ ਗਿਆਨਵਾਨ ਪੁਰਖ ਨੂੰ ਹੀ ਬਣ ਆਉਂਦੀ ਹੈ, ਨਹੀਂ ਤਾਂ ਸੰਸਾਰ ਅੰਦਰ ਐਸਾ ਕਿਹੜਾ ਮਨੁੱਖ ਹੈ ਜੋ ਦੁੱਖ, ਵੇਲੇ ਦੁੱਖ ਨਾ ਮਹਿਸੂਸ ਕਰੇ ਅਤੇ ਸੁੱਖ ਨਾਲ ਹਿੱਤ ਨਾ ਕਰੇ, ਕਿਉਂਕਿ ਸੁੱਖ ਹਿਤ ਕਰਕੇ ਤਾਂ ਸੰਸਾਰ ਸੁੱਖ ਦੀ ਪ੍ਰਾਪਤੀ ਦੀ ਦੌੜ ਵਿਚ ਲੱਗਿਆ ਹੋਇਆ ਹੈ।

## ਵਿਸ਼ਾ— ਦੁਖੁ ਸੁਖ ਦੋਨੋ ਸਮ ਕਰਿ ਜਾਨੈ

ਦੁੱਖ ਇਕ ਵਿਆਪਕ ਰੋਗ ਹੈ। ਇਸ ਦੀ ਮਾਰ ਤੋਂ ਸੰਸਾਰਕ ਬਿਰਤੀ ਵਾਲਾ ਕੋਈ ਵੀ ਮਨੁੱਖ ਨਹੀਂ ਬਚਿਆ, ਪਰ ਪਦਾਰਥਾਂ ਦੀ ਚਾਹਤ ਵਿਚ ਲੱਗੇ ਹੋਏ ਮਨੁੱਖ ਦਾ ਮਨ ਜਦ ਕਿਸੇ ਵਸਤੂ ਦੀ ਇੱਛਾ ਕਰਦਾ ਹੈ ਤਾਂ ਉਹ ਇੱਛਾ ਨਾ ਪੂਰੀ ਹੋਣ ਕਰਕੇ ਦੁੱਖ ਦਾ ਜਨਮ ਹੁੰਦਾ ਹੈ। ਚੂੰਕਿ ਮਨੁੱਖ ਦੀਆਂ ਇੱਛਾਵਾਂ ਬਹੁਤੀਆਂ ਹਨ, ਇਸ ਕਰਕੇ ਦੁੱਖ ਵੀ ਅਨਗਿਣਤ ਹਨ। ਗੁਰਦੇਵ ਦਾ ਸੁੰਦਰ ਫ਼ੁਰਮਾਨ ਹੈ:-

***ਆਸਾ ਵਿਚਿ ਅਤਿ ਦੁਖੁ ਘਣਾ ਮਨਮੁਖਿ ਚਿਤੁ ਲਾਇਆ॥***
***ਗੁਰਮੁਖਿ ਭਏ ਨਿਰਾਸ ਪਰਮ ਸੁਖੁ ਪਾਇਆ॥***

(ਅੰਗ ੧੨੪੯)

ਇਸ ਕਰਕੇ ਜੀਵਨ ਮੁਕਤ ਗਿਆਨਵਾਨ ਪੁਰਖ ਇਹਨਾਂ ਇੱਛਾਵਾਂ ਤੋਂ ਨਿਰਾਸ ਰਹਿੰਦਿਆਂ ਸੁੱਖ ਸਰੂਪ ਨੂੰ ਪਾ ਲੈਂਦੇ ਹਨ, ਪਰ ਸੰਸਾਰੀ ਮਨੁੱਖ ਅਸੀਂ ਵੇਖਦੇ ਹਾਂ, ਨਿਰਧਨ ਤਾਂ ਦੁੱਖੀ ਹੀ ਹੈ, ਪਰ ਧਨਵਾਨ ਵੀ ਦੁੱਖੀ ਹੈ। ਜਿਥੇ ਗੁਣਹੀਨ ਮਨੁੱਖ ਦੁੱਖੀ ਹੈ, ਉਥੇ ਗੁਣਵਾਨ ਵੀ ਦੁੱਖ ਦੀ ਜ਼ਿੰਦਗੀ ਬਤੀਤ ਕਰ ਰਿਹਾ ਹੈ। ਬੀਮਾਰ ਦਾ ਦੁੱਖੀ ਹੋਣਾ ਸੁਭਾਵਿਕ ਹੈ, ਪਰ ਤੰਦਰੁਸਤ ਵੀ ਦੁੱਖੀ ਹੈ। ਜੇ ਕਮਜ਼ੋਰ ਮਨੁੱਖ ਦੁੱਖੀ ਹੈ ਤਾਂ ਬਲਵਾਨ ਵੀ ਦੁੱਖੀ ਨਜ਼ਰ ਆਉਂਦਾ ਹੈ, ਸੋ ਕਿਥੋਂ ਤੱਥ ਲਿਖਿਆ ਜਾ ਸਕੇ, ਦੁੱਖ ਇਕ ਵਿਆਪਕ ਰੋਗ ਬਣ ਗਿਆ ਹੈ। ਹਰ ਇਕ ਮਨੁੱਖ ਦੀ ਇੱਛਾ ਵੱਖ-ਵੱਖ ਹੈ, ਇਸ ਕਰਕੇ ਹਰ ਇਕ ਜੀਵ ਦਾ ਦੁੱਖ ਵੀ ਵੱਖ-ਵੱਖ ਹੈ। ਪੁਰਾਤਨ ਸਮੇਂ ਅੰਦਰ ਪਿੰਡਾਂ ਘਰਾਂ ਵਿਚ ਗੋਬਰ ਦੀਆਂ ਪਾਥੀਆਂ ਬਾਲੀਆਂ ਜਾਂਦੀਆਂ ਸਨ, ਜਿਸ ਵਿਚੋਂ ਧੂੰਆਂ ਨਿਕਲ ਕੇ ਬਾਹਰ ਆ ਜਾਂਦਾ ਸੀ। ਗੁਆਂਢੀ ਤੇ ਰਾਹੀ, ਪਾਂਧੀ ਨੂੰ ਪਤਾ ਚੱਲ ਜਾਂਦਾ ਸੀ ਕਿ ਇਸ ਘਰ ਵਿਚ ਅੱਗ ਬਲ ਰਹੀ ਹੈ, ਪਰ ਅੱਜ ਤਾਂ ਮਨੁੱਖ ਦਾ ਹਰ ਕੰਮ ਵਿਗਿਆਨਕ ਢੰਗ ਨਾਲ

ਹੋ ਗਿਆ ਹੈ। ਅੱਜ ਘਰਾਂ ਵਿਚ ਗੈਸ ਦੇ ਚੁਲ੍ਹੇ ਬਲਦੇ ਹਨ, ਜਿਸ ਦਾ ਨਾ ਧੂੰਆਂ ਹੁੰਦਾ ਹੈ, ਨਾ ਹੀ ਗੁਆਂਢੀ ਨੂੰ ਪਤਾ ਲੱਗਦਾ ਹੈ।

ਜਿਸ ਘਰ ਦੇ ਦੁੱਖ ਪ੍ਰਗਟ ਹੋ ਜਾਂਦੇ ਹਨ, ਤਾਂ ਗੋਬਰ ਦੀਆਂ ਪਾਥੀਆਂ ਦੇ ਧੂੰਏਂ ਦੀ ਤਰ੍ਹਾਂ ਉਸਦੇ ਦੁੱਖਾਂ ਦਾ ਗੁਆਂਢੀ ਨੂੰ ਪਤਾ ਚੱਲ ਜਾਂਦਾ ਹੈ। ਪਰ ਗੈਸ ਦੀ ਅੱਗ ਦੀ ਤਰ੍ਹਾਂ ਜੋ ਮਨੁੱਖ ਅੰਦਰ-ਅੰਦਰ ਹੀ ਦੁੱਖ ਕਰਕੇ, ਦੁੱਖੀ ਹੋ ਰਹੇ ਹਨ। ਦੇਖਣ ਵਾਲੇ ਨੂੰ ਭੁਲੇਖਾ ਪੈ ਜਾਂਦਾ ਹੈ ਕਿ ਇਹ ਮਨੁੱਖ ਸੁੱਖੀ ਹੈ। ਜਿਸ ਤਰ੍ਹਾਂ ਸਤ ਘਰੇ ਸ਼ਹਿਰ ਦੇ ਅੰਦਰ ਇਕ ਬਹੁਤ ਵੱਡੇ ਪਦਾਰਥਵਾਦੀ ਸ਼ਾਹੂਕਾਰ ਨੂੰ ਵੇਖ ਕੇ ਭਾਈ ਮਰਦਾਨੇ ਨੂੰ ਭੁਲੇਖਾ ਪੈ ਗਿਆ ਸੀ, ਕਿ ਇਸ ਸ਼ਾਹੂਕਾਰ ਜੈਸਾ ਸੰਸਾਰ ਦੇ ਅੰਦਰ ਕੋਈ ਸੁੱਖੀ ਨਹੀਂ ਹੋਣਾ। ਆਖ਼ਿਰ ਭਾਈ ਮਰਦਾਨੇ ਨੇ ਗੁਰੂ ਨਾਨਕ ਦੇਵ ਜੀ ਨੂੰ ਕਹਿ ਹੀ ਦਿੱਤਾ ਸੀ, ਮਹਾਰਾਜ! ਇਹ ਸ਼ਾਹੂਕਾਰ ਸੰਸਾਰ ਅੰਦਰ ਮੈਨੂੰ ਸਭ ਤੋਂ ਸੁੱਖੀ ਨਜ਼ਰ ਆਉਂਦਾ ਹੈ। ਮੁਸਕਰਾ ਕੇ ਗੁਰਦੇਵ ਨੇ ਕਿਹਾ, ਮਰਦਾਨਿਆ! ਸ਼ਾਹੂਕਾਰ ਨੂੰ ਪੁੱਛ ਲੈ ਕਿ ਤੂੰ ਸਭ ਤੋਂ ਸੁੱਖੀ ਹੈਂ। ਤਾਂ ਮਰਦਾਨੇ ਦੇ ਪੁੱਛਣ ਤੋਂ ਸ਼ਾਹੂਕਾਰ ਜੋ ਗੈਸ ਦੀ ਤਰ੍ਹਾਂ ਅੰਦਰ-ਅੰਦਰ ਹੀ ਦੁੱਖੀ ਹੋ ਰਿਹਾ ਸੀ, ਪਰ ਹੁਣ ਭੁੱਬਾਂ ਮਾਰ ਕੇ ਮਰਦਾਨੇ ਪਾਸ ਰੋ ਪਿਆ ਅਤੇ ਆਪਣਾ ਦੁੱਖ ਪ੍ਰਗਟ ਕਰ ਦਿੱਤਾ। ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਖ਼ਸ਼ਿਸ਼ ਦੇ ਘਰ ਵਿਚ ਆਕੇ ਇਲਾਹੀ ਬਾਣੀ ਦਾ ਸ਼ਬਦ ਉਚਾਰਨ ਕੀਤਾ:

***ਸਹੰਸਰ ਦਾਨ ਦੇ ਇੰਦ੍ਰੁ ਰੋਆਇਆ॥ ਪਰਸ ਰਾਮੁ ਰੋਵੈ ਘਰਿ ਆਇਆ॥***
***ਅਜੈ ਸੁ ਰੋਵੈ ਭੀਖਿਆ ਖਾਇ॥ ਐਸੀ ਦਰਗਹ ਮਿਲੈ ਸਜਾਇ॥***
***ਰੋਵੈ ਰਾਮੁ ਨਿਕਾਲਾ ਭਇਆ॥ ਸੀਤਾ ਲਖਮਣੁ ਵਿਛੁੜਿ ਗਇਆ॥***
***ਰੋਵੈ ਦਹਸਿਰੁ ਲੰਕ ਗਵਾਇ॥ ਜਿਨਿ ਸੀਤਾ ਆਦੀ ਡਉਰੂ ਵਾਇ॥***
***ਰੋਵਹਿ ਪਾਂਡਵ ਭਏ ਮਜੂਰਿ॥ ਜਿਨ ਕੈ ਸੁਆਮੀ ਰਹਤ ਹਦੂਰਿ॥***
***ਰੋਵਹਿ ਜਨਮੇਜਾ ਖੁਇ ਗਇਆ॥ ਏਕੀ ਕਾਰਣਿ ਪਾਪੀ ਭਇਆ॥***
***ਰੋਵੈ ਸੇਖ ਮਸਾਇਕ ਪੀਰ॥ ਅੰਤਿ ਕਾਲਿ ਮਤੁ ਲਾਗੈ ਭੀੜ॥***
***ਰੋਵਹਿ ਰਾਜੇ ਕੰਨ ਪੜਾਇ॥ ਘਰਿ ਘਰਿ ਮਾਗਹਿ ਭਿਖਿਆ ਜਾਇ॥***
***ਰੋਵਹਿ ਕਿਰਪਨ ਸੰਚਹਿ ਧਨੁ ਜਾਇ॥ ਪੰਡਿਤ ਰੋਵਹਿ ਗਿਆਨੁ ਗਵਾਇ॥***
***ਬਾਲੀ ਰੋਵੈ ਨਾਹਿ ਭਤਾਰੁ॥ ਨਾਨਕ ਦੁਖੀਆ ਸਭੁ ਸੰਸਾਰੁ॥***
***ਮੰਨੇ ਨਾਉ ਸੋਈ ਜਿਣਿ ਜਾਇ॥ ਅਉਰੀ ਕਰਮ ਨ ਲੇਖੈ ਲਾਇ॥***

(ਅੰਗ ੯੫੪)

ਇਕ ਉਰਦੂ ਦੇ ਕਵੀ ਦਾ ਇਸ ਸੰਬੰਧ ਵਿਚ ਬਹੁਤ ਹੀ ਸੁੰਦਰ ਕਹਿਣਾ ਹੈ:

***ਫੂਲ ਖਿਲਤਾ ਹੈ ਮੁਰਝਾਨੇ ਕਾ ਤਖ਼ੱਹੀਅਲ ਲੇਕਰ।***
***ਜਿਸੇ ਹੰਸਤਾ ਹੂਆ ਪਾਉਗੇ ਵੋਹ ਪਰੇਸ਼ਾਂ ਹੋਗਾ।***

ਪਰ ਜੋ ਜੀਵਨ ਮੁਕਤ ਗਿਆਨਵਾਨ ਪੁਰਖ ਹੈ, ਉਹ ਇਸ ਸੰਸਾਰ ਦੇ ਵਿਆਪਕ ਅੱਗ ਰੂਪ ਦੁੱਖ ਦੇ ਘੇਰੇ ਤੋਂ ਰਹਿਤ ਹੈ। ਉਸ ਦੀ ਤਾਂ ਐਸੀ ਅਵੱਸਥਾ ਹੈ-

*ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ॥*
*ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ॥ ੧॥*
*ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ॥*
*ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ॥੨ ॥੧ ॥*

(ਅੰਗ ੨੧੯)

*ਅਥਵਾ:- ਦੁਖ ਸੁਖ ਦੋਊ ਸਮ ਕਰਿ ਜਾਨੈ ਬੁਰਾ ਭਲਾ ਸੰਸਾਰ॥*
*ਸੁਧਿ ਬੁਧਿ ਸੁਰਤਿ ਨਾਮਿ ਹਰਿ ਪਾਈਐ ਸਤਸੰਗਤਿ ਗੁਰ ਪਿਆਰ॥*

(ਅੰਗ ੧੨੫੬)

ਐਸਾ ਗੁਰਮੁਖਿ ਦੁੱਖ ਤੇ ਸੁੱਖ, ਖ਼ੁਸ਼ੀ ਤੇ ਗ਼ਮੀ, ਹਰਖ ਤੇ ਸੋਗ ਇਹਨਾਂ ਨੂੰ ਇਕ ਕਰਕੇ ਜਾਣਦਾ ਹੈ, ਖ਼ੁਸ਼ੀ ਵੇਲੇ ਹੰਕਾਰ ਨਹੀਂ, ਗ਼ਮੀ ਵੇਲੇ ਘਬਰਾਉਂਦਾ ਨਹੀਂ, ਇਕ ਸਮਾਨ ਅਵੱਸਥਾ ਦਾ ਮਾਲਕ ਹੈ :

*ਸੁਖੁ ਦੁਖੁ ਜਿਹ ਪਰਸੈ ਨਹੀ ਲੋਭੁ ਮੋਹੁ ਅਭਿਮਾਨੁ॥*
*ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥*

(ਅੰਗ ੧੪੨੭)

ਅਥਵਾ :

*ਸੁਖ ਦੁਖ ਹੀ ਤੇ ਅਮਰੁ ਅਤੀਤਾ ਗੁਰਮੁਖਿ ਨਿਜ ਘਰੁ ਪਾਇਦਾ॥*

(ਅੰਗ ੧੦੩੭)

ਅਥਵਾ :

*ਦੁਖੁ ਸੁਖੁ ਤੇਰੈ ਭਾਣੈ ਹੋਵੈ ਕਿਸ ਥੈ ਜਾਇ ਰੂਆਈਐ॥*
*ਹੁਕਮੀ ਹੁਕਮਿ ਚਲਾਏ ਵਿਗਸੈ ਨਾਨਕ ਲਿਖਿਆ ਪਾਈਐ॥*

(ਅੰਗ ੪੧੮)

ਅਥਵਾ :

*ਸੁਖੁ ਦੁਖੁ ਤੇਰੀ ਆਗਿਆ ਪਿਆਰੇ ਦੂਜੀ ਨਾਹੀ ਜਾਇ॥*

(ਅੰਗ ੪੩੨)

ਅਥਵਾ :

*ਪ੍ਰਭ ਕੀ ਆਗਿਆ ਆਤਮ ਹਿਤਾਵੈ॥ ਜੀਵਨ ਮੁਕਤਿ ਸੋਊ ਕਹਾਵੈ॥*
*ਤੈਸਾ ਹਰਖੁ ਤੈਸਾ ਉਸੁ ਸੋਗੁ॥ ਸਦਾ ਅਨੰਦੁ ਤਹ ਨਹੀ ਬਿਓਗੁ॥*

***ਤੈਸਾ ਸੁਵਰਨੁ ਤੈਸੀ ਉਸੁ ਮਾਟੀ॥ ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥***
***ਤੈਸਾ ਮਾਨੁ ਤੈਸਾ ਅਭਿਮਾਨੁ॥ ਤੈਸਾ ਰੰਕੁ ਤੈਸਾ ਰਾਜਾਨੁ॥***
***ਜੋ ਵਰਤਾਏ ਸਾਈ ਜੁਗਤਿ॥ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥***

(ਅੰਗ-੨੭੫)

## ਸਾਖੀ—ਸ਼ਹੀਦ ਸਿੰਘਣੀਆਂ ਦੀ

ਸ੍ਰੀ ਗੁਰੂ ਪੰਥ ਪ੍ਰਕਾਸ਼ ਅੰਦਰ ਗਿਆਨੀ ਗਿਆਨ ਸਿੰਘ ਜੀ ਦੇ ਕਥਨ ਅਨੁਸਾਰ ਸੰਮਤ ੧੮੧੦ ਜਾਂ ੧੮੧੧ ਦਾ ਵਾਕਿਆ ਹੈ ਜਦ ਆਹਮੋ-ਸਾਹਮਣੇ ਮੁਕਾਬਲੇ ਦੀਆਂ ਲੜਾਈਆਂ ਵਿਚ ਮੁਸਲਿਮ ਫ਼ੌਜਾਂ ਸਿੰਘਾਂ ਦਾ ਕੁਝ ਵਿਗਾੜ ਨਾ ਸਕੀਆਂ ਤਾਂ ਫਿਰ ਮੁਗ਼ਲ ਫ਼ੌਜ ਨੇ ਖੋਟੀਆਂ ਚਾਲਾਂ ਚੱਲਣੀਆਂ ਸ਼ੁਰੂ ਕਰ ਦਿੱਤੀਆਂ। ਸਿੰਘਾਂ ਦੇ ਪਿੰਡਾਂ ਵਿਚ ਰਹਿ ਰਹੇ ਬਾਲ ਬੱਚਿਆਂ ਤੇ ਸਿੰਘਣੀਆਂ ਨੂੰ ਫੜਨਾ ਸ਼ੁਰੂ ਕੀਤਾ। ਉਹ ਸਿੰਘਾਂ ਦੇ ਬਾਲ ਬੱਚਿਆਂ ਨੂੰ ਫੜਦੇ ਅਤੇ ਉਹਨਾਂ ਨੂੰ ਅਨੇਕਾਂ ਤਸੀਹੇ ਦਿੰਦੇ। ਉਹਨਾਂ ਦੇ ਘਰ ਬਾਰ ਲੁੱਟ ਲੈਂਦੇ ਤੇ ਮਗਰੋਂ ਘਰਾਂ ਨੂੰ ਢਾਹ ਦਿੰਦੇ। ਇਸ ਜ਼ੁਲਮ ਨਾਲ ਸਾਰੇ ਦੇਸ਼ ਵਿਚ ਹਾਹਾਕਾਰ ਮੱਚ ਗਈ। ਉਹ ਸਿੰਘਾਂ ਦੇ ਬੱਚਿਆਂ ਤੇ ਸਿੰਘਣੀਆਂ ਨੂੰ ਕੈਦ ਕਰਕੇ ਲਾਹੌਰ ਲੈ ਜਾਂਦੇ। ਕਈ ਸਿੰਘਣੀਆਂ ਤਾਂ ਜ਼ਾਲਮ ਫ਼ੌਜਾਂ ਦਾ ਡੱਟ ਕੇ ਮੁਕਾਬਲਾ ਕਰਦੀਆਂ ਸ਼ਹੀਦ ਹੋ ਜਾਂਦੀਆਂ ਤੇ ਕਈ ਲਾਹੌਰ ਵਿਚ ਕੈਦ ਕੀਤੀਆਂ ਗਈਆਂ। ਲਾਹੌਰ ਜਿਥੇ ਅੱਜਕੱਲ੍ਹ ਸ਼ਹੀਦ ਸਿੰਘਣੀਆਂ ਦਾ 'ਸ਼ਹੀਦ ਗੰਜ' ਹੈ, ਇਥੇ ਭੋਰਿਆਂ ਵਿਚ ਸਭ ਸਿੰਘਣੀਆਂ ਨੂੰ ਕੈਦ ਕੀਤਾ ਗਿਆ। ਕਈ ਦਿਨ ਇਹਨਾਂ ਨੂੰ ਭੁੱਖਿਆਂ ਰੱਖਿਆ ਗਿਆ ਤੇ ਇਹਨਾਂ ਨਾਲ ਨਿੱਕੇ ਨਿੱਕੇ ਬੱਚੇ ਜੋ ਦੁੱਧ ਪੀਣ ਵਾਲੇ ਸਨ, ਰੋ-ਰੋ ਮਾਵਾਂ ਨੂੰ ਚੰਬੜਨ, ਪਰ ਮਾਵਾਂ ਕੁਝ ਖਾਣ ਤਾਂ ਹੀ ਉਹਨਾਂ ਨੂੰ ਦੁੱਧ ਆਵੇ। ਉਹ ਬੱਚਿਆਂ ਨੂੰ ਦੁੱਧ ਕਿਥੋਂ ਪਿਲਾਉਣ ? ਉਹ ਸਿੰਘਣੀਆਂ ਸਬਰ ਸ਼ੁੱਕਰ ਦੇ ਘੇਰੇ ਵਿਚੋਂ ਬਾਹਰ ਨਹੀਂ ਨਿਕਲਦੀਆਂ ਸਨ, ਬੱਚਿਆਂ ਨੂੰ ਬਾਣੀ ਦੇ ਪਾਠ ਨਾਲ ਲੋਰੀਆਂ ਦੇ ਕੇ ਚੁੱਪ ਕਰਾਉਂਦੀਆਂ ਸਨ। ਚੱਕੀ ਪੀਹਣ ਲਈ ਮਿਲਦੀ ਹੈ, ਤਾਂ ਸਵਾ ਸਵਾ ਮਣ ਦਾਣੇ ਪੀਹਣ ਦਾ ਹੁਕਮ ਮਿਲਦਾ ਹੈ। ਕਈਆਂ ਦਿਨਾਂ ਮਗਰੋਂ ਅੱਧੀ ਅੱਧੀ ਰੋਟੀ ਤੇ ਪਾਣੀ ਦਾ ਪਿਆਲਾ ਪੀਣ ਨੂੰ ਮਿਲਦਾ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਤੇਗ਼ ਬਹਾਦਰ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਦੇ ਪ੍ਰਸੰਗ ਯਾਦ ਕਰਕੇ ਉਹ ਆਪਣੇ ਜੀਵਨ ਦੇ ਪਲ ਬਿਤਾਉਂਦੀਆਂ ਹਨ। ਆਪਣੇ ਦੁੱਖਾਂ ਤੇ ਤਕਲੀਫ਼ਾਂ ਨੂੰ ਸਬਰ ਸ਼ੁਕਰ ਦੀਆਂ ਠੋਕਰਾਂ ਨਾਲ ਦੂਰ ਕਰਦੀਆਂ ਹਨ, ਪਰ ਹੌਸਲੇ ਨਹੀਂ ਹਾਰਦੀਆਂ। ਉਹਨਾਂ ਨੂੰ ਖੰਡੇ ਬਾਟੇ ਦੇ ਅੰਮ੍ਰਿਤ 'ਤੇ ਭਰੋਸਾ ਹੈ। ਉਹ ਹਰ ਇਕ ਮੁਸੀਬਤ ਦਾ ਸਾਹਮਣਾ ਕਰਦੀਆਂ ਹੋਈਆਂ, ਚੜ੍ਹਦੀ ਕਲਾ ਵਿਚ ਰਹਿੰਦੀਆਂ ਹਨ।

ਕੁਝ ਮਹੀਨੇ ਇਸ ਤਰ੍ਹਾਂ ਭੁੱਖੀਆਂ ਤਿਹਾਈਆਂ ਦੇ ਬੀਤੇ, ਪਰ ਆਪਣੇ ਸਿਦਕ 'ਤੇ ਡਟੀਆਂ ਰਹੀਆਂ। ਇਕ ਦਿਨ ਮੀਰ ਮੰਨੂੰ ਨੇ ਖ਼ੁਦ ਆ ਕੇ ਸਿੰਘਣੀਆਂ ਨੂੰ ਆਖਿਆ, "ਜਿਨ੍ਹਾਂ ਸਿੰਘਾਂ ਪਿਛੇ ਤੁਸੀਂ ਆਪਣੀ ਜਵਾਨੀ ਬਰਬਾਦ ਕਰ ਰਹੀਆਂ ਹੋ, ਉਹਨਾਂ ਨੇ ਤੁਹਾਨੂੰ ਕੀ ਸੁੱਖ ਦੇਣਾ ਹੈ ? ਉਹ ਤਾਂ ਆਪ ਜੰਗਲਾਂ ਵਿਚ

ਰੁਲਦੇ ਫਿਰਦੇ ਹਨ।''

ਸਿੰਘਣੀਆਂ ਨੇ ਗੱਜ ਕੇ ਕਿਹਾ, ''ਸੂਬਿਆ! ਤੈਨੂੰ ਭੁਲੇਖਾ ਹੈ। ਅਸੀਂ ਸੁੱਖਾਂ ਲਈ ਕੁਝ ਨਹੀਂ ਕਰਦੀਆਂ, ਅਸੀਂ ਕਲਗੀਧਰ ਦੇ ਪੀਤੇ ਉਸ ਅੰਮ੍ਰਿਤ ਦਾ ਕਰਜ਼ ਉਤਾਰ ਰਹੀਆਂ ਹਾਂ, ਜੋ ਅਸੀਂ ਆਪਣੀ ਜਾਨ ਦੇ ਕੇ ਵੀ ਨਹੀਂ ਉਤਾਰ ਸਕਦੀਆਂ। ਇਹ ਜਿਸ ਨੂੰ ਤੂੰ ਦੁੱਖ ਤੇ ਮੁਸੀਬਤਾਂ ਕਹਿ ਕਹਿ ਸਾਨੂੰ ਡੁਲਾਉਣ ਦੀ ਕੋਸ਼ਿਸ਼ ਕਰਦਾ ਹੈਂ, ਇਹ ਤਾਂ ਤੂੰ ਸਾਡੇ ਧਰਮ ਨੂੰ ਹੋਰ ਪੱਕਾ ਕਰ ਰਿਹਾ ਹੈਂ। ਸਿੱਖੀ ਦੀ ਤਾਂ ਪ੍ਰੀਖਿਆ ਹੀ ਦੁੱਖ ਵਿਚ ਹੈ। ਤੇਰਾ ਇਸਲਾਮ ਸਾਨੂੰ ਮਨਜ਼ੂਰ ਨਹੀਂ। ਤੂੰ ਜਿੰਨਾ ਮਰਜ਼ੀ ਜ਼ੋਰ ਲਾ ਕੇ ਵੇਖ ਲੈ, ਅਸੀਂ ਸਿੱਖ ਧਰਮ ਤੋਂ ਦੂਰ ਨਹੀਂ ਹੁੰਦੀਆਂ। ਜਾਨ ਕੱਲ ਜਾਂਦੀ ਬੇਸ਼ੱਕ ਹੁਣੇ ਚੱਲੀ ਜਾਏ, ਸਾਨੂੰ ਕੋਈ ਪਰਵਾਹ ਨਹੀਂ।''

ਸਿੰਘਣੀਆਂ ਦੀ ਇਹ ਗਰਜ ਸੁਣ ਕੇ ਮੀਰ ਮੰਨੂੰ ਕੰਬ ਉਠਿਆ। ਉਸ ਨੇ ਸਿਪਾਹੀਆਂ ਨੂੰ ਹੁਕਮ ਦਿੱਤਾ ਕਿ ਇਹਨਾਂ ਦੇ ਬੱਚੇ ਖੋਹ ਕੇ ਇਹਨਾਂ ਦੀਆਂ ਅੱਖਾਂ ਸਾਹਮਣੇ ਸ਼ਹੀਦ ਕੀਤੇ ਜਾਣ ਤੇ ਟੁਕੜੇ ਟੁਕੜੇ ਕਰ ਦਿੱਤੇ ਜਾਣ, ਫਿਰ ਦੇਖਦਾ ਹਾਂ ਕਿ ਇਹ ਡੋਲਦੀਆਂ ਹਨ ਕਿ ਨਹੀਂ। ਜ਼ਾਲਮਾਂ ਨੇ ਬੱਚੇ ਖੋਹ ਲਏ, ਜਿਵੇਂ ਮਨ ਕੀਤਾ, ਉਹਨਾਂ ਨੂੰ ਕੋਹ-ਕੋਹ ਕੇ ਮਾਰਨਾ ਸ਼ੁਰੂ ਕੀਤਾ। ਕਈ ਨੇਜ਼ਿਆਂ 'ਤੇ ਟੰਗ ਦਿੱਤੇ, ਕਈ ਤਲਵਾਰਾਂ ਨਾਲ ਕੱਟ ਦਿੱਤੇ, ਕਿਸੇ ਦੀ ਬਾਂਹ, ਕਿਸੇ ਦੀ ਲੱਤ , ਕਿਸੇ ਦੀ ਗਰਦਨ ਕੱਟ ਦਿੱਤੀ, ਕਿਸੇ ਦਾ ਤੜਫਦਾ ਦਿਲ ਬਾਹਰ ਕੱਢਿਆ, ਕਿਸੇ ਦੀ ਅੱਖ ਵਿਚ ਛੁਰਾ ਮਾਰਿਆ , ਕਿਸੇ ਦੇ ਮੂੰਹ ਵਿਚ, ਜਿੰਨਾ ਹੋ ਸਕਿਆ ਜ਼ੁਲਮ ਕੀਤਾ। ਬੱਚਿਆਂ ਦੇ ਟੋਟੇ ਕਰ ਕੇ ਸਿੰਘਣੀਆਂ ਦੇ ਗਲ੍ਹਾਂ ਵਿਚ ਹਾਰ ਪਾਏ। ਪਰ ਧੰਨ ਸਨ ਉਹ ਸਿੰਘਣੀਆਂ ਜਿਹੜੀਆਂ ਆਪਣੀਆਂ ਅੱਖਾਂ ਸਾਹਮਣੇ ਇੰਨਾ ਜ਼ੁਲਮ ਦੇਖਣ ਦੇ ਬਾਵਜੂਦ ਵੀ ਆਪਣੇ ਧਰਮ (ਸਿਦਕ) ਤੋਂ ਨਹੀਂ ਡੋਲੀਆਂ। ਉਹ ਧੰਨ ਵਾਹਿਗੁਰੂ, ਧੰਨ ਵਾਹਿਗੁਰੂ ਆਖ ਰਹੀਆਂ ਸਨ, ਤੇ ਕਹਿ ਰਹੀਆਂ ਸਨ—ਸੱਚੇ ਪਾਤਸ਼ਾਹ! ਸਾਡੀ ਸਿੱਖੀ ਸੁਆਸਾਂ ਸੰਗ ਨਿਭ ਜਾਏ, ਜਿਸ ਤਰ੍ਹਾਂ ਇਹਨਾਂ ਬੱਚਿਆਂ ਦੀ ਨਿਭ ਰਹੀ ਹੈ। ਇਹ ਵੀ ਚੰਗਾ ਹੋਇਆ ਕਿ ਸਾਡੇ ਬੱਚੇ ਸਿੱਖੀ ਲਈ ਸ਼ਹੀਦ ਹੋ ਰਹੇ ਹਨ। ਮੀਰ ਮੰਨੂੰ ਨੇ ਇਕ ਵਾਰ ਫਿਰ ਸਿੰਘਣੀਆਂ ਨੂੰ ਕਿਹਾ ਕਿ ਅਜੇ ਵੀ ਵੇਲਾ ਹੈ, ਕਿ ਮੇਰਾ ਹੁਕਮ ਮੰਨ ਲਵੋ ਤੇ ਇਸਲਾਮ ਕਬੂਲ ਕਰ ਲਵੋ। ਉਸਨੇ ਸਿੰਘਣੀਆਂ ਨੂੰ ਲਾਲਚ ਵੀ ਦਿੱਤੇ, ਪਰ ਸਿੰਘਣੀਆਂ ਨੇ ਕਿਹਾ :

''ਓ ਜ਼ਾਲਮਾ! ਜਿਸ ਮਜ਼ਹਬ ਦੇ ਲੋਕ ਇੰਨੇ ਜ਼ਾਲਮ, ਨਿਰਦਈ ਤੇ ਨੀਚ ਹੋਣ ਕਿ ਮਾਸੂਮਾਂ ਨੂੰ ਵੀ ਮਾਰਨ ਤੋਂ ਨਾ ਝਿਜਕਣ, ਐਸੇ ਮਜ਼ਹਬ ਨੂੰ ਕੌਣ ਧਾਰਨ ਕਰੇਗਾ। ਧਾਰਨ ਕਰਨਗੇ ਉਸ ਮਜ਼ਹਬ ਨੂੰ ਜੋ ਦੂਜਿਆਂ ਲਈ ਕੁਰਬਾਨ ਹੁੰਦੇ ਹਨ, ਜਿਸ ਮਜ਼ਹਬ ਦੇ ਬੱਚੇ ਵੀ ਕੁਰਬਾਨੀਆਂ ਦੇ ਸਕਦੇ ਹਨ। ਉਸ ਮਜ਼ਹਬ ਨੂੰ ਲੋਕ ਧਾਰਨ ਕਰਨਗੇ, ਨਾ ਕਿ ਤੇਰੇ ਮਜ਼ਹਬ ਨੂੰ ਜੋ ਹਰ ਇਕ ਨਾਲ ਜ਼ਬਰਦਸਤੀ ਕਰਦਾ ਹੈ, ਬੇ-ਇਨਸਾਫ਼ੀ ਕਰਦਾ ਹੈ। ਤੂੰ ਹੋਰ ਵੀ ਜ਼ੁਲਮ ਕਰਨਾ ਹੈ, ਬੇਸ਼ੱਕ ਰੱਜ ਕੇ ਕਰ ਲੈ, ਪਰ ਇਹ ਆਸ ਆਪਣੀਆਂ ਪੁਸ਼ਤਾਂ ਤੱਕ ਮੁੱਕਾ ਦੇ ਕਿ ਗੁਰੂ ਗੋਬਿੰਦ ਸਿੰਘ ਦੀਆਂ ਪੁੱਤਰੀਆਂ ਕਦੇ ਮੁਸਲਮਾਨੀਆਂ ਬਣ ਜਾਣਗੀਆਂ। ਇਹ ਨਾ ਕਦੇ ਹੋਇਆ ਹੈ, ਨਾ ਕਦੇ ਹੋਵੇਗਾ, ਅਤੇ ਨਾ ਹੀ ਕਦੇ ਹੋ ਸਕਦਾ ਹੈ। ਭਾਵੇਂ ਸਾਡੇ ਟੋਟੇ ਟੋਟੇ ਕਿਉਂ ਨਾ ਹੋ ਜਾਣ, ਅਸੀਂ ਧਰਮ ਨਹੀਂ ਛੱਡਾਂਗੀਆਂ। ਸਿੱਖ ਧਰਮ ਹਮੇਸ਼ਾ ਚੜ੍ਹਦੀ ਕਲਾ ਵਿਚ

ਸੀ, ਚੜ੍ਹਦੀ ਕਲਾ ਵਿਚ ਹੈ, ਤੇ ਚੜ੍ਹਦੀ ਕਲਾ ਵਿਚ ਹੀ ਰਹੇਗਾ।''

ਇਹ ਸੁਣ ਕੇ ਮੀਰ ਮੰਨੂੰ ਨੂੰ ਗ਼ੁੱਸਾ ਆਇਆ ਤੇ ਉਸ ਨੇ ਸਿੰਘਣੀਆਂ ਨੂੰ ਕੋਰੜੇ ਮਰਵਾ ਕੇ ਨਿਢਾਲ ਕਰ ਦਿੱਤਾ, ਪਰ ਉਹ ਆਪਣੇ ਧਰਮ ਵਿਚ ਪ੍ਰਪੱਕ ਰਹੀਆਂ।

***ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥***

ਸਤਿਕਾਰ ਯੋਗ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂ ਵਾਲੇ ਮਹਾਂਪੁਰਖਾਂ ਨੇ ਇਸ ਸ਼ਬਦ ਦੀ ਕਥਾ ਕਰਦਿਆਂ, ਕਥਨ ਕੀਤਾ ਹੈ, ਕਿ ਇਸ ਸ਼ਬਦ ਅੰਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ੧੯ ਦੋਸ਼ਾਂ ਤੋਂ ਰਹਿਤ ਜੋ ਪੁਰਖ ਹੈ, ਉਸ ਨੂੰ ਬ੍ਰਹਮ ਗਿਆਨੀ ਦੱਸਿਆ ਹੈ। ਉਸ ਬ੍ਰਹਮ ਗਿਆਨੀ ਦੇ ਇਹ ੧੯ ਲੱਖਸ਼ਣ ਹਨ

ਬ੍ਰਹਮ ਗਿਆਨੀ ਦੇ ੧੯ ਲੱਖਸ਼ਣ:

***ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥***

੧. ਦੁਖ ਰੂਪ ਸੰਸਾਰ ਅੰਦਰ ਦੁੱਖ ਨੂੰ ਕਰਕੇ ਮਹਿਸੂਸ ਨਹੀਂ ਕਰਦਾ

''ਸੁਖ ਸਨੇਹੁ ਅਰੁ ਭੈ ਨਹੀ ਜਾ ਕੈ,

੨. ਸੁੱਖ ਨਾਲ ਉਸ ਦਾ ਪ੍ਰੇਮ ਨਹੀਂ ਹੈ।

੩. ਉਸਨੂੰ ਕਿਸੇ ਪ੍ਰਕਾਰ ਵੀ ਡਰ ਨਹੀਂ ਹੈ।

***ਕੰਚਨ ਮਾਟੀ ਮਾਨੈ॥ ੧॥ ਰਹਾਉ॥***

੪. ਉਹ ਸੋਨੇ ਨੂੰ ਸੋਨਾ ਮੰਨ ਕੇ ਮਨ ਵਿਚ ਕੋਈ ਲੋਭ ਨਹੀਂ ਕਰਦਾ।

੫. ਮਿੱਟੀ ਨੂੰ ਮਿੱਟੀ ਜਾਣ ਕੇ ਇਸ ਦਾ ਤ੍ਰਿਸਕਾਰ (ਨਿਰਾਦਰ ) ਨਹੀਂ ਕਰਦਾ, ਭਾਵ ਸੋਨੇ ਤੇ ਮਿੱਟੀ ਦੋਵੇਂ ਉਸ ਦੀ ਨਜ਼ਰ ਵਿਚ ਇਕ ਸਮਾਨ ਹਨ।

***ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ॥***

੬. ਉਹ ਕਿਸੇ ਦੀ ਨਿੰਦਿਆ ਨਹੀਂ ਕਰਦਾ।

੭. ਨਾਹੀ ਕਿਸੇ ਦੀ ਉਸਤਤੀ ਕਰਦਾ ਹੈ।

੮. ਉਹ ਲੋਭ,

੯. ਮੋਹ

੧੦. ਅਤੇ ਹੰਕਾਰ ਤੋਂ ਰਹਿਤ ਹੈ।

***ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ॥ ੧॥***

੧੧. ਹਰਖ (ਖ਼ੁਸ਼ੀ)

੧੨. ਸੋਗ (ਗ਼ਮੀ)

੧੩. ਮਾਨ (ਸਤਿਕਾਰ)

੧੪. ਅਭਿਮਾਨ (ਨਿਰਾਦਰ) ਇਹਨਾਂ ਤੋਂ ਰਹਿਤ ਹੈ।

***ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ॥***

੧੫. ਆਸਾ (ਇੱਛਾਵਾਂ)

੧੬. ਮਨਸਾ (ਮਨ ਦੀਆਂ ਵਾਸ਼ਨਾਵਾਂ) ਇਹਨਾਂ ਸਾਰੀਆਂ ਦਾ ਤਿਆਗ ਕਰ ਦਿੰਦਾ ਹੈ।

੧੭. ਜਗਿ ਤੇ ਰਹੈ ਨਿਰਾਸਾ॥ ਸੰਸਾਰ ਤੋਂ ਉਪਰਾਮ ਰਹਿੰਦਾ ਹੈ।

***ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ॥੨॥***

੧੮. ਕਾਮ (ਮੰਦ ਵਾਸ਼ਨਾਵਾਂ) ਤੋਂ

੧੯. ਤੇ ਕ੍ਰੋਧ ਤੋਂ ਰਹਿਤ ਹੈ।

ਇਹਨਾਂ ੧੯ ਦੋਸ਼ਾਂ ਤੋਂ ਰਹਿਤ ਪੁਰਖ ਦੇ ਹਿਰਦੇ ਅੰਦਰ ਪੂਰਨ ਰੂਪ ਵਿਚ ਬ੍ਰਹਮ ਦਾ ਨਿਵਾਸ ਹੈ। ਐਸੇ ੧੯ ਲੱਖਸ਼ਣਾਂ ਦੇ ਧਾਰਨ ਵਾਲੇ ਪੁਰਖ ਨੂੰ ਬ੍ਰਹਮ ਗਿਆਨੀ (ਜੀਵਨ ਮੁਕਤ) ਮੰਨਿਆ ਜਾਂਦਾ ਹੈ।

***ਪਾਣੀ ਅੰਦਰਿ ਧਰਤਿ ਹੈ ਧਰਤ ਅੰਦਰਿ ਪਾਣੀ ਵਸੈ।***
***ਧਰਤੀ ਰੰਗੁ ਨ ਰੰਗ ਸਭ ਧਰਤੀ ਸਾਉ ਨ ਸਭ ਰਸ ਰਸੈ।***
***ਧਰਤੀ ਗੰਧੁ ਨ ਗੰਧ ਬਹੁ ਧਰਤਿ ਨ ਰੂਪ ਅਨੂਪ ਤਰਸੈ।***
***ਜੇਹਾ ਬੀਜੈ ਸੋ ਲੁਣੈ ਕਰਮਿ ਭੂਮਿ ਸਭ ਕੋਈ ਦਸੈ।***
***ਚੰਦਨ ਲੇਪੁ ਨ ਲੇਪੁ ਹੈ ਕਰਿ ਮਲ ਮੂਤ ਕਸੂਤੁ ਨ ਧਸੈ।***
***ਵੁਠੇ ਮੀਹ ਜਮਾਇਦੇ ਡਵਿ ਲਗੈ ਅੰਗੂਰੁ ਵਿਗਸੈ॥***
***ਦੁਖਿ ਨ ਰੋਵੈ ਸੁਖਿ ਨ ਹਸੈ॥ ੧੪॥***

(ਵਾਰ ੨੮, ਪਉੜੀ ੧੪)

ਸੋਰਠਿ ਮਹਲਾ ੯ ॥ ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥ ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥ ੧ ॥ ਰਹਾਉ ॥ ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ॥ ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥ ੧ ॥ ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥ ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ

**ਨਿਵਾਸਾ॥੨॥ ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ॥ ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥੩॥੧੧॥**

(ਅੰਗ ੬੩੩)

## ਪਦ ਅਰਥ :

ਦੁਖੁ ਨਹੀ ਮਾਨੈ-ਦੁੱਖ ਨਹੀਂ ਮੰਨਦਾ, ਮਹਿਸੂਸ ਨਹੀਂ ਕਰਦਾ। ਸੁਖ ਸਨੇਹੁ-ਸੁੱਖਾਂ ਦਾ ਹਿਤ, ਪਿਆਰ। ਭੈ-ਡਰ। ਕੰਚਨ-ਸੋਨਾ। ਹਰਖ-ਖ਼ੁਸ਼ੀ। ਸੋਗ-ਗ਼ਮੀ। ਨਿਆਰਉ-ਨਿਰਲੇਪ। ਮਾਨ-ਆਦਰ। ਅਪਮਾਨਾ-ਨਿਰਾਦਰ। ਜਿਹ-ਜਿਸ। ਆਸਾ ਮਨਸਾ-ਇੱਛਾ ਤੇ ਉਮੀਦਾਂ। ਤਿਆਗੈ-ਛੱਡ ਦਿੰਦਾ ਹੈ। ਨਿਰਾਸਾ-ਆਸਾ ਤੋਂ ਰਹਿਤ। ਪਰਸੈ ਨਾਹਨਿ-ਛੋਹ ਨਹੀਂ ਸਕਦਾ। ਜੁਗਤਿ-ਜੀਵਨ ਜਾਚ। ਲੀਨ ਭਇਓ-ਸਮਾਅ ਜਾਂਦਾ ਹੈ, ਭਾਵ ਇਕ ਰੂਪ ਹੋ ਜਾਂਦਾ ਹੈ।

## ਅਰਥ :

(ਹੇ ਭਾਈ!) ਜੋ ਮਨੁੱਖ ਦੁੱਖ ਵਿਚ ਦੁੱਖ ਮਹਿਸੂਸ ਨਹੀਂ ਕਰਦਾ (ਭਾਵ ਦੁੱਖ ਵਿਚ ਡੋਲਦਾ ਨਹੀਂ, ਜਿਸ ਦਾ ਸੁੱਖਾਂ ਨਾਲ ਹਿਤ ਨਹੀਂ, (ਅਤੇ ਮਨ ਵਿਚ) ਕਿਸੇ ਤਰ੍ਹਾਂ ਦਾ ਡਰ ਨਹੀਂ ਹੈ, (ਅਤੇ) ਸੋਨਾ ਤੇ ਮਿਟੀ (ਉਸ ਮਨੁੱਖ ਨੂੰ) ਇਕ ਸਮਾਨ ਹੈ। ੧। ਰਹਾਉ। (ਹੇ ਭਾਈ!) ਜਿਸ (ਮਨੁੱਖ ਦੇ ਹਿਰਦੇ) ਅੰਦਰ ਨਾ ਕਿਸੇ ਦੀ ਨਿੰਦਿਆ ਹੈ, (ਅਤੇ) ਨਾ ਹੀ ਉਹ ਕਿਸੇ ਦੀ ਵਡਿਆਈ ਕਰਦਾ ਹੈ, ਲੋਭ, ਮੋਹ ਹੰਕਾਰ ਤੋਂ ਰਹਿਤ ਹੈ, (ਉਹ) ਖ਼ੁਸ਼ੀ ਗ਼ਮੀ ਤੋਂ ਨਿਰਲੇਪ ਰਹਿੰਦਾ ਹੈ, (ਉਸ ਨੂੰ) ਆਦਰ ਤੇ ਨਿਰਾਦਰ (ਵੀ) ਇਕ ਸਮਾਨ ਹੈ। ੧। (ਉਹ) ਇੱਛਾ ਤੇ ਉਮੀਦਾਂ (ਸਭ ਨੂੰ) ਤਿਆਗ ਕੇ, ਆਸਾਂ ਤੋਂ ਰਹਿਤ ਹੋ ਕੇ ਜਗਤ ਅੰਦਰ ਰਹਿੰਦਾ ਹੈ। ਕਾਮ, ਕਰੋਧ ਵਿਕਾਰ ਵੀ (ਜਿਸ ਪੁਰਸ਼) ਨੂੰ ਪੋਂਹਦੇ ਨਹੀਂ ਹਨ, ਉਸ (ਮਨੁੱਖ) ਦੇ ਹਿਰਦੇ ਵਿਚ ਬ੍ਰਹਮ ਦਾ ਨਿਵਾਸ ਹੈ। ੨। (ਹੇ ਭਾਈ!) ਜਿਸ ਮਨੁੱਖ ਉੱਤੇ ਗੁਰੂ ਨੇ ਕਿਰਪਾ ਕੀਤੀ ਹੈ, ਉਸ ਨੇ ਇਹੋ (ਜਿਹੀ ਜੀਵਨ) ਜੁਗਤ ਸਮਝੀ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਉਹ ਮਨੁੱਖ ਪ੍ਰਭੂ ਵਿਚ ਇਸ ਤਰ੍ਹਾਂ ਸਮਾਅ ਜਾਂਦਾ ਹੈ (ਭਾਵ ਅਭੇਦ ਹੋ ਜਾਂਦਾ ਹੈ) ਜਿਸ ਤਰ੍ਹਾਂ ਪਾਣੀ ਨਾਲ ਪਾਣੀ ਮਿਲ ਕੇ ਇਕਮਿਕ ਹੋ ਜਾਂਦਾ ਹੈ। ੩। ੧੧।

## ਵਿਆਖਿਆ ਤੇ ਸਾਰੰਸ਼ :

ਇਸ ਸ਼ਬਦ ਦਾ ਆਰੰਭ ਵਿਚ ਬਹੁਤ ਵਿਸਥਾਰ ਹੋ ਚੁੱਕਾ ਹੈ, ਇਸ ਲਈ ਇਸ ਸਿਧਾਂਤ ਨਾਲ ਮਿਲਦੇ ਭਾਈ ਗੁਰਦਾਸ ਜੀ ਦੇ ਦੋ ਕਬਿੱਤ ਇਸ ਪ੍ਰਕਾਰ ਹਨ-

*ਗੁਰਮੁਖਿ ਆਪਾ ਖੋਇ, ਜੀਵਨ ਮੁਕਤਿ ਗਤਿ, ਬਿਸਮ ਬਿਦੇਹ ਗੇਹ ਸਮਤ ਸੁਭਾਉ ਹੈ॥*
*ਜਨਮ ਮਰਨ ਸਮ, ਨਰਕ ਸੁਰਗ ਅਰੁ, ਪੁੰਨ ਪਾਪ ਸੰਪਤਿ ਬਿਪਤਿ ਚਿੰਤਾ ਚਾਉ ਹੈ॥*
*ਬਨ ਗ੍ਰਿਹ, ਜੋਗ ਭੋਗ, ਲੋਗ ਬੇਦ, ਗਿਆਨ ਧਿਆਨ, ਦੁਖ ਸੁਖ ਸੋਗਾਨੰਦ ਮਿਤ੍ਰ ਸਤ੍ਰ ਤਾਉ ਹੈ॥*
*ਲੋਸਟ ਕਨਿਕ ਬਿਖੁ ਅੰਮ੍ਰਿਤ ਅਗਨਿ ਜਲ, ਸਹਜ ਸਮਾਧਿ ਉਨਮਨ ਅਨੁਰਾਉ ਹੈ॥੯੦॥*

(ਕਬਿੱਤ ਸਵੱਯੇ)

*ਲੋਚਨ ਧਿਆਨ ਸਮ ਲੋਸਟ ਕਨਿਕ ਤਾ ਕੈ, ਸ੍ਰਵਨ ਉਸਤਿਤ ਨਿੰਦਾ ਸਮਸਰਿ ਜਾਨੀਐ॥*
*ਨਾਸਕਾ ਸੁਗੰਧ ਬਿਰਗੰਧ ਸਮ ਤੁਲਿ ਤਾ ਕੈ, ਰਿਦੈ ਮਿਤ੍ਰ ਸਤ੍ਰ ਸਮਸਰਿ ਉਨਮਾਨੀਐ॥*
*ਰਸਨ ਸੁਆਦ ਬਿਖੁ ਅੰਮ੍ਰਿਤੁ ਸਮਾਨਿ ਤਾ ਕੈ, ਕਰ ਸਪਰਸ ਜਲ ਅਗਨਿ ਸਮਾਨੀਐ॥*
*ਦੁਖ ਸੁਖ ਸਮਸਰਿ ਬਿਆਪੈ ਨ ਹਰਖ ਸੋਗੁ, ਜੀਵਨ ਮੁਕਤਿ ਗਤਿ ਸਤਿਗੁਰ ਗਿਆਨੀਐ॥੧੦੪॥*

(ਕਬਿੱਤ ਸਵੱਯੇ)

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੬੯ (ਅੰਗ ੬੩੫)

## ਸੋਰਠਿ ਮਹਲਾ ੧ ਤਿਤੁਕੀ ॥

ਆਸਾ ਮਨਸਾ ਬੰਧਨੀ ਭਾਈ ਕਰਮ ਧਰਮ ਬੰਧਕਾਰੀ ॥ ਪਾਪਿ ਪੁੰਨਿ ਜਗੁ ਜਾਇਆ ਭਾਈ ਬਿਨਸੈ ਨਾਮੁ ਵਿਸਾਰੀ ॥ ਇਹ ਮਾਇਆ ਜਗਿ ਮੋਹਣੀ ਭਾਈ ਕਰਮ ਸਭੇ ਵੇਕਾਰੀ ॥ ੧ ॥ ਸੁਣਿ ਪੰਡਿਤ ਕਰਮਾ ਕਾਰੀ ॥ ਜਿਤੁ ਕਰਮਿ ਸੁਖੁ ਊਪਜੈ ਭਾਈ ਸੁ ਆਤਮ ਤਤੁ ਬੀਚਾਰੀ ॥ ਰਹਾਉ ॥ ਸਾਸਤੁ ਬੇਦੁ ਬਕੈ ਖੜੋ ਭਾਈ ਕਰਮ ਕਰਹੁ ਸੰਸਾਰੀ ॥ ਪਾਖੰਡਿ ਮੈਲੁ ਨ ਚੂਕਈ ਭਾਈ ਅੰਤਰਿ ਮੈਲੁ ਵਿਕਾਰੀ ॥ ਇਨ ਬਿਧਿ ਡੂਬੀ ਮਾਕੁਰੀ ਭਾਈ ਊਂਡੀ ਸਿਰ ਕੈ ਭਾਰੀ ॥ ੨ ॥ ਦੁਰਮਤਿ ਘਣੀ ਵਿਗੂਤੀ ਭਾਈ ਦੂਜੈ ਭਾਇ ਖੁਆਈ ॥ ਬਿਨੁ ਸਤਿਗੁਰ ਨਾਮੁ ਨ ਪਾਈਐ ਭਾਈ ਬਿਨੁ ਨਾਮੈ ਭਰਮੁ ਨ ਜਾਈ ॥ ਸਤਿਗੁਰੁ ਸੇਵੇ ਤਾ ਸੁਖੁ ਪਾਏ ਭਾਈ ਆਵਣੁ ਜਾਣੁ ਰਹਾਈ ॥ ੩ ॥ ਸਾਚੁ ਸਹਜੁ ਗੁਰ ਤੇ ਊਪਜੈ ਭਾਈ ਮਨੁ ਨਿਰਮਲੁ ਸਾਚਿ ਸਮਾਈ ॥ ਗੁਰੁ ਸੇਵੇ ਸੋ ਬੂਝੈ ਭਾਈ ਗੁਰ ਬਿਨੁ ਮਗੁ ਨ ਪਾਈ ॥ ਜਿਸੁ ਅੰਤਰਿ ਲੋਭੁ ਕਿ ਕਰਮ ਕਮਾਵੈ ਭਾਈ ਕੂੜੁ ਬੋਲਿ ਬਿਖੁ ਖਾਈ ॥ ੪ ॥ ਪੰਡਿਤ ਦਹੀ ਵਿਲੋਈਐ ਭਾਈ ਵਿਚਹੁ ਨਿਕਲੈ ਤਥੁ ॥ ਜਲੁ ਮਥੀਐ ਜਲੁ ਦੇਖੀਐ ਭਾਈ ਇਹੁ ਜਗੁ ਏਹਾ ਵਥੁ ॥ ਗੁਰ ਬਿਨੁ ਭਰਮਿ ਵਿਗੂਚੀਐ ਭਾਈ ਘਟਿ ਘਟਿ ਦੇਉ ਅਲਖੁ ॥ ੫ ॥ ਇਹੁ ਜਗੁ ਤਾਗੋ ਸੂਤ ਕੋ ਭਾਈ ਦਹ ਦਿਸ ਬਾਧੋ ਮਾਇ ॥ ਬਿਨੁ ਗੁਰ ਗਾਠਿ ਨ ਛੂਟਈ ਭਾਈ ਥਾਕੇ ਕਰਮ ਕਮਾਇ ॥ ਇਹੁ ਜਗੁ ਭਰਮਿ ਭੁਲਾਇਆ ਭਾਈ ਕਹਣਾ ਕਿਛੂ ਨ ਜਾਇ ॥ ੬ ॥ ਗੁਰ ਮਿਲਿਐ ਭਉ ਮਨਿ ਵਸੈ ਭਾਈ ਭੈ ਮਰਣਾ ਸਚੁ ਲੇਖੁ ॥ ਮਜਨੁ ਦਾਨੁ ਚੰਗਿਆਈਆ ਭਾਈ ਦਰਗਹ ਨਾਮੁ ਵਿਸੇਖੁ ॥ ਗੁਰੁ ਅੰਕਸੁ ਜਿਨਿ ਨਾਮੁ ਦ੍ਰਿੜਾਇਆ ਭਾਈ ਮਨਿ ਵਸਿਆ ਚੂਕਾ ਭੇਖੁ ॥ ੭ ॥ ਇਹੁ ਤਨੁ ਹਾਟੁ ਸਰਾਫ ਕੋ ਭਾਈ ਵਖਰੁ ਨਾਮੁ ਅਪਾਰੁ ॥ ਇਹੁ ਵਖਰੁ ਵਾਪਾਰੀ ਸੋ ਦ੍ਰਿੜੈ ਭਾਈ ਗੁਰ ਸਬਦਿ ਕਰੇ ਵੀਚਾਰੁ ॥ ਧਨੁ ਵਾਪਾਰੀ ਨਾਨਕਾ ਭਾਈ ਮੇਲਿ ਕਰੇ ਵਾਪਾਰੁ ॥ ੮ ॥ ੨ ॥

# ਪ੍ਰਾਕ੍ਥਨ :-

ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਹ ਪਾਵਨ ਸ਼ਬਦ ਸੋਰਠਿ ਰਾਗੁ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਦੇ ਆਰੰਭ ਵਿਚ ਹਜ਼ੂਰ ਨੇ ਬਖ਼ਸ਼ਿਸ਼ ਕੀਤੀ ਹੈ, ਕਿ ਮਿੱਥੇ ਹੋਏ ਧਾਰਮਿਕ ਕਰਮ ਕਰਨ ਨਾਲ ਛੁਟਕਾਰਾ ਨਹੀਂ ਹੁੰਦਾ, ਸਗੋਂ ਵਾਸ਼ਨਾ 'ਚ ਘਿਰਿਆ ਮਨੁੱਖ ਕਈ ਤਰ੍ਹਾਂ ਦੇ ਪਾਪ ਪੁੰਨ ਕਰਮ ਵਾਸ਼ਨਾ ਪੂਰੀ ਕਰਨ ਵਾਸਤੇ ਕਰਦਾ ਹੈ, ਜੋ ਇਸ ਮਨੁੱਖ ਲਈ ਬੰਧਨ ਬਣ ਜਾਂਦੇ ਹਨ।

## ਵਿਸ਼ਾ — ਕਰਮ ਧਰਮ ਬੰਧਕਾਰੀ

ਮਨੁੱਖੀ ਸਰੀਰ ਕਰਮ ਜੋਨੀ ਹੈ, ਇਸ ਤੋਂ ਬਿਨਾਂ ਬਾਕੀ ਪਸ਼ੂ ਆਦਿ ਜੂਨਾਂ ਨੂੰ ਭੋਗ ਜੂਨੀ ਮੰਨਿਆ ਹੈ। ਕਰਮ ਕਰਕੇ ਮਨੁੱਖ ਗੁਰੂ (ਪ੍ਰਮੇਸ਼ਰ) ਦੇ ਨੇੜੇ ਹੈ, ਕਰਮ ਕਰਕੇ ਹੀ ਦੂਰ ਹੋ ਜਾਂਦਾ ਹੈ। ਮਾੜੇ ਕਰਮ ਕਰਕੇ ਮਨੁੱਖ ਬੰਧਨਾਂ ਵਿਚ ਫਸ ਜਾਂਦਾ ਹੈ। ਚੰਗੇ ਕਰਮ ਕਰਕੇ ਜੀਵ ਦਾ ਬੰਧਨਾਂ ਤੋਂ ਛੁਟਕਾਰਾ ਹੋ ਜਾਂਦਾ ਹੈ। ਕਰਮ ਇਕ ਬੀਜ ਹੈ, ਨੀਅਤ ਧਰਤੀ ਹੈ।

ਚੰਗਾ ਕਰਮ ਚੰਗਾ ਬੀਜ ਹੈ, ਮਾੜਾ ਕਰਮ ਭੈੜਾ ਬੀਜ ਹੈ। ਕਰਮ ਚੰਗਾ ਹੈ, ਨੀਅਤ ਚੰਗੀ ਨਹੀਂ ਤਾਂ ਬੀਜ ਕੱਲਰੀ ਧਰਤੀ ਵਿਚ ਜਾ ਪਿਆ। ਪਰ ਮਨੁੱਖ ਦੀ ਨੀਅਤ ਚੰਗੀ ਹੋਵੇ, ਕਰਮ ਚੰਗਾ ਨਾ ਹੋਵੇ ਤਾਂ ਇਸ ਪਾਸ ਚੰਗੀ ਧਰਤੀ ਤਾਂ ਹੈ, ਪਰ ਬੀਜ ਚੰਗਾ ਨਹੀਂ। ਵੇਖਣ ਵਿਚ ਆਇਆ ਹੈ ਕਿ ਚੰਗਾ ਬੀਜ ਤਾਂ ਕਈਆਂ ਪਾਸ ਹੁੰਦਾ ਹੈ, ਪਰ ਚੰਗੀ ਧਰਤੀ ਕਿਸੇ ਕਿਸੇ ਪਾਸ ਹੁੰਦੀ ਹੈ।

ਮਨੁੱਖ ਧਾਰਮਿਕ ਤੌਰ ਤੇ ਕੋਈ ਕਰਮ ਕਰਦਾ ਹੈ, ਗੁਰੂ ਨੂੰ ਮਸਤਕ ਟੇਕਣਾ ਇਕ ਚੰਗਾ ਕਰਮ (ਬੀਜ) ਹੈ, ਪਰ ਨੀਅਤ ਨਹੀਂ ਤਾਂ ਸਿਰ ਨਿਵਾਣਾ ਬੇਅਰਥ ਹੋ ਜਾਂਦਾ ਹੈ।

***ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ॥***

(ਆਸਾ ਕੀ ਵਾਰ, ਅੰਗ ੪੭੦)

ਇਸ ਕਰਕੇ ਕਰਮ ਕਈ ਤਰ੍ਹਾਂ ਦੇ ਹਨ, ਨਿਤ, ਨਮਿਤ, ਪ੍ਰਾਸਚਿਤ, ਵਿਧ, ਨਿਖੇਧ ਆਦਿ ਕਰਮ ਵਿਦਵਾਨਾਂ ਨੇ ਦਰਸਾਏ ਹਨ। ਹੋਰ ਤਿੰਨ ਤਰ੍ਹਾਂ ਦੇ ਕਰਮ ਹਨ। ਕਿਰੇਮਾਨ ਕਰਮ, ਸੰਚਿਤ ਕਰਮ, ਪ੍ਰਾਲਬਧ ਕਰਮ। ਚੰਗੇ ਮਾੜੇ ਕੀਤੇ ਕਰਮਾਂ ਦਾ ਫਲ ਜੀਵ ਨੂੰ ਭੋਗਣਾ ਪੈਂਦਾ ਹੈ। ਪੂਰਨ ਗੁਰੂ ਜੀਵ ਦੇ ਮਾੜੇ ਕਰਮ ਕੱਟਣ ਨੂੰ ਸਮਰੱਥ ਹੈ।

## ਸਾਖੀ — ਗੁਟਾਰ ਤੇ ਬਾਜ਼ ਦੀ

ਗੁਰ ਇਤਿਹਾਸ ਅੰਦਰ ਜ਼ਿਕਰ ਆਉਂਦਾ ਹੈ, ਕਿ ਇਕ ਵਾਰ ਸਾਹਿਬ-ਏ-ਕਮਾਲ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਉਸਤਤਿ ਸੁਣ ਕੇ ਇਕ ਬੈਰਾਗੀ ਵੈਸ਼ਨਵ ਮੱਤ ਵਾਲਾ ਗੁਰੂ ਜੀ ਦੇ ਦਰਸ਼ਨ ਕਰਨ ਆਇਆ। ਆ ਕੇ ਕੀ ਵੇਖਦਾ ਹੈ, ਕਿ ਗੁਰੂ ਜੀ ਦੇ ਹੱਥ ਵਿਚ ਗੁਟਾਰ ਪੰਛੀ ਹੈ, ਤੇ ਦੂਜੇ ਹੱਥ ਵਿਚ ਬਾਜ਼ ਫੜਿਆ ਹੈ, ਤੇ ਉਸ ਬਾਜ਼ ਨੇ ਗੁਟਾਰ ਦੇ ਮਾਸ ਨੂੰ ਤੋੜਿਆ। ਦੁਬਾਰਾ ਫਿਰ ਤੋੜਿਆ, ਜਦ ਤੀਜੀ

ਵਾਰ ਗੁਟਾਰ ਦੇ ਮਾਸ ਨੂੰ ਬਾਜ਼ ਨੇ ਤੋੜਿਆ, ਤਾਂ ਬੈਰਾਗੀ ਦੇ ਮਨ ਵਿਚ ਬੜੀ ਸ਼ੰਕਾ ਆਈ, ਕਿ ਮੈਂ ਤਾਂ ਗੁਰੂ ਜੀ ਬੜੇ ਹੀ ਦਿਆਲੂ, ਸ਼ਾਂਤ ਮਈ ਸੁਣੇ ਸਨ, ਪਰ ਇਹਨਾਂ ਦੇ ਚਿਤ ਵਿਚ ਤਾਂ ਬੜੀ ਹੀ ਕਠੋਰਤਾ ਹੈ। ਦਇਆ ਤਾਂ ਰੰਚਕ ਮਾਤਰ ਵੀ ਨਹੀਂ ਦਿਖਾਈ ਦਿੰਦੀ, ਜੋ ਜਿਊਂਦੀ ਗੁਟਾਰ ਦਾ ਮਾਸ ਆਪਣੀਆਂ ਅੱਖਾਂ ਸਾਹਮਣੇ ਬਾਜ਼ ਪਾਸੋਂ ਤੁੜਵਾ ਰਹੇ ਹਨ।

ਅੰਤਰਜਾਮੀ ਸਤਿਗੁਰੂ ਜੀ ਨੇ ਸੰਤ ਦੇ ਹਿਰਦੇ ਦੀ ਸ਼ੰਕਾ ਜਾਣ ਕੇ ਕਿਹਾ, "ਹੇ ਸੰਤ ਜੀ! ਆਪ ਜੀ ਦੇ ਮਨ ਵਿਚ ਜੋ ਸੰਸਾ ਉਠਿਆ ਹੈ, ਉਸ ਦਾ ਉੱਤਰ ਸੁਣੋ :

ਇਹ ਜੋ ਗੁਟਾਰ ਹੈ, ਪਿਛਲੇ ਜਨਮ ਵਿਚ ਇਕ ਰਾਜੇ ਦਾ ਵਜ਼ੀਰ ਸੀ, ਤੇ ਬਾਜ਼ ਇਕ ਵੱਡਾ ਜ਼ਿਮੀਂਦਾਰ ਸੀ। ਇਸ ਵਜ਼ੀਰ ਨੇ ਝੂਠੀ ਤੁਹਮਤ ਲਗਾ ਕੇ ਇਸ ਨੂੰ ਪਿੰਡ ਤੋਂ ਬਾਹਰ ਕੱਢ ਦਿੱਤਾ ਸੀ ਅਤੇ ਇਸ ਜ਼ਿਮੀਂਦਾਰ ਦਾ ਪਿੰਡ ਉਜਾੜ ਦਿੱਤਾ ਸੀ। ਪਰ ਇਸ ਨੇ ਆਪਣੇ ਸੰਬੰਧੀਆਂ ਦੀ ਮੱਦਦ ਲੈ ਕੇ ਹੋਰ ਪਿੰਡ ਵਸਾ ਲਿਆ। ਵਜ਼ੀਰ ਨੇ ਦੁਬਾਰਾ ਫਿਰ ਉਸ ਪਿੰਡ ਨੂੰ ਵੀ ਉਜਾੜ ਦਿੱਤਾ। ਫਿਰ ਇਸ ਨੇ ਮਿੱਤਰਾਂ ਤੋਂ ਮੱਦਦ ਲੈ ਕੇ ਪਿੰਡ ਵਸਾਇਆ। ਪਰ ਇਸ ਵਜ਼ੀਰ ਨੇ ਵੈਰ ਭਾਵਨਾ ਖ਼ਤਮ ਨਾ ਕੀਤੀ। ਤੀਜੀ ਵਾਰ ਫਿਰ ਪਿੰਡ ਉਜਾੜ ਦਿੱਤਾ। ਸਮਾਂ ਪਾ ਕੇ ਦੋਵੇਂ ਮਰ ਗਏ। ਰਾਜੇ ਦਾ ਜੋ ਵਜ਼ੀਰ ਸੀ ਉਹ ਗੁਟਾਰ ਬਣ ਗਿਆ ਤੇ ਜੋ ਚੌਧਰੀ ਜ਼ਿਮੀਂਦਾਰ ਸੀ, ਉਹ ਬਾਜ਼ ਬਣਿਆ। ਅੱਜ ਵੀ ਇਹ ਆਪਸ ਵਿਚ ਬਦਲਾ ਲੈ ਰਹੇ ਹਨ। ਇਸ ਬਾਜ਼ ਨੇ ਇਸ ਗੁਟਾਰ ਨੂੰ ਤਿੰਨ ਜਨਮ ਖਾਣਾ ਸੀ। ਗੁਰੂ ਨਾਨਕ ਦੇ ਦਰ 'ਤੇ ਆਉਣ ਦਾ ਇਸ ਨੂੰ ਇਹ ਫਲ ਪ੍ਰਾਪਤ ਹੋਇਆ, ਕਿ ਇਹਨਾਂ ਦਾ ਲੇਖਾ ਇਸ ਜਨਮ ਵਿਚ ਹੀ ਮੁੱਕਾ ਦਿੱਤਾ ਹੈ।

ਗੁਰੂ ਜੀ ਨੇ ਕਿਹਾ, ਇਹ ਜੀਵ ਆਪਣੇ ਬੀਜੇ ਹੋਏ ਕਰਮਾਂ ਦੇ ਫਲ ਨੂੰ ਹੀ ਖਾਂਦਾ ਹੈ।" ਇਹ ਸਾਰਾ ਪ੍ਰਸੰਗ ਸੁਣ ਕੇ ਬੈਰਾਗੀ ਹੈਰਾਨ ਰਹਿ ਗਿਆ ਤੇ ਉਹ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ, ਧੰਨ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਕਹਿੰਦਾ, ਚਲਾ ਗਿਆ।

**ਸੋਰਠਿ ਮਹਲਾ ੧ ਤਿਤੁਕੀ॥ ਆਸਾ ਮਨਸਾ ਬੰਧਨੀ ਭਾਈ ਕਰਮ ਧਰਮ ਬੰਧਕਾਰੀ॥ ਪਾਪਿ ਪੁੰਨਿ ਜਗੁ ਜਾਇਆ ਭਾਈ ਬਿਨਸੈ ਨਾਮੁ ਵਿਸਾਰੀ॥ ਇਹ ਮਾਇਆ ਜਗਿ ਮੋਹਣੀ ਭਾਈ ਕਰਮ ਸਭੇ ਵੇਕਾਰੀ॥ ੧ ॥ ਸੁਣਿ ਪੰਡਿਤ ਕਰਮਾ ਕਾਰੀ॥ ਜਿਤੁ ਕਰਮਿ ਸੁਖੁ ਊਪਜੈ ਭਾਈ ਸੁ ਆਤਮ ਤਤੁ ਬੀਚਾਰੀ॥ ਰਹਾਉ॥ ਸਾਸਤੁ ਬੇਦੁ ਬਕੈ ਖੜੋ ਭਾਈ ਕਰਮ ਕਰਹੁ ਸੰਸਾਰੀ॥ ਪਾਖੰਡਿ ਮੈਲੁ ਨ ਚੂਕਈ ਭਾਈ ਅੰਤਰਿ ਮੈਲੁ ਵਿਕਾਰੀ॥ ਇਨ ਬਿਧਿ ਡੂਬੀ ਮਾਕੁਰੀ ਭਾਈ ਊਂਡੀ ਸਿਰ ਕੈ ਭਾਰੀ॥ ੨ ॥**

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

## ਪਦ ਅਰਥ :

ਆਸਾ ਮਨਸਾ-ਮਾਇਆ ਵਾਲੀਆਂ ਆਸਾਂ ਤੇ ਫੁਰਨੇ, ਉਮੀਦਾਂ ਤੇ ਇੱਛਾਵਾਂ। ਬੰਧਨੀ-(ਮਾਇਆ ਦੇ ਮੋਹ ਵਿਚ) ਬੰਨ੍ਹਣ ਵਾਲੀਆਂ। ਭਾਈ-ਹੇ ਭਾਈ ! ਹੇ ਪੰਡਿਤ। ਕਰਮ ਧਰਮ-ਉਹ ਕਰਮ ਜੋ ਧਾਰਮਿਕ ਮਿੱਥੇ ਹੋਏ, ਵਿਖਾਵੇ ਦੇ, ਰਸਮੀ ਧਾਰਮਿਕ ਕਰਮ। ਬੰਧਕਾਰੀ-ਮਾਇਆ ਦੇ ਬੰਧਨ ਪੈਦਾ ਕਰਨ ਵਾਲੇ। ਪਾਪਿ ਪੁੰਨਿ-(ਰਸਮੀ ਤੌਰ ਤੇ ਮੰਨੇ ਹੋਏ) ਪਾਪ ਅਤੇ ਪੁੰਨ ਦੇ ਕਾਰਨ। ਬਿਨਸੈ-ਆਤਮਿਕ ਮੌਤ ਮਰਦਾ ਹੈ। ਵਿਸਾਰੀ- ਵਿਸਾਰ ਕੇ। ਜਗਿ-ਜਗਤ ਵਿਚ। ਵੇਕਾਰੀ-ਵਿਅਰਥ। ੧।

ਪੰਡਿਤ-ਹੇ ਪੰਡਿਤ। ਕਰਮਾਕਾਰੀ-ਕਰਮ ਕਾਂਡੀ, ਤੀਰਥ ਵਰਤ ਆਦਿਕ ਮਿੱਥੇ ਹੋਏ ਧਾਰਮਿਕ ਕਰਮਾਂ ਦਾ ਵਿਸ਼ਵਾਸੀ। ਜਿਤੁ ਕਰਮਿ-ਜਿਸ ਕਰਮ ਦੀ ਰਾਹੀਂ। ਆਤਮ ਤਤੁ-ਆਤਮਾ ਦਾ ਮੂਲ। ੧। ਰਹਾਉ।

ਬਕੈ ਖੜੋ-ਖਲੋਤਾ ਉਚਾਰਦਾ ਹੈ। ਕਰਹੁ-ਤੁਸੀਂ ਕਰਦੇ ਹੋ। ਸੰਸਾਰੀ-ਸੰਸਾਰ ਵਾਲੇ, ਮਾਇਆ ਵਿਚ ਹੀ ਪ੍ਰਵਿਰਤ ਰਹਿਣ ਵਾਲੇ। ਪਾਖੰਡਿ-ਪਾਖੰਡ ਨਾਲ। ਵਿਕਾਰੀ-ਵਿਕਾਰਾਂ ਦੀ। ਮਾਕੁਰੀ-ਮੱਕੜੀ, ਜਾਲਾ ਤਣਨ ਵਾਲਾ ਕਹਿਣਾ। ਊਂਡੀ-ਉਲਟੀ। ੨।

## ਅਰਥ :

ਹੇ ਭਾਈ ! ਉਮੀਦਾਂ ਤੇ (ਮਨ ਦੀਆਂ) ਇੱਛਾਵਾਂ (ਜੀਵ ਨੂੰ) ਬੰਨ੍ਹਣ (ਜਕੜਨ) ਵਾਲੀਆਂ ਹਨ, (ਅਤੇ) ਵਿਖਾਵੇ ਦੇ) ਕਰਮ ਤੇ ਧਰਮ ਸਾਰੇ ਹੀ (ਇਸ ਜੀਵ ਨੂੰ) ਬੰਨ੍ਹਣ ਵਾਲੇ ਹਨ। ਹੇ ਭਾਈ ! (ਰਸਮੀ) ਪਾਪਾਂ ਤੇ ਪੁੰਨਾਂ (ਆਦਿ ਕਰਮਾਂ) ਵਿਚ ਜਗਤ (ਜੀਵ) ਜੰਮਦਾ (ਮਰਦਾ) ਹੈ (ਅਤੇ) ਨਾਮ ਭੁਲਾ ਕੇ ਨਾਸ਼ ਹੁੰਦਾ ਹੈ। ਹੇ ਭਾਈ ! (ਇਹ) ਮਾਇਆ ਜਗਤ ਵਿਚ (ਜੀਵਾਂ ਨੂੰ) ਮੋਹਣ ਵਾਲੀ ਹੈ, (ਜਿਸ ਦੇ ਆਸਰੇ ਕੀਤੇ ਸਾਰੇ) ਕਰਮ ਵਿਅਰਥ ਜਾਂਦੇ ਹਨ। ੧। ਹੇ ਕਰਮ (ਕਾਂਡ) ਕਰਨ ਵਾਲੇ ਪੰਡਿਤ ! (ਤੂੰ) ਸੁਣ (ਜੋ ਕਰਮ ਤੂੰ ਕਰਦਾ ਹੈਂ, ਉਹ ਤੱਤ ਰੂਪ ਨਹੀਂ ਹਨ।) ਜਿਸ ਕਰਮ ਕਰਨ ਨਾਲ (ਆਤਮਿਕ) ਸੁੱਖ ਪੈਦਾ ਹੁੰਦਾ ਹੈ, ਉਹ (ਕਰਮ) ਆਤਮਿਕ ਤੱਤੁ (ਅਸਲੀਅਤ) ਨੂੰ ਵੀਚਾਰਨ ਵਾਲਾ ਹੈ, (ਭਾਵ ਸਭ ਜੀਆਂ ਵਿਚ ਇਕ ਪ੍ਰਭੂ ਪ੍ਰਮਾਤਮਾ ਦੀ ਜੋਤ ਨੂੰ ਵੇਖ)। ਰਹਾਉ। ਹੇ ਭਾਈ (ਪੰਡਿਤਾ !) ਸ਼ਾਸਤਰ ਵੇਦ (ਜੋ) ਆਖਦਾ ਹੈ, (ਤੂੰ) ਖੜਾ ਹੋਕੇ (ਲੋਕਾਂ ਤਾਈਂ ਉਸਦਾ) ਉਪਦੇਸ਼ ਦਿੰਦਾ ਹੈਂ (ਕਿ ਹੇ) ਸੰਸਾਰੀ (ਲੋਕੋ ! ਤੁਸੀਂ ਅਮਕਾ) ਕਰਮ ਕਰੋ (ਪਰ ਤੂੰ ਆਪ ਉਹ ਕਰਮ ਕਰਦਾ ਨਹੀਂ। ਹੇ ਭਾਈ ! ਪਾਖੰਡ (ਕਰਮ ਕਰਨ ਨਾਲ ਮਨ ਵਿਚੋਂ ਵਿਸ਼ੇ-ਵਿਕਾਰਾਂ ਦੀ) ਮੈਲ ਦੂਰ ਨਹੀਂ ਹੁੰਦੀ, ਸਗੋਂ ਮਨ ਅੰਦਰ ਵਿਕਾਰਾਂ ਦੀ ਮੈਲ (ਜਮ੍ਹਾਂ ਹੁੰਦੀ ਰਹਿੰਦੀ ਹੈ)। ਹੇ ਭਾਈ! ਇਸ ਤਰ੍ਹਾਂ (ਜਿਵੇਂ) ਮਕੜੀ ਉਲਟੀ (ਭਾਵ) ਸਿਰ ਭਾਰ ਰਹਿ ਕੇ (ਜਾਲਾ ਤਣਦੀ ਹੈ ਪਰ ਉਸ ਵਿਚ ਆਪ ਹੀ ਫਸ ਕੇ ਮਰ ਜਾਂਦੀ ਹੈ) ਤਿਵੇਂ ਹੇ ਪੰਡਿਤ ! ਤੂੰ ਵੀ ਪਾਖੰਡ ਕਰਮਾਂ ਨਾਲ ਆਪਣੀ ਜੀਵਨ ਦੀ ਬੇੜੀ ਡੋਬ ਰਿਹਾ ਹੈਂ, (ਭਾਵ ਕਰਮਾਂ ਰੂਪ ਜਾਲ ਵਿਚ ਫਸ ਕੇ ਮਰ ਰਿਹਾ ਹੈਂ)। ੨।
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

**ਦੁਰਮਤਿ ਘਣੀ ਵਿਗੂਤੀ ਭਾਈ ਦੂਜੈ ਭਾਇ ਖੁਆਈ ॥ ਬਿਨੁ ਸਤਿਗੁਰ ਨਾਮੁ ਨ ਪਾਈਐ ਭਾਈ ਬਿਨੁ ਨਾਮੈ ਭਰਮੁ ਨ ਜਾਈ ॥ ਸਤਿਗੁਰੁ ਸੇਵੇ ਤਾ ਸੁਖੁ ਪਾਏ ਭਾਈ ਆਵਣੁ ਜਾਣੁ ਰਹਾਈ ॥ ੩ ॥ ਸਾਚੁ ਸਹਜੁ ਗੁਰ ਤੇ ਊਪਜੈ ਭਾਈ ਮਨੁ ਨਿਰਮਲੁ ਸਾਚਿ ਸਮਾਈ ॥ ਗੁਰੁ ਸੇਵੇ ਸੋ ਬੂਝੈ ਭਾਈ ਗੁਰ ਬਿਨੁ ਮਗੁ ਨ ਪਾਈ ॥ ਜਿਸੁ ਅੰਤਰਿ ਲੋਭੁ ਕਿ ਕਰਮ ਕਮਾਵੈ ਭਾਈ ਕੂੜੁ ਬੋਲਿ ਬਿਖੁ ਖਾਈ ॥ ੪ ॥**

## ਪਦ ਅਰਥ :

ਘਣੀ-ਬਹੁਤ (ਲੋਕਾਈ)। ਭਾਇ-ਪਿਆਰ ਵਿਚ, ਮੋਹ ਵਿਚ। ਖੁਆਈ-ਖੁੰਝ ਗਈ। ਰਹਾਈ-ਰਹਿ ਜਾਂਦਾ ਹੈ। ੩।

ਸਾਚੁ ਸਹਜੁ-ਸਦਾ ਕਾਇਮ ਰਹਿਣ ਵਾਲੀ ਅਡੋਲ ਆਤਮਿਕ ਅਵੱਸਥਾ। ਤੇ-ਤੋਂ। ਸਾਚਿ-ਸਦਾ ਥਿਰ ਪ੍ਰਭੂ ਵਿਚ। ਮਗੁ-ਰਸਤਾ। ਅੰਤਰਿ-ਅੰਦਰ। ਬੋਲਿ-ਬੋਲ ਕੇ। ਬਿਖੁ-ਜ਼ਹਿਰ, ਆਤਮਿਕ ਮੌਤ ਲਿਆਉਣ ਵਾਲੀ। ਖਾਈ-ਖਾਂਦਾ ਹੈ। ੪।

## ਅਰਥ :

ਹੇ ਭਾਈ ! ਖੋਟੀ ਮੱਤ ਕਰਕੇ ਬਹੁਤੀ (ਲੁਕਾਈ) ਖ਼ਰਾਬ ਹੋ ਰਹੀ ਹੈ। (ਅਤੇ) ਦ੍ਵੈਤ ਭਾਵ ਵਿਚ (ਫੱਸ ਕੇ ਅਸਲੀ ਰਾਹ ਤੋਂ) ਖੁੰਝ ਗਈ ਹੈ (ਭਾਵ ਕੁਰਾਹੇ ਪੈ ਗਈ ਹੈ)। ਹੇ ਭਾਈ ! ਸਤਿਗੁਰੂ ਤੋਂ ਬਿਨਾਂ ਨਾਮ ਪ੍ਰਾਪਤ ਨਹੀਂ ਹੁੰਦਾ (ਅਤੇ) ਨਾਮ ਦੀ ਪ੍ਰਾਪਤੀ ਤੋਂ ਬਿਨਾਂ ਭਰਮ ਨਹੀਂ ਦੂਰ ਹੁੰਦਾ (ਭਾਵ ਭਟਕਣਾ ਦੂਰ ਨਹੀਂ ਹੁੰਦੀ)। ਹੇ ਭਾਈ ! ਸਤਿਗੁਰੂ ਨੂੰ ਸੇਵੇ (ਸਿਮਰੇ) ਤਾਂ (ਆਤਮਿਕ) ਸੁੱਖ ਪ੍ਰਾਪਤ ਕਰ ਲਈਦਾ ਹੈ (ਜਿਸ ਕਰਕੇ) ਜਨਮ ਮਰਨ (ਭਾਵ ਆਵਗਵਨ) ਮੁੱਕ ਜਾਂਦਾ ਹੈ।੩। ਹੇ ਭਾਈ ! ਸਦਾ ਸਥਿਰ ਰਹਿਣ ਵਾਲਾ ਆਤਮਿਕ ਪੂਰਨ ਗਿਆਨ ਗੁਰੂ ਤੋਂ ਪੈਦਾ (ਪ੍ਰਾਪਤ) ਹੁੰਦਾ ਹੈ, (ਉਸ ਗਿਆਨ ਨਾਲ) ਮਨ ਨਿਰਮਲ ਹੋਕੇ ਸੱਚ ਵਿਚ (ਸਮਾਈ) ਟਿਕ ਜਾਂਦਾ ਹੈ। ਜਿਹੜਾ ਮਨੁੱਖ ਗੁਰੂ ਨੂੰ ਸੇਂਵਦਾ ਹੈ, ਉਹ (ਆਤਮਿਕ ਪੂਰਨ ਗਿਆਨ ਨੂੰ) ਸਮਝਦਾ ਹੈ, ਗੁਰੂ ਤੋਂ ਬਿਨਾਂ (ਪਰਮਾਰਥ ਦਾ) ਰਸਤਾ ਪਰਾਪਤ ਨਹੀਂ ਹੁੰਦਾ। ਹੇ ਭਾਈ ! ਜਿਸ (ਮਨੁੱਖ ਦੇ ਮਨ) ਅੰਦਰ ਲੋਭ ਹੈ, ਉਹ ਕੀ ਕਰਮ (ਕਰਤੂਤ) ਕਰਦਾ ਹੈ ? (ਉਹ ਤਾਂ ਮਨੋ) ਕੂੜ ਬੋਲ ਕੇ (ਮਾਇਆ) ਰੂਪ ਜ਼ਹਿਰ ਹੀ ਖਾਂਦਾ ਹੈ। ੪।

**ਪੰਡਿਤ ਦਹੀ ਵਿਲੋਈਐ ਭਾਈ ਵਿਚਹੁ ਨਿਕਲੈ ਤਥੁ ॥ ਜਲੁ ਮਥੀਐ ਜਲੁ ਦੇਖੀਐ ਭਾਈ ਇਹੁ ਜਗੁ ਏਹਾ ਵਥੁ ॥ ਗੁਰ ਬਿਨੁ ਭਰਮਿ ਵਿਗੂਚੀਐ ਭਾਈ ਘਟਿ ਘਟਿ ਦੇਉ ਅਲਖੁ ॥ ੫ ॥ ਇਹੁ ਜਗੁ ਤਾਗੋ ਸੂਤ ਕੋ ਭਾਈ ਦਹ**

**ਦਿਸ ਬਾਧੋ ਮਾਇ ॥ ਬਿਨੁ ਗੁਰ ਗਾਠਿ ਨ ਛੂਟਈ ਭਾਈ ਥਾਕੇ ਕਰਮ ਕਮਾਇ ॥ ਇਹੁ ਜਗੁ ਭਰਮਿ ਭੁਲਾਇਆ ਭਾਈ ਕਹਣਾ ਕਿਛੂ ਨ ਜਾਇ ॥ ੬ ॥**

## ਪਦ ਅਰਥ :

ਪੰਡਿਤ–ਹੇ ਪੰਡਿਤ। ਵਿਲੋਈਐ–(ਜੇ) ਰਿੜਕੀਏ। ਤਥੁ–ਅਸਲ ਚੀਜ਼, ਮੱਖਣ। ਏਹਾ ਵਥੁ–ਇਹੀ ਚੀਜ਼ (ਪਾਣੀ ਹੀ ਪ੍ਰਾਪਤ ਕਰਦਾ ਹੈ।) ਵਿਗੁਚੀਐ–ਖੁਆਰ ਹੋਈਦਾ ਹੈ। ਦੇਉ–ਪ੍ਰਕਾਸ਼–ਰੂਪ ਪ੍ਰਭੂ। ਅਲਖੁ–ਜਿਸ ਦਾ ਸਰੂਪ ਸਮਝਿਆ ਨਹੀਂ ਜਾ ਸਕਦਾ। ੫।

ਤਾਗੋ–ਧਾਗਾ। ਕੋ–ਦਾ। ਦਹ ਦਿਸ–ਦਸੀਂ ਪਾਸੀਂ। ਮਾਇ–ਮਾਇਆ (ਨਾਲ)। ਗਾਠਿ–ਗੰਢ। ਛੂਟਈ–ਖੁਲ੍ਹਦੀ। ਕਰਮ–ਰਸਮੀ ਧਾਰਮਿਕ ਕੰਮ। ੬।

## ਅਰਥ :

ਹੇ ਭਾਈ ਪੰਡਿਤ! (ਜੇ) ਦਹੀਂ ਰਿੜਕੀਏ (ਤਾਂ ਉਸ) ਵਿਚੋਂ ਮੱਖਣ (ਘਿਉ) ਨਿਕਲਦਾ ਹੈ। ਹੇ ਭਾਈ! (ਜੇਕਰ) ਪਾਣੀ ਨੂੰ ਰਿੜਕੀਏ ਤਾਂ ਪਾਣੀ ਵੇਖੀਦਾ ਹੈ, (ਬਸ) ਇਹ ਜਗਤ ਇਹੋ ਜਿਹੀ ਵਸਤੂ ਹੈ (ਭਾਵ ਪਾਣੀ ਰਿੜਕਣ ਵਾਂਗੂੰ ਹੈ) ਹੇ ਭਾਈ! ਗੁਰੂ ਤੋਂ ਬਿਨਾਂ ਭਰਮ ਵਿਚ ਖ਼ਰਾਬ ਹੋਈਦਾ ਹੈ, ਲਖਤਾਂ ਤੋਂ ਰਹਿਤ ਪ੍ਰਕਾਸ਼ ਰੂਪ ਪ੍ਰਭੂ (ਜੋ) ਹਰੇਕ ਹਿਰਦੇ ਵਿਚ ਬੈਠਾ ਹੈ (ਪਰ) ਗੁਰੂ ਤੋਂ ਬਿਨਾ (ਉਸਦਾ ਦਰਸ਼ਨ ਨਹੀਂ ਹੁੰਦਾ ਸਗੋਂ) ਭਰਮ ਵਿੱਚ ਪੈ ਕੇ ਖ਼ਰਾਬ ਹੋਈਦਾ ਹੈ। ੫।

ਹੇ ਭਾਈ! ਇਹ ਜਗਤ (ਕੱਚੇ) ਸੂਤਰ ਦੇ ਧਾਗੇ ਵਾਂਗ (ਕੱਚਾ) ਨਾਸ਼ਵੰਤ ਹੈ ਅਤੇ (ਇਸ ਨੂੰ) ਮਾਇਆ (ਮੋਹ) ਨੇ ਦਸਾਂ ਦਿਸ਼ਾਂ ਵਲੋਂ (ਭਾਵ ਹਰ ਪਾਸਿਉਂ) ਬੰਨ੍ਹ ਛੱਡਿਆ ਹੈ। ਗੁਰੂ ਤੋਂ ਬਿਨਾਂ ਮੋਹ ਦੀ ਗੰਢ ਨਹੀਂ ਖੁਲ੍ਹਦੀ। (ਸਾਰੇ ਸਿਆਣੇ) ਮਨੁੱਖ ਕਰਮ ਕਰ ਕਰਕੇ ਥੱਕ ਚੁੱਕੇ ਹਨ। ਹੇ ਭਾਈ! (ਪ੍ਰਭੂ ਨੇ) ਇਸ ਸੰਸਾਰ ਨੂੰ (ਮਾਇਆ ਮੋਹ ਦੇ) ਭਰਮ ਵਿਚ ਭੁਲਾਇਆ ਹੈ (ਇਸ ਬਾਰੇ ਹੋਰ) ਕੁਝ ਨਹੀਂ ਕਿਹਾ ਜਾ ਸਕਦਾ (ਭਾਵ ਇਸਦੀ ਅਜਿਹੀ ਕਹਿਣ ਤੋਂ ਪਰੇ ਹਾਲਤ ਹੈ। ੬।

**ਗੁਰ ਮਿਲਿਐ ਭਉ ਮਨਿ ਵਸੈ ਭਾਈ ਭੈ ਮਰਣਾ ਸਚੁ ਲੇਖੁ ॥ ਮਜਨੁ ਦਾਨੁ ਚੰਗਿਆਈਆ ਭਾਈ ਦਰਗਹ ਨਾਮੁ ਵਿਸੇਖੁ ॥ ਗੁਰੁ ਅੰਕਸੁ ਜਿਨਿ ਨਾਮੁ ਦ੍ਰਿੜਾਇਆ ਭਾਈ ਮਨਿ ਵਸਿਆ ਚੂਕਾ ਭੇਖੁ ॥ ੭ ॥ ਇਹੁ ਤਨੁ ਹਾਟੁ ਸਰਾਫ ਕੋ ਭਾਈ ਵਖਰੁ ਨਾਮੁ ਅਪਾਰੁ ॥ ਇਹੁ ਵਖਰੁ ਵਾਪਾਰੀ ਸੋ ਦ੍ਰਿੜੈ ਭਾਈ ਗੁਰ ਸਬਦਿ ਕਰੇ ਵੀਚਾਰੁ ॥ ਧਨੁ ਵਾਪਾਰੀ ਨਾਨਕਾ ਭਾਈ ਮੇਲਿ ਕਰੇ ਵਾਪਾਰੁ ॥ ੮ ॥ ੨ ॥**

## ਪਦ ਅਰਥ :

ਮਨਿ-ਮਨ ਵਿਚ। ਭੈ-(ਪਰਮਾਤਮਾ ਦੇ) ਡਰ, ਅਦਬ ਵਿਚ। ਸਚੁ-ਅਟੱਲ (ਆਤਮਿਕ ਜੀਵਨ ਦੇਣ ਵਾਲਾ)। ਮਜਨੁ-ਤੀਰਥ ਇਸ਼ਨਾਨ। ਵਿਸੇਖੁ-ਵਿਸ਼ੇਸ਼ਤਾ ਦਾ ਹੱਕਦਾਰ। ਅੰਕਸੁ-ਕੁੰਡਾ ਜੋ ਹਾਥੀ ਨੂੰ ਚਲਾਣ ਲਈ ਵਰਤੀਦਾ ਹੈ। ਜਿਨਿ-ਜਿਸ (ਗੁਰੂ) ਨੇ। ਭੇਖੁ-(ਵਿਖਾਵੇ ਦਾ) ਧਾਰਮਿਕ ਲਿਬਾਸ। ੭।

ਹਾਟੁ-ਹੱਟ। ਸਰਾਫ-ਸ਼ਾਹ। ਕੋ-ਦਾ। ਦ੍ਰਿੜੈ-ਪੱਕੀ ਤਰ੍ਹਾਂ ਚੇਤੇ ਰੱਖਦਾ ਹੈ। ਧਨੁ-ਭਾਗਾਂ ਵਾਲਾ। ਮੇਲਿ-ਮੇਲ ਵਿਚ, ਸਤਸੰਗ ਵਿਚ। ੮। ੨।

## ਅਰਥ :

ਹੇ ਭਾਈ ! ਗੁਰੂ ਦੇ ਮਿਲਣ ਨਾਲ (ਨਿਰਮਲ) ਭੈ, ਸ਼ੁੱਧ ਭੈ (ਪ੍ਰਮਾਤਮਾ ਦਾ) ਮਨ ਵਿਚ ਵੱਸਦਾ ਹੈ। ਇਸ ਭੈ ਵਿਚ (ਆਪਾ-ਭਾਵ ਤੋਂ) ਮਰਨਾ ਹੀ ਸੱਚ ਲੇਖ (ਪ੍ਰਾਪਤ ਹੁੰਦਾ) ਹੈ। ਹੇ ਭਾਈ ! (ਤੀਰਥ) ਇਸ਼ਨਾਨ ਦਾਨ (ਅਤੇ ਹੋਰ) ਚੰਗਿਆਈਆਂ (ਕਰਨ ਨਾਲੋ) ਰੱਬੀ ਦਰਬਾਰ ਵਿਚ ਨਾਮ ਰੂਪੀ (ਨੀਸਾਣ ਦੀ ਪ੍ਰਾਪਤੀ) ਵਿਸ਼ੇਸ਼ (ਵਸਤੂ) ਹੈ। ਹੇ ਭਾਈ ! ਗੁਰੂ (ਮਨ ਰੂਪੀ) ਹਾਥੀ (ਨੂੰ ਚਲਾਉਣ ਵਾਲਾ) ਕੁੰਡਾ ਹੈ, ਜਿਸ ਨੇ ਨਾਮ ਰੂਪ ਉਪਦੇਸ਼ ਦ੍ਰਿੜ੍ਹ ਕਰਵਾਇਆ ਹੈ। (ਜਦੋਂ ਨਾਮ) ਮਨ ਵਿਚ ਵਸ ਗਿਆ ਤਾਂ ਮਨੁੱਖ ਦਾ (ਬਾਹਰਮੁਖੀ) ਵੇਸ ਪਾਖੰਡ ਖ਼ਤਮ ਹੋ ਗਿਆ (ਭਾਵ ਅੰਦਰੋਂ ਭੇਖ ਦੂਰ ਹੋ ਗਿਆ)। ੭। ਹੇ ਭਾਈ ! ਇਹ ਸਰੀਰ (ਮਾਨੋ) ਸਰਾਫ ਦਾ ਹੱਟ ਹੈ (ਅਤੇ ਇਸ ਵਿਚ) ਪਾਰ ਤੋਂ ਰਹਿਤ (ਪ੍ਰਮਾਤਮਾ ਦਾ) ਨਾਮ ਰੂਪ ਸੌਦਾ ਹੈ। ਹੇ ਭਾਈ ! ਇਸ (ਨਾਮ) ਰੂਪ ਸੌਦੇ ਨੂੰ ਉਹ ਵਪਾਰੀ ਦ੍ਰਿੜ੍ਹ ਕਰਦਾ ਹੈ (ਜੋ) ਗੁਰੂ ਦੇ ਉਪਦੇਸ਼ ਰਾਹੀਂ (ਆਤਮ) ਵੀਚਾਰ ਕਰਦਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਉਹ ਵਪਾਰੀ ਧੰਨਤਾ ਯੋਗ ਹੈ (ਜੋ ਗੁਰੂ ਨਾਲ) ਮਿਲਾਪ ਕਰਕੇ (ਨਾਮ ਦਾ) ਵਪਾਰ ਕਰਦਾ ਰਹਿੰਦਾ ਹੈ। ੮। ੨।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੭੦ (ਅੰਗ ੬੩੭-੩੮)

ਸੋਰਠਿ ਮਹਲਾ ੩ ਘਰੁ ੧ ਤਿਤੁਕੀ ੧ੳ ਸਤਿਗੁਰ ਪ੍ਰਸਾਦਿ ॥

ਭਗਤਾ ਦੀ ਸਦਾ ਤੂ ਰਖਦਾ ਹਰਿ ਜੀਉ ਧੁਰਿ ਤੂ ਰਖਦਾ ਆਇਆ ॥ ਪ੍ਰਹਿਲਾਦ ਜਨ ਤੁਧੁ ਰਾਖਿ ਲਏ ਹਰਿ ਜੀਉ ਹਰਣਾਖਸੁ ਮਾਰਿ ਪਚਾਇਆ ॥ ਗੁਰਮੁਖਾ ਨੋ ਪਰਤੀਤਿ ਹੈ ਹਰਿ ਜੀਉ ਮਨਮੁਖ ਭਰਮਿ ਭੁਲਾਇਆ ॥ ੧ ॥ ਹਰਿ ਜੀ ਏਹ ਤੇਰੀ ਵਡਿਆਈ ॥ ਭਗਤਾ ਕੀ ਪੈਜ ਰਖੁ ਤੂ ਸੁਆਮੀ ਭਗਤ ਤੇਰੀ ਸਰਣਾਈ ॥ ਰਹਾਉ ॥ ਭਗਤਾ ਨੋ ਜਮੁ ਜੋਹਿ ਨ ਸਾਕੈ ਕਾਲੁ ਨ ਨੇੜੈ ਜਾਈ ॥ ਕੇਵਲ ਰਾਮ ਨਾਮੁ ਮਨਿ ਵਸਿਆ ਨਾਮੇ ਹੀ ਮੁਕਤਿ ਪਾਈ ॥ ਰਿਧਿ ਸਿਧਿ ਸਭ ਭਗਤਾ ਚਰਣੀ ਲਾਗੀ ਗੁਰ ਕੈ ਸਹਜਿ ਸੁਭਾਈ ॥ ੨ ॥ ਮਨਮੁਖਾ ਨੋ ਪਰਤੀਤਿ ਨ ਆਵੀ ਅੰਤਰਿ ਲੋਭ ਸੁਆਉ ॥ ਗੁਰਮੁਖਿ ਹਿਰਦੈ ਸਬਦੁ ਨ ਭੇਦਿਓ ਹਰਿ ਨਾਮਿ ਨ ਲਾਗਾ ਭਾਉ ॥ ਕੂੜ ਕਪਟ ਪਾਜੁ ਲਹਿ ਜਾਸੀ ਮਨਮੁਖ ਫੀਕਾ ਅਲਾਉ ॥ ੩ ॥ ਭਗਤਾ ਵਿਚਿ ਆਪਿ ਵਰਤਦਾ ਪ੍ਰਭ ਜੀ ਭਗਤੀ ਹੂ ਤੂ ਜਾਤਾ ॥ ਮਾਇਆ ਮੋਹ ਸਭ ਲੋਕ ਹੈ ਤੇਰੀ ਤੂ ਏਕੋ ਪੁਰਖੁ ਬਿਧਾਤਾ ॥ ਹਉਮੈ ਮਾਰਿ ਮਨਸਾ ਮਨਹਿ ਸਮਾਣੀ ਗੁਰ ਕੈ ਸਬਦਿ ਪਛਾਤਾ ॥ ੪ ॥ ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ ਜਿਨ ਹਰਿ ਕਾ ਨਾਮੁ ਪਿਆਰਾ ॥ ਗੁਰ ਪਰਸਾਦਿ ਸਦਾ ਮਨਿ ਵਸਿਆ ਸਭਿ ਕਾਜ ਸਵਾਰਣਹਾਰਾ ॥ ਓਨਾ ਕੀ ਰੀਸ ਕਰੇ ਸੁ ਵਿਗੁਚੈ ਜਿਨ ਹਰਿ ਪ੍ਰਭੁ ਹੈ ਰਖਵਾਰਾ ॥ ੫ ॥ ਬਿਨੁ ਸਤਿਗੁਰ ਸੇਵੇ ਕਿਨੈ ਨ ਪਾਇਆ ਮਨਮੁਖਿ ਭਉਕਿ ਮੁਏ ਬਿਲਲਾਈ ॥ ਆਵਹਿ ਜਾਵਹਿ ਠਉਰ ਨ ਪਾਵਹਿ ਦੁਖ ਮਹਿ ਦੁਖਿ ਸਮਾਈ ॥ ਗੁਰਮੁਖਿ ਹੋਵੈ ਸੁ ਅੰਮ੍ਰਿਤੁ ਪੀਵੈ ਸਹਜੇ ਸਾਚਿ ਸਮਾਈ ॥ ੬ ॥ ਬਿਨੁ ਸਤਿਗੁਰ ਸੇਵੇ

ਜਨਮੁ ਨ ਛੋਡੈ ਜੇ ਅਨੇਕ ਕਰਮ ਕਰੈ ਅਧਿਕਾਈ ॥ ਵੇਦ ਪੜਹਿ ਤੈ ਵਾਦ ਵਖਾਣਹਿ ਬਿਨੁ ਹਰਿ ਪਤਿ ਗਵਾਈ ॥ ਸਚਾ ਸਤਿਗੁਰੁ ਸਾਚੀ ਜਿਸੁ ਬਾਣੀ ਭਜਿ ਛੂਟਹਿ ਗੁਰ ਸਰਣਾਈ ॥੭॥ ਜਿਨ ਹਰਿ ਮਨਿ ਵਸਿਆ ਸੇ ਦਰਿ ਸਾਚੇ ਦਰਿ ਸਾਚੈ ਸਚਿਆਰਾ ॥ ਓਨਾ ਦੀ ਸੋਭਾ ਜੁਗਿ ਜੁਗਿ ਹੋਈ ਕੋਇ ਨ ਮੇਟਣਹਾਰਾ ॥ ਨਾਨਕ ਤਿਨ ਕੈ ਸਦ ਬਲਿਹਾਰੈ ਜਿਨ ਹਰਿ ਰਾਖਿਆ ਉਰਿ ਧਾਰਾ ॥ ੮ ॥ ੧ ॥

# ਪ੍ਰਾਕ੍ਰਥਨ :-

ਸ੍ਰੀ ਗੁਰੂ ਅਮਰਦਾਸ ਜੀ ਦਾ ਇਹ ਪਾਵਨ ਸ਼ਬਦ ਅੱਠ ਪਦਿਆਂ ਵਾਲਾ ਸੋਰਠਿ ਰਾਗੁ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਦੇ ਸ਼ੁਰੂ ਵਿਚ ਗੁਰਦੇਵ ਨੇ ਭਗਤਾਂ ਦੀ ਰੱਖਿਆ ਦਾ ਜ਼ਿਕਰ ਕੀਤਾ ਹੈ। ਪਰ ਕਿਨ੍ਹਾਂ ਭਗਤਾਂ ਦੀ ਰੱਖਿਆ ਕਰਦਾ ਹੈ, ਕਿਉਂਕਿ ਭਗਤ ਤਾਂ ਹਰਿ ਕੋਈ ਕਹਾਉਂਦਾ ਹੈ ਕਿ ਮੈਂ ਭਗਤ ਹਾਂ। ਭਗਤ ਕੌਣ ਹੋ ਸਕਦਾ ਹੈ ? ਭਗਤ ਚਾਰ ਤਰ੍ਹਾਂ ਦੇ ਦਸੇ ਹਨ। ਅੱਗੇ ਭਗਤੀ ਵੀ ਨੌਂ ਪ੍ਰਕਾਰ ਦੀ ਕਥਨ ਕੀਤੀ ਹੈ।

## ਚਾਰ ਤਰ੍ਹਾਂ ਦੇ ਭਗਤ :

੧. ਅਰਥਾ ਅਰਥੀ :- ਕਿਸੇ ਇੱਛਾ ਨੂੰ ਮੁਖ ਰੱਖ ਕੇ ਭਗਤੀ ਕਰਨੀ। ਜਿਸ ਪ੍ਰਕਾਰ ਭਗਤ ਧ੍ਰੂ ਜੀ ਨੇ ਰਾਜ ਭਾਗ ਦੀ ਇੱਛਾ ਰੱਖ ਕੇ ਕੀਤੀ ਸੀ :

***ਧ੍ਰੂ ਹਸਦਾ ਘਰਿ ਆਇਆ ਕਰਿ ਪਿਆਰੁ ਪਿਉ ਕੁਛੜਿ ਲੀਤਾ।***
***ਬਾਹਹੁ ਪਕੜਿ ਉਠਾਲਿਆ ਮਨ ਵਿਚਿ ਰੋਸੁ ਮਤ੍ਰੇਈ ਕੀਤਾ।***

(ਵਾਰ ੧੦, ਪਉੜੀ ੧)

੨. ਆਰਤ ਭਗਤ :- ਜਿਸ ਤਰ੍ਹਾਂ ਭਗਤ ਪ੍ਰਹਿਲਾਦ ਜੀ ਨੇ ਦੁੱਖ ਸਮੇਂ ਪ੍ਰਮੇਸ਼ਰ ਨੂੰ ਚੇਤੇ ਕੀਤਾ :

***ਘਰਿ ਹਰਣਾਖਸ ਦੈਤ ਦੇ ਕਲਰਿ ਕਵਲੁ ਭਗਤੁ ਪ੍ਰਹਿਲਾਦੁ।***
***ਪੜ੍ਹਨ ਪਠਾਇਆ ਚਾਟਸਾਲ ਪਾਂਧੇ ਚਿਤਿ ਹੋਆ ਅਹਿਲਾਦੁ।***

(ਵਾਰ ੧੦, ਪਉੜੀ ੨)

੩. ਅਨਿੰਨ ਭਗਤ :- ਭਗਤ ਨਾਮਦੇਵ ਜੀ ਅਨਿੰਨ ਭਗਤ ਸਨ :

***ਪਿੰਡੁ ਪਰੈ ਤਉ ਪ੍ਰੀਤਿ ਨ ਤੋਰਉ॥***

(ਅੰਗ ੪੮੪)

੪. ਗਿਆਨੀ ਭਗਤ :- ਸਤਿਕਾਰ ਯੋਗ ਬਾਬਾ ਬੁੱਢਾ ਜੀ, ਸ਼ਹੀਦ ਬਾਬਾ ਦੀਪ ਸਿੰਘ ਜੀ, ਸ਼ਹੀਦ ਭਾਈ ਮਨੀ ਸਿੰਘ ਜੀ ਸਨ :

***ਕਹੁ ਨਾਨਕ ਕਿਰਪਾ ਭਈ ਭਗਤੁ ਗਿਆਨੀ ਸੋਇ॥***

(ਅੰਗ ੨੫੧)

***ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥***

(ਅੰਗ ੧੪੨੭)

ਭਗਤੀ ਨੌਂ ਤਰ੍ਹਾਂ ਦੀ ਕਥਨ ਕੀਤੀ ਹੈ, ਜੋ ਇਸ ਪ੍ਰਕਾਰ ਹੈ :

ਨੌਂ ਪ੍ਰਕਾਰ ਦੀ ਭਗਤੀ :

ਇਸ ਨੂੰ ਨਵਧਾ ਭਗਤੀ ਵੀ ਕਹਿੰਦੇ ਹਨ।

***ਸ੍ਰਵਣ, ਸਿਮਰਨ, ਕੀਰਤਨ, ਪਾਦਸੇਵ, ਅਰਚਾਨ॥***
***ਦਾਸਾ, ਸਖਪਨ, ਬੰਦਨਾ, ਸਰਬ ਨਿਵੇਦਨ ਜਾਨ॥***

੧. ਸਰਵਣ=ਆਪਣੇ ਇਸ਼ਟ ਦੇਵ ਦਾ ਯਸ਼ ਸੁਣਨਾ :

***ਕੋਟਿ ਕਰਨ ਦੀਜਹਿ ਪ੍ਰਭ ਪ੍ਰੀਤਮ ਹਰਿ ਗੁਣ ਸੁਣੀਅਹਿ ਅਬਿਨਾਸੀ ਰਾਮ॥***
***ਸੁਣਿ ਸੁਣਿ ਇਹੁ ਮਨੁ ਨਿਰਮਲੁ ਹੋਵੈ ਕਟੀਐ ਕਾਲ ਕੀ ਫਾਸੀ ਰਾਮ॥***

(ਅੰਗ ੭੮੧)

੨. ਸਿਮਰਨ=ਯਾਦ ਕਰਨਾ, ਚਿਤ ਦੁਆਰਾ ਚਿੰਤਨ:

***ਹਰਿ ਹਰਿ ਕਬਹੂ ਨ ਮਨਹੁ ਬਿਸਾਰੇ॥***
***ਈਹਾ ਊਹਾ ਸਰਬ ਸੁਖਦਾਤਾ ਸਗਲ ਘਟਾ ਪ੍ਰਤਿਪਾਰੇ॥***

(ਅੰਗ ੨੧੦)

੩. ਕੀਰਤਨ=ਗੁਣਾਂ ਦਾ ਕਥਨ, ਗੁਣਾਂ ਦਾ ਗਾਉਣਾ:

***ਲਾਖ ਜਿਹਵਾ ਦੇਹੁ ਮੇਰੇ ਪਿਆਰੇ ਮੁਖੁ ਹਰਿ ਆਰਾਧੇ ਮੇਰਾ ਰਾਮ॥***

(ਅੰਗ ੭੮੦)

੪. ਪਾਦ ਸੇਵ=ਚਰਨ ਸੇਵਾ:

***ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ॥***

(ਅੰਗ ੧੩)

੫. ਅਰਚਨਾ=ਚੰਦਨ ਫੁੱਲ ਆਦਿ ਸੁਗੰਧਤ ਸਮੱਗਰੀ ਨਾਲ ਪੂਜਨ:

***ਤੇਰਾ ਨਾਮੁ ਕਰੀ ਚਨਣਾਠੀਆ ਜੇ ਮਨੁ ਉਰਸਾ ਹੋਇ॥***
***ਕਰਣੀ ਕੁੰਗੂ ਜੇ ਰਲੈ ਘਟ ਅੰਤਰਿ ਪੂਜਾ ਹੋਇ॥***

(ਅੰਗ ੪੮੯)

੬. ਦਾਸਾ=ਸੇਵਕ ਭਾਵ, ਦਾਸ ਭਾਵ:

***ਬੈ ਖਰੀਦੁ ਹਉ ਦਾਸਰੋ ਤੇਰਾ॥***
***ਤੂੰ ਭਾਰੋ ਠਾਕੁਰੁ ਗੁਣੀ ਗਹੇਰਾ॥***

(ਅੰਗ ੭੩੯)

੭. ਸਖਾਪਨ-ਇਸਟ ਨਾਲ ਮਿੱਤ੍ਰ ਭਾਵ :

***ਤੂੰ ਮੇਰਾ ਸਖਾ ਤੂੰਹੀ ਮੇਰਾ ਮੀਤੁ॥ ਤੂੰ ਮੇਰਾ ਪ੍ਰੀਤਮੁ ਤੁਮ ਸੰਗਿ ਹੀਤੁ॥***

(ਅੰਗ ੧੮੧)

੮. ਬੰਦਨਾ=ਨਮਸਕਾਰ :

***ਪ੍ਰਭ ਜੀ ਤੂ ਮੇਰੇ ਪ੍ਰਾਨ ਅਧਾਰੈ॥***
***ਨਮਸਕਾਰ ਡੰਡਉਤਿ ਬੰਦਨਾ ਅਨਿਕ ਬਾਰ ਜਾਉ ਬਾਰੈ॥੧॥***

(ਅੰਗ ੮੨੦)

੯. ਸਰਬ ਨਿਵੇਦਨ=ਆਪਣਾ ਆਪ ਅਰਪਨ :

***ਤੁਧੁ ਆਗੈ ਅਰਦਾਸਿ ਹਮਾਰੀ ਜੀਉ ਪਿੰਡੁ ਸਭੁ ਤੇਰਾ॥***

(ਅੰਗ ੩੮੩)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ ਟਕਸਾਲ ਸ੍ਰੀ ਦਮਦਮਾ ਸਾਹਿਬ ਪੋਥੀ ਪਹਿਲੀ ਅੰਦਰ ਇੰਨ੍ਹਾਂ ਨੇ ਨਵਧਾ ਭਗਤੀ ਕੀਤੀ ਲਿਖੀ ਹੈ।

੧. ਸਰਵਣ ਭਗਤੀ:- ਕਾਕ ਭਸੁੰਡ ਨੇ ਕੀਤੀ ਜੋ ਵਾਹਿਗੁਰੂ ਦੇ ਨਾਮ ਨੂੰ ਸੁਣਦਾ ਰਹਿੰਦਾ ਹੈ।

੨. ਸਿਮਰਨ ਭਗਤੀ:- ਸ਼ੇਸ਼ ਨਾਗ ਕਰਦਾ ਹੈ, ਜੋ ਹਰ ਰੋਜ਼ ਹਜ਼ਾਰ ਨਵਾਂ ਨਾਮ ਪ੍ਰਮੇਸ਼ਰ ਦਾ ਲੈਂਦਾ ਹੈ।

੩. ਕੀਰਤਨ ਭਗਤੀ:- ਨਾਰਦ ਤੂੰਬਰ ਆਦਿਕ ਨਾਲ ਕਰਦਾ ਹੈ।

੪. ਪਾਵਨ ਸੇਵਨ:- ਜਿਵੇਂ ਲਛਮੀ ਕਰਦੀ ਹੈ।

***ਪਾਸਿ ਬੈਠੀ ਬੀਬੀ ਕਵਲਾ ਦਾਸੀ॥***

(ਅੰਗ ੪੭੯)

੫. ਅਰਚਨਾ:- ਪੂਜਾ, ਕੁਬਿਜਾ ਤੇ ਸੁਦਾਮੇ ਨੇ ਭਗਵਾਨ ਦਾ ਪੂਜਨ ਕੀਤਾ ਸੀ।

੬. ਦਾਸਾ ਭਗਤੀ:- ਹਨੂੰਮਾਨ ਨੇ ਦਾਸਾ ਭਾਵ ਧਾਰਿਆ।

੭. ਸਖਾਪਨ:- ਜਿਵੇਂ ਅਰਜਨ ਨੇ ਧਾਰਿਆ।

੮. ਬੰਦਨਾ:- ਪ੍ਰਿਥੁ ਰਾਜੇ ਨੇ ਕੀਤੀ ਸੀ ਜਾਂ ਕ੍ਰਿਸ਼ਨ ਜੀ ਦੇ ਚਾਚਾ ਅਕਰੂਰ ਨੇ ਕੀਤੀ।

੯. ਸਰਬ ਨਿਵੇਦਨ:- ਜਿਵੇਂ ਬਲਰਾਜੇ ਨੇ ਸਭ ਕੁਝ ਅਰਪਿਆ ਸੀ।

***ਓਨਾ ਕੀ ਰੀਸ ਕਰੇ ਸੁ ਵਿਗੁਚੈ ਜਿਨ ਹਰਿ ਪ੍ਰਭੁ ਹੈ ਰਖਵਾਰਾ॥***

(ਅੰਗ ੬੩੮)

# ਸਾਖੀ—ਓਨਾ ਕੀ ਰੀਸ ਕਰੇ ਸੁ ਵਿਗੁਚੈ

ਸਾਧ ਸੰਗਤ ਜੀ ! ਭਗਤ ਕਬੀਰ ਜੀ ਦਾ ਬੜਾ ਭਾਰੀ ਜਸ ਹੁੰਦਾ ਵੇਖ ਕੇ ਇਕ ਜੱਟ ਦੇ ਮਨ ਵਿਚ ਆਈ ਕਿ ਮੈਂ ਵੀ ਕਬੀਰ ਵਰਗਾ ਤੇਜ ਪ੍ਰਤਾਪੀ ਬਣਾਂ ਤੇ ਮੇਰਾ ਵੀ ਜਸ ਹੋਵੇ। ਇਹ ਵਿਚਾਰ ਕੇ ਭਗਤ ਜੀ ਦੇ ਪਾਸ ਆਇਆ। ਭਗਤ ਜੀ ਨੇ ਅੰਤਰਜਾਮਤਾ ਨਾਲ ਜਾਣ ਲਿਆ, ਕਿ ਇਹ ਕਬੀਰ ਬਣਨਾ ਚਾਹੁੰਦਾ ਹੈ। ਭਗਤ ਜੀ ਨੇ ਆਪਣੀ ਸੁਪਤਨੀ ਲੋਈ ਨੂੰ ਬੁਲਾਇਆ ਤੇ ਕਿਹਾ, ਵੇਖ ! ਅਕਾਸ਼ ਵਿਚ ਕਿੰਨੇ ਬੱਦਲ ਹਨ, ਕੋਠੇ ਦੇ ਪਰਨਾਲੇ ਨੂੰ ਮਿੱਟੀ ਲਾਉਣੀ ਹੈ। ਇਸ ਵਾਸਤੇ ਬਾਹਰੋਂ ਮਿੱਟੀ ਲਿਆ। ਭਾਵੇਂ ਉਸ ਵਕਤ ਬੱਦਲ ਨਹੀਂ ਸਨ, ਪਰ ਫੇਰ ਭੀ ਲੋਈ ਜੀ ਭਗਤ ਜੀ ਨੂੰ ਪ੍ਰਮੇਸ਼ਰ ਰੂਪ ਸਮਝਦੀ ਸੀ ਤੇ ਸਦਾ ਹੁਕਮ ਮੰਨਦੀ ਤੇ ਪਤਿਬ੍ਰਤਾ ਧਰਮ ਵਿਚ ਪ੍ਰਪੱਕ ਸੀ। ਇਸ ਵਾਸਤੇ ਸਤਿ ਬਚਨ ਕਰਕੇ ਮਿੱਟੀ ਲਿਆਂਦੀ। ਭਗਤ ਜੀ ਨੇ ਕਿਹਾ, ਇਸ ਨੂੰ ਕਪੜ-ਛਾਣ ਕਰ। ਤਾਂ ਸਤਿ ਬਚਨ ਕਹਿ ਕੇ ਕਪੜ-ਛਾਣ ਕਰ ਦਿੱਤੀ। ਫਿਰ ਕਿਹਾ ਘਿਉ ਪਾ ਕੇ ਗੋਣਾ ਕਰ ਤਾਂ ਘਿਉ ਪਾ ਕੇ ਮਿੱਟੀ ਗੋ ਦਿੱਤੀ। ਫਿਰ ਕਿਹਾ ਕਿ ਪਰਨਾਲਾ ਲਿਪਣਾ ਕਰ, ਤਾਂ ਕਿ ਪਾਣੀ ਤਿਲਕ ਕੇ ਥੱਲੇ ਡਿੱਗੇ। ਬਚਨ ਮੰਨ ਕੇ ਲਿੱਪ ਦਿੱਤਾ।

ਇਹ ਵੇਖ ਕੇ ਜੱਟ ਨੇ ਮਨ ਵਿਚ ਵਿਚਾਰਿਆ ਕਿ ਕਬੀਰ ਬਣਨਾ ਤਾਂ ਬੜੀ ਸੌਖੀ ਜਿਹੀ ਗੱਲ ਹੈ। ਛੇਤੀ-ਛੇਤੀ ਘਰ ਪਹੁੰਚ ਕੇ ਘਰ ਵਾਲੀ ਨੂੰ ਕਿਹਾ, ਵੇਖ ਭਾਗਾਂ ਵਾਲੀਏ ! ਅਕਾਸ਼ ਵਿਚ ਬੱਦਲ ਹਨ, ਆਪਾਂ ਪਰਨਾਲਾ ਲਿੱਪਣਾ ਹੈ। ਇਸ ਵਾਸਤੇ ਬਾਹਰੋਂ ਮਿੱਟੀ ਪੁੱਟ ਲਿਆ। ਅੱਗੋਂ ਘਰ ਵਾਲੀ ਕਹਿੰਦੀ ਹੈ ਕਿ ਅਕਾਸ਼ ਵਿਚ ਤਾਂ ਕਿਧਰੇ ਵੀ ਬੱਦਲ ਨਹੀਂ ਦਿੱਸਦਾ ਲੱਗਦਾ। ਤੈਨੂੰ ਘੱਟ ਦਿਸਣ ਲੱਗਾ ਹੈ, ਅੰਨ੍ਹਾ ਹੋਇਆ ਹੈਂ ਤੇ ਮਿੱਟੀ ਤੂੰ ਸਿਰ ਵਿਚ ਮਾਰਨੀ ਹੈ। ਮੈਥੋਂ ਨਹੀਂ ਲਿਆਂਦੀ ਜਾਂਦੀ। ਤਾਂ ਜੱਟ ਨੇ ਮਿੰਨਤਾਂ ਕਰਕੇ ਮਿੱਟੀ ਮੰਗਵਾਈ। ਫਿਰ ਕਹਿਣ ਲੱਗਾ ਕਿ ਇਸ ਨੂੰ ਬਾਰੀਕ ਕਰਕੇ ਕਪੜ-ਛਾਣ ਕਰ, ਤਾਂ ਕਹਿਣ ਲੱਗੀ, ਤੂੰ ਪਾਗ਼ਲ ਤਾਂ ਨਹੀਂ ਹੋ ਗਿਆ। ਕਦੇ ਕਿਸੇ ਨੇ ਮਿੱਟੀ ਵੀ ਕਪੜ-ਛਾਣ ਕੀਤੀ ਹੈ ? ਤਾਂ ਬਹੁਤ ਹੀ ਮਿੰਨਤਾਂ ਤਰਲੇ ਕਰਕੇ ਮਿੱਟੀ ਕਪੜ-ਛਾਣ ਕਰਵਾ ਲਈ। ਫਿਰ ਜੱਟ ਕਹਿਣ ਲੱਗਾ, ਕਿ ਘਿਉ ਪਾ ਕੇ ਇਸ ਨੂੰ ਗੁੰਨ੍ਹ ਦੇ। ਤਾਂ ਇਹ ਗੱਲ ਸੁਣ ਕੇ ਉਸਨੇ ਰੌਲਾ ਪਾ ਦਿੱਤਾ ਕਿ ਇਹ ਪਾਗ਼ਲ ਹੋ ਗਿਆ ਹੈ, ਕਮਲਾ ਹੋ ਗਿਆ ਹੈ। ਤੇ ਆਪਣੇ ਪੁੱਤਰਾਂ ਕੋਲੋਂ ਸੰਗਲ ਮਰਵਾ ਕੇ ਰੁੱਖ ਨਾਲ ਬੰਨ੍ਹਾ ਦਿੱਤਾ ਤੇ ਕਿਹਾ ਇਹ ਹੁਣ ਪਾਗ਼ਲ ਹੋ ਗਿਆ ਹੈ, ਇਸਨੂੰ ਬੰਨ੍ਹ ਕੇ ਹੀ ਰੱਖਣਾ ਪਵੇਗਾ। ਕੁਝ ਚਿਰ ਪਿਛੋਂ ਭਗਤ ਕਬੀਰ ਜੀ ਉਸ ਪਾਸ ਆਏ ਤਾਂ ਵੇਖ ਕੇ ਹੱਥ ਜੋੜ ਕੇ ਕਹਿਣ ਲੱਗਾ, ਬਾਬਾ ਜੀ, ਮੇਰਾ ਖਹਿੜਾ ਛੁਡਾਉ। ਮੈਂ ਕਬੀਰ ਨਹੀਂ ਬਣਦਾ, ਕ੍ਰਿਪਾ ਕਰੋ। ਤਾਂ ਭਗਤ ਜੀ ਨੇ ਉਸ ਦੇ ਪਰਿਵਾਰ ਨੂੰ ਸਾਰੀ ਸਾਖੀ ਦੱਸੀ ਕਿ ਇਹ ਕਬੀਰ ਬਣਨਾ ਚਾਹੁੰਦਾ ਸੀ। ਇਹ ਪਾਗ਼ਲ ਨਹੀਂ ਹੈ, ਇਸ ਨੂੰ ਛੱਡ ਦਿਉ। ਇਸ ਤਰ੍ਹਾਂ ਉਸ ਨੂੰ ਛੁਡਾਇਆ।

**ਸੋਰਠਿ ਮਹਲਾ ੩ ਘਰੁ ੧ ਤਿਤੁਕੀ ੧ੴ ਸਤਿਗੁਰ ਪ੍ਰਸਾਦਿ ॥**

**ਭਗਤਾ ਦੀ ਸਦਾ ਤੂ ਰਖਦਾ ਹਰਿ ਜੀਉ ਧੁਰਿ ਤੂ ਰਖਦਾ ਆਇਆ ॥**
**ਪ੍ਰਹਿਲਾਦ ਜਨ ਤੁਧੁ ਰਾਖਿ ਲਏ ਹਰਿ ਜੀਉ ਹਰਣਾਖਸੁ ਮਾਰਿ**

ਪਚਾਇਆ ॥ ਗੁਰਮੁਖਾ ਨੋ ਪਰਤੀਤਿ ਹੈ ਹਰਿ ਜੀਉ ਮਨਮੁਖ ਭਰਮਿ ਭੁਲਾਇਆ ॥੧॥ ਹਰਿ ਜੀ ਏਹ ਤੇਰੀ ਵਡਿਆਈ ॥ ਭਗਤਾ ਕੀ ਪੈਜ ਰਖੁ ਤੂ ਸੁਆਮੀ ਭਗਤ ਤੇਰੀ ਸਰਣਾਈ ॥ ਰਹਾਉ ॥ ਭਗਤਾ ਨੋ ਜਮੁ ਜੋਹਿ ਨ ਸਾਕੈ ਕਾਲੁ ਨ ਨੇੜੈ ਜਾਈ ॥ ਕੇਵਲ ਰਾਮ ਨਾਮੁ ਮਨਿ ਵਸਿਆ ਨਾਮੇ ਹੀ ਮੁਕਤਿ ਪਾਈ ॥ ਰਿਧਿ ਸਿਧਿ ਸਭ ਭਗਤਾ ਚਰਣੀ ਲਾਗੀ ਗੁਰ ਕੈ ਸਹਜਿ ਸੁਭਾਈ ॥ ੨ ॥

## ਪਦ ਅਰਥ :

ਹਰਿ ਜੀਉ-ਹੇ ਪ੍ਰਭੂ ਜੀ। ਧੁਰਿ-ਧੁਰ ਤੋਂ, ਸ਼ੁਰੂ ਤੋਂ, ਜਦੋਂ ਤੋਂ ਸੰਸਾਰ ਬਣਿਆ ਹੈ, ਤਦੋਂ ਦਾ। ਪ੍ਰਹਿਲਾਦ ਜਨ-ਪ੍ਰਹਿਲਾਦ ਅਤੇ ਇਹੋ ਜਿਹੇ ਹੋਰ ਸੇਵਕ। ਮਾਰ=ਮਾਰ ਕੇ। ਪਚਾਇਆ-ਖ਼ੁਆਰ ਕੀਤਾ, ਤਬਾਹ ਕਰ ਦਿੱਤਾ। ਪਰਤੀਤਿ-ਭਰੋਸਾ। ਮਨਮੁਖਿ-ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ। ਭਰਮਿ-ਭਟਕਣਾ ਵਿਚ। ੧।

ਵਡਿਆਈ-ਇੱਜ਼ਤ। ਪੈਜ-ਲਾਜ। ਸੁਆਮੀ-ਹੇ ਸੁਆਮੀ। ਰਹਾਉ।

ਜਮੁ-ਮੌਤ, ਮੌਤ ਦਾ ਡਰ। ਜੋਹਿ ਨ ਸਾਕੈ-ਤੱਕ ਨਹੀਂ ਸਕਦਾ। ਕਾਲ-ਮੌਤ ਦਾ ਡਰ। ਮਨਿ-ਮਨ ਵਿਚ। ਨਾਮੇ ਹੀ-ਨਾਮ ਵਿਚ ਜੁੜ ਕੇ ਹੀ। ਮੁਕਤਿ-ਮੌਤ ਦੇ ਡਰ ਤੋਂ ਖਲਾਸੀ। ਰਿਧਿ ਸਿਧਿ-ਕਰਾਮਾਤੀ ਤਾਕਤਾਂ। ਗੁਰੂ ਕੈ-ਗੁਰੂ ਦੀ ਰਾਹੀਂ। ਸਹਜਿ-ਆਤਮਿਕ ਅਡੋਲਤਾ ਵਿਚ। ਸੁਭਾਈ-ਸੁਭਾਇ, ਪ੍ਰੇਮ ਵਿਚ। ੨।

## ਅਰਥ :

ਹੇ ਹਰੀ ਪ੍ਰਭੂ ਜੀਉ ! ਤੂੰ (ਆਪਣੇ) ਭਗਤਾਂ ਦੀ (ਇੱਜ਼ਤ) ਸਦਾ ਹੀ ਰੱਖਦਾ ਹੈਂ (ਅਤੇ) ਧੁਰ ਤੋਂ, ਜਦੋਂ ਦਾ ਸੰਸਾਰ ਬਣਿਆ ਹੈ, ਤਦੋਂ ਦਾ ਰੱਖਦਾ ਆ ਰਿਹਾ ਹੈਂ। ਹੇ ਪ੍ਰਭੂ ਜੀ ! (ਤੁਸਾਂ) ਪ੍ਰਹਿਲਾਦ ਅਤੇ ਇਹੋ ਜਿਹੇ ਹੋਰ ਸੇਵਕ (ਦੁਸ਼ਮਣਾਂ ਦੇ) ਪੰਜੇ ਤੋਂ ਬਚਾ ਲਏ ਹਨ, (ਅਤੇ) ਹਰਨਾਖਸ਼ (ਵਰਗਿਆਂ) ਨੂੰ ਮਾਰ ਕੇ ਤਬਾਹ ਕਰ ਦਿੱਤਾ ਹੈ। ਹੇ ਪ੍ਰਭੂ ਜੀ ! ਗੁਰੂ ਅਨੁਸਾਰੀ (ਮਨੁੱਖਾਂ ਨੂੰ ਆਪ ਉੱਤੇ ਪੂਰਨ) ਭਰੋਸਾ ਹੈ (ਪ੍ਰੰਤੂ) ਮਨ ਦੇ ਪਿੱਛੇ ਤੁਰਨ ਵਾਲੇ ਮਨਮੁਖ ਭਰਮ ਵਿਚ ਭੁਲੇ ਹੋਇ (ਕੁਰਾਹੇ ਪਏ) ਰਹਿੰਦੇ ਹਨ।੧। ਹੇ ਪ੍ਰਭੂ ਜੀ ! (ਭਗਤਾਂ ਦੀ ਰੱਖਿਆ ਕਰਨੀ) ਇਹ ਤੇਰੀ ਵਡਿਆਈ ਇੱਜ਼ਤ (ਸੋਭਾ) ਹੈ। ਹੇ ਸੁਆਮੀ ! (ਤੂੰ ਆਪਣੇ) ਭਗਤਾਂ ਦੀ ਇੱਜ਼ਤ ਰੱਖ, ਭਗਤ (ਸਦਾ) ਤੇਰੀ ਸ਼ਰਣ ਵਿਚ ਹੀ ਰਹਿੰਦੇ ਹਨ। ਰਹਾਉ। (ਹੇ ਭਾਈ !) ਭਗਤਾਂ ਨੂੰ ਜਮੁ (ਮੌਤ ਦਾ ਡਰ ਦੇਣ ਲਈ) ਤੱਕ ਨਹੀਂ ਸਕਦਾ (ਅਤੇ) ਕਾਲ (ਮੌਤ ਦਾ ਡਰ ਵੀ) ਉਨ੍ਹਾਂ ਦੇ ਨੇੜੇ ਨਹੀਂ ਜਾ ਸਕਦਾ। ਕਿਉਂਕਿ ਕੇਵਲ ਰਾਮ ਦਾ ਨਾਮ (ਉਨ੍ਹਾਂ ਦੇ) ਮਨਿ ਵਿਚ ਵਸਿਆ ਹੁੰਦਾ ਹੈ,

(ਅਤੇ) ਨਾਮ ਵੱਸਣ ਦੇ (ਫਲ ਸਰੂਪ) ਭਾਵ ਨਾਮ ਵਿਚ ਜੁੜ ਕੇ ਹੀ (ਉਨ੍ਹਾਂ ਨੇ) ਮੌਤ ਦੇ ਡਰ ਤੋਂ ਖਲਾਸੀ (ਭਾਵ ਮੁਕਤੀ) ਪਾ ਲਈ ਹੈ। ਗੁਰੂ ਦੇ ਗਿਆਨ (ਆਤਮਿਕ ਅਡੋਲਤਾ) ਵਾਲੇ ਸੁਭਾਉ ਕਰਕੇ, ਰਿਧੀ ਸਿਧੀ ਕਰਾਮਾਤੀ ਤਾਕਤਾਂ ਸਭ ਕੁਝ ਭਗਤਾਂ ਦੀ ਪੈਰੀਂ ਪਈਆਂ ਰਹਿੰਦੀਆਂ ਹਨ, (ਭਾਵ ਚਰਨੀਂ ਲੱਗੀਆਂ ਰਹਿੰਦੀਆਂ ਹਨ। ੨।

**ਮਨਮੁਖਾ ਨੋ ਪਰਤੀਤਿ ਨ ਆਵੀ ਅੰਤਰਿ ਲੋਭ ਸੁਆਉ॥ ਗੁਰਮੁਖਿ ਹਿਰਦੈ ਸਬਦੁ ਨ ਭੇਦਿਓ ਹਰਿ ਨਾਮਿ ਨ ਲਾਗਾ ਭਾਉ॥ ਕੂੜ ਕਪਟ ਪਾਜੁ ਲਹਿ ਜਾਸੀ ਮਨਮੁਖ ਫੀਕਾ ਅਲਾਉ ॥ ੩ ॥ ਭਗਤਾ ਵਿਚਿ ਆਪਿ ਵਰਤਦਾ ਪ੍ਰਭ ਜੀ ਭਗਤੀ ਹੂ ਤੂ ਜਾਤਾ॥ ਮਾਇਆ ਮੋਹ ਸਭ ਲੋਕ ਹੈ ਤੇਰੀ ਤੂ ਏਕੋ ਪੁਰਖੁ ਬਿਧਾਤਾ॥ ਹਉਮੈ ਮਾਰਿ ਮਨਸਾ ਮਨਹਿ ਸਮਾਣੀ ਗੁਰ ਕੈ ਸਬਦਿ ਪਛਾਤਾ ॥ ੪ ॥**

## ਪਦ ਅਰਥ :

ਨੋ-ਨੂੰ। ਆਵੀ-ਆਵੈ, ਆਉਂਦੀ। ਲੋਭ ਸੁਆਉ-ਲੋਭ ਦਾ ਸੁਆਰਥ, ਲੋਭ-ਭਰੀ ਗੁਰਜ। ਗੁਰਮੁਖਿ-ਗੁਰੂ ਦੀ ਸ਼ਰਨ ਪੈ ਕੇ। ਹਿਰਦੈ-ਵਿਚ। ਭੇਦਿਓ-ਵਸਿਆ। ਨਾਮਿ-ਨਾਮ ਵਿਚ। ਭਾਉ-ਪਿਆਰ। ਪਾਜੁ-ਮੁਲੰਮਾ। ਲਹਿ ਜਾਸੀ-ਉੱਤਰ ਜਾਏਗਾ। ਅਲਾਉ-ਅਲਾਪ, ਬੋਲ। ੩। ਵਰਤਦਾ-ਕੰਮ ਕਰਦਾ। ਭਗਤੀ-ਭਗਤਾਂ ਨੇ। ਤੂ-ਤੈਨੂੰ। ਲੋਕ-ਸ੍ਰਿਸ਼ਟੀ। ਬਿਧਾਤਾ-ਰਚਨਹਾਰ। ਮਨਸਾ-ਵਾਸ਼ਨਾ, ਇੱਛਾ। ਮਨਹਿ-ਮਨ ਹੀ ਮਨ ਵਿਚ। ਸਬਦਿ-ਸ਼ਬਦ ਦੇ ਰਾਹੀਂ। ੪।

## ਅਰਥ :

ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖਾਂ ਨੂੰ (ਪਰਮੇਸ਼ਰ 'ਤੇ) ਭਰੋਸਾ ਨਹੀਂ ਆਉਂਦਾ (ਕਿਉਂਕਿ ਉਨ੍ਹਾਂ ਦੇ ਮਨ) ਅੰਦਰ ਲੋਭ ਦਾ ਸੁਆਰਥ ਹੁੰਦਾ ਹੈ। ਗੁਰੂ ਰਾਹੀਂ (ਉਨ੍ਹਾਂ ਨੇ ਆਪਣੇ) ਮਨ ਵਿਚ ਸ਼ਬਦ (ਆਤਮਿਕ ਉਪਦੇਸ਼) ਨੂੰ ਨਹੀਂ ਮਿਲਾਇਆ (ਜਿਸ ਕਰਕੇ ਉਨ੍ਹਾਂ ਦਾ) ਪਰਮੇਸ਼ਰ ਦੇ ਨਾਮ ਵਿਚ ਪਿਆਰ ਨਹੀਂ ਲੱਗਾ। ਮਨਮੁਖਾਂ ਦਾ ਬੋਲ ਫਿੱਕਾ (ਰੁੱਖਾ) ਹੁੰਦਾ ਹੈ, ਇਸ ਲਈ ਇਕ ਦਿਨ (ਉਨ੍ਹਾਂ ਦਾ) ਝੂਠ, ਕਪਟ ਤੇ (ਠੱਗੀ ਵਾਲਾ ਸਾਰਾ) ਪਾਜ (ਪੜਦਾ) ਉਘੜ ਜਾਵੇਗਾ। ੩। ਹੇ ਪ੍ਰਭੂ ! (ਤੂੰ ਆਪਣਿਆਂ) ਭਗਤਾਂ ਵਿਚ (ਆਪ) ਵਰਤਦਾ ਹੈਂ (ਭਾਵ ਭਗਤਾਂ ਦੇ ਤੂੰ ਕੰਮ ਕਰਦਾ ਹੈਂ ਅਤੇ) ਭਗਤਾਂ ਨੇ ਤੈਨੂੰ (ਭਗਤੀ ਦੁਆਰਾ) ਜਾਣਿਆ ਹੈ। ਮਾਇਆ ਦਾ ਮੋਹ ਤੇ ਸਾਰੀ ਸ੍ਰਿਸ਼ਟੀ ਤੇਰੀ ਹੀ ਰਚਨਾ ਹੈ, ( ਅਤੇ) ਤੂੰ ਇਕ ਹੀ ਸਭ ਦਾ ਰਚਨਹਾਰ ਹੈਂ। ਹਉਮੈ ਨੂੰ ਮਾਰ ਕੇ (ਉਨ੍ਹਾਂ ਦੀ) ਇੱਛਾ ਮਨ ਵਿਚ ਹੀ ਲੀਨ ਹੋ ਗਈ ਹੈ। ਗੁਰੂ ਦੇ ਸ਼ਬਦ ਰਾਹੀਂ (ਉਨ੍ਹਾਂ ਭਗਤਾਂ ਨੇ ਤੈਨੂੰ) ਪਛਾਣ ਲਿਆ ਹੈ। ੪।

**ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ ਜਿਨ ਹਰਿ ਕਾ ਨਾਮੁ ਪਿਆਰਾ॥ ਗੁਰ ਪਰਸਾਦਿ ਸਦਾ ਮਨਿ ਵਸਿਆ ਸਭਿ ਕਾਜ ਸਵਾਰਣਹਾਰਾ॥ ਓਨਾ ਕੀ ਰੀਸ ਕਰੇ ਸੁ ਵਿਗੁਚੈ ਜਿਨ ਹਰਿ ਪ੍ਰਭੁ ਹੈ ਰਖਵਾਰਾ॥੫॥ ਬਿਨੁ ਸਤਿਗੁਰ ਸੇਵੇ ਕਿਨੈ ਨ ਪਾਇਆ ਮਨਮੁਖਿ ਭਉਕਿ ਮੁਏ ਬਿਲਲਾਈ॥ ਆਵਹਿ ਜਾਵਹਿ ਠਉਰ ਨ ਪਾਵਹਿ ਦੁਖ ਮਹਿ ਦੁਖਿ ਸਮਾਈ॥ ਗੁਰਮੁਖਿ ਹੋਵੈ ਸੁ ਅੰਮ੍ਰਿਤੁ ਪੀਵੈ ਸਹਜੇ ਸਾਚਿ ਸਮਾਈ॥੬॥**

## ਪਦ ਅਰਥ :

ਅਚਿੰਤ-ਚਿੰਤਾ ਤੋਂ ਬਿਨਾਂ ਹੀ। ਪ੍ਰਭ-ਹੇ ਪ੍ਰਭੂ! ਪਰਸਾਦਿ-ਕਿਰਪਾ ਨਾਲ। ਮਨਿ-ਮਨ ਵਿਚ। ਸਭਿ-ਸਾਰੇ। ਸੁ-ਉਹ (ਮਨੁੱਖ)। ਵਿਗੁਚੈ-ਖ਼ੁਆਰ ਹੁੰਦਾ ਹੈ। ੫।

ਕਿਨੈ-ਕਿਸੇ ਨੇ ਭੀ। ਮਨਮੁਖਿ-ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ। ਬਿਲਲਾਈ-ਬਿਲਲਾਇ, ਵਿਲਕ ਕੇ। ਆਵਹਿ ਜਾਵਹਿ-ਜੰਮਦੇ ਹਨ, ਮਰਦੇ ਹਨ। ਠਉਰ-ਟਿਕਾਣਾ, ਜਨਮ ਮਰਨ ਤੋਂ ਦੁਖੀ। ਦੁਖਿ-ਦੁੱਖ ਵਿਚ। ਗੁਰਮੁਖਿ-ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ। ਅੰਮ੍ਰਿਤੁ-ਜੀਵਨ ਦੇਣ ਵਾਲਾ ਨਾਮ-ਜਲ। ਸਹਜੇ-ਆਤਮਿਕ ਅਡੋਲਤਾ ਵਿਚ। ਸਾਚਿ-ਸਦਾ-ਥਿਰ ਪ੍ਰਭੂ ਵਿਚ। ਸਮਾਈ-ਲੀਨਤਾ। ੬।

## ਅਰਥ :

ਹੇ ਪ੍ਰਭੂ ਜੀ ! (ਜਿਨ੍ਹਾਂ ਮਨੁੱਖਾਂ ਨੂੰ) ਹਰੀ=ਪ੍ਰਭੂ ਦਾ ਨਾਮ ਪਿਆਰਾ=ਮਿੱਠਾ ਲੱਗਦਾ ਹੈ, (ਤੂੰ ਉਨ੍ਹਾਂ) ਸੇਵਕਾਂ (ਭਗਤਾਂ) ਦੇ ਚਿੰਤਾ ਤੋਂ ਬਿਨਾਂ (ਸੁਤੇ) ਹੀ ਸਾਰੇ ਕੰਮ ਕਰ ਦੇਂਦਾ ਹੈਂ। (ਹੇ ਭਾਈ !) ਗੁਰੂ ਦੀ ਕਿਰਪਾ ਨਾਲ (ਜਿਨ੍ਹਾਂ ਦੇ) ਮਨ ਵਿਚ ਪਰਮੇਸ਼ਰ ਸਦਾ ਵਸਿਆ ਰਹਿੰਦਾ ਹੈ, ਉਨ੍ਹਾਂ ਦੇ ਸਾਰੇ ਕੰਮ (ਉਹ ਆਪ) ਸਵਾਰਨ ਵਾਲਾ ਹੈ। ਜਿਨ੍ਹਾਂ ਦਾ ਹਰੀ ਪ੍ਰਭੂ ਰਖਵਾਲਾ ਹੈ, (ਜੋ) ਮਨੁੱਖ ਉਨ੍ਹਾਂ ਦੀ ਬਰਾਬਰੀ ਕਰਦਾ ਹੈ, ਉਹ ਖ਼ੁਆਰ ਹੁੰਦਾ ਹੈ। ੫।

ਹੇ ਭਾਈ! (ਪੂਰਨ) ਗੁਰੂ ਦੀ ਸੇਵਾ ਕੀਤੇ ਬਿਨਾਂ, ਕਿਸੇ ਨੇ ਭੀ (ਹਰੀ ਪ੍ਰਭੂ ਨੂੰ) ਨਹੀਂ ਪਾਇਆ, ਮਨਮੁਖ (ਪੁਰਸ਼) ਭੌਂਕ ਭੌਂਕ ਕੇ (ਭਾਵ) ਵਿਲਕ ਵਿਲਕ ਕੇ ਮਰ ਗਏ ਹਨ। (ਉਹ) ਆਉਂਦੇ ਜਾਂਦੇ (ਭਾਵ ਜੰਮਦੇ ਮਰਦੇ) ਰਹਿੰਦੇ ਹਨ, ਇਕ ਥਾਂ ਤੇ ਟਿੱਕ ਨਹੀਂ ਸਕਦੇ, ਦੁੱਖੀ ਹੋ ਕੇ (ਜੀਵਨ ਗੁਜ਼ਾਰਦੇ ਹਨ ਅਤੇ) ਦੁੱਖ ਵਿਚ ਹੀ (ਅੰਤ) ਨੂੰ ਸਮਾਅ, ਅਲੋਪ ਹੋ ਜਾਂਦੇ ਹਨ। ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ ਨਾਮ ਅੰਮ੍ਰਿਤ ਪੀਂਦਾ ਹੈ, (ਅਤੇ ਉਹ) ਆਤਮਿਕ ਅਡੋਲਤਾ ਰਾਹੀਂ ਸਦਾ ਥਿਰ ਪ੍ਰਭੂ ਵਿਚ ਲੀਨਤਾ ਪਾ ਲੈਂਦਾ ਹੈ। ੬।

**ਬਿਨੁ ਸਤਿਗੁਰ ਸੇਵੇ ਜਨਮੁ ਨ ਛੋਡੈ ਜੇ ਅਨੇਕ ਕਰਮ ਕਰੈ ਅਧਿਕਾਈ ॥ ਵੇਦ ਪੜਹਿ ਤੈ ਵਾਦ ਵਖਾਣਹਿ ਬਿਨੁ ਹਰਿ ਪਤਿ ਗਵਾਈ ॥ ਸਚਾ ਸਤਿਗੁਰੁ ਸਾਚੀ ਜਿਸੁ ਬਾਣੀ ਭਜਿ ਛੂਟਹਿ ਗੁਰ ਸਰਣਾਈ ॥ ੭ ॥ ਜਿਨ ਹਰਿ ਮਨਿ ਵਸਿਆ ਸੇ ਦਰਿ ਸਾਚੇ ਦਰਿ ਸਾਚੈ ਸਚਿਆਰਾ ॥ ਓਨਾ ਦੀ ਸੋਭਾ ਜੁਗਿ ਜੁਗਿ ਹੋਈ ਕੋਇ ਨ ਮੇਟਣਹਾਰਾ ॥ ਨਾਨਕ ਤਿਨ ਕੈ ਸਦ ਬਲਿਹਾਰੈ ਜਿਨ ਹਰਿ ਰਾਖਿਆ ਉਰਿ ਧਾਰਾ ॥ ੮ ॥ ੧ ॥**

## ਪਦ ਅਰਥ :

ਜਨਮੁ-ਜਨਮਾਂ ਦਾ ਗੇੜ। ਅਧਿਕਾਈ-ਬਹੁਤ। ਪੜਹਿ-ਪੜ੍ਹਦੇ ਹਨ। ਤੈ-ਅਤੇ। ਵਾਦ-ਚਰਚਾ, ਬਹਿਸਾਂ। ਪਤਿ-ਇੱਜ਼ਤ। ਸਚਾ-ਸਦਾ ਥਿਰ (ਪ੍ਰਭੂ ਦਾ ਉਪਦੇਸ਼ ਕਰਨ ਵਾਲਾ) ਸਾਚੀ-ਸਦਾ ਥਿਰ ਪ੍ਰਭੂ ਦੀ ਸਿਫਤਿ ਸਾਲਾਹ ਵਾਲੀ। ਭਜਿ-ਭੱਜ ਕੇ, ਦੌੜ ਕੇ। ਛੂਟਹਿ-(ਆਤਮਿਕ ਮੌਤ ਤੋਂ) ਬਚਦੇ ਹਨ। ੭।

ਮਨਿ-ਮਨ ਵਿਚ। ਦਰਿ-ਪ੍ਰਭੂ ਦੇ ਦਰ 'ਤੇ। ਸਾਚੇ-ਸੁਰਖ਼ਰੂ। ਦਰਿ ਸਾਚੈ- ਸਦਾ-ਥਿਰ ਪ੍ਰਭੂ ਦੇ ਦਰ 'ਤੇ। ਸਚਿਆਰਾ-ਸੁਰਖ਼ਰੂ, ਇੱਜ਼ਤ ਵਾਲੇ। ਜੁਗਿ ਜੁਗਿ-ਹਰੇਕ ਜੁਗ ਵਿਚ। ਤਿਨ ਕੈ-ਉਹਨਾਂ ਤੋਂ। ਸਦ-ਸਦਾ। ਉਰਿ-ਹਿਰਦੇ ਵਿਚ। ੮।

## ਅਰਥ :

ਹੇ ਭਾਈ ! ਸਤਿਗੁਰੂ ਦੀ ਸੇਵਾ ਤੋਂ ਬਿਨਾਂ ਜਨਮਾਂ ਦਾ ਗੇੜ (ਖਹਿੜਾ) ਨਹੀਂ ਛੱਡਦਾ (ਭਾਵੇਂ ਉਹ) ਬਹੁਤ ਤਰ੍ਹਾਂ ਦੇ (ਵਿਖਾਵੇ ਮਾਤਰ) ਕਰਮ ਧਰਮ ਕਰਦਾ ਰਹੇ। (ਜਿਹੜੇ ਮਨੁੱਖ) ਵੇਦ (ਆਦਿ ਧਾਰਮਿਕ ਗ੍ਰੰਥਾਂ ਦਾ) ਪਾਠ ਪੜ੍ਹਦੇ ਹਨ, (ਅਤੇ) ਬਹਿਸਾਂ ਕਰਦੇ ਹਨ, (ਸੱਚ ਜਾਣੋ) ਉਹਨਾਂ ਨੇ ਹਰੀ ਦੇ ਨਾਮ ਸਿਮਰਨ ਤੋਂ ਬਿਨਾਂ, (ਪ੍ਰਭੂ ਦੇ ਦਰਬਾਰ ਵਿਚ ਜਾਣ ਲਈ ਆਪਣੀ) ਇੱਜ਼ਤ ਗੁਆ ਲਈ ਹੈ। ਹੇ ਭਾਈ ! ਸਤਿਗੁਰੂ ਸੱਚਾ ਹੈ, ਉਸ (ਗੁਰੂ ਦੀ) ਬਾਣੀ ਵੀ ਸੱਚੀ ਹੈ। (ਜੋ ਮਨੁੱਖ) ਭੱਜ ਕੇ (ਉਸ) ਗੁਰੂ ਦੀ ਸ਼ਰਣੀ ਜਾ ਪੈਂਦੇ ਹਨ, (ਉਹ ਮੌਤ ਅਤੇ ਜਮਾਂ ਦੇ ਡਰ ਤੋਂ) ਛੁਟਕਾਰਾ ਪਾ ਲੈਂਦੇ ਹਨ। ੭। (ਹੇ ਭਾਈ !) ਜਿਨ੍ਹਾਂ ਦੇ ਮਨ ਵਿਚ ਹਰੀ ਵੱਸ ਗਿਆ ਹੈ, ਉਹ ਹਰੀ ਪ੍ਰਭੂ ਦੇ ਦਰ ਉੱਤੇ ਸੱਚੇ ਹਨ (ਅਤੇ ਓਹੀ) ਸਚੇ ਦੇ ਦਰਬਾਰ ਵਿਚ ਸਚਿਆਰ (ਪੁਰਸ਼) ਹਨ। ਉਨ੍ਹਾਂ ਦੀ ਸੋਭਾ ਸਾਰਿਆਂ ਜੁਗਾਂ ਵਿਚ ਹੋਈ ਹੈ, (ਅਤੇ) ਉਨ੍ਹਾਂ ਦੀ ਇਸ ਸੋਭਾ ਨੂੰ ਕੋਈ ਮੇਟਣ ਵਾਲਾ ਨਹੀਂ ਜੰਮਿਆ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਮੈਂ ਉਨ੍ਹਾਂ (ਪ੍ਰਭੂ ਪਿਆਰਿਆਂ) ਤੋਂ ਸਦਾ ਸਦਕੇ ਜਾਂਦਾ ਹਾਂ, ਜਿਨ੍ਹਾਂ ਨੇ ਹਰੀ ਨਾਮ ਨੂੰ ਆਪਣੇ ਹਿਰਦੇ ਵਿਚ ਟਿਕਾ ਕੇ ਰੱਖਿਆ ਹੈ। ੮। ੧।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਸ੍ਰੀ ਮੁਖਵਾਕ ਨੰਬਰ ੭੧ (ਅੰਗ ੬੩੯-੪੦)

## ਸੋਰਠਿ ਮਹਲਾ ੫ ਘਰੁ ੧ ਅਸਟਪਦੀਆ

ੴ ਸਤਿਗੁਰ ਪ੍ਰਸਾਦਿ ॥ ਸਭੁ ਜਗੁ ਜਿਨਹਿ ਉਪਾਇਆ ਭਾਈ ਕਰਣ ਕਾਰਣ ਸਮਰਥੁ ॥ ਜੀਉ ਪਿੰਡੁ ਜਿਨਿ ਸਾਜਿਆ ਭਾਈ ਦੇ ਕਰਿ ਅਪਣੀ ਵਥੁ ॥ ਕਿਨਿ ਕਹੀਐ ਕਿਉ ਦੇਖੀਐ ਭਾਈ ਕਰਤਾ ਏਕੁ ਅਕਥੁ ॥ ਗੁਰੁ ਗੋਵਿੰਦੁ ਸਲਾਹੀਐ ਭਾਈ ਜਿਸ ਤੇ ਜਾਪੈ ਤਥੁ ॥ ੧ ॥ ਮੇਰੇ ਮਨ ਜਪੀਐ ਹਰਿ ਭਗਵੰਤਾ ॥ ਨਾਮ ਦਾਨੁ ਦੇਇ ਜਨ ਅਪਨੇ ਦੂਖ ਦਰਦ ਕਾ ਹੰਤਾ ॥ ਰਹਾਉ ॥ ਜਾ ਕੈ ਘਰਿ ਸਭੁ ਕਿਛੁ ਹੈ ਭਾਈ ਨਉ ਨਿਧਿ ਭਰੇ ਭੰਡਾਰ ॥ ਤਿਸ ਕੀ ਕੀਮਤਿ ਨਾ ਪਵੈ ਭਾਈ ਊਚਾ ਅਗਮ ਅਪਾਰ ॥ ਜੀਅ ਜੰਤ ਪ੍ਰਤਿਪਾਲਦਾ ਭਾਈ ਨਿਤ ਨਿਤ ਕਰਦਾ ਸਾਰ ॥ ਸਤਿਗੁਰੁ ਪੂਰਾ ਭੇਟੀਐ ਭਾਈ ਸਬਦਿ ਮਿਲਾਵਣਹਾਰ ॥ ੨ ॥ ਸਚੇ ਚਰਣ ਸਰੇਵੀਅਹਿ ਭਾਈ ਭ੍ਰਮੁ ਭਉ ਹੋਵੈ ਨਾਸੁ ॥ ਮਿਲਿ ਸੰਤ ਸਭਾ ਮਨੁ ਮਾਂਜੀਐ ਭਾਈ ਹਰਿ ਕੈ ਨਾਮਿ ਨਿਵਾਸੁ ॥ ਮਿਟੈ ਅੰਧੇਰਾ ਅਗਿਆਨਤਾ ਭਾਈ ਕਮਲ ਹੋਵੈ ਪਰਗਾਸੁ ॥ ਗੁਰ ਬਚਨੀ ਸੁਖੁ ਊਪਜੈ ਭਾਈ ਸਭਿ ਫਲ ਸਤਿਗੁਰ ਪਾਸਿ ॥ ੩ ॥ ਮੇਰਾ ਤੇਰਾ ਛੋਡੀਐ ਭਾਈ ਹੋਈਐ ਸਭ ਕੀ ਧੂਰਿ ॥ ਘਟਿ ਘਟਿ ਬ੍ਰਹਮੁ ਪਸਾਰਿਆ ਭਾਈ ਪੇਖੈ ਸੁਣੈ ਹਜੂਰਿ ॥ ਜਿਤੁ ਦਿਨਿ ਵਿਸਰੈ ਪਾਰਬ੍ਰਹਮੁ ਭਾਈ ਤਿਤੁ ਦਿਨਿ ਮਰੀਐ ਝੂਰਿ ॥ ਕਰਨ ਕਰਾਵਨ ਸਮਰਥੋ ਭਾਈ ਸਰਬ ਕਲਾ ਭਰਪੂਰਿ ॥ ੪ ॥ ਪ੍ਰੇਮ ਪਦਾਰਥੁ ਨਾਮੁ ਹੈ ਭਾਈ ਮਾਇਆ ਮੋਹ ਬਿਨਾਸੁ ॥ ਤਿਸੁ ਭਾਵੈ ਤਾ ਮੇਲਿ ਲਏ ਭਾਈ ਹਿਰਦੈ ਨਾਮ ਨਿਵਾਸੁ ॥ ਗੁਰਮੁਖਿ ਕਮਲੁ ਪ੍ਰਗਾਸੀਐ ਭਾਈ ਰਿਦੈ ਹੋਵੈ ਪਰਗਾਸੁ ॥ ਪ੍ਰਗਟੁ ਭਇਆ ਪਰਤਾਪੁ ਪ੍ਰਭ ਭਾਈ ਮਉਲਿਆ

ਧਰਤਿ ਅਕਾਸੁ ॥ ੫ ॥ ਗੁਰਿ ਪੂਰੈ ਸੰਤੋਖਿਆ ਭਾਈ ਅਹਿਨਿਸਿ ਲਾਗਾ ਭਾਉ ॥ ਰਸਨਾ ਰਾਮੁ ਰਵੈ ਸਦਾ ਭਾਈ ਸਾਚਾ ਸਾਦੁ ਸੁਆਉ ॥ ਕਰਨੀ ਸੁਣਿ ਸੁਣਿ ਜੀਵਿਆ ਭਾਈ ਨਿਹਚਲੁ ਪਾਇਆ ਥਾਉ ॥ ਜਿਸੁ ਪਰਤੀਤਿ ਨ ਆਵਈ ਭਾਈ ਸੋ ਜੀਅੜਾ ਜਲਿ ਜਾਉ ॥ ੬ ॥ ਬਹੁ ਗੁਣ ਮੇਰੇ ਸਾਹਿਬੈ ਭਾਈ ਹਉ ਤਿਸ ਕੈ ਬਲਿ ਜਾਉ ॥ ਓਹੁ ਨਿਰਗੁਣੀਆਰੇ ਪਾਲਦਾ ਭਾਈ ਦੇਇ ਨਿਥਾਵੇ ਥਾਉ ॥ ਰਿਜਕੁ ਸੰਬਾਹੇ ਸਾਸਿ ਸਾਸਿ ਭਾਈ ਗੂੜਾ ਜਾ ਕਾ ਨਾਉ ॥ ਜਿਸੁ ਗੁਰੁ ਸਾਚਾ ਭੇਟੀਐ ਭਾਈ ਪੂਰਾ ਤਿਸੁ ਕਰਮਾਉ ॥ ੭ ॥ ਤਿਸੁ ਬਿਨੁ ਘੜੀ ਨ ਜੀਵੀਐ ਭਾਈ ਸਰਬ ਕਲਾ ਭਰਪੂਰਿ ॥ ਸਾਸਿ ਗਿਰਾਸਿ ਨ ਵਿਸਰੈ ਭਾਈ ਪੇਖਉ ਸਦਾ ਹਜੂਰਿ ॥ ਸਾਧੂ ਸੰਗਿ ਮਿਲਾਇਆ ਭਾਈ ਸਰਬ ਰਹਿਆ ਭਰਪੂਰਿ ॥ ਜਿਨਾ ਪ੍ਰੀਤਿ ਨ ਲਗੀਆ ਭਾਈ ਸੇ ਨਿਤ ਨਿਤ ਮਰਦੇ ਝੂਰਿ ॥ ੮ ॥ ਅੰਚਲਿ ਲਾਇ ਤਰਾਇਆ ਭਾਈ ਭਉਜਲੁ ਦੁਖੁ ਸੰਸਾਰੁ ॥ ਕਰਿ ਕਿਰਪਾ ਨਦਰਿ ਨਿਹਾਲਿਆ ਭਾਈ ਕੀਤੋਨੁ ਅੰਗੁ ਅਪਾਰੁ ॥ ਮਨੁ ਤਨੁ ਸੀਤਲੁ ਹੋਇਆ ਭਾਈ ਭੋਜਨੁ ਨਾਮ ਅਧਾਰੁ ॥ ਨਾਨਕ ਤਿਸੁ ਸਰਣਾਗਤੀ ਭਾਈ ਜਿ ਕਿਲਬਿਖ ਕਾਟਣਹਾਰੁ ॥ ੯ ॥ ੧ ॥

# ਪ੍ਰਾਕ੍ਥਨ :-

ਪੰਚਮ ਗੁਰਦੇਵ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸੋਰਠਿ ਰਾਗੁ ਵਿਚ ਅੱਠ ਪਦਿਆਂ ਵਾਲਾ ਸ਼ਬਦ ਅਸਟਪਦੀਆਂ ਦੇ ਸਿਰਲੇਖ ਹੇਠ ਉਚਾਰਨ ਕੀਤਾ ਹੋਇਆ ਹੈ। ਸ਼ਬਦ ਦੇ ਆਰੰਭ ਅੰਦਰ ਅਕਾਲ ਪੁਰਖ ਦੀ ਰਚੀ ਰਚਨਾ, ਸ੍ਰਿਸ਼ਟੀ ਦੀ ਉਤਪਤੀ ਦਾ ਜ਼ਿਕਰ ਕੀਤਾ ਹੈ। ਇਸ ਸੰਬੰਧ ਵਿਚ ਵਿਚਾਰ ਕਰਨੀ ਹੈ ਕਿ ਇਹ ਸਾਰਾ ਜਗਤ ਕਿਸ ਤਰ੍ਹਾਂ ਵਾਹਿਗੁਰੂ ਜੀ ਨੇ ਪੈਦਾ ਕੀਤਾ ਹੈ। ਵੱਖ ਵੱਖ ਮੱਤਾਂ ਵਾਲੇ ਸ੍ਰਿਸ਼ਟੀ ਰਚਨਾ ਹੋਈ ਕਿਸ ਤੋਂ ਮੰਨਦੇ ਹਨ ?

***ਸਭੁ ਜਗੁ ਜਿਨਹਿ ਉਪਾਇਆ***

## ਵਿਸ਼ਾ— ਜਬ ਪਹਿਲੇ ਹਮ ਸ੍ਰਿਸਟਿ ਬਨਾਈ

ਸੰਸਾਰ ਦੀ ਉੱਤਪਤੀ ਸੰਬੰਧੀ ਵੱਖ ਵੱਖ ਮੱਤਾਂ ਗ੍ਰੰਥਾਂ ਦੇ ਵੱਖ ਵੱਖ ਵਿਚਾਰ ਇਸ ਪ੍ਰਕਾਰ ਹਨ :

(੧) ਈਸਾਈ ਮੱਤ ਦੀ ਬਾਈਬਲ ਵਿਚ ਲਿਖਿਆ ਹੈ ਕਿ ਈਸ਼ਵਰ ਦਾ ਆਤਮਾ ਜਲ ਉੱਪਰ ਡੋਲਦਾ ਸੀ, ਰਚਨਾ ਹੋਣ ਲਈ ਪ੍ਰਕਾਸ਼ ਹੋ ਗਿਆ। ਫਿਰ ਈਸ਼ਵਰ ਨੇ ਪਹਿਲੇ ਦਿਨ ਚਾਨਣ ਨੂੰ ਹਨੇਰ ਤੋਂ ਵੱਖ ਕਰਕੇ ਦਿਨ ਰਾਤ ਥਾਪੇ। ਦੂਜੇ ਦਿਨ ਆਕਾਸ਼, ਤੀਜੇ ਦਿਨ ਘਾਸ ਬੂਟੀਆਂ, ਚੌਥੇ ਦਿਨ ਚੰਦਰਮਾ, ਸੂਰਜ, ਤਾਰੇ ਆਦਿ। ਪੰਜਵੇਂ ਦਿਨ ਜਲ ਜੀਵ, ਪੰਛੀ, ਛੇਵੇਂ ਦਿਨ ਪਸ਼ੂ, ਕੀੜੇ, ਕਿਰਮ ਅਤੇ ਨਰ-ਨਾਰੀ ਸਿਰਜੀ, ਸੱਤਵੇਂ ਦਿਨ ਸਾਰਾ ਧੰਧਾ ਕਰਕੇ ਈਸ਼ਵਰ ਨੇ ਆਰਾਮ ਕੀਤਾ। ਇਸੇ ਲਈ ਸੱਤਵਾਂ ਦਿਨ ਐਤਵਾਰ ਆਰਾਮ ਦਾ ਦਿਨ ਮੰਨਿਆ ਹੈ।

(੨) ਇਸੇ ਦੀ ਤਾਈਦ ਕੁਰਾਨ ਵਿਚ ਹੈ। ਇਸਲਾਮ ਮੱਤ ਅਨੁਸਾਰ ਸਾਰੇ ਜੀਵ ਤਿੰਨ ਪ੍ਰਕਾਰ ਦੇ ਹਨ—

ੳ-ਫ਼ਰਿਸ਼ਤੇ ਜੋ ਖ਼ੁਦਾ ਦੇ ਨੂਰ ਤੋਂ ਬਣੇ ਹਨ।

ਅ-ਸ਼ੈਤਾਨ ਭੂਤ ਆਦਿ ਜੋ ਅਗਨੀ ਤੋਂ ਬਣੇ ਹਨ।

ੲ-ਆਦਮੀ ਜੋ ਮਿੱਟੀ ਤੋਂ ਬਣੇ ਮੰਨੇ ਹਨ।

(੩) ਰਿਗਵੇਦ ਦਾ ਸਿਧਾਂਤ ਇਸ ਪ੍ਰਕਾਰ ਹੈ-ਪਹਿਲਾਂ ਹਿਰਣ ਗਰਭ ਜਨਮਿਆ (ਇਹ ਨਾਮ ਬ੍ਰਹਮਾ ਦਾ ਹੈ)

(੪) ਮਨੂ ਸਿੰਮ੍ਰਿਤੀ ਦਾ ਭੀ ਕਥਨ ਹੈ ਕਿ ਇਕ ਸੁਨਹਿਰੀ ਆਂਡਾ ਪੈਦਾ ਹੋਇਆ। ਇਕ ਸਾਲ ਮਗਰੋਂ ਦੋ ਭਾਗਾਂ ਵਿਚ ਹੋ ਗਿਆ, ਜਿਸ ਦਾ ਇਕ ਭਾਗ ਪ੍ਰਿਥਵੀ, ਦੂਸਰਾ ਸਵਰਗ ਬਣਿਆ।

(੫) ਰਿਗਵੇਦ ਵਿਚ ਇਸ ਪ੍ਰਕਾਰ ਵੀ ਜ਼ਿਕਰ ਹੈ ਕਿ ਉੱਤਪਤੀ ਕਰਨੇ ਵਾਲੇ ਈਸ਼ਵਰ ਦੇ ਇਕ ਹਜ਼ਾਰ ਸੀਸ ਹਨ। ਹਜ਼ਾਰ ਪੈਰ ਤੇ ਹਜ਼ਾਰ ਅੱਖਾਂ ਹਨ। ਸਾਰੀ ਪ੍ਰਿਥਵੀ ਦੇ ਗਿਰਦ ਲਪੇਟਣ ਨਾਲ ਇਹ ਦਸ ਉਂਗਲਾਂ ਵਧਿਆ ਸੀ ਜਾਂ ਤੇ ਹੋਣਹਾਰ ਸਭ ਪੁਰਖ ਹੀ ਹੈ।

(੬) ਮਨੂੰ ਜੀ ਨੇ ਭੀ ਇਹ ਲਿਖਿਆ ਹੈ ਕਿ ਪ੍ਰਜਾਪਤਿ ਨੇ ਆਪਣੇ ਹੀ ਸਰੀਰ ਵਿਚੋਂ ਪਹਿਲਾਂ ਜਲ ਉਤਪੰਨ ਕੀਤਾ। ਇਕ ਬੀਜ ਇਸ ਵਿਚ ਸੁੱਟ ਦਿੱਤਾ, ਜੋ ਸੂਰਜ ਦੀ ਤਰ੍ਹਾਂ ਸੋਨੇ ਦਾ ਆਂਡਾ ਬਣ ਗਿਆ, ਜਿਸ ਤੋਂ ਬ੍ਰਹਮਾ ਉਤਪੰਨ ਹੋਇਆ। ਫਿਰ ਉਹ ਆਂਡੇ ਵਿਚ ਰਹਿ ਕੇ ਦੋ ਭਾਗ ਵਿਚ ਹੋ ਕੇ ਭਗੋਲ ਤੇ ਖਗੋਲ ਹੋਏ ਤੇ ਉਸ ਦਾ ਅੱਧਾ ਸਰੀਰ ਮਰਦ ਤੇ ਅੱਧਾ ਸਰੀਰ ਇਸਤਰੀ ਬਣੇ ਸਨ, ਉਸ ਤੋਂ ਅੱਗੇ ਸੰਸਾਰ ਦੀ ਰਚਨਾ ਹੋਈ ਦੱਸੀ ਹੈ।

(੭) ਗ੍ਰੰਥ ਤੈਤਿਰੀਯ ਬ੍ਰਾਹਮਣ ਵਿਚ ਲਿਖਿਆ ਹੈ, ਕਿ ਪ੍ਰਜਾਪਤ ਨੇ ਆਪਣੇ ਆਪ ਨੂੰ ਪ੍ਰਗਟ ਕਰਨ ਦੀ ਇੱਛਾ ਲਈ ਤਪ ਕੀਤਾ ਤਾਂ ਉਸ ਦੇ ਸਵਾਸਾਂ ਵਿਚ ਸ਼ਕਤੀ ਆ ਗਈ। ਉਸ ਨੇ ਆਪਣੇ 'ਅਸੁ' ਨਾਲ ਅਸੁਰ (ਦੈਂਤ) ਉਤਪੰਨ ਕੀਤੇ ਫਿਰ ਪਿੱਤਰ ਰਚੇ। ਪਿੱਤਰਾਂ ਨੂੰ ਉਤਪੰਨ ਕਰਕੇ ਉਸ ਨੇ ਸੋਚਿਆ ਤਾਂ ਆਦਮੀ ਉਤਪੰਨ ਹੋਏ। ਜਦ ਇਹ ਪੁਰਸ਼ਾਂ ਨੂੰ ਉਤਪੰਨ ਕਰ ਰਿਹਾ ਸੀ ਤਾਂ ਦਿਨ ਚੜ੍ਹ ਪਿਆ ਤਾਂ ਉਸ ਨੇ ਦੇਵਤੇ ਰਚੇ ਸਨ।

(੮) ਗ੍ਰੰਥ ਸਤਪਥ ਬ੍ਰਾਹਮਣ ਵਿਚ ਮਨੁੱਖਾਂ ਅਤੇ ਪਸ਼ੂਆਂ ਦੀ ਉੱਤਪਤੀ ਦਾ ਹਾਲ ਇਸ ਪ੍ਰਕਾਰ ਲਿਖਿਆ ਹੈ-ਪਹਿਲੇ ਇਕੱਲਾ ਪ੍ਰਜਾਪਤ ਹੀ ਸੀ। ਉਸ ਨੇ ਅੰਨ ਪੈਦਾ ਕਰਕੇ ਉਨ੍ਹਾਂ ਵਿਚ ਆਪ ਉਤਪੰਨ ਹੋਣ ਦਾ ਯਤਨ ਕੀਤਾ। ਉਸ ਨੇ ਆਪਣੇ ਪ੍ਰਾਣਾਂ ਦੇ ਪਸ਼ੂ, ਆਤਮਾ ਦੇ ਲੋਕ, ਅੱਖਾਂ ਦੇ ਘੋੜੇ, ਸਵਾਸਾਂ ਦੇ ਬੈਲ, ਕੰਨਾਂ ਦੀਆਂ ਭੈਂਸਾਂ, ਅਵਾਜ਼ ਦੀਆਂ ਬੱਕਰੀਆਂ ਬਣਾਈਆਂ।

(੯) ਹਿੰਦੂ ਲੇਖਕਾਂ ਨੇ ਇਕ ਥਾਂ ਇਸ ਪ੍ਰਕਾਰ ਭੀ ਲਿਖਿਆ ਹੈ ਕਿ ਸੰਨ ੧੯੨੮ ਵਿਚ ਦੁਨੀਆ ਬਣੀ ਨੂੰ ਇਕ ਅਰਬ ਛਿਆਨਵੇਂ ਕਰੋੜ ਅੱਠ ਲੱਖ ਤ੍ਰਿਵੰਜਾ ਹਜ਼ਾਰ ਅਤੇ ਅਠਾਈ ਵਰ੍ਹੇ ਹੋਏ ਹਨ।

(੧੦) ਨਿਆਇਕ ਪ੍ਰਮਾਣੂਆਂ ਤੋਂ ਸ੍ਰਿਸ਼ਟੀ ਦੀ ਰਚਨਾ ਮੰਨਦੇ ਹਨ।

(੧੧) ਚਾਰਵਾਕੀਏ ਤੱਤਾਂ ਤੋਂ ਰਚਨਾ ਮੰਨਦੇ ਹਨ।

(੧੨) ਸਾਂਖ ਪ੍ਰਧਾਨ ਤੋਂ,

(੧੩) ਬਿਸੇਖਕ ਕਾਲ ਤੋਂ,

(੧੪) ਪੂਰਬ ਮੀਮਾਂਸਾ ਵਾਲੇ ਕਰਮਾਂ ਤੋਂ,

(੧੫) ਵੈਸ਼ਨਵ ਸੰਭੂ ਮੁਨਿ ਤੇ ਸੱਤ ਰੂਪਾਂ ਤੋਂ,

(੧੬) ਵਿਦਾਂਤੀ ਅਗਿਆਨ ਤੋਂ, ਅਤੇ ਈਸ਼ਵਰ ਤੋਂ ਪੈਦਾ ਹੋਈ ਮੰਨਦੇ ਹਨ।

(੧੭) ਈਸਾਈਆਂ ਨੇ ਵੀ ਹਿਸਾਬ ਲਾਉਣ ਵਿਚ ਸੁਸਤੀ ਨਹੀਂ ਕੀਤੀ। ਉਨ੍ਹਾਂ ਇਸ ਪ੍ਰਕਾਰ ਲਿਖ ਦਿੱਤਾ ਹੈ ਕਿ ਪੈਗੰਬਰ ਈਸਾ ਜੀ ਤੋਂ ੪੦੦੪ ਵਰ੍ਹੇ ਪਹਿਲਾਂ ੨੩ ਅਕਤੂਬਰ ਨੂੰ ਦੁਨੀਆਂ ਰਚੀ ਗਈ ਸੀ।

ਪਰ ਧੰਨ ਕ੍ਰਿਪਾਲੂ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਬਚਨ ਹਨ। ਇਹ ਬਚਨ ਭੀ ਅਕਾਲ ਪੁਰਖ ਦੇ ਬੋਲ ਹਨ, ਜਿਨ੍ਹਾਂ ਬੋਲਾਂ ਵਿਚ ਅਟੱਲ ਸੱਚਾਈ ਹੈ-

***ਜਾ ਕਰਤਾ ਸਿਰਠੀ ਕਉ ਸਾਜੇ, ਆਪੇ ਜਾਣੈ ਸੋਈ॥***

(ਪੰਨਾ ੪)

ਅਸਲ ਸਿਧਾਂਤ ਇਹ ਹੈ ਕਿ ਜਿਸ ਵੇਲੇ ਵਾਹਿਗੁਰੂ ਜੀ ਨੇ ਸ੍ਰਿਸ਼ਟੀ ਨੂੰ ਬਣਾਇਆ ਅਤੇ ਸਾਰੇ ਜੀਵ ਬਣਾਏ, ਉਸ ਸਮੇਂ ਨੂੰ ਕੇਵਲ ਉਹ ਕਰਤਾ ਪੁਰਖ ਸ੍ਰਿਸ਼ਟੀ ਦੇ ਰਚਨ ਵਾਲਾ ਹੀ ਜਾਣਦਾ ਹੈ।

ਹੋਰ ਕਥਨੀ ਸਭ ਮਨੁੱਖੀ ਕਲਪਨਾ ਹੀ ਹੈ। ਗੁਰਮਤਿ ਦਾ ਸਿੱਧਾ ਗੁਰਬਾਣੀ ਰਾਹੀਂ ਹਜ਼ੂਰ ਨੇ ਇਸ ਪ੍ਰਕਾਰ ਪ੍ਰਗਟ ਕੀਤਾ ਹੈ :

***ਉਤਪਤਿ ਪਰਲਉ ਸਬਦੇ ਹੋਵੈ॥***

(ਅੰਗ ੧੧੭)

ਸੰਸਾਰ ਵਿਚ ਜਿਤਨੇ ਧਾਰਮਿਕ ਗ੍ਰੰਥ ਹਨ, ਹਰ ਇਕ ਗ੍ਰੰਥ ਅੰਦਰ ਸੰਸਾਰ ਦੀ ਉੱਤਪਤੀ ਵੱਖ-ਵੱਖ ਢੰਗ ਨਾਲ ਦੱਸੀ ਹੈ। ਪਰ ਗੁਰ ਸਿਧਾਂਤ ਹੈ ਕਿ ਉੱਤਪਤੀ ਅਤੇ ਪਰਲਉ ਸ਼ਬਦ (ਅਥਵਾ) ਕਰਤਾਰ ਦੇ ਹੁਕਮ ਨਾਲ ਹੁੰਦੀ ਹੈ। ਭਾਵੇਂ ਸ਼ਬਦ ਦੇ ਸੰਬੰਧ ਵਿਚ, ਓਮ, ਕੁਨ ਆਦਿ ਕਈ ਸ਼ਬਦ ਦੱਸੇ ਜਾਂਦੇ ਹਨ, ਪਰ ਸ਼ਬਦ ਅਸਲ ਅਕਾਲੀ ਹੁਕਮ ਹੈ। ਹੁਕਮ ਦਾ ਕਥਨ ਵੀ ਅਕੱਥਨੀਯ ਹੈ, ਪਰ ਹਜ਼ੂਰ ਦੇ ਬਚਨ ਹਨ:

***ਹੁਕਮੀ ਹੋਵਨਿ ਆਕਾਰ, ਹੁਕਮੁ ਨ ਕਹਿਆ ਜਾਈ॥***

(ਜਪੁ ਜੀ ਸਾਹਿਬ)

ਗੁਰਬਾਣੀ ਅੰਦਰ ਏਕੰਕਾਰ ਤਥਾ ਇਕ ਤੋਂ ਆਕਾਰ ਮੰਨਿਆ ਹੈ। ਉੱਤਪਤੀ ਦੇ ਸੰਬੰਧ ਵਿਚ ਗੁਰਬਾਣੀ ਅੰਦਰ ਇਸ ਪ੍ਰਕਾਰ ਹੋਰ ਬਚਨ ਅੰਕਿਤ ਹਨ। 'ਪਉਣੁ ਪਾਣੀ ਸੁੰਨੈ ਤੇ ਸਾਜੇ॥' (ਅਥਵਾ) 'ਓਅੰਕਾਰਿ ਉਤਪਾਤੀ'

***ਓਅੰ ਅਖਰ ਤ੍ਰਿਭਵਣ ਸਾਰ॥***

ਅੱਖਰ ਤੋਂ ਭਾਵ ਭੀ ਇਥੇ ਹੁਕਮ ਹੀ ਹੈ। (ਅਥਵਾ, 'ਨਿਰੰਕਾਰ ਆਕਾਰੁ ਉਪਾਇਆ।' ਸਪੱਸ਼ਟ ਹੈ ਭਾਵ ਸੰਸਾਰ ਰਚਨਾ ਹੁਕਮੀ ਖੇਡ ਹੈ। ਉਸ ਦੀ ਕਲਾ ਅਥਵਾ ਇਕ ਲੀਲ੍ਹਾ ਹੈ। ਇਸ ਪ੍ਰਕਾਰ ਭੀ ਅੰਮ੍ਰਿਤ ਬਚਨ ਹਨ :

***ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ॥***

(ਅੰਗ ੧੯)

ਪੁਨਾ-'ਪਾਂਚ ਤਤ ਤੇ ਤਨੁ ਰਚਿਓ॥' ਸੰਸਾਰ ਰਚਨਾ ਨੂੰ ਮਦਾਰੀ ਦੀ ਖੇਡ ਵਾਂਗ ਦੱਸਿਆ ਹੈ।

***ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ॥***

(ਅੰਗ ੫੩੭)

ਅਥਵਾ–

***ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ॥***

(ਪੰਨਾ ੫੩੭)

ਪੁਨਾ–'ਬਾਜੀਗਰਿ ਜੈਸੇ ਬਾਜੀ ਪਾਈ।'

ਇਸ ਵਿਚ ਉਸ ਦੀ ਕਲਾ ਜਾਂ ਜੋਤ ਜਿਸ ਵਿਚ ਚੇਤਨ ਸਤਾ ਭੀ ਕੰਮ ਕਰਦੀ ਮੰਨਦੇ ਹਨ।

***ਪੁਨਾ– ਹਭ ਸਮਾਣੀ ਜੋਤਿ ਜਿਉ ਜਲ ਘਟਾਊ ਚੰਦ੍ਰਮਾ॥***

(ਪੰਨਾ ੧੦੯੯)

ਸੰਸਾਰਿਕ ਰਚਨਾ ਨੂੰ ਖੁਲ੍ਹੇ ਅੱਖਰਾਂ ਵਿਚ ਵਰਣਨ ਕਰਨਾ ਬਹੁਤ ਕਠਨ ਹੈ। ਅਸਲ ਸਿਧਾਂਤ ਇਹੋ ਹੀ ਹੈ, 'ਜਾ ਕਰਤਾ ਸਿਰਠੀ ਕਉ ਸਾਜੇ, ਆਪੇ ਜਾਣੈ ਸੋਈ॥' ਇਸ ਲਈ ਗੁਰਬਾਣੀ ਅੰਦਰ ਬੇਅੰਤ ਹੋਰ ਭੀ ਸ੍ਰਿਸ਼ਟੀ ਦੀ ਰਚਨਾ ਬਾਬਤ ਪ੍ਰਮਾਣ ਮਿਲਦੇ ਹਨ। ਇਥੇ ਹੋਰ ਬਹੁਤਾ ਵਿਸਥਾਰ ਕਰਨ ਦੀ ਲੋੜ ਨਹੀਂ ਹੈ।

***ਪ੍ਰਿਥਮ ਕਾਲ ਜਬ ਕਰਾ ਪਸਾਰਾ। ਓਅੰਕਾਰ ਤੇ ਸ੍ਰਿਸਟ ਉਪਾਰਾ॥***

(ਦਸਮ ਗ੍ਰੰਥ)

## ਸਾਖੀ—ਬ੍ਰਹਮਾ ਦੇ ਸ੍ਰਿਸ਼ਟੀ ਸਾਜਨ ਦੀ

ਪੁਰਾਣਿਕ ਮਤ ਅਨਸਾਰ ਜ਼ਿਕਰ ਆਉਂਦਾ ਹੈ, ਕਿ ਬ੍ਰਹਮਾ ਜੀ ਨੂੰ ਦਸ ਲੱਖ ਵਰ੍ਹਾ ਤਪ ਕਰਨ ਤੋਂ ਮਗਰੋਂ ਸ੍ਰਿਸ਼ਟੀ ਰਚਨ ਦਾ ਬਲ ਪ੍ਰਾਪਤ ਹੋਇਆ ਸੀ। ਵਿਸ਼ਨੂੰ ਦੀ ਨਾਭੀ 'ਚੋਂ ਜੋ ਕਮਲ ਪੈਦਾ ਹੋਇਆ, ਉਸ ਵਿਚੋਂ ਬ੍ਰਹਮਾ ਜੀ ਪੈਦਾ ਹੋਏ। ਬ੍ਰਹਮਾ ਨੇ ਵੇਖਿਆ ਕਿ ਚਾਰ ਚੁਫੇਰੇ ਪਾਣੀ ਹੀ ਪਾਣੀ ਹੈ ਜਾਂ ਮੈਂ ਹਾਂ। ਬ੍ਰਹਮਾ ਨੂੰ ਹੰਕਾਰ ਹੋ ਗਿਆ, ਕਿ ਮੈਨੂੰ ਪੈਦਾ ਕਰਨ ਵਾਲਾ ਕੋਈ ਨਹੀਂ, ਮੈਂ ਹੀ ਪਾਰਬ੍ਰਹਮ ਹਾਂ। ਦਸਮੇਸ਼ ਜੀ ਦਾ ਫ਼ੁਰਮਾਣ ਹੈ:

***ਬ੍ਰਹਮਾ ਆਪ ਪਾਰਬ੍ਰਹਮ ਬਖਾਨਾ॥ ਪ੍ਰਭ ਕੋ ਪ੍ਰਭੂ ਨ ਕਿਨਹੂ ਮਾਨਾ॥***

ਤਾਂ ਆਕਾਸ਼ ਬਾਣੀ ਹੋਈ, ਬ੍ਰਹਮਾ ਤੂੰ ਕਮਲ 'ਚੋਂ ਪੈਦਾ ਹੋਇਆ ਹੈਂ ਤਾਂ ਬ੍ਰਹਮੇ ਨੇ ਕਮਲ ਦੇ ਲੱਤ ਮਾਰੀ ਤੇ ਬ੍ਰਹਮਾ ਉਸ ਕਮਲ ਦੀ ਨਾਲੀ ਵਿਚ ਹੀ ਗਿਰ ਗਿਆ। ਕਿਤਨਾ ਸਮਾਂ ਉਸ ਵਿਚ ਹੀ ਬ੍ਰਹਮਾ ਨੂੰ ਦੁੱਖ ਸਹਾਰਨਾ ਪਿਆ।

***ਨਾਭਿ ਕਮਲ ਤੇ ਬ੍ਰਹਮਾ ਉਪਜੇ ਬੇਦ ਪੜਹਿ ਮੁਖਿ ਕੰਠਿ ਸਵਾਰਿ॥***
***ਤਾ ਕੋ ਅੰਤੁ ਨ ਜਾਈ ਲਖਣਾ ਆਵਤ ਜਾਤ ਰਹੈ ਗੁਬਾਰਿ॥***

(ਅੰਗ ੪੮੯)

ਪਰ ਗੁਰਦੇਵ ਦਾ ਫ਼ੁਰਮਾਨ ਹੈ ਕਿ ਸ੍ਰਿਸ਼ਟੀ ਰਚਨ ਵਾਲਾ ਕੋਈ ਇਕ ਬ੍ਰਹਮਾ ਨਹੀਂ ਹੈ। ''ਕੇਤੇ ਬ੍ਰਹਮੇ

ਘਾੜਤਿ ਘੜੀਅਹਿ ਰੂਪ ਰੰਗਿ ਕੇ ਵੇਸ॥'' ਪ੍ਰਮੇਸ਼ਰ ਦੀ ਰਚਨਾ ਬੇਅੰਤ ਹੈ। ਉਸਦੀ ਰਚਨਾ ਦਾ ਅੰਤ ਨਹੀਂ ਪਾਇਆ ਜਾ ਸਕਦਾ। ਉਸ ਰਚਨ ਵਾਲੇ ਦਾ ਅੰਤ ਕੌਣ ਪਾ ਸਕਦਾ ਹੈ।

***ਕੋਟਿ ਬਿਸਨ ਕੀਨੇ ਅਵਤਾਰ॥ ਕੋਟਿ ਬ੍ਰਹਮੰਡ ਜਾ ਕੇ ਧ੍ਰਮਸਾਲ॥***
***ਕੋਟਿ ਮਹੇਸ ਉਪਾਇ ਸਮਾਏ॥ ਕੋਟਿ ਬ੍ਰਹਮੇ ਜਗੁ ਸਾਜਣ ਲਾਏ॥੧॥***

(ਅੰਗ ੧੧੫੬)

ਇਹਨਾਂ ਸਾਰਿਆਂ ਦੇ ਰਚਨ ਵਾਲਾ ਵਾਹਿਗੁਰੂ ਹੈ। ਵਾਹਿਗੁਰੂ ਹੀ ਸਾਰੀ ਸ੍ਰਿਸ਼ਟੀ ਦਾ ਸਾਜਨਹਾਰ ਹੈ। ਇਕ ਵਾਰ ਦਾ ਜ਼ਿਕਰ ਹੈ, ਕਿ ਚਹੁੰ ਮੂੰਹ ਵਾਲਾ ਬ੍ਰਹਮਾ, ਬਗਦਾਲਭ ਰਿਖੀ ਦੇ ਅਸਥਾਨ 'ਤੇ ਗਿਆ। ਅੱਗੇ ਬਗਦਾਲਭ ਜੀ ਆਪਣੇ ਵੱਡ-ਪੁਣੇ ਤੇ ਚਿਰੰਜੀਵੀ ਹੋਣ ਦੇ ਮਾਣ ਵਿਚ ਕਿ ਇਸਦੇ ਵਰਗੇ ਮੁੰਡੇ, ਮੇਰੀ ਉਮਰ ਵਿਚ ਕਈ ਵਾਰ ਜੰਮੇ ਅਤੇ ਕਈ ਵਾਰ ਮਰੇ, ਇਸਦੇ ਸਤਿਕਾਰ ਲਈ ਕਿਸ ਵਾਸਤੇ ਉੱਠਣਾ ਹੈ। ਇਉਂ ਸੰਕਲਪ ਬਣਾ ਕੇ ਨਾ ਉਠਿਆ। ਏਧਰ ਬ੍ਰਹਮਾ ਨੇ ਵੀ ਆਪਣੇ ਕਰਤੇ-ਪੁਣੇ ਦੇ ਮਾਣ ਵਿਚ ਨਮਸ਼ਕਾਰ ਨਾ ਕੀਤੀ। ਦੋਹਾਂ ਨੂੰ ਮਾਣ ਹੋਇਆ ਜਾਣ ਕੇ ਪਰਮੇਸ਼ਰ ਵੱਲੋਂ ਐਸੀ ਹਵਾ ਚੱਲੀ ਕਿ ਬਗਦਾਲਭ ਅਤੇ ਚਾਰ ਮੂੰਹਾਂ ਵਾਲੇ ਬ੍ਰਹਮਾ ਨੂੰ ਉੱਡਾ ਕੇ ਹੋਰ ਬ੍ਰਹਮੰਡ ਵਿਚ ਲੈ ਗਈ। ਅੱਗੇ ਉਸ ਲੋਕ ਵਿਚ ਅੱਠਾਂ ਮੂੰਹਾਂ ਵਾਲਾ ਬ੍ਰਹਮਾ ਬੈਠਾ ਦੇਖਿਆ। ਉਸ ਨੇ ਵੀ ਤ੍ਰਿਸਕਾਰ ਕਰਕੇ ਕਿਹਾ, ਕਿ ਇਹ ਚਹੁੰ ਮੂੰਹ ਵਾਲਾ ਬ੍ਰਹਮਾ ਕੀ ਹੈ? ਇਸ ਨੂੰ ਨੀਵੀਂ ਤੇ ਭੈੜੀ ਥਾਂ ਬਿਠਾਉ। ਫਿਰ ਪ੍ਰਮਾਤਮਾ ਨੇ ਅੱਠ ਮੂੰਹਾਂ ਵਾਲੇ ਬ੍ਰਹਮੇ ਦਾ ਮਾਣ ਤੋੜਿਆ, ਉਸਨੂੰ ਅੱਗੇ ਸੋਲਾਂ ਮੂੰਹ ਵਾਲਾ ਬ੍ਰਹਮਾ ਮਿਲਿਆ। ਸੋਲਾਂ ਮੂੰਹਾਂ ਵਾਲੇ ਨੇ ਅੱਠ ਮੂੰਹਾਂ ਵਾਲੇ ਦਾ ਸਤਿਕਾਰ ਨਾ ਕੀਤਾ। ਫਿਰ ਸੋਲਾਂ ਮੂੰਹਾਂ ਵਾਲੇ ਅੱਗੇ ਬੱਤੀ ਮੂੰਹਾਂ ਵਾਲੇ ਕੋਲ ਭੇਜਿਆ। ਉਸਨੇ ਵੀ ਸਤਿਕਾਰ ਨਾ ਕੀਤਾ। ਇਉਂ ਅੱਗੋਂ ਮਾਣ ਕਾਰਨ ਉਡਦੇ ਹੀ ਉਡਦੇ ਗਏ।

ਅਖ਼ੀਰ ਹਜ਼ਾਰ ਮੂੰਹਾਂ ਵਾਲੇ ਬ੍ਰਹਮਾ ਕੋਲ ਪਹੁੰਚੇ। ਉਹ ਬ੍ਰਹਮਾ, ਇਹਨਾਂ ਦੇ ਜੱਥਿਆਂ ਨੂੰ ਵੇਖ ਕੇ ਵਿਸਮਾਦ ਹੋਇਆ। ਅੱਗੋਂ ਲੈਣ ਵਾਸਤੇ ਗਿਆ, ਅਤੇ ਸਤਿਕਾਰ ਸਹਿਤ ਸਾਰਿਆਂ ਨੂੰ ਨਮਸਕਾਰ ਕੀਤੀ। ਇਹ ਵੀ ਬੌਂਦਲੇ ਪਏ ਸਨ ਤੇ ਪ੍ਰੇਮ ਨਾਲ ਮੱਥਾ ਟੇਕ ਕੇ ਬੈਠ ਗਏ। ਬੜੀ ਭਾਰੀ ਸਭਾ ਲੱਗੀ। ਹਜ਼ਾਰ ਮੂੰਹਾਂ ਵਾਲੇ ਬ੍ਰਹਮਾ ਨੇ ਨਿਮਰਤਾ ਨਾਲ ਕਿਹਾ ਕਿ ਆਪ ਨੇ ਬੜੀ ਕ੍ਰਿਪਾ ਕੀਤੀ ਹੈ, ਇਥੇ ਹੀ ਦਰਸ਼ਨ ਬਖ਼ਸ਼ੇ ਹਨ। ਮੇਰੇ ਧੰਨ ਭਾਗ ਹਨ, ਜੋ ਆਪ ਚੱਲ ਕੇ ਆਏ ਹੋ। ਕੋਈ ਸੇਵਾ ਬਖ਼ਸ਼ੋ ? ਇਨ੍ਹਾਂ ਦੇ ਚਿਤ ਹੌਲੇ ਹੋਏ ਸਨ। ਪ੍ਰੇਮ ਤੇ ਨਿਮਰਤਾ ਵੇਖਕੇ ਸੱਚ-ਸੱਚ ਕਹਿਣ ਲੱਗੇ ਕਿ ਸਾਨੂੰ ਮਾਣ ਹੋ ਗਿਆ ਸੀ। ਸੋ ਕਰਤਾਰ ਵੱਲੋਂ ਚਲਾਈ ਪੌਣ ਦੇ ਉਡਾਏ ਹੋਏ ਭ੍ਰਮਦੇ-ਭ੍ਰਮਦੇ ਇਥੇ ਆਪ ਜੀ ਪਾਸ ਪਹੁੰਚੇ ਹਾਂ। ਹੋਰ ਕੋਈ ਆਉਣ ਦਾ ਕਾਰਨ ਨਹੀਂ ਸੀ। ਹਜ਼ਾਰ ਮੂੰਹਾਂ ਵਾਲੇ ਬ੍ਰਹਮੇ ਨੇ ਅਕਾਲ ਪੁਰਖ ਦੀ ਬੇਅੰਤਤਾ ਦੀ ਉਸਤਤਿ ਕਰਦਿਆਂ, ਕਿਹਾ ਕਿ ਭਾਈ ! ਮਾਣ ਕੀ ਕਰਨਾ ਹੈ ? ਮੇਰੇ ਵਰਗੇ ਉਸਦੇ ਇਕ-ਇਕ ਰੋਮ ਵਿਚ ਕਰੋੜਾਂ ਰੱਖੇ ਹੋਏ ਹਨ :

***ਸਹੰਸ ਮੁਖਨ ਕਾ ਬ੍ਰਹਮਾ ਦੇਖਾ॥***
***ਤਊ ਨਾ ਤੁਮਰਾ ਅੰਤੁ ਬਿਸੇਖਾ॥*** (ਦਸਮ ਗ੍ਰੰਥ, ੭੦੮)

ਉਹ ਗਰਬ-ਪ੍ਰਹਾਰੀ, ਬੇਅੰਤ ਅਤੇ ਅਨੰਦ ਸਰੂਪ ਹੈ। ਉਸ ਅੱਗੇ ਕਿਸੇ ਦਾ ਕੀ ਮਾਣ ਹੈ? ਸਾਰੇ ਬ੍ਰਹਮਾ ਤੇ ਬਗਦਾਲਭ ਰਿਖੀ ਜੀ ਮਾਣ ਛੱਡ ਕੇ ਗ਼ਰੀਬੀ ਵਿਚ ਆਏ ਤੇ ਕਿਹਾ ਕਿ ਹੁਣ ਅਸੀਂ ਆਪਣਿਆਂ-ਆਪਣਿਆਂ ਆਸਣਾਂ 'ਤੇ ਕਿਵੇਂ ਅਪੱੜੀਏ? ਹਜ਼ਾਰ ਮੂੰਹਾਂ ਵਾਲੇ ਬ੍ਰਹਮਾ ਨੇ ਕਿਹਾ, ਕਿ ਉਸ ਵਾਹਿਗੁਰੂ ਅੱਗੇ ਬੇਨਤੀ ਕਰੀਏ :

***ਕਾਲ ਪੁਰਖ ਕੀ ਦੇਹਿ ਮੋ, ਕੋਟਿਕ ਬਿਸਨ ਮਹੇਸ॥***
***ਕੋਟਿ ਇੰਦ੍ਰ ਬ੍ਰਹਮਾ ਕਿਤੇ ਰਵਿ ਸਸਿ ਕ੍ਰੋਰ ਜਲੇਸ॥***

(ਦਸਮ ਗ੍ਰੰਥ, ੧੯੨)

ਅਰਦਾਸ ਕੀਤੀ ਤਾਂ ਐਸੀ ਪੌਣ ਚੱਲੀ ਕਿ ਸਭ ਨੂੰ ਆਪਣਿਆਂ-ਆਪਣਿਆਂ ਦੇਸ਼ਾਂ ਵਿਚ ਪੁਚਾ ਦਿੱਤਾ। ਸੋ ਇਕ ਬ੍ਰਹਮਾ ਨਹੀਂ, ਅਨਗਿਣਤ ਹੀ ਬ੍ਰਹਮੇ ਘਾੜਤਾਂ ਘੜਨ ਵਾਲੇ ਹਨ।

***ਕੋਟਿ ਬ੍ਰਹਮੇ ਜਗੁ ਸਾਜਣ ਲਾਏ॥***

(ਅੰਗ ੧੧੫੬)

***ਬ੍ਰਹਮਾ ਅਰੁ ਬਿਸਨ ਕੇਤੇ, ਬੇਦ ਔ ਪੁਰਾਨ ਕੇਤੇ,***
***ਸਿਮ੍ਰਿਤਿ ਸਮੂਹਨ ਕੈ, ਹੁਇ ਹੁਇ ਬਿਤਏ ਹੈ॥***

(ਦਸਮ ਗ੍ਰੰਥ, ੧੯)

ਸੋਰਠਿ ਮਹਲਾ ੫ ਘਰੁ ੧ ਅਸਟਪਦੀਆ ੧ੴ ਸਤਿਗੁਰ ਪ੍ਰਸਾਦਿ॥

ਸਭੁ ਜਗੁ ਜਿਨਹਿ ਉਪਾਇਆ ਭਾਈ ਕਰਣ ਕਾਰਣ ਸਮਰਥੁ॥ ਜੀਉ ਪਿੰਡੁ ਜਿਨਿ ਸਾਜਿਆ ਭਾਈ ਦੇ ਕਰਿ ਅਪਣੀ ਵਥੁ॥ ਕਿਨਿ ਕਹੀਐ ਕਿਉ ਦੇਖੀਐ ਭਾਈ ਕਰਤਾ ਏਕੁ ਅਕਥੁ॥ ਗੁਰੁ ਗੋਵਿੰਦੁ ਸਲਾਹੀਐ ਭਾਈ ਜਿਸ ਤੇ ਜਾਪੈ ਤਥੁ॥੧॥ ਮੇਰੇ ਮਨ ਜਪੀਐ ਹਰਿ ਭਗਵੰਤਾ॥ ਨਾਮ ਦਾਨੁ ਦੇਇ ਜਨ ਅਪਨੇ ਦੂਖ ਦਰਦ ਕਾ ਹੰਤਾ॥ ਰਹਾਉ॥ ਜਾ ਕੈ ਘਰਿ ਸਭੁ ਕਿਛੁ ਹੈ ਭਾਈ ਨਉ ਨਿਧਿ ਭਰੇ ਭੰਡਾਰ॥ ਤਿਸ ਕੀ ਕੀਮਤਿ ਨਾ ਪਵੈ ਭਾਈ ਊਚਾ ਅਗਮ ਅਪਾਰ॥ ਜੀਅ ਜੰਤ ਪ੍ਰਤਿਪਾਲਦਾ ਭਾਈ ਨਿਤ ਨਿਤ ਕਰਦਾ ਸਾਰ॥ ਸਤਿਗੁਰੁ ਪੂਰਾ ਭੇਟੀਐ ਭਾਈ ਸਬਦਿ ਮਿਲਾਵਣਹਾਰ॥੨॥

## ਪਦ ਅਰਥ :

ਸਭੁ-ਸਾਰਾ। ਜਿਨਹਿ-ਜਿਨਿ ਹੀ, ਜਿਸ ਨੇ ਹੀ। ਭਾਈ-ਹੇ। ਭਾਈ! ਕਰਣ ਕਾਰਣ-ਸਭ ਕਾਰਨਾਂ ਦੇ ਕਰਨ ਵਾਲਾ। ਸਮਰਥੁ-ਸਭ ਤਾਕਤਾਂ ਦਾ ਮਾਲਕ। ਜੀਉ-ਜਿੰਦ। ਪਿੰਡੁ-ਸਰੀਰ। ਦੇ ਕਰਿ-ਦੇ ਕੇ। ਵਥੁ-

ਵਸਤ, ਸੱਤਿਆ। ਕਿਨਿ-ਕਿਸ ਦੇ ਰਾਹੀਂ ? ਕਿਸ ਪਾਸੋਂ? ਕਹੀਐ-ਕਿਹਾ ਜਾ ਸਕਦਾ ਹੈ, ਬਿਆਨ ਕੀਤਾ ਜਾ ਸਕਦਾ ਹੈ। ਕਿਉ-ਕਿਵੇਂ ? ਅਕਥੁ-ਉਹ ਜਿਸ ਦਾ ਸਰੂਪ ਬਿਆਨ ਨਹੀਂ ਕੀਤਾ ਜਾ ਸਕੇ। ਗੁਰੁ ਗੋਵਿੰਦੁ-ਗੋਬਿੰਦ ਦਾ ਰੂਪ ਗੁਰੂ। ਜਿਸ ਤੇ-ਜਿਸ ਪਾਸੋਂ। ਜਾਪੈ-ਸਮਝੀਦਾ ਹੈ। ਤਥੁ=ਅਸਲੀਅਤ।੧।

ਦੇਇ-ਦੇਂਦਾ ਹੈ। ਹੰਤਾ-ਨਾਸ ਕਰਨ ਵਾਲਾ। ਰਹਾਉ।

ਜਾ ਕੈ ਘਰਿ-ਜਿਸ (ਪ੍ਰਭੂ) ਦੇ ਘਰ ਵਿਚ। ਨਉ ਨਿਧਿ-ਜਗਤ ਦੇ ਸਾਰੇ ਨੌਂ ਹੀ ਖ਼ਜ਼ਾਨੇ। ਭੰਡਾਰ-ਖ਼ਜ਼ਾਨੇ। ਤਿਸ ਕੀ-ਤਿਸ ਦਾ। ਅਗਮੁ-ਅਪਹੁੰਚ। ਅਪਾਰ-ਬੇਅੰਤ, ਜਿਸ ਦਾ ਪਾਰਲਾ ਬੰਨਾ ਨਹੀਂ ਦਿੱਸਦਾ। ਸਾਰ-ਸੰਭਾਲ। ਭੇਟੀਐ-ਲੱਭੀਏ। ਸਬਦਿ-ਸ਼ਬਦ ਵਿਚ (ਜੋੜ ਕੇ)। ਮਿਲਾਵਣਹਾਰ-ਮਿਲਾ ਸਕਣ ਵਾਲਾ।੨।

## ਅਰਥ :

ਹੇ ਭਾਈ ! ਜਿਸ (ਅਕਾਲ ਪੁਰਖ) ਨੇ ਸਾਰਾ ਜਗਤ ਪੈਦਾ ਕੀਤਾ ਹੈ, (ਉਹ) ਸਭ ਕਾਰਨਾਂ ਦੇ ਕਰਨ ਵਾਲਾ (ਅਤੇ) ਸਭ ਤਾਕਤਾਂ ਦਾ ਮਾਲਕ ਹੈ। ਜਿਸ (ਕਰਤਾਰ) ਨੇ ਜਿੰਦ ਤੇ ਸਰੀਰ ਨੂੰ ਆਪਣੀ ਜੋਤਿ-ਸ਼ਕਤੀ ਦੇ ਕੇ ਬਣਾਇਆ ਹੈ, (ਉਹ ਕਰਤਾਰ) ਕਿਸੇ ਪਾਸੋਂ ਬਿਆਨ ਨਹੀਂ ਕੀਤਾ ਜਾ ਸਕਦਾ, (ਉਸ ਦਾ ਸਰੂਪ) ਕਿਵੇਂ ਦੇਖਿਆ ਜਾ ਸਕਦਾ ਹੈ ? (ਉਹ) ਕਰਤਾ ਇਕੋ ਹੈ (ਅਤੇ) ਕਥਨ ਤੋਂ ਰਹਿਤ ਹੈ। ਹੇ ਭਾਈ ! ਗੁਰੂ (ਜੋ) ਗੋਬਿੰਦ (ਰੂਪ ਹੈ, ਉਸ ਨੂੰ) ਸਲਾਹੁਣਾ ਚਾਹੀਦਾ ਹੈ ਜਿਸ ਤੋਂ (ਉਸ ਦੀ) ਅਸਲੀਅਤ (ਬਾਰੇ) ਸਮਝੀਦਾ ਹੈ। ੧।

ਹੇ ਮੇਰੇ ਮਨ ! ਹਰੀ ਭਗਵੰਤ ਦਾ ਜਾਪ ਜੱਪਣਾ ਚਾਹੀਦਾ ਹੈ। ਉਹ (ਪ੍ਰਭੂ) ਆਪਣੇ ਸੇਵਕ ਨੂੰ ਨਾਮ ਦੀ ਦਾਤ ਦੇਂਦਾ ਹੈ (ਜੋ ਨਾਮ) ਦੁੱਖਾਂ ਦਰਦਾਂ ਨੂੰ ਨਾਸ਼ ਕਰਨ ਵਾਲਾ ਹੈ। ਰਹਾਉ।

ਹੇ ਭਾਈ ! ਜਿਸ (ਪਰਮਾਤਮਾ ਦੇ) ਘਰ ਵਿਚ ਹਰ ਇਕ (ਵਸਤੂ ਮੌਜੂਦ) ਹੈ (ਅਤੇ) ਜਿਸ ਪ੍ਰਭੂ ਦੇ ਭੰਡਾਰੇ ਨੌਂ ਨਿਧੀਆਂ (ਰੂਪ ਖ਼ਜ਼ਾਨਿਆਂ) ਨਾਲ ਭਰੇ ਪਏ ਹਨ, ਉਸ (ਪ੍ਰਮਾਤਮਾ) ਦੀ ਕੀਮਤ ਨਹੀਂ ਪੈ ਸਕਦੀ। (ਉਹ ਪ੍ਰਭੂ) ਉੱਚਾ, ਅਪਹੁੰਚ ਤੇ ਬੇਅੰਤ ਹੈ। ਹੇ ਭਾਈ ! ਉਹ (ਪਰਮਾਤਮਾ) ਸਾਰੇ ਜੀਅ, ਜੰਤੂਆਂ ਦੀ ਪਾਲਨਾ ਕਰਦਾ ਹੈ, (ਅਤੇ) ਹਮੇਸ਼ਾਂ ਹੀ (ਸਭ ਦੀ) ਸੰਭਾਲ ਕਰਦਾ ਹੈ। ਹੇ ਭਾਈ ! ਪੂਰਨ ਸਤਿਗੁਰੂ ਨੂੰ ਮਿਲਣਾ ਚਾਹੀਦਾ ਹੈ, (ਜੋ ਸਤਿਗੁਰੂ) ਮਨੁੱਖ ਨੂੰ ਸ਼ਬਦ ਵਿਚ (ਜੋੜ ਕੇ) ਮਿਲਾ ਸਕਣ ਵਾਲਾ ਹੈ। ੨।

**ਸਚੇ ਚਰਣ ਸਰੇਵੀਅਹਿ ਭਾਈ ਭ੍ਰਮੁ ਭਉ ਹੋਵੈ ਨਾਸੁ ॥ ਮਿਲਿ ਸੰਤ ਸਭਾ ਮਨੁ ਮਾਂਜੀਐ ਭਾਈ ਹਰਿ ਕੈ ਨਾਮਿ ਨਿਵਾਸੁ ॥ ਮਿਟੈ ਅੰਧੇਰਾ ਅਗਿਆਨਤਾ ਭਾਈ ਕਮਲ ਹੋਵੈ ਪਰਗਾਸੁ ॥ ਗੁਰ ਬਚਨੀ ਸੁਖੁ ਊਪਜੈ ਭਾਈ ਸਭਿ ਫਲ ਸਤਿਗੁਰ ਪਾਸਿ ॥ ੩ ॥ ਮੇਰਾ ਤੇਰਾ ਛੋਡੀਐ ਭਾਈ ਹੋਈਐ**

**ਸਭ ਕੀ ਧੂਰਿ ॥ ਘਟਿ ਘਟਿ ਬ੍ਰਹਮੁ ਪਸਾਰਿਆ ਭਾਈ ਪੇਖੈ ਸੁਣੈ ਹਜੂਰਿ ॥ ਜਿਤੁ ਦਿਨਿ ਵਿਸਰੈ ਪਾਰਬ੍ਰਹਮੁ ਭਾਈ ਤਿਤੁ ਦਿਨਿ ਮਰੀਐ ਝੂਰਿ ॥ ਕਰਨ ਕਰਾਵਨ ਸਮਰਥੋ ਭਾਈ ਸਰਬ ਕਲਾ ਭਰਪੂਰਿ ॥ ੪ ॥**

## ਪਦ ਅਰਥ :

ਸਚੇ-ਸਦਾ ਕਾਇਮ ਰਹਿਣ ਵਾਲੇ ਪਰਮਾਤਮਾ ਦੇ। ਸਰੇਵੀਅਹਿ-ਸੇਵੇ ਜਾਣੇ ਚਾਹੀਦੇ ਹਨ। ਭ੍ਰਮੁ-ਭਟਕਣਾ। ਮਿਲਿ-ਮਿਲ ਕੇ। ਮਾਂਜੀਐ-ਮਾਂਜਣਾ ਚਾਹੀਦਾ ਹੈ। ਕੈ ਨਾਮਿ-ਦੇ ਨਾਮ ਵਿਚ। ਅਗਿਆਨਤਾ-ਆਤਮਿਕ ਜੀਵਨ ਵੱਲੋਂ ਬੇ-ਸਮਝੀ। ਕਮਲ ਹੋਵੈ ਪਰਗਾਸੁ-(ਹਿਰਦੇ ਦੇ) ਕੌਲ ਫੁੱਲ ਦਾ ਖਿੜਾਉ। ਸਭਿ-ਸਾਰੇ। ੩।

ਮੇਰਾ ਤੇਰਾ-ਮੇਰ-ਤੇਰ, ਵਿਤਕਰਾ। ਹੋਈਐ-ਬਣ ਜਾਣਾ ਚਾਹੀਦਾ ਹੈ। ਧੂਰਿ-ਖਾਕ। ਘਟਿ ਘਟਿ-ਹਰੇਕ ਘਟ ਵਿਚ। ਹਜੂਰਿ-ਅੰਗ ਸੰਗ ਹੋ ਕੇ। ਜਿਤੁ-ਜਿਸ ਵਿਚ। ਦਿਨਿ-ਦਿਨ ਵਿਚ। ਮਰੀਐ-ਮਰੀਦਾ ਹੈ। ਝੂਰਿ-ਪਛਤਾਅ ਕੇ। ਕਰਨ ਕਰਾਵਨ ਸਮਰਥੋ-ਸਭ ਕੁਝ ਕਰ ਸਕਣ ਵਾਲਾ ਅਤੇ (ਜੀਵਾਂ ਪਾਸੋਂ) ਕਰਾ ਸਕਣ ਵਾਲਾ। ਕਲਾ-ਤਾਕਤ। ੪।

## ਅਰਥ :

ਹੇ ਭਾਈ! ਸੱਚੇ ਪਰਮਾਤਮਾ ਦੇ ਚਰਨ ਸੇਵੇ ਜਾਣੇ ਚਾਹੀਦੇ ਹਨ, (ਜਿਸ ਦੀ ਸੇਵਾ ਕਰਕੇ) ਮਨ ਚੋਂ ਭਰਮ ਤੇ ਭੈ ਨਾਸ ਹੋ ਜਾਂਦਾ ਹੈ। ਹੇ ਭਾਈ! ਸੰਤਾਂ ਦੀ ਸੰਗਤ ਵਿਚ ਮਿਲ ਕੇ ਮਨ ਨੂੰ ਮਾਂਜਣਾ (ਭਾਵ ਸ਼ੁੱਧ ਕਰਨਾ) ਚਾਹੀਦਾ ਹੈ। ਇਸ ਤਰ੍ਹਾਂ ਹਰੀ ਦੇ ਨਾਮ ਵਿਚ ਵਾਸਾ ਹੋ ਜਾਂਦਾ ਹੈ। (ਅਤੇ ਹਿਰਦਾ ਰੂਪੀ) ਕੰਵਲ ਖਿੜ ਜਾਂਦਾ ਹੈ। ਹੇ ਭਾਈ! ਗੁਰੂ ਦੇ ਬਚਨਾਂ ਰਾਹੀਂ (ਆਤਮਿਕ) ਸੁੱਖ ਉਤਪੰਨ ਹੁੰਦਾ ਹੈ, (ਅਤੇ) ਸਾਰੇ (ਸੱਚੇ ਸੁੱਖ ਆਦਿ) ਫਲ ਸਤਿਗੁਰੂ ਸਾਹਿਬ ਜੀ ਪਾਸ (ਕੋਲ) ਹਨ, (ਭਾਵ ਗੁਰੂ ਪਾਸੋਂ ਪ੍ਰਾਪਤ ਹੁੰਦੇ ਹਨ। ੩। ਹੇ ਭਾਈ! ਮੇਰੇ ਤੇਰ (ਵਿਤਕਰੇ) ਵਾਲੀ ਰੱਟ ਨੂੰ ਛੱਡ ਦੇਣਾ ਚਾਹੀਦਾ ਹੈ, (ਅਤੇ) ਸਭ ਦੇ ਚਰਨਾਂ ਦੀ ਧੂੜ ਬਣ ਕੇ ਰਹਿਣਾ ਚਾਹੀਦਾ ਹੈ। ਹੇ ਭਾਈ! ਹਰੇਕ ਘਟ ਵਿਚ ਪ੍ਰਭੂ ਵਸ ਰਿਹਾ ਹੈ, ਉਹ ਅੰਗ ਸੰਗ (ਭਾਵ ਹਾਜ਼ਰਾ ਹਜ਼ੂਰ) ਹੋਕੇ ਸਭ ਕੁਝ ਵੇਖਦਾ ਤੇ ਸੁਣਦਾ ਹੈ। ਹੇ ਭਾਈ! ਜਿਸ ਦਿਨ (ਵਿਆਪਕ) ਪਰਮਾਤਮਾ ਭੁੱਲ ਜਾਂਦਾ ਹੈ, ਉਸ ਦਿਨ ਝੂਰ ਝੂਰ ਕੇ ਮਰੀਦਾ ਹੈ। ਹੇ ਭਾਈ! ਉਹ ਪਰਮਾਤਮਾ ਸਭ ਕੁਝ ਕਰ ਸਕਣ ਵਾਲਾ (ਤੇ ਜੀਵਾਂ ਪਾਸੋਂ) ਕਰਾ ਸਕਣ ਵਾਲਾ ਹੈ, (ਅਤੇ) ਸਭ ਸ਼ਕਤੀਆਂ ਉਸ ਵਿਚ ਭਰੀਆਂ ਪਈਆਂ ਹਨ। ੪।

**ਪ੍ਰੇਮ ਪਦਾਰਥੁ ਨਾਮੁ ਹੈ ਭਾਈ ਮਾਇਆ ਮੋਹ ਬਿਨਾਸੁ ॥ ਤਿਸੁ ਭਾਵੈ ਤਾ ਮੇਲਿ ਲਏ ਭਾਈ ਹਿਰਦੈ ਨਾਮ ਨਿਵਾਸੁ ॥ ਗੁਰਮੁਖਿ ਕਮਲੁ ਪ੍ਰਗਾਸੀਐ**

ਭਾਈ ਰਿਦੈ ਹੋਵੈ ਪਰਗਾਸੁ ॥ ਪ੍ਰਗਟੁ ਭਇਆ ਪਰਤਾਪੁ ਪ੍ਰਭ ਭਾਈ ਮਉਲਿਆ ਧਰਤਿ ਅਕਾਸੁ ॥ ੫ ॥ ਗੁਰਿ ਪੂਰੈ ਸੰਤੋਖਿਆ ਭਾਈ ਅਹਿਨਿਸਿ ਲਾਗਾ ਭਾਉ ॥ ਰਸਨਾ ਰਾਮੁ ਰਵੈ ਸਦਾ ਭਾਈ ਸਾਚਾ ਸਾਦੁ ਸੁਆਉ ॥ ਕਰਨੀ ਸੁਣਿ ਸੁਣਿ ਜੀਵਿਆ ਭਾਈ ਨਿਹਚਲੁ ਪਾਇਆ ਥਾਉ ॥ ਜਿਸੁ ਪਰਤੀਤਿ ਨ ਆਵਈ ਭਾਈ ਸੋ ਜੀਅੜਾ ਜਲਿ ਜਾਉ ॥ ੬ ॥

## ਪਦ ਅਰਥ :

ਪਦਾਰਥੁ-ਕੀਮਤੀ ਧਨ। ਮੋਹ ਬਿਨਾਸੁ-ਮੋਹ ਦਾ ਨਾਸ਼। ਤਿਸੁ ਭਾਵੈ-ਉਸ (ਪ੍ਰਮਾਤਮਾ) ਨੂੰ ਚੰਗਾ ਲੱਗੇ। ਹਿਰਦੈ-ਹਿਰਦੇ ਵਿਚ। ਗੁਰਮੁਖਿ-ਗੁਰੂ ਦੀ ਸ਼ਰਨ ਪਿਆ। ਰਿਦੈ-ਹਿਰਦੇ ਵਿਚ। ਪਰਗਾਸੁ-ਚਾਨਣ। ਪਰਤਾਪੁ-ਤੇਜੁ। ਮਉਲਿਆ-ਖਿੜਿਆ ਹੋਇਆ। ੫।

ਗੁਰਿ-ਗੁਰੂ ਦੇ। ਸੰਤੋਖਿਆ-ਸੰਤੋਖ ਦਿੱਤਾ। ਅਹਿ-ਦਿਨ। ਨਿਸਿ-ਰਾਤ। ਭਾਉ-ਪ੍ਰੇਮ। ਰਸਨਾ-ਜੀਭ (ਨਾਲ)। ਰਵੈ-ਸਿਮਰਦਾ ਹੈ। ਸਾਚਾ-ਸਦਾ ਕਾਇਮ ਰਹਿਣ ਵਾਲਾ। ਸੁਆਉ-ਸੁਆਰਥ, ਮਨੋਰਥ। ਕਰਨੀ-ਕੰਨਾਂ ਨਾਲ, ਕਰਨੀ। ਜੀਅੜਾ-ਅਭਾਗੀ ਜਿੰਦੁ। ਜਲਿ ਜਾਉ-ਜਲਿ ਜਾਇ, (ਵਿਕਾਰਾਂ ਵਿਚ) ਸੜ ਜਾਂਦੀ ਹੈ। ੬।

## ਅਰਥ :

ਹੇ ਭਾਈ! ਜਿਸ (ਮਨੁੱਖ ਦੇ ਹਿਰਦੇ (ਵਿਚ) ਪ੍ਰੇਮ ਦਾ ਪਦਾਰਥ ਨਾਮ ਹੈ, (ਉਸ ਦੇ ਅੰਦਰੋਂ) ਮਾਇਆ ਦਾ ਮੋਹ ਨਾਸ਼ ਹੋ ਜਾਂਦਾ ਹੈ। ਹੇ ਭਾਈ! ਉਸ (ਪਰਮਾਤਮਾ) ਨੂੰ ਚੰਗਾ ਲੱਗ ਜਾਵੇ ਤਾਂ ਉਹ ਮਨੁੱਖ ਨੂੰ ਆਪਣੇ ਨਾਲ ਮੇਲ ਲੈਂਦਾ ਹੈ (ਅਤੇ) ਉਸ ਦੇ ਹਿਰਦੇ ਅੰਦਰ ਨਾਮ ਦਾ ਵਾਸਾ ਕਰ ਦਿੰਦਾ ਹੈ। ਗੁਰੂ ਦੀ ਸ਼ਰਣ ਪਿਆਂ (ਉਸ ਦੇ ਹਿਰਦੇ ਦਾ) ਕਮਲ ਖਿੜ ਪੈਂਦਾ ਹੈ ਅਤੇ ਹਿਰਦੇ ਵਿਚ ਗਿਆਨ ਦਾ ਚਾਨਣ ਹੋ ਜਾਂਦਾ ਹੈ। ਹੇ ਭਾਈ! (ਉਸ ਦੇ ਹਿਰਦੇ ਵਿਚ) ਪ੍ਰਭੂ ਦਾ ਤੇਜ ਪ੍ਰਗਟ ਹੋ ਜਾਂਦਾ ਹੈ, (ਜਿਸ ਤੋਂ ਨਿਸਚਾ ਹੋ ਜਾਂਦਾ ਹੈ ਕਿ ਪ੍ਰਭੂ ਦੀ ਸਤਾ ਨਾਲ) ਧਰਤੀ ਤੇ ਅਕਾਸ਼ ਖਿੜਿਆ ਹੋਇਆ ਹੈ। ੫। ਹੇ ਭਾਈ! ਪੂਰਨ ਗੁਰੂ ਨੇ (ਜਿਸ ਮਨੁੱਖ) ਨੂੰ ਸੰਤੋਖ ਦਿੱਤਾ ਹੈ, ਉਸ ਨੂੰ ਦਿਨ ਰਾਤ (ਪ੍ਰਮਾਤਮਾ) ਦਾ ਪ੍ਰੇਮ ਲਗਿਆ ਰਹਿੰਦਾ ਹੈ। ਹੇ ਭਾਈ! (ਉਹ ਆਪਣੀ ਜੀਭ ਨਾਲ ਸਦਾ (ਪਰਮਾਤਮਾ) ਦਾ ਨਾਮ ਸਿਮਰਦਾ ਰਹਿੰਦਾ ਹੈ। (ਇਹ) ਸਦਾ ਕਾਇਮ ਰਹਿਣ ਵਾਲਾ (ਸੱਚਾ) ਮਨੋਰਥ ਹੈ। ਹੇ ਭਾਈ! (ਐਸਾ ਮਨੁੱਖ) ਆਪਣੇ ਕੰਨਾਂ ਨਾਲ (ਪ੍ਰਭੂ ਦੀ) ਸਿਫਤਿ ਸਾਲਾਹ ਸੁਣ ਸੁਣ ਕੇ ਜੀਉਂਦਾ ਹੈ, (ਉਸ ਨੇ ਪ੍ਰਭੂ ਚਰਨਾਂ ਵਿਚ) ਅਚੱਲ ਅਸਥਾਨ ਪ੍ਰਾਪਤ ਕਰ ਲਿਆ ਹੈ। ਹੇ ਭਾਈ! ਜਿਸ ਮਨੁੱਖ ਦਾ (ਗੁਰੂ ਉੱਤੇ) ਭਰੋਸਾ ਨਹੀਂ ਆਇਆ, (ਉਸ ਦੀ) ਅਭਾਗੀ ਜਿੰਦ ਵਿਕਾਰਾਂ ਵਿਚ ਸੜ ਜਾਂਦੀ ਹੈ। ੬।

**ਬਹੁ ਗੁਣ ਮੇਰੇ ਸਾਹਿਬੈ ਭਾਈ ਹਉ ਤਿਸ ਕੈ ਬਲਿ ਜਾਉ ॥ ਓਹੁ ਨਿਰਗੁਣੀਆਰੇ ਪਾਲਦਾ ਭਾਈ ਦੇਇ ਨਿਥਾਵੇ ਥਾਉ ॥ ਰਿਜਕੁ ਸੰਬਾਹੇ ਸਾਸਿ ਸਾਸਿ ਭਾਈ ਗੂੜਾ ਜਾ ਕਾ ਨਾਉ ॥ ਜਿਸੁ ਗੁਰੁ ਸਾਚਾ ਭੇਟੀਐ ਭਾਈ ਪੂਰਾ ਤਿਸੁ ਕਰਮਾਉ ॥ ੭ ॥ ਤਿਸੁ ਬਿਨੁ ਘੜੀ ਨ ਜੀਵੀਐ ਭਾਈ ਸਰਬ ਕਲਾ ਭਰਪੂਰਿ ॥ ਸਾਸਿ ਗਿਰਾਸਿ ਨ ਵਿਸਰੈ ਭਾਈ ਪੇਖਉ ਸਦਾ ਹਜੂਰਿ ॥ ਸਾਧੂ ਸੰਗਿ ਮਿਲਾਇਆ ਭਾਈ ਸਰਬ ਰਹਿਆ ਭਰਪੂਰਿ ॥ ਜਿਨਾ ਪ੍ਰੀਤਿ ਨ ਲਗੀਆ ਭਾਈ ਸੇ ਨਿਤ ਨਿਤ ਮਰਦੇ ਝੂਰਿ ॥ ੮ ॥**

## ਪਦ ਅਰਥ :

ਸਾਹਿਬੈ-ਸਾਹਿਬ ਵਿਚ। ਹਉ-ਮੈ। ਤਿਸ ਕੈ- ਉਸ ਤੋਂ। ਬਲਿ-ਸਦਕੇ। ਜਾਉ-ਜਾਉ, ਜਾਂਦਾ ਹਾਂ। ਦੇਇ-ਦੇਂਦਾ ਹੈ। ਸੰਬਾਹੇ-ਅਪੜਾਉਂਦਾ ਹੈ। ਸਾਸਿ ਸਾਸਿ-ਹਰੇਕ ਸਾਹ ਦੇ ਨਾਲ। ਗੂੜਾ-ਲਾਲ ਸੋਹਣਾ ਹੈ। ਭੇਟੀਐ-ਮਿਲ ਪੈਂਦਾ ਹੈ। ਕਰਮਾਉ-ਕਿਸਮਤ। ੭।

ਨ ਜੀਵੀਐ-ਨਹੀਂ ਜੀ ਸਕੀਦਾ, ਆਤਮਿਕ ਜੀਵਨ ਨਹੀਂ ਮਿਲ ਸਕਦਾ। ਕਲਾ-ਤਾਕਤਾਂ। ਸਾਸਿ-(ਹਰੇਕ) ਸਾਹ ਦੇ ਨਾਲ। ਗਿਰਾਸਿ-ਗਿਰਾਹ ਦੇ ਨਾਲ। ਸਾਸਿ ਗਿਰਾਸਿ-ਸਾਹ ਲੈਂਦਿਆਂ ਤੇ ਖਾਂਦਿਆਂ। ਪੇਖਉ-ਪੇਖਉ, ਮੈਂ ਵੇਖਦਾ ਹਾਂ। ਹਜੂਰਿ-ਅੰਗ-ਸੰਗ। ਸਾਧੂ-ਗੁਰੂ ਦੀ ਸੰਗਤਿ ਵਿਚ। ਮਰਦੇ-ਆਤਮਿਕ ਮੌਤ ਸਹੇੜਦੇ ਹਨ। ੮।

## ਅਰਥ :

ਹੇ ਭਾਈ ! ਮੇਰੇ ਮਾਲਕ (ਪ੍ਰਭੂ) ਵਿਚ ਬੇਅੰਤ ਗੁਣ ਹਨ, ਮੈਂ ਉਸ ਪਰਮਾਤਮਾ ਤੋਂ ਬਲਿਹਾਰ ਜਾਂਦਾ ਹਾਂ। ਹੇ ਭਾਈ ! ਓਹ ਪ੍ਰਭੂ ਪਰਮਾਤਮਾ ਨਿਰਗੁਣੀਆਰੇ=ਗੁਣਾਂ ਤੋਂ ਹੀਣੇ ਮਨੁੱਖਾਂ ਨੂੰ ਭੀ ਪਾਲਦਾ ਹੈ, (ਅਤੇ) ਨਿਥਾਵੇਂ=ਜਿਨ੍ਹਾਂ ਦਾ ਕੋਈ ਥਾਂ ਟਿਕਾਣਾ ਨਹੀਂ ਹੈ, ਉਹਨਾਂ ਨੂੰ (ਮੇਰਾ ਮਾਲਕ) ਥਾਂ ਦੇਂਦਾ ਹੈ। ਹੇ ਭਾਈ ! (ਜਿਸ ਪ੍ਰਭੂ) ਦਾ ਨਾਮ ਲਾਲ ਗੂੜ੍ਹਾ (ਭਾਵ ਸੋਹਣਾ ਤੇ ਪਿਆਰਾ) ਹੈ, ਤੇ ਹਰੇਕ ਸਾਹ ਦੇ ਨਾਲ (ਹਰ ਇਕ ਮਨੁੱਖ ਮਾਤਰ ਤੇ ਜੀਅ ਜੰਤ) ਨੂੰ ਰਿਜ਼ਕ ਅਪੜਾਂਦਾ ਹੈ। ਹੇ ਭਾਈ ! ਜਿਸ ਮਨੁੱਖ ਨੂੰ ਪੂਰਨ ਗੁਰੂ ਮਿਲ ਪੈਂਦਾ ਹੈ। (ਸਮਝੋ ਕਿ) ਉਸ ਮਨੁੱਖ ਦੀ ਚੰਗੀ ਕਿਸਮਤ (ਭਾਵ ਉਸ ਦਾ ਭਾਗ ਪੂਰਾ) ਹੈ। ੭। ਹੇ ਭਾਈ ! (ਜੋ) ਪ੍ਰਭੂ ਸਾਰੀਆਂ ਸ਼ਕਤੀਆਂ ਨਾਲ ਭਰਪੂਰ ਹੈ, ਉਸ ਦੇ ਸਿਮਰਨ ਤੋਂ ਬਿਨਾਂ ਮੈਂ (ਹੁਣ) ਜੀਅ ਨਹੀਂ ਸਕਦਾ (ਭਾਵ) ਸਿਮਰਨ ਤੋਂ ਬਿਨਾਂ ਆਤਮਿਕ ਜੀਵਨ ਨਹੀਂ ਮਿਲਦਾ। (ਹੁਣ) ਮੈਂ ਉਸ ਨੂੰ ਸਦਾ ਅੰਗ ਸੰਗ ਹਾਜ਼ਰ (ਨਾਜ਼ਰ) ਵੇਖਦਾ ਹਾਂ। ਹੇ ਭਾਈ ! ਉਹ ਪ੍ਰਭੂ (ਹੁਣ ਮੈਨੂੰ) ਕਿਸੇ ਸਮੇਂ ਵੀ ਵਿਸਰਦਾ ਨਹੀਂ ਹੈ। ਹੇ ਭਾਈ ! ਜਿਸ ਮਨੁੱਖ ਨੂੰ (ਪ੍ਰਭੂ ਨੇ) ਸਾਧੂ=ਗੁਰੂ ਦੀ ਸੰਗਤ ਵਿਚ ਮਿਲਾ ਦਿੱਤਾ ਹੈ, ਉਸ ਨੂੰ (ਅਕਾਲ ਪੁਰਖ) ਸਰਬ

ਥਾਂ ਪੂਰਨ ਦਿਸ ਪਿਆ ਹੈ। ਹੇ ਭਾਈ ! ਜਿਨ੍ਹਾਂ ਜੀਵਾਂ ਦੀ ਪ੍ਰੀਤ ਪ੍ਰਭੂ ਨਾਲ ਨਹੀਂ ਲੱਗੀ, ਉਹ ਹਰ ਰੋਜ਼ ਝੂਰ ਝੂਰ ਕੇ ਮਰਦੇ ਹਨ, (ਭਾਵ ਉਹ ਆਤਮਿਕ ਮੌਤ ਸਹੇੜਦੇ ਹਨ। ੮।

**ਅੰਚਲਿ ਲਾਇ ਤਰਾਇਆ ਭਾਈ ਭਉਜਲੁ ਦੁਖੁ ਸੰਸਾਰੁ ॥ ਕਰਿ ਕਿਰਪਾ ਨਦਰਿ ਨਿਹਾਲਿਆ ਭਾਈ ਕੀਤੋਨੁ ਅੰਗੁ ਅਪਾਰੁ ॥ ਮਨੁ ਤਨੁ ਸੀਤਲੁ ਹੋਇਆ ਭਾਈ ਭੋਜਨੁ ਨਾਮ ਅਧਾਰੁ ॥ ਨਾਨਕ ਤਿਸੁ ਸਰਣਾਗਤੀ ਭਾਈ ਜਿ ਕਿਲਬਿਖ ਕਾਟਣਹਾਰੁ ॥ ੯ ॥ ੧ ॥**

## ਪਦ ਅਰਥ :

ਅੰਚਲਿ-ਪੱਲੇ ਨਾਲ, ਲੜ ਨਾਲ। ਭਉਜਲੁ-ਸੰਸਾਰ-ਸਮੁੰਦਰ। ਕਰਿ-ਕਰ ਕੇ। ਨਦਰਿ-ਮੇਹਰ ਦੀ ਨਿਗਾਹ। ਨਿਹਾਲਿਆ-ਤੱਕਿਆ। ਕੀਤੋਨੁ-ਉਸ ਨੇ ਕੀਤਾ। ਅੰਗੁ-ਪੱਖ। ਅਪਾਰੁ-ਬੇਅੰਤ। ਸੀਤਲੁ-ਠੰਢਾ। ਅਧਾਰੁ-ਆਸਰਾ। ਕਿਲਬਿਖ-ਪਾਪ। ਕਾਟਣਹਾਰੁ-ਕੱਟ ਸਕਣ ਵਾਲਾ। ਜਿ-ਜੇਹੜਾ। ੯।

## ਅਰਥ :

ਹੇ ਭਾਈ! (ਪ੍ਰਮਾਤਮਾ ਨੇ ਆਪਣੇ ਸੇਵਕਾਂ) ਨੂੰ ਆਪਣੇ ਪਲੇ ਨਾਲ (ਭਾਵ ਲੜ ਨਾਲ) ਲਾਕੇ ਸੰਸਾਰ ਸਮੁੰਦਰ, ਜੋ ਦੁੱਖ ਰੂਪ ਹੈ, (ਇਸ ਤੋਂ ਸੌਖਿਆਂ) ਤਰਾਇਆ ਹੈ (ਭਾਵ ਉਹ ਸੌਖਿਆਂ ਹੀ ਸੰਸਾਰ ਤੋਂ ਤਰ ਗਏ ਹਨ। ਉਸ ਪ੍ਰਭੂ ਨੇ ਜਿਸ ਵੱਲ ਮੇਹਰ ਦੀ ਨਜ਼ਰ ਕਰ ਕੇ, (ਕ੍ਰਿਪਾ ਭਰੀ ਦ੍ਰਿਸ਼ਟੀ) ਨਾਲ ਵੇਖਿਆ ਹੈ, (ਸਮਝੋ ਕਿ) ਇਹ ਉਸ ਦਾ ਬੇਅੰਤ ਪੱਖ ਕੀਤਾ ਹੈ। ਉਸ ਸੇਵਕ ਦਾ ਮਨ ਤਨ ਠੰਡਾ (ਸ਼ਾਂਤ) ਹੋ ਗਿਆ ਹੈ (ਅਤੇ ਉਸ ਨੂੰ) ਨਾਮ ਦਾ ਆਧਾਰ ਭੋਜਨ ਮਿਲ ਗਿਆ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਹੇ ਭਾਈ ! (ਸੇਵਕ) ਉਸ ਪ੍ਰਭੂ ਦੀ ਸ਼ਰਣ ਵਿਚ (ਪਿਆ ਰਹਿੰਦਾ ਹੈ) ਜੋ (ਸਾਰੇ ਪਾਪਾਂ ਨੂੰ ਕੱਟਣ ਵਾਲਾ ਹੈ)। ੯। ੧।

## ਵਿਆਖਿਆ ਤੇ ਸਾਰੰਸ਼ :

ਪਾਵਨ ਸ਼ਬਦ ਦੇ ਆਰੰਭ ਵਿਚ ਵਿਆਖਿਆ ਤੇ ਸਾਰੰਸ਼ ਵਿਸਥਾਰ ਪੂਰਵਕ ਆ ਚੁੱਕਾ ਹੈ, ਪਰ ਇਸ ਸ਼ਬਦ ਅੰਦਰ ਸਾਰੀ ਰਚਨਾ ਰਚਣ ਵਾਲਾ ਕਰਤਾ ਵਾਹਿਗੁਰੂ ਬੇਅੰਤ ਦਰਸਾਇਆ ਹੈ।

ਉਸ ਬੇਅੰਤ ਦੀ ਰਚਨਾ ਦਾ ਕੋਈ ਅੰਤ ਨਹੀਂ ਆਉਂਦਾ। ਉਸ ਦਾ ਅੰਤ ਕੌਣ ਪਾ ਸਕਦਾ ਹੈ। ਇਸ ਸੰਬੰਧੀ ਭਾਈ ਗੁਰਦਾਸ ਜੀ ਦਾ ਬਹੁਤ ਹੀ ਸੁੰਦਰ ਕਥਨ ਹੈ-

***ਏਕ ਬ੍ਰਹਮਾਂਡ ਕੇ ਬਿਥਾਰ ਕੀ ਅਪਾਰ ਕਥਾ,***
***ਕੋਟਿ ਬ੍ਰਹਮਾਂਡ ਕੋ ਨਾਇਕੁ ਕੈਸੇ ਜਾਨੀਐ॥***

*ਘਟਿ ਘਟਿ ਅੰਤਰਿ ਅਉ ਸਰਬ ਨਿਰੰਤਰਿ ਹੈ,*
*ਸੂਖਮ ਸਥੂਲ ਮੂਲ, ਕੈਸੇ ਪਹਿਚਾਨੀਐ॥*
*ਨਿਰਗੁਨ ਅਦ੍ਰਿਸਟ ਦ੍ਰਿਸਟਿ ਮੈ ਨਾਨਾ ਪ੍ਰਕਾਰ,*
*ਅਲਖ ਲਖਿਓ ਨ ਜਾਇ, ਕੈਸੇ ਉਰਿ ਆਨੀਐ॥*
*ਸਤਿ ਰੂਪ ਸਤਿ ਨਾਮ ਸਤਿਗੁਰ ਗਿਆਨੁ ਧਿਆਨ,*
*ਪੂਰਨ ਬ੍ਰਹਮ ਸਰਬਾਤਮ ਕੈ ਮਾਨੀਐ॥ ੯੮॥*

(ਕਬਿਤ ਸਵੱਯੇ ਭਾ: ਗੁਰਦਾਸ ਜੀ)

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੭੨ (ਅੰਗ ੬੪੧-੪੨)

## ਸੋਰਠਿ ਮਹਲਾ ੫ ਘਰੁ ੨ ਅਸਟਪਦੀਆ

ੴ ਸਤਿਗੁਰ ਪ੍ਰਸਾਦਿ ॥

ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ ॥ ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥ ੧ ॥ ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ ॥ ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥ ਰਹਾਉ ॥ ਮੋਨਿ ਭਇਓ ਕਰਪਾਤੀ ਰਹਿਓ ਨਗਨ ਫਿਰਿਓ ਬਨ ਮਾਹੀ ॥ ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀ ॥ ੨ ॥ ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ ॥ ਮਨ ਕੀ ਮੈਲੁ ਨ ਉਤਰੈ ਇਹ ਬਿਧਿ ਜੇ ਲਖ ਜਤਨ ਕਰਾਏ ॥ ੩ ॥ ਕਨਿਕ ਕਾਮਿਨੀ ਹੈਵਰ ਗੈਵਰ ਬਹੁ ਬਿਧਿ ਦਾਨੁ ਦਾਤਾਰਾ ॥ ਅੰਨ ਬਸਤ੍ਰ ਭੂਮਿ ਬਹੁ ਅਰਪੇ ਨਹ ਮਿਲੀਐ ਹਰਿ ਦੁਆਰਾ ॥ ੪ ॥ ਪੂਜਾ ਅਰਚਾ ਬੰਦਨ ਡੰਡਉਤ ਖਟੁ ਕਰਮਾ ਰਤੁ ਰਹਤਾ ॥ ਹਉ ਹਉ ਕਰਤ ਬੰਧਨ ਮਹਿ ਪਰਿਆ ਨਹ ਮਿਲੀਐ ਇਹ ਜੁਗਤਾ ॥ ੫ ॥ ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਕਰਿ ਰਹਿਆ ॥ ਵਡੀ ਆਰਜਾ ਫਿਰਿ ਫਿਰਿ ਜਨਮੈ ਹਰਿ ਸਿਉ ਸੰਗੁ ਨ ਗਹਿਆ ॥ ੬ ॥ ਰਾਜ ਲੀਲਾ ਰਾਜਨ ਕੀ ਰਚਨਾ ਕਰਿਆ ਹੁਕਮੁ ਅਫਾਰਾ ॥ ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ ॥ ੭ ॥ ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥ ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ ॥ ੮ ॥ ਤੇਰੋ ਸੇਵਕੁ ਇਹ ਰੰਗਿ ਮਾਤਾ ॥ ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ ਹਰਿ ਹਰਿ ਕੀਰਤਨਿ ਇਹੁ ਮਨੁ ਰਾਤਾ ॥ ਰਹਾਉ ਦੂਜਾ ॥ ੧ ॥ ੩ ॥

# ਪ੍ਰਾਕ੍ਥਨ :-

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਇਹ ਸ਼ਬਦ ਸੋਰਠਿ ਰਾਗੁ ਅੰਦਰ ਅੱਠ ਪਦਿਆਂ ਵਾਲੀਆਂ ਅਸਟਪਦੀਆਂ ਦੇ ਸਿਰਲੇਖ ਹੇਠ ਉਚਾਰਨ ਕੀਤਾ ਹੋਇਆ ਹੈ। ਆਰੰਭ ਵਿਚ ਗੁਰਦੇਵ ਨੇ ਕਰਮ-ਕਾਂਡ ਆਦਿ ਦੇ ਕੰਮਾਂ ਤੇ ਹੱਠ ਯੋਗ ਦਾ ਖੰਡਨ ਕੀਤਾ ਹੈ।

## ਵਿਸ਼ਾ — ਨਿਵਲਿ ਭੁਅੰਗਮ ਸਾਧੇ

ਮਨ ਦੀਆਂ ਬਿਰਤੀਆਂ ਨੂੰ ਸਾਧ ਕੇ ਵਿਕਾਰਾਂ 'ਤੇ ਕਾਬੂ ਪਾਉਣਾ ਯੋਗ ਹੈ। ਅਰਥਾਤ ਨਾਮ ਸਿਮਰਨ ਦੁਆਰਾ ਸੁਰਤ ਨੂੰ ਪ੍ਰਭੂ ਚਰਨਾਂ ਵਿਚ ਜੋੜਨਾ ਯੋਗ ਹੈ, ਜਿਸ ਨਾਲ ਹਉਮੈ ਦੂਰ ਹੋ ਕੇ ਮਨ ਦੀ ਇਕਾਗਰਤਾ ਬਣੀ ਰਹਿੰਦੀ ਹੈ :

***ਏਕੇ ਕਉ ਸਚੁ ਏਕਾ ਜਾਣੈ ਹਉਮੈ ਦੂਜਾ ਦੂਰਿ ਕੀਆ॥***
***ਸੋ ਜੋਗੀ ਗੁਰ ਸਬਦੁ ਪਛਾਣੈ ਅੰਤਰਿ ਕਮਲੁ ਪ੍ਰਗਾਸੁ ਥੀਆ॥***

(ਅੰਗ ੯੪੦)

ਯੋਗ ਦੇ ਇਸ ਸੱਚ ਦੇ ਮਾਰਗ ਨੂੰ ਤਿਆਗ ਕੇ ਪਤੰਜਲੀ ਰਿਸ਼ੀ ਨੇ ਯੋਗ ਦਰਸ਼ਨ ਨੂੰ ਨਿਯਮ ਬੱਧ ਕਰ ਦਿੱਤਾ। ਬਾਅਦ ਵਿਚ ੧੦ਵੀਂ ਸਦੀ ਈਸਵੀ ਵਿਚ ਗੋਰਖ ਨਾਥ ਆਦਿ ਜੋਗੀਆਂ ਨੇ ਇਸ ਨੂੰ ਹੋਰ ਅੱਗੇ ਤੋਰਿਆ ਜੋ ਯੋਗ ਮਤ ਸੰਪਰਦਾਇ ਕਰਕੇ ਪ੍ਰਚਲਿਤ ਹੋਈ।

ਸਮਾਂ ਪਾ ਕੇ ਇਸ ਨੇ ਹੱਠ-ਯੋਗ ਦਾ ਰੂਪ ਧਾਰਨ ਕਰ ਲਿਆ। ਯੋਗ ਸਾਧਨਾ ਲਈ ਯੋਗੀ ਸਰੀਰ ਨੂੰ ਤਰ੍ਹਾਂ-ਤਰ੍ਹਾਂ ਦੇ ਕਸ਼ਟ ਦਿੰਦੇ, ਜਿਵੇਂ ਧੂਣੀਆਂ ਤਪਾਣੀਆਂ, ਸਰੀਰ 'ਤੇ ਸੁਆਹ ਮਲਣੀ, ਸਿਰ ਨੂੰ ਰੁੰਡ-ਮੁੰਡ ਕਰ ਲੈਣਾ, ਘਰ-ਬਾਰ ਤਿਆਗ ਕੇ ਮੜ੍ਹੀਆਂ-ਮਸਾਣਾਂ ਵਿਚ ਸਮਾਧੀਆਂ ਲਾਉਣਾ, ਤੀਰਥਾਂ ਦੀ ਯਾਤਰਾ ਕਰਨੀ। ਰਿਧੀਆਂ-ਸਿਧੀਆਂ ਦੁਆਰਾ ਗ੍ਰਿਹਸਥੀਆਂ ਨੂੰ ਡਰਾਉਣਾ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਯੋਗ-ਮਤ ਅਤੇ ਹੱਠ-ਯੋਗੀਆਂ ਨੂੰ ਬਾਹਰੀ ਭੇਖਾਂ ਨੂੰ ਤਿਆਗ ਕੇ ਪ੍ਰਭੂ ਨੂੰ ਮਿਲਣ ਦਾ ਅਸਲ ਮਾਰਗ ਦਰਸਾਇਆ। ਗੁਰੂ ਜੀ ਕਹਿੰਦੇ ਹਨ ਕਿ ਗੋਦੜੀ ਪਹਿਨਣ, ਸਰੀਰ 'ਤੇ ਸੁਆਹ ਮਲਣ, ਕੰਨਾਂ ਵਿਚ ਮੁੰਦਰਾਂ ਪਾਉਣ ਆਦਿ ਭੇਖ ਕੀਤਿਆਂ ਪ੍ਰਭੂ ਨਾਲ ਮਿਲਾਪ ਨਹੀਂ ਹੋ ਸਕਦਾ ਅਤੇ ਨਾ ਹੀ ਮੜ੍ਹੀਆਂ-ਮਸਾਣਾਂ 'ਤੇ ਰਹਿਆਂ, ਸਮਾਧੀਆਂ ਲਾਇਆਂ ਅਤੇ ਤੀਰਥਾਂ 'ਤੇ ਇਸ਼ਨਾਨ ਕਰਨ ਨਾਲ ਪ੍ਰਭੂ-ਪ੍ਰਾਪਤੀ ਸੰਭਵ ਹੈ। ਯੋਗੀ ਦਾ ਤਾਂ ਇਹ ਕਰੱਤਵ ਹੈ ਕਿ ਉਹ ਸਾਰੀ ਮਨੁੱਖਤਾ ਨੂੰ ਇਕ ਸਮਾਨ ਸਮਝੇ। ਦੁਨੀਆਂ ਦੇ ਕਾਰ ਕਰਦਿਆਂ ਵਿਕਾਰਾਂ ਤੋਂ ਬਚਿਆ ਰਹੇ ਅਤੇ ਮਾਇਆ ਦੇ ਮੋਹ ਦੀ ਕਾਲਖ ਵਿਚ ਰਹਿੰਦੇ ਹੋਏ ਵੀ ਮਾਇਆ ਤੋਂ ਨਿਰਲੇਪ ਪ੍ਰਭੂ ਵਿਚ ਜੁੜਿਆ ਰਹੇ।

ਪ੍ਰਮਾਤਮਾ ਨੂੰ ਮਿਲਣ ਦਾ ਇਹੀ ਇਕੋ ਇਕ ਸਾਧਨ ਹੈ :

***ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ॥***
***ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ॥***
***ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥ ੧ ॥***
***ਗਲੀ ਜੋਗੁ ਨ ਹੋਈ॥***
***ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ॥੧ ॥ਰਹਾਉ ॥***
***ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ ਲਾਈਐ॥***
***ਜੋਗੁ ਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥਿ ਨਾਈਐ॥***

(ਅੰਗ ੭੩੦)

ਹੇ ਯੋਗੀ ! ਮਾਲਕ ਪ੍ਰਭੂ ਦੇ ਹੁਕਮ ਵਿਚ ਰਹਿੰਦੇ ਹੋਏ ਕੰਨਾਂ ਵਿਚ ਮੁੰਦਰਾਂ ਦੀ ਥਾਂ ਗੁਰ-ਸ਼ਬਦ ਦੀਆਂ ਮੁੰਦਰਾਂ ਦਾ ਆਪਣੇ ਮਨ ਵਿਚ ਟਿਕਾਣਾ ਕਰ, ਖਿਮਾ ਵਾਲੇ ਸੁਭਾਅ ਦੀ ਗੋਦੜੀ ਪਹਿਨ, ਪ੍ਰਭੂ ਦੇ ਚਰਨਾਂ ਵਿਚ ਲਿਵ ਜੋੜਨ ਰੂਪੀ ਆਸਣ 'ਤੇ ਬੈਠ। ਗੁਰ-ਸ਼ਬਦ ਦੇ ਨਾਦ ਨੂੰ ਵਜਾ। ਘਰ-ਘਰ ਭਿਖਿਆ ਮੰਗਣ ਦੀ ਥਾਂ ਪ੍ਰਭੂ ਪਾਸੋਂ ਨਾਮ ਦੀ ਭਿਖਿਆ ਮੰਗ। ਪ੍ਰਮਾਤਮਾ ਨਾਲ ਡੂੰਘੀ ਸਾਂਝ ਪਾਉਣ ਵਾਲੀ ਮਤ ਮਾਨੋ ਹੱਥ ਵਿਚ ਡੰਡਾ ਹੈ, ਜੋ ਵਿਕਾਰਾਂ ਨੂੰ ਨੇੜੇ ਨਹੀਂ ਆਉਣ ਦਿੰਦੀ। ਅਜਿਹਾ ਯੋਗ ਕਮਾਉਣ ਨਾਲ ਮਾਇਆ ਦੇ ਬੰਧਨਾਂ ਤੋਂ ਬਚੇ ਰਹੀਦਾ ਹੈ ਅਤੇ ਸਹਜ ਯੋਗ ਦੀ ਪ੍ਰਾਪਤ ਹੁੰਦੀ ਹੈ। ਗੁਰਵਾਕ ਹੈ:-

***ਗੁਰ ਕਾ ਸਬਦੁ ਮਨੈ ਮਹਿ ਮੁੰਦ੍ਰਾ ਖਿੰਥਾ ਖਿਮਾ ਹਢਾਵਉ॥***
***ਜੋ ਕਿਛੁ ਕਰੈ ਭਲਾ ਕਰਿ ਮਾਨਉ ਸਹਜ ਜੋਗ ਨਿਧਿ ਪਾਵਉ॥ ੧ ॥***
***ਬਾਬਾ ਜੁਗਤਾ ਜੀਉ ਜੁਗਹ ਜੁਗ ਜੋਗੀ ਪਰਮ ਤੰਤ ਮਹਿ ਜੋਗੰ॥***
***ਅੰਮ੍ਰਿਤ ਨਾਮੁ ਨਿਰੰਜਨ ਪਾਇਆ ਗਿਆਨ ਕਾਇਆ ਰਸ ਭੋਗੰ॥੧ ॥ਰਹਾਉ ॥***
***ਸਿਵ ਨਗਰੀ ਮਹਿ ਆਸਣਿ ਬੈਸਉ ਕਲਪ ਤਿਆਗੀ ਬਾਦੰ॥***
***ਸਿੰਙੀ ਸਬਦੁ ਸਦਾ ਧੁਨਿ ਸੋਹੈ ਅਹਿਨਿਸਿ ਪੂਰੈ ਨਾਦੰ॥ ੨ ॥***
***ਪਤੁ ਵੀਚਾਰੁ ਗਿਆਨ ਮਤਿ ਡੰਡਾ ਵਰਤਮਾਨ ਬਿਭੂਤੰ॥***
***ਹਰਿ ਕੀਰਤਿ ਰਹਰਾਸਿ ਹਮਾਰੀ ਗੁਰਮੁਖਿ ਪੰਥੁ ਅਤੀਤੰ॥***

(ਅੰਗ ੩੫੯-੬੦)

ਗੁਰੂ ਜੀ ਕਹਿ ਰਹੇ ਹਨ ਕਿ ਕੰਨ ਪਾੜ ਕੇ ਮੁੰਦਰਾਂ ਪਾਉਣ ਦੀ ਥਾਂ ਮਨੁੱਖੀ ਮਨ ਵਿਚ ਪੈਦਾ ਹੋ ਰਹੇ ਵਿਕਾਰਾਂ ਨੂੰ ਰੋਕਣ ਲਈ ਹਿਰਦੇ ਨੂੰ ਵਿੰਨ੍ਹਣ ਦੀ ਲੋੜ ਹੈ। ਸਰੀਰ ਨੂੰ ਨਾਸ਼ਵੰਤ ਸਮਝ ਕੇ ਇਸ ਨੂੰ ਖਿੰਥਾ ਭਾਵ ਗੋਦੜੀ ਜਾਂ ਕਫ਼ਨ ਬਣਾ ਕੇ, ਮਨ-ਰੂਪੀ ਡੰਡੇ ਨਾਲ ਪੰਜੇ ਵਿਕਾਰਾਂ ਨੂੰ ਕਾਬੂ ਵਿਚ ਰੱਖਣਾ ਹੀ ਅਸਲ ਯੋਗ ਹੈ।

***ਮੁੰਦ੍ਰਾ ਤੇ ਘਟਿ ਭੀਤਰਿ ਮੁੰਦ੍ਰਾ ਕਾਂਇਆ ਕੀਜੈ ਖਿੰਥਾਤਾ॥***
***ਪੰਚ ਚੇਲੇ ਵਸਿ ਕੀਜਹਿ ਰਾਵਲ ਇਹੁ ਮਨੁ ਕੀਜੈ ਡੰਡਾਤਾ॥***

(ਅੰਗ ੧੫੫)

ਹੱਠ-ਯੋਗ ਸਾਧਨਾ ਦੇ ਮੁਕਾਬਲੇ ਗੁਰਮਤਿ ਪ੍ਰੇਮਾ ਭਗਤੀ ਲਈ ਪ੍ਰੇਰਦੀ ਹੈ। ਪ੍ਰਾਣੀ ਨੇ ਸੰਸਾਰ ਵਿਚ ਵਿਚਰਦੇ ਹੋਏ ਇਕ ਕਰਮ-ਜੋਗੀ ਵਾਂਗ ਜੀਵਨ ਬਤੀਤ ਕਰਦਿਆਂ ਮਾਇਆ ਤੋਂ ਨਿਰਲੇਪ ਰਹਿਣਾ ਹੈ। ਜਿਥੇ ਯੋਗ-ਮਤ ਦਾ ਪੂਰਨ ਮਨੁੱਖ ਸਿੱਧ ਹੈ, ਉਥੇ ਗੁਰਬਾਣੀ ਨੇ ਗੁਰਮੁਖ ਨੂੰ ਆਦਰਸ਼ਕ ਮਨੁੱਖ ਪਰਵਾਨਿਆ ਹੈ। ਗੁਰਮੁਖ ਸਦਾ ਪ੍ਰਭੂ ਦੀ ਰਜ਼ਾ ਵਿਚ ਰਹਿੰਦਾ ਹੈ। ਉਸਦੇ ਮਨ ਅੰਦਰ ਮੇਰ-ਤੇਰ ਦੀ ਭਾਵਨਾ ਨਹੀਂ ਹੁੰਦੀ। ਉਸ ਦੀ ਲਿਵ ਸਦਾ ਪ੍ਰਭੂ ਚਰਨਾਂ ਵਿਚ ਜੁੜੀ ਰਹਿੰਦੀ ਹੈ। ਅਜਿਹਾ ਗੁਰਮੁਖ ਅਸਲ ਯੋਗੀ ਅਖਵਾਉਂਦਾ ਹੈ।

***ਹੁਕਮੁ ਬੁਝੈ ਸੋ ਜੋਗੀ ਕਹੀਐ ਏਕਸ ਸਿਉ ਚਿਤੁ ਲਾਏ॥***
***ਸਹਸਾ ਤੂਟੈ ਨਿਰਮਲੁ ਹੋਵੈ ਜੋਗ ਜੁਗਤਿ ਇਵ ਪਾਏ॥***

(ਅੰਗ ੯੦੮)

ਅਥਵਾ :

***ਹਰਿ ਕਾ ਨਾਮੁ ਅਉਖਧੁ ਹੈ ਜੋਗੀ ਜਿਸ ਨੋ ਮੰਨਿ ਵਸਾਏ॥***
***ਗੁਰਮੁਖਿ ਹੋਵੈ ਸੋਈ ਬੂਝੈ ਜੋਗ ਜੁਗਤਿ ਸੋ ਪਾਏ॥***

(ਅੰਗ ੯੦੯)

ਅਥਵਾ :

***ਜੋਗੀ ਕਉ ਕੈਸਾ ਡਰੁ ਹੋਇ॥ ਰੂਖਿ ਬਿਰਖਿ ਗ੍ਰਿਹਿ ਬਾਹਰਿ ਸੋਇ॥੧॥ਰਹਾਉ॥***
***ਨਿਰਭਉ ਜੋਗੀ ਨਿਰੰਜਨੁ ਧਿਆਵੈ॥ ਅਨਦਿਨੁ ਜਾਗੈ ਸਚਿ ਲਿਵ ਲਾਵੈ॥***
***ਸੋ ਜੋਗੀ ਮੇਰੈ ਮਨਿ ਭਾਵੈ॥*** (ਅੰਗ ੨੨੩)

ਅਥਵਾ :

***ਜੋਗੀ ਜੁਗਤਿ ਗਵਾਈ ਹੰਢੈ ਪਾਖੰਡਿ ਜੋਗੁ ਨ ਪਾਈ॥***
***ਸਿਵ ਨਗਰੀ ਮਹਿ ਆਸਣਿ ਬੈਸੇ ਗੁਰ ਸਬਦੀ ਜੋਗੁ ਪਾਈ॥*** (ਅੰਗ ੯੦੯)

ਅਥਵਾ :

***ਜੋਗੁ ਨ ਭਗਵੀ ਕਪੜੀ ਜੋਗੁ ਨ ਮੈਲੇ ਵੇਸਿ॥***
***ਨਾਨਕ ਘਰਿ ਬੈਠਿਆ ਜੋਗੁ ਪਾਈਐ ਸਤਿਗੁਰ ਕੈ ਉਪਦੇਸਿ॥***

(ਅੰਗ ੧੪੨੧)

# ਸਾਖੀ—ਸੰਤੋਖੇ ਜੋਗੀ ਦੀ

ਗੁਰ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਸੰਤੋਖਸਰ ਸਰੋਵਰ ਦੀ ਸੇਵਾ ਪਹਿਲਾਂ ਗੁਰੂ ਰਾਮਦਾਸ ਜੀ ਨੇ ਕਰਵਾਈ ਸੀ। ਦੁਬਾਰਾ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਨ ੧੬੪੫ ਨੂੰ ਆਰੰਭ ਕੀਤੀ। ਇਸ ਸਮੇਂ ਇਕ ਸੰਤੋਖ ਜੋਗੀ ਦਾ ਇਤਿਹਾਸ ਵਿਚ ਜ਼ਿਕਰ ਆਇਆ ਹੈ। ਤਵਾਰੀਖ਼ ਗੁਰੂ ਖ਼ਾਲਸਾ ਦੇ ਕਥਨ ਅਨੁਸਾਰ "ਦੁਆਪਰ ਯੁੱਗ ਦਾ ਇਹ ਯੋਗੀ ਸੀ।" ਇਸ ਨੇ ਯੋਗ ਅਭਿਆਸ ਕਰਕੇ ਬੜੀ ਯੋਗ ਸਾਧਨਾ ਸਾਧੀ ਸੀ। ਨੇਤੀ, ਧੋਤੀ, ਆਦਿ ਕਿਰਿਆ ਬੜੇ ਕਰਮ ਕੀਤੇ ਸਨ। ਇਸ ਤੋਂ ਇਲਾਵਾ ਹੋਰ ਸਾਰੇ ਯੋਗ ਸਾਧਨ ਉਸਨੇ ਅਪਣਾਏ ਸਨ। ਜਦੋਂ ਸਤਿਗੁਰੂ ਜੀ ਸੰਤੋਖਸਰ ਸਰੋਵਰ ਦੀ ਮਿੱਟੀ ਖੁਣਵਾ ਰਹੇ ਸਨ ਤਾਂ ਅਨੇਕਾਂ ਸਿੱਖ ਹੱਥਾਂ ਨਾਲ ਸੇਵਾ ਤੇ ਚਿਤ ਨਾਲ ਸਿਮਰਨ ਕਰਕੇ ਆਪਣਾ ਜਨਮ ਸਫਲਾ ਕਰ ਰਹੇ ਸਨ। ਇਥੇ ਇਕ ਟਾਹਲੀ ਦਾ ਬ੍ਰਿਛ ਸੀ, ਜਿਸ ਹੇਠ ਬੈਠ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਸਿੱਖਾਂ ਕੋਲੋਂ ਸੇਵਾ ਕਰਵਾਉਂਦੇ ਸਨ। ਪਿਸ਼ਾਵਰ ਦੇ ਰਹਿਣ ਵਾਲਾ ਸੰਤੋਖਾ ਸਿੱਖ ਸਤਿਗੁਰੂ ਜੀ ਦੇ ਚਰਨਾਂ ਵਿਚ ਹਾਜ਼ਰ ਹੋਇਆ ਜੋ ਸੰਸਾਰ ਵਿਚ ਨਿਸ਼ਾਨੀ ਬਣੀ ਰਹਿਣ ਦਾ ਇੱਛਕ ਸੀ। ਇਸ ਨੇ ਅਣਗਿਣਤ ਧਨ ਭੇਟਾ ਕੀਤਾ। ਗੁਰੂ ਜੀ ਨੇ ਇਸ ਨਾਲ ਸਰੋਵਰ ਦੀ ਤਿਆਰੀ ਕਰਵਾਈ ਤੇ ਜਦੋਂ ਸਿੱਖ ਖੋਦਦਿਆਂ-ਖੋਦਦਿਆਂ ਕੁਝ ਡੂੰਘਾਈ 'ਤੇ ਗਏ ਤਾਂ ਹੇਠਾਂ ਗੋਲਾਕਾਰ ਇਕ ਮੱਠ ਨਿਕਲਿਆ। ਸਿੱਖਾਂ ਨੇ ਗੁਰੂ ਜੀ ਅੱਗੇ ਬੇਨਤੀ ਕੀਤੀ ਕਿ ਹੇਠਾਂ ਤੋਂ ਇਕ ਮੱਠ ਹੀ ਨਹੀਂ ਮਿਲਿਆ, ਸਗੋਂ ਇਸ ਵਿਚ ਇਕ ਯੋਗੀ ਵੀ ਚਿਰੰਕਾਲ ਦਾ ਬੈਠਾ ਹੋਇਆ ਹੈ। ਮੱਠ ਨੰਗਾ ਕਰਵਾਇਆ ਗਿਆ। ਉਸ ਨੂੰ ਪੱਥਰ ਦੀ ਖਿੜਕੀ ਨਾਲ ਬੰਦ ਕੀਤਾ ਹੋਇਆ ਸੀ। ਉਸ ਖਿੜਕੀ ਨੂੰ ਖੋਲ੍ਹ ਕੇ ਵੇਖਿਆ ਤਾਂ ਅੰਦਰ ਇਕ ਬਹੁਤ ਲਿੱਸਾ, ਕਮਜ਼ੋਰ, ਹੱਡੀਆਂ ਦਾ ਢਾਂਚਾ, ਨਜ਼ਰੀ ਆਇਆ। ਸਤਿਗੁਰੂ ਜੀ ਨੇ ਸਿੱਖਾਂ ਨੂੰ ਕਹਿ ਕੇ ਰੂੰ ਵਿਚ ਸੰਭਾਲਿਆ ਤੇ ਕਸਤੂਰੀ ਮੱਖਣ ਵਿਚ ਮਿਲਾ ਕੇ ਹੱਥਾਂ ਪੈਰਾਂ ਦੀ ਮਾਲਿਸ਼, ਤੇ ਦਸਮ ਦੁਆਰ ਵਾਲੀ ਜਗ੍ਹਾ ਸਿਰ ਦੀ ਮਾਲਿਸ਼ ਕਰਵਾਈ। ਯੋਗੀ ਦੇ ਪ੍ਰਾਣ ਪਰਤੇ। ਬੜੀ ਧੀਮੀ ਜਿਹੀ ਆਵਾਜ਼ ਵਿਚ ਬੋਲਿਆ, ਕਿ ਤੁਸੀਂ ਕੌਣ ਹੋ? ਸਿੱਖਾਂ ਨੇ ਕਿਹਾ ਕਿ ਅਸੀਂ ਗੁਰੂ ਕੇ ਸਿੱਖ ਹਾਂ। ਪੁੱਛਿਆ ਯੁੱਗ ਕਿਹੜਾ ਹੈ? ਸਿੱਖ ਨੇ ਕਿਹਾ, ਕਲਯੁੱਗ! ਹੇ ਯੋਗੀ! ਸਿੱਖਾਂ ਨੇ ਕਿਹਾ ਕਿ ਆਪ ਕਦੋਂ ਤੋ ਬੈਠੇ ਹੋ? ਯੋਗੀ ਨੇ ਕਿਹਾ ਕਿ ਮੈਂ ਤ੍ਰੇਤੇ ਯੁੱਗ ਦਾ ਬੈਠਾ ਹਾਂ। ਮੇਰੇ ਗੁਰੂ ਨੇ ਮੈਨੂੰ ਪ੍ਰਾਣਾਯਾਮ ਭਾਵ ਦਸਮ ਦੁਆਰ ਸਵਾਸ ਚੜ੍ਹਾਉਣੇ ਸਿਖਾਲ ਦਿੱਤੇ ਸਨ। ਜਦੋਂ ਮੈਂ ਆਪਣੀ ਕਲਿਆਣ ਪੁੱਛੀ ਤਾਂ ਮੇਰੇ ਗੁਰੂ ਨੇ ਉੱਤਰ ਦਿੱਤਾ ਕਿ ਤੇਰੀ ਮੁਕਤੀ ਵਿਚ ਬਹੁਤੀ ਦੇਰੀ ਹੈ। ਕਲਯੁੱਗ ਵਿਚ ਪ੍ਰਮੇਸ਼ਰ ਦੇ ਅਵਤਾਰ ਗੁਰੂ ਨਾਨਕ ਦੇਵ ਜੀ ਹੋਣਗੇ। ਪੰਜਵੇਂ ਜਾਮੇ ਵਿਚ ਉਹਨਾਂ ਦਾ ਨਾਮ ਗੁਰੂ ਅਰਜਨ ਦੇਵ ਜੀ ਹੋਵੇਗਾ। ਉਹ ਤੇਰੀ ਕਲਿਆਣ ਕਰਨਗੇ।

***ਸ੍ਰੀ ਗੁਰੂ ਅਰਜਨ ਹੁਇ ਅਵਿਤਾਰ॥ ਤੀਰਥ ਬਿਦਤਾਵਹਿ ਸੁਭ ਬਾਰਿ॥***
***ਜਬਿ ਖਨਿ ਹੈਂ ਇਸ ਥਲ ਕੋ ਆਇ॥ ਤੋਹਿ ਨਿਕਾਸਹਿਂ ਨਿਜ ਦਰਸਾਇ॥ ੫੬॥***

***ਅਪਨੌ ਪ੍ਰਸ਼ਨ ਠਾਨਿ ਤਿਨ ਪਾਹੀ॥ ਸੁਨਿ ਹੌ ਬਾਕ ਗਯਾਨ ਜਿਨ ਮਾਹੀ॥***
***ਤਬਿ ਤੇਰੋ ਹੋਇ ਹੈ ਕਲਯਾਨੁ॥ ਇਮ ਭਾਖਯੋ ਗੁਰੁ ਕਰੁਣਾ ਠਾਨਿ॥***

(ਗੁਰ ਪ੍ਰਤਾਪ, ਰਾਸਿ ੨, ਅੰਸੂ ੩੪)

ਬਾਬਾ ਬੁੱਢਾ ਜੀ ਕਹਿਣ ਲੱਗੇ, ਹੇ ਯੋਗੀ ਰਾਜ, ਉਹ ਸਮਾਂ ਆ ਪਹੁੰਚਿਆ ਹੈ। ਪਰ ਇਹ ਦੱਸੋ, ਪੰਜਾਂ ਉਂਗਲਾਂ ਦਾ ਇਸ਼ਾਰਾ ਕਰਕੇ ਬਾਬਾ ਬੁੱਢਾ ਜੀ ਨੇ ਪੁੱਛਿਆ, ਕਿ ਪੰਜੇ ਵਿਕਾਰ ਖ਼ਤਮ ਹੋ ਗਏ ਹਨ ? ਤਾਂ ਸਿਰ ਹਿਲਾ ਕੇ ਯੋਗੀ ਨੇ ਕਿਹਾ ਕਿ ਸੂਖਮ ਮਾਤਰ ਅਜੇ ਅੰਦਰ ਹੀ ਬੈਠੇ ਹਨ। ਬਾਬਾ ਬੁੱਢਾ ਜੀ ਕਹਿਣ ਲੱਗੇ ਕਿ ਜੇ ਦੁਆਪਰ ਯੁੱਗ ਤੋਂ ਲੈ ਕੇ ਹੁਣ ਤੱਕ ਯੋਗ ਅਭਿਆਸ ਦੇ ਸਾਧਨ ਦੁਆਰਾ ਪੰਜੇ ਵਿਕਾਰ ਖ਼ਤਮ ਨਹੀਂ ਹੋਏ ਤਾਂ ਇਹਨਾਂ ਪੰਜਾਂ ਨੂੰ ਖ਼ਤਮ ਕਰਨ ਵਾਲੇ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਸਾਹਮਣੇ ਬੈਠੇ ਹਨ ਤੇ ਸੰਗਤਾਂ ਨੂੰ ਨਿਹਾਲ ਕਰ ਰਹੇ ਹਨ। ਤਾਂ ਯੋਗੀ ਨੇ ਗੁਰੂ ਜੀ ਦੇ ਚਰਨ ਫੜੇ ਤੇ ਕਲਿਆਣ ਦੀ ਜਾਚਨਾ ਕੀਤੀ। ਤਾਂ ਸਤਿਗੁਰੂ ਜੀ ਨੇ ਆਪਣੇ ਮੁਖਾਰਬਿੰਦ ਵਿਚੋਂ ਸੂਹੀ ਰਾਗ ਵਿਚ ਇਹ ਸ਼ਬਦ ਉਚਾਰਨ ਕੀਤਾ-

***ਬਾਜੀਗਰਿ ਜੈਸੇ ਬਾਜੀ ਪਾਈ॥ ਨਾਨਾ ਰੂਪ ਭੇਖ ਦਿਖਲਾਈ॥***

(ਅੰਗ ੭੩੬)

ਇਸ ਸ਼ਬਦ ਵਿਚ ਸੰਸਾਰ ਨੂੰ ਇਕ ਬਾਜ਼ੀਗਰ ਦੀ ਬਾਜ਼ੀ ਦਰਸਾਇਆ। ਇਸ ਤਰ੍ਹਾਂ ਸਤਿਗੁਰੂ ਜੀ ਨੇ ਮਿਹਰ ਕਰਕੇ ਉਸ ਯੋਗੀ ਦਾ ਕਲਿਆਣ ਕੀਤਾ।

ਸੋਰਠਿ ਮਹਲਾ ੫ ਘਰੁ ੨ ਅਸਟਪਦੀਆ ੴ ਸਤਿਗੁਰ ਪ੍ਰਸਾਦਿ॥

ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ॥ ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ॥ ੧॥ ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ॥ ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ॥ ਰਹਾਉ॥ ਮੋਨਿ ਭਇਓ ਕਰਪਾਤੀ ਰਹਿਓ ਨਗਨ ਫਿਰਿਓ ਬਨ ਮਾਹੀ॥ ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀ॥ ੨॥

## ਪਦ ਅਰਥ :

ਪੜਿਓ-ਪੜ੍ਹਿਆ। ਅਰੁ-ਅਤੇ। ਨਿਵਲਿ-ਖਲੋ ਕੇ, ਗੋਡਿਆਂ ਉੱਤੇ ਹੱਥ ਰੱਖ ਕੇ, ਸਾਹ ਬਾਹਰ ਵੱਲ ਖਿੱਚ ਕੇ, ਆਂਦਰਾਂ ਨੂੰ ਭਵਾਣਾ, ਇਸ ਨਾਲ ਪੇਟ ਦੀਆਂ ਆਂਦਰਾਂ ਸਾਫ ਰਹਿੰਦੀਆਂ ਹਨ, ਕਬਜ਼ ਨਹੀਂ ਰਹਿੰਦੀ। ਨਿਉਲੀ ਕਰਮ ਸਵੇਰੇ ਖ਼ਾਲੀ ਪੇਟ ਕਰੀਦਾ ਹੈ। ਭੁਅੰਗਮ-ਭੁਇਅੰਗਮ, ਭੁਯੰਗਮ, ਪਿੱਠ ਦੀ ਕੰਗਰੋੜ ਦੇ ਨਾਲ-ਨਾਲ ਕੁੰਡਲਨੀ ਨਾੜੀ, ਜਿਸ ਦੀ ਸ਼ਕਲ ਸਰਪਣੀ ਵਰਗੀ ਹੈ। ਇਸ ਦੇ ਰਾਹ ਸੁਆਸ

ਚੜ੍ਹਾਉਂਦੇ ਹਨ। ਸਾਧੇ-ਸਾਧਨ ਕੀਤੇ। ਸਿਉ-ਨਾਲ। ਸੰਗੁ-ਸਾਥੁ। ਛੁਟਕਿਉ-ਮੁਕ ਸਕਿਆ। ਅਧਿਕ-ਬਹੁਤ ਵਧੀਕ। ਅਹੰਬੁਧਿ-ਅਹੰਕਾਰ ਭਰੀ ਮਤਿ। ਬਾਧੇ-ਬੱਝ ਗਏ। ੧।

ਪਿਆਰੇ-ਹੇ ਸੱਜਣ ! ਇਨ ਬਿਧਿ-ਇਹਨਾਂ ਤਰੀਕਿਆਂ ਨਾਲ। ਮੈ-ਮਮਤਾ ਦੇ ਵੱਸ ਹੋ ਕੇ। ਹਾਰ-ਹਾਰ ਕੇ, ਇਹਨਾਂ ਕਰਮਾਂ ਦਾ ਆਸਰਾ ਛੱਡ ਕੇ। ਪਰਿਉ-ਪਿਆ ਹਾਂ। ਕੈ ਦੁਆਰੈ-ਦੇ ਦਰ ਉੱਤੇ। ਰਹਾਉ।

ਮੋਨਿ ਭਇਓ-ਕੋਈ ਚੁਪ ਸਾਧੀ ਬੈਠਾ ਹੈ। ਕਰਪਾਤੀ-ਹੱਥ ਭਾਂਡਾ, ਹੱਥਾਂ ਨੂੰ ਹੀ ਭਾਂਡਾ ਬਣਾ ਰੱਖਣ ਵਾਲਾ। ਮਾਹੀ-ਵਿਚ। ਤਟ ਤੀਰਥ-ਤੀਰਥਾਂ ਦਾ ਕੰਢਾ। ਸਭ-ਸਾਰੀ। ਭ੍ਰਮਿਓ-ਭਟਕਦਾ ਫਿਰਿਆ। ਦੁਬਿਧਾ-ਦੁਚਿੱਤਾ-ਪਨ, ਡਾਵਾਂ ਡੋਲ ਮਾਨਸਿਕ ਦਸ਼ਾ। ਛੁਟਕੈ ਨਾਹੀ-ਛੁਟਕਾਰਾ ਨਹੀਂ ਹੁੰਦਾ । ੨।

## ਅਰਥ :

(ਹੇ ਭਾਈ ! ਜਿਸ ਕਿਸੇ ਮਨੁੱਖ ਨੇ ਵੀ) ਪਾਠ=ਵਿਆਕਰਣ ਆਦਿ (ਧਰਮ ਗ੍ਰੰਥਾਂ ਦਾ) ਪਾਠ ਪੜ੍ਹਿਆ ਹੈ ਤੇ ਵੇਦਾਂ ਨੂੰ ਵੀਚਾਰਿਆ ਹੈ, (ਅਤੇ) ਨਿਉਲੀ ਕਰਮ, ਕੁੰਡਲਨੀ ਨਾੜੀ ਸਾਧਨ (ਵਾਲੇ ਕਰਮ ਕੀਤੇ) ਹਨ, ਉਨ੍ਹਾਂ ਦਾ ਪੰਜ (ਕਾਮ, ਕ੍ਰੋਧ ਆਦਿਕ) ਨਾਲੋਂ ਸਾਥ ਨਹੀਂ ਛੁਟ ਸਕਿਆ। (ਉਹ ਸਗੋਂ) ਹੋਰ ਵਧੇਰੇ ਹੰਕਾਰ ਵਾਲੀ ਬੁੱਧੀ ਨਾਲ ਬੱਝ ਗਏ ਹਨ। ੧।

ਹੇ ਪਿਆਰੇ ਪ੍ਰਭੂ ਜੀ ! ਇਨ੍ਹਾਂ ਤਰੀਕਿਆਂ ਨਾਲ ਤੈਨੂੰ (ਮਿਲਣ ਜਾਈਏ) ਤਾਂ ਮਿਲਿਆ ਨਹੀਂ ਜਾ ਸਕੀਦਾ, (ਕਿਉਂਕਿ ਇਹ ਕਰਮ ਤਾਂ ਅਨੇਕਾਂ ਨੇ) ਮੈ=ਮਮਤਾ ਦੇ ਵੱਸ ਹੋਕੇ ਕੀਤੇ ਹਨ। (ਇਸ ਲਈ) ਸੇਵਕ ਹਾਰ ਕੇ ਸੁਆਮੀ ਤੇਰੇ ਦਰ 'ਤੇ ਢਹਿ ਪਿਆ ਹੈ, ਆਪ ਕਿਰਪਾ ਕਰਕੇ (ਸੇਵਕ ਨੂੰ) ਸਮਝ ਵਾਲੀ ਬੁੱਧੀ ਦਿਉ। ਰਹਾਉ। (ਹੁਣ ਗੁਰਦੇਵ ਪਹਿਲੇ ਮਮਤਾ ਸਹਿਤ ਜੀਵਾਂ ਦੇ "ਕੀਏ ਕਰਮ ਅਨੇਕਾ" ਦਾ ਹੋਰ ਵਿਸਥਾਰ ਕਰਦੇ ਹਨ) ਕਿਸੇ ਨੇ ਮੋਨ ਧਾਰਨ ਕਰ ਲਿਆ, (ਭਾਵ ਚੁਪ ਸਾਧ ਰੱਖੀ) ਅਤੇ ਹੱਥਾਂ ਨੂੰ ਭਾਂਡਾ ਬਣਾ ਕੇ ਕਿਰਿਆ ਕਰਨ ਵਾਲਾ ਵੀ ਰਿਹਾ, (ਅਤੇ) ਨੰਗਾ ਹੋ ਕੇ ਬਸਤ੍ਰਾਂ ਦਾ ਤਿਆਗ ਕਰਕੇ ਜੰਗਲਾਂ ਵਿਚ ਫਿਰਦਾ ਰਿਹਾ। ਤੀਰਥਾਂ ਦੇ ਕਿਨਾਰੇ (ਅਤੇ) ਸਾਰੀ ਦੁਨੀਆਂ ਵਿਚ ਭੱਟਕਦਾ ਫਿਰਿਆ (ਪਰ) ਇਹ ਕੁਝ ਕਰਨ ਨਾਲ ਦੁਬਿਧਾ ਤੋਂ ਛੁਟਕਾਰਾ ਨਹੀਂ ਪਾਇਆ ਜਾਂਦਾ (ਸਗੋਂ) ਦੁਬਿਧਾ ਵੱਧਦੀ ਹੈ। ੨।

**ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ ॥ ਮਨ ਕੀ ਮੈਲੁ ਨ ਉਤਰੈ ਇਹ ਬਿਧਿ ਜੇ ਲਖ ਜਤਨ ਕਰਾਏ ॥ ੩ ॥ ਕਨਿਕ ਕਾਮਿਨੀ ਹੈਵਰ ਗੈਵਰ ਬਹੁ ਬਿਧਿ ਦਾਨੁ ਦਾਤਾਰਾ ॥ ਅੰਨ ਬਸਤ੍ਰ ਭੂਮਿ ਬਹੁ ਅਰਪੇ ਨਹ ਮਿਲੀਐ ਹਰਿ ਦੁਆਰਾ ॥ ੪ ॥**

## ਪਦ ਅਰਥ :

ਕਾਮਨਾ-ਇੱਛਾ, ਫੁਰਨਾ। ਸਿਰਿ-ਸਿਰ ਉੱਤੇ। ਕਰਵਤ-ਆਰਾ, ਸ਼ਿਵ ਜੀ ਵਾਲਾ ਆਰਾ, ਜੋ ਬਨਾਰਸ ਦੇ ਸ਼ਿਵ ਮੰਦਰ ਵਿਚ ਹੈ। ਸ਼ਿਵ-ਲੋਕ ਵਿਚ ਪਹੁੰਚਣ ਦੀ ਤਾਂਘ ਵਾਲੇ ਕਈ ਭੁੱਲੜ ਮਨੁੱਖ ਆਪਣੇ

ਆਪ ਨੂੰ ਇਸ ਆਰੇ ਨਾਲ ਚਿਰਾ ਲੈਂਦੇ ਸਨ। ਇਹ ਬਿਧਿ-ਇਸ ਤਰੀਕੇ ਨਾਲਾ। ੩।

ਕਨਿਕ-ਸੋਨਾ। ਕਾਮਿਨੀ-ਇਸਤ੍ਰੀ। ਹੈਵਰ-ਵਧੀਆ ਘੋੜੇ। ਗੈਵਰ-ਵਧੀਆ ਹਾਥੀ। ਦਾਤਾਰਾ-ਦੇਣ ਵਾਲਾ। ਅਰਪੇ-ਦਾਨ ਕਰਦਾ ਹੈ। ਹਰਿ ਦੁਆਰਾ-ਹਰੀ ਦੇ ਦਰ 'ਤੇ। ੪।

## ਅਰਥ :

(ਪਰ ਜੇ ਕੋਈ ਮਨੁੱਖ) ਆਪਣੇ ਮਨ ਦੀ ਇੱਛਾ ਅਨੁਸਾਰ ਤੀਰਥਾਂ 'ਤੇ ਜਾ ਕੇ ਵਸਿਆ (ਭਾਵ ਤੀਰਥਾਂ 'ਤੇ ਜਾ ਕੇ ਰਹਿਣ ਲੱਗਿਆ) ਤੇ ਸਿਰ ਉੱਪਰ ਆਰਾ ਭੀ ਧਰਾ ਲਿਆ। (ਭਾਵੇਂ ਕੋਈ ਅਜਿਹੇ) ਲੱਖਾਂ ਜਤਨ ਪਿਆ ਕਰਾਏ, (ਉਸਦੇ) ਮਨ ਦੀ ਮੈਲ ਇਸਤਰ੍ਹਾਂ ਨਹੀਂ ਉੱਤਰ ਸਕਦੀ। ੩।

(ਜੇ ਕੋਈ) ਸੋਨਾ, ਇਸਤਰੀ, ਚੰਗੇ ਚੰਗੇ ਘੋੜੇ ਤੇ ਹਾਥੀ (ਇਸ ਤਰ੍ਹਾਂ ਇਹ ਸਭ ਕੁਝ) ਦਾਨ ਦੇਣ ਵਾਲਾ ਬਣ ਜਾਏ (ਅਤੇ ਹੋਰ) ਅਨਾਜ, ਕਪੜੇ, ਜ਼ਮੀਨ ਆਦਿ ਬਹੁਤ ਸਾਰਾ ਦਾਨ ਵੀ ਕਰੇ, ਤਾਂ ਵੀ ਇਹ ਕੁਝ ਕਰਨ ਨਾਲ ਹਰੀ ਦੇ ਦਰ 'ਤੇ (ਪਹੁੰਚ ਕੇ) ਹਰੀ ਪ੍ਰਭੂ ਨੂੰ ਨਹੀਂ ਮਿਲਿਆ ਜਾ ਸਕਦਾ । ੪।

**ਪੂਜਾ ਅਰਚਾ ਬੰਦਨ ਡੰਡਉਤ ਖਟੁ ਕਰਮਾ ਰਤੁ ਰਹਤਾ॥ ਹਉ ਹਉ ਕਰਤ ਬੰਧਨ ਮਹਿ ਪਰਿਆ ਨਹ ਮਿਲੀਐ ਇਹ ਜੁਗਤਾ ॥ ੫ ॥ ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਕਰਿ ਰਹਿਆ॥ ਵਡੀ ਆਰਜਾ ਫਿਰਿ ਫਿਰਿ ਜਨਮੈ ਹਰਿ ਸਿਉ ਸੰਗੁ ਨ ਗਹਿਆ ॥ ੬ ॥**

## ਪਦ ਅਰਥ :

ਅਰਚਾ-ਮੂਰਤੀ ਦੀ ਪੂਜਾ। ਬੰਦਨ-ਨਮਸ਼ਕਾਰ। ਡੰਡਉਤ-ਡੰਡੇ ਵਾਂਗ ਸਿੱਧੇ ਲੰਮੇ ਪੈ ਕੇ ਨਮਸਕਾਰ ਕਰਨੀ। ਖਟੁ-ਛੇ। ਖਟੁ ਕਰਮਾ-ਬ੍ਰਾਹਮਣ ਵਾਸਤੇ ਛੇ ਜ਼ਰੂਰੀ ਧਾਰਮਿਕ ਕਰਮ-ਵਿਦਿਆ ਪੜ੍ਹਨੀ ਤੇ ਪੜ੍ਹਾਣੀ, ਜੱਗ ਕਰਨਾ ਤੇ ਕਰਾਣਾ, ਦਾਨ ਦੇਣਾ ਤੇ ਲੈਣਾ। ਰਤੁ ਰਹਤਾ-ਮਗਨ ਰਹਿੰਦਾ ਹੈ। ਹਉ ਹਉ-ਮੈਂ, ਮੈਂ। ਇਹ ਜੁਗਤਾ-ਇਸ ਤਰੀਕੇ ਨਾਲ। ੫।

ਸਿਧ-ਜੋਗ ਆਸਣਾਂ ਵਿਚ ਪੁੱਗੇ ਹੋਏ ਜੋਗੀ। ਰਹਿਆ-ਥੱਕ ਗਿਆ। ਆਰਜਾ-ਉਮਰ। ਸੰਗੁ-ਸਾਥ। ਗਹਿਆ-ਲੱਭਾ। ੬।

## ਅਰਥ :

(ਜੇ ਕੋਈ) ਮੂਰਤੀ ਪੂਜਾ, ਚੰਦਨ ਛਿੜਕਣ, ਡੰਡਉਤ (ਕਰਨ ਅਤੇ) ਛੇ ਸ਼ਾਸਤ੍ਰਾਂ ਦੇ ਦੱਸੇ ਹੋਏ ਛੇ ਪ੍ਰਕਾਰ ਦੇ ਕਰਮਾਂ ਵਿਚ ਮਗਨ ਰਹਿੰਦਾ ਹੈ, (ਪਰ ਕਰਮਾਂ ਦੇ ਹੰਕਾਰ ਕਰਕੇ) ਉਹ ਮੈਂ ਮੈਂ ਕਰਦਿਆਂ ਇਹਨਾਂ ਬੰਧਨਾਂ ਵਿਚ ਪਿਆ ਰਹਿੰਦਾ ਹੈ, (ਭਾਵ ਫਸਿਆ ਰਹਿੰਦਾ ਹੈ ਤਾਂ) ਇਸ ਤਰ੍ਹਾਂ ਦੀ ਜੁਗਤੀ ਨਾਲ ਵੀ ਉਹ

ਹਰੀ (ਪ੍ਰਭੂ) ਨੂੰ ਨਹੀਂ ਮਿਲ ਸਕਦਾ। ੫।

ਜੇ ਕੋਈ ਜੋਗ (ਮਤ ਦੇ ਦਸੇ ਹੋਏ) ਚੌਰਾਸੀ ਆਸਣ ਲੱਗਾ ਲੱਗਾ ਕੇ ਇਹ ਭੀ ਵਾਰ-ਵਾਰ ਕਰਦਾ ਰਹਿਆ ਅਤੇ ਇਨ੍ਹਾਂ ਸਾਧਨਾਂ ਨਾਲ ਉਮਰ ਵੱਡੀ ਕਰ ਲਈ, (ਪਰ ਫੇਰ ਭੀ) ਮੁੜ ਮੁੜ ਜੰਮਦਾ ਮਰਦਾ ਰਹਿਆ, (ਅਤੇ) ਹਰੀ ਦਾ ਮਿਲਾਪ ਫੇਰ ਵੀ ਨਹੀਂ ਕਰ ਸਕਿਆ। ੬।

**ਰਾਜ ਲੀਲਾ ਰਾਜਨ ਕੀ ਰਚਨਾ ਕਰਿਆ ਹੁਕਮੁ ਅਫਾਰਾ ॥ ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ ॥ ੭ ॥ ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥ ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ ॥ ੮ ॥ ਤੇਰੋ ਸੇਵਕੁ ਇਹ ਰੰਗਿ ਮਾਤਾ ॥ ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ ਹਰਿ ਹਰਿ ਕੀਰਤਨਿ ਇਹੁ ਮਨੁ ਰਾਤਾ ॥ ਰਹਾਉ ਦੂਜਾ ॥ ੧ ॥ ੩ ॥**

## ਪਦ ਅਰਥ :

ਲੀਲਾ-ਰੰਗ ਤਮਾਸ਼ੇ। ਰਚਨਾ-ਠਾਠ-ਬਾਠ। ਅਫਾਰਾ-ਜਿਸਨੂੰ ਕੋਈ ਮੋੜ ਨਾ ਸਕੇ। ਚੋਆ-ਅਤਰ। ਘੋਰ-ਭਿਆਨਕ। ੭।

ਕੀਰਤਿ-ਸਿਫਤਿ ਸਾਲਾਹ। ਸਿਰਿ ਕਰਮਨ ਕੈ-ਸਭ (ਧਾਰਮਿਕ) ਕੰਮਾਂ ਦੇ ਸਿਰ ਉੱਤੇ, ਸਭ ਕਰਮਾਂ ਨਾਲੋਂ ਸ੍ਰੇਸ਼ਟ। ਪੁਰਬ ਲਿਖੇ ਕਾ-ਪਹਿਲੇ ਜਨਮ ਵਿਚ ਕੀਤੇ ਕਰਮਾਂ ਦੇ ਲਿਖੇ ਲੇਖ ਅਨੁਸਾਰ।੮।

ਰੰਗਿ-ਰੰਗ ਵਿਚ। ਮਾਤਾ-ਮਸਤ। ਕੀਰਤਨਿ-ਕੀਰਤਨ ਵਿਚ। ਰਾਤਾ-ਰੰਗਿਆ ਹੋਇਆ। ਰਹਾਉ ਦੂਜਾ। ੧। ੩।

## ਅਰਥ :

(ਪਹਿਲੇ ਦਸੇ ਦਾਨ ਪੁੰਨ ਦੇ ਪ੍ਰਤਾਪ ਨਾਲ) ਰਾਜ ਪਾ ਕੇ, ਰਾਜ ਲੀਲਾ=ਰੰਗ ਤਮਾਸ਼ੇ ਅਤੇ ਰਾਜਿਆਂ ਵਾਲੀ ਠਾਠ-ਬਾਠ (ਅਤੇ) ਅਮੋੜ ਹੁਕਮ ਕਰਦਾ ਰਿਹਾ। ਸੇਜ ਸੋਹਨੀ-ਸੇਜਾਂ ਦੇ (ਵਿਸ਼ੇ) ਸੁੱਖ, ਚੰਦਨ ਤੇ ਅਤਰ ਆਦਿ (ਸੁਗੰਧਤ ਵਸਤੂਆਂ ਸਰੀਰ 'ਤੇ ਮਲਦਾ ਰਿਹਾ, ਪਰ ਪ੍ਰਭੂ ਨੂੰ ਭੁੱਲ ਕੇ) ਇਹ ਸਭ ਕੁਝ ਭਿਆਨਕ ਨਰਕ ਦਾ ਦੁਆਰਾ ਹੀ ਬਣ ਗਿਆ। ੭।

(ਹੁਣ ਗੁਰਦੇਵ ਆਪਣੇ ਗੁਰਮਤਿ ਉਪਦੇਸ਼ ਬਖ਼ਸ਼ਦੇ ਹਨ) (ਹੇ ਭਾਈ !) ਸਾਧ ਸੰਗਤ ਵਿਚ ਮਿਲ ਕੇ ਪ੍ਰਭੂ ਦਾ ਕੀਰਤਨ ਕਰਨਾ (ਸਭ) ਕਰਮਾਂ ਨਾਲੋਂ ਸ਼੍ਰੋਮਣੀ ਕਰਮ ਹੈ। (ਗੁਰੂ ਜੀ ਉਚਾਰਨ ਕਰਦੇ ਹਨ ਕਿ) ਨਾਨਕ ! ਆਖ (ਸਤਿਸੰਗਤ ਤੇ ਕੀਰਤਨ) ਉਸ ਮਨੁੱਖ ਨੂੰ ਪ੍ਰਾਪਤ ਹੁੰਦਾ ਹੈ, ਜਿਸ ਦੇ (ਮੱਥੇ ਉੱਤੇ ਇਹ)

ਧੁਰੋਂ ਹੀ ਲਿਖਿਆ ਹੁੰਦਾ ਹੈ।੮। (ਹੇ ਪ੍ਰਭੂ !) ਤੇਰਾ ਸੇਵਕ ਤਾਂ ਤੇਰੇ ਇਸ ਪ੍ਰੇਮ ਰੰਗ ਵਿਚ ਮਸਤ ਹੈ, ਜਿਸ ਕਰਕੇ ਦੀਨਾਂ ਦੇ ਦੁੱਖ ਨਾਸ ਕਰਨ ਵਾਲਾ (ਪ੍ਰਭੂ ਸੇਵਕ 'ਤੇ) ਕਿਰਪਾਲੂ ਹੋਇਆ ਹੈ, ਜਿਸ ਦਾ ਸਦਕਾ (ਸੇਵਕ ਦਾ) ਇਹ ਮਨ ਹਰੀ ਪ੍ਰਭੂ ਦੇ ਕੀਰਤਨ ਵਿਚ ਰੱਤਾ ਗਿਆ ਹੈ, (ਭਾਵ ਲੀਨ ਹੋ ਗਿਆ ਹੈ)। ਰਹਾਉ ਦੂਜਾ। ੧। ੩।

## ਵਿਆਖਿਆ ਤੇ ਸਾਰੰਸ਼ :

ਵਿਆਖਿਆ ਤੇ ਸਿਧਾਂਤ ਆਰੰਭ ਵਿਚ ਵਿਸਥਾਰ ਸਹਿਤ ਹੋ ਚੁੱਕਾ ਹੈ। ਸ਼ਬਦ ਦਾ ਸਾਰ ਹੈ ''ਹਰਿ ਕੀਰਤਿ ਸਾਧ ਸੰਗਤਿ ਹੈ ਸਿਰਿ ਕਰਮਨ ਕੈ ਕਰਮਾ'' ਭਾਈ ਗੁਰਦਾਸ ਜੀ ਦਾ ਇਸ ਸਬੰਧ ਵਿਚ ਸੁੰਦਰ ਕਥਨ ਹੈ–

***ਅਗਮ ਅਪਾਰ ਦੇਵ ਅਲਖ ਅਭੇਵ ਅਤਿ, ਅਨਿਕ ਜਤਨ ਕਰਿ ਨਿਗ੍ਰਹ ਨ ਪਾਈਐ॥***
***ਪਾਈਐ ਨ ਜੋਗ ਭੋਗ, ਪਾਈਐ ਨ ਰਾਜ-ਜੋਗ, ਨਾਦ ਬਾਦ ਬੇਦ ਕੈ ਅਗਹੁ ਨ ਗਹਾਈਐ॥***
***ਤੀਰਥ ਪੁਰਬ ਦੇਵ ਦੇਵ ਸੇਵਕੈ ਨ ਪਾਈਐ, ਕਰਮ ਧਰਮ ਬ੍ਰਤਿ ਨੇਮ ਲਿਵ ਲਾਈਐ॥***
***ਨਿਹਫਲ ਅਨਿਕ ਪ੍ਰਕਾਰ ਕੈ ਅਚਾਰ ਸਬੈ, ਸਾਵਧਾਨ ਸਾਧ ਸੰਗ ਸਬਦ ਸੁ ਗਾਈਐ॥੩੦੪॥***

(ਕਬਿਤ ਸਵੱਯੇ ਭਾ: ਗੁਰਦਾਸ ਜੀ)

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੭੩ (ਅੰਗ ੬੪੩-੪੪)

ਸਲੋਕੁ ਮਃ ੩ ॥ ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ ॥ ਮਨਮੁਖ ਖਾਧੇ ਗੁਰਮੁਖਿ ਉਬਰੇ ਜਿਨੀ ਸਚਿ ਨਾਮਿ ਚਿਤੁ ਲਾਇਆ ॥ ਬਿਨੁ ਨਾਵੈ ਜਗੁ ਕਮਲਾ ਫਿਰੈ ਗੁਰਮੁਖਿ ਨਦਰੀ ਆਇਆ ॥ ਧੰਧਾ ਕਰਤਿਆ ਨਿਹਫਲੁ ਜਨਮੁ ਗਵਾਇਆ ਸੁਖਦਾਤਾ ਮਨਿ ਨ ਵਸਾਇਆ ॥ ਨਾਨਕ ਨਾਮੁ ਤਿਨਾ ਕਉ ਮਿਲਿਆ ਜਿਨ ਕਉ ਧੁਰਿ ਲਿਖਿ ਪਾਇਆ ॥ ੧ ॥ ਮਃ ੩ ॥ ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾ ਸਾਦੁ ਨ ਪਾਇਆ ॥ ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ ॥ ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ ਕਰਤੈ ਆਪਿ ਖੁਆਇਆ ॥ ਗੁਰਮੁਖਿ ਵਿਰਲੇ ਸੋਝੀ ਪਈ ਤਿਨਾ ਅੰਦਰਿ ਬ੍ਰਹਮੁ ਦਿਖਾਇਆ ॥ ਤਨੁ ਮਨੁ ਸੀਤਲੁ ਹੋਇਆ ਰਸਨਾ ਹਰਿ ਸਾਦੁ ਆਇਆ ॥ ਸਬਦੇ ਹੀ ਨਾਉ ਊਪਜੈ ਸਬਦੇ ਮੇਲਿ ਮਿਲਾਇਆ ॥ ਬਿਨੁ ਸਬਦੈ ਸਭੁ ਜਗੁ ਬਉਰਾਨਾ ਬਿਰਥਾ ਜਨਮੁ ਗਵਾਇਆ ॥ ਅੰਮ੍ਰਿਤੁ ਏਕੋ ਸਬਦੁ ਹੈ ਨਾਨਕ ਗੁਰਮੁਖਿ ਪਾਇਆ ॥ ੨ ॥ ਪਉੜੀ ॥ ਸੋ ਹਰਿ ਪੁਰਖੁ ਅਗੰਮੁ ਹੈ ਕਹੁ ਕਿਤੁ ਬਿਧਿ ਪਾਈਐ ॥ ਤਿਸੁ ਰੂਪੁ ਨ ਰੇਖ ਅਦ੍ਰਿਸਟੁ ਕਹੁ ਜਨ ਕਿਉ ਧਿਆਈਐ ॥ ਨਿਰੰਕਾਰੁ ਨਿਰੰਜਨੁ ਹਰਿ ਅਗਮੁ ਕਿਆ ਕਹਿ ਗੁਣ ਗਾਈਐ ॥ ਜਿਸੁ ਆਪਿ ਬੁਝਾਏ ਆਪਿ ਸੁ ਹਰਿ ਮਾਰਗਿ ਪਾਈਐ ॥ ਗੁਰਿ ਪੂਰੈ ਵੇਖਾਲਿਆ ਗੁਰ ਸੇਵਾ ਪਾਈਐ ॥ ੪ ॥

# ਪ੍ਰਾਕ੍ਰਥਨ :-

ਇਹ ਸ੍ਰੀ ਮੁਖਵਾਕ ਸੋਰਠਿ ਦੀ ਵਾਰ ਅੰਦਰ ਚੌਥੀ ਪਉੜੀ ਨਾਲ ਸੰਬੰਧਿਤ ਦੋ ਸਲੋਕਾਂ ਸਮੇਤ ਹੈ। ਸਲੋਕ ਤੀਸਰੇ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਦੇ ਉਚਾਰਨ ਕੀਤੇ ਹੋਏ ਹਨ। ਪਉੜੀ ਸੋਢੀ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੀ ਉਚਾਰਨ ਕੀਤੀ ਹੋਈ ਹੈ। ਸ਼ਬਦ ਦੀ ਆਰੰਭਤਾ ਦੀ ਪੰਗਤੀ ਅੰਦਰ ਗੁਰਦੇਵ ਨੇ ਮਾਇਆ ਦਾ ਜ਼ਿਕਰ ਕੀਤਾ ਹੈ, ਜੋ ਸਾਰੇ ਜਗਤ ਦੇ ਜੀਆਂ ਨੂੰ ਮੋਹ ਕੇ ਬਿਨਾਂ ਦੰਦਾਂ ਤੋਂ ਖਾ ਰਹੀ ਹੈ।

## ਵਿਸ਼ਾ—ਮਾਇਆ ਕਿਸ ਨੋ ਆਖੀਐ

ਸਤਿਗੁਰੂ ਜੀ ਇਹ ਕਹਿ ਰਹੇ ਹਨ ਕਿ ਮਾਇਆ ਕਿਸ ਨੂੰ ਕਿਹਾ ਗਿਆ ਹੈ? ਤੇ ਮਾਇਆ ਦਾ ਕੰਮ ਕੀ ਹੈ? ਅਤੇ ਇਹ ਵੀ ਉਪਦੇਸ਼ ਦਿੰਦੇ ਹਨ-

***ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ॥***
***ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ॥***
***ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ॥***
***ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥***
***ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ॥***
***ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ ਤਿਨੀ ਵਿਚੇ ਮਾਇਆ ਪਾਇਆ॥੨੯॥***

(ਅਨੰਦੁ ਸਾਹਿਬ, ਅੰਗ ੯੨੧)

ਸ੍ਰੀ ਗੁਰੂ ਅਮਰਦਾਸ ਜੀ ਇਸ ਪਉੜੀ ਵਿਚ ਦੱਸਦੇ ਹਨ ਕਿ ਜਿਸ ਵੇਲੇ ਜੀਵ ਜਨਮ ਲੈਂਦਾ ਹੈ, ਫਿਰ ਇਸ ਦੀ ਲਿਵ ਪ੍ਰਮੇਸ਼ਰ ਨਾਲੋਂ ਟੁੱਟ ਜਾਂਦੀ ਹੈ। ਕਿਉਂਕਿ ਮਾਇਆ ਦਾ ਹੁਕਮ ਇਸ 'ਤੇ ਵਰਤ ਜਾਂਦਾ ਹੈ ਅਤੇ ਇਸ ਨਾਲ ਮੋਹ ਹੋ ਜਾਂਦਾ ਹੈ। ਜਦੋਂ ਮਾਇਆ ਵਿਚ ਖਚਿੱਤ ਹੋ ਜਾਂਦਾ ਹੈ ਤਾਂ ਵਾਹਿਗੁਰੂ ਵੱਲੋਂ ਇਸ ਦੀ ਲਿਵ ਟੁੱਟ ਜਾਂਦੀ ਹੈ। ਭਾਈ ਗੁਰਦਾਸ ਜੀ ਨੇ ਇਕ ਕਬਿੱਤ ਬੜਾ ਸੁੰਦਰ ਲਿਖਿਆ ਹੈ। ਨਦੀ ਤੋਂ ਬਾਹਰ ਦੀ ਅੱਗ ਤਾਂ ਨਦੀ ਦੇ ਪਾਣੀ ਨਾਲ ਬੁੱਝ ਜਾਂਦੀ ਹੈ, ਪਰ ਨਦੀ ਵਿਚ ਜਾਂਦੀ ਬੇੜੀ ਨੂੰ ਅੱਗ ਲੱਗ ਜਾਵੇ ਤਾਂ ਕਿਵੇਂ ਬੁਝਾਈਏ। ਬਾਹਰ ਦੀ ਅਪਦਾ ਤੋਂ ਬਚਣ ਵਾਸਤੇ ਕਿਸੇ ਕਿਲ੍ਹੇ ਦੀ ਓਟ ਲਈਦੀ ਹੈ, ਪਰ ਜੇ ਕਿਲ੍ਹੇ ਵਿਚ ਹੀ ਲੁੱਟੇ ਗਏ ਫੇਰ ਬਚਾਉ ਕਿਥੇ ਹੋਵੇਗਾ? ਚੋਰਾਂ ਤੋਂ ਡਰ ਕੇ ਰਾਜੇ ਦੀ ਸ਼ਰਨ 'ਚ ਜਾਈਦਾ ਹੈ ਪਰ ਜੇ ਰਾਜਾ ਹੀ ਮਾਰੇ ਫਿਰ ਕਿਸ ਨੇ ਸਹਾਇਤਾ ਕਰਨੀ ਹੈ? ਇਸੇ ਮਾਇਆ ਤੋਂ ਬਚਣ ਵਾਸਤੇ ਗੁਰਦੁਆਰੇ ਜਾਈਦਾ ਹੈ। ਜੇ ਗੁਰਦੁਆਰੇ ਹੀ ਮਾਇਆ ਵਿਆਪੇ, ਫਿਰ ਬਚਾਅ ਕਿਥੇ? ਅੱਜ ਮਾਇਆ ਪਿੱਛੇ ਗੁਰਦੁਆਰਿਆਂ ਵਿਚ ਵੱਧ ਝਗੜੇ ਹਨ। ਭਾਈ ਸਾਹਿਬ ਕਥਨ ਕਰਦੇ ਹਨ:

***ਬਾਹਰ ਕੀ ਅਗਨਿ ਬੂਝਤ ਜਲ ਸਰਿਤਾ ਕੈ,***
***ਨਾਉ ਮੈ ਜਉ ਅਗਨਿ ਲਾਗੈ ਕੈਸੇ ਕੈ ਬੁਝਾਈਐ॥***
***ਬਾਹਰ ਸੈ ਭਾਗਿ ਓਟ ਲੀਜੀਅਤ ਕੋਟ ਗੜ,***
***ਗੜ ਮੈ ਜੋ ਲੂਟ ਲੀਜੈ ਕਹੋ ਕਤ ਜਾਈਐ॥***
***ਚੋਰਨ ਕੈ ਤ੍ਰਾਸ ਜਾਇ ਸਰਨਿ ਗਹੈ ਨਰਿੰਦ,***
***ਮਾਰੈ ਮਹੀਪਤਿ ਜੀਉ ਕੈਸੇ ਕੈ ਬਚਾਈਐ॥***
***ਮਾਇਆ ਡਰ ਡਰਪਤ ਹਾਰਿ ਗੁਰ ਦੁਆਰੈ ਜਾਵੈ,***
***ਤਹਾ ਜਉ ਮਾਇਆ ਬਿਆਪੈ ਕਹਾ ਠਹਰਾਈਐ॥੫੪੪॥***

(ਕਬਿਤ ਸਵੱਯੇ, ਭਾ: ਗੁਰਦਾਸ ਜੀ)

ਮਾਇਆ ਵਿਦਵਾਨਾਂ ਨੇ ਤਿੰਨ ਤਰ੍ਹਾਂ ਦੀ ਮੰਨੀ ਹੈ—੧. ਜੜ ਮਾਇਆ, ੨. ਚੇਤਨ ਮਾਇਆ, ੩. ਅਗਿਆਨ ਰੂਪ ਮਾਇਆ।

੧. ਜਿਹੜੀ 'ਜੜ' ਮਾਇਆ ਹੈ, ਇਸ ਨੂੰ ਭਾਵੇਂ ਡਾਲਰ ਕਹਿ ਲਵੋ, ਦਮੜੇ ਕਹਿ ਲਵੋ, ਸੋਨਾ ਚਾਂਦੀ, ਹੀਰੇ, ਰਤਨ ਕਹਿ ਲਵੋ।

੨. ਜਿਹੜੀ 'ਚੇਤਨ' ਮਾਇਆ ਹੈ, ਇਸ ਤੋਂ ਭਾਵ ਹੈ ਕਿ ਜਿਸ ਵਿਚ ਚੇਤਨ ਸ਼ਕਤੀ ਵਾਹਿਗੁਰੂ ਦੀ ਹੈ। ਭਾਵ ਕਿ ਉਸ ਵਿਚ ਸਮੁੱਚੇ ਪਸ਼ੂ, ਜਿਵੇਂ ਹਾਥੀ, ਘੋੜੇ ਤੇ ਪੰਛੀ। ਖ਼ਾਸ ਕਰਕੇ ਇਸਤਰੀ ਨੂੰ ਚੇਤਨ ਮਾਇਆ ਕਹਿ ਦਿੰਦੇ ਹਨ।

੩. ਅਗਿਆਨ ਵਿਚ ਮਾਇਆ ਦਾ ਰੂਪ ਤੇ ਹਉਮੈ, ਭਰਮ ਅਤੇ ਮਮਤਾ ਵੀ ਮਾਇਆ ਹੈ।

ਇਹ ਤਿੰਨ ਤਰ੍ਹਾਂ ਦੀ 'ਮਾਇਆ' ਹੈ। ਪਰ ਵੇਦਾਂਤ ਮੱਤ ਵਾਲਿਆਂ ਨੇ ਜਿਹੜੀ ਨੌਂ ਜੁਗਤੀਆਂ ਨਾ ਸਹਾਰੇ, ਉਸ ਨੂੰ ਅਨਰ ਬਚਨੀ ਮਾਇਆ ਮੰਨਿਆ ਹੈ। ਨੌਂ ਜੁਗਤੀਆਂ ਹਨ : ੧. ਨਾ ਸੱਤ ਹੈ, ੨. ਨਾ ਅਸੱਤ ਹੈ, ੩. ਨਾ ਸੱਤ ਅਸੱਤ ਉਭੈ ਹੈ, ੪. ਨਾ ਭਿੰਨ ਹੈ, ੫. ਨਾ ਅਭਿੰਨ ਹੈ, ੬. ਨਾ ਭਿੰਨ ਅਭਿੰਨ ਉਭੈ ਹੈ, ੭. ਨਾ ਸੁਵੈਵ ਹੈ, ੮. ਨਾ ਨਿਰਾਵੈਵ ਹੈ, ੯. ਨਾ ਸੁਵੈਵ ਨਿਰਾਵੈਵ ਉਭੈ ਹੈ, ਭਾਵ ਦੋਵੇਂ ਨਹੀਂ। ਜੇ ਦਿਨ ਹੈ ਤਾਂ ਰਾਤ ਨਹੀਂ। ਇਸੇ ਤਰ੍ਹਾਂ ਜੇ ਸੱਤ ਹੈ ਤਾਂ ਅਸੱਤ ਨਹੀਂ। ਜੇ ਅਸੱਤ ਹੈ ਤਾਂ ਸੱਤ ਨਹੀਂ। ਸੱਤ ਤੇ ਅਸੱਤ ਦੋਵੇਂ ਇਕੱਠੇ ਵੀ ਕਹੇ ਨਹੀਂ ਜਾ ਸਕਦੇ। ਜੇ ਬ੍ਰਹਮ ਤੋਂ ਭਿੰਨ ਕਹੀਏ ਤਾਂ ਮਾਇਆ ਕਿਤੇ ਪ੍ਰਤੀਤ ਨਹੀਂ ਹੁੰਦੀ। ਜੇ ਅਭਿੰਨ ਕਹੀਏ ਤਾਂ ਵੀ ਬਣਦੀ ਨਹੀਂ। ਬ੍ਰਹਮ ਸੱਤ ਚੇਤੰਨ ਅਨੰਦ ਰੂਪ ਹੈ। ਮਾਇਆ ਅਸੱਤ ਜੜ ਦੁੱਖ ਰੂਪ ਹੈ ਤੇ ਭਿੰਨ ਅਭਿੰਨ ਦੋਵੇਂ ਹੀ ਕਹੀ ਨਹੀਂ ਜਾ ਸਕਦੀ।

ਨਿਰਵੈਵ ਅੰਗਾਂ ਤੋਂ ਰਹਿਤ ਕਹੀਏ ਤਾਂ ਸਾਰਿਆਂ ਸਰੀਰਾਂ ਦੇ ਅੰਗ ਦਿੱਸਦੇ ਹਨ। ਜੇ ਸਵੈਵੀ ਕਹੀਏ ਤਾਂ ਸਾਰੇ ਅੰਗ ਚਿਖਾ ਵਿਚ ਸੜ ਜਾਂਦੇ ਹਨ। ਦੋਵੇਂ ਤਾਂ ਕਹੇ ਨਹੀਂ ਜਾ ਸਕਦੇ। ਇਹ ਨੌਂ ਜੁਗਤੀਆਂ ਜੋ ਨਾ

ਸਹਾਰੇ, ਅਨਰ ਬਚਨੀ ਮਾਇਆ ਹੈ। ਮਾਇਆ ਬੜੀ ਸੋਹਣੀ ਹੈ, ਕਿਉਂਕਿ ਇਸ ਨੇ ਤਾਂ ਬਿਨਾਂ ਦੰਦਾਂ ਤੋਂ ਹੀ ਜੱਗ ਨੂੰ ਖਾਇਆ ਹੋਇਆ ਹੈ। ਇਕ ਤਾਂ ਪ੍ਰਤੱਖ ਰੂਪ ਵਿਚ ਦੰਦ ਹੁੰਦੇ ਹਨ, ਪਰ ਇਸ ਮਾਇਆ ਦੇ ਦੰਦ ਵਿਕਾਰ ਰੂਪ ਹਨ-

***ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ॥***
***ਮਨਮੁਖ ਖਾਧੇ ਗੁਰਮੁਖਿ ਉਬਰੇ ਜਿਨੀ ਸਚਿ ਨਾਮਿ ਚਿਤੁ ਲਾਇਆ॥***

(ਅੰਗ ੬੪੩)

***ਸਰਪਨੀ ਤੇ ਊਪਰਿ ਨਹੀ ਬਲੀਆ॥***
***ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ॥***

(ਅੰਗ ੪੮੦)

ਇਹਨਾਂ ਨੂੰ ਵੀ ਮਾਇਆ ਨੇ ਛੱਲ ਲਿਆ ਹੈ। ਮਾਇਆ ਬਹੁਤ ਕੁਝ ਕਰ ਦਿੰਦੀ ਹੈ। ਮਾਇਆ ਨੇ ਸਾਰੇ ਜੀਵਾਂ ਨੂੰ ਖ਼ਤਮ ਕਰ ਦਿੱਤਾ ਹੈ। ਇਹ ਜੜ੍ਹ ਮਾਇਆ ਕਿਸ ਤਰ੍ਹਾਂ ਖ਼ਤਮ ਕਰਦੀ ਹੈ, ਇਕ ਜਗ੍ਹਾ ਜ਼ਿਕਰ ਆਉਂਦਾ ਹੈ।

## ਸਾਖੀ—ਚਾਰ ਚੋਰਾਂ ਦੀ

ਚਾਰ ਚੋਰ ਸਨ। ਹੁਣ ਲੋੜ ਹੈ ਮਾਇਆ ਦੀ, ਤੇ ਇਸ ਦੀ ਪ੍ਰਾਪਤੀ ਲਈ ਹਰ ਰੋਜ਼ ਇਕੱਠੇ ਚੱਲਦੇ ਹਨ। ਪਰ ਸਤਿਗੁਰੂ ਜੀ ਕਹਿੰਦੇ ਹਨ ਕਿ ਚੋਰੀ ਕਰਨਾ ਬਹੁਤ ਮਾੜਾ ਹੈ ਪਰੰਤੂ ਪਤਾ ਤਾਂ ਉਦੋਂ ਚੱਲਦਾ ਹੈ ਜਦੋਂ ਚੋਰ ਫੜਿਆ ਜਾਵੇ ਤੇ ਜਦੋਂ ਉਸ ਨੂੰ ਮਾਰ ਪੈਂਦੀ ਹੈ। ਜੇਕਰ ਇਥੇ ਮਾਰ ਪੈਂਦੀ ਹੈ ਤਾਂ ਫਿਰ ਅੱਗੇ ਵੀ ਨਰਕਾਂ ਵਿਚ ਮਾਰ ਪੈਂਦੀ ਹੈ।

ਸੋਚ ਵਿਚਾਰ ਕਰਕੇ ਚਾਰੋਂ ਇਕ ਦਿਨ ਬੜੇ ਤਗੜੇ ਘਰ ਵਿਚ ਚੋਰੀ ਕਰਨ ਲਈ ਗਏ। ਉਹਨਾਂ ਸੋਚਿਆ ਕਿ ਗ਼ਰੀਬਾਂ ਦੇ ਘਰ ਕੀ ਚੋਰੀ ਕਰਨੀ ਹੈ, ਨਾਲੇ ਇਥੋਂ ਲੱਭਣਾ ਕੀ ਹੈ ? ਉਹਨਾਂ ਇਕ ਰਾਜੇ ਦੇ ਘਰ ਚੋਰੀ ਕਰ ਲਈ। ਚੰਗੇ ਜ਼ੇਵਰ, ਚੰਗੀ ਮਾਇਆ, ਚੰਗਾ ਪੈਸਾ ਉਹਨਾਂ ਦੇ ਹੱਥ ਲੱਗਾ। ਸਭ ਕੁਝ ਲੈ ਕੇ ਚੱਲੇ ਹਨ, ਪਰ ਮਨ ਵਿਚ ਇਹ ਡਰ ਵੀ ਸੀ ਕਿ ਕਿਤੇ ਫੜੇ ਨਾ ਜਾਈਏ! ਇਸ ਲਈ ਇਸ ਨੂੰ ਬਾਹਰ ਹੀ ਛੁਪਾ ਕੇ ਰੱਖੀਏ। ਉਹ ਸੰਗਣੇ ਜੰਗਲ ਵਿਚ ਚਲੇ ਗਏ ਤੇ ਉਥੇ ਜਾ ਕੇ ਸੋਚਣ ਲੱਗੇ ਕਿ ਕਿਤੇ ਬਾਦਸ਼ਾਹ ਨੂੰ ਪਤਾ ਨਾ ਲੱਗ ਗਿਆ ਹੋਵੇ। ਇਸ ਲਈ ਸਾਰੇ ਸਾਮਾਨ ਨੂੰ ਇਥੇ ਜੰਗਲ ਵਿਚ ਹੀ ਰੱਖ ਲਈਏ। ਫਿਰ ਉਹ ਕਹਿਣ ਲੱਗੇ ਕਿ ਬੜੀ ਭੁੱਖ ਲੱਗੀ ਹੋਈ ਹੈ ਸਵੇਰੇ ਦੀ ਤੇ ਦੋ ਬੰਦੇ ਕੁਝ ਖਾਣ ਵਾਸਤੇ ਲੈ ਕੇ ਆਉ। ਦੋ ਬੰਦੇ ਕੁਝ ਖਾਣ ਵਾਸਤੇ ਲੈਣ ਲਈ ਚਲੇ ਗਏ ਤੇ ਦੋ ਰਖਵਾਲੀ ਵਾਸਤੇ ਬੈਠ ਗਏ।

ਜਿਹੜੇ ਦੋ ਚੋਰ ਰੋਟੀ ਲੈਣ ਵਾਸਤੇ ਗਏ ਹੋਏ ਸੀ, ਉਹ ਆਪਸ ਵਿਚ ਗੱਲਾਂ ਕਰਨ ਲੱਗੇ ਕਿ ਜੇਕਰ ਅਸੀਂ ਦੋਨੋਂ ਹੁੰਦੇ ਤਾਂ ਸਾਡੇ ਹੱਥ ਵਿਚ ਬੜਾ ਕੁਝ ਹਿੱਸੇ ਆਉਣਾ ਸੀ। ਕਿਉਂਕਿ ਇਸ ਵਾਰ ਬੜੇ ਜ਼ੇਵਰ ਤੇ

ਬੜੇ ਪੈਸੇ ਇਕੱਠੇ ਹੱਥ ਲੱਗੇ ਹਨ, ਪਰ ਅਸੀਂ ਹੁਣ ਚਾਰ ਹਾਂ, ਜਿਸ ਕਰਕੇ ਇਹ ਸਾਰਾ ਕੁਝ ਹੁਣ ਚਾਰ ਹਿੱਸਿਆਂ ਵਿਚ ਵੰਡਿਆ ਜਾਵੇਗਾ। ਉਹ ਦੋਵੇਂ ਕਹਿਣ ਲੱਗੇ ਕਿ ਕਿਉਂ ਨਾ ਉਹਨਾਂ ਦੋਵਾਂ ਦੇ ਖਾਣੇ ਵਿਚ ਜ਼ਹਿਰ ਪਾ ਦੇਈਏ। ਇਹ ਸਭ ਧਨ-ਮਾਲ ਸਾਡੇ ਦੋਵਾਂ ਦਾ ਹੋ ਜਾਵੇਗਾ। ਗੁਰਸਿੱਖੋ ! ਮਾਇਆ ਕੀ ਕੁਝ ਕਰਵਾ ਦਿੰਦੀ ਹੈ। ਦੂਸਰਾ ਕਹਿਣ ਲੱਗਾ ਕਿ ਗੱਲ ਤਾਂ ਤੇਰੀ ਠੀਕ ਹੈ। ਫਿਰ ਦੋਹਾਂ ਨੇ ਜ਼ਹਿਰ ਲੈ ਲਈ ਤੇ ਉਹਨਾਂ ਦੋਵਾਂ ਦੇ ਖਾਣੇ ਵਿਚ ਮਿਲਾ ਦਿੱਤੀ, ਪਰ ਜਿਹੜੇ ਉਥੇ ਜ਼ੇਵਰਾਂ ਤੇ ਪੈਸਿਆਂ ਦੀ ਰਖਵਾਲੀ ਕਰ ਰਹੇ ਸਨ, ਉਹਨਾਂ ਦੇ ਮਨ ਵਿਚ ਵੀ ਇਹੋ ਖ਼ਿਆਲ ਸੀ। ਉਹ ਵੀ ਇਹੋ ਕਹਿਣ ਲੱਗੇ ਕਿ ਜੇਕਰ ਅਸੀਂ ਦੋਵੇਂ ਹੁੰਦੇ ਤਾਂ ਸਾਰਾ ਕੁਝ ਸਾਡੇ ਦੋਨਾਂ ਵਿਚ ਵੰਡਿਆ ਜਾਣਾ ਸੀ। ਉਹ ਕਹਿਣ ਲੱਗੇ ਕਿ ਕਿਉਂ ਨਾ ਇਹਨਾਂ ਦੋਵਾਂ ਨੂੰ ਆਉਂਦਿਆਂ ਹੀ ਵੱਢ ਸੁਟੀਏ । ਕਿਸੇ ਤਰ੍ਹਾਂ ਭੁਲੇਖਾ ਪਾ ਕੇ ਉਹਨਾਂ ਨੂੰ ਮਾਰ ਦੇਵਾਂਗੇ। ਆਪਾਂ ਵੀ ਤੇ ਦੋ ਹੀ ਹਾਂ। ਉਹਨਾਂ ਦੇ ਮਨ ਵਿਚ ਵੀ ਇਹੋ ਖ਼ਿਆਲ ਆ ਗਿਆ। ਉਹਨਾਂ ਨੇ ਆਉਂਦਿਆਂ ਹੀ ਉਹਨਾਂ ਦੋਵਾਂ ਨੂੰ ਮਾਰ ਦਿੱਤਾ। ਹੁਣ ਉਹ ਕਹਿਣ ਲੱਗੇ ਕਿ ਇਹ ਸਾਰੀ ਦੌਲਤ ਦੇ ਮਾਲਿਕ ਅਸੀਂ ਦੋਵੇਂ ਹੀ ਹਾਂ। ਸਾਰਾ ਦਿਨ ਲੰਘ ਗਿਆ ਸੀ ਤੇ ਉਹ ਸਵੇਰ ਦੇ ਭੁੱਖੇ ਸਨ, ਕਹਿਣ ਲੱਗੇ ਕਿ ਇਹ ਜੋ ਕੁਝ ਇਹਨਾਂ ਨੇ ਲਿਆਂਦਾ ਹੈ, ਉਹ ਬੈਠ ਕੇ ਖਾਂਦੇ ਹਾਂ। ਭੁੱਖ ਵੀ ਬੜੀ ਲੱਗੀ ਹੋਈ ਹੈ। ਜਿਸ ਵੇਲੇ ਉਹਨਾਂ ਨੇ ਖਾਣਾ ਖਾਧਾ ਤਾਂ ਥੋੜੀ ਦੇਰ ਮਗਰੋਂ ਉਹ ਵੀ ਦੋਵੇਂ ਉਥੇ ਹੀ ਮਰ ਗਏ। ਜਿਹੜੀ ਮਾਇਆ ਉਹਨਾਂ ਇਕੱਠੀ ਕੀਤੀ ਸੀ, ਉਹ ਉਥੇ ਦੀ ਉਥੇ ਹੀ ਰਹਿ ਗਈ। ਪਹਿਲਾਂ ਤਾਂ ਮਾਇਆ ਦਾ ਮਾਲਿਕ ਰਾਜਾ ਸੀ ਤੇ ਜਿਹੜੇ ਰਾਜੇ ਕੋਲੋਂ ਚੋਰੀ ਕਰ ਕੇ ਲੈ ਕੇ ਆਏ ਸਨ, ਫਿਰ ਉਸ ਦੇ ਮਾਲਕ ਚਾਰ ਚੋਰ ਬਣੇ, ਪਰ ਉਹਨਾਂ ਚਾਰਾਂ ਨੂੰ ਵੀ ਨਹੀਂ ਰਹਿਣ ਦਿੱਤਾ ਇਸ 'ਮਾਇਆ' ਨੇ। ਉਹ ਚਾਰੇ ਚੋਰ ਵੀ ਖ਼ਤਮ ਕਰ ਦਿੱਤੇ ਇਸ ਮਾਇਆ ਨੇ। ਫਿਰ ਇਸ ਤੋਂ ਬਾਅਦ ਜਿਸ ਨੂੰ ਇਹ ਮਾਇਆ ਮਿਲੇਗੀ, ਉਹ ਇਸ ਦਾ ਮਾਲਕ ਬਣ ਜਾਵੇਗਾ। ਇਸੇ ਲਈ ਤਾਂ ਸਤਿਗੁਰੂ ਜੀ ਨੇ ਕਿਹਾ ਹੈ :

***ਖਸਮੁ ਮਰੈ ਤਉ ਨਾਰਿ ਨ ਰੋਵੈ॥***
***ਉਸੁ ਰਖਵਾਰਾ ਅਉਰੋ ਹੋਵੈ॥***

(ਅੰਗ ੮੭੧)

ਇਸ ਦੇ ਅਰਥ ਹਨ ਕਿ ਮਾਇਆ ਜਿਸ ਕੋਲ ਹੋਵੇਗੀ, ਉਹੀ ਫਿਰ ਇਸ ਦਾ ਮਾਲਕ ਬਣ ਜਾਂਦਾ ਹੈ। ਭਾਵ ਕਿ ਮਾਇਆ ਦਾ ਮਾਲਕ ਬਣਨ ਲਈ ਹਰ ਕੋਈ ਤਿਆਰ ਰਹਿੰਦਾ ਹੈ। ਇਸੇ ਲਈ ਸਤਿਗੁਰੂ ਜੀ ਕਹਿੰਦੇ ਹਨ :

***ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ॥***

(ਅੰਗ ੬੪੩)

ਭਾਵ ਕਿ ਇਹ ਮਾਇਆ ਐਸੀ ਹੈ ਕਿ ਜਿਸ ਦੇ ਪ੍ਰਤੱਖ ਦੰਦ ਨਾ ਹੁੰਦਿਆਂ ਹੋਇਆਂ ਵੀ ਇਸ ਨੇ ਵਿਕਾਰਾਂ ਰੂਪ ਦੰਦਾਂ ਨਾਲ ਸਾਰੇ ਜੱਗ ਨੂੰ ਖਾਧਾ ਹੋਇਆ ਹੈ। ਇਸਦੀ ਪ੍ਰਾਪਤੀ ਲਈ ਮਨੁੱਖ 'ਲੋਭ' ਵੀ ਬੜਾ

ਕਰਦਾ ਹੈ, ਜੋ ਕਿ ਬਹੁਤ ਭੈੜਾ ਹੈ, ਕਿਉਂਕਿ ਲੋਭ ਨੂੰ ਪਾਪ ਦਾ 'ਬਾਪ' ਦੱਸਿਆ ਹੈ ਸਿਆਣਿਆਂ ਨੇ।

**ਸਲੋਕੁ ਮਃ ੩ ॥ ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ ॥ ਮਨਮੁਖ ਖਾਧੇ ਗੁਰਮੁਖਿ ਉਬਰੇ ਜਿਨੀ ਸਚਿ ਨਾਮਿ ਚਿਤੁ ਲਾਇਆ ॥ ਬਿਨੁ ਨਾਵੈ ਜਗੁ ਕਮਲਾ ਫਿਰੈ ਗੁਰਮੁਖਿ ਨਦਰੀ ਆਇਆ ॥ ਧੰਧਾ ਕਰਤਿਆ ਨਿਹਫਲੁ ਜਨਮੁ ਗਵਾਇਆ ਸੁਖਦਾਤਾ ਮਨਿ ਨ ਵਸਾਇਆ ॥ ਨਾਨਕ ਨਾਮੁ ਤਿਨਾ ਕਉ ਮਿਲਿਆ ਜਿਨ ਕਉ ਧੁਰਿ ਲਿਖਿ ਪਾਇਆ ॥ ੧ ॥**

## ਪਦ ਅਰਥ :

ਮਮਤਾ-ਅਪਣੱਤ। ਮੋਹਣੀ-ਮੋਹਣ ਵਾਲੀ। ਜਿਨਿ-ਜਿਸ (ਮਾਇਆ) ਨੇ। ਵਿਣੁ ਦੰਤਾ-ਦੰਦਾਂ ਤੋਂ ਬਿਨਾ। ਖਾਇਆ-ਨਿਗਲ ਲਿਆ ਹੈ, (ਖਾ ਲਿਆ ਹੈ।) ਉਬਰੇ-ਬਚ ਗਏ। ਸਚਿ ਨਾਮਿ-ਸਚੇ ਨਾਮ ਵਿਚ। ਕਮਲਾ-ਝੱਲਾ। ਗੁਰਮੁਖਿ-ਗੁਰੂ ਦੁਆਰਾ। ਨਦਰੀ ਆਇਆ-ਨਜ਼ਰੀ ਪਿਆ, ਦਿਸਿਆ। ਨਿਹਫਲੁ-ਬਿਨਾਂ ਫਲ ਤੋਂ, ਅਜਾਈਂ। ਧੁਰਿ-ਧੁਰ (ਦਰਗਾਹ) ਤੋਂ। ੧।

## ਅਰਥ :

(ਹੇ ਭਾਈ !) ਜਿਸ (ਮੋਹਣੀ) ਮਾਇਆ) ਨੇ ਬਿਨਾਂ ਦੰਦਾਂ ਤੋਂ ਜਗਤ ਜੀਆਂ ਨੂੰ ਖਾ ਲਿਆ ਹੈ, (ਭਾਵ ਨਿਗਲ ਲਿਆ ਹੈ) ਉਸ ਮਾਇਆ ਦੀ ਅਪਣੱਤ (ਸਭ) ਦੇ ਮਨਾਂ ਨੂੰ ਮੋਹਣ ਵਾਲੀ ਹੈ। ਮਨਮੁੱਖ (ਪੁਰਸ਼) ਇਸ ਮਾਇਆ ਦੀ ਅਪਣੱਤ (ਕਰਕੇ) ਖਾਧੇ ਗਏ ਹਨ, (ਅਤੇ) ਜਿਨ੍ਹਾਂ ਨੇ ਸੱਚੇ ਨਾਮ ਵਿਚ ਚਿੱਤ ਲਗਾਇਆ ਹੈ, ਉਹ ਗੁਰਮੁਖ ਬਚ ਗਏ ਹਨ। ਨਾਮ ਤੋਂ ਬਿਨਾਂ ਜਗਤ ਪਾਗ਼ਲ (ਭਾਵ ਝੱਲਾ) ਹੋਇਆ ਫਿਰਦਾ ਹੈ, ਪਰ ਗੁਰਮੁੱਖਾਂ ਨੂੰ ਗੁਰੂ ਦੁਆਰਾ (ਇਹ ਮਾਇਆ ਦਾ ਦ੍ਰਿਸ਼) ਨਜ਼ਰੀ ਆਇਆ (ਭਾਵ ਦਿਸਿਆ) ਹੈ। (ਮਨਮੁੱਖ ਜੀਵਾਂ ਨੇ) ਧੰਧਾ ਕਰਦਿਆਂ ਹੀ (ਆਪਣਾ ਅਮੋਲਕ) ਜਨਮ ਵਿਅਰਥ ਗੁਆ ਲਿਆ ਹੈ, (ਕਿਉਂਕਿ ਉਨ੍ਹਾਂ ਨੇ) ਸਰਬ ਸੁੱਖਾਂ ਦਾ ਦਾਤਾ (ਪ੍ਰਭੂ ਪ੍ਰਮਾਤਮਾ) ਆਪਣੇ ਮਨ ਵਿਚ ਨਹੀਂ ਵਸਾਇਆ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਹੇ ਭਾਈ ! ਪ੍ਰਭੂ ਦਾ ਨਾਮ ਉਨ੍ਹਾਂ ਨੂੰ ਮਿਲਿਆ ਹੈ ਜਿਨ੍ਹਾਂ ਨੂੰ ਧੁਰ (ਦਰਗਾਹ) ਤੋਂ (ਪ੍ਰਮਾਤਮਾ ਨੇ) ਭਾਗਾਂ ਵਿਚ ਲਿਖ ਕੇ ਪਾਇਆ ਹੈ। ੧।

**ਮਃ ੩ ॥ ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾ ਸਾਦੁ ਨ ਪਾਇਆ ॥ ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ ॥ ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ ਕਰਤੈ ਆਪਿ ਖੁਆਇਆ ॥ ਗੁਰਮੁਖਿ ਵਿਰਲੇ ਸੋਝੀ ਪਈ ਤਿਨਾ ਅੰਦਰਿ ਬ੍ਰਹਮੁ ਦਿਖਾਇਆ ॥ ਤਨੁ ਮਨੁ ਸੀਤਲੁ ਹੋਇਆ**

**ਰਸਨਾ ਹਰਿ ਸਾਦੁ ਆਇਆ ॥ ਸਬਦੇ ਹੀ ਨਾਉ ਊਪਜੈ ਸਬਦੇ ਮੇਲਿ ਮਿਲਾਇਆ ॥ ਬਿਨੁ ਸਬਦੈ ਸਭੁ ਜਗੁ ਬਉਰਾਨਾ ਬਿਰਥਾ ਜਨਮੁ ਗਵਾਇਆ ॥ ਅੰਮ੍ਰਿਤੁ ਏਕੋ ਸਬਦੁ ਹੈ ਨਾਨਕ ਗੁਰਮੁਖਿ ਪਾਇਆ ॥ ੨ ॥**

## ਪਦ ਅਰਥ :

ਘਰ ਹੀ-ਹਿਰਦੇ ਵਿਚ ਹੀ। ਅੰਮ੍ਰਿਤੁ-ਨਾਮ। ਭਰਪੂਰੁ ਹੈ-ਭਰਿਆ ਹੋਇਆ। ਕਸਤੂਰੀ-ਸੁਗੰਧੀ ਵਾਲੀ ਵਸਤੂ। ਮਿਰਗੁ-ਹਿਰਨ। ਭ੍ਰਮਦਾ-ਭਟਕਦਾ ਹੋਇਆ। ਭਰਮਿ-ਭਰਮ ਵਿਚ। ਤਜਿ-ਤਿਆਗ ਕੇ। ਬਿਖੁ-ਜ਼ਹਿਰ (ਮਾਇਆ)। ਸੰਗ੍ਰਹੈ-ਇਕੱਠੀ ਕਰਦਾ ਹੈ। ਕਰਤੈ-ਕਰਤਾਰ ਨੇ। ਖੁਆਇਆ-ਖੁੰਝਾ ਦਿੱਤਾ, ਕੁਰਾਹੇ ਪਾ ਦਿੱਤਾ ਹੈ। ਬ੍ਰਹਮੁ-ਪਰਮਾਤਮਾ। ਊਪਜੈ-ਪੈਦਾ ਹੁੰਦਾ ਹੈ। ਸਬਦੇ ਹੀ-ਗੁਰੂ ਦੇ ਸ਼ਬਦ (ਉਪਦੇਸ਼) ਦੁਆਰਾ ਹੀ। ਬਉਰਾਨਾ-ਪਾਗ਼ਲ। ਬਿਰਥਾ-ਵਿਅਰਥ। ੨।

## ਅਰਥ :

(ਹੇ ਭਾਈ !) ਘਰ (ਹਿਰਦੇ ਘਰ) ਵਿਚ ਹੀ (ਨਾਮ ਰੂਪੀ) ਅੰਮ੍ਰਿਤ ਭਰਿਆ ਪਿਆ ਹੈ। (ਪਰ) ਮਨਮੁੱਖਾਂ ਨੇ (ਉਸ ਨਾਮ ਅੰਮ੍ਰਿਤ ਦਾ) ਸੁਆਦ ਨਹੀਂ ਪਾਇਆ। ਜਿਸ ਤਰ੍ਹਾਂ (ਮਿਰਗ) ਹਿਰਨ ਆਪਣੀ (ਨਾਭੀ) ਧੁੰਨੀ ਅੰਦਰ ਟਿਕੀ ਹੋਈ ਕਸਤੂਰੀ ਦੀ (ਸੁਗੰਧੀ) ਨੂੰ ਨਹੀਂ ਜਾਣਦਾ, (ਅਤੇ) ਭਰਮ ਵਿਚ ਭੁਲਾਇਆ ਹੋਇਆ (ਬਾਹਰ) ਭਟਕਦਾ ਰਹਿੰਦਾ ਹੈ। (ਇਸੇ ਤਰ੍ਹਾਂ) ਮਨਮੁਖ ਜੀਵ ਨਾਮ ਅੰਮ੍ਰਿਤ ਦਾ ਤਿਆਗ ਕਰਕੇ ਜ਼ਹਿਰ ਰੂਪ (ਮਾਇਆ) ਇਕੱਠੀ ਕਰਦਾ ਹੈ, ਕਰਤਾਰ ਨੇ ਆਪ ਉਸ ਨੂੰ (ਉਸ ਦੇ ਪਿਛਲੇ ਕੀਤੇ) ਕਰਮਾਂ ਅਨੁਸਾਰ ਨਾਮ ਅੰਮ੍ਰਿਤ ਤੋਂ ਖੁੰਝਾ ਦਿੱਤਾ। (ਭਾਵ ਕੁਰਾਹੇ ਪਾ ਦਿੱਤਾ ਹੈ। ਵਿਰਲੇ ਗੁਰਮੁਖ (ਪੁਰਸ਼ਾਂ ਨੂੰ) ਨਾਮ ਅੰਮ੍ਰਿਤ ਦੀ ਸਮਝ ਆਈ ਹੈ। ਉਹਨਾਂ ਨੂੰ (ਹਿਰਦੇ) ਅੰਦਰ ਹੀ ਗੁਰੂ ਨੇ ਪ੍ਰਮਾਤਮਾ ਵਿਖਾ ਦਿੱਤਾ ਹੈ। ਉਨ੍ਹਾਂ ਦਾ ਤਨ ਤੇ ਮਨ ਸ਼ਾਂਤ ਹੋ ਗਿਆ ਹੈ, (ਕਿਉਂਕਿ ਉਨ੍ਹਾਂ ਦੀ) ਰਸਨਾ ਨੂੰ ਹਰੀ ਨਾਮ ਦਾ ਸੁਆਦ ਆ ਗਿਆ। (ਹੇ ਭਾਈ !) ਗੁਰੂ ਦੇ ਸ਼ਬਦ ਰਾਹੀਂ ਹੀ (ਮਨੁੱਖ ਦੇ ਅੰਦਰ ਨਾਮ ਸਿਮਰਨ ਪੈਦਾ ਹੁੰਦਾ ਹੈ, ਸ਼ਬਦ ਦੁਆਰਾ ਹੀ (ਹਰੀ ਆਪਣਾ) ਮੇਲ ਮਿਲਾਪ ਬਖ਼ਸ਼ਦਾ ਹੈ। (ਗੁਰ) ਸ਼ਬਦ ਤੋਂ ਬਿਨਾਂ ਸਾਰਾ ਸੰਸਾਰ ਪਾਗ਼ਲ ਹੈ, (ਅਤੇ) ਅਮੋਲਕ ਜਨਮ ਵਿਅਰਥ ਗੁਆ ਰਿਹਾ ਹੈ। ਨਾਨਕ (ਗੁਰੂ ਉਚਾਰਨ ਕਰਦੇ ਹਨ) ਕਿ ਗੁਰੂ ਦਾ ਸ਼ਬਦ ਹੀ ਇਕੋ ਅੰਮ੍ਰਿਤ (ਅਮਰ ਜੀਵਨ ਦੇਣ ਵਾਲਾ) ਹੈ, ਜੋ ਗੁਰੂ ਦੁਆਰਾ ਪਾਇਆ ਜਾਂਦਾ ਹੈ। ੨।

**ਪਉੜੀ ॥ ਸੋ ਹਰਿ ਪੁਰਖੁ ਅਗੰਮੁ ਹੈ ਕਹੁ ਕਿਤੁ ਬਿਧਿ ਪਾਈਐ ॥ ਤਿਸੁ ਰੂਪੁ ਨ ਰੇਖ ਅਦ੍ਰਿਸਟੁ ਕਹੁ ਜਨ ਕਿਉ ਧਿਆਈਐ ॥ ਨਿਰੰਕਾਰੁ ਨਿਰੰਜਨੁ ਹਰਿ ਅਗਮੁ ਕਿਆ ਕਹਿ ਗੁਣ ਗਾਈਐ ॥ ਜਿਸੁ ਆਪਿ ਬੁਝਾਏ ਆਪਿ ਸੁ ਹਰਿ ਮਾਰਗਿ ਪਾਈਐ ॥ ਗੁਰਿ ਪੂਰੈ ਵੇਖਾਲਿਆ ਗੁਰ ਸੇਵਾ ਪਾਈਐ ॥ ੪ ॥**

## ਪਦ ਅਰਥ :

ਅਗੰਮੁ-ਅਪਹੁੰਚ। ਅਦ੍ਰਿਸਟੁ-ਦਿੱਸਣ ਤੋਂ ਰਹਿਤ, ਅਡਿੱਠ। ਕਿਉ-ਕਿਸ ਤਰ੍ਹਾਂ?। ਕਿਆ ਕਹਿ-ਕੀ ਆਖਕੇ ?। ਹਰਿ ਮਾਰਗਿ-ਪਰਮੇਸ਼ਰ ਦੇ ਰਸਤੇ ਉੱਤੇ। ਗੁਰ ਸੇਵਾ-ਗੁਰੂ ਦੀ ਸੇਵਾ। ੪।

## ਅਰਥ :

ਪਉੜੀ॥ (ਹੇ ਭਾਈ! ਤੂੰ) ਦਸ ਉਹ ਹਰੀ ਪੁਰਖ (ਪੂਰਨ ਪ੍ਰਮਾਤਮਾ) ਜੋ ਅਪਹੁੰਚ ਹੈ, (ਉਸ ਨੂੰ) ਕਿਸ ਬਿਧੀ (ਭਾਵ ਕਿਸ ਤਰ੍ਹਾਂ) ਪ੍ਰਾਪਤ ਕਰੀਏ, ਕਿਉਂਕਿ ਉਸ ਪ੍ਰਭੂ ਦਾ ਕੋਈ ਰੂਪ (ਸ਼ਕਲ) ਨਹੀਂ (ਅਤੇ) ਕੋਈ ਆਕਾਰ ਨਹੀਂ। ਹੇ (ਭਗਤ ਜਨੋਂ! ਦੱਸੋ ਕਿ ਕਿਸ ਰੂਪ ਦਾ ਧਿਆਨ) ਕਰਕੇ ਉਸ ਨੂੰ ਸਿਮਰੀਏ ? (ਉਹ ਕਰਤਾ ਪੁਰਖ) ਆਕਾਰ ਤੋਂ ਰਹਿਤ, ਮਾਇਆ ਤੋਂ ਨਿਰਲੇਪ ਤੇ (ਮਨੁੱਖ ਦੀ ਪਹੁੰਚ ਤੋਂ ਪਰੇ ਹੈ, ਕੀ ਆਖ ਕੇ ਉਸ ਦੇ ਗੁਣਾਂ ਦਾ (ਗਾਇਣ) ਕਰੀਏ ? (ਉੱਤਰ) ਜਿਸ (ਮਨੁੱਖ) ਨੂੰ ਪ੍ਰਭੂ ਆਪ ਸਮਝਾ ਦੇਵੇ ਉਹ ਹੀ ਉਸਦੇ (ਦਸੇ) ਰਸਤੇ 'ਤੇ ਚੱਲਦਾ ਹੈ। ਪੂਰਨ ਗੁਰੂ ਨੇ ਸਾਨੂੰ (ਉਸ ਪ੍ਰਭੂ ਦੇ ਮਿਲਾਪ ਦਾ ਅਸਲ ਰਸਤਾ) ਵਿਖਾ ਦਿੱਤਾ ਹੈ ਕਿ (ਪੂਰਨ) ਗੁਰੂ ਦੀ ਸੇਵਾ ਕਰਕੇ ਹੀ (ਉਸ ਦਾ ਦਰਸ਼ਨ) ਪਾਇਆ ਜਾ ਸਕਦਾ ਹੈ। ੪।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੭੪ (ਅੰਗ ੬੪੬)

ਸਲੋਕੁ ਮਃ ੩ ॥ ਵਿਣੁ ਨਾਵੈ ਸਭਿ ਭਰਮਦੇ ਨਿਤ ਜਗਿ ਤੋਟਾ ਸੈਸਾਰਿ ॥ ਮਨਮੁਖਿ ਕਰਮ ਕਮਾਵਣੇ ਹਉਮੈ ਅੰਧੁ ਗੁਬਾਰੁ ॥ ਗੁਰਮੁਖਿ ਅੰਮ੍ਰਿਤੁ ਪੀਵਣਾ ਨਾਨਕ ਸਬਦੁ ਵੀਚਾਰਿ ॥ ੧ ॥ ਮਃ ੩ ॥ ਸਹਜੇ ਜਾਗੈ ਸਹਜੇ ਸੋਵੈ ॥ ਗੁਰਮੁਖਿ ਅਨਦਿਨੁ ਉਸਤਤਿ ਹੋਵੈ ॥ ਮਨਮੁਖ ਭਰਮੈ ਸਹਸਾ ਹੋਵੈ ॥ ਅੰਤਰਿ ਚਿੰਤਾ ਨੀਦ ਨ ਸੋਵੈ ॥ ਗਿਆਨੀ ਜਾਗਹਿ ਸਵਹਿ ਸੁਭਾਇ ॥ ਨਾਨਕ ਨਾਮਿ ਰਤਿਆ ਬਲਿ ਜਾਉ ॥ ੨ ॥ ਪਉੜੀ ॥ ਸੇ ਹਰਿ ਨਾਮੁ ਧਿਆਵਹਿ ਜੋ ਹਰਿ ਰਤਿਆ ॥ ਹਰਿ ਇਕੁ ਧਿਆਵਹਿ ਇਕੁ ਇਕੋ ਹਰਿ ਸਤਿਆ ॥ ਹਰਿ ਇਕੋ ਵਰਤੈ ਇਕੁ ਇਕੋ ਉਤਪਤਿਆ ॥ ਜੋ ਹਰਿ ਨਾਮੁ ਧਿਆਵਹਿ ਤਿਨ ਡਰੁ ਸਟਿ ਘਤਿਆ ॥ ਗੁਰਮਤੀ ਦੇਵੈ ਆਪਿ ਗੁਰਮੁਖਿ ਹਰਿ ਜਪਿਆ ॥ ੯ ॥

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

# ਪ੍ਰਾਕ੍ਥਨ :-

ਇਹ ਪਾਵਨ ਸ਼ਬਦ ਸੋਰਠਿ ਦੀ ਵਾਰ ਅੰਦਰ ਨੌਵੀਂ ਪਉੜੀ ਨਾਲ ਤੀਸਰੇ ਸਤਿਗੁਰੂ ਜੀ ਦੇ ਦੋ ਸਲੋਕਾਂ ਸਮੇਤ ਉਚਾਰਨ ਕੀਤਾ ਹੋਇਆ ਹੈ। ਸੋਰਠਿ ਦੀ ਵਾਰ ਵਿਚ ਪਉੜੀਆਂ ਸਾਰੀਆਂ ਹੀ ਗੁਰੂ ਰਾਮਦਾਸ ਜੀ ਦੀਆਂ ਉਚਾਰਨ ਕੀਤੀਆਂ ਹੋਈਆਂ ਹਨ। ਇਸ ਸ਼ਬਦ ਦੇ ਆਰੰਭ ਅੰਦਰ ਗੁਰੂ ਅਮਰਦਾਸ ਜੀ ਨੇ ਨਾਮ ਸਿਮਰਨ ਕੀਤੇ ਤੋਂ ਬਿਨਾਂ ਸੰਸਾਰ ਅੰਦਰ ਜਗਤ ਜੀਆਂ ਨੂੰ ਹਮੇਸ਼ਾ ਘਾਟਾ ਹੀ ਪੈਂਦਾ ਦੱਸਿਆ ਹੈ।

## ਵਿਸ਼ਾ— ਨਿਤ ਜਗਿ ਤੋਟਾ ਸੈਸਾਰਿ

ਅਕਾਲ ਪੁਰਖ ਵਾਹਿਗੁਰੂ ਪ੍ਰਮੇਸ਼ਰ ਇਸ ਜੀਵ ਨੂੰ ਜਿਸ ਵੇਲੇ ਸੰਸਾਰ ਵਿਚ ਭੇਜਦਾ ਹੈ, ਉਸ ਸਮੇਂ ਵਡਮੁੱਲੇ ਕੀਮਤੀ ਸੁਆਸਾਂ ਰੂਪ ਪੂੰਜੀ ਇਸ ਨੂੰ ਦੇ ਕੇ ਸੰਸਾਰ ਅੰਦਰ ਜੀਵਨ ਦੀ ਸਫਲਤਾ ਵਾਸਤੇ ਲਾਭ ਲੈਣ ਲਈ ਭੇਜਦਾ ਹੈ। ਗੁਰਵੇਦ ਦਾ ਪਾਵਨ ਫੁਰਮਾਣ ਹੈ-

***ਪ੍ਰਾਣੀ ਤੂ ਆਇਓ ਲਾਹਾ ਲੈਣ***

ਪਰ ਇਥੇ ਸੰਸਾਰ ਅੰਦਰ ਮਨੁੱਖ ਤਰ੍ਹਾਂ-ਤਰ੍ਹਾਂ ਦੇ ਦੁਨਿਆਵੀ ਲਾਭ ਵਾਲੇ ਵਣਜ ਵਿਚ ਖਚਤ ਹੋ ਜਾਂਦਾ ਹੈ। ਕੋਈ ਵਿਰਲੇ ਪ੍ਰਮੇਸ਼ਰ ਦੇ ਪਿਆਰੇ ਹਨ, ਜੋ ਅਸਲ ਲਾਭ ਲੈਂਦੇ ਹਨ।

***ਕਿਨਹੀ ਬਨਜਿਆ ਕਾਂਸੀ ਤਾਂਬਾ ਕਿਨਹੀ ਲਉਗ ਸੁਪਾਰੀ॥***
***ਸੰਤਹੁ ਬਨਜਿਆ ਨਾਮੁ ਗੋਬਿੰਦ ਕਾ ਐਸੀ ਖੇਪ ਹਮਾਰੀ॥ ੧॥***
***ਹਰਿ ਕੇ ਨਾਮ ਕੇ ਬਿਆਪਾਰੀ॥***
***ਹੀਰਾ ਹਾਥਿ ਚੜਿਆ ਨਿਰਮੋਲਕੁ ਛੂਟਿ ਗਈ ਸੰਸਾਰੀ॥੧॥ਰਹਾਉ॥***

(ਅੰਗ ੧੧੨੩)

ਐਸਾ ਪ੍ਰਮੇਸ਼ਰ ਦੇ ਪਿਆਰਿਆਂ ਵਾਲਾ ਵਣਜ ਹੀ ਸੱਚਾ ਹੈ। ਇਹ ਸੱਚੇ ਦੀ ਦਰਗਾਹ ਦੇ ਅੰਦਰ ਨਾਲ ਨਿੱਭਣ ਵਾਲਾ ਹੈ।

***ਸਚੁ ਵਾਪਾਰੁ ਕਰਹੁ ਵਾਪਾਰੀ॥***
***ਦਰਗਹ ਨਿਬਹੈ ਖੇਪਿ ਤੁਮਾਰੀ॥***

(ਅੰਗ ੨੯੩)

ਅਥਵਾ: ***ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ॥***
***ਤੈਸੀ ਵਸਤੁ ਵਿਸਾਹੀਐ ਜੈਸੀ ਨਿਬਹੈ ਨਾਲਿ॥***

(ਅੰਗ ੨੨)
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

***ਅਥਵਾ: ਗੁਰਮੁਖਿ ਸਭੁ ਵਾਪਾਰੁ ਭਲਾ ਜੇ ਸਹਜੇ ਕੀਜੈ ਰਾਮ॥***
***ਅਨਦਿਨੁ ਨਾਮੁ ਵਖਾਣੀਐ ਲਾਹਾ ਹਰਿ ਰਸੁ ਪੀਜੈ ਰਾਮ॥***

(ਅੰਗ ੫੬੮)

ਪਰ ਮਨੁੱਖ ਲਾਭ ਲੈਣ ਦੀ ਬਜਾਇ ਘਾਟੇ ਵਾਲੇ ਵਣਜ ਵਿਚ ਖਚਤ ਹੈ। ਨਾਮ ਭੁਲਾ ਕੇ ਮਨੁੱਖ ਆਪਣਾ ਜਨਮ ਨਿਸਫਲ ਹੀ ਗੁਆ ਰਿਹਾ ਹੈ। ਗੁਰਦੇਵ ਦਾ ਫ਼ੁਰਮਾਣ ਹੈ:

***ਬਿਨੁ ਨਾਵੈ ਜਗੁ ਕਮਲਾ ਫਿਰੈ ਗੁਰਮੁਖਿ ਨਦਰੀ ਆਇਆ॥***
***ਧੰਧਾ ਕਰਤਿਆ ਨਿਹਫਲੁ ਜਨਮੁ ਗਵਾਇਆ***
***ਸੁਖਦਾਤਾ ਮਨਿ ਨ ਵਸਾਇਆ॥***

(ਅੰਗ ੬੪੩)

ਇਸ ਲਈ ਨਾਮ ਜਪੇ ਤੋਂ ਬਿਨਾਂ ਇਸ ਦੀ ਸੁਆਸਾਂ ਰੂਪ ਪੂੰਜੀ ਦਾ ਇਸਨੂੰ ਨਿਤ ਹੀ ਘਾਟਾ ਪੈ ਰਿਹਾ ਹੈ:

***ਦਿਨ ਤੇ ਪਹਰ ਪਹਰ ਤੇ ਘਰੀਆਂ ਆਵ ਘਟੈ ਤਨੁ ਛੀਜੈ॥***

(ਅੰਗ ੬੯੨)

***ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ॥***
***ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ॥***

(ਅੰਗ ੭੨੬)

## ਸੁਆਸਾਂ ਦਾ ਅਲੰਕਾਰ:

ਇਕ ਜ਼ਿਮੀਂਦਾਰ ਦਾ ਨਦੀ ਦੇ ਕੰਢੇ ਨਾਲ ਖੇਤ ਸੀ। ਉਸ ਨੇ ਉਸ ਖੇਤ ਵਿਚ ਬਾਜਰਾ ਬੀਜਿਆ। ਉਸ ਦੀ ਰਾਖੀ ਲਈ ਗੋਪੀਆਂ ਅਥਵਾ ਘੁਮਾਣੀ ਲੈ ਕੇ ਗੁਲੇਲੇ ਬਣਾ ਬਣਾ ਕੇ ਪੰਛੀਆਂ ਨੂੰ ਉਡਾਉਣ ਲਈ ਮਣ੍ਹੇ 'ਤੇ ਬੈਠਾ ਚਲਾਈ ਜਾਇਆ ਕਰੇ ਤੇ ਉਹੀ ਗੁਲੇਲੇ ਨਦੀ ਵਿਚ ਜਾ ਡਿਗਿਆ ਕਰਨ। ਗੁਲੇਲੇ ਵੱਟਣ ਵਾਸਤੇ ਇਕ ਦਿਨ ਜਦ ਉਹ ਮਿੱਟੀ ਪੁੱਟ ਰਿਹਾ ਸੀ ਤਾਂ ਉਸ ਨੂੰ ਇਕ ਲਾਲਾਂ ਦੀ ਭਰੀ ਹੋਈ ਮਟਕੀ ਮਿਲੀ। ਬੜਾ ਖ਼ੁਸ਼ ਹੋਇਆ ਕਿ ਵੱਟੇ ਵਟਾਏ ਗੁਲੇਲੇ ਮਿਲ ਗਏ। ਸੋ ਇਕ ਇਕ ਕਰਕੇ ਗੋਪੀਏ ਨਾਲ ਘੁਮਾ ਕੇ ਚਿੜੀਆਂ ਉਡਾਉਣ ਲਈ ਚਲਾ ਦਿੱਤੇ। ਉਹ ਸਭ ਨਦੀ ਵਿਚ ਹੀ ਡਿੱਗ ਪਏ। ਇਕ ਲਾਲ ਰਹਿੰਦਾ ਸੀ। ਉਸ ਦੀ ਘਰਵਾਲੀ ਪ੍ਰਸ਼ਾਦਾ ਲੈ ਕੇ ਆਈ, ਤਾਂ ਉਸ ਨੇ ਗੁਲੇਲਾ ਸੋਹਣਾ ਜਾਣ ਕੇ ਰੱਖ ਲਿਆ। ਜ਼ਿਮੀਂਦਾਰ ਕਹਿਣ ਲੱਗਾ, ਮੈਂ ਤਾਂ ਇਹਨਾਂ ਦੀ ਭਰੀ ਮਟਕੀ ਚਲਾ ਦਿੱਤੀ ਹੈ। ਪਹਿਲਾਂ ਆਉਂਦੀ ਤਾਂ ਜਿਤਨੇ ਮਰਜ਼ੀ ਰੱਖ ਲੈਂਦੀ।

ਉਹ ਉਸ ਲਾਲ ਨੂੰ ਲੈ ਕੇ ਘਰ ਜਾ ਰਹੀ ਸੀ ਤਾਂ ਰਸਤੇ ਵਿਚ ਜੌਹਰੀ ਦੀ ਦੁਕਾਨ ਸੀ। ਜੌਹਰੀ ਨੇ ਲਾਲ ਦੀਆਂ ਚਮਕਾਂ ਵੇਖ ਕੇ ਬਹੁਤ ਕੀਮਤੀ ਜਾਣ ਕੇ ਆਪਣਾ ਸੀਸ ਝੁਕਾ ਦਿੱਤਾ। ਉਸ ਇਸਤਰੀ ਨੇ ਉਸ ਦਾ ਮੁੱਲ ਪੁੱਛਿਆ ਤਾਂ ਜੌਹਰੀ ਨੇ ਉਸ ਦੇ ਵੱਟੇ ਮੁੱਲ ਵਿਚ ਸ਼ੀਸ਼-ਮਹੱਲ, ਘੋੜੇ ਆਦਿਕ ਉਸ ਨੂੰ ਦਿੱਤੇ। ਇਸਤਰੀ ਬੜੀ ਪ੍ਰਸੰਨ ਹੋਈ। ਜ਼ਿਮੀਂਦਾਰ ਜਦ ਸ਼ਾਮ ਨੂੰ ਘਰ ਵਾਪਸ ਆਇਆ ਤਾਂ ਸਾਰੀ ਗੱਲ ਸੁਣ ਕੇ ਇਤਨਾ ਪਸਚਾਤਾਪ ਕੀਤਾ ਕਿ ਸ਼ੀਸ਼-ਮਹੱਲ ਨਾਲ ਸਿਰ ਮਾਰ-ਮਾਰ ਕੇ ਮਰ ਗਿਆ।

ਇਸੇ ਪ੍ਰਕਾਰ ਕਾਲ-ਚੱਕ੍ਰ ਨਦੀ ਦਾ ਪ੍ਰਵਾਹ ਹੈ। ਇਸਦੇ ਕਿਨਾਰੇ ਮਨੁੱਖਾ ਜਨਮ ਮਟਕੀ ਸੁਆਸਾਂ ਰੂਪੀ ਲਾਲਾਂ ਦੀ ਭਰੀ ਹੋਈ ਹੈ। ਪੰਜ ਵਿਸ਼ੇ ਬਾਜਰੇ ਦਾ ਖੇਤ ਹੈ। (ਗ੍ਰਹਿਸਤ ਪਰਿਵਾਰ ਬਾਜਰੇ ਦਾ ਖੇਤ ਹੈ) ਇਸ ਦੀ ਰਾਖੀ ਵਾਸਤੇ ਸਾਰੇ ਸਵਾਸ, ਦੇਹ ਅਧਿਆਸ ਮਣੇ 'ਤੇ ਬੈਠ ਕੇ ਪੰਜ ਇੰਦ੍ਰੀਆਂ ਦੀ ਗੁਲੇਲ ਅਥਵਾ ਗੋਪੀਏ ਰਾਹੀਂ ਚਲਾ ਕੇ ਸ਼ਬਦ, ਸਪੱਰਸ਼, ਰੂਪ, ਰਸ, ਗੰਧ, ਭੈੜੇ ਕੰਮਾਂ ਵਿਚ ਗਵਾ ਦਿੱਤੇ। ਸ਼ੁੱਧ ਬੁੱਧੀ ਇਸਤਰੀ ਪ੍ਰੇਰ ਕੇ ਜੀਵ ਰੂਪੀ ਜੱਟ ਨੂੰ ਸਾਧ ਸੰਗਤ ਵਿਚ ਲੈ ਆਈ। ਉਥੇ ਰੱਬ ਦਾ ਨਾਮ ਸੁਣਿਆ, ਮਰਨ ਪਿੱਛੇ ਪ੍ਰੋਲਕ ਵਿਚ ਗਿਆ ਤਾਂ ਉਹਨਾਂ ਸਾਧ ਸੰਗਤ ਵਿਚ ਗੁਜ਼ਾਰੇ ਸਵਾਸਾਂ ਦਾ ਮੁੱਲ ਬਹੁਤ ਪੈਂਦਾ ਵੇਖ ਕੇ ਬੜਾ ਅਫਸੋਸ ਕੀਤਾ:-

***ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ॥***
***ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ॥***

(ਅੰਗ ੧੩੭੭)

***ਅਥਵਾ: ਫਰੀਦਾ ਰਬ ਖਜੂਰੀ ਪਕੀਆਂ ਮਾਖਿਅ ਨਈ ਵਹੰਨ੍ਹਿ॥***
***ਜੋ ਜੋ ਵੰਞੈਂ ਡੀਹੜਾ ਸੋ ਉਮਰ ਹਥ ਪਵੰਨਿ॥***

(ਅੰਗ ੧੩੮੨)

***ਉਮਰ ਉਹੀ ਵਿਚ ਲੇਖੇ ਦੇ, ਜੋ ਯਾਦ ਸਾਈਂ ਵਿਚ ਗੁਜ਼ਰੇ, ਪੈਂਦੀ ਮੁਜਰੇ।***

ਸੁਆਸ ਰੂਪੀ ਲਾਲਾਂ ਨੂੰ ਵਿਅਰਥ ਨਾ ਗਵਾਉ।

## ਸਾਖੀ—ਮੂਰਖ ਲੁਹਾਰ ਤੇ ਚੰਦਨ

ਇਕ ਵਾਰ ਇਕ ਰਾਜਾ ਜੰਗਲ ਵਿਚ ਸ਼ਿਕਾਰ ਖੇਡਣ ਲਈ ਗਿਆ। ਇਕ ਹਿਰਨ ਉਸ ਦੇ ਅੱਗੋਂ ਦੀ ਨਿਕਲਿਆ ਤਾਂ ਰਾਜੇ ਨੇ ਉਸ ਨੂੰ ਮਾਰਨ ਲਈ ਆਪਣਾ ਘੋੜਾ ਦੌੜਾਇਆ। ਰਾਜਾ ਆਪਣੀ ਸੈਨਾ ਤੋਂ ਵਿਛੜ ਗਿਆ ਤੇ ਗਰਮੀ ਕਰਕੇ ਉਸਨੂੰ ਪਿਆਸ ਲੱਗੀ ਤੇ ਉਹ ਵਿਆਕੁਲ ਹੋ ਗਿਆ। ਉਸਨੇ ਉਸ ਜੰਗਲ ਵਿਚ ਰਹਿੰਦੇ ਇਕ ਲੁਹਾਰ ਪਾਸੋਂ ਜਾ ਕੇ ਪਾਣੀ ਮੰਗਿਆ। ਉਸ ਲੁਹਾਰ ਨੇ ਆਪਣਾ ਰੱਖਿਆ ਹੋਇਆ ਠੰਡਾ ਜਲ ਰਾਜੇ ਨੂੰ ਸਤਿਕਾਰ ਸਹਿਤ ਛਕਾਇਆ। ਰਾਜੇ ਨੇ ਪ੍ਰਸੰਨ ਹੋ ਕੇ ਇਕ ਪੱਤਰ ਲਿਖ ਕੇ ਲੁਹਾਰ ਨੂੰ ਦਿੱਤਾ ਤੇ ਕਿਹਾ, ਮੇਰੇ ਦਰਬਾਰ ਵਿਖੇ ਆਉਣਾ ਤੇ ਇਸ ਜਲ ਦੇ ਬਦਲੇ ਮੈਂ ਤੈਨੂੰ ਕੁਝ ਦੇਵਾਂਗਾ। ਕੁਝ ਸਮੇਂ ਬਾਅਦ ਲੁਹਾਰ ਉਹ ਪੱਤਰ ਲੈ ਕੇ ਰਾਜੇ ਦੇ ਦਰਬਾਰ ਵਿਚ ਪਹੁੰਚਿਆ। ਰਾਜੇ ਨੇ ਸੋਚਿਆ ਕਿ ਇਸ ਨੇ ਮੇਰੇ ਪ੍ਰਾਣ

ਬਚਾਏ ਹਨ। ਮੈਨੂੰ ਠੰਢਾ ਜਲ ਦੇ ਕੇ ਮੇਰੇ ਵਿਚ ਜਾਨ ਪਾਈ। ਇਸ ਨੂੰ ਉਹ ਵਸਤੂ ਦਿੱਤੀ ਜਾਵੇ, ਜਿਸ ਨਾਲ ਇਹ ਮੇਰੇ ਵਰਗਾ ਧਨਾਢ ਹੋ ਜਾਏ। ਰਾਜੇ ਨੇ ਚੰਦਨ ਦੇ ਦਰੱਖ਼ਤਾਂ ਦਾ ਬਾਗ਼ ਲੁਹਾਰ ਨੂੰ ਦੇ ਦਿੱਤਾ। ਲੁਹਾਰ ਨੇ ਸੋਚਿਆ ਕਿ ਅੱਗੇ ਲੱਕੜਾਂ ਕੱਟਣ ਦੂਰ ਜਾਣਾ ਪੈਂਦਾ ਸੀ। ਹੁਣ ਮੌਜ ਲੱਗ ਗਈ ਹੈ। ਨੇੜੇ ਹੀ ਬਾਗ਼ ਸੀ। ਉਸਨੂੰ ਚੰਦਨ ਦੀ ਪਛਾਣ ਨਹੀਂ, ਕਿ ਇਹ ਕੀਮਤੀ ਲੱਕੜ ਹੈ। ਸੋ ਲੁਹਾਰ ਚੰਦਨ ਨੂੰ ਵੱਢ ਕੇ ਕੋਲੇ ਬਣਾ ਕੇ ਵੇਚ ਦਿਆ ਕਰੇ। ਉਹ ਬੜਾ ਖ਼ੁਸ਼ ਸੀ। ਕੁਝ ਹੀ ਮਹੀਨਿਆਂ ਵਿਚ ਸਾਰਾ ਚੰਦਨ ਦਾ ਬਾਗ਼ ਵੱਢ ਕੇ ਉਸ ਲੁਹਾਰ ਨੇ ਕੋਲੇ ਬਣਾ ਕੇ ਵੇਚ ਦਿੱਤਾ। ਉਧਰ ਇਕ ਦਿਨ ਰਾਜੇ ਨੂੰ ਚੰਦਨ ਦੀ ਲੱਕੜੀ ਦੀ ਜ਼ਰੂਰਤ ਪਈ ਤਾਂ ਵਜ਼ੀਰ ਨੂੰ ਕਿਹਾ, ਹੇ ਵਜ਼ੀਰ, ਆਪ ਜਾ ਕੇ ਲੁਹਾਰ ਤੋਂ ਥੋੜਾ ਜਿਹਾ ਚੰਦਨ ਮੁੱਲ ਲੈ ਆਵੋ। ਵਜ਼ੀਰ ਨੇ ਜਾ ਕੇ ਲੁਹਾਰ ਤੋਂ ਚੰਦਨ ਮੰਗਿਆ ਤਾਂ ਲੁਹਾਰ ਨੇ ਕਿਹਾ, ਮੈਂ ਤਾਂ ਉਹ ਸਾਰਾ ਬਾਗ਼ ਹੀ ਜਲਾ ਕੇ ਕੋਲੇ ਬਣਾ ਵੇਚ ਦਿੱਤਾ ਹੈ। ਹੁਣ ਮੇਰੇ ਪਾਸ ਕੋਈ ਲੱਕੜ ਨਹੀਂ ਹੈ। ਹਾਂ, ਇਕ ਕੁਹਾੜੇ ਵਿਚ ਦਸਤਾ ਹੈ, ਸੋ ਆਪ ਲੈ ਲਵੋ। ਤਾਂ ਵਜ਼ੀਰ ਨੇ ਕੁਹਾੜੇ ਵਾਲਾ ਦਸਤਾ ਲੈ ਕੇ ਉਸ ਨੂੰ ਤੋਲਿਆ ਅਤੇ ਹਿਸਾਬ ਕਰਕੇ ਡੰਡੇ ਦਾ ਮੁੱਲ ਜਦ ੪੦ ਰੁ: ਲੋਹਾਰ ਨੂੰ ਦਿੱਤਾ ਤਾਂ ਲੁਹਾਰ ਹੈਰਾਨ ਰਹਿ ਗਿਆ। ਉਹ ਆਪਣੀ ਮੂਰਖਤਾ 'ਤੇ ਪਛਤਾ ਰਿਹਾ ਸੀ। ਉਹ ਸੋਚ ਰਿਹਾ ਸੀ ਕਿ ਏਨੀ ਕੀਮਤੀ ਲੱਕੜ ਮੈਂ ਤਾਂ ਕੋਲੇ ਬਣਾ ਕੇ ਹੀ ਵੇਚ ਦਿੱਤੀ। ਅਜਿਹਾ ਪਛਤਾਵਾ ਕਰਦਿਆਂ ਹੀ ਉਸ ਦੇ ਪ੍ਰਾਣ ਨਿਕਲ ਗਏ।

ਜਿਸ ਤਰ੍ਹਾਂ ਲੁਹਾਰ ਨੇ ਅਮੋਲਕ ਚੰਦਨ ਦੇ ਬਾਗ਼ ਨੂੰ ਕੋਲੇ ਬਣਾ ਕੇ ਵੇਚ ਦਿੱਤਾ, ਉਸ ਤਰ੍ਹਾਂ ਹੀ ਜੀਵ ਇਸ ਅਮੋਲਕ ਚੰਦਨ ਵਰਗੀ ਮਨੁੱਖਾ ਜੂਨ ਨੂੰ ਉਸ ਕੋਲੇ ਦੇ ਬਾਗ਼ ਵਾਂਗ ਹੀ ਗਵਾਈ ਜਾਂਦਾ ਹੈ। ਮਨੁੱਖਾ ਦੇਹ ਦੇ ਜੋ ਸਵਾਸ ਹਨ, ਸੋ ਚੰਦਨ ਬਾਗ਼ ਵਾਂਗ ਅਮੋਲਕ ਹਨ, ਪਰ ਅਗਿਆਨੀ ਮਨੁੱਖ ਇਸ ਚੰਦਨ ਰੂਪੀ ਸਵਾਸਾਂ ਨੂੰ ਵਿਸ਼ੇ-ਵਿਕਾਰਾਂ ਰੂਪੀ ਅੱਗ ਵਿਚ ਜਲਾ ਕੇ ਇਸ ਸਵਾਸਾਂ ਦੇ ਕੋਲੇ ਬਣਾ ਅਜਾਈਂ ਗਵਾ ਰਿਹਾ ਹੈ। ਉਹਨਾਂ ਵਿਚੋਂ ਜੋ ਥੋੜੇ ਸੁਆਸਾਂ ਨਾਲ ਸ਼ੁਭ ਕਰਮ ਕੀਤਾ, ਉਸ ਦਾ ਫਲ ਜਦ ਪਰਲੋਕ ਵਿਖੇ ਮਿਲਿਆ, ਤਦ ਜੀਵ ਬੜਾ ਪਛਤਾਵਾ ਕਰਦਾ ਹੈ, ਪਛਤਾਉਂਦਾ ਹੈ। ਕਹਿੰਦਾ ਹੈ ਕਿ ਜੇਕਰ ਮੈਨੂੰ ਪਤਾ ਹੁੰਦਾ ਤਾਂ ਮੈਂ ਸਵਾਸ ਸਵਾਸ ਸਿਮਰਨ ਕਰਦਾ। ਪ੍ਰੰਤੂ ਪਿਛੋਂ ਪਛਤਾਏ ਦਾ ਕੋਈ ਫਾਇਦਾ ਨਹੀਂ ਹੈ-

***"ਵਵਾ ਵਾਸਤਾ ਈ ਬੰਦਿਆ ਰੱਬ ਵਾਲਾ, ਦੇਹ ਚੰਦਨ ਦੇ ਕੋਲੇ ਬਣਾ ਨਾਹੀਂ।***
***ਕਿਸੇ ਪੁੰਨ ਪ੍ਰਤਾਪ ਦੇ ਹੱਥ ਆ ਗਈ, ਵਿਸ਼ੇ ਕੌਡੀਆਂ ਬਦਲੇ ਗਵਾ ਨਾਹੀਂ।***
***ਬਾਰੰਬਾਰ ਪੁਕਾਰ ਕਰ ਸੰਤ ਆਖਣ, ਚੁਰਾਸੀ ਚੱਕਰ ਵਿਚ ਸਿਰ ਭਨਾ ਨਾਹੀਂ।***
***ਮਯਾ ਦਾਸ, ਸਤਿਗੁਰਾਂ ਨੂੰ ਮਿਲ ਛੇਤੀ, ਦੇਹ ਹੰਗਤਾ ਜ਼ਰਾ ਜਨਾ ਨਾਹੀਂ।"***
***"ਵਵਾ ਵਕਤ ਭਈ ਸੱਜਣਾ ਸਮਝਣ ਦਾ, ਮਨੁੱਖਾ ਦੇਹ ਨੂੰ ਐਵੇਂ ਗਵਾਵਣਾ ਨਾ।***
***ਪੌੜੀ ਛੁਟਕੀ ਹੱਥ ਨ ਆਂਵਦੀ ਏ, ਅੰਤ ਕਾਲ ਫੇਰ ਪਛੋਤਾਵਣਾ ਨਾ।"***

ਸਲੋਕੁ ਮਃ ੩ ॥ ਵਿਣੁ ਨਾਵੈ ਸਭਿ ਭਰਮਦੇ ਨਿਤ ਜਗਿ ਤੋਟਾ ਸੈਸਾਰਿ ॥ ਮਨਮੁਖਿ ਕਰਮ ਕਮਾਵਣੇ ਹਉਮੈ ਅੰਧੁ ਗੁਬਾਰੁ ॥ ਗੁਰਮੁਖਿ ਅੰਮ੍ਰਿਤੁ ਪੀਵਣਾ ਨਾਨਕ ਸਬਦੁ ਵੀਚਾਰਿ ॥੧॥

**ਪਦ ਅਰਥ :**

ਵਿਣੁ ਨਾਵੈ-ਨਾਮ ਤੋਂ ਬਿਨਾਂ। ਸਭਿ-ਸਾਰੇ। ਤੋਟਾ-ਘਾਟਾ। ਸੈਸਾਰਿ-ਸੰਸਾਰ ਵਿਚ। ਅੰਧੁ ਗੁਬਾਰੁ-ਘੁੱਪ ਹਨੇਰੇ ਵਿਚ। ਅੰਮ੍ਰਿਤੁ-(ਨਾਮ) ਅੰਮ੍ਰਿਤ। ੧।

**ਅਰਥ :**

(ਹੇ ਭਾਈ!) ਨਾਮ ਤੋਂ ਬਿਨਾਂ ਸਾਰੇ (ਲੋਕ) ਭਰਮਦੇ (ਫਿਰਦੇ) ਹਨ। ਉਨ੍ਹਾਂ ਨੂੰ ਸੰਸਾਰ ਅੰਦਰ ਹਰ ਰੋਜ਼ (ਕੋਈ ਨ ਕੋਈ) ਘਾਟਾ ਪਿਆ ਰਹਿੰਦਾ ਹੈ। ਮਨਮੁੱਖਾਂ ਵਾਲੇ ਕਰਮ ਕਮਾਉਣ ਨਾਲ (ਸਦਾ ਹੀ ਅਗਿਆਨਤਾ ਵਾਲਾ) ਹਉਮੈ ਕਰਕੇ ਘੁੱਪ ਹਨੇਰਾ ਬਣਿਆ ਰਹਿੰਦਾ ਹੈ।

ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਗੁਰਮੁਖ ਗੁਰੂ ਦੁਆਰਾ ਸ਼ਬਦ ਦੀ ਵੀਚਾਰ ਵਿਚ ਲੱਗ ਕੇ ਨਾਮ ਅੰਮ੍ਰਿਤ (ਜਲ) ਪੀਂਦੇ ਰਹਿੰਦੇ ਹਨ, (ਇਸ ਕਰਕੇ ਗੁਰਮੁਖ ਘਾਟੇ ਤੋਂ ਬਚੇ ਰਹਿੰਦੇ ਹਨ)। ੧।

**ਮਃ ੩ ॥ ਸਹਜੇ ਜਾਗੈ ਸਹਜੇ ਸੋਵੈ ॥ ਗੁਰਮੁਖਿ ਅਨਦਿਨੁ ਉਸਤਤਿ ਹੋਵੈ ॥ ਮਨਮੁਖ ਭਰਮੈ ਸਹਸਾ ਹੋਵੈ ॥ ਅੰਤਰਿ ਚਿੰਤਾ ਨੀਦ ਨ ਸੋਵੈ ॥ ਗਿਆਨੀ ਜਾਗਹਿ ਸਵਹਿ ਸੁਭਾਇ ॥ ਨਾਨਕ ਨਾਮਿ ਰਤਿਆ ਬਲਿ ਜਾਉ ॥ ੨ ॥**

**ਪਦ ਅਰਥ :**

ਸਹਜੇ-ਗਿਆਨ ਵਿਚ। ਉਸਤਤਿ-(ਅਕਾਲ ਪੁਰਖ ਦੀ) ਉਸਤਤੀ। ਭਰਮੈ-ਭਟਕਦਾ ਰਹਿੰਦਾ ਹੈ। ਅੰਤਰਿ ਚਿੰਤਾ-ਉਸਦੇ ਅੰਦਰ ਚਿੰਤਾ ਬਣੀ ਰਹਿੰਦੀ ਹੈ। ਸਵਹਿ-ਸੌਂਦੇ ਹਨ। ਸੁਭਾਇ-ਪ੍ਰੇਮ ਵਿਚ। ੨।

**ਅਰਥ :**

(ਗੁਰਮੁਖ ਗੁਰੂ ਰਾਹੀਂ) ਗੁਰੂ ਦੇ ਗਿਆਨ ਵਿਚ ਜਾਗਦਾ ਹੈ (ਅਤੇ) ਗਿਆਨ ਵਿਚ ਹੀ ਸੌਂਦਾ (ਬਿਸਰਾਮ) ਕਰਦਾ ਹੈ। ਗੁਰਮੁਖ ਦਿਨ ਰਾਤ (ਅਕਾਲ ਪੁਰਖ ਦੀ) ਉਸਤਤਿ ਵਿਚ (ਸਾਵਧਾਨ) ਹੁੰਦਾ ਹੈ। ਮਨਮੁਖ ਜੀਵ ਭਰਮ ਕਰਕੇ ਭਟਕਦਾ ਰਹਿੰਦਾ ਹੈ, (ਕਿਉਂਕਿ ਉਸ ਦੇ ਅੰਦਰ) ਸੰਸਾ ਹੁੰਦਾ ਹੈ। (ਮਨਮੁੱਖ ਦੇ ਹਿਰਦੇ) ਅੰਦਰ ਚਿੰਤਾ ਹੁੰਦੀ ਹੈ, (ਜਿਸ ਕਰਕੇ ਉਹ ਸੁੱਖ ਦੀ) ਨੀਂਦ ਨਹੀਂ ਸੌਂਦਾ। ਗਿਆਨਵਾਨ (ਗੁਰਮੁੱਖ) ਪ੍ਰਭੂ ਦੇ ਪ੍ਰੇਮ ਵਿਚ ਜਾਗਦੇ ਤੇ ਸੌਂਦੇ ਹਨ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਮੈਂ ਨਾਮ ਵਿਚ ਰੱਤੇ ਹੋਏ (ਭਾਵ ਮਸਤ ਹੋਏ ਗੁਰਮੁੱਖਾਂ ਤੋਂ) ਬਲਿਹਾਰ ਜਾਂਦਾ ਹਾਂ। ੨।

**ਪਉੜੀ ॥ ਸੇ ਹਰਿ ਨਾਮੁ ਧਿਆਵਹਿ ਜੋ ਹਰਿ ਰਤਿਆ ॥ ਹਰਿ ਇਕੁ ਧਿਆਵਹਿ ਇਕੁ ਇਕੋ ਹਰਿ ਸਤਿਆ ॥ ਹਰਿ ਇਕੋ ਵਰਤੈ ਇਕੁ ਇਕੋ ਉਤਪਤਿਆ ॥ ਜੋ ਹਰਿ ਨਾਮੁ ਧਿਆਵਹਿ ਤਿਨ ਡਰੁ ਸਟਿ ਘਤਿਆ ॥ ਗੁਰਮਤੀ ਦੇਵੈ ਆਪਿ ਗੁਰਮੁਖਿ ਹਰਿ ਜਪਿਆ ॥ ੯ ॥**

## ਪਦ ਅਰਥ :

ਸਤਿਆ-ਸਦਾ ਥਿਰ ਰਹਿਣ ਵਾਲਾ। ਉਤਪਤਿਆ-ਪੈਦਾ ਕੀਤਾ ਹੈ। ਸਟਿ ਘਤਿਆ-ਪਰੇ ਵਗਾ ਸੁਟਿਆ ਹੈ, ਦੂਰ ਕਰ ਦਿੱਤਾ ਹੈ। ੯।

## ਅਰਥ :

ਜੋ (ਗੁਰਮੁਖ) ਹਰੀ ਨਾਮ ਵਿਚ ਰੱਤੇ ਹਨ, ਉਹ ਹੀ ਹਰੀ ਨਾਮ ਧਿਆਉਂਦੇ ਹਨ, ਜੋ ਹਰੀ ਸਦਾ ਥਿਰ ਰਹਿਣ ਵਾਲਾ ਹੈ। ਇਕੋ ਇਕ ਹਰੀ ਹੀ (ਸਭ ਥਾਵਾਂ 'ਤੇ) ਵਰਤਦਾ ਹੈ, (ਅਤੇ ਉਹ) ਇਕ ਹੀ ਸੰਸਾਰ ਨੂੰ ਪੈਦਾ ਕਰਨ ਵਾਲਾ ਹੈ। ਜੋ (ਗੁਰਮੁਖ) ਹਰੀ ਨਾਮ ਸਿਮਰਦੇ ਹਨ, ਉਹਨਾਂ ਨੇ (ਹਰ ਪ੍ਰਕਾਰ) ਦਾ ਡਰ ਦੂਰ ਕਰ ਦਿੱਤਾ ਹੈ। (ਉਹ ਪ੍ਰਭੂ) ਆਪ ਹੀ ਗੁਰਮਤਿ (ਸਿੱਖਿਆ) ਦਿੰਦਾ ਹੈ (ਅਤੇ) ਗੁਰਮੁਖਾਂ ਨੇ (ਉਸ ਗੁਰ ਸਿਖਿਆ ਅਨੁਸਾਰ ਹੀ) ਹਰੀ ਪਰਮੇਸ਼ਰ ਨੂੰ ਜਪਿਆ ਹੈ। ੯।

## ਵਿਆਖਿਆ ਤੇ ਸਾਰੰਸ਼ :

ਇਸ ਪਾਵਨ ਸ਼ਬਦ ਦੀ ਵਿਆਖਿਆ ਆਰੰਭ ਵਿਚ ਆ ਚੁੱਕੀ ਹੈ। ਸ਼ਬਦ ਦਾ ਸਿਧਾਂਤ ਸੰਗਤ ਵਿਚ ਮਿਲ ਕੇ ਜੀਵਨ ਦੀ ਸਫਲਤਾ ਰੂਪ ਲਾਭ ਲੈਣ ਦਾ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਆਪਣੇ ਕਬਿੱਤ ਸਵੱਯੀਆਂ ਅੰਦਰ ਇਸ ਤਰ੍ਹਾਂ ਦਰਸਾਇਆ ਹੈ :

***ਅਸਨ ਬਸਨ ਸੰਗ ਲੀਨੇ ਅਉ ਬਚਨ ਕੀਨੇ,***
***ਜਨਮ ਲੈ ਸਾਧ ਸੰਗਿ ਸ੍ਰੀ ਗੁਰ ਅਰਾਧਿ ਹੈ॥***
***ਈਹਾਂ ਆਏ ਦਾਤਾ ਬਿਸਰਾਏ ਦਾਸੀ ਲਪਟਾਏ,***
***ਪੰਜ ਦੂਤ ਭੂਤ ਭ੍ਰਮ ਭ੍ਰਮਤ ਅਸਾਧਿ ਹੈ॥***
***ਸਾਚੁ ਮਰਨੌ ਬਿਸਾਰ ਜੀਵਨ ਮਿਥਿਆ ਸੰਸਾਰ,***
***ਸਮਝੈ ਨ ਜੀਤ ਹਾਰ ਸੁਪਨ ਸਮਾਧਿ ਹੈ॥***
***ਅਉਸਰ ਹੁਇ ਹੈ ਬਿਤੀਤ ਲੀਜੀਏ ਜਨਮ ਜੀਤ,***
***ਕੀਜੀਐ ਸਾਧ ਸੰਗਿ ਪ੍ਰੀਤਿ ਅਗਮ ਅਗਾਧਿ ਹੈ॥੪੯੮॥***

(ਕਬਿਤ ਸਵੱਯੇ ਭਾ: ਗੁਰਦਾਸ ਜੀ)

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੭੫ (ਅੰਗ ੬੪੭-੪੮)

ਸਲੋਕੁ ਮਃ ੩ ॥ ਹਸਤੀ ਸਿਰਿ ਜਿਉ ਅੰਕਸੁ ਹੈ ਅਹਰਣਿ ਜਿਉ ਸਿਰੁ ਦੇਇ ॥ ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ ॥ ਇਉ ਗੁਰਮੁਖਿ ਆਪੁ ਨਿਵਾਰੀਐ ਸਭੁ ਰਾਜੁ ਸ੍ਰਿਸਟਿ ਕਾ ਲੇਇ ॥ ਨਾਨਕ ਗੁਰਮੁਖਿ ਬੁਝੀਐ ਜਾ ਆਪੇ ਨਦਰਿ ਕਰੇਇ ॥ ੧ ॥ ਮਃ ੩ ॥ ਜਿਨ ਗੁਰਮੁਖਿ ਨਾਮੁ ਧਿਆਇਆ ਆਏ ਤੇ ਪਰਵਾਣੁ ॥ ਨਾਨਕ ਕੁਲ ਉਧਾਰਹਿ ਆਪਣਾ ਦਰਗਹ ਪਾਵਹਿ ਮਾਣੁ ॥ ੨ ॥ ਪਉੜੀ ॥ ਗੁਰਮੁਖਿ ਸਖੀਆ ਸਿਖ ਗੁਰੂ ਮੇਲਾਈਆ ॥ ਇਕਿ ਸੇਵਕ ਗੁਰ ਪਾਸਿ ਇਕਿ ਗੁਰਿ ਕਾਰੈ ਲਾਈਆ ॥ ਜਿਨਾ ਗੁਰੁ ਪਿਆਰਾ ਮਨਿ ਚਿਤਿ ਤਿਨਾ ਭਾਉ ਗੁਰੂ ਦੇਵਾਈਆ ॥ ਗੁਰ ਸਿਖਾ ਇਕੋ ਪਿਆਰੁ ਗੁਰ ਮਿਤਾ ਪੁਤਾ ਭਾਈਆ ॥ ਗੁਰੁ ਸਤਿਗੁਰੁ ਬੋਲਹੁ ਸਭਿ ਗੁਰੁ ਆਖਿ ਗੁਰੂ ਜੀਵਾਈਆ ॥ ੧੪ ॥

# ਪ੍ਰਾਕ੍ਰਥਨ :-

ਤੀਸਰੇ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਦਾ ਰਾਗ ਸੋਰਠਿ ਦੀ ਵਾਰ ਅੰਦਰ ਉਚਾਰਣ ਕੀਤਾ ਹੋਇਆ ਪਉੜੀ ੧੪ਵੀਂ ਨਾਲ ਸੰਬੰਧਿਤ ਦੋ ਸਲੋਕਾਂ ਸਮੇਤ ਸ੍ਰੀ ਮੁਖਵਾਕ ਹੈ। ਇਸ ਸ਼ਬਦ ਦੇ ਆਰੰਭ ਵਿਚ ਗੁਰਦੇਵ ਨੇ ਗੁਰਸਿੱਖ ਨੂੰ ਦੱਸਿਆ ਹੈ ਕਿ ਹਾਥੀ ਜਿਸ ਤਰ੍ਹਾਂ ਆਪਣੇ ਸਿਰ ਉਪਰ ਮਹਾਵਤ ਦੇ ਕੁੰਡੇ ਸਹਾਰਦਾ ਹੈ ਅਤੇ ਅਹਿਰਣਿ ਜਿਵੇਂ ਹਥੌੜੇ ਹੇਠ ਆਪਣਾ ਸਿਰ ਦੇਂਦੀ ਹੈ, ਇਸੇ ਤਰ੍ਹਾਂ ਸੇਵਕ ਨੇ ਮਨ ਤਨ ਗੁਰੂ ਅੱਗੇ ਅਰਪਣ ਕਰਕੇ "ਊਭੀ ਸੇਵ ਕਰੇ" ਵਾਲੀ ਜੁਗਤੀ ਧਾਰਨ ਕਰਨੀ ਹੈ। ਇਸ ਤਰ੍ਹਾਂ ਸੇਵਾ ਕਰਦਿਆਂ ਆਪਾ ਭਾਵ ਮੇਟ ਕੇ ਗੁਰੂ ਦਰ ਦੇ ਉੱਤੇ ਪਰਵਾਨ ਹੋਈਦਾ ਹੈ।

## ਵਿਸ਼ਾ—ਅਹਰਣਿ ਜਿਉ ਸਿਰੁ ਦੇਇ॥

ਹਾਥੀ ਪਹਿਲਾਂ ਜੰਗਲ ਵਿਚ ਅਜ਼ਾਦ ਰਹਿੰਦਾ ਹੈ। ਜੋ ਹਾਥੀ ਨੂੰ ਪਕੜਨ ਵਾਲੇ ਹੁੰਦੇ ਹਨ, ਉਹ ਇਕ ਬੜਾ ਵੱਡਾ ਟੋਆ ਪੁੱਟ ਕੇ, ਕਾਨਿਆਂ ਦੀ ਛੱਤ ਪਾ ਕੇ, ਕਾਗ਼ਜ਼ ਦੀ ਹਥਨੀ ਬਣਾ ਕੇ, ਉਪਰ ਖੜੀ ਕਰ ਦਿੰਦੇ ਹਨ। ਕਾਮ ਦੇ ਵੱਸ ਹੋਇਆ ਹਾਥੀ, ਉਸ ਨਾਲ ਸਪੱਰਸ਼ ਕਰਨ ਲਈ ਆਉਂਦਾ ਹੈ ਤੇ ਟੋਏ ਵਿਚ ਡਿੱਗ ਪੈਂਦਾ ਹੈ। ਕਈ ਦਿਨ ਭੁੱਖਾ ਰੱਖ ਕੇ ਟੋਏ ਵਿਚ ਹੀ ਉਸ ਨੂੰ ਆਪਣੀ ਬੋਲੀ ਸਿਖਾ ਕੇ, ਬਾਹਰ ਕੱਢ ਕੇ, ਰਾਜਿਆਂ ਪਾਸ ਵੇਚ ਦਿੰਦੇ ਹਨ। ਫਿਰ ਹਾਥੀ ਨੂੰ ਸ਼ੇਰ ਆਦਿਕ ਦਾ ਡਰ ਨਹੀਂ ਰਹਿੰਦਾ, ਸਗੋਂ ਚੰਗੀਆਂ ਖ਼ੁਰਾਕਾਂ ਖਾਂਦਾ ਹੈ। ਇਸ ਤਰ੍ਹਾਂ ਮਨ ਰੂਪ ਹਾਥੀ ਹੈ :

***ਮਨੁ ਕੁੰਚਰੁ ਕਾਇਆ ਉਦਿਆਨੈ॥*** (ਅੰਗ ੨੨੧)

ਦੇਹ ਇਸਦੇ ਰਹਿਣ ਵਾਲੀ ਉਜਾੜ ਹੈ, ਕਾਲ ਰੂਪ ਸ਼ੇਰ ਹੈ। ਸ਼ੁਭ ਗੁਣਾਂ ਰੂਪ ਬਗ਼ੀਚੀ ਹੈ, ਮਹਾਵਤ ਰੂਪ ਗੁਰੂ ਜੀ ਪ੍ਰੇਮ ਰੂਪ ਟੋਆ ਪੁੱਟ ਕੇ ਉੱਪਰ ਮੁਕਤੀ ਰੂਪ ਹਥਨੀ ਖੜੀ ਕਰ ਦਿੰਦੇ ਹਨ। ਮਨ ਰੂਪ ਹਾਥੀ ਆਕੇ ਪ੍ਰੇਮ ਰੂਪ ਟੋਏ ਵਿਚ ਡਿੱਗ ਪੈਂਦਾ ਹੈ। ਫਿਰ ਗੁਰੂ ਰੂਪ ਮਹਾਵਤ ਗਿਆਨ ਰੂਪ ਕੁੰਡੇ ਨਾਲ ਸਿਖਿਆ ਦੇ ਕੇ, ਰਾਜ ਦੁਆਰਾ ਜੋ ਸਤਿਸੰਗਤਿ ਹੈ, ਇਥੇ ਪਹੁੰਚਾ ਦਿੰਦੇ ਹਨ ਅਤੇ ਬ੍ਰਹਮ ਵਿਦਿਆ ਰੂਪ ਚੂਰੀ ਖੁਆਉਂਦੇ ਹਨ, ਸ਼ੁਭ ਗੁਣਾਂ ਰੂਪ ਸੰਗਲ ਪਾਉਂਦੇ ਹਨ, ਫਿਰ ਇਸ ਮਨ ਰੂਪ ਹਾਥੀ 'ਤੇ ਪ੍ਰਭੂ ਆਪ ਸਵਾਰੀ ਕਰਦਾ ਹੈ। ਇਸ ਤਰ੍ਹਾਂ ਫਿਰ ਇਸਨੂੰ ਕਾਲ ਰੂਪ ਸ਼ੇਰ ਦਾ ਡਰ ਨਹੀਂ ਰਹਿੰਦਾ ਅਤੇ ਨਿਰਭੈ ਹੋ ਕੇ ਸਰੂਪ ਰੂਪ ਰਾਜ ਦਾ ਅਨੰਦ ਮਾਣਦਾ ਹੈ।

ਜਿਵੇਂ ਅਹਿਰਣ ਆਪਣਾ ਸਿਰ ਹਥੌੜੇ ਹੇਠਾਂ ਦਿੰਦੀ ਹੈ। ਲੋਹਾਰ ਲੋਕ ਅਹਿਰਣ ਉੱਪਰ ਅਨੇਕਾਂ ਸ਼ਸਤਰ ਘੜਦੇ ਹਨ, ਪਰ ਉਹ ਅਡੋਲ ਟਿਕੀ ਰਹਿੰਦੀ ਹੈ, ਡੋਲਦੀ ਨਹੀਂ। ਇਸੇ ਪ੍ਰਕਾਰ ਬੁੱਧੀ ਨੂੰ ਅਹਿਰਣ ਬਣਾ ਲਵੇ ਅਤੇ ਵੇਦਾਂ (ਧਾਰਮਿਕ ਗ੍ਰੰਥਾਂ) ਦੇ ਬਚਨਾਂ ਰੂਪ ਹਥੌੜੇ ਪੈਣ ਤੋਂ ਡੋਲਣ ਨਾ ਦੇਵੇ। ਭਾਵ ਜਿਥੇ ਵੇਦਾਂ ਸ਼ਾਸਤਰਾਂ ਵਿਚ ਨਾਨਾ ਪ੍ਰਕਾਰ ਦੀ ਉਪਾਸ਼ਨਾ ਦਾ ਕਥਨ ਹੈ, ਉਹ ਪੜ੍ਹ-ਸੁਣ ਕੇ ਨਾਨਾ ਪ੍ਰਕਾਰ ਦੀ ਉਪਾਸ਼ਨਾ ਵਿਚ ਹੀ ਨਾ ਲੱਗ ਜਾਵੇ।

ਇਕ ਅਕਾਲ ਪੁਰਖ ਦੀ ਉਪਾਸ਼ਨਾ ਹੀ ਕਰੇ। ਇਸ ਤਰ੍ਹਾਂ ਬੁੱਧੀ ਨੂੰ ਅਚੱਲ ਰੱਖਣ ਕਰਕੇ ਪ੍ਰਕਾਸ਼ ਹੋ ਜਾਂਦਾ ਹੈ। ਜਿਵੇਂ ਹਾਥੀ ਦਾ ਸਿਰ ਕੁੰਡੇ ਹੇਠ ਅਤੇ ਅਹਿਰਣ ਆਪਣਾ ਸਿਰ ਹਥੌੜੇ ਹੇਠ ਦਿੰਦੀ ਹੈ, ਤੈਸੇ ਹੀ ਜਗਿਆਸੂ ਨੂੰ ਚਾਹੀਦਾ ਹੈ, ਕਿ ਗੁਰਾਂ ਅੱਗੇ ਮਨ-ਤਨ ਨੂੰ ਰੱਖ ਕੇ, ਭਾਵ ਮਨ ਦੀ ਮਤ ਛੱਡੇ, ਕਿਉਂਕਿ ਗੁਰਾਂ ਦਾ ਹੁਕਮ ਹੈ-

***ਜਿਨਿ ਗੜ ਕੋਟ ਕੀਏ ਕੰਚਨ ਕੇ ਛੋਡਿ ਗਇਆ ਸੋ ਰਾਵਨੁ॥ ੧॥***
***ਕਾਹੇ ਕੀਜਤੁ ਹੈ ਮਨਿ ਭਾਵਨੁ॥*** (ਅੰਗ ੧੧੦੪)

ਮਨ ਭਾਉਂਦੀਆਂ ਨਹੀਂ ਕਰਨੀਆਂ, ਮਨ ਦੇ ਪਿਛੇ ਨਹੀਂ ਲੱਗਣਾ, ਮਨ ਮੱਤ ਛੱਡ ਕੇ ਗੁਰਮਤਿ ਧਾਰਨ ਕਰਨੀ ਹੈ:

***ਮਨੁ ਅਰਪਉ ਧਨੁ ਰਾਖਉ ਆਗੈ ਮਨ ਕੀ ਮਤਿ ਮੋਹਿ ਸਗਲ ਤਿਆਗੀ॥***

(ਅੰਗ ੨੦੪)

ਇਸ ਤਰ੍ਹਾਂ ਮਨ ਗੁਰਾਂ ਦੀ ਭੇਟਾ ਕਰੇ ਤੇ ਤਨ ਉੱਪਰ ਗੁਰਾਂ ਦੀ ਦੱਸੀ ਰਹਿਤ ਰੱਖੇ। ਊਭੀ (ਖੜੀ) ਹੋ ਕੇ ਉਤਸ਼ਾਹ ਅਤੇ ਸਾਵਧਾਨਤਾ ਨਾਲ ਸੇਵਾ ਕਰੇ।

ਸੇਵਾ ਤੇ ਗੁਰਮਤਿ ਦਾ ਆਪੋ ਵਿਚ ਬੜਾ ਅਨਿੱਖੜਵਾਂ ਸੰਬੰਧ ਹੈ। ਸੇਵਾ ਤੋਂ ਬਿਨਾਂ ਗੁਰੂ-ਘਰ ਵਿਚ ਕੋਈ ਵਿਅਕਤੀ ਪ੍ਰਵਾਨ ਨਹੀਂ ਚੜ੍ਹ ਸਕਦਾ। ਸੇਵਾ ਲਈ ਮਨ ਵਿਚ ਪਹਿਲਾਂ ਸੰਤੋਖ ਹੋਣਾ ਬੜਾ ਜ਼ਰੂਰੀ ਹੈ। ਜਿਹੜੇ ਪ੍ਰਾਣੀ ਸਦਾ ਥਿਰ ਰਹਿਣ ਵਾਲੇ ਪ੍ਰਭੂ ਦੀ ਆਰਾਧਨਾ ਕਰਦੇ ਹਨ, ਅਸਲ ਵਿਚ ਸੇਵਾ ਉਹੀ ਕਰਦੇ ਹਨ। ਉਹੀ ਸੱਚੇ ਸੇਵਕ ਹਨ। ਉਹ ਕਦੀ ਬੁਰੇ ਕੰਮ ਨਹੀਂ ਕਰਦੇ। ਸਦਾ ਭਲਾਈ ਕਰਦੇ ਹੋਏ ਧਰਮ ਅਨੁਸਾਰ ਆਪਣਾ ਜੀਵਨ ਬਤੀਤ ਕਰਦੇ ਹਨ :

***ਸੇਵ ਕੀਤੀ ਸੰਤੋਖੀਂਈ ਜਿਨੀ ਸਚੋ ਸਚੁ ਧਿਆਇਆ॥***
***ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ॥***

(ਅੰਗ ੪੬੬)

ਜੋ ਮਨੁੱਖ ਗੁਰੂ ਦੇ ਦਰਸਾਏ ਮਾਰਗ 'ਤੇ ਚੱਲਦਾ ਹੈ, ਉਹ ਪ੍ਰਭੂ ਦੀ ਸੇਵਾ ਭਗਤੀ ਵਿਚ ਜੁੜ ਕੇ ਆਤਮਿਕ ਅਨੰਦ ਨੂੰ ਮਾਣਦਾ ਹੈ। ਉਸਨੂੰ ਇਸ ਗੱਲ ਦੀ ਸੋਝੀ ਪੈ ਜਾਂਦੀ ਹੈ, ਕਿ ਸਾਰਾ ਜਗਤ ਬਿਨਸਨਹਾਰ ਹੈ। ਇਸ ਲਈ ਜਗਤ ਵਿਚ ਆ ਕੇ ਸੇਵਾ ਭਾਵ ਵਾਲਾ ਜੀਵਨ ਬਤੀਤ ਕਰਨ ਨਾਲ ਹੀ ਉਸਦੀ ਦਰਗਾਹ ਵਿਚ ਕਬੂਲ ਹੋਈਦਾ ਹੈ-

***ਇਤੁ ਤਨਿ ਲਾਗੈ ਬਾਣੀਆ॥ ਸੁਖੁ ਹੋਵੈ ਸੇਵ ਕਮਾਣੀਆ॥***
***ਸਭ ਦੁਨੀਆ ਆਵਣ ਜਾਣੀਆ॥ ਵਿਚਿ ਦੁਨੀਆ ਸੇਵ ਕਮਾਈਐ॥***
***ਤਾ ਦਰਗਹ ਬੈਸਣੁ ਪਾਈਐ॥ ਕਹੁ ਨਾਨਕ ਬਾਹ ਲੁਡਾਈਐ॥***

(ਅੰਗ ੨੫-੨੬)

ਮਨ ਹੀ ਪ੍ਰਾਣੀ ਨੂੰ ਸੇਵਾ ਵੱਲ ਪ੍ਰੇਰਦਾ ਹੈ, ਤੇ ਮਨ ਲਾ ਕੇ ਕੀਤੀ ਹੋਈ ਸੇਵਾ ਹੀ ਸਫਲ ਸੇਵਾ ਹੈ:

***ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ॥***
***ਮਨਿ ਚਿੰਦਿਆ ਫਲੁ ਪਾਵਣਾ ਹਉਮੈ ਵਿਚਹੁ ਜਾਇ॥***

(ਅੰਗ ੬੪੪)

ਇਸ ਤਰ੍ਹਾਂ ਹੀ ਪ੍ਰਾਣੀ ਆਪਣੇ ਮਨ ਵਿਚੋਂ ਹਉਮੈ ਰੋਗ ਦੂਰ ਕਰਕੇ ਮਨ ਇੱਛਤ ਫਲ ਪ੍ਰਾਪਤ ਕਰ ਲੈਂਦਾ ਹੈ। ਪੰਚਮ ਪਾਤਸ਼ਾਹ ਦਾ ਫੁਰਮਾਣ ਹੈ ਕਿ ਸੇਵਾ ਉਹੀ ਮਨੁੱਖ ਕਰ ਸਕਦਾ ਹੈ, ਜਿਸ ਦੇ ਅੰਦਰੋਂ ਹਉਮੈ ਰੂਪੀ ਤਾਪ ਮਿਟ ਜਾਂਦਾ ਹੈ। ਹਉਮੈ ਵਿਚ ਘਿਰਿਆ ਹੋਇਆ ਮਨੁੱਖ ਸੇਵਾ ਨਹੀਂ ਕਰ ਸਕਦਾ।

ਸੇਵਾ ਆਪਾ ਗਵਾ ਕੇ ਹੀ ਹੋ ਸਕਦੀ ਹੈ :

***ਸਤਿਗੁਰ ਕੀ ਸੇਵਾ ਸੋ ਕਰੇ ਜਿਸੁ ਬਿਨਸੈ ਹਉਮੈ ਤਾਪੁ॥***
***ਨਾਨਕ ਕਉ ਗੁਰੁ ਭੇਟਿਆ ਬਿਨਸੇ ਸਗਲ ਸੰਤਾਪ॥***

(ਅੰਗ ੪੫)

ਤੀਸਰੇ ਗੁਰਦੇਵ ਦਾ ਫੁਰਮਾਣ ਹੈ ਕਿ ਸਤਿਗੁਰੂ ਦੀ ਸੇਵਾ ਗਾਖੜੀ (ਕਠਿਨ) ਹੈ। ਸਿਰ ਗੁਰੂ ਨੂੰ ਭੇਟਾ ਕਰਕੇ ਆਪਾ ਭਾਵ ਮੇਟਿਆਂ ਹੀ ਸੇਵਾ ਹੋ ਸਕਦੀ ਹੈ। ਸੇਵਾ ਤੇ ਸਿਮਰਨ, ਗੁਰ-ਸ਼ਬਦ ਅਭਿਆਸ ਕਮਾਈ ਕਰਦਾ ਹੋਇਆ ਸੇਵਕ ਸ਼ਬਦ ਦਾ ਰੂਪ ਹੀ ਹੋ ਜਾਵੇ ਤਾਂ ਹਰੀ ਮਿਲਦਾ ਹੈ। ਫਿਰ ਸੇਵਾ ਕੀਤੀ ਸਫਲੀ ਹੈ। ਗੁਰੂ ਦਰ ਪੈਂਦੀ ਹੈ-

***ਸਤਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ॥***
***ਸਬਦਿ ਮਿਲਹਿ ਤਾ ਹਰਿ ਮਿਲੈ ਸੇਵਾ ਪਵੈ ਸਭ ਥਾਇ॥***

(ਅੰਗ ੨੭)

ਅਥਵਾ :

***ਸਤਿਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ॥***
***ਸਬਦਿ ਮਰਹਿ ਫਿਰਿ ਨਾ ਮਰਹਿ ਤਾ ਸੇਵਾ ਪਵੈ ਸਭ ਥਾਇ॥***

(ਅੰਗ ੬੪੯)

## ਸਾਖੀ—ਊਭੀ ਸੇਵ ਕਰੇਇ

ਇਸ ਪਾਵਨ ਸ਼ਬਦ ਦੇ ਆਰੰਭ ਅੰਦਰ ਜੋ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਨੇ ਹਾਥੀ ਦੇ ਸਿਰ 'ਤੇ ਅੰਕਸ (ਕੁੰਡਾ) ਅਤੇ ਅਹਿਰਣ ਜਿਵੇਂ ਹਥੌੜੇ ਹੇਠ ਆਪਣਾ ਸਿਰ ਦਿੰਦੀ ਹੈ, ਇਸ ਤਰ੍ਹਾਂ ਗੁਰਸਿੱਖ ਨੂੰ ਗੁਰੂ ਦੇ ਅੱਗੇ ਮਨ, ਤਨ ਆਪਣਾ ਭੇਟ ਕਰਕੇ ਸਮਾਹਿਤ ਚਿਤ ਹੋ ਕੇ (ਭਾਵ ਹਰ ਟਾਈਮ ਖੜੇ ਹੋ ਕੇ ਸਾਵਧਾਨ

ਰਹਿੰਦਿਆਂ) ਸੇਵਕ ਰੂਪ ਵਿਚ ਜੋ ਸੇਵਾ ਕਰਨ ਦਾ ਹੁਕਮ ਕੀਤਾ ਹੈ, ਅਸਲ ਵਿਚ ਸੇਵਕ ਰੂਪ ਵਿਚ ਗੁਰੂ ਅਮਰਦਾਸ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਅੱਗੇ ਇਹ ਸੇਵਾ ਸਾਨੂੰ ਕਰ ਵਿਖਾਈ ਹੈ। ਆਪ ਜੀ ਜਿਸ ਵੇਲੇ ਸੇਵਾ ਕਰਦੇ ਸਨ, ਉਸ ਵੇਲੇ ਸਿੱਖ ਰੂਪ ਵਿਚ ਕਿਤਨੀ ਮਹਾਨ ਘਾਲਣਾ ਘਾਲੀ ਹੈ। ਜਿਸ ਉਮਰ ਵਿਚ ਦੁਨੀਆਂ ਦੇ ਲੋਕ ਸੰਸਾਰਕ ਕੰਮਾਂ ਤੋਂ ਵਿਹਲੇ ਹੋ ਕੇ ਸੁੱਖ-ਆਰਾਮ ਕਰਦੇ ਹਨ, ਉਸ ਬਿਰਧ ਅਵਸਥਾ ਵਿਚ ਗੁਰੂ ਅਮਰਦਾਸ ਜੀ ਸੁੱਖ-ਆਰਾਮ ਤਿਆਗ ਕੇ ਗੁਰੂ ਅੰਗਦ ਦੇਵ ਜੀ ਦੀ ਚਰਨ ਸ਼ਰਨ ਵਿਚ ਖਡੂਰ ਸਾਹਿਬ ਪਹੁੰਚੇ। ਗੁਰੂ ਸ਼ਰਨ ਵਿਚ ਰਹਿ ਕੇ ਮਹਾਨ ਘਾਲਣਾ ਘਾਲਣੀ ਆਰੰਭ ਕਰ ਦਿੱਤੀ। ਪਿਛਲਿਆਂ ਜੁੱਗਾਂ ਵਿਚ ਧੂਣੀਆਂ ਤਾਪਣ, ਜਲ ਧਾਰੇ ਕਰਨ, ਭੁੱਖੇ ਪਿਆਸੇ ਰਹਿਣ ਵਰਗੀਆਂ ਘਾਲਣਾ ਘਾਲੀਆਂ ਜਾਂਦੀਆਂ ਸਨ, ਜੈਸਾ ਕਿ ਇਤਿਹਾਸ ਵਿਚ ਆਉਂਦਾ ਹੈ।

***ਪ੍ਰਿਥਮ ਜੁਗਨ ਮਹਿ ਤਪ ਕੋ ਤਾਪਹਿ ਛੁਧਾ ਪਿਪਾਸਾ ਸਹਿ ਕਰ ਸੋਇ॥***
***ਪੰਚਾਗਨਿ ਤਾਪਹਿ, ਜਲ ਪੈਠਹਿ, ਬਰਖਾ ਸਹਹਿਂ, ਨਗਨ ਤਨ ਹੋਇ॥ ੨ ॥***
***ਏਕ ਚਰਨ ਪਰ ਠਾਢੇ ਹੋਵਤਿ, ਊਰਧਿ ਬਾਹੂ ਕਿਤੇ ਰਹੰਤਿ॥***
***ਕੈ ਲਟਕਤਿ ਹੈ, ਊਪਰ ਪਦ ਕਰਿ, ਚਹੈਂ ਪ੍ਰਸੰਨ ਹੋਹਿ ਭਗਵੰਤ॥***
***ਸੋ ਤਪ ਫਲ ਅਬ ਕਲੀ ਕਾਲ ਮਹਿਂ, ਸਤਿ ਸੰਗਤਿ ਸੇਵਨ ਕਰਿਯੰਤਿ॥***
***ਜਲ ਢੋਵਨਿ ਅਰ ਲਕਰੀ ਲਯਾਵਨਿ, ਕਰਨ ਬੀਜਨੋ ਪ੍ਰਭੁ ਸਿਮਰੰਤਿ॥ ੩ ॥***
***ਚਰਨ ਪਖਾਰਨਿ ਅੰਨਿ ਪਕਾਵਨਿ, ਇਤਯਾਦਿਕ ਜੇਤਿਕ ਹੈ ਆਨਿ॥***
***ਮਿਲਿ ਸਤਸੰਗ ਕਰਨ ਜੋ ਸੇਵਾ, ਅਧਿਕ ਤਪਨ ਫਲ ਹੋਹਿ ਮਹਾਨ॥***
***ਇਮਿ ਬਿਚਾਰਿ ਸ੍ਰੀ ਅਮਰ ਕਰਯੋ ਉਰ, ਆਨੋਂ ਨੀਰ ਆਪਨੇ ਪਾਨ॥***
***ਨੇਮਿ ਸਤਿਸੰਗਤਿ ਸੇਵਨਿ ਠਾਨੋਂ, ਅਰੁ ਸਤਿਗੁਰ ਤਨ ਕਰਾਹਿ ਸ਼ਨਾਨ॥ ੪ ॥***

(ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੧, ਅੰਸੂ ੧੬)

(ਗੁਰੂ) ਅਮਰਦਾਸ ਜੀ ਨੂੰ ਸੀਸ 'ਤੇ ਗਾਗਰ ਚੁੱਕ ਬਿਆਸ ਦਰਿਆ ਤੋਂ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਇਸ਼ਨਾਨ ਲਈ ਅਤੇ ਲੰਗਰ ਲਈ ਜਲ ਦੀ ਸੇਵਾ ਕਰਦਿਆਂ, ਜਦੋਂ ਇਕ ਸਾਲ ਬਤੀਤ ਹੋ ਗਿਆ ਤਾਂ ਲੋਕ ਹਾਸਾ (ਮਖ਼ੌਲ) ਕਰਨ ਲੱਗ ਪਏ :

***ਨਰ ਉਪਹਾਸ ਕਰਨਿ ਸਭਿ ਲਾਗੇ ਬ੍ਰਿਧ ਹੋਇ ਕਿਆ ਕੀਨੀ ਢਾਲਿ॥***

(ਗੁਰ ਪ੍ਰਤਾਪ, ਰਾਸਿ ੧, ਅੰਸੂ ੧੬)

ਸਰੀਰ ਦੇ ਸਾਰੇ ਬਸਤਰ ਪੁਰਾਣੇ ਹੋ ਗਏ, ਪਰ ਸੇਵਾ ਵਿਚ ਉਸੇ ਤਰ੍ਹਾਂ ਤਤਪਰ ਰਹੇ। ਕੋਈ ਵੀ ਮਨੋਰਥ ਮਨ ਵਿਚ ਨਹੀਂ ਸੀ, ਸਗੋਂ ਮਨ ਵਿਚ ਸੇਵਾ ਦਾ ਚਾਅ ਹੀ ਰਹਿੰਦਾ ਸੀ।

***ਏਕ ਬਰਖ ਬੀਤਯੋ ਪਿਖਿ ਸਤਿਗੁਰ, ਗਜ ਡੇਢਿਕ ਤਬ ਦੀਨ ਰੁਮਾਲ॥***

(ਗੁਰ ਪ੍ਰਤਾਪ, ਰਾਸਿ ੧, ਅੰਸੂ ੧੬)

ਇੱਕ ਕਥਨ ਅਨੁਸਾਰ ਗੁਰੂ ਅਮਰਦਾਸ ਜੀ ੭੨ ਵਰ੍ਹਿਆਂ ਦੀ ਉਮਰ ਵਿਚ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸ਼ਰਨ ਵਿਚ ਆਏ ਸਨ।

ਗੁਰੂ ਅੰਗਦ ਦੇਵ ਜੀ ਨੇ ਦੂਸਰੇ ਸਾਲ ਆਪ ਜੀ ਨੂੰ ਰੁਮਾਲ ਦਿੱਤਾ। ਫਿਰ ਤੀਸਰੇ ਸਾਲ, ਇਸ ਤਰ੍ਹਾਂ ਬਾਰਾਂ ਸਾਲ ਸੇਵਾ ਕੀਤੀ ਤੇ ਬਾਰਾਂ ਸਾਲ ਹੀ ਰੁਮਾਲ ਦੀ ਬਖ਼ਸ਼ਿਸ਼ ਹੁੰਦੀ ਰਹੀ, ਜੋ ਆਪ ਸੀਸ ’ਤੇ ਬੰਨ੍ਹ ਲੈਂਦੇ ਸਨ ਤੇ ਮੁੜ ਕੇ ਉਤਾਰਦੇ ਨਹੀਂ ਸਨ। ਬਾਰਾਂ ਰੁਮਾਲ ਸਤਿਗੁਰੂ ਜੀ ਦੇ ਸੀਸ ’ਤੇ ਸਨ। ਸੇਵਾ ਕਰਦਿਆਂ ਜਦੋਂ ਬਾਰ੍ਹਵਾਂ ਵਰ੍ਹਾ ਆਇਆ ਤਾਂ ਚੜ੍ਹਦੇ ਸੂਰਜ ਦੀ ਲਾਲੀ ਵਾਂਗ ਗਿਆਨ ਦਾ ਪ੍ਰਕਾਸ਼ ਹੋਇਆ। ਤਨ ਤੇ ਮਨ ਦੀ ਸੇਵਾ ਤੇ ਸਿਮਰਨ ਕਰਨ ਨਾਲ ਸਭ ਰਿੱਧੀਆਂ ਸਿੱਧੀਆਂ ਪ੍ਰਾਪਤ ਹੋ ਗਈਆਂ :-

***ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ ਜੋ ਹਰਿ ਹਿਰਦੈ ਸਦਾ ਵਸਾਇ॥***

(ਵਾਰ ਸੋਰਠਿ ਮ: ੩, ਅੰਗ ੬੪੯)

ਇਸ ਤਰ੍ਹਾਂ ਬਾਰਾਂ ਸਾਲ ਬੀਤ ਗਏ। ਸਰਦੀ ਦਾ ਮੌਸਮ ਤੇ ਕਾਲੀ ਬੋਲੀ ਰਾਤ ਸੀ। ਜੁਲਾਹੇ ਦੀ ਖੱਡੀ ਵਿਚ ਡਿਗੇ। ਜੁਲਾਹੇ ਨੇ ਆਵਾਜ਼ ਦਿੱਤੀ ਕੌਣ ਹੈ ? ਜੁਲਾਹੀ ਨੇ ਬਿਜਲੀ ਦੀ ਚਮਕ ਦੇ ਨਾਲ ਦੇਖ ਕੇ ਕਿਹਾ, ਕਿ ਇਹ ਤਾਂ ‘ਅਮਰੂ’ ਨਿਥਾਵਾਂ ਹੈ। ਬਾਬਾ ਅਮਰਦਾਸ ਜੀ ਦੇ ਸੁਭਾਵਿਕ ਮੂੰਹੋਂ ਨਿਕਲਿਆ ਕਿ ਕਮਲੀਏ ! ਹੁਣ ਤਾਂ ਮੈਂ ਥਾਂ ਵਾਲਾ ਹਾਂ, ਨਿਥਾਵਾਂ ਤਾਂ ਉਦੋਂ ਸੀ, ਜਦੋਂ ਗੁਰੂ ਨਹੀਂ ਸੀ ਮਿਲਿਆ। ਇਹ ਬਚਨ ਸੁਣਦਿਆਂ ਹੀ ਉਹ ਝੱਲੀ ਹੋ ਗਈ। ਗੁਰੂ ਅੰਗਦ ਦੇਵ ਜੀ ਇਸ਼ਨਾਨ ਕਰਕੇ ਨਿਤ ਨਿਯਮ ਅਨੁਸਾਰ ਸਮਾਧਿਸ਼ਟ ਹੋਏ। ਦਿਨ ਚੜ੍ਹੇ ਰਾਤ ਵਾਲੀ ਵਿਥਿਆ ਪੁੱਛੀ। ਇਤਨੇ ਨੂੰ ਜੁਲਾਹਾ ਵੀ ਜੁਲਾਹੀ ਨੂੰ ਭੁੱਲ ਬਖ਼ਸ਼ਾਉਣ ਲਈ ਹਾਜ਼ਰ ਹੋਇਆ। ਗੁਰੂ ਅੰਗਦ ਦੇਵ ਜੀ ਨੇ ਇਕ ਇਕ ਕਰਕੇ ੧੨ ਪਟਕੇ ਲਾਹੁੰਦਿਆਂ, ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਥਾਵਿਆਂ ਦੇ ਥਾਂ, ਨਿਓਟਿਆਂ ਦੀ ਓਟ ਆਦਿ ੧੨ ਵਰ ਦਿੱਤੇ ਅਤੇ ਗੁਰਗੱਦੀ ਬਖ਼ਸ਼ ਕੇ ਸ੍ਰੀ ਗੁਰੂ ਅਮਰਦਾਸ ਜੀ ਬਣਾ ਦਿੱਤੇ ਅਤੇ ਆਪ ਸਚਿਖੰਡ ਪਿਆਨਾ ਕਰ ਗਏ। ਗੁਰੂ ਅਮਰਦਾਸ ਜੀ ਨੇ ਆਪਾ ਭਾਵ ਗਵਾ ਕੇ ਸੇਵਾ ਕੀਤੀ ਤੇ ਸਾਰੀ ਸ੍ਰਿਸ਼ਟੀ ਦਾ ਰਾਜ ਪ੍ਰਾਪਤ ਕਰ ਲਿਆ।

**ਸਲੋਕੁ ਮਃ ੩ ॥ ਹਸਤੀ ਸਿਰਿ ਜਿਉ ਅੰਕਸੁ ਹੈ ਅਹਰਣਿ ਜਿਉ ਸਿਰੁ ਦੇਇ ॥ ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ ॥ ਇਉ ਗੁਰਮੁਖਿ ਆਪੁ ਨਿਵਾਰੀਐ ਸਭੁ ਰਾਜੁ ਸ੍ਰਿਸਟਿ ਕਾ ਲੇਇ ॥ ਨਾਨਕ ਗੁਰਮੁਖਿ ਬੁਝੀਐ ਜਾ ਆਪੇ ਨਦਰਿ ਕਰੇਇ ॥ ੧ ॥**

## ਪਦ ਅਰਥ :

ਹਸਤੀ ਸਿਰਿ-ਹਾਥੀ ਦੇ ਸਿਰ ਉੱਤੇ। ਅੰਕਸੁ-ਮਹਾਵਤ ਦਾ ਕੁੰਡਾ। ਅਹਰਣਿ-ਲੋਹਾਰ ਜਾਂ ਸੁਨਿਆਰ ਜਿਸ ਉੱਤੇ ਲੋਹਾ ਜਾਂ ਸੋਨਾ ਰੱਖ ਕੇ ਘੜਦੇ ਹਨ। ਊਭੀ-ਖੜੀ ਹੋ ਕੇ, ਸੁਚੇਤ ਹੋ ਕੇ। ਆਪੁ-ਆਪਾ ਭਾਵ ਹੰਕਾਰ। ੧।

**ਅਰਥ :**

(ਹੇ ਭਾਈ !) ਜਿਸ ਤਰ੍ਹਾਂ ਹਾਥੀ ਦੇ ਸਿਰ ਉੱਪਰ (ਮੁਹਾਵਤ ਦਾ) ਕੁੰਡਾ ਹੁੰਦਾ ਹੈ, (ਹਾਥੀ) ਉਸ ਦੇ (ਇਸ਼ਾਰੇ ਨਾਲ) ਚੱਲਦਾ ਹੈ, ਅਤੇ ਜਿਸ ਤਰ੍ਹਾਂ (ਲੋਹੇ ਦੀ) ਅਹਿਰਣ (ਵਦਾਨ ਦੇ ਹੇਠਾਂ) ਸਿਰ ਰੱਖ ਦਿੰਦੀ ਹੈ, ਤੇ (ਆਪਣੇ ਸਿਰ ਉਪਰ ਹਥੌੜੇ ਦੀ ਸੱਟ) ਸਹਾਰਦੀ ਹੈ, ਇਸੇ ਤਰ੍ਹਾਂ (ਮਨੁੱਖ ਨੂੰ ਚਾਹੀਦਾ ਹੈ) ਕਿ ਆਪਣਾ ਮਨ ਤਨ ਗੁਰੂ ਅੱਗੇ ਰੱਖ ਕੇ ਖੜਾ ਹੋ ਕੇ (ਭਾਵ ਸਮਾਹਤ ਚਿੱਤ ਹੋਕੇ) ਸੇਵਾ ਕਰੇ। ਇਸ ਤਰ੍ਹਾਂ ਜੋ ਗੁਰੂ ਦੁਆਰਾ ਆਪਾ-ਭਾਵ (ਹੰਕਾਰ) ਦੂਰ ਕਰੇ (ਤਾਂ ਮਾਨੋ ਉਹ) ਸਾਰੀ ਸ੍ਰਿਸ਼ਟੀ ਦਾ ਰਾਜ ਲੈ ਲੈਂਦਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਜਦੋਂ ਹਰੀ ਆਪ (ਮਿਹਰ ਦੀ) ਦ੍ਰਿਸ਼ਟੀ ਕਰਦਾ ਹੈ (ਤਾਂ) ਗੁਰੂ ਦੁਆਰਾ (ਆਪਾ ਸਮਰਪਣ ਕਰਨ ਦੀ) ਸੋਝੀ ਹੋ ਆਉਂਦੀ ਹੈ।੧।

**ਮਃ ੩ ॥ ਜਿਨ ਗੁਰਮੁਖਿ ਨਾਮੁ ਧਿਆਇਆ ਆਏ ਤੇ ਪਰਵਾਣੁ ॥ ਨਾਨਕ ਕੁਲ ਉਧਾਰਹਿ ਆਪਣਾ ਦਰਗਹ ਪਾਵਹਿ ਮਾਣੁ ॥ ੨ ॥**

**ਪਦ ਅਰਥ :**

ਜਿਨ-ਜਿਨ੍ਹਾਂ ਨੇ। ਧਿਆਇਆ-ਸਿਮਰਿਆ ਹੈ। ਆਏ ਤੇ-ਓਹ (ਮਨੁੱਖ) ਆਏ ਹੋਏ। ਪਰਵਾਣੁ-ਕਬੂਲ ਹੋਏ ਹਨ। ਕੁਲ-ਕੁਲਾਂ ਨੂੰ (ਖ਼ਾਨਦਾਨ ਨੂੰ)। ਉਧਾਰਹਿ-ਤਾਰ ਲੈਂਦੇ ਹਨ। ਮਾਣ-ਆਦਰ (ਸਤਿਕਾਰ)।੨।

**ਅਰਥ :**

ਮਃ ੩ ॥ ਜਿਨ੍ਹਾਂ (ਗੁਰਮੁਖਾਂ) ਨੇ ਗੁਰੂ ਦੁਆਰਾ ਨਾਮ ਸਿਮਰਿਆ ਹੈ, ਉਹ ਮਨੁੱਖ ਇਸ ਸੰਸਾਰ 'ਤੇ ਆਏ ਹੋਏ ਪਰਵਾਣ (ਕਬੂਲ) ਹਨ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਐਸੇ (ਗੁਰਮੁਖ) ਪੁਰਸ਼ ਆਪਣਾ ਖ਼ਾਨਦਾਨ ਤਾਰ ਲੈਂਦੇ ਹਨ, ਅਤੇ ਆਪ ਹਰੀ ਦੀ ਦਰਗਾਹ ਅੰਦਰ ਆਦਰ ਪਾਉਂਦੇ ਹਨ।੨।

**ਪਉੜੀ ॥ ਗੁਰਮੁਖਿ ਸਖੀਆ ਸਿਖ ਗੁਰੂ ਮੇਲਾਈਆ ॥ ਇਕਿ ਸੇਵਕ ਗੁਰ ਪਾਸਿ ਇਕਿ ਗੁਰਿ ਕਾਰੈ ਲਾਈਆ ॥ ਜਿਨਾ ਗੁਰੁ ਪਿਆਰਾ ਮਨਿ ਚਿਤਿ ਤਿਨਾ ਭਾਉ ਗੁਰੂ ਦੇਵਾਈਆ ॥ ਗੁਰ ਸਿਖਾ ਇਕੋ ਪਿਆਰੁ ਗੁਰ ਮਿਤਾ ਪੁਤਾ ਭਾਈਆ ॥ ਗੁਰੁ ਸਤਿਗੁਰੁ ਬੋਲਹੁ ਸਭਿ ਗੁਰੁ ਆਖਿ ਗੁਰੂ ਜੀਵਾਈਆ ॥ ੧੪ ॥**

**ਪਦ ਅਰਥ :**

ਇਕਿ-ਕਈ। ਨਿਵਾਰੀਐ-ਦੂਰ ਕਰੀਦਾ ਹੈ। ਗੁਰਮੁਖਿ-ਗੁਰੂ ਦੁਆਰਾ। ਮਨਿ ਚਿਤਿ-ਮਨ ਵਿਚ,

ਚਿਤ ਵਿਚ। ਭਾਉ-ਪ੍ਰੇਮ। ੧੪।

**ਅਰਥ :**

ਪਉੜੀ॥ ਗੁਰੂ ਨੇ ਗੁਰਮੁਖ ਸਿੱਖ ਰੂਪ ਸਾਥੀਆਂ ਨੂੰ (ਆਪਣੇ) ਨਾਲ ਮਿਲਾ ਲਿਆ ਹੈ। ਇਕ ਸੇਵਕ ਰੂਪ ਵਿਚ ਗੁਰੂ ਦੇ ਕੋਲ ਬੈਠੀਆਂ ਸੇਵਾ ਕਰਦੀਆਂ ਹਨ, ਅਤੇ ਇਕ ਗੁਰੂ ਨੇ ਆਪਣੀ ਹੋਰ ਲੋੜੀਂਦੀ ਕਾਰ, ਕੰਮ ਵਿਚ ਲਾਈਆਂ ਹਨ। ਜਿਨ੍ਹਾਂ ਦੇ ਮਨ ਅਤੇ ਚਿੱਤ ਵਿਚ ਪਿਆਰਾ ਗੁਰੂ (ਵੱਸਦਾ ਹੈ), ਉਹਨਾਂ ਨੂੰ ਗੁਰੂ ਪ੍ਰੇਮ ਰੂਪੀ (ਦਾਤ) ਬਖ਼ਸ਼ਿਸ਼ ਕਰਦਾ ਹੈ। ਗੁਰੂ ਦਾ (ਸਾਰੇ) ਸਿੱਖਾਂ, ਮਿੱਤਰਾਂ, ਪੁੱਤਰਾਂ ਨਾਲ ਤੇ ਭਰਾਵਾਂ ਨਾਲ ਇਕੋ ਜਿਹਾ ਪਿਆਰ ਹੁੰਦਾ ਹੈ। (ਇਸ ਲਈ ਹੇ ਗੁਰਮੁਖ ਸਖੀਓ ! ਤੁਸੀਂ) ਸਾਰੀਆਂ ਗੁਰੂ ਗੁਰੂ ਜਪੋ ਕਿਉਂਕਿ ਗੁਰੂ ਆਖ ਕੇ (ਭਾਵ ਗੁਰੂ ਗੁਰੂ ਜਪਦਿਆਂ) ਗੁਰੂ ਜੀਅ-ਦਾਨ ਬਖ਼ਸ਼ ਦਿੰਦਾ ਹੈ।੧੪।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੭੬ (ਅੰਗ ੬੪੯)

ਸਲੋਕੁ ਮਃ ੩ ॥ ਬ੍ਰਹਮੁ ਬਿੰਦੈ ਤਿਸ ਦਾ ਬ੍ਰਹਮਤੁ ਰਹੈ ਏਕ ਸਬਦਿ ਲਿਵ ਲਾਇ ॥ ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ ਜੋ ਹਰਿ ਹਿਰਦੈ ਸਦਾ ਵਸਾਇ ॥ ਬਿਨੁ ਸਤਿਗੁਰ ਨਾਉ ਨ ਪਾਈਐ ਬੁਝਹੁ ਕਰਿ ਵੀਚਾਰੁ ॥ ਨਾਨਕ ਪੂਰੈ ਭਾਗਿ ਸਤਿਗੁਰੁ ਮਿਲੈ ਸੁਖੁ ਪਾਏ ਜੁਗ ਚਾਰਿ ॥ ੧ ॥ ਮਃ ੩ ॥ ਕਿਆ ਗਭਰੂ ਕਿਆ ਬਿਰਧਿ ਹੈ ਮਨਮੁਖ ਤ੍ਰਿਸਨਾ ਭੁਖ ਨ ਜਾਇ ॥ ਗੁਰਮੁਖਿ ਸਬਦੇ ਰਤਿਆ ਸੀਤਲੁ ਹੋਏ ਆਪੁ ਗਵਾਇ ॥ ਅੰਦਰੁ ਤ੍ਰਿਪਤਿ ਸੰਤੋਖਿਆ ਫਿਰਿ ਭੁਖ ਨ ਲਗੈ ਆਇ ॥ ਨਾਨਕ ਜਿ ਗੁਰਮੁਖਿ ਕਰਹਿ ਸੋ ਪਰਵਾਣੁ ਹੈ ਜੋ ਨਾਮਿ ਰਹੇ ਲਿਵ ਲਾਇ ॥ ੨ ॥ ਪਉੜੀ ॥ ਹਉ ਬਲਿਹਾਰੀ ਤਿੰਨ ਕੰਉ ਜੋ ਗੁਰਮੁਖਿ ਸਿਖਾ ॥ ਜੋ ਹਰਿ ਨਾਮੁ ਧਿਆਇਦੇ ਤਿਨ ਦਰਸਨੁ ਪਿਖਾ ॥ ਸੁਣਿ ਕੀਰਤਨੁ ਹਰਿ ਗੁਣ ਰਵਾ ਹਰਿ ਜਸੁ ਮਨਿ ਲਿਖਾ ॥ ਹਰਿ ਨਾਮੁ ਸਲਾਹੀ ਰੰਗ ਸਿਉ ਸਭ ਕਿਲਵਿਖ ਕ੍ਰਿਖਾ ॥ ਧਨੁ ਧੰਨੁ ਸੁਹਾਵਾ ਸੋ ਸਰੀਰੁ ਥਾਨੁ ਹੈ ਜਿਥੈ ਮੇਰਾ ਗੁਰੁ ਧਰੇ ਵਿਖਾ ॥ ੧੯ ॥

# ਪ੍ਰਾਕ੍ਥਨ :-

ਇਹ ਪਾਵਨ ਸ਼ਬਦ ਸੋਰਠਿ ਦੀ ਵਾਰ ਅੰਦਰ ੧੯ਵੀਂ ਪਉੜੀ ਨਾਲ ਸੰਬੰਧਿਤ ਦੋ ਸਲੋਕਾਂ ਸਮੇਤ ਹੈ। ਇਸ ਸ਼ਬਦ ਦੇ ਆਰੰਭ ਅੰਦਰ ਤੀਸਰੇ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਨੇ ਬ੍ਰਹਮ ਨੂੰ ਪਛਾਣਨ ਵਾਲੇ ਤੇ ਇਕ ਨਾਮ ਸ਼ਬਦ ਵਿਚ ਲਿਵ ਲਾਉਣ ਵਾਲੇ ਨੂੰ ਅਸਲ ਬ੍ਰਾਹਮਣ ਦੱਸਿਆ ਹੈ।

## ਵਿਸ਼ਾ—ਬ੍ਰਹਮੁ ਬਿੰਦਹਿ ਤੇ ਬ੍ਰਾਹਮਣਾ

ਸੰਸਾਰ ਦੇ ਆਦਿ ਕਾਲ ਵਿਚ ਆਪੋ ਆਪਣੇ ਖ਼ਿਆਲ ਅਨੁਸਾਰ ਲੋਕ ਕੰਮ ਕਰਨ ਲੱਗ ਪਏ। ਇਹਨਾਂ ਕੰਮ ਕਰਨ ਵਾਲੇ ਲੋਕਾਂ ਨੇ ਵੱਖ ਵੱਖ ਚਾਰ ਤਰ੍ਹਾਂ ਦੇ ਕੰਮ ਕਰਨੇ ਸ਼ੁਰੂ ਕੀਤੇ ਸਨ। ਇਕ ਉਹ ਲੋਕ ਸਨ ਜੋ ਵਿਦਿਆ ਪੜ੍ਹਦੇ ਤੇ ਪੜ੍ਹਾਉਂਦੇ ਸਨ। ਦੂਸਰੇ ਰਾਜ-ਪ੍ਰਬੰਧ ਕਰਨ ਵਾਲੇ, ਤੀਸਰੇ ਖੇਤੀ ਵਪਾਰ ਆਦਿ ਕਰਮ ਕਰਦੇ ਸਨ। ਚੌਥੇ ਸੇਵਾ ਚਾਕਰੀ ਆਦਿ ਕਰਨ ਵਾਲੇ ਸਨ। ਇਹਨਾਂ ਚਾਰ ਤਰ੍ਹਾਂ ਦੇ ਕਰਮ ਕਰਨ ਵਾਲਿਆਂ ਦਾ ਨਾਉਂ ਚਾਰ ਵਰਨ ਕਰਕੇ ਪ੍ਰਸਿੱਧ ਹੋਇਆ—੧. ਬ੍ਰਾਹਮਣ ੨. ਛੱਤ੍ਰੀ ੩. ਵੈਸ਼ ੪. ਸ਼ੂਦਰ। ਵਿਦਵਾਨ ਹੋਣ ਕਰਕੇ ਬ੍ਰਾਹਮਣ ਸਭ ਦਾ ਮੁੱਖੀ ਮੰਨਿਆ ਗਿਆ। ਕਿਉਂਕਿ ਬ੍ਰਾਹਮਣ ਦੇ ਇਹ ਛੇ ਕਰਮ ਮੁੱਖ ਮੰਨੇ ਹਨ :

੧. ਜੋ ਵਿਦਿਆ ਪੜ੍ਹੇ ਤੇ ੨. ਪੜ੍ਹਾਵੇ ੩. ਯਗ ਕਰੇ ਤੇ ੪. ਕਰਾਵੇ ੫. ਦਾਨ ਦੇਵੇ ਤੇ ੬. ਲਵੇ।

ਇਹ ਛੇ ਕਰਮ ਕਰਨ ਵਾਲੇ ਨੂੰ ਬ੍ਰਾਹਮਣ ਆਖਦੇ ਸਨ। ਪਰ ਗੁਰਮਤਿ ਅਨੁਸਾਰ ਸਭ ਤੋਂ ਸ੍ਰੇਸ਼ਟ ਅਥਵਾ ਮੁਖ ਕਰਮ ਪ੍ਰਮਾਤਮਾ ਦੀ ਭਗਤੀ ਕਰਨੀ ਹੈ। ਜੋ ਪ੍ਰਭੂ ਦੀ ਭਗਤੀ ਕਰ ਕੇ ਬ੍ਰਹਮ ਨੂੰ ਜਾਣ ਲੈਂਦਾ ਹੈ, ਉਸਨੂੰ ਬ੍ਰਾਹਮਣ ਕਿਹਾ ਜਾਂਦਾ ਹੈ। ਸ਼ਾਸਤਰ ਦਾ ਸੂਤਰ ਹੈ :

***ਬ੍ਰਹਮ ਜਾਣੰਤੀ ਸਾ ਬ੍ਰਾਹਮਣਾ***

ਇਸ ਲਈ ਕੋਈ ਜਾਤਿ ਕਰਕੇ ਬ੍ਰਾਹਮਣ ਨਹੀਂ, ਕੇਵਲ ਕਰਮ ਹੀ ਉੱਤਮ ਮੰਨੇ ਜਾਂਦੇ ਹਨ। ਨਾਮ ਜਪਣ ਰੂਪ ਉੱਤਮ ਕਰਮ ਕਰਨ ਵਾਲੇ ਨੂੰ ਬ੍ਰਾਹਮਣ ਕਿਹਾ ਜਾਂਦਾ ਹੈ। ਫ਼ੁਰਮਾਨ ਹੈ :

***ਬ੍ਰਹਮੁ ਬਿੰਦਹਿ ਤੇ ਬ੍ਰਾਹਮਣਾ ਜੇ ਚਲਹਿ ਸਤਿਗੁਰ ਭਾਇ॥***
***ਜਿਨ ਕੈ ਹਿਰਦੈ ਹਰਿ ਵਸੈ ਹਉਮੈ ਰੋਗੁ ਗਵਾਇ॥***
***ਗੁਣ ਰਵਹਿ ਗੁਣ ਸੰਗ੍ਰਹਹਿ ਜੋਤੀ ਜੋਤਿ ਮਿਲਾਇ॥***
***ਇਸੁ ਜੁਗ ਮਹਿ ਵਿਰਲੇ ਬ੍ਰਾਹਮਣ ਬ੍ਰਹਮ ਬਿੰਦਹਿ ਚਿਤੁ ਲਾਇ॥***

(ਅੰਗ ੮੫੦)

ਅਥਵਾ :

***ਸੋ ਬ੍ਰਹਮਣੁ ਜੋ ਬਿੰਦੈ ਬ੍ਰਹਮੁ॥ ਜਪੁ ਤਪੁ ਸੰਜਮੁ ਕਮਾਵੈ ਕਰਮੁ॥***
***ਸੀਲ ਸੰਤੋਖ ਕਾ ਰਖੈ ਧਰਮੁ॥ ਬੰਧਨ ਤੋੜੈ ਹੋਵੈ ਮੁਕਤੁ॥***
***ਸੋਈ ਬ੍ਰਹਮਣੁ ਪੂਜਣ ਜੁਗਤੁ॥੧੬॥***

(ਅੰਗ ੧੪੧੧)

***ਅਥਵਾ: ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ॥ ਆਪਿ ਤਰੈ ਸਗਲੇ ਕੁਲ ਤਾਰੈ॥***

(ਅੰਗ ੬੬੨)

***ਅਥਵਾ: ਸਚੁ ਵਰਤੁ ਸੰਤੋਖੁ ਤੀਰਥੁ ਗਿਆਨੁ ਧਿਆਨੁ ਇਸਨਾਨੁ॥***
***ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪਰਧਾਨ॥***
***ਜੁਗਤਿ ਧੋਤੀ ਸੁਰਤਿ ਚਉਕਾ ਤਿਲਕੁ ਕਰਣੀ ਹੋਇ॥***
***ਭਾਉ ਭੋਜਨੁ ਨਾਨਕਾ ਵਿਰਲਾ ਤ ਕੋਈ ਕੋਇ॥ ੧॥***

(ਅੰਗ ੧੨੪੫)

## ਸਾਖੀ—ਸ਼ਿਵਦੱਤ ਬ੍ਰਾਹਮਣ ਦੀ

ਸ਼ਿਵਦੱਤ ਬ੍ਰਾਹਮਣ ਸੱਚਾ ਸੁੱਚਾ ਭਜਨੀਕ ਸੀ। ਇਹ ਪਟਨਾ ਸ਼ਹਿਰ ਅੰਦਰ ਗੰਗਾ ਦੇ ਕਿਨਾਰੇ 'ਤੇ ਬੈਠਾ, ਭਗਵਾਨ ਕ੍ਰਿਸ਼ਨ ਅਤੇ ਰਾਮ ਚੰਦਰ ਜੀ ਦੀ ਅਰਾਧਨਾ ਕਰਦਾ ਰਹਿੰਦਾ। ਇਥੇ ਪਟਨਾ ਸ਼ਹਿਰ ਦੇ ਅੰਦਰ ਹੀ ਚੋਜੀ ਪ੍ਰੀਤਮ ਸਾਹਿਬ-ਏ ਕਮਾਲ, ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਪ੍ਰਕਾਸ਼ ਹੋਇਆ। ਜਿਥੇ ਸ਼ਿਵਦੱਤ ਬ੍ਰਾਹਮਣ ਗੰਗਾ ਕਿਨਾਰੇ ਬੈਠਾ ਸ੍ਰੀ ਰਾਮ ਚੰਦਰ ਜੀ ਦੇ ਦਰਸ਼ਨਾਂ ਦੀ ਅਰਾਧਨਾ ਕਰਦਾ ਰਹਿੰਦਾ ਸੀ, ਉਥੇ ਬਾਲਾ ਪ੍ਰੀਤਮ ਸ੍ਰੀ ਗੋਬਿੰਦ ਰਾਏ ਜੀ ਬਾਲਕਾਂ ਨਾਲ ਗੰਗਾ ਵਿਚ ਇਕ ਦੂਸਰੇ 'ਤੇ ਪਾਣੀ ਸੁੱਟਣ ਦੀ ਖੇਡ ਖੇਡਦੇ ਸਨ, ਅਤੇ ਬੇੜੀ ਵਿਚ ਬੈਠ ਕੇ ਕਈ ਵਾਰ ਸੈਰ ਕਰਿਆ ਕਰਦੇ ਸਨ। ਇਥੇ ਸ਼ਿਵਦੱਤ ਹਮੇਸ਼ਾ ਰਾਮ ਚੰਦਰ ਜੀ ਦੀ ਮੂਰਤੀ ਦੇ ਅੱਗੇ ਬੈਠ ਕੇ ਰਾਤ ਦਿਨ ਭਗਵਾਨ ਜੀ ਨੂੰ ਯਾਦ ਕਰਦਾ ਰਹਿੰਦਾ। ਇਹ ਅਰਾਧਨਾ ਕਰਦਿਆਂ ਉਸ ਨੇ ਜ਼ਿੰਦਗੀ ਦਾ ਬਹੁਤ ਵੱਡਾ ਹਿੱਸਾ ਗੁਜ਼ਾਰ ਦਿੱਤਾ, ਪਰ ਪੱਥਰ ਦੀ ਮੂਰਤੀ ਪੱਥਰ ਦੀ ਹੀ ਰਹੀ, ਕਦੇ ਰਾਮ ਰੂਪ ਹੋ ਕੇ ਮੁੱਖ ਤੋਂ ਬੋਲੀ ਨਹੀਂ, ਨਾ ਹੀ ਉਸਦੀ ਕੋਈ ਇੱਛਾ ਪੂਰੀ ਕੀਤੀ। ਉਸਦੇ ਦਰਸ਼ਨਾਂ ਦੀ ਭੁੱਖ ਵਧਦੀ ਗਈ। ਉਹ ਇਕ ਦਿਨ ਮਨ ਵਿਚ ਸੋਚਣ ਲੱਗਾ ਕਿ ਮੈਂ ਨਿੱਤ ਹੀ ਗੁਰੂ ਤੇਗ਼ ਬਹਾਦਰ ਸਾਹਿਬ ਦੇ ਚਮਤਕਾਰੀ ਬਾਲਕ ਦੀ ਗੱਲ ਸੁਣਦਾ ਹਾਂ, ਹੋਵੇ ਨਾ ਕਿਤੇ ਏਹੀ ਮੇਰਾ ਸ੍ਰੀ ਰਾਮ ਚੰਦਰ ਸੰਸਾਰ ਨੂੰ ਤਾਰਨ ਵਾਸਤੇ ਬਾਲਕ ਰੂਪ ਵਿਚ ਪ੍ਰਗਟ ਹੋਇਆ ਹੋਵੇ। ਨਹੀਂ ਤਾਂ ਅਨੇਕਾਂ ਸਦੀਆਂ ਤੋਂ ਇਥੇ ਅਨੇਕਾਂ ਬੱਚੇ ਇਸ ਨਗਰੀ ਵਿਚ ਜੰਮੇ, ਪਰ ਇਹੋ ਜਿਹੀਆਂ ਅਲੌਕਿਕ ਚਮਤਕਾਰੀ ਖੇਡਾਂ ਕਿਸੇ ਦੀਆਂ ਦੇਖਣ-ਸੁਣਨ ਵਿਚ ਨਹੀਂ ਆਈਆਂ। ਸ਼ਿਵਦੱਤ ਦੇ ਮਨ ਦੀ ਸ਼ਰਧਾ ਵੱਧਦੀ ਗਈ, ਜੋ ਸ਼ਿਵਦੱਤ ਨੂੰ ਇਸ ਹੱਦ ਤੱਕ ਲੈ ਗਈ ਕਿ ਉਹ ਇਸ ਸੱਟੇ 'ਤੇ ਜਾ ਪੁੱਜਾ ਕਿ ਜੇ ਇਹ ਬਾਲਕ ਐਸਾ ਹੀ ਅਵਤਾਰੀ ਪੁਰਖ ਹੈ ਜੈਸਾ ਕਿ ਮੈਂ ਲੋਕਾਂ ਤੋਂ ਸੁਣਦਾ ਹਾਂ, ਤਾਂ ਫਿਰ ਮੈਨੂੰ ਮੇਰੇ

ਇਸ਼ਟ ਭਗਵਾਨ ਰਾਮ ਰੂਪ ਵਿਚ ਦਰਸ਼ਨ ਦੇਵੇ ਤਾਂ ਮੈਂ ਤਨੋਂ ਮਨੋਂ ਇਨ੍ਹਾਂ ਦਾ ਸੇਵਕ ਹੋ ਜਾਵਾਂ ਅਤੇ ਮੇਰਾ ਜੀਵਨ ਸਫਲ ਹੋ ਜਾਵੇ। ਸ਼ਿਵਦੱਤ ਦੀ ਕਲਪਨਾ ਅਨੁਸਾਰ ਸਤਿਗੁਰੂ ਕਲਗੀਧਰ ਦਸਮੇਸ਼ ਪਿਤਾ ਜੀ ਨੇ ਦੂਜੇ ਦਿਨ ਖੇਡਣ ਲਈ ਬੱਚਿਆਂ ਦੀ ਫ਼ੌਜ ਲੈ ਕੇ ਗੰਗਾ ਦੇ ਕਿਨਾਰੇ ਖੇਡਣਾ ਆਰੰਭ ਕੀਤਾ। ਸ਼ਿਵਦੱਤ ਇਕ ਟੱਕ ਧਿਆਨ ਟਿਕਾਈ ਬੈਠਾ ਹੈ, ਕਿ ਕਦੋਂ ਮੈਨੂੰ ਰਾਮ ਰੂਪ ਹੋ ਕੇ ਦਰਸ਼ਨ ਦੇਣ। ਸਤਿਗੁਰਾਂ ਨੇ ਐਸਾ ਹੀ ਕੌਤਕ ਕੀਤਾ, ਕਿ ਸ੍ਰੀ ਗੋਬਿੰਦ ਰਾਏ ਜੀ ਆਪਣੇ ਹਾਣੀ ਬਾਲਕਾਂ ਨੂੰ ਤਾਂ ਗੋਬਿੰਦ ਰਾਏ ਹੀ ਦਿਸ ਰਹੇ ਸਨ, ਪਰ ਸ਼ਿਵਦੱਤ ਕੀ ਦੇਖਦਾ ਹੈ, ਕਿ ਪ੍ਰਤੱਖ ਭਗਵਾਨ ਰਾਮ ਜੀ ਮੋਢੇ 'ਤੇ ਧਨੁਸ਼ ਧਾਰੀ ਦਰਸ਼ਨ ਦੇ ਰਹੇ ਸਨ। ਸ਼ਿਵਦੱਤ ਦੀਆਂ ਅੱਖਾਂ ਵਿਚੋਂ ਅੱਥਰੂ ਵਗ ਰਹੇ ਸਨ। ਉਸ ਦੀ ਬਉਰਿਆਂ ਵਾਲੀ ਹਾਲਤ ਹੋ ਗਈ ਤੇ ਮੇਰੇ ਰਾਮ ਮੇਰੇ ਰਾਮ ਕਹਿੰਦੇ ਚਰਨੀ ਡਿੱਗ ਪਿਆ। ਚਰਨ ਫੜ ਲਏ ਅਤੇ ਰੋ ਕੇ ਵੈਰਾਗ ਵਿਚ ਆ ਕੇ ਕਿਹਾ, ਸ਼ਹਿਨਸ਼ਾਹ ! ਅੱਜ ਤੋਂ ਮੈਂ ਤੇਰਾ ਹੋ ਗਿਆ ਹਾਂ। ਇਸ ਦਾਸ, ਗ਼ਰੀਬ ਅਤੇ ਬ੍ਰਾਹਮਣ 'ਤੇ ਕਿਰਪਾ ਬਣਾਈ ਰੱਖਣੀ। ਬਾਲਾ ਪ੍ਰੀਤਮ ਜੀ ਮੁਸਕਰਾ ਕੇ ਕਹਿਣ ਲੱਗੇ ਕਿ ਸ਼ਿਵਦੱਤ ਬ੍ਰਾਹਮਣ, ਪੱਥਰ ਦੀਆਂ ਮੂਰਤੀਆਂ ਵਿਚ ਬ੍ਰਹਮ ਨਹੀਂ ਹੈ। ਪੱਥਰ ਤਾਂ ਜੜ੍ਹ ਹੈ, ਬ੍ਰਹਮ ਸਰਬ ਵਿਆਪਕ ਪ੍ਰਮੇਸ਼ਰ ਹੈ। ਉਸ ਬ੍ਰਹਮ ਨੂੰ ਪਛਾਣਨਾ ਹੀ ਅਸਲ ਬ੍ਰਾਹਮਣ ਪੁਣਾ ਹੈ। ਇਸ ਤਰ੍ਹਾਂ ਦੇ ਬਚਨ ਸੁਣ ਕੇ ਸ਼ਿਵਦੱਤ ਦੀਆਂ ਸਾਰੀਆਂ ਆਸਾਂ ਪੂਰਨ ਹੋ ਗਈਆਂ ਤੇ ਜਨਮਾਂ-ਜਨਮਾਤਰਾਂ ਦੀ ਦਰਸ਼ਨਾਂ ਦੀ ਭੁੱਖ ਦੂਰ ਹੋ ਗਈ।

ਇਕ ਵਾਰ ਭਗਤ ਕਬੀਰ ਜੀ ਪਾਸ ਪੰਡਿਤ ਚਰਚਾ ਕਰਨ ਲਈ ਆਏ ਸਨ, ਕਿ ਤੂੰ ਸ਼ੂਦਰ ਹੈਂ, ਅਸੀਂ ਬ੍ਰਾਹਮਣ ਹਾਂ, ਤਾਂ ਕਬੀਰ ਜੀ ਨੇ ਕਿਹਾ :

***ਗਰਭ ਵਾਸ ਮਹਿ ਕੁਲੁ ਨਹੀ ਜਾਤੀ॥***
***ਬ੍ਰਹਮ ਬਿੰਦੁ ਤੇ ਸਭ ਉਤਪਾਤੀ॥੧॥***

(ਅੰਗ ੩੨੪)

ਕਬੀਰ ਕਹਿੰਦੇ ਹਨ ਕਿ ਹੇ ਭਾਈ ! ਗਰਭ ਵਿਚ ਕੁਲ ਨਹੀ ਜਾਣੀ ਜਾਂਦੀ। ਤਾਂ ਪੰਡਿਤਾਂ ਨੇ ਕਿਹਾ, ਅਸੀਂ ਬ੍ਰਹਮਾ ਦੀ ਬਿੰਦ ਤੋਂ ਪੈਦਾ ਹੋਏ ਹਾਂ। ਤਾਂ ਕਬੀਰ ਜੀ ਨੇ ਕਿਹਾ, ''ਸਾਰੀ ਸ੍ਰਿਸ਼ਟੀ ਹੀ ਬ੍ਰਹਮ ਦੀ ਬਿੰਦ ਤੋਂ ਪੈਦਾ ਹੋਈ ਹੈ।''

## ਸਾਖੀ—ਸਯਦਾਣੀ ਦੀ

ਪੁਰਾਤਨ ਸਮਿਆਂ ਵਿਚ ਹਿੰਦੂ ਲੋਕ, ਅੱਜ ਵਰਗੇ ਆਵਾਜਾਈ ਦੇ ਸਾਧਨ ਨਾ ਹੋਣ ਕਰਕੇ ਤੀਰਥ ਯਾਤਰਾ ਕਰਨ ਲਈ ਪੈਦਲ ਜਾਇਆ ਕਰਦੇ ਸਨ। ਜਿਥੇ ਰਾਤ ਪੈ ਜਾਂਦੀ, ਉਥੇ ਹੀ ਅਰਾਮ ਕਰ ਲਿਆ ਕਰਦੇ ਸਨ। ਇਕ ਐਸਾ ਪਿੰਡ ਸੀ, ਜਿਥੇ ਮੁਸਲਮਾਨ ਹੀ ਵੱਸਦੇ ਸਨ। ਹਿੰਦੂਆਂ ਨੂੰ ਉਥੇ ਜ਼ਰੂਰ ਰਾਤ ਕੱਟਣੀ ਪੈ ਜਾਂਦੀ ਸੀ ਅਤੇ ਭੁੱਖੇ ਰਹਿਣਾ ਪੈਂਦਾ ਸੀ। ਦੇਵਨੇਤ ਨਾਲ ਇਕ ਸਯਦ ਮਰ ਗਿਆ ਤਾਂ ਮੁਸਲਮਾਨਾਂ ਨੇ ਹਿੰਦੂ ਯਾਤਰੀਆਂ ਦਾ ਪ੍ਰਸ਼ਾਦਾ ਤਿਆਰ ਕਰਨ ਲਈ ਉਸਦੀ ਘਰਵਾਲੀ ਸਯਦਾਣੀ ਨੂੰ ਗੋਮੂਤਰ ਪਿਲਾ ਕੇ ਬ੍ਰਾਹਮਣੀ ਬਣਾ ਕੇ, ਇਕ ਵੱਖਰਾ ਮਕਾਨ ਦੇ ਦਿੱਤਾ ਅਤੇ ਆਖਿਆ, ''ਤੂੰ ਆਏ-ਗਏ ਹਿੰਦੂ

ਯਾਤਰੀਆਂ ਦੀ ਸੇਵਾ ਕਰਿਆ ਕਰ, ਰਸਦ ਪਾਣੀ ਤੈਨੂੰ ਅਸੀਂ ਪਹੁੰਚਾਇਆ ਕਰਾਂਗੇ।''

ਉਸ ਦਿਨ ਤੋਂ ਪਿੰਡ ਵਿਚ ਕੋਈ ਵੀ ਯਾਤਰੂ ਆਵੇ ਤਾਂ ਮੁਸਲਮਾਨ ਉਸਦੇ ਘਰ ਭੇਜ ਦਿਆ ਕਰਦੇ ਸਨ। ਜਦ ਇਸ ਤਰ੍ਹਾਂ ਸੇਵਾ ਕਰਦੀ ਨੂੰ ਕੁਝ ਸਮਾਂ ਲੰਘਿਆ, ਤਾਂ ਇਕ ਰਾਤ ਉਸ ਦੇ ਘਰ ਇਕ ਬ੍ਰਾਹਮਣ ਤੇ ਬ੍ਰਾਹਮਣੀ ਆ ਉਤਰੇ। ਉਸ ਨਵੀਂ ਬਣੀ ਹਿੰਦਣੀ ਨੇ ਉਨ੍ਹਾਂ ਦੀ ਬੜੀ ਸੇਵਾ ਕੀਤੀ। ਉਹਨਾਂ ਨੂੰ ਭੋਜਨ ਖੁਆ ਕੇ ਤੇ ਆਪ ਖਾ ਕੇ ਭਾਂਡੇ ਮਾਂਜਣ ਲੱਗੀ ਤਾਂ ਦੋਨੋ ਬ੍ਰਾਹਮਣੀਆਂ ਇਕੱਠੀਆਂ ਹੋ ਕੇ ਗੱਲਾਂ ਕਰਨ ਲੱਗ ਪਈਆਂ। ਨਵੀਂ ਬਣੀ ਬ੍ਰਾਹਮਣੀ ਨੇ ਪੁੱਛਿਆ ਕਿ ਭੈਣ ਤੂੰ ਕਦੋਂ ਦੀ ਬ੍ਰਾਹਮਣੀ ਬਣੀ ਹੈਂ? ਯਾਤਰਾ ਵਾਲੀ ਬ੍ਰਾਹਮਣੀ ਨੇ ਹੈਰਾਨ ਹੋ ਕੇ ਪੁੱਛਿਆ ਕਿ ਕਦੋਂ ਕੁ ਦਾ ਕੀ ਭਾਵ ਹੈ?

ਤਾਂ ਨਵੀਂ ਬਣੀ ਬ੍ਰਾਹਮਣੀ ਨੇ ਕਿਹਾ ਕਿ ਮੈਂ ਪਹਿਲਾਂ ਸਯਦ ਦੇ ਘਰਵਾਲੀ ਮੁਸਲਮਾਨਣੀ ਸੀ। ਮੇਰੇ ਪਤੀ ਦੇ ਮਰ ਜਾਣ ਪਿਛੋਂ ਮੈਨੂੰ ਗੋਮੂਤ੍ਰ ਪਿਲਾ ਕੇ ਬ੍ਰਾਹਮਣੀ ਬਣਾਇਆ ਗਿਆ। ਇਸ ਗੱਲ ਨੂੰ ਅਜੇ ਦੋ ਕੁ ਸਾਲ ਹੀ ਹੋਏ ਹਨ। ਇਹ ਗੱਲ ਸੁਣ ਕੇ ਉਹ ਬ੍ਰਾਹਮਣ ਤੇ ਬ੍ਰਾਹਮਣੀ ਆਪਣੇ ਆਪ ਨੂੰ ਬਹੁਤ ਧਿਰਕਾਰਾਂ ਦਿੰਦੇ ਹੋਏ ਚਲੇ ਗਏ।

ਹੁਣ ਕਬੀਰ ਜੀ ਕਹਿੰਦੇ ਹਨ, ''ਹੇ ਪੰਡਿਤ ਜੀ! ਤੁਸੀਂ ਵੀ ਉਸ ਸਯਦਾਣੀ ਵਾਂਗ ਬ੍ਰਾਹਮਣ ਤਾਂ ਨਹੀਂ?'' ਤਾਂ ਪੰਡਿਤ ਨੇ ਕਿਹਾ, ''ਸਾਡਾ ਪਿਤਾ ਬ੍ਰਾਹਮਣ ਹੈ, ਉਸਦੇ ਪੁੱਤਰ ਹੋਣ ਕਰਕੇ ਅਸੀਂ ਵੀ ਬ੍ਰਾਹਮਣ ਹਾਂ। ਕਬੀਰ ਜੀ ਨੇ ਪੁੱਛਿਆ, ''ਤੁਹਾਡਾ ਪਿਤਾ ਕਿਸਦਾ ਪੁੱਤਰ ਹੈ?'' ਪੰਡਿਤ ਨੇ ਕਿਹਾ, ''ਫਲਾਣੇ ਦਾ ਪੁੱਤਰ ਹੈ। ਕਬੀਰ ਜੀ ਨੇ ਕਿਹਾ, ''ਉਹ ਕਿਸਦਾ ਪੁੱਤਰ ਹੈ?'' ਪੰਡਿਤ ਨੇ ਕਿਹਾ ''ਉਹ ਅਗਲੇ ਬ੍ਰਾਹਮਣ ਦਾ ਪੁੱਤਰ ਹੈ।'' ਇਸ ਤਰ੍ਹਾਂ ਪੀੜੀ ਦਰ ਪੀੜੀ ਚਲਦਿਆਂ-ਚਲਦਿਆਂ ਬ੍ਰਹਮਾ ਤੱਕ ਗਿਣਤੀ ਚਲੀ ਗਈ। ਤਾਂ ਕਬੀਰ ਜੀ ਨੇ ਕਿਹਾ, ''ਬ੍ਰਹਮਾ ਜੀ ਦੀ ਉੱਤਪਤੀ ਵਿਸ਼ਨੂੰ ਦੀ ਨਾਭੀ ਕਮਲ ਤੋਂ ਹੋਈ ਹੈ ਤੇ ਵਿਸ਼ਨੂੰ ਮਹਾਂ ਛੱਤ੍ਰੀ ਹਨ। ਕਿਉਂਕਿ ਆਦਮੀ ਜੈਸਾ ਕਰਮ ਕਰਦਾ ਹੈ, ਤੈਸਾ ਉਸਦਾ ਨਾਮ ਪੈ ਜਾਂਦਾ ਹੈ। ਵਿਸ਼ਨੂੰ ਨੇ ਯੁੱਧ ਜੰਗ ਬਹੁਤ ਕੀਤੇ ਹਨ, ਇਸ ਲਈ ਉਹ ਛੱਤ੍ਰੀ ਹਨ। ਇਸ ਲਈ ਕਬੀਰ ਜੀ ਪੁੱਛਦੇ ਹਨ:

***ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ॥***
***ਬਾਮਨ ਕਹਿ ਕਹਿ ਜਨਮੁ ਮਤ ਖੋਏ॥੧॥ ਰਹਾਉ॥***
***ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ॥***
***ਤਉ ਆਨ ਬਾਟ ਕਾਹੇ ਨਹੀ ਆਇਆ॥੨॥***
***ਤੁਮ ਕਤ ਬ੍ਰਾਹਮਣ ਹਮ ਕਤ ਸੂਦ॥***
***ਹਮ ਕਤ ਲੋਹੂ ਤੁਮ ਕਤ ਦੂਧ॥੩॥***
***ਕਹੁ ਕਬੀਰ ਜੋ ਬ੍ਰਹਮੁ ਬੀਚਾਰੈ॥***
***ਸੋ ਬ੍ਰਾਹਮਣ ਕਹੀਅਤੁ ਹੈ ਹਮਾਰੈ॥੪॥੭॥***

(ਅੰਗ ੩੨੪)

ਅੰਮ੍ਰਿਤ ਰਸ ਭਾਗ ਦੂਜਾ ਪੰਨਾ ੪੩੯ ਦੇ ਕਥਨ ਅਨੁਸਾਰ ਬੇਣੀ ਪੰਡਿਤ ਹਜ਼ੂਰ ਦੇ ਦਰਸ਼ਨ ਕਰਨ ਆਇਆ, ਪਰ ਗੁਰੂ ਅਮਰਦਾਸ ਜੀ ਦਾ ਦਰਸ਼ਨ ਕਰਨ ਵਾਲੇ ਹਰ ਇਕ ਮਨੁੱਖ ਮਾਤਰ ਲਈ ਹੁਕਮ ਸੀ :

***ਪਹਿਲੇ ਪੰਗਤ ਪਾਛੈ ਸੰਗਤ***

ਇਸ ਬੇਣੀ ਪੰਡਿਤ ਨੇ ਲੰਗਰ ਵਿਚ ਹਰਿ ਉੱਚੀ ਨੀਵੀਂ ਜਾਤ ਦੇ ਮਨੁੱਖ ਪ੍ਰਸ਼ਾਦਾ ਛੱਕਦੇ ਵੇਖ ਕੇ ਆਪ ਲੰਗਰ ਛੱਕਣ ਤੋਂ ਘਿਰਨਾ ਕੀਤੀ। ਜਿਸ ਵੇਲੇ ਗੁਰੂ ਅਮਰਦਾਸ ਜੀ ਨੇ ਬੇਣੀ ਨੂੰ ਪ੍ਰਸ਼ਾਦਾ ਨਾ ਛੱਕਣ ਦਾ ਕਾਰਨ ਪੁੱਛਿਆ ਤਾਂ ਪੰਡਿਤ ਨੇ ਕਿਹਾ, ਜੀ ਮੈਂ ਉੱਚੀ ਜਾਤ ਦਾ ਬ੍ਰਾਹਮਣ ਹਾਂ, ਨੀਵੀਆਂ ਜਾਤੀਆਂ ਵਾਲੇ ਮਨੁੱਖਾਂ ਨਾਲ ਬੈਠ ਕੇ ਭੋਜਨ ਛੱਕਣ ਤੋਂ ਮੇਰਾ ਬ੍ਰਾਹਮਣ ਪੁਣਾ ਟੁੱਟਦਾ ਸੀ। ਤਾਂ ਹਜ਼ੂਰ ਨੇ ਇਸ ਪਾਵਨ ਸ਼ਬਦ ਰਾਹੀਂ ਬ੍ਰਾਹਮਣ ਕੌਣ ਹੋ ਸਕਦਾ ਹੈ, ਬ੍ਰਾਹਮਣ ਪੁਣਾ ਕਿਸ ਤਰ੍ਹਾਂ ਰਹਿ ਸਕਦਾ ਹੈ, ਦਸਿਆ ਹੈ :

**ਸਲੋਕੁ ਮਃ ੩ ॥ ਬ੍ਰਹਮੁ ਬਿੰਦੈ ਤਿਸ ਦਾ ਬ੍ਰਹਮਤੁ ਰਹੈ ਏਕ ਸਬਦਿ ਲਿਵ ਲਾਇ ॥ ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ ਜੋ ਹਰਿ ਹਿਰਦੈ ਸਦਾ ਵਸਾਇ ॥ ਬਿਨੁ ਸਤਿਗੁਰ ਨਾਉ ਨ ਪਾਈਐ ਬੁਝਹੁ ਕਰਿ ਵੀਚਾਰੁ ॥ ਨਾਨਕ ਪੂਰੈ ਭਾਗਿ ਸਤਿਗੁਰੁ ਮਿਲੈ ਸੁਖੁ ਪਾਏ ਜੁਗ ਚਾਰਿ ॥ ੧ ॥**

## ਪਦ ਅਰਥ :

ਬ੍ਰਹਮੁ ਬਿੰਦੈ-(ਜੋ) ਬ੍ਰਹਮ ਨੂੰ ਜਾਣਦਾ-ਪਛਾਣਦਾ ਹੈ। ਬ੍ਰਹਮਤੁ-ਬ੍ਰਾਹਮਣਪੁਣਾ, ਬ੍ਰਾਹਮਣ ਵਾਲੇ ਲੱਛਣ। ਏਕ ਸਬਦਿ-ਕੇਵਲ ਸ਼ਬਦ ਵਿਚ। ਨਵ ਨਿਧੀ-ਨੌ ਨਿਧੀਆਂ (ਅਸੁਨ, ਬਸ਼ਨ, ਭੂ, ਕਨਕ ਫੁਨ, ਦਾਸੀ ਚੋਬ, ਗੁਲਾਮ। ਰਥਵਾਹੇ, ਹਿੰਡੋਲੇ, ਜਾਨੀਐ, ਯਹ ਨੌ ਨਿਧ ਕੇ ਹੈ ਨਾਮ)

ਅਸੁਨ-ਭੋਜਨ। ਬਸਨ-ਬਸਤਰ। ਭੂ-ਧਰਤੀ। ਕਨਕ=ਸੋਨਾ। ਦਾਸੀ-ਦਾਸੀਆਂ। ਚੋਬ-ਚੋਬਦਾਰ। ਗੁਲਾਮ-ਨੌਕਰ, ਚਾਕਰ। ਰਥਵਾਹੇ-ਰਥ (ਅਸਵਾਰੀਆਂ)। ਹਿੰਡੋਲੇ-ਪਾਲਕੀਆਂ। ਵਿਦਵਾਨਾਂ ਨੇ ਇਹ ਨੌ ਨਿਧੀਆਂ ਮੰਨੀਆਂ ਹਨ।)

ਅਠਾਰਹ ਸਿਧੀ- ਅਠਾਰਾਂ ਸਿਧੀਆਂ। ਅਠਾਰਾਂ ਸਿਧੀਆਂ ਦਾ ਨਿਰਣੈ :- ਜੋਗ ਅਭਿਆਸ ਤੋਂ ਪੈਦਾ ਹੋਈ ਮੁਖ ਤੇ ਗੌਣ ਸ਼ਕਤੀ ਦਾ ਨਾਮ ਸਿਧੀ ਹੈ। ਇਹਨਾਂ ਵਿਚੋਂ ੮ ਮੁਖ ਤੇ ੧੦ ਗੌਣ ਹਨ। ੧.ਅਣਿਮਾ-ਪ੍ਰਮਾਣੂ ਤੁਲ ਸੂਛਮ ਹੋ ਜਾਣਾ ੨. ਮਹਿਮਾ-ਮਹਾ ਸਥੂਲ ਹੋ ਜਾਣਾ। ੩. ਗਰਿਮਾ-ਰੂਈ ਜੈਸੇ ਹਲਕੇ ਪਦਾਰਥ ਦਾ ਭਾਰੀ ਹੋ ਜਾਣਾ। ੪. ਲਘਿਮਾ-ਪ੍ਰਬਤ ਜੈਸੇ ਭਾਰੀ ਪਦਾਰਥ ਦਾ ਰੂੰਈਂ ਤੁਲ ਹਲਕੇ ਹੋ ਜਾਣਾ। ੫. ਪ੍ਰਾਪਤੀ-ਸਭ ਪਦਾਰਥਾਂ ਦਾ ਇੱਛਿਆ ਅਨੁਸਾਰ ਹੱਥ ਵਿਚ ਆ ਜਾਣਾ। ੬. ਪ੍ਰਕਾਰਮਯ-ਰੁਕਾਵਟ ਬਿਨਾਂ ਜਲ ਦੀ ਤਰ੍ਹਾਂ ਪ੍ਰਿਥਵੀ ਵਿਚ ਲੈਅ ਹੋ ਜਾਣਾ ਅਰ ਇਛਿਆ ਅਨੁਸਾਰ ਫਿਰ ਪ੍ਰਗਟ ਹੋਵਣਾ ੭.

ਵਸੀਕਰਣ-ਭੌਤਿਕ ਪਦਾਰਥਾਂ ਨੂੰ ਆਪਣੀ ਆਗਿਆ ਵਿਚ ਕਰ ਲੈਣਾ। ੮. ਈਸ਼ਤਾ-ਪਦਾਰਥਾਂ ਨੂੰ ਰਚਣ ਅਤੇ ਲੈਅ ਕਰਣ ਦੀ ਸ਼ਕਤੀ ਹੋਣੀ। ੯. ਅਨਰੂਪੀ-ਖੁਧਾ ਤ੍ਰਿਖਾ ਆਦਿਕ ਤਕਲੀਫ਼ਾਂ ਨਾ ਬਿਆਪਣੀਆਂ। ੧੦. ਸ੍ਰਵਣ-ਦੂਰ ਬੈਠਿਆਂ ਨੇਤਰਾਂ ਨਾਲ ਸਭ ਨੂੰ ਦੇਖ ਲੈਣਾ। ੧੧. ਦਰਸ਼ਨ-ਦੂਰ ਬੈਠਿਆਂ ਆਪਣੇ ਨੇਤਰਾਂ ਨਾਲ ਸਭ ਨੂੰ ਦੇਖ ਲੈਣ। ੧੨. ਮਨੋਵੇਗ-ਮਨ ਦੇ ਵੇਗ ਅਨੁਸਾਰ ਜਿਥੇ ਦਲੀਲ ਹੋਵੇ ਉਥੇ ਗਮਨ ਕਰਨਾ। ੧੩. ਕਾਮ ਰੂਪ-ਜੈਸੀ ਇਛਿਆ ਹੋਵੇ ਤੈਸਾ ਰੂਪ ਧਾਰਨ ਕਰ ਲੈਣਾ। ੧੪. ਪਰ ਕਾਯਾ ਪ੍ਰਵੇਸ਼-ਭੂਤ ਦੀ ਤਰ੍ਹਾਂ ਪਰਾਏ ਸਰੀਰ ਵਿਚ ਪ੍ਰਵੇਸ਼ ਕਰ ਜਾਣਾ। ੧੫. ਸਵਛੰਦ ਮ੍ਰਿਤਯੂ-ਆਪਣੀ ਇੱਛਾ ਅਨੁਸਾਰ ਮਰ ਜਾਣਾ ੧੬. ਸੁਰ ਕਰੀੜਾ-ਅਪਛਰਾਂ ਨਾਲ ਮਿਲ ਕੇ ਵਿਚਰਦੇ ਦੇਵਤਿਆਂ ਨੂੰ ਦੇਖਣਾ। ੧੭. ਸੰਕਲਪ-ਜੋ ਚਿਤਵਣਾ ਸੋ ਪੂਰਾ ਹੋਣਾ। ੧੮. ਅਪ੍ਰਤਿਹਤ-ਜਿਥੇ ਜਾਣਾ ਚਾਹੇ ਉਥੇ ਝਟ ਪੁਜ ਜਾਣਾ। ਇਨ੍ਹਾਂ ਅਠਾਰਾਂ ਸਿੱਧੀਆਂ ਦੇ ਨਾਮ ਇਸ ਪ੍ਰਕਾਰ ਆਏ ਹਨ :

***ਦੋਹਰਾ-*** *ਅਣਮਾ ਪ੍ਰਮਾਣੂ ਹੋਇਕੈ, ਸਭ ਥਾਂ ਕਰੇ ਪ੍ਰਵੇਸ।*
*ਮਹਿਮਾ ਤਨ ਬਿਸਥਾਰ ਕਰ, ਬਾਵਨ ਜਿਉ ਬਡ ਵੇਸ।*
*ਗਰਮਾ ਸੂਖਮ ਹੋ ਬਲੀ, ਅੰਗਦ ਲਾਤ ਸਮਾਨ।*
*ਲਘੁਮਾ ਭਾਰੀ ਤੇ ਬਣੇ, ਛੋਟਾ ਦੇਹਿ ਅਸਾਨ।*
*ਪ੍ਰਾਪਤ ਮਨ ਬਾਂਛਤ ਕਰੈ, ਜੋ ਇਛਾ ਹੋਇ ਚੀਜ।*
*ਪ੍ਰਾਕਾਮ ਜਲ ਜਿਉ ਲੈ ਹੁਵੈ, ਲਖਤਾ ਮਨ ਕੀ ਥੀਜ।*
*ਈਸ਼ਤਾ ਇਛਾ ਆਪਣੀ, ਪ੍ਰੇਰਣ ਸਭ ਕਰ ਲੇਇ।*
*ਬਸਿਤਾ ਜੋ ਕਾਮਨਾ ਭਈ, ਪੂਰਨ ਆਗਿਆ ਕੇਇ।*
*ਅਸ਼ਟ ਸਿਧ ਏਹੁ ਮੁਖ ਹੈ, ਗੌਣ ਸੋ ਦਸ ਪਹਿਚਾਨ।*
*ਜੋਗ ਅਭਿਆਸੀ ਗੌਣ ਮੁਖ, ਸ਼ਕਤੀ ਸਿਧੀ ਜਾਨ।*
*ਅਨੁਰੂਪੀ ਤ੍ਰਿਖਾਦਿ ਖਟ, ਉਰਮੀ ਨਾਹਿ ਬਿਆਪ।*
*ਦੂਰ ਸ੍ਰਵਣ ਦੂਰ ਬੈਠਿਆਂ, ਸਭ ਕੀ ਬਾਤ ਸੁਣ ਆਪ।*
*ਦੂਰ ਦਰਸ਼ਨ ਦੂਰ ਹੋਤ ਹੀ, ਸਭ ਕੋ ਨੇਤ੍ਰੀ ਦੇਖ।*
*ਮਨੋ ਵੇਗ ਮਨ ਫ਼ੁਰਨ ਤੇ, ਜਾਵੈ ਚਾਹਿ ਜਿ ਪੇਖ।*
*ਕਾਮ ਰੂਪ ਤੈਸਾ ਬਣੇ, ਜੈਸੀ ਰੂਪ ਹੋ ਚਾਹਿ।*
*ਪਰ ਕਾਂਇ ਪ੍ਰਵੇਸ਼ ਪਰਿ, ਦੇਹ ਮੇਂ ਭੂਤ ਜਿਉਂ ਧਾਹਿ।*
*ਸੁਛੰਦ ਮ੍ਰਿਤੂ ਨਿਜ ਇਛਤੇ, ਦੇਹੀ ਦੇਵੈ ਛੋਰ।*
*ਸੁਰ ਕਰੀੜਾ ਦਰਸ਼ਨ ਸਿਧੀ, ਦੇਵ ਅਪਛਰਾਂ ਹੇਰ।*

***ਸੰਕਲਪ ਸਿਧ ਪੂਰਣ ਕਰੈ, ਰਿਦੈ ਮਨੋਰਥ ਜੋਇ।***
***ਅਪ੍ਰਿਤਿਹਤ ਗਤ ਚਾਹਿ ਜਹਿ, ਜਾਵੈ ਝਟ ਪਟ ਸੋਇ।***

(ਬ੍ਰਹਮ ਵੈਵਰਤ ਪੁਰਾਣ)

ਪਰ ਇਹਨਾਂ ਵਿਚ ਪਰਚਣ ਦੀ ਗੁਰੂ ਕੀ ਆਗਿਆ ਨਹੀਂ ਹੈ। ਗੁਰਬਾਣੀ ਦਾ ਫ਼ੁਰਮਾਣ ਹੈ-

***ਰਿਧਿ ਸਿਧਿ ਸਭੁ ਮੋਹੁ ਹੈ, ਨਾਮੁ ਨ ਵਸੈ ਮਨਿ ਆਇ॥***

(ਅੰਗ ੫੯੩)

ਨਾਉ-ਨਾਮ। ਬੁਝਹੁ-ਸਮਝਣਾ। ਕਰਿ ਵੀਚਾਰੁ-ਵੀਚਾਰ ਕਰਕੇ। ਜੁਗ ਚਾਰਿ-ਚਾਰੇ ਜੁਗਾਂ ਵਿਚ (ਭਾਵ ਹਰ ਸਮੇਂ)। ੧।

## ਅਰਥ :

(ਹੇ ਭਾਈ ! ਜੋ) ਬ੍ਰਹਮ ਨੂੰ ਜਾਣਦਾ ਪਛਾਣਦਾ ਹੈ (ਅਤੇ) ਇਕ ਸ਼ਬਦ (ਬ੍ਰਹਮ) ਵਿਚ ਸੁਰਤ ਜੋੜੀ ਰੱਖਦਾ ਹੈ, ਉਸ ਦਾ ਬ੍ਰਾਹਮਣ ਪੁਣਾ (ਕਾਇਮ) ਰਹਿੰਦਾ ਹੈ (ਅਤੇ) ਜੋ ਮਨੁੱਖ ਨਾਮ ਨੂੰ ਹਿਰਦੇ ਵਿਚ ਸਦਾ ਵਸਾਂਦਾ ਹੈ, ਨੌਂ-ਨਿਧੀਆਂ ਅਤੇ ਅਠਾਰਾਂ ਸਿੱਧੀਆਂ (ਸ਼ਕਤੀਆਂ) ਉਸ ਦੇ ਪਿੱਛੇ (ਪਿੱਛੇ) ਲੱਗੀਆਂ ਫਿਰਦੀਆਂ ਹਨ। ਸਤਿਗੁਰੂ ਦੀ (ਬਖ਼ਸ਼ਿਸ਼ ਤੋਂ) ਬਿਨਾਂ ਹਰੀ ਨਾਮ ਪ੍ਰਾਪਤ ਨਹੀਂ ਹੁੰਦਾ, ਇਹ ਵੀਚਾਰ ਕਰਕੇ ਸਮਝ ਲਉ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਪੂਰੇ ਭਾਗਾਂ ਕਰਕੇ ਸਤਿਗੁਰੂ ਮਿਲਦਾ ਹੈ, (ਜਿਸ ਨੂੰ ਗੁਰੂ ਦਾ ਮਿਲਾਪ ਹੋਇਆ ਹੈ) ਉਹ ਮਨੁੱਖ ਚੌਹਾਂ ਜੁੱਗਾਂ ਵਿਚ (ਭਾਵ ਹਰ ਸਮੇਂ) ਸੁੱਖ ਪਾਉਂਦਾ ਹੈ।੧।

**ਮਃ ੩ ॥ ਕਿਆ ਗਭਰੂ ਕਿਆ ਬਿਰਧਿ ਹੈ ਮਨਮੁਖ ਤ੍ਰਿਸਨਾ ਭੁਖ ਨ ਜਾਇ ॥ ਗੁਰਮੁਖਿ ਸਬਦੇ ਰਤਿਆ ਸੀਤਲੁ ਹੋਏ ਆਪੁ ਗਵਾਇ ॥ ਅੰਦਰੁ ਤ੍ਰਿਪਤਿ ਸੰਤੋਖਿਆ ਫਿਰਿ ਭੁਖ ਨ ਲਗੈ ਆਇ ॥ ਨਾਨਕ ਜਿ ਗੁਰਮੁਖਿ ਕਰਹਿ ਸੋ ਪਰਵਾਣੁ ਹੈ ਜੋ ਨਾਮਿ ਰਹੇ ਲਿਵ ਲਾਇ ॥ ੨ ॥**

## ਪਦ ਅਰਥ :

ਕਿਆ-ਕੀ। ਗਭਰੂ-ਜੁਆਨ। ਬਿਰਧਿ-ਬੁੱਢਾ। ਗੁਰਮੁਖਿ-ਗੁਰੂ ਅਨੁਸਾਰੀ ਸਿੱਖ। ਆਪੁ ਗਵਾਇ-ਆਪਾ (ਹੰਕਾਰ) ਮਿਟਾ ਕੇ। ੨।

## ਅਰਥ :

ਮ: ੩ ॥ ਕੀ ਜੁਆਨ ਤੇ ਕੀ ਬੁੱਢਾ (ਜੋ) ਮਨਮੁੱਖ ਹੈ, ਉਸਦੀ ਮਾਇਆ ਦੀ ਤ੍ਰਿਸ਼ਨਾ ਤੇ ਪਦਾਰਥਾਂ ਦੀ ਭੁੱਖ ਨਹੀਂ ਜਾਂਦੀ। ਗੁਰੂ ਸਾਹਿਬ ਦੀ ਸਿੱਖਿਆ 'ਤੇ ਟੁਰਨ ਵਾਲੇ ਮਨੁੱਖ, ਗੁਰ ਸ਼ਬਦ ਵਿਚ ਰੰਗੇ ਹੋਣ ਕਰਕੇ, ਆਪਣੇ ਅੰਦਰੋਂ ਹੰਕਾਰ ਦੂਰ ਕਰਕੇ, ਸ਼ੀਤਲ ਹੋਏ ਹਨ। ਉਹਨਾਂ ਦਾ ਅੰਦਰਲਾ (ਹਿਰਦਾ) ਤ੍ਰਿਪਤ

ਹੋਣ ਕਰਕੇ ਸੰਤੋਖਿਆ (ਰਜਿਆ) ਰਹਿੰਦਾ ਹੈ, ਇਸ ਤਰ੍ਹਾਂ ਉਹਨਾਂ ਨੂੰ ਫਿਰ ਆਕੇ (ਤ੍ਰਿਸ਼ਨਾ ਤੇ ਭੁੱਖ) ਨਹੀਂ ਲੱਗਦੀ। ਨਾਨਕ (ਗੁਰੂ ਉਚਾਰਨ ਕਰਦੇ ਹਨ ਕਿ) ਜੋ ਗੁਰਮੁਖ ਨਾਮ ਵਿਚ ਲਿਵ ਲਗਾ ਕੇ ਰਹਿੰਦੇ ਹਨ, ਉਹ ਜੋ ਕੁਝ ਕਰਦੇ ਹਨ, ਪ੍ਰਭੂ-ਦਰ 'ਤੇ ਪਰਵਾਣ ਹੁੰਦਾ ਹੈ।੨।

**ਪਉੜੀ ॥ ਹਉ ਬਲਿਹਾਰੀ ਤਿੰਨ ਕੰਉ ਜੋ ਗੁਰਮੁਖਿ ਸਿਖਾ ॥ ਜੋ ਹਰਿ ਨਾਮੁ ਧਿਆਇਦੇ ਤਿਨ ਦਰਸਨੁ ਪਿਖਾ ॥ ਸੁਣਿ ਕੀਰਤਨੁ ਹਰਿ ਗੁਣ ਰਵਾ ਹਰਿ ਜਸੁ ਮਨਿ ਲਿਖਾ ॥ ਹਰਿ ਨਾਮੁ ਸਲਾਹੀ ਰੰਗ ਸਿਉ ਸਭ ਕਿਲਵਿਖ ਕ੍ਰਿਖਾ ॥ ਧਨੁ ਧੰਨੁ ਸੁਹਾਵਾ ਸੋ ਸਰੀਰੁ ਥਾਨੁ ਹੈ ਜਿਥੈ ਮੇਰਾ ਗੁਰੁ ਧਰੇ ਵਿਖਾ ॥ ੧੯ ॥**

## ਪਦ ਅਰਥ :

ਸਿਖਾ-ਸਿੱਖ। ਪਿਖਾ-ਵੇਖਿਆ। ਰਵਾ-ਉਚਾਰਨ ਕਰਾਂ। ਲਿਖਾ-ਲਿਖਾਂ। ਰੰਗ ਸਿਉ-ਪ੍ਰੇਮ ਨਾਲ (ਮਸਤੀ ਵਿਚ ਆਕੇ)। ਕ੍ਰਿਖਾ-ਕੱਟ ਦਿਆਂ। ਸੁਹਾਵਾ-ਸੋਹਣਾ। ਸਰੀਰੁ ਥਾਨੁ-ਸਰੀਰ ਰੂਪੀ ਥਾਂ। ਵਿਖਾ-ਕਦਮ, ਪੈਰ।੯।

## ਅਰਥ :

ਪਉੜੀ॥ ਜੋ ਗੁਰਮੁਖਿ ਗੁਰੂ ਕੇ ਸਿੱਖ ਹਨ, ਮੈਂ ਉਹਨਾਂ ਤੋਂ ਵਾਰਨੇ ਜਾਂਦਾ ਹਾਂ। ਜੋ ਹਰੀ ਨਾਮ ਧਿਆਉਂਦੇ ਹਨ, (ਮੇਰਾ ਚਿਤ ਕਰਦਾ ਹੈ ਕਿ ਮੈਂ ਉਹਨਾਂ) ਦਾ ਦਰਸ਼ਨ ਕਰਾਂ ਅਤੇ ਉਨ੍ਹਾਂ ਗੁਰਮੁਖਾਂ ਪਾਸੋਂ (ਹਰੀ ਕੀਰਤਨ ਸੁਣ ਕੇ ਮੈਂ ਹਰੀ ਦੇ ਗੁਣ ਉਚਾਰਨ ਕਰਾਂ (ਅਤੇ) ਹਰੀ ਜਸ (ਮੈਂ ਆਪਣੇ) ਮਨ ਵਿਚ ਲਿਖ ਲਵਾਂ। ਪ੍ਰੇਮ ਸਹਿਤ ਹਰੀ ਨਾਮ ਸਾਲਾਹੁਣ ਵਿਚ ਲੱਗ ਕੇ (ਨਾਮ ਸ਼ਕਤੀ ਨਾਲ) ਸਾਰੇ ਪਾਪਾਂ ਨੂੰ ਕੱਟ ਦਿਆਂ। ਉਹ ਸਰੀਰ ਰੂਪ ਸਥਾਨ ਸੋਹਣਾ ਤੇ ਧੰਨਤਾ ਯੋਗ ਹੈ, ਜਿਥੇ ਮੇਰਾ ਗੁਰੂ (ਆਪਣੇ ਪਾਵਣ) ਕਦਮ (ਚਰਨ) ਰੱਖਦਾ ਹੈ।੧੯।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੭੭ (ਅੰਗ ੬੫੧-੫੨)

ਸਲੋਕੁ ਮਃ ੩ ॥ ਗੁਰ ਸੇਵਾ ਤੇ ਸੁਖੁ ਊਪਜੈ ਫਿਰਿ ਦੁਖੁ ਨ ਲਗੈ ਆਇ ॥ ਜੰਮਣੁ ਮਰਣਾ ਮਿਟਿ ਗਇਆ ਕਾਲੈ ਕਾ ਕਿਛੁ ਨ ਬਸਾਇ ॥ ਹਰਿ ਸੇਤੀ ਮਨੁ ਰਵਿ ਰਹਿਆ ਸਚੇ ਰਹਿਆ ਸਮਾਇ ॥ ਨਾਨਕ ਹਉ ਬਲਿਹਾਰੀ ਤਿੰਨ ਕਉ ਜੋ ਚਲਨਿ ਸਤਿਗੁਰ ਭਾਇ ॥ ੧ ॥ ਮਃ ੩ ॥ ਬਿਨੁ ਸਬਦੈ ਸੁਧੁ ਨ ਹੋਵਈ ਜੇ ਅਨੇਕ ਕਰੈ ਸੀਗਾਰ ॥ ਪਿਰ ਕੀ ਸਾਰ ਨ ਜਾਣਈ ਦੂਜੈ ਭਾਇ ਪਿਆਰੁ ॥ ਸਾ ਕੁਸੁਧ ਸਾ ਕੁਲਖਣੀ ਨਾਨਕ ਨਾਰੀ ਵਿਚਿ ਕੁਨਾਰਿ ॥ ੨ ॥ ਪਉੜੀ ॥ ਹਰਿ ਹਰਿ ਅਪਣੀ ਦਇਆ ਕਰਿ ਹਰਿ ਬੋਲੀ ਬੈਣੀ ॥ ਹਰਿ ਨਾਮੁ ਧਿਆਈ ਹਰਿ ਉਚਰਾ ਹਰਿ ਲਾਹਾ ਲੈਣੀ ॥ ਜੋ ਜਪਦੇ ਹਰਿ ਹਰਿ ਦਿਨਸੁ ਰਾਤਿ ਤਿਨ ਹਉ ਕੁਰਬੈਣੀ ॥ ਜਿਨਾ ਸਤਿਗੁਰੁ ਮੇਰਾ ਪਿਆਰਾ ਅਰਾਧਿਆ ਤਿਨ ਜਨ ਦੇਖਾ ਨੈਣੀ ॥ ਹਉ ਵਾਰਿਆ ਅਪਣੇ ਗੁਰੂ ਕਉ ਜਿਨਿ ਮੇਰਾ ਹਰਿ ਸਜਣੁ ਮੇਲਿਆ ਸੈਣੀ ॥ ੨੪ ॥

# ਪ੍ਰਾਕ੍ਰਥਨ :-

ਤੀਸਰੇ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਦਾ ਇਹ ਪਾਵਨ ਸ਼ਬਦ ਸੋਰਠਿ ਦੀ ਵਾਰ ਅੰਦਰ ੨੪ਵੀਂ ਪਉੜੀ ਨਾਲ ਦੋ ਸਲੋਕਾਂ ਸਮੇਤ ਹੈ। ਪਉੜੀ ਗੁਰੂ ਰਾਮਦਾਸ ਜੀ ਦੀ ਅਤੇ ਸਲੋਕ ਗੁਰੂ ਅਮਰਦਾਸ ਜੀ ਦੇ ਉਚਾਰਨ ਕੀਤੇ ਹਨ। ਗੁਰਦੇਵ ਨੇ ਸ਼ਬਦ ਦੇ ਆਰੰਭ ਵਿਚ ਗੁਰੂ ਦੀ ਸੇਵਾ ਦੀ ਪ੍ਰੇਰਨਾ ਕਰਦਿਆਂ ਕਿਹਾ ਹੈ:-

***ਗੁਰ ਸੇਵਾ ਤੇ ਸੁਖੁ ਊਪਜੈ ਫਿਰਿ ਦੁਖੁ ਨ ਲਗੈ ਆਇ॥***

ਸੰਸਾਰ ਅੰਦਰ ਸਭ ਕੋਈ ਦੁੱਖੀ ਹੈ। ਦੁੱਖ ਬਿਰਤੀ ਦਾ ਸੱਚਾ ਇਲਾਜ ਗੁਰੂ ਦੀ ਸੇਵਾ ਕਰਨੀ ਦੱਸੀ ਹੈ।

## ਵਿਸ਼ਾ—ਸੇਵਾ ਕਿਸ ਨੂੰ ਕਹਿੰਦੇ ਹਨ

ਸੇਵਾ-ਆਪਣੇ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਪਹੁੰਚ ਕੇ ਉਹਨਾਂ ਦੀ ਆਗਿਆ ਅਨੁਸਾਰ ਜਲ ਲਿਆ ਕੇ ਇਸ਼ਨਾਨ ਕਰਾਉਣਾ, ਪੱਖਾ ਝੱਲਣਾ, ਝਾੜੂ ਫੇਰਨਾ, ਗੁਰੂ ਅਸਥਾਨ ਦਾ ਇਸ਼ਨਾਨਾਦਿਕ ਕਰਾਉਣਾ, ਪੂਜਾ ਆਦਿਕ ਕਰਨੀ, ਭੇਟਾ ਚੜ੍ਹਾਉਣੀ, ਇਹੋ ਜਿਹੇ ਕੰਮਾਂ ਦੇ ਕਰਨ ਨੂੰ ਸੇਵਾ ਕਹਿੰਦੇ ਹਨ। ਇਸੇ ਤਰ੍ਹਾਂ ਆਪ ਤੋਂ ਵੱਡਿਆਂ ਦੀ ਆਗਿਆ ਪਾਲਨ ਕਰਨੀ, ਗ਼ਰੀਬਾਂ ਅਨਾਥਾਂ 'ਤੇ ਦਇਆ ਕਰਕੇ ਉਹਨਾਂ ਦੀ ਸਹਾਇਤਾ ਕਰਨੀ, ਸੇਵਾ ਕਹੀ ਜਾਂਦੀ ਹੈ।

ਦੁਨੀਆਂ ਵਿਚ ਆ ਕੇ ਸੇਵਾ ਕਰਨੀ ਬੜੀ ਜ਼ਰੂਰੀ ਹੈ। ਸੇਵਾ ਤਾਂ ਹੀ ਹੋ ਸਕਦੀ ਹੈ ਜੇਕਰ ਮਨ ਨੀਵਾਂ ਹੋਵੇ।

ਮਨ ਨੀਵਾਂ ਹੋਣ ਕਰਕੇ ਅਹੰਕਾਰ ਸਹਿਤ ਆਸੁਰੀ ਸੰਪਦਾ ਦੇ ਵਿਕਾਰ ਦੂਰ ਹੋ ਜਾਂਦੇ ਹਨ ਤੇ ਮਨ ਪਵਿੱਤਰ ਹੋ ਜਾਂਦਾ ਹੈ। ਸੋ ਮਨ ਦੇ ਨਿਰਮਲ ਹੋਣ ਨਾਲ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਗਿਆਨ ਦੀ ਪ੍ਰਾਪਤੀ ਹੋਣ ਕਰਕੇ ਵਾਹਿਗੁਰੂ ਨਾਲ ਪ੍ਰੇਮ ਪੈਂਦਾ ਹੈ ਤੇ ਵਾਹਿਗੁਰੂ ਦੇ ਚਰਨਾਂ ਵਿਚ ਜਗ੍ਹਾ (ਢੋਈ) ਮਿਲਦੀ ਹੈ। ਸੋ ਸੇਵਾ ਕਰਨ ਵਾਲਾ ਜੀਵਨ (ਜਿਸ ਨੇ ਸੇਵਾ ਲਈ ਆਪਣਾ ਆਪ ਅਰਪਣ ਕਰ ਦਿੱਤਾ ਹੈ) ਉਹ ਹੀ ਦੁਨੀਆਂ ਵਿਚ ਸਫਲਾ ਹੈ, ਇਸ ਵਾਸਤੇ ਭਾਈ ਗੁਰਦਾਸ ਜੀ ਨੇ ਸਰੀਰ ਦੇ ਅੰਗਾਂ ਦੀ ਸਫਲਤਾ ਹੋਣੀ ਇਸ ਪ੍ਰਕਾਰ ਦੱਸੀ ਹੈ :

***ਚਿਰੰਕਾਲ ਮਾਨਸ ਜਨਮ ਨਿਰਮੋਲੁ ਪਾਏ, ਸਫਲ ਜਨਮ ਗੁਰ ਚਰਨ ਸਰਨ ਕੈ।***
***ਲੋਚਨ ਅਮੋਲ ਗੁਰ ਦਰਸ ਅਮੋਲ ਦੇਖੇ ਸ੍ਰਵਨ ਅਮੋਲ ਗੁਰ ਬਚਨ ਧਰਨ ਕੈ।***
***ਨਾਸਕਾ ਅਮੋਲ ਚਰਨਾਰਬਿੰਦ ਬਾਸਨਾ ਕੈ, ਰਸਨਾ ਅਮੋਲ ਗੁਰ ਮੰਤ੍ਰ ਸਿਮਰਨ ਕੈ।***
***ਹਸਤ ਅਮੋਲ ਗੁਰਦੇਵ ਸੇਵ ਕੈ ਸਫਲ, ਚਰਨ ਅਮੋਲ ਪਰਦਛਨਾ ਕਰਨ ਕੈ॥੧੭॥***

(ਕਬਿੱਤ ਸਵੱਯੇ)

ਸੇਵਾ ਕਰਨੀ ਸਭ ਤੋਂ ਚੰਗੀ ਗੱਲ ਹੈ। ਜਿਵੇਂ ਪੰਜਾਬੀ ਦੀ ਕਹਾਵਤ ਹੈ-'ਕਰ ਸੇਵਾ ਤੇ ਖਾਹ ਮੇਵਾ' ਤਾਂ ਤੇ ਗੁਰੂ ਘਰ ਦੇ ਵਿਚ ਸੇਵਾ ਹੀ ਮੁੱਖ ਕਹੀ ਗਈ ਹੈ।

ਜਿਵੇਂ ਸਤਿਗੁਰੂ ਨਾਨਕ ਦੇਵ ਜੀ ਦੇ ਹਜ਼ੂਰ (ਬਾਬੇ ਲਹਿਣੇ) ਗੁਰੂ ਅੰਗਦ ਦੇਵ ਜੀ ਨੇ ਸੇਵਾ ਕਰਕੇ ਦਿਖਾਈ, ਤੇ ਉਹਨਾਂ ਦੇ ਹਜ਼ੂਰ ਗੁਰੂ ਅਮਰਦਾਸ ਜੀ ਨੇ ਸੇਵਾ ਕਰਕੇ ਦਿਖਾਈ। ਇਸੇ ਵਾਸਤੇ ਗੁਰੂ ਜੀ ਨੇ ਸੇਵਾ ਦੀ ਬਾਬਤ ਗੁਰਬਾਣੀ ਵਿਚ ਇਸ ਪ੍ਰਕਾਰ ਹੁਕਮ ਦਿੱਤਾ ਹੈ। ਯਥਾ ਗੁਰਵਾਕ :

***ਨਿਹਕਪਟ ਸੇਵਾ ਕੀਜੈ ਹਰਿ ਕੇਰੀ***
***ਤਾਂ ਮੇਰੇ ਮਨ ਸਰਬ ਸੁਖ ਪਈਐ॥***

(ਗੋਂਡ ਮ: ੪, ਅੰਗ ੮੬੧)

ਸੋਢੀ ਪਾਤਸ਼ਾਹ ਗੁਰੂ ਰਾਮਦਾਸ ਜੀ ਪਾਸ ਮੁੱਖੀ-ਮੁੱਖੀ ਗੁਰਸਿੱਖਾਂ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ! ਸਾਨੂੰ ਉਹ ਰਸਤਾ ਦੱਸੋ, ਜਿਸ ਰਸਤੇ ਚੱਲਣ ਕਰਕੇ ਸਾਡੀ ਕਲਿਆਨ ਹੋਵੇ। ਤਦ ਉਹਨਾਂ ਦੀ ਬੇਨਤੀ ਸੁਣ ਕੇ ਸਤਿਗੁਰੂ ਜੀ ਨੇ ਜੋ ਉਪਦੇਸ਼ ਦਿੱਤਾ ਕਲਿਆਣ ਦੀ ਪ੍ਰਾਪਤੀ ਦਾ, ਉਹ ਪ੍ਰਸੰਗ ਚੂੜਾਮਣਿ ਕਵੀ ਸੰਤੋਖ ਸਿੰਘ ਜੀ ਨੇ ਇਸ ਤਰ੍ਹਾਂ ਲਿਖਿਆ ਹੈ:-

***ਰਾਮਦਾਸ ਸਤਿਗੁਰੂ ਉਚਾਰਾ। ਪ੍ਰਿਥਮ ਤਜੋ ਮਨ ਕੋ ਹੰਕਾਰਾ॥ ੨੦॥***
***ਗਹੋ ਨਿੰਮ੍ਰਤਾ ਤਯਾਗੋ ਮਤਸਰ। ਕਰਉ ਨ ਨਿੰਦਾ ਅਵਗੁਨ ਪਰ ਹਰਿ।***
***ਜੋ ਘਰ ਆਯੋ ਸਿਖ ਨਿਹਰੀਅਹਿ। ਨਿਜ ਨਿਜ ਘਰ ਤੇ ਸੇਵਾ ਕਰੀਅਹਿ॥੨੧॥***
***ਭੋਜਨ ਬਸਤ੍ਰ ਭਾਓ ਧਰ ਦੀਜਹਿ। ਮਾਨਹਿ ਬਾਕ ਨ ਫੇਰਨ ਕੀਜਹਿ।***
***ਜੋ ਸਿਖ ਕੋ ਹੋਇ ਕਾਜ ਬਡੇਰਾ। ਬਿਨ ਧਨ ਸਰਹਿ ਨ ਜੋ ਅਸ ਹੇਰਾ॥੨੨॥***
***ਸਪ ਮਿਲ ਕਰ ਉਚਰਉ ਅਰਦਾਸ। ਸਭ ਤੇ ਇਕ ਬਲ ਕਰ ਨਿਜ ਪਾਸ।***
***ਸਿਖ ਕੋ ਕਾਰਜ ਦੀਜਹਿ ਸਾਰ। ਤਦ ਪ੍ਰਾਪਤ ਤੁਮ ਕੋ ਸੁਖ ਕਾਰ॥੨੩॥***
***ਜਹਿ ਸਤਿ ਸੰਗਤ ਕੋ ਸਮਦਾਇ। ਕਥਾ ਕੀਰਤਨ ਕਰਹਿ ਬਨਾਇ।***
***ਤਹਾਂ ਜਾਇ ਸੰਧਿਆ ਅਰ ਪ੍ਰਾਤੀ। ਧਰਉ ਪ੍ਰੀਤ ਕਰਿ ਮਤਿ ਕੋ ਰਾਤੀ॥੨੪॥***

(ਰਾਸ ੧, ਅਧਯਾਯ ੬੪)

ਇਸ ਲਈ ਸੇਵਾ ਕਰਨ ਨਾਲ ਹੱਥ ਸਫਲ ਹੁੰਦੇ ਹਨ। ਪੈਰ ਸਕਾਰਥ ਹੁੰਦੇ ਹਨ ਪਰਮਾਰਥ ਦੇ ਮਾਰਗ 'ਤੇ ਚੱਲਦਿਆਂ। ਜ਼ਬਾਨ ਸਫਲ ਹੁੰਦੀ ਹੈ ਜਪ ਕੀਤਿਆਂ ਅਤੇ ਨੇਤ੍ਰ ਸਫਲ ਹੁੰਦੇ ਹਨ ਗੁਰੂ ਅਤੇ ਸੰਗਤ ਦੇ ਦਰਸ਼ਨ ਕੀਤਿਆਂ :

***ਪਾਵ ਸੁਹਾਵੇ ਜਾਂ ਤਉ ਧਿਰਿ ਜੁਲਦੇ ਸੀਸੁ ਸੁਹਾਵਾ ਚਰਣੀ॥***
***ਮੁਖੁ ਸੁਹਾਵਾ ਜਾਂ ਤਉ ਜਸੁ ਗਾਵੈ ਜੀਉ ਪਇਆ ਤਉ ਸਰਣੀ॥***

(ਮਹਲਾ ੫, ਅੰਗ ੯੬੪)

ਤਥਾ:

***ਚਰਣ ਤ ਪਰ ਸਕਯਥ ਚਰਣ ਗੁਰ ਅਮਰ ਪਵਲਿ ਰਯ॥***
***ਹਥ ਤ ਪਰ ਸਕਯਥ ਹਥ ਲਗਹਿ ਗੁਰ ਅਮਰ ਪਯ॥***
***ਜੀਹ ਤ ਪਰ ਸਕਯਥ ਜੀਹ ਗੁਰ ਅਮਰੁ ਭਣਿਜੈ॥***
***ਨੈਣ ਤ ਪਰ ਸਕਯਥ ਨਯਣਿ ਗੁਰੁ ਅਮਰੁ ਪਿਖਿਜੈ॥***
***ਸ੍ਰਵਣ ਤ ਪਰ ਸਕਯਥ ਸ੍ਰਵਣਿ ਗੁਰੁ ਅਮਰੁ ਸੁਣਿਜੈ॥***
***ਸਕਯਥੁ ਸੁ ਹੀਉ ਜਿਤੁ ਹੀਅ ਬਸੈ ਗੁਰ ਅਮਰਦਾਸੁ ਨਿਜ ਜਗਤ ਪਿਤ॥***
***ਸਕਯਥੁ ਸੁ ਸਿਰੁ ਜਾਲਪੁ ਭਣੈ ਜੁ ਸਿਰੁ ਨਿਵੈ ਗੁਰ ਅਮਰ ਨਿਤ॥੧॥***

(ਸਵਈਏ ਮਹਲੇ ਤੀਜੇ ਕੇ, ਅੰਗ ੧੩੯੪)

ਗੁਰੂ ਘਰ ਦੇ ਇਤਿਹਾਸ ਪੜ੍ਹਨ 'ਤੇ ਪਤਾ ਲੱਗਦਾ ਹੈ ਕਿ ਸੇਵਾ ਕਰਨੀ ਕਿਤਨੀ ਉੱਤਮ ਹੈ। ਜੈਸੇ ਇਤਿਹਾਸ ਵਿਚ ਬਹੁਤ ਜਗ੍ਹਾ ਸੇਵਾ ਕਰਨ ਦਾ ਜ਼ਿਕਰ ਆਉਂਦਾ ਹੈ-

***ਮੁਖ ਤੇ ਅਰ ਮਨ ਤੇ ਸਦਾ ਲਿਵ ਨਾਮ ਲਗਾਵੈ॥***
***ਹਾਥਨ ਤੇ ਕਰ ਟਹਿਲ ਕੌ ਸਿਖ ਸੰਗਤ ਰਿਝਾਵੈ॥***
***ਸੋ ਮੈਨੂੰ ਪਯਾਰੋ ਅਧਕ ਹੈ ਬਸ ਰਹੋ ਸਦੀਵਾ॥***
***ਕਰਣੀ ਉਚੀ ਨਿਤ ਕਰੈ ਰਾਖੈ ਮਨ ਨੀਵਾ॥***

(ਰੁੱਤ ੩, ਅਧਯਾਯ ੪੩)

ਸੇਵਾ ਵੀ ਦੋ ਪ੍ਰਕਾਰ ਦੀ ਹੈ – ਇਕ ਸਕਾਮ ਸੇਵਾ ਤੇ ਇਕ ਨਿਸ਼ਕਾਮ ਸੇਵਾ। ਭਾਵੇਂ ਇਹ ਦੋਵੇਂ ਹੀ ਉੱਤਮ ਹਨ, ਕਿਉਂਕਿ ਸਿੱਖ ਨੇ ਜੋ ਕੁਝ ਮੰਗਣਾ ਹੈ ਗੁਰੂ ਜੀ ਕੋਲੋਂ ਹੀ ਮੰਗਣਾ ਹੈ ਤੇ ਗੁਰੂ ਜੀ ਇੱਛਾ ਪੂਰਕ ਹਨ, ਪੂਰੀਆਂ ਕਰਦੇ ਹਨ।

ਸੇਵਾ ਦੀ ਮਹਿਮਾ ਪੰਚਮ ਪਾਤਸ਼ਾਹ ਜੀ ਨੇ ਸਹਿਸਕ੍ਰਿਤੀ ਵਿਚ ਇਸ ਪ੍ਰਕਾਰ ਦੱਸੀ ਹੈ:

ਸਲੋਕ॥

***ਪਾਛੰ ਕਰੋਤਿ ਅਗ੍ਰਣੀਵਹਿ, ਨਿਰਾਸੰ ਆਸ ਪੂਰਨਹ॥***
***ਨਿਰਧਨ ਭਯੰ ਧਨਵੰਤਹ, ਰੋਗੀਅੰ ਰੋਗ ਖੰਡਨਹ॥***
***ਭਗਤ੍ਯੰ ਭਗਤਿ ਦਾਨੰ ਰਾਮ ਨਾਮ ਗੁਣ ਕੀਰਤਨਹ॥***
***ਪਾਰਬ੍ਰਹਮ ਪੁਰਖ ਦਾਤਾਰਹ ਨਾਨਕ ਗੁਰ ਸੇਵਾ ਕਿੰ ਨ ਲਭ੍ਯਤੇ॥੨੦॥***

(ਅੰਗ ੧੩੫੫)

## ਸਾਖੀ — ਲੰਗੜਾ ਸਿੱਖ

ਚੌਧਰੀਆਂ ਦੀ ਤਲਵੰਡੀ ਸੀ। ਇਕ ਲੰਗੜਾ ਸਿੱਖ ਉਥੇ ਰਹਿੰਦਾ ਸੀ, ਜੋ ਬਿਆਸਾ ਪਾਰ ਕਰਕੇ ਰੋਜ਼ ਗੁਰੂ ਜੀ ਦੇ ਲਈ ਸ਼ਰਧਾ ਨਾਲ ਦਹੀਂ ਲੈ ਕੇ ਆਉਂਦਾ ਸੀ ਪਰ ਉਹ ਡੰਗੋਰੀ ਨਾਲ ਤੁਰਦਾ ਸੀ। ਡਾ: ਭਾਈ ਬਲਵੀਰ ਸਿੰਘ ਜੀ ਨੇ 'ਸ਼ੁੱਧ ਸਰੂਪ' ਪੁਸਤਕ ਵਿਚ ਇਹ ਪ੍ਰਸੰਗ (ਕਾਠ ਦੀ ਘੋੜੀ) ਦੇ ਸਿਰਲੇਖ ਹੇਠ ਲਿਖਿਆ ਹੈ। ਇਕ ਦਿਨ ਪਿੰਡ ਦੇ ਨੰਬਰਦਾਰ ਨੇ ਉਸ ਦੀ ਡੰਗੋਰੀ ਖੋਹ ਲਈ। ਦੋ ਤਿੰਨ ਘੰਟੇ ਖਿਝਾਉਂਦਾ ਰਿਹਾ ਅਤੇ ਕਹਿਣ ਲੱਗਾ ਕਿ ਗੁਰੂ ਜੀ ਸਭ ਰੋਗੀਆਂ ਦੇ ਰੋਗ ਨਵਿਰਤ ਕਰਦੇ ਹਨ, ਤੇਰੀ ਲੱਤ ਠੀਕ ਨਹੀਂ ਕਰ ਸਕਦੇ? ਸਿੱਖ ਨੇ ਕਿਹਾ, ਮੈਂ ਕਦੇ ਗੁਰੂ ਜੀ ਨੂੰ ਕਿਹਾ ਹੀ ਨਹੀਂ। ਜਦੋਂ ਉਸਨੇ ਡੰਗੋਰੀ ਵਾਪਸ ਦਿੱਤੀ ਤਾਂ ਸਿੱਖ ਛੇਤੀ ਨਾਲ ਦਹੀਂ ਲੈ ਕੇ ਚਲ ਪਿਆ। ਇਧਰ ਸਾਰੇ ਲੰਗਰ ਵਿਚ ਸੰਗਤਾਂ ਨੂੰ ਪ੍ਰਸ਼ਾਦਾ ਵਰਤਾ ਦਿੱਤਾ ਤੇ ਗੁਰੂ ਜੀ ਅੱਗੇ ਵੀ ਪਰੋਸ ਦਿੱਤਾ। ਸੰਗਤ ਦੇਖ ਰਹੀ ਹੈ ਕਿ ਜਦੋਂ ਗੁਰੂ ਜੀ ਛਕਣਗੇ ਤਾਂ ਹੀ ਅਸੀਂ ਛਕਾਂਗੇ। ਗੁਰੂ ਜੀ ਇਸ ਦੀ ਉਡੀਕ ਕਰਦੇ ਸਨ। ਲਾਂਗਰੀ ਨੇ ਕਿਹਾ ਸਤਿਗੁਰੂ ਜੀ! ਆਪ ਭੋਜਨ ਛਕੋ। ਗੁਰੂ ਜੀ ਕਹਿਣ ਲੱਗੇ ਕਿ ਸਾਡਾ ਸਿੱਖ ਦਹੀਂ ਲੈ ਕੇ ਨਹੀਂ ਆਇਆ, ਅਸੀਂ ਉਸਨੂੰ ਉਡੀਕ ਰਹੇ ਹਾਂ। ਥੋੜ੍ਹੀ ਦੇਰ ਤੱਕ ਸਿੱਖ ਵੀ ਆ ਪਹੁੰਚਾ ਤੇ ਦਹੀਂ ਗੁਰਾਂ ਦੀ ਭੇਟ ਕੀਤਾ। ਗੁਰੂ ਜੀ ਨੇ ਪ੍ਰਸ਼ਾਦਾ ਛੱਕ ਕੇ ਪਿੱਛੋਂ ਸਿੱਖ ਨੂੰ ਬੁਲਾਇਆ ਤੇ ਕਿਹਾ, ਭਾਈ! ਅੱਜ ਦੇਰ ਕਿਉਂ ਲੱਗ ਗਈ ਹੈ? ਤਾਂ ਸਿੱਖ ਨੇ ਰਸਤੇ ਦੀ ਸਾਰੀ ਵਾਰਤਾ ਦੱਸੀ ਕਿ ਨੰਬਰਦਾਰ ਮੈਨੂੰ ਇਉਂ ਕਹਿੰਦਾ ਸੀ ਕਿ ਗੁਰੂ ਜੀ ਤੇਰੀ ਲੱਤ ਵੀ ਠੀਕ ਨਹੀਂ ਕਰ ਸਕਦੇ। ਤਾਂ ਗੁਰੂ ਜੀ ਕਹਿੰਦੇ ਹਨ ਕਿ ਸਾਨੂੰ ਭੀ ਤੇਰੀ ਲੱਤ ਠੀਕ ਕਰਨ ਦਾ ਖ਼ਿਆਲ ਨਹੀਂ ਆਇਆ। ਤੂੰ ਸ਼ਾਹ ਹੁਸੈਨ ਪਾਸ ਜਾਹ। ਉਸਨੂੰ ਕਹੀਂ ਕਿ ਗੁਰੂ ਜੀ ਨੇ ਕਿਹਾ ਹੈ ਕਿ ਮੇਰੀ ਲੱਤ ਠੀਕ ਕਰ ਦਿਉ। ਹੁਸੈਨ ਪਾਸ ਜੇ ਕੋਈ ਜਾਂਦਾ ਸੀ ਤਾਂ ਉਹ ਬਹੁਤ ਕੁਟਦਾ ਸੀ। ਇਹ ਸਿੱਖ ਡਰਦਾ-ਡਰਦਾ ਸ਼ਾਹ ਹੁਸੈਨ ਪਾਸ ਗਿਆ। ਸਾਰੀ ਗੱਲ ਸੁਣ ਕੇ ਕ੍ਰੋਧ ਨਾਲ ਸ਼ਾਹ ਹੁਸੈਨ ਨੇ ਆਪਣਾ ਡੰਡਾ ਚੁੱਕਿਆ ਤਾਂ ਇਹ ਡਰ ਕੇ ਭੱਜ ਪਿਆ ਤੇ ਡੰਗੋਰੀ ਦਾ ਖ਼ਿਆਲ ਭੁੱਲ ਗਿਆ, ਤੇ ਕੁਝ ਦੂਰ ਜਾ ਕੇ ਲੱਤ ਠੀਕ ਹੋਈ ਦੇਖੀ ਤਾਂ ਵਾਪਸ ਧੰਨਵਾਦ ਕਰਨ ਆਇਆ ਤਾਂ ਸ਼ਾਹ ਹੁਸੈਨ ਨੇ ਕਿਹਾ, ਲੱਤ ਤਾਂ ਗੁਰੂ ਜੀ ਨੇ ਆਪ ਹੀ ਠੀਕ ਕੀਤੀ ਹੈ ਤੇ ਐਵੇਂ ਹੀ ਮੇਰੇ ਸਿਰ ਲਾਈ ਹੈ। ਆਪ ਗੁਰੂ ਜੀ ਸਰਬ ਕਲਾ ਸਮਰੱਥ ਹਨ, ਪਰ ਦੂਸਰਿਆਂ ਨੂੰ ਸਤਿਕਾਰ ਦੇ ਕੇ ਨਿਵਾਜਦੇ ਹਨ।

**ਸਲੋਕੁ ਮਃ ੩ ॥ ਗੁਰ ਸੇਵਾ ਤੇ ਸੁਖੁ ਊਪਜੈ ਫਿਰਿ ਦੁਖੁ ਨ ਲਗੈ ਆਇ ॥ ਜੰਮਣੁ ਮਰਣਾ ਮਿਟਿ ਗਇਆ ਕਾਲੈ ਕਾ ਕਿਛੁ ਨ ਬਸਾਇ ॥ ਹਰਿ ਸੇਤੀ ਮਨੁ ਰਵਿ ਰਹਿਆ ਸਚੇ ਰਹਿਆ ਸਮਾਇ ॥ ਨਾਨਕ ਹਉ ਬਲਿਹਾਰੀ ਤਿੰਨ ਕਉ ਜੋ ਚਲਨਿ ਸਤਿਗੁਰ ਭਾਇ ॥ ੧ ॥**

### ਪਦ ਅਰਥ :

ਨ ਬਸਾਇ-ਵੱਸ ਨਹੀਂ ਚੱਲਦਾ। ਸੇਤੀ-ਨਾਲ। ਰਵਿ ਰਹਿਆ-ਮਿਲਿ ਰਿਹਾ ਹੈ। ਚਲਨਿ-ਚਲਦੇ

ਹਨ। ਭਾਇ-ਪਿਆਰ ਵਿਚ। ੧।

**ਅਰਥ :**

ਗੁਰੂ ਦੀ ਸੇਵਾ ਤੋਂ (ਸੱਚਾ ਤੇ ਸਦੀਵੀ) ਸੁੱਖ ਪੈਦਾ ਹੁੰਦਾ ਹੈ, (ਜਿਸ ਕਰਕੇ) ਫਿਰ ਕਦੇ ਵੀ ਦੁੱਖ ਆ ਕੇ ਨਹੀਂ ਲੱਗਦਾ। (ਜਿਸ ਨੇ ਗੁਰ ਸੇਵਾ ਕੀਤੀ ਹੈ) ਉਸ ਦਾ ਜੰਮਣਾ ਮਰਣਾ ਮਿਟ ਗਿਆ ਹੈ, (ਅਤੇ ਉਸ ਉੱਤੇ) ਜਮਕਾਲ ਦਾ ਵੀ ਕੁਝ ਵੱਸ ਨਹੀਂ ਚੱਲਦਾ । ਉਸ ਦਾ ਮਨ ਹਰੀ ਨਾਲ ਮਿਲ ਰਿਹਾ ਹੈ, (ਅਤੇ ਉਹ) ਸੱਚੇ (ਪ੍ਰਭੂ) ਵਿਚ ਸਮਾਇਆ ਰਹਿੰਦਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਮੈਂ ਉਹਨਾਂ ਤੋਂ ਸਦਕੇ ਜਾਂਦਾ ਹਾਂ ਜੋ ਸਤਿਗੁਰੂ ਦੇ ਭਾਣੇ ਵਿਚ ਚੱਲਦੇ ਹਨ।੧।

**ਮਃ ੩ ॥ ਬਿਨੁ ਸਬਦੈ ਸੁਧੁ ਨ ਹੋਵਈ ਜੇ ਅਨੇਕ ਕਰੈ ਸੀਗਾਰ ॥ ਪਿਰ ਕੀ ਸਾਰ ਨ ਜਾਣਈ ਦੂਜੈ ਭਾਇ ਪਿਆਰੁ ॥ ਸਾ ਕੁਸੁਧ ਸਾ ਕੁਲਖਣੀ ਨਾਨਕ ਨਾਰੀ ਵਿਚਿ ਕੁਨਾਰਿ ॥ ੨ ॥**

**ਪਦ ਅਰਥ :**

ਬਿਨੁ ਸਬਦੈ-(ਗੁਰੂ) ਉਪਦੇਸ਼ ਤੋਂ ਬਿਨਾਂ। ਸਾਰ-ਖ਼ਬਰ, ਕਦਰ। ਦੂਜੈ ਭਾਇ-ਦ੍ਵੈਤ ਭਾਵ (ਮਾਇਆ ਵਿਚ)। ਕੁਸੁਧ-ਅਪਵਿੱਤਰ। ਕੁਲਖਣੀ-ਕੋਹਝੇ ਲੱਛਣਾਂ ਵਾਲੀ। ਨਾਰੀ-ਨਾਰੀਆਂ, ਇਸਤਰੀਆਂ ਵਿਚ। ਕੁਨਾਰਿ-ਖੋਟੀ, ਵਿਭਚਾਰਨ ਇਸਤਰੀ।੨।

**ਅਰਥ :**

ਮ: ੩ ॥ (ਗੁਰੂ ਦੇ) ਸ਼ਬਦ=ਉਪਦੇਸ਼ ਤੋਂ ਬਿਨਾਂ ਇਹ (ਜੀਵ-ਇਸਤਰੀ) ਪਵਿੱਤਰ ਨਹੀਂ ਹੋ ਸਕਦੀ (ਭਾਵੇਂ) ਅਨੇਕ ਤਰ੍ਹਾਂ ਦਾ ਸ਼ਿੰਗਾਰ ਵੀ ਕਰੇ। (ਇਸ ਦਾ) ਦ੍ਵੈਤ ਭਾਵ ਤੇ (ਮਾਇਆ ਦੇ ਮੋਹ ਵਿਚ) ਪਿਆਰ ਹੋਣ ਕਰਕੇ, ਇਹ ਪਤੀ (ਪਰਮਾਤਮਾ) ਦੀ ਕਦਰ ਨਹੀਂ ਜਾਣਦੀ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਉਹ ਇਸਤਰੀ ਅਪਵਿੱਤਰ ਤੇ ਖੋਟੇ (ਕੋਹਝੇ) ਲੱਛਣਾਂ ਵਾਲੀ ਅਤੇ ਇਸਤਰੀਆਂ ਵਿਚ ਕੁਨਾਰਿ=ਖੋਟੀ ਵਿਭਚਾਰਨ ਇਸਤਰੀ ਹੈ।੨।

**ਪਉੜੀ ॥ ਹਰਿ ਹਰਿ ਅਪਣੀ ਦਇਆ ਕਰਿ ਹਰਿ ਬੋਲੀ ਬੈਣੀ ॥ ਹਰਿ ਨਾਮੁ ਧਿਆਈ ਹਰਿ ਉਚਰਾ ਹਰਿ ਲਾਹਾ ਲੈਣੀ ॥ ਜੋ ਜਪਦੇ ਹਰਿ ਹਰਿ ਦਿਨਸੁ ਰਾਤਿ ਤਿਨ ਹਉ ਕੁਰਬੈਣੀ ॥ ਜਿਨਾ ਸਤਿਗੁਰੁ ਮੇਰਾ ਪਿਆਰਾ ਅਰਾਧਿਆ ਤਿਨ ਜਨ ਦੇਖਾ ਨੈਣੀ ॥ ਹਉ ਵਾਰਿਆ ਅਪਣੇ ਗੁਰੂ ਕਉ ਜਿਨਿ ਮੇਰਾ ਹਰਿ ਸਜਣੁ ਮੇਲਿਆ ਸੈਣੀ ॥ ੨੪ ॥**

## ਪਦ ਅਰਥ :

ਬੈਣੀ-ਬਚਨ, ਬਾਣੀ। ਧਿਆਈ-ਮੈਂ ਧਿਆਵਾਂ। ਹਰਿ ਉਚਰਾ-ਮੈਂ ਹਰੀ ਉਚਾਰਾਂ, ਬੋਲਾਂ। ਲਾਹਾ-ਲਾਭ। ਕੁਰਬੈਣੀ-ਕੁਰਬਾਨ ਜਾਂਦਾ ਹਾਂ। ਨੈਣੀ-ਅੱਖਾਂ ਨਾਲ। ਸੈਣੀ-ਸਾਕ, ਸੰਬੰਧੀ।੨੪।

## ਅਰਥ :

ਪਉੜੀ॥ ਹੇ ਹਰੀ ! ਆਪਣੀ ਮਿਹਰ ਕਰ, (ਤਾਂਕਿ) ਮੈਂ ਤੇਰੀ (ਮੁਖੋਂ) ਬਾਣੀ ਬੋਲਾਂ। ਹਰੀ ਦਾ ਨਾਮ ਧਿਆਵਾਂ, ਹਰੀ ਨਾਮ ਉਚਾਰਨ ਕਰਾਂ (ਅਤੇ) ਹਰੀ ਨਾਮ (ਜੱਪਣ ਦਾ) ਲਾਭ ਲਵਾਂ। ਜੋ ਦਿਨ ਰਾਤ ਹਰੀ ਨਾਮ ਜੱਪਦੇ ਹਨ, ਮੈਂ ਉਹਨਾਂ ਤੋਂ ਕੁਰਬਾਨ ਜਾਂਦਾ ਹਾਂ। ਜਿਨ੍ਹਾਂ ਨੇ ਮੇਰਾ ਪਿਆਰਾ ਸਤਿਗੁਰੂ ਸਿਮਰਿਆ ਹੈ, (ਮੇਰਾ ਦਿਲ ਕਰਦਾ ਹੈ ਕਿ) ਮੈਂ ਉਹਨਾਂ ਜਨਾਂ ਦੇ ਅੱਖਾਂ ਨਾਲ ਦਰਸ਼ਨ ਕਰਾਂ। ਮੈਂ ਆਪਣੇ ਗੁਰੂ ਤੋਂ ਵਾਰਨੇ ਜਾਂਦਾ ਹਾਂ ਜਿਸ (ਗੁਰੂ ਨੇ) ਮੇਰਾ ਹਰੀ (ਸੱਚਾ) ਸੱਜਣ, ਸਨਬੰਧੀ ਮਿਲਾ ਦਿੱਤਾ ਹੈ।੨੪।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੭੮ (ਅੰਗ ੬੫੩)

ਸਲੋਕੁ ਮਃ ੩ ॥ ਏ ਮਨ ਹਰਿ ਜੀ ਧਿਆਇ ਤੂ ਇਕ ਮਨਿ ਇਕ ਚਿਤਿ ਭਾਇ ॥ ਹਰਿ ਕੀਆ ਸਦਾ ਸਦਾ ਵਡਿਆਈਆ ਦੇਇ ਨ ਪਛੋਤਾਇ ॥ ਹਉ ਹਰਿ ਕੈ ਸਦ ਬਲਿਹਾਰਣੈ ਜਿਤੁ ਸੇਵਿਐ ਸੁਖੁ ਪਾਇ ॥ ਨਾਨਕ ਗੁਰਮੁਖਿ ਮਿਲਿ ਰਹੈ ਹਉਮੈ ਸਬਦਿ ਜਲਾਇ ॥੧ ॥ ਮਃ ੩ ॥ ਆਪੇ ਸੇਵਾ ਲਾਇਅਨੁ ਆਪੇ ਬਖਸ ਕਰੇਇ ॥ ਸਭਨਾ ਕਾ ਮਾ ਪਿਉ ਆਪਿ ਹੈ ਆਪੇ ਸਾਰ ਕਰੇਇ ॥ ਨਾਨਕ ਨਾਮੁ ਧਿਆਇਨਿ ਤਿਨ ਨਿਜ ਘਰਿ ਵਾਸੁ ਹੈ ਜੁਗੁ ਜੁਗੁ ਸੋਭਾ ਹੋਇ ॥੨ ॥ ਪਉੜੀ ॥ ਤੂ ਕਰਣ ਕਾਰਣ ਸਮਰਥੁ ਹਹਿ ਕਰਤੇ ਮੈ ਤੁਝ ਬਿਨੁ ਅਵਰੁ ਨ ਕੋਈ ॥ ਤੁਧੁ ਆਪੇ ਸਿਸਟਿ ਸਿਰਜੀਆ ਆਪੇ ਫੁਨਿ ਗੋਈ ॥ ਸਭੁ ਇਕੋ ਸਬਦੁ ਵਰਤਦਾ ਜੋ ਕਰੇ ਸੁ ਹੋਈ ॥ ਵਡਿਆਈ ਗੁਰਮੁਖਿ ਦੇਇ ਪ੍ਰਭੁ ਹਰਿ ਪਾਵੈ ਸੋਈ ॥ ਗੁਰਮੁਖਿ ਨਾਨਕ ਆਰਾਧਿਆ ਸਭਿ ਆਖਹੁ ਧੰਨੁ ਧੰਨੁ ਧੰਨੁ ਗੁਰੁ ਸੋਈ ॥ ੨੯ ॥੧ ॥ ਸੁਧੁ

# ਪ੍ਰਾਕ੍ਰਥਨ :-

ਇਹ ਪਾਵਨ ਸ਼ਬਦ ਸੋਰਠਿ ਦੀ ਵਾਰ ਅੰਦਰ ਅਖ਼ੀਰਲੀ ੨੯ਵੀਂ ਪਉੜੀ ਨਾਲ ਸੰਬੰਧਿਤ ੨ ਸਲੋਕਾਂ ਸਮੇਤ ਹੈ। ਸ਼ਬਦ ਦੇ ਆਰੰਭ ਵਿਚ ਮਨ ਨੂੰ ਸੰਬੋਧਨ ਕਰਕੇ ਇਕਾਗਰ ਮਨ ਹੋ ਕੇ ਹਰੀ ਵਾਹਿਗੁਰੂ ਜੀ ਦਾ ਸਿਮਰਨ ਕਰਨ ਦੀ ਗੁਰਦੇਵ ਨੇ ਪ੍ਰੇਰਨਾ ਕੀਤੀ ਹੈ। ਇਸ ਪ੍ਰੇਰਨਾ ਦੇ ਦੇਣ ਵਾਲੇ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਬਿਰਧ ਅਵੱਸਥਾ ਵਿਚ ਵੀ ਆਪ ਸੇਵਾ ਤੇ ਸਿਮਰਨ ਕਰਦੇ ਰਹਿੰਦੇ ਸਨ।

## ਵਿਸ਼ਾ—ਏ ਮਨ ਜੈਸਾ ਸੇਵਹਿ ਤੈਸਾ ਹੋਵਹਿ

ਗੁਰਬਾਣੀ ਦੇ ਸਿਧਾਂਤ ਅਨੁਸਾਰ ਇਹ ਚੰਚਲ ਮਨ ਹਮੇਸ਼ਾਂ ਦੌੜਦਾ ਹੀ ਰਹਿੰਦਾ ਹੈ। ਇਕ ਖਿਨ ਭਰ ਵੀ ਟਿਕਦਾ ਨਹੀਂ ਹੈ। ਦੌੜ ਵੀ ਇਸ ਦੀ ਦਸੋਂ ਦਿਸ਼ਾਂ ਵਿਚ ਭਟਕਣ ਦੀ ਹੈ:-

***ਇਹ ਮਨੂਆ ਖਿਨੁ ਨ ਟਿਕੈ ਬਹੁ ਰੰਗੀ ਦਹ ਦਹ ਦਿਸਿ ਚਲਿ ਚਲਿ ਹਾਢੇ॥***

(ਅੰਗ ੧੭੦-੭੧)

ਮਨਮੁਖਿ ਦਾ ਮਨ ਭਰਮ ਦਾ ਭੁਲਾਇਆ ਹੋਇਆ ਦਸੋਂ ਦਿਸ਼ਾਂ ਵਿਚ ਭਰਮਦਾ ਹੋਇਆ ਹਮੇਸ਼ਾ ਮਨ ਵਿਚ ਮਾੜੀਆਂ ਵਾਸ਼ਨਾਵਾਂ ਚਿਤਵਦਾ ਰਹਿੰਦਾ ਹੈ। ਇਸ ਖੋਟੇ ਮਨ ਦੀਆਂ ਵਾਸ਼ਨਾਵਾਂ ਅੱਗੇ ਤੋਂ ਅੱਗੇ ਤ੍ਰਿਸ਼ਨਾਲੂ ਮਨੁੱਖ ਦੀ ਤਰ੍ਹਾਂ ਵਧਦੀਆਂ ਹੀ ਜਾਂਦੀਆਂ ਹਨ :

***ਮਨੁ ਦਹ ਦਿਸਿ ਚਲਿ ਚਲਿ ਭਰਮਿਆ ਮਨਮੁਖੁ ਭਰਮਿ ਭੁਲਾਇਆ॥***
***ਨਿਤ ਆਸਾ ਮਨਿ ਚਿਤਵੈ ਮਨ ਤ੍ਰਿਸਨਾ ਭੁਖ ਲਗਾਇਆ॥***

(ਅੰਗ ੭੭੬)

ਇਹਨਾਂ ਖੋਟੀਆਂ ਵਾਸ਼ਨਾਵਾਂ ਕਰਕੇ ਮਨ ਮੈਲਾ ਹੋ ਰਿਹਾ ਹੈ। ਇਹ ਮੈਲ ਤਨ ਧੋਣ ਨਾਲ ਨਹੀਂ ਉੱਤਰਦੀ, ਪਰ ਜਗਤ ਦੇ ਜੀਵ ਭਰਮ ਵਿਚ ਭੁੱਲੇ ਹੋਏ ਮਨ ਦੀ ਪਵਿੱਤਰਤਾ ਤਨ ਧੋਣ ਵਿਚ ਮੰਨੀ ਬੈਠੇ ਹਨ।

***ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ॥***
***ਇਹੁ ਜਗਤੁ ਭਰਮਿ ਭੁਲਾਇਆ ਵਿਰਲਾ ਬੂਝੈ ਕੋਇ॥***

(ਅੰਗ ੫੫੮)

ਇਸ ਲਈ ਮਨ ਜਿਹੋ ਜਿਹੀ ਸੰਗਤ ਕਰਦਾ ਹੈ, ਤੈਸਾ ਹੀ ਹੋ ਜਾਂਦਾ ਹੈ। ਮਾੜੀ ਸੰਗਤ ਕਰਨ ਨਾਲ ਮੈਲਾ ਹੋ ਜਾਂਦਾ ਹੈ। ਚੰਗੀ ਸੰਗਤ ਕਰਨ ਨਾਲ ਪਵਿੱਤਰ ਹੋ ਜਾਂਦਾ ਹੈ। ਮਨ ਇਕ ਪੰਛੀ ਦੀ ਤਰ੍ਹਾਂ ਹੈ। ਇਸ ਦਾ ਸੁਭਾਅ ਹੈ, ਇਹ ਉਡਾਰੀਆਂ ਮਾਰਦਾ ਹੀ ਰਹਿੰਦਾ ਹੈ :

***ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹ ਦਿਸ ਜਾਇ॥ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ॥***

(ਅੰਗ ੧੩੬੯)

ਅਥਵਾ :

***ਏ ਮਨ ਜੈਸਾ ਸੇਵਹਿ ਤੈਸਾ ਹੋਵਹਿ ਤੇਹੇ ਕਰਮ ਕਮਾਇ॥***
***ਆਪਿ ਬੀਜਿ ਆਪੇ ਹੀ ਖਾਵਣਾ ਕਹਣਾ ਕਿਛੂ ਨ ਜਾਇ॥***

(ਅੰਗ ੭੫੫)

ਜਿਸ ਤਰ੍ਹਾਂ ਧੋਤੇ ਬਗ਼ੈਰ ਬਸਤਰ ਮਲੀਨ ਹੋ ਜਾਂਦਾ ਹੈ, ਕੇਸ ਤੇਲ ਲਾਏ ਬਿਨਾਂ ਉਲਝੇ ਹੋਏ ਬਿਖੜੇ ਪ੍ਰਤੀਤ ਹੁੰਦੇ ਹਨ। ਦਰਪਨ (ਸ਼ੀਸ਼ਾ) ਮਾਂਜੇ ਬਗ਼ੈਰ ਮਲੀਨ ਹੋ ਜਾਂਦਾ ਹੈ। ਵਰਖਾ ਤੋਂ ਬਿਨਾਂ ਖੇਤੀ ਨਹੀਂ ਹੁੰਦੀ। ਦੀਪਕ ਤੋਂ ਬਿਨਾਂ ਅੰਧੇਰਾ ਦੂਰ ਨਹੀਂ ਹੁੰਦਾ। ਲੂਣ ਤੇ ਘਿਰਤ (ਘਿਉ) ਬਿਨਾਂ ਭੋਜਨ ਬੇਸੁਆਦਾ ਹੁੰਦਾ ਹੈ, ਇਸ ਤਰ੍ਹਾਂ ਸਾਧ ਸੰਗਤ ਕੀਤੇ ਤੋਂ ਬਿਨਾਂ ਮਨ ਦੀ ਮਲੀਨਤਾ ਨਹੀਂ ਮਿਟਦੀ, ਇਸ ਕਰਕੇ ਜੰਮਣ ਮਰਨ ਦਾ ਦੁੱਖ ਬਣਿਆ ਹੀ ਰਹਿੰਦਾ ਹੈ। ਭਾਈ ਗੁਰਦਾਸ ਜੀ ਦਾ ਸੁੰਦਰ ਕਥਨ ਹੈ :

***ਜੈਸੇ ਜਲ ਧੋਏ ਬਿਨੁ ਅੰਬਰ ਮਲੀਨ ਹੋਤ,***
***ਬਿਨੁ ਤੇਲ ਮੇਲੇ ਜੈਸੇ ਕੇਸ ਹੂੰ ਭਇਆਨ ਹੈ॥***
***ਜੈਸੇ ਬਿਨੁ ਮਾਂਜੈ ਦਰਪਨ ਜੋਤਿ ਹੀਨ ਹੋਤ,***
***ਬਰਖਾ ਬਿਹੂਨ ਜੈਸੇ ਖੇਤ ਮੈ ਨ ਧਾਨ ਹੈ॥***
***ਜੈਸੇ ਬਿਨੁ ਦੀਪਕ ਭਵਨ ਅੰਧਾਕਾਰ ਹੋਤ,***
***ਲੋਨੇ ਘ੍ਰਿਤ ਬਿਨੁ ਜੈਸੇ ਭੋਜਨ ਸਮਾਨ ਹੈ॥***
***ਤੈਸੇ ਬਿਨੁ ਸਾਧ ਸੰਗਤਿ ਜਨਮ ਮਰਨ ਦੁਖ,***
***ਮਿਟਤ ਨ ਭੈ ਭ੍ਰਮ ਬਿਨੁ ਗੁਰ ਗਿਆਨ ਹੈ॥ ੫੩੭॥***

(ਕਬਿੱਤ ਸਵੱਯੇ, ਭਾ: ਗੁਰਦਾਸ ਜੀ)

ਗੁਰੂ ਕੀ ਸੰਗਤ ਕੀਤਿਆਂ ਮਨ ਦੀ ਮੈਲ ਲਹਿ ਜਾਂਦੀ ਹੈ, ਇਸ ਲਈ ਮਨੁੱਖ ਨੂੰ ਚਾਹੀਦਾ ਹੈ ਕਿ ਸੰਗਤ ਵਿਚ ਮਿਲ ਕੇ ਇਕਾਗਰ ਮਨ ਹੋ ਕੇ ਵਾਹਿਗੁਰੂ ਦਾ ਨਾਮ ਸਿਮਰਨ ਕਰੇ :

***ਮਨ ਕੀ ਕਟੀਐ ਮੈਲੁ ਸਾਧਸੰਗਿ ਵੁਠਿਆ॥***

(ਅੰਗ ੫੨੦)

ਫਿਰ ਮੈਲ ਦੂਰ ਹੋਣ ਤੋਂ ਮਨ ਪਵਿੱਤਰ ਹੋ ਜਾਂਦਾ ਹੈ। ਭਗਤ ਕਬੀਰ ਜੀ ਕਥਨ ਕਰਦੇ ਹਨ ਕਿ ਮਨ ਗੰਗਾ ਦੇ ਨੀਰ (ਪਾਣੀ) ਜੈਸਾ ਨਿਰਮਲ ਹੋ ਗਿਆ ਹੈ :

***ਕਬੀਰ ਮਨੁ ਨਿਮਰਲੁ ਭਇਆ ਜੈਸਾ ਗੰਗਾ ਨੀਰੁ॥***
***ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ॥***

(ਅੰਗ ੧੩੬੭)

*ਅਥਵਾ: ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥*
*ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ॥*
*ਮੂਲੁ ਪਛਾਣਹਿ ਤਾਂ ਸਹੁ ਜਾਣਹਿ ਮਰਣ ਜੀਵਣ ਕੀ ਸੋਝੀ ਹੋਈ॥*
*ਗੁਰ ਪਰਸਾਦੀ ਏਕੋ ਜਾਣਹਿ ਤਾਂ ਦੂਜਾ ਭਾਉ ਨ ਹੋਈ॥*
*ਮਨਿ ਸਾਂਤਿ ਆਈ ਵਜੀ ਵਧਾਈ ਤਾ ਹੋਆ ਪਰਵਾਣੁ॥*
*ਇਉ ਕਹੈ ਨਾਨਕੁ ਮਨ ਤੂੰ ਜੋਤਿ ਸਰੂਪੁ ਹੈ ਅਪਣਾ ਮੂਲੁ ਪਛਾਣੁ॥*

(ਅੰਗ ੪੪੧)

## ਸਾਖੀ—ਤੀਸਰੇ ਗੁਰੂ ਜੀ ਦੇ ਸਿਮਰਨ ਕਰਨ ਦੀ

ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਓਟਿਆਂ ਦੀ ਓਟ, ਧੰਨ ਸ੍ਰੀ ਗੁਰੂ ਅਮਰਦਾਸ ਜੀ ਨੇ ਬਿਰਧ ਅਵੱਸਥਾ ਵਿਚ ਗੁਰੂ ਅੰਗਦ ਦੇਵ ਜੀ ਦੀ ਸੇਵਾ ਕਰਨ ਰੂਪ ਮਹਾਨ ਘਾਲਣਾ ਘਾਲੀ ਹੈ। ਇਸ ਸੇਵਾ ਰੂਪ ਘਾਲਣਾ ਦਾ ਜ਼ਿਕਰ ਸਰੂਪ ਦਾਸ ਭੱਲੇ ਨੇ ਮਹਿਮਾ ਪ੍ਰਕਾਸ਼ ਵਿਚ ਇਸ ਤਰ੍ਹਾਂ ਕੀਤਾ ਹੈ:-

*ਰਹੇ ਪਹਰ ਰਾਤ ਤਬ ਜਲ ਭਰ ਲਿਆਵੈ।*
*ਸਤਿਗੁਰੂ ਕੋ ਇਸਨਾਨ ਕਰਾਵੈ॥੬੭॥*
*ਇਸਨਾਨ ਕਰਾਇ ਇਕੰਤ ਬਹ ਰਹੇ।*
*ਕਾਹੂ ਸੋ ਕਿਛ ਸੁਨੇ ਨ ਕਹੇ।*
*ਸਤਿਗੁਰ ਮੂਰਤ ਹਿਰਦੇ ਧਰੇ।*
*ਖਾਨ ਪਾਨ ਕਛ ਸੁਧ ਨਹੀ ਕਰੇ॥੬੮॥*

(ਮਹਿਮਾ ਪ੍ਰਕਾਸ਼)

ਜਿਥੇ ਆਪ ਜੀ ਨੇ ਇਸ ਤਰ੍ਹਾਂ ਸੇਵਾ ਕਰਕੇ ਸਾਨੂੰ ਸੇਵਾ ਕਰਨ ਦੀ ਜਾਚ ਸਿਖਾਈ ਹੈ, ਉਥੇ ਆਪ ਜੀ ਸਹਿਨਸ਼ੀਲਤਾ, ਨਿਮਰਤਾ ਤੇ ਸ਼ਾਂਤੀ ਦੇ ਵੀ ਮਹਾਨ ਪੁੰਜ ਸਨ। ਜਿਸ ਵੇਲੇ ਬਾਬਾ ਦਾਤੂ ਜੀ ਨੇ ਕਠੋਰ ਸ਼ਬਦ ਕਹਿੰਦਿਆਂ, "ਆਪ ਜੀ ਨੂੰ ਲੱਤ ਮਾਰੀ ਸੀ ਤਾਂ ਸਹਿਣਸ਼ੀਲਤਾ ਦੇ ਮਾਲਕ ਨੇ ਅੱਗੋਂ ਮੰਦਾ ਕਹਿਣ ਦੀ ਥਾਂ ਮਿਠੀ ਸੁਰ ਵਿਚ ਕਿਹਾ, ਆਪ ਜੀ ਮੇਰੇ ਗੁਰਦੇਵ ਦੇ ਸਾਹਿਬਜ਼ਾਦੇ ਹੋ। ਮੇਰੇ ਸੁਕੇ ਹੱਡਾਂ 'ਤੇ ਲੱਗ ਕੇ ਤੁਹਾਡੇ ਕੋਮਲ ਚਰਨਾਂ ਨੂੰ ਕਿਤੇ ਸੱਟ ਤਾਂ ਨਹੀਂ ਲੱਗੀ।" ਇਸ ਤਰ੍ਹਾਂ ਕਹਿੰਦਿਆਂ, ਬਾਬਾ ਦਾਤੂ ਜੀ ਦੇ ਚਰਨ ਘੁੱਟਣ ਲੱਗ ਪਏ ਸਨ :

*ਇਕ ਤੋ ਸੇਵਾ ਕਰਤ ਰਹਿਯੋ ਹੌ, ਦੁਤੀਏ ਬਯ ਤੇ ਬਿਰਧ ਭਯੋ ਹੌ॥*
*ਯਾਤੇ ਅਧਿਕ ਸਰੀਰ ਕਠੋਰਾ, ਤੁਮਰੋ ਚਰਨ ਮ੍ਰਿਦਲ ਨਹਿ ਥੋਰਾ॥*

(ਗੁ: ਪ੍ਰ: ਸੂ: ਗ੍ਰੰਥ ਰਾਸਿ ੧)

ਸੇਵਾ, ਨਿਮਰਤਾ ਅਤੇ ਸਹਿਨਸ਼ੀਲਤਾ ਦੀ ਜਾਚ ਸਿਖਾਲਣ ਵਾਲੇ ਸਤਿਗੁਰੂ ਜੀ ਇਤਨੀ ਬਿਰਧ ਅਵੱਸਥਾ ਵਿਚ ਵੀ ਸਾਨੂੰ ਸਿਮਰਨ ਦੀ ਜਾਚ ਸਿਖਾਲਣ ਲਈ ਹਮੇਸ਼ਾ ਸਿਮਰਨ ਵਿਚ ਤਤਪਰ ਰਹਿੰਦੇ ਸਨ। ਗੁਰੂ ਇਤਿਹਾਸ ਵਿਚ ਆਏ ਜ਼ਿਕਰ ਅਨੁਸਾਰ ਗੁਰਦੁਆਰਾ 'ਚੁਬਾਰਾ ਸਾਹਿਬ ਜੀ' ਵਿਖੇ ਕੰਧ ਵਿਚ ਅੱਜ ਵੀ ਕਿਲੀ ਮੌਜੂਦ ਹੈ, ਜਿਸ ਕਿਲੀ ਨੂੰ ਆਪ ਜੀ ਆਪਣੇ ਕਰ ਕਮਲਾਂ ਵਿਚ ਫੜ ਕੇ ਹਮੇਸ਼ਾਂ ਖੜੇ ਹੋ ਕੇ ਸਿਮਰਨ ਕਰਦੇ ਰਹਿੰਦੇ ਸਨ। ਗੁਰਬਾਣੀ ਵਿਚ ਆਪ ਜੀ ਨੇ ਪ੍ਰੇਰਨਾ ਕਰਦਿਆਂ ਇਹ ਅੰਮ੍ਰਿਤ ਬਚਨ ਉਚਾਰਨ ਕੀਤੇ ਹਨ:

***ਏ ਮਨ ਹਰਿ ਜੀ ਧਿਆਇ ਤੂ ਇਕ ਮਨਿ ਇਕ ਚਿਤਿ ਭਾਇ॥***

(ਅੰਗ ੬੫੩)

ਐਸੀ ਬਿਰਧ ਅਵਸਥਾ ਵਿਚ ਅੱਠੇ ਪਹਿਰ ਨਾਮ ਸਿਮਰਨ ਵਿਚ ਲਿਵਲੀਨ ਰਹਿੰਦਿਆਂ ਨੂੰ ਦੇਖ ਕੇ ਇਕ ਗੁਰਸਿੱਖ ਨੇ ਸਤਿਕਾਰ ਸਹਿਤ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ, ਜੀ ਗੁਰਦੇਵ ਸਤਿਗੁਰੂ ਸਾਹਿਬ ਜੀ! ਆਪ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਹਜ਼ੂਰੀ ਵਿਚ ਰਹਿੰਦਿਆਂ ਸੇਵਾ, ਸਿਮਰਨ, ਜਪ-ਤਪ ਕਰਨ ਰੂਪ ਕਿਤਨੀ ਕਠਿਨ ਘਾਲ ਘਾਲੀ ਹੈ। ਜਿਸ ਐਸੀ ਘਾਲ 'ਤੇ ਪ੍ਰਸੰਨ ਹੋ ਕੇ ਸਤਿਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪ ਜੀ ਨੂੰ ਆਪਣਾ ਸਰੂਪ ਥਾਪ ਕੇ ਗੁਰਿਆਈ ਗੱਦੀ ਰੂਪ ਸਿੰਘਾਸਨ 'ਤੇ ਸਸ਼ੋਭਿਤ ਕਰ ਦਿੱਤਾ ਸੀ:

***ਸੁਨ ਪੁਰਖਾ ਸ੍ਰੀ ਅਮਰ ਪਿਆਰੇ। ਅਬ ਤੁਮ ਬੈਠਹੁ ਥਾਨ ਹਮਾਰੇ॥੮॥***
***ਰਾਜ ਯੋਗ ਕੇ ਮਹਿਦ ਸਿੰਘਾਸਨ। ਤਿਸ ਪਰ ਸੋਭਹੁ ਕਰਹੁ ਪ੍ਰਕਾਸਨ।***

(ਗੁ: ਪ੍ਰ: ਸੂ: ਗ੍ਰੰਥ, ਰਾਸਿ ੧, ਅੰਸੂ ੨੧)

ਆਪ ਜੀ ਨੇ ਐਸੀ ਘਾਲ ਘਾਲ ਕੇ ਗੁਰੂ ਨਾਨਕ ਦਾ ਤੀਸਰਾ ਰੂਪ ਧਾਰਨ ਕੀਤਾ ਹੈ। ਹੁਣ ਆਪ ਜਗਤ ਗੁਰੂ ਹੋ, ਪਰਤੱਖ ਗੁਰੂ ਰੂਪ ਹੋ ਕੇ ਆਪ ਜਗਤ ਜੀਆਂ ਨੂੰ ਤਾਰ ਰਹੇ ਹੋ। ਇਸ ਲਈ ਹੁਣ ਆਪ ਜੀ ਨੂੰ ਐਸ ਉਮਰ ਵਿਚ ਐਨਾ ਸਿਮਰਨ ਕਰਨ ਦੀ ਕੀ ਲੋੜ ਹੈ? ਗੁਰੂ ਸਾਹਿਬ ਜੀ ਕਹਿਣ ਲੱਗੇ, ਗੁਰਸਿੱਖਾ! ਇਕ ਕੋਈ ਗ਼ਰੀਬ ਮਨੁੱਖ ਗਲੀਆਂ ਵਿਚ ਝਾੜੂ ਦਿਆ ਕਰਦਾ ਸੀ ਜਿਸਦੇ ਫਟੇ ਹੋਏ ਕਪੜੇ ਸਨ। ਜਿਥੇ ਝਾੜੂ ਦਿੰਦਾ ਉਹਨਾਂ ਘਰਾਂ ਚੋਂ ਮੰਗ ਕੇ ਆਪਣਾ ਤੇ ਆਪਣੇ ਪਰਿਵਾਰ ਦਾ ਗੁਜ਼ਾਰਾ ਕਰਿਆ ਕਰਦਾ ਸੀ। ਇਕ ਕਿਸੇ ਬਹੁਤ ਅਮੀਰ ਸ਼ਾਹੂਕਾਰ ਨੇ ਇਸ ਗ਼ਰੀਬ ਮਨੁੱਖ 'ਤੇ ਤਰਸ ਕਰਕੇ ਬਹੁਤ ਵਡਮੁੱਲਾ ਕੀਮਤੀ ਰਤਨ, ਜਿਥੇ ਉਸਨੇ ਝਾੜੂ ਦੇਣਾ ਸੀ, ਉਥੇ ਰਸਤੇ ਵਿੱਚ ਰੱਖ ਦਿੱਤਾ ਕਿ ਆਪੇ ਚੁੱਕ ਲਏਗਾ ਅਤੇ ਇਸ ਰਤਨ ਨਾਲ ਬਹੁਤ ਹੀ ਅਮੀਰ ਹੋ ਜਾਵੇਗਾ। ਇਸਨੂੰ ਝਾੜੂ ਦੇਣ ਤੇ ਮੰਗਣ ਦੀ ਲੋੜ ਨਹੀਂ ਰਹੇਗੀ। ਝਾੜੂ ਦੇਣ ਵਾਲੇ ਨੇ ਰਤਨ ਚੁੱਕ ਲਿਆ, ਪਰ ਗਲੀਆਂ ਵਿਚ ਝਾੜੂ ਦੇਣਾ ਨਹੀਂ ਛੱਡਿਆ। ਇਕ ਦਿਨ ਰਤਨ ਦੇਣ ਵਾਲੇ ਅਮੀਰ ਸ਼ਾਹੂਕਾਰ ਨੇ ਪੁੱਛਿਆ, "ਓ ਭਲਿਆ ਲੋਕਾ! ਤੈਨੂੰ ਇਕ ਦਿਨ ਕੀਮਤੀ ਰਤਨ ਨਹੀਂ ਲੱਭਿਆ? ਕੀ ਉਸ ਰਤਨ ਨਾਲ ਤੇਰੀ ਗ਼ਰੀਬੀ ਦੂਰ ਨਹੀਂ ਹੋਈ? ਤੇਰੀ ਹੁਣ ਵੀ ਪਹਿਲਾਂ ਵਾਲੀ ਹਾਲਤ

ਹੀ ਨਜ਼ਰ ਆਉਂਦੀ ਹੈ।'' ਇਹ ਸੁਣ ਕੇ ਉਹ ਗ਼ਰੀਬ ਮਨੁੱਖ ਕਹਿਣ ਲੱਗਿਆ, ''ਹਾਂ ਜੀ, ਮੈਨੂੰ ਰਤਨ ਲੱਭਿਆ, ਉਸ ਰਤਨ ਨੂੰ ਪਾ ਕੇ ਮੈਂ ਮਾਲੋਮਾਲ ਹੋ ਗਿਆ ਹਾਂ। ਮੇਰੀ ਆਰਥਿਕ ਗ਼ਰੀਬੀ ਦੂਰ ਹੋ ਗਈ ਹੈ।'' ਇਹ ਸੁਣ ਕੇ ਸ਼ਾਹੂਕਾਰ ਕਹਿਣ ਲੱਗਿਆ, ''ਤੂੰ ਫਿਰ ਹੁਣ ਗਲੀਆਂ ਵਿਚ ਕਿਉਂ ਝਾੜੂ ਦਿੰਦਾ ਫਿਰਦਾ ਹੈਂ?'' ਉਹ ਗ਼ਰੀਬ ਮਨੁੱਖ ਕਹਿੰਦਾ ਹੈ, ''ਜੀ ਜਿਸ ਝਾੜੂ ਦੇਣ ਨਾਲ ਮੈਨੂੰ ਵਡਮੁੱਲਾ ਕੀਮਤੀ ਰਤਨ ਲੱਭਿਆ ਹੈ, ਕੀ ਮੈਂ ਫਿਰ ਉਸ ਝਾੜੂ ਦੇਣ ਨੂੰ ਛੱਡ ਦੇਵਾਂ? ਜੇ ਮੈਂ ਝਾੜੂ ਦੇਣਾ ਛੱਡ ਦੇਵਾਂ, ਫਿਰ ਤਾਂ ਮੈਂ ਅਕ੍ਰਿਤਘਣ ਹੋਵਾਂਗਾ। ਸੋ ਇਸ ਤਰ੍ਹਾਂ ਝਾੜੂ ਦਿੰਦਿਆਂ, ਤਾਂ ਮੈਂ ਸਭ ਕੁਝ ਪਾਇਆ ਹੈ।'' ਇਹ ਦ੍ਰਿਸ਼ਟਾਂਤ ਦਾ ਦ੍ਰਿਸ਼ਟਾਂਤ ਹੈ। ਸਤਿਗੁਰੂ ਸਾਹਿਬ ਜੀ ਕਹਿਣ ਲੱਗੇ, ਭਾਈ ਗੁਰਸਿੱਖ! ਜਿਸ ਸੇਵਾ ਸਿਮਰਨ, ਜਪ-ਤਪ, ਘਾਲ ਕਮਾਈ ਦਾ ਸਦਕਾ ਸਾਨੂੰ ਸਭ ਕੁਝ ਪ੍ਰਾਪਤ ਹੋਇਆ ਹੈ, ਕੀ ਸਭ ਕੁਝ ਪਾ ਕੇ ਹੁਣ ਅਸੀਂ ਘਾਲ ਕਮਾਈ, ਜਪ ਤਪ ਸਿਮਰਨ ਛੱਡ ਦਈਏ? ਨਹੀਂ ਭਾਈ, ਇਹ ਸੇਵਾ ਸਿਮਰਨ ਹੀ ਇਸ ਜੀਵਨ ਦਾ ਆਧਾਰ ਹੈ। ਨਾਮ ਇਕ ਕੀਮਤੀ ਵਡਮੁੱਲਾ ਰਤਨ ਹੈ, ਜਿਸ ਨੂੰ ਪੂਰਨ ਰੂਪ ਵਿਚ ਪਾ ਕੇ ਮਨੁੱਖ ਮਾਲੋ ਮਾਲ ਹੋ ਜਾਂਦਾ ਹੈ। ਉਸ ਨਾਮ ਰੂਪ ਰਤਨ ਦਾ ਉਹ ਫਿਰ ਤਿਆਗ ਨਹੀਂ ਕਰ ਸਕਦਾ।

**ਸਲੋਕੁ ਮਃ ੩ ॥ ਏ ਮਨ ਹਰਿ ਜੀ ਧਿਆਇ ਤੂ ਇਕ ਮਨਿ ਇਕ ਚਿਤਿ ਭਾਇ ॥ ਹਰਿ ਕੀਆ ਸਦਾ ਸਦਾ ਵਡਿਆਈਆ ਦੇਇ ਨ ਪਛੋਤਾਇ ॥ ਹਉ ਹਰਿ ਕੈ ਸਦ ਬਲਿਹਾਰਣੈ ਜਿਤੁ ਸੇਵਿਐ ਸੁਖੁ ਪਾਇ ॥ ਨਾਨਕ ਗੁਰਮੁਖਿ ਮਿਲਿ ਰਹੈ ਹਉਮੈ ਸਬਦਿ ਜਲਾਇ ॥੧॥**

## ਪਦ ਅਰਥ :

ਹੇ ਮਨ-ਹੇ (ਪਿਆਰੇ) ਮਨ! ਇਕ ਮਨਿ-ਇਕ ਮਨ ਹੋ ਕੇ। ਇਕ ਚਿਤਿ-ਇਕ ਚਿਤ ਹੋ ਕੇ। ਭਾਇ-ਪ੍ਰੇਮ ਨਾਲ। ਸੇਵਿਐ-ਸੇਵਾ ਕਰਨ ਨਾਲ। ਗੁਰਮੁਖਿ-ਗੁਰੂ ਦੁਆਰਾ। ੧।

## ਅਰਥ :

ਹੇ (ਮੇਰੇ ਪਿਆਰੇ) ਮਨ! (ਤੂੰ) ਇਕ ਮਨ ਇਕ ਚਿਤ ਹੋ ਕੇ ਪਿਆਰ ਤੇ ਪ੍ਰੇਮ ਸਹਿਤ ਹਰੀ (ਵਹਿਗੁਰੂ) ਜੀ ਦੀ ਅਰਾਧਨਾ ਕਰ। ਉਸ ਹਰੀ (ਪ੍ਰਭੂ) ਦੀਆਂ ਸਦਾ ਸਦਾ (ਬੇਅੰਤ) ਵਡਿਆਈਆਂ ਹਨ, (ਜੋ ਦਾਨ) ਦੇਕੇ ਪਛਤਾਉਂਦਾ ਨਹੀਂ ਹੈ। ਮੈਂ ਉਸ ਹਰੀ ਤੋਂ ਸਦਾ ਬਲਿਹਾਰ (ਜਾਂਦਾ ਹਾਂ) ਜਿਸ ਦੀ ਸੇਵਾ ਕੀਤਿਆਂ ਸੁੱਖ ਪਾਈਦਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਗੁਰਮੁੱਖ ਗੁਰੂ ਦੁਆਰਾ ਗੁਰ ਸ਼ਬਦ ਰਾਹੀਂ ਹਉਮੈ ਸਾੜ ਕੇ ਹਰੀ (ਪ੍ਰਭੂ) ਨਾਲ ਸਦਾ ਮਿਲੇ ਰਹਿੰਦੇ ਹਨ। ੧।

**ਮਃ ੩ ॥ ਆਪੇ ਸੇਵਾ ਲਾਇਅਨੁ ਆਪੇ ਬਖਸ ਕਰੇਇ ॥ ਸਭਨਾ ਕਾ ਮਾ ਪਿਉ ਆਪਿ ਹੈ ਆਪੇ ਸਾਰ ਕਰੇਇ ॥ ਨਾਨਕ ਨਾਮੁ ਧਿਆਇਨਿ ਤਿਨ ਨਿਜ ਘਰਿ ਵਾਸੁ ਹੈ ਜੁਗੁ ਜੁਗੁ ਸੋਭਾ ਹੋਇ ॥੨॥**

## ਪਦ ਅਰਥ :

ਲਾਇਅਨੁ-ਲਾਏ ਹਨ। ਸਾਰ-ਸੰਭਾਲੇ। ਧਿਆਇਨਿ-ਧਿਆਉਂਦੇ ਹਨ। ਨਿਜ ਘਰਿ-ਆਪਣੇ ਘਰ (ਸਰੂਪ) ਵਿਚ। ੨।

## ਅਰਥ :

ਮ: ੩ ॥ ਉਸ ਹਰੀ (ਪ੍ਰਭੂ) ਨੇ ਆਪ ਹੀ ਸਭ ਨੂੰ ਸੇਵਾ ਵਿਚ ਲਾਇਆ ਹੋਇਆ ਹੈ (ਅਤੇ) ਆਪ ਹੀ ਬਖ਼ਸ਼ਿਸ਼ ਕਰਦਾ ਹੈ। (ਉਹ ਪ੍ਰਮਾਤਮਾ) ਸਾਰਿਆਂ ਜੀਆਂ ਦਾ ਮਾਤਾ ਪਿਤਾ ਆਪ ਹੀ ਹੈ (ਅਤੇ) ਆਪ ਹੀ ਸਭ ਦੀ ਸੰਭਾਲ ਕਰਦਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਜੋ ਗੁਰਮੁੱਖ ਨਾਮ ਧਿਆਉਂਦੇ ਹਨ, ਉਨ੍ਹਾਂ ਦਾ ਸਰੂਪ ਰੂਪੀ (ਨਿਜ ਘਰ) ਵਿਚ ਵਾਸਾ ਹੁੰਦਾ ਹੈ, (ਅਤੇ ਹਰੇਕ ਜੁੱਗ ਵਿਚ (ਉਨ੍ਹਾਂ ਦੀ) ਸੋਭਾ (ਵਡਿਆਈ) ਹੁੰਦੀ ਹੈ। ੨।

**ਪਉੜੀ॥ ਤੂ ਕਰਣ ਕਾਰਣ ਸਮਰਥੁ ਹਹਿ ਕਰਤੇ ਮੈ ਤੁਝ ਬਿਨੁ ਅਵਰੁ ਨ ਕੋਈ ॥ ਤੁਧੁ ਆਪੇ ਸਿਸਟਿ ਸਿਰਜੀਆ ਆਪੇ ਫੁਨਿ ਗੋਈ ॥ ਸਭੁ ਇਕੋ ਸਬਦੁ ਵਰਤਦਾ ਜੋ ਕਰੇ ਸੁ ਹੋਈ॥ ਵਡਿਆਈ ਗੁਰਮੁਖਿ ਦੇਇ ਪ੍ਰਭੁ ਹਰਿ ਪਾਵੈ ਸੋਈ॥ ਗੁਰਮੁਖਿ ਨਾਨਕ ਆਰਾਧਿਆ ਸਭਿ ਆਖਹੁ ਧੰਨੁ ਧੰਨੁ ਧੰਨੁ ਗੁਰੁ ਸੋਈ ॥ ੨੯ ॥ ੧ ॥ ਸੁਧੁ**

## ਪਦ ਅਰਥ :

ਹਹਿ-ਹੈ। ਸਿਸਟਿ-ਸ੍ਰਿਸ਼ਟੀ। ਸਿਰਜੀਆ-ਰਚੀ ਹੈ। ਫੁਨਿ-ਫੇਰ। ਗੋਈ-ਨਾਸ਼ ਕੀਤੀ। ਸਬਦੁ-ਹੁਕਮ। ਸੁਧੁ-ਠੀਕ ਹੈ, ਸੋਧੀ ਹੋਈ ਹੈ। ੨੯।

## ਅਰਥ :

ਪਉੜੀ॥ ਹੇ ਕਰਤੇ (ਅਕਾਲ ਪੁਰਖ !) ਤੂੰ ਸਾਰੇ ਕਾਰਣਾਂ ਦੇ ਕਰਨ ਨੂੰ ਸਮੱਰਥ ਹੈਂ, ਮੈਨੂੰ ਤੈਥੋਂ ਬਿਨਾਂ ਹੋਰ ਕੋਈ (ਸਹਾਰਾ) ਨਹੀਂ ਹੈ। ਤੁਧ ਆਪ (ਪ੍ਰਭੂ ਜੀ) ਨੇ ਸ੍ਰਿਸ਼ਟੀ ਪੈਦਾ ਕੀਤੀ ਹੈ, (ਅਤੇ) ਆਪ ਹੀ ਫਿਰ ਨਾਸ਼ ਕੀਤੀ ਹੈ। ਇਕੋ ਸ਼ਬਦ=ਹੁਕਮ ਹੀ ਹੈ ਜੋ ਸਭ ਥਾਵਾਂ 'ਤੇ (ਪ੍ਰਮਾਤਮਾ ਦਾ) ਵਰਤ ਰਿਹਾ ਹੈ, ਜੋ ਪ੍ਰਭੂ (ਹੁਕਮ) ਕਰਦਾ ਹੈ, ਉਹੀ ਹੁੰਦਾ ਹੈ। (ਜਿਸ) ਗੁਰਮੁੱਖ ਨੂੰ ਪ੍ਰਭੂ ਨਾਮ ਦੀ ਵਡਿਆਈ ਬਖ਼ਸ਼ਦਾ ਹੈ, ਉਹੀ (ਗੁਰਮੁੱਖ) ਹਰੀ ਤੋਂ (ਵਡਿਆਈ) ਪ੍ਰਾਪਤ ਕਰਦਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਗੁਰੂ ਦੁਆਰਾ (ਹੀ ਉਹ ਪਰਮੇਸ਼ਰ) ਆਰਾਧਿਆ (ਜਪਿਆ ਜਾਂਦਾ ਹੈ, (ਇਸ ਲਈ) ਸਾਰੇ ਆਖੋ, ਉਹ ਗੁਰੂ ਧੰਨ ਹੈ, ਧੰਨ ਹੈ, ਧੰਨ ਹੈ। ੨੯। ੧। ਸੁਧੁ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਸ੍ਰੀ ਮੁਖਵਾਕ ਨੰਬਰ ੭੯ (ਅੰਗ ੬੫੫-੫੬)

ਕਿਆ ਪੜੀਐ ਕਿਆ ਗੁਨੀਐ ॥ ਕਿਆ ਬੇਦ ਪੁਰਾਨਾਂ ਸੁਨੀਐ ॥ ਪੜੇ ਸੁਨੇ ਕਿਆ ਹੋਈ ॥ ਜਉ ਸਹਜ ਨ ਮਿਲਿਓ ਸੋਈ ॥ ੧ ॥ ਹਰਿ ਕਾ ਨਾਮੁ ਨ ਜਪਸਿ ਗਵਾਰਾ ॥ ਕਿਆ ਸੋਚਹਿ ਬਾਰੰ ਬਾਰਾ ॥ ੧ ॥ ਰਹਾਉ ॥ ਅੰਧਿਆਰੇ ਦੀਪਕੁ ਚਹੀਐ ॥ ਇਕ ਬਸਤੁ ਅਗੋਚਰ ਲਹੀਐ ॥ ਬਸਤੁ ਅਗੋਚਰ ਪਾਈ ॥ ਘਟਿ ਦੀਪਕੁ ਰਹਿਆ ਸਮਾਈ ॥ ੨ ॥ ਕਹਿ ਕਬੀਰ ਅਬ ਜਾਨਿਆ ॥ ਜਬ ਜਾਨਿਆ ਤਉ ਮਨੁ ਮਾਨਿਆ ॥ ਮਨ ਮਾਨੇ ਲੋਗੁ ਨ ਪਤੀਜੈ ॥ ਨ ਪਤੀਜੈ ਤਉ ਕਿਆ ਕੀਜੈ ॥ ੩ ॥ ੭ ॥

# ਪ੍ਰਾਕ੍ਥਨ :-

ਇਹ ਪਾਵਨ ਸ਼ਬਦ ਭਗਤ ਕਬੀਰ ਜੀ ਦਾ ਸੋਰਠਿ ਰਾਗ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਦੇ ਆਰੰਭ ਵਿਚ ਭਗਤ ਕਬੀਰ ਜੀ ਨੇ ਪੜ੍ਹਾਈ ਦਾ ਜ਼ਿਕਰ ਕੀਤਾ ਹੈ ਕਿ ਮਨੁੱਖ ਨੂੰ ਕੀ ਪੜ੍ਹਨਾ ਚਾਹੀਦਾ ਹੈ, ਕੀ ਨਹੀਂ।

## ਵਿਸ਼ਾ—ਤਿੰਨ ਤਰ੍ਹਾਂ ਦਾ ਪੜ੍ਹਨਾ

ਵਿੱਦਿਆ ਦੋ ਤਰ੍ਹਾਂ ਦੀ ਹੈ—ਇਕ ਵਿਵਹਾਰਕ ਤੇ ਦੂਜੀ ਅਧਿਆਤਮਕ। ਵਿਵਹਾਰਕ ਵਿੱਦਿਆ ਰੋਜ਼ੀ ਕਮਾਉਣ ਵਾਸਤੇ ਅਤੇ ਸੰਸਾਰ ਵਿਚ ਸਤਿਕਾਰ ਦੀ ਪ੍ਰਾਪਤੀ ਲਈ ਹੈ, ਪਰ ਪੜ੍ਹ ਕੇ ਮਾਣ ਨਹੀਂ ਕਰਨਾ। ਇਸ ਦਾ ਪੜ੍ਹਨਾ ਤਿੰਨ ਤਰ੍ਹਾਂ ਦਾ ਸਿਆਣਿਆਂ ਨੇ ਦੱਸਿਆ ਹੈ:-

੧. ਮਗਜ਼ ਖਾਣ ਦੀ ਤਰ੍ਹਾਂ :-ਜੋ ਪੁਸਤਕ ਪੜ੍ਹ ਕੇ ਸਿਧਾਂਤ ਨੂੰ ਸਮਝਦਾ ਹੈ, ਫਿਰ ਉਸ ਅਨੁਸਾਰ ਚੱਲਦਾ ਹੈ, ਇਹ ਮਗਜ਼ ਖਾਣ ਦੀ ਤਰ੍ਹਾਂ ਹੈ।

੨. ਮਾਸ ਖਾਣ ਦੀ ਤਰ੍ਹਾਂ:- ਪੜ੍ਹ ਕੇ ਕੇਵਲ ਆਪਣਾ ਹੀ ਪੇਟ ਤੋਰਨਾ ਜਾਂ ਪ੍ਰਵਾਰ ਦਾ ਗੁਜ਼ਾਰਾ ਕਰਨਾ, ਇਹ ਮਾਸ ਖਾਣ ਦੀ ਤਰ੍ਹਾਂ ਹੈ।

੩. ਹੱਡੀਆਂ ਚੱਬਣ ਦੀ ਤਰ੍ਹਾਂ:- ਪੜ੍ਹ ਕੇ ਦੂਜਿਆਂ 'ਤੇ ਤਰਕ ਕਰਨੀ ਕਿ ਇਹ ਸਭ ਅਨਪੜ੍ਹ ਪਸ਼ੂ ਹਨ, ਮੇਰਾ ਕੀ ਮੁਕਾਬਲਾ ਕਰ ਸਕਦੇ ਹਨ ? ਹੰਕਾਰ ਤੇ ਲੋਭ ਕਰਨਾ, ਇਹ ਹੱਡੀਆਂ ਚੱਬਣ ਦੀ ਤਰ੍ਹਾਂ ਹੈ, ਜਿਵੇਂ ਕੁੱਤਾ ਸੁੱਕੀ ਹੱਡੀ ਮੂੰਹ ਵਿਚ ਲੈ ਕੇ ਚੱਬਦਾ ਹੈ। ਉਸ ਦੇ ਦੰਦਾਂ ਵਿਚੋਂ ਖ਼ੂਨ ਨਿਕਲਦਾ ਹੈ ਪਰ ਉਹ ਸਮਝਦਾ ਹੈ ਕਿ ਸ਼ਾਇਦ ਇਸ ਹੱਡੀ ਵਿਚੋਂ ਮੈਨੂੰ ਰਸ ਆ ਰਿਹਾ ਹੈ ਪਰ ਅਸਲ ਵਿਚ ਉਸ ਕੁੱਤੇ ਨੂੰ ਕੋਈ ਲਾਭ ਨਹੀਂ ਹੁੰਦਾ। ਸੋ

***ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ॥***

( ਅੰਗ ੧੪੦)

ਵਿਦਿਆ ਪੜ੍ਹ ਕੇ ਪਰਉਪਕਾਰ ਦੀ ਗੁਰੂ ਕੀ ਆਗਿਆ ਹੈ :

***ਵਿਦਿਆ ਵੀਚਾਰੀ ਤਾਂ ਪਰਉਪਕਾਰੀ॥***

(ਅੰਗ ੩੫੬)

ਨਹੀਂ ਤਾਂ ਲਾਭ ਨਹੀਂ। ਕੇਵਲ ਵਿਵਹਾਰਕ ਵਿੱਦਿਆ ਪੜ੍ਹਨ ਨਾਲ ਸੰਸਾਰ ਦੇ ਕਾਰਜ ਤਾਂ ਚਲਦੇ ਹਨ, ਪਰ ਮਨ ਨੂੰ ਸ਼ਾਂਤੀ ਜਾਂ ਕਲਿਆਨ ਪ੍ਰਾਪਤ ਨਹੀਂ ਹੁੰਦੀ। ਵਿੱਦਿਆ ਸਿੱਖਣਾ ਇਸ ਤਰ੍ਹਾਂ ਹੈ, ਜਿਵੇਂ ਤਿੰਨ ਪ੍ਰਕਾਰ ਦੇ ਮਣੀ ਵਾਲੇ ਸੱਪ ਹੁੰਦੇ ਹਨ।

## ਤਿੰਨ ਤਰ੍ਹਾਂ ਦੇ ਸੱਪ

(੧) ਪਹਿਲੀ ਕਿਸਮ ਦਾ ਸੱਪ ਹਨੇਰੇ ਵਿਚ ਮਣੀ ਕੱਢ ਕੇ ਤੇ ਬਾਹਰ ਰੱਖ ਕੇ ਹੰਕਾਰ ਵਿਚ ਆ ਕੇ ਫੁੰਕਾਰੇ ਮਾਰਦਾ ਹੈ। ਰੇਤ ਵਿਚ ਪਾਸੇ ਮਾਰਦਾ ਹੈ ਜਿਸ ਕਰ ਕੇ ਰੇਤ ਮਣੀ ਉੱਪਰ ਪੈ ਜਾਂਦੀ ਹੈ ਅਤੇ ਉਹ ਗੁਆਚ ਜਾਂਦੀ ਹੈ ਤਾਂ ਉਹ ਸੱਪ ਦੁੱਖੀ ਹੋ ਕੇ ਫਣ ਮਾਰ ਮਾਰ ਕੇ ਲੱਭਦਾ ਹੈ। ਨਾ ਪ੍ਰਾਪਤ ਹੋਣ ਤੋਂ ਉਥੇ ਹੀ ਮਰ ਜਾਂਦਾ ਹੈ। ਇਉਂ ਵਿੱਦਿਆ ਦਾ ਹੰਕਾਰ ਕਰ ਕੇ ਅੰਤ ਪਛਤਾਉਣਾ ਪੈਂਦਾ ਹੈ।

(੨) ਦੂਜੇ ਕਿਸਮ ਦੇ ਸੱਪ ਹਨੇਰੀ ਰਾਤ ਵਿਚ ਮਣੀ ਬਾਹਰ ਕੱਢ ਕੇ ਰੱਖਦੇ ਹਨ। ਮਣੀ ਦੇ ਚਾਨਣ 'ਤੇ ਜੋ ਕੀੜੇ ਮਕੌੜੇ ਆਉਂਦੇ ਹਨ ਉਹਨਾਂ ਨਾਲ ਪੇਟ ਭਰਦੇ ਹਨ, ਹੋਰ ਕੋਈ ਲਾਭ ਨਹੀਂ। ਇਉਂ ਵਿਦਵਾਨ, ਅਨਪੜ੍ਹਾਂ ਉੱਪਰ ਵਿੱਦਿਆ ਕਥਾ ਦਾ ਪ੍ਰਕਾਸ਼ ਰੂਪੀ ਅਸਰ ਪਾ ਕੇ ਆਪਣਾ ਤੇ ਆਪਣੇ ਪ੍ਰਵਾਰ ਦਾ ਪੇਟ ਪਾਲਦੇ ਹਨ। ਹੋਰ ਕੋਈ ਲਾਭ ਨਹੀਂ, ਪਰਮਾਰਥ ਦੀ ਪ੍ਰਾਪਤੀ ਦਾ।

(੩) ਤੀਸਰੀ ਤਰ੍ਹਾਂ ਦੇ ਸੱਪ ਜੋ ਪੂਰਨਮਾਸ਼ੀ ਦੀ ਰਾਤ ਨੂੰ ਮਣੀ ਕੱਢ ਕੇ ਰੱਖਦੇ ਹਨ, ਉਸ ਉੱਪਰ ਚੰਦਰਮਾ ਦੀਆਂ ਕਿਰਨਾਂ ਪੈਣ ਤੋਂ ਮਣੀ ਵਿਚੋਂ ਅੰਮ੍ਰਿਤ ਸਿੰਮਦਾ (ਸ੍ਰਵਦਾ) ਹੈ। ਉਸ ਨੂੰ ਚੱਟ ਕੇ ਸੱਪ ਆਪਣੀ ਜ਼ਹਿਰ ਮੇਟ ਲੈਂਦਾ ਹੈ। ਯਥਾ :

***ਸੋਮਵਾਰਿ ਸਸਿ ਅੰਮ੍ਰਿਤੁ ਝਰੈ॥ ਚਾਖਤ ਬੇਗਿ ਸਗਲ ਬਿਖ ਹਰੈ॥***

(ਅੰਗ ੩੪੪)

ਇਉਂ ਬ੍ਰਹਮ ਵਿਦਿਆ ਮਣੀ ਦਾ ਪ੍ਰਕਾਸ਼ ਕਰ ਕੇ ਜਿਨ੍ਹਾਂ ਦਾ ਰਿਦਾ ਪੂਰਨ ਵੈਰਾਗ ਸ਼ੁਭ ਗੁਣਾਂ ਦੇ ਸਹਿਤ ਹੈ, ਉਹ ਰਿਦੇ 'ਚੋਂ ਕਾਮ ਆਦਿਕ ਦੀ ਜ਼ਹਿਰ ਮੇਟ ਕੇ ਨਾਮ ਅੰਮ੍ਰਿਤ ਪੀਂਦੇ ਹਨ। ਉਹ ਆਪ ਵੀ ਮੁਕਤ ਹਨ ਤੇ ਹੋਰਨਾਂ ਨੂੰ ਵੀ ਉਪਦੇਸ਼ ਦੇ ਕੇ ਨਿਹਾਲ ਕਰਦੇ ਹਨ।

ਵਿੱਦਿਆ ਮਨੁੱਖ ਦਾ ਤੀਜਾ ਨੇਤ੍ਰ ਹੈ :

***ਦੁਇ ਦੁਇ ਲੋਚਨ ਸਰਬਾਨਾ। ਵਿਦਵਾਨਾ ਤ੍ਰਈ ਲੋਚਨਾ,***
***ਪੰਡਤਾਨਾ ਸਪਤਾਨਾ, ਬ੍ਰਹਮ ਗਿਆਨੀ ਅਨੰਤ ਲੋਚਨਾ।***

ਵਿਦਿਆ ਮਾਨੀ ਪੁਰਸ਼ ਪਸ਼ੂ ਦੀ ਤਰ੍ਹਾਂ ਹੈ। ਸੋ ਵਿੱਦਿਆ ਪੜ੍ਹਨੀ ਹਰੇਕ ਪ੍ਰਾਣੀ ਮਾਤਰ ਲਈ ਜ਼ਰੂਰੀ ਹੈ। ਉਹ ਮਾਪੇ ਵੱਡੇ ਦੁਸ਼ਮਨ ਹੁੰਦੇ ਹਨ ਜੋ ਔਲਾਦ ਨੂੰ ਵਿਦਿਆ ਨਹੀਂ ਪੜ੍ਹਾਉਂਦੇ :

***ਬਹੁ ਗੁਨੀ ਅਲਾਵਹਿ ਸੁਤ ਨ ਪਢਾਵਹਿਂ ਸੋ ਸ਼ਤਰੂ ਸਮ ਤਾਤ।***
***ਸ਼ੋਭਾ ਨਹਿਂ ਪਾਵਹਿ ਮਤਿ ਨਹਿਂ ਆਵਹਿ ਜਗ ਮੈਂ ਇਹ ਬਖਯਾਤ।...***

(ਸ੍ਰੀ ਗੁਰੂ ਨਾਨਕ ਪ੍ਰਕਾਸ਼ ਪੂਰਬਾਰਧ)

ਪੰਡਿਤ ਹਰਦਿਆਲ ਜੀ ਨੇ ਵਿਦਿਆ ਨੂੰ ਸੱਚਾ ਧਨ ਤੇ ਸੰਬੰਧੀ ਦੀ ਤਰ੍ਹਾਂ ਦੱਸਿਆ ਹੈ। ਵਿਦਿਆ ਗੁਪਤ, ਨਾਸ਼ ਰਹਿਤ, ਹੌਲਾ ਧਨ ਹੈ ਜਿਸ ਦਾ ਕੋਈ ਭਾਰ ਨਹੀਂ ਲੱਗਦਾ। ਜਿੰਨੀ ਮਰਜ਼ੀ ਕੋਈ ਪੜ੍ਹੀ

ਜਾਵੇ, ਵਿੱਦਿਆ ਮਨੁੱਖ ਦੀ ਹਰ ਤਰ੍ਹਾਂ ਸਹਾਇਤਾ ਕਰਦੀ ਹੈ। ਸੰਸਾਰ ਵਿਚ ਜਸ ਤੇ ਸੁੱਖ ਮਿਲਦਾ ਹੈ। ਵਿਦਵਾਨ ਪੁਰਸ਼ ਦਾ ਹਰ ਥਾਂ ਸਤਿਕਾਰ ਹੁੰਦਾ ਹੈ:

***ਗੁਪਤ ਪ੍ਰਛਿੰਨ ਅਤੁਲੁ ਧਨ ਵਿਦਯਾ ਨਰ ਬਪੁ ਜਾਨ॥***
***ਵਿਦਯਾ ਜਸ ਸੁਖ ਭੋਗ ਦੇ ਵਿਦਯਾ ਗੁਰ ਗੁਰ ਮਾਨ॥੧੧॥***

ਇਸ ਧਨ ਨੂੰ ਨਾ ਕੋਈ ਵੰਡਾ ਸਕੇ, ਨਾ ਚੁਰਾ ਸਕੇ, ਨਾ ਖੋਹ ਸਕੇ, ਨਾ ਨਾਸ਼ ਹੋਵੇ ਤੇ ਨਾ ਅੱਗ ਸਾੜ ਸਕੇ। ਫਿਰ ਇਹ ਸਭ ਥਾਵਾਂ 'ਤੇ, ਸਗੋਂ ਪ੍ਰਦੇਸ਼ ਵਿਚ ਵੀ ਸੰਬੰਧੀ ਦੀ ਤਰ੍ਹਾਂ ਸਹਾਇਤਾ ਕਰਨ ਵਾਲਾ ਹੈ। ਵਿੱਦਿਆ ਵਿਸ਼ੇਸ਼ ਕਰਕੇ ਪੂਜਨੀਕ ਹੈ। ਇਹ ਦੁੱਖਾਂ ਨੂੰ ਸਾੜਨ ਵਾਲੀ ਵਿਦਿਆ ਹੈ। ਰਾਜਿਆਂ ਦੁਆਰਾ ਜ਼ਿਆਦਾ ਸਤਿਕਾਰੀ ਜਾਂਦੀ ਹੈ। ਵਿਦਿਆ ਤੋਂ ਬਿਨਾਂ ਮਨੁੱਖ ਨੂੰ ਪਸ਼ੂ ਦੀ ਤਰ੍ਹਾਂ ਵੇਖੋ:

***ਵਿਦਯਾ ਬੰਧ ਪ੍ਰਦੇਸ ਮੈ ਵਿਦਯਾ ਦੇਵ ਬਿਸੇਖ॥***
***ਪੂਜ ਨ੍ਰਿਪੋਂ ਕਰ ਅਘਹਤੀ ਵਿਦਯਾ ਬਿਨੁ ਪਸੁ ਦੇਖ॥ ੧੨॥***

ਮੂਰਖ ਦੀ ਘਰ ਵਿਚ ਮੰਨੀਦੀ ਹੈ ਕਿਉਂਕਿ ਘਰ ਦਾ ਵਿਹਾਰ ਕਰਾਉਣਾ ਹੁੰਦਾ ਹੈ। ਨੰਬਰਦਾਰ ਸਰਪੰਚ ਦਾ ਸਤਿਕਾਰ ਆਪਣੇ ਪਿੰਡ ਵਿਚ ਅਤੇ ਰਾਜੇ ਵਜ਼ੀਰ ਦਾ ਸਤਿਕਾਰ ਵੀ ਕੇਵਲ ਆਪਣੇ ਦੇਸ਼ ਵਿਚ ਹੀ ਹੁੰਦਾ ਹੈ, ਪਰ ਵਿਦਵਾਨ ਸਭ ਥਾਈਂ ਸਤਿਕਾਰੇ ਜਾਂਦੇ ਹਨ। ਇਸ ਲਈ ਵਿਦਿਆ ਪੜ੍ਹਨੀ ਅਤੀ ਜ਼ਰੂਰੀ ਹੈ:

***ਮੁਗਧ ਪੂਜਾ ਨਿਜ ਧਾਮ ਮੈਂ ਪ੍ਰਭੂ ਪੂਜ ਨਿਜ ਨੱਗ੍ਰ॥***
***ਭੂਪ ਪੂਜ ਸ੍ਵਾਦੇਸ ਮੈਂ ਪੂਜਤ ਗੁਣੀ ਸਮੱਗ੍ਰ॥ ੧੭॥***

ਇਹ ਉਥੇ ਪਹੁੰਚਾਉਂਦੀ ਹੈ ਜਿਥੇ ਕੋਈ ਧਨੀ ਵੀ ਨਹੀਂ ਪਹੁੰਚ ਸਕਦਾ। ਭਾਵੇਂ ਕੋਈ ਸੁੰਦਰ ਸਰੂਪ, ਧਨੀ, ਚੜ੍ਹਦੀ ਜੁਆਨੀ ਵਾਲਾ, ਉੱਚੀ ਕੁਲ ਵਿਚ ਜਨਮ ਲੈਣ ਵਾਲਾ, ਬਹੁਤ ਸੰਬੰਧੀਆਂ ਸਹਿਤ ਵੀ ਹੋਵੇ ਪਰ ਉਹ ਵਿਦਿਆ ਤੋਂ ਬਿਨਾਂ ਸੋਭਾ ਨਹੀਂ ਪਾਉਂਦਾ। ਜਿਵੇਂ ਕੇਸੂ ਦਾ ਫੁੱਲ ਸੁਗੰਧੀ ਬਿਨਾਂ ਸੋਭਦਾ ਨਹੀਂ:

***ਰੂਪ ਦਰਬ ਜੋਬਨ ਸਹਤ ਸੁਕੁਲ ਜਨਮ ਬਹੁ ਬੰਧ॥***
***ਵਿੱਦਯਾ ਬਿਨ ਸੋਭਤ ਨਹੀਂ ਜਿਉ ਕੇਸੂ ਬਿਨ ਗੰਧ॥੧੯॥***

ਗਹਿਣੇ, ਸੁੰਦਰ ਬਸਤਰ, ਖ਼ਾਸ ਲਿਬਾਸ ਤੋਂ ਬਿਨਾਂ ਭਾਵੇਂ ਮਾੜੇ ਰੂਪ ਵਾਲਾ ਵੀ ਹੋਵੇ, ਪਰ ਉਹ ਵਿਦਵਾਨ ਪੁਰਸ਼ ਉਪਮਾ ਰਹਿਤ ਸੰਤਾਂ ਦੀ ਸਭਾ ਵਿਚ ਸ਼ੋਭਨੀਕ ਹੁੰਦਾ ਹੈ:

***ਅਲੰਕਾਰ ਪਟ ਭੇਖ ਬਿਨ ਯੱਦਪਿ ਹੋਇ ਕੁਰੂਪ॥***
***ਸੋਭਤ ਸੰਤਨ ਸਭਾ ਖਿਤ ਜਨ ਵਿਦ੍ਵਾਨ ਆਨੂਪ॥੨੦॥***

(ਸਾਰਕੁਤਾਵਲੀ ਅਧਿਆਇ ੩)

ਸੰਸਾਰੀ ਵਿਦਿਆ ਨਾਲ ਸੰਸਾਰ 'ਚ ਮਾਨ ਪ੍ਰਾਪਤ ਤਾਂ ਹੁੰਦਾ ਹੈ, ਪਰ ਅਧਿਆਤਮਕ ਵਿਦਿਆ ਬਿਨਾਂ ਗਿਆਨ, ਸ਼ਾਂਤੀ ਤੇ ਆਨੰਦ ਨਹੀਂ ਪ੍ਰਾਪਤ ਹੁੰਦਾ। ਜਿਵੇਂ ਨਾਰਦ ਮੁਨੀ ਨੇ ੭੫੦੦੦ ਵਰ੍ਹਾ ਵਿਦਿਆ

ਪੜ੍ਹੀ। ਦੂਜੇ ਭਾਈਆਂ ਸਨਕਾਦਿਕਾਂ ਦੇ ਪੁੱਛਣ ਤੋਂ ਦੱਸਿਆ ਕਿ ਮੈਂ ਗੌਣ ਵਜਾਉਣ, ਨ੍ਰਿਤਕਾਰੀ ਕਰਨ, ਛੇ ਸ਼ਾਸਤਰ, ਚਾਰ ਵੇਦ, ਵਿਆਕਰਣਾਦਿਕ ਸਭ ਪੜ੍ਹੇ ਹਨ। ਮੈਂ ਸਾਰੀ ਵਿੱਦਿਆ ਪੜ੍ਹ ਕੇ ਮੁਕਾ ਦਿੱਤੀ ਹੈ। ਤਾਂ ਉਹਨਾਂ ਨੇ ਪੁੱਛਿਆ, 'ਹੇ ਭਰਾਤਾ! ਤੇਰੇ ਮਨ ਨੂੰ ਟਿਕਾਅ, ਸ਼ਾਂਤੀ ਆਈ ਹੈ?' ਤਾਂ ਨਾਰਦ ਨੇ ਕਿਹਾ, 'ਜੀ ਨਹੀਂ।' ਤਾਂ ਉਹਨਾਂ ਕਿਹਾ, 'ਹੇ ਵੀਰ! ਸ਼ਾਂਤੀ ਤੇ ਗਿਆਨ ਵਾਲੀ ਵਿੱਦਿਆਂ ਤਾਂ ਹਾਲੇ ਤੂੰ ਪੜ੍ਹਨੀ ਆਰੰਭੀ ਵੀ ਨਹੀਂ।' ਨਾਰਦ ਜੀ ਨੇ ਪੁੱਛਿਆ, 'ਉਹ ਕਿਹੜੀ ਵਿੱਦਿਆ ਹੈ?' ਤਾਂ ਦੱਸਿਆ, 'ਉਹ ਹੈ ਅਧਿਆਤਮਕ ਵਿੱਦਿਆ ਜੋ ਅਧਿਸ਼ਟਾਨ ਸਰੂਪ ਪ੍ਰਮੇਸ਼ਰ ਸਾਰਿਆਂ ਦਾ ਆਪਣਾ ਆਪ ਰੂਪ ਹੈ, ਉਸ ਦੀ ਪ੍ਰਾਪਤੀ ਵਾਲੀ ਜੋ ਵਿੱਦਿਆ ਹੈ ਭਾਵ ਬ੍ਰਹਮ ਵਿੱਦਿਆ।' ਤਾਂ ਫਿਰ ਬ੍ਰਹਮ ਵਿੱਦਿਆ ਪੜ੍ਹਨੇ ਕਰ ਕੇ ਇਸ ਨੂੰ ਅਨੰਦ ਆਇਆ ਤੇ ਕਿਹਾ ਕਿ ਇਸ ਵਿੱਦਿਆ ਬਿਨਾਂ ਮੈਂ ਜਨਮ ਹੀ ਵਿਅਰਥ ਗਵਾ ਲੈਣ ਲੱਗਾ ਸੀ। ਪ੍ਰਮੇਸ਼ਰ ਦੀ ਪ੍ਰਾਪਤੀ ਤਾਂ ਇਸ ਤਰ੍ਹਾਂ ਹੁੰਦੀ ਹੈ:

***ਜੋ ਪ੍ਰਾਣੀ ਗੋਵਿੰਦੁ ਧਿਆਵੈ॥***
***ਪੜਿਆ ਅਣਪੜਿਆ ਪਰਮ ਗਤਿ ਪਾਵੈ॥***

(ਅੰਗ ੧੯੭)

ਸੋ ਸਤਿਗੁਰੂ ਜੀ ਦਾ ਉਪਦੇਸ਼ ਹੈ ਕਿ:

***ਹਰਿ ਪੜੁ ਹਰਿ ਲਿਖੁ ਹਰਿ ਜਪਿ ਹਰਿ ਗਾਉ***
***ਹਰਿ ਭਉਜਲੁ ਪਾਰਿ ਉਤਾਰੀ॥***

(ਅੰਗ ੬੬੯)

## ਸਾਖੀ—ਪ੍ਰਹਿਲਾਦ ਦੇ ਪੜ੍ਹਨ ਦੀ

ਸਤਿਜੁਗ ਵਿਚ ਭਗਤ ਪ੍ਰਹਿਲਾਦ ਜੀ ਨੂੰ ਸੰਡੇ ਮਰਕੇ ਕੋਲੋਂ ਕੇਵਲ ਰਾਜਨੀਤਕ ਵਿੱਦਿਆ ਪੜ੍ਹਾਉਣ ਦਾ ਭਾਰੀ ਯਤਨ ਹਰਣਾਖ਼ਸ਼ ਵੱਲੋਂ ਕੀਤਾ ਗਿਆ, ਪਰ ਉਸ ਨੇ ਕਿਹਾ:

***ਮੇਰੀ ਪਟੀਆ ਲਿਖਿ ਦੇਹੁ ਸ੍ਰੀ ਗੋੁਪਾਲ॥੧॥***
***ਨਹੀ ਛੋਡਉ ਰੇ ਬਾਬਾ ਰਾਮ ਨਾਮ॥***

(ਅੰਗ ੧੧੯੪)

***ਮੇਰੀ ਪਟੀਆ ਲਿਖਿ ਦੇਹੁ ਗੋਬਿੰਦ ਮੁਰਾਰਿ॥***

(ਅੰਗ ੧੧੫੪)

***ਜੇ ਹਰਿ ਛੋਡਉ ਤਉ ਕੁਲਿ ਲਾਗੈ ਗਾਲਿ॥***

(ਅੰਗ ੧੧੫੪)

ਭਾਈ ਗੁਰਦਾਸ ਜੀ ਨੇ ਵੀ ਇਸ ਪ੍ਰਸੰਗ ਨੂੰ ਇਸ ਪ੍ਰਕਾਰ ਕਥਨ ਕੀਤਾ ਹੈ:

***ਘਰਿ ਹਰਣਾਖਸ ਦੈਤ ਦੇ ਕਲਰਿ ਕਵਲੁ ਭਗਤੁ ਪ੍ਰਹਿਲਾਦੁ।***
***ਪੜ੍ਹਨ ਪਠਾਇਆ ਚਾਟਸਾਲ ਪਾਂਧੇ ਚਿਤਿ ਹੋਆ ਅਹਿਲਾਦੁ।***
***ਸਿਮਰੈ ਮਨ ਵਿਚਿ ਰਾਮ ਨਾਮ ਗਾਵੈ ਸਬਦੁ ਅਨਾਹਦੁ ਨਾਦੁ।***
***ਭਗਤਿ ਕਰਨਿ ਸਭ ਚਾਟੜੈ ਪਾਂਧੇ ਹੋਇ ਰਹੇ ਵਿਸਮਾਦੁ।***
***ਰਾਜੇ ਪਾਸ ਰੂਆਇਆ ਦੋਖੀ ਦੈਤਿ ਵਧਾਇਆ ਵਾਦੁ।***
***ਜਲ ਅਗਨੀ ਵਿਚਿ ਘਤਿਆ ਜਲੈ ਨ ਡੁਬੈ ਗੁਰ ਪਰਸਾਦਿ।***
***ਕਢਿ ਖੜਗੁ ਸਦਿ ਪੁਛਿਆ ਕਉਣੁ ਸੁ ਤੇਰਾ ਹੈ ਉਸਤਾਦੁ।***
***ਥੰਮ੍ਹ ਪਾੜਿ ਪਰਗਟਿਆ ਨਰਸਿੰਘ ਰੂਪ ਅਨੂਪ ਅਨਾਦਿ।***
***ਬੇਮੁਖ ਪਕੜਿ ਪਛਾੜਿਅਨੁ, ਸੰਤ ਸਹਾਈ ਆਦਿ ਜੁਗਾਦਿ।***
***ਜੈ ਜੈ ਕਾਰ ਕਰਨਿ ਬ੍ਰਹਮਾਦਿ॥੨॥*** (ਵਾਰ ੧੦, ਪਉੜੀ ੨)

## ਸਾਖੀ—ਗੁਰੂ ਨਾਨਕ ਦੇਵ ਜੀ ਦੇ ਪੜ੍ਹਨ ਦੀ

ਗਿਆਨੀ ਗਿਆਨ ਸਿੰਘ ਜੀ ਨੇ ਤਵਾਰੀਖ਼ ਗੁਰੂ ਖ਼ਾਲਸਾ ਵਿਚ ਪਿਤਾ ਕਾਲੂ ਜੀ ਵਲੋਂ ਗੁਰੂ ਨਾਨਕ ਦੇਵ ਜੀ ਨੂੰ ਵਿੱਦਿਆ ਪੜ੍ਹਾਉਣ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੈ—ਪਿਤਾ ਜੀ ਘਰੋਂ ਮਿਠਾਈ ਲੈ ਕੇ ਗੋਪਾਲ ਪਾਂਧੇ ਪਾਸ ਜਾ ਕੇ ਸ੍ਰੀ ਨਾਨਕ ਦੇਵ ਜੀ ਨੂੰ ਪੜ੍ਹਨ ਲਈ ਛੱਡ ਆਏ। ਭਲਾ ਓਹ ਸਾਰੇ ਇਲਮਾਂ ਦੇ ਕੁਦਰਤੀ ਗਜਾਤਾ ਹਰ ਕੱਚੀ ਪੜ੍ਹਤ ਦੀ ਤੰਦ ਵਿਚ ਕਿਸ ਤਰ੍ਹਾਂ ਬੰਧਾਏਮਾਨ ਹੁੰਦੇ ਸਨ। ਕਈ ਦਿਨ ਤਾਂ ਜੋ ਕੁਛ ਪਾਂਧਾ ਲਿਖ ਦੇਵੇ ਓਹੋ ਛਿਨ ਕੁ ਪਿਛੋਂ ਸੁਣਾ ਦੇਣ। ਇਕ ਦਿਨ ਬਾਬੇ ਜੀ ਨੇ "ਓਅੰ-ਮਹ ਸਿਧੰ" ਜੋ ਪਾਂਧੇ ਪਹਿਲੇ ਹੀ ਸਭ ਨੂੰ ਦੱਸਦੇ ਹਨ, ਏਸ ਦੇ ਅਰਥ ਪਾਂਧੇ ਤੋਂ ਪੁੱਛੇ ਤਾਂ ਓਸ ਦੀ ਮੱਤ ਮਾਰੀ ਗਈ। ਬੋਲਜਾ ਤੂੰ ਅਰਥਾਂ ਨੂੰ ਕੀ ਸਮਝਣਾ ਹੈ, ਲੇਖਾ ਹਿਸਾਬ ਸਿੱਖ। ਬਾਬੇ ਜੀ ਆਖਜਾ ਏਹ ਬੰਧਨਾਂ ਵਿਚ ਪਾਵਣ ਵਾਲਾ ਛਲ ਬਣਾ ਕੇ ਨਰਕ ਦੇਣ ਵਾਲਾ ਲੇਖਾ ਅਸੀਂ ਨਹੀਂ ਪੜ੍ਹਨਾ।

ਪਾਂਧੇ ਆਖਜਾ ਨਾਨਕ ! ਜੇ ਤੂੰ ਪ੍ਰਲੋਕ ਦਾ ਸਹਾਇਕ ਲੇਖਾ ਜਾਣਦਾ ਹੈਂ ਤਾਂ ਸਾਨੂੰ ਸਿਖਾ। ਅਸੀਂ ਤਾਂ ਕੇਵਲ ਦੁਕਾਨਦਾਰੀ ਦੇ ਵਿਹਾਰ ਦਾ ਹਿਸਾਬ ਜਾਣਦੇ ਹਾਂ, ਪ੍ਰਲੋਕ ਦਾ ਕਦੇ ਸੁਣਿਆ ਭੀ ਨਹੀਂ। ਤਾਂ ਬਾਬੇ ਸ਼ਬਦ ਬੋਲਿਆ :

ਸਿਰੀਰਾਗੁ ਮਹਲੁ ੧॥

***ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ॥***
***ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ॥***
***ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ॥ ੧॥***

***ਬਾਬਾ ਏਹੁ ਲੇਖਾ ਲਿਖਿ ਜਾਣੁ॥***
***ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ॥ ੧॥ ਰਹਾਉ॥***
***ਜਿਥੈ ਮਿਲਹਿ ਵਡਿਆਈਆ ਸਦ ਖੁਸੀਆ ਸਦ ਚਾਉ॥***
***ਤਿਨ ਮੁਖਿ ਟਿਕੇ ਨਿਕਲਹਿ ਜਿਨ ਮਨਿ ਸਚਾ ਨਾਉ॥***
***ਕਰਮਿ ਮਿਲੈ ਤਾ ਪਾਈਐ ਨਾਹੀ ਗਲੀ ਵਾਉ ਦੁਆਉ॥ ੨॥....***

(ਅੰਗ ੧੬)

ਇਹ ਸਾਰਾ ਸ਼ਬਦ ਪੜ੍ਹ ਕੇ ਬੋਲੇ ਪਾਂਧਾ ਜੀ! ਜੇ ਤੈਨੂੰ ਜਨਮ ਮਰਨ ਦੇ ਲੇਖੇ ਤੋਂ ਛੁੱਟਣ ਦੀ ਇੱਛਾ ਹੈ ਤਾਂ ਇਹ ਲੇਖਾ ਪੜ੍ਹ ਕੇ ਬਾਲਕਾਂ ਨੂੰ ਪੜ੍ਹਾ, ਸੰਸਾਰ ਦਾ ਸਨੇਹ ਮਾਯਾ ਦਾ ਮੋਹ ਜਲਾਕੇ ਸਯਾਹੀ ਬਣਾ, ਸਾਰਗ੍ਰਾਹੀ ਬੁੱਧੀ ਦੇ ਕਾਗਜ਼ ਪਰ ਪ੍ਰੇਮ ਦੀ ਕਲਮ ਨਾਲ ਸੁੱਧ ਚਿੱਤ ਲਿਖਾਰੀ ਤੋਂ ਸਤਿਗੁਰੂ ਦੁਆਰਾ ਭਗਤੀ ਗਿਆਨ ਦਾ ਵੀਚਾਰ ਪੁੱਛ ਕੇ ਧਾਰਣ ਕਰ (ਲਿਖਨਾਮ) ਪ੍ਰਮੇਸ਼ਵਰ ਦੀ ਮਹਿਮਾ ਕਰਦਾ ਹੋਯਾ ਭਗਤੀ ਭਜਨ ਕਰ। ਜਿੱਥੇ ਪ੍ਰਲੋਕ ਵਿਚ ਧਰਮਰਾਜ ਲੇਖਾ ਮੰਗਦਾ ਹੈ, ਓਥੇ ਏਸੇ ਲੇਖੇ ਦੇ ਪਰਵਾਨ ਹੋਣ ਨਾਲ ਛੁੱਟੀਦਾ ਹੈ। ਇਹੋ ਜਿਹਾ ਲੇਖਾ ਸਿੱਖਣ ਵਾਲੇ ਪੁਰਖਾਂ ਨੂੰ ਜਿੱਥੇ ਕਿੱਥੇ ਸਦਾ ਹੀ ਖ਼ੁਸ਼ੀਆਂ ਤੇ ਉਤਸ਼ਾਹ ਬਣੇ ਰਹਿੰਦੇ ਹਨ ਅਤੇ ਉਨ੍ਹਾਂ ਦੇ ਮੱਥੇ ਪਰ ਵਡਿਆਈ ਦਾ ਤਿਲਕ ਲਾਇਆ ਜਾਂਦਾ ਹੈ। ਅਰਥਾਤ ਪ੍ਰਮੇਸ਼ਵਰ ਵੱਲੋਂ ਦੋਹਾਂ ਜਹਾਨਾਂ ਵਿਚ ਓਹਨਾਂ ਨੂੰ ਸੰਪੂਰਨ ਸੁੱਖ ਪ੍ਰਾਪਤ ਹੁੰਦਾ ਹੈ। ਇਹ ਸੁਣ ਕੇ ਪਾਂਧੇ ਸਮੇਤ ਸਭ ਲੋਕ ਬਹੁਤ ਖ਼ੁਸ਼ ਹੋਏ ਤੇ ਬਾਬਾ ਜੀ ਨੂੰ ਸਮਰੱਥ ਸਮਝ ਕੇ ਨਮਸ਼ਕਾਰ ਕੀਤੀ। ਗੁਰੂ ਜੀ ਨੇ ਉਨ੍ਹਾਂ ਦੀ ਕਲਿਆਨ ਵਾਸਤੇ ਸਭਨਾਂ ਅੱਖਰਾਂ ਦੇ ਅਰਥ ਉਚਾਰਨ ਕੀਤੇ ਜੋ ਪਟੀ ਨਾਮ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਥੇ ਨਮੂਨੇ ਮਾਤਰ ਦੱਸਦੇ ਹਾਂ:

ਰਾਗੁ ਆਸਾ ਮਹਲਾ ੧ ਪਟੀ ਲਿਖੀ          ੧ੴ ਸਤਿਗੁਰ ਪ੍ਰਸਾਦਿ॥

***ਸਸੈ ਸੋਇ ਸ੍ਰਿਸਟਿ ਜਿਨਿ ਸਾਜੀ ਸਭਨਾ ਸਾਹਿਬੁ ਏਕੁ ਭਇਆ॥***
***ਸੇਵਤ ਰਹੇ ਚਿਤੁ ਜਿਨ੍ ਕਾ ਲਾਗਾ ਆਇਆ ਤਿਨ੍ ਕਾ ਸਫਲੁ ਭਇਆ॥ ੧॥***
***ਮਨ ਕਾਹੇ ਭੂਲੇ ਮੂੜ ਮਨਾ॥ ਜਬ ਲੇਖਾ ਦੇਵਹਿ ਬੀਰਾ ਤਉ ਪੜਿਆ॥ ੧॥ ਰਹਾਉ॥***
***ਈਵੜੀ ਆਦਿ ਪੁਰਖੁ ਹੈ ਦਾਤਾ ਆਪੇ ਸਚਾ ਸੋਈ॥***
***ਏਨਾ ਅਖਰਾ ਮਹਿ ਜੋ ਗੁਰਮੁਖਿ ਬੂਝੈ ਤਿਸੁ ਸਿਰਿ ਲੇਖੁ ਨ ਹੋਈ॥ ੨॥***

(ਅੰਗ ੪੩੨)

ਇਸ ਪ੍ਰਕਾਰ ਸਾਰੇ ਅੱਖਰਾਂ ਦੁਆਰਾ ਪ੍ਰਮੇਸ਼ਵਰ ਦੇ ਮਿਲਣ ਦਾ ਰਾਹ ਦੱਸਿਆ। ਬਾਬਾ ਜੀ ਤੋਂ ਅੱਖਰਾਂ ਦਾ ਉਚਾਰਨ ਸੁਣ ਕੇ ਬਾਲਕਾਂ ਸਮੇਤ ਪਾਂਧੇ ਨੇ ਨਿਹਾਲ ਹੋਕੇ ਬਾਬੇ ਦੇ ਚਰਨ ਚੁੰਮੇ ਤੇ ਭਗਤੀ ਭਜਨ ਕਰਨ ਲੱਗ ਪਏ, ਫਿਰ ਤਾਂ ਘਰ ਘਰ ਬਾਬੇ ਜੀ ਦੀ ਚਰਚਾ ਹੋਣ ਲੱਗੀ।

## ਮੁੱਲਾਂ ਦੇ ਪੜ੍ਹਨੇ ਪਾਏ

ਕਈ ਮਹੀਨੇ ਪਿਛੋਂ ਮਹਿਤਾ ਕਾਲੂ ਨੇ ਬਾਬੇ ਨੂੰ ਫ਼ਾਰਸੀ ਪੜ੍ਹਾਉਣ ਲਈ ਕੁਤਬ ਦੀਨ ਮੁੱਲਾਂ ਦੇ ਸਪੁਰਦ ਕੀਤਾ। ਕੁਝ ਦਿਨ ਤਾਂ ਬਾਬਾ ਜੀ ਪੜ੍ਹਦੇ ਰਹੇ। ਇਕ ਦਿਨ ਓਥੇ ਭੀ ਪਾਂਧੇ ਵਾਲੀ ਗੱਲ ਹੋਈ ਤਾਂ ਮੁੱਲਾਂ ਨੇ ਆਖਿਆ ਨਾਨਕ ! ਜਿਕੂੰ ਤੈਂ ਪਾਂਧੇ ਨੂੰ ਹਰਫ ਸੁਣਾਏ ਹਨ, ਕੁਝ ਮੈਨੂੰ ਭੀ ਸੁਣਾ। ਤਾਂ ਬਾਬਾ ਜੀ ਨੇ ਇਸ ਤਰ੍ਹਾਂ ਸ਼ੁਰੂ ਕੀਤੇ:-

***ਅਲਫ਼ ਅੱਲਾ ਨੂੰ ਯਾਦ ਕਰ ਗਫਲਤ ਮਨੌਂ ਵਿਸਾਰ॥***
***ਸ੍ਵਾਸ ਪਲੇਟੇ ਨਾਮ ਬਿਨ ਧ੍ਰਿਗ ਜੀਵਨ ਸੰਸਾਰ॥ ੧॥***
***ਬੇ ਬਿਦਾਯਤ ਦੂਰ ਕਰ ਕਦਮ ਤਰੀਕਤ ਰਾਖ॥***
***ਸਾਹਿਬ ਸਭ ਮੈਂ ਦੇਖਕੇ ਨਿਉਂ ਚੱਲ ਬੁਰਾ ਨਾ ਆਖ॥੨॥***
***ਤੇ ਤੌਬਾ ਕਰ ਆਜਜ਼ੀ ਸਾਈਂ ਬੇ ਪਰਵਾਹ।***
***ਸਾਥ ਨ ਚੱਲੇ ਕੁਤਬ ਦੀਨ ਦੁਨੀ ਕੁਟੰਬ ਅਥਾਹ॥ ੩॥***
***ਸਿਫਤ ਸਨਾਇ ਕਰ ਰੱਬ ਦੀ ਮਰਨੇ ਨੂੰ ਰੱਖ ਯਾਦ।***
***ਬਿਨਾਂ ਬੰਦਗੀ ਕੁਤਬ ਦੀਨ ਜਨਮ ਜਾਇ ਹੈ ਬਾਦ॥੪॥***

ਇਹ ਸੀ-ਹਰਫੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਹੀਂ, ਪੁਰਾਤਨ ਜਨਮ ਸਾਖੀ ਵਿਚ ਮਿਲਦੀ ਹੈ। ਇਹ ਮੱਕੇ ਦੇ ਕਾਜ਼ੀ ਰੁਕਨ ਦੀਨ ਨਾਲ ਹੋਈ ਦੱਸੀ ਹੈ। ਤਿਲੰਗ ਰਾਗ ਦਾ ਪਹਿਲਾ ਸ਼ਬਦ ਭੀ ਇਥੇ ਉਚਾਰਿਆ ਦੱਸਿਆ ਹੈ।

***ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ॥***
***ਹਕਾ ਕਬੀਰ ਕਰੀਮ ਤੂ ਬੇਐਬ ਪਰਵਦਗਾਰ॥ ੧॥***

(ਅੰਗ ੭੨੧)

## ਸਾਖੀ—ਕਾਸ਼ੀ ਵਿਚ ਸਿੱਖਾਂ ਦੇ ਵਿਦਿਆ ਪੜ੍ਹਨ ਦੀ

ਇਕ ਦਿਨ ਗੁਰੂ ਦਸਮ ਪਾਤਸ਼ਾਹ ਜੀ ਨੇ ਵਿਚਾਰਿਆ ਕਿ ਸਾਡੇ ਸਿੱਖ ਸ਼ਸਤਰ ਵਿਦਿਆ ਵਿਚ ਤਾਂ ਤਿਆਰ ਬਰ ਤਿਆਰ ਹੋ ਗਏ ਹਨ, ਪਰ ਇਨ੍ਹਾਂ ਨੂੰ ਵਾਧੂ ਕਰਮ ਕਾਂਡ ਵਿਚੋਂ ਕੱਢਣ ਅਤੇ ਪੁਰਾਣਾਂ ਆਦਿ ਦੀ ਮੂਰਤੀ ਪੂਜਾ ਤੋਂ ਬਚਾਣ ਲਈ ਸੰਸਕ੍ਰਿਤ ਵਿਦਿਆ ਤੋਂ ਵਾਕਫ ਕਰਾਉਣਾ ਵੀ ਜ਼ਰੂਰੀ ਹੈ, ਕਿਉਂਕਿ ਇਸ ਤਰ੍ਹਾਂ ਇਹ ਇਨ੍ਹਾਂ ਗੱਲਾਂ ਵਿਚ ਫਸੇ ਰਹਿਣਗੇ ਤੇ ਆਪਣੀ ਉੱਨਤੀ ਨਹੀਂ ਕਰ ਸਕਣਗੇ। ਇਸ ਸੰਕਲਪ ਦੇ ਪੂਰਾ ਕਰਨ ਲਈ ਗੁਰੂ ਜੀ ਨੇ ਰਘੁਨਾਥ ਦਾਸ ਪੰਡਿਤ ਅੱਗੇ ਸਿੱਖਾਂ ਨੂੰ ਸੰਸਕ੍ਰਿਤ ਪੜ੍ਹਨ ਲਈ ਆਖ ਦਿੱਤਾ। ਕੁਝ ਦਿਨਾਂ ਪਿਛੋਂ ਜਦ ਓਸ ਪੰਡਿਤ ਨੇ ਸਿੱਖਾਂ ਦੀ ਜਾਤ ਪੁੱਛੀ ਤਾਂ ਸਿੱਖਾਂ ਨੇ ਤਰਖਾਣ, ਜ਼ਿਮੀਂਦਾਰ,

ਨਾਈ, ਛੀਂਬਾ ਆਦਿ ਆਪਣੀ ਆਪਣੀ ਜ਼ਾਤ ਦੱਸੀ ਤਾਂ ਪੰਡਿਤ ਨੇ ਪੜ੍ਹਾਉਣਾ ਛੱਡ ਦਿੱਤਾ। ਫਿਰ ਗੁਰੂ ਸਾਹਿਬ ਜੀ ਦੇ ਕਹਿਣੇ ਪਰ ਵੀ ਪੰਡਿਤ ਨੇ ਇਹੋ ਜਵਾਬ ਦਿੱਤਾ ਕਿ ਤੁਹਾਡੇ ਸਿੱਖ ਸ਼ੂਦਰ ਹਨ ਤੇ ਸ਼ੂਦਰ ਨੂੰ ਪੜ੍ਹਾਉਣ ਵਾਲੇ ਦੇ ਮੂੰਹ ਵਿਚ ਸਿੱਕਾ ਢਾਲ ਕੇ ਪਾਉਣਾ ਚਾਹੀਦਾ ਹੈ, ਇਹ ਗੱਲ ਧਰਮ ਸ਼ਾਸਤਰ ਵਿਚ ਲਿਖੀ ਹੈ। ਸ਼ੂਦਰ ਵੇਦ ਪੜ੍ਹਨ ਵਾਲੇ ਨੂੰ ਵੀ ਇਹ ਸਜ਼ਾ ਲਿਖੀ ਹੈ ਅਤੇ ਉਹਨਾਂ ਨੂੰ ਮਾਰ ਦੇਣਾ ਚਾਹੀਏ। ਇਨ੍ਹਾਂ ਨੂੰ ਪੜ੍ਹਾਉਣ 'ਤੇ ਬਿਰਾਦਰੀ ਮੈਨੂੰ ਛੇਕ ਦੇਵੇਗੀ।

ਉਸ ਵਿਪ੍ਰ ਦੇ ਬਚਨ ਸੁਣ ਕੇ ਗੁਰੂ ਜੀ ਨੇ ਕਿਹਾ, ਹੇ ਵਿਪ੍ਰ! ਜਿਨ੍ਹਾਂ ਸਿੱਖਾਂ ਨੂੰ ਤੂੰ ਸ਼ੂਦਰ ਆਖਦਾ ਹੈਂ, ਇਨ੍ਹਾਂ ਤੋਂ ਹੀ ਤੁਸੀਂ ਵਿਪ੍ਰ ਲੋਕ ਸੰਸਕ੍ਰਿਤ ਪੜ੍ਹਿਆ ਕਰੋਗੇ ਤੇ ਇਹੋ ਤੁਹਾਡੇ ਵਿਦਿਆ ਗੁਰੂ ਹੋਣਗੇ। ਤੁਹਾਡਾ ਹੰਕਾਰ ਪਰਿਹਾਰ ਪ੍ਰਮੇਸ਼ਵਰ ਕਰੇਗਾ।

ਗੁਰਦੇਵ ਜੀ ਨੇ ਭਾਈ ਕਰਮ ਸਿੰਘ, ਗੌਡਾ ਸਿੰਘ, ਵੀਰ ਸਿੰਘ, ਸੈਣਾ ਸਿੰਘ, ਰਾਮ ਸਿੰਘ ਇਨ੍ਹਾਂ ਪੰਜਾਂ ਸਿੱਖਾਂ ਨੂੰ ਕਾਸ਼ੀ ਜਾਕੇ ਸੰਸਕ੍ਰਿਤ ਪੜ੍ਹਨ ਦਾ ਹੁਕਮ ਦਿੱਤਾ, ਤਾਂ ਉਨ੍ਹਾਂ ਨੇ ਬੇਨਤੀ ਕੀਤੀ ਕਿ ਮਤੇ ਕਿਤੇ ਕਾਸ਼ੀ ਵਿਚ ਵੀ ਬਿਪ੍ਰ ਲੋਕ ਸਾਨੂੰ ਸ਼ੂਦਰ ਸਮਝ ਕੇ ਨਾ ਪੜ੍ਹਾਉਣ। ਗੁਰੂ ਜੀ ਨੇ ਬਚਨ ਕੀਤਾ ਕਿ ਗੁਰੂ ਕੇ ਘਰ ਰਾਜ ਯੋਗ ਦੋਵੇਂ ਹਨ, ਸੋ ਤੁਸੀਂ ਵੀ ਕਾਖਾਇ ਬਸਤ੍ਰ ਬ੍ਰਹਮਚਾਰੀ ਧਰਮ ਧਾਰਨ ਕਰਕੇ ਕਾਸ਼ੀ ਨਿਵਾਸੀ ਹੋ ਕੇ ਵਿਦਿਆ ਪੜ੍ਹੋ, ਸਾਡੇ ਵਰ ਪ੍ਰਸ਼ਾਦ 'ਤੇ ਤੁਹਾਨੂੰ ਸ਼ੀਘ੍ਰ ਹੀ ਸ਼ਾਸਤਰ ਵਿਦਿਆ ਸਫੁਰਣ ਹੋ ਜਾਵੇਗੀ। ਇਸੇ ਹੁਕਮ ਅਨੁਸਾਰ ਸੰ: ੧੭੪੨ ਬਿਕ੍ਰਮੀ ਨੂੰ ਓਨਾਂ ਪੰਜਾਂ ਸਿੱਖਾਂ ਨੇ ਕਾਸ਼ੀ (ਜਿਥੇ ਪਹਿਲੇ ਭਾਈ ਗੁਰਦਾਸ ਜੀ ਰਹਿ ਆਏ ਸੀ, ਤੇ ਹੁਣ ਚੇਤਨ ਮਠ ਗੁਰੂ ਜੀ ਕੀ ਸੰਗਤ ਹੈ) ਰਹਿ ਕਰ ਵਿਦਿਆ ਪੜ੍ਹੀ ਔਰ ਨਿਰਮਲੇ ਸੰਤ ਸਦਾਂਵਦੇ ਰਹੇ, ਜੋ ਇਕ ਬਰਸ ਵਿਚ ਪੂਰੇ ਪੰਡਿਤ ਹੋ ਕਰ ਗੁਰੂ ਜੀ ਪਾਸ ਆਏ। ਖ਼ੁਸ਼ੀ ਹੋ ਕਰ ਗੁਰੂ ਜੀ ਨੇ ਓਹਨਾਂ ਦੇ ਪ੍ਰਥਾਇ ਅਮੀਰੀ, ਵਜ਼ੀਰੀ, ਪੀਰੀ, ਫ਼ਕੀਰੀ, ਬੰਦੂਕ ਤਰਕ ਸ਼ਗੀਰੀ, ਦਾਨ ਦਹੀਰੀ ਏਹ ਵਰ ਦੇਕੇ ਆਖਿਆ ਕਿ ਇਹ ਸਭ ਗੁਣ ਖ਼ਾਲਸੇ ਵਿਚ ਵਰਤਨਗੇ। ਤੁਹਾਡੇ ਦੁਆਰਾ ਗੁਰੂ ਕਾ ਨਿਰਮਲ ਪੰਥ ਹੋਵੇਗਾ। ਪੁੰਨਾ:- ਗੁਰੂ ਜੀ ਨੇ ਹੋਰ ਅਨੇਕ ਸਿੱਖ ਉਹਨਾਂ ਪਾਸ ਸੰਸਕ੍ਰਿਤ ਪੜ੍ਹਨ ਲਾ ਦਿੱਤੇ।

**ਕਿਆ ਪੜੀਐ ਕਿਆ ਗੁਨੀਐ ॥ ਕਿਆ ਬੇਦ ਪੁਰਾਨਾਂ ਸੁਨੀਐ ॥ ਪੜੇ ਸੁਨੇ ਕਿਆ ਹੋਈ ॥ ਜਉ ਸਹਜ ਨ ਮਿਲਿਓ ਸੋਈ ॥ ੧ ॥ ਹਰਿ ਕਾ ਨਾਮੁ ਨ ਜਪਸਿ ਗਵਾਰਾ ॥ ਕਿਆ ਸੋਚਹਿ ਬਾਰੰ ਬਾਰਾ ॥ ੧ ॥ ਰਹਾਉ ॥ ਅੰਧਿਆਰੇ ਦੀਪਕੁ ਚਹੀਐ ॥ ਇਕ ਬਸਤੁ ਅਗੋਚਰ ਲਹੀਐ ॥ ਬਸਤੁ ਅਗੋਚਰ ਪਾਈ ॥ ਘਟਿ ਦੀਪਕੁ ਰਹਿਆ ਸਮਾਈ ॥ ੨ ॥ ਕਹਿ ਕਬੀਰ ਅਬ ਜਾਨਿਆ ॥ ਜਬ ਜਾਨਿਆ ਤਉ ਮਨੁ ਮਾਨਿਆ ॥ ਮਨ ਮਾਨੇ ਲੋਗੁ ਨ ਪਤੀਜੈ ॥ ਨ ਪਤੀਜੈ ਤਉ ਕਿਆ ਕੀਜੈ ॥ ੩ ॥ ੭ ॥**

## ਪਦ ਅਰਥ :

ਕਿਆ-ਕੀ ? ਗੁਨੀਐ-ਵੀਚਾਰੀਏ। ਸਹਜ-ਚੌਥੇ ਪਦ ਆਤਮਿਕ ਗਿਆਨ ਵਾਲੀ ਅਡੋਲ ਅਵੱਸਥਾ। ਗਵਾਰਾ-ਹੇ ਮੂਰਖ। ਕਿਆ ਸੋਚਹਿ-(ਤੂੰ) ਕੀ ਸੋਚਦਾ ਹੈਂ ? ਬਾਰੰ ਬਾਰਾ-ਮੁੜ ਮੁੜ। ਦੀਪਕੁ-ਦੀਵਾ। ਅਗੋਚਰ-ਇੰਦ੍ਰਿਆਂ ਦੀ ਪਹੁੰਚ ਤੋਂ ਪਰੇ (ਵਸਤੂ)। ਕਹਿ-ਕਹਿੰਦਾ ਹੈ। ਨ ਪਤੀਜੈ-ਸੰਤੁਸ਼ਟ ਨਾ ਹੋਵੇ।

## ਅਰਥ :

(ਹੇ ਭਾਈ !) ਕੀ ਪੜ੍ਹੀਏ ਤੇ ਕੀ ਵੀਚਾਰੀਏ ? ਵੇਦਾਂ ਪੁਰਾਣਾਂ ਵਿਚ (ਦਿੱਤੇ ਉਪਦੇਸ਼) ਨੂੰ ਵੀ ਕੀ ਸੁਣੀਏ ? (ਕਿਉਂਕਿ ਇਹਨਾਂ ਦੇ) ਪੜ੍ਹੇ ਸੁਣੇ ਦਾ ਕੀ (ਲਾਭ) ਹੋਵੇਗਾ, ਜਦ ਤੱਕ ਓਹ ਸਹਜ (ਅਵੱਸਥਾ ਵਾਲਾ ਅਡੋਲ ਪਦ) ਨਾ ਮਿਲੇ?। ੧। ਹੇ ਮੂਰਖ (ਪੁਰਸ਼ਾ !) ਤੂੰ ਹਰੀ ਨਾਮ ਤਾਂ ਜੱਪਦਾ ਨਹੀਂ ਹੈਂ। (ਇਸ ਲਈ) ਤੂੰ ਮੁੜ ਮੁੜ ਕੇ ਕੀ ਸੋਚਾਂ ਸੋਚਦਾ ਪਿਆ ਹੈਂ ?।ਰਹਾਉ। (ਹੇ ਭਾਈ ! ਅਗਿਆਨਤਾ ਦੇ) ਹਨੇਰੇ ਵਿਚ (ਚਾਨਣ ਕਰਨ ਵਾਸਤੇ) ਗਿਆਨ ਦਾ ਦੀਵਾ (ਬਾਲਣਾ ਚਾਹੀਦਾ ਹੈ। ਇਸ (ਗਿਆਨ ਦੇ ਦੀਵੇ ਨਾਲ) ਇਕ ਵਸਤੂ ਜੋ ਮਨ ਦੀ ਪਹੁੰਚ ਤੋਂ ਪਰੇ ਨਿਰ-ਆਕਾਰ (ਪਰਮਾਤਮਾ) ਹੈ, ਉਸ ਨੂੰ ਲੱਭ ਲਈਦਾ ਹੈ। ਜਿਸ ਨੇ ਉਹ ਅਗੋਚਰ ਵਸਤੂ (ਪਰਮਾਤਮਾ) ਨੂੰ ਪਾ ਲਿਆ ਹੈ, ਉਸ ਦੇ ਹਿਰਦੇ ਵਿਚ (ਗਿਆਨ ਰੂਪ ਦੀਵਾ) ਸਮਾਇਆ (ਭਾਵ ਪ੍ਰਕਾਸ਼ ਕਰ ਰਿਹਾ) ਹੈ। ੨। ਕਬੀਰ ਜੀ (ਕਥਨ ਕਰਦੇ ਹਨ) ਕਿ ਹੁਣ ਮੈਂ ਉਸ (ਅਗੋਚਰ) ਵਸਤੂ ਪ੍ਰਮਾਤਮਾ ਨੂੰ ਜਾਣ ਲਿਆ ਹੈ। ਜਦੋਂ ਮੈਂ ਇਸ ਗੱਲ ਨੂੰ ਸਮਝ ਲਿਆ (ਤਾਂ ਮੇਰਾ) ਮਨ ਸੰਤੁਸ਼ਟ ਹੋ ਗਿਆ (ਭਾਵ ਮਨ ਮੰਨਿਆ) ਹੈ। ਜਦੋਂ ਮਨ ਦੀ ਤਸੱਲੀ ਹੋ ਜਾਏ (ਪਰਮਾਤਮਾ ਨਾਲ ਜੁੜ ਜਾਏ) ਤਾਂ ਲੋਕ ਇਹ ਵੇਖ ਕੇ ਭਾਵੇਂ ਖ਼ੁਸ਼ ਨਾ ਹੋਣ। (ਹੇ ਭਾਈ ! ਜੇ ਲੋਕ) ਖ਼ੁਸ਼ ਨਾ ਹੋਣ ਤਾਂ ਕੀ ਕਰੀਏ? (ਭਾਵ ਸਾਨੂੰ ਲੋਕਾਂ ਦੀ ਕੋਈ ਪਰਵਾਹ ਨਹੀਂ ਹੈ। ੩। ੭।

## ਵਿਆਖਿਆ ਤੇ ਸਾਰੰਸ਼ :

ਭਗਤ ਕਬੀਰ ਜੀ ਨੇ ਇਸ ਸ਼ਬਦ ਅੰਦਰ ਜੋ ਪੜ੍ਹਨ ਦਾ ਜ਼ਿਕਰ ਕੀਤਾ ਹੈ, ਇਸ ਦਾ ਵਿਸਥਾਰ ਕੀਤਾ ਜਾ ਚੁੱਕਾ ਹੈ। ਪਰ ਗ੍ਰੰਥਾਂ ਨੂੰ ਪੜ੍ਹ ਕੇ ਮਨੁੱਖ ਕਾਂਸ਼ੀ ਦੇ ਇਕ ਪੰਡਿਤ ਦੀ ਤਰ੍ਹਾਂ ਹੰਕਾਰ ਵਿਚ ਨਾ ਆ ਜਾਏ, ਜਿਸਨੂੰ ਜਗਤ ਗੁਰੂ ਗੁਰੂ ਨਾਨਕ ਦੇਵ ਜੀ ਨੇ ਉਪਦੇਸ਼ ਦੇ ਕੇ ਤਾਰਿਆ ਸੀ।

### ਸਾਖੀ— ਵਿਦਿਆ ਅਭਿਮਾਨੀ ਪੰਡਿਤ ਦੀ

ਕਾਂਸ਼ੀ ਵਿਚ ਇਕ ਪੰਡਿਤ ਵਿਦਿਆ ਦਾ ਮਾਣ ਕਰਕੇ ਹਰੇਕ ਮਹਾਤਮਾ ਨਾਲ ਚਰਚਾ ਕਰਿਆ ਕਰਦਾ ਸੀ। ਉਹਨਾਂ ਨੂੰ ਹਰਾ ਹਰਾ ਕੇ ਹੰਕਾਰੀ ਬਣਦਾ ਗਿਆ। ਇਕ ਭਜਨਾਨੰਦੀ ਮਹਾਤਮਾ ਕਾਂਸ਼ੀ ਵਿਚ ਆਏ। ਉਹਨਾਂ ਨੂੰ ਉਹ ਕਹੇ ਕਿ ਮੇਰੇ ਨਾਲ ਚਰਚਾ ਕਰੋ। ਮਹਾਤਮਾ ਨੇ ਕਿਹਾ ਕਿ ਅਸੀਂ ਵਿਦਵਾਨ ਨਹੀਂ ਹਾਂ। ਉਹ ਕਹੇ ਫਿਰ ਭਗਵੇਂ ਕੱਪੜੇ ਕਿਉਂ ਪਾਏ ਤੇ ਸਾਧੂ ਕਿਉਂ ਬਣੇ ਹੋ ? ਉਹ ਨਾਮ ਰਸੀਏ ਪੁਰਸ਼ ਜਿੱਥੇ

ਵੀ ਬੈਠਣ, ਪੰਡਿਤ ਉਥੇ ਹੀ ਜਾ ਪਹੁੰਚੇ। ਸਿਮਰਨ ਨਾ ਕਰਨ ਦੇਵੇ, ਤਾਂ ਉਹਨਾਂ ਤੰਗ ਆ ਕੇ ਨਾਰਾਜ਼ਗੀ ਨਾਲ ਕਿਹਾ, 'ਕੁੱਤੇ ਦੀ ਤਰ੍ਹਾਂ ਬੋਲੀ ਜਾਂਦਾ ਹੈਂ, ਭਜਨ ਨਹੀਂ ਕਰਨ ਦਿੰਦਾ।' ਤਾਂ ਉਹ ਮਰ ਕੇ ਕੁੱਤਾ ਬਣਿਆ ਸੀ। ਉਸ ਦਾ ਉਧਾਰ ਸਤਿਗੁਰੂ ਨਾਨਕ ਸਾਹਿਬ ਜੀ ਨੇ ਕਾਂਸ਼ੀ ਵਿਚ ਪਹੁੰਚ ਕੇ ਇਹ ਸ਼ਬਦ ਉਚਾਰ ਕੇ ਕੀਤਾ:

***ਪੜਿ ਪੁਸਤਕ ਸੰਧਿਆ ਬਾਦੰ॥ ਸਿਲ ਪੂਜਸਿ ਬਗੁਲ ਸਮਾਧੰ॥***
***ਮੁਖਿ ਝੂਠ ਬਿਭੂਖਣ ਸਾਰੰ॥ ਤ੍ਰੈਪਾਲ ਤਿਹਾਲ ਬਿਚਾਰੰ॥***
***ਗਲਿ ਮਾਲਾ ਤਿਲਕੁ ਲਿਲਾਟੰ॥ ਦੁਇ ਧੋਤੀ ਬਸਤ੍ਰ ਕਪਾਟੰ॥***
***ਜੇ ਜਾਣਸਿ ਬ੍ਰਹਮੰ ਕਰਮੰ॥ ਸਭਿ ਫੋਕਟ ਨਿਸਚਉ ਕਰਮੰ॥***
***ਕਹੁ ਨਾਨਕ ਨਿਹਚਉ ਧਿਆਵੈ॥ ਵਿਣੁ ਸਤਿਗੁਰ ਵਾਟ ਨ ਪਾਵੈ॥***

(ਅੰਗ ੪੭੦)

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੮੦ (ਅੰਗ ੬੫੭-੫੮)

## ਰਾਗੁ ਸੋਰਠਿ ਬਾਣੀ ਭਗਤ ਰਵਿਦਾਸ ਜੀ ਕੀ

ੴ ਸਤਿਗੁਰ ਪ੍ਰਸਾਦਿ ॥

ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥ ਅਨਲ ਅਗਮ ਜੈਸੇ ਲਹਰਿ ਮਇ ਓਦਧਿ ਜਲ ਕੇਵਲ ਜਲ ਮਾਂਹੀ ॥ ੧ ॥ ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥ ਜੈਸਾ ਮਾਨੀਐ ਹੋਇ ਨ ਤੈਸਾ ॥ ੧ ॥ ਰਹਾਉ ॥ ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ ॥ ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ ॥ ੨ ॥ ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ ਅਬ ਕਛੁ ਮਰਮੁ ਜਨਾਇਆ ॥ ਅਨਿਕ ਕਟਕ ਜੈਸੇ ਭੂਲਿ ਪਰੇ ਅਬ ਕਹਤੇ ਕਹਨੁ ਨ ਆਇਆ ॥ ੩ ॥ ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋੁਗਵੈ ਸੋਈ ॥ ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ ॥ ੪ ॥ ੧ ॥

## ਪਾਕ੍ਰਥਨ :-

ਇਹ ਪਾਵਨ ਸ਼ਬਦ ਭਗਤ ਰਵਿਦਾਸ ਜੀ ਦਾ ਸੋਰਠਿ ਰਾਗ ਅੰਦਰ ਉਚਾਰਣ ਕੀਤਾ ਹੋਇਆ ਹੈ। ਭਗਤ ਜੀ ਦਾ ਜਨਮ ਸੰਨ ੧੩੭੬ ਈਃ ਨੂੰ ਪਿਤਾ ਸ੍ਰੀ ਰਘੂ ਜੀ ਉਰਫ ਮਾਨਦਾਸ ਜੀ ਦੇ ਘਰ ਮਾਤਾ ਧੁਰਬਿਨੀਆ ਉਰਫ ਕਰਮਾ ਦੇਵੀ ਦੀ ਕੁੱਖੋਂ ਹੋਇਆ। ਆਪ ਜੀ ਚਮਿਆਰ ਜਾਤੀ ਦੇ ਸਨ। ਬਨਾਰਸ ਵਿਚ ਸੁਆਮੀ ਰਾਮਾਨੰਦ ਜੀ ਦੀ ਸੰਗਤ ਵੀ ਆਪ ਜੀ ਨੇ ਕੀਤੀ। ਆਪ ਜੀ ਹਮੇਸ਼ਾ ਭਗਤੀ ਵਿਚ ਲਿਵਲੀਨ ਰਹਿੰਦੇ ਸਨ। ਇਸ ਪਾਵਨ ਸ਼ਬਦ ਦੇ ਆਰੰਭ ਅੰਦਰ ਭਗਤ ਜੀ ਨੇ ਕਥਨ ਕੀਤਾ ਹੈ, ਕਿ ਜਿਤਨਾ ਚਿਰ ਮਨੁੱਖ ਹਉਮੈ ਵਿਚ ਘਿਰਿਆ ਹੋਇਆ ਹੈ, ਓਨਾ ਚਿਰ ਨਾ ਹੀ ਹਿਰਦੇ ਵਿਚ ਪ੍ਰਮੇਸ਼ਵਰ ਦੇ ਨਾਮ ਦਾ ਨਿਵਾਸ ਹੁੰਦਾ ਹੈ ਅਤੇ ਨਾ ਹੀ ਹਉਮੈ ਕਰਕੇ ਮਨੁੱਖ ਨੂੰ ਪ੍ਰਭੂ ਦਾ ਮਿਲਾਪ ਹੋ ਸਕਦਾ ਹੈ।

## ਵਿਸ਼ਾ—ਹਉ ਹਉ ਕਰਤ ਨਹੀ ਸਚੁ ਪਾਈਐ

ਹਉਮੈ ਸ਼ਬਦ ਦੋ ਅੱਖਰਾਂ ਦੇ ਸੁਮੇਲ ਤੋਂ ਬਣਿਆ ਹੈ—ਹਉਮੈ, ਭਾਵ ਜੋ ਕੁਝ ਵੀ ਹਾਂ, ਉਹ ਮੈਂ ਹੀ ਹਾਂ। ਹਉਮੈ ਵਿਚ ਗ੍ਰਸਿਆ ਪ੍ਰਾਣੀ ਸਦਾ ਇਸ ਭੁਲੇਖੇ ਵਿਚ ਰਹਿੰਦਾ ਹੈ, ਕਿ ਉਸ ਵਰਗਾ ਹੋਰ ਕੋਈ ਨਹੀਂ, ਸਭ ਕੁਝ ਮੈਂ ਆਪ ਹੀ ਕਰ ਰਿਹਾ ਹਾਂ। ਮੋਹ ਮਾਇਆ ਵਿਚ ਫੱਸ ਕੇ ਹੌਲੀ-ਹੌਲੀ ਉਸਦਾ ਇਹ ਵਿਚਾਰ ਪੱਕਾ ਹੋ ਜਾਂਦਾ ਹੈ ਅਤੇ ਜੀਵ ਪ੍ਰਭੂ ਨਾਲੋਂ ਟੁੱਟ ਕੇ ਆਪਣੀ ਵੱਖਰੀ ਹਸਤੀ ਬਣਾ ਕੇ ਕੁਰਾਹੇ ਪੈ ਜਾਂਦਾ ਹੈ। ਗੁਰਵਾਕ ਹੈ:-

***ਹਉਮੈ ਵਡਾ ਰੋਗੁ ਹੈ ਭਾਇ ਦੂਜੈ ਕਰਮ ਕਮਾਇ॥***
***ਨਾਨਕ ਮਨਮੁਖਿ ਜੀਵਦਿਆ ਮੁਏ ਹਰਿ ਵਿਸਰਿਆ ਦੁਖੁ ਪਾਇ॥***

(ਅੰਗ ੫੮੯)

ਸਾਰਾ ਜਗਤ ਹੀ ਹਉਮੈ ਰੋਗ ਵਿਚ ਗ੍ਰਸਿਆ ਹੋਇਆ ਹੈ, ਜਿਸ ਕਰਕੇ ਮਨੁੱਖ ਜਨਮ ਮਰਨ ਦੇ ਗੇੜ ਵਿਚ ਪੈ ਕੇ ਬੜੇ ਦੁੱਖ ਭੋਗਦਾ ਹੈ। ਗੁਰੂ ਦੀ ਕਿਰਪਾ ਸਦਕਾ ਵਿਰਲੇ ਪ੍ਰਾਣੀ ਹੀ ਹਉਮੈ ਰੋਗ ਤੋਂ ਬਚਦੇ ਹਨ, ਜਿਨ੍ਹਾਂ ਤੋਂ ਬਲਿਹਾਰ ਜਾਣਾ ਚਾਹੀਦਾ ਹੈ :

***ਹਉਮੈ ਰੋਗਿ ਸਭੁ ਜਗਤੁ ਬਿਆਪਿਆ ਤਿਨ ਕਉ ਜਨਮ ਮਰਣ ਦੁਖੁ ਭਾਰੀ॥***
***ਗੁਰ ਪਰਸਾਦੀ ਕੋ ਵਿਰਲਾ ਛੂਟੈ ਤਿਸੁ ਜਨ ਕਉ ਹਉ ਬਲਿਹਾਰੀ॥***

(ਅੰਗ ੭੩੫)

ਅਥਵਾ :

***ਹਉਮੈ ਵਿਚਿ ਜਗਤੁ ਮੁਆ ਮਰਦੋ ਮਰਦਾ ਜਾਇ॥***
***ਜਿਚਰੁ ਵਿਚਿ ਦੰਮੁ ਹੈ ਤਿਚਰੁ ਨ ਚੇਤਈ ਕਿ ਕਰੇਗੁ ਅਗੈ ਜਾਇ॥***

***ਗਿਆਨੀ ਹੋਇ ਸੁ ਚੇਤੰਨੁ ਹੋਇ ਅਗਿਆਨੀ ਅੰਧੁ ਕਮਾਇ॥***
***ਨਾਨਕ ਏਥੈ ਕਮਾਵੈ ਸੋ ਮਿਲੈ ਅਗੈ ਪਾਏ ਜਾਇ॥***

(ਅੰਗ ੫੫੫)

ਹਉਮੈ ਕਾਰਨ ਲੋਭ ਅਤੇ ਮੋਹ-ਮਾਇਆ ਵਿਚ ਫਸ ਕੇ ਪ੍ਰਾਣੀ ਅਸਲ ਜੀਵਨ-ਮਾਰਗ ਤੋਂ ਖੁੰਝਿਆ ਰਹਿੰਦਾ ਹੈ ਅਤੇ ਦੁੱਖ ਹੀ ਦੁੱਖ ਭੋਗਦਾ ਹੈ। ਉਸ ਦਾ ਹਾਲ ਉਸ ਹਲਕਾਏ ਕੁੱਤੇ ਵਾਂਗ ਹੈ ਜੋ ਆਪ ਵੀ ਦੁੱਖ ਭੋਗਦਾ ਹੈ ਅਤੇ ਲੋਕਾਂ ਨੂੰ ਵੀ ਦੁੱਖੀ ਕਰਦਾ ਹੈ। ਅਜਿਹੇ ਪ੍ਰਾਣੀ ਨੂੰ ਚੰਗੇ-ਮੰਦੇ ਦੀ ਪਰਖ ਨਹੀਂ ਰਹਿੰਦੀ ਅਤੇ ਮਾਇਆ ਦੀ ਖ਼ਾਤਰ ਉਹ ਭਟਕਦਾ ਫਿਰਦਾ ਰਹਿੰਦਾ ਹੈ :

***ਹਉਮੈ ਮਾਇਆ ਮੋਹਿ ਖੁਆਇਆ ਦੁਖੁ ਖਟੇ ਦੁਖ ਖਾਇ॥***
***ਅੰਤਰਿ ਲੋਭ ਹਲਕੁ ਦੁਖੁ ਭਾਰੀ ਬਿਨੁ ਬਿਬੇਕ ਭਰਮਾਇ॥***

(ਅੰਗ ੧੧੩੨)

***ਅਥਵਾ: ਇਹੁ ਸਰੀਰੁ ਮਾਇਆ ਕਾ ਪੁਤਲਾ ਵਿਚਿ ਹਉਮੈ ਦੁਸਟੀ ਪਾਈ॥***
***ਆਵਣੁ ਜਾਣਾ ਜੰਮਣੁ ਮਰਣਾ ਮਨਮੁਖਿ ਪਤਿ ਗਵਾਈ॥***

(ਅੰਗ ੩੧)

***ਅਥਵਾ: ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ॥***

(ਅੰਗ ੯੪੬)

ਹਉਮੈ ਕਾਰਨ ਮਨੁੱਖ ਦਾ ਭਵ-ਸਾਗਰ ਤੋਂ ਪਾਰ ਉਤਾਰਾ ਨਹੀਂ ਹੋ ਸਕਦਾ, ਕਿਉਂਕਿ ਉਸਦੀ ਸੁਰਤੀ ਕਦੀ ਪ੍ਰਭੂ ਦੇ ਨਾਮ ਵਿਚ ਜੁੜਦੀ ਨਹੀਂ ਅਤੇ ਨਾ ਹੀ ਅਜਿਹਾ ਪ੍ਰਾਣੀ ਮਾਲਕ-ਪ੍ਰਭੂ ਦੀ ਰਜ਼ਾ ਵਿਚ ਰਹਿੰਦਾ ਹੈ। ਉਹ ਪ੍ਰਕਾਸ਼ ਨੂੰ ਛੱਡ ਕੇ ਵਿਕਾਰਾਂ ਦੇ ਘੁੱਪ ਹਨੇਰੇ ਵਿਚ ਟੱਕਰਾਂ ਮਾਰਦਾ ਰਹਿੰਦਾ ਹੈ, ਜੋ ਉਸਦੇ ਆਤਮਿਕ ਜੀਵਨ ਦੇ ਵਿਕਾਸ ਵਿਚ ਰੁਕਾਵਟ ਬਣ ਜਾਂਦੇ ਹਨ।

***ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ॥***
***ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ॥***
***ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ॥***
***ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ॥***

(ਅੰਗ ੫੬੦)

***ਅਥਵਾ: ਹਉ ਹਉ ਕਰਮ ਕਮਾਣੇ॥ ਤੇ ਤੇ ਬੰਧ ਗਲਾਣੇ॥***
***ਮੇਰੀ ਮੇਰੀ ਧਾਰੀ॥ ਓਹਾ ਪੈਰਿ ਲੋਹਾਰੀ॥***

(ਅੰਗ ੧੦੦੪)

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

***ਅਥਵਾ: ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥***

(ਅੰਗ ੫੬੦)

***ਅਥਵਾ: ਹਉਮੈ ਮਾਰਿ ਸਦਾ ਸੁਖੁ ਪਾਇਆ ਮਾਇਆ ਮੋਹੁ ਚੁਕਾਵਣਿਆ॥***

(ਅੰਗ ੧੧੦)

ਹੁਣ ਸੁਆਲ ਪੈਦਾ ਹੁੰਦਾ ਹੈ, ਕਿ ਹਉਮੈ ਕਾਰਨ ਜੀਵ-ਆਤਮਾ ਅਤੇ ਪਰਮਾਤਮਾ ਵਿਚਕਾਰ ਜੋ ਵਿਥ ਪਈ ਹੋਈ ਹੈ, ਇਸ ਨੂੰ ਦੂਰ ਕਿਵੇਂ ਕੀਤਾ ਜਾ ਸਕਦਾ ਹੈ, ਤਾਂ ਕਿ ਹਉਮੈ ਰੂਪੀ ਵਿਕਾਰ ਤੋਂ ਛੁਟਕਾਰਾ ਪਾਇਆ ਜਾ ਸਕੇ। ਗੁਰਬਾਣੀ ਅਨੁਸਾਰ ਅਕਾਲ ਪੁਰਖ ਦੀ ਰਜ਼ਾ ਅਰਥਾਤ ਹੁਕਮ 'ਤੇ ਚੱਲ ਕੇ ਹਉਮੈ ਨੂੰ ਮਾਰਿਆ ਜਾ ਸਕਦਾ ਹੈ। ਇਸ ਪ੍ਰਕਾਰ ਪ੍ਰਾਣੀ ਦੀ ਮੋਹ ਮਾਇਆ ਦੀ ਤ੍ਰਿਸ਼ਨਾ ਖ਼ਤਮ ਹੋ ਜਾਂਦੀ ਹੈ ਅਤੇ ਹਿਰਦੇ ਰੂਪੀ ਘਰ ਵਿਚ ਸ਼ਾਂਤੀ ਅਤੇ ਅਨੰਦ ਆ ਵੱਸਦੇ ਹਨ। ਗੁਰਵਾਕ :

***ਕਾਰ ਕਮਾਈ ਜੋ ਮੇਰੇ ਪ੍ਰਭ ਭਾਈ॥ ਹਉਮੈ ਤ੍ਰਿਸਨਾ ਸਬਦਿ ਬੁਝਾਈ॥***
***ਗੁਰਮਤਿ ਸਦ ਹੀ ਅੰਤਰੁ ਸੀਤਲੁ ਹਉਮੈ ਮਾਰਿ ਨਿਵਾਰੀ ਹੇ॥***

(ਅੰਗ ੧੦੫੦)

ਇਸ ਲਈ ਗੁਰਬਾਣੀ ਦੇ ਸਿਧਾਂਤ ਅਨੁਸਾਰ ਹਉਮੈ ਨੂੰ ਮਾਰ ਕੇ ਭਗਤ ਕਬੀਰ ਜੀ ਦੇ ਕਥਨ ਅਨੁਸਾਰ ਇਕ ਐਸੀ ਅਵੱਸਥਾ ਬਣ ਜਾਂਦੀ ਹੈ ਕਿ ਤੂੰ ਤੂੰ ਕਰਦਿਆਂ, ਉਸ ਪ੍ਰਭੂ ਦਾ ਨਾਮ ਸਿਮਰਦਿਆਂ-ਸਿਮਰਦਿਆਂ ਹੁਣ ਮੈਂ ਉਸ ਵਿਚ ਅਭੇਦ ਹੋ ਗਿਆ ਹਾਂ। ਹੁਣ ਮੇਰੇ ਅੰਦਰੋਂ ਮੈਂ ਮੇਰੀ ਜਾਂਦੀ ਰਹੀ ਹੈ। ਤੇਰਾ ਸਿਮਰਨ ਕਰਨ ਨਾਲ ਮੇਰੀ ਸਾਰੀ ਹਉਮੈ ਜਾਂਦੀ ਰਹੀ ਹੈ। ਮਨ ਅੰਦਰੋਂ ਆਪਣੇ ਪਰਾਏ ਵਾਲਾ ਵਿਤਕਰਾ ਵੀ ਖ਼ਤਮ ਹੋ ਗਿਆ ਹੈ। ਹੁਣ ਜਿਧਰ ਵੀ ਦੇਖਦਾ ਹਾਂ, ਮੈਨੂੰ ਹਰ ਥਾਂ ਤੂੰ ਹੀ ਤੂੰ ਦਿੱਸ ਰਿਹਾ ਹੈਂ।

***ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ॥***
***ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ॥***

(ਅੰਗ ੧੩੭੫)

ਭਗਤ ਰਵਿਦਾਸ ਜੀ ਨੇ ਵੀ ਇਹੋ ਸਿਧਾਂਤ ਦਾ ਇਸ ਤਰ੍ਹਾਂ ਨਿਰੂਪਨ ਕੀਤਾ ਹੈ-

***ਤੋਹੀ ਮੋਹੀ ਮੋਹੀ ਤੋਹੀ ਅੰਤਰਿ ਕੈਸਾ॥***
***ਕਨਕ ਕਟਿਕ ਜਲ ਤਰੰਗ ਜੈਸਾ॥***
***ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ॥***
***ਪਤਿਤ ਪਾਵਨ ਨਾਮੁ ਕੈਸੇ ਹੁੰਤਾ॥***

(ਅੰਗ ੯੩)

***ਅਥਵਾ: ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ॥***

(ਅੰਗ ੬੫੭)
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਭਾਈ ਗੁਰਦਾਸ ਜੀ ਦਾ ਸੁੰਦਰ ਕਥਨ ਹੈ :-

*ਰਜ ਤਮ ਸਤ, ਕਾਮ ਕ੍ਰੋਧ ਲੋਭ ਮੋਹ ਹੰਕਾਰ,*
*ਹਾਰਿ ਗੁਰ ਗਿਆਨ ਬਾਨ ਕ੍ਰਾਂਤਿ ਨਿਹਕ੍ਰਾਂਤਿ ਹੈ।*
*ਕਾਮ ਨਿਹਕਾਮ, ਨਿਹਕਰਮ ਕਰਮ ਗਤਿ,*
*ਆਸਾ ਕੈ ਨਿਰਾਸ ਭਏ, ਭ੍ਰਾਂਤਿ ਨਿਹਭ੍ਰਾਂਤਿ ਹੈ॥*
*ਸ੍ਵਾਦ ਨਿਹ-ਸ੍ਵਾਦ ਅਰੁ ਬਾਦ ਨਿਹ-ਬਾਦ ਭਏ,*
*ਅਸੰਪ੍ਰੇਹ ਨਿਸਪ੍ਰੇਹ, ਦੇਹ ਗੇਹ ਪਾਂਤਿ ਹੈ॥*
*ਗੁਰਮੁਖਿ ਪ੍ਰੇਮ ਰਸ ਬਿਸਮ ਬਿਦੇਹ ਸਿਖ,*
*ਮਾਇਆ ਮੈ ਉਦਾਸ ਬਾਸ ਏਕਾਕੀ ਏਕਾਂਤਿ ਹੈ॥੨੭੨॥*
*ਗੁਰ ਉਪਦੇਸ ਰਿਦੈ ਨਿਮ੍ਰਤਾ ਨਿਵਾਸ ਜਾਸ,*
*ਧਿਆਨ ਗੁਰ ਮੂਰਤਿ ਕੈ ਪੂਰਨ ਬ੍ਰਹਮ ਹੈ॥*
*ਗੁਰਮੁਖਿ ਸਬਦ ਸੁਰਤਿ ਉਨਮਾਨ ਗਿਆਨ,*
*ਸਹਜ ਸੁਭਾਇ ਸਰਬਾਤਮ ਕੈ ਸਮ ਹੈ॥*
*ਹਉਮੈ ਤਿਆਗਿ ਤਿਆਗੀ ਬਿਸਮਾਦ ਕੈ ਬੈਰਾਗੀ ਭਏ,*
*ਮਨ ਉਨਮਨ ਲਿਵ ਗੰਮਿਤਾ ਅਗੰਮ ਹੈ॥*
*ਸੂਖਮ ਅਸਥੂਲ ਮੂਲ ਏਕ ਹੀ ਅਨੇਕ ਮੇਕ,*
*ਜੀਵਨ ਮੁਕਤਿ ਨਮੋ ਨਮੋ ਨਮੋ ਨਮ ਹੈ॥ ੨੨॥*

(ਕਬਿੱਤ ਸਵੱਯੇ)

*ਅਥਵਾ:- ਹਉਮੈ ਗਰਬੁ ਨਿਵਾਰੀਐ ਗੁਰਮੁਖਿ ਰਿਦੈ ਗਰੀਬੀ ਆਵੈ।*
*ਗਿਆਨ ਮਤੀ ਘਟਿ ਚਾਨਣਾ ਭਰਮ ਅਗਿਆਨੁ ਅੰਧੇਰੁ ਮਿਟਾਵੈ।*
*ਹੋਇ ਨਿਮਾਣਾ ਢਹਿ ਪਵੈ ਦਰਗਹ ਮਾਣੁ ਨਿਮਾਣਾ ਪਾਵੈ।*
*ਖਸਮੈ ਸੋਈ ਭਾਂਵਦਾ ਖਸਮੈ ਦਾ ਜਿਸੁ ਭਾਣਾ ਭਾਵੈ।*
*ਭਾਣਾ ਮੰਨੈ ਮੰਨੀਐ ਅਪਣਾ ਭਾਣਾ ਆਪਿ ਮਨਾਵੈ।*
*ਦੁਨੀਆ ਵਿਚਿ ਪਰਾਹੁਣਾ ਦਾਵਾ ਛਡਿ ਰਹੈ ਲਾ ਦਾਵੈ।*
*ਸਾਧਸੰਗਤਿ ਮਿਲਿ ਹੁਕਮਿ ਕਮਾਵੈ॥ ੧੩॥*

(ਵਾਰ ੨੯, ਪਉੜੀ ੧੩)

ਰਾਗੁ ਸੋਰਠਿ ਬਾਣੀ ਭਗਤ ਰਵਿਦਾਸ ਜੀ ਕੀ ੧ੴ ਸਤਿਗੁਰ ਪ੍ਰਸਾਦਿ॥

ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ॥ਅਨਲ ਅਗਮ ਜੈਸੇ ਲਹਰਿ ਮਇ ਓਦਧਿ ਜਲ ਕੇਵਲ ਜਲ ਮਾਂਹੀ॥੧॥ ਮਾਧਵੇ ਕਿਆ ਕਹੀਐ ਭ੍ਰਮੁ ਐਸਾ॥ ਜੈਸਾ ਮਾਨੀਐ ਹੋਇ ਨ ਤੈਸਾ॥੧॥ ਰਹਾਉ॥ ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ॥ ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ॥੨॥ ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ ਅਬ ਕਛੁ ਮਰਮੁ ਜਨਾਇਆ॥ਅਨਿਕ ਕਟਕ ਜੈਸੇ ਭੂਲਿ ਪਰੇ ਅਬ ਕਹਤੇ ਕਹਨੁ ਨ ਆਇਆ॥੩॥ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋੁਗਵੈ ਸੋਈ॥ ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ॥੪॥੧॥

(ਅੰਗ ੬੫੭-੫੮)

## ਪਦ ਅਰਥ :

ਜਬ-ਜਿਤਨਾ ਚਿਰ। ਹਮ-ਅਸੀਂ, ਹਉਮੈ, ਆਪਾ-ਭਾਵ। ਹੋਤੇ-ਹੁੰਦੇ ਹਾਂ। ਮੈ-ਮੇਰੀ ਅਪਣੱਤ, ਹਉਮੈ। ਅਨਲ-ਹਵਾ। ਅਨਲ ਅਗਮ-ਬੇਅੰਤ ਹਨੇਰੀ (ਦੇ ਕਾਰਨ)। ਲਹਰਿ ਮਇ-ਲਹਿਰ ਮੈ, ਲਹਿਰਾਂ ਨਾਲ ਭਰਪੂਰ। ਓਦਧਿ-ਸਮੁੰਦਰ। ੧।

ਮਾਧਵੇ-ਹੇ ਮਾਧੋ। ਕਿਆ ਕਹੀਐ-ਕੀਹ ਆਖੀਏ ? ਕਿਹਾ ਨਹੀਂ ਜਾ ਸਕਦਾ। ਭ੍ਰਮੁ-ਭੁਲੇਖਾ। ਮਾਨੀਐ-ਮੰਨਿਆ ਜਾ ਰਿਹਾ ਹੈ, ਖਿਆਲ ਬਣਾਇਆ ਹੋਇਆ ਹੈ। ੧। ਰਹਾਉ।

ਨਰਪਤਿ-ਰਾਜਾ। ਸਿੰਘਾਸਨਿ-ਤਖ਼ਤ ਉੱਤੇ। ਭਿਖਾਰੀ-ਮੰਗਤਾ। ਅਛਤ-ਹੁੰਦਿਆਂ ਸੁੰਦਿਆਂ। ਗਤਿ-ਹਾਲਤ। ੨।

ਰਾਜ-ਰੱਜੂ, ਰੱਸੀ। ਭੁਇਅੰਗ-ਸੱਪ। ਪ੍ਰਸੰਗ-ਵਾਰਤਾ, ਗੱਲ। ਮਰਮੁ-ਭੇਤ, ਰਾਜ਼। ਕਟਕ-ਕੜੇ। ਕਹਤੇ-ਆਖਦਿਆਂ। ੩। ਸਰਬੇ-ਸੁਤੇ ਹੀ ਉਸ ਦੀ ਰਜ਼ਾ ਵਿਚ। ੪।

## ਅਰਥ :

(ਹੇ ਪ੍ਰਭੂ ਜੀ !) ਜਿਤਨਾ ਚਿਰ ਅਸੀਂ ਹਉਮੈ ਦੇ ਸਹਿਤ ਹੁੰਦੇ ਸਾਂ, ਤਦੋਂ ਤੂੰ (ਮੇਰੇ ਅੰਦਰ ਨਹੀਂ) ਵੱਸਦਾ ਸੀ, ਹੁਣ ਤੂੰ ਹੀ, (ਤੂੰ ਹੀ ਹੋ ਰਹੀ ਹੈ) ਅਤੇ ਮੇਰੀ ਅਪਣੱਤ ਵਾਲੀ ਮੈਂ ਨਹੀਂ ਰਹੀ। (ਹੁਣ ਅਭੇਦਤਾ ਦਾ ਕਥਨ ਕਰਦੇ ਹਨ) ਬੇਅੰਤ ਹਵਾ ਦੇ (ਚੱਲਣ ਨਾਲ) ਜਿਸ ਤਰ੍ਹਾਂ ਸਮੁੰਦਰ ਵਿਚ ਲਹਿਰਾਂ ਉਠਦੀਆਂ

ਹਨ (ਪਰ ਉਹ) ਕੇਵਲ ਪਾਣੀ ਦੇ ਅੰਦਰ ਪਾਣੀ (ਹੀ ਹੁੰਦੀਆਂ ਹਨ ਭਾਵ ਲਹਿਰਾਂ ਤੇ ਸਮੁੰਦਰ ਦੇ ਪਾਣੀ ਵਾਂਗ ਤੇਰੇ ਤੇ ਸਾਡੇ ਵਿਚ ਹੁਣ ਕੋਈ ਫ਼ਰਕ ਨਹੀਂ ਰਿਹਾ।੧। ਹੇ ਮਾਧਵੇ ! ਕੀ ਕਹੀਏ, ਭਰਮ ਇਹੋ ਜਿਹਾ ਹੈ। ਜਿਹੋ ਜਿਹਾ (ਅਸੀਂ) ਮੰਨੀਏ ਉਹੋ ਜਿਹਾ ਨਹੀਂ ਹੁੰਦਾ (ਭਾਵ ਉਸ ਤੋਂ ਉਲਟ ਹੁੰਦਾ ਹੈ)। ੧। ਰਹਾਉ। (ਪ੍ਰਮਾਣ ਜਿਸ ਤਰ੍ਹਾਂ) ਇਕ ਰਾਜਾ ਆਪਣੇ ਤਖ਼ਤ ਉੱਤੇ (ਰਾਤ ਨੂੰ) ਸੁੱਤਾ (ਤੇ ਉਹ) ਸੁਪਨੇ ਵਿਚ ਭੇਖਾਰੀ (ਮੰਗਤਾ) ਬਣ ਗਿਆ। ਰਾਜ ਦੇ ਹੁੰਦੇ ਸੁੰਦੇ (ਰਾਜ ਤੋਂ) ਵਿਛੜ ਕੇ (ਉਸ ਨੇ) ਦੁੱਖ ਪਾਇਆ, ਇਸੇ ਤਰ੍ਹਾਂ ਸਰੂਪ ਰੂਪੀ ਤਖ਼ਤ ਦੇ ਹੁੰਦਿਆਂ ਅਵਿਦਿਆ ਦੀ ਨੀਂਦ ਵਿਚ ਸੁਤਿਆਂ, ਸੰਸਾਰ ਸੁਪਨੇ ਵਿਚ ਸਰੂਪ ਰਾਜ ਤੋਂ ਵਿਛੜ ਕੇ ਜੀਵ ਦੁੱਖ ਪਾ ਰਿਹਾ ਹੈ, ਇਹ ਹਾਲਤ ਸਾਡੀ ਹੋਈ ਹੈ। ੨। ਜਿਸ ਤਰ੍ਹਾਂ ਰੱਸੀ ਨੂੰ (ਹਨੇਰੇ ਵਿਚ) ਸੱਪ ਸਮਝਣ ਦੀ ਵਾਰਤਾ ਹੈ, (ਇਸੇ ਤਰ੍ਹਾਂ ਦਾ) ਹੁਣ ਕੁਝ ਭੇਦ ਸਮਝ ਵਿਚ ਆਇਆ ਹੈ। ਜਿਸ ਤਰ੍ਹਾਂ ਅਨੇਕ ਕੰਗਣ ਵੇਖ ਕੇ ਕੋਈ (ਅਸਲ ਨਾਮ ਸੋਨੇ ਦਾ) ਭੁੱਲ ਜਾਵੇ ਕਿ ਵੱਖ-ਵੱਖ ਨਾਮ ਕੰਗਣ, ਮੁੰਦਰੀ ਆਦਿ ਆਖੇ, (ਪਰ ਕੁਠਾਲੀ ਵਿਚ ਪਾਕੇ ਸੁਨਿਆਰਾ ਜਦ ਅਗਨ ਦਾ ਸੇਕ ਦਿੰਦਾ ਹੈ, ਉਹ ਕੰਗਣ ਆਦਿ ਗਹਿਣੇ ਸਾਰੇ ਇਕ ਸੋਨਾ ਹੀ ਨਿਹਚੇ ਹੋ ਆਉਂਦਾ ਹੈ) ਫਿਰ ਕੰਗਣ ਆਦਿ ਨਾਮ ਕਹਿੰਦਿਆਂ ਕਹਿਣਾ ਹੀ ਨਹੀਂ ਆਉਂਦਾ, ਇਸ ਤਰ੍ਹਾਂ ਜੋ ਜੋ ਜੀਵ ਬ੍ਰਹਮ ਤੋਂ ਵੱਖ ਪ੍ਰਤੀਤ ਹੁੰਦਾ ਸੀ, ਫਿਰ ਸ਼ੁੱਧ ਬ੍ਰਹਮ ਹੀ ਭਾਸਦਾ ਹੈ। ੩। ਹੇ ਭਾਈ ! ਸਾਰਿਆਂ ਵਿਚ ਏਕ ਸੁਆਮੀ ਅਨੇਕ ਰੂਪ ਹੋ ਰਿਹਾ ਹੈ (ਅਤੇ) ਸਭ ਹਿਰਦਿਆਂ ਵਿਚ ਬੈਠਾ ਹੋਇਆ ਸੁਆਮੀ ਅਨੰਦ ਮਾਣ ਰਿਹਾ ਹੈ। ਭਗਤ ਰਵਿਦਾਸ ਜੀ ਕਹਿੰਦੇ ਹਨ ਕਿ ਉਹ ਪ੍ਰਮਾਤਮਾ ਹੱਥਾਂ ਪੈਰਾਂ ਤੋਂ ਵੀ ਨੇੜੇ ਹੈ, ਇਸ ਲਈ ਸੁੱਤੇ ਜੋ ਹੋ ਰਿਹਾ ਹੈ, ਉਹ ਹੋਈ ਜਾਵੇ, ਚਿੰਤਾ ਕਰਨ ਦੀ ਲੋੜ ਨਹੀਂ ਹੈ। ੪। ੧।

## ਵਿਆਖਿਆ ਤੇ ਸਾਰੰਸ਼ :

ਪਾਵਨ ਸ਼ਬਦ ਅੰਦਰ ਇਕ ਪੰਗਤੀ ਆਈ ਹੈ-''ਮਾਧਵੇ ਕਿਆ ਕਹੀਐ ਭ੍ਰਮੁ ਐਸਾ॥ ਵਿਦਵਾਨਾਂ ਨੇ ਭਰਮ ਪੰਜ ਤਰ੍ਹਾਂ ਦਾ ਕਥਨ ਕੀਤਾ ਹੈ, ਜੋ ਇਸ ਪ੍ਰਕਾਰ ਹੈ-

ਪੰਜ ਤਰ੍ਹਾਂ ਦਾ ਭਰਮ-

***ਭੇਦ ਭਰਮ, ਕਰਤਤ੍ਵ, ਪੁਨ ਸੰਗਿ ਭਰਮ, ਬਿਕਾਰ।***
***ਬ੍ਰਹਮ ਇਤਰ ਜੱਗ ਸੱਤਯਤ੍ਵ ਹੈ ਪੰਚੋ ਭਰਮ ਸੰਸਾਰ।***

੧. ਭੇਦ ਭਰਮ=ਕਰਤਾਰ ਨੂੰ ਆਤਮਾ ਰੂਪ ਨਾ ਮੰਨ ਕੇ, ਉਸ ਵਿਚ ਅਨੇਕ ਭੇਦ ਕਲਪਣੇ।

੨. ਕਰਤੱਤ੍ਵ ਭਰਮ=ਮੈਂ ਕਰਤਾ ਹਾਂ, ਇਹ ਖ਼ਿਆਲ।

੩. ਸੰਗਿ ਭਰਮ=ਮੈਂ ਦੇਹ ਰੂਪ ਹਾਂ ਅਤੇ ਜੰਮਦਾ ਮਰਦਾ ਹਾਂ।

੪. ਬਿਕਾਰ ਭਰਮ=ਜਗਤ ਬ੍ਰਹਮ ਦਾ ਬਿਕਾਰ ਹੈ।

੫. ਸੱਤਯਤ੍ਵ ਭਰਮ=ਬ੍ਰਹਮ ਤੋਂ ਜੁਦਾ ਮੰਨ ਕੇ ਸੰਸਾਰ ਨੂੰ ਸੱਤਯ ਮੰਨਣਾ।

ਪੰਜ ਤਰ੍ਹਾਂ ਦੇ ਭਰਮ ਦੀ ਨਵਿਰਤੀ-

***ਬਿੰਬ ਪ੍ਰਤਿਬਿੰਬ ਲੋਹਤਸਫਟਕ ਘਟਾਕਾਸ ਗੁਣ ਮਾਰ।***
***ਕਨਕ ਕੁੰਡਲ ਦ੍ਰਿਸ਼ਟਾਂਤ ਦੇ ਪਾਂਚੋ ਭਰਮ ਨਿਵਾਰ।***

੧. ਬਿੰਬ-ਪ੍ਰਤਿਬਿੰਬ ਦੇ ਦ੍ਰਿਸ਼ਟਾਂਤ ਕਰਕੇ ਭੇਦ ਭਰਮ ਦੀ ਨਵਿਰਤੀ-ਇਸ ਤਰ੍ਹਾਂ ਮੰਨੀ ਹੈ ਜਿਵੇਂ ਸ਼ੀਸ਼ੇ ਦੀ ਉਪਾਧੀ ਕਰਕੇ ਮੂੰਹ ਦਾ ਅਕਸ ਸ਼ੀਸ਼ੇ ਵਿਚ ਨਜ਼ਰ ਆਉਂਦਾ ਹੈ। ਉਹ ਅਕਸ ਮੂੰਹ ਨਾਲੋਂ ਵੱਖਰਾ ਨਹੀਂ ਕਿਉਂਕਿ ਸ਼ੀਸ਼ੇ ਦੇ ਪਰ੍ਹੇ ਕਰ ਲੈਣ ਨਾਲ ਅਕਸ ਨਜ਼ਰ ਨਹੀਂ ਆਉਂਦਾ। ਵੱਖਰਾ ਪ੍ਰਤੀਤ ਹੋਣਾ ਸ਼ੀਸ਼ੇ ਕਰਕੇ ਸੀ, ਜੋ ਭਰਮ ਰੂਪ ਸੀ। ਸੋ ਪ੍ਰਤੀਬਿੰਬ ਦੀ ਭਿੰਨ ਪ੍ਰਤੀਤੀ ਦਾ ਮਿਥਿਆ ਰੂਪ ਵਾਧ ਕਰਕੇ, ਬਿੰਬ ਪ੍ਰਤੀਬਿੰਬ ਦਾ ਭੇਦ ਨਿਸਚੇ ਹੋ ਰਿਹਾ ਹੈ।

ਇਸੇ ਤਰ੍ਹਾਂ ਅਗਿਆਨ ਰੂਪ ਸ਼ੀਸ਼ੇ ਵਿਚੋਂ ਬਿੰਬ ਰੂਪ ਬ੍ਰਹਮ ਦਾ ਜੀਵ ਰੂਪ ਪ੍ਰਤੀਬਿੰਬ ਭਾਸਦਾ ਹੈ। ਪ੍ਰਤੀਬਿੰਬ ਰੂਪ ਜੀਵ ਬਿੰਬ ਰੂਪ ਬ੍ਰਹਮ ਨਾਲੋਂ ਵੱਖਰਾ ਨਹੀਂ। ਸਿਰਫ਼ ਭਰਮ ਕਰਕੇ ਪ੍ਰਤੀਤ ਹੁੰਦਾ ਹੈ।

***ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥***
***ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥***

(ਅੰਗ ੬੮੪)

ਦ੍ਰਿਸ਼ਟਾਂਤ :- ਜਿਵੇਂ ਘੜੇ ਵਿਚ ਪਾਣੀ ਪਾ ਕੇ ਸੂਰਜ ਸਾਹਮਣੇ ਰੱਖ ਕੇ ਵੇਖੀਏ ਤਾਂ ਸੂਰਜ ਦਾ ਪ੍ਰਤੀਬਿੰਬ ਘਟ ਉਪਾਧੀ ਕਰਕੇ ਵੱਖਰਾ ਪ੍ਰਤੀਤ ਹੁੰਦਾ ਹੈ। ਜਿਸ ਵੇਲੇ ਡੰਡੇ ਨਾਲ ਘੜਾ ਭੰਨ ਦੇਈਏ ਤਾਂ ਉਹ ਪ੍ਰਤੀਬਿੰਬ ਸੂਰਜ ਵਿਚ ਮਿਲ ਜਾਂਦਾ ਹੈ। ਇਸੇ ਤਰ੍ਹਾਂ ਅੰਤਹਕਰਨ ਰੂਪ ਘੜੇ ਦੀ ਉਪਾਧੀ ਕਰਕੇ ਬ੍ਰਹਮ ਨਾਲੋਂ ਜੀਵ ਵੱਖਰਾ ਪ੍ਰਤੀਤ ਹੁੰਦਾ ਹੈ। ਜਿਸ ਵੇਲੇ ਗਿਆਨ ਰੂਪ ਡੰਡੇ ਨਾਲ ਅੰਤਹਕਰਣ ਰੂਪ ਘੜੇ ਦੀ ਨਵਿਰਤੀ ਕਰ ਦਿੱਤੀ ਜਾਂਦੀ ਹੈ ਤਾਂ ਜੀਵ ਬ੍ਰਹਮ ਨਾਲ ਅਭੇਦ ਹੋ ਜਾਂਦਾ ਹੈ।

***ਜਿਉ ਪ੍ਰਤਿਬਿੰਬੁ ਬਿੰਬ ਕਉ ਮਿਲੀ ਹੈ, ਉਦਕੁ ਕੁੰਭੁ ਬਿਗਰਾਨਾ॥***
***ਕਹੁ ਕਬੀਰ ਐਸਾ ਗੁਣ ਭ੍ਰਮੁ ਭਾਗਾ ਤਉ ਮਨੁ ਸੁੰਨਿ ਸਮਾਨਾਂ॥***

(ਅੰਗ ੪੭੫)

੨. ਕਰਤੱਤ੍ਰ ਭਰਮ ਦੀ ਨਿਵਰਤੀ—ਲੋਹਤ ਭਾਵ ਜਪਾ ਪੁਸ਼ਪ ਅਤੇ ਸਫਟਕ ਮਨੀ ਦੇ ਦ੍ਰਿਸ਼ਟਾਂਤ ਦੁਆਰਾ ਕਰਤੱਤ੍ਰ ਭਰਮ ਦੀ ਨਵਿਰਤੀ ਕਰੇ, ਜਿਸ ਤਰ੍ਹਾਂ ਲਾਲ ਰੰਗ ਦੇ ਕੱਪੜੇ ਉੱਪਰ ਧਰੀ ਸਫਟਕ ਮਨੀ ਵਿਚ ਕੱਪੜੇ ਦਾ ਲਾਲ ਰੰਗ ਸੰਬੰਧ ਕਰਕੇ ਭਾਸਦਾ ਹੈ। ਪਰ ਉਹ ਕੱਪੜੇ ਦਾ ਭਰਮ ਜਿਸ ਵੇਲੇ ਸਫਟਕ ਮਨੀ ਦੇ ਪਾਸੋਂ ਲਾਲ ਰੰਗ ਦਾ ਕੱਪੜਾ ਵੱਖਰਾ ਕਰ ਦਿੱਤਾ ਜਾਂਦਾ ਹੈ, ਫਿਰ ਮਨੀ ਵਿਚ ਲਾਲ ਰੰਗ ਨਹੀਂ ਪ੍ਰਤੀਤ ਹੁੰਦਾ। ਇਸ ਕਰਕੇ ਲਾਲ ਰੰਗ ਸਫਟਕ ਮਨੀ ਦਾ ਧਰਮ ਨਹੀਂ। ਮਨੀ ਵਿਚ ਭਰਮ ਕਰਕੇ ਪ੍ਰਤੀਤ ਹੁੰਦਾ ਹੈ।

ਇਸੇ ਤਰ੍ਹਾਂ ਅੰਤਹਕਰਣ ਦਾ ਧਰਮ ਜੋ ਕਰਤਾ ਭੋਗਤਾਪਨਾ ਹੈ, ਸੋ ਆਤਮਾ ਵਿਖੇ ਤਦਾਤਮ ਸੰਬੰਧ ਕਰਕੇ ਪ੍ਰਤੀਤ ਹੁੰਦਾ ਹੈ। ਪਰ ਉਹ ਅੰਤਹਕਰਣ ਦਾ ਧਰਮ ਹੈ। ਸੁਖੋਪਤ ਅਵੱਸਥਾ ਵਿਚ ਅੰਤਹਕਰਣ ਅਤੇ ਆਤਮਾ ਦੇ ਵਿਯੋਗ ਹੋਣ ਕਰਕੇ ਆਤਮਾ ਵਿਚ ਭਾਸਦਾ ਨਹੀਂ। ਇਸ ਕਰਕੇ ਆਤਮਾ ਦਾ ਧਰਮ ਨਹੀਂ। ਇਸ ਲਈ ਆਤਮਾ ਵਿਚ ਕਰਤਾ ਭੋਗਤਾਪਨਾ ਭਰਮ ਕਰਕੇ ਭਾਸਦਾ ਹੈ। ਇਸ ਤਰ੍ਹਾਂ ਸਫਟਕ ਮਨੀ ਵਿਚ ਲਾਲ ਰੰਗ ਦੀ ਪ੍ਰਤੀਤੀ ਦੇ ਦ੍ਰਿਸ਼ਟਾਂਤ ਰਾਹੀਂ ਕਰਤਾ ਭੋਗਤਾਪਨੇ ਦੇ ਭਰਮ ਦੀ ਨਵਿਰਤੀ ਹੁੰਦੀ ਹੈ।

੩. ਸੰਗਿ ਭਰਮ ਦੀ ਨਵਿਰਤੀ-ਘਟਾਕਾਸ਼ ਦੇ ਦ੍ਰਿਸ਼ਟਾਂਤ ਨਾਲ ਸੰਗ ਭਰਮ ਦੀ ਨਵਿਰਤੀ ਕਰੇ। ਜਿਸ ਪ੍ਰਕਾਰ ਪਾਣੀ ਵਾਲੇ ਘੜੇ ਵਿਚ ਆਕਾਸ਼ ਦਿੱਸਦਾ ਹੈ, ਉਹ ਘੱਟ ਉਪਾਧੀ ਵਾਲਾ ਅਕਾਸ਼ ਘਟਾ ਅਕਾਸ਼ ਹੈ। ਸੋ ਅਕਾਸ਼ ਘੜੇ ਦੇ ਸੰਗ ਕਰਕੇ ਪ੍ਰਤੀਤ ਹੁੰਦਾ ਹੈ। ਘੜੇ ਦਾ ਧਰਮ ਉੱਤਪਤੀ, ਨਾਸ ਗਮਨਾ, ਅਗਮਨ ਆਦਿਕ ਹਨ। ਉਹ ਅਕਾਸ਼ ਨੂੰ ਸਪੱਰਸ਼ ਨਹੀਂ ਕਰਦੇ। ਅਕਾਸ਼ ਅਸੰਗ ਹੈ। ਜਿਹੜਾ ਅਕਾਸ਼ ਦਾ ਸੰਬੰਧ ਘੜੇ ਨਾਲ ਪ੍ਰਤੀਤ ਹੋ ਰਿਹਾ ਹੈ, ਉਹ ਭਰਮ ਕਰਕੇ ਹੈ। ਇਸ ਤਰ੍ਹਾਂ ਦੇਹ ਆਦਿਕ ਸੰਘਾਤ ਰੂਪ ਉਪਾਧੀ ਵਾਲਾ ਆਤਮਾ ਜੀਵ ਆਖੀਦਾ ਹੈ। ਆਤਮਾ ਦੇਹ ਆਦਿਕਾਂ ਦੇ ਨਾਲ ਪ੍ਰਤੀਤ ਹੁੰਦਾ ਹੈ। ਫਿਰ ਭੀ ਦੇਹ ਆਦਿਕ ਦੇ ਜੋ ਜਨਮ-ਮਰਨ ਆਦਿਕ ਧਰਮ ਹਨ, ਉਹ ਆਤਮਾ ਨਾਲ ਸਪਰਸ਼ ਨਹੀਂ ਕਰਦੇ, ਜਿਸ ਕਰਕੇ ਆਤਮਾ ਦ੍ਰਿਸ਼ਟਾ ਰੂਪ ਤਿੰਨਾਂ ਸਰੀਰਾਂ ਤੋਂ ਨਿਆਰਾ ਭਾਵ ਅਸੰਗ ਹੈ।

***ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥*** (ਅੰਗ ੬੮੪)

ਇਸ ਤਰ੍ਹਾਂ ਆਤਮਾ ਨੂੰ ਅਸਲ ਵਿਚ ਅਸੰਗ ਜਾਣ ਕੇ ਘਟਾਕਾਸ਼ ਦੁਆਰਾ ਸੰਗ ਭਰਮ ਦੀ ਨਵਿਰਤੀ ਹੁੰਦੀ ਹੈ।

੪. ਵਿਕਾਰ ਭਰਮ ਦੀ ਨਵਿਰਤੀ-(ਗੁਨ-ਮਾਰ) (ਗੁਨ ਰੱਸੀ, ਮਾਰ-ਸੱਪ) ਰੱਸੀ ਵਿਚ ਕਲਪਿਤ ਸੱਪ ਦੇ ਦ੍ਰਿਸ਼ਟਾਂਤ ਨਾਲ ਵਿਕਾਰ ਭਰਮ ਦੀ ਨਵਿਰਤੀ ਹੁੰਦੀ ਹੈ। ਜਿਸ ਤਰ੍ਹਾਂ ਭਰਮ ਕਰਕੇ ਅੰਧੇਰੇ ਵਿਚ ਰੱਸੀ ਵਿਚ ਸਰਪ ਮੰਨ ਲਈਦਾ ਹੈ, ਗਿਆਨ ਹੋ ਜਾਣ ਤੋਂ ਸੱਪ ਹੋਣ ਦਾ ਭਰਮ ਨਵਿਰਤ ਹੋ ਜਾਂਦਾ ਹੈ। ਰੱਸੀ ਅਸਾਨ ਜਾਣ ਲਈਦੀ ਹੈ, ਇਸੇ ਤਰ੍ਹਾਂ ਬ੍ਰਹਮ ਚੇਤਨ ਦੇ ਆਸ਼੍ਰਿਤ ਜੋ ਮੂਲ ਅਵਿਦਿਆ ਹੈ, ਸੋ ਪਰਾਲਬਧ ਰੂਪ ਨਮਿੱਤ ਨੂੰ ਪਾ ਕੇ ਜੜ੍ਹ ਚੇਤਨ ਪ੍ਰਪੰਚ ਰੂਪ ਵਿਕਾਰ ਨੂੰ ਧਾਰਦੀ ਹੈ। ਸੋ ਪ੍ਰਪੰਚ ਅਵਿੱਦਿਆ ਦਾ ਪਰਿਣਾਮ ਹੈ ਅਤੇ ਬ੍ਰਹਮ ਚੇਤਨ ਦਾ ਵਿਵਰਤ ਹੈ, ਪ੍ਰਮਾਣ ਨਹੀਂ। ਸੋ ਇਸ ਪ੍ਰਪੰਚ ਦਾ ਅਧਿਸ਼ਠਾਨ ਬ੍ਰਹਮ ਹੈ। ਉਸ ਦੇ ਗਿਆਨ ਕਰਕੇ ਹੀ ਭਰਮ ਦੀ ਨਵਿਰਤੀ ਹੁੰਦੀ ਹੈ-

***ਕਹੁ ਨਾਨਕ ਗੁਰਿ ਭ੍ਰਮੁ ਭਉ ਖੋਇਆ॥ ਅਨਦ ਰੂਪੁ ਸਭੁ ਨੈਨ ਅਲੋਇਆ॥***

(ਅੰਗ ੩੮੭)

ਇਸ ਤਰ੍ਹਾਂ ਬ੍ਰਹਮ ਆਤਮਾ ਨੂੰ ਨਿਰਵਿਕਾਰ ਜਾਣ ਕੇ ਰੱਸੀ ਅਤੇ ਸੱਪ ਦੇ ਦ੍ਰਿਸ਼ਟਾਂਤ ਨਾਲ ਵਿਕਾਰ ਭਰਮ ਦੀ ਨਵਿਰਤੀ ਹੁੰਦੀ ਹੈ।

੫. ਸਤਯਤ੍ਵ (ਸੱਤ-ਭਰਮ)-

***ਬ੍ਰਹਮ ਇਤ੍ਰ ਜਗ ਸੱਤ ਹੈ ਪਾਂਚਹੁ ਭਰਮ ਸੰਸਾਰ।***

ਇਸ ਦੀ ਨਵਿਰਤੀ ਕਨਕ ਕੁੰਡਲ ਦੇ ਦ੍ਰਿਸ਼ਟਾਂਤ ਨਾਲ ਹੁੰਦੀ ਹੈ। ਕਨਕ ਦੇ ਕੁੰਡਲ ਕਾਰਨ, ਕਾਰਜ ਭਾਵ ਕਰਕੇ, ਭੇਦ ਪ੍ਰਤੀਤ ਹੁੰਦਾ ਹੈ, ਪਰ ਉਹ ਕਲਪਿਤ ਹੈ ਕਿਉਂਕਿ ਕਨਕ ਤੋਂ ਭਿੰਨ ਕੁੰਡਲ ਸਰੂਪ ਦੇਖਣ ਵਿਚ ਨਹੀਂ ਆਉਂਦਾ। ਸਵਰਨ ਨਾਲੋਂ ਕੁੰਡਲ ਦੀ ਵੱਖਰੀ ਸੱਤਿਆ ਕੁਝ ਨਹੀਂ। ਇਸੇ ਤਰ੍ਹਾਂ ਬ੍ਰਹਮ ਅਤੇ ਜਗਤ ਦਾ ਕਾਰਨ, ਕਾਰਜ ਭਾਵ ਕਰਕੇ ਭੇਦ ਪ੍ਰਤੀਤ ਹੁੰਦਾ ਹੈ। ਪਰ ਉਹ ਭੇਦ ਕਲਪਿਤ ਹੈ।

ਜਿਸ ਤਰ੍ਹਾਂ-

***ਇਹੁ ਜਗੁ ਧੂਏ ਕਾ ਪਹਾਰ॥ ਤੈ ਸਾਚਾ ਮਾਨਿਆ ਕਿਹ ਬਿਚਾਰਿ॥***

(ਅੰਗ ੧੧੮੬)

***ਰੇ ਨਰ ਇਹ ਸਾਚੀ ਜੀਅ ਧਾਰਿ॥***
***ਸਗਲ ਜਗਤੁ ਹੈ ਜੈਸੇ ਸੁਪਨਾ ਬਿਨਸਤ ਲਗਤ ਨ ਬਾਰ॥***

(ਅੰਗ ੬੩੩)

ਸੋ ਕਲਪਿਤ ਦੀ ਸਤਾ ਅਧਿਸ਼ਠਾਨ ਤੋਂ ਭਿੰਨ ਹੁੰਦੀ ਹੈ। ਅਧਿਸ਼ਠਾਨ ਦੀ ਸਤਾ ਕਰਕੇ ਤਿਸਦੀ ਸਤਾ ਹੁੰਦੀ ਹੈ। ਕਨਕ-ਕੁੰਡਲ ਦ੍ਰਿਸ਼ਟਾਂਤ ਨਾਲ ਬ੍ਰਹਮ ਤੋਂ ਭਿੰਨ ਜਗਤ ਦੇ ਸਤ ਪੁਣੇ ਦੇ ਭਰਮ ਦੀ ਨਵਿਰਤੀ ਹੁੰਦੀ ਹੈ।

ਗੁਰੂ ਸਾਹਿਬ ਜੀ ਭਰਮ ਦੀ ਨਵਿਰਤੀ ਇਉਂ ਦਰਸਾਉਂਦੇ ਹਨ:

***ਸਲੋਕ॥ ਭੈ ਭੰਜਨ ਅਘ ਦੂਖ ਨਾਸ ਮਨਹਿ ਅਰਾਧਿ ਹਰੇ॥***
***ਸੰਤਸੰਗ ਜਿਹ ਰਿਦ ਬਸਿਓ ਨਾਨਕ ਤੇ ਨ ਭ੍ਰਮੇ॥***

(ਗਉੜੀ ਬਾਵਨ ਅਖਰੀ ਮ: ੫, ਅੰਗ ੨੫੮)

ਸੰਪ੍ਰਦਾਈ ਵਿਦਵਾਨ ਮਹਾਂਪੁਰਖ "ਅਛਤ ਰਾਜ ਬਿਛੁਰਤ ਦੁਖ ਪਾਇਆ" ਇਸ ਪੰਗਤੀ 'ਤੇ ਇਸ ਪ੍ਰਕਾਰ ਸਾਖੀ ਸੁਣਾਇਆ ਕਰਦੇ ਸਨ।

***ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ॥ ੨॥***

(ਅੰਗ ੬੫੭)

## ਸਾਖੀ-ਬਾਦਸ਼ਾਹ ਦੇ ਸੁਪਨੇ 'ਚ ਭੇਖਾਰੀ ਬਣਨ ਦੀ

ਵਿਚਾਰ ਸਾਗਰ ਵਿਚ ਪੰਡਿਤ ਨਿਹਚਲ ਦਾਸ ਜੀ ਨੇ ਇਕ ਬਹੁਤ ਵੱਡੇ ਬਾਦਸ਼ਾਹ ਦਾ ਭੇਖਾਰੀ ਹੋਣ ਦਾ ਜ਼ਿਕਰ ਕੀਤਾ ਹੈ। ਪੰਜਵੇਂ ਤਰੰਗ ਵਿਚ ਪੰਡਿਤ ਜੀ ਲਿਖਦੇ ਹਨ ਕਿ ਇਕ ਬਾਦਸ਼ਾਹ ਜਿਸ ਦੇ ਰਾਜ

ਦਾ ਤੇਜ ਪ੍ਰਤਾਪ ਸਵਰਗ ਦੇ ਰਾਜੇ ਇੰਦ੍ਰ ਜੈਸਾ ਸੀ। ਇਕ ਦਿਨ ਬਾਦਸ਼ਾਹ ਉੱਚੀ ਅਟਾਰੀ ਵਿਚ ਫੁੱਲਾਂ ਦੀ ਸਜੀ ਸੁੰਦਰ ਸੇਜਾ ਦੇ ਉੱਪਰ ਸੁੱਤਾ ਪਿਆ ਹੈ। ਮਨੁੱਖ ਦੀ ਤਾਂ ਕੀ ਗੱਲ ਹੈ, ਜਿਥੇ ਕੋਈ ਪੰਛੀ ਵੀ ਪਹੁੰਚ ਨਹੀਂ ਸੀ ਸਕਦਾ, ਕਿਉਂਕਿ ਚਾਰੇ ਪਾਸੇ ਵੱਡੇ-ਵੱਡੇ ਸੂਰਮੇ ਹਥਿਆਰ ਲੈ ਕੇ ਪਹਿਰੇ 'ਤੇ ਖਲੋਤੇ ਸਨ। ਉਥੇ ਸੁੱਤੇ ਪਏ ਬਾਦਸ਼ਾਹ ਨੇ ਇਕ ਸੁਪਨਾ ਦੇਖਿਆ। ਉਸ ਸੁਪਨੇ ਵਿਚ ਬਾਦਸ਼ਾਹ ਭਿਖਾਰੀ ਬਣ ਗਿਆ ਤੇ ਬਾਦਸ਼ਾਹ ਦਾ ਪੈਰ ਇਕ ਗਿਦੜੀ ਨੇ ਪਕੜ ਲਿਆ। ਬਾਦਸ਼ਾਹ ਨੇ ਆਪਣੇ ਪੈਰ ਨੂੰ ਗਿਦੜੀ ਤੋਂ ਛੁਡਾਉਣਾ ਚਾਹਿਆ, ਪਰ ਗਿਦੜੀ ਨੇ ਛੱਡਿਆ ਨਹੀਂ। ਰਾਜੇ ਨੇ ਖੜੋ ਕੇ ਪੁਕਾਰ ਕੀਤੀ ਕਿ ਕੋਈ ਹੈ ਐਸਾ ਜੋ ਗਿਦੜੀ ਨੂੰ ਮਾਰੇ। ਜੋ ਸੂਰਮੇ ਦੁਆਰੇ 'ਤੇ ਖੜੇ ਸਨ, ਉਨ੍ਹਾਂ ਵਿਚੋਂ ਕਿਸੇ ਨੇ ਮੱਦਦ ਨਹੀਂ ਕੀਤੀ ਤਾਂ ਬਾਦਸ਼ਾਹ ਨੇ ਆਪਣੇ ਹੱਥ ਵਿਚ ਡੰਡਾ ਲੈ ਕੇ ਆਪ ਹੀ ਗਿਦੜੀ ਦੇ ਸਿਰ ਵਿਚ ਮਾਰਿਆ। ਡੰਡਾ ਲੱਗਦੇ ਹੀ ਗਿਦੜੀ ਮਰ ਗਈ ਤਾਂ ਪੈਰ ਦੀ ਨਸ ਵਿਚੋਂ ਦੰਦ ਨਿਕਲੇ। ਦੰਦ ਡੂੰਘੇ ਲੱਗੇ ਸਨ, ਜਿਸ ਕਰਕੇ ਰਾਜਾ ਲੰਗੜਾਉਂਦਾ ਹੋਇਆ ਸੋਟੀ ਦੇ ਸਹਾਰੇ ਵੈਦ ਦੇ ਘਰ ਪਹੁੰਚਿਆ ਤੇ ਵੈਦ ਨੂੰ ਕਿਹਾ ਕਿ ਮੇਰੇ ਜ਼ਖ਼ਮਾਂ ਵਾਸਤੇ ਇਕ ਫੋਹਾ (ਜੋ ਵੈਦ ਪੁਰਾਣੇ ਸਮੇਂ ਵਿਚ ਤਿਆਰ ਕਰਦੇ ਸਨ, ਜ਼ਖ਼ਮ ਵਾਸਤੇ) ਤਿਆਰ ਕਰੋ ਤਾਂ ਕਿ ਮੇਰਾ ਜ਼ਖ਼ਮ ਠੀਕ ਹੋ ਜਾਵੇ। ਵੈਦ ਨੇ ਕਿਹਾ, ਫੋਹਾ ਤਿਆਰ ਨਹੀਂ ਹੈ, ਇਕ ਪੈਸਾ ਮੈਨੂੰ ਦੇਵੋ ਤੇ ਮੈਂ ਫੋਹਾ ਤਿਆਰ ਕਰਕੇ ਦਿੰਦਾ ਹਾਂ। ਉਸ ਸਮੇਂ ਬਾਦਸ਼ਾਹ ਕੋਲ ਇਕ ਕਉਡੀ ਵੀ ਨਹੀਂ ਸੀ। ਉਹ ਸੋਟੀ ਦੇ ਸਹਾਰੇ ਉਠਿਆ ਤੇ ਹਉਕਾ ਲੈ ਕੇ ਕਹਿਣ ਲੱਗਾ, ਧਨ ਤੋਂ ਬਿਨਾਂ ਕੋਈ ਕਿਸੇ ਦੀ ਬਾਤ ਨਹੀਂ ਪੁੱਛਦਾ। ਜੇ ਮੈਂ ਧਨੀ ਹੁੰਦਾ ਤਾਂ ਵੈਦ ਮੇਰੇ ਪਾਸ ਚੱਲ ਕੇ ਆਉਂਦਾ। ਹੁਣ ਮੈਂ ਗ਼ਰੀਬ ਹਾਂ, ਮੈਨੂੰ ਟਾਲ ਦਿੱਤਾ ਹੈ, ਇਸ ਤਰ੍ਹਾਂ ਕਿਸੇ ਨੂੰ ਦੋਸ਼ ਨਹੀਂ, ਬਿਨਾ ਸੁਆਰਥ ਤੋਂ ਕੋਈ ਕਿਸੇ ਦੇ ਕੰਮ ਨਹੀਂ ਆਉਂਦਾ। ਮਾਤਾ, ਪਿਤਾ, ਸੰਬੰਧੀ, ਪੁੱਤਰ, ਇਸਤਰੀ ਇਹ ਸਭ ਸੁਆਰਥ ਕਰਕੇ ਹੀ ਪਿਆਰ ਕਰਦੇ ਹਨ। ਜਿਸ ਬੱਚੇ ਨੂੰ ਮਾਤਾ-ਪਿਤਾ ਗੋਦ ਵਿਚ ਲੈ ਕੇ ਪਿਆਰ ਕਰਦੇ ਹਨ, ਭਰਾ ਜੱਫੀਆਂ ਪਾ ਕੇ ਪਿਆਰ ਕਰਦੇ ਹਨ, ਅਗਰ ਉਸ ਨੂੰ ਕੋਹੜ ਹੋ ਜਾਵੇ ਤਾਂ ਉਸ ਪਾਸੇ ਵੱਲੋਂ ਆਉਂਦੀ ਹਵਾ ਤੋਂ ਵੀ ਸੰਕੋਚ ਕਰਦੇ ਹਨ, ਕਿ ਕਿਤੇ ਸਾਨੂੰ ਬਿਮਾਰੀ ਨਾ ਲੱਗ ਜਾਵੇ।

***ਐਸਾ ਜਗ ਸ੍ਵਾਰਥ ਕੋ ਸਾਰੋ॥ ਬਿਨ ਸ੍ਵਾਰਥ ਕੋ ਕਾ ਕੋ ਪਿਆਰੋ॥***

(ਵਿਚਾਰ ਸਾਗਰ ਤਰੰਗ ੫, ਸਲੋਕ ੧੪੫)

ਇਉਂ ਚਿੰਤਾਤੁਰ ਹੋਏ ਨੂੰ ਮੁਨੀਵਰ ਦਾ ਦਰਸ਼ਨ ਹੋਇਆ, ਜਿਸ ਨੇ ਇਸ 'ਤੇ ਤਰਸ ਕਰਕੇ ਇਕ ਬੂਟੀ ਨਾਲ ਘਾਵ ਦਾ ਦੁੱਖ ਮੇਟ ਦਿੱਤਾ। ਜਦੋਂ ਨਿੰਦ੍ਰਾ ਤੋਂ ਜਾਗਿਆ, ਤਾਂ ਨਾ ਘਾਵ, ਨਾ ਦਰਦ, ਨਾ ਮੁਨੀ ਕੁਝ ਵੀ ਨਹੀਂ ਸੀ।

***ਯੌਂ ਚਿੰਤਤ ਇਕ ਮੁਨਿ ਤਿੰਹਿ ਭੇਟਯੋ॥ ਤਿਨ ਦੈ ਜਰੀ ਦੁਖ ਮੇਟਯੋ॥***
***ਨਿਦ੍ਰਾ ਤੇ ਜਾਗਯੋ ਨ੍ਰਿਪ ਜਬ ਹੀ॥ ਘਾਵ ਦਰਦ, ਮੁਨਿ ਨਾਸੇ ਤਬ ਹੀ॥ ੧੪੬॥***

(ਵਿਚਾਰ ਸਾਗਰ, ਤਰੰਗ-੫)

ਇਸ ਦਾ ਅੰਤਰੀਵ ਭਾਵ: ਇਸੇ ਤਰ੍ਹਾਂ ਹੀ ਜੀਵ ਰੂਪ ਰਾਜਾ ਆਪਣੇ ਅੰਤਸ਼ਕਰਣ ਰੂਪ ਸਿੰਘਾਸਣ 'ਤੇ ਅਵਿਦਿਆ ਦੀ ਨੀਂਦ ਵਿਚ ਸੁੱਤਾ ਪਿਆ ਹੈ। ਸੋ ਸੰਸਾਰ ਇਕ ਸੁਪਨਾ ਵੇਖ ਰਿਹਾ ਹੈ। ਬਾਦਸ਼ਾਹ ਤੋਂ

ਭੇਖਾਰੀ ਬਣਨ ਦੀ ਤਰ੍ਹਾਂ ਬ੍ਰਹਮ ਸਰੂਪ ਹੁੰਦਿਆਂ ਵੀ ਇਹ ਆਪਣੇ ਆਪ ਨੂੰ ਕਰਤਾ, ਭੋਗਤਾ ਪਣਾ, ਜੰਮਣ ਮਰਨ ਵਾਲਾ ਮੰਨੀ ਬੈਠਾ ਹੈ। ਸਰੂਪ ਰੂਪੀ ਰਾਜ ਦੇ ਹੁੰਦਿਆਂ ਵੀ ਮਨੁੱਖ ਉਸ ਤੋਂ ਵਿਛੁੜ ਕੇ ਦੁੱਖ ਪਾ ਰਿਹਾ ਹੈ।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੮੧ (ਅੰਗ ੬੬੦)

## ਧਨਾਸਰੀ ਮਹਲਾ ੧ ਘਰੁ ੧ ਚਉਪਦੇ

### ੧ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਜੀਉ ਡਰਤੁ ਹੈ ਆਪਣਾ ਕੈ ਸਿਉ ਕਰੀ ਪੁਕਾਰ ॥ ਦੂਖ ਵਿਸਾਰਣੁ ਸੇਵਿਆ ਸਦਾ ਸਦਾ ਦਾਤਾਰੁ ॥੧॥ ਸਾਹਿਬੁ ਮੇਰਾ ਨੀਤ ਨਵਾ ਸਦਾ ਸਦਾ ਦਾਤਾਰੁ ॥ ੧ ॥ ਰਹਾਉ ॥ ਅਨਦਿਨੁ ਸਾਹਿਬੁ ਸੇਵੀਐ ਅੰਤਿ ਛਡਾਏ ਸੋਇ ॥ ਸੁਣਿ ਸੁਣਿ ਮੇਰੀ ਕਾਮਣੀ ਪਾਰਿ ਉਤਾਰਾ ਹੋਇ ॥ ੨ ॥ ਦਇਆਲ ਤੇਰੈ ਨਾਮਿ ਤਰਾ ॥ ਸਦ ਕੁਰਬਾਣੈ ਜਾਉ ॥ ੧ ॥ ਰਹਾਉ ॥ ਸਰਬੰ ਸਾਚਾ ਏਕੁ ਹੈ ਦੂਜਾ ਨਾਹੀ ਕੋਇ ॥ ਤਾ ਕੀ ਸੇਵਾ ਸੋ ਕਰੇ ਜਾ ਕਉ ਨਦਰਿ ਕਰੇ ॥ ੩ ॥ ਤੁਧੁ ਬਾਝੁ ਪਿਆਰੇ ਕੇਵ ਰਹਾ ॥ ਸਾ ਵਡਿਆਈ ਦੇਹਿ ਜਿਤੁ ਨਾਮਿ ਤੇਰੇ ਲਾਗਿ ਰਹਾਂ ॥ ਦੂਜਾ ਨਾਹੀ ਕੋਇ ਜਿਸੁ ਆਗੈ ਪਿਆਰੇ ਜਾਇ ਕਹਾ ॥ ੧ ॥ ਰਹਾਉ ॥ ਸੇਵੀ ਸਾਹਿਬੁ ਆਪਣਾ ਅਵਰੁ ਨ ਜਾਚੰਉ ਕੋਇ ॥ ਨਾਨਕੁ ਤਾ ਕਾ ਦਾਸੁ ਹੈ ਬਿੰਦ ਬਿੰਦ ਚੁਖ ਚੁਖ ਹੋਇ ॥ ੪ ॥ ਸਾਹਿਬ ਤੇਰੇ ਨਾਮ ਵਿਟਹੁ ਬਿੰਦ ਬਿੰਦ ਚੁਖ ਚੁਖ ਹੋਇ ॥ ੧ ॥ ਰਹਾਉ ॥ ੪ ॥ ੧ ॥

# ਪ੍ਰਾਕ੍ਰਥਨ :-

ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਇਹ ਪਾਵਨ ਸ਼ਬਦ ਧਨਾਸਰੀ ਰਾਗ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਦੇ ਆਰੰਭ ਅੰਦਰ ਗੁਰਦੇਵ ਨੇ ਨਿਰਮਲ ਆਤਮਾ ਵਾਲੇ ਜਗਿਆਸੂ, ਜੋ ਨਿਮਰਤਾ-ਸਹਿਤ ਵਾਹਿਗੁਰੂ ਦੇ ਭੈ ਵਿਚ ਰਹਿੰਦਿਆਂ ਹੋਇਆਂ, ਆਪਣੇ ਆਪ ਨੂੰ ਨੀਵਾਂ ਤੇ ਅਉਗਣਹਾਰਾ ਜਾਣ ਕੇ, ਇਹਨਾਂ ਅਉਗਣਾਂ ਦਾ ਫਲ ਕਰਤੇ ਵੱਲੋਂ ਮਿਲਣਾ, ਮਨ ਵਿਚ ਸਮਝ ਕੇ, ਇਸ ਡਰ ਕਾਰਨ :

***ਥਰਹਰ ਕੰਪੈ ਬਾਲਾ ਜੀਉ॥***
***ਨਾ ਜਾਨਉ ਕਿਆ ਕਰਸੀ ਪੀਉ॥***

(ਅੰਗ ੧੯੨)

ਮਨ ਵਿਚ ਇਸ ਤਰ੍ਹਾਂ ਧਾਰ ਕੇ ਜਗਿਆਸੂ ਉੱਤਮ ਅਧਿਕਾਰੀ ਵੱਲੋਂ ਬੇਨਤੀ ਕੀਤੀ ਗਈ ਹੈ ਕਿ ਗੁਰਦੇਵ ਮੇਰਾ ਜੀਵ-ਆਤਮਾ ਇਹਨਾਂ ਕਾਰਨਾਂ ਕਰਕੇ ਡਰ ਰਿਹਾ ਹੈ। ਇਸ ਲਈ ਮੈਂ ਆਪ ਨੂੰ ਛੱਡ ਕੇ ਹੋਰ ਕਿਸ ਪਾਸ ਪੁਕਾਰ ਕਰਾਂ ? ਦੇ ਉੱਤਰ ਰੂਪ ਵਿਚ ਗੁਰਦੇਵ ਨੇ ਇਸ ਸ਼ਬਦ ਰਾਹੀਂ ਜਿਹੜਾ ਸਦਾ ਤੇ ਸੱਚਾ ਦਾਤਾਰ ਦੁੱਖਾਂ ਨੂੰ ਦੂਰ ਕਰਨ ਵਾਲਾ ਹੈ, ਉਸ ਨੂੰ ਸੇਵਨਾ ਦੱਸਿਆ ਹੈ।

## ਵਿਸ਼ਾ— ਡਰੁ ਚੂਕਾ ਦੇਖਿਆ ਭਰਪੂਰਿ

ਸੰਸਾਰ ਅੰਦਰ ਹਰ ਇਕ ਮਨੁੱਖ ਕਿਸੇ ਨਾ ਕਿਸੇ ਸੰਸਾਰਿਕ ਡਰ ਵਿਚ ਗ੍ਰਸਿਆ ਹੋਇਆ ਹੈ। ਕਮਜ਼ੋਰ (ਮਾੜਾ) ਮਨੁੱਖ ਤਕੜੇ ਤੋਂ ਡਰਦਾ ਹੈ। ਛੋਟੇ ਦੇਸ਼ਾਂ ਨੂੰ ਵੱਡੇ ਦੇਸ਼ਾਂ ਦਾ ਡਰ ਬਣਿਆ ਰਹਿੰਦਾ ਹੈ। ਵੱਡੇ-ਵੱਡੇ ਅਹੁਦਿਆਂ 'ਤੇ ਬੈਠਿਆਂ ਨੂੰ ਆਪਣੀਆਂ ਕੁਰਸੀਆਂ ਖੁਸ ਜਾਣ ਦਾ ਡਰ ਖਾਈ ਜਾਂਦਾ ਹੈ। ਚੋਰ, ਧਾੜਵੀ ਜਾਂ ਸਮਾਜ ਵਿਰੋਧੀ ਮਨੁੱਖ ਕਾਨੂੰਨ ਦੇ ਸ਼ਿਕੰਜੇ ਤੋਂ ਡਰਦੇ ਹਨ। ਇਥੋਂ ਤੱਕ ਕਿ ਮਨੁੱਖ ਕਈ ਭਿਆਨਕ ਖ਼ੂਨਖ਼ਾਰ ਜਾਨਵਰਾਂ ਤੋਂ ਵੀ ਡਰਦਾ ਹੈ। ਇਹਨਾਂ ਸਾਰਿਆਂ ਤੋਂ ਉੱਪਰ ਹੈ ਕਿਸੇ ਅਣਹੋਣੀ ਘਟਨਾ ਜਾਂ ਮੌਤ ਦਾ ਡਰ। ਅਸਲ ਵਿਚ ਦੁਨੀਆਵੀ ਡਰ ਉਸ ਮਨੁੱਖ ਨੂੰ ਲੱਗਦਾ ਹੈ ਜਿਸਦੇ ਮਨ ਅੰਦਰ ਕੋਈ ਖੋਟ ਜਾਂ ਕੋਈ ਕੁਕਰਮ ਹੁੰਦਾ ਹੈ। ਸੱਚ ਦੇ ਮਾਰਗ 'ਤੇ ਚੱਲਣ ਵਾਲੇ ਪਾਂਧੀਆਂ ਨੂੰ ਡਰ ਕਿਸ ਗੱਲ ਦਾ? ਪ੍ਰਭੂ ਨਾਲ ਜੁੜਿਆ ਜਿਥੇ ਸਾਰੇ ਕਲਾ ਕਲੇਸ਼ਾਂ ਦਾ ਨਾਸ਼ ਹੋ ਜਾਂਦਾ ਹੈ, ਉਥੇ ਮਨ ਵਿਚੋਂ ਡਰ ਤੇ ਸਹਿਮ ਸਭ ਦੂਰ ਹੋ ਜਾਂਦਾ ਹੈ। ਇਸ ਲਈ ਮੰਦ ਕਰਮੀ ਮਨੁੱਖ ਹਮੇਸ਼ਾਂ ਡਰਦਾ ਰਹਿੰਦਾ ਹੈ। ਗੁਰਦੇਵ ਦਾ ਸੁੰਦਰ ਫ਼ੁਰਮਾਨ ਹੈ:-

***ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ॥***
***ਤੂੰ ਸਚਾ ਆਪਿ ਨਿਆਉ ਸਚੁ ਤਾ ਡਰੀਐ ਕੇਤੁ॥***

(ਅੰਗ ੮੪)

***ਅਥਵਾ: ਹਰਿ ਵੇਖੈ ਸੁਣੈ ਨਿਤ ਸਭੁ ਕਿਛੁ ਮੇਰੀ ਜਿੰਦੁੜੀਏ***
***ਸੋ ਡਰੈ ਜਿਨਿ ਪਾਪ ਕਮਤੇ ਰਾਮ॥***

***ਜਿਸੁ ਅੰਤਰੁ ਹਿਰਦਾ ਸੁਧੁ ਹੈ ਮੇਰੀ ਜਿੰਦੁੜੀਏ***
***ਤਿਨਿ ਜਨਿ ਸਭਿ ਡਰ ਸੁਟਿ ਘਤੇ ਰਾਮ॥***

(ਅੰਗ ੫੪੦)

ਅਸਲ ਵਿਚ ਮਨ ਵਿਚ ਪ੍ਰਮਾਤਮਾ ਦਾ ਡਰ ਅਤੇ ਅਦਬ ਸਤਿਕਾਰ ਵੱਸ ਜਾਣ ਨਾਲ ਦੁਨੀਆਵੀ ਡਰ ਦੂਰ ਹੋ ਜਾਂਦੇ ਹਨ, ਪਰੰਤੂ ਜੇਕਰ ਮਨ ਅੰਦਰ ਪ੍ਰਮਾਤਮਾ ਦਾ ਡਰ ਨਹੀਂ ਵਸਿਆ, ਤਾਂ ਦੁਨੀਆਵੀ ਡਰ ਆ ਘੇਰਦੇ ਹਨ, ਨਿਰਭਉ ਪ੍ਰਭੂ ਨੂੰ ਮਨ ਵਿਚ ਵਸਾਉਣ ਨਾਲ ਹੀ ਸੰਸਾਰਿਕ ਡਰ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈਃ-

***ਡਡਾ ਡਰ ਉਪਜੇ ਡਰੁ ਜਾਈ॥***
***ਤਾ ਡਰ ਮਹਿ ਡਰੁ ਰਹਿਆ ਸਮਾਈ॥***
***ਜਉ ਡਰ ਡਰੈ ਤ ਫਿਰਿ ਡਰੁ ਲਾਗੈ॥***
***ਨਿਡਰ ਹੂਆ ਡਰੁ ਉਰ ਹੋਇ ਭਾਗੈ॥***

(ਅੰਗ ੩੪੧)

ਪਰ ਜਿੰਨੀ ਦੇਰ ਮਨੁੱਖ ਅਤੇ ਪ੍ਰਮਾਤਮਾ ਦੇ ਵਿਚਕਾਰ ਵਿੱਥ ਬਣੀ ਰਹਿੰਦੀ ਹੈ, ਉੱਨਾ ਚਿਰ ਮਨੁੱਖ ਦੁੱਖ, ਰੋਗ ਦੇ ਫ਼ਿਕਰਾਂ ਤੋਂ ਸਹਿਮ-ਸਹਿਮ ਕੇ ਝੂਰਦਾ ਰਹਿੰਦਾ ਹੈ। ਮਨੁੱਖ ਨੂੰ ਜਦੋਂ ਅਨੁਭਵ ਹੋ ਜਾਂਦਾ ਹੈ, ਕਿ ਪ੍ਰਮਾਤਮਾ ਕਣ-ਕਣ ਵਿਚ ਵਿਆਪਕ ਹੈ, ਉਸ ਨੂੰ ਸਭ ਦਾ ਫ਼ਿਕਰ ਹੈ, ਤਾਂ ਜੀਵ ਦੇ ਮਨ ਵਿਚੋਂ ਭੈਅ ਜਾਂ ਖ਼ੌਫ਼ ਨਿਕਲ ਜਾਂਦਾ ਹੈ:

***ਡਰੁ ਚੂਕਾ ਦੇਖਿਆ ਭਰਪੂਰਿ॥***

(ਅੰਗ ੧੮੬)

ਜੇ ਗਹੁ ਨਾਲ ਸੋਚਿਆ ਜਾਏ ਤਾਂ ਗੁਰਮਤਿ ਵਿਚ ਸੰਤ-ਸਿਪਾਹੀ ਵਾਲੇ ਸੰਕਲਪ ਦਾ ਇਹ ਮੂਲ ਆਧਾਰ ਹੈ। ਦਰਅਸਲ ਸੰਤ-ਸਿਪਾਹੀ ਦੀ ਕਲਪਨਾ ਪਹਿਲੇ ਜਾਮੇ ਵਿਚ ਹੀ ਹੋ ਚੁੱਕੀ ਸੀ, ਜਦੋਂ ਜਗਤ ਗੁਰੂ ਬਾਬੇ ਨੇ ਲੋਕਾਈ ਨੂੰ ਸੱਦਾ ਦਿੱਤਾ ਸੀ:

***ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥***
***ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥***

(ਅੰਗ ੧੪੧੨)

***ਅਥਵਾ: ਡਰ ਡਰਿ ਮਰੈ ਨ ਬੂਡੈ ਕੋਇ॥ ਨਿਡਰੁ ਬੂਡਿ ਮਰੈ ਪਤਿ ਖੋਇ॥***

(ਅੰਗ ੮੪੦)

ਪ੍ਰਭੂ ਦੇ ਭਉ ਵਿਚ ਰਹਿਣ ਵਾਲੇ ਜੋ ਪ੍ਰਾਣੀ ਡਰ ਡਰ ਕੇ ਆਤਮਿਕ ਮੌਤ ਨਹੀਂ ਸਹੇੜਦੇ, ਉਹ ਦੁਨਿਆਵੀ ਡਰਾਂ ਤੋਂ ਉੱਪਰ ਹੁੰਦੇ ਹਨ। ਦੂਜੇ ਬੰਨੇ ਜੋ ਪ੍ਰਮਾਤਮਾ ਦੇ ਭੈਅ ਵਿਚ ਨਹੀਂ ਰਹਿੰਦੇ, ਉਹ

ਆਤਮਿਕ ਮੌਤ ਸਹੇੜ ਕੇ ਲੋਕ ਪਰਲੋਕ ਵਿਚ ਆਪਣੀ ਇੱਜ਼ਤ ਗੁਆ ਲੈਂਦੇ ਹਨ। ਗੁਰਬਾਣੀ ਵਿਚ ਮਨੁੱਖ ਨੂੰ ਵਾਰ-ਵਾਰ ਸੋਧ ਦਿੱਤੀ ਗਈ ਹੈ, ਕਿ ਪ੍ਰਭੂ ਦਾ ਸਿਮਰਨ (ਜੋ ਪ੍ਰਭੂ ਦੇ ਭੈਅ ਵਿਚ ਰਹਿਆਂ ਹੀ ਕੀਤਾ ਜਾ ਸਕਦਾ ਹੈ) ਕਰਨ ਨਾਲ ਪ੍ਰਾਣੀ ਦੇ ਸਾਰੇ ਡਰ ਤੇ ਸਹਿਮ ਦੂਰ ਹੋ ਜਾਂਦੇ ਹਨ। ਫਿਰ ਜੀਵਨ ਵਿਚ ਅਨੰਦ ਹੀ ਅਨੰਦ ਹੈ। ਭਾਈ ਗੁਰਦਾਸ ਜੀ ਦਾ ਸੁੰਦਰ ਕਥਨ ਹੈ :-

***ਗੁਰਮੁਖਿ ਸੁਖ ਫਲੁ ਖਾਵਣਾ ਦੁਖੁ ਸੁਖੁ ਸਮਕਰਿ ਅਉਚਰ ਚਰਣਾ।***
***ਗੁਰ ਸਿਖੀ ਦਾ ਗਾਵਣਾ ਅੰਮ੍ਰਿਤ ਬਾਣੀ ਨਿਝਰੁ ਝਰਣਾ।***
***ਗੁਰ ਸਿਖੀ ਧੀਰਜੁ ਧਰਮੁ ਪਿਰਮ ਪਿਆਲਾ ਅਜਰੁ ਜਰਣਾ।***
***ਗੁਰ ਸਿਖੀ ਦਾ ਸੰਜਮੋ ਡਰਿ ਨਿਡਰ ਨਿਡਰ ਮੁਚ ਡਰਣਾ।***
***ਗੁਰ ਸਿਖੀ ਮਿਲਿ ਸਾਧਸੰਗਿ ਸਬਦ ਸੁਰਤਿ ਜਗੁ ਦੁਤਰੁ ਤਰਣਾ।***
***ਗੁਰ ਸਿਖੀ ਦਾ ਕਰਮੁ ਏਹੁ ਗੁਰ ਫੁਰਮਾਏ ਗੁਰਸਿਖ ਕਰਣਾ।***
***ਗੁਰ ਕਿਰਪਾ ਗੁਰੁ ਸਿਖ ਗੁਰੁ ਸਰਣਾ॥੧੦॥*** (ਵਾਰ ੨੮, ਪਉੜੀ ੧੦)

## ਸਾਖੀ—ਜੁੜੇ ਹੋਏ ਬਾਲਕਾਂ ਦੀ

ਅਕਾਲ ਪੁਰਖ ਵਾਹਿਗੁਰੂ ਪ੍ਰਮੇਸ਼ਰ ਜੀਵਾਂ ਦੇ ਕੀਤੇ ਕਰਮਾਂ ਅਨੁਸਾਰ ਹੀ ਉਨ੍ਹਾਂ ਨੂੰ ਦੁੱਖ-ਸੁੱਖ ਦਿੰਦਾ ਹੈ। ਜੀਵ ਅਲਪਗ ਅਤੇ ਭੁੱਲਣਹਾਰ ਹੈ। ਵਾਹਿਗੁਰੂ ਅੰਤਰਜਾਮੀ ਸਰਬ ਕਲਾ ਸਮਰੱਥ ਹੈ, ਪਰ ਮਨੁੱਖ ਨੂੰ ਸਮਰੱਥ ਦਾਤੇ ਪਾਸੋਂ ਡਰਦਿਆਂ ਹੀ ਰਹਿਣਾ ਚਹੀਦਾ ਹੈ:

***ਭੀ ਕਰਤਾਰਹੁ ਡਰਣਾ॥***

ਕਿਉਂਕਿ ਕਰਤਾਰ ਵਾਹਿਗੁਰੂ ਜੀ ਦਾ ਜੋ ਡਰ ਹੈ, ਇਹ ਨਿਰਮਲ ਸ਼ੁੱਧ ਭੈਅ ਹੈ। ਗੁਰਦੇਵ ਦਾ ਫ਼ੁਰਮਾਨ ਹੈ:

***ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਖੈ ਰਾਮੁ ਹਦੂਰੇ॥***

(ਅੰਗ ੭੭੪)

ਇਕ ਥਾਂ ਜ਼ਿਕਰ ਆਉਂਦਾ ਹੈ, ਕਿ ਦੋ ਬਾਲਕ ਆਪਸ ਵਿਚ ਪਿੱਠਾਂ ਜੁੜੇ ਹੋਏ ਜਨਮੇ ਸਨ। ਜਦ ਉਹ ਵੱਡੇ ਹੋਏ ਤਾਂ ਇਹਨਾਂ ਵਿਚੋਂ ਇਕ ਦਾ ਸੁਭਾਉ ਬੜਾ ਨੇਕ ਤੇ ਗੁਰਮੁਖ ਸੀ। ਉਹ ਹਮੇਸ਼ਾਂ ਪ੍ਰਮਾਤਮਾ ਦਾ ਸ਼ੁਕਰ ਕਰਦਾ ਰਹਿੰਦਾ ਸੀ, ਪਰ ਦੂਸਰਾ ਬੜਾ ਨੀਚ ਸੁਭਾਉ ਵਾਲਾ ਸੀ ਤੇ ਮਨਮੁੱਖ ਸੀ, ਜੋ ਹਮੇਸ਼ਾ ਪ੍ਰਮਾਤਮਾ ਨੂੰ ਬੁਰਾ ਭਲਾ ਕਹਿੰਦਾ ਰਹਿੰਦਾ ਸੀ। ਕਈ ਵਾਰ ਗਾਲ੍ਹਾਂ ਵੀ ਕੱਢ ਦਿੰਦਾ ਸੀ। ਗੁਰਮੁਖ ਉਸ ਨੂੰ ਸਮਝਾਇਆ ਕਰੇ, ਕਿ ਹੇ ਭਾਈ! ਸਾਡੇ 'ਤੇ ਉਸ ਪ੍ਰੇਮਸ਼ਰ ਵਾਹਿਗੁਰੂ ਨੇ ਕੋਈ ਵਧੀਕੀ ਨਹੀਂ ਕੀਤੀ। ਤੇ ਜੋ ਅਸੀਂ ਇਹ ਦੁੱਖ ਭੋਗ ਰਹੇ ਹਾਂ, ਇਹ ਸਭ ਕੁਝ ਸਾਡੇ ਪੂਰਬਲੇ ਕਰਮਾਂ ਦੀ ਦੇਣ ਹੈ। ਪਿਛਲੇ ਕਰਮਾਂ

ਦਾ ਫਲ ਹੈ। ਇਸ ਵਿਚ ਪ੍ਰਮਾਤਮਾ ਨੂੰ ਦੋਸ਼ ਦੇਣ ਵਾਲੀ ਕੋਈ ਗੱਲ ਨਹੀਂ ਹੈ। ਉਸ ਅੱਗੇ ਤਾਂ ਅਰਦਾਸ ਕਰਨੀ ਚਾਹੀਦੀ ਹੈ, ਤੇ ਹਮੇਸ਼ਾਂ ਉਸ ਤੋਂ ਡਰ ਕੇ ਉਸ ਦੀ ਰਜ਼ਾ ਵਿਚ ਰਹਿਣਾ ਚਾਹੀਦਾ ਹੈ।

***ਜਿਉ ਰਾਮੁ ਰਾਖੈ ਤਿਉ ਰਹੀਐ ਰੇ ਭਾਈ॥***

(ਅੰਗ ੧੧੬੪)

ਗੁਰਮੁਖ ਦੀਆਂ ਅਜਿਹੀਆਂ ਪ੍ਰਭੂ ਪ੍ਰੇਮ ਭਿਜੀਆਂ ਗੱਲਾਂ ਸੁਣ ਕੇ ਮਨਮੁੱਖ ਕਹਿਣ ਲੱਗਾ ਕਿ ਸਾਨੂੰ ਹੁਣ ਕਿਸੇ ਪਰਮਾਤਮਾ ਦਾ ਕੋਈ ਭੈਅ, ਡੱਰ ਨਹੀਂ ਹੈ। ਉਸ ਨੇ ਸਾਨੂੰ ਏਨਾ ਕਸ਼ਟ ਦਿੱਤਾ ਹੈ, ਸਾਨੂੰ ਜੁੜਵੇਂ ਪੈਦਾ ਕੀਤਾ ਹੈ। ਇਸ ਤੋਂ ਵੱਧ ਉਹ ਹੋਰ ਸਾਨੂੰ ਕੀ ਦੰਡ ਦੇ ਸਕਦਾ ਹੈ। ਹੁਣ ਉਹ ਸਾਡਾ ਕੁਝ ਨਹੀਂ ਵਿਗਾੜ ਸਕਦਾ। ਐਵੇਂ ਨਾ ਤੂੰ ਉਸ ਤੋਂ ਡਰਿਆ ਕਰ, ਪਰ ਅਚਾਨਕ ਕੁਝ ਦਿਨਾਂ ਬਾਅਦ ਕੀ ਹੋਇਆ, ਕਿ ਉਹ ਗੁਰਮੁਖ ਮਰ ਗਿਆ ਤੇ ਮਨਮੁੱਖ ਜਿਊਂਦਾ ਹੀ ਰਿਹਾ। ਗੁਰਮੁਖ ਦਾ ਤਾਂ ਦੁੱਖ ਟੁੱਟ ਗਿਆ, ਉਸ ਨੇ ਸਰੀਰ ਤਿਆਗ ਦਿੱਤਾ, ਪਰ ਮਨਮੁੱਖ ਜੋ ਕਹਿੰਦਾ ਸੀ ਕਿ ਪ੍ਰਮਾਤਮਾ ਇਸ ਤੋਂ ਵੱਧ ਕੀ ਦੁੱਖ ਦੇਵੇਗਾ, ਉਸਨੂੰ ਇਕ ਹੋਰ ਬਹੁਤ ਵੱਡਾ ਦੁੱਖ ਦੇ ਦਿੱਤਾ, ਕਿਉਂਕਿ ਉਸਨੂੰ ਗੁਰਮੁੱਖ ਦੀ ਲਾਸ਼ ਨਾਲ ਚੁੱਕ ਕੇ ਤੁਰਨਾ ਪੈਣਾ ਸੀ।

ਇਹ ਪਹਿਲਾਂ ਨਾਲੋਂ ਵੀ ਵੱਧ ਕਸ਼ਟ ਸੀ। ਕੁਝ ਦਿਨ ਬੀਤੇ ਤਾਂ ਗੁਰਮੁੱਖ ਦੀ ਲਾਸ਼ ਮੁਸ਼ਕ ਗਈ ਤੇ ਬਹੁਤ ਦੁਰਗੰਧੀ ਫੈਲ ਗਈ। ਕੋਈ ਵੀ ਉਸ ਮਨਮੁੱਖ ਦੇ ਲਾਗੇ ਨਹੀਂ ਆਉਂਦਾ ਸੀ, ਕਿਉਂਕਿ ਅਤਿ ਦੀ ਬਦ-ਬੂ ਆਉਂਦੀ ਸੀ। ਸਾਰੇ ਉਸ ਤੋਂ ਨਫ਼ਰਤ ਕਰਦੇ ਤੇ ਦੂਰ ਦੂਰ ਰਹਿੰਦੇ ਸਨ। ਕੋਈ ਵੀ ਉਸਦੀ ਬਾਤ ਨਹੀਂ ਪੁੱਛਦਾ ਸੀ। ਐਸੇ ਦੁੱਖ ਸਮੇਂ ਮਨਮੁੱਖ ਭੁੱਬਾਂ ਮਾਰ-ਮਾਰ ਕੇ ਰੋਂਦਾ ਹੋਇਆ, ਪੁਕਾਰ-ਪੁਕਾਰ ਕਹਿੰਦਾ ਸੀ, ਕਿ ਹੇ ਵਾਹਿਗੁਰੂ ! ਜੋ ਗੁਰਮੁਖ ਕਹਿੰਦਾ ਸੀ, ਉਹ ਸੱਚ ਸੀ। ਤੂੰ ਸਰਬ ਕਲਾ ਸਮਰੱਥ ਹੈਂ। ਤੇਰੇ ਭਾਣੇ ਵਿਚ ਹੀ ਮਨੁੱਖ ਨੂੰ ਰਹਿਣਾ ਚਾਹੀਦਾ ਹੈ। ਮੈਂ ਉਸ ਗੁਰਮੁਖ ਦਾ ਕਹਿਆ ਮੰਨਦਾ ਨਹੀਂ ਸੀ। ਮੈਥੋਂ ਹੇ ਪ੍ਰਭੂ ! ਬਹੁਤ ਭੁੱਲਾਂ ਹੋਈਆਂ ਹਨ। ਮੈਨੂੰ ਹੁਣ ਸਮਝ ਆਈ ਹੈ ਕਿ ਵਾਹਿਗੁਰੂ ਜੀ ! ਤੂੰ ਇਸ ਦੁੱਖ ਨਾਲੋਂ ਵੀ ਮੈਨੂੰ ਬਹੁਤ ਹੋਰ ਦੁੱਖ ਦੇ ਸਕਦਾ ਹੈਂ। ਪਰ ਹੇ ਡਾਢਿਆ ! ਹੁਣ ਤੂੰ ਮੈਨੂੰ ਬਖ਼ਸ਼ ਲੈ। ਜੇ ਤੂੰ ਦੁੱਖ ਦੇਣ ਨੂੰ ਸਮਰੱਥ ਹੈਂ, ਤਾਂ ਤੂੰ ਦੁੱਖ ਕੱਟਣ ਨੂੰ ਵੀ ਸਮਰੱਥ ਹੈਂ, ਇਹ ਮੈਨੂੰ ਸਮਝ ਪੈ ਗਈ ਹੈ।

## ਸਾਖੀ— ਦੇਵਲੂਤ ਰਾਖਸ਼

ਜਗਤ ਜੀਆਂ ਨੂੰ ਤਾਰਦੇ ਹੋਏ ਗੁਰੂ ਨਾਨਕ ਦੇਵ ਜੀ ਜਿਸ ਸਮੇਂ ਸੰਮਤ ੧੫੬੫ ਨੂੰ ਖਾਸੀਆਂ ਨਾਮ ਪਹਾੜੀ ਪਾਸ ਗਏ ਹਨ ਤਾਂ ਇਥੇ ਅਲਫ ਨਾਂਗੇ ਲੋਕ ਰਹਿੰਦੇ ਸਨ, ਜੋ ਬਹੁਤ ਡਰਾਉਣੇ ਲੱਗਦੇ ਸਨ। ਇਨ੍ਹਾਂ ਦਾ ਸਰਦਾਰ ਦੇਵਲੂਤ ਰਾਖਸ਼ ਜਿਸ ਸਮੇਂ ਗੁਰੂ ਜੀ ਦੀ ਤਰਫ਼ ਆਇਆ ਤਾਂ ਇਸ ਨੂੰ ਦੇਖ ਕਰ ਮਰਦਾਨਾ ਬਹੁਤ ਡਰ ਗਿਆ ਸੀ। ਮਰਦਾਨੇ ਦੀ ਐਸੀ ਦਸ਼ਾ ਦੇਖ ਕੇ ਗੁਰਦੇਵ ਨੇ ਸ਼ਬਦ ਉਚਾਰਿਆ।

ਯਥਾ :

ਗਉੜੀ ਮਹਲਾ ੧ ॥

***ਡਰਿ ਘਰੁ ਘਰਿ ਡਰੁ ਡਰਿ ਡਰੁ ਜਾਇ॥***
***ਸੋ ਡਰੁ ਕੇਹਾ ਜਿਤੁ ਡਰਿ ਡਰੁ ਪਾਇ॥***
***ਤੁਧੁ ਬਿਨੁ ਦੂਜੀ ਨਾਹੀ ਜਾਇ॥***
***ਜੋ ਕਿਛੁ ਵਰਤੈ ਸਭ ਤੇਰੀ ਰਜਾਇ॥ ੧॥***

(ਅੰਗ ੧੫੧)

ਇਹ ਸਾਰਾ ਸ਼ਬਦ ਸੁਣ ਕੇ ਦੇਵਲੂਤ ਗੁਰੂ ਜੀ ਦੇ ਚਰਨੀਂ ਆ ਪਿਆ ਸੀ। ਹਜ਼ੂਰ ਨੇ ਉਨ੍ਹਾਂ ਦੀ ਬੋਲੀ ਵਿਚ ਉਪਦੇਸ਼ ਦਿੱਤਾ ਕਿ ਪ੍ਰਭੂ ਦੇ ਡਰ ਵਿਚ ਰਹੋ। ਸਤਿਨਾਮ ਜਪਣ ਸਾਰਿਆਂ ਨੂੰ ਲਗਾਇਆ ਤੇ ਸਾਰਿਆਂ ਪਾਸੋਂ ਜੀਵ-ਹੱਤਿਆ ਦੇ ਕਰਮ ਦਾ ਤਿਆਗ ਕਰਾ ਕੇ, ਸਭ ਨੂੰ ਚੰਗੇ ਕਰਮ ਕਰਨ ਦਾ ਉਪਦੇਸ਼ ਦਿੱਤਾ। ਤਵਾਰੀਖ਼ ਗੁਰੂ ਖ਼ਾਲਸਾ ਭਾਗ ਪਹਿਲਾ ਅਨੁਸਾਰ ਇਥੋਂ ਹਜ਼ੂਰ ਕਲਕੱਤੇ ਵੱਲ ਚਲੇ ਗਏ।

ਧਨਾਸਰੀ ਮਹਲਾ ੧ ਘਰੁ ੧ ਚਉਪਦੇ

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ਜੀਉ ਡਰਤੁ ਹੈ ਆਪਣਾ ਕੈ ਸਿਉ ਕਰੀ ਪੁਕਾਰ॥ ਦੂਖ ਵਿਸਾਰਣੁ ਸੇਵਿਆ ਸਦਾ ਸਦਾ ਦਾਤਾਰੁ ॥ ੧ ॥ ਸਾਹਿਬੁ ਮੇਰਾ ਨੀਤ ਨਵਾ ਸਦਾ ਸਦਾ ਦਾਤਾਰੁ॥੧॥ ਰਹਾਉ॥ ਅਨਦਿਨੁ ਸਾਹਿਬੁ ਸੇਵੀਐ ਅੰਤਿ ਛਡਾਏ ਸੋਇ ॥ ਸੁਣਿ ਸੁਣਿ ਮੇਰੀ ਕਾਮਣੀ ਪਾਰਿ ਉਤਾਰਾ ਹੋਇ॥੨॥ ਦਇਆਲ ਤੇਰੈ ਨਾਮਿ ਤਰਾ॥ ਸਦ ਕੁਰਬਾਣੈ ਜਾਉ॥੧॥ ਰਹਾਉ॥ ਸਰਬੰ ਸਾਚਾ ਏਕੁ ਹੈ ਦੂਜਾ ਨਾਹੀ ਕੋਇ॥ ਤਾ ਕੀ ਸੇਵਾ ਸੋ ਕਰੇ ਜਾ ਕਉ ਨਦਰਿ ਕਰੇ॥੩ ॥ ਤੁਧੁ ਬਾਝੁ ਪਿਆਰੇ ਕੇਵ ਰਹਾ॥ ਸਾ ਵਡਿਆਈ ਦੇਹਿ ਜਿਤੁ ਨਾਮਿ ਤੇਰੇ ਲਾਗਿ ਰਹਾਂ॥ ਦੂਜਾ ਨਾਹੀ ਕੋਇ ਜਿਸੁ ਆਗੈ ਪਿਆਰੇ ਜਾਇ ਕਹਾ॥੧ ॥ ਰਹਾਉ॥ ਸੇਵੀ ਸਾਹਿਬੁ ਆਪਣਾ ਅਵਰੁ ਨ ਜਾਚੰਉ ਕੋਇ॥ ਨਾਨਕੁ ਤਾ ਕਾ ਦਾਸੁ ਹੈ ਬਿੰਦ ਬਿੰਦ ਚੁਖ ਚੁਖ ਹੋਇ॥੪॥ ਸਾਹਿਬ ਤੇਰੇ ਨਾਮ ਵਿਟਹੁ ਬਿੰਦ ਬਿੰਦ ਚੁਖ ਚੁਖ ਹੋਇ॥੧॥ ਰਹਾਉ॥੪॥੧॥

(ਅੰਗ ੬੬੦)

## ਪਦ ਅਰਥ :

ਜੀਉ-ਜਿੰਦ। ਕੈ ਸਿਉ-ਕਿਸ ਪਾਸ ? ਕਰੀ-ਮੈਂ ਕਰਾਂ। ਦੂਖ ਵਿਸਾਰਣੁ-ਦੁੱਖ ਦੂਰ ਕਰਨ ਵਾਲਾ ਪ੍ਰਭੂ। ਸੇਵਿਆ-ਮੈਂ ਸਿਮਰਿਆ ਹੈ। ੧। ਨੀਤ-ਨਿੱਤ। ਨਵਾ- (ਭਾਵ ਦਾਤਾ ਦੇ ਦੇ ਕੇ ਅੱਕਣ ਵਾਲਾ ਨਹੀਂ)। ਦਾਤਾਰੁ- ਦਾਤਾਂ ਦੇਣ ਵਾਲਾ। ੧। ਰਹਾਉ।

ਅਨਦਿਨੁ-ਹਰ ਰੋਜ਼ ਦਿਨ ਰਾਤ। ਅੰਤਿ-ਆਖ਼ਰ ਨੂੰ। ਮੇਰੀ ਕਾਮਣੀ-ਹੇ ਮੇਰੀ ਜਿੰਦੇ। ੨।

ਦਇਆਲ-ਹੇ ਦਇਆ ਦੇ ਘਰ। ਨਾਮਿ-ਨਾਮ ਦੀ ਰਾਹੀਂ। ਤਰਾ-ਤਰ ਸਕਦਾ ਹਾਂ, ਪਾਰ ਲੰਘ ਸਕਦਾ ਹਾਂ। ੧। ਰਹਾਉ।

ਸਰਬੰ-ਹਰ ਥਾਂ। ਸਾਚਾ-ਸਦਾ ਕਾਇਮ ਰਹਿਣ ਵਾਲਾ। ਕਉ-ਨੂੰ। ਨਦਰਿ-ਮੇਹਰ ਦੀ ਨਜ਼ਰ। ਕਰੇਇ-ਕਰਦਾ ਹੈ। ੩।

ਕੇਵ ਰਹਾ-ਕਿਵੇਂ ਜ਼ਿੰਦਾ ਰਹਿ ਸਕਦਾ ਹਾਂ ? ਜਿਤੁ-ਜਿਸ ਦੀ ਰਾਹੀਂ। ਜਾਇ-ਜਾ ਕੇ । ੧। ਰਹਾਉ।

ਸੇਵੀ-ਮੈਂ ਸੇਂਵਦਾ ਹਾਂ। ਜਾਚੰਉ-ਮੈਂ ਮੰਗਦਾ ਹਾਂ। ਬਿੰਦ ਬਿੰਦ-ਖਿਨ ਖਿਨ। ਚੁਖ ਚੁਖ-ਟੋਟੇ ਟੋਟੇ, ਕੁਰਬਾਨ। ੪।

ਵਿਟਹੁ-ਤੋਂ। ਸਾਹਿਬ-ਹੇ ਸਾਹਿਬ।

## ਅਰਥ :

੧-ਅਦੁੱਤੀ ਬ੍ਰਹਮ। ੳ -ਸਰਬ ਦਾ ਪ੍ਰਕਾਸ਼ਕ।

ਸਤਿ-ਨਾਸ ਰਹਿਤ। ਨਾਮੁ-ਪ੍ਰਸਿੱਧ। ਕਰਤਾ-ਸ੍ਰਿਸ਼ਟੀ ਦਾ ਰਚਨਹਾਰ। ਪੁਰਖੁ-ਵਿਆਪਕ। ਨਿਰਭਉ-ਭੈ ਰਹਿਤ। ਨਿਰਵੈਰੁ=ਵੈਰ ਤੋਂ ਰਹਿਤ। ਅਕਾਲ ਮੂਰਤਿ-ਕਾਲ ਤੋਂ ਰਹਿਤ ਸਰੂਪ ਹੈ। ਅਜੂਨੀ ਸੈਭੰ-ਜੂਨ ਤੋਂ ਰਹਿਤ ਸੁਤੇ ਪ੍ਰਕਾਸ਼। ਗੁਰ-ਚੇਤਨ। ਪ੍ਰਸਾਦਿ-ਅਨੰਦ ਸਰੂਪ। ਇਥੋਂ ਤੱਕ ਮੰਗਲ ਦੇ ਅਰਥ ਕੀਤੇ ਹਨ, ਹੁਣ ਸ਼ਬਦ ਦੇ ਅਰਥ ਅੱਗੇ ਅੰਕਿਤ ਹਨ। (ਹੇ ਭਾਈ ! ਮੇਰਾ ਆਪਣਾ) ਦਿਲ ਡਰਦਾ ਹੈ, ਮੈਂ ਕਿਸ ਅੱਗੇ ਆਪਣੇ (ਦੁੱਖਾਂ ਦੇ ਡਰ ਦੀ) ਪੁਕਾਰ ਕਰਾਂ?। ੧। (ਮੈਂ ਤਾਂ ਸਭ ਆਸਰੇ ਛੱਡ ਕੇ) ਦੁੱਖਾਂ ਦੇ ਦੂਰ ਕਰਨ ਵਾਲੇ (ਪਰਮਾਤਮਾ) ਨੂੰ ਸਿਮਰਿਆ ਹੈ, (ਜੋ ਹਮੇਸ਼ਾ) ਸਦਾ ਸਦਾ ਸਭ ਨੂੰ ਦਾਤਾਂ ਦੇਣ ਵਾਲਾ ਦਾਤਾਰ ਹੈ। ੧। ਰਹਾਉ॥ ਉਸ ਸਾਹਿਬ (ਮਾਲਕ ਦਾ ਦਿਨ ਰਾਤ ਸਿਮਰਨ ਕਰੀਏ, (ਕਿਉਂਕਿ ਉਹ ਪ੍ਰਭੂ) ਅੰਤ ਸਮੇਂ (ਤੈਨੂੰ ਜਮਾਂ ਦੇ) ਦੁੱਖਾਂ ਤੋਂ ਛੁਡਾ ਲਵੇਗਾ। ਹੇ ਮੇਰੀ ਜਿੰਦੇ ! (ਤੂੰ ਉਸ ਦੁੱਖ ਦੂਰ ਕਰਨ ਵਾਲੇ ਪ੍ਰਭੂ ਦਾ ਨਾਮ) ਸੁਣ (ਭਾਵ ਸਦਾ ਹੀ ਧਿਆਨ ਨਾਲ ਮਨ ਲਾਕੇ) ਸੁਣ, ਤਾਂ ਤੇਰਾ (ਦੁੱਖਾਂ ਤੋਂ) ਪਾਰ ਉਤਾਰਾ ਹੋ ਜਾਏਗਾ। ੨। ਹੇ ਦਇਆ ਦੇ ਘਰ ! (ਪ੍ਰਭੂ) ਮੈਂ ਤੇਰੇ ਨਾਮ ਦੇ ਰਾਹੀਂ (ਸੰਸਾਰ ਸਮੁੰਦਰ ਤੋਂ) ਤਰ ਸਕਦਾ

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਹਾਂ। ਇਸ ਲਈ ਮੈਂ ਤੇਰੇ ਤੋਂ ਸਦਾ ਹੀ ਕੁਰਬਾਣ ਜਾਂਦਾ ਹਾਂ। ੧। ਰਹਾਉ। (ਹੇ ਮੇਰੀ ਜਿੰਦੇ !) ਹਰ ਥਾਂ ਸਦਾ ਕਾਇਮ ਰਹਿਣ ਵਾਲਾ ਇਕ ਅਕਾਲ ਪੁਰਖ ਹੀ ਹੈ, ਉਸ ਤੋਂ ਬਿਨਾਂ ਦੂਜਾ ਕੋਈ ਨਹੀਂ ਹੈ। ਉਸ ਦੀ ਸੇਵਾ ਉਹੋ (ਜੀਵ ਹੀ) ਕਰ ਸਕਦਾ ਹੈ, ਜਿਸ ਉੱਤੇ (ਪ੍ਰਭੂ ਆਪਣੀ) ਕਿਰਪਾ ਦ੍ਰਿਸ਼ਟੀ ਕਰਦਾ ਹੈ।੩। ਹੇ ਪਿਆਰੇ (ਪ੍ਰਭੂ !) ਤੇਰੇ ਤੋਂ ਬਿਨਾਂ (ਮੈਂ) ਕਿਵੇਂ (ਜ਼ਿੰਦਾ) ਰਹਿ ਸਕਦਾ ਹਾਂ ? (ਇਸ ਲਈ ਮੈਨੂੰ) ਉਹ ਵਡਿਆਈ ਬਖ਼ਸ਼ ਜਿਸ ਕਰਕੇ ਮੈਂ ਤੇਰੇ ਨਾਮ ਵਿਚ ਲੱਗਿਆ ਰਹਾਂ। ਹੇ ਪਿਆਰੇ (ਪ੍ਰਭੂ!) ਤੇਰੇ ਜੈਸਾ ਦੂਜਾ ਕੋਈ ਨਹੀਂ ਹੈ, ਜਿਸ ਅੱਗੇ ਜਾ ਕੇ ਮੈਂ ਆਪਣਾ ਦੁੱਖ ਵਰਨਣ ਕਰਾਂ। ੧।ਰਹਾਉ। (ਹੇ ਭਾਈ ! ਮੈਂ ਤਾਂ) ਆਪਣੇ ਮਾਲਕ ਨੂੰ (ਸੇਵੀ) ਸਿਮਰਦਾ ਹਾਂ, ਉਸ ਤੋਂ ਬਿਨਾਂ (ਮੈਂ) ਹੋਰ ਕਿਸੇ ਪਾਸੋਂ ਕੁਝ ਨਹੀਂ ਮੰਗਦਾ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਮੈਂ ਤਾਂ ਉਸ ਪ੍ਰਭੂ ਦਾ ਦਾਸ ਹਾਂ, (ਇਸ ਲਈ) ਉਸ ਪ੍ਰਭੂ ਤੋਂ ਖਿਨ ਖਿਨ ਕਾਲ ਵਿਚ (ਮੈਂ) ਟੋਟੇ ਟੋਟੇ (ਭਾਵ) ਕੁਰਬਾਨ ਹੁੰਦਾ ਹਾਂ। ੪। ਹੇ ਸਾਹਿਬ ! (ਮੈਂ) ਤੇਰੇ ਨਾਮ ਤੋਂ ਖਿਨ ਖਿਨ ਕਾਲ ਵਿਚ ਟੋਟੇ ਟੋਟੇ (ਭਾਵ) ਕੁਰਬਾਨ ਹੁੰਦਾ ਹਾਂ। ੧। ਰਹਾਉ। ੪। ੧।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

☆☆☆
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਸ੍ਰੀ ਮੁਖਵਾਕ ਨੰਬਰ ੮੨ (ਅੰਗ ੬੬੧-੬੨)

## ਧਨਾਸਰੀ ਮਹਲਾ ੧ ॥

ਜੀਉ ਤਪਤੁ ਹੈ ਬਾਰੋ ਬਾਰ ॥ ਤਪਿ ਤਪਿ ਖਪੈ ਬਹੁਤੁ ਬੇਕਾਰ ॥ ਜੈ ਤਨਿ ਬਾਣੀ ਵਿਸਰਿ ਜਾਇ ॥ ਜਿਉ ਪਕਾ ਰੋਗੀ ਵਿਲਲਾਇ ॥ ੧ ॥ ਬਹੁਤਾ ਬੋਲਣੁ ਝਖਣੁ ਹੋਇ ॥ ਵਿਣੁ ਬੋਲੇ ਜਾਣੈ ਸਭੁ ਸੋਇ ॥ ੧ ॥ ਰਹਾਉ ॥ ਜਿਨਿ ਕਨ ਕੀਤੇ ਅਖੀ ਨਾਕੁ ॥ ਜਿਨਿ ਜਿਹਵਾ ਦਿਤੀ ਬੋਲੇ ਤਾਤੁ ॥ ਜਿਨਿ ਮਨੁ ਰਾਖਿਆ ਅਗਨੀ ਪਾਇ ॥ ਵਾਜੈ ਪਵਣੁ ਆਖੈ ਸਭ ਜਾਇ ॥ ੨ ॥ ਜੇਤਾ ਮੋਹੁ ਪਰੀਤਿ ਸੁਆਦ ॥ ਸਭਾ ਕਾਲਖ ਦਾਗਾ ਦਾਗ ॥ ਦਾਗ ਦੋਸ ਮੁਹਿ ਚਲਿਆ ਲਾਇ ॥ ਦਰਗਹ ਬੈਸਣ ਨਾਹੀ ਜਾਇ ॥ ੩ ॥ ਕਰਮਿ ਮਿਲੈ ਆਖਣੁ ਤੇਰਾ ਨਾਉ ॥ ਜਿਤੁ ਲਗਿ ਤਰਣਾ ਹੋਰੁ ਨਹੀ ਥਾਉ ॥ ਜੇ ਕੋ ਡੂਬੈ ਫਿਰਿ ਹੋਵੈ ਸਾਰ ॥ ਨਾਨਕ ਸਾਚਾ ਸਰਬ ਦਾਤਾਰ ॥ ੪ ॥ ੩ ॥ ੫ ॥

# ਪ੍ਰਾਕ੍ਰਥਨ :-

ਇਹ ਪਾਵਨ ਸ਼ਬਦ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਧਨਾਸਰੀ ਰਾਗ ਅੰਦਰ ਉਚਾਰਣ ਕੀਤਾ ਹੋਇਆ ਹੈ। ਇਸ ਸ਼ਬਦ ਅੰਦਰ ਗੁਰਦੇਵ ਨੇ ਮਨੁੱਖ ਦਾ ਜੀਵ-ਆਤਮਾ ਤਪਦਾ ਦਰਸਾਇਆ ਹੈ, ਜੋ ਵਿਕਾਰਾਂ ਕਰਕੇ ਵਾਰ-ਵਾਰ ਤਪ ਰਿਹਾ ਹੈ। ਪਰ ਅੱਗੇ ਤਪਣ ਦੇ ਕਾਰਨ:- "ਜੈ ਤਨਿ ਬਾਣੀ ਵਿਸਰਿ ਜਾਇ। ਜਿਉ ਪਕਾ ਰੋਗੀ ਵਿਲਲਾਇ॥" ਕਹਿ ਕੇ ਸਪੱਸ਼ਟ ਕੀਤਾ ਹੈ।

## ਵਿਸ਼ਾ— ਤਪਿ ਤਪਿ ਖਪੈ ਬਹੁਤੁ ਬੇਕਾਰ

ਪਰਾਕ੍ਰਿਤਕ ਮੰਡਲ ਵਿਚ ਧਰਤੀ ਤੇ ਸੂਰਜ ਦੀ ਗਰਦਸ਼ ਨਾਲ ਰੁੱਤਾਂ ਤੇ ਮਹੀਨੇ ਬਦਲਦੇ ਰਹਿੰਦੇ ਹਨ।

***ਮਾਹਾ ਰੁਤੀ ਆਵਹਿ ਵਾਰ ਵਾਰ॥***

(ਅੰਗ ੮੪੨)

ਜੋ ਗੁਰਬਾਣੀ ਅਤੇ ਸ਼ਾਸਤਰਕਾਰਾਂ ਨੇ ਰੁੱਤਾਂ ਦਰਸਾਈਆਂ ਹਨ, ਇਹਨਾਂ ਰੁੱਤਾਂ ਵਿਚੋਂ ਗ੍ਰੀਖਮ ਰੁੱਤ ਅਤਿਅੰਤ ਤਪਸ਼ ਵਾਲੀ ਮੰਨੀ ਹੈ। ਗੁਰਦੇਵ ਦਾ ਫ਼ੁਰਮਾਨ ਹੈ :

***ਗ੍ਰੀਖਮ ਰੁਤਿ ਅਤਿ ਗਾਖੜੀ ਜੇਠ ਅਖਾੜੈ ਘਾਮ ਜੀਉ॥***

(ਅੰਗ ੯੨੮)

ਇਸ ਦੀ ਤਪਸ਼ ਨਾਲ ਸਰੋਵਰਾਂ ਦਾ ਜਲ ਸੁੱਕ ਜਾਂਦਾ ਹੈ। ਖੂਹਾਂ ਵਿਚ ਪਾਣੀ ਘੱਟ ਜਾਂਦਾ ਹੈ ਜਾਂ ਮੁੱਕ ਜਾਂਦਾ ਹੈ। ਨਦੀਆਂ ਦਾ ਵੇਗ ਵੀ ਇਸ ਤਰ੍ਹਾਂ ਹੋ ਜਾਂਦਾ ਹੈ, ਜਿਵੇਂ ਕੋਈ ਬਿਰਧ ਲਾਠੀ ਦੇ ਸਹਾਰੇ ਹੌਲੀ-ਹੌਲੀ ਤੁਰਦਾ ਹੋਵੇ। ਤਪਸ਼ ਦੇ ਸਤਾਏ ਪਿਆਸੇ ਪੰਛੀ ਪਾਣੀ ਅਤੇ ਦਰੱਖ਼ਤਾਂ ਦੀ ਛਾਂ ਦਾ ਸਹਾਰਾ ਤੱਕਦੇ ਹਨ। ਇਸ ਤਪਦੀ ਲੂੰ ਨਾਲ ਮਨੁੱਖੀ ਜੀਵਨ ਵੀ ਝੁਲਸੇ ਜਾਂਦੇ ਹਨ ਤਾਂ ਅੰਤਰ ਆਤਮੇ ਠੰਢ ਦੀ ਮੰਗ ਜਾਗਦੀ ਹੈ। ਧਰਤੀ ਦੀ ਐਸੀ ਦੀਨ ਦਸ਼ਾ ਵੇਖ ਕੇ ਪ੍ਰਭੂ ਰਹਿਮਤ ਦੇ ਘਰ ਵਿਚ ਆ ਕੇ ਵਰਖਾ ਕਰਦਾ ਹੈ :

***ਮੀਹੁ ਪਇਆ ਪਰਮੇਸਰਿ ਪਾਇਆ॥***
***ਜੀਅ ਜੰਤ ਸਭਿ ਸੁਖੀ ਵਸਾਇਆ॥***

(ਅੰਗ ੧੦੫)

ਇਸੇ ਤਰ੍ਹਾਂ ਦ੍ਰਿਸ਼ਟਮਾਨ ਪ੍ਰਾਕਿਤਕ ਮੰਡਲ ਤੋਂ ਬਾਅਦ ਸੂਖਮ ਮੰਡਲ ਦੀ ਆਪਣੀ ਖਾਸ ਦੁਨੀਆਂ ਹੈ। ਮਨ ਦੀ ਗਰਦਸ਼ ਨਾਲ ਆਤਮ ਮੰਡਲ ਵਿਚ ਤਪਸ਼ ਪੈਦਾ ਹੋ ਜਾਂਦੀ ਹੈ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਅਤੇ ਤ੍ਰਿਸ਼ਨਾ ਦੀ ਅੱਗ ਨਾਲ ਰੂਹਾਨੀ ਬੂਟੇ ਸੜ ਜਾਂਦੇ ਹਨ। ਕੋਈ ਵਿਰਲਾ ਹੀ ਨਾਮ ਆਸਰੇ ਵਾਲਾ

ਬਚਦਾ ਹੈ। ਗੁਰਦੇਵ ਦਾ ਫ਼ੁਰਮਾਨ ਹੈ:

***ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ ਕੋਈ ਹਰਿਆ ਬੂਟੁ ਰਹਿਓ ਰੀ॥***

(ਅੰਗ ੩੮੩)

ਅਥਵਾ:

***ਅਗਨਿ ਸਾਗਰ ਬੂਡਤ ਸੰਸਾਰਾ॥***

(ਅੰਗ ੮੦੪)

ਇਹਨਾਂ ਵਿਕਾਰਾਂ ਦੀ ਤਪਸ਼ ਨਾਲ ਜਲ ਅੰਤਸ਼ਕਰਨ ਤਪਦਾ ਹੈ ਤਾਂ ਨਾਮ ਰੂਪ ਜਲਿ ਦੀ ਮੰਗ ਪੈਦਾ ਹੁੰਦੀ ਹੈ, ਕਿਉਂਕਿ:

***ਆਤਸ ਦੁਨੀਆ ਖੁਨਕ ਨਾਮੁ ਖੁਦਾਇਆ॥***

(ਅੰਗ ੧੨੯੧)

ਅਥਵਾ:

***ਕਲਿ ਤਾਤੀ ਠਾਂਢਾ ਹਰਿ ਨਾਉ॥***

(ਅੰਗ ੨੮੮)

ਈਸ਼ਵਰ ਰੂਪ ਸਾਗਰ ਮਿਹਰ ਦੇ ਘਰ ਆ ਕੇ ਗੁਰੂ ਰੂਪ ਬੱਦਲ ਬਣ ਵਰਸਦਾ ਹੈ।

***ਘਨੁ ਗਰਜਤ ਗੋਬਿੰਦ ਰੂਪ॥***

(ਅੰਗ ੧੨੭੨)

***ਅਥਵਾ: ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮੁ॥***

(ਅੰਗ ੭੦੯)

ਪਰ ਨਾਮ ਨੂੰ ਭੁੱਲ ਕੇ ਗੁਰੂ ਨਾਨਕ ਦੇਵ ਜੀ ਨੇ ਇਸ ਸ਼ਬਦ ਦੇ ਆਰੰਭ ਵਿਚ ਹੀ ਦੱਸਿਆ ਹੈ, ਕਿ ਇਸ ਮਨੁੱਖ ਦਾ:

***ਜੀਉ ਤਪਤੁ ਹੈ ਬਾਰੋ ਬਾਰ॥ ਤਪਿ ਤਪਿ ਖਪੈ ਬਹੁਤੁ ਬੇਕਾਰ॥***

(ਅੰਗ ੬੬੧)

ਸ੍ਰੀ ਗੁਰੂ ਨਾਨਕ ਪ੍ਰਕਾਸ਼ ਅੰਦਰ ਆਏ ਜ਼ਿਕਰ ਅਨੁਸਾਰ ਇਹ ਪਾਵਨ ਸ਼ਬਦ ਗੁਰਦੇਵ ਨੇ ਜ਼ਿਲ੍ਹਾ ਮਿੰਟਗੁਮਰੀ ਦੇ ਪਿੰਡ ਦੀਪਾਲਪੁਰ ਵਿਚ ਇਕ ਕੋੜ੍ਹੀ (ਕੁਸ਼ਟੀ) ਦੇ ਪ੍ਰਥਾਏ ਉਚਾਰਨ ਕੀਤਾ ਹੈ, ਜੋ ਸਾਰਾ ਪ੍ਰਸੰਗ ਇਸ ਪ੍ਰਕਾਰ ਹੈ-

# ਸਾਖੀ—ਕੋਹੜੀ ਦੀ

ਕੁਲਯੁੱਗੀ ਜੀਵਾਂ ਦਾ ਉਧਾਰ ਕਰਦੇ ਹੋਏ, ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਜਦੋਂ ਭਾਈ ਬਾਲੇ ਤੇ ਮਰਦਾਨੇ ਜੀ ਸਮੇਤ ਜ਼ਿਲ੍ਹਾ ਮਿੰਟਗੁਮਰੀ ਦੇ ਸ਼ਹਿਰ ਸੱਤਿਘਰਾ ਵਿਚ ਭਾਰੀ ਧਨਾਢ ਸ਼ਾਹੂਕਾਰ ਤੇ ਸ਼ਾਹੂਕਾਰਨੀ ਅਤੇ ਹੋਰ ਸੰਗਤਾਂ ਦਾ ਉਧਾਰ ਕਰਕੇ ਅੱਗੇ ਇਸੇ ਜ਼ਿਲ੍ਹੇ ਦੇ ਪਿੰਡ ਦੀਪਾਲਪੁਰ ਵਿਚ ਰਾਤ ਨੂੰ ਪਹੁੰਚੇ ਤਾਂ ਹਜ਼ੂਰ ਨੂੰ ਬੈਠਣ ਵਾਸਤੇ ਕੋਈ ਥਾਂ ਨਾ ਦੇਵੇ। ਜਿੱਥੇ ਜਾ ਕੇ ਬੈਠਣ, ਮੰਦੀ ਮੱਤ ਵਾਲੇ ਲੋਕ ਉਥੋਂ ਹੀ ਉਠਾ ਦੇਣ। ਕ੍ਰੋੜਾਂ ਬ੍ਰਹਿਮੰਡਾਂ ਨੂੰ ਰਚਣ ਵਾਲੇ, 'ਖਿਨ ਮਹਿ ਨੀਚ ਕੀਟ ਕਉ ਰਾਜ' ਬਖ਼ਸ਼ਣ ਵਾਲੇ ਸਤਿਗੁਰੂ ਜੀ ਕੌਤਕ ਵਰਤਾਉਣ ਵਾਸਤੇ ਚੁੱਪ ਕਰਕੇ ਸਭ ਕੁਝ ਸਹਾਰੀ ਗਏ। ਅਖ਼ੀਰ ਸ਼ਾਮ ਨੂੰ ਸਤਿਗੁਰੂ ਜੀ ਨਗਰ ਤੋਂ ਬਾਹਰ ਆ ਗਏ। ਖੇਤਾਂ ਵਿਚ ਇਕ ਕੁੱਲੀ ਦੇਖ ਕੇ ਉਸ ਵੱਲ ਚੱਲ ਪਏ।

ਜਾ ਕੇ ਕੀ ਦੇਖਿਆ ਕਿ ਇਕ ਕੋੜ੍ਹੀ ਕੁਸ਼ਟ ਸਹਿਤ ਦੁੱਖੀ ਹੋ ਕੇ ਵਿਰਲਾਪ ਕਰ ਰਿਹਾ ਹੈ।

***ਹੁਤੋ ਕੁਸ਼ਟ ਯੁਤ ਏਕ ਫਕੀਰਾ। ਨਿਸ ਬਾਸੁਰ ਬਹੁ ਪਾਵਤਿ ਪੀਰਾ॥***
***ਦੇਖ ਦਯਾਨਿਧਿ ਕਰੁਣਾ ਆਈ। ਝੁੰਗੀ ਢਿਗ ਬੈਠੇ ਜੱਗ ਸਾਈਂ॥***

ਕੋੜ੍ਹੀ ਨੇ ਜਦੋਂ ਦਇਆ ਦੇ ਸਮੁੰਦਰ ਸਤਿਗੁਰੂ ਜੀ ਦੇ ਪਵਿੱਤਰ ਦਰਸ਼ਨ ਕੀਤੇ ਤਾਂ ਉਹ ਜੋ ਕੋੜ੍ਹ ਦੇ ਦੁੱਖ ਕਰਕੇ ਵਿਰਲਾਪ ਕਰ ਰਿਹਾ ਸੀ, ਦਰਸ਼ਨ ਕਰਦਿਆਂ ਸਾਰ ਵਿਰਲਾਪ ਕਰਨੋਂ ਹਟ ਗਿਆ।

ਜਿੰਨਾ ਚਿਰ ਲੋਅ ਰਹੀ, ਦਰਸ਼ਨ ਹੁੰਦੇ ਰਹੇ, ਉਤਨਾ ਚਿਰ ਉਸ ਦੀ ਸਾਰੀ ਪੀੜ ਮਿਟੀ ਰਹੀ। ਜਦੋਂ ਹਨੇਰਾ ਹੋਣ ਕਰਕੇ ਦਰਸ਼ਨ ਹੋਣੋਂ ਹਟ ਗਏ ਤਾਂ ਫਿਰ ਪੀੜ ਨਾਲ ਵਿਰਲਾਪ ਕਰਨ ਲੱਗ ਪਿਆ ਤਾਂ ਕੋੜ੍ਹੀ ਨੇ ਨਿੰਮ੍ਰਤਾ ਸਹਿਤ ਬੇਨਤੀ ਕੀਤੀ:

***ਕਹੈ ਫਕੀਰ ਬੰਦਿ ਕਰ ਦੋਊ। ਮੋਰ ਸਮੀਪ ਨ ਆਵਤਿ ਕੋਊ।***
***ਖਗ ਭਾਗੈ ਪਿਖਿ, ਗਿਨਤੀ ਕਯਾ ਨਰ। ਤੁਮ ਆਏ, ਮੋ ਪਰ ਕਰੁਣਾ ਕਰਿ॥***

ਬੇਨਤੀ ਸੁਣ ਕੇ ਗ਼ਰੀਬ ਨਿਵਾਜ ਸਤਿਗੁਰੂ ਜੀ ਕਰੁਣਾ ਰਸ ਵਿਚ ਢੱਲ ਪਏ ਅਤੇ ਕਿਹਾ, "ਮਰਦਾਨਿਆਂ ਰਬਾਬ ਵਜਾ, ਕਾਈ ਸਿਫ਼ਤ ਕਰਤਾਰ ਦੀ ਕਰੀਏ। ਮਰਦਾਨੇ ਦੇ ਰਬਾਬ ਵਜਾਉਣ 'ਤੇ ਹਜ਼ੂਰ ਨੇ ਇਹ ਸ਼ਬਦ ਉਚਾਰਿਆ:

***ਜੀਉ ਤਪਤੁ ਹੈ ਬਾਰੋ ਬਾਰ॥***
***ਤਪਿ ਤਪਿ ਖਪੈ ਬਹੁਤੁ ਬੇਕਾਰ॥***

(ਅੰਗ ੬੬੧)

ਗੁਰਦੇਵ ਜੀ ਦੀ ਬਖ਼ਸ਼ਿਸ਼ ਭਰੀ ਦ੍ਰਿਸ਼ਟੀ ਨਾਲ ਕੁਸ਼ਟੀ ਰਾਜ਼ੀ ਹੋ ਗਿਆ ਅਤੇ ਹਜ਼ੂਰ ਦੀ ਸਿਫ਼ਤ ਕਰਨ ਲੱਗਿਆ। (ਗੋਬਿੰਦ ਦਾਸ ਦੇ ਪ੍ਰਿਯਾਯ ਅਨੁਸਾਰ) ਇਹ ਸ਼ਬਦ ਸਹੁ-ਸੁਹਾਗਣ ਨੂੰ ਜਿਸ ਵੇਲੇ ਗੁਰੂ ਨਾਨਕ ਦੇਵ ਜੀ ਨੇ ਦੂਸਰੀ ਵਾਰ ਜਾ ਕੇ ਤਾਰਿਆ ਤਾਂ ਉਸ ਸਮੇਂ ਇਕ ਕੋੜ੍ਹੀ ਨੂੰ ਰਾਜ਼ੀ ਕਰਕੇ ਇਹ ਸ਼ਬਦ

ਉਚਾਰਣ ਕੀਤਾ ਸੀ। ਕੋੜ੍ਹੀ ਨੂੰ ਗੁਰਦੇਵ ਨੇ ਕਿਹਾ ਸੀ, ਕਿ ਤੈਨੂੰ ਕੋਈ ਪੁਛੇ ਕਿ ਤੂੰ ਕਿਸ ਤਰ੍ਹਾਂ ਠੀਕ ਹੋ ਗਿਆ ਹੈਂ ਤਾਂ ਤੂੰ ਕਹੀਂ ਕਿ ਮੈਨੂੰ ਸਹੁ ਸੁਹਾਗਣ ਨੇ ਠੀਕ ਕੀਤਾ ਹੈ। ਇਹ ਸੁਣ ਕੇ ਸਹੁ ਸੁਹਾਗਣ ਗੁਰਦੇਵ ਦੀ ਸ਼ਰਨ 'ਚ ਆਇਆ ਸੀ।

**ਧਨਾਸਰੀ ਮਹਲਾ ੧ ॥ ਜੀਉ ਤਪਤੁ ਹੈ ਬਾਰੋ ਬਾਰ ॥ ਤਪਿ ਤਪਿ ਖਪੈ ਬਹੁਤੁ ਬੇਕਾਰ ॥ ਜੈ ਤਨਿ ਬਾਣੀ ਵਿਸਰਿ ਜਾਇ ॥ ਜਿਉ ਪਕਾ ਰੋਗੀ ਵਿਲਲਾਇ ॥ ੧ ॥ ਬਹੁਤਾ ਬੋਲਣੁ ਝਖਣੁ ਹੋਇ ॥ ਵਿਣੁ ਬੋਲੇ ਜਾਣੈ ਸਭੁ ਸੋਇ ॥ ੧ ॥ ਰਹਾਉ ॥ ਜਿਨਿ ਕਨ ਕੀਤੇ ਅਖੀ ਨਾਕੁ ॥ ਜਿਨਿ ਜਿਹਵਾ ਦਿਤੀ ਬੋਲੇ ਤਾਤੁ ॥ ਜਿਨਿ ਮਨੁ ਰਾਖਿਆ ਅਗਨੀ ਪਾਇ ॥ ਵਾਜੈ ਪਵਣੁ ਆਖੈ ਸਭ ਜਾਇ ॥ ੨ ॥ ਜੇਤਾ ਮੋਹੁ ਪਰੀਤਿ ਸੁਆਦ ॥ ਸਭਾ ਕਾਲਖ ਦਾਗਾ ਦਾਗ ॥ ਦਾਗ ਦੋਸ ਮੁਹਿ ਚਲਿਆ ਲਾਇ ॥ ਦਰਗਹ ਬੈਸਣ ਨਾਹੀ ਜਾਇ ॥ ੩ ॥ ਕਰਮਿ ਮਿਲੈ ਆਖਣੁ ਤੇਰਾ ਨਾਉ ॥ ਜਿਤੁ ਲਗਿ ਤਰਣਾ ਹੋਰੁ ਨਹੀ ਥਾਉ ॥ ਜੇ ਕੋ ਡੂਬੈ ਫਿਰਿ ਹੋਵੈ ਸਾਰ ॥ ਨਾਨਕ ਸਾਚਾ ਸਰਬ ਦਾਤਾਰ ॥ ੪ ॥ ੩ ॥ ੫ ॥**

(ਅੰਗ ੬੬੧-੬੨)

## ਪਦ ਅਰਥ :

ਤਪਤੁ ਹੈ-ਦੁੱਖੀ ਹੁੰਦਾ ਹੈ। ਬਾਰੋ ਬਾਰ-ਬਾਰ ਬਾਰ, ਮੁੜ ਮੁੜ। ਤਪਿ ਤਪਿ-ਤਪ ਤਪ ਕੇ, ਦੁੱਖੀ ਹੋ ਹੋ ਕੇ। ਬੇਕਾਰ-ਵਿਕਾਰਾਂ ਵਿਚ। ਜੈ ਤਨਿ-ਜਿਸ ਸਰੀਰ ਵਿਚ। ਵਿਸਰਿ ਜਾਇ-ਭੁੱਲ ਜਾਂਦੀ ਹੈ। ਪਕਾ ਰੋਗੀ-ਕੋੜ੍ਹ ਦੇ ਰੋਗ ਵਾਲਾ। ੧।

ਬਹੁਤਾ ਬੋਲਣੁ-(ਸਹੇੜੇ ਹੋਏ ਦੁੱਖਾਂ ਬਾਰੇ) ਬਹੁਤੇ ਗਿਲੇ। ਝਖਣੁ-ਵਿਅਰਥ ਬਕਵਾਸ। ਸੋਇ-ਉਹ ਪ੍ਰਭੂ। ੧। ਰਹਾਉ।

ਜਿਨਿ-ਜਿਸ (ਪਰਮਾਤਮਾ) ਨੇ। ਤਾਤੁ-ਤੁਰਤ, ਛੇਤੀ ਛੇਤੀ। ਮਨੁ-ਜਿੰਦ ਨੂੰ। ਅਗਨੀ ਪਾਇ-(ਮਾਂ ਦੇ ਪੇਟ ਦੀ ਜਠਰ) ਅਗਨੀ ਵਿਚ ਪਾਕੇ। ਵਾਜੈ-ਚੱਲਦਾ ਹੈ। ਪਵਣੁ-ਸ੍ਵਾਸ। ਆਖੈ ਸਭ-ਸਭਨਾਂ ਨੂੰ ਆਖ ਦਿੰਦੇ ਹਨ। ਜਾਇ-ਬੱਚਾ ਜਨਮਿਆ ਹੈ। ੨।

ਦਾਗ ਦੋਸ-ਦੋਸ਼ਾਂ ਦੇ ਦਾਗ਼। ਮੁਹਿ-ਮੂੰਹ ਉੱਤੇ। ਲਾਇ-ਲਾ ਕੇ। ਜਾਇ-ਥਾਂ। ੩।

ਕਰਮਿ-ਮੇਹਰ ਨਾਲ, ਬਖ਼ਸ਼ਸ਼ ਨਾਲ। ਜਿਤੁ ਲਗਿ-ਜਿਸ ਵਿਚ ਲੱਗ ਕੇ। ਕੋ-ਕੋਈ ਜੀਵ। ਸਾਰ-ਸੰਭਾਲ। ੪।

**ਅਰਥ :**

(ਹੇ ਭਾਈ ! ਇਹ) ਜੀਵ ਮੁੜ ਮੁੜ ਦੁੱਖੀ ਹੁੰਦਾ ਹੈ। (ਦੁੱਖਾਂ ਵਿਚ) ਤੱਪ ਤੱਪ ਕੇ, ਦੁੱਖੀ ਹੋ ਹੋ ਕੇ ਖਪਦਾ (ਕ੍ਰਿਝਦਾ ਹੈ) ਬਹੁਤ ਵਿਕਾਰਾਂ ਵਿਚ। ਜਿਸ ਸਰੀਰ ਵਿਚੋਂ (ਪ੍ਰਮੇਸ਼ਰ ਦੀ ਨਾਮ) ਬਾਣੀ ਭੁੱਲ ਜਾਂਦੀ ਹੈ, (ਉਹ ਇਸ ਤਰ੍ਹਾਂ) ਵਿਲਕਦਾ ਹੈ, ਜਿਸ ਤਰ੍ਹਾਂ ਪੱਕਾ ਰੋਗੀ (ਭਾਵ ਕੋੜ੍ਹੀ ਦੁੱਖੀ ਹੋਕੇ) ਵਿਲਕਦਾ ਦੁੱਖੀ ਹੁੰਦਾ ਹੈ। ੧। (ਹੇ ਭਾਈ !) ਬਹੁਤਾ ਬੋਲਣਾ (ਭਾਵ ਬਹੁਤੇ ਗਿਲੇ ਸ਼ਿਕਵੇ ਕਰਨੇ) ਝਖਾਂ ਮਾਰਨ (ਸਮਾਨ ਵਿਅਰਥ ਹੁੰਦਾ ਹੈ। ਉਹ (ਵਾਹਿਗੁਰੂ) ਤਾਂ ਬੋਲੇ ਬਿਨਾਂ ਹੀ ਸਭ ਕੁਝ ਜਾਣਦਾ ਹੈ। ੧। ਰਹਾਉ।

ਜਿਸ (ਕਰਤਾਰ) ਨੇ (ਮਨੁੱਖ ਨੂੰ) ਕੰਨ, ਅੱਖਾਂ ਤੇ ਨੱਕ ਆਦਿ ਬਣਾ ਕੇ ਦਿੱਤੇ ਹਨ (ਅਤੇ) ਜਿਸ ਪ੍ਰਭੂ ਨੇ ਜੀਭ ਦਿੱਤੀ ਹੈ ਜਿਸ ਨਾਲ (ਮਨੁੱਖ) ਛੇਤੀ ਛੇਤੀ ਬੋਲ ਰਿਹਾ ਹੈ। ਜਿਸ (ਪ੍ਰਭੂ) ਨੇ ਮਨੁ=ਜਿੰਦ ਨੂੰ (ਮਾਂ ਦੇ ਪੇਟ ਦੀ ਜਠਰ) ਅਗਨੀ ਵਿਚ ਪਾਕੇ (ਉਥੇ) ਰੱਖਿਆ ਕੀਤੀ ਹੈ। (ਫਿਰ ਜਿਸ ਸਮੇਂ) ਬੱਚਾ ਜਨਮਦਾ ਹੈ, ਸਭਨਾਂ ਨੂੰ ਆਖ ਦਿੰਦੇ ਹਨ, (ਕਿ ਬੱਚੇ ਨੇ ਜਨਮ ਲਿਆ ਹੈ। ਠੀਕ ਠਾਕ ਹੈ। ਸਰੀਰ ਵਿਚ ਸ੍ਵਾਸ ਠੀਕ ਚੱਲਦਾ ਹੈ। ੨। (ਹੇ ਭਾਈ! ਸੰਸਾਰ ਅੰਦਰ ਆਕੇ ਜਿਤਨਾ (ਮਾਇਆ) ਦਾ ਮੋਹ ਤੇ ਹੋਰ (ਪਦਾਰਥਾਂ) ਦੀ ਪ੍ਰੀਤ ਅਤੇ ਜੀਭ ਦਾ ਸੁਆਦ ਹੈ, ਇਹ ਸਭ ਕਾਲਖ ਰੂਪ ਹੈ, (ਜੋ ਵਿਕਾਰਾਂ ਦੇ) ਦਾਗ਼ਾਂ ਦੇ ਦਾਗ਼ ਹਨ। ਮਨੁੱਖ ਦੋਸ਼ਾਂ ਦੇ ਦਾਗ਼ (ਆਪਣੇ) ਮੂੰਹ 'ਤੇ ਲਾਕੇ ਇਥੋਂ ਚੱਲਿਆ ਜਾਂਦਾ ਹੈ। ਅੱਗੇ (ਸੱਚੇ ਦੀ) ਦਰਗਾਹ ਅੰਦਰ (ਐਸੇ ਦਾਗ਼ੀ ਮਨੁੱਖ ਨੂੰ) ਬੈਠਣ ਵਾਸਤੇ ਥਾਂ ਨਹੀਂ ਮਿਲਦੀ। ੩। (ਹੇ ਪ੍ਰਭੂ !) ਤੇਰੇ ਨਾਮ ਦਾ ਆਖਣੁ (ਸਿਮਰਨ ਤੇਰੀ) ਮਿਹਰ ਨਾਲ ਮਿਲਦਾ ਹੈ। ਜਿਸ (ਸਿਮਰਨ ਨਾਲ) ਲੱਗ ਕੇ (ਸੰਸਾਰ) ਤੋਂ ਤਰਨਾ ਹੁੰਦਾ ਹੈ, ਨਾਮ ਤੋਂ ਬਿਨਾਂ ਤਰਨ ਲਈ ਹੋਰ ਕੋਈ (ਸੱਚਾ) ਥਾਂ (ਟਿਕਾਣਾ) ਨਹੀਂ ਹੈ। ਜੇ ਕੋਈ (ਮਨੁੱਖ) ਵਿਕਾਰਾਂ ਵਿਚ ਡੁੱਬ ਰਿਹਾ ਹੋਵੇ ਪਰ (ਪ੍ਰਭੂ ਦਾ ਨਾਮ ਲੈ ਕੇ ਰੱਖਿਆ ਲਈ ਬੇਨਤੀ ਕਰੇ ਤਾਂ) ਫਿਰ ਉਸ ਦੀ ਵੀ ਸੰਭਾਲ ਹੋ ਜਾਂਦੀ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਉਹ (ਪ੍ਰਭੂ) ਸਾਰਿਆਂ ਜੀਆਂ ਦਾ ਸੱਚਾ (ਦਾਤਾਰ) ਦਾਤਾ ਹੈ। ੪। ੩। ੫।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੮੩ (ਅੰਗ ੬੬੩)

ਧਨਾਸਰੀ ਮਹਲਾ ੩ ਘਰੁ ੨ ਚਉਪਦੇ ੧ੴ ਸਤਿਗੁਰ ਪ੍ਰਸਾਦਿ ॥

ਇਹੁ ਧਨੁ ਅਖੁਟੁ ਨ ਨਿਖੁਟੈ ਨ ਜਾਇ ॥ ਪੂਰੈ ਸਤਿਗੁਰਿ ਦੀਆ ਦਿਖਾਇ ॥ ਅਪੁਨੇ ਸਤਿਗੁਰ ਕਉ ਸਦ ਬਲਿ ਜਾਈ ॥ ਗੁਰ ਕਿਰਪਾ ਤੇ ਹਰਿ ਮੰਨਿ ਵਸਾਈ ॥ ੧ ॥ ਸੇ ਧਨਵੰਤ ਹਰਿ ਨਾਮਿ ਲਿਵ ਲਾਇ ॥ ਗੁਰਿ ਪੂਰੈ ਹਰਿ ਧਨੁ ਪਰਗਾਸਿਆ ਹਰਿ ਕਿਰਪਾ ਤੇ ਵਸੈ ਮਨਿ ਆਇ ॥ ਰਹਾਉ ॥ ਅਵਗੁਣ ਕਾਟਿ ਗੁਣ ਰਿਦੈ ਸਮਾਇ ॥ ਪੂਰੇ ਗੁਰ ਕੈ ਸਹਜਿ ਸੁਭਾਇ ॥ ਪੂਰੇ ਗੁਰ ਕੀ ਸਾਚੀ ਬਾਣੀ ॥ ਸੁਖ ਮਨ ਅੰਤਰਿ ਸਹਜਿ ਸਮਾਣੀ ॥ ੨ ॥ ਏਕੁ ਅਚਰਜੁ ਜਨ ਦੇਖਹੁ ਭਾਈ ॥ ਦੁਬਿਧਾ ਮਾਰਿ ਹਰਿ ਮੰਨਿ ਵਸਾਈ ॥ ਨਾਮੁ ਅਮੋਲਕੁ ਨ ਪਾਇਆ ਜਾਇ ॥ ਗੁਰ ਪਰਸਾਦਿ ਵਸੈ ਮਨਿ ਆਇ ॥ ੩ ॥ ਸਭ ਮਹਿ ਵਸੈ ਪ੍ਰਭੁ ਏਕੋ ਸੋਇ ॥ ਗੁਰਮਤੀ ਘਟਿ ਪਰਗਟੁ ਹੋਇ ॥ ਸਹਜੇ ਜਿਨਿ ਪ੍ਰਭੁ ਜਾਣਿ ਪਛਾਣਿਆ ॥ ਨਾਨਕ ਨਾਮੁ ਮਿਲੈ ਮਨੁ ਮਾਨਿਆ ॥ ੪ ॥ ੧ ॥

## ਪ੍ਰਾਕ੍ਰਥਨ :-

ਇਹ ਪਾਵਨ ਸ਼ਬਦ ਪਰਮ ਕ੍ਰਿਪਾਲੂ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਨੇ ਧਨਾਸਰੀ ਰਾਗ ਅੰਦਰ ਉਚਾਰਨ ਕੀਤਾ ਹੈ। ਇਸ ਸ਼ਬਦ ਦੇ ਆਰੰਭ ਵਿਚ ਗੁਰਦੇਵ ਨੇ ਨਾਮ ਧਨ ਨੂੰ ਨਾ ਮੁੱਕਣ ਵਾਲਾ ਦੱਸਿਆ ਹੈ। ਕਿਉਂਕਿ ਦੁਨਿਆਵੀ ਧਨ ਵੰਡਿਆਂ ਮੁੱਕ ਜਾਂਦਾ ਹੈ, ਪਰ ਨਾਮ ਧਨ ਨੂੰ ਹੋਰ ਜਪਾਉਣ ਰੂਪ ਵੰਡਣ ਨਾਲ ਵੱਧਦਾ ਹੈ। ਇਸ ਨਾਮ ਧਨ ਦੀ ਪ੍ਰਾਪਤੀ ਗੁਰੂ ਦੁਆਰਾ ਹੀ ਹੁੰਦੀ ਹੈ।

## ਵਿਸ਼ਾ—ਖਾਵਹੁ ਖਰਚਹੁ ਤੋਟਿ ਨ ਆਵੈ

ਸੰਸਾਰ ਅੰਦਰ ਵਿਚਰਦਿਆਂ ਹਰ ਇਕ ਮਨੁੱਖ ਮਾਤਰ ਲਈ ਪ੍ਰਵਾਰਿਕ ਜੀਆਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਦੁਨੀਆਵੀ ਧਨ ਦੀ ਲੋੜ ਪੈਂਦੀ ਹੈ। ਦੁਨੀਆਵੀ ਧਨ ਕਰਕੇ ਮਨੁੱਖ ਪਰਿਵਾਰ ਦੇ ਜੀਅ ਅਤੇ ਸੰਸਾਰਕ ਲੋਕਾਂ ਵਿਚ ਸਤਿਕਾਰਿਆ ਜਾਂਦਾ ਹੈ। ਪਰ ਨਾਲ ਹੀ ਮਨੁੱਖ ਨੂੰ ਇਸ ਧਨ ਦੇ ਹੋਰ ਇਕੱਠਾ ਕਰਨ ਵਿਚ ਦੌੜ ਲੱਗੀ ਰਹਿੰਦੀ ਹੈ। ਕਿਉਂਕਿ ਪਰਵਾਰਿਕ ਜੀਅ ਸਾਰੇ ਹੀ ਧਨ ਕਰਕੇ ਸਤਿਕਾਰ ਦਿੰਦੇ ਹਨ, ਪਰ ਜਿਨ੍ਹਾਂ ਲਈ ਇਹ ਧਨ ਇਕੱਠਾ ਕਰਦਾ ਹੈ ਉਸ ਬਾਰੇ ਗੁਰਦੇਵ ਦਾ ਸੁੰਦਰ ਫੁਰਮਾਣ ਹੈ :

***ਕਾਮਣਿ ਲੋੜੈ ਸੁਇਨਾ ਰੁਪਾ ਮਿਤ੍ਰ ਲੁੜੇਨਿ ਸੁ ਖਾਧਾਤਾ॥***
***ਨਾਨਕ ਪਾਪ ਕਰੇ ਤਿਨ ਕਾਰਣਿ ਜਾਸੀ ਜਮਪੁਰਿ ਬਾਧਾਤਾ॥***

(ਅੰਗ ੧੫੫)

ਅਥਵਾ :

***ਕਰਿ ਕਰਿ ਪਾਪ ਦਰਬੁ ਕੀਆ ਵਰਤਣ ਕੈ ਤਾਈ॥***
***ਮਾਟੀ ਸਿਉ ਮਾਟੀ ਰਲੀ ਨਾਗਾ ਉਠਿ ਜਾਈ॥੨॥***
***ਜਾ ਕੈ ਕੀਐ ਸ੍ਰਮੁ ਕਰੈ ਤੇ ਬੈਰ ਬਿਰੋਧੀ॥***
***ਅੰਤ ਕਾਲਿ ਭਜਿ ਜਾਹਿਗੇ ਕਾਹੇ ਜਲਹੁ ਕਰੋਧੀ॥੩॥***

(ਅੰਗ ੮੦੯)

***ਅਥਵਾ: ਦਾਰਾ ਮੀਤ ਪੂਤ ਸਨਬੰਧੀ ਸਗਰੇ ਧਨ ਸਿਉ ਲਾਗੇ॥***
***ਜਬ ਹੀ ਨਿਰਧਨ ਦੇਖਿਓ ਨਰ ਕਉ ਸੰਗੁ ਛਾਡਿ ਸਭ ਭਾਗੇ॥***

(ਅੰਗ ੬੩੩)

ਇਸ ਦੁਨੀਆਵੀ ਧਨ ਕਰਕੇ ਜਿਥੇ ਮਨੁੱਖ ਨੂੰ ਸਤਿਕਾਰ ਮਿਲਦਾ ਹੈ, ਉਥੇ ਮਨੁੱਖ ਦੇ ਮਨ ਅੰਦਰ ਇਸ ਝੂਠੇ ਦੁਨਿਆਵੀ ਧਨ ਦੇ ਚਲੇ ਜਾਣ ਜਾਂ ਖ਼ਤਮ ਹੋ ਜਾਣ ਦਾ ਧੋਖਾ ਬਣਿਆ ਰਹਿੰਦਾ ਹੈ :

***ਧਨਿ ਗਇਐ ਬਹਿ ਝੂਰੀਐ ਧਨ ਮਹਿ ਚੀਤੁ ਗਵਾਰ॥***

(ਅੰਗ ੯੩੪)

***ਅਥਵਾ: ਇਹੁ ਧਨੁ ਕਰਤੇ ਕਾ ਖੇਲੁ ਹੈ ਕਦੇ ਆਵੈ ਕਦੇ ਜਾਇ॥***

(ਅੰਗ ੧੨੮੨)

ਪਰ ਜਿਥੇ ਸੰਸਾਰ ਅੰਦਰ ਮਨੁੱਖ ਨੂੰ ਸੰਸਾਰਕ ਲੋੜਾਂ ਪੂਰੀਆਂ ਕਰਨ ਲਈ ਇਸ ਝੂਠੇ ਧਨ ਦੀ ਲੋੜ ਹੈ, ਉਥੇ ਧਾਰਮਿਕ ਦੁਨੀਆਂ ਅੰਦਰ ਸਦੀਵੀ ਜੀਵਨ ਦੀ ਸਫਲਤਾ ਲਈ ਹਰ ਇਕ ਮਨੁੱਖ ਨੂੰ ਸੱਚੇ ਨਾਮ ਧਨ ਦੀ ਵੀ ਜ਼ਰੂਰੀ ਲੋੜ ਹੈ, ਜੋ ਇਸ ਲੋਕ ਅਤੇ ਪਰਲੋਕ ਦੇ ਅੰਦਰ ਹਰ ਥਾਂ ਮਨੁੱਖ ਦੇ ਨਾਲ ਨਿਭਣ ਵਾਲਾ ਹੈ। ਐਸਾ ਇਕ ਸੱਚਾ ਹਰੀ ਦਾ ਨਾਮ ਧਨ ਹੀ ਹੈ। ਇਸ ਨਾਮ ਧਨ ਨੂੰ ਨਾ ਕੋਈ ਚੋਰ ਚੁਰਾ ਸਕਦਾ ਹੈ। ਨਾ ਹੀ ਇਹ ਮੁੱਕ ਸਕਦਾ ਹੈ। ਇਹ ਨਾਮ ਧਨ ਅਮੁੱਕ ਹੈ :

***ਏਕੋ ਨਿਹਚਲ ਨਾਮ ਧਨੁ ਹੋਰੁ ਧਨੁ ਆਵੈ ਜਾਇ॥***
***ਇਸੁ ਧਨ ਕਉ ਤਸਕਰੁ ਜੋਹਿ ਨ ਸਕਈ ਨਾ ਓਚਕਾ ਲੈ ਜਾਇ॥***
***ਇਹੁ ਹਰਿ ਧਨੁ ਜੀਐ ਸੇਤੀ ਰਵਿ ਰਹਿਆ ਜੀਐ ਨਾਲੇ ਜਾਇ॥***
***ਪੂਰੇ ਗੁਰ ਤੇ ਪਾਈਐ ਮਨਮੁਖਿ ਪਲੈ ਨ ਪਾਇ॥***
***ਧਨੁ ਵਾਪਾਰੀ ਨਾਨਕਾ ਜਿਨ੍ਹਾ ਨਾਮ ਧਨੁ ਖਟਿਆ ਆਇ॥***

(ਅੰਗ ੫੧੧)

ਪੰਚਮ ਗੁਰਦੇਵ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਜਰੀ ਰਾਗ ਅੰਦਰ ਇਸ ਨਾਮ ਧਨ ਨੂੰ ਹੀ ਸਭ ਕੁਝ ਜਪ ਤਪ, ਭੋਜਨ ਤੇ ਚੱਲਣ ਸਮੇਂ ਹਰ ਥਾਂ ਨਾਲ ਨਿਭਣ ਵਾਲਾ ਦੱਸ ਕੇ ਹਜ਼ੂਰ ਨੇ ਕਿਹਾ ਹੈ :

*ਮਾਈ ਖਾਟਿ ਆਇਓ ਘਰਿ ਪੂਤਾ॥'*

(ਅੰਗ ੪੯੫)

ਅਤੇ

***ਲਾਦਿ ਖਜਾਨਾ ਗੁਰਿ ਨਾਨਕ ਕਉ ਦੀਆ***
***ਏਹੁ ਮਨੁ ਹਰਿ ਰੰਗਿ ਰੰਗੇ॥***

(ਅੰਗ ੪੯੬)

ਕਿਹਾ ਹੈ।

***ਹਰਿ ਧਨੁ ਜਾਪ ਹਰਿ ਧਨੁ ਤਾਪ ਹਰਿ ਧਨੁ ਭੋਜਨ ਭਾਇਆ॥***
***ਨਿਮਖ ਨ ਬਿਸਰਉ ਮਨ ਤੇ ਹਰਿ ਹਰਿ ਸਾਧਸੰਗਤਿ ਮਹਿ ਪਾਇਆ॥੧॥***
***ਮਾਈ ਖਾਟਿ ਆਇਓ ਘਰਿ ਪੂਤਾ॥***
***ਹਰਿ ਧਨੁ ਚਲਤੇ ਹਰਿ ਧਨੁ ਬੈਸੇ ਹਰਿ ਧਨੁ ਜਾਗਤ ਸੂਤਾ॥੧॥ ਰਹਾਉ॥***

*ਹਰਿ ਧਨੁ ਇਸਨਾਨੁ ਹਰਿ ਧਨੁ ਗਿਆਨੁ ਹਰਿ ਸੰਗਿ ਲਾਇ ਧਿਆਨਾ॥*
*ਹਰਿ ਧਨੁ ਤੁਲਹਾ ਹਰਿ ਧਨੁ ਬੇੜੀ ਹਰਿ ਹਰਿ ਤਾਰਿ ਪਰਾਨਾ॥ ੨ ॥*
*ਹਰਿ ਧਨੁ ਮੇਰੀ ਚਿੰਤ ਵਿਸਾਰੀ ਹਰਿ ਧਨ ਲਾਹਿਆ ਧੋਖਾ॥*
*ਹਰਿ ਧਨ ਤੇ ਮੈ ਨਵ ਨਿਧਿ ਪਾਈ ਹਾਥਿ ਚਰਿਓ ਹਰਿ ਥੋਕਾ॥ ੩ ॥*

(ਅੰਗ ੪੯੫)

ਭਗਤ ਕਬੀਰ ਜੀ ਕਹਿੰਦੇ ਹਨ ਕਿ ਇਸ ਧਨ ਨੂੰ ਅੱਗ ਸਾੜ ਨਹੀਂ ਸਕਦੀ, ਪਵਣ ਉਡਾ ਨਹੀਂ ਸਕਦੀ, ਚੋਰ ਇਸਦੇ ਨੇੜੇ ਨਹੀਂ ਆ ਸਕਦਾ। ਐਸਾ ਧਨ ਅਸੀਂ ਇਕੱਠਾ ਕੀਤਾ, ਜੋ ਕਿਤੇ ਜਾਣ ਵਾਲਾ ਨਹੀਂ ਹੈ। ਇਸ ਨਾਮ ਧਨ ਸੇਵਾ ਸਿਮਰਨ ਕਰਕੇ ਜੋ ਸੁੱਖ ਪ੍ਰਾਪਤ ਹੋਣਾ ਹੈ, ਉਹ ਸੁੱਖ ਰਾਜ ਵਿਚ ਵੀ ਨਹੀਂ ਹੈ। ਇਸ ਧਨ ਦੀ ਭਾਲ ਵਿਚ ਸ਼ਿਵਜੀ, ਬ੍ਰਹਮਾ ਦੇ ਚਾਰੇ ਪੁੱਤਰ, (ਸਨਕ, ਸਨੰਦਨ, ਸਨਾਤਨ, ਸੰਤ ਕੁਮਾਰ) ਆਦਿ ਵੀ ਲੱਗੇ ਰਹੇ। ਜਿਸ ਪਾਸ ਇਹ ਨਾਮ ਧਨ ਹੈ, ਉਸਨੂੰ ਜਮਾਂ ਦੀ ਫਾਹੀ ਵੀ ਨਹੀਂ ਪੈਂਦੀ:

*ਅਗਨਿ ਨ ਦਹੈ ਪਵਨੁ ਨਹੀ ਮਗਨੈ ਤਸਕਰੁ ਨੇਰਿ ਨ ਆਵੈ॥*
*ਰਾਮ ਨਾਮ ਧਨੁ ਕਰਿ ਸੰਚਉਨੀ ਸੋ ਧਨੁ ਕਤ ਹੀ ਨ ਜਾਵੈ॥ ੧ ॥*
*ਹਮਰਾ ਧਨੁ ਮਾਧਉ ਗੋਬਿੰਦੁ ਧਰਣੀਧਰੁ ਇਹੈ ਸਾਰ ਧਨੁ ਕਹੀਐ॥*
*ਜੋ ਸੁਖੁ ਪ੍ਰਭ ਗੋਬਿੰਦ ਕੀ ਸੇਵਾ ਸੋ ਸੁਖੁ ਰਾਜਿ ਨ ਲਹੀਐ॥੧॥ਰਹਾਉ॥*
*ਇਸੁ ਧਨ ਕਾਰਣਿ ਸਿਵ ਸਨਕਾਦਿਕ ਖੋਜਤ ਭਏ ਉਦਾਸੀ॥*
*ਮਨਿ ਮੁਕੰਦੁ ਜਿਹਬਾ ਨਾਰਾਇਨੁ ਪਰੈ ਨ ਜਮ ਕੀ ਫਾਸੀ॥*

(ਅੰਗ ੩੩੬)

ਇਸ ਕਰਕੇ ਗੁਰੂ ਅਮਰਦਾਸ ਜੀ ਮਹਾਰਾਜ ਨੇ ਆਪਣੇ ਪਿਆਰਿਆਂ ਗੁਰਮੁੱਖ ਗੁਰਸਿੱਖਾਂ ਨੂੰ ਸੱਚੇ ਨਾਮ ਧਨ ਨੂੰ ਅਮੁੱਕ ਤੇ ਅਖੁੱਟ ਦਰਸਾਉਂਦਿਆਂ ਇਹ ਸ਼ਬਦ ਉਚਾਰਨ ਕੀਤਾ ਹੈ:

*ਇਹੁ ਧਨੁ ਅਖੁਟੁ ਨ ਨਿਖੁਟੈ ਨ ਜਾਇ॥*

(ਅੰਗ ੬੬੩)

## ਸਾਖੀ—ਦੋ ਗੁਰਮੁੱਖ ਮਿੱਤਰਾਂ ਦੀ

ਇਕ ਦੋ ਗੁਰਸਿੱਖ ਗੁਰਮੁਖ ਆਪਸ ਵਿਚ ਬੜੇ ਪ੍ਰੇਮੀ ਸਨ। ਭਾਈ ਸਾਹਿਬ ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ "ਇਕੁ ਸਿਖੁ ਦੁਇ ਸਾਧ ਸੰਗੁ ਪੰਜੀਂ ਪਰਮੇਸਰੁ" ਇਹ ਦੋਵੇਂ ਗੁਰਮੁਖਿ ਮਿੱਤਰ ਇਕੱਠੇ ਹੋ ਕੇ ਸੇਵਾ ਸਿਮਰਨ ਭਜਨ ਕਰਕੇ ਲਾਹਾ ਲਿਆ ਕਰਦੇ ਸਨ। ਇਹਨਾਂ ਦਾ ਸਚਮੁੱਚ ਐਸਾ ਹੀ ਜੀਵਨ ਸੀ, ਜੈਸਾ ਗੁਰਸਿੱਖ ਦਾ ਜੀਵਨ ਸੋਢੀ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਨੇ ਹੋਣਾ ਦੱਸਿਆ ਹੈ:

***ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥***
***ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥***
***ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥***
***ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਿਦਿਆ ਉਠਦਿਆ ਹਰਿ ਨਾਮੁ ਧਿਆਵੈ॥***
***ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ॥***
***ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥***
***ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥***

(ਅੰਗ ੩੦੫)

ਉਹ ਦੋਵੇਂ ਗੁਰਮੁੱਖ ਅੰਮ੍ਰਿਤ ਵੇਲੇ ਉਠ ਕੇ ਜਿਥੇ ਸਿਮਰਨ ਭਜਨ ਕਰਨ ਦਾ ਇਕੱਠੇ ਲਾਹਾ ਲੈਂਦੇ ਸਨ, ਉਥੇ ਪੰਜਾਂ ਬਾਣੀਆਂ ਦਾ ਨਿਤਨੇਮ (ਜਪੁ, ਜਾਪੁ, ਤ੍ਵ ਪ੍ਰਸਾਦਿ ਸ੍ਵਯੇ (ਸਰਾਵਗ ਸੁੱਧ) ਚੌਪਈ ਤੇ ਅਨੰਦ ਸਾਹਿਬ) ਅਤੇ ਸੋਦਰ ਰਹਿਰਾਸ ਤੇ ਸੋਹਿਲਾ ਆਦਿ ਬਾਣੀਆਂ ਦੇ ਨਾਲ-ਨਾਲ ਆਸਾ ਕੀ ਵਾਰ ਦਾ ਤੇ ਸ੍ਰੀ ਸੁਖਮਨੀ ਸਾਹਿਬ ਜੀ ਆਦਿ ਹੋਰ ਬਹੁਤ ਸਾਰੀਆਂ ਬਾਣੀਆਂ ਦਾ ਇਕਾਗਰਤਾ ਨਾਲ ਰਸ ਲੈ-ਲੈ ਕੇ ਨਿਤਨੇਮ ਕਰਿਆ ਕਰਦੇ ਸਨ। ਦੋਵੇਂ ਗੁਰਮਖਿ ਗ੍ਰਿਹਸਤੀ ਪਰਿਵਾਰਾਂ ਵਾਲੇ ਗੁਰਸਿੱਖ ਸਨ। ਇਕ ਗੁਰਮੁੱਖ ਚੜ੍ਹਾਈ ਕਰ ਗਿਆ। ਇਸ ਗੁਰਮੁੱਖ ਦੇ ਦੋ ਸਪੁੱਤਰ ਸਨ। ਦੋਵੇਂ ਹੀ ਲੜਕੇ ਸ਼ਾਦੀ ਸ਼ੁਦਾ ਪਰਿਵਾਰਾਂ ਵਾਲੇ ਸਨ। ਇਹਨਾਂ ਦੇ ਪਿਤਾ ਦੀ ਅੰਤਮ ਅਰਦਾਸ ਹੋਈ ਨੂੰ ਅਜੇ ਕੁਝ ਹੀ ਮਹੀਨੇ ਹੋਏ ਸਨ ਕਿ ਦੋਵੇਂ ਭਰਾ ਆਪਸ ਵਿਚ ਝਗੜਾ ਹੋਣ ਕਰਕੇ ਅੱਡ ਹੋਣ ਲੱਗੇ। ਜਿਸ ਸਮੇਂ ਘਰ ਦਾ ਸਾਮਾਨ ਅਤੇ ਘਰ ਤੇ ਜਾਇਦਾਦ, ਧਨ, ਚਲ, ਅਚੱਲ ਸਭ ਕੁਝ ਵੰਡਣ ਲੱਗੇ, ਉਸ ਸਮੇਂ ਇਹਨਾਂ ਨੇ ਆਪਣੇ ਰਿਸ਼ਤੇਦਾਰ, ਸਾਕ ਸੰਬੰਧੀ, ਮਿੱਤਰ-ਦੋਸਤ ਤੇ ਪਿੰਡ ਦੇ ਮੋਹਤਬਰ ਆਦਮੀ ਬੁਲਾ ਲਏ ਅਤੇ ਨਾਲ ਆਪਣੇ ਬਾਪ ਦੇ ਮਿੱਤਰ ਗੁਰਮੁੱਖ ਨੂੰ ਭੀ ਬੁਲਾ ਲਿਆ। ਇਕੱਠੇ ਹੋਏ ਸਾਕ-ਸੰਬੰਧੀਆਂ ਮੋਹਤਬਰ ਆਦਮੀਆਂ ਨੇ ਇਹਨਾਂ ਦੇ ਬਾਪ ਦੀ ਕੁਲ ਚੀਜ਼ ਘਰ, ਧਨ, ਭਾਂਡੇ, ਬਿਸਤਰੇ, ਮੰਜੇ ਜਾਇਦਾਦ ਆਦਿ ਦੋਵਾਂ ਭਰਾਵਾਂ ਨੂੰ ਵੰਡ ਦਿੱਤੇ। ਘਰ ਵਿਚ ਵੀ ਵਿਚਕਾਰ ਕੰਧ ਕੱਢਣ ਦੀ ਲਕੀਰ ਖਿੱਚ ਦਿੱਤੀ ਗਈ। ਇਸ ਤਰ੍ਹਾਂ ਜਦੋਂ ਸਭ ਕੁਝ ਨਿਬੜ ਗਿਆ, ਤਾਂ ਇਹਨਾਂ ਦੇ ਬਾਪ ਦਾ ਮਿੱਤਰ ਗੁਰਮੁੱਖ, ਦੋਵਾਂ ਭਰਾਵਾਂ ਨੂੰ ਕਹਿਣ ਲੱਗਿਆ, ਕਿ ਭਾਈ! ਤੁਸੀਂ ਆਪਣੇ ਬਾਪ ਦੀ ਹਰ ਇਕ ਚੀਜ਼ ਵੰਡ ਲਈ ਹੈ? ਤੁਹਾਡਾ ਬਾਪ ਬਹੁਤ ਅਮੀਰ ਸੀ। ਚੰਗੀ ਤਰ੍ਹਾਂ ਵੇਖ ਲਉ। ਕੋਈ ਵਸਤੂ ਵੰਡਣ ਲਗਿਆਂ ਰਹਿ ਨਾ ਜਾਵੇ। ਇਹ ਗੱਲ ਸੁਣ ਕੇ ਸਾਰੇ ਜਣੇ ਸੋਚਾਂ ਵਿਚ ਪੈ ਗਏ ਕਿ ਇਹ ਗੁਰਮੁਖਿ ਠੀਕ ਹੀ ਆਪਸ ਵਿਚ ਸੱਚੇ ਮਿੱਤਰ ਸਨ, ਕਿਤੇ ਐਸਾ ਨਾ ਹੋਵੇ, ਕੋਈ ਕੀਮਤੀ ਗਹਿਣਾ-ਗੱਟਾ ਜਾਂ ਕੋਈ ਹੋਰ ਪੂੰਜੀ ਜੋ ਸਾਨੂੰ ਨਾ ਦੱਸੀ ਹੋਵੇ, ਇਸ ਗੁਰਮੁਖਿ ਨੂੰ ਉਸ ਦਾ ਭੇਤ ਹੋਵੇ। ਇਹ ਦੋਵੇਂ ਭਰਾ ਤੇ ਹੋਰ ਸਾਰੇ ਜਣੇ ਸੋਚ ਹੀ ਰਹੇ ਸਨ, ਕਿ ਵੰਡਣ ਵੱਲੋਂ ਕੁਝ ਰਹਿ ਤਾਂ ਨਹੀਂ ਗਿਆ, ਉਹ ਗੁਰਮੁਖਿ ਫਿਰ ਬੋਲਿਆ, ਹੇ ਭਾਈ! ਤੁਸੀਂ ਚੰਗੀ ਤਰ੍ਹਾਂ ਸਾਰੇ ਸੋਚ ਲਉ। ਜਿਸ ਗੁਰਮੁਖਿ ਦੇ ਘਰ ਦਾ ਤੁਸੀਂ ਵੰਡ

ਵੰਡਾਰਾ ਕਰਦੇ ਹੋ, ਉਹ ਗੁਰਮੁਖਿ ਕੋਈ ਆਮ ਮਨੁੱਖ ਨਹੀਂ ਸੀ। ਉਹ ਬਹੁਤ ਹੀ ਅਮੀਰ ਸੀ। ਇਹ ਸੁਣ ਕੇ ਉਹ ਫਿਰ ਸਾਰੇ ਸੋਚਾਂ ਪੈ ਗਏ। ਆਖ਼ਿਰ ਨੂੰ ਸੋਚ-ਸੋਚ ਕੇ ਦੋਵੇਂ ਭਰਾ ਆਪਣੇ ਬਾਪ ਦੇ ਮਿੱਤਰ ਗੁਰਮੁਖਿ ਨੂੰ ਹੱਥ ਜੋੜ ਕੇ ਕਹਿਣ ਲੱਗੇ, ਜੀ ਤੁਸੀਂ ਸਾਡੇ ਬਾਪ ਦੇ ਅਸਲ ਸੱਚੇ ਮਿੱਤਰ ਤੇ ਉਸਦੇ ਭੇਤੀ ਹੋ। ਤੁਹਾਨੂੰ ਸਾਰਾ ਉਸਦਾ ਭੇਤ ਸੀ। ਇਹ ਜੋ ਵਸਤੂ ਸਾਥੋਂ ਵੰਡਣ ਤੋਂ ਰਹਿ ਗਈ ਹੈ, ਉਹ ਕਿਰਪਾ ਕਰਕੇ ਸਾਨੂੰ ਦੱਸੋ। ਤਾਂ ਗੁਰਮੁਖਿ ਗੁਰਸਿਖ ਕਹਿਣ ਲੱਗਿਆ ਕਿ ਤੁਹਾਡਾ ਬਾਪ ਜਿਸ ਧਨ ਕਰਕੇ ਸਭ ਨਾਲੋਂ ਵੱਧ ਅਮੀਰ ਸੀ, ਉਹ ਧਨ ਵੰਡਿਆ ਨਹੀਂ ਜਾ ਸਕਦਾ। ਦੋਵੇਂ ਭਰਾ ਕਹਿਣ ਲੱਗੇ, ਐਸਾ ਕਿਹੜਾ ਧਨ ਹੈ, ਜੋ ਵੰਡਿਆ ਨਹੀਂ ਜਾ ਸਕਦਾ? ਤਾਂ ਗੁਰਮੁਖਿ ਕਹਿੰਦਾ ਹੈ, ਭਾਈ, ਤੁਹਾਡਾ ਬਾਪ ਸ੍ਰੀ ਸੁਖਮਨੀ ਸਾਹਿਬ ਪੜ੍ਹਿਆ ਕਰਦਾ ਸੀ। ਕੀ ਤੁਸੀਂ ਹੁਣ ੧੨-੧੨ ਅਸਟਪਦੀਆਂ ਵੰਡ ਲਵੋਗੇ? ਕੀ ਪੰਜਾਂ ਬਾਣੀਆਂ ਵਿਚੋਂ ਢਾਈ ਢਾਈ ਬਾਣੀਆਂ ਵੰਡੋਗੇ? ਹੇ ਭਾਈ! ਇਹ ਨਾਮ ਧਨ ਕਰਕੇ ਤੁਹਾਡਾ ਬਾਪ ਅਸਲ ਅਮੀਰ ਸੀ। ਇਹ ਨਾਮ ਧਨ ਉਸਦੇ ਨਾਲ ਹੀ ਗਿਆ ਹੈ। ਇਸ ਧਨ ਨੂੰ ਵੰਡਣ ਦੀ ਤੁਹਾਡੀ ਹਿੰਮਤ ਨਹੀਂ। ਜੋ ਦੁਨੀਆਂ ਦਾ ਝੂਠਾ ਧਨ ਸੀ, ਉਹ ਤੁਸੀਂ ਵੰਡ ਲਿਆ ਹੈ। ਝੂਠਾ ਧਨ ਮਨੁੱਖ ਦੇ ਨਾਲ ਨਹੀਂ ਜਾਂਦਾ, ਪਰ ਨਾਮ ਰੂਪ ਸੱਚਾ ਧਨ ਮਨੁੱਖ ਦੀ ਹਰ ਥਾਂ ਸਹਾਇਤਾ ਕਰਦਾ ਹੈ ਤੇ ਅੱਗੇ ਨਾਲ ਜਾਂਦਾ ਹੈ। ਇਸ ਲਈ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਆਪਣੀ ਪਾਵਨ ਬਾਣੀ ਸ੍ਰੀ ਦਸਮ ਗ੍ਰੰਥ ਅੰਦਰ ਅੰਮ੍ਰਿਤ ਬਚਨ ਉਚਾਰਨ ਕਰਦੇ ਹਨ:

***ਕੇਵਲ ਕਰਮ ਭਰਮ ਸੇ ਚੀਨਹੁ ਧਰਮ ਕਰਮ ਅਨੁਰਾਗੋ॥***
***ਸੰਗ੍ਰਹ ਕਰੋ ਸਦਾ ਸਿਮਰਨ ਕੋ ਪਰਮ ਪਾਪ ਤਜਿ ਭਾਗੋ॥ ੨॥***
***ਜਾ ਤੇ ਦੂਖ ਪਾਪ ਨਹਿ ਭੇਟੈ ਕਾਲ ਜਾਲ ਤੇ ਤਾਗੋ॥***
***ਜੌ ਸੁਖ ਚਾਹੋ ਸਦਾ ਸਭਨ ਕੌ ਤੌ ਹਰਿ ਕੇ ਰਸ ਪਾਗੋ॥ ੩॥***

(ਸ਼ਬਦ ਹਜ਼ਾਰੇ ਪਾ: ੧੦)

## ਧਨਾਸਰੀ ਮਹਲਾ ੩ ਘਰੁ ੨ ਚਉਪਦੇ ੧ੴ ਸਤਿਗੁਰ ਪ੍ਰਸਾਦਿ॥

ਇਹੁ ਧਨੁ ਅਖੁਟੁ ਨ ਨਿਖੁਟੈ ਨ ਜਾਇ॥ ਪੂਰੈ ਸਤਿਗੁਰਿ ਦੀਆ ਦਿਖਾਇ॥ ਅਪੁਨੇ ਸਤਿਗੁਰ ਕਉ ਸਦ ਬਲਿ ਜਾਈ॥ ਗੁਰ ਕਿਰਪਾ ਤੇ ਹਰਿ ਮੰਨਿ ਵਸਾਈ॥ ੧॥ ਸੇ ਧਨਵੰਤ ਹਰਿ ਨਾਮਿ ਲਿਵ ਲਾਇ॥ ਗੁਰਿ ਪੂਰੈ ਹਰਿ ਧਨੁ ਪਰਗਾਸਿਆ ਹਰਿ ਕਿਰਪਾ ਤੇ ਵਸੈ ਮਨਿ ਆਇ॥ ਰਹਾਉ॥ ਅਵਗੁਣ ਕਾਟਿ ਗੁਣ ਰਿਦੈ ਸਮਾਇ॥ ਪੂਰੇ ਗੁਰ ਕੈ ਸਹਜਿ ਸੁਭਾਇ॥ ਪੂਰੇ ਗੁਰ ਕੀ ਸਾਚੀ ਬਾਣੀ॥ ਸੁਖ ਮਨ ਅੰਤਰਿ ਸਹਜਿ ਸਮਾਣੀ॥ ੨॥ ਏਕੁ ਅਚਰਜੁ ਜਨ ਦੇਖਹੁ ਭਾਈ॥ ਦੁਬਿਧਾ ਮਾਰਿ ਹਰਿ ਮੰਨਿ ਵਸਾਈ॥ ਨਾਮੁ ਅਮੋਲਕੁ ਨ ਪਾਇਆ ਜਾਇ॥ ਗੁਰ ਪਰਸਾਦਿ ਵਸੈ ਮਨਿ ਆਇ॥ ੩॥

**ਸਭ ਮਹਿ ਵਸੈ ਪ੍ਰਭੁ ਏਕੋ ਸੋਇ॥ ਗੁਰਮਤੀ ਘਟਿ ਪਰਗਟੁ ਹੋਇ॥ ਸਹਜੇ ਜਿਨਿ ਪ੍ਰਭੁ ਜਾਣਿ ਪਛਾਣਿਆ॥ ਨਾਨਕ ਨਾਮੁ ਮਿਲੈ ਮਨੁ ਮਾਨਿਆ॥ ੪॥੧॥**

(ਅੰਗ ੬੬੩)

## ਪਦ ਅਰਥ :

ਅਖੁਟੁ-ਕਦੇ ਨਾ ਮੁੱਕਣ ਵਾਲਾ। ਨ ਨਿਖੁਟੈ-ਨਾ ਇਹ ਖਰਚਿਆਂ ਮੁੱਕਦਾ ਹੈ। ਨ ਜਾਇ-ਨ ਚੋਰ ਉਚੱਕਾ ਲਿਜਾ ਸਕਦਾ ਹੈ। ਸਤਿਗੁਰਿ-ਗੁਰੂ ਨੇ। ਕਉ-ਤੋਂ। ਸਦ-ਸਦਾ। ਬਲਿ ਜਾਈ-ਸਦਕੇ ਜਾਂਦਾ ਹਾਂ। ਤੇ-ਨਾਲ। ਮੰਨਿ-ਮਨਿ, ਮਨ ਵਿਚ। ਵਸਾਈ-ਮੈ ਵਸਾਂਦਾ ਹਾਂ। ੧।

ਸੇ-ਉਹ। ਨਾਮਿ-ਨਾਮ ਵਿਚ। ਲਿਵ-ਲਗਨ, ਚਿਤ। ਲਾਇ-ਲਾ ਕੇ, ਚਿਤ ਜੋੜਦੇ ਹਨ। ਗੁਰਿ-ਗੁਰੂ ਨੇ। ਪਰਗਾਸਿਆ-ਵਿਖਾ ਦਿੱਤਾ। ਕਿਰਪਾ ਤੇ-ਕਿਰਪਾ ਨਾਲ। ਮਨਿ-ਮਨਿ ਵਿਚ। ਕਾਟਿ-ਕੱਟ ਕੇ, ਦੂਰ ਕਰਕੇ। ਰਿਦੈ-ਹਿਰਦੇ ਵਿਚ। ਸਮਾਇ-ਟਿਕਾਅ ਦੇਂਦਾ ਹੈ। ਗੁਰ ਕੈ-ਗੁਰੂ ਦੇ ਰਾਹੀਂ। ਸਹਜਿ-ਆਤਮਿਕ ਅਡੋਲਤਾ ਵਿਚ। ਸੁਭਾਇ-ਪ੍ਰੇਮ ਵਿਚ। ਸੁਖ-ਆਤਮਿਕ ਅਨੰਦ, ਮਨ ਅੰਤਰਿ-ਮਨ ਵਿਚ। ੨।

ਅਚਰਜੁ-ਹੈਰਾਨ ਕਰਨ ਵਾਲੀ। ਜਨ-ਹੇ ਜਨੋ! ਦੁਬਿਧਾ-ਮਨ ਦੀ ਡਾਵਾਂ-ਡੋਲ ਹਾਲਤ, ਮੇਰ-ਤੇਰ। ਅਮੋਲਕੁ-ਜੋ ਕਿਸੇ ਭੀ ਕੀਮਤ ਤੋਂ ਨਹੀਂ ਮਿਲ ਸਕਦਾ। ਪਰਸਾਦਿ-ਕਿਰਪਾ ਨਾਲ। ਆਇ-ਆ ਕੇ। ੩।

ਸਭ ਮਹਿ-ਸਭ ਜੀਵਾਂ ਵਿਚ। ਸੋਇ-ਉਹੀ। ਗੁਰਮਤਿ-ਗੁਰੂ ਦੀ ਮਤਿ ਉੱਤੇ ਤੁਰਿਆਂ। ਘਟਿ-ਹਿਰਦੇ ਵਿਚ। ਸਹਜੇ-ਸਹਜਿ, ਆਤਮਿਕ ਅਡੋਲਤਾ ਵਿਚ। ਜਿਨਿ-ਜਿਸ (ਮਨੁੱਖ) ਨੇ। ਜਾਣਿ-ਸਾਂਝ ਪਾ ਕੇ। ਮਾਨਿਆ-ਪਤੀਜ ਜਾਂਦਾ ਹੈ। ੪।

## ਅਰਥ :

(ਹੇ ਭਾਈ!) ਇਹ (ਨਾਮ) ਧਨ ਕਦੇ ਨਾ ਮੁੱਕਣ ਵਾਲਾ (ਖ਼ਜ਼ਾਨਾ) ਹੈ, ਨਾ ਇਹ (ਖ਼ਰਚਿਆਂ) ਮੁੱਕਦਾ ਹੈ, (ਅਤੇ) ਨਾ ਹੀ ਇਸ ਨੂੰ ਕੋਈ (ਚੋਰ ਉੱਚਕਾ ਲੈ) ਜਾ ਸਕਦਾ ਹੈ। ਪੂਰਨ ਸਤਿਗੁਰੂ ਨੇ ਮੈਨੂੰ ਇਹ (ਨਾਮ ਧਨ) ਵਿਖਾ ਦਿੱਤਾ ਹੈ। ਮੈਂ ਆਪਣੇ ਸਤਿਗੁਰੂ ਤੋਂ ਸਦਾ ਸਦਕੇ ਜਾਂਦਾ ਹਾਂ। ਗੁਰੂ ਦੀ ਕਿਰਪਾ ਨਾਲ ਮੈਂ ਹਰੀ (ਨਾਮ ਧਨ ਨੂੰ ਆਪਣੇ) ਮਨ ਵਿਚ ਵਸਾਂਦਾ ਹਾਂ। ੧। (ਹੇ ਭਾਈ!) ਉਹ ਮਨੁੱਖ (ਅਸਲੀ ਧੰਨਵਾਨ) ਦੌਲਤਮੰਦ ਹਨ, ਜੋ ਹਰੀ ਨਾਮ ਵਿਚ ਲਿਵ ਲਗਾਕੇ (ਆਪਣਾ) ਚਿਤ ਜੋੜਦੇ ਹਨ, ਪੂਰਨ ਗੁਰੂ ਨੇ (ਉਹਨਾਂ ਨੂੰ) ਹਰੀ ਨਾਮ ਧਨ (ਪ੍ਰਗਟ ਕਰਕੇ) ਵਿਖਾ ਦਿੱਤਾ ਹੈ, ਹਰੀ ਪ੍ਰਭੂ ਦੀ ਕਿਰਪਾ ਨਾਲ ਹੀ ਇਹ (ਨਾਮ ਧਨ ਮਨੁੱਖ ਦੇ) ਮਨ ਵਿਚ ਆ ਕੇ ਵੱਸਦਾ ਹੈ। ਰਹਾਉ। ਇਹ ਨਾਮ (ਮਨੁੱਖ ਦੇ) ਅਵਗੁਣ

ਕੱਟ ਕੇ ਹਿਰਦੇ ਵਿਚ (ਪ੍ਰਮਾਤਮਾ) ਦੇ ਗੁਣ ਟਿਕਾਅ ਦਿੰਦਾ ਹੈ। ਪ੍ਰੇਮ ਸਹਿਤ ਪੂਰੇ ਗੁਰੂ ਰਾਹੀਂ (ਸਹਿਜ) ਆਤਮਿਕ ਅਡੋਲਤਾ ਹੋ ਆਉਂਦੀ ਹੈ। ਪੂਰੇ ਗੁਰੂ ਦੀ ਬਾਣੀ (ਸਦਾ) ਸੱਚੀ ਹੈ। (ਇਸ ਦੀ ਬਰਕਤ ਨਾਲ) ਸਾਰੇ ਸੁੱਖ ਮਨ ਵਿਚ ਆ ਵੱਸਦੇ ਹਨ ਤੇ ਸਹਜ ਅਵੱਸਥਾ ਵਿਚ ਸਮਾਈ ਹੋ ਜਾਂਦੀ ਹੈ। ੨।

ਹੇ ਭਾਈ! ਇਕ ਅਸਚਰਜ (ਹੈਰਾਨ ਕਰਨ ਵਾਲੀ ਗੱਲ) ਵੇਖੋ ਕਿ ਦਬਿਧਾ ਮਾਰ ਕੇ, ਹਰੀ ਨੇ (ਅੰਮ੍ਰਿਤ ਬਾਣੀ) ਮਨ ਵਿਚ ਵਸਾ ਦਿੱਤੀ ਹੈ। ( ਪਰਮਾਤਮਾ ਦਾ) ਨਾਮ (ਜੋ) ਅਮੋਲਕ ਹੈ, (ਆਪਣੇ ਆਪ) ਨਹੀਂ ਪਾਇਆ ਜਾ ਸਕਦਾ। ਪਰ ਗੁਰੂ ਦੀ ਕਿਰਪਾ ਨਾਲ ਮਨ ਵਿਚ ਆ ਕੇ ਵੱਸਦਾ ਹੈ। ੩। (ਹੇ ਭਾਈ !) ਉਹ ਇਕੋ ਪ੍ਰਭੂ ਹੈ (ਜੋ) ਸਾਰਿਆਂ (ਜੀਆਂ ਵਿਚ) ਵੱਸ ਰਿਹਾ ਹੈ। ਪਰ ਗੁਰੂ ਦੀ ਮਤਿ ਉੱਤੇ ਤੁਰਿਆਂ (ਉਹ ਪ੍ਰਭੂ) ਹਿਰਦੇ ਵਿਚ ਪ੍ਰਗਟ ਹੁੰਦਾ ਹੈ। ਜਿਸ (ਮਨੁੱਖ) ਨੇ ਸਹਜ ਅਵੱਸਥਾ (ਭਾਵ ਆਤਮਿਕ ਅਡੋਲਤਾ) ਵਿਚ (ਟਿਕ ਕੇ) ਪ੍ਰਭੂ ਨੂੰ ਜਾਣ=ਸਾਂਝ ਪਾਕੇ ਪਛਾਣ ਲਿਆ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਗੁਰੂ ਕਿਰਪਾ ਨਾਲ) ਨਾਮ ਮਿਲਦਾ ਹੈ, ਨਾਮ (ਦੀ ਬਰਕਤ ਨਾਲ) ਮਨ ਨਾਮ ਵਿਚ ਮੰਨ ਜਾਂਦਾ ਹੈ, ਭਾਵ ਪਤੀਜ ਜਾਂਦਾ ਹੈ। ੪।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੮੪ (ਅੰਗ ੬੬੪)

ਧਨਾਸਰੀ ਮਹਲਾ ੩ ॥ ਹਰਿ ਨਾਮੁ ਧਨੁ ਨਿਰਮਲੁ ਅਤਿ ਅਪਾਰੁ ॥ ਗੁਰ ਕੈ ਸਬਦਿ ਭਰੇ ਭੰਡਾਰਾ ॥ ਨਾਮ ਧਨ ਬਿਨੁ ਹੋਰ ਸਭ ਬਿਖੁ ਜਾਣੁ ॥ ਮਾਇਆ ਮੋਹਿ ਜਲੈ ਅਭਿਮਾਨੁ ॥ ੧ ॥ ਗੁਰਮੁਖਿ ਹਰਿ ਰਸੁ ਚਾਖੈ ਕੋਇ ॥ ਤਿਸੁ ਸਦਾ ਅਨੰਦੁ ਹੋਵੈ ਦਿਨੁ ਰਾਤੀ ਪੂਰੈ ਭਾਗਿ ਪਰਾਪਤਿ ਹੋਇ ॥ ਰਹਾਉ ॥ ਸਬਦੁ ਦੀਪਕੁ ਵਰਤੈ ਤਿਹੁ ਲੋਇ ॥ ਜੋ ਚਾਖੈ ਸੋ ਨਿਰਮਲੁ ਹੋਇ ॥ ਨਿਰਮਲ ਨਾਮਿ ਹਉਮੈ ਮਲੁ ਧੋਇ ॥ ਸਾਚੀ ਭਗਤਿ ਸਦਾ ਸੁਖੁ ਹੋਇ ॥ ੨ ॥ ਜਿਨਿ ਹਰਿ ਰਸੁ ਚਾਖਿਆ ਸੋ ਹਰਿ ਜਨੁ ਲੋਗੁ ॥ ਤਿਸੁ ਸਦਾ ਹਰਖੁ ਨਾਹੀ ਕਦੇ ਸੋਗੁ ॥ ਆਪਿ ਮੁਕਤੁ ਅਵਰਾ ਮੁਕਤੁ ਕਰਾਵੈ ॥ ਹਰਿ ਨਾਮੁ ਜਪੈ ਹਰਿ ਤੇ ਸੁਖੁ ਪਾਵੈ ॥ ੩ ॥ ਬਿਨੁ ਸਤਿਗੁਰ ਸਭ ਮੁਈ ਬਿਲਲਾਇ ॥ ਅਨਦਿਨੁ ਦਾਝਹਿ ਸਾਤਿ ਨ ਪਾਇ ॥ ਸਤਿਗੁਰੁ ਮਿਲੈ ਸਭੁ ਤ੍ਰਿਸਨ ਬੁਝਾਏ ॥ ਨਾਨਕ ਨਾਮਿ ਸਾਂਤਿ ਸੁਖੁ ਪਾਏ ॥ ੪ ॥ ੨ ॥

# ਪ੍ਰਾਕ੍ਥਨ :-

ਇਹ ਪਾਵਨ ਸ਼ਬਦ ਤੀਸਰੇ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਦਾ ਧਨਾਸਰੀ ਰਾਗ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਦੇ ਆਰੰਭ ਅੰਦਰ ਹਰੀ ਨਾਮ ਧਨ ਨੂੰ ਨਿਰਮਲ ਅਤੇ ਅਪਾਰ ਦੱਸਿਆ ਹੈ। ਇਸ ਨਾਮ ਧਨ ਤੋਂ ਬਿਨਾਂ ਹੋਰ ਸਾਰਾ ਕੁਝ ਜ਼ਹਿਰ ਰੂਪ ਕਥਨ ਕੀਤਾ ਹੈ:

***ਨਾਮ ਧਨ ਬਿਨੁ ਹੋਰ ਸਭ ਬਿਖੁ ਜਾਣੁ॥***

ਅਤੇ ਇਸ ਜ਼ਹਿਰ ਰੂਪ ਝੂਠੇ ਧਨ ਦੇ ਮੋਹ ਅਤੇ ਹੰਕਾਰ ਅੰਦਰ ਮਨੁੱਖ ਨੂੰ ਸੜਦਾ ਦਰਸਾਇਆ ਹੈ।

## ਵਿਸ਼ਾ—ਰਾਮੁ ਨਾਮੁ ਧਨੁ ਨਿਰਮਲੋ

ਪਾਵਨ ਗੁਰਬਾਣੀ ਦੇ ਅੰਦਰ ਜਿਥੇ ਦੁਨੀਆਵੀ ਧਨ ਨੂੰ ਕੱਚਾ ਤੇ ਝੂਠਾ ਦੱਸਿਆ ਹੈ, ਸੱਚੇ ਨਾਮ ਧਨ ਨੂੰ ਅਖੁੱਟ ਤੇ ਅਮੁੱਕ ਵਰਨਣ ਕੀਤਾ ਹੈ, ਉਥੇ ਨਾਲ ਹੀ ਸੱਚੇ ਨਾਮ ਧਨ ਨੂੰ ਨਿਰਮਲ ਵੀ ਕਥਨ ਕੀਤਾ ਹੈ। ਝੂਠੇ ਦੁਨੀਆਵੀ ਧਨ ਨੂੰ ਮੈਲਾ ਧਨ ਤੇ ਜ਼ਹਿਰ ਰੂਪ ਦਰਸਾਇਆ ਹੈ। ਮੈਲੀ ਵਸਤੂ ਨਾਲ ਛੋਹਿਆਂ, ਹਰ ਚੀਜ਼ ਮੈਲੀ ਹੋ ਜਾਂਦੀ ਹੈ। ਮੈਲੇ ਕੱਪੜਿਆਂ ਵਾਲਾ ਮਨੁੱਖ ਜਦ ਕਿਸੇ ਨਾਲ ਛੂੰਹਦਾ ਹੈ ਤਾਂ ਦੂਜਿਆਂ ਦੇ ਕੱਪੜੇ ਵੀ ਮੈਲੇ ਕਰ ਦਿੰਦਾ ਹੈ। ਮਲੀਨ ਕੱਪੜਿਆਂ ਦਾ ਅਸਰ ਤਨ ਉੱਪਰ ਭੀ ਹੁੰਦਾ ਹੈ। ਜਿਸ ਸਰੀਰ ਉੱਪਰ ਮੈਲੇ ਬਸਤਰ ਪਹਿਨੇ ਜਾਂਦੇ ਹਨ, ਉਹ ਸਰੀਰ ਵੀ ਮੈਲਾ ਹੋ ਜਾਂਦਾ ਹੈ। ਮੈਲੇ ਸਰੀਰ ਦਾ ਅਸਰ ਮਨ ਉੱਪਰ ਭੀ ਹੁੰਦਾ ਹੈ ਅਤੇ ਉਸ ਅਸਰ ਨਾਲ ਮਨ ਮੈਲਾ ਹੋ ਜਾਂਦਾ ਹੈ। ਮਲੀਨ ਮਨ ਵਾਲਾ ਮਨੁੱਖ ਜਦ ਦੂਜਿਆਂ ਕੋਲ ਬੈਠਦਾ ਹੈ ਤਾਂ ਦੂਸਰੇ ਸੰਗੀਆਂ ਦਾ ਭੀ ਮਨ ਮੈਲਾ ਹੋ ਜਾਂਦਾ ਹੈ। ਜੇਕਰ ਮੈਲੀ ਵਸਤੂ ਦਾ ਤਨ ਅਤੇ ਮਨ ਉੱਪਰ ਅਸਰ ਹੁੰਦਾ ਹੈ, ਤਾਂ ਫਿਰ ਨਿਰਮਲ ਵਸਤੂ ਦਾ ਮਨ ਉੱਪਰ ਕਿਉਂ ਨਹੀਂ ਅਸਰ ਹੋਵੇਗਾ? ਇਸ ਕਰਕੇ ਦੁਨੀਆਵੀ ਧਨ ਨੂੰ ਮੈਲਾ ਮੰਨਿਆ ਹੈ। ਇਸ ਧਨ ਨਾਲ ਵੀ ਮਨੁੱਖ ਦਾ ਮਨ ਮਲੀਨ ਹੋ ਜਾਂਦਾ ਹੈ, ਪਰ ਇਸ ਦੀ ਮਲੀਨਤਾ ਨੂੰ ਨਾਮ ਧਨ ਧੋ ਕੇ ਮਲੀਨ ਮਨ ਵਾਲੇ ਨੂੰ ਵੀ ਨਿਰਮਲ ਕਰ ਦਿੰਦਾ ਹੈ। ਗੁਰਦੇਵ ਨੇ ਗੁਰਬਾਣੀ ਅੰਦਰ ਕਥਨ ਕੀਤਾ ਹੈ ਕਿ ਮੈਲ ਜਿਸ ਤਰ੍ਹਾਂ ਹੱਥਾਂ ਪੈਰਾਂ ਤੇ ਸਰੀਰ ਦੀ ਪਾਣੀ ਧੋਣ 'ਤੇ ਦੂਰ ਹੋ ਜਾਂਦੀ ਹੈ, ਬਸਤਰ ਮਲੀਨ ਹੋਇਆ ਪਾਣੀ ਅਤੇ ਸਾਬਣ ਨਾਲ ਸਾਫ਼ ਹੋ ਜਾਂਦਾ ਹੈ, ਇਸੇ ਤਰ੍ਹਾਂ ਮਨੁੱਖ ਦਾ ਮਲੀਨ ਮਨ ਅਤੇ ਬੁੱਧੀ ਪਾਪਾਂ ਤੇ ਵਿਕਾਰਾਂ ਦੀ ਸੰਗਤ ਕਰਕੇ ਜੋ ਮਲੀਨ ਹੋਇਆ ਹੈ, ਉਹ ਨਿਰਮਲ ਨਾਮ ਨਾਲ ਪਵਿੱਤਰ ਹੋ ਜਾਂਦਾ ਹੈ:

***ਭਰੀਐ ਹਥੁ ਪੈਰੁ ਤਨੁ ਦੇਹ॥ ਪਾਣੀ ਧੋਤੈ ਉਤਰਸੁ ਖੇਹ॥***
***ਮੂਤ ਪਲੀਤੀ ਕਪੜੁ ਹੋਇ॥ ਦੇ ਸਾਬੂਣੁ ਲਈਐ ਓਹੁ ਧੋਇ॥***
***ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥***

(ਜਪੁਜੀ ਸਾਹਿਬ)

ਭਗਤ ਕਬੀਰ ਜੀ ਦਾ ਸੁੰਦਰ ਫ਼ੁਰਮਾਨ ਹੈ, ਕਿ ਇਸ ਨਿਰਮਲ ਨਾਮ ਧਨ ਤੋਂ ਬਿਨਾਂ ਵਿਕਾਰਾਂ ਦੀ ਮੈਲ ਨਾਲ ਵੱਡੇ-ਵੱਡੇ ਦੇਵਤੇ ਅਤੇ ਸਾਰਾ ਸੰਸਾਰ ਹੀ ਮੈਲਾ ਹੋ ਰਿਹਾ ਹੈ। ਇਕ ਹਰੀ ਨਾਮ ਧਨ ਹੀ ਨਿਰਮਲ ਹੈ :

***ਮੈਲਾ ਬ੍ਰਹਮਾ ਮੈਲਾ ਇੰਦੁ॥***
***ਰਵਿ ਮੈਲਾ ਮੈਲਾ ਹੈ ਚੰਦੁ॥***
***ਮੈਲਾ ਮਲਤਾ ਇਹੁ ਸੰਸਾਰੁ॥***
***ਇਕੁ ਹਰਿ ਨਿਰਮਲੁ ਜਾ ਕਾ ਅੰਤੁ ਨ ਪਾਰੁ॥***

(ਅੰਗ ੧੧੫੮)

## ਸਾਖੀ—ਬਾਬਾ ਮੋਹਰੀ ਜੀ ਦੀ

ਗੁਰ ਪ੍ਰਤਾਪ ਸੂਰਜ ਗ੍ਰੰਥ ਅੰਦਰ ਆਏ ਜ਼ਿਕਰ ਅਨੁਸਾਰ ਧੰਨ ਪਰਮ ਕ੍ਰਿਪਾਲੂ ਸ੍ਰੀ ਗੁਰੂ ਅਮਰਦਾਸ ਜੀ ਗੋਇੰਦਵਾਲ ਸਾਹਿਬ ਅੰਦਰ ਸੁਭਾਇਮਾਨ ਹੋ ਕੇ ਸੰਗਤਾਂ ਨੂੰ ਦਰਸ਼ਨ ਉਪਦੇਸ਼ ਦੇ ਕੇ ਤਾਰ ਰਹੇ ਸਨ। ਆਪ ਜੀ ਨੇ ਜਗਤ ਜੀਆਂ ਨੂੰ ਤਾਰਨ ਵਾਸਤੇ ਗੋਇੰਦਵਾਲ ਵਿਚ ੮੪ ਕੱਟਣ ਲਈ ਬਾਉਲੀ ਸਾਹਿਬ ਤੀਰਥ ਦੀ ਰਚਨਾ ਕੀਤੀ। ਸਰੀਰਕ ਤੌਰ ਤੇ ਭੁੱਖਿਆਂ ਦੀ ਭੁੱਖ ਦੂਰ ਕਰਨ ਲਈ ਅੱਠੇ ਪਹਿਰ ਗੁਰੂ ਕੇ ਲੰਗਰ ਵਰਤਦੇ ਸਨ। ਕਿਧਰੇ ਰੋਗੀਆਂ, ਕੁਸ਼ਟੀਆਂ ਦੇ ਇਲਾਜ ਕੀਤੇ ਜਾ ਰਹੇ ਸਨ। ਇਸੇ ਕਰਕੇ ਭੱਟਾਂ ਨੇ ਗੁਰਦੇਵ ਦੀ ਸਿਫਤ ਕਰਦਿਆਂ ਕਹਿ ਦਿੱਤਾ ਹੈ :

***ਭਲੇ ਅਮਰਦਾਸ ਗੁਣ ਤੇਰੇ, ਤੇਰੀ ਉਪਮਾ ਤੋਹਿ ਬਨਿ ਆਵੈ॥***

(ਅੰਗ ੧੩੯੬)

ਹਜ਼ੂਰ ਦੇ ਦਰਸ਼ਨ ਅਤੇ ਬਾਉਲੀ ਸਾਹਿਬ ਦੇ ਇਸ਼ਨਾਨ ਕਰਨ ਲਈ ਚੌਹਾਂ ਦਿਸ਼ਾਵਾਂ ਤੋਂ ਬੇਅੰਤ ਸੰਗਤਾਂ ਗੋਇੰਦਵਾਲ ਸਾਹਿਬ ਆਉਂਦੀਆਂ ਸਨ। ਹਜ਼ੂਰ ਦੇ ਹੁਕਮ ਅਨੁਸਾਰ "ਪਹਿਲੇ ਪੰਗਤ ਪਾਛੈ ਸੰਗਤ" ਲੰਗਰ ਪ੍ਰਸ਼ਾਦਾ ਛੱਕ ਕੇ ਬੇਅੰਤ ਸੰਗਤਾਂ ਆਪਣੀ ਕਿਰਤ ਵਿਰਤ ਨੂੰ ਸਫਲਾ ਕਰਨ ਲਈ ਗੁਰੂ ਜੀ ਦੇ ਅੱਗੇ ਧਨ ਅਰਪਨ ਕਰਕੇ ਮੱਥਾ ਟੇਕਦੀਆਂ ਸਨ। ਧਨ ਦੇ ਢੇਰ ਲੱਗ ਜਾਇਆ ਕਰਦੇ ਸਨ। ਗੁਰਦੇਵ ਉਸ ਧਨ ਨੂੰ ਲੰਗਰ ਦੀਆਂ ਰਸਦਾਂ ਅਤੇ ਸੰਗਤਾਂ ਲਈ ਖ਼ਰਚ ਦਿਆ ਕਰਦੇ ਸਨ। ਇਸ ਸੰਗਤਾਂ ਵੱਲੋਂ ਆਏ ਧਨ ਦੀ ਸੰਭਾਲ ਗੁਰੂ ਕੇ ਮੁੱਖੀ ਸਿੱਖ ਹੀ ਕਰਿਆ ਕਰਦੇ ਸਨ। ਇਕ ਦਿਨ ਗਰਮੀ ਦੇ ਮੌਸਮ ਵਿਚ ਸੰਗਤਾਂ ਦਾ ਬਹੁਤ ਇਕੱਠ ਹੋਇਆ ਹੈ। ਇਸ ਦੁਨੀਆਵੀ ਧਨ ਦਾ ਢੇਰ ਗੁਰੂ ਜੀ ਦੇ ਅੱਗੇ ਲੱਗਿਆ ਪਿਆ ਹੈ। ਗੁਰਦੇਵ ਦੇ ਛੋਟੇ ਸਾਹਿਬਜ਼ਾਦੇ ਬਾਬਾ ਮੋਹਰੀ ਜੀ ਦੇ ਮਨ ਵਿਚ ਫੁਰਨਾ ਬੁੱਝ ਕੇ ਅੰਤਰਜਾਮੀ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਨੇ ਕਿਹਾ, ਸਪੁੱਤਰ ਮੋਹਰੀ ਜੀ, ਇਸ ਧਨ ਦੀ ਗਿਣਤੀ ਕਰਕੇ ਇਸ ਨੂੰ ਸੰਭਾਲ ਲਉ। ਬਾਬਾ ਮੋਹਰੀ ਜੀ ਖ਼ੁਸ਼ ਹੋ ਕੇ ਧਨ ਦੀ ਗਿਣਤੀ ਕਰਨ ਲੱਗੇ ਹਨ। ਗਰਮੀ ਦਾ ਮੌਸਮ ਸੀ। ਧਨ ਗਿਣਦਿਆਂ ਤੇ ਇਕੱਠਾ ਕਰਦਿਆਂ ਸਰੀਰ ਮੁੜਕੋ-ਮੁੜਕੀ ਹੋ ਗਿਆ। ਮੁੱਖ ਤੋਂ ਪਸੀਨਾ ਪੂੰਝਦਿਆਂ ਧਨ ਨਾਲ ਕਾਲੇ

ਹੋਏ ਹੱਥਾਂ ਦੀ ਕਾਲਖ ਮੁਖ ਤੇ ਸਰੀਰ ਉੱਪਰ ਲੱਗ ਗਈ। ਮੋਹਰੀ ਜੀ ਵੱਲ ਵੇਖ ਕੇ ਗੁਰਦੇਵ ਕਹਿਣ ਲੱਗੇ, ਪੁੱਤਰ ਮੋਹਰੀ, ਜਿਸ ਧਨ ਨੂੰ ਗਿਣਦਿਆਂ ਹੀ ਮੁੱਖ ਉੱਪਰ ਕਾਲਖ ਲੱਗ ਗਈ ਹੈ, ਇਸ ਝੂਠੇ ਧਨ ਵਿਚ ਖਚਤ ਹੋਇਆ ਮਨ ਕਿਉਂ ਨਹੀਂ ਕਾਲਾ ਹੋਵੇਗਾ। ਮਨੁੱਖ ਤਾਂ ਪਹਿਲਾਂ ਹੀ ਜਨਮ ਜਨਮਾਂਤਰਾਂ ਦੀ ਪਾਪਾਂ ਰੂਪੀ ਕਾਲਖ ਨਾਲ ਮਲੀਨ ਹੈ, ਪਰ ਇਸ ਨੂੰ ਨਿਰਮਲ ਕਰਨ ਵਾਲਾ ਇਕ ਨਾਮ ਧਨ ਹੀ ਸੱਚਾ ਹੈ।

**ਧਨਾਸਰੀ ਮਹਲਾ ੩ ॥ ਹਰਿ ਨਾਮੁ ਧਨੁ ਨਿਰਮਲੁ ਅਤਿ ਅਪਾਰਾ ॥ ਗੁਰ ਕੈ ਸਬਦਿ ਭਰੇ ਭੰਡਾਰਾ ॥ ਨਾਮ ਧਨ ਬਿਨੁ ਹੋਰ ਸਭ ਬਿਖੁ ਜਾਣੁ ॥ ਮਾਇਆ ਮੋਹਿ ਜਲੈ ਅਭਿਮਾਨੁ ॥ ੧ ॥ ਗੁਰਮੁਖਿ ਹਰਿ ਰਸੁ ਚਾਖੈ ਕੋਇ ॥ ਤਿਸੁ ਸਦਾ ਅਨੰਦੁ ਹੋਵੈ ਦਿਨੁ ਰਾਤੀ ਪੂਰੈ ਭਾਗਿ ਪਰਾਪਤਿ ਹੋਇ ॥ ਰਹਾਉ ॥ ਸਬਦੁ ਦੀਪਕੁ ਵਰਤੈ ਤਿਹੁ ਲੋਇ ॥ ਜੋ ਚਾਖੈ ਸੋ ਨਿਰਮਲੁ ਹੋਇ ॥ ਨਿਰਮਲ ਨਾਮਿ ਹਉਮੈ ਮਲੁ ਧੋਇ ॥ ਸਾਚੀ ਭਗਤਿ ਸਦਾ ਸੁਖੁ ਹੋਇ ॥ ੨ ॥ ਜਿਨਿ ਹਰਿ ਰਸੁ ਚਾਖਿਆ ਸੋ ਹਰਿ ਜਨੁ ਲੋਗੁ ॥ ਤਿਸੁ ਸਦਾ ਹਰਖੁ ਨਾਹੀ ਕਦੇ ਸੋਗੁ ॥ ਆਪਿ ਮੁਕਤੁ ਅਵਰਾ ਮੁਕਤੁ ਕਰਾਵੈ ॥ ਹਰਿ ਨਾਮੁ ਜਪੈ ਹਰਿ ਤੇ ਸੁਖੁ ਪਾਵੈ ॥ ੩ ॥ ਬਿਨੁ ਸਤਿਗੁਰ ਸਭ ਮੁਈ ਬਿਲਲਾਇ ॥ ਅਨਦਿਨੁ ਦਾਝਹਿ ਸਾਤਿ ਨ ਪਾਇ ॥ ਸਤਿਗੁਰੁ ਮਿਲੈ ਸਭੁ ਤ੍ਰਿਸਨ ਬੁਝਾਏ ॥ ਨਾਨਕ ਨਾਮਿ ਸਾਂਤਿ ਸੁਖੁ ਪਾਏ ॥ ੪ ॥ ੨ ॥**

(ਅੰਗ ੬੬੪)

## ਪਦ ਅਰਥ :

ਨਿਰਮਲੁ-ਪਵਿੱਤਰ। ਅਤਿ-ਬਹੁਤ ਹੀ। ਅਪਾਰਾ-ਬੇਅੰਤ। ਬਿਖੁ-ਜ਼ਹਿਰ। ਅਭਿਮਾਨੁ-ਅਹੰਕਾਰ। ਗੁਰਮੁਖਿ-ਗੁਰੂ ਰਾਹੀਂ। ਦੀਪਕੁ-ਦੀਵਾ। ਹਰਖੁ-ਖ਼ੁਸ਼ੀ। ਸੋਗੁ-ਚਿੰਤਾ। ਮੁਕਤੁ-ਬੰਧਨ ਰਹਿਤ। ਅਵਰਾ-ਹੋਰਨਾਂ ਨੂੰ। ਬਿਲਲਾਇ-ਵਿਲਕ ਕੇ। ਦਾਝਹਿ-ਸੜਦੇ ਰਹਿੰਦੇ ਹਨ। ਸਾਂਤਿ-ਸ਼ਾਂਤੀ। ਤ੍ਰਿਸਨ-ਤ੍ਰਿਸ਼ਨਾ।

## ਅਰਥ :

(ਹੇ ਭਾਈ!) ਪ੍ਰਮਾਤਮਾ ਦਾ ਨਾਮ-ਧਨ ਬਹੁਤ ਹੀ ਪਵਿੱਤਰ ਤੇ ਬੇਅੰਤ ਹੈ। ਗੁਰੂ ਦੇ ਸ਼ਬਦ ਰਾਹੀਂ (ਨਾਮ ਧਨ ਨਾਲ) ਭਰੇ ਹੋਏ ਖ਼ਜ਼ਾਨੇ ਦਿਸ ਪੈਂਦੇ ਹਨ। (ਹੇ ਭਾਈ!) ਪ੍ਰਭੂ ਦੇ ਨਾਮ ਧਨ ਤੋਂ ਬਿਨਾਂ ਹੋਰ ਸਾਰੇ ਪਦਾਰਥ ਜ਼ਹਿਰ ਦੀ ਤਰ੍ਹਾਂ (ਦੁੱਖਦਾਈ) ਜਾਣੋ। ਇਸ ਮਾਇਆ ਦੇ ਮੋਹ ਤੇ ਅਹੰਕਾਰ ਵਿਚ (ਸੰਸਾਰਕ ਬਿਰਤੀ ਵਾਲੇ ਮਨੁੱਖ) ਸੜਦੇ ਰਹਿੰਦੇ ਹਨ। ੧। (ਹੇ ਭਾਈ!) ਕੋਈ ਗੁਰਮੁਖ ਗੁਰੂ ਰਾਹੀਂ (ਵਿਰਲਾ ਹੀ) ਹਰੀ ਨਾਮ ਰਸ ਚੱਖਦਾ ਹੈ। ਉਸ ਗੁਰਮੁਖ ਨੂੰ ਪੂਰੇ ਭਾਗਾਂ ਕਰਕੇ ਦਿਨ ਰਾਤ ਸਦਾ ਹਰੀ ਦਾ (ਆਤਮਿਕ)

ਅਨੰਦ (ਪ੍ਰਾਪਤ) ਹੁੰਦਾ ਹੈ। ਰਹਾਉ। (ਹੇ ਭਾਈ!) ਗੁਰ ਉਪਦੇਸ਼ ਰੂਪ ਸ਼ਬਦ ਦਾ ਦੀਵਾ ਤਿੰਨਾਂ ਲੋਕਾਂ ਵਿਚ ਪ੍ਰਕਾਸ਼ ਕਰਦਾ ਹੈ। ਜੋ ਮਨੁੱਖ ਗੁਰ-ਸ਼ਬਦ ਰਸ ਨੂੰ ਚੱਖਦਾ ਹੈ, ਉਹ ਪਵਿੱਤਰ ਹੋ ਜਾਂਦਾ ਹੈ। ਉਹ (ਪ੍ਰਭੂ ਦੇ) ਨਿਰਮਲ ਨਾਮ ਦੁਆਰਾ ਹਉਮੈ ਦੀ ਮੈਲ ਨੂੰ ਧੋ ਦਿੰਦਾ ਹੈ। ਸੱਚੀ (ਪ੍ਰਭੂ) ਦੀ ਭਗਤੀ ਕਰਨ ਨਾਲ ਸਦਾ ਸੁੱਖ ਹੁੰਦਾ ਹੈ। ੨।

(ਹੇ ਭਾਈ!) (ਸੰਸਾਰੀ) ਲੋਕਾਂ ਵਿਚੋਂ ਜਿਸ ਕਿਸੇ ਨੇ ਵੀ ਹਰੀ ਨਾਮ ਰਸ ਚੱਖਿਆ ਹੈ, ਉਹ ਹਰਿ ਜਨੁ=ਹਰੀ ਦਾ ਸੇਵਕ, (ਹਰਿ ਹੀ ਜਿਹਾ) ਹੈ। ਉਸ (ਹਰਿ ਜਨ) ਨੂੰ ਹਮੇਸ਼ਾਂ ਖ਼ੁਸ਼ੀ (ਬਣੀ ਰਹਿੰਦੀ ਹੈ), ਕਦੇ ਵੀ ਕੋਈ ਚਿੰਤਾ ਨਹੀਂ ਹੁੰਦੀ। ਉਹ (ਹਰਿ ਕਾ ਸੇਵਕ) ਆਪ (ਹਰ ਤਰ੍ਹਾਂ ਦੇ) ਬੰਧਨਾਂ ਤੋਂ ਮੁਕਤ ਹੈ ਤੇ ਹੋਰਨਾਂ (ਸੰਗੀਆਂ) ਨੂੰ ਮੁਕਤ ਕਰਵਾ ਦਿੰਦਾ ਹੈ। ਉਹ ਹਰੀ (ਪ੍ਰਭੂ) ਦਾ ਨਾਮ ਜਪਦਾ ਹੈ ਤੇ ਹਰੀ (ਪ੍ਰਮਾਤਮਾ) ਪਾਸੋਂ (ਸਦੀਵੀਂ) ਸੁੱਖ ਪਾ ਲੈਂਦਾ ਹੈ। ੩। (ਹੇ ਭਾਈ!) ਸਤਿਗੁਰੂ ਤੋਂ ਬਿਨਾਂ ਸਾਰੀ ਸ੍ਰਿਸ਼ਟੀ (ਨਿਗੁਰੀ, ਆਤਮਿਕ ਮੌਤ) ਮਰਦੀ ਹੋਈ (ਦੁੱਖੀ ਹੋਕੇ) ਵਿਲਕ ਰਹੀ ਹੈ। (ਐਸੇ ਜੀਵ ਤ੍ਰਿਸ਼ਨਾ ਤੇ ਵਿਕਾਰਾਂ ਦੀ) ਅੱਗ ਵਿਚ ਦਿਨ ਰਾਤ ਸੜਦੇ ਹਨ, ਪਰ ਸ਼ਾਂਤੀ ਨਹੀਂ ਪਾ ਸਕਦੇ। (ਹੇ ਭਾਈ!) ਜਿਸ ਮਨੁੱਖ ਨੂੰ ਸਤਿਗੁਰੂ ਮਿਲਦਾ ਹੈ, (ਗੁਰੂ ਨਾਮ ਦਾਨ ਦੇਕੇ) ਉਸ ਮਨੁੱਖ ਦੀ ਸਾਰੀ ਤ੍ਰਿਸ਼ਨਾ ਬੁਝਾ ਦਿੰਦਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਉਹ ਮਨੁੱਖ) ਨਾਮ ਸਿਮਰਨ ਵਿਚ ਜੁੜ ਕੇ ਆਤਮਿਕ ਸ਼ਾਂਤੀ ਤੇ (ਸੱਚਾ) ਸੁੱਖ ਪਾ ਲੈਂਦਾ ਹੈ। ੪। ੨।

## ਵਿਆਖਿਆ ਤੇ ਸਾਰੰਸ਼ :

ਇਥੇ ਨਿਰਮਲਤਾ ਉੱਪਰ ਸਾਖੀ ਦੇ ਰਹੇ ਹਾਂ ਜੋ ਸ੍ਰੀ ਗੁਰੂ ਪੰਥ ਪ੍ਰਕਾਸ਼ ਵਿਚ ਦਰਜ ਹੈ।

## ਸਾਖੀ— ਭਾਈ ਗੱਜਾ ਸਿੰਘ ਦੀ

'ਪੰਥ ਪ੍ਰਕਾਸ਼' ਵਿਚ ਵੀ ਨਿਰਮਲਤਾ ਬਾਰੇ ਜ਼ਿਕਰ ਆਉਂਦਾ ਹੈ ਅਤੇ ਜਿਹੜੇ ਨਾਮ-ਸਿਮਰਨ ਦੇ ਅਭਿਆਸ ਵਿਚ ਤਤਪਰ ਰਹਿੰਦੇ ਹਨ, ਅਸਲ ਵਿਚ ਉਹ ਨਿਰਮਲ ਹਨ। ਗਿਆਨੀ ਗਿਆਨ ਸਿੰਘ ਜੀ ਨੇ ਇਕ ਜਗ੍ਹਾ ਇਸ ਪ੍ਰਕਾਰ ਜ਼ਿਕਰ ਕੀਤਾ ਹੈ ਕਿ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਇਕ ਵਾਰੀ ਮਾਲਵੇ ਦੀ ਧਰਤੀ 'ਤੇ ਸਿਉ ਰਾਮ ਪਿੰਡ ਵੱਲ ਚਲੇ ਗਏ। ਉਸ ਪਿੰਡ ਵਿਚ ਕਾਲ ਪਿਆ ਸੀ। ਉੱਥੇ ਵਰਖਾ ਹੋਈ ਨੂੰ ਬਹੁਤ ਸਮਾਂ ਹੋ ਗਿਆ ਸੀ। ਫਸਲ ਨਾ ਹੋਈ ਤਾਂ ਕਾਲ ਐਸਾ ਪਿਆ ਸੀ ਕਿ ਉਥੇ ਅਤਿਅੰਤ ਗ਼ਰੀਬੀ ਸੀ। ਫਿਰ ਕਲਗੀਧਰ ਪਾਤਸ਼ਾਹ ਜੀ ਉਹਨਾਂ ਨੂੰ ਨਿਵਾਜਣ ਵਾਸਤੇ ਚਲੇ ਗਏ ਅਤੇ ਉਥੋਂ ਦੇ ਲੋਕੀਂ ਕਹਿਣ ਲੱਗੇ ਕਿ ਮਹਾਰਾਜ! ਸਾਡੇ ਵਿਚ ਇੰਨੀ ਸਮਰੱਥਾ ਨਹੀਂ ਕਿ ਅਸੀਂ ਤੁਹਾਡੇ ਸਾਰੇ ਸਿੰਘਾਂ ਨੂੰ ਲੰਗਰ ਇਕ ਥਾਂ ਛਕਾ ਸਕੀਏ। ਇਸ ਲਈ ਤੁਸੀਂ ਇਹ ਕਿਰਪਾ ਕਰ ਦੇਵੋ ਕਿ ਇਕੱਲੇ-ਇਕੱਲੇ ਸਿੰਘ ਨੂੰ ਸਾਡੇ ਘਰ ਭੇਜ ਦੇਵੋ ਤੇ ਸਾਡੇ ਕੋਲੋਂ ਜਿਹੋ ਜਿਹਾ ਲੰਗਰ ਛਕਾਇਆ ਜਾਵੇਗਾ, ਅਸੀਂ ਕੱਲੇ ਕੱਲੇ ਸਿੰਘ ਨੂੰ ਛੱਕਾ ਦੇਵਾਂਗੇ। ਹੁਣ ਜਿਹੜੇ ਸਿੰਘ ਸਾਹਿਬਾਂ ਦੇ ਨਾਲ ਸਨ, ਉਹ ਚੰਗੇ-ਚੰਗੇ ਪਦਾਰਥ ਛੱਕਣ ਵਾਲਿਆਂ ਵਿਚੋਂ ਸਨ, ਪਰ

ਸਾਹਿਬ ਤਾਂ ਉਥੇ ਚਲੇ ਗਏ, ਜਿਥੇ ਬਹੁਤ ਜ਼ਿਆਦਾ ਗ਼ਰੀਬੀ ਸੀ। ਸਾਰੇ ਸਿੰਘ ਵੱਖਰੇ-ਵੱਖਰੇ ਹੋ ਕੇ ਘਰਾਂ 'ਚ ਚਲੇ ਗਏ ਤੇ ਜਿਹੋ ਜਿਹਾ ਕਿਸੇ ਕੋਲ ਭੋਜਨ ਸੀ, ਉਹੋ ਜਿਹਾ ਉਹਨਾਂ ਨੇ ਖਵਾ ਦਿੱਤਾ। ਜਦੋਂ ਸਾਰੇ ਵਾਪਸ ਆ ਗਏ ਤਾਂ ਉਹਨਾਂ ਵਿਚੋਂ ਇਕ ਭਾਈ ਗੱਜਾ ਸਿੰਘ ਬਹੁਤ ਕਮਾਈ ਵਾਲਾ ਸਿੱਖ ਸੀ, ਪਰ ਕਲਗੀਧਰ ਜੀ ਤਾਂ ਅੰਤਰਜਾਮੀ ਹਨ, ਉਹ ਸਾਰਿਆਂ ਦੇ ਦਿਲਾਂ ਦੀ ਜਾਣਨ ਵਾਲੇ ਹਨ ਅਤੇ ਜਿਹੜਾ ਨਿਰਮਲ ਮਨ ਵਾਲਾ ਸਿੱਖ ਸੀ, ਉਸ ਕੋਲੋਂ ਹਜ਼ੂਰ ਨੇ ਪੁੱਛਿਆ ਕਿ ਦੱਸ, ਤੈਨੂੰ ਕੀ ਛਕਾਇਆ ਹੈ ? ਇਹ ਸੁਣ ਕੇ ਛਕਾਉਣ ਵਾਲਾ ਥੋੜਾ ਸ਼ਰਮਿੰਦਾ ਹੁੰਦਾ ਹੈ ਤੇ ਉਸ ਨੇ ਅੱਖਾਂ ਨੀਵੀਆਂ ਪਾ ਲਈਆਂ। ਪਰ ਉਹ ਨਿਮਰਲ ਮਨ ਵਾਲਾ ਗੱਜਾ ਸਿੰਘ ਗੁਰੂ ਜੀ ਨੂੰ ਕਹਿਣ ਲੱਗਾ ਕਿ ਜੋ ਅੱਜ ਭੋਜਨ ਛੱਕ ਕੇ ਆਨੰਦ ਆਇਆ ਹੈ ਮੈਨੂੰ, ਇਹੋ ਜਿਹਾ ਸਾਰੀ ਜ਼ਿੰਦਗੀ ਵੀ ਮੈਨੂੰ ਆਨੰਦ ਨਹੀਂ ਆਇਆ ਹੋਣਾ। ਇਹ ਸਭ ਕੁੱਝ ਸੁਣ ਕੇ ਬਾਕੀ ਦੇ ਸਿੰਘ ਸੋਚੀਂ ਪੈ ਗਏ ਕਿ ਹਜ਼ੂਰ ਨੇ ਜ਼ਰੂਰ ਇਸ ਨੂੰ ਚੰਗੇ ਘਰ ਭੇਜ ਦਿੱਤਾ ਹੋਵੇਗਾ। ਇਸ ਨੂੰ ਤਾਂ ਕਾਫ਼ੀ ਲੰਗਰ-ਪ੍ਰਸ਼ਾਦਿ ਛੱਕਣ ਨੂੰ ਮਿਲਿਆ ਹੋਵੇਗਾ। ਫਿਰ ਮਹਾਰਾਜ ਕਹਿਣ ਲੱਗੇ ਕਿ ਦੱਸ, ਤੈਨੂੰ ਕੀ ਛਕਾਇਆ ਹੈ ? ਪਰ ਉਹ ਦੱਸੇ ਕੁਝ ਵੀ ਨਾ ਤੇ ਇਹੋ ਕਹੀ ਜਾਏ ਕਿ ਜੋ ਕੁੱਝ ਮੈਂ ਅੱਜ ਛਕਿਆ ਹੈ, ਇਹੋ ਜਿਹਾ ਆਨੰਦ ਮੈਨੂੰ ਜ਼ਿੰਦਗੀ ਵਿਚ ਕਦੇ ਹੀ ਨਹੀਂ ਆਇਆ। ਉਸ ਦੇ ਨਾ ਕੁੱਝ ਦੱਸਣ ਤੇ ਸਤਿਗੁਰੂ ਜੀ ਫਿਰ ਉਸ ਘਰ ਵਾਲੇ ਸਿੱਖ ਨੂੰ ਕਹਿਣ ਲੱਗੇ ਕਿ ਤੂੰ ਦੱਸ, ਤੂੰ ਇਸਨੂੰ ਕੀ ਛਕਾਇਆ ਹੈ ? ਉਹ ਕਹਿਣ ਲੱਗਾ ਕਿ ਸਤਿਗੁਰੂ ਜੀਉ ! ਛਕਾਉਣਾ ਕੀ ਸੀ! ਘਰ ਵਿਚ ਤਾਂ ਕੁੱਝ ਵੀ ਨਹੀਂ ਸੀ। ਬਲਕਿ ਖੇਤਾਂ ਵਿਚ ਜਿਹੜੀਆਂ ਜੰਡਾਂ ਨੂੰ ਫਲੀਆਂ ਲੱਗੀਆਂ ਹੋਈਆਂ ਸਨ, ਉਹ ਫਲੀਆਂ ਲਿਆ ਕੇ ਮੈਂ ਘਰ ਵਿਚ ਰੱਖੀਆਂ ਸਨ ਤੇ ਰਾਤ ਪਾਣੀ ਵਿਚ ਭਿਉਂ ਕੇ ਰੱਖ ਦਿੱਤੀਆਂ ਸਨ ਅਤੇ ਉਹੀ ਜੰਡਾਂ ਦੀਆਂ ਫਲੀਆਂ ਮੈਂ ਇਸ ਨੂੰ ਛਕਾਈਆਂ ਹਨ। ਸਤਿਗੁਰੂ ਜੀ ਕਹਿਣ ਲੱਗੇ ਕਿ ਭਾਈ, ਇਹ ਨਿਰਮਲ ਸੁਭਾਅ ਦਾ ਹੈ, ਇਸ ਲਈ ਇਹ ਪਦਾਰਥਾਂ ਦੇ ਰਸ ਵਿਚ ਨਹੀਂ, ਬਲਕਿ ਨਾਮ ਦੇ ਰਸ ਵਿਚ ਭਰਪੂਰ ਹੈ। ਸਤਿਗੁਰੂ ਜੀ ਇਹ ਗੱਲ ਕਹਿਣ ਲੱਗੇ ਕਿ ਜਿਥੇ ਸਿੰਘ ਦੀ ਇਹ ਅਵੱਸਥਾ ਹੋਵੇਗੀ, ਉਸ ਨੂੰ ਹਰ ਚੀਜ਼ ਨਾਲੋਂ ਨਾਮ ਸੁਆਦ ਲੱਗੇਗਾ ਅਤੇ ਗੁਰੂ ਜੀ ਨੇ ਇਹ ਵੀ ਕਿਹਾ ਕਿ ਇਹ ਨਿਰਮਲ ਮਨ ਵਾਲਾ 'ਨਿਰਮਲ' ਹੈ। ਸੋ ਸਤਿਗੁਰੂ ਜੀ ਨੇ ਜੋ ਸਾਡੇ ਮਨ ਨੂੰ ਪਾਪਾਂ ਦੀ ਮੈਲ ਲੱਗੀ ਹੈ, ਉਹ ਸਾਨੂੰ ਨਿਵਿਰਤ ਕਰਨ ਦੀ ਸਿੱਖਿਆ ਦਿੱਤੀ ਹੈ। ਇਸ ਸਬੰਧ ਵਿਚ ਭਾਈ ਗੁਰਦਾਸ ਜੀ ਦਾ ਸੁੰਦਰ ਕਥਨ ਹੈ।

***ਜੈਸੇ ਧੋਬੀ ਸਾਬਨ ਲਗਾਇ ਪੀਟੈ ਪਾਥਰ ਸੈ,***
***ਨਿਰਮਲ ਕਰਤ ਹੈ ਬਸਨ ਮਲੀਨ ਕਉ॥***
***ਜੈਸੇ ਤਉ ਸੁਨਾਰ ਬਾਰੰ ਬਾਰ ਗਾਰ ਗਾਰ ਢਾਰ,***
***ਕਰਤ ਅਸੁਧ ਸੁਧ ਕੰਚਨ ਕੁਲੀਨ ਕਉ॥***
***ਜੈਸੇ ਤਉ ਪਵਨ ਝਕਝੋਰਤ ਬਿਰਖ ਮਿਲਿ,***
***ਮਲਯ ਗੰਧ ਕਰਤ ਹੈ ਚੰਦਨ ਪ੍ਰਬੀਨ ਕਉ॥***

***ਤੈਸੇ ਗੁਰ ਸਿਖਨ ਦਿਖਾਇ ਕੈ ਬ੍ਰਿਥਾ ਬਿਬੇਕ,***
***ਮਾਇਆ ਮਲ ਕਾਟਿ ਕਰੈ ਨਿਜ ਪਦ ਚੀਨ ਕਉ ॥੬੧੪॥***

(ਕਬਿੱਤ ਸਵੱਯੇ ਭਾ: ਗੁਰਦਾਸ ਜੀ)

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੮੫ (ਅੰਗ ੬੬੫)

## ਧਨਾਸਰੀ ਮਹਲਾ ੩ ॥

ਕਾਚਾ ਧਨੁ ਸੰਚਹਿ ਮੂਰਖ ਗਾਵਾਰ ॥ ਮਨਮੁਖ ਭੂਲੇ ਅੰਧ ਗਾਵਾਰ ॥ ਬਿਖਿਆ ਕੈ ਧਨਿ ਸਦਾ ਦੁਖੁ ਹੋਇ ॥ ਨਾ ਸਾਥਿ ਜਾਇ ਨ ਪਰਾਪਤਿ ਹੋਇ ॥ ੧ ॥ ਸਾਚਾ ਧਨੁ ਗੁਰਮਤੀ ਪਾਏ ॥ ਕਾਚਾ ਧਨੁ ਫੁਨਿ ਆਵੈ ਜਾਏ ॥ ਰਹਾਉ ॥ ਮਨਮੁਖਿ ਭੂਲੇ ਸਭਿ ਮਰਹਿ ਗਵਾਰ ॥ ਭਵਜਲਿ ਡੂਬੇ ਨ ਉਰਵਾਰਿ ਨ ਪਾਰਿ ॥ ਸਤਿਗੁਰੁ ਭੇਟੇ ਪੂਰੈ ਭਾਗਿ ॥ ਸਾਚਿ ਰਤੇ ਅਹਿਨਿਸਿ ਬੈਰਾਗਿ ॥ ੨ ॥ ਚਹੁ ਜੁਗ ਮਹਿ ਅੰਮ੍ਰਿਤੁ ਸਾਚੀ ਬਾਣੀ ॥ ਪੂਰੈ ਭਾਗਿ ਹਰਿ ਨਾਮਿ ਸਮਾਣੀ ॥ ਸਿਧ ਸਾਧਿਕ ਤਰਸਹਿ ਸਭਿ ਲੋਇ ॥ ਪੂਰੈ ਭਾਗਿ ਪਰਾਪਤਿ ਹੋਇ ॥ ੩ ॥ ਸਭੁ ਕਿਛੁ ਸਾਚਾ ਸਾਚਾ ਹੈ ਸੋਇ ॥ ਊਤਮ ਬ੍ਰਹਮੁ ਪਛਾਣੈ ਕੋਇ ॥ ਸਚੁ ਸਾਚਾ ਸਚੁ ਆਪਿ ਦ੍ਰਿੜਾਏ ॥ ਨਾਨਕ ਆਪੇ ਵੇਖੈ ਆਪੇ ਸਚਿ ਲਾਏ ॥ ੪ ॥ ੭ ॥

## ਪ੍ਰਾਕ੍ਥਨ :-

ਤੀਸਰੇ ਗੁਰਦੇਵ ਸ੍ਰੀ ਗੁਰੂ ਅਮਰਦਾਸ ਜੀ ਨੇ ਇਹ ਪਾਵਨ ਸ਼ਬਦ ਧਨਾਸਰੀ ਰਾਗੁ ਅੰਦਰ ਉਚਾਰਨ ਕੀਤਾ ਹੈ। ਇਸ ਦੇ ਆਰੰਭ ਅੰਦਰ ਗੁਰਦੇਵ ਨੇ ਦੁਨਿਆਵੀ ਧਨ ਨੂੰ ਕੱਚਾ ਧਨ ਕਿਹਾ ਹੈ ਅਤੇ ਇਸ ਨੂੰ ਇਕੱਠਾ ਕਰਨ ਵਾਲੇ ਨੂੰ ਮੂਰਖ ਤੇ ਬੇਸਮਝ ਦੱਸਿਆ ਹੈ। ਐਸੇ ਬੇਸਮਝ ਮਨਮੁੱਖ ਅੰਧੇ ਅਗਿਆਨੀ ਆਪਣੇ ਮਨੁੱਖਾ ਜਨਮ ਦੇ ਲਕਸ਼ ਨੂੰ ਭੁੱਲ ਕੇ ਇਸ ਕੱਚੇ ਧਨ ਨੂੰ ਇਕੱਠਾ ਕਰਨਾ ਹੀ ਆਪਣੇ ਜੀਵਨ ਦਾ ਮੁਖ ਮਨੋਰਥ ਮੰਨ ਕੇ ਦਿਨ ਰਾਤ ਇਸ ਦੀ ਇਕੱਤਰਤਾ ਵਿਚ ਭਟਕਦੇ ਫਿਰਦੇ ਹਨ। ਪਰ ਗੁਰਦੇਵ ਦਾ ਫ਼ੁਰਮਾਣ ਹੈ :

***ਬਿਖਿਆ ਕੈ ਧਨਿ ਸਦਾ ਦੁਖੁ ਹੋਇ॥***
***ਨਾ ਸਾਥਿ ਜਾਇ ਨ ਪਰਾਪਤਿ ਹੋਇ॥***

## ਵਿਸ਼ਾ—ਧਨ ਕਾਚਾ ਬਿਖੁ ਛਾਰੁ

ਸੰਸਾਰ ਦੇ ਅੰਦਰ ਕੱਚੀ ਚੀਜ਼ ਕੋਈ ਵੀ ਸੋਭਦੀ ਨਹੀਂ। ਹਰ ਇਕ ਵਸਤੂ ਨੂੰ ਖ਼ਰੀਦਣ ਲੱਗਿਆਂ, ਮਨੁੱਖ ਚੰਗੀ ਤਰ੍ਹਾਂ ਵੇਖਦਾ ਹੈ ਕਿ ਕਿਤੇ ਇਹ ਕੱਚੀ ਟੁੱਟ ਜਾਣ ਵਾਲੀ ਤਾਂ ਨਹੀਂ ਹੈ। ਪੱਕੀ ਚੀਜ਼ ਨੂੰ ਦੇਖ ਕੇ ਮਨੁੱਖ ਖ਼ਰੀਦਦਾ ਹੈ। ਕੱਚਾ ਫਲ ਵੀ ਕੌੜਾ ਤੇ ਬੇਸੁਆਦਾ ਹੁੰਦਾ ਹੈ। ਮਨੁੱਖ ਕੱਚੇ ਫਲ ਨੂੰ ਦੇਖ ਕੇ ਛੱਡ ਦਿੰਦਾ ਹੈ ਅਤੇ ਪੱਕਾ ਫਲ ਖ਼੍ਰੀਦਦਾ ਹੈ। ਕੱਚੀ ਕੰਧ ਉੱਤੇ ਪੱਕੇ ਤੇ ਉੱਚੇ ਮਹੱਲ ਨਹੀਂ ਉਸਾਰੇ ਜਾ ਸਕਦੇ। ਕੱਚੇ ਘੜੇ ਵਿਚ ਪਾਣੀ ਭਰ ਕੇ ਨਹੀਂ ਰੱਖਿਆ ਜਾ ਸਕਦਾ। ਜਿਸ ਤਰ੍ਹਾਂ ਕੱਚੀ ਵਸਤੂ ਦੀ ਕੋਈ ਮੁਨਿਆਦ ਨਹੀਂ ਹੁੰਦੀ, ਇਸੇ ਤਰ੍ਹਾਂ ਕੱਚੇ ਧਨ ਦੀ ਕੋਈ ਮੁਨਿਆਦ ਨਹੀਂ। ਪੱਕੀ ਤੇ ਸੱਚੀ ਹਰ ਵਸਤੂ ਦੀ ਮੁਨਿਆਦ ਮੰਨੀ ਹੈ, ਪਰ ਸੱਚੀ ਤਾਂ ਉਹ ਵਸਤੂ ਹੈ ਜੋ ਤਿੰਨ ਕਾਲ ਸੱਚੀ ਤੇ ਸਥਿਰ ਮੰਨੀ ਜਾਂਦੀ ਹੈ। ਇਸੇ ਤਰ੍ਹਾਂ ਨਾਮ ਧਨ ਤਿੰਨ ਕਾਲ ਸੱਚਾ ਹੈ। ਦੁਨਿਆਵੀ ਧਨ ਤਿੰਨ ਕਾਲ ਕੱਚਾ ਤੇ ਝੂਠਾ ਹੈ। ਇਸ ਕਰਕੇ ਗੁਰਦੇਵ ਦਾ ਪਾਵਨ ਫ਼ੁਰਮਾਨ ਹੈ :

***ਸਾਚਾ ਧਨੁ ਗੁਰਮਤੀ ਪਾਏ॥ ਕਾਚਾ ਧਨੁ ਫੁਨਿ ਆਵੈ ਜਾਇ॥***

ਇਹ ਕੱਚਾ ਧਨ ਪਾਪ ਕੀਤੇ ਬਿਨਾਂ ਇਕੱਠਾ ਨਹੀਂ ਹੁੰਦਾ, ਅਤੇ ਇਹ ਮਨੁੱਖ ਦੇ ਨਾਲ ਵੀ ਨਹੀਂ ਜਾਂਦਾ

***ਕਰਿ ਕਰਿ ਪਾਪ ਦਰਬੁ ਕੀਆ ਵਰਤਣ ਕੈ ਤਾਈ॥***
***ਮਾਟੀ ਸਿਉ ਮਾਟੀ ਰਲੀ ਨਾਗਾ ਉਠਿ ਜਾਈ॥***

(ਅੰਗ ੮੦੯)

***ਅਥਵਾ: ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ॥***

(ਅੰਗ ੪੧੭)

***ਅਥਵਾ: ਬਾਬਾ ਮਾਇਆ ਸਾਥਿ ਨ ਹੋਇ॥***
***ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ॥***

(ਅੰਗ ੫੯੫)

***ਅਥਵਾ: ਮਾਇਆ ਮਾਇਆ ਕਰਿ ਮੁਏ ਮਾਇਆ ਕਿਸੈ ਨ ਸਾਥਿ॥***
***ਹੰਸੁ ਚਲੈ ਉਠਿ ਡੁਮਣੋ ਮਾਇਆ ਭੂਲੀ ਆਥਿ॥***

(ਅੰਗ ੯੩੫)

ਇਸ ਕੱਚੇ ਧਨ ਨੂੰ ਪਾ ਕੇ ਸੰਸਾਰ ਦੇ ਅੰਦਰ ਅੱਜ ਤੱਕ ਕੋਈ ਮਨੁੱਖ ਤ੍ਰਿਪਤ ਨਹੀਂ ਹੋਇਆ। ਜਿੰਨਾ ਇਕੱਠਾ ਕਰਦਾ ਹੈ, ਉਤਨੀ ਹੋਰ ਤ੍ਰਿਸ਼ਨਾ ਵਧਦੀ ਜਾਂਦੀ ਹੈ :

***ਸਹਸ ਖਟੇ ਲਖ ਕਉ ਉਠਿ ਧਾਵੈ॥***
***ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ॥***

(ਅੰਗ ੨੭੮)

ਅਥਵਾ :

***ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ॥੧॥ਰਹਾਉ॥***
***ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ॥***
***ਪਰੈ ਪਰੈ ਹੀ ਕਉ ਲੁਝੀ ਹੇ॥***

(ਅੰਗ ੨੧੩)

## ਸਾਖੀ—ਕਾਰੂੰ ਬਾਦਸ਼ਾਹ ਦੀ

ਸ੍ਰੀ ਗੁਰੂ ਨਾਨਕ ਪ੍ਰਕਾਸ਼ ਅੰਦਰ ਆਏ ਜ਼ਿਕਰ ਅਨੁਸਾਰ ਜਗਤ ਗੁਰੂ ਜਗਤ ਜੀਆਂ ਨੂੰ ਤਾਰਦਿਆਂ ਹੋਇਆਂ ਸ੍ਰੀ ਗੁਰੂ ਨਾਨਕ ਦੇਵ ਜੀ ਜਿਸ ਸਮੇਂ ਰੂਮ ਵਲੈਤ ਗਏ ਹਨ। ਕਵੀ ਸੰਤੋਖ ਸਿੰਘ ਜੀ ਨੇ ਗੁਰੂ ਜੀ ਦਾ ਮੇਲ ਕਾਰੂੰ ਬਾਦਸ਼ਾਹ ਨਾਲ ਹੋਇਆ ਦੱਸਿਆ ਹੈ।

***ਰੂਮ ਵਿਲਾਇਤ ਜਹਾ ਮਹਾਨਾ। ਪਾਤਸ਼ਾਹ ਕਾਰੂ ਤਿਹ ਥਾਨਾ।***
***ਤਿਨੁ ਕਉ ਸੁਖ ਦੇਨੇ ਕੇ ਹੇਤਾ। ਪੁਰ ਪਰਵਿਸ਼ੇ ਬੇਦੀ ਕੁਲਕੇਤਾ।***
***ਕਾਰੂ ਕੇਰ ਦੁਰਗ ਜਿਹ ਭਾਰੀ। ਤਿਨ ਕੇ ਬੈਠੇ ਜਾਇ ਅਗਾਰੀ।***

(ਨਾਨਕ ਪ੍ਰਕਾਸ਼ ਉਤਰਾਰਧ ਅਧਿਆਇ-੧੯)

ਕਾਰੂੰ ਬਾਦਸ਼ਾਹ, ਵੰਸੀ ਜੰਨਸਰ **(Izhar)** ਦਾ ਪੁੱਤਰ ਸੀ, ਜੋ ਮਿਸਲ ਵਿਚ ਵੱਡਾ ਧਨੀ ਅਤੇ ਕੰਜੂਸਾਂ ਦਾ ਸਿਰਤਾਜ ਸੀ। ਇਸ ਦਾ ਜ਼ਿਕਰ ਕੁਰਾਨ ਵਿਚ ਵੀ ਆਇਆ ਹੈ। ਕੁਰਾਨ ਅਨੁਸਾਰ ਇਹ ਮੂਸਾ ਦੇ ਚਾਚੇ ਦਾ ਪੁੱਤਰ ਸੀ। ਯਹੂਦੀਆਂ ਦੇ ਗ੍ਰੰਥ **(Talmud)** ਵਿਚ ਲਿਖਿਆ ਹੈ ਕਿ ਕਾਰੂ ਦੇ ਖ਼ਜ਼ਾਨਿਆਂ ਦੀਆਂ

ਕੁੰਜੀਆਂ ੩੦੦ ਖੱਚਰਾਂ ਦਾ ਬੋਝ ਸੀ।

ਇਤਿਹਾਸ ਅੰਦਰ ਆਏ ਜ਼ਿਕਰ ਅਨੁਸਾਰ ਇਸ ਕਾਰੂੰ ਬਾਦਸ਼ਾਹ ਨੇ ੪੦ ਗੰਜ ਧਨ ਦੇ ਇਕੱਠੇ ਕਰ ਲਏ ਸਨ। ਇਕ ਵਾਰ ਇਸ ਨੇ ਆਪਣੀ ਨੌਜਵਾਨ ਲੜਕੀ ਬਾਜ਼ਾਰ ਵਿਚ ਖੜੀ ਕਰਕੇ ਕਿਹਾ ਕਿ ਜੋ ਇਕ ਰੁਪਇਆ ਦੇਵੇਗਾ, ਮੈਂ ਉਸਨੂੰ ਆਪਣੀ ਲੜਕੀ ਦੇ ਦੇਵਾਂਗਾ। ਇਕ ਮਾਂ ਨੇ ਪੁੱਤਰ ਵੱਲੋਂ ਇਕ ਰੁਪਿਆ ਮੰਗਣ ਤੇ ਕਿਹਾ, ਪੁੱਤਰ ! ਕਾਰੂੰ ਬਾਦਸ਼ਾਹ ਨੇ ਧਨ ਇਕੱਠਾ ਕਰਨ ਲਈ ਇਤਨੇ ਪਾਪ ਕੀਤੇ ਹਨ ਕਿ ਕਿਸੇ ਪਾਸੇ ਇਕ ਧੇਲਾ ਵੀ ਨਹੀਂ ਛੱਡਿਆ, ਮੈਂ ਤੈਨੂੰ ਰੁਪਈਆਂ ਕਿਥੋਂ ਦੇਵਾਂ। ਪੁੱਤਰ ਦੇ ਹਠ ਕਰਨ ਤੋਂ ਮਾਂ ਨੇ ਕਿਹਾ, ਤੇਰੇ ਬਾਪ ਦੇ ਮੂੰਹ ਵਿਚ ਰੁਪਈਆ ਪਾਕੇ ਕਬਰ ਵਿਚ ਦੱਬਿਆ ਸੀ। ਜੇ ਨਹੀਂ ਰਿਹਾ ਜਾਂਦਾ ਤਾਂ ਕਬਰ ਵਿਚੋਂ ਪੁੱਟ ਕੇ ਕੱਢ ਲੈ। ਮੁੰਡੇ ਨੇ ਇਸੇ ਤਰ੍ਹਾਂ ਕੀਤਾ। ਜਦ ਰਾਜੇ ਨੂੰ ਪਤਾ ਲੱਗਿਆ, ਕਿ ਰੁਪਈਆ ਕਬਰ ਪੁੱਟ ਕੇ ਮੁਰਦੇ ਦੇ ਮੂੰਹ ਵਿਚੋਂ ਕੱਢ ਕੇ ਲਿਆਂਦਾ ਹੈ ਤਾਂ ਬਾਦਸ਼ਾਹ ਨੇ ਆਪਣੀ ਲੜਕੀ ਤਾਂ ਉਸ ਮੁੰਡੇ ਨੂੰ ਕੀ ਦੇਣੀ ਸੀ, ਸਗੋਂ ਸਾਰੀਆਂ ਕਬਰਾਂ ਪੁੱਟਾ ਕੇ ਮੁਰਦਿਆਂ ਦੇ ਮੂੰਹੋਂ ਰੁਪਈਏ ਕੱਢ ਲਏ ਸਨ। ਗੁਰੂ ਨਾਨਕ ਦੇਵ ਜੀ ਨੇ ਇਸਨੂੰ ਠੀਕਰੀਆਂ ਇਕੱਠੀਆਂ ਕਰਨ ਦਾ ਫ਼ੁਰਮਾਨ ਦੇ ਕੇ ਸੁਮੱਤ ਬਖ਼ਸ਼ੀ ਸੀ ਕਿ ਕੁਝ ਵੀ ਨਾਲ ਨਹੀਂ ਜਾਣਾ। ਇਹ ਕੱਚਾ ਧਨ ਜੋ ਤੂੰ ੪੦ ਗੰਜ ਇਕੱਠਾ ਕੀਤਾ ਹੈ, ਇਹਨਾਂ ਠੀਕਰੀਆਂ ਜੈਸਾ ਹੀ ਹੈ। ਇਸ ਨੂੰ ਉਪਦੇਸ਼ ਦਿੰਦਿਆਂ "ਨਸੀਹਤਨਾਮਾ" ਉਚਾਰਨ ਕੀਤਾ :

***ਸੁਣ ਸ੍ਰੀ ਗਿਰਾ ਉਚਾਰੀ। ਦੇਨ ਨਸੀਹਤ ਸਭ ਸੁਖਕਾਰੀ।***
***ਅਥਵਾ : ਕੀਚੈ ਨੇਕ ਨਾਮੀ ਜੋ ਦੇਵੈ ਖੁਦਾਇ। ਜੋ ਦੀਸੇ ਜਿਮੀ ਪਰ ਸੋ ਹੋਸੀ ਫਨਾਇ।..***
***ਚਾਲੀ ਗੰਜ ਜੋੜੇ ਨ ਰਖਿਉ ਈਮਾਨ। ਦੇਖੋ ਰੇ ਕਾਰੂ ਜੋ ਹੋਤੇ ਪ੍ਰੇਸ਼ਾਨ।***

(ਨਾਨਕ ਪ੍ਰਕਾਸ਼, ਅਧਿਆਇ-੧੯)

ਪਰ ਅਜੋਕੇ ਵਿਦਵਾਨਾਂ ਨੇ ਗੁਰੂ ਨਾਨਕ ਦੇਵ ਜੀ ਦਾ ਮਿਲਾਪ ਹਰੂਨ ਬਾਦਸ਼ਾਹ ਨਾਲ ਹੋਇਆ ਕਥਨ ਕੀਤਾ ਹੈ, ਜੋ ਕਾਰੂੰ ਬਾਦਸ਼ਾਹ ਦੀ ਗੱਦੀ 'ਤੇ ਉਸ ਸਮੇਂ ਬੈਠਾ ਸੀ। ਇਹ ਵੀ ਕਾਰੂੰ ਜੈਸਾ ਹੀ ਕੰਜੂਸ ਤੇ ਪਾਪੀ ਸੀ। ਪਰ "ਮਹਾਨ ਕੋਸ਼" ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਮੇਲ ਸੁਲਤਾਨ ਸਲੀਮ ਖਾਨ ਅੱਵਲ ਨਾਲ ਹੋਇਆ ਦੱਸਿਆ ਹੈ, ਜੋ ਉਸ ਸਮੇਂ ਕਾਰੂੰ ਬਾਦਸ਼ਾਹ ਦੀ ਰਾਜ ਗੱਦੀ 'ਤੇ ਬੈਠਾ ਸੀ। ਗੁਰੂ ਨਾਨਕ ਦੇਵ ਜੀ ਦਾ ਕਿਸੇ ਵੀ ਨਾਮ ਦੇ ਬਾਦਸ਼ਾਹ ਨਾਲ ਮੇਲਾ ਹੋਇਆ ਹੋਵੇ। ਹਜ਼ੂਰ ਨੇ ਤਾਂ ਧਨ ਦੀ ਇਕੱਤਰਤਾ ਵਿਚ ਖਚਤ ਹੋਏ ਪਾਪੀ ਮਨੁੱਖ ਨੂੰ ਤਾਰਿਆ ਹੈ।

ਧਨਾਸਰੀ ਮਹਲਾ ੩ ॥ ਕਾਚਾ ਧਨੁ ਸੰਚਹਿ ਮੂਰਖ ਗਾਵਾਰ ॥ ਮਨਮੁਖ ਭੂਲੇ ਅੰਧ ਗਾਵਾਰ ॥ ਬਿਖਿਆ ਕੈ ਧਨਿ ਸਦਾ ਦੁਖੁ ਹੋਇ ॥ ਨਾ ਸਾਥਿ ਜਾਇ ਨ ਪਰਾਪਤਿ ਹੋਇ ॥ ੧ ॥ ਸਾਚਾ ਧਨੁ ਗੁਰਮਤੀ ਪਾਏ ॥ ਕਾਚਾ ਧਨੁ ਫੁਨਿ ਆਵੈ ਜਾਏ ॥ ਰਹਾਉ ॥ ਮਨਮੁਖਿ ਭੂਲੇ ਸਭਿ ਮਰਹਿ ਗਵਾਰ ॥ ਭਵਜਲਿ ਡੂਬੇ ਨ ਉਰਵਾਰਿ ਨ ਪਾਰਿ ॥ ਸਤਿਗੁਰੁ ਭੇਟੇ ਪੂਰੈ ਭਾਗਿ ॥ ਸਾਚਿ ਰਤੇ

**ਅਹਿਨਿਸਿ ਬੈਰਾਗਿ ॥ ੨ ॥ ਚਹੁ ਜੁਗ ਮਹਿ ਅੰਮ੍ਰਿਤੁ ਸਾਚੀ ਬਾਣੀ ॥ ਪੂਰੈ ਭਾਗਿ ਹਰਿ ਨਾਮਿ ਸਮਾਣੀ ॥ ਸਿਧ ਸਾਧਿਕ ਤਰਸਹਿ ਸਭਿ ਲੋਇ ॥ ਪੂਰੈ ਭਾਗਿ ਪਰਾਪਤਿ ਹੋਇ ॥ ੩ ॥ ਸਭੁ ਕਿਛੁ ਸਾਚਾ ਸਾਚਾ ਹੈ ਸੋਇ ॥ ਊਤਮ ਬ੍ਰਹਮੁ ਪਛਾਣੈ ਕੋਇ ॥ ਸਚੁ ਸਾਚਾ ਸਚੁ ਆਪਿ ਦ੍ਰਿੜਾਏ ॥ ਨਾਨਕ ਆਪੇ ਵੇਖੈ ਆਪੇ ਸਚਿ ਲਾਏ ॥ ੪ ॥ ੭ ॥**

## ਪਦ ਅਰਥ :

ਕਾਚਾ ਧਨੁ-ਨਾਸ਼ ਹੋਣ ਵਾਲਾ ਧਨ। ਸੰਚਹਿ-ਇਕੱਠਾ ਕਰਦੇ ਹਨ। ਬਿਖਿਆ ਕੈ ਧਨਿ-ਦੁਨਿਆਵੀ ਮਾਇਕੀ ਧਨ ਦੇ ਨਾਲ। ਪਰਾਪਤਿ-ਪ੍ਰਾਪਤੀ। ਸਾਚਾ ਧਨੁ-ਸੱਚਾ ਨਾਮ ਧਨ ਸਦਾ ਰਹਿਣ ਵਾਲਾ। ਫੁਨਿ-ਫਿਰ ਵਾਰ ਵਾਰ। ਉਰਵਾਰਿ-ਉਰਲਾ ਬੰਨਾ। ਪਾਰਿ-ਪਾਰਲਾ ਕਿਨਾਰਾ (ਬੰਨਾ)। ਭੇਟੇ-(ਮਿਲੇ। ਚਹੁ-ਚਾਰ। ਸਿਧ-ਕਰਾਮਾਤੀ ਸ਼ਕਤੀਆਂ ਵਾਲੇ (ਗਿਣਤੀ 'ਚ ੮੪ ਮੰਨੇ ਹਨ)। ਸਾਧਿਕ-ਸਾਧਨਾ ਕਰਨ ਵਾਲੇ ਜਗਿਆਸੂ। ਤਰਸਹਿ-ਤਰਸਦੇ ਰਹਿੰਦੇ ਹਨ। ਸਭਿ ਲੋਇ-ਸਾਰੇ ਲੋਕ। ਦ੍ਰਿੜਾਏ-ਦ੍ਰਿੜ੍ਹ, ਪੱਕਾ ਕਰਾਉਂਦਾ ਹੈ। ਸਚਿ-ਸੱਚ ਸਰੂਪ ਦੇ ਨਾਮ ਵਿਚ।

## ਅਰਥ :

(ਹੇ ਭਾਈ!) ਮਹਾਂ ਮੂਰਖ (ਲੋਕ) ਕੱਚਾ ਨਾਸ਼ ਹੋਣ ਵਾਲਾ ਧਨ ਇਕੱਠਾ ਕਰਦੇ ਹਨ। (ਉਹ) ਮਨਮੁੱਖ (ਮਨੁੱਖ) ਅੰਨ੍ਹੇ (ਅਗਿਆਨਤਾ) ਦੇ ਘੁਪ ਹਨੇਰੇ ਵਿਚ ਭੁੱਲੇ ਹੋਏ (ਕੱਚਾ ਧਨ ਇਕੱਠਾ ਕਰਦੇ) ਫਿਰਦੇ ਹਨ। ਇਸ ਦੁਨਿਆਵੀ ਮਾਇਕੀ ਧਨ ਕਰਕੇ ਸਦਾ (ਮਨੁੱਖ) ਨੂੰ ਦੁੱਖ ਹੀ ਹੁੰਦਾ ਹੈ। (ਇਹ ਕੱਚਾ ਧਨ) ਨਾ ਹੀ (ਮਨੁੱਖ) ਨਾਲ ਪ੍ਰਲੋਕ ਵਿਚ ਜਾਂਦਾ ਹੈ ਅਤੇ ਨਾ ਹੀ ਇਸ ਧਨ ਤੋਂ ਕੋਈ ਆਤਮਿਕ ਸੁੱਖ ਪ੍ਰਾਪਤ ਹੁੰਦਾ ਹੈ। ੧। ਹੇ ਭਾਈ! ਸੱਚਾ ਨਾਮ ਧਨ ਗੁਰੂ ਦੀ ਗੁਰਮਤਿ ਸਿੱਖਿਆ ਰਾਹੀਂ ਪਾਈਦਾ ਹੈ। ਪਰ ਕੱਚਾ (ਵਿਸ਼ਿਆਂ ਵਿਚ ਜੋੜਨ ਵਾਲਾ) ਧਨ ਆਉਂਦਾ ਜਾਂਦਾ ਰਹਿੰਦਾ ਹੈ। (ਭਾਵ ਨਾਸ਼ਵੰਤ ਹੈ)। ਰਹਾਉ। ਮਨਮੁੱਖ ਜੀਵ (ਇਸ ਝੂਠੀ ਮਾਇਆ ਵਿਚ ਲੱਗ ਕੇ ਪਰਮਾਤਮਾ ਤੋਂ) ਭੁੱਲੇ ਮੂਰਖ ਬੇਸਮਝ ਜੀਵ (ਮਾਇਆ ਖ਼ਾਤਰ) ਮਰਦੇ ਹਨ। (ਉਹ) ਸੰਸਾਰ ਸਮੁੰਦਰ ਵਿਚ ਡੁੱਬੇ ਹੋਏ ਹਨ। ਨਾ ਉਰਵਾਰ ਹਨ, ਨਾ ਹੀ ਪਾਰ ਹਨ (ਭਾਵ ਲੋਕ ਪ੍ਰਲੋਕ ਦੋਵਾਂ ਦੇ ਹੀ ਸੁੱਖ ਖੋ ਬੈਠੇ ਹਨ। ਜਿਨ੍ਹਾਂ ਨੂੰ ਪੂਰਨ ਭਾਗਾਂ ਕਰਕੇ ਪੂਰਨ ਗੁਰੂ ਦਾ ਮਿਲਾਪ ਹੋਇਆ ਹੈ, ਉਹ ਵੈਰਾਗ ਸਹਿਤ ਦਿਨ ਰਾਤ ਸੱਚੇ ਨਾਮ ਵਿਚ ਰੱਤੇ ਰਹਿੰਦੇ ਹਨ। ੨।

ਚੌਹਾਂ ਜੁਗਾਂ ਅੰਦਰ (ਭਾਵ ਹਰ ਸਮੇਂ) ਅੰਮ੍ਰਿਤ ਰੂਪ ਬਾਣੀ (ਤਿੰਨ ਕਾਲ) ਸੱਚੀ ਹੈ। ਪੂਰੇ ਭਾਗਾਂ ਨਾਲ (ਇਹ ਬਾਣੀ ਮਨੁੱਖ) ਨੂੰ ਹਰੀ ਨਾਮ ਵਿਚ ਜੋੜਦੀ ਹੈ। ਚਉਰਾਸੀ ਕਰਾਮਾਤੀ ਸ਼ਕਤੀਆਂ ਵਾਲੇ ਸਿਧ ਅਤੇ ਸਾਧਨਾ ਕਰਨ ਵਾਲੇ ਜਗਿਆਸੂ (ਇਸ ਸੱਚੀ ਬਾਣੀ ਨੂੰ ਪ੍ਰਾਪਤ ਕਰਨ ਵਾਸਤੇ) ਤਰਸਦੇ ਪਏ ਹਨ, (ਪ੍ਰੰਤੂ) ਪੂਰੇ ਭਾਗਾਂ ਨਾਲ (ਇਸ ਸੱਚੀ ਬਾਣੀ ਦੀ) ਪ੍ਰਾਪਤੀ ਹੁੰਦੀ ਹੈ। (ਭਾਵ ਹਿਰਦੇ ਵਿਚ ਵੱਸਦੀ ਹੈ। ੩। ਫਿਰ

ਉਸ ਦੀ ਦ੍ਰਿਸ਼ਟੀ ਵਿਚ ਸਭ ਕੁਝ ਸੱਚਾ ਹੀ ਭਾਸਦਾ ਹੈ, (ਕਿਉਂਕਿ) ਉਹ (ਸਾਰਿਆਂ ਵਿਚ) ਸੱਚਾ ਆਪ ਵੱਸ ਰਿਹਾ ਹੈ। ਐਸਾ ਕੋਈ ਉਤਮ ਪੁਰਖ ਹੀ ਬ੍ਰਹਮ ਨੂੰ ਸਾਰੇ ਪਛਾਣਦਾ ਹੈ। ਸੱਚ (ਪ੍ਰਮਾਤਮਾ) ਸਦਾ ਸੱਚਾ ਹੈ, ਅਤੇ ਉਹ ਆਪ ਹੀ ਸੱਚ ਸਰੂਪ ਨੂੰ ਦ੍ਰਿੜ੍ਹ ਕਰਾਉਂਦਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਉਹ ਆਪ ਹੀ ਸਭ ਦੇ ਕਰਮ ਵੇਖਦਾ ਹੈ ਤੇ ਆਪ ਹੀ ਸੱਚ ਵਿਚ ਜੋੜਦਾ ਹੈ। ੪। ੭।

## ਵਿਆਖਿਆ ਤੇ ਸਾਰੰਸ਼ :

## ਸਾਖੀ—ਦੁਨੀ ਚੰਦ ਸ਼ਾਹੂਕਾਰ ਦੀ

ਬਹੁਤ ਸਾਰੇ ਮਨੁੱਖ ਸਤਿਗੁਰ ਜੀ ਨੇ ਐਸੇ ਦੇਖੇ ਸਨ ਜਿਨ੍ਹਾਂ ਨੇ ਕੱਚਾ ਤੇ ਝੂਠਾ ਧਨ ਇਕੱਠਾ ਕਰਨ ਅੰਦਰ ਮਨ ਲਾਇਆ ਹੋਇਆ ਸੀ। ਵਿਖਾਵੇ ਅਤੇ ਝੂਠੇ ਦਾਅਵਿਆਂ ਅੰਦਰ ਜੀਵਨ ਅਜਾਈਂ ਗੁਆ ਰਹੇ ਸਨ। ਇਕ ਪੁਰਾਤਨ ਰਿਵਾਜ ਸੀ ਕਿ ਇਕ ਲੱਖ ਰੁਪਏ ਦਾ ਮਾਲਕ ਮਨੁੱਖ ਆਪਣੇ ਚੁਬਾਰੇ ਉਪਰ ਇਕ ਝੰਡਾ ਗੱਡ ਦਿੰਦਾ ਸੀ। ਦੋ ਲੱਖ ਵਾਲਾ ਦੋ ਝੰਡੇ ਗੱਡ ਦਿੰਦਾ ਸੀ। ਇੰਜ ਦੁਨੀ ਚੰਦ ਸੇਠ ਨੇ ਸੱਤ ਝੰਡੇ ਲਗਾਏ ਸਨ। ਸਤਿਗੁਰੂ ਜੀ ਨੇ ਇਸ ਮਦਹੋਸ਼ ਮਨੁੱਖ ਨੂੰ ਜਗਾਣ ਵਾਸਤੇ ਇਕ ਸੂਈ ਦੀ ਚੋਬ ਲਗਾਈ ਸੀ, ਭਾਵ ਦੁਨੀ ਚੰਦ ਨੂੰ ਇਕ ਸੂਈ ਦਿੱਤੀ ਸੀ ਤੇ ਕਿਹਾ ਸੀ ਕਿ ਇਸ ਨੂੰ ਸਾਡੀ ਅਮਾਨਤ ਸਮਝ ਕੇ ਰੱਖ ਲੈ, ਪ੍ਰਲੋਕ ਵਿਚ ਲਵਾਂਗੇ। ਜਦ ਇਸ ਦੀ ਪਤਨੀ ਨੂੰ ਪਤਾ ਲੱਗਾ ਤਾਂ ਉਸ ਨੇ ਤੁਰੰਤ ਦੁਨੀ ਚੰਦ ਨੂੰ ਕਿਹਾ ਕਿ ਸੁਣਿਆ ਹੈ ਕਿ ਪਤੀ ਜੀ, ਪਰਲੋਕ ਵਿਚ ਕੁਝ ਵੀ ਨਾਲ ਨਹੀਂ ਜਾਂਦਾ। ਸੁਆਮੀ ਜੀ ! ਕਾਹਨੂੰ ਵਚਨ ਦੇ ਕੇ ਆਏ ਹੋ। ਜਾਓ ਮੋੜ ਆਉ। ਵਾਪਸ ਦੁਨੀ ਚੰਦ ਗੁਰੂ ਜੀ ਪਾਸ ਆਇਆ ਤੇ ਸੂਈ ਵਾਪਸ ਲੈ ਲੈਣ ਦੀ ਬੇਨਤੀ ਕੀਤੀ। ਮਹਾਰਾਜ ਜੀ ਨੇ ਪੁੱਛਿਆ ਕਿ ਐ ਸੇਠ ! ਸੂਈ ਕਿਉਂ ਵਾਪਸ ਕਰ ਰਿਹਾ ਏਂ ? ਕਹਿੰਦਾ ਹੈ, ਮਹਾਰਾਜ ! ਭੁੱਲ ਹੋ ਗਈ। ਬੰਦੇ ਦੇ ਨਾਲ ਤਾਂ ਪ੍ਰਲੋਕ ਵਿਚ ਦੁਨੀਆਂ ਦੀ ਕੋਈ ਵੀ ਚੀਜ਼ ਨਹੀਂ ਜਾਂਦੀ। ਤਦ ਮਹਾਰਾਜ ਜੀ ਨੇ ਕਿਹਾ ਕਿ ਸੱਤ ਝੰਡਿਆਂ ਦਾ ਕੀ ਮਤਲਬ ਹੈ ? ਇਸ ਮਾਇਆ ਨੂੰ ਕਿਵੇਂ ਨਾਲ ਲੈ ਕੇ ਜਾਵੇਂਗਾ ? ਤਦ ਦੁਨੀ ਚੰਦ ਚਰਨਾਂ ਉੱਪਰ ਢਹਿ ਪਿਆ ਸੀ। ਹਜ਼ੂਰ ਨੇ ਬਖ਼ਸ਼ਿਸ਼ ਕਰਕੇ ਨਿਹਾਲ ਕੀਤਾ ਸੀ।

ਭਗਤ ਕਬੀਰ ਜੀ ਨੇ ਵੀ ਬੜੇ ਸੁੰਦਰ ਬਚਨ ਕਹੇ ਹਨ ਕਿ ਕਈਆਂ ਨੇ ਕਾਂਸੀ, ਤਾਂਬੇ, ਸੁਪਾਰੀਆਂ, ਲੌਂਗਾਂ ਤੇ ਹੋਰ ਐਸੇ ਝੂਠੇ ਧਨ ਤੇ ਪਦਾਰਥਾਂ ਨੂੰ ਇਕੱਠਿਆਂ ਕੀਤਾ ਹੈ, ਪਰ ਨਾਮ ਧਨ ਤਾਂ ਸਿਰਫ਼ ਪ੍ਰਭੂ ਪਿਆਰੇ ਹੀ ਇਕੱਤਰ ਕਰਦੇ ਹਨ :

***ਕਿਨਹੀ ਬਨਜਿਆ ਕਾਂਸੀ ਤਾਂਬਾ ਕਿਨਹੀ ਲਉਗ ਸੁਪਾਰੀ॥***
***ਸੰਤਹੁ ਬਨਜਿਆ ਨਾਮੁ ਗੋਬਿਦ ਕਾ ਐਸੀ ਖੇਪ ਹਮਾਰੀ॥ ੧॥***
***ਹਰਿ ਕੇ ਨਾਮ ਕੇ ਬਿਆਪਾਰੀ॥***
***ਹੀਰਾ ਹਾਥਿ ਚੜਿਆ ਨਿਰਮੋਲਕੁ ਛੂਟਿ ਗਈ ਸੰਸਾਰੀ॥੧॥ਰਹਾਉ॥***

(ਰਾਗੁ ਕੇਦਾਰਾ ਬਾਣੀ ਕਬੀਰ ਜੀਉ ਕੀ, ਅੰਗ ੧੧੨੩)

ਪੰਚਮ ਸਤਿਗੁਰੂ ਜੀ ਨੇ ਕਥਨ ਕੀਤਾ ਹੈ ਕਿ ਐਸੇ ਵਿਰਲੇ ਮਨੁੱਖ ਹਨ ਜਿਹੜੇ ਨਾਮ ਧਨ ਇਕੱਠਾ ਕਰਨ ਦਾ ਵਪਾਰ ਕਰਨ ਵਾਲੇ ਹਨ। ਹਜ਼ੂਰ ਕਹਿੰਦੇ ਹਨ ਕਿ ਮੈਂ ਓਨ੍ਹਾਂ ਤੋਂ ਸਦਕੇ ਜਾਂਦਾ ਹਾਂ।

***ਇਹੁ ਵਾਪਾਰੁ ਵਿਰਲਾ ਵਾਪਾਰੈ॥ ਨਾਨਕ ਤਾ ਕੈ ਸਦ ਬਲਿਹਾਰੈ॥***

(ਗਉੜੀ ਸੁਖਮਨੀ ਮਃ ੫, ਅੰਗ ੨੮੩)

ਵਾਹਿਗੁਰੂ ਨੇ ਮਨੁੱਖ ਨੂੰ ਇਸੇ ਲਈ ਹੀ ਸਭ ਜੂਨਾਂ ਨਾਲੋ ਸ੍ਰੇਸ਼ਟ ਬਣਾਇਆ ਹੈ ਕਿ ਇਹ ਪ੍ਰਾਣੀ ਸ੍ਰੇਸ਼ਟ ਕਰਮ ਕਰ ਕੇ ਦੂਜਿਆਂ ਲਈ ਪ੍ਰੇਰਨਾ-ਸ੍ਰੋਤ ਬਣੇ। ਇਕ ਪੰਜਾਬੀ ਦੇ ਸ਼ਾਇਰ ਨੇ ਕਿੰਨਾ ਸੁੰਦਰ ਲਿਖਿਆ ਹੈ:

***ਵਾਰੀ ਤੇ ਬਲਿਹਾਰੀ ਜਾਈਏ ਨਿੱਤ ਉਹਦੀ ਸ਼ਾਨ ਤੋਂ,***<br>
***ਜਿਸ ਦੀਆਂ ਕੁਦਰਤਾਂ ਬਣਾਇਆ ਤੁਛ ਬੰਦਾ ਹੈ।***<br>
***ਅੱਡੋ ਅੱਡੀ ਹੱਡੀਆਂ ਦੇ ਜੋੜ ਜੋੜੇ ਜੁਗਤ ਨਾਲ,***<br>
***ਕੀਤੀ ਸੁ ਸਫਾਈ ਸੁਹਣੀ ਫੇਰ ਫੇਰ ਰੰਦਾ ਹੈ।***<br>
***ਬਾਹਰੋਂ ਚਿੱਟੇ ਪੋਚੇ ਨਾਲ ਪੋਚਿਆ ਮੁਨਾਰਾ ਸੋਹਣਾ,***<br>
***ਅੰਦਰ ਲਹੂ ਪਾਕ ਮਲ ਮੂਤ ਭਰ ਗੰਦਾ ਹੈ।***<br>
***ਬੰਦਾ ਹੋ ਕੇ ਬੰਦਾ ਕਰੇ ਬੰਦਗੀ ਤਾਂ ਬੰਦਾ ਚੰਗਾ,***<br>
***ਬੰਦਗੀ ਬਗ਼ੈਰ ਬੰਦਾ ਗੰਦੇ ਤੋਂ ਵੀ ਗੰਦਾ ਹੈ।***

ਮਨੁੱਖ ਦੇ ਜੀਵਨ ਦਾ ਲਕਸ਼ ਤਾਂ ਪਰਮ ਅਨੰਦ ਹੀ ਸੀ, ਪਰ ਭੁੱਲ ਗਿਆ। ਗੁਰਵਾਕ ਹੈ:

***ਆਇਓ ਸੁਨਨ ਪੜਨ ਕਉ ਬਾਣੀ॥***<br>
***ਨਾਮੁ ਵਿਸਾਰਿ ਲਗਹਿ ਅਨ ਲਾਲਚਿ ਬਿਰਥਾ ਜਨਮੁ ਪਰਾਣੀ॥***

(ਸਾਰੰਗ ਮਹਲਾ ੫, ਅੰਗ ੧੨੧੯)

ਆਇਆ ਤਾਂ ਪ੍ਰਾਣੀ ਨਾਮ ਜੱਪਣ ਵਾਸਤੇ ਸੀ, ਪਰ ਯਾਤਰਾ ਦੇ ਲੰਬੇ ਸਫ਼ਰ ਨੇ ਇਸ ਨੂੰ ਥਕਾਵਟ ਨਾਲ ਦੁੱਖੀ ਵੀ ਕੀਤਾ ਹੈ ਅਤੇ ਸੱਚੇ ਨਾਮ ਜੱਪਣ ਦਾ ਚੇਤਾ ਵੀ ਭੁੱਲਾ ਦਿੱਤਾ ਹੈ। ਭਾਈ ਗੁਰਦਾਸ ਜੀ ਨੇ ਸੁੰਦਰ ਬਚਨ ਕਹੇ ਹਨ:

***ਅਸਨ ਬਸਨ ਸੰਗ ਲੀਨੇ ਅਉ ਬਚਨ ਕੀਨੇ,***<br>
***ਜਨਮ ਲੈ ਸਾਧ ਸੰਗਿ ਸ੍ਰੀ ਗੁਰ ਅਰਾਧਿ ਹੈ॥***<br>
***ਈਹਾਂ ਆਏ ਦਾਤਾ ਬਿਸਰਾਏ ਦਾਸੀ ਲਪਟਾਏ,***<br>
***ਪੰਚ ਦੂਤ ਭੂਤ ਭ੍ਰਮ ਭ੍ਰਮਤ ਅਸਾਧਿ ਹੈ॥***<br>
***ਸਾਚੁ ਮਰਨੋ ਬਿਸਾਰ, ਜੀਵਨ ਮਿਥਿਆ ਸੰਸਾਰ,***<br>
***ਸਮਝੈ ਨ ਜੀਤ ਹਾਰ ਸੁਪਨ ਸਮਾਧਿ ਹੈ॥***

***ਅਉਸਰ ਹੁਇ ਹੈ ਬਿਤੀਤ, ਲੀਜੀਏ ਜਨੰਮ ਜੀਤ,***
***ਕੀਜੀਐ ਸਾਧ ਸੰਗਿ ਪ੍ਰੀਤਿ ਅਗਮ ਅਗਾਧਿ ਹੈ॥੪੯੮॥***

(ਕਬਿੱਤ ਸਵੱਯੇ, ਭਾ: ਗੁਰਦਾਸ ਜੀ)

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੮੬ (ਅੰਗ ੬੬੬)

## ਧਨਾਸਰੀ ਮਹਲਾ ੩ ॥

ਨਾਵੈ ਕੀ ਕੀਮਤਿ ਮਿਤਿ ਕਹੀ ਨ ਜਾਇ ॥ ਸੇ ਜਨ ਧੰਨੁ ਜਿਨ ਇਕ ਨਾਮਿ ਲਿਵ ਲਾਇ ॥ ਗੁਰਮਤਿ ਸਾਚੀ ਸਾਚਾ ਵੀਚਾਰੁ ॥ ਆਪੇ ਬਖਸੇ ਦੇ ਵੀਚਾਰੁ ॥ ੧ ॥ ਹਰਿ ਨਾਮੁ ਅਚਰਜੁ ਪ੍ਰਭੁ ਆਪਿ ਸੁਣਾਏ ॥ ਕਲੀ ਕਾਲ ਵਿਚਿ ਗੁਰਮੁਖਿ ਪਾਏ ॥ ੧ ॥ ਰਹਾਉ ॥ ਹਮ ਮੂਰਖ ਮੂਰਖ ਮਨ ਮਾਹਿ ॥ ਹਉਮੈ ਵਿਚਿ ਸਭ ਕਾਰ ਕਮਾਹਿ ॥ ਗੁਰ ਪਰਸਾਦੀ ਹੰਉਮੈ ਜਾਇ ॥ ਆਪੇ ਬਖਸੇ ਲਏ ਮਿਲਾਇ ॥ ੨ ॥ ਬਿਖਿਆ ਕਾ ਧਨੁ ਬਹੁਤੁ ਅਭਿਮਾਨੁ ॥ ਅਹੰਕਾਰਿ ਡੂਬੈ ਨ ਪਾਵੈ ਮਾਨੁ ॥ ਆਪੁ ਛੋਡਿ ਸਦਾ ਸੁਖੁ ਹੋਈ ॥ ਗੁਰਮਤਿ ਸਾਲਾਹੀ ਸਚੁ ਸੋਈ ॥ ੩ ॥ ਆਪੇ ਸਾਜੇ ਕਰਤਾ ਸੋਇ ॥ ਤਿਸੁ ਬਿਨੁ ਦੂਜਾ ਅਵਰੁ ਨ ਕੋਇ ॥ ਜਿਸੁ ਸਚਿ ਲਾਏ ਸੋਈ ਲਾਗੈ ॥ ਨਾਨਕ ਨਾਮਿ ਸਦਾ ਸੁਖੁ ਆਗੈ ॥ ੪ ॥ ੮ ॥

# ਪ੍ਰਾਕ੍ਰਥਨ :-

ਤੀਸਰੇ ਗੁਰਦੇਵ ਸ੍ਰੀ ਗੁਰੂ ਅਮਰਦਾਸ ਜੀ ਨੇ ਇਹ ਪਾਵਨ ਸ਼ਬਦ ਧਨਾਸਰੀ ਰਾਗ ਅੰਦਰ ਉਚਾਰਨ ਕੀਤਾ ਹੈ। ਇਸ ਸ਼ਬਦ ਦੇ ਆਰੰਭ ਅੰਦਰ ਗੁਰਦੇਵ ਨੇ ਨਾਮ ਧਨ ਨੂੰ ਅਮੋਲਕ ਦੱਸਿਆ ਹੈ, ਭਾਵ ਮੁੱਲ ਰਹਿਤ ਦੱਸਿਆ ਹੈ। ਇਸ ਨਾਮ ਧਨ ਦੀ ਕੋਈ ਵੀ ਕੀਮਤ ਨਹੀਂ ਪਾ ਸਕਦਾ।

## ਵਿਸ਼ਾ—ਸਾਈ ਨਾਮ ਅਮੋਲ

ਸੰਸਾਰ ਦੇ ਅੰਦਰ ਕੀਮਤੀ ਤੋਂ ਕੀਮਤੀ ਹਰ ਵਸਤੂ ਦਾ ਮੁੱਲ ਪੈ ਜਾਂਦਾ ਹੈ। ਛੋਟੀ ਤੋਂ ਛੋਟੀ ਤੇ ਵੱਡੀ ਤੋਂ ਵੱਡੀ ਹਰ ਵਸਤੂ ਦੀ ਕੀਮਤ ਨਿਯਤ ਹੈ। ਸ਼ਹਿਰ ਅੰਦਰ ਦੁਕਾਨਾਂ ਵਿਚੋਂ ਉੱਥੋਂ ਵੱਖ-ਵੱਖ ਕੀਮਤ ਦੀਆਂ ਵਸਤੂਆਂ ਖ਼੍ਰੀਦੀਆਂ ਜਾ ਸਕਦੀਆਂ ਹਨ। ਘੱਟ ਤੋਂ ਘੱਟ ਕੀਮਤ ਵਾਲੀਆਂ ਅਤੇ ਵੱਧ ਤੋਂ ਵੱਧ ਕੀਮਤ ਵਾਲੀਆਂ ਵਸਤੂਆਂ ਇਸ ਸੰਸਾਰ ਅੰਦਰ ਮੌਜੂਦ ਹਨ। ਇਕ ਪ੍ਰਮੇਸ਼ਰ ਦਾ ਨਾਮ ਧਨ ਐਸਾ ਹੈ, ਜਿਸ ਦੀ ਕੋਈ ਕੀਮਤ ਨਹੀਂ ਕਹੀ ਜਾ ਸਕਦੀ। ਇਹ ਦੁਨੀਆਵੀ ਝੂਠੇ ਧਨ, ਸੋਨੇ, ਰਤਨਾਂ ਨਾਲ ਵੀ ਨਹੀਂ ਖ਼੍ਰੀਦਿਆ ਜਾ ਸਕਦਾ। ਭਗਤ ਕਬੀਰ ਜੀ ਦਾ ਕਥਨ ਹੈ :

***ਕੰਚਨ ਸਿਉ ਪਾਈਐ ਨਹੀ ਤੋਲਿ॥***
***ਮਨੁ ਦੇ ਰਾਮੁ ਲੀਆ ਹੈ ਮੋਲਿ॥***

(ਅੰਗ ੩੨੭)

***ਅਥਵਾ:- ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥***

(ਅੰਗ ੮੧)

ਇਸ ਲਈ ਵਿਸ਼ਵ ਭਰ ਅੰਦਰ ਜੇ ਬਹੁਤੀ ਤੋਂ ਬਹੁਤੀ ਕੀਮਤ ਵਾਲੀ ਵਸਤੂ ਦੀ ਗੱਲ ਕਰੀਏ, ਤਾਂ ਬਹੁਤ ਸਾਰੇ ਕੀਮਤੀ ਵੱਡਮੁੱਲੇ ਰਤਨ ਮੰਨੇ ਗਏ ਹਨ, ਪਰ ਉਹਨਾਂ ਰਤਨਾਂ ਦੀ ਵੀ ਜਿਹੜੇ ਸੁੰਦਰ ਤੋਂ ਸੁੰਦਰ, ਕੀਮਤੀ ਤੋਂ ਕੀਮਤੀ ਬਾਦਸ਼ਾਹੀ ਖ਼ਜ਼ਾਨਿਆਂ ਦਾ ਸ਼ਿੰਗਾਰ ਹਨ, ਕੀਮਤ ਨੀਯਤ ਹੈ। ਇਤਿਹਾਸ ਅੰਦਰ ਇਥੋਂ ਤੱਕ ਜ਼ਿਕਰ ਆਉਂਦਾ ਹੈ ਕਿ ਹਿੰਦੋਸਤਾਨ ਦੀ ਸਮੁੱਚੀ ਸਲਤਨਤ ਨਾਲੋਂ ਤਿੰਨ ਗੁਣਾ ਵੱਧ ਕੀਮਤ ਦਾ ਇਕ ਨਿਕਾ ਜਿਹਾ ਰਤਨ ਤਾਨੇਸ਼ਾਹ ਬਾਦਸ਼ਾਹ ਦੇ ਛਾਪ ਵਿਚ ਜੜਿਆ ਹੋਇਆ ਸੀ। ਉਸ ਕੀਮਤੀ ਰਤਨ ਨੂੰ ਲੈਣ ਵਾਸਤੇ ਹਿੰਦੋਸਤਾਨ ਦੇ ਬਾਦਸ਼ਾਹ ਔਰੰਗਜ਼ੇਬ ਨੇ ਤਾਨੇਸ਼ਾਹ ਨਾਲ ਜੰਗ ਕੀਤਾ। ਤਾਨੇਸ਼ਾਹ ਦਾ ਅਸਲ ਨਾਮ ਅਬੂ ਹੁਸੈਨ ਸੀ। ਇਹ ਗੋਲਕੁੰਡਾ (ਦੱਖਣ) ਦੇ ਸਿੰਘਾਸਨ ਉੱਪਰ ਸੰਨ ੧੬੭੨ ਵਿਚ ਬੈਠਾ ਸੀ। ਇਸ ਰਤਨ ਦਾ ਜ਼ਿਕਰ ਗੁਰ ਇਤਿਹਾਸ ਨੇ ਇਸ ਤਰ੍ਹਾਂ ਦਰਸਾਇਆ ਹੈ :

***ਛਾਪ ਆਪਨੀ ਮਹਿ ਸੋ ਰਾਖਤਿ। ਤਿਸ ਲੈਬੇ ਹਿਤ ਇਹ ਅਭਿਲਾਖਤਿ॥***
***ਸਲਤਨਤ ਦਿਲੀ ਕੀ ਤ੍ਰੈ ਗੁਨੀ। ਤਉ ਨ ਇਸ ਕੀ ਕੀਮਤ ਪੁਨੀ।***
***ਅਹੈ ਅਮੋਲਾ ਹੋਇ ਨ ਮੋਲ। ਦ੍ਵੈਦਸ ਰੰਚਕ ਭਰ ਲੱਖ ਤੋਲ।***

ਸੰਨ ੧੬੮੭ ਵਿਚ ਔਰੰਗਜ਼ੇਬ ਨੇ ਤਾਨੇਸ਼ਾਹ ਨੂੰ ਜਿੱਤ ਕੇ ਦੌਲਤਾਬਾਦ ਵਿਚ ਕੈਦ ਕੀਤਾ ਸੀ। ਗੋਲਕੁੰਡਾ ਦਿੱਲੀ ਰਾਜ ਨਾਲ ਮਿਲ ਗਿਆ ਸੀ ਅਤੇ ਇਤਿਹਾਸ ਅੰਦਰ ਇਹ ਵੀ ਜ਼ਿਕਰ ਆਉਂਦਾ ਹੈ ਕਿ ਔਰੰਗਜ਼ੇਬ ਨੇ ਤਾਨੇਸ਼ਾਹ ਨਾਲ ਜੰਗ ਲੜਨ ਤੋਂ ਪਹਿਲਾਂ ਇਕ ਪਾਰਖੂ ਜੌਹਰੀ ਤਾਨੇਸ਼ਾਹ ਦੀ ਮੁੰਦਰੀ ਦੇ ਪਰਖ ਕਰਨ ਵਾਸਤੇ ਭੇਜਿਆ ਸੀ। ਜੌਹਰੀ ਇਤਨਾ ਸਿਆਣਾ ਸੀ ਕਿ ਆਪਣੇ ਗੱਲ੍ਹ ਵਿਚ ਐਸਾ ਚਮਕੀਲਾ ਜਾਮਾ ਪਹਿਨ ਕੇ ਗਿਆ ਸੀ ਕਿ ਜਿਸ ਜਾਮੇ ਉੱਪਰ ਤਾਨੇਸ਼ਾਹ ਦੇ ਹੱਥ ਉਬਾਰਨ ਤੋਂ ਮੁੰਦਰੀ ਵਿਚ ਜੜੇ ਰਤਨ ਦਾ ਪ੍ਰਤੀਬਿੰਬ ਜੌਹਰੀ ਦੇ ਜਾਮੇ ਉੱਪਰ ਪਿਆ ਸੀ। ਇਸ ਪ੍ਰਤੀਬਿੰਬ ਨੂੰ ਵੇਖਕੇ ਹੀ ਜੌਹਰੀ ਨੇ ਉਸ ਰਤਨ ਦੀ ਕੀਮਤ ਔਰੰਗਜ਼ੇਬ ਨੂੰ ਆ ਦੱਸੀ ਸੀ ਕਿ ਬਾਦਸ਼ਾਹ ਦੇ ਸਮੁੱਚੇ ਰਾਜ ਭਾਗ ਦੀ ਕੀਮਤ ਨਾਲੋਂ ਤਿੰਨ ਗੁਣਾ ਵੱਧ ਕੀਮਤ ਵਾਲਾ ਰਤਨ ਤਾਨੇਸ਼ਾਹ ਪਾਸ ਹੈ:

***ਜਾਮਾ ਹੁਤੋ ਜੌਹਰੀ ਗਰੇ। ਤਿਹ ਪ੍ਰਤਿਬਿੰਬ ਆਨਿ ਤਹਿ ਪਰੇ।***
***ਪਿਖ ਪ੍ਰਕਾਸ਼ ਕੌ ਪਰਖਯੋ ਨੀਕੋ। ਮੋਲ ਤੋਲ ਜਾਨਯੋ ਤਿਸਹੀ ਕੋ।***

(ਗੁਰ ਪ੍ਰਤਾਪ ਸੂ: ਗ੍ਰੰ:, ਰੁੱਤ ੧, ਅੰਸੂ-੮)

ਇਸ ਲਈ ਐਸੇ ਰਤਨਾਂ ਦੀ ਵੀ ਕੀਮਤ ਸੰਸਾਰ ਅੰਦਰ ਨੀਯਤ ਹੈ, ਪਰ ਪ੍ਰਮੇਸ਼ਰ ਦੇ ਨਾਮ ਧਨ ਦੀ ਕੋਈ ਕੀਮਤ ਨਹੀਂ ਕਹਿ ਸਕਦਾ :

***ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ॥***
***ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ॥***

(ਅੰਗ ੨੬੫)

ਸੋ ਇਸ ਪ੍ਰਕਾਰ ਇਸ ਸ਼ਬਦ ਦੇ ਆਰੰਭ ਵਿਚ ਗੁਰਦੇਵ ਨੇ ਨਾਮ ਧਨ ਨੂੰ ਅਮੋਲਕ ਕਿਹਾ ਹੈ।

## ਸਾਖੀ—ਇਕ ਘੜੀ ਨਾਮ ਜਪੇ ਦਾ ਫਲ

ਇਕ ਨਾਮ ਰੱਤੜੇ ਰਹਿਣੀ, ਕਹਿਣੀ ਦੇ ਪੂਰਨ ਧਾਰਨੀ ਅਤੇ ਸਹਿਣਸ਼ੀਲਤਾ ਦੇ ਧਾਰਨ ਵਾਲੇ ਪੂਰਨ ਸਾਧੂ ਸਨ। ਇਹ ਸੰਤ ਆਪ ਅੱਠੇ ਪਹਿਰ ''ਦਮਿ ਦਮਿ ਸਦਾ ਸਮ੍ਹਾਲਦਾ ਦਮ ਨ ਬਿਰਥਾ ਜਾਇ'' ਦੇ ਧਾਰਨੀ ਸਨ ਅਤੇ ਜੋ ਇਹਨਾਂ ਦੇ ਸੰਪਰਕ ਵਿਚ ਆ ਜਾਂਦਾ, ਉਸ ਨੂੰ ਨਾਮ ਸਿਮਰਨ ਵਿਚ ਜੋੜ ਕੇ ਉਸ ਦਾ ਜੀਵਨ ਸਫਲ ਬਣਾ ਦਿੰਦੇ ਸਨ। ਇਕ ਭੁੱਲਿਆ ਭਟਕਿਆ ਪਾਪ ਆਤਮਾ, ਮਹਾਂ ਕੁਕਰਮੀ, ਬਿਭਚਾਰੀ ਮਨੁੱਖ ਇਹਨਾਂ ਪਾਸ ਆਇਆ। ਇਹਨਾਂ ਸੰਤਾਂ ਨਾਲ ਮਿਲ ਕੇ ਉਸ ਪਾਪ ਆਤਮਾ ਆਦਮੀ ਨੇ ਸਿਰਫ਼ ਇਕ ਘੜੀ (੨੪ ਮਿੰਟ) ਨਾਮ ਜਪਿਆ।

ਸੰਤਾਂ ਨੇ ਇਸ ਮਨੁੱਖ ਨੂੰ ਕਿਹਾ, ਭਾਈ ਹਮੇਸ਼ਾ ਸਵਾਸ-ਸਵਾਸ ਇਸ ਤਰ੍ਹਾਂ ਨਾਮ ਜਪਿਆ ਕਰ। ਅੱਗੋਂ ਉਹ ਮੰਦਕਰਮੀ ਮਨੁੱਖ ਕਹਿੰਦਾ ਹੈ, ਜੀ ਮੈਂ ਇਕ ਘੜੀ ਮਸਾਂ ਤੁਹਾਡੇ ਜਪਾਉਣ ਤੋਂ ਜਪਿਆ ਹੈ। ਤਾਂ ਸੰਤਾਂ

ਨੇ ਕਿਹਾ ਤੂੰ ਸਾਰੀ ਉਮਰ ਪਾਪ ਕਰਮ ਕਰਦਾ ਰਿਹਾ ਹੈਂ। ਚੰਗੀ ਗੱਲ ਸੀ ਕਿ ਜਿੰਨਾ ਵੀ ਨਾਮ ਜੱਪ ਲੈਂਦਾ, ਉਨੀ ਹੀ ਤੇਰੇ ਉੱਪਰ ਉਸ ਵਾਹਿਗੁਰੂ ਦੀ ਕਿਰਪਾ ਹੋ ਜਾਣੀ ਸੀ। ਪਰ ਸਾਡਾ ਇਕ ਬਚਨ ਚੇਤੇ ਰੱਖੀਂ, ਜਦੋਂ ਪਰਲੋਕ ਵਿਚ ਤੂੰ ਜਾਏਂਗਾ, ਤਾਂ ਇਕ ਘੜੀ ਨਾਮ ਜਪੇ ਦਾ 'ਧਰਮ ਰਾਜੇ' ਪਾਸੋਂ ਮੁੱਲ ਪੁੱਛੀਂ। ਉਸ ਪੁਰਸ਼ ਨੇ ਕਿਹਾ, ਸੱਤ ਬਚਨ ਜੀ ! ਜਦ ਉਹ ਮਨੁੱਖ ਪ੍ਰਲੋਕ ਵਿਚ ਗਿਆ, ਤਾਂ ਧਰਮਰਾਜ ਨੇ ਕਿਹਾ, ''ਲੈ ਭਾਈ ਨਾਮ ਦਾ ਫਲ।'' ਇਸਨੇ ਕਿਹਾ ''ਪਹਿਲਾਂ ਨਾਮ ਦਾ ਮੁੱਲ ਦੱਸੋ? ਧਰਮਰਾਜ ਸੁਣ ਕੇ ਹੈਰਾਨ ਹੋ ਗਿਆ। ਤੇ ਕਿਹਾ ਕਿ ਨਾਮ ਦਾ ਮੁੱਲ (ਕੀਮਤ) ਦਾ ਤਾਂ ਮੈਨੂੰ ਵੀ ਪਤਾ ਨਹੀਂ। ਨਾਮ ਦੇ ਮੁੱਲ ਨੂੰ ਪਤਾ ਕਰਨ ਵਾਸਤੇ ਇਕ ਰਿਵਾਇਤ ਅਨੁਸਾਰ ਉਹ ਸਾਰਿਆਂ ਦੇਵਤਿਆਂ ਕੋਲ ਗਿਆ। ਉਨ੍ਹਾਂ ਕਿਹਾ ਕਿ ਸਾਨੂੰ ਵੀ ਨਹੀਂ ਪਤਾ। ਤਾਂ ਸਾਰਿਆਂ ਇਕੱਠਿਆਂ ਹੋ ਕੇ ਵਾਹਿਗੁਰੂ ਜੀ ਨੂੰ ਆਰਾਧਿਆ ਤਾਂ ਪ੍ਰਮੇਸ਼ਰ ਜੀ ਨੇ ਪ੍ਰਗਟ ਹੋ ਕੇ ਕਿਹਾ ਕਿ ਇਸ ਦਾ ਵਾਸਾ ਸਚਖੰਡ ਵਿਚ ਹੋਵੇਗਾ।

ਇਸੇ ਤਰ੍ਹਾਂ ਭਗਤ ਕਬੀਰ ਸਾਹਿਬ ਜੀ ਨੂੰ ਕਿਸੇ ਸ਼ਾਹੂਕਾਰ ਨੇ ਬੇਨਤੀ ਕੀਤੀ, ''ਜੀ ਮੇਰੇ ਕੋਲ ਹੀਰੇ, ਮੋਹਰਾਂ ਆਦਿ ਲੈ ਲਉ ਅਤੇ ਨਾਮ ਦੇ ਦੇਵੋ'' ਤਾਂ ਉਹਨਾਂ ਨੇ ਕਿਹਾ: ਹੇ ਭਾਈ ! ਹੀਰੇ, ਮੋਹਰਾਂ ਆਦਿ ਨਾਲ ਨਾਮ ਤੋਲਿਆ, ਮਾਪਿਆ ਨਹੀਂ ਜਾਂਦਾ, ਉਹ ਤਾਂ ਮਨ ਭੇਟ ਕਰ ਕੇ ਪ੍ਰਾਪਤ ਹੁੰਦਾ ਹੈ:

***ਕੰਚਨ ਸਿਉ ਪਾਈਐ ਨਹੀ ਤੋਲਿ॥ ਮਨੁ ਦੇ ਰਾਮੁ ਲੀਆ ਹੈ ਮੋਲਿ॥੧॥***

(ਅੰਗ ੩੨੭)

ਕਵੀ ਸੰਤੋਖ ਸਿੰਘ ਜੀ ਨੇ ਨਾਮ ਦੀ ਮਹਿਮਾ ਦਰਸਾਵਣ ਲਈ ਸ੍ਰੀ ਗੁਰੂ ਨਾਨਕ ਪ੍ਰਕਾਸ਼ ਵਿਚ ਤ੍ਰੇਤੇ ਯੁੱਗ ਦੀ ਨਾਮ ਆਸਰੇ ਨਾਲ ਸੁਮੰਦਰ ਉੱਤੇ ਪੱਥਰਾਂ ਦੇ ਪਾਣੀ ਉੱਤੇ ਤਰਨ ਦੀ ਅਸਚਰਜ ਕਥਾ ਦਾ ਜ਼ਿਕਰ ਕੀਤਾ ਹੈ, ਜਿਸ ਨਾਮ ਆਸਰੇ ਤਰੇ ਪੱਥਰਾਂ ਦਾ ਪੁੱਲ ਬਣਾ ਕੇ ਸ੍ਰੀ ਰਾਮ ਚੰਦਰ ਜੀ ਆਪਣੀ ਸੈਨਾ ਸਮੇਤ ਲੰਘ ਕੇ ਰਾਵਣ ਉੱਪਰ ਹਮਲਾ ਕਰਨ ਲਈ ਲੰਕਾ ਪਹੁੰਚੇ ਸਨ:

***ਨਿਜ ਤੇ ਅਧਿਕ ਹੇਤ ਸ੍ਰੀ ਰਾਮੂ॥ ਜਗਹਿ ਲਖਾਯੋ ਲਿਖ ਕਰਿ ਨਾਮੂ॥***
***ਸਰੁਵਰ ਪਰ ਗਿਰਿਵਰ ਧਰਿ ਭਾਰੇ॥ ਤਰੁਵਰ ਕੇ ਪਾਤਨਿ ਸਮ ਤਾਰੇ॥੫੮॥***

(ਸ੍ਰੀ ਗੁਰੂ ਨਾਨਕ ਪ੍ਰਕਾਸ਼, ਪੂਰਬਾਰਧ ਅਧਯਾਯ-੧ ਜਿਲਦ-੨-੮੯)

***''ਨਾਮੀ ਤੇ ਹੈ ਨਾਮ ਬਡਾਈ॥ਮਹਿਮਾ ਆਪਹਿ ਰਾਮ ਲਖਾਈ॥੫੬॥***

(ਸ੍ਰੀ ਗੁਰੂ ਨਾਨਕ ਪ੍ਰਕਾਸ਼, ਉਤਰਾਰਧ ਅਧਾਜਾਯ-੧੭ ਜਿਲਦ-੪, ਪੰਨਾ ੬੧੭)

**ਧਨਾਸਰੀ ਮਹਲਾ ੩ ॥ ਨਾਵੈ ਕੀ ਕੀਮਤਿ ਮਿਤਿ ਕਹੀ ਨ ਜਾਇ॥ ਸੇ ਜਨ ਧੰਨੁ ਜਿਨ ਇਕ ਨਾਮਿ ਲਿਵ ਲਾਇ॥ ਗੁਰਮਤਿ ਸਾਚੀ ਸਾਚਾ ਵੀਚਾਰੁ॥ ਆਪੇ ਬਖਸੇ ਦੇ ਵੀਚਾਰੁ॥੧॥ ਹਰਿ ਨਾਮੁ ਅਚਰਜੁ ਪ੍ਰਭੁ ਆਪਿ ਸੁਣਾਏ ॥ ਕਲੀ ਕਾਲ ਵਿਚਿ ਗੁਰਮੁਖਿ ਪਾਏ॥੧॥ ਰਹਾਉ॥ ਹਮ ਮੂਰਖ ਮੂਰਖ**

**ਮਨ ਮਾਹਿ ॥ ਹਉਮੈ ਵਿਚਿ ਸਭ ਕਾਰ ਕਮਾਹਿ ॥ ਗੁਰ ਪਰਸਾਦੀ ਹੰਉਮੈ ਜਾਇ ॥ ਆਪੇ ਬਖਸੇ ਲਏ ਮਿਲਾਇ ॥ ੨ ॥ ਬਿਖਿਆ ਕਾ ਧਨੁ ਬਹੁਤੁ ਅਭਿਮਾਨੁ ॥ ਅਹੰਕਾਰਿ ਡੂਬੈ ਨ ਪਾਵੈ ਮਾਨੁ ॥ ਆਪੁ ਛੋਡਿ ਸਦਾ ਸੁਖੁ ਹੋਈ ॥ ਗੁਰਮਤਿ ਸਾਲਾਹੀ ਸਚੁ ਸੋਈ ॥ ੩ ॥ ਆਪੇ ਸਾਜੇ ਕਰਤਾ ਸੋਇ ॥ ਤਿਸੁ ਬਿਨੁ ਦੂਜਾ ਅਵਰੁ ਨ ਕੋਇ ॥ ਜਿਸੁ ਸਚਿ ਲਾਏ ਸੋਈ ਲਾਗੈ ॥ ਨਾਨਕ ਨਾਮਿ ਸਦਾ ਸੁਖੁ ਆਗੈ ॥ ੪ ॥ ੮ ॥**

(ਅੰਗ ੬੬੬)

## ਪਦ ਅਰਥ :

ਮਿਤਿ-ਮਰਯਾਦਾ, ਹੱਦ, ਅੰਦਾਜ਼ਾ। ਕੀਮਤਿ-ਮੁੱਲ। ਅਚਰਜੁ-ਅਸਚਰਜ, ਹੈਰਾਨ ਕਰਨ ਵਾਲਾ। ਕਲੀ ਕਾਲ ਵਿਚਿ-ਕਲਯੁੱਗ ਦੇ ਸਮੇਂ ਅੰਦਰ। ਗੁਰਮੁਖਿ-ਗੁਰੂ ਦੇ ਸਨਮੁੱਖ ਰਹਿ ਕੇ। ਕਾਰ-ਕੰਮ। ਕਮਾਹਿ-ਕਰਦੇ ਹਨ। ਬਿਖਿਆ ਕਾ ਧਨੁ-ਜ਼ਹਿਰ ਵਾਲਾ (ਦੁਨਿਆਵੀ) ਧਨ। ਅਹੰਕਾਰਿ-ਹੰਕਾਰ ਵਿਚ। ਮਾਨੁ-ਇੱਜ਼ਤ, ਵਡਿਆਈ। ਆਪੁ-ਹੰਕਾਰ। ਸਾਲਾਹੀ-ਸਲਾਹੁੰਦਾ ਹੈ। ਸਾਜੇ- ਸਾਜਦਾ, ਬਣਾਉਂਦਾ ਹੈ। ਨਾਮਿ-ਨਾਮ ਵਿਚ ਜੁੜਿਆ।

## ਅਰਥ :

(ਹੇ ਭਾਈ ! ਪ੍ਰਮਾਤਮਾ ਦੇ) ਨਾਮ ਦੀ ਕੀਮਤ ਦਾ ਕੋਈ ਅੰਦਾਜ਼ਾ ਕਿਹਾ ਨਹੀਂ ਜਾ ਸਕਦਾ। ਉਹ ਮਨੁੱਖ ਧੰਨ ਹਨ ਜਿਨ੍ਹਾਂ ਨੇ ਇਕ (ਪ੍ਰਭੂ) ਦੇ ਨਾਮ ਵਿਚ (ਆਪਣੀ) ਸੁਰਤ ਜੋੜੀ ਹੈ। ਗੁਰੂ ਦੀ ਮਤਿ (ਸਿੱਖਿਆ) ਸੱਚੀ ਹੋਣ ਕਰਕੇ (ਗੁਰੂ) ਦਾ ਵੀਚਾਰ ਵੀ ਸੱਚਾ ਹੈ। (ਉਹ ਪ੍ਰਭੂ ਜਿਸਨੂੰ) ਆਪੇ ਬਖ਼ਸ਼ਿਸ਼ ਕਰਦਾ ਹੈ, (ਉਸ ਨੂੰ ਇਹ) ਉੱਤਮ ਵੀਚਾਰ (ਬਖ਼ਸ਼ਿਸ਼) ਦਿੰਦਾ ਹੈ।੧। ਹੇ ਭਾਈ ! ਹਰੀ ਨਾਮ ਅਸਚਰਜ ਹੈ ਅਤੇ ਪ੍ਰਭੂ ਆਪ ਹੀ (ਕ੍ਰਿਪਾ ਕਰਕੇ) ਗੁਰਮੁੱਖਾਂ ਨੂੰ ਨਾਮ ਸੁਣਾਉਂਦਾ ਹੈ। ਕਲਯੁੱਗ ਦੇ ਸਮੇਂ ਅੰਦਰ ਗੁਰੂ ਦੇ ਸਨਮੁੱਖ ਰਹਿ ਕੇ ਗੁਰਮੁਖਿ ਹੀ ਨਾਮ ਨੂੰ ਪ੍ਰਾਪਤ ਕਰਦਾ ਹੈ।੧। ਰਹਾਉ। (ਹੇ ਭਾਈ !) ਮਨ ਅੰਦਰ ਮੂਰਖਪੁਣਾ ਧਾਰਣ ਕਰਕੇ ਅਸੀਂ ਮੂਰਖ ਹਾਂ। (ਕਿਉਂਕਿ) ਅਸੀਂ ਹਰ ਕੰਮ ਕਾਰ ਹਉਮੈ ਸਹਿਤ ਹੋ ਕੇ ਕਰਦੇ ਹਾਂ। ਗੁਰੂ ਦੀ ਕ੍ਰਿਪਾ ਨਾਲ ( ਜਦੋਂ ਮਨ ਅੰਦਰੋਂ ਹਉਮੈ) ਦੂਰ ਹੋ ਜਾਂਦੀ ਹੈ, (ਫਿਰ ਪ੍ਰਭੂ) ਆਪੇ ਬਖ਼ਸ਼ਿਸ਼ ਕਰਕੇ ਆਪਣੇ ਨਾਲ ਮਿਲਾ ਲੈਂਦਾ ਹੈ।੨। (ਹੇ ਭਾਈ ! ਇਹ) ਜ਼ਹਿਰ ਰੂਪ ਦੁਨਿਆਵੀ ਧਨ ਕਰਕੇ (ਮਨੁੱਖ ਨੂੰ) ਬਹੁਤਾ ਹੰਕਾਰ ਹੋ ਜਾਂਦਾ ਹੈ। ਇਸ ਹੰਕਾਰ ਵਿਚ ਹੀ (ਮਨੁੱਖ) ਡੁੱਬ ਜਾਂਦਾ ਹੈ, (ਭਾਵ ਗ਼ਰਕ ਹੋ ਜਾਂਦਾ ਹੈ) ਜਿਸ ਕਰਕੇ ਇਹ ਸੱਚੀ ਦਰਗਾਹ ਅੰਦਰ ਮਾਨ ਸਤਿਕਾਰ ਨਹੀਂ ਪਾ ਸਕਦਾ।

(ਹੇ ਭਾਈ !) ਹੰਕਾਰ ਤਿਆਗ ਕੇ ਹੀ ਹਮੇਸ਼ਾਂ ਸੁੱਖ ਦੀ ਪ੍ਰਾਪਤੀ ਹੁੰਦੀ ਹੈ। ਗੁਰਮਤਿ ਦੁਆਰਾ (ਹੰਕਾਰ

ਰਹਿਤ ਹੋ ਕੇ) ਸੱਚੇ ਨੂੰ ਸਲਾਹੁਣ ਨਾਲ (ਉਸ) ਸੱਚੇ ਦੀ ਪ੍ਰਾਪਤੀ ਹੁੰਦੀ ਹੈ।੩।

(ਹੇ ਭਾਈ !) ਉਹ ਕਰਤਾ ਪੁਰਖ ਆਪ ਹੀ ਸ੍ਰਿਸ਼ਟੀ ਨੂੰ ਸਾਜਦਾ ਹੈ। ਉਸ ਤੋਂ ਬਿਨਾਂ ਹੋਰ ਕੋਈ ਦੂਜਾ (ਸ੍ਰਿਸ਼ਟੀ ਨੂੰ) ਬਨਾਉਣਾ ਵਾਲਾ ਨਹੀਂ ਹੈ। ਉਹ ਪ੍ਰਭੂ ਜਿਸ ਨੂੰ ਸੱਚਾ (ਨਾਮ ਜੱਪਣ ਵਿਚ) ਲੱਗਾ ਦਿੰਦਾ ਹੈ, ਉਹੀ ਸੱਚਾ ਨਾਮ ਜੱਪਣ ਲੱਗਦਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਨਾਮ ਵਿਚ ਜੁੜਿਆਂ ਅੱਗੇ ਪ੍ਰਲੋਕ ਵਿਚ ਸਦਾ ਸੁੱਖ ਪ੍ਰਾਪਤ ਹੁੰਦਾ ਹੈ।੪।੮।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੮੭ (ਅੰਗ ੬੬੭)

ਧਨਾਸਰੀ ਮਹਲਾ ੪ ॥ ਹਮ ਅੰਧੁਲੇ ਅੰਧ ਬਿਖੈ ਬਿਖੁ ਰਾਤੇ ਕਿਉ ਚਾਲਹ ਗੁਰ ਚਾਲੀ ॥ ਸਤਗੁਰੁ ਦਇਆ ਕਰੇ ਸੁਖਦਾਤਾ ਹਮ ਲਾਵੈ ਆਪਨ ਪਾਲੀ ॥ ੧ ॥ ਗੁਰਸਿਖ ਮੀਤ ਚਲਹੁ ਗੁਰ ਚਾਲੀ ॥ ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ ॥ ੧ ॥ ਰਹਾਉ ॥ ਹਰਿ ਕੇ ਸੰਤ ਸੁਣਹੁ ਜਨ ਭਾਈ ਗੁਰੁ ਸੇਵਿਹੁ ਬੇਗਿ ਬੇਗਾਲੀ ॥ ਸਤਗੁਰੁ ਸੇਵਿ ਖਰਚੁ ਹਰਿ ਬਾਧਉ ਮਤ ਜਾਣਹੁ ਆਜੁ ਕਿ ਕਾਲੑੀ ॥ ੨ ॥ ਹਰਿ ਕੇ ਸੰਤ ਜਪਹੁ ਹਰਿ ਜਪਣਾ ਹਰਿ ਸੰਤੁ ਚਲੈ ਹਰਿ ਨਾਲੀ ॥ ਜਿਨ ਹਰਿ ਜਪਿਆ ਸੇ ਹਰਿ ਹੋਏ ਹਰਿ ਮਿਲਿਆ ਕੇਲ ਕੇਲਾਲੀ ॥ ੩ ॥ ਹਰਿ ਹਰਿ ਜਪਨੁ ਜਪਿ ਲੋਚ ਲੋੁਚਾਨੀ ਹਰਿ ਕਿਰਪਾ ਕਰਿ ਬਨਵਾਲੀ ॥ ਜਨ ਨਾਨਕ ਸੰਗਤਿ ਸਾਧ ਹਰਿ ਮੇਲਹੁ ਹਮ ਸਾਧ ਜਨਾ ਪਗ ਰਾਲੀ ॥ ੪ ॥ ੪ ॥

# ਪ੍ਰਾਕ੍ਕਥਨ :-

ਚੌਥੇ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਜੀ ਦਾ ਧਨਾਸਰੀ ਰਾਗ ਅੰਦਰ ਉਚਾਰਨ ਕੀਤਾ ਹੋਇਆ ਇਹ ਪਾਵਨ ਸ਼ਬਦ ਹੈ। ਇਸ ਸ਼ਬਦ ਦੇ ਆਰੰਭ ਅੰਦਰ ਹਜ਼ੂਰ ਨੇ ਜਗਿਆਸੂ ਦੁਆਰਾ ਬੇਨਤੀ ਕਰਨ ਦੀ ਜਾਚ ਸਿਖਾਈ ਹੈ। ਜਗਿਆਸੂ ਦੁਆਰਾ ਬੇਨਤੀ ਕੀਤੀ ਹੈ, ਕਿ ਪਾਤਸ਼ਾਹ! ਅਸੀਂ ਅੰਧੇ ਅਗਿਆਨੀ ਹਾਂ। ਆਪ ਜੀ ਦੀ ਚਲਾਈ ਹੋਈ ਮਰਿਆਦਾ ਉਪਰ ਕਿਵੇਂ ਚੱਲ ਸਕਦੇ ਹਾਂ, ਕਿਉਂਕਿ ਅੰਧੇ ਮਨੁੱਖ ਨੂੰ ਇਕ ਥਾਂ ਤੋਂ ਦੂਜੇ ਥਾਂ ਜਾਣ ਲਈ ਸਹਾਰੇ ਦੀ ਲੋੜ ਪੈਂਦੀ ਹੈ। ਉਹ ਸਹਾਰਾ ਡੰਗੋਰੀ ਦਾ ਜਾਂ ਕਿਸੇ ਮਨੁੱਖ ਦਾ ਹੱਥ ਫੜ ਕੇ ਹੀ ਹੋ ਸਕਦਾ ਹੈ, ਜਿਸ ਨਾਲ ਅਸਲ ਟਿਕਾਣੇ 'ਤੇ ਅੰਧਾ ਮਨੁੱਖ ਸੌਖਿਆਂ ਪਹੁੰਚ ਸਕਦਾ ਹੈ। ਭਗਤ ਨਾਮਦੇਵ ਜੀ ਦੇ ਅੰਮ੍ਰਿਤ ਬਚਨ ਹਨ :-

***ਮੈ ਅੰਧੁਲੇ ਕੀ ਟੇਕ ਤੇਰਾ ਨਾਮੁ ਖੁੰਦਕਾਰਾ॥***
***ਮੈ ਗਰੀਬ ਮੈ ਮਸਕੀਨ ਤੇਰਾ ਨਾਮੁ ਹੈ ਅਧਾਰਾ॥***

(ਅੰਗ ੭੨੭)

## ਵਿਸ਼ਾ—ਕਿਉ ਚਾਲਹ ਮਾਰਗਿ ਪੰਥਾ

ਗੁਰੂ ਸਾਹਿਬ ਜੀ ਦੀ ਮਰਿਆਦਾ ਰੂਪ ਰਸਤਾ ਕਿਹੜਾ ਹੈ। ਜਿਸ ਉੱਪਰ ਸਿੱਖ ਨੇ ਚੱਲਣਾ ਹੈ, ਉਸ ਰਸਤੇ ਨੂੰ ਕਠਿਨ ਦੱਸ ਕੇ ਜਗਿਆਸੂ ਨੇ ਬੇਨਤੀ ਕੀਤੀ ਹੈ ਕਿ ਗੁਰਦੇਵ! ਮੈਂ ਅੰਧਾ ਹਾਂ। ਮੈਂ ਇਸ ਕਠਿਨ ਰਸਤੇ 'ਤੇ ਕਿਸ ਤਰ੍ਹਾਂ ਚੱਲ ਸਕਦਾ ਹਾਂ। ਇਸ ਲਈ ਇਸ ਰਸਤੇ 'ਤੇ ਚੱਲਣ ਵਾਸਤੇ ਮੈਨੂੰ ਸਹਾਰੇ ਦੀ ਲੋੜ ਹੈ। ਬਾਕੀ ਦੁਨੀਆਂ ਦੇ ਸਹਾਰੇ ਤਾਂ ਸਾਰੇ ਝੂਠੇ ਹਨ। ਇਹ ਤਾਂ ਅੰਧੇ ਮਨੁੱਖ ਨੂੰ ਟੋਏ ਵਿਚ ਸੁੱਟਣ ਜੈਸੇ ਹਨ। ਪਾਤਸ਼ਾਹ! ਇਕ ਤੇਰੀ ਸ਼ਰਨ ਰੂਪ ਜਾਂ ਨਾਮ ਰੂਪ ਸੱਚ ਸਹਾਰਾ ਅੰਚਲ ਹੈ, ਜਿਸ ਨੂੰ ਪਕੜ ਕੇ ਮੈਂ ਅਗਿਆਨੀ ਅੰਧਾ ਇਸ ਰਸਤੇ 'ਤੇ ਚੱਲ ਸਕਦਾ ਹਾਂ :-

***ਹਮ ਅੰਧੁਲੇ ਗਿਆਨਹੀਨ ਅਗਿਆਨੀ ਕਿਉ ਚਾਲਹ ਮਾਰਗਿ ਪੰਥਾ॥***
***ਹਮ ਅੰਧੁਲੇ ਕਉ ਗੁਰ ਅੰਚਲੁ ਦੀਜੈ ਜਨ ਨਾਨਕ ਚਲਹ ਮਿਲੰਥਾ॥***

(ਅੰਗ ੬੯੬)

ਤੀਸਰੇ ਗੁਰਦੇਵ ਸ੍ਰੀ ਗੁਰੂ ਅਮਰਦਾਸ ਜੀ ਨੇ ਵੀ ਇਸ ਮਾਰਗ ਨੂੰ ਖੰਡੇ ਦੀ ਧਾਰ ਨਾਲੋਂ ਤਿਖਾ ਤੇ ਵਾਲ ਨਾਲੋਂ ਬਰੀਕ ਦੱਸਿਆ ਹੈ-

***ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ॥***

(ਅੰਗ ੯੧੮)

ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਵੀ ਇਸ ਮਾਰਗ ਨੂੰ ਵਾਲ ਨਾਲੋਂ ਬਰੀਕ ਤੇ ਖੰਡੇਧਾਰ ਨਾਲੋਂ

ਤਿੱਖਾ 'ਤੇ ਇਸ ਮਾਰਗ 'ਤੇ ਚੱਲਣਾ ਅਲੂਣੀ ਸਿਲ ਚੱਟਣ ਜੈਸਾ ਦੱਸਿਆ ਹੈ-

*ਵਾਲਹੁ ਨਿਕੀ ਆਖੀਐ ਖੰਡੇ ਧਾਰਹੁ ਸੁਣੀਐ ਤਿਖੀ।*
*ਆਖਣਿ ਆਖਿ ਨ ਸਕੀਐ ਲੇਖ ਅਲੇਖ ਨ ਜਾਈ ਲਿਖੀ।*
*ਗੁਰਮੁਖਿ ਪੰਥੁ ਵਖਾਣੀਐ ਅਪੜਿ ਨ ਸਕੈ ਇਕਤੁ ਵਿਖੀ।*
*ਸਿਲ ਅਲੂਣੀ ਚਟਣੀ ਤੁਲਿ ਨ ਲਖ ਅਮਿਅ ਰਸ ਇਖੀ।*
*ਗੁਰਮੁਖਿ ਸੁਖ ਫਲੁ ਪਾਇਆ ਭਾਇ ਭਗਤਿ ਵਿਰਲੀ ਜੁ ਬਰਿਖੀ।*
*ਸਤਿਗੁਰ ਤੁਠੈ ਪਾਈਐ ਸਾਧਸੰਗਤਿ ਗੁਰਮਤਿ ਗੁਰਸਿਖੀ।*
*ਚਾਰਿ ਪਦਾਰਥ ਭਿਖਕ ਭਿਖੀ॥੧॥*

(ਵਾਰ ੨੮, ਪਉੜੀ ੧)

ਇਹ ਗੁਰੂ ਦੀ ਮਰਿਆਦਾ ਰੂਪ ਮਾਰਗ ਗੁਰੂ ਨਾਨਕ ਦੇਵ ਜੀ ਨੇ ਹਰ ਮਨੁੱਖ ਮਾਤਰ ਲਈ ''ਗੁਰਮਤਿ ਗਾਡੀ ਰਾਹੁ'' ਚਲਾਇਆ ਹੈ। ਇਸ ਮਾਰਗ ਦੇ ਪਾਂਧੀ ਹਰ ਗੁਰਸਿੱਖ ਮਾਈ ਭਾਈ ਲਈ ਇਸ ਰੂਹਾਨੀਅਤ ਸਫ਼ਰ ਨੂੰ ਸੌਖਿਆਂ ਤਹਿ ਕਰਨ ਵਾਸਤੇ ਅਸਲੀਅਤ ਵਿਚ ਮਨੁੱਖਾ ਜਨਮ ਦੀ ਸਫਲਤਾ ਤੇ ਪ੍ਰਭੂ ਦੀ ਪ੍ਰਾਪਤੀ ਰੂਪ ਮੰਜ਼ਿਲ 'ਤੇ ਪਹੁੰਚਣ ਲਈ ਗੁਰਦੇਵ ਨੇ ਇਹ ਨਿਯਮ ਨੀਯਤ ਕੀਤੇ ਹਨ—ਅੰਮ੍ਰਿਤ ਵੇਲੇ ਪਹਿਰ ਰਾਤ ਰਹਿੰਦੀ ਜਾਗਣਾ, ਤੇ ਇਸ਼ਨਾਨ ਕਰਨਾ। ਨਾਮ ਜੱਪਣਾ, ਬਾਣੀ ਪੜ੍ਹਨੀ, ਧਰਮ ਦੀ ਕਿਰਤ ਕਰਦਿਆਂ ਦਸਵੰਧ ਵਿਚੋਂ ਦਾਨ ਦੇਣਾ:

*ਗੁਰਮੁਖਿ ਨਾਮੁ ਦਾਨੁ ਇਸਨਾਨੁ॥* (ਅੰਗ ੯੪੨)

*ਅਥਵਾ: ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥*
*ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮ ਧਿਆਵੈ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ॥*
*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥*
*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥*

(ਅੰਗ ੩੦੫)

ਸੋਢੀ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਨੇ ਇਸ ਸ਼ਬਦ ਵਿਚ ਗੁਰਸਿੱਖ ਦੀ ਨਿੱਤ ਕਰਨੀ ਰਹਿਤ ਦੱਸੀ ਹੈ, ਜੋ ਇਸ ਤਰ੍ਹਾਂ ਗੁਰ ਹੁਕਮ ਅਨੁਸਾਰ ਅੰਮ੍ਰਿਤ ਵੇਲੇ ਜਾਗ ਕੇ, ਇਸ਼ਨਾਨ ਕਰਕੇ ਨਾਮ ਅਭਿਆਸ ਕਮਾਈ ਕਰਦਾ ਹੋਇਆ, ਤੇ ਗੁਰਬਾਣੀ ਪੜ੍ਹਦਾ ''ਊਠਤ ਬੈਠਤ ਸੋਵਤ ਨਾਮ'' ਅਵੱਸਥਾ ਦਾ ਧਾਰਨੀ

ਬਣ ਕੇ ਆਪ ਜੱਪਦਾ ਤੇ ਹੋਰਾਂ ਨੂੰ ਜਪਾਉਂਦਾ ਹੈ। ਐਸੇ ਕਰਨੀ ਵਾਲੇ ਗੁਰਸਿੱਖ ਦੀ ਧੂੜ ਜਿਥੇ ਸੋਢੀ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਮੰਗਦੇ ਹਨ:

***ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥***

(ਅੰਗ ੩੦੬)

ਉਥੇ ਭਾਈ ਸਾਹਿਬ ਭਾਈ ਗੁਰਦਾਸ ਜੀ ਵੀ ਆਪਣੀਆਂ ਵਾਰਾਂ ਅੰਦਰ ਐਸੇ ਗੁਰਸਿੱਖ ਦੀ ਕਰਨੀ ਨੂੰ ਵਾਰ-ਵਾਰ ਯਾਦ ਕਰਕੇ ਉਸ ਗੁਰਸਿੱਖ ਤੋਂ ਕੁਰਬਾਨ ਤੇ ਘੋਲ ਘੁਮਾਇਆ ਹੁੰਦੇ ਹਨ:

***ਕੁਰਬਾਣੀ ਤਿਨ੍ਹਾਂ ਗੁਰਸਿਖਾਂ ਪਿਛਲ ਰਾਤੀ ਉਠਿ ਬਹੰਦੇ।***
***ਕੁਰਬਾਣੀ ਤਿਨ੍ਹਾਂ ਗੁਰਸਿਖਾਂ ਅੰਮ੍ਰਿਤ ਵੇਲੈ ਸਰਿ ਨਾਵੰਦੇ।***
***ਕੁਰਬਾਣੀ ਤਿਨ੍ਹਾਂ ਗੁਰਸਿਖਾਂ ਹੋਇ ਇਕ ਮਨਿ ਗੁਰ ਜਾਪੁ ਜਪੰਦੇ।***
***ਕੁਰਬਾਣੀ ਤਿਨ੍ਹਾਂ ਗੁਰਸਿਖਾਂ ਸਾਧਸੰਗਤਿ ਚਲਿ ਜਾਇ ਜੁੜੰਦੇ।***
***ਕੁਰਬਾਣੀ ਤਿਨ੍ਹਾਂ ਗੁਰਸਿਖਾਂ ਗੁਰਬਾਣੀ ਨਿਤਿ ਗਾਇ ਸੁਣੰਦੇ।***
***ਕੁਰਬਾਣੀ ਤਿਨ੍ਹਾਂ ਗੁਰਸਿਖਾਂ ਮਨਿ ਮੇਲੀ ਕਰਿ ਮੇਲਿ ਮਿਲੰਦੇ।***
***ਕੁਰਬਾਣੀ ਤਿਨ੍ਹਾਂ ਗੁਰਸਿਖਾਂ ਭਾਇ ਭਗਤਿ ਗੁਰਪੁਰਬ ਕਰੰਦੇ।***
***ਗੁਰ ਸੇਵਾ ਫਲੁ ਸੁਫਲ ਫਲੰਦੇ॥੨॥***

(ਵਾਰ ੧੨, ਪਉੜੀ ੨)

***ਹਉ ਤਿਸੁ ਘੋਲਿ ਘੁਮਾਇਆ ਗੁਰਮਤਿ ਰਿਦੈ ਗਰੀਬੀ ਆਵੈ।***
***ਹਉ ਤਿਸੁ ਘੋਲਿ ਘੁਮਾਇਆ ਪਰ ਨਾਰੀ ਦੇ ਨੇੜਿ ਨ ਜਾਵੈ।***
***ਹਉ ਤਿਸੁ ਘੋਲਿ ਘੁਮਾਇਆ ਪਰ ਦਰਬੈ ਨੋ ਹਥੁ ਨ ਲਾਵੈ।***
***ਹਉ ਤਿਸੁ ਘੋਲਿ ਘੁਮਾਇਆ ਪਰ ਨਿੰਦਾ ਸੁਣਿ ਆਪੁ ਹਟਾਵੈ।***
***ਹਉ ਤਿਸੁ ਘੋਲਿ ਘੁਮਾਇਆ ਸਤਿਗੁਰ ਦਾ ਉਪਦੇਸੁ ਕਮਾਵੈ।***
***ਹਉ ਤਿਸੁ ਘੋਲਿ ਘੁਮਾਇਆ ਥੋੜਾ ਸਵੈ ਥੋੜਾ ਹੀ ਖਾਵੈ।***
***ਗੁਰਮੁਖਿ ਸੋਈ ਸਹਜਿ ਸਮਾਵੈ॥੪॥***

(ਵਾਰ ੧੨, ਪਉੜੀ ੪)

ਐਸੀ ਉੱਤਮ ਕਰਨੀ ਵਾਲੇ ਇਸ ***ਵਾਲਹੁ ਨਿਕੀ ਆਖੀਐ ਖੰਡੇ ਧਾਰਹੁ ਸੁਣੀਐ ਤਿਖੀ।''*** (ਵਾਰ ੨੮, ਪਉੜੀ ੧) ਦੇ ਉੱਪਰ ਚੱਲਦੇ ਹਨ

***''ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ॥''***

(ਅੰਗ ੧੪੧੧)

ਵਿਰਲੇ ਐਸੇ ਵੀ ਗੁਰਮੁਖਿ ਹਨ, ਜੋ ਗੁਰਦੇਵ ਦੇ ਇਸ ਹੁਕਮ ਅਨੁਸਾਰ ਚੱਲਦੇ ਹਨ:

***ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥***
***ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥***

(ਅੰਗ ੧੪੧੨)

ਇਸ ਹੁਕਮ ਅਨੁਸਾਰ ਧੰਨ ਬਾਬਾ ਦੀਪ ਸਿੰਘ ਜੀ ਜਿਨ੍ਹਾਂ ਨੇ ਬਚਪਨ ਵਿਚ ਹੀ ਕਲਗੀਧਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਛੱਕ ਕੇ ਸਾਰੀ ਜ਼ਿੰਦਗੀ ਸਾਵਧਾਨ ਰੂਪ ਵਿਚ ਇਸ ਮਾਰਗ 'ਤੇ ਚੱਲਦਿਆਂ, ਅਖ਼ੀਰ ਨੂੰ ਆਪਣੇ ਸੀਸ ਨੂੰ ਹੱਥ ਦੀ ਤਲੀ 'ਤੇ ਰੱਖ ਕੇ ੧੮ ਸੇਰ ਕੱਚੇ ਦਾ ਖੰਡਾ ਵਾਹੁੰਦਿਆਂ ਹੋਇਆਂ ਆਪਣੇ ਗੁਰੂ ਨਾਲ ਪ੍ਰੀਤ ਤੋੜ ਨਿਭਾਹੀ:

***ਧੰਨ ਧੰਨ ਬਾਬਾ ਦੀਪ ਸਿੰਘ ਜੀ ਤੇਰੀ ਵਡੀ ਕਮਾਈ।***
***ਜਿੰਦੜੀ ਵਾਰੀ ਗੁਰੂ ਤੋਂ ਕੀਤੀ ਪ੍ਰੇਮ ਪੜ੍ਹਾਈ।***

## ਬਾਬਾ ਦੀਪ ਸਿੰਘ ਜੀ ਸ਼ਹੀਦ

ਬਾਬਾ ਜੀ ਦਾ ਜਨਮ ਪਿੰਡ ਪਹੂਵਿੰਡ ਜ਼ਿਲ੍ਹਾ ਅੰਮ੍ਰਿਤਸਰ ਵਿਚ ੧੬੮੨ ਈ: ਨੂੰ ਹੋਇਆ। ਬਾਬਾ ਜੀ ਦੇ ਪਿਤਾ ਦਾ ਨਾਮ ਭਗਤਾ ਜੀ ਸੀ ਅਤੇ ਮਾਤਾ ਦਾ ਨਾਮ ਜਿਊਣੀ ਸੀ। ਬਾਬਾ ਜੀ ਬਚਪਨ ਵਿਚ ਹੀ ਇਨ੍ਹਾਂ ਦੇ ਪਿੰਡ ਇਕ ਗੁਰਮੁਖ ਉੱਚ ਕਰਣੀ ਵਾਲੇ ਸਨ, ਉਨ੍ਹਾਂ ਪਾਸੋਂ ਗੁਰਬਾਣੀ ਪੜ੍ਹਨੀ ਸਿਖਦੇ ਰਹਿੰਦੇ ਸਨ। ਫਿਰ ਮਾਤਾ ਪਿਤਾ ਨਾਲ ਅਨੰਦਪੁਰ ਸਾਹਿਬ ਜਾ ਕੇ, ਮਾਤਾ ਪਿਤਾ ਸਮੇਤ ਕਲਗੀਧਰ ਜੀ ਪਾਸੋਂ ਅੰਮ੍ਰਿਤ ਪਾਨ ਕੀਤਾ। ਕੁਝ ਚਿਰ ਅਨੰਦਪੁਰ ਰਹਿ ਕੇ ਗੁਰਮਤਿ ਦੇ ਅਸੂਲ ਸਤਿਗੁਰੂ ਪਾਸੋਂ ਸਿਖ ਕੇ ਪੂਰਨ ਰੂਪ ਵਿਚ ਆਪਣੇ ਜੀਵਨ ਨੂੰ ਧਾਰਣ ਕਰ ਲਿਆ ਸੀ। ਫਿਰ ਵਾਪਸ ਆਪਣੇ ਨਗਰ ਆ ਗਏ। ਇਥੇ ਵੀ ਆਪ ਜੀ ਨੂੰ ਛੋਟੀ ਉਮਰ ਵਿਚ ਹੀ ਗੁਰਬਾਣੀ ਪੜ੍ਹਨ, ਕੀਰਤਨ ਕਰਨ ਅਤੇ ਸਵੇਰੇ ਸ਼ਾਮ ਸਤਿਸੰਗ ਕਰਨ ਦਾ ਬੜਾ ਸ਼ੌਕ ਸੀ। ਜਦੋਂ ਵੀ ਸਮਾਂ ਮਿਲਦਾ, ਆਪ ਜੀ ਘੋੜ ਸਵਾਰੀ, ਸ਼ਸਤਰ ਵਿਦਿਆ, ਨੇਜ਼ਾ ਬਾਜ਼ੀ ਦਾ ਅਭਿਆਸ ਕਰਿਆ ਕਰਦੇ ਸਨ। ਆਪ ਜੀ ਦਾ ਸੁਭਾਵ ਬੜਾ ਮਿੱਠਾ ਅਤੇ ਆਚਰਣ ਉੱਚਾ ਸੁੱਚਾ ਸੀ। ਇਲਾਕੇ ਦੇ ਲੋਕ ਆਪ ਜੀ ਦੀਆਂ ਧਾਰਮਿਕ ਰੁਚੀਆਂ ਨੂੰ ਮੁੱਖ ਰੱਖ ਕੇ ਆਪ ਜੀ ਦਾ ਬਹੁਤ ਸਤਿਕਾਰ ਕਰਦੇ ਸਨ।

ਮੁਕਤਸਰ ਸਾਹਿਬ ਦੀ ਜੰਗ ਤੋਂ ਬਾਅਦ ੧੭੦੪ ਈ: ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਮਦਮਾ ਸਾਹਿਬ ਸਾਬੋ ਕੀ ਤਲਵੰਡੀ ਪਹੁੰਚੇ। ਉਥੇ ਗੁਰੂ ਸਾਹਿਬ ਜੀ ਨੇ ਸਿੰਘਾਂ ਨਾਲ ਕੀਤੇ ਵਾਅਦੇ ਮੁਤਾਬਕ ਸਿੰਘਾਂ ਨੂੰ ਗੁਰਬਾਣੀ ਦੇ ਅਰਥ ਪੜ੍ਹਾਉਣ ਲਈ ਅਤੇ ਧੀਰ ਮੱਲ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਦੇਣੋ ਨਾਂਹ ਹੋਣ ਕਾਰਣ ਗੁਰਬਾਣੀ ਲਿਖਵਾਉਣੀ ਆਰੰਭ ਕੀਤੀ। ਗੁਰੂ ਸਾਹਿਬ ਜੀ ਨਿਤਾਪ੍ਰਤੀ ਤੰਬੂ ਵਿਚ ਬੈਠ ਕੇ ਗੁਰਬਾਣੀ ਉਚਾਰਦੇ, ਭਾਈ ਮਨੀ ਸਿੰਘ ਜੀ ਗੁਰਬਾਣੀ ਲਿਖਦੇ ਅਤੇ ਬਾਬਾ ਦੀਪ ਸਿੰਘ

ਜੀ ਸ਼ਹੀਦ ਲਿਖਣ ਦਾ ਸਾਮਾਨ ਕਲਮਾਂ, ਸਿਆਹੀ ਅਤੇ ਕਾਗਜ਼ ਦਾ ਪ੍ਰਬੰਧ ਕਰਿਆ ਕਰਦੇ। ਸ਼ਾਮ ਨੂੰ ਗੁਰੂ ਸਾਹਿਬ ਉਚਾਰੀ ਹੋਈ ਬਾਣੀ ਦੇ ਅਰਥ ਸਾਰੇ ਸਿੰਘਾਂ ਨੂੰ ਸੁਣਾਉਂਦੇ। ਇਸ ਪ੍ਰਕਾਰ ਨੌਂ ਮਹੀਨੇ, ਨੌਂ ਦਿਨ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਤਿਆਰ ਹੋਈ। ਇਹ ਬੀੜ ਦਮਦਮੇ ਸਾਹਿਬ ਤਿਆਰ ਹੋਣ ਕਰਕੇ, ''ਦਮਦਮੀ ਬੀੜ'' ਦੇ ਨਾਮ ਨਾਲ ਪ੍ਰਸਿੱਧ ਹੈ। ਇਸ ਮਹਾਨ ਕਾਰਜ ਨੂੰ ਨੇਪਰੇ ਚਾੜ੍ਹ ਕੇ ਦਸਮੇਸ਼ ਪਿਤਾ ਜੀ ਜਦੋਂ ਸ੍ਰੀ ਹਜ਼ੂਰ ਸਾਹਿਬ ਗਏ ਤਾਂ ਬਾਬਾ ਦੀਪ ਸਿੰਘ ਜੀ ਸ਼ਹੀਦ ਉਸ ਸਮੇਂ ਗੁਰੂ ਸਾਹਿਬ ਜੀ ਦੇ ਨਾਲ ਹੀ ਗਏ। ਜਿਸ ਸਮੇਂ ਗੁਰੂ ਸਾਹਿਬ ਜੀ ਨੇ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਗੱਦੀ 'ਤੇ ਸੁਸ਼ੋਭਿਤ ਕੀਤਾ, ਉਸ ਸਮੇਂ ਭਾਈ ਮਨੀ ਸਿੰਘ ਜੀ ਨੇ ਤਾਬਿਆ ਚੌਰ ਸਾਹਿਬ ਜੀ ਦੀ ਸੇਵਾ ਕੀਤੀ ਅਤੇ ਬਾਬਾ ਦੀਪ ਸਿੰਘ ਜੀ, ਪਿਆਰੇ ਧਰਮ ਸਿੰਘ ਜੀ, ਭਾਈ ਹੀਰਾ ਸਿੰਘ ਜੀ, ਭਾਈ ਸੰਤੋਖ ਸਿੰਘ ਜੀ, ਭਾਈ ਗੁਰਬਖ਼ਸ਼ ਸਿੰਘ ਸ਼ਹੀਦ ਜੀ ਨੂੰ ਦਸਮੇਸ਼ ਪਿਤਾ ਜੀ ਨੇ ਪੰਜਾਂ ਪਿਆਰਿਆਂ ਦੇ ਰੂਪ ਵਿਚ ਆਪਣੇ ਪਾਸ ਖੜੇ ਕਰਕੇ ਗੁਰਤਾ ਗੁੱਦੀ ਦਾ ਅਰਦਾਸਾ ਸੋਧਿਆ।

ਬਾਬਾ ਜੀ ਉਸ ਵੇਲੇ ਪੰਜਾਂ ਪਿਆਰਿਆਂ ਵਿਚ ਸ਼ਾਮਿਲ ਸਨ। ਬਾਅਦ ਵਿਚ ਬਾਬਾ ਦੀਪ ਸਿੰਘ ਜੀ ਨੇ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੀ ਆਗਿਆ ਪਾ ਕੇ ਦਮਦਮਾ ਸਾਹਿਬ ਵਿਖੇ ਗੁਰਬਾਣੀ ਦਾ ਸ਼ੁੱਧ ਪਾਠ, ਗੁਰਬਾਣੀ ਦੀ ਵਿਆਖਿਆ, ਗੁਰਦੁਆਰਿਆਂ ਦੀ ਸੇਵਾ ਸੰਭਾਲ ਦਾ ਕੰਮ ਆਰੰਭ ਕਰ ਦਿੱਤਾ। ਸਵੇਰੇ ਸ਼ਾਮ ਗੁਰੂ ਕਾ ਲੰਗਰ ਅਤੁੱਟ ਵਰਤਦਾ ਹੈ। ਜਦੋਂ ਵੀ ਸਮਾਂ ਮਿਲਦਾ, ਬਾਬਾ ਜੀ ਗੁਰਬਾਣੀ ਦੀਆਂ ਪੋਥੀਆਂ ਲਿਖ ਕੇ ਵੱਖ ਵੱਖ ਸਥਾਨਾਂ 'ਤੇ ਭੇਜਦੇ। ਬਾਬਾ ਜੀ ਨੇ ਥੋੜੇ ਜਿਹੇ ਸਮੇਂ ਵਿਚ ਹੀ ਗੁਰਮਤਿ ਦਾ ਬੜਾ ਭਾਰੀ ਪ੍ਰਚਾਰ ਕੀਤਾ। ਗੁਰਦੁਆਰਾ ਸਾਹਿਬ ਵਿਖੇ ਇਕ ਖੂਹ ਲਗਵਾਇਆ। ਗੁਰਦੁਆਰਾ ਸਾਹਿਬ ਨੂੰ ਵੱਡਾ ਅਤੇ ਪੱਕਾ ਕਰਵਾਇਆ। ਇਸ ਕੰਮ ਵਿਚ ਆਪ ਜੀ ਦੇ ਜੱਥੇ ਦੇ ਸਿੰਘਾਂ ਅਤੇ ਬਾਬਾ ਬੁੱਢਾ ਸਿੰਘ ਜੀ ਨੇ ਬਹੁਤ ਭਾਰੀ ਸੇਵਾ ਕੀਤੀ।

ਸੰਨ ੧੭੦੮ ਤੋਂ ੧੭੧੫ ਈ: ਤੱਕ ਬਾਬਾ ਜੀ ਨੇ ਬੰਦਾ ਸਿੰਘ ਬਹਾਦਰ (ਅੰਮ੍ਰਿਤ ਛੱਕਣ ਤੋਂ ਬਾਅਦ ਦਾ ਨਾਮ ਭਾਈ ਗੁਰਬਖ਼ਸ਼ ਸਿੰਘ ਹੋਇਆ) ਦੀ ਹਰ ਯੁੱਧ ਅਤੇ ਹਰ ਮੁਹਿੰਮ ਵਿਚ ਸਹਾਇਤਾ ਕੀਤੀ। ਜਦ ਬੰਦਾ ਸਿੰਘ ਬਹਾਦਰ ਅਨੰਦਪੁਰ ਸਾਹਿਬ ਆਇਆ ਤਾਂ ਬਾਬਾ ਜੀ ਵੀ ਉਸ ਦੇ ਨਾਲ ਤਿੰਨ ਮਹੀਨੇ ਰਹੇ। ਦੋਨੋਂ ਵਕਤ ਦੀਵਾਨ ਸਜਾਉਂਦੇ ਰਹੇ। ਇਨ੍ਹਾਂ ਤਿੰਨਾਂ ਮਹੀਨਿਆਂ ਵਿਚ ਬਾਬਾ ਜੀ ਦੀ ਰਸਨਾ ਤੋਂ ਕਥਾ ਸੁਣ ਕੇ ਬੰਦਾ ਸਿੰਘ ਬਹਾਦਰ ਬਹੁਤ ਪ੍ਰਭਾਵਿਤ ਹੋਇਆ ਤੇ ਬਾਬਾ ਜੀ ਦਾ ਬਹੁਤ ਸਤਿਕਾਰ ਕਰਨ ਲੱਗਾ।

ਜਦ ਤੱਤ ਖ਼ਾਲਸਾ ਅਤੇ ਬੰਦਈ ਖ਼ਾਲਸਾ ਦਾ ਝਗੜਾ ਬਹੁਤ ਵੱਧ ਗਿਆ ਤਾਂ ਭਾਈ ਮਨੀ ਸਿੰਘ ਜੀ ਨੇ ਕੋਈ ਫ਼ੈਸਲਾ ਨਾ ਹੁੰਦਾ ਦੇਖ ਕੇ ਕਿਹਾ, ''ਫੈਸਲਾ ਗੁਰੂ 'ਤੇ ਛੱਡ ਦਿਉ।'' ਦੋਹਾਂ ਧਿਰਾਂ ਨੇ ਇਹ ਤਜਵੀਜ਼ ਮੰਨ ਲਈ। ਇਕ ਪਰਚੀ ਉੱਪਰ ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥ ਲਿਖ ਕੇ ਅਤੇ ਦੂਜੀ ਉੱਤੇ ''ਫਤਹਿ ਦਰਸ਼ਨ' ਲਿਖ ਕੇ ਦੋਹਾਂ ਨੂੰ ਅਰਦਾਸ ਕਰ ਕੇ ਹਰਿ ਕੀ ਪਉੜੀ 'ਤੇ ਖੜੋ ਕੇ ਸਰੋਵਰ ਵਿਚ ਛੱਡ ਦਿੱਤਾ। ਕੁਝ ਚਿਰ ਪਿਛੋਂ ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਵਾਲੀ ਪਰਚੀ ਉੱਪਰ ਆ ਗਈ। ਇਸ ਤਰ੍ਹਾਂ ਫ਼ੈਸਲਾ ਤੱਤ ਖ਼ਾਲਸਾ ਦੇ ਹੱਕ ਵਿਚ ਅਤੇ ਬੰਦਈ ਖ਼ਾਲਸਾ ਦੇ ਵਿਰੁੱਧ ਹੋਇਆ।

੧੭੧੬ ਈ. ਵਿਚ ਬਾਬਾ ਬੰਦਾ ਸਿੰਘ ਬਹਾਦਰ ਦੇ ਵੱਖ ਹੋਣ ਤੋਂ ਬਾਅਦ ਬਾਬਾ ਜੀ ਫਿਰ ਦਮਦਮਾ ਸਾਹਿਬ ਆ ਗਏ। ਇਥੇ ਬਾਬਾ ਜੀ ਨੇ ਗੁਰਮੁੱਖੀ ਭਾਸ਼ਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਾਰ ਉਤਾਰੇ ਕੀਤੇ। ਇਹਨਾਂ ਸਰੂਪਾਂ ਨੂੰ ਆਪ ਜੀ ਨੇ ਚਾਰ ਤਖ਼ਤ ਸਾਹਿਬ

ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ ਜੀ (ਸ੍ਰੀ ਅੰਮ੍ਰਿਤਸਰ ਪੰਜਾਬ)

ਤਖ਼ਤ ਸ੍ਰੀ ਪਟਨਾ ਸਾਹਿਬ (ਬਿਹਾਰ)

ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਜੀ

ਤਖ਼ਤ ਸ੍ਰੀ ਅਬਿਚਲ ਨਗਰ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨਾਂਦੇੜ (ਮਹਾਂਰਾਸ਼ਟਰ) ਵਿਖੇ ਭਿਜਵਾ ਦਿੱਤਾ।

ਬਾਬਾ ਦੀਪ ਸਿੰਘ ਜੀ ਸ਼ਹੀਦ ਕੇਵਲ ਗੁਰਮੁਖੀ ਦੇ ਹੀ ਵਿਦਵਾਨ ਨਹੀਂ ਸਨ, ਸਗੋਂ ਅਰਬੀ ਅਤੇ ਫ਼ਾਰਸੀ ਦੇ ਵੀ ਮਹਾਨ ਵਿਦਵਾਨ ਸਨ। ਆਪ ਜੀ ਸਿੱਖ ਕੌਮ ਦੇ ਪਹਿਲੇ ਲਿਖਾਰੀ ਹੋਏ ਹਨ।

ਜਿਥੇ ਦਸਮੇਸ਼ ਪਿਤਾ ਜੀ ਤੋਂ ਗੁਰਮਤਿ ਦੀ ਵਿਦਿਆ ਪ੍ਰਾਪਤ ਕਰਕੇ ਬਾਬਾ ਜੀ ਮਹਾਨ ਵਿਦਵਾਨ ਅਤੇ ਫ਼ਿਲਾਸਫ਼ਰ ਹੋਏ ਹਨ, ਉਥੇ ਗੁਰੂ ਸਾਹਿਬ ਤੋਂ ਸ਼ਸਤਰ ਵਿਦਿਆ ਦੀ ਪ੍ਰਾਪਤੀ ਕਰ ਕੇ ਸੰਤ ਸਿਪਾਹੀ ਹੋਏ ਹਨ। ਆਪ ਜੀ ਜਿਥੇ ਕਲਮ ਦੇ ਧਨੀ ਸਨ, ਉਥੇ ਤਲਵਾਰ ਦੇ ਵੀ ਧਨੀ ਸਨ। ੧੭੨੫ ਈਃ ਤੋਂ ੧੭੩੪ ਈਃ ਤੱਕ ਬਾਬਾ ਜੀ ਨੇ ਦਮਦਮੇ ਸਾਹਿਬ ਦੀ ਸੇਵਾ ਤੋਂ ਇਲਾਵਾ ਇਲਾਕੇ ਵਿਚ ਗੁਰਮਤਿ ਦਾ ਬੜਾ ਭਾਰੀ ਪ੍ਰਚਾਰ ਕੀਤਾ। ਜੋ ਸਿੱਖਿਆਵਾਂ ਆਪ ਜੀ ਨੇ ਗੁਰੂ ਸਾਹਿਬ ਪਾਸ ਰਹਿ ਕੇ ਪ੍ਰਾਪਤ ਕੀਤੀਆਂ ਸਨ, ਉਹ ਸੰਗਤਾਂ ਨੂੰ ਦੱਸੀਆਂ। ਕਈਆਂ ਨੂੰ ਸ਼ਸਤਰ ਵਿਦਿਆ, ਗੁਰਬਾਣੀ ਦਾ ਨਿਤਨੇਮ, ਕਥਾ, ਕੀਰਤਨ ਦਾ ਅਭਿਆਸ ਕਰਾਇਆ। ਗੁਰਦੁਆਰਾ ਸਾਹਿਬ ਜੀ ਦੀ ਸੇਵਾ ਸੰਭਾਲ ਅਤੇ ਰਹਿਤ ਮਰਿਆਦਾ ਆਦਿ ਦਾ ਬੜਾ ਭਾਰੀ ਪ੍ਰਚਾਰ ਕੀਤਾ।

ਜਦੋਂ ਜ਼ਕਰੀਆਂ ਖ਼ਾਨ ਵੱਲੋਂ ਸੁਬੇਗ ਸਿੰਘ ਜੀ ਨੂੰ ਨਵਾਬੀ ਦੀ ਖ਼ਿਲਅੱਤ ਦੇ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਭੇਜਿਆ ਗਿਆ ਤਾਂ ਉਸ ਸਮੇਂ ਨਵਾਬੀ ਸਿੱਖ ਕੌਮ ਦੇ ਮਹਾਨ ਸੇਵਾਦਾਰ ਨਵਾਬ ਕੂਪਰ ਸਿੰਘ ਨੂੰ ਦਿੱਤੀ ਗਈ। ਭਾਈ ਸਾਹਿਬ ਕਪੂਰ ਸਿੰਘ ਨੇ ਨਵਾਬੀ ਲੈਣ ਤੋਂ ਪਹਿਲਾਂ ਜ਼ਕਰੀਆ ਖ਼ਾਨ ਵੱਲੋਂ ਭੇਟਾ ਨੂੰ ਜਿਨ੍ਹਾਂ ਪੰਜਾਂ ਪਿਆਰਿਆਂ ਦੇ ਚਰਨਾਂ ਨਾਲ ਲਾਇਆ, ਉਹਨਾਂ ਵਿਚ ਬਾਬਾ ਦੀਪ ਸਿੰਘ ਜੀ ਸ਼ਹੀਦ, ਭਾਈ ਕਰਮ ਸਿੰਘ ਜੀ 'ਕਰਤਾਰਪੁਰ ਵਾਲੇ', ਭਾਈ ਹਰੀ ਸਿੰਘ ਜੀ ਹਜ਼ੂਰੀਆ, ਭਾਈ ਬੁਧ ਸਿੰਘ ਸ਼ੁਕਰਚੱਕੀਆ (ਮਹਾਰਾਜਾ ਰਣਜੀਤ ਸਿੰਘ ਦੇ ਪੜਦਾਦਾ) ਅਤੇ ਭਾਈ ਜੱਸਾ ਸਿੰਘ ਰਾਮਗੜ੍ਹੀਆ ਸ਼ਾਮਿਲ ਸਨ।

***ਪੰਜ ਭੁਝੰਗੀਅਨ ਚਰਨੀ ਛੁਹਾਇ॥***
***ਧਰੋਂ ਸੀਸ ਮੋਹ ਪਵਿਤਰ ਕਰਾਇ॥***

ਦੀਵਾਨ ਦਰਬਾਰਾ ਸਿੰਘ ਦੇ ਸਚਖੰਡ ਜਾਣ ਤੋਂ ਬਾਅਦ ੧੭੩੪ ਈ: ਵਿਚ ਸਮੇਂ ਦੀ ਲੋੜ ਮੁਤਾਬਕ ਤਰਨਾ ਦਲ ਅਤੇ ਬੁੱਢਾ ਦਲ ਦੇ ਰੂਪ ਵਿਚ ਜੱਥੇ ਬਣਾਏ। ਤਰਨਾ ਦਲ ਨੂੰ ਪੰਜਾਂ ਹਿੱਸਿਆਂ ਵਿਚ ਵੰਡਿਆ ਗਿਆ, ਜਿਨ੍ਹਾਂ ਦੇ ਪੰਜ ਜੱਥੇਦਾਰ ਬਣਾਏ ਗਏ, ਜਿਹਨਾਂ ਵਿਚੋਂ ਇਕ ਜਥੇ ਦੇ ਮੁਖੀ ਬਾਬਾ ਦੀਪ ਸਿੰਘ ਜੀ ਸ਼ਹੀਦ ਨੂੰ ਬਣਾਇਆ ਗਿਆ। ਬਾਬਾ ਜੀ ਦੇ ਜੱਥੇ ਵਿਚ ਦੋ ਹਜ਼ਾਰ ਘੋੜ ਸਵਾਰ ਹਰ ਸਮੇਂ ਤਿਆਰ ਰਹਿੰਦੇ ਸਨ, ਜਿਨ੍ਹਾਂ ਵਿਚੋਂ ਮੁਖ ਬਾਬਾ ਗੁਰਬਖ਼ਸ਼ ਸਿੰਘ, ਭਾਈ ਸੈਦਾ ਸਿੰਘ, ਭਾਈ ਦਰਗਾਹ ਸਿੰਘ, ਭਾਈ ਸ਼ੇਰ ਸਿੰਘ, ਭਾਈ ਹੀਰਾ ਸਿੰਘ, ਬਾਬਾ ਨੌਧ ਸਿੰਘ, ਬਾਬਾ ਬੁੱਢਾ ਸਿੰਘ ਅਤੇ ਭਾਈ ਪ੍ਰੇਮ ਸਿੰਘ ਆਦਿ ਮੀਤ ਜੱਥੇਦਾਰ ਸਨ।

ਭਾਈ ਮਨੀ ਸਿੰਘ ਜੀ ਸ਼ਹੀਦ, ਸ਼ਹੀਦ ਬਾਬਾ ਦੀਪ ਸਿੰਘ ਜੀ ਅਤੇ ਬਾਬਾ ਗੁਰਬਖ਼ਸ਼ ਸਿੰਘ ਜੀ ਸ਼ਹੀਦ, ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਸਾਹਿਬ ਨਾਲ ਅੰਤਮ ਸਮੇਂ ਤੱਕ ਰਹੇ ਅਤੇ ਨਵਾਬ ਕਪੂਰ ਸਿੰਘ, ਸਰਦਾਰ ਬੁੱਢਾ ਸਿੰਘ, ਭਾਈ ਕਾਨ੍ਹ ਸਿੰਘ ਜੀ ਅਤੇ ਸਰਦਾਰ ਸ਼ਾਮ ਸਿੰਘ ਜੀ ਆਦਿ ਜਿਨ੍ਹਾਂ ਨੇ ਗੁਰੂ ਜੀ ਦੇ ਚਰਨਾਂ ਦੀ ਛੋਹ ਪ੍ਰਾਪਤ ਕੀਤੀ ਸੀ, ਇਹਨਾਂ ਦੀਆਂ ਸਿਖਿਆਵਾਂ ਅਨੁਸਾਰ ਤਰਨਾ ਦਲ ਨਾਂ ਦੀ ਜੱਥੇਬੰਦੀ ਬਣਾਈ ਗਈ ਜੋ ਇਸੇ ਜਜ਼ਬੇ ਤੋਂ ਪ੍ਰਗਟ ਹੋਈ। ਇਸ ਜਜ਼ਬੇ ਤੋਂ ਸਿਖਿਆ ਲੈ ਕੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਜੈ ਸਿੰਘ ਕਨੱਈਆ, ਹਰੀ ਸਿੰਘ ਭੰਗੀ, ਸਰਦਾਰ ਚੜ੍ਹਤ ਸਿੰਘ ਅਤੇ ਭਾਈ ਬੀਰੂ ਸਿੰਘ ਵਰਗੇ ਗੁਰਸਿੱਖ ਜਰਨੈਲ ਪੈਦਾ ਹੋਏ।

ਜਹਾਨ ਖ਼ਾਨ ਵਲੋਂ ਜਦੋਂ ਸਿੱਖਾਂ 'ਤੇ ਜ਼ੁਲਮ ਦੀਆਂ ਖ਼ਬਰਾਂ ਬਾਬਾ ਜੀ ਪਾਸ ਪੁੱਜੀਆਂ, ਕਿ ਪਵਿੱਤਰ ਸਰੋਵਰ ਨੂੰ ਪੂਰ ਦਿੱਤਾ ਗਿਆ ਅਤੇ ਕਿਸੇ ਸਿੰਘ ਨੂੰ ਗੁਰੂ ਕੀ ਨਗਰੀ ਵਿਖੇ ਨਹੀਂ ਜਾਣ ਦਿੱਤਾ ਜਾਂਦਾ ਤਾਂ ਬਾਬਾ ਜੀ ਨੇ ਅੰਮ੍ਰਿਤ ਸਰੋਵਰ ਦੀ ਬੇਅਦਬੀ ਹੁੰਦੀ ਸੁਣ ਕੇ ਸਾਰੇ ਜੱਥੇ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਚੱਲਣ ਦਾ ਹੁਕਮ ਕੀਤਾ।

***ਸੀਸ ਸੁਧਾਸਰ ਹਿਤ ਕਰ ਦੇਵੇਗੇ ਹਮ ਜਾਇ।***
***ਕਰ ਅਰਦਾਸਾ ਟੁਰ ਪਏ, ਸਿੰਘ ਜੀ ਫਤਹਿ ਗਜਾਇ।***

ਉਸ ਸਮੇਂ ਤੱਕ ਲਗਭਗ ਪੰਜ ਸੌ ਸਿੱਖ ਯੋਧੇ ਇਕੱਠੇ ਹੋ ਚੁੱਕੇ ਸਨ। ਬਾਬਾ ਜੀ ਨੇ ਕੇਸਰੀ ਰੰਗ ਦਾ ਪੁਸ਼ਾਕਾ ਪਹਿਨਿਆ, ਸਾਰੇ ਸ਼ਸਤਰ ਸਰੀਰ ਉੱਪਰ ਸਜਾਏ, ਦੋ ਧਾਰਾ ਖੰਡਾ ਹੱਥ ਵਿਚ ਪਕੜਿਆ ਅਤੇ ਨਗਾਰਿਆਂ 'ਤੇ ਚੋਟਾਂ ਲਾ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਚਾਲੇ ਪਾ ਦਿੱਤੇ।

ਦਰਬਾਰ ਸਾਹਿਬ ਤਰਨਤਾਰਨ ਸਾਹਿਬ ਪਹੁੰਚ ਕੇ ਸਰੋਵਰ ਵਿਚ ਇਸ਼ਨਾਨ ਕੀਤਾ, ਦੇਗ ਕਰਵਾ ਕੇ ਮਹਾਰਾਜ ਸਾਹਿਬ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਗੁਰੂ ਸਾਹਿਬ ਜੀ, ਸਾਡੀ ਸਾਰੇ ਨਾਚੀਜ਼ ਸੇਵਕਾਂ ਦੀ ਭੇਟ ਆਪ ਜੀ ਦੇ ਚਰਨਾਂ ਵਿਚ ਪਰਵਾਨ ਹੋਵੇ।

ਦਮਦਮੀ ਟਕਸਾਲ ਦੇ ਪਹਿਲੇ ਮੁੱਖੀ, ਸ਼ਹੀਦ ਮਿਸਲਾਂ ਦੇ ਜੱਥੇਦਾਰ, ਬਾਬਾ ਦੀਪ ਸਿੰਘ ਜੀ ਨੇ ਦੋ ਧਾਰੇ ਖੰਡੇ ਨਾਲ ਲਕੀਰ ਖਿੱਚ ਕੇ ਸਿੱਖ ਯੋਧਿਆਂ ਦੀ ਪਰਖ ਕੀਤੀ ਕਿ ਜਿਸ ਨੇ ਮਹਾਰਾਜ ਦੇ ਸਤਿਕਾਰ

ਖ਼ਾਤਰ ਲੜ ਮਰਨਾ ਹੈ, ਉਹ ਲਕੀਰ ਟੱਪ ਕੇ ਅੱਗੇ ਆ ਜਾਉ, ਜਿਨ੍ਹਾਂ ਨੂੰ ਜਾਨਾਂ ਪਿਆਰੀਆਂ ਹਨ, ਉਹ ਘਰ ਜਾ ਸਕਦੇ ਹਨ। ਸਾਰੇ ਯੋਧਿਆਂ ਨੇ ਬੋਲੇ ਸੋ ਨਿਹਾਲ ਦੇ ਜੈਕਾਰੇ ਗਜਾ ਕੇ ਨਗਾਰਿਆਂ 'ਤੇ ਚੋਟਾਂ ਲਾ ਕੇ ਲਕੀਰ ਟੱਪ ਕੇ ਅੱਗੇ ਵੱਧਣਾ ਸ਼ੁਰੂ ਕੀਤਾ। ਬਾਬਾ ਜੀ ਨੇ ਅਰਦਾਸ ਕੀਤੀ ਕਿ ਜਿੰਨਾ ਚਿਰ ਹਰਿਮੰਦਰ ਸਾਹਿਬ ਨੂੰ ਜ਼ਾਲਮਾਂ ਤੋਂ ਅਜ਼ਾਦ ਨਹੀਂ ਕਰਵਾ ਲੈਂਦਾ, ਸ਼ਹੀਦੀ ਨਹੀਂ ਪਾਵਾਂਗਾ :

***ਮੁਹਿ ਮਰਨੇ ਕਾ ਚਾਉ ਹੈ ਮਰਉ ਤ ਹਰਿ ਕੈ ਦੁਆਰ॥***

ਗੋਹਲਵੜ ਤੋਂ ਚੱਬੇ ਦੇ ਮੈਦਾਨ ਵਿਚ ਦੋਹਾਂ ਫ਼ੌਜਾਂ ਦਾ ਟਾਕਰਾ ਹੋਇਆ। ਸਾਰਾ ਮੈਦਾਨ ਖ਼ੂਨ ਨਾਲ ਲੱਥ ਪੱਥ ਹੋ ਗਿਆ। ਯਕੂਬ ਖ਼ਾਨ ਅਤੇ ਬਾਬਾ ਜੀ ਦੇ ਦਰਮਿਆਨ ਜੰਗ ਹੋਈ। ਦੋਹਾਂ ਦੇ ਘੋੜੇ ਜ਼ਖ਼ਮੀ ਹੋ ਕੇ ਧਰਤੀ 'ਤੇ ਡਿੱਗ ਪਏ।

ਯਕੂਬ ਖ਼ਾਨ ਬਾਬਾ ਜੀ ਨਾਲ ਗੁੱਥਮ-ਗੁੱਥਾ ਹੋ ਗਿਆ। ਬਾਬਾ ਜੀ ਨੇ ਯਕੂਬ ਖ਼ਾਨ ਦੇ ਸਿਰ ਵਿਚ ਇੰਨੇ ਜ਼ੋਰ ਨਾਲ ਗੁਰਜ ਮਾਰੀ ਕਿ ਉਹ ਥਾਂ 'ਤੇ ਹੀ ਢੇਰੀ ਹੋ ਗਿਆ। ਯਕੂਬ ਖ਼ਾਨ ਨੂੰ ਮਰਿਆ ਵੇਖ ਕੇ ਪਠਾਣ ਜਹਾਨ ਖ਼ਾਨ ਸਾਹਮਣੇ ਆਇਆ। ਬਾਬਾ ਜੀ ਅਤੇ ਜਹਾਨ ਖ਼ਾਨ ਦੋਵਾਂ ਦੇ ਲੜਦਿਆਂ ਸਾਂਝੇ ਵਾਰ ਨਾਲ ਦੋਹਾਂ ਦੇ ਸੀਸ ਲੱਥ ਗਏ। ਕਈ ਲੇਖਕਾਂ ਨੇ ਬਾਬਾ ਦੀਪ ਸਿੰਘ ਜੀ ਦਾ ਦੁੰਦ ਜੁੱਧ ਜਮਾਲ ਸ਼ਾਹ ਨਾਲ ਹੋਇਆ ਲਿਖਿਆ ਹੈ ਕਿ ਜਮਾਲ ਸ਼ਾਹ ਤੇ ਬਾਬਾ ਜੀ ਦੇ ਹੱਥੋਂ ਜਹਾਨ ਖ਼ਾਂ ਦੀ ਮੌਤ ਹੋਈ ਲਿਖੀ ਹੈ। ਸੋ ਬਾਬਾ ਜੀ ਦਾ ਸੀਸ ਲੱਥਾ ਵੇਖ ਕੇ ਇਕ ਸਿੰਘ ਨੇ ਆਖਿਆ ਕਿ ਬਾਬਾ ਜੀ! ਤੁਸਾਂ ਅਰਦਾਸ ਕੀਤੀ ਸੀ ਕਿ ਸੀਸ ਸੁਧਾਸਰ ਜਾ ਕੇ ਗੁਰੂ ਰਾਮਦਾਸ ਜੀ ਦੇ ਚਰਨਾਂ ਵਿਚ ਭੇਟ ਕਰਨਾ ਹੈ ਤੇ ਇਹ ਹੁਣ ਕੀ ਭਾਣਾ ਵਰਤਾਇਆ ਜੇ? ਅਜੇ ਸੁਧਾਸਰ ਦੋ ਕੋਹ ਦੂਰ ਹੈ :

***ਢਿਗ ਤੈ ਇਕ ਸਿਖ ਪਿਖਿ ਕਹਯੋ।***
***ਪ੍ਰਣ ਤੁਮ੍ਾਰਾ ਦੀਪ ਸਿੰਘ ਰਹਯੋ।***
***ਗੁਰਪੁਰਿ ਜਾਏ ਸੀਸ ਮੈ ਦੈ ਹਉ।***
***ਸੋ ਤੇ ਦੋਏ ਕੋਸ ਇਸ ਤੇ ਹਉ'॥ ੫੭॥***
***ਸੁਣ ਸਿੰਘ ਜੀ ਨਿਜ ਪ੍ਰਣ ਸੰਭਾਰਾ।***
***ਨਿਜ ਸਿਰ ਬਾਮ ਹਾਥ ਨਿਜ ਧਾਰਾ।***
***ਦਹਿਨੇ ਹਾਥ ਤੇਗ ਖਰ ਧਾਰਾ।***
***ਵਜਨ ਜਾਹਿ ਥਾ ਸੇਰ ਅਠਾਰਾਂ॥ ੫੮॥***

ਸਾਰੀ ਤੁਰਕ ਫ਼ੌਜ ਹੈਰਾਨ ਹੋ ਰਹੀ ਸੀ ਕਿ ਸਿੰਘਾਂ ਦੇ ਧੜ ਸਿਰਾਂ ਤੋਂ ਬਿਨਾਂ ਲੜ ਰਹੇ ਹਨ। ਸਿਰਾਂ ਤੋਂ ਬਗ਼ੈਰ ਸਰੀਰਾਂ ਨੂੰ ਲੜਦਿਆਂ ਵੇਖ ਕੇ ਤੁਰਕਾਂ ਦੀ ਫ਼ੌਜ ਨੇ ਭੈ-ਭੀਤ ਹੋ ਕੇ ਨੱਠਣਾ ਸ਼ੁਰੂ ਕਰ ਦਿੱਤਾ। ਬਾਬਾ ਜੀ ਨੇ ਆਪਣਾ ਸੀਸ ਖੱਬੇ ਹੱਥ 'ਤੇ ਰੱਖ ਕੇ ਸੱਜੇ ਹੱਥ ਨਾਲ ਖੰਡਾ ਫੜ ਕੇ ਜ਼ਾਲਮਾਂ ਦੇ ਆਹੂ ਲਾਹੁਣੇ ਸ਼ੁਰੂ ਕਰ ਦਿੱਤੇ। ਦੇਖਣ ਵਾਲੇ ਹੈਰਾਨ ਸਨ। ਜ਼ਾਲਮਾਂ ਨੂੰ ਭਾਜੜਾਂ ਪੈ ਗਈਆਂ। ਉਹ ਕਹਿ ਰਹੇ ਸਨ ਕਿ

ਸਿੱਖਾਂ ਦੇ ਜਰਨੈਲ ਦਾ ਸਿਰ ਧੜ ਨਾਲੋਂ ਵੱਖਰਾ ਹੋਇਆ ਹੈ, ਉਹ ਫਿਰ ਵੀ ਲੜੀ ਜਾ ਰਿਹਾ ਹੈ। ਬਾਬਾ ਜੀ ਜ਼ਾਲਮਾਂ ਦੇ ਆਹੂ ਲਾ ਰਹੇ ਸਨ। ਪਿਛੇ ਪਿਛੇ ਸਿੰਘ ਜੌਹਰ ਨਾਲ ਲੜਦੇ ਆ ਰਹੇ ਸਨ। ਭਾਈ ਮਹਿਤਾ ਸਿੰਘ ਅਤੇ ਬਾਬਾ ਨੌਧ ਸਿੰਘ ਵੀ ਸਿਰ ਤੋਂ ਬਗ਼ੈਰ ਲੜੇ। ਵੈਰੀ ਹੈਰਾਨ ਸਨ ਕਿ ਸਿੰਘਾਂ ਦੀਆਂ ਲੋਥਾਂ ਵੀ ਲੜ ਰਹੀਆਂ ਹਨ। ਬਾਬਾ ਦੀਪ ਸਿੰਘ ਜੀ ਜੰਗ ਕਰਦੇ-ਕਰਦੇ ਵਧਦੇ-ਵਧਦੇ ਦਰਬਾਰ ਸਾਹਿਬ ਪ੍ਰਕਰਮਾ ਤੱਕ ਪਹੁੰਚ ਗਏ। ਸਿੰਘਾਂ ਨੇ ਜਿੱਤ ਦੇ ਜੈਕਾਰੇ ਗੁੰਜਾਏ। ਬਾਬਾ ਜੀ ਨੇ ਬੜੀ ਸ਼ਰਧਾ ਨਾਲ ਸੀਸ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਜੀ ਦੇ ਚਰਨਾਂ ਵਿਖੇ ਭੇਟ ਕਰ ਕੇ ਸੱਚਖੰਡ ਨੂੰ ਚਾਲੇ ਪਾਏ।

***ਆਪ ਸੀਸ ਨਿਜ ਸੂਧਲ ਪਰ ਧਰ ਕੇ।***
***ਫਤਹਿ ਗਜਾਈ ਊਚ ਉਚਰ ਕੇ।***

(ਪੰਥ ਪ੍ਰਕਾਸ਼)

ਬਾਬਾ ਜੀ ਦੇ ਨਾਲ ਉਹਨਾਂ ਦੇ ਜੱਥੇ ਦੇ ਬਹੁਤ ਸਿੰਘ ਸ਼ਹੀਦ ਹੋਏ, ਜਿਨ੍ਹਾਂ ਵਿਚ ਭਾਈ ਧਰਮ ਸਿੰਘ ਜੀ, ਭਾਈ ਮੰਨਾ ਸਿੰਘ ਜੀ, ਭਾਈ ਕੌਰ ਸਿੰਘ ਜੀ, ਸੰਤ ਸਿੰਘ ਜੀ, ਭਾਈ ਮਹਿਤਾ ਸਿੰਘ ਜੀ, ਤਾਰਾ ਸਿੰਘ, ਬਾਲ ਸਿੰਘ, ਧਰਮ ਸਿੰਘ, ਮਦਾਰ ਸ਼ਾਹ, ਭਾਈ ਵੀਰ ਸਿੰਘ, ਹਰੀ ਸਿੰਘ, ਅੱਘੜ ਸਿੰਘ, ਰਣ ਸਿੰਘ, ਸਜਣ ਸਿੰਘ, ਬਹਾਦਰ ਸਿੰਘ, ਨਥਾ ਸਿੰਘ, ਦਿਆਲ ਸਿੰਘ, ਭਾਗ ਸਿੰਘ ਆਦਿ ਸਿੰਘਾਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ।

ਬਾਬਾ ਦੀਪ ਸਿੰਘ ਜੀ ਦੀ ਸ਼ਹੀਦੀ ਪਿਛੋਂ ਬਾਬਾ ਜੀ ਵਾਲੇ ਕਾਰਜ ਗੁਰਬਾਣੀ ਦੇ ਅਰਥ ਤੇ ਸ਼ੁੱਧ ਪਾਠ ਸਿਖਾਲਣ ਲਈ ਦਮਦਮੀ ਟਕਸਾਲ ਦੀ ਜੱਥੇਦਾਰੀ ਬਾਬਾ ਗੁਰਬਖ਼ਸ਼ ਸਿੰਘ ਜੀ ਨੂੰ ਸੌਂਪੀ ਗਈ।

ਧਨਾਸਰੀ ਮਹਲਾ ੪ ॥ ਹਮ ਅੰਧੁਲੇ ਅੰਧ ਬਿਖੈ ਬਿਖੁ ਰਾਤੇ ਕਿਉ ਚਾਲਹ ਗੁਰ ਚਾਲੀ ॥ ਸਤਗੁਰੁ ਦਇਆ ਕਰੇ ਸੁਖਦਾਤਾ ਹਮ ਲਾਵੈ ਆਪਨ ਪਾਲੀ ॥੧॥ ਗੁਰਸਿਖ ਮੀਤ ਚਲਹੁ ਗੁਰ ਚਾਲੀ ॥ ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ ॥ ੧ ॥ ਰਹਾਉ ॥ ਹਰਿ ਕੇ ਸੰਤ ਸੁਣਹੁ ਜਨ ਭਾਈ ਗੁਰੁ ਸੇਵਿਹੁ ਬੇਗਿ ਬੇਗਾਲੀ ॥ ਸਤਗੁਰੁ ਸੇਵਿ ਖਰਚੁ ਹਰਿ ਬਾਧਹੁ ਮਤ ਜਾਣਹੁ ਆਜੁ ਕਿ ਕਾਲ੍ਹੀ ॥ ੨ ॥ ਹਰਿ ਕੇ ਸੰਤ ਜਪਹੁ ਹਰਿ ਜਪਣਾ ਹਰਿ ਸੰਤੁ ਚਲੈ ਹਰਿ ਨਾਲੀ ॥ ਜਿਨ ਹਰਿ ਜਪਿਆ ਸੇ ਹਰਿ ਹੋਏ ਹਰਿ ਮਿਲਿਆ ਕੇਲ ਕੇਲਾਲੀ ॥ ੩ ॥ ਹਰਿ ਹਰਿ ਜਪਨੁ ਜਪਿ ਲੋਚ ਲੋੁਚਾਨੀ ਹਰਿ ਕਿਰਪਾ ਕਰਿ ਬਨਵਾਲੀ ॥ ਜਨ ਨਾਨਕ ਸੰਗਤਿ ਸਾਧ ਹਰਿ ਮੇਲਹੁ ਹਮ ਸਾਧ ਜਨਾ ਪਗ ਰਾਲੀ ॥ ੪ ॥ ੪ ॥

(ਅੰਗ ੬੬੭)

## ਪਦ ਅਰਥ :

ਹਮ-ਅਸੀਂ। ਅੰਧੁਲੇ ਅੰਧ-ਨਿਰੇ ਅੰਨ੍ਹੇ (ਅਗਿਆਨੀ)। ਬਿਖੈ ਬਿਖੁ-ਜ਼ਹਿਰ ਰੂਪ ਵਿਸ਼ਿਆਂ ਵਿਚ। ਰਾਤੇ-ਤਦਾਕਾਰ, ਮਸਤ ਹਾਂ। ਕਿਉ ਚਾਲਹ-ਕਿਵੇਂ ਚਲੀਏ?। ਗੁਰ ਚਾਲੀ-ਗੁਰੂ ਦੀ ਦੱਸੀ ਹੋਈ ਮਰਯਾਦਾ। ਪਾਲੀ-ਲੜ। ਨਿਰਾਲੀ-ਅਸਚਰਜ। ਬੇਗਿ ਬੇਗਾਲੀ-ਛੇਤੀ ਤੋਂ ਛੇਤੀ। ਬਾਧਉ-ਬੰਨ੍ਹ ਲਵੋ। ਆਜੁ-ਅੱਜ ਹੀ। ਕਿ-ਜਾਂ। ਕਾਲ੍ਹੀ-ਕੱਲ, ਭਲਕੇ। ਨਾਲੀ -ਨਾਲਿ। ਕੇਲ-ਖੇਡ, ਕੌਤਕ। ਕੇਲਾਲੀ-ਕੌਤਕ ਕਰਨ ਵਾਲਾ, ਪ੍ਰਮਾਤਮਾ। ਬਨਵਾਲੀ-(ਸੰਸਾਰ) ਬਨ ਦਾ ਮਾਲਕ ਪ੍ਰਭੂ। ਪਗ-ਪੈਰ, ਚਰਨ। ਪਗ ਰਾਲੀ-ਧੂੜ।

## ਅਰਥ :

(ਹੇ ਭਾਈ !) ਅਸੀਂ ਨਿਰੇ ਅੰਨ੍ਹੇ ਅਗਿਆਨੀ ਜ਼ਹਿਰ ਰੂਪ ਵਿਸ਼ਿਆਂ ਵਿਚ ਤਦਾਕਾਰ ਹੋ ਰਹੇ ਹਾਂ, (ਇਸ ਲਈ ਫਿਰ) ਕਿਵੇਂ ਚਲੀਏ ਗੁਰੂ (ਸਾਹਿਬ) ਦੀ ਦੱਸੀ ਹੋਈ ਮਰਯਾਦਾ (ਰੂਪ ਰਸਤੇ ਉੱਪਰ)? (ਅੰਧੇ ਮਨੁੱਖ ਨੂੰ ਸਹਾਰੇ ਦੀ ਲੋੜ ਹੈ)। ਸੁਖਦਾਤੇ ਸਤਿਗੁਰੂ (ਸਾਹਿਬ ਜੀ)ਮਿਹਰ ਕਰਕੇ (ਸਾਨੂੰ) ਆਪਣੇ (ਸ਼ਰਣ ਰੂਪ) ਲੜ ਲਾ ਲੈਣ। ੧। ਹੇ ਗੁਰਸਿੱਖ ਮਿੱਤਰ ! ਗੁਰੂ ਦੀ ਦੱਸੀ ਹੋਈ ਮਰਯਾਦਾ (ਰੂਪ ਰਸਤੇ ਉੱਪਰ) ਟੁਰੋ। ਜੋ ਗੁਰੂ (ਸਾਹਿਬ ਜੀ) ਮਰਯਾਦਾ (ਸਿੱਖਿਆ) ਦੇਂਦਾ ਹੈ, ਉਸ ਨੂੰ ਸੱਤ ਕਰਕੇ ਮੰਨੋ, (ਕਿਉਂਕਿ) ਉਸ ਹਰੀ ਦੀ (ਸਿੱਖਿਆ ਰੂਪ ਤੇ ਕੌਤਕ ਰੂਪ) ਕਥਾ ਅਨੋਖੀ (ਅਸਚਰਜ) ਹੈ। ੧। ਰਹਾਉ। ਹੇ ਹਰੀ ਦੇ ਸੰਤ ਜਨੋਂ ! ਹੇ ਭਰਾਵੋ ! ਸੁਣੋ, ਛੇਤੀ ਤੋਂ ਵੀ ਬਹੁਤ ਛੇਤੀ ਗੁਰੂ ਸੇਵਣਾ (ਸਿਮਰਨਾ) ਕਰੋ। ਸਤਿਗੁਰੂ ਦੀ ਸੇਵਾ (ਤੇ ਸਿਮਰਨ) ਕਰਕੇ ਹਰੀ ਨਾਮ ਰੂਪ ਖ਼ਰਚ (ਪ੍ਰਲੋਕ ਮਾਰਗ ਵਾਸਤੇ) ਪਲੇ ਬੰਨ੍ਹੋ, ਮਤਾਂ ਇਹ ਜਾਣੋ ਕਿ ਅੱਜ ਜਾਂ ਕੱਲ (ਸੇਵਾ ਸਿਮਰਨ ਕਰਾਂਗੇ, ਨਹੀਂ, ਅੱਜ ਹੀ ਸੇਵਾ ਸਿਮਰਨ ਵਿਚ ਜੁੜ ਜਾਵੋ)। ੨। ਹੇ ਹਰੀ ਦੇ ਸੰਤ (ਜਨੋਂ !) ਹਰੀ ਨਾਮ ਦਾ (ਜਾਪ) ਜਪੋ (ਕਿਉਂਕਿ) ਹਰੀ ਦਾ ਸੰਤੁ (ਜੋ ਨਾਮ ਜੱਪਦਾ ਹੈ) ਹਰੀ ਨਾਮ ਅੰਤ ਸਮੇਂ ਉਸਦੇ ਨਾਲ ਚੱਲਦਾ ਹੈ। ਜਿਨ੍ਹਾਂ (ਸੰਤਾਂ) ਨੇ ਹਰੀ ਨਾਮ ਜਪਿਆ ਹੈ, (ਉਹ) ਹਰੀ ਦਾ ਰੂਪ ਹੀ ਹੋ ਗਏ ਹਨ, (ਅਤੇ) ਹਰੀ (ਸੰਸਾਰ ਰੂਪ) ਖੇਡ ਦੇ (ਖੇਡਣ) ਕੌਤਕ ਕਰਨ ਵਾਲਾ ਉਨ੍ਹਾਂ (ਸੰਤਾਂ) ਨੂੰ ਮਿਲ ਪਿਆ ਹੈ। ੩। ਹਰੀ ਦੇ ਹਰਿ ਹਰਿ ਜਾਪ ਨੂੰ ਜਪ ਕੇ (ਮੇਰੇ ਹਿਰਦੇ ਅੰਦਰ) ਨਾਮ ਜੱਪਣ ਦੀ ਹੋਰ ਲੋਚ ਲੱਗ ਗਈ ਹੈ। ਹੇ ਹਰੀ ! ਹੇ ਬਨਵਾਲੀ ! (ਪ੍ਰਭੂ ਮੇਰੇ 'ਤੇ ਆਪਣੀ) ਕਿਰਪਾ ਕਰੋ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ ਹੇ ਹਰੀ ! ਮੈਂ ਜਨ=ਦਾਸ ਨੂੰ ਸਾਧੂ ਜਨਾਂ ਦੀ ਸੰਗਤ ਦਾ ਮਿਲਾਪ ਬਖ਼ਸ਼ੋ, (ਤਾਂਕਿ) ਅਸੀਂ ਸਾਧੂ ਜਨਾਂ ਦੇ ਚਰਨਾਂ ਦੀ ਧੂੜ ਬਣ ਕੇ ਰਹੀਏ। ੪। ੪।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੮੮ (ਅੰਗ ੬੬੯)

ਧਨਾਸਰੀ ਮਹਲਾ ੪ ॥ ਇਛਾ ਪੂਰਕੁ ਸਰਬ ਸੁਖਦਾਤਾ ਹਰਿ ਜਾ ਕੈ ਵਸਿ ਹੈ ਕਾਮਧੇਨਾ ॥ ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ ਤਾ ਸਰਬ ਸੁਖ ਪਾਵਹਿ ਮੇਰੇ ਮਨਾ ॥ ੧ ॥ ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ ॥ ਹਲਤਿ ਪਲਤਿ ਮੁਖ ਊਜਲ ਹੋਈ ਹੈ ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ ॥ ਰਹਾਉ ॥ ਜਹ ਹਰਿ ਸਿਮਰਨੁ ਭਇਆ ਤਹ ਉਪਾਧਿ ਗਤੁ ਕੀਨੀ ਵਡਭਾਗੀ ਹਰਿ ਜਪਨਾ ॥ ਜਨ ਨਾਨਕ ਕਉ ਗੁਰਿ ਇਹ ਮਤਿ ਦੀਨੀ ਜਪਿ ਹਰਿ ਭਵਜਲੁ ਤਰਨਾ ॥ ੨ ॥ ੬ ॥ ੧੨ ॥

# ਪ੍ਰਾਕ੍ਰਥਨ :-

ਸੋਢੀ ਸੁਲਤਾਨ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਜੀ ਦਾ ਇਹ ਪਾਵਨ ਸ਼ਬਦ ਧਨਾਸਰੀ ਰਾਗ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਦੇ ਆਰੰਭ ਅੰਦਰ ਗੁਰਦੇਵ ਨੇ ਉਸ ਮਨੁੱਖ ਦੀਆਂ ਇੱਛਾਵਾਂ ਦਾ ਜ਼ਿਕਰ ਕੀਤਾ ਹੈ, ਜੋ ਮਨੁੱਖ ਆਪਣੀ ਇੱਛਾ ਪੂਰਤੀ ਲਈ ਸੱਚੇ ਨੂੰ ਛੱਡ ਕੇ ਝੂਠਿਆਂ ਦੇ ਦਰ-ਦਰ 'ਤੇ ਭਟਕਦਾ ਫਿਰਦਾ ਹੈ। ਗੁਰਦੇਵ ਨੇ ਕਿਹਾ ਹੈ :

***ਇਛਾ ਪੂਰਕੁ ਸਰਬ ਸੁਖਦਾਤਾ ਹਰਿ ਜਾ ਕੈ ਵਸਿ ਹੈ ਕਾਮਧੇਨਾ॥***

ਐ ਮਨੁੱਖ ! ਸਾਰੀਆਂ ਇੱਛਾਵਾਂ ਪੂਰਨ ਕਰਨ ਨੂੰ ਤਾਂ ਇਕ ਹਰੀ ਅਕਾਲ ਪੁਰਖ ਵਾਹਿਗੁਰੂ ਹੀ ਹੈ। ਉਸ ਤੋਂ ਬਿਨਾਂ ਹੋਰ ਇੱਛਾ ਪੂਰਕ ਨਹੀਂ ਹੈ। ਇੱਛਾ ਨਾਮ ਕਾਮਨਾ ਦਾ ਹੈ (ਅਥਵਾ) ਇੱਛਾਵਾਂ ਦਾ ਹੈ।

## ਵਿਸ਼ਾ—ਸਭੇ ਇਛਾ ਪੂਰੀਆਂ

ਗੁਰਬਾਣੀ ਦੇ ਸਿਧਾਂਤ ਅਨੁਸਾਰ ਮਨੁੱਖ ਦੀਆਂ ਵੱਖ ਵੱਖ ਅਨੰਤ ਤਰ੍ਹਾਂ ਦੀਆਂ ਇੱਛਾਵਾਂ ਹਨ, ਪਰ ਗੁਰਦੇਵ ਨੇ ਇਸ ਮਨੁੱਖ ਦੀਆਂ ਮੁੱਖ ਇੱਛਾਵਾਂ ਨੂੰ ਪੰਜ ਤਰ੍ਹਾਂ ਦੀਆਂ ਇੱਛਾਵਾਂ ਦੇ ਵਿਚ ਵੰਡਿਆ ਹੈ ਤੇ ਨਾਲ ਹੀ ਇਹਨਾਂ ਦੀ ਪ੍ਰਾਪਤੀ ਦਾ ਢੰਗ ਦੱਸਿਆ ਹੈ :

## ਪੰਜ ਤਰ੍ਹਾਂ ਦੀ ਇੱਛਾ :

(੧) ਪਹਿਲੀ ਧਨ ਦੀ ਪ੍ਰਾਪਤੀ ਦੀ ਇੱਛਾ। (੨) ਦੂਜੀ ਸੁੱਖ ਦੀ ਪ੍ਰਾਪਤੀ ਦੀ ਇੱਛਾ। (੩) ਤੀਜੀ ਸੰਸਾਰ ਅੰਦਰ ਸੋਭਾ ਕਰਵਾਉਣ ਦੀ ਇੱਛਾ। (੪) ਚੌਥੀ ਰੋਗ ਦੀ ਨਿਵਿਰਤੀ, ਰੋਗ ਰਹਿਤ ਹੋਣ ਦੀ ਇੱਛਾ। (੫) ਪੰਜਵੀਂ ਨਾਮ ਰੂਪ ਖ਼ਜ਼ਾਨੇ ਨੂੰ ਪਾ ਕੇ ਸੱਚੇ ਦੀ ਦਰਗਾਹ ਅੰਦਰ ਪ੍ਰਵਾਨ ਹੋਣ ਦੀ ਇੱਛਾ। ਇਹ ਉਪਰੋਕਤ ਪੰਜ ਪ੍ਰਕਾਰ ਦੀਆਂ ਇੱਛਾਵਾਂ ਪੂਰੀਆਂ ਕਰਨ ਦਾ ਉਪਦੇਸ਼ ਹਜ਼ੂਰ ਨੇ ਇਸ ਤਰ੍ਹਾਂ ਦਿੱਤਾ ਹੈ :

***ਜਿਸੁ ਧਨ ਕਉ ਚਾਰਿ ਕੁੰਟ ਉਠਿ ਧਾਵਹਿ॥***
***ਸੋ ਧਨੁ ਹਰਿ ਸੇਵਾ ਤੇ ਪਾਵਹਿ॥***
***ਜਿਸੁ ਸੁਖ ਕਉ ਨਿਤ ਬਾਛਹਿ ਮੀਤ॥***
***ਸੋ ਸੁਖੁ ਸਾਧੂ ਸੰਗਿ ਪਰੀਤਿ॥***
***ਜਿਸੁ ਸੋਭਾ ਕਉ ਕਰਹਿ ਭਲੀ ਕਰਨੀ॥***
***ਸਾ ਸੋਭਾ ਭਜੁ ਹਰਿ ਕੀ ਸਰਨੀ॥***
***ਅਨਿਕ ਉਪਾਵੀ ਰੋਗੁ ਨ ਜਾਇ॥***
***ਰੋਗੁ ਮਿਟੈ ਹਰਿ ਅਵਖਧੁ ਲਾਇ॥***

***ਸਰਬ ਨਿਧਾਨ ਮਹਿ ਹਰਿ ਨਾਮੁ ਨਿਧਾਨੁ॥***
***ਜਪਿ ਨਾਨਕ ਦਰਗਹਿ ਪਰਵਾਨੁ॥ ੨॥***

(ਅੰਗ ੨੮੮)

ਇਹਨਾਂ ਹੀ ਮਨੁੱਖ ਦੀਆਂ ਇੱਛਾਵਾਂ ਲਈ ਜੋ ਮਨੁੱਖ ਚਾਰ ਪਦਾਰਥ ਤੇ ਦੁੱਖ ਨਿਵਿਰਤੀ ਅਤੇ ਸੰਸਾਰ ਅੰਦਰ ਆਪਣੀ ਸੋਭਾ ਕਰਨੀ ਲੋੜਦਾ ਹੈ ਤੇ ਜਨਮ ਮਰਨ ਦਾ ਡਰ ਦੂਰ ਕਰਕੇ ਪ੍ਰਭੂ ਦੇ ਦਰਸ਼ਨ ਦੀ ਪਿਆਸ ਵਿਚ ਲੱਗਿਆ ਹੋਇਆ ਹੈ, ਇਹਨਾਂ ਇੱਛਾਵਾਂ ਦੀ ਪੂਰਤੀ ਗੁਰਦੇਵ ਨੇ ਸ੍ਰੀ ਸੁਖਮਨੀ ਸਾਹਿਬ ਦੇ ਅੰਦਰ ਇਸ ਤਰ੍ਹਾਂ ਕਥਨ ਕੀਤੀ ਹੈ :

***ਚਾਰਿ ਪਦਾਰਥ ਜੇ ਕੋ ਮਾਗੈ॥ ਸਾਧ ਜਨਾ ਕੀ ਸੇਵਾ ਲਾਗੈ॥***
***ਜੇ ਕੋ ਆਪੁਨਾ ਦੂਖੁ ਮਿਟਾਵੈ॥ ਹਰਿ ਹਰਿ ਨਾਮੁ ਰਿਦੈ ਸਦ ਗਾਵੈ॥***
***ਜੇ ਕੋ ਅਪੁਨੀ ਸੋਭਾ ਲੋਰੈ॥ ਸਾਧਸੰਗਿ ਇਹ ਹਉਮੈ ਛੋਰੈ॥***
***ਜੇ ਕੋ ਜਨਮ ਮਰਣ ਤੇ ਡਰੈ॥ ਸਾਧ ਜਨਾ ਕੀ ਸਰਨੀ ਪਰੈ॥***
***ਜਿਸੁ ਜਨ ਕਉ ਪ੍ਰਭ ਦਰਸ ਪਿਆਸਾ॥***
***ਨਾਨਕ ਤਾ ਕੈ ਬਲਿ ਬਲਿ ਜਾਸਾ॥ ੫॥***

(ਅੰਗ ੨੬੬)

ਪਰ ਕਈ ਵਿਦਾਵਾਨਾਂ ਨੇ ਚਾਰ ਪ੍ਰਕਾਰ ਦੀਆਂ ਇੱਛਾਵਾਂ ਇਹ ਭੀ ਮੰਨੀਆਂ ਹਨ:-

(੧) ਇੱਛਾ (੨) ਪਰ-ਇੱਛਾ (੩) ਸਵੈ-ਇੱਛਾ (੪) ਇੱਕ ਅਨ ਇੱਛਾ

(੧) ਇੱਛਾ: ਜਿਵੇਂ ਧਰੂਹ ਨੇ ਕੀਤੀ। "ਅਪਨੇ ਲੋਭ ਕਉ ਕੀਨੋ ਮੀਤੁ॥ ਸਗਲ ਮਨੋਰਥ ਮੁਕਤਿ ਪਦੁ ਦੀਤੁ॥

(੨) ਪਰ-ਇੱਛਾ : ਆਪ ਨੂੰ ਕੋਈ ਇੱਛਾ ਨਾ ਹੋਣੀ, ਪਰਾਇਆਂ ਵਾਸਤੇ ਕਰਨੀ।

(੩) ਸਵੈ-ਇੱਛਾ:- ਆਪਣੇ ਪਰਯੋਜਨ ਲਈ ਕਰਨੀ। ਆਪੁਨੈ ਸੁਆਇ ਰਿਦੈ ਲੈ ਧਾਰਿਆ॥

(੪) ਅਨ-ਇੱਛਾ : ਇੱਛਾ ਤੋਂ ਰਹਿਤ ਹੋ ਜਾਣਾ। ਕੋਈ ਇੱਛਾ ਨਹੀਂ ਕਰਨੀ। ਪਰ ਉਹ ਪ੍ਰਮੇਸ਼ਰ ਫਿਰ ਵੀ ਸਭ ਕੁਝ ਦੇਈ ਜਾਂਦਾ ਹੈ।

ਸੋਢੀ ਸੁਲਤਾਨ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਜੀ ਨੇ ਮਨੁੱਖ ਦੀਆਂ ਚਾਰ ਪ੍ਰਕਾਰ ਦੀਆਂ ਇਹ ਇੱਛਾਵਾਂ ਦੱਸ ਕੇ ਇਹਨਾਂ ਦੀ ਪੂਰਤੀ ਭੀ ਇਸ ਪ੍ਰਕਾਰ ਆਸਾ ਰਾਗ ਦੇ ਅੰਦਰ ਛਕਿਆਂ ਦੇ ਸਿਰਲੇਖ ਹੇਠ, ਜਿਨ੍ਹਾਂ ਨੂੰ ਅਸੀਂ ਆਸਾ ਕੀ ਵਾਰ ਦੇ ਕੀਰਤਨ ਸਮੇਂ ਪੜ੍ਹਦੇ ਸੁਣਦੇ ਹਾਂ, ਕਥਨ ਕੀਤੀਆਂ ਹਨ:-

(੧) ਮੇਰੇ ਕਿਸੇ ਵੀ ਕਾਰਜ ਵਿਚ ਕੋਈ ਬਿਘਨ ਨਾ ਪਵੇ।

(੨) ਮੇਰਾ ਸਾਰੇ ਸਤਿਕਾਰ ਕਰਨ, ਸਾਰੇ ਸੋਭਾ ਹੋਵੇ ਮੇਰੀ।

(੩) ਮੈਨੂੰ ਸਦਾ ਸੁੱਖ ਹੋਵੇ (ਕਦੇ ਦੁੱਖੀ ਨਾ ਹੋਵਾਂ।

(੪) ਮੈਨੂੰ ਪ੍ਰਮੇਸ਼ਰ ਦੀ ਪ੍ਰਾਪਤੀ ਹੋਵੇ।

ਪਰ ਗੁਰਬਾਣੀ ਅੰਦਰ ਇਸ ਪ੍ਰਕਾਰ ਇਹ ਪੂਰੀਆਂ ਹੋਣੀਆਂ ਦੱਸੀਆਂ ਹਨ:

***ਜਿਨੀ ਗੁਰਮੁਖਿ ਨਾਮੁ ਧਿਆਇਆ ਤਿਨਾ ਫਿਰਿ ਬਿਘਨੁ ਨ ਹੋਈ ਰਾਮ ਰਾਜੇ॥***
***ਜਿਨੀ ਸਤਿਗੁਰੁ ਪੁਰਖੁ ਮਨਾਇਆ ਤਿਨ ਪੂਜੇ ਸਭੁ ਕੋਈ॥***
***ਜਿਨ੍ੀ ਸਤਿਗੁਰੁ ਪਿਆਰਾ ਸੇਵਿਆ ਤਿਨ੍ਾ ਸੁਖੁ ਸਦ ਹੋਈ॥***
***ਜਿਨ੍ਾ ਨਾਨਕੁ ਸਤਿਗੁਰੁ ਭੇਟਿਆ ਤਿਨ੍ਾ ਮਿਲਿਆ ਹਰਿ ਸੋਈ॥੨॥***

(ਅੰਗ ੪੫੧)

ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਅੰਦਰ ਭਗਤ ਪ੍ਰਹਿਲਾਦ ਜੀ ਦੇ ਪੋਤਰੇ ਬਲ ਰਾਜਾ ਦੇ ਸਵਰਗ ਪੁਰੀ ਦੀ ਪ੍ਰਾਪਤੀ ਦੀ ਇੱਛਾ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੈ :

***ਬਲਿ ਪੋਤਾ ਪ੍ਰਹਿਲਾਦ ਦਾ ਇੰਦਰ ਪੁਰੀ ਦੀ ਇਛ ਇਛੰਦਾ।***
***ਕਰਿ ਸੰਪੂਰਣੁ ਜਗੁ ਸਉ ਇਕ ਇਕੋਤਰੁ ਜਗੁ ਕਰੰਦਾ।***
***ਬਾਵਨ ਰੂਪੀ ਆਇ ਕੈ ਗਰਬੁ ਨਿਵਾਰਿ ਭਗਤ ਉਧਰੰਦਾ।***
***ਇੰਦ੍ਰਾਸਣ ਨੋ ਪਰਹਰੈ ਜਾਇ ਪਤਾਲਿ ਸੁ ਹੁਕਮੀ ਬੰਦਾ।***
***ਬਲਿ ਛਲਿ ਆਪੁ ਛਲਾਇਓਨੁ ਦਰਵਾਜੇ ਦਰਵਾਣ ਹੋਵੰਦਾ।***
***ਸ੍ਵਾਤਿ ਬੂੰਦ ਲੈ ਸਿਪ ਜਿਉ ਮੋਤੀ ਚੁਭੀ ਮਾਰਿ ਸੁਹੰਦਾ।***
***ਹੀਰੇ ਹੀਰਾ ਬੇਧਿ ਮਿਲੰਦਾ॥ ੭॥*** (ਵਾਰ ੨੫, ਪਉੜੀ ੭)

ਪੌਰਾਣਿਕ ਗ੍ਰੰਥਾਂ ਦੇ ਅੰਦਰ ਮਨੁੱਖ ਦੀਆਂ ਇੱਛਾਵਾਂ ਪੂਰੀਆਂ ਕਰਨ ਵਾਲੀ ਕਾਮਧੇਨ ਗਊ ਨੂੰ ਵੀ ਮੰਨਿਆ ਗਿਆ ਹੈ, ਪਰ ਗੁਰਦੇਵ ਨੇ ਗੁਰੂ ਕੀ ਸੰਗਤ ਅਤੇ ਗੁਰਬਾਣੀ ਹੀ ਮਨੁੱਖ ਦੀ ਇੱਛਾ ਪੂਰਕ ਅਸਲ ਕਾਮਧੇਨ ਦੱਸੀ ਹੈ। ਕਈਆਂ ਨੇ ਮਨੁੱਖ ਦੀ ਚਿਤਵਨੀ ਪੂਰੀ ਕਰਨ ਵਾਲੀ ਚਿੰਤਾਮਨੀ ਮੰਨ ਲਈ ਹੈ। ਪਰ ਕਾਮਧੇਨ ਵੀ ਵਾਦ ਵਿਵਾਦ ਪੈਦਾ ਕਰਨ ਵਾਲੀ ਹੀ ਹੈ, ਜਿਸ ਦੇ ਕਾਰਨ ਚੰਗੇ-ਚੰਗੇ ਜਪੀ ਤਪੀ ਜਮਦਗਨ ਰਿਖੀ ਵਰਗਿਆਂ ਦਾ ਕਤਲ ਹੋ ਗਿਆ। ਆਖ਼ਿਰ ਨੂੰ ਚਿੰਤਾਮਨੀ ਵੀ ਦੁੱਖ ਰੂਪ ਹੈ। ਇਹ ਭੀ ਕਾਮਧੇਨ ਤੇ ਚਿੰਤਾਮਨੀ ਅਕਾਲ ਪੁਰਖ ਵਾਹਿਗੁਰੂ ਦੇ ਵੱਸ ਵਿਚ ਹਨ। ਉਸਦੇ ਹੁਕਮ ਤੋਂ ਬਿਨਾਂ ਇਹ ਕੁਝ ਨਹੀਂ ਕਰ ਸਕਦੀਆਂ :

***ਸੁਖ ਸਾਗਰ ਸੁਰਿਤਰੁ ਚਿੰਤਾਮਨਿ ਕਾਮਧੇਨ ਬਸਿ ਜਾ ਕੇ ਰੇ॥***

(ਅੰਗ ੧੧੦੬)

ਇਸ ਲਈ:-

***ਸਭੇ ਇਛਾ ਪੂਰੀਆ ਜਾ ਪਾਇਆ ਅਗਮ ਅਪਾਰ॥***

(ਅੰਗ ੭੪੭)

## ਸਾਖੀ—ਕਾਮਧੇਨ ਗਊ ਦੀ

ਜਮਦਗਨ ਰਿਖੀ ਪਰਸੂ ਰਾਮ ਦਾ ਪਿਤਾ ਸੀ ਅਤੇ ਸਹੰਸਰਬਾਹੂ ਰਾਜੇ ਦਾ ਸਾਂਢੂ ਸੀ। ਇਕ ਵਾਰ ਜਮਦਗਨੀ ਦੇ ਘਰ ਵਾਲੀ ਰੇਣੁਕਾ ਸਹੰਸਰਬਾਹੂ ਦੇ ਘਰ ਆਪਣੀ ਭੈਣ ਨੂੰ ਮਿਲਣ ਗਈ ਤਾਂ ਸਹੰਸਰਬਾਹੂ ਰਾਜੇ ਨੇ ਜੋ ਬੜਾ ਹੰਕਾਰੀ ਸੀ, ਤਾਨ੍ਹਾ ਮਾਰਿਆ, ''ਆ ਗਈ ਹੈਂ, ਇਹਨਾਂ ਕਿਹੜਾ ਨਿਉਂਦਾ ਦੇਣਾ ਹੈ।'' ਜਮਦਗਨੀ ਨੇ ਕਿਹਾ, ''ਆਪਾਂ ਸਾਧੂ-ਫ਼ਕੀਰ ਤੇ ਉਹ ਰਾਜਾ, ਆਪਣਾ ਤੇ ਉਨ੍ਹਾਂ ਦਾ ਮੇਲ ਨਹੀਂ ਬਣਨਾ।'' ਰੇਣੁਕਾ ਜਦ ਨਾ ਮੰਨੀ ਤਾਂ ਰਿਸ਼ੀ ਨੇ ਸਹੰਸਰ ਨੂੰ ਸਮੇਤ ਫ਼ੌਜਾਂ ਦੇ ਨਿਉਂਦਾ ਦੇ ਦਿੱਤਾ ਅਤੇ ਪ੍ਰਮੇਸ਼ਰ ਅੱਗੇ ਬੇਨਤੀਆਂ ਕਰਕੇ ਸਵਰਗ ਵਿਚੋਂ ਕਾਮਧੇਨ ਗਊ ਮੰਗਾ ਕੇ, ਆਪਣੀ ਕੁਟੀਆ ਵਿਚ ਬੰਨ੍ਹ ਲਈ।

ਜਦ ਰਾਜਾ ਫ਼ੌਜਾਂ ਸਮੇਤ ਆਇਆ ਤਾਂ ਉਹਨਾਂ ਨੂੰ ਛੇ ਰਸਾਂ ਦੇ ਬਣੇ ਹੋਏ ਛੱਤੀ ਪ੍ਰਕਾਰ ਦੇ ਭੋਜਨ ਛਕਾਏ। ਸਹੰਸਰਬਾਹੂ ਬੜਾ ਹੈਰਾਨ ਹੋਇਆ ਕਿ ਇਹ ਤਾਂ ਸਾਧੂ ਹੈ, ਭੋਜਨ ਕਿਥੋਂ ਆ ਰਿਹਾ ਹੈ। ਕਾਮਧੇਨ ਗਊ ਦਾ ਪਤਾ ਲੱਗਣ 'ਤੇ ਰਾਜੇ ਨੇ ਜਮਦਗਨੀ ਰਿਖੀ ਨੂੰ ਕਿਹਾ, ''ਇਤਨੀ ਸ਼ਕਤੀ ਵਾਲੀ ਕਾਮਧੇਨ ਗਊ ਮੈਨੂੰ ਦੇ ਦੇ, ਜੋ ਸਾਰੀਆਂ ਕਾਮਨਾ ਪੂਰੀਆਂ ਕਰਦੀ ਹੈ।'' ਰਿਖੀ ਨੇ ਕਿਹਾ, ''ਮੈਂ ਤਾਂ ਪ੍ਰਮੇਸ਼ਰ ਅੱਗੇ ਬੇਨਤੀਆਂ ਕਰਕੇ ਲਿਆਂਦੀ ਹੈ, ਤੈਨੂੰ ਨਹੀਂ ਦੇ ਸਕਦਾ।'' ਇਉਂ ਕਹਿ ਕੇ ਸਵਰਗ ਨੂੰ ਉਡਾ ਦਿੱਤੀ। ਉੱਡੀ ਜਾਂਦੀ ਦੇ ਪੈਰਾਂ ਵਿਚ ਸਹੰਸਰਬਾਹੂ ਦੀ ਫ਼ੌਜ ਦੇ ਤੀਰ ਲੱਗਣ 'ਤੇ ਜੋ ਖ਼ੂਨ ਨਿਕਲ ਕੇ ਧਰਤੀ 'ਤੇ ਡਿੱਗਿਆ, ਕਹਿੰਦੇ ਹਨ ਕਿ ਉਸ ਤੋਂ ਤਮਾਕੂ ਆਦਿਕ ਪੈਦਾ ਹੋਇਆ ਹੈ। ਤਾਂ ਨਰਾਜ਼ ਹੋ ਕੇ ਸਹੰਸਰਬਾਹੂ ਨੇ ਜਮਦਗਨੀ ਰਿਖੀ ਨੂੰ ਮਾਰ ਦਿੱਤਾ। ਜਮਦਗਨੀ ਦੀ ਪਤਨੀ ਰੇਣੁਕਾ ਨੇ ਪਤੀ ਦੇ ਮਰਨ ਤੋਂ ਆਪਣੇ ਸਰੀਰ ਨੂੰ ਇਕੀ ਵਾਰ ਤਾੜਨਾ ਕੀਤੀ।

ਪਰ ਜਿਸ ਵੇਲੇ ਤਪ ਕਰਦੇ ਹੋਏ ਪਰਸਰਾਮ ਨੂੰ ਪਤਾ ਲੱਗਾ ਕਿ ਮੇਰੇ ਪਿਤਾ ਨੂੰ ਸਹੰਸਰਬਾਹੂ ਨੇ ਮਾਰ ਦਿੱਤਾ ਹੈ ਅਤੇ ਮੇਰੀ ਮਾਤਾ ਨੇ ਇਕੀ ਵਾਰ ਸਰੀਰ ਨੂੰ ਤਾੜਨਾ ਕੀਤੀ ਹੈ ਤਾਂ ਪਰਸ ਰਾਮ ਨੇ ਪ੍ਰਣ ਕੀਤਾ ਕਿ ਮੈਂ ਇਕੀ ਵਾਰ ਛੱਤ੍ਰੀ ਰਾਜਿਆਂ ਨੂੰ ਕੁਹਾੜੇ ਨਾਲ ਵੱਢ ਕੇ ਖ਼ਤਮ ਕਰਾਂਗਾ। ਉਸ ਨੇ ਇਕੀ ਵਾਰ ਛੱਤ੍ਰੀ ਰਾਜਿਆਂ ਨੂੰ ਮਾਰ ਕੇ, ਉਨ੍ਹਾਂ ਦੇ ਖ਼ੂਨ ਵਿਚ ਨਹਾ ਕੇ ਆਪਣਾ ਪ੍ਰਣ ਪੂਰਾ ਕੀਤਾ। ਇਸ ਤਰ੍ਹਾਂ ਕਾਮਧੇਨ ਗਊ ਵੀ ਪਰਮੇਸ਼ਰ ਦੀ ਕਿਰਪਾ ਤੋਂ ਬਿਨਾਂ ਇੱਛਾਵਾਂ ਪੂਰੀਆਂ ਕਰਕੇ ਜੀਵ ਨੂੰ ਸੁਖੀ ਨਹੀਂ ਕਰ ਸਕਦੀ, ਸਗੋਂ ਦੁੱਖੀ ਕਰਦੀ ਹੈ।

## ਸਾਖੀ—ਚਿੰਤਾਮਣੀ ਦੀ

ਇਕ ਜ਼ਿਮੀਂਦਾਰ ਖੇਤ ਵਿਚ ਹਲ ਵਾਹੁਣ ਗਿਆ। ਜੇਠ ਦੇ ਮਹੀਨੇ ਦੇ ਦਿਨ ਸਨ। ਹਲ ਵਾਹ ਕੇ ਇਕ ਕਿੱਕਰ ਥੱਲੇ ਲੰਮਾ ਪੈ ਗਿਆ, ਜਿਸਦੀ ਥੋੜ੍ਹੀ ਜਿਹੀ ਛਾਂ ਸੀ। ਉਪਰੋਂ ਗਰਮ ਰੇਤਾ ਪਾਸੇ ਕਰਕੇ ਹੇਠੋਂ ਰੇਤਾ ਪੁੱਟਣ ਲੱਗ ਪਿਆ। ਪੁੱਟਦਿਆਂ-ਪੁੱਟਦਿਆਂ ਇਕ ਕੱਚ ਦੀ ਗੋਲੀ ਜਿਹੀ ਮਿਲੀ। ਚੰਗੀ ਸੋਹਣੀ ਜਾਣ

ਕੇ ਪੱਲੇ ਬੰਨ੍ਹ ਲਈ ਕਿ ਬਾਲਕ ਖੇਡੇਗਾ, ਪਰ ਸੀ ਉਹ ਚਿੰਤਾਮਣੀ। ਥੋੜ੍ਹੀ ਛਾਂ ਵੇਖ ਕੇ ਫੁਰਨਾ ਕੀਤਾ ਕਿ ਛਾਂ ਸੰਘਣੀ ਹੁੰਦੀ ਤਾਂ ਚੰਗਾ ਸੀ। ਫੁਰਨਾ ਕਰਨ ਦੀ ਦੇਰ ਹੀ ਸੀ ਕਿ ਛਾਂ ਸੰਘਣੀ ਹੋ ਗਈ। ਇਕ ਬਗ਼ੀਚੇ ਦਾ ਫੁਰਨਾ ਕੀਤਾ ਤਾਂ ਝੱਟ ਹੀ ਸੋਹਣਾ ਬਗ਼ੀਚਾ ਵੀ ਬਣ ਗਿਆ। ਫਿਰ ਚਿਤਵਿਆ ਕਿ ਤਲਾਅ ਵਿਚ ਕਿਸ਼ਤੀ ਹੋਵੇ ਤੇ ਮੈਂ ਵਿਚ ਬੈਠ ਕੇ ਸੈਰ ਕਰਾਂ। ਸੈਰ ਵੀ ਕਰਨ ਲੱਗ ਪਿਆ। ਬੜਾ ਅਨੰਦ ਮਾਣ ਰਿਹਾ ਹੈ, ਮਨ ਵਿਚ ਹੰਕਾਰ ਵੀ ਬੜਾ ਹੈ ਕਿ ਮੇਰੀਆਂ ਚਿਤਵਨੀਆਂ ਪੂਰੀਆਂ ਹੋਣ ਲੱਗ ਪਈਆਂ ਹਨ। ਇੰਨੇ ਚਿਰ ਨੂੰ ਇਕ ਕਾਂ ਤਲਾਅ 'ਤੇ ਪਾਣੀ ਪੀਣ ਆ ਬੈਠਾ। ਕਿਸ਼ਤੀ ਵਿਚ ਬੈਠਾ ਕਹਿਣ ਲੱਗਾ, "ਉੱਡ ਜਾ ! ਉੱਡ ਜਾ ! ਹੋਰ ਕਿਸੇ ਦੇ ਤਲਾਅ 'ਤੇ ਜਾ ਕੇ ਪਾਣੀ ਪੀ ! ਇਹ ਮੇਰਾ ਤਲਾਅ ਹੈ।" ਪਰ ਕਾਂ ਬੜਾ ਢੀਠ ਹੁੰਦਾ ਹੈ, ਛੇਤੀ ਕਰਕੇ ਉੱਡਦਾ ਨਹੀਂ। ਅਖ਼ੀਰ ਇਸਨੇ ਬਾਂਹ ਦੇ ਬਹੁਤ ਇਸ਼ਾਰੇ ਕੀਤੇ, ਪਰ ਕਾਂ ਨਾ ਉੱਡਿਆ। ਅਖ਼ੀਰ ਇਸਨੇ ਉਹ ਮਣਕਾ ਜਿਹਾ ਜੋ ਪਲੇ ਬੰਨ੍ਹਿਆ ਸੀ, ਵਗਾਹ ਕੇ ਮਾਰਿਆ। ਬਸ ! ਸੁੱਟਣ ਦੀ ਹੀ ਦੇਰ ਸੀ ਕਿ ਨਾ ਉਥੇ ਸੰਘਣੀ ਛਾਂ, ਨਾ ਬਗ਼ੀਚਾ, ਨਾ ਤਲਾਬ, ਨਾ ਬੇੜੀ ਅਤੇ ਨਾ ਹੀ ਉਹ ਕਾਂ ਸੀ। ਵਿਚਾਰਾ ਉਸੇ ਕਿੱਕਰ ਦੀ ਥੋੜ੍ਹੀ ਜਿਹੀ ਛਾਂ ਥੱਲੇ ਪਿਆ ਹੈ। ਸੋ, ਚਿੰਤਾਮਣੀ ਵੀ ਚਿੰਤਾ ਰੂਪ ਹੀ ਹੈ, ਸੁੱਖ ਨਹੀਂ ਦੇ ਸਕਦੀ।

ਇਸੇ ਤਰ੍ਹਾਂ ਜੀਵ ਹੈ ਜ਼ਿਮੀਂਦਾਰ, ਸਕਾਮ ਕਰਮ ਹਨ, ਕਿੱਕਰ, ਜੇਠ ਦਾ ਮਹੀਨਾ ਹੈ ਅਗਿਆਨ, ਜੋ ਰਾਗ-ਦ੍ਵੈਖ ਦੀਆਂ ਤਿੱਖੀਆਂ ਕਿਰਨਾਂ ਨਾਲ ਤਪ ਜਿਹਾ ਹੈ, ਤ੍ਰਿਸ਼ਨਾ ਰੂਪ ਧੁੱਪ ਪੈ ਰਹੀ ਹੈ, ਨਿਮਰਤਾ ਧਾਰਨ ਕਰਨ ਰੂਪ ਠੰਢਾ ਰੇਤਾ ਪੁੱਟਣਾ ਸ਼ੁਰੂ ਕੀਤਾ ਤਾਂ ਭਗਤੀ ਰੂਪ ਚਿੰਤਾਮਣੀ ਪ੍ਰਾਪਤ ਹੋਈ। ਜਿਸ ਭਗਤੀ ਦੇ ਪ੍ਰਤਾਪ ਕਰਕੇ ਮੱਸਿਆ, ਪੁੰਨਿਆ ਦੇ ਮੇਲੇ ਲੱਗਣ ਲੱਗ ਪਏ, ਸੋਨੇ ਦੇ ਕਲਸਾਂ ਵਾਲੇ ਮੰਦਰ ਬਣ ਗਏ, ਦੁਨੀਆਂ ਪਿੱਛੇ ਲੱਗ ਕੇ ਸੋਭਾ-ਵਡਿਆਈ ਕਰਨ ਲੱਗ ਪਈ। ਜੀਵ ਰੂਪ ਜ਼ਿਮੀਂਦਾਰ ਨੇ ਭਗਤੀ ਰੂਪ ਚਿੰਤਾਮਣੀ ਦੀ ਸ਼ਕਤੀ ਨਾ ਸਮਝੀ, ਹੰਕਾਰ ਕਰ ਬੈਠਾ ਕਿ ਮੈਂ ਕਿਤਨਾ ਵਡਭਾਗੀ ਹਾਂ, ਜੋ ਲੋਕ ਮੇਰੀ ਮੰਨਤਾਂ ਕਰਦੇ ਹਨ ਤਾਂ ਮਾੜਾ ਕਰਮ ਰੂਪ ਕਾਂ ਪ੍ਰਗਟ ਹੋਣ ਕਰਕੇ ਮਨੁੱਖ ਉਥੇ ਦਾ ਉਥੇ ਹੀ ਰਹਿ ਜਾਂਦਾ ਹੈ।

**ਧਨਾਸਰੀ ਮਹਲਾ ੪ ॥ ਇਛਾ ਪੂਰਕੁ ਸਰਬ ਸੁਖਦਾਤਾ ਹਰਿ ਜਾ ਕੈ ਵਸਿ ਹੈ ਕਾਮਧੇਨਾ ॥ ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ ਤਾ ਸਰਬ ਸੁਖ ਪਾਵਹਿ ਮੇਰੇ ਮਨਾ ॥ ੧ ॥ ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ ॥ ਹਲਤਿ ਪਲਤਿ ਮੁਖ ਊਜਲ ਹੋਈ ਹੈ ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ ॥ ਰਹਾਉ ॥ ਜਹ ਹਰਿ ਸਿਮਰਨੁ ਭਇਆ ਤਹ ਉਪਾਧਿ ਗਤੁ ਕੀਨੀ ਵਡਭਾਗੀ ਹਰਿ ਜਪਨਾ ॥ ਜਨ ਨਾਨਕ ਕਉ ਗੁਰਿ ਇਹ ਮਤਿ ਦੀਨੀ ਜਪਿ ਹਰਿ ਭਵਜਲੁ ਤਰਨਾ ॥ ੨ ॥ ੬ ॥ ੧੨ ॥**

(ਅੰਗ ੬੬੮)

## ਪਦ ਅਰਥ :

ਇਛਾ-ਇੱਛਾਵਾਂ, ਖ਼ਾਹਿਸ਼ਾਂ। ਪੂਰਕੁ-ਪੂਰੀਆਂ ਕਰਨ ਵਾਲਾ ਹੈ। ਕਾਮਧੇਨਾ-ਸਵਰਗ ਦੀ ਗਊ। ਪਾਵਹਿ-ਪਾ ਲਵੇਗਾ। ਸਤਿ ਨਾਮੁ-ਸਦਾ ਥਿਰ ਰਹਿਣ ਵਾਲਾ ਨਾਮ। ਹਲਤਿ ਪਲਤਿ-ਲੋਕ ਪ੍ਰਲੋਕ ਵਿਚ। ਨਿਰੰਜਨਾ-ਮਾਇਆ ਦੀ (ਕਾਲਖ) ਤੋਂ ਰਹਿਤ ਹਰੀ। ਜਹ-ਜਿਥੇ। ਤਹ-ਉਥੇ। ਉਪਾਧਿ-ਉਪਾਧੀ, ਬਿਪਤਾ ਆਦਿ ਤਿੰਨੇ ਤਾਪ-ਆਦਿ, ਬਿਆਧਿ, ਉਪਾਧਿ। ਗਤੁ-ਨਾਸ। ਵਡਭਾਗੀ-ਵਡੇ ਭਾਗਾਂ ਨਾਲ। ਗੁਰਿ-ਗੁਰੂ ਨੇ। ਭਵਜਲੁ-ਸੰਸਾਰ ਸਮੁੰਦਰ।

## ਅਰਥ :

(ਹੇ ਮੇਰੇ ਮਨ!) ਹਰੀ (ਪ੍ਰਭੂ) ਹਰੀ (ਸਾਰੀਆਂ ਇੱਛਾਵਾਂ ਖ਼ਾਹਿਸ਼ਾਂ) ਪੂਰੀਆਂ ਕਰਨ ਵਾਲਾ ਤੇ ਸੁਖਦਾਤਾ ਹੈ, (ਅਤੇ) ਜਿਸ ਦੇ ਵੱਸ ਵਿਚ ਕਥਿਤ ਸਵਰਗ ਵਿਚ ਰਹਨਿ ਵਾਲੀ ਕਾਮਧੇਨ ਗਊ ਭੀ ਹੈ। ਇਸ ਲਈ ਹੇ ਮੇਰੇ ਮਨ! ਐਸੇ (ਸਰਬ ਸ਼ਕਤੀਵਾਨ) ਹਰੀ ਨੂੰ ਧਿਆਉਣਾ ਚਾਹੀਦਾ ਹੈ। ਹੇ ਮੇਰੇ ਮਨ! ਤਾਂ (ਤੂੰ) ਸਰਬ=ਸਾਰੇ ਸੁੱਖ ਪਾ ਲਵੇਂਗਾ। ੧। ਹੇ ਮਨ! ਸਦਾ ਸਥਿਰ ਰਹਿਣ ਵਾਲੇ ਸਤਿਨਾਮ (ਨੂੰ) ਸਦਾ ਹੀ ਜਪਦਾ ਰਹਿ। (ਸਤਿਨਾਮ ਜੱਪਣ ਨਾਲ) ਲੋਕ ਪ੍ਰਲੋਕ ਵਿਚ ਮੁੱਖ ਉਜਲਾ ਹੁੰਦਾ ਹੈ, (ਭਾਵ ਆਦਰ ਮਾਣ ਮਿਲਦਾ ਹੈ ਇਸ ਲਈ) ਹਰੀ ਪੁਰਖ ਜੋ ਮਾਇਆ ਦੀ (ਕਾਲਖ) ਤੋਂ ਰਹਿਤ ਹੈ, (ਉਸ ਨੂੰ) ਹਰ ਰੋਜ਼ ਧਿਆਇਆ ਕਰ। ਰਹਾਉ। (ਹੇ ਮਨ!) ਜਿਸ ਥਾਂ ਤੇ ਹਰੀ ਦਾ ਸਿਮਰਨ ਹੋਇਆ ਹੈ, ਉਸ ਥਾਂ ਤੋਂ ਉਪਾਧਿ ਬਿਪਤਾ ਆਦਿ (ਭਾਵ ਤਿੰਨੇ ਤਾਪ-ਆਦਿ, ਬਿਆਧਿ, ਉਪਾਧਿ) ਨੂੰ ) (ਸਿਮਰਨ ਸ਼ਕਤੀ) ਨਾਸ ਕਰ ਦਿੰਦੀ ਹੈ, ਪਰ ਨਾਮ ਜੱਪਣਾ (ਸਿਮਰਨ ਕਰਨਾ) ਵੱਡੇ ਭਾਗਾਂ ਕਰਕੇ ਹੀ ਹੁੰਦਾ ਹੈ) ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ ਮੈਂ ਜਨ=ਦਾਸ ਨੂੰ ਗੁਰੂ ਨੇ ਇਹ ਸਿਖਿਆ ਦਿੱਤੀ ਹੈ, ਕਿ ਹਰੀ ਨਾਮ ਜੱਪ ਕੇ ਸੰਸਾਰ ਤੋਂ ਤਰੀਦਾ ਹੈ। ੨। ੬। ੧੨।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੮੯ (ਅੰਗ ੬੭੧)

## ਧਨਾਸਰੀ ਮਹਲਾ ੫ ॥

ਜਿਸ ਕਾ ਤਨੁ ਮਨੁ ਧਨੁ ਸਭੁ ਤਿਸ ਕਾ ਸੋਈ ਸੁਘੜੁ ਸੁਜਾਨੀ॥ ਤਿਨ ਹੀ ਸੁਣਿਆ ਦੁਖੁ ਸੁਖੁ ਮੇਰਾ ਤਉ ਬਿਧਿ ਨੀਕੀ ਖਟਾਨੀ॥੧॥ ਜੀਅ ਕੀ ਏਕੈ ਹੀ ਪਹਿ ਮਾਨੀ॥ ਅਵਰਿ ਜਤਨ ਕਰਿ ਰਹੇ ਬਹੁਤੇਰੇ ਤਿਨ ਤਿਲੁ ਨਹੀ ਕੀਮਤਿ ਜਾਨੀ॥ ਰਹਾਉ॥ ਅੰਮ੍ਰਿਤ ਨਾਮੁ ਨਿਰਮੋਲਕੁ ਹੀਰਾ ਗੁਰਿ ਦੀਨੋ ਮੰਤਾਨੀ॥ ਡਿਗੈ ਨ ਡੋਲੈ ਦ੍ਰਿੜੁ ਕਰਿ ਰਹਿਓ ਪੂਰਨ ਹੋਇ ਤ੍ਰਿਪਤਾਨੀ॥੨॥ ਓਇ ਜੁ ਬੀਚ ਹਮ ਤੁਮ ਕਛੁ ਹੋਤੇ ਤਿਨ ਕੀ ਬਾਤ ਬਿਲਾਨੀ॥ ਅਲੰਕਾਰ ਮਿਲਿ ਥੈਲੀ ਹੋਈ ਹੈ ਤਾ ਤੇ ਕਨਿਕ ਵਖਾਨੀ॥੩॥ ਪ੍ਰਗਟਿਓ ਜੋਤਿ ਸਹਜ ਸੁਖ ਸੋਭਾ ਬਾਜੇ ਅਨਹਤ ਬਾਨੀ॥ ਕਹੁ ਨਾਨਕ ਨਿਹਚਲ ਘਰੁ ਬਾਧਿਓ ਗੁਰਿ ਕੀਓ ਬੰਧਾਨੀ॥੪॥੫॥

# ਪ੍ਰਾਕ੍ਰਥਨ :-

ਇਹ ਪਾਵਨ ਸ਼ਬਦ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਧਨਾਸਰੀ ਰਾਗ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਦੇ ਆਰੰਭ ਅੰਦਰ ਗੁਰਦੇਵ ਨੇ ਉਸ ਅਕਾਲ ਪੁਰਖ ਵਾਹਿਗੁਰੂ ਨੂੰ ''ਸੁਘੜ-ਸੁਜਾਨੀ'' ਸ੍ਰੇਸ਼ਟ ਘਾੜਤਾਂ ਦੇ ਘੜਨ ਵਾਲਾ ਕਥਨ ਕੀਤਾ ਹੈ। ਇਸ ਮਨੁੱਖ ਦੇ ਸਰੀਰ ਦੀ ਘਾੜਤ ਦੇ ਘੜਨ ਵਾਲਾ ਵੀ ਉਹ ਅਕਾਲ ਪੁਰਖ ਵਾਹਿਗੁਰੂ ਹੀ ਹੈ।

## ਵਿਸ਼ਾ— ਤਨੁ ਧਨੁ ਪ੍ਰਭ ਕਾ ਪ੍ਰਭ ਕੀ ਜਿੰਦੁ

ਸਰਬ ਸ਼ਕਤੀਮਾਨ ਅਕਾਲ ਪੁਰਖ ਵਾਹਿਗੁਰੂ ਜੀ ਨੇ ਮਾਤਾ ਪਿਤਾ ਦੇ ਸੰਬੰਧ ਦੁਆਰਾ ਮਾਤਾ ਦਾ ਖ਼ੂਨ ਤੇ ਪਿਤਾ ਦਾ ਮੈਲਾ ਪਾਣੀ ਇਸ ਮਾਤਾ ਦੀ ਰਕਤ ਤੇ ਪਿਤਾ ਦੀ ਬਿੰਦ ਧਾਤੂ ਤੋਂ ਇਤਨਾ ਸੁੰਦਰ ਸਰੀਰ ਮਨੁੱਖ ਦਾ ਬਣਾ ਦਿੱਤਾ ਹੈ। ਗੁਰਦੇਵ ਦਾ ਸੁੰਦਰ ਫ਼ੁਰਮਾਨ ਹੈ :

***ਪਾਨੀ ਮੈਲਾ ਮਾਟੀ ਗੋਰੀ॥ ਇਸ ਮਾਟੀ ਕੀ ਪੁਤਰੀ ਜੋਰੀ॥***

(ਅੰਗ ੩੩੬)

ਅਥਵਾ :

***ਮਾ ਕੀ ਰਕਤੁ ਪਿਤਾ ਬਿਦੁ ਧਾਰਾ॥***

(ਅੰਗ ੧੦੨੨)

ਇਸ ਸਰੀਰ ਦੀ ਰਚਨਾ ਬੱਚੇ ਦਾ ਵਜੂਦ ਸਭ ਤੋਂ ਪਹਿਲਾਂ ਵਾਹਿਗੁਰੂ ਨੇ ਮਾਤਾ ਦੇ ਉਦਰ ਵਿਚ ਬਣਾਇਆ ਹੈ। ਇਸ ਵਜੂਦ ਵਿਚ ਵਾਹਿਗੁਰੂ ਨੇ ਜੀਵਨ ਕਲਾ ਪਾ ਦਿੱਤੀ ਹੈ। ਫਿਰ ਉਥੇ ਉਦਰ ਵਿਚ ਹੀ ਮਾਂ ਦੇ ਖਾਧੇ ਹੋਏ ਭੋਜਨ ਦੀ ਨਾੜੂਏ ਰਾਹੀਂ ਇਸ ਬੱਚੇ ਨੂੰ ਖ਼ੁਰਾਕ ਦਿੱਤੀ ਹੈ। ਜਨਮ ਦੇ ਕੇ ਤੁਰੰਤ ਜਨਮੇ ਬੱਚੇ ਨੂੰ ਪ੍ਰਮੇਸ਼ਰ ਨੇ ਮਾਤਾ ਦੇ ਦੁੱਧ ਦੀ ਖ਼ੁਰਾਕ ਤੇ ਇਸ ਦੀ ਸੰਭਾਲ ਲਈ, ਬਸਤਰ ਪਹਿਨਾਉਣ ਲਈ, ਮਾਤਾ ਪਿਤਾ ਦਿੱਤੇ ਹਨ :

***ਜੀਉ ਪਾਇ ਪਿੰਡੁ ਜਿਨਿ ਸਾਜਿਆ ਦਿਤਾ ਪੈਨਣੁ ਖਾਣੁ॥***

(ਅੰਗ ੬੧੯)

ਇਹ ਸਰੀਰ ਵਾਹਿਗੁਰੂ ਨੇ ਬਣਾਇਆ ਹੈ। ਸਰੀਰ ਵੀ ਕਿਤਨਾ ਸੁੰਦਰ ਅਤੇ ਹਰ ਇਕ ਮਨੁੱਖ ਦਾ ਰੂਪ, ਰੰਗ, ਵੱਖ-ਵੱਖ ਬਣਾ ਦਿੱਤਾ ਹੈ।

***ਮੇਰੈ ਪ੍ਰਭਿ ਸਾਚੈ ਇਕੁ ਖੇਲੁ ਰਚਾਇਆ॥***
***ਕੋਇ ਨ ਕਿਸ ਹੀ ਜੇਹਾ ਉਪਾਇਆ॥***
***ਆਪੇ ਫਰਕੁ ਕਰੇ ਵੇਖਿ ਵਿਗਸੈ ਸਭਿ ਰਸ ਦੇਹੀ ਮਾਹਾ ਹੇ॥***

(ਅੰਗ ੧੦੫੬)

ਇਸ ਸੁੰਦਰ ਸਰੀਰ ਵਿਚ ਵਾਹਿਗੁਰੂ ਨੇ ਮਨ ਬਣਾਇਆ ਹੈ। ਮਨ ਦਾ ਭਾਵ ਹੈ ਸਾਰੀਆਂ ਦਿਮਾਗ਼ੀ ਤਾਕਤਾਂ, ਗਿਆਨ-ਸ਼ਕਤੀਆਂ। ਜਿਸ ਸਰੀਰ ਦੇ ਅੰਦਰ ਦਿਮਾਗ਼ੀ ਤਾਕਤਾਂ ਤੇ ਗਿਆਨ-ਸ਼ਕਤੀਆਂ ਨਹੀਂ ਹਨ, ਉਸ ਮਨੁੱਖ ਨੂੰ ਪਾਗ਼ਲ ਕਿਹਾ ਜਾ ਸਕਦਾ ਹੈ, ਕਿਉਂਕਿ ਮਨ ਅਸਲ ਵਿਚ ਆਤਮਾ ਅਤੇ ਇੰਦ੍ਰਿਆਂ ਦੇ ਵਿਚਕਾਰ ਇਕ ਚੇਤੰਨ ਸਤਾ ਦਾ ਨਾਮ ਹੈ। ਇਸ ਦੇ ਸਮੁਦਾਏ ਨੂੰ ਅਸੀਂ ਸੰਕਲਪ, ਵਿਕਲਪ, ਸਮਝ, ਸਿਆਣਪ, ਇੱਛਾ, ਵੀਚਾਰ, ਅੰਤਸ਼ਕਰਨ ਆਦਿ ਕਹਿੰਦੇ ਹਾਂ। ਇਹ ਸਾਰੇ ਮਨ ਵਿਚ ਆ ਜਾਂਦੇ ਹਨ। ਇਸ ਮਨ ਤੋਂ ਬਿਨਾਂ ਸਰੀਰ ਕਿਸੇ ਕੰਮ ਨਹੀਂ ਤੇ ਮਨੁੱਖ ਕੁਝ ਕਰ ਨਹੀਂ ਸਕਦਾ। ਇਸੇ ਕਰਕੇ ਗੁਰਦੇਵ ਨੇ ਇਸ ਮਨ ਨੂੰ ਰਤਨ, ਜਵਾਹਰ, ਮਾਣਕ ਇਨ੍ਹਾਂ ਨਾਲੋਂ ਵੀ ਅਮੋਲਕ ਕਹਿ ਦਿੱਤਾ ਹੈ:

***ਇਹੁ ਮਨੁ ਰਤਨੁ ਜਵਾਹਰ ਮਾਣਕੁ ਤਿਸ ਕਾ ਮੋਲੁ ਅਫਾਰਾ॥***

(ਅੰਗ ੭੫੪)

ਇਸੇ ਰੂਪ ਵਿਚ ਹੀ ਮਨ ਨੂੰ ਗੁਰਦੇਵ ਨੇ ਜੋਤ ਸਰੂਪ ਕਿਹਾ ਹੈ:

***ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥***

(ਅੰਗ ੪੪੧)

ਇਸ ਲਈ ਜਿਸ ਵਾਹਿਗੁਰੂ ਨੇ ਸਰੀਰ ਪੈਦਾ ਕੀਤਾ ਹੈ, ਮਨ ਵੀ ਉਸੇ ਦਾ ਹੀ ਹੈ। ਮਨੁੱਖ ਵੱਡਾ ਹੋ ਕੇ ਦੁਨੀਆਵੀ ਧਨ ਦੀ ਇਕੱਤਰਤਾ ਲਈ ਕੋਈ ਕਾਰਜ ਆਰੰਭ ਕਰਦਾ ਹੈ ਤਾਂ ਕਾਰਜ ਦੀ ਸਫਲਤਾ ਲਈ ਗੁਰੂ ਪ੍ਰਮੇਸ਼ਰ ਦਾ ਆਸਰਾ ਲੈਂਦਾ ਹੈ, ਕਿ ਹੇ ਪ੍ਰਭੂ! ਇਸ ਕਾਰਜ ਵਿਚੋਂ ਮੈਨੂੰ ਬਹੁਤਾ ਧਨ ਪ੍ਰਾਪਤ ਹੋਵੇ। ਉਸਦੀ ਸਫਲਤਾ ਕਰਨ ਵਾਲਾ ਵੀ ਪ੍ਰਮਾਤਮਾ ਹੈ, ਕਿਉਂਕਿ ਪ੍ਰੇਮ ਨਾਲ ਜੋ ਮਨੁੱਖ ਪ੍ਰਭੂ ਦਾ ਆਸਰਾ ਲੈ ਕੇ ਕੰਮ ਕਰਦਾ ਹੈ, ਉਸ ਕਾਰਜ ਦੀ ਸਫਲਤਾ ਹੋਣ ਤੇ ਧਨ ਪਾਕੇ ਮਨੁੱਖ ਮਾਲੋ ਮਾਲ ਹੋ ਜਾਂਦਾ ਹੈ। ਗੁਰਦੇਵ ਦਾ ਕਥਨ ਹੈ:

***ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ॥***

(ਅੰਗ ੫੯੫)

ਇਸ ਲਈ ਇਸ ਮਨੁੱਖ ਨੂੰ ਤਨ, ਮਨ ਅਤੇ ਧਨ ਸਭ ਕੁਝ ਉਸ ਵਾਹਿਗੁਰੂ ਦਾ ਦਿੱਤਾ ਹੋਇਆ ਹੈ, ਪਰ ਅਫ਼ਸੋਸ। ਅਗਿਆਨਤਾ ਕਾਰਨ ਮਨੁੱਖ ਇਹ ਸਭ ਕੁਝ ਆਪਣਾ ਮੰਨੀ ਬੈਠਾ ਹੈ, ਜਦ ਕਿ ਇਸ ਦਾ ਆਪਣਾ ਕੁਝ ਵੀ ਨਹੀਂ ਹੈ, ਇਸ ਨੂੰ ਸਭ ਕੁਝ ਪ੍ਰਮਾਤਮਾ ਦਾ ਦਿੱਤਾ ਹੋਇਆ ਹੈ:

ਭਗਤ ਕਬੀਰ ਜੀ ਦਾ ਸੁੰਦਰ ਫ਼ੁਰਮਾਣ ਹੈ:

***ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ॥***
***ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ॥***

(ਅੰਗ ੧੩੭੫)

ਤੀਸਰੇ ਗੁਰਦੇਵ ਗੁਰ ਅਮਰਦਾਸ ਜੀ ਦਾ ਵੀ ਫ਼ੁਰਮਾਨ ਹੈ, ਕਿ ਮਨੁੱਖ ਤਨ, ਮਨ ਅਤੇ ਧਨ ਸਭ ਕੁਝ ਗੁਰੂ ਨੂੰ ਅਰਪਣ ਕਰਕੇ, ਗੁਰੂ ਦੇ ਹੁਕਮ ਮੰਨਣ ਵਿਚ ਆਪਣੇ ਆਪ ਨੂੰ ਢਾਲ ਕੇ ਹੀ ਜੀਵਨ ਦੀ ਸਫਲਤਾ ਸਮਝਦਾ ਹੈ:

***ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ॥***

(ਅਨੰਦੁ ਸਾਹਿਬ, ਅੰਗ ੯੧੮)

***ਅਥਵਾ: ਤਨੁ ਧਨੁ ਤੇਰਾ ਤੂੰ ਪ੍ਰਭੁ ਮੇਰਾ ਹਮਰੈ ਵਸਿ ਕਿਛੁ ਨਾਹਿ॥***

(ਅੰਗ ੪੦੬)

***ਅਥਵਾ: ਤਨੁ ਧਨੁ ਪ੍ਰਭ ਕਾ ਪ੍ਰਭ ਕੀ ਜਿੰਦੁ॥***

(ਅੰਗ ੮੬੬)

***ਅਥਵਾ: ਅਖੀ ਅੰਦਰਿ ਦੇਖਦਾ ਸਭ ਚੋਜ ਵਿਡਾਣਾ।***
***ਕੰਨੀ ਸੁਣਦਾ ਸੁਰਤਿ ਕਰਿ ਆਖਾਣਿ ਵਖਾਣਾ।***
***ਜੀਭੈ ਅੰਦਰਿ ਬੋਲਦਾ ਬਹੁ ਸਾਦ ਲੁਭਾਣਾ।***
***ਹਥੀਂ ਕਿਰਤਿ ਕਮਾਂਵਦਾ ਪਗਿ ਚਲੈ ਸੁਜਾਣਾ।***
***ਦੇਹੀ ਅੰਦਰਿ ਇਕੁ ਮਨੁ ਇੰਦ੍ਰੀ ਪਰਵਾਣਾ।***
***ਆਪੇ ਆਪਿ ਵਰੱਤਦਾ ਗੁਰਮੁਖਿ ਸੁਖੁ ਮਾਣਾ॥੧੮॥***

(ਵਾਰ ੨, ਪਉੜੀ ੧੮)

## ਸਾਖੀ—ਤਨੁ ਮਨੁ ਧਨੁ ਸਭਿ ਸਉਪ ਗੁਰਿ ਕਉ

ਇਕ ਅਸ਼ਟਾਵੱਕਰ ਰਿਸ਼ੀ ਜਿਸਦੇ ਸਰੀਰ ਵਿਚ ਅੱਠ ਬਲ ਪੈਂਦੇ ਸਨ, ਆਪਣੇ ਨਾਨਕੇ ਘਰ ਰਹਿ ਕੇ ਵਿਦਿਆ ਪੜ੍ਹਦਾ ਸੀ। ਅੱਠ ਸਾਲ ਬਾਅਦ ਜਦ ਆਪਣੇ ਘਰ ਆਇਆ ਤਾਂ ਆਪਣੀ ਮਾਤਾ ਨੂੰ ਪੁੱਛਿਆ, ਪਿਤਾ ਜੀ ਕਿਥੇ ਹਨ? ਮਾਤਾ ਨੇ ਕਿਹਾ ਕਿ ਤੇਰੇ ਪਿਤਾ ਨੂੰ ਅੱਠ ਸਾਲ ਹੋ ਗਏ ਹਨ, ਜੋ ਜਨਕ ਰਾਜੇ ਦੀ ਕੈਦ ਵਿਚ ਹੈ। ਤਾਂ ਉਸਨੇ ਕੈਦ ਦਾ ਕਾਰਨ ਪੁੱਛਿਆ ਕਿ ਕਿਉਂ ਕੈਦ ਵਿਚ ਹੈ? ਮਾਤਾ ਨੇ ਦੱਸਿਆ ਕਿ ਜਨਕ ਰਾਜੇ ਦਾ ਕੋਈ ਭਰਮ ਨਹੀਂ ਦੂਰ ਕਰ ਸਕਿਆ। ਉਸ ਨੇ ਸਾਰੇ ਵਿਦਵਾਨ ਜੇਲ੍ਹ ਅੰਦਰ ਦੇ ਦਿੱਤੇ ਹਨ। ਤਾਂ ਅਸ਼ਟਾਵੱਕਰ ਨੇ ਰਾਜੇ ਦੇ ਭਰਮ ਦਾ ਸਾਰਾ ਪਤਾ ਕੀਤਾ। ਇਕ ਦਿਨ ਰਾਜੇ ਜਨਕ ਨੂੰ ਸੁਪਨਾ ਆਇਆ ਕਿ ਉਹ ਕਿਸੇ ਰਾਜੇ ਪਾਸੋਂ ਹਾਰ ਖਾ ਕੇ ਗਰਮੀ ਦੀ ਰੁੱਤ ਵਿਚ ਨੰਗੇ ਪੈਰੀਂ ਗਰਮ ਰੇਤੇ ਦੇ ਟਿੱਬਿਆਂ ਵਿਚ ਦੀ ਸੜਦਾ-ਭੁੱਜਦਾ, ਤਪਦਾ ਹੋਇਆ, ਇਕ ਅਜਿਹੇ ਥਾਂ ਪਹੁੰਚਿਆ, ਜਿਥੇ ਸਦਾ ਵਰਤ ਲੱਗਾ ਹੋਇਆ ਸੀ। ਭੋਜਨ ਦੀ ਜਾਚਨਾ ਕਰਨ ਤੋਂ ਵਰਤਾਵੇ ਨੇ ਕਿਹਾ "ਬਰਤਨ ਲਿਆ।" ਜਦ ਬਰਤਨ ਲੈਣ ਘੁਮਿਆਰ ਪਾਸ ਗਿਆ ਤਾਂ ਉਸਨੇ ਮਾਇਆ ਮੰਗੀ। ਰਾਜੇ ਨੇ ਕਿਹਾ "ਮੈਂ ਗ਼ਰੀਬ ਹਾਂ, ਮੇਰੇ ਪਾਸ ਕੁਝ ਨਹੀਂ।" ਤਾਂ ਘੁਮਿਆਰ ਨੇ ਤਰਸ ਕਰਕੇ ਇਕ ਪਿੱਲਾ ਜਿਹਾ ਤਿੜਕਿਆ ਹੋਇਆ ਪਿਆਲਾ ਦੇ ਦਿੱਤਾ। ਰਾਜੇ ਨੇ

ਸਦਾ ਵਰਤ ਵਿਚੋਂ ਪਿਆਲੇ ਵਿਚ ਖਿਚੜੀ ਪੁਆ ਕੇ ਖਾਣੀ ਸ਼ੁਰੂ ਕੀਤੀ। ਇਤਨੇ ਚਿਰ ਨੂੰ ਭਿੜਦੇ ਹੋਏ ਦੋ ਸਾਨ੍ਹਾਂ ਦੀ ਫੇਟ ਰਾਜੇ ਨੂੰ ਲੱਗੀ, ਜਿਸ ਨਾਲ ਪਿਆਲਾ ਟੁੱਟ ਗਿਆ ਅਤੇ ਗਰਮ-ਗਰਮ ਖਿਚੜੀ ਪੈਰਾਂ 'ਤੇ ਪੈ ਗਈ, ਤਦੋਂ ਰਾਜੇ ਨੂੰ ਜਾਗ ਆ ਗਈ। ਜਾਗ ਕੇ ਆਪਣੇ ਆਪ ਨੂੰ ਮਹਿਲਾਂ ਵਿਚ ਪਲੰਘ 'ਤੇ ਪਿਆ ਹੋਇਆ ਰਾਜ-ਭਾਗ ਦਾ ਮਾਲਕ ਦੇਖ ਰਿਹਾ ਹੈ। ਇਹ ਭਰਮ ਅੱਠ ਸਾਲ ਪਿਆ ਰਿਹਾ। ਇਸ ਭਰਮ ਨੂੰ ਦੂਰ ਕਰਨ ਲਈ ਰਿਖੀ, ਮੁਨੀ, ਬੜੇ-ਬੜੇ ਵਿਦਵਾਨ, ਜੋਤਸ਼ੀ ਆਦਿਕ ਇਕੱਠੇ ਕਰ ਲਏ। ਪੁੱਛਣ 'ਤੇ "ਇਹ ਸੱਚਾ ਕਿ ਉਹ ਸੱਚਾ।" ਇਸ ਪ੍ਰਸ਼ਨ ਦਾ ਕੋਈ ਵੀ ਉੱਤਰ ਨਾ ਦੇ ਸਕਿਆ ਤਾਂ ਸਾਰੇ ਕੈਦ ਕਰ ਲਏ। ਇਹ ਸੁਣ ਕੇ ਅਸ਼ਟਾਵੱਕਰ ਸਿੱਧਾ ਜਨਕ ਪੁਰੀ ਨੂੰ ਚੱਲ ਪਿਆ। ਜਿਥੇ ਰਾਜੇ ਦੀ ਅਸਵਾਰੀ ਆ ਰਹੀ ਸੀ, ਉਥੇ ਸਾਹਮਣੇ ਆ ਖਲੋਤਾ। ਜਦ ਨੌਕਰਾਂ ਨੇ ਰਸਤਾ ਵਿਹਲਾ ਕਰਨ ਲਈ ਪਿਛੇ ਹੱਟਣ ਨੂੰ ਕਿਹਾ, ਤਾਂ ਅਸ਼ਟਾਵੱਕਰ ਕਹਿਣ ਲੱਗਾ, ਮੈਂ ਰਾਜੇ ਦਾ ਭਰਮ ਮੇਟਣ ਵਾਸਤੇ ਆਇਆ ਹਾਂ, ਪਿੱਛੇ ਨਹੀਂ ਹਟਾਂਗਾ। ਨੌਕਰਾਂ ਨੇ ਕਿਹਾ "ਅੱਗੇ ਤਾਂ ਕਿਸੇ ਪਾਸੋਂ ਭਰਮ ਦੂਰ ਨਹੀ ਹੋਇਆ, ਤੂੰ ਕਿਧਰੋਂ ਬ੍ਰਹਮਾ ਦਾ ਅਵਤਾਰ ਆ ਗਿਆ ਹੈ?" ਇੰਨੇ ਚਿਰ ਨੂੰ ਰਾਜੇ ਜਨਕ ਦੀ ਅਸਵਾਰੀ ਨੇੜੇ ਆ ਗਈ।

ਜਦੋਂ ਰਾਜੇ ਦੀ ਨਿਗ੍ਹਾ ਉਸ ਪਾਸੇ ਪਈ ਤਾਂ ਝਗੜੇ ਦਾ ਕਾਰਨ ਪੁੱਛਿਆ। ਨੌਕਰਾਂ ਨੇ ਕਿਹਾ, "ਜੀ ਇਹ ਪਿਛੇ ਨਹੀਂ ਹਟਦਾ। ਕਹਿੰਦਾ ਹੈ, ਕਿ ਮੈਂ ਰਾਜੇ ਦਾ ਭਰਮ ਦੂਰ ਕਰਨ ਆਇਆ ਹਾਂ।" ਤਾਂ ਰਾਜੇ ਜਨਕ ਨੇ ਕਿਹਾ, "ਬੜੀ ਚੰਗੀ ਗੱਲ ਹੈ। ਮੈਂ ਤਾਂ ਐਸਾ ਪੁਰਸ਼ ਲੱਭਦਾ ਹੀ ਹਾਂ, ਚਲੋ ਸਭਾ ਲਗਾਉ।" ਅਤੇ ਅਸ਼ਟਾਵੱਕਰ ਨੂੰ ਬੇਨਤੀ ਕੀਤੀ, "ਜੀ, ਸਭਾ ਲਗਾਉਂਦੇ ਹਾਂ, ਆਪ ਜੀ ਸਭਾ ਵਿਚ ਆ ਕੇ ਰਾਜੇ ਦਾ ਭਰਮ ਦੂਰ ਕਰੋ।"

ਸਭਾ ਲੱਗ ਗਈ, ਅਸ਼ਟਾਵੱਕਰ ਜਾਣ ਬੁੱਝ ਕੇ ਕੁਝ ਦੇਰ ਨਾਲ ਆਇਆ। ਜਿਤਨੇ ਵਿਦਵਾਨ ਸਭਾ ਵਿਚ ਬੈਠੇ ਸਨ, ਇਸਦੇ ਸਰੀਰ ਵੱਲ ਵੇਖ ਕੇ ਹੱਸ ਪਏ। ਹਸਦਿਆਂ ਨੂੰ ਵੇਖ ਕੇ ਅਸ਼ਟਾਵੱਕਰ ਨੇ ਕਿਹਾ, "ਹੇ ਰਾਜਨ ! ਇਹ ਚਮਿਆਰ ਕਿਸ ਲਈ ਇਕੱਠੇ ਕੀਤੇ ਹਨ ?" ਰਾਜੇ ਨੇ ਕਿਹਾ, "ਇਹ ਚਮਿਆਰ ਨਹੀਂ ਹਨ, ਬੜੇ-ਬੜੇ ਵਿਦਵਾਨ ਹਨ ! ਤਾਂ ਅਸ਼ਟਾਵਕਰ ਨੇ ਕਿਹਾ, "ਜੋ ਚੰਮ ਦੀ ਪਰਖ ਕਰੇ, ਉਹ ਚਮਿਆਰ ਹੀ ਹੁੰਦਾ ਹੈ। ਇਨ੍ਹਾਂ ਨੇ ਮੇਰੇ ਚੰਮ (ਸਰੀਰ) ਦੀ ਪਰਖ ਕੀਤੀ ਹੈ, ਕਿ ਅੱਠ ਵੱਲ ਪੈਂਦੇ ਹਨ। ਇਹ ਸੋਚ ਰਹੇ ਹਨ ਕਿ ਇਹ ਕਿਧਰੋਂ ਰਾਜੇ ਦਾ ਭਰਮ ਦੂਰ ਕਰੇਗਾ? ਮੇਰੀ ਆਤਮਾ ਵਿਚ ਤੇ ਮੇਰੇ ਗਿਆਨ ਵਿਚ ਤਾਂ ਕੋਈ ਵੱਲ ਨਹੀਂ ਹੈ।"

ਰਾਜੇ ਨੇ ਕਿਹਾ, "ਮੈਨੂੰ ਘੋੜੇ ਦੀ ਕਾਠੀ ਦੀ ਰਕਾਬ ਵਿਚ ਪੈਰ ਪਾਉਂਦਿਆਂ-ਪਾਉਂਦਿਆਂ ਪ੍ਰਮੇਸ਼ਰ ਦਾ ਗਿਆਨ ਬਖ਼ਸ਼ੋ। ਅਸ਼ਟਾਵੱਕਰ ਨੇ ਕਿਹਾ, "ਜਦ ਕਿਸੇ ਨੂੰ ਗੁਰੂ ਧਾਰਨ ਕਰਨਾ ਹੋਵੇ ਤਾਂ ਤਨ, ਮਨ, ਧਨ, ਅਰਪਣ ਕਰੀਦਾ ਹੈ।" ਰਾਜੇ ਨੇ ਕਿਹਾ, "ਚੰਗਾ, ਮੈਂ ਤਨ, ਮਨ, ਧਨ ਆਪ ਜੀ ਨੂੰ ਅਰਪਣ ਕੀਤਾ।" ਫਿਰ ਰਾਜਾ ਜਦ ਘੋੜੇ 'ਤੇ ਚੜ੍ਹਨ ਲੱਗਾ ਤਾਂ ਅਸ਼ਟਾਵੱਕਰ ਨੇ ਰੋਕ ਦਿੱਤਾ ਤੇ ਕਿਹਾ, "ਹੇ ਰਾਜਨ ! ਕਿਸ ਦੇ ਹੁਕਮ ਨਾਲ ਚੜ੍ਹਨ ਲੱਗਾ ਹੈਂ ? ਰਾਜੇ ਨੇ ਕਿਹਾ, "ਜੀ ! ਮੇਰਾ ਮਨ ਕਹਿੰਦਾ ਹੈ।" ਅਸ਼ਟਾਵੱਕਰ ਨੇ ਕਿਹਾ, "ਮਨ ਤਾਂ ਤੂੰ ਮੈਨੂੰ ਦੇ ਚੁੱਕਾ ਹੈਂ, ਇਸ ਨੂੰ ਕਿਉਂ ਵਰਤਦਾ ਹੈਂ ? ਤਨ ਵੀ ਮੈਨੂੰ ਦੇ ਚੁੱਕਾ ਹੈਂ,

ਇਸਨੂੰ ਕਿਉਂ ਵਰਤਦਾ ਹੈਂ ਅਤੇ ਘੋੜਾ ਧਨ ਵਿਚ ਆ ਗਿਆ, ਜੋ ਤੂੰ ਮੈਨੂੰ ਪਹਿਲਾਂ ਹੀ ਅਰਪਣ ਕਰ ਚੁੱਕਾ ਹੈਂ ?'' ਇਹ ਕਹਿ ਕੇ ਕਿਰਪਾ ਦ੍ਰਿਸ਼ਟੀ ਕਰ ਦਿੱਤੀ। ਕਿਰਪਾ ਦ੍ਰਿਸ਼ਟੀ ਨਾਲ ਜਦ ਮਨ ਦਾ ਫੁਰਨਾ ਰੁਕਿਆ, ਤਾਂ ਝੱਟ ਹੀ ਰਾਜੇ ਨੂੰ ਗਿਆਨ ਹੋ ਗਿਆ, ਅਵਿਦਿਆ ਰੂਪ ਨੀਂਦ ਦੂਰ ਹੋ ਗਈ, ਗਿਆਨ ਰੂਪ ਜਾਗ੍ਰਤਾ ਪ੍ਰਾਪਤ ਹੋ ਗਈ।

ਅਸ਼ਟਾਵੱਕਰ ਨੇ ਫਿਰ ਦਿਬ-ਦ੍ਰਿਸ਼ਟੀ ਨਾਲ ਸੁਪਨੇ ਦੀ ਵੀ ਸਾਰੀ ਗੱਲ ਦੱਸ ਦਿੱਤੀ। ਅੱਜ ਤੋਂ ਅੱਠ ਸਾਲ ਪਹਿਲਾਂ ਤੈਨੂੰ ਸੁਪਨਾ ਆਇਆ ਸੀ, ਉਸ ਵਿਚ ਤੂੰ ਆਪਣੇ ਆਪ ਨੂੰ ਭਿਖਾਰੀ ਅਤੇ ਕੰਗਾਲ ਵੇਖਿਆ ਸੀ।

ਫਿਰ ਜਾਗ ਕੇ ਰਾਜ-ਭਾਗ ਦਾ ਮਾਲਕ ਵੇਖਿਆ। ਹੇ ਰਾਜਨ ! ਨਾ ਇਹ ਰਾਜ-ਭਾਗ ਸੱਚ ਹੈ ਅਤੇ ਨਾ ਹੀ ਉਹ ਸੁਪਨਾ ਸਤਿ ਸੀ। ਜੋ ਸੁਪਨੇ ਵਿਚ ਵੇਖਿਆ, ਉਹ ਸਭ ਝੂਠ ਸੀ। ਜੋ ਰਾਜ-ਭਾਗ, ਫ਼ੌਜਾਂ, ਖ਼ਜ਼ਾਨੇ, ਸੰਸਾਰ ਵੇਖ ਰਿਹਾ ਹੈਂ, ਇਹ ਵੀ ਸਭ ਮਿਥਿਆ ਹੈ। ਪਰ ਸੱਚ ਕੀ ਹੈ ? ਮਿਥਿਆ ਕੀ ਹੈ ? ਇਸ ਦੀ ਸਮਝ, ਮਨੁੱਖ ਨੂੰ ਤਦ ਹੀ ਹੁੰਦੀ ਹੈ, ਜਦ ਮਨੁੱਖ ਤਨ, ਮਨ ਅਤੇ ਧਨ ਸਭ ਕੁਝ ਗੁਰੂ ਨੂੰ ਅਰਪਣ ਕਰਦਾ ਹੈ, ਇਸ ਵਿਚ ਆਪਣੀ ਅਪਣੱਤ ਨਹੀਂ ਜਣਾਉਂਦਾ, ਕਿਉਂਕਿ ਅਸਲ ਵਿਚ ਇਸਦਾ ਆਪਣਾ ਕੁਝ ਵੀ ਨਹੀਂ ਹੈ। ਜਿਸ ਤਰ੍ਹਾਂ ਇਹ ਸਥੂਲ ਸਰੀਰ (ਤਨ) ਵਾਹਿਗੁਰੂ ਨੇ ਬਣਾਇਆ ਹੈ, ਇਸ ਵਿਚ ਮਨ-ਜੀਵਨ ਕਲਾ (ਜਿੰਦ) ਵਾਹਿਗੁਰੂ ਨੇ ਪਾਈ ਹੈ। ਇਸ ਕਰਕੇ ਜਿਸ ਪ੍ਰਮੇਸ਼ਰ ਨੇ ਤਨ ਤੇ ਮਨ ਦਿੱਤਾ ਹੈ, ਮਨੁੱਖ ਨੂੰ ਧਨ ਵੀ ਉਸ ਪ੍ਰਮੇਸ਼ਰ ਨੇ ਦਿੱਤਾ ਹੈ। ਗੁਰਦੇਵ ਜੀ ਦਾ ਸੁੰਦਰ ਫ਼ੁਰਮਾਣ ਹੈ :

***''ਜੀਉ ਪਾਇ ਪਿੰਡੁ ਜਿਨਿ ਸਾਜਿਆ ਦਿਤਾ ਪੈਨਣੁ ਖਾਣੁ ॥***

(ਅੰਗ ੬੧੯)

**ਧਨਾਸਰੀ ਮਹਲਾ ੫ ॥ ਜਿਸ ਕਾ ਤਨੁ ਮਨੁ ਧਨੁ ਸਭੁ ਤਿਸ ਕਾ ਸੋਈ ਸੁਘੜੁ ਸੁਜਾਨੀ ॥ ਤਿਨ ਹੀ ਸੁਣਿਆ ਦੁਖੁ ਸੁਖੁ ਮੇਰਾ ਤਉ ਬਿਧਿ ਨੀਕੀ ਖਟਾਨੀ ॥ ੧ ॥ ਜੀਅ ਕੀ ਏਕੈ ਹੀ ਪਹਿ ਮਾਨੀ ॥ ਅਵਰਿ ਜਤਨ ਕਰਿ ਰਹੇ ਬਹੁਤੇਰੇ ਤਿਨ ਤਿਲੁ ਨਹੀ ਕੀਮਤਿ ਜਾਨੀ ॥ ਰਹਾਉ ॥ ਅੰਮ੍ਰਿਤ ਨਾਮੁ ਨਿਰਮੋਲਕੁ ਹੀਰਾ ਗੁਰਿ ਦੀਨੋ ਮੰਤਾਨੀ ॥ ਡਿਗੈ ਨ ਡੋਲੈ ਦ੍ਰਿੜੁ ਕਰਿ ਰਹਿਓ ਪੂਰਨ ਹੋਇ ਤ੍ਰਿਪਤਾਨੀ ॥ ੨ ॥ ਓਇ ਜੁ ਬੀਚ ਹਮ ਤੁਮ ਕਛੁ ਹੋਤੇ ਤਿਨ ਕੀ ਬਾਤ ਬਿਲਾਨੀ ॥ ਅਲੰਕਾਰ ਮਿਲਿ ਥੈਲੀ ਹੋਈ ਹੈ ਤਾ ਤੇ ਕਨਿਕ ਵਖਾਨੀ ॥ ੩ ॥ ਪ੍ਰਗਟਿਓ ਜੋਤਿ ਸਹਜ ਸੁਖ ਸੋਭਾ ਬਾਜੇ ਅਨਹਤ ਬਾਨੀ ॥ ਕਹੁ ਨਾਨਕ ਨਿਹਚਲ ਘਰੁ ਬਾਧਿਓ ਗੁਰਿ ਕੀਓ ਬੰਧਾਨੀ ॥ ੪ ॥ ੫ ॥**

## ਪਦ ਅਰਥ :

ਜਿਸ ਕਾ-ਜਿਸ ਦਾ। ਤਨੁ-ਸਥਲੂ ਸਰੀਰ। ਸੁਘੜੁ ਸੁਜਾਨੀ-ਚਤਰੁ, ਸੁਜਾਣ। ਬਿਧਿ ਨੀਕੀ-ਚੰਗੀ ਬਿਧੀ। ਖਟਾਨੀ-ਮਿਲੀ। ਜੀਅ ਕੀ-ਜਿੰਦ ਦੀ। ਏਕੈ ਹੀ ਪਹਿ-ਇਕੋ ਹਰੀ ਪਾਸ। ਮਾਨੀ-ਮੰਨੀ ਜਾਂਦੀ ਹੈ। ਅਵਰਿ-ਹੋਰ। ਬਹੁਤੇਰੇ-ਬਥੇਰੇ। ਤਿਨ-ਓਹਨਾਂ (ਜਤਨਾਂ) ਦੀ। ਤਿਲੁ-ਤਿਲ ਜਿੰਨੀ ਵੀ। ਮੰਤਾਨੀ-ਮੰਤਰ। ਦ੍ਰਿੜੁ-ਪੱਕਾ। ਓਇ ਜੁ-ਓਹ ਜਿਹੜੀ। ਹਮ ਤੁਮ-ਮੇਰ ਤੇਰ। ਬਿਲਾਨੀ-ਜਾਂਦੀ ਰਹੀ। ਅਲੰਕਾਰ-ਗਹਿਣੇ। ਥੈਲੀ-ਸੋਨੇ ਦੀ ਡਲੀ। ਨਿਹਚਲ-ਅਟੱਲ। ਬਾਧਿਓ-ਬੱਧਾ ਹੈ। ਗੁਰਿ-ਗੁਰੂ ਨੇ। ਬੰਧਾਨੀ-ਬੰਨ੍ਹ ਦਿੱਤਾ।

## ਅਰਥ :

(ਹੇ ਭਾਈ !) ਜਿਸ ਪ੍ਰਭੂ ਦਾ ਦਿੱਤਾ ਹੋਇਆ ਇਹ ਸਰੀਰ ਤੇ ਮਨ ਹੈ, (ਜੀਵ ਨੂੰ) ਧਨ ਤੇ ਪਦਾਰਥ ਆਦਿ ਵਸਤੂਆਂ ਭੀ ਉਸੇ ਪ੍ਰਭੂ ਦੀਆਂ ਦਿੱਤੀਆਂ ਹੋਈਆਂ ਹਨ। (ਉਹ ਪ੍ਰਭੂ ਹੀ) ਇਨ੍ਹਾਂ ਸ੍ਰਿਸ਼ਟ ਘਾੜਤਾਂ ਦੇ ਘੜਨ ਵਾਲਾ ਸੁਜਾਣ ਹੈ। (ਉਸ ਪ੍ਰਭੂ ਨੇ ਹੀ) ਮੇਰਾ ਦੁੱਖ ਤੇ ਸੁੱਖ ਸੁਣਿਆ ਹੈ। (ਇਹ ਹੀ) ਤਾਂ ਚੰਗੀ ਬਿਧੀ ਮਿਲੀ ਹੈ, (ਜੋ ਉਸ ਨਾਲ ਨੇੜਤਾ ਬਣਿ ਆਈ ਹੈ)। ੧। ਇਸ ਮਨੁੱਖ ਦੀ ਬੇਨਤੀ ਇਕ ਉਸ ਪ੍ਰਭੂ ਦੇ ਪਾਸ ਹੀ ਮੰਨੀ ਜਾਂਦੀ ਹੈ। (ਉਸ ਪਰਮਾਤਮਾ ਨੂੰ ਭੁੱਲ ਕੇ ਮਨੁੱਖ) ਬਹੁਤ ਸਾਰੇ ਹੋਰ ਜਤਨ ਕਰ ਰਿਹਾ ਹੈ। ਉਨ੍ਹਾਂ (ਕਰਮ-ਕਾਂਡ ਆਦਿ ਜਤਨਾਂ ਦੀ) ਤਿਲ ਭਰ ਵੀ ਕੀਮਤ ਨਹੀਂ ਸਮਝੀ ਜਾਂਦੀ, (ਕਿਉਂਕਿ ਨਾਮ ਏਕੇ ਦੇ ਅੰਕ ਦੀ ਤਰ੍ਹਾਂ ਹੈ, ਕਰਮ-ਕਾਂਡ ਜਤਨ ਸਿਫਰ ਦੀ ਤਰ੍ਹਾਂ ਹਨ) ਇਸ ਲਈ ਨਾਮ ਬਿਨਾਂ ਹੋਰ ਜਤਨ ਬਿਅਰਥ ਹਨ। ੧। ਰਹਾਉ। ਉਸ ਪ੍ਰਭੂ ਦਾ ਅੰਮ੍ਰਿਤ ਨਾਮ ਨਿਰਮੋਲਕ ਹੀਰੇ ਜੈਸਾ ਹੈ, ਜੋ ਗੁਰੂ ਨੇ (ਮੈਨੂੰ ਇਹ) ਨਾਮ ਰੂਪ ਹੀਰਾ ਮੰਤਰ ਦਿੱਤਾ ਹੈ। (ਇਸ ਨਾਮ ਮੰਤਰ ਦਾ ਸਦਕਾ) ਹੁਣ ਮੇਰਾ ਮਨ ਨਾ ਤਾਂ ਡਿਗਦਾ ਹੈ ਤੇ ਨਾ ਡੋਲਦਾ ਹੈ। ਨਾਮ ਨੂੰ ਦ੍ਰਿੜ੍ਹ ਕਰਕੇ ਧਾਰਿਆ ਹੈ (ਜਿਸ ਕਰਕੇ) ਮਨ ਪੂਰਨ ਪ੍ਰਭੂ ਵਿਚ ਮਿਲ ਕੇ ਤ੍ਰਿਪਤ ਹੋ ਕੇ ਰੱਜ ਗਿਆ ਹੈ। ੨। ਉਹ (ਕਾਮ, ਕ੍ਰੋਧ ਆਦਿਕ ਵੈਰੀ) ਜੋ (ਮਨ) ਵਿਚ ਮੇਰ-ਤੇਰ (ਪਾਉਣ ਵਾਲੇ) ਕੁਝ ਹੈਗੇ ਸਨ, ਉਨ੍ਹਾਂ ਦੀ ਹੁਣ ਗੱਲ ਦੂਰ ਹੋ ਗਈ ਹੈ। (ਜਿਵੇਂ ਵੱਖ-ਵੱਖ ਕਿਸਮ ਦੇ) ਗਹਿਣੇ ਮਿਲ ਕੇ ਸੋਨੇ ਦੀ ਡਲੀ ਹੋ ਜਾਂਦੀ ਹੈ, ਉਸ ਨੂੰ ਫਿਰ ਸਾਰੇ ਸੋਨਾ ਹੀ ਕਹਿੰਦੇ ਹਨ, (ਪਰ ਸੁਨਿਆਰੇ ਦੀ ਨਜ਼ਰ ਵਿਚ ਪਹਿਲਾਂ ਵੀ ਸੋਨਾ ਹੀ ਸਨ। ਗੁਰੂ ਕਿਰਪਾ ਨਾਲ ਹੁਣ ਸਾਨੂੰ ਸਾਰੇ ਬ੍ਰਹਮ ਰੂਪ ਸੋਨਾ ਹੀ ਦਿੱਸਦਾ ਹੈ)।੩। ਹੇ ਭਾਈ ! ਹੁਣ ਹਰੀ ਦੀ ਜੋਤ ਦਾ ਪ੍ਰਕਾਸ਼ ਹੋ ਗਿਆ ਹੈ, ਸਹਿਜੇ ਹੀ ਸੁੱਖ ਤੇ ਸੋਭਾ ਬਣਿ ਆਈ ਹੈ ਅਤੇ ਇਕ ਰਸ ਅਨਹਦ ਬਾਣੀ ਦੇ ਵਾਜੇ ਵੱਜ ਪਏ ਹਨ। ਗੁਰੂ ਨਾਨਕ (ਗੁਰੂ ਜੀ) ਆਖਦੇ ਹਨ ਕਿ (ਅਸਾਂ ਨੇ) ਅਚੱਲ ਘਰ ਬੰਨ੍ਹ ਲਿਆ ਹੈ, (ਪਰ ਇਸ ਘਰ ਦੇ) ਬਨਾਉਣ ਵਿਚ ਗੁਰੂ ਨੇ ਬਖ਼ਸ਼ਿਸ਼ ਕੀਤੀ ਹੈ। ੪। ੫।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੯੦ (ਅੰਗ ੬੭੩)

## ਧਨਾਸਰੀ ਮਹਲਾ ੫ ॥

ਜਿਨਿ ਕੀਨੇ ਵਸਿ ਅਪੁਨੈ ਤ੍ਰੈ ਗੁਣ ਭਵਣ ਚਤੁਰ ਸੰਸਾਰਾ ॥ ਜਗ ਇਸਨਾਨ ਤਾਪ ਥਾਨ ਖੰਡੇ ਕਿਆ ਇਹੁ ਜੰਤੁ ਵਿਚਾਰਾ ॥ ੧ ॥ ਪ੍ਰਭ ਕੀ ਓਟ ਗਹੀ ਤਉ ਛੂਟੋ ॥ ਸਾਧ ਪ੍ਰਸਾਦਿ ਹਰਿ ਹਰਿ ਹਰਿ ਗਾਏ ਬਿਖੈ ਬਿਆਧਿ ਤਬ ਹੂਟੋ ॥ ੧ ॥ ਰਹਾਉ ॥ ਨਹ ਸੁਣੀਐ ਨਹ ਮੁਖ ਤੇ ਬਕੀਐ ਨਹ ਮੋਹੈ ਉਹ ਡੀਠੀ ॥ ਐਸੀ ਠਗਉਰੀ ਪਾਇ ਭੁਲਾਵੈ ਮਨਿ ਸਭ ਕੈ ਲਾਗੈ ਮੀਠੀ ॥ ੨ ॥ ਮਾਇ ਬਾਪ ਪੂਤ ਹਿਤ ਭ੍ਰਾਤਾ ਉਨਿ ਘਰਿ ਘਰਿ ਮੇਲਿਓ ਦੂਆ ॥ ਕਿਸ ਹੀ ਵਾਧਿ ਘਾਟਿ ਕਿਸ ਹੀ ਪਹਿ ਸਗਲੇ ਲਰਿ ਲਰਿ ਮੂਆ ॥ ੩ ॥ ਹਉ ਬਲਿਹਾਰੀ ਸਤਿਗੁਰ ਅਪੁਨੇ ਜਿਨਿ ਇਹੁ ਚਲਤੁ ਦਿਖਾਇਆ ॥ ਗੂੜੀ ਭਾਹਿ ਜਲੈ ਸੰਸਾਰਾ ਭਗਤ ਨ ਬਿਆਪੈ ਮਾਇਆ ॥ ੪ ॥ ਸੰਤ ਪ੍ਰਸਾਦਿ ਮਹਾ ਸੁਖੁ ਪਾਇਆ ਸਗਲੇ ਬੰਧਨ ਕਾਟੇ ॥ ਹਰਿ ਹਰਿ ਨਾਮੁ ਨਾਨਕ ਧਨੁ ਪਾਇਆ ਅਪੁਨੈ ਘਰਿ ਲੈ ਆਇਆ ਖਾਟੇ ॥ ੫ ॥ ੧੧ ॥

# ਪ੍ਰਾਕ੍ਥਨ :-

ਸ਼ਹੀਦਾਂ ਦੇ ਸਿਰਤਾਜ, ਸ਼ਾਂਤੀ ਦੇ ਸੋਮੇ, ਸੱਚ ਦੇ ਸੂਰਜ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਇਹ ਪਾਵਨ ਸ਼ਬਦ ਉਚਾਰਨ ਕੀਤਾ ਹੋਇਆ ਹੈ। ਸ਼ਬਦ ਦੇ ਆਰੰਭ ਅੰਦਰ ਮਾਇਆ ਦਾ ਜ਼ਿਕਰ ਕੀਤਾ ਗਿਆ ਹੈ। ਇਸ ਸਰਪਨੀ ਮਾਇਆ ਨੂੰ ਬਲਵਾਨ ਦੱਸਿਆ ਹੈ। ਮਨਮੋਹਣੀ ਮਾਇਆ ਰੂਪ ਇਸਤਰੀ ਨੇ ਸਾਰੇ ਸੰਸਾਰ ਨੂੰ ਵਸਿ ਵਿਚ ਕੀਤਾ ਹੋਇਆ ਹੈ। ਇਸਨੇ "ਜਗ ਇਸਨਾਨ ਤਾਪ ਥਾਨ ਖੰਡੇ" ਤੀਰਥ ਅਸਥਾਨ, ਯਗ ਕਰਨ ਦੀ ਥਾਂ ਅਤੇ ਤਪੀਆਂ ਦੇ ਤਪ ਅਸਥਾਨ ਇਹ ਸਾਰੇ ਅਸਥਾਨ ਤੇ ਇਹਨਾਂ 'ਤੇ ਰਹਿ ਕੇ ਸਾਧਨਾ ਕਰਨ ਵਾਲੇ ਸਾਰੇ ਮਾਇਆ ਨੇ ਟੁਕੜੇ ਟੁਕੜੇ ਕਰ ਦਿੱਤੇ ਹਨ :-

## ਵਿਸ਼ਾ— ਤ੍ਰੈ ਗੁਣ ਮੋਹਿ ਮੋਹਿਆ ਆਕਾਸੁ

ਪਰਮਾਤਮਾ ਦੇ ਨਾਮ ਤੋਂ ਬਿਨਾਂ ਜਿਸ ਕਿਸੇ ਹੋਰ ਨਾਲ ਜੀਵ ਮੋਹ ਜਾਂ ਪ੍ਰੀਤ ਪਾਉਂਦਾ ਹੈ, ਉਹ ਹੈ ਮਾਇਆ। ਧਨ-ਦੌਲਤ, ਇਸਤਰੀ, ਪੁੱਤਰ-ਧੀਆਂ, ਮਹਿਲ-ਮਾੜੀਆਂ, ਦੁਨੀਆਂ ਦੀ ਚਮਕ-ਦਮਕ ਆਦਿ ਇਹ ਸਭ ਮਾਇਆ ਦੇ ਵੱਖ-ਵੱਖ ਰੂਪ ਹਨ। ਇਹ ਕਿਸੇ ਨੂੰ ਦਮੜੇ, ਡਾਲਰ, ਪੌਂਡ ਰੂਪ ਹੋ ਕੇ ਮੋਹ ਰਹੀ ਹੈ ਅਤੇ ਕਿਸੇ ਨੂੰ ਚੇਤਨ ਮਾਇਆ ਇਸਤਰੀ ਰੂਪ ਹੋ ਕੇ ਮੋਹ ਰਹੀ ਹੈ। ਇਸ ਲਈ ਇਹ ਮੋਹਣੀ ਮਾਇਆ ਐਨੀ ਬਲਵਾਨ ਹੈ, ਕਿ ਇਸ ਨੇ ਸਾਰੇ ਜੀਵਾਂ ਨੂੰ ਭਰਮਾ ਰੱਖਿਆ ਹੈ :

***ਮਾਇਆ ਐਸੀ ਮੋਹਨੀ ਭਾਈ॥***
***ਜੇਤੇ ਜੀਅ ਤੇਤੇ ਡਹਕਾਈ॥***

(ਅੰਗ ੧੧੬੦)

ਬੁਢਾਪਾ ਆਉਣ 'ਤੇ ਮਨੁੱਖ ਦੀਆਂ ਸਾਰੀਆਂ ਇੰਦ੍ਰੀਆਂ ਲਿੱਸੀਆਂ ਪੈ ਜਾਂਦੀਆਂ ਹਨ। ਅੱਖਾਂ ਕਮਜ਼ੋਰ ਹੋ ਜਾਂਦੀਆਂ ਹਨ। ਸੁਣਨ ਦੀ ਸ਼ਕਤੀ ਘੱਟ ਜਾਂਦੀ ਹੈ। ਸਰੀਰ ਦੀ ਸੁੰਦਰਤਾ ਜਾਂਦੀ ਰਹਿੰਦੀ ਹੈ ਅਤੇ ਮਤ ਮਾਰੀ ਜਾਂਦੀ ਹੈ। ਪਰ ਹਾਲੇ ਵੀ ਮਨੁੱਖ ਦੀ ਮਾਇਆ ਦੀ ਭੁੱਖ ਨਹੀਂ ਜਾਂਦੀ :

***ਥਾਕੈ ਨੈਨ ਸ੍ਰਵਨ ਸੁਨਿ ਥਾਕੇ ਥਾਕੀ ਸੁੰਦਰਿ ਕਾਇਆ॥***
***ਜਰਾ ਹਾਕ ਦੀ ਸਭ ਮਤਿ ਥਾਕੀ ਏਕ ਨ ਥਾਕਸਿ ਮਾਇਆ॥***

(ਅੰਗ ੭੯੩)

ਆਮ ਆਦਮੀ ਦੀ ਤਾਂ ਗੱਲ ਹੀ ਛੱਡੋ, ਸਿੱਧ ਜੋਗੀ ਵੀ ਮਾਇਆ ਲਈ ਭਟਕਦੇ ਰਹਿੰਦੇ ਹਨ। ਉਹ ਵੀ ਇਸ ਦੇ ਜਾਲ ਤੋਂ ਬਚ ਨਹੀਂ ਸਕੇ। ਹਰ ਪਾਸੇ ਮਾਇਆ ਦਾ ਹੀ ਬੋਲ ਬਾਲਾ ਹੈ। ਸਾਰੇ ਮਾਇਆ ਵਿਚ ਹੀ ਜਕੜੇ ਹੋਏ ਹਨ :

***ਮਾਇਆ ਭੂਲੇ ਸਿਧ ਫਿਰਹਿ ਸਮਾਧਿ ਨ ਲਗੈ ਸੁਭਾਇ॥***

***ਤੀਨੇ ਲੋਅ ਵਿਆਪਤ ਹੈ ਅਧਿਕ ਰਹੀ ਲਪਟਾਇ॥***

(ਅੰਗ ੬੭)

ਇਸ ਮਾਇਆ ਰੂਪ ਇਸਤਰੀ ਨੇ ਸਾਰਾ ਜਗਤ ਖਾ ਲਿਆ ਹੈ। ਇਸ ਮਾਇਆ ਨੇ ਠਗ ਰੂਪ ਬੂਟੀ ਪਾ ਕੇ ਸਾਰੇ ਦੇਵੀ-ਦੇਵਤਿਆਂ ਨੂੰ ਮੋਇਆ ਹੋਇਆ ਹੈ। ਇਸ ਨੇ ਵੱਡੇ-ਵੱਡੇ ਬ੍ਰਹਮਾ, ਵਿਸ਼ਨੂੰ, ਸ਼ਿਵਜੀ ਜੈਸਿਆਂ ਨੂੰ ਵੀ ਮੋਹ ਲਿਆ ਹੈ:

***ਮਾਥੈ ਤ੍ਰਿਕੁਟੀ ਦ੍ਰਿਸਟਿ ਕਰੂਰਿ॥ ਬੋਲੈ ਕਉੜਾ ਜਿਹਬਾ ਕੀ ਫੂੜਿ॥***
***ਸਦਾ ਭੂਖੀ ਪਿਰੁ ਜਾਨੈ ਦੂਰਿ॥੧॥ ਐਸੀ ਇਸਤ੍ਰੀ ਇਕ ਰਾਮਿ ਉਪਾਈ॥***
***ਉਨਿ ਸਭੁ ਜਗੁ ਖਾਇਆ ਹਮ ਗੁਰਿ ਰਾਖੇ ਮੇਰੇ ਭਾਈ॥ ੧॥ ਰਹਾਉ॥***
***ਪਾਇ ਠਗਉਲੀ ਸਭੁ ਜਗੁ ਮੋਹਿਆ॥ ਬ੍ਰਹਮਾ ਬਿਸਨੁ ਮਹਾਦੇਉ ਮੋਹਿਆ॥***

(ਅੰਗ ੩੯੪)

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਮਾਇਆ ਦੀ ਪ੍ਰਬਲਤਾ ਆਸਾ ਰਾਗ ਅੰਦਰ ਬਹੁਤ ਹੀ ਵਿਸਥਾਰ ਪੂਰਵਕ ਵਰਨਣ ਕੀਤੀ ਹੈ:

***ਜਿਨਿ ਲਾਈ ਪ੍ਰੀਤਿ ਸੋਈ ਫਿਰਿ ਖਾਇਆ॥***
***ਜਿਨਿ ਸੁਖਿ ਬੈਠਾਲੀ ਤਿਸੁ ਭਉ ਬਹੁਤੁ ਦਿਖਾਇਆ॥***
***ਭਾਈ ਮੀਤ ਕੁਟੰਬ ਦੇਖਿ ਬਿਬਾਦੇ॥ ਹਮ ਆਈ ਵਸਗਤਿ ਗੁਰ ਪਰਸਾਦੇ॥ ੧॥***
***ਐਸਾ ਦੇਖਿ ਬਿਮੋਹਿਤ ਹੋਏ॥***
***ਸਾਧਿਕ ਸਿਧ ਸੁਰਦੇਵ ਮਨੁਖਾ ਬਿਨੁ ਸਾਧੂ ਸਭਿ ਧ੍ਰੋਹਨਿ ਧ੍ਰੋਹੇ॥੧॥ਰਹਾਉ॥***
***ਇਕਿ ਫਿਰਹਿ ਉਦਾਸੀ ਤਿਨ੍ ਕਾਮਿ ਵਿਆਪੈ॥ ਇਕਿ ਸੰਚਹਿ ਗਿਰਹੀ ਤਿਨ੍ ਹੋਇ ਨ ਆਪੈ॥***
***ਇਕਿ ਸਤੀ ਕਹਾਵਹਿ ਤਿਨ੍ ਬਹੁਤੁ ਕਲਪਾਵੈ॥ ਹਮ ਹਰਿ ਰਾਖੇ ਲਗਿ ਸਤਿਗੁਰ ਪਾਵੈ॥੨॥***
***ਤਪੁ ਕਰਤੇ ਤਪਸੀ ਭੂਲਾਏ॥ ਪੰਡਿਤ ਮੋਹੇ ਲੋਭਿ ਸਬਾਏ॥***
***ਤ੍ਰੈ ਗੁਣ ਮੋਹੇ ਮੋਹਿਆ ਆਕਾਸੁ॥ ਹਮ ਸਤਿਗੁਰ ਰਾਖੇ ਦੇ ਕਰਿ ਹਾਥ॥ ੩॥***
***ਗਿਆਨੀ ਕੀ ਹੋਇ ਵਰਤੀ ਦਾਸਿ॥ ਕਰ ਜੋੜੇ ਸੇਵਾ ਕਰੇ ਅਰਦਾਸਿ॥***
***ਜੋ ਤੂੰ ਕਹਹਿ ਸੁ ਕਾਰ ਕਮਾਵਾ॥ ਜਨ ਨਾਨਕ ਗੁਰਮੁਖ ਨੇੜਿ ਨ ਆਵਾ॥ ੪॥***

(ਅੰਗ ੩੭੦)

***ਮਾਥੈ ਤ੍ਰਿਕੁਟੀ ਦ੍ਰਿਸਟਿ ਕਰੂਰਿ॥ ਬੋਲੈ ਕਉੜਾ ਜਿਹਬਾ ਕੀ ਫੂੜਿ॥***
***ਸਦਾ ਭੂਖੀ ਪਿਰੁ ਜਾਨੈ ਦੂਰਿ॥੧॥ ਐਸੀ ਇਸਤ੍ਰੀ ਇਕ ਰਾਮਿ ਉਪਾਈ॥***

*ਉਨਿ ਸਭੁ ਜਗੁ ਖਾਇਆ ਹਮ ਗੁਰਿ ਰਾਖੇ ਮੇਰੇ ਭਾਈ॥ ਰਹਾਉ॥*
*ਪਾਇ ਠਗਉਲੀ ਸਭੁ ਜਗੁ ਜੋਹਿਆ॥ ਬ੍ਰਹਮਾ ਬਿਸਨੁ ਮਹਾਦੇਉ ਮੋਹਿਆ॥*
*ਗੁਰਮੁਖਿ ਨਾਮਿ ਲਗੇ ਸੇ ਸੋਹਿਆ॥੨॥*
*ਵਰਤ ਨੇਮ ਕਰਿ ਥਾਕੇ ਪੁਨਹਚਰਨਾ॥ ਤਟ ਤੀਰਥ ਭਵੇ ਸਭ ਧਰਨਾ॥*
*ਸੇ ਉਬਰੇ ਜਿ ਸਤਿਗੁਰ ਕੀ ਸਰਨਾ॥ ੩॥*
*ਮਾਇਆ ਮੋਹਿ ਸਭੋ ਜਗੁ ਬਾਧਾ॥ ਹਉਮੈ ਪਚੈ ਮਨਮੁਖ ਮੂਰਾਖਾ॥*
*ਗੁਰ ਨਾਨਕ ਬਾਹ ਪਕਰਿ ਹਮ ਰਾਖਾ॥ ੪॥੨॥ ੯੬॥*

(ਅੰਗ ੩੯੪)

ਅਥਵਾ:-

*ਜੈਸੇ ਕੁਲਾ ਬਧੂ ਅੰਗ ਰਚਤ ਸੀਗਾਰ ਖੋੜਸ,*
*ਤੇਈ ਗਨਿਕਾ ਰਚਤ ਸਕਲ ਸੀਗਾਰ ਜੀ!*
*ਕੁਲਾ ਬਧੂ ਸਿਹਜਾ ਸਮੈ ਰਮੈ ਭਤਾਰ ਏਕ,*
*ਬੇਸ੍ਵਾ ਤਉ ਅਨੇਕ ਸੈ ਕਰਤ ਬਿਭਚਾਰ ਜੀ।*
*ਕੁਲਾ ਬਧੂ ਸੰਗਮੁ ਸੁਜਸ ਨਿਰਦੋਖ ਮੋਖ,*
*ਬੇਸ੍ਵਾ ਪਰਸਤ ਅਪਜਸ ਹੁਇ ਬਿਕਾਰ ਜੀ।*
*ਤੈਸੇ ਗੁਰਸਿਖਨ ਕਉ ਪਰਮ ਪਵ੍ਰਿਤ ਮਾਇਆ,*
*ਸੋਈ ਦੁਖਦਾਇਕ ਹੁਇ ਦਹਤਿ ਸੰਸਾਰ ਜੀ॥ ੩੮੪॥*

(ਕਬਿੱਤ ਸਵੱਯੇ ਭਾ: ਗੁਰਦਾਸ ਜੀ)

## ਸਾਖੀ—ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ

ਪੁਰਾਣਿਕ ਪ੍ਰਸੰਗ ਅਨੁਸਾਰ ਜ਼ਿਕਰ ਆਉਂਦਾ ਹੈ, ਕਿ ਮਾਇਆ ਨੇ ਤ੍ਰਿਗੁਣੀਏ ਰਾਜਸੀ, ਤਾਮਸੀ, ਸ਼ਾਂਤਕੀ ਸੁਭਾਅ ਵਾਲੇ ਬ੍ਰਹਮਾ, ਵਿਸ਼ਨੂੰ ਤੇ ਸ਼ਿਵਜੀ ਵੱਸ ਕੀਤੇ ਹਨ। ਵਿਸ਼ਨੂੰ ਨੇ ਜਲੰਧਰ ਦੈਂਤ ਦਾ ਰੂਪ ਧਾਰ ਕੇ ਬ੍ਰਿੰਦਾ ਰਾਖਸ਼ਣੀ ਦਾ ਸਤ ਤੋੜਿਆ ਸੀ, ਉਸਨੇ ਸਰਾਪ ਦਿੱਤਾ ਕਿ ਪੱਥਰ ਬਣ ਤਾਂ ਵਿਸ਼ਨੂੰ ਜੀ ਨੇ ਖ਼ੁਸ਼ ਹੋ ਕੇ ਕਿਹਾ ਕਿ ਤੂੰ ਮੇਰੇ ਤੇ ਤੁਲਸੀ ਦੇ ਪੱਤੇ ਬਣ ਕੇ ਖਿੜਿਆ ਕਰੇਂਗੀ। ਇਉਂ ਬ੍ਰਿੰਦਾ ਰਾਖਸ਼ਣੀ ਦੇ ਸਰਾਪ ਕਰਕੇ ਵਿਸ਼ਨੂੰ ਵੀ ਮਾਇਆ ਦੇ ਅਧੀਨ ਹੈ। ਬ੍ਰਹਮਾ ਵੀ ਆਪਣੀ ਪੁੱਤਰੀ 'ਤੇ ਮੋਹਿਤ ਹੋ ਗਿਆ ਸੀ। ਸੁੰਭ ਨਿਸੁੰਭ ਦੋ ਦੈਂਤਾਂ ਨੇ ਤਪ ਕਰਕੇ ਸ਼ਿਵਜੀ ਤੋਂ ਵਰ ਲਿਆ ਕਿ ਸਾਨੂੰ ਕੋਈ ਵੀ ਮਾਰ ਨਾ ਸਕੇ। ਪਰ ਸ਼ਿਵਜੀ ਨੇ ਕਿਹਾ, ਜੇਕਰ ਆਪਸ ਵਿਚ ਲੜੋਗੇ ਤਾਂ ਮਰੋਗੇ। ਇਹਨਾਂ ਕਿਹਾ, ਅਸੀਂ ਕਦੇ ਨਹੀਂ ਲੜਾਂਗੇ।

ਇਹਨਾਂ ਨੇ ਦੇਵਤਿਆਂ ਨੂੰ ਤੰਗ ਕਰਨਾ ਸ਼ੁਰੂ ਕੀਤਾ ਤਾਂ ਇੰਦ੍ਰ ਨੇ ਬ੍ਰਹਮਾ ਪਾਸ ਬੇਨਤੀ ਕੀਤੀ। ਬ੍ਰਹਮਾ ਨੇ ਆਪਣੀ ਪੁੱਤਰੀ ਬਣਾ ਤੇ ਤਿਲੋਤਮਾ ਭੇਜੀ, ਜਿਸਦਾ ਅਸਲੀ ਨਾਮ ਸੁਰਸਤੀ ਸੀ। ਤਿਲੋਤਮਾ ਉਪਨਾਮ ਸੀ। ਇਹ ਬਹੁਤ ਹੀ ਜ਼ਿਆਦਾ ਸੁੰਦਰ ਸੀ, ਇਸ ਦੀ ਸੁੰਦਰਤਾ ਬਿਆਨ ਨਹੀਂ ਕੀਤੀ ਜਾ ਸਕਦੀ ਸੀ। ਇਹ ਸੁੰਭ ਨਿਸੰਭ ਦੇ ਬਾਗ਼ ਵਿਚ ਜਾ ਬੈਠੀ। ਜਦੋਂ ਸੁੰਭ ਨਿਸੁੰਭ ਨੇ ਆ ਕੇ ਵੇਖਿਆ ਤੇ ਦੋਨੋਂ ਹੀ ਉਸਦੇ ਸੁੰਦਰ ਸਰੂਪ ਉੱਤੇ ਮੋਹਿਤ ਹੋ ਗਏ। ਉਸ ਨੇ ਕਿਹਾ ਕਿ ਮੈਂ ਦੋਹਾਂ ਵਿਚੋਂ ਇਕ ਨਾਲ ਸ਼ਾਦੀ ਕਰਾਂਗੀ। ਉਹ ਆਪਸ ਵਿਚ ਝਗੜਨ ਲੱਗ ਪਏ। ਸੁਰਸਤੀ ਨੇ ਕਿਹਾ ਕਿ ਤੁਸੀਂ ਆਪਸ ਵਿਚ ਜੰਗ ਕਰੋ। ਜਿਹੜਾ ਜਿੱਤ ਜਾਵੇਗਾ ਉਹ ਮੇਰੇ ਨਾਲ ਸ਼ਾਦੀ ਕਰ ਲਵੇਗਾ। ਉਹ ਦੋਨੋਂ ਆਪਸ ਵਿਚ ਜੰਗ ਕਰਨ ਲੱਗ ਪਏ। ਪ੍ਰਮੇਸ਼ਰ ਦੀ ਐਸੀ ਨੇਤ ਹੋਈ ਕਿ ਦੋਹਾਂ ਦੇ ਵਾਰ ਇਕੱਠੇ ਹੋਏ ਅਤੇ ਦੋਨੋਂ ਹੀ ਮਾਰੇ ਗਏ। ਫਿਰ ਸੁਰਸਤੀ ਬ੍ਰਹਮਾ ਪਾਸ ਆ ਗਈ। ਬ੍ਰਹਮਾ ਵੀ ਉਸਦੇ ਸੁੰਦਰ ਸੁਰੂਪ 'ਤੇ ਮੋਹਿਤ ਹੋ ਗਿਆ। ਪਿਤਾ ਦੀ ਖੋਟੀ ਨੀਤ ਵੇਖ ਕੇ ਦੂਜੇ ਪਾਸੇ ਹੋਈ। ਬ੍ਰਹਮਾ ਨੇ ਦੂਜੇ ਪਾਸੇ ਮੂੰਹ ਬਣਾ ਲਿਆ। ਸੁਰਸਤੀ ਚਾਰੇ ਪਾਸੇ ਘੁੰਮੀ, ਤਾਂ ਬ੍ਰਹਮਾ ਨੇ ਚਾਰੇ ਪਾਸੇ ਮੂੰਹ ਘੁੰਮਾ ਲਏ। ਫਿਰ ਉਹ ਆਕਾਸ਼ ਵਿਚ ਉੱਡਣ ਲੱਗੀ ਤਾਂ ਪੰਜਵਾਂ ਮੂੰਹ ਉਪਰ ਲਾ ਲਿਆ। ਸ਼ਿਵਜੀ ਨੇ ਧੱਫਾ ਮਾਰ ਕੇ ਪੰਜਵਾਂ ਮੂੰਹ ਕੱਟ ਦਿੱਤਾ। ਫਿਰ ਵੀ ਬ੍ਰਹਮਾ ਨਾ ਟਲਿਆ। ਉਸ ਨੇ ਕਾਮ ਅਧੀਨ ਹੋਇਆ ਆਪਣੀ ਪੁੱਤਰੀ ਸੁਰਸਤੀ ਤੋਂ ਰੋਹਣੀ ਨਾਮੀ ਪੁੱਤਰ ਪੈਦਾ ਕਰ ਹੀ ਦਿੱਤਾ। ਭਾਈ ਗੁਰਦਾਸ ਜੀ ਬ੍ਰਹਮਾ ਬਾਰੇ ਲਿਖਦੇ ਹਨ :

***ਚਾਰੇ ਵੇਦ ਵਖਾਣਦਾ ਚਤੁਰਮੁਖੀ ਹੋਇ ਖਰਾ ਸਿਆਣਾ।***
***ਲੋਕਾਂ ਨੋ ਸਮਝਾਇਦਾ ਵੇਖਿ ਸੁਰਸਤੀ ਰੂਪ ਲੋਭਾਣਾ।***

(ਵਾਰ ੧੨, ਪਉੜੀ ੭)

ਸ਼ਿਵਜੀ ਨੇ ਵਿਸ਼ਨੂੰ ਪਾਸ ਜਾ ਕੇ ਕਿਹਾ ਕਿ ਜੋ ਚੌਦਾਂ ਰਤਨ ਵੰਡਣ ਵੇਲੇ ਮੋਹਣੀ ਰੂਪ ਧਾਰਿਆ ਸੀ, ਦਿਖਾਉ। ਵਿਸ਼ਨੂੰ ਨੇ ਸਮਝਾਇਆ, ਕਿ ਤੂੰ ਮੋਹਣੀ ਰੂਪ ਦੇਖ ਕੇ ਕੀ ਲੈਣਾ ਹੈ, ਤੇਰਾ ਸਾਰਾ ਗਿਆਨ-ਧਿਆਨ ਭੁੱਲ ਜਾਏਗਾ। ਨਾ ਮੰਨਿਆ, ਤਾਂ ਵਿਸ਼ਨੂੰ ਜੀ ਉਥੋਂ ਹੀ ਗੁਪਤ ਹੋ ਗਏ। ਥੋੜੇ ਸਮੇਂ ਬਾਅਦ ਸ਼ਿਵਜੀ ਦੇ ਤਰਫ ਅਠਾਰਾਂ ਸਾਲ ਦੀ ਸੁੰਦਰ ਲੜਕੀ ਗੇਂਦ ਖੇਡਦੀ ਆਈ, ਜਿਸ ਦੀ ਚਾਲ ਬੜੀ ਅਨੋਖੀ ਸੀ। ਉਹ ਮੋਹਿਤ ਹੋ ਕੇ ਫੜਨ ਲੱਗਾ ਤਾਂ ਅੱਗੇ ਅੱਗੇ ਮੋਹਣੀ ਅਵਤਾਰ ਤੇ ਪਿੱਛੇ ਪਿੱਛੇ ਸ਼ਿਵਜੀ ਦੌੜਿਆ। ਸ਼ਿਵਜੀ ਦੇ ਜਿੰਨੇ ਵੀ ਉਪਾਸ਼ਕ ਸਨ, ਜੋਗੀ, ਜੰਗਮ, ਮਦਾਰੀ ਆਦਿ, ਸਾਰਿਆਂ ਦੇ ਆਸ਼ਰਮਾਂ 'ਤੇ ਮੋਹਣੀ ਅਵਤਾਰ ਨੇ ਫਿਰ ਕੇ ਸ਼ਿਵਜੀ ਦੀ ਐਸੀ ਹਾਲਤ ਦਿਖਾਈ। ਸ਼ਿਵਜੀ ਇਤਨਾ ਮੋਹਿਤ ਹੋਇਆ ਅਤੇ ਕਾਮ ਦੇ ਅਧੀਨ ਹੋ ਕੇ ਸ਼ਰਮ ਨਾ ਕੀਤੀ ਕਿ ਮੇਰੇ ਸੇਵਕ ਮੈਨੂੰ ਕੀ ਕਹਿਣਗੇ ? ਉਸਦੀ ਧਾਤੂ (ਵੀਰਜ) ਜੋ ਗੋਹੇ ਵਿਚ ਡਿੱਗੀ, ਉਸ ਤੋਂ ਗੋਰਖ ਦੀ ਉਤਪੱਤੀ ਹੋਈ। ਜੋ ਸਮੁੰਦਰ ਵਿਚ ਡਿੱਗੀ, ਉਹ ਮੱਛੀ ਨੇ ਨਿਗਲ ਲਈ, ਜਿਸ ਤੋਂ ਮਛੰਦਰ ਦੀ ਪੈਦਾਇਸ਼ ਹੋਈ। ਖੂਹ ਵਿਚ ਡਿੱਗੀ, ਉਥੋਂ ਪਾਰਾ ਪੈਦਾ ਹੋਇਆ। ਮੋਹਣੀ ਅਵਤਾਰ ਵੇਲੇ ਸ਼ਿਵਜੀ ਦੀ ਐਸੀ ਹਾਲਤ ਹੋਈ। ਸੋ ਤ੍ਰਿਗੁਣੀਆ, ਰਾਜਸੀ (ਬ੍ਰਹਮਾ) ਤਾਮਸੀ (ਸ਼ਿਵਜੀ) ਸ਼ਾਂਤਕੀ (ਵਿਸ਼ਨੂੰ), ਇਨ੍ਹਾਂ ਦੀ ਮਾਇਆ ਨੇ ਐਸੀ ਹਾਲਤ ਕੀਤੀ। ਤਾਂ ਹੀ ਭਗਤ ਕਬੀਰ ਜੀ ਨੇ ਕਥਨ ਕੀਤਾ ਹੈ :

***ਸਰਪਨੀ ਤੇ ਊਪਰਿ ਨਹੀ ਬਲੀਆ॥***
***ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ॥***

(ਅੰਗ ੪੮੦)

ਧਨਾਸਰੀ ਮਹਲਾ ੫ ॥ ਜਿਨਿ ਕੀਨੇ ਵਸਿ ਅਪੁਨੈ ਤ੍ਰੈ ਗੁਣ ਭਵਣ ਚਤੁਰ ਸੰਸਾਰਾ ॥ ਜਗ ਇਸਨਾਨ ਤਾਪ ਥਾਨ ਖੰਡੇ ਕਿਆ ਇਹੁ ਜੰਤੁ ਵਿਚਾਰਾ ॥ ੧ ॥ ਪ੍ਰਭ ਕੀ ਓਟ ਗਹੀ ਤਉ ਛੂਟੋ ॥ ਸਾਧ ਪ੍ਰਸਾਦਿ ਹਰਿ ਹਰਿ ਹਰਿ ਗਾਏ ਬਿਖੈ ਬਿਆਧਿ ਤਬ ਹੂਟੋ ॥ ੧ ॥ ਰਹਾਉ ॥ ਨਹ ਸੁਣੀਐ ਨਹ ਮੁਖ ਤੇ ਬਕੀਐ ਨਹ ਮੋਹੈ ਉਹ ਡੀਠੀ ॥ ਐਸੀ ਠਗਉਰੀ ਪਾਇ ਭੁਲਾਵੈ ਮਨਿ ਸਭ ਕੈ ਲਾਗੈ ਮੀਠੀ ॥ ੨ ॥ ਮਾਇ ਬਾਪ ਪੂਤ ਹਿਤ ਭ੍ਰਾਤਾ ਉਨਿ ਘਰਿ ਘਰਿ ਮੇਲਿਓ ਦੂਆ ॥ ਕਿਸ ਹੀ ਵਾਧਿ ਘਾਟਿ ਕਿਸ ਹੀ ਪਹਿ ਸਗਲੇ ਲਰਿ ਲਰਿ ਮੂਆ ॥ ੩ ॥ ਹਉ ਬਲਿਹਾਰੀ ਸਤਿਗੁਰ ਅਪੁਨੇ ਜਿਨਿ ਇਹੁ ਚਲਤੁ ਦਿਖਾਇਆ ॥ ਗੂਝੀ ਭਾਹਿ ਜਲੈ ਸੰਸਾਰਾ ਭਗਤ ਨ ਬਿਆਪੈ ਮਾਇਆ ॥ ੪ ॥ ਸੰਤ ਪ੍ਰਸਾਦਿ ਮਹਾ ਸੁਖੁ ਪਾਇਆ ਸਗਲੇ ਬੰਧਨ ਕਾਟੇ ॥ ਹਰਿ ਹਰਿ ਨਾਮੁ ਨਾਨਕ ਧਨੁ ਪਾਇਆ ਅਪੁਨੈ ਘਰਿ ਲੈ ਆਇਆ ਖਾਟੇ ॥ ੫ ॥ ੧੧ ॥

## ਪਦ ਅਰਥ :

ਜਿਨਿ-ਜਿਸ (ਮਾਇਆ) ਨੇ। ਤ੍ਰੈ ਗੁਣ-ਤਿੰਨ ਗੁਣ (ਰਜੋ, ਤਮੋ, ਸਤੋ)। ਭਵਣ ਚਤੁਰ ਸੰਸਾਰਾ-ਚਾਰੇ ਕੁੰਟਾਂ ਭਾਵ ਸਾਰਾ ਸੰਸਾਰ। ਜਗ-ਯੱਗ। ਤਾਪ ਥਾਨ-ਤਾਪ ਕਰਨ ਵਾਲੇ ਅਸਥਾਨ। ਖੰਡੇ-ਟੋਟੇ ਟੋਟੇ ਕਰ ਦਿੱਤੇ। ਤਉ ਛੂਟੋ-ਤਦੋਂ ਛੁਟਿਆ। ਬਿਖੈ ਬਿਆਧਿ-ਵਿਸ਼ਿਆਂ ਦੇ ਰੋਗ। ਹੂਟੋ-ਥੱਕ ਗਏ। ਨਹ ਸੁਣੀਐ-ਨਾ (ਉਸਦੀ) ਆਵਾਜ਼ ਸੁਣੀ ਜਾਂਦੀ ਹੈ। ਬਕੀਐ-ਬੋਲਦੀ ਹੈ। ਮੋਹੈ-ਮੋਂਹਦੀ ਹੈ। ਠਗਉਰੀ-ਠਗ ਬੂਟੀ, ਨਸ਼ੇ ਵਾਲੀ। ਭੁਲਾਵੈ-ਭੁਲਾ ਦਿੰਦੀ ਹੈ, ਕੁਰਾਹੇ ਪਾ ਦਿੰਦੀ ਹੈ। ਹਿਤ-ਪਿਆਰ ਵਾਲਾ (ਸੰਬੰਧੀ)। ਭ੍ਰਾਤਾ-ਭਾਈ। ਉਨਿ-ਉਸ (ਮਾਇਆ ਨੇ। ਘਰਿ ਘਰਿ-ਹਰੇਕ ਦੇ ਹਿਰਦੇ ਵਿਚ। ਦੂਆ-ਦੂਜਾਪਨ, ਵਿਤਕਰਾ। ਵਾਧਿ-ਵੱਧ। ਘਾਟਿ-ਘੱਟ, ਥੋੜੀ। ਲਰਿ ਲਰਿ-ਲੜ-ਲੜਕੇ। ਚਲਤੁ-ਤਮਾਸ਼ਾ। ਗੂਝੀ ਭਾਹਿ-ਲੁਕੀ ਹੋਈ ਅੱਗ (ਮਾਇਆ) ਵਿਚ। ਜਲੈ-ਸੜਦਾ ਹੈ।

## ਅਰਥ :

(ਹੇ ਭਾਈ!) ਜਿਸ (ਮਾਇਆ) ਨੇ ਤ੍ਰੈ ਗੁਣੀ-ਤਿੰਨ ਗੁਣ (ਰਜੋ ਤਮੋ ਸਤੋ ਰੂਪ ਸੁਭਾਅ ਦੇ ਧਾਰਣੀ)

ਜੀਵ (ਅਤੇ) ਚਾਰ ਕੁੰਟਾਂ (ਭਾਵ) ਸਾਰੇ ਸੰਸਾਰ ਨੂੰ ਆਪਣੇ ਵੱਸ ਵਿਚ ਕੀਤਾ ਹੋਇਆ ਹੈ। ਇਸ਼ਨਾਨ ਤੇ ਤਪ ਕਰਨ ਵਾਲੇ ਸਾਰੇ ਥਾਂ (ਇਸ ਮਾਇਆ ਨੇ) ਟੋਟੇ ਟੋਟੇ ਕਰ ਦਿੱਤੇ ਹਨ ਤਾਂ ਇਹ ਮਨੁੱਖ ਵਿਚਾਰਾ ਕੀ (ਚੀਜ਼) ਹੈ (ਜੋ ਇਸ ਮਾਇਆ ਅਗੇ ਠਹਿਰ ਸਕੇ)। ੧। (ਹੇ ਭਾਈ ! ਜਿਸ ਸਮੇਂ ਮੈਂ) ਪ੍ਰਭੂ ਦੀ ਸ਼ਰਣ ਪਕੜੀ ਤਦੋਂ (ਮਾਇਆ ਦੇ ਪੰਜੇ ਵਿਚੋਂ ਛੁਟਿਆ। (ਗੁਰੂ ਰੂਪ) ਸਾਧੂ ਦੀ ਕਿਰਪਾ ਨਾਲ (ਜਦੋਂ) ਹਰੀ ਪਰਮੇਸ਼ਰ ਦੇ ਗੁਣ ਗਾਏ ਤਦੋਂ ਵਿਸ਼ੇ ਰੋਗ (ਭੋਗ) ਸਭ ਦੂਰ ਹੋ ਗਏ। ੧। ਰਹਾਉ। (ਹੇ ਭਾਈ!) ਉਹ ਮਾਇਆ ਜਦੋਂ ਆਉਂਦੀ ਹੈ ਤਾਂ ਨਾਂਹ (ਉਸਦੀ) ਅਵਾਜ਼ ਸੁਣਾਈ ਦਿੰਦੀ ਹੈ, ਨਾ ਹੀ (ਉਹ) ਮੁੱਖ ਤੋਂ ਬੋਲਦੀ ਹੈ (ਅਤੇ) ਨਾ ਹੀ ਉਹ (ਜੀਆਂ) ਨੂੰ ਮੋਂਹਦੀ ਦਿੱਸਦੀ ਹੈ। (ਉਹ) ਐਸੀ ਠਗ ਬੂਟੀ ਖੁਆ ਕੇ ਭੁਲਾ ਲੈਂਦੀ ਹੈ, ਜੋ ਸਭ ਦੇ ਮਨ ਵਿਚ ਮਿੱਠੀ ਲੱਗਦੀ ਹੈ। ੨। (ਹੇ ਭਾਈ!) ਮਾਂ, ਬਾਪ, ਪੁੱਤਰ ਤੇ ਪਿਆਰ ਵਾਲੇ ਸੰਬੰਧੀ ਅਤੇ ਭਾਈ (ਇਹਨਾਂ ਸਭਨਾਂ ਅੰਦਰ) ਹਰ ਇਕ ਘਰ ਵਿਚ ਉਸ (ਮਾਇਆ ਨੇ) ਦ੍ਵੈਤ ਭਾਵ ਪਾ ਦਿੱਤਾ (ਭਾਵ ਫੁੱਟ ਪਾ ਦਿੱਤੀ ਹੈ)। ਕਿਸੇ ਕੋਲ (ਮਾਇਆ) ਵੱਧ ਹੈ, ਕਿਸੇ ਪਾਸ ਘੱਟ ਹੈ, (ਪਰ) ਸਾਰੇ ਹੀ (ਮਾਇਆ ਦੀ ਖ਼ਾਤਰ ਆਪਸ ਵਿਚ) ਲੜ ਲੜ ਕੇ ਮਰ ਰਹੇ ਹਨ। ੩। (ਹੇ ਭਾਈ!) ਮੈਂ ਆਪਣੇ ਸਤਿਗੁਰੂ ਤੋਂ ਕੁਰਬਾਨ ਜਾਂਦਾ ਹਾਂ ਜਿਸ ਨੇ (ਮੈਨੂੰ ਮਾਇਆ ਦਾ) ਉਹ ਤਮਾਸ਼ਾ (ਕੌਤਕ) ਵਿਖਾਇਆ ਹੈ। ਲੁਕੀ ਹੋਈ (ਮਾਇਆ ਰੂਪ) ਅੱਗ ਵਿਚ ਸਾਰਾ ਸੰਸਾਰ ਸੜ ਰਿਹਾ ਹੈ (ਪਰ ਇਹ ਮਾਇਆ ਪ੍ਰਭੂ ਦੇ) ਭਗਤਾਂ ਨੂੰ ਨਹੀਂ ਚਿੰਬੜ ਸਕਦੀ। ੪।

ਸੰਤ (ਗੁਰੂ) ਦੀ ਕਿਰਪਾ ਨਾਲ ਸਾਰੇ ਬੰਧਨ ਕੱਟੇ ਗਏ (ਇਸ ਕਰਕੇ ਆਤਮਿਕ) ਸੁੱਖ ਪਾਇਆ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਹਰਿ-ਹਰਿ ਨਾਮ ਧਨ (ਅਸਾਂ ਨੇ) ਪਾਇਆ ਹੈ। (ਇਸ ਨਾਮ ਧਨ) ਨੂੰ ਖੱਟ ਕੇ ਅਸੀਂ (ਹਿਰਦੇ) ਘਰ ਵਿਚ ਲੈ ਆਏ ਹਾਂ। ੫। ੧੧।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੯੧ (ਅੰਗ ੬੭੩-੭੪)

ਧਨਾਸਰੀ ਮਹਲਾ ੫ ॥

ਤੁਮ ਦਾਤੇ ਠਾਕੁਰ ਪ੍ਰਤਿਪਾਲਕ ਨਾਇਕ ਖਸਮ ਹਮਾਰੇ ॥ ਨਿਮਖ ਨਿਮਖ ਤੁਮ ਹੀ ਪ੍ਰਤਿਪਾਲਹੁ ਹਮ ਬਾਰਿਕ ਤੁਮਰੇ ਧਾਰੇ ॥ ੧ ॥ ਜਿਹਵਾ ਏਕ ਕਵਨ ਗੁਨ ਕਹੀਐ ॥ ਬੇਸੁਮਾਰ ਬੇਅੰਤ ਸੁਆਮੀ ਤੇਰੋ ਅੰਤੁ ਨ ਕਿਨ ਹੀ ਲਹੀਐ ॥ ੧ ॥ ਰਹਾਉ ॥ ਕੋਟਿ ਪਰਾਧ ਹਮਾਰੇ ਖੰਡਹੁ ਅਨਿਕ ਬਿਧੀ ਸਮਝਾਵਹੁ ॥ ਹਮ ਅਗਿਆਨ ਅਲਪ ਮਤਿ ਥੋਰੀ ਤੁਮ ਆਪਨ ਬਿਰਦੁ ਰਖਾਵਹੁ ॥ ੨ ॥ ਤੁਮਰੀ ਸਰਣਿ ਤੁਮਾਰੀ ਆਸਾ ਤੁਮ ਹੀ ਸਜਨ ਸੁਹੇਲੇ ॥ ਰਾਖਹੁ ਰਾਖਨਹਾਰ ਦਇਆਲਾ ਨਾਨਕ ਘਰ ਕੇ ਗੋਲੇ ॥ ੩ ॥ ੧੨ ॥

## ਪ੍ਰਾਕ੍ਰਥਨ :-

ਇਹ ਪਾਵਨ ਸ਼ਬਦ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਦੇ ਆਰੰਭ ਅੰਦਰ ਗੁਰਦੇਵ ਨੇ ਸੱਚੇ ਦਾਤੇ ਦੀ ਗੱਲ ਕੀਤੀ ਹੈ। ਕਿਉਂਕਿ ਸੰਸਾਰ ਦੇ ਅੰਦਰ ਉਸ ਪ੍ਰਮੇਸ਼ਰ ਕੋਲੋਂ ਦਾਤ ਪਾ ਕੇ ਅਨੇਕਾਂ ਝੂਠੇ ਦਾਨੀ ਦਾਤੇ ਬਣ ਬੈਠਦੇ ਹਨ। ਅਸਲ ਵਿਚ ਸਮੁੱਚੀ ਕਾਇਨਾਤ ਅੰਦਰ ਸਰਬ ਜੀਆਂ ਦਾ ਦਾਤਾ ਏਕੋ ਪ੍ਰਮੇਸ਼ਰ ਹੀ ਹੈ।

## ਵਿਸ਼ਾ—ਦਦਾ ਦਾਤਾ ਏਕੁ ਹੈ

ਦਾਤਾ ਜਾਂ ਦਾਤਾਰ ਤੋਂ ਭਾਵ ਹੈ, ਦਾਨ ਦੇਣ ਵਾਲਾ, ਦਾਤਾਂ ਦੇਣ ਵਾਲਾ।

ਗੁਰਬਾਣੀ ਅਨੁਸਾਰ ਸਰਬ ਵਿਆਪਕ ਪਰਮਾਤਮਾ ਸਭ ਨੂੰ ਦਾਤਾਂ ਦੇਣ ਵਾਲਾ ਹੈ। ਉਸ ਵਰਗਾ ਹੋਰ ਕੋਈ ਨਹੀਂ:

***ਥਾਨ ਥਨੰਤਰਿ ਰਵਿ ਰਹਿਆ ਪਾਰਬ੍ਰਹਮੁ ਪ੍ਰਭੁ ਸੋਇ॥***
***ਸਭਨਾ ਦਾਤਾ ਏਕੁ ਹੈ ਦੂਜਾ ਨਾਹੀ ਕੋਇ॥***

(ਅੰਗ ੪੫)

***ਅਥਵਾ: ਤੂ ਦਾਤਾ ਦਾਤਾਰੁ ਤੇਰਾ ਦਿਤਾ ਖਾਵਣਾ॥***

(ਅੰਗ ੬੫੨)

ਸ੍ਰੀ ਗੁਰੂ ਅਮਰਦਾਸ ਜੀ ਦੇ ਅੰਮ੍ਰਿਤ ਮਈ ਬਚਨ ਹਨ ਕਿ ਜਿਸ ਮਾਲਕ ਨੇ ਇਸ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ, ਉਹ ਸਦਾ ਕਾਇਮ ਰਹਿਣ ਵਾਲਾ ਦਾਤਾਰ ਪ੍ਰਭੂ ਸਭ ਨੂੰ ਰਿਜ਼ਕ ਪਹੁੰਚਾਉਣ ਵਾਲਾ ਹੈ:

***ਦੇਸੀ ਰਿਜਕੁ ਸੰਬਾਹਿ ਜਿਨਿ ਉਪਾਈ ਮੇਦਨੀ॥***
***ਏਕੋ ਹੈ ਦਾਤਾਰੁ ਸਚਾ ਆਪਿ ਧਣੀ॥***

(ਅੰਗ ੭੫੫)

***ਅਥਵਾ: ਹਮ ਭੀਖਕ ਭੇਖਾਰੀ ਤੇਰੇ ਤੂ ਨਿਜ ਪਤਿ ਹੈ ਦਾਤਾ॥***

(ਅੰਗ ੬੬੬)

ਅਸੀਂ ਭੇਖਾਰੀ, ਮੰਗਤਾ ਉਸਨੂੰ ਕਹਿੰਦੇ ਹਾਂ, ਜੋ ਬਾਜ਼ਾਰ ਵਿਚ ਖੜਾ ਪੈਸਾ-ਪੈਸਾ ਮੰਗ ਰਿਹਾ ਹੋਵੇ। ਪਰ ਅਸਲ ਮੰਗਤਾ ਤਾਂ ਉਹ ਹੈ ਜੋ ਸਭ ਕੁਝ ਹੁੰਦੇ ਹੋਏ ਵੀ ਮੰਗੀ ਜਾ ਰਿਹਾ ਹੈ। ਉਸ ਦੀ ਮੰਗ ਦਾ ਕੋਈ ਅੰਤ ਨਹੀਂ ਆਉਂਦਾ। ਅਸਲ ਵਿਚ ਉਹ ਕੰਗਾਲ ਤੇ ਮੰਗਤਾ ਹੈ। ਭਰਥਰੀ ਜੀ ਦਾ ਕਥਨ ਹੈ:

***ਜਾ ਕੇ ਤ੍ਰਿਸ਼ਨਾ ਅਧਿਕ ਹੈ ਵਹੀ ਪਰਮ ਕੰਗਾਲ॥***

ਕੋਈ ਮੰਗਤਾ ਕਿਤਨਾ ਹੌਲਾ ਹੈ ਤੇ ਕਿਤਨਾ ਵੱਡਾ ਹੈ, ਇਹ ਉਸਦੀ ਮੰਗ ਤੋਂ ਹੀ ਪਤਾ ਚੱਲਦਾ ਹੈ।

ਜੇ ਸਿਰਫ਼ ਇਕ ਪੈਸਾ ਮੰਗ ਰਿਹਾ ਹੈ ਤਾਂ ਇਹ ਮੰਗਤਾ ਜ਼ਰਾ ਛੋਟੇ ਮੇਲ ਦਾ ਹੈ, ਪਰ ਜੇ ਕੋਈ ਰਾਜ ਭਾਗ ਤੇ ਮਹਿਲ-ਮਾੜੀਆਂ ਮੰਗ ਰਿਹਾ ਹੈ ਤਾਂ ਇਹ ਉੱਚੇ ਪੱਧਰ ਦਾ ਮੰਗਤਾ ਹੈ। ਪਰ ਇਹ ਮੰਗਣ ਵਾਲੇ ਮੰਗਤੇ ਵੀ ਸੱਚੇ ਦਾਤਾਰ ਨੂੰ ਛੱਡ ਕੇ ਦੇਵੀ ਦੇਵਤਿਆਂ, ਪੀਰਾਂ ਫ਼ਕੀਰਾਂ ਕੋਲੋਂ, ਝੋਲੀਆਂ ਅੱਡ-ਅੱਡ ਕੇ ਮੰਗੀ ਜਾ ਰਹੇ ਹਨ, ਜਦਕਿ ਇਹ ਸਾਰੇ ਵਾਹਿਗੁਰੂ ਦੇ ਦਰ ਦੇ ਆਪ ਮੰਗਤੇ ਹਨ। ਸੰਸਾਰੀ ਮੰਗਤੇ ਵੀ ਉਸ ਸੱਚੇ ਦਾਤੇ ਕੋਲੋਂ ਦਾਤਾਂ ਪਾ ਕੇ ਦਾਤਾਂ ਦੇਣ ਵਾਲੇ ਨੂੰ ਭੁੱਲ ਕੇ ਕਈ ਦਾਨੀ ਵੱਡੇ ਦਾਤੇ ਬਣ ਬੈਠੇ ਹਨ। ਗੁਰਦੇਵ ਦਾ ਸੁੰਦਰ ਫ਼ੁਰਮਾਣ ਹੈ :

***ਸਤੀਆ ਮਨਿ ਸੰਤੋਖੁ ਉਪਜੈ ਦੇਣੈ ਕੈ ਵੀਚਾਰਿ॥***
***ਦੇ ਦੇ ਮੰਗਹਿ ਸਹਸਾ ਗੂਣਾ ਸੋਭ ਕਰੇ ਸੰਸਾਰੁ॥***

(ਆਸਾ ਕੀ ਵਾਰ)

ਇਹ ਚਾਰ ਪ੍ਰਕਾਰ ਦੇ ਦਾਤੇ ਇਸ ਸ਼ਬਦ ਦੇ ਸਿਧਾਂਤ ਅਨੁਸਾਰ ਵਿਦਵਾਨਾਂ ਨੇ ਕਥਨ ਕੀਤੇ ਹਨ, ਪਰ ਇਹ ਸੰਸਾਰੀ ਝੂਠੇ ਦਾਤੇ ਹਨ। ਸੱਚਾ ਦਾਤਾ ਏਕੋ ਪ੍ਰਮੇਸ਼ਰ ਹੀ ਹੈ, ਜੋ ਇਹਨਾਂ ਦਾਤਿਆਂ ਨੂੰ ਵੀ ਦਾਤ ਦੇ ਕੇ ਨਿਵਾਜਣ ਵਾਲਾ ਹੈ।

ਚਾਰ ਪ੍ਰਕਾਰ ਦੇ ਸੰਸਾਰੀ ਦਾਤੇ :

੧. ''ਸਤੀਆ ਮਨਿ ਸੰਤੋਖੁ ਉਪਜੈ''

ਪਹਿਲੇ ਪ੍ਰਕਾਰ ਦੇ ਦਾਤੇ ਦਾਨ ਦੇ ਕੇ ਮਨ ਵਿਚ ਸੰਤੋਖ ਧਾਰਦੇ ਹਨ।

੨. ਦੂਸਰੇ ਪ੍ਰਕਾਰ ਦੇ ਦਾਤੇ ਹਨ : ''ਦੇਣੈ ਕੈ ਵੀਚਾਰਿ'' ਦਾਨ ਦੇਣ ਦੀ ਵੀਚਾਰ ਵਿਚ ਲੱਗੇ ਰਹਿੰਦੇ ਹਨ। ਇਤਨਾ ਦੇ ਦਿੱਤਾ ਹੈ, ਇੰਨਾ ਹੋਰ ਦੇਣਾ ਹੈ। ਜਿਸਤਰ੍ਹਾਂ ਹਰੀ ਚੰਦ ਰਾਜਾ ੧੮ ਹਾਰ ਸੋਨੇ ਦੇ ਹਰ ਰੋਜ਼ ਦਾਨ ਕਰਦਾ ਸੀ।

੩. ਤੀਸਰੇ ਪ੍ਰਕਾਰ ਦੇ ਦਾਤੇ ਹਨ : ''ਦੇ ਦੇ ਮੰਗਹਿ ਸਹਿਸਾ ਗੂਣਾ'' ਦਾਨ ਦੇ ਕੇ ਹਜ਼ਾਰਾਂ ਗੁਣਾਂ ਫਲ ਵੱਧ ਮੰਗਦੇ ਹਨ। 'ਸੇਵਾ ਥੋਰੀ ਮਾਗਨ ਬਹੁਤਾ'॥

੪. ਚੌਥੇ ਪ੍ਰਕਾਰ ਦੇ ਦਾਤੇ ਹਨ : ''ਸੋਭ ਕਰੇ ਸੰਸਾਰੁ''। ਸੰਸਾਰ ਵਿਚੋਂ ਆਪਣੀ ਸੋਭਾ ਕਰਾਉਣੀ ਲੋੜਦੇ ਹਨ। ਸਾਈਨ ਬੋਰਡ ਲਿਖ ਕੇ ਲਗਵਾਉਂਦੇ ਹਨ। ਅਸਲ ਵਿਚ ਇਹ ਦਿਖਾਵੇ ਦੇ (ਦਾਨੀ) ਦਾਤੇ ਬਣੇ ਹੋਏ ਹਨ। ਸਾਰਿਆਂ ਦੇ ਮਨ ਵਿਚ ਇੱਛਾਵਾਂ ਹਨ। ਕੁਝ ਨਾ ਕੁਝ ਦਾਨ ਕਰਕੇ ਮੰਗਦੇ ਹਨ। ਜਿਸ ਤਰ੍ਹਾਂ ਗਊ ਨੂੰ ਪੱਠੇ ਪਾ ਕੇ ਦੁੱਧ ਚੋ ਲਈਦਾ ਹੈ। ਕੀ ਕਹੀਏ ਕਿ ਪੱਠੇ ਪਾ ਕੇ ਕੋਈ ਪਰਉਪਕਾਰ ਕਰ ਰਿਹਾ ਹੈ ? ਫੰਡਰ ਗਊ ਨੂੰ ਕੋਈ ਖੱਲ ਵੜੇਵੇਂ ਪਾਉਂਦਾ ਵੇਖਿਆ ਹੈ ? ਧਰਤੀ ਵਿਚੋਂ ਕੋਈ ਬੀਜ ਬੀਜ ਰਿਹਾ ਹੈ ਤਾਂ ਕੀ ਉਹ ਬੀਜ ਦਾਨ ਕਰ ਰਿਹਾ ਹੈ ? ਨਹੀਂ, ਉਹ ਥੋੜੇ ਦਾਣੇ ਬੀਜ ਕੇ ਬੋਹਲ ਦੀ ਆਸਾ ਧਾਰੀ ਬੈਠਾ ਹੈ। ਇਸ ਲਈ ਦਾਨ ਦੇ ਕੇ ਹਜ਼ਾਰਾਂ ਗੁਣਾ ਵੱਧ ਮੰਗਦਾ ਹੈ। ਫਿਰ ਇਹ ਮੰਗਣ ਵਾਲੇ ਦਾਨੀ ਦਾਤੇ ਨਾ ਹੋਇ, ਇਹ

ਤਾਂ ਅਸਲ ਮੰਗਤੇ ਹਨ। ਇਸੇ ਲਈ ਦਸਮ ਪਾਤਸ਼ਾਹ ਜੀ ਦੇ ਪਵਿੱਤਰ ਬਚਨ ਹਨ: ''ਜਾਚਕ ਅਨੇਕ ਸੁ ਏਕ ਦਵਈਆ'' ਜਾਚਕ ਨੂੰ ਭਿਖਾਰੀ ਜਾਂ ਮੰਗਤਾ ਕਹਿੰਦੇ ਹਨ। ਇਸ ਲਈ ਪ੍ਰਭੂ ਸੱਚਾ ਦਾਤਾ ਹੈ। ਅਸੀਂ ਸਾਰੇ ਉਸਦੇ ਦਰ ਦੇ ਭੇਖਾਰੀ, ਮੰਗਤੇ ਹਾਂ। ਉਹ ਦਾਤਾਰ ਸਭ ਨੂੰ ਦਾਤਾਂ ਦੇਈ ਜਾ ਰਿਹਾ ਹੈ:

***ਤੂ ਪ੍ਰਭ ਦਾਤਾ ਦਾਨਿ ਮਤਿ ਪੂਰਾ ਹਮ ਥਾਰੇ ਭੇਖਾਰੀ ਜੀਉ॥***

(ਅੰਗ ੫੯੭)

ਅਥਵਾ :

***ਜਗਤੁ ਭਿਖਾਰੀ ਫਿਰਤੁ ਹੈ ਸਭ ਕੋ ਦਾਤਾ ਰਾਮੁ॥***

(ਅੰਗ ੧੪੨੮)

ਮਨੁੱਖ ਦੀ ਮੰਗ ਬੜੀ ਪਰੁਖੀ ਹੈ। ਜੋ ਮੰਗਾਂ ਪਹਿਲੇ ਵੱਡੇ-ਵਡੇਰੇ ਮੰਗ ਚੁੱਕੇ ਹਨ, ਅਸੀਂ ਉਹੀ ਮੰਗਦੇ ਜਾ ਰਹੇ ਹਾਂ। ਪਰ ਉਹ ਵਾਹਿਗੁਰੂ ਸੱਚਾ ਦਾਤਾ ਬਿਨਾਂ ਮੰਗਿਆਂ ਹੀ ਸਭ ਕੁਝ ਦੇਈ ਜਾ ਰਿਹਾ ਹੈ। ਜੇਕਰ ਅਸੀਂ ਸੂਰਜ ਪਾਸੋਂ ਰੌਸ਼ਨੀ ਨਾ ਵੀ ਮੰਗੀਏ ਤਾਂ ਵੀ ਦਿੰਦਾ ਹੈ। ਇਸੇ ਤਰ੍ਹਾਂ ਪ੍ਰਮਾਤਮਾ ਅਣਮੰਗੀਆਂ ਦਾਤਾਂ ਦੇਣ ਵਾਲਾ ਦਾਤਾ ਹੈ:

***ਅਣਮੰਗਿਆ ਦਾਨੁ ਦੇਵਣਾ ਕਹੁ ਨਾਨਕ ਸਚੁ ਸਮਾਲਿ ਜੀਉ॥***

(ਅੰਗ ੭੩)

ਭਾਈ ਸਾਹਿਬ ਭਾਈ ਗੁਰਦਾਸ ਜੀ ਦਾ ਸੁੰਦਰ ਕਥਨ ਹੈ ਕਿ ਉਸ ਸੱਚੇ ਦਾਤਾਰ ਨੇ ਇਸ ਜੀਵ ਦਾ ਸਰੀਰ ਪੈਦਾ ਕਰਕੇ ਸਰੀਰ ਦੇ ਸਾਰੇ ਅੰਗ ਤੇ ਇੰਦਰੇ, ਖਾਣ-ਪੀਣ ਇਸਨੂੰ ਸਭ ਕੁਝ ਦਿੱਤਾ ਹੈ। ਉਸ ਬੇਸ਼ੁਮਾਰ ਦਾਤੇ ਦੀ ਕੀਮਤ ਨਹੀਂ ਕਹੀ ਜਾ ਸਕਦੀ:

***ਜੀਉ ਪਾਇ ਤਨੁ ਸਾਜਿਆ ਮੁਹੁ ਅਖੀ ਨਕੁ ਕੰਨ ਸਵਾਰੇ।***
***ਹਥ ਪੈਰ ਦੇ ਦਾਤਿ ਕਰਿ ਸਬਦ ਸੁਰਤਿ ਸੁਭ ਦਿਸਟਿ ਦੁਆਰੇ।***
***ਕਿਰਤਿ ਵਿਰਤਿ ਪਰਕਿਰਤਿ ਬਹੁ ਸਾਸਿ ਗਿਰਾਸਿ ਨਿਵਾਸੁ ਸੰਜਾਰੇ।***
***ਰਾਗ ਰੰਗ ਰਸ ਪਰਸਦੇ ਗੰਧ ਸੁਗੰਧ ਸੰਧਿ ਪਰਕਾਰੇ।***
***ਛਾਦਨ ਭੋਜਨ ਬੁਧਿ ਬਲੁ ਟੇਕ ਬਿਬੇਕ ਵੀਚਾਰ ਵੀਚਾਰੇ।***
***ਦਾਨੇ ਕੀਮਤਿ ਨਾ ਪਵੈ ਬੇਸੁਮਾਰ ਦਾਤਾਰ ਪਿਆਰੇ।***
***ਲੇਖ ਅਲੇਖ ਅਸੰਖ ਅਪਾਰੇ॥੩॥***

(ਵਾਰ ੧੮, ਪਉੜੀ ੩)

ਅਸੀਂ ਮਾਂ-ਬਾਪ ਦੀ ਮੰਗ ਨਹੀਂ ਕੀਤੀ ਪਰ ਮਿਲ ਗਏ ਹਨ। ਸਰੀਰ ਦੇ ਤੇ ਸਰੀਰ ਦੇ ਹਰ ਕੀਮਤੀ ਅੰਗ-ਇੰਦਰੇ ਦੀ ਅਸੀਂ ਕੋਈ ਮੰਗ ਨਹੀਂ ਕੀਤੀ ਤੇ ਬਿਨਾਂ ਮੰਗੇ ਹੀ ਸਾਨੂੰ ਮਿਲ ਗਏ ਹਨ। ਪਵਨ, ਪਾਣੀ,

ਸੂਰਜ ਚੰਦ ਸਾਨੂੰ ਮਿਲੇ ਹੋਏ ਹਨ ਤੇ ਇਨ੍ਹਾਂ ਤੋਂ ਸੁਭਾਵਕ ਸਾਨੂੰ ਲਾਭ ਹੋ ਰਿਹਾ ਹੈ। ਜੇ ਮਨੁੱਖ ਆਪਣੇ ਆਪ ਨੂੰ ਪਾਤਰ ਬਣਾਉਣ 'ਤੇ ਜ਼ੋਰ ਲਾਵੇ ਤਾਂ ਇਸ ਨੂੰ ਹੋਰ ਵੀ ਬਹੁਤ ਕੁਝ ਮਿਲ ਸਕਦਾ ਹੈ। ਸਿਆਣਿਆਂ ਦਾ ਕਹਿਣਾ ਹੈ ਕਿ ਜੋ ਕੁਝ ਕਿਸੇ ਨੂੰ ਮਿਲਿਆ ਹੈ, ਉਸਨੇ ਆਪਣੇ ਆਪ ਨੂੰ ਪਾਤਰ ਬਣਾ ਲਿਆ ਸੀ, ਜੋ ਨਹੀਂ ਮਿਲਿਆ ਉਸ ਦੇ ਅਜੇ ਯੋਗ ਨਹੀਂ ਸੀ। ਧਨ ਸੰਪਦਾ, ਇਸਤ੍ਰੀ, ਪੁੱਤਰ, ਮਹਿਲ ਮਾੜੀਆਂ ਤਾਂ ਅਕਸਰ ਲੋਕਾਂ ਨੂੰ ਮਿਲ ਜਾਂਦੀਆਂ ਹਨ, ਪਰ ਪ੍ਰਭੂ ਦਾ ਨਾਮ ਤੇ ਉਸ ਦਾ ਗਿਆਨ ਕਿਸੇ ਨੂੰ ਨਹੀਂ ਮਿਲਦਾ, ਕਿਉਂਕਿ ਇਸ ਯੋਗ ਇਸ ਨੇ ਆਪਣੇ ਆਪ ਨੂੰ ਬਣਾਇਆ ਹੀ ਨਹੀਂ। ਹਿਮਾਲਿਆ ਪਰਬਤ 'ਤੇ ਸਿਰਫ਼ ਜਾਣ ਦੀ ਲੋੜ ਹੈ, ਠੰਢ ਆਪਣੇ ਆਪ ਮਿਲੇਗੀ। ਅੱਖਾਂ ਖੋਲ੍ਹ ਲਈਏ ਤਾਂ ਸੂਰਜ ਦਾ ਪ੍ਰਕਾਸ਼ ਆਪ ਹੀ ਮਿਲਣ ਲੱਗ ਪੈਂਦਾ ਹੈ। ਸਿਰਫ਼ ਆਪਣੇ ਆਪ ਨੂੰ ਪਾਤਰ ਬਣਾਈਏ, ਪਦਾਰਥ ਆਪਣੇ ਆਪ ਮਿਲ ਜਾਣਗੇ। ਅਸੀਂ ਇਕ ਹੋਰ ਵੀ ਭੁੱਲ ਕਰਦੇ ਹਾਂ ਕਿ ਮੰਗਤਿਆਂ ਕੋਲੋਂ ਮੰਗਦੇ ਹਾਂ। ਜੋ ਆਪ ਮੰਗਾਂ ਨਾਲ ਭਰਿਆ ਹੋਇਆ ਹੈ, ਉਸ ਕੋਲੋਂ ਮੰਗਦੇ ਹਾਂ। ਤੇ ਮੰਗਤਾ ਪਲਟ ਕੇ ਮੰਗਣ ਦੀ ਚਾਹਤ ਤੋਂ ਬਿਨਾਂ ਕੁਝ ਦੇ ਵੀ ਨਹੀਂ ਸਕਦਾ। ਸੋ ਮੰਗਣਾ ਵੀ ਉਸ ਕੋਲੋਂ ਚਾਹੀਦਾ ਹੈ ਜੋ ਰੰਚਿਕ ਮਾਤਰ ਵੀ ਸਾਡੇ ਪਾਸੋਂ ਤਮਾਂ ਨ ਰੱਖੇ:

***ਵਡਾ ਦਾਤਾ ਤਿਲੁ ਨ ਤਮਾਇ॥*** (ਜਪੁਜੀ)

ਐਸੇ ਵੱਡੇ ਦਾਤੇ ਦੀ ਸਿਫ਼ਤ ਸੋਢੀ ਸੁਲਤਾਨ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਜੀ ਨੇ ਇਸ ਤਰ੍ਹਾਂ ਕਥਨ ਕੀਤੀ ਹੈ:

***ਤੂ ਭੰਨਣ ਘੜਣ ਸਮਰਥੁ ਦਾਤਾਰੁ***
***ਹਹਿ ਤੁਧੁ ਅਗੈ ਮੰਗਣ ਨੋ ਹਥ ਜੋੜਿ ਖਲੀ ਸਭ ਹੋਈ॥***
***ਤੁਧੁ ਜੇਵਡੁ ਦਾਤਾਰੁ ਮੈ ਕੋਈ ਨਦਰਿ ਨ ਆਵਈ***
***ਤੁਧੁ ਸਭਸੈ ਨੋ ਦਾਨੁ ਦਿਤਾ ਖੰਡੀ ਵਰਭੰਡੀ ਪਾਤਾਲੀ ਪੁਰਈ ਸਭ ਲੋਈ॥***

(ਅੰਗ ੫੪੯)

***ਅਥਵਾ: ਦਦਾ ਦਾਤਾ ਏਕੁ ਹੈ ਸਭ ਕਉ ਦੇਵਨਹਾਰ॥***
***ਦੇਂਦੇ ਤੋਟਿ ਨ ਆਵਈ ਅਗਨਤ ਭਰੇ ਭੰਡਾਰ॥***

(ਅੰਗ ੨੫੭)

## ਸਾਖੀ—ਇਕ ਪਠਾਨ ਦੀ

ਪਿਛੇ ਕਾਫ਼ੀ ਸਮਾਂ ਬੀਤਿਆ ਸੀ, ਸੰਨ ੧੯੯੫ ਮਿਤੀ ੨੯ ਦਸੰਬਰ, ਦਿਨ ਸ਼ੁਕਰਵਾਰ ਨੂੰ ਅਜੀਤ ਅਖ਼ਬਾਰ ਵਿਚ ਦੇਸ਼ ਵਿਦੇਸ਼ ਸਪਲੀਮੈਂਟ ਵਿਚ ਇਕ ਖ਼ਬਰ ਛਪੀ ਸੀ। ਇਹ ਖ਼ਬਰ ਪਾਕਿਸਤਾਨ ਦੇ ਇਕ ਪਠਾਨ ਡਰਾਈਵਰ ਦੀ ਸੀ। ਪਾਕਿਸਤਾਨ ਵਿਚ ਮੰਗਲਾ ਡੈਮ 'ਤੇ ਕੰਮ ਕਰਨ ਵਾਲੇ ਇਕ ਪਠਾਨ ਡਰਾਈਵਰ ਨੇ ਦੱਸਿਆ ਕਿ ਮੈਂ ਗਿਲਗਿਤ ਤੋਂ ਲਗਭਗ ਦਸ ਮੀਲ ਦੂਰ ਪੂਰਬ ਵਾਲੇ ਪਾਸੇ ਇਕ ਛੋਟੀ ਜਿਹੀ

ਬਸਤੀ ਦਾ ਵਸਨੀਕ ਹਾਂ। ਉਥੇ ਲੋਕ ਰੋਟੀ ਪਕਾਉਣ ਲਈ ਪੱਥਰ ਦਾ ਤਵਾ ਵਰਤਦੇ ਹਨ, ਜੋ ਲੋਹੇ ਦੇ ਤਵੇ ਨਾਲੋਂ ਜ਼ਿਆਦਾ ਗਰਮ ਹੁੰਦਾ ਹੈ। ਜਦੋਂ ਇਕ ਹਫਤੇ ਦੀ ਛੁੱਟੀ ਕੱਟਣ ਮੈਂ ਪਿੰਡ ਗਿਆ, ਤਾਂ ਰਾਤ ਦੇ ਖਾਣੇ ਦਾ ਵੇਲਾ ਹੋ ਗਿਆ ਸੀ। ਮੇਰੀ ਪਤਨੀ ਨੇ (ਖਾਣਾ) ਰੋਟੀ ਮੇਰੇ ਅੱਗੇ ਰੱਖੀ। ਮੈਂ ਇਕ ਰੋਟੀ ਚੁੱਕੀ ਤਾਂ ਉਹ ਵਿਚਾਲਿਉਂ ਕੱਚੀ ਸੀ। ਫਿਰ ਦੂਜੀ ਤੇ ਫਿਰ ਸਾਰੀਆਂ ਰੋਟੀਆਂ ਦੇਖੀਆਂ ਜੋ ਸਾਰੀਆਂ ਹੀ ਵਿਚਾਲਿਉਂ ਕੱਚੀਆਂ ਸਨ। ਮੈਂ ਆਪਣੀ ਪਤਨੀ ਨੂੰ ਇਸ ਦਾ ਕਾਰਨ ਪੁੱਛਿਆ, ਕਿ ਇਹ ਕੋਈ ਨਵਾਂ ਢੰਗ ਹੈ ਜਾਂ ਕੋਈ ਫ਼ੈਸ਼ਨ ਹੈ, ਜੋ ਤੁਸੀਂ ਰੋਟੀਆਂ ਵਿਚਾਲਿਉਂ ਕੱਚੀਆਂ ਰੱਖੀਆਂ ਹਨ। ਇਹ ਕੀ ਕਾਰਨ ਹੈ? ਇਹ ਕਿਹੜਾ ਫ਼ੈਸ਼ਨ ਹੈ? ਤਾਂ ਮੇਰੀ ਵਹੁਟੀ ਨੇ ਕਿਹਾ, ਮੈਂ ਤਾਂ ਇਹ ਦੱਸਣਾ ਹੀ ਭੁੱਲ ਗਈ ਸੀ ਕਿ ਤਵੇ ਨੂੰ ਪਤਾ ਨਹੀਂ ਕੀ ਹੋਇਆ ਹੈ। ਵਿਚਾਲਿਉਂ ਤਵਾ ਗਰਮ ਹੀ ਨਹੀਂ ਹੁੰਦਾ। ਪਹਿਲਾਂ ਤਾਂ ਮੈਨੂੰ ਇਸ ਗੱਲ ਦਾ ਯਕੀਨ ਨਾ ਆਇਆ, ਕਿ ਇਹ ਕਿਸ ਤਰ੍ਹਾਂ ਹੋ ਸਕਦਾ ਹੈ। ਤਵਾ ਸਾਈਡਾਂ ਤੋਂ ਗਰਮ ਹੋਵੇ ਤੇ ਵਿਚਾਲਿਉਂ ਠੰਢਾ ਰਹੇ। ਫਿਰ ਮੇਰੀ ਪਤਨੀ ਨੇ ਮੇਰੇ ਸਾਹਮਣੇ ਰੋਟੀ ਪਕਾਈ ਤਾਂ ਉਹ ਕੱਚੀ ਰਹਿ ਗਈ। ਮੈਂ ਹਥੌੜਾ ਮਾਰ ਕੇ ਤਵੇ ਨੂੰ ਤੋੜਿਆ। ਜਦੋਂ ਵਿਚਾਲਿਉਂ ਤਵਾ ਟੁੱਟਿਆ, ਤਾਂ ਅਸੀਂ ਹੈਰਾਨ ਰਹਿ ਗਏ। ਉਸ ਵਿਚੋਂ ਇਕ ਸਲੇਟੀ ਰੰਗ ਦਾ ਦੋ ਇੰਚ ਲੰਮਾ ਕੀੜਾ ਨਿਕਲਿਆ, ਜੋ ਜਿਊਂਦਾ ਸੀ। ਇਹ ਇਕ ਅਚਰਜ ਘਟਨਾ ਸੀ। ਗੁਰਮਤਿ ਦੇ ਨਜ਼ਰੀਏ ਨਾਲ ਤੱਕਿਆਂ, ਗੁਰਬਾਣੀ ਦੇ ਸਿਧਾਂਤ ਅਨੁਸਾਰ ਸਪੱਸ਼ਟ ਹੈ। ਗੁਰਦੇਵ ਦਾ ਫ਼ੁਰਮਾਣ ਹੈ:

***ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ॥੧॥***

(ਅੰਗ ੧੦)

## ਸਾਖੀ—ਪੱਥਰ ਵਿਚ ਕੀੜੇ ਦੀ

ਪੰਥ ਰਤਨ ਵਿਦਿਆ ਦੇ ਮਾਰਤੰਡ ਮਹਾਂਪੁਰਸ਼ ਸੰਤ ਬਾਬਾ ਸੁੰਦਰ ਸਿੰਘ ਜੀ ਭਿੰਡਰਾਂਵਾਲਿਆਂ ਦੇ ਜੀਵਨ ਵਿਚ ਇਕ ਘਟਨਾ ਦਾ ਜ਼ਿਕਰ ਹੈ, ਜੋ ਗੁਰਬਾਣੀ ਦੀ ਇਸ ਪਾਵਨ ਪੰਕਤੀ ਅਨੁਸਾਰ ਢੁਕਦਾ ਹੈ:-

***ਪਾਖਣਿ ਕੀਟੁ ਗੁਪਤੁ ਹੋਇ ਰਹਤਾ ਤਾ ਚੋ ਮਾਰਗੁ ਨਾਹੀ॥***
***ਕਹੈ ਧੰਨਾ ਪੂਰਨ ਤਾਹੂ ਕੋ ਮਤ ਰੇ ਜੀਅ ਡਰਾਂਹੀ॥੩॥***

(ਅੰਗ ੪੮੮)

ਧਾਰੀਵਾਲ ਨਹਿਰ 'ਤੇ ਮਜ਼ਦੂਰ ਪੱਥਰ ਚੀਰ ਰਹੇ ਸਨ। ਚੀਰਦਿਆਂ-ਚੀਰਦਿਆਂ ਇਕ ਪੱਥਰ ਵਿਚੋਂ ਜਿਉਂਦਾ ਸ਼ੱਕਰ ਖੋਰ ਕੀੜਾ ਨਿਕਲਿਆ। ਮਹਾਂਪੁਰਖ ਸੰਤ ਬਾਬਾ ਸੁੰਦਰ ਸਿੰਘ ਜੀ ਭਿੰਡਰਾਂਵਾਲੇ ਤੁਰੇ ਜਾ ਰਹੇ ਸਨ। ਇਹ ਅਸਚਰਜ ਕੌਤਕ ਦੇਖ ਕੇ ਖੜੇ ਹੋ ਗਏ। ਜਦੋਂ ਧਿਆਨ ਨਾਲ ਦੇਖਿਆ ਤਾਂ ਉਸ ਕੀੜੇ ਦੇ ਮੂੰਹ ਵਿਚ ਸ਼ੱਕਰ ਦੇ ਦਾਣੇ ਸਨ। ਮਹਾਂਪੁਰਖ ਨੇ ਗੁਰਬਾਣੀ ਦੀ ਇਹ ਪੰਕਤੀ ਪੜ੍ਹੀ:-

***ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ॥੧॥***

(ਅੰਗ ੧੦)

*ਜਨਨੀ ਕੇਰੇ ਉਦਰ ਉਦਕ ਮਹਿ ਪਿੰਡੁ ਕੀਆ ਦਸ ਦੁਆਰਾ॥*
*ਦੇਇ ਅਹਾਰੁ ਅਗਨਿ ਮਹਿ ਰਾਖੈ ਐਸਾ ਖਸਮੁ ਹਮਾਰਾ॥੧॥*
*ਕੁੰਮੀ ਜਲ ਮਾਹਿ ਤਨ ਤਿਸੁ ਬਾਹਰਿ ਪੰਖ ਖੀਰੁ ਤਿਨ ਨਾਹੀ॥*
*ਪੂਰਨ ਪਰਮਾਨੰਦ ਮਨੋਹਰ ਸਮਝਿ ਦੇਖੁ ਮਨ ਮਾਹੀ॥੨॥*
*ਪਾਖਣਿ ਕੀਟੁ ਗੁਪਤੁ ਹੋਇ ਰਹਤਾ ਤਾ ਚੋ ਮਾਰਗੁ ਨਾਹੀ॥*
*ਕਹੈ ਧੰਨਾ ਪੂਰਨ ਤਾਹੂ ਕੋ ਮਤ ਰੇ ਜੀਅ ਡਰਾਂਹੀ॥*

(ਅੰਗ ੪੮੮)

ਧਨਾਸਰੀ ਮਹਲਾ ੫ ॥ ਤੁਮ ਦਾਤੇ ਠਾਕੁਰ ਪ੍ਰਤਿਪਾਲਕ ਨਾਇਕ ਖਸਮ ਹਮਾਰੇ ॥ ਨਿਮਖ ਨਿਮਖ ਤੁਮ ਹੀ ਪ੍ਰਤਿਪਾਲਹੁ ਹਮ ਬਾਰਿਕ ਤੁਮਰੇ ਧਾਰੇ ॥੧॥ ਜਿਹਵਾ ਏਕ ਕਵਨ ਗੁਨ ਕਹੀਐ ॥ ਬੇਸੁਮਾਰ ਬੇਅੰਤ ਸੁਆਮੀ ਤੇਰੋ ਅੰਤੁ ਨ ਕਿਨ ਹੀ ਲਹੀਐ ॥੧॥ ਰਹਾਉ ॥ ਕੋਟਿ ਪਰਾਧ ਹਮਾਰੇ ਖੰਡਹੁ ਅਨਿਕ ਬਿਧੀ ਸਮਝਾਵਹੁ ॥ ਹਮ ਅਗਿਆਨ ਅਲਪ ਮਤਿ ਥੋਰੀ ਤੁਮ ਆਪਨ ਬਿਰਦੁ ਰਖਾਵਹੁ ॥੨॥ ਤੁਮਰੀ ਸਰਣਿ ਤੁਮਾਰੀ ਆਸਾ ਤੁਮ ਹੀ ਸਜਨ ਸੁਹੇਲੇ ॥ ਰਾਖਹੁ ਰਾਖਨਹਾਰ ਦਇਆਲਾ ਨਾਨਕ ਘਰ ਕੇ ਗੋਲੇ ॥ ੩ ॥੧੨॥

(ਅੰਗ ੬੭੩-੭੪)

## ਪਦ ਅਰਥ :

ਪ੍ਰਤਿਪਾਲਕ-ਪਾਲਣ ਵਾਲੇ। ਨਾਇਕ-ਆਗੂ। ਖਸਮ-ਮਾਲਕ। ਪ੍ਰਤਿਪਾਲਹੁ-ਪਾਲਨਾ ਕਰਦੇ ਹੋ। ਤੁਮਰੇ ਧਾਰੇ-ਤੁਹਾਡੇ ਥਾਪੇ (ਬਣਾਏ) ਹੋਏ। ਜਿਹਵਾ-ਜੀਭ, ਜ਼ਬਾਨ। ਕਿਨ ਹੀ-ਕਿਸੇ ਪਾਸੋਂ। ਕੋਟਿ ਪਰਾਧ-ਕ੍ਰੋੜਾਂ ਅਪਰਾਧ, ਪਾਪ। ਖੰਡਹੁ-ਨਾਸ ਕਰਦੇ ਹੋ। ਅਨਿਕ ਬਿਧੀ-ਅਨੇਕ ਤ੍ਰੀਕਿਆਂ ਨਾਲ। ਸਮਝਾਵਹੁ-ਸਮਝਾਉਂਦੇ ਹੋ। ਅਗਿਆਨ-ਗਿਆਨ ਹੀਣ। ਅਲਪ ਮਤਿ ਥੋਰੀ-ਅਕਲ ਨਹੀਂ ਹੈ। ਬਿਰਦੁ-ਸੁਭਾਉ। ਰਖਾਵਹੁ-ਰਖਦੇ, ਵਰਤਦੇ ਹੋ। ਸੁਹੇਲੇ-ਸੁਖ ਦੇਣ ਵਾਲੇ। ਘਰ ਕੇ ਗੋਲੇ-ਘਰ ਦੇ ਗ਼ੁਲਾਮ।

## ਅਰਥ :

(ਹੇ ਪ੍ਰਭੂ ਜੀ ! ਤੁਸੀਂ) ਦਾਤਾਂ ਦੇਣ ਵਾਲੇ, ਪਾਲਣਾ ਕਰਨ ਵਾਲੇ, (ਅਗਵਾਈ ਕਰਨ ਵਾਲੇ) ਆਗੂ (ਅਤੇ) ਸਾਡੇ ਮਾਲਕ ਹੋ। ਪਲ ਪਲ ਛਿਨ ਛਿਨ ਤੁਸੀਂ ਹੀ (ਸਾਨੂੰ) ਪਾਲਦੇ ਹੋ, ਅਸੀਂ ਬਾਲਕ ਤੁਹਾਡੇ ਬਣਾਏ ਹੋਏ ਹਾਂ (ਅਤੇ ਤੁਹਾਡੇ ਆਸਰੇ ਹੀ ਜੀਉਂਦੇ ਹਾਂ। ੧। (ਹੇ ਪ੍ਰਭੂ ਜੀ !) ਸਾਡੀ ਇਕ ਜੀਭ ਹੈ (ਇਸ

ਨਾਲ) ਤੇਰੇ ਕਿਹੜੇ ਕਿਹੜੇ ਗੁਣ ਆਖੀਏ ? (ਤੂੰ) ਬੇਸ਼ੁਮਾਰ, ਬੇਅੰਤ ਮਾਲਕ ਹੈਂ, ਤੇਰੇ (ਗੁਣਾਂ ਦਾ) ਅੰਤ ਕਿਸੇ ਪਾਸੋਂ ਨਹੀਂ ਲਭਿਆ (ਪਾਇਆ) ਜਾ ਸਕਦਾ। ੧। ਰਹਾਉ। (ਹੇ ਮਾਲਕ ! ਤੁਸੀਂ) ਸਾਡੇ ਕ੍ਰੋੜਾਂ ਪਾਪ ਨਾਸ਼ ਕਰਦੇ ਹੋ (ਅਤੇ) ਅਨਗਿਣਤ ਤ੍ਰੀਕਿਆਂ ਨਾਲ (ਸਾਨੂੰ ਜੀਵਨ ਜੁਗਤੀ) ਸਮਝਾਂਦੇ ਹੋ। ਅਸੀਂ ਅਗਿਆਨੀ ਹਾਂ (ਸਾਡੀ) ਮਤਿ ਥੋੜੀ (ਭਾਵ ਤੁੱਛ) ਹੈ (ਪਰ) ਤੁਸੀਂ (ਸਦਾ) ਆਪਣਾ ਸੁਭਾਉ ਵਰਤਦੇ ਹੋ (ਮਿਹਰ ਕਰਦੇ ਹੋ, ਰਖਦੇ ਹੋ)। ੨।

(ਹੇ ਸੁਆਮੀ ! ਅਸੀਂ) ਤੁਹਾਡੀ ਸ਼ਰਨ ਵਿਚ ਹਾਂ (ਅਤੇ ਸਾਨੂੰ) ਤੁਹਾਡੀ ਆਸਾ (ਟੇਕ) ਹੈ ਤੁਸੀਂ ਹੀ ਸੁੱਖ ਦੇਣ ਵਾਲੇ ਸੱਜਣ ਹੋ। ਨਾਨਕ (ਗੁਰੂ ਉਚਾਰਨ ਕਰਦੇ ਹਨ ਕਿ) ਹੇ (ਸਭ ਨੂੰ) ਰੱਖਣ ਵਾਲੇ ਦਿਆਲੂ (ਪ੍ਰਭੂ ਜੀ !) ਸਾਡੀ ਰੱਖਿਆ ਕਰੋ, ਅਸੀਂ (ਆਪ ਜੀ ਦੇ ਦਰ) ਘਰ ਦੇ (ਗੋਲੇ) ਗ਼ੁਲਾਮ ਹਾਂ। ੩। ੧੨।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੯੨ (ਅੰਗ ੬੭੫-੭੬)

ਧਨਾਸਰੀ ਮਹਲਾ ੫ ॥

ਦੀਨ ਦਰਦ ਨਿਵਾਰਿ ਠਾਕੁਰ ਰਾਖੈ ਜਨ ਕੀ ਆਪਿ ॥ ਤਰਣ ਤਾਰਣ ਹਰਿ ਨਿਧਿ ਦੂਖੁ ਨ ਸਕੈ ਬਿਆਪਿ ॥ ੧ ॥ ਸਾਧੂ ਸੰਗਿ ਭਜਹੁ ਗੁਪਾਲ ॥ ਆਨ ਸੰਜਮ ਕਿਛੁ ਨ ਸੂਝੈ ਇਹ ਜਤਨ ਕਾਟਿ ਕਲਿ ਕਾਲ ॥ ਰਹਾਉ ॥ ਆਦਿ ਅੰਤਿ ਦਇਆਲ ਪੂਰਨ ਤਿਸੁ ਬਿਨਾ ਨਹੀ ਕੋਇ ॥ ਜਨਮ ਮਰਣ ਨਿਵਾਰਿ ਹਰਿ ਜਪਿ ਸਿਮਰਿ ਸੁਆਮੀ ਸੋਇ ॥ ੨ ॥ ਬੇਦ ਸਿੰਮ੍ਰਿਤਿ ਕਥੈ ਸਾਸਤ ਭਗਤ ਕਰਹਿ ਬੀਚਾਰੁ ॥ ਮੁਕਤਿ ਪਾਈਐ ਸਾਧਸੰਗਤਿ ਬਿਨਸਿ ਜਾਇ ਅੰਧਾਰੁ ॥ ੩ ॥ ਚਰਨ ਕਮਲ ਅਧਾਰੁ ਜਨ ਕਾ ਰਾਸਿ ਪੂੰਜੀ ਏਕ ॥ ਤਾਣੁ ਮਾਣੁ ਦੀਬਾਣੁ ਸਾਚਾ ਨਾਨਕ ਕੀ ਪ੍ਰਭ ਟੇਕ ॥ ੪ ॥ ੨ ॥ ੨੦ ॥

# ਪ੍ਰਾਕ੍ਰਥਨ :-

ਧਨਾਸਰੀ ਰਾਗ ਅੰਦਰ ਇਹ ਸ਼ਬਦ ਪਰਮ ਕ੍ਰਿਪਾਲੂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਦੀ ਪਹਿਲੀ ਪੰਕਤੀ ਅੰਦਰ ਉਸ ਵਾਹਿਗੁਰੂ ਨੂੰ ਦੀਨਾਂ (ਗ਼ਰੀਬਾਂ) ਦੇ ਦੁੱਖ ਦਰਦ ਦਾ ਨਾਸ਼ ਕਰਤਾ ਤੇ ਸੇਵਕ ਜਨਾਂ ਦੀ ਰੱਖਿਆ ਕਰਨ ਵਾਲਾ ਦਰਸਾਇਆ ਹੈ।

## ਵਿਸ਼ਾ— ਹਰਿ ਜਨ ਰਾਖੇ ਗੁਰ ਗੋਵਿੰਦ

ਉਸ ਅਕਾਲ ਪੁਰਖ ਵਾਹਿਗੁਰੂ ਪ੍ਰਮੇਸ਼ਰ ਦਾ ਬਿਰਦ ਹੈ ਕਿ ਜੋ ਉਸਦੀ ਸ਼ਰਨ 'ਚ ਪੈ ਕੇ ਉਸਦਾ ਬਣ ਜਾਂਦਾ ਹੈ, ਵਾਹਿਗੁਰੂ ਜੀ ਉਸ ਸ਼ਰਨ 'ਚ ਪਏ ਹੋਏ ਸੇਵਕ ਦੀ ਇਸ ਤਰ੍ਹਾਂ ਪ੍ਰਤਿਪਾਲਣਾ, ਸੰਭਾਲ ਅਤੇ ਰੱਖਿਆ ਕਰਦਾ ਹੈ, ਜਿਸ ਤਰ੍ਹਾਂ ਮਾਤਾ ਪਿਤਾ ਆਪਣੇ ਬੱਚੇ ਦੀ ਸੰਭਾਲ ਤੇ ਪ੍ਰਤਿਪਾਲਣਾ ਅਤੇ ਰੱਖਿਆ ਕਰਦੇ ਹਨ। ਗੁਰਦੇਵ ਦਾ ਸੁੰਦਰ ਫ਼ੁਰਮਾਣ ਹੈ :-

***ਅਪਣੇ ਬਾਲਕ ਆਪਿ ਰਖਿਅਨੁ ਪਾਰਬ੍ਰਹਮ ਗੁਰਦੇਵ॥***
***ਸੁਖ ਸਾਂਤਿ ਸਹਜ ਆਨਦ ਭਏ ਪੂਰਨ ਭਈ ਸੇਵ॥੧॥ਰਹਾਉ॥***
***ਭਗਤ ਜਨਾ ਕੀ ਬੇਨਤੀ ਸੁਣੀ ਪ੍ਰਭਿ ਆਪਿ॥***
***ਰੋਗ ਮਿਟਾਇ ਜੀਵਾਲਿਅਨੁ ਜਾ ਕਾ ਵਡ ਪਰਤਾਪੁ॥***
***ਦੋਖ ਹਮਾਰੇ ਬਖਸਿਅਨੁ ਅਪਣੀ ਕਲ ਧਾਰੀ॥***
***ਮਨ ਬਾਂਛਤ ਫਲ ਦਿਤਿਅਨੁ ਨਾਨਕ ਬਲਿਹਾਰੀ॥ ੨॥***

(ਅੰਗ ੮੧੯-੨੦)

ਉਹ ਵਾਹਿਗੁਰੂ ਆਪਣੇ ਸੇਵਕਾਂ ਦੀ ਪੈਜ ਰੱਖਦਾ ਤੇ ਨਾਮ ਜਪਾਉਂਦਾ ਹੈ। ਜਿਥੇ-ਕਿਥੇ ਸੇਵਕ ਦਾ ਕੋਈ ਕਾਰਜ ਹੈ, ਉਥੇ ਹੀ ਨਿਕਟੀ ਹੋ ਕੇ ਆਪਣਾ ਆਪ ਪ੍ਰਗਟ ਕਰਕੇ ਜੋ ਸੇਵਕ ਕਹਿੰਦਾ ਹੈ, ਉਹ ਤਤਕਾਲ ਪੂਰਾ ਕਰ ਦਿੰਦਾ ਹੈ :

***ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ॥***
***ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥ ੧॥***
***ਸੇਵਕ ਕਉ ਨਿਕਟੀ ਹੋਇ ਦਿਖਾਵੈ॥***
***ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ॥੧॥ਰਹਾਉ॥***
***ਤਿਸੁ ਸੇਵਕ ਕੈ ਹਉ ਬਲਿਹਾਰੀ ਜੋ ਅਪਨੇ ਪ੍ਰਭ ਭਾਵੈ॥***
***ਤਿਸ ਕੀ ਸੋਇ ਸੁਣੀ ਮਨੁ ਹਰਿਆ ਤਿਸੁ ਨਾਨਕ ਪਰਸਣਿ ਆਵੈ॥੨॥***

(ਅੰਗ ੪੦੩)

ਉਸ ਵਾਹਿਗੁਰੂ ਨੇ ਆਪਣੇ ਬਿਰਦੁ ਦੀ ਪ੍ਰਤਿਪਾਲਣਾ ਕਰਦਿਆਂ ਹੋਇਆਂ ਭਗਤ ਨਾਮਦੇਵ ਜੀ ਦੀ ਪੈਜ ਉਸ ਸਮੇਂ ਰੱਖੀ, ਜਿਸ ਸਮੇਂ ਜਾਤੀ ਤੇ ਵਿਦਿਆ-ਅਭਿਮਾਨੀ ਲੋਕਾਂ ਨੇ ਭਗਤ ਜੀ ਨੂੰ ਮੰਦਰ ਵਿਚੋਂ ਭਗਤੀ ਕਰਦੇ ਨੂੰ ਧੱਕੇ ਮਾਰ ਕੇ ਬਾਹਰ ਕੱਢ ਦਿੱਤਾ ਸੀ। ਭੈਰਉ ਰਾਗ ਦੇ ਅੰਦਰ ਆਪਣੀ ਹੱਡ ਬੀਤੀ ਨੂੰ ਭਗਤ ਨਾਮਦੇਵ ਜੀ ਨੇ ਇਸ ਤਰ੍ਹਾਂ ਦਰਸਾਇਆ ਹੈ :

***ਹਸਤ ਖੇਲਤ ਤੇਰੇ ਦੇਹੁਰੇ ਆਇਆ॥ ਭਗਤਿ ਕਰਤ ਨਾਮਾ ਪਕਰਿ ਉਠਾਇਆ॥ ੧॥***
***ਹੀਨੜੀ ਜਾਤਿ ਮੇਰੀ ਜਾਦਿਮ ਰਾਇਆ॥ਛੀਪੇ ਕੇ ਜਨਮਿ ਕਾਹੇ ਕਉ ਆਇਆ॥੧॥ਰਹਾਉ॥***
***ਲੈ ਕਮਲੀ ਚਲਿਓ ਪਲਟਾਇ॥ ਦੇਹੁਰੈ ਪਾਛੈ ਬੈਠਾ ਜਾਇ॥੨॥***
***ਜਿਉ ਜਿਉ ਨਾਮਾ ਹਰਿ ਗੁਣ ਉਚਰੈ॥ ਭਗਤ ਜਨਾਂ ਕਉ ਦੇਹੁਰਾ ਫਿਰੈ॥ ੩॥***

(ਅੰਗ ੧੧੬੪)

ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਵੀ ਇਸ ਪ੍ਰਸੰਗ ਨੂੰ ਬਿਆਨ ਕੀਤਾ ਹੈ:-

***ਨਾਮਾ ਛੀਂਬਾ ਆਖੀਐ ਗੁਰਮੁਖਿ ਭਾਇ ਭਗਤਿ ਲਿਵ ਲਾਈ।***
***ਖਤ੍ਰੀ ਬ੍ਰਾਹਮਣ ਦੇਹੁਰੈ ਉਤਮ ਜਾਤਿ ਕਰਨਿ ਵਡਿਆਈ।***
***ਨਾਮਾ ਪਕੜਿ ਉਠਾਲਿਆ, ਬਹਿ ਪਿਛਵਾੜੈ ਹਰਿ ਗੁਣ ਗਾਈ।***
***ਭਗਤ ਵਛਲੁ ਆਖਾਇਦਾ ਫੇਰਿ ਦੇਹੁਰਾ ਪੈਜਿ ਰਖਾਈ।***
***ਦਰਗਹ ਮਾਣੁ ਨਿਮਾਣਿਆ, ਸਾਧ ਸੰਗਤਿ ਸਤਿਗੁਰ ਸਰਣਾਈ।***
***ਉਤਮੁ ਪਦਵੀ ਨੀਚ ਜਾਤਿ, ਚਾਰੇ ਵਰਣ ਪਾਏ ਪਗਿ ਆਈ।***
***ਜਿਉ ਨੀਵਾਨਿ ਨੀਰੁ ਚਲਿ ਜਾਈ॥੪॥*** (ਵਾਰ ੨੫, ਪਉੜੀ ੪)

ਭਾਈ ਗੁਰਦਾਸ ਜੀ ਨੇ ਉਸ ਵਾਹਿਗੁਰੂ ਦੇ ਸੇਵਕ ਦੀ ਰੱਖਿਆ ਦੇ ਬਿਰਧ ਦਾ ਪ੍ਰਗਟਾਵਾ ਕਰਦਿਆਂ ਹੋਇਆਂ ਦੁਆਪੁਰ ਯੁੱਗ ਦੀ ਇਕ ਘਟਨਾ ਦਸੀ ਹੈ। ਜਿਸ ਸਮੇਂ ਦ੍ਰੋਪਤੀ ਨੂੰ ਉਹਦੇ ਪੰਜਾਂ ਪਤੀਆਂ ਦੇ ਸਾਹਮਣੇ ਹੰਕਾਰੀ, ਜ਼ਾਲਮ ਦੁਰਯੋਦਨ ਦੇ ਹੁਕਮ ਨਾਲ ਦੂਤਾਂ ਵੱਲੋ ਨਗਨ ਕੀਤਾ ਜਾ ਰਿਹਾ ਸੀ। ਜਦ ਦ੍ਰੋਪਤੀ ਨੇ ਦੇਖਿਆ ਕਿ ਇਸ ਸਮੇਂ ਮੇਰੀ ਹੋਰ ਕੋਈ ਰੱਖਿਆ ਨਹੀਂ ਕਰ ਸਕਦਾ ਅਤੇ ਇਕ ਭਗਵਾਨ ਹੀ ਰੱਖਿਆ ਕਰਨ ਨੂੰ ਸਮਰੱਥ ਹੈ ਤਾਂ ਉਸ ਵੇਲੇ-''ਅਖੀ ਮੀਟ ਧਿਆਨ ਧਰਿ'' ਵਿਰਲਾਪ ਕਰਦਿਆਂ ਬੇਨਤੀਆਂ ਕਰਨ ਲੱਗੀ। ਉਸ ਸਮੇਂ ਇਸ ਦੇ ਪੜਦੇ ਨੂੰ ਜਿਸ ਤਰ੍ਹਾਂ ਭਗਵਾਨ ਨੇ ਕੱਜਿਆ ਤੇ ਪਤ ਰੱਖੀ, ਉਸਦਾ ਜ਼ਿਕਰ ਇਸ ਪ੍ਰਕਾਰ ਕੀਤਾ ਹੈ:

***ਅੰਦਰਿ ਸਭਾ ਦੁਸਾਸਣੈ ਮਥੇਵਾਲਿ ਦ੍ਰੋਪਤੀ ਆਂਦੀ।***
***ਦੂਤਾ ਨੋ ਫੁਰਮਾਇਆ ਨੰਗੀ ਕਰਹੁ ਪੰਚਾਲੀ ਬਾਂਦੀ।***
***ਪੰਜੇ ਪਾਂਡੋ ਵੇਖਦੇ ਅਉਘਟਿ ਰੁਧੀ ਨਾਰਿ ਜਿਨਾ ਦੀ।***

***ਅਖੀ ਮੀਟ ਧਿਆਨੁ ਧਰਿ ਹਾਹਾ ਕ੍ਰਿਸਨ ਕਰੈ ਬਿਲਲਾਂਦੀ।***
***ਕਪੜ ਕੋਟੁ ਉਸਾਰਿਓਨੁ ਥਕੇ ਦੂਤ ਨ ਪਾਰਿ ਵਸਾਂਦੀ।***
***ਹਥ ਮਰੋੜਨਿ ਸਿਰੁ ਧੁਣਨਿ ਪਛੋਤਾਨਿ ਕਰਨਿ ਜਾਹਿ ਜਾਂਦੀ।***
***ਘਰਿ ਆਈ ਠਾਕੁਰ ਮਿਲੇ ਪੈਜ ਰਹੀ ਬੋਲੇ ਸ਼ਰਮਾਂਦੀ।***
***ਨਾਥ ਅਨਾਥਾਂ ਬਾਣਿ ਧੁਰਾਂ ਦੀ॥੮॥*** (ਵਾਰ ੧੦, ਪਉੜੀ ੮)

ਅਥਵਾ :

***ਦ੍ਰੋਪਤੀ ਕੁਪੀਨ ਮਾਤ੍ਰ ਦਈ ਜਉ ਮੁਨੀਸਰਹਿ, ਤਾਂ ਸਭਾ ਮਧਿ ਬਹਿਓ ਬਸਨ ਪ੍ਰਵਾਹ ਜੀ॥***
***ਤਨਕ ਤੰਦੁਲ ਜਗਦੀਸਹਿ ਦਏ ਸੁਦਾਮਾ, ਤਾਂ ਤੇ ਪਾਏ ਚਤੁਰ ਪਦਾਰਥ ਅਥਾਹ ਜੀ॥***
***ਦੁਖਿਤ ਗਜਿੰਦ ਅਰਬਿੰਦ ਗਹਿ ਭੇਟ ਰਾਖੈ, ਤਾ ਕੈ ਕਾਜੈ ਚਕ੍ਰਪਾਨਿ ਆਨਿ ਗ੍ਰਸੇ ਗ੍ਰਾਹ ਜੀ॥***
***ਕਹਾਂ ਕੋਊ ਕਰੈ, ਕਛੂ ਹੋਤ ਨ ਕਾਹੂ ਕੇ ਕੀਏ, ਜਾ ਕੀ ਪ੍ਰਭ ਮਾਨਿ ਲੇਹਿ, ਸਭੈ ਸੁਖ ਤਾਹਿ ਜੀ॥੪੩੫॥***

(ਕਬਿੱਤ ਸਵੱਯੇ, ਭਾ: ਗੁਰਦਾਸ ਜੀ)

ਅਥਵਾ :

***ਅਬ ਰਾਖਹੁ ਦਾਸ ਭਾਟ ਕੀ ਲਾਜ॥***
***ਜੈਸੀ ਰਾਖੀ ਲਾਜ ਭਗਤ ਪ੍ਰਹਿਲਾਦ ਕੀ ਹਰਨਾਖਸ ਫਾਰੇ ਕਰ ਆਜ॥***
***ਫੁਨਿ ਦ੍ਰੋਪਤੀ ਲਾਜ ਰਖੀ ਹਰਿ ਪ੍ਰਭਿ ਜੀ ਛੀਨਤ ਬਸਤ੍ਰ ਦੀਨ ਬਹੁ ਸਾਜ॥***
***ਸੋਦਾਮਾ ਅਪਦਾ ਤੇ ਰਾਖਿਆ ਗਨਿਕਾ ਪੜ੍ਹਤ ਪੂਰੇ ਤਿਹ ਕਾਜ॥***
***ਸ੍ਰੀ ਸਤਿਗੁਰ ਸੁਪ੍ਰਸੰਨ ਕਲਜੁਗ ਹੋਇ ਰਾਖਹੁ ਦਾਸ ਭਾਟ ਕੀ ਲਾਜ॥***

(ਅੰਗ ੧੪੦੦)

ਇਸ ਲਈ :

***ਦੀਨ ਦਰਦ ਨਿਵਾਰਿ ਠਾਕੁਰ ਰਾਖੈ ਜਨ ਕੀ ਆਪਿ॥***

(ਅੰਗ ੬੭੫)

## ਸਾਖੀ—ਭਗਤਾ ਦੀ ਤੂ ਰਖਦਾ ਹਰਿ ਜੀਉ

ਇਕ ਵਾਰ ਇਕ ਬਾਦਸ਼ਾਹ ਨੇ ਇਕ ਸੰਤ ਮਹਾਤਮਾ ਪਾਸੋਂ ਸੁਣਿਆ ਕਿ ਵਾਹਿਗੁਰੂ ਰੂਪ ਰਾਜਾ ਜੋ "ਰਾਜਾਨ ਰਾਜ॥ ਭਾਨਾਨ ਭਾਨ॥ ਦੇਵਾਨ ਦੇਵ॥ ਉਪਮਾ ਮਹਾਨ॥" ਹੈ ਅਤੇ ਉਸ ਵਰਗਾ ਹੋਰ ਕੋਈ ਵੱਡੇ ਤੋਂ ਵੱਡਾ ਵੀ ਦੁਨੀਆਂ ਦਾ ਬਾਦਸ਼ਾਹ ਨਹੀਂ ਹੋ ਸਕਦਾ। ਭਗਤ ਕਬੀਰ ਜੀ ਦਾ ਕਥਨ ਹੈ :

***ਕੋਊ ਹਰਿ ਸਮਾਨਿ ਨਹੀ ਰਾਜਾ॥***
***ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ॥***

(ਅੰਗ ੮੫੬)

ਉਹ ਪ੍ਰਮਾਤਮਾ ਰੂਪ ਰਾਜਾ ਆਪਣੇ ਪਿਆਰਿਆਂ ਭਗਤਾਂ ਦੀ ਆਪਿ ਰੱਖਿਆ ਕਰਦਾ ਹੈ। ਬਾਦਸ਼ਾਹ ਸੰਤਾਂ ਨੂੰ ਕਹਿਣ ਲੱਗਾ ਕਿ ਮੇਰੀ ਪਰਜਾ ਵਿਚੋਂ ਕਿਸੇ ਬੰਦੇ 'ਤੇ ਭੀੜ ਬਣ ਜਾਏ, ਤਾਂ ਮੈਂ ਕੋਈ ਆਪਣਾ ਅਫ਼ਸਰ ਭੇਜ ਦਿੰਦਾ ਹਾਂ। ਜੇ ਕਿਤੇ ਬਹੁਤਾ ਕੰਮ ਹੋਵੇ, ਤਾਂ ਆਪਣਾ ਵਜ਼ੀਰ ਭੇਜ ਦਿੰਦਾ ਹਾਂ, ਪਰ ਮੈਂ ਇਹ ਆਪ ਜੀ ਪਾਸੋਂ ਕੋਈ ਨਵੀਂ ਹੀ ਰੀਤ ਸੁਣ ਰਿਹਾ ਹਾਂ, ਕਿ ਪ੍ਰਮਾਤਮਾ ਰੂਪੀ ਰਾਜਾ ਆਪਣੇ ਭਗਤਾਂ ਦੀ ਆਪ ਰੱਖਿਆ ਕਰਦਾ ਹੈ। ਕੀ ਕਾਰਨ ਹੈ ਕਿ ਉਹ ਆਪਣੇ ਫ਼ੌਜਦਾਰ ਨਹੀਂ ਭੇਜਦਾ, ਉਹ ਆਪ ਹੀ ਕਿਉਂ ਆਉਂਦਾ ਹੈ ? ਸੰਤਾਂ ਨੇ ਰਾਜੇ ਦੀ ਗੱਲ ਸੁਣ ਕੇ ਕਿਹਾ, ਕਿ ਇਸ ਗੱਲ ਦਾ ਉੱਤਰ ਵੀ ਤੁਹਾਨੂੰ ਕਿਤੇ ਮੈਂ ਦੇਵਾਂਗਾ।

ਸੰਤਾਂ ਨੇ ਬਾਦਸ਼ਾਹ ਨੂੰ ਉਸਦੇ ਕੀਤੇ ਪ੍ਰਸ਼ਨ ਦਾ ਉੱਤਰ ਦੇਣ ਲਈ ਇਕ ਛੋਟਾ ਜਿਹਾ ਲੱਕੜ ਦਾ ਬੁੱਤ ਰਾਜੇ ਦੇ ਬੱਚੇ ਵਰਗਾ ਬਣਾ ਲਿਆ ਅਤੇ ਰਾਜੇ ਨੂੰ ਕਹਿ ਕੇ ਇਕ ਸਰੋਵਰ ਦੇ ਕਿਨਾਰੇ 'ਤੇ ਸਭਾ ਲਗਵਾਈ। ਉੱਧਰ ਗੋਲੀ ਨੂੰ ਸਮਝਾ ਦਿੱਤਾ, ਕਿ ਜਦੋਂ ਸਭਾ ਭਰ ਜਾਵੇ, ਤਾਂ ਗੋਲੀ ਲੱਕੜ ਦਾ ਬੱਚਾ ਇਕ ਕੱਪੜੇ ਵਿਚ ਲਪੇਟ ਕੇ ਲੈ ਆਵੇ। ਗੋਲੀ ਜਦੋਂ ਲਕੜ ਦਾ ਬੱਚਾ ਲੈ ਕੇ ਆਈ ਤਾਂ ਸੰਤਾਂ ਨੇ ਅੱਗੋਂ ਹੀ ਉਠ ਕੇ ਉਹ ਬੱਚਾ ਆਪਣੇ ਹੱਥਾਂ ਵਿਚ ਲਿਆ। ਰਾਜਾ ਬੜਾ ਖ਼ੁਸ਼ ਹੋਇਆ, ਕਿ ਮੇਰੇ ਲੜਕੇ ਨੂੰ ਸੰਤਾਂ ਨੇ ਸਫਲਾ ਕਰ ਦਿੱਤਾ ਹੈ। ਇਉਂ ਹੀ ਸੰਤਾਂ ਨੇ ਰਾਜੇ ਦੇ ਦੇਖਦਿਆਂ-ਦੇਖਦਿਆਂ ਹੀ ਬੱਚਾ ਤਲਾਬ ਵਿਚ ਸੁੱਟ ਦਿੱਤਾ। ਰਾਜੇ ਨੇ ਬਿਨਾਂ ਕੁਝ ਸੋਚੇ, ਕਿਸੇ ਨੂੰ ਕਹਿਣ ਦੀ ਬਜਾਇ ਕੱਪੜਿਆਂ ਸਣੇ ਤਲਾਬ ਵਿਚ ਛਾਲ ਮਾਰ ਕੇ ਉਸ ਆਪਣੇ ਬੱਚੇ ਨੂੰ ਫੜਿਆ। ਜਦੋਂ ਪਤਾ ਲੱਗਾ ਕਿ ਇਹ ਬੱਚਾ ਲੱਕੜ ਦਾ ਹੈ, ਤਾਂ ਬਹੁਤ ਸ਼ਰਮਿੰਦਾ ਹੋਇਆ। ਸਾਰੇ ਕੱਪੜੇ ਭਿੱਜ ਗਏ। ਜਦੋਂ ਬਾਹਰ ਆਇਆ ਤਾਂ ਸੰਤਾਂ ਨੇ ਹੱਸ ਕੇ ਆਖਿਆ, "ਰਾਜਾ ਜੀ ! ਤੁਸੀਂ ਕਿਸੇ ਨੌਕਰ ਨੂੰ ਭੇਜ ਦਿੰਦੇ, ਆਪ ਕਿਉਂ ਛਾਲ ਮਾਰੀ ?" ਰਾਜੇ ਨੇ ਕਿਹਾ, "ਮੇਰਾ ਲੜਕੇ ਨਾਲ ਇਤਨਾ ਪ੍ਰੇਮ ਹੈ ਕਿ ਮੈਨੂੰ ਚੇਤਾ ਹੀ ਨਾ ਰਿਹਾ ਕਿਸੇ ਨੂੰ ਕਹਿਣ ਦਾ।" ਤਾਂ ਸੰਤਾਂ ਨੇ ਕਿਹਾ, "ਇਸੇ ਤਰ੍ਹਾਂ ਹੀ ਪ੍ਰਮਾਤਮਾ ਰੂਪੀ ਰਾਜਾ ਵੀ ਆਪਣੇ ਪਿਆਰਿਆਂ ਭਗਤਾਂ ਦੀ ਰੱਖਿਆ ਕਰਨ ਵਾਸਤੇ ਕਿਸੇ ਨੌਕਰ ਨੂੰ ਨਹੀਂ ਭੇਜਦਾ, ਸਗੋਂ ਆਪ ਹੀ ਚੱਲ ਕੇ ਆਉਂਦਾ ਹੈ। ਉਸ ਦਾ ਆਪਣੇ ਭਗਤਾਂ ਨਾਲ ਇੰਨਾ ਪ੍ਰੇਮ ਹੈ।"

ਧਨਾਸਰੀ ਮਹਲਾ ੫ ॥ ਦੀਨ ਦਰਦ ਨਿਵਾਰਿ ਠਾਕੁਰ ਰਾਖੈ ਜਨ ਕੀ ਆਪਿ ॥ ਤਰਣ ਤਾਰਣ ਹਰਿ ਨਿਧਿ ਦੂਖੁ ਨ ਸਕੈ ਬਿਆਪਿ ॥ ੧ ॥ ਸਾਧੂ ਸੰਗਿ ਭਜਹੁ ਗੁਪਾਲ ॥ ਆਨ ਸੰਜਮ ਕਿਛੁ ਨ ਸੂਝੈ ਇਹ ਜਤਨ ਕਾਟਿ ਕਲਿ ਕਾਲ ॥ ਰਹਾਉ ॥ ਆਦਿ ਅੰਤਿ ਦਇਆਲ ਪੂਰਨ ਤਿਸੁ ਬਿਨਾ ਨਹੀ ਕੋਇ ॥ ਜਨਮ ਮਰਣ ਨਿਵਾਰਿ ਹਰਿ ਜਪਿ ਸਿਮਰਿ ਸੁਆਮੀ ਸੋਇ

**॥ ੨ ॥ ਬੇਦ ਸਿੰਮ੍ਰਿਤਿ ਕਥੈ ਸਾਸਤ ਭਗਤ ਕਰਹਿ ਬੀਚਾਰੁ ॥ ਮੁਕਤਿ ਪਾਈਐ ਸਾਧਸੰਗਤਿ ਬਿਨਸਿ ਜਾਇ ਅੰਧਾਰੁ ॥ ੩ ॥ ਚਰਨ ਕਮਲ ਅਧਾਰੁ ਜਨ ਕਾ ਰਾਸਿ ਪੂੰਜੀ ਏਕ ॥ ਤਾਣੁ ਮਾਣੁ ਦੀਬਾਣੁ ਸਾਚਾ ਨਾਨਕ ਕੀ ਪ੍ਰਭ ਟੇਕ ॥ ੪ ॥ ੨ ॥ ੨੦ ॥**

(ਅੰਗ ੬੭੫-੭੬)

## ਪਦ ਅਰਥ :

ਦੀਨ-ਗ਼ਰੀਬਾਂ, ਅਨਾਥਾਂ। ਦਰਦ ਨਿਵਾਰਿ-ਦੁੱਖ ਦੂਰ ਕਰਕੇ। ਤਰਣ-ਜਹਾਜ਼। ਤਾਰਣ-ਤਾਰਣ ਲਈ। ਨਿਧਿ-ਖ਼ਜ਼ਾਨਾ। ਨ ਸਕੈ ਬਿਆਪਿ-ਨਹੀਂ ਚੰਬੜ ਸਕਦਾ। ਭਜਹੁ-ਸਿਮਰੋ। ਆਨ ਸੰਜਮ-ਹੋਰ ਉਪਾਉ, ਜੁਗਤੀ। ਕਾਟਿ-ਕੱਟ ਲੈ। ਕਲਿ ਕਾਲ-ਕਲਜੁੱਗ ਦਾ ਸਮਾਂ ਭਾਵ ਦੁਖਦਾਈ ਸਮਾਂ। ਕਰਹਿ ਬੀਚਾਰੁ-ਵੀਚਾਰ ਕਰਦੇ ਹਨ। ਅੰਧਾਰੁ-ਹਨੇਰਾ। ਅਧਾਰੁ-ਆਸਰਾ। ਦੀਬਾਣੁ-ਆਸਰਾ।

## ਅਰਥ :

ਮਾਲਕ (ਪ੍ਰਭੂ) ਦੀਨਾਂ (ਨਿਮਾਣਿਆਂ) ਦਾ ਦੁੱਖ ਦੂਰ ਕਰਕੇ ਆਪਣੇ ਦਾਸਾਂ ਦੀ ਆਪ (ਪੈਜ) ਰੱਖਦਾ ਹੈ। ਹਰੀ (ਪ੍ਰਭੂ ਸੰਸਾਰ ਤੋਂ) ਤਾਰਣ ਲਈ (ਮਾਨੋ) ਜਹਾਜ਼ (ਤੇ ਸਾਰੇ ਸੁੱਖਾਂ) ਦਾ ਖ਼ਜ਼ਾਨਾ ਹੈ, (ਉਸ ਦੇ ਦਾਸਾਂ ਨੂੰ) ਕੋਈ ਦੁੱਖ ਨਹੀਂ ਬਿਆਪ ਸਕਦਾ। ੧। (ਹੇ ਭਾਈ ! ਸਾਧੂਆਂ ਦੀ ਸੰਗਤ ਵਿਚ ਮਿਲ ਕੇ ਪ੍ਰਮਾਤਮਾ ਦਾ ਨਾਮ ਸਿਮਰ। ਹੋਰ ਕੋਈ ਉਪਾਉ (ਤਰੀਕਾ) ਨਹੀਂ ਸੁੱਝਦਾ (ਬੱਸ ਨਾਮ ਰੂਪ) ਜਤਨ ਨਾਲ ਕਲਜੁੱਗ ਦਾ (ਦੁਖਦਾਈ) ਸਮਾਂ ਕੱਟ ਲੈ। ਰਹਾਉ। (ਹੇ ਭਾਈ ! ਪਰਮੇਸ਼ਰ ਜੋ) ਆਦਿ ਕਾਲ ਤੋਂ ਅੰਤ ਕਾਲ ਤੱਕ (ਸਰਬ ਜੀਆਂ 'ਤੇ) ਦਇਆ ਕਰਨ ਵਾਲਾ ਹੈ (ਅਤੇ) ਸਰਬ ਥਾਂ ਪੂਰਨ ਹੈ, ਉਸ ਤੋਂ ਬਿਨਾਂ ਹੋਰ ਕੋਈ ਨਹੀਂ ਹੈ। (ਤੂੰ) ਜਨਮ ਮਰਨ ਦਾ ਦੁੱਖ ਦੂਰ ਕਰਨ ਲਈ ਉਸ ਮਾਲਕ ਦਾ (ਰਸਨਾ ਨਾਲ) ਜਪ ਕਰ (ਅਤੇ ਹਿਰਦੇ ਵਿਚ ਉਸਦਾ) ਸਿਮਰਨ ਕਰ। ੨।

ਹੇ ਭਾਈ ! ਵੇਦ, ਸਿੰਮ੍ਰਤੀਆਂ ਅਤੇ ਸ਼ਾਸਤਰ (ਪ੍ਰਭੂ ਦਾ) ਬਿਆਨ ਕਰਦੇ ਹਨ, (ਅਤੇ) ਭਗਤ ਜਨ ਵੀ (ਉਸਦੇ ਗੁਣਾਂ ਦਾ) ਵੀਚਾਰ ਕਰਦੇ ਹਨ। (ਉਹ ਕਹਿੰਦੇ ਹਨ ਕਿ ਇਸ ਸੰਸਾਰ ਦੇ ਬੰਧਨਾਂ ਤੋਂ) ਮੁਕਤੀ ਪਾਉਣ ਦੀ (ਜੁਗਤੀ) ਸਾਧ ਸੰਗਤ ਹੈ, (ਜਿਸ ਵਿਚ ਨਾਮ ਸਿਮਰ ਕੇ ਅਗਿਆਨਤਾ ਦਾ) ਹਨੇਰਾ ਨਾਸ ਹੋ ਜਾਂਦਾ ਹੈ।੩। ਹੇ ਭਾਈ ! ਪ੍ਰਭੂ ਦੇ) ਕੰਵਲ ਵਰਗੇ ਸੋਹਣੇ ਚਰਨ (ਪ੍ਰਭੂ ਦੇ) ਦਾਸਾਂ ਦਾ ਆਸਰਾ ਹਨ। ਉਨ੍ਹਾਂ ਦਾਸਾਂ ਲਈ ਇਕ ਚਰਨ ਹੀ ਰਾਸ ਪੂੰਜੀ (ਭਾਵ ਧਨ ਦੌਲਤ ਹਨ)। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਸਾਡਾ ਸੱਚਾ ਆਸਰਾ ਤੇ ਤਾਣ ਮਾਣ ਪ੍ਰਭੂ ਹੀ ਹੈ (ਅਤੇ ਉਸੇ ਦੀ ਸਾਨੂੰ) ਓਟ ਹੈ। ੪। ੨। ੨੦।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੯੩ (ਅੰਗ ੬੭੬)

ਧਨਾਸਰੀ ਮਹਲਾ ੫ ॥

ਫਿਰਤ ਫਿਰਤ ਭੇਟੇ ਜਨ ਸਾਧੂ ਪੂਰੈ ਗੁਰਿ ਸਮਝਾਇਆ ॥ ਆਨ ਸਗਲ ਬਿਧਿ ਕਾਂਮਿ ਨ ਆਵੈ ਹਰਿ ਹਰਿ ਨਾਮੁ ਧਿਆਇਆ ॥ ੧ ॥ ਤਾ ਤੇ ਮੋਹਿ ਧਾਰੀ ਓਟ ਗੋਪਾਲ ॥ ਸਰਨਿ ਪਰਿਓ ਪੂਰਨ ਪਰਮੇਸੁਰ ਬਿਨਸੇ ਸਗਲ ਜੰਜਾਲ ॥ ਰਹਾਉ ॥ ਸੁਰਗ ਮਿਰਤ ਪਇਆਲ ਭੂ ਮੰਡਲ ਸਗਲ ਬਿਆਪੇ ਮਾਇ ॥ ਜੀਅ ਉਧਾਰਨ ਸਭ ਕੁਲ ਤਾਰਨ ਹਰਿ ਹਰਿ ਨਾਮੁ ਧਿਆਇ ॥ ੨ ॥ ਨਾਨਕ ਨਾਮੁ ਨਿਰੰਜਨੁ ਗਾਈਐ ਪਾਈਐ ਸਰਬ ਨਿਧਾਨਾ ॥ ਕਰਿ ਕਿਰਪਾ ਜਿਸੁ ਦੇਇ ਸੁਆਮੀ ਬਿਰਲੇ ਕਾਹੂ ਜਾਨਾ ॥ ੩ ॥ ੩ ॥ ੨੧ ॥

# ਪ੍ਰਾਕ੍ਰਥਨ :-

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਇਹ ਪਾਵਨ ਸ਼ਬਦ ਧਨਾਸਰੀ ਰਾਗ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਦੇ ਆਦਿ ਵਿਚ ਜੂਨਾਂ 'ਚ ਭਟਕਦੇ ਹੋਏ ਜੀਵ ਨੂੰ ਅਮੋਲਕ ਮਨੁੱਖਾ ਜਨਮ ਪ੍ਰਾਪਤ ਹੋਇਆ ਹੈ, ਪਰ ਇਸ ਨੂੰ ਪਾ ਕੇ ਮਨੁੱਖ ਇਥੇ ਫਿਰ ਵਿਸ਼ੇ ਵਿਕਾਰਾਂ 'ਚ ਖਚਤ ਹੋ ਕੇ ਇਸ ਨੂੰ ਗੁਆ ਰਿਹਾ ਹੈ। ਭਾਗਾਂ ਕਰਕੇ ਇਸਨੂੰ ਪੂਰਨ ਗੁਰੂ ਦਾ ਮਿਲਾਪ ਹੋਇਆ ਹੈ। ਪੂਰਨ ਗੁਰੂ ਨੇ ਉਸ ਮਨੁੱਖ ਨੂੰ ਇਸ ਜੀਵਨ ਦੀ ਸਫਲਤਾ ਦਾ ਸਿਧਾਂਤ ਸਮਝਾ ਦਿੱਤਾ ਹੈ। ਇਹ ਭਾਵ ਹਜ਼ੂਰ ਨੇ ਇਸ ਸ਼ਬਦ ਵਿਚ ਪ੍ਰਗਟ ਕੀਤਾ ਹੈ :

## ਵਿਸ਼ਾ — ਪੂਰੈ ਗੁਰਿ ਸਮਝਾਇਆ

ਇਹ ਅਮੋਲਕ ਮਨੁੱਖਾ ਜਨਮ ਮਨੁੱਖ ਨੂੰ ਕਿੰਨੀਆਂ ਜੂਨਾਂ ਦੇ ਵਿਚ ਭਟਕਣ ਤੋਂ ਬਾਅਦ ਮਿਲਿਆ ਹੈ। ਕਿਉਂਕਿ ਕਿੰਨੇ ਹੀ ਜਨਮਾਂ-ਜਨਮਾਤਰਾਂ ਦੇ ਦੁੱਖ ਇਸ ਜੀਵਨ ਨੇ ਭੋਗੇ ਹਨ। ਕਦੀ ਇਹ ਕੀੜਾ ਬਣਿਆ, ਕਦੀ ਪਤੰਗਾ, ਪਤਾ ਨਹੀਂ ਕਿੰਨੇ ਜਨਮਾਂ ਵਿਚ ਪੰਛੀ, ਸੱਪ, ਮਗਰਮੱਛ, ਹਾਥੀ ਜਾਂ ਹੋਰ ਕੀ ਕੁਝ ਨਹੀਂ ਬਣਿਆ। ਬਲਦ ਜਾਂ ਘੋੜੇ ਦੇ ਰੂਪ ਵਿਚ ਇਸ ਨੂੰ ਜੋਤਿਆ ਗਿਆ। ਵੱਖ-ਵੱਖ ਜੂਨਾਂ ਵਿਚੋਂ ਨਿਕਲ ਕੇ ਕਿੰਨੇ ਚਿਰਾਂ ਤੋਂ ਬਾਅਦ ਜੀਵ ਨੂੰ ਭਾਗਾਂ ਨਾਲ ਮਨੁੱਖਾ ਜਨਮ ਪ੍ਰਾਪਤ ਹੋਇਆ ਹੈ। ਇਸ ਲਈ ਪ੍ਰਭੂ ਦਾ ਸਿਮਰਨ ਕਰਨ ਦਾ ਇਹ ਸਭ ਤੋਂ ਚੰਗਾ ਸਮਾਂ ਹੈ :

***ਕਈ ਜਨਮ ਭਏ ਕੀਟ ਪਤੰਗਾ॥ ਕਈ ਜਨਮ ਗਜ ਮੀਨ ਕੁਰੰਗਾ॥***
***ਕਈ ਜਨਮ ਪੰਖੀ ਸਰਪ ਹੋਇਓ॥ ਕਈ ਜਨਮ ਹੈਵਰ ਬ੍ਰਿਖ ਜੋਇਓ॥੧॥***
***ਮਿਲੁ ਜਗਦੀਸ ਮਿਲਨ ਕੀ ਬਰੀਆ॥ ਚਿਰੰਕਾਲ ਇਹ ਦੇਹ ਸੰਜਰੀਆ॥੧॥ਰਹਾਉ॥***

(ਅੰਗ ੧੭੬)

੮੪ ਲੱਖ ਜੂਨਾਂ ਨੂੰ ਭੋਗਦਾ ਹੋਇਆ, ਇਹ ਅਮੋਲਕ ਮਨੁੱਖਾ ਜਨਮ ਨੂੰ ਪ੍ਰਾਪਤ ਹੋਇਆ ਹੈ। ਇਕ-ਇਕ ਜੂਨ ਦੇ ਅੰਦਰ ਕਿੰਨਾ-ਕਿੰਨਾ ਸਮਾਂ ਦੁੱਖ ਭੋਗੇ ਹਨ। ਸ਼ਾਸਤਰਾਂ ਦੇ ਕਥਨ ਅਨੁਸਾਰ ੮੪ ਲੱਖ ਜੂਨਾਂ ਦੇ ਚੱਕਰ ਤੋਂ ਬਾਅਦ ਇਹ ਮਨੁੱਖਾ ਜਨਮ ਮਿਲਦਾ ਹੈ :

***ਬੀਸ ਲਾਖ ਅਸਥਾਵਰ ਜਾਨੌ। ਨਉ ਲਾਖ ਜਲ ਚਰਿ ਮਾਨੌ॥***
***ਗਿਆਰਾ ਲਾਖ ਕੂਰਮ ਕਵੀ ਰਾਇ॥ ਪੰਖੀ ਗਣ ਦਸ ਲਾਖ ਬਤਾਏ॥***
***ਤੀਸ ਲਾਖ ਪਸ ਜਾਨੌ ਭਾਈ। ਚਾਰ ਲਾਖ ਬਾਨਰ ਦੁਖ ਪਾਈ।***
***ਜਬ ਜਹ ਚਉਰਾਸੀ ਕਟਿ ਆਵੇ। ਤਬ ਇਹ ਮਾਨੁੱਖ ਕੇ ਤਨਿ ਕੌ ਪਾਵੈ।***

ਪਰ ਗੁਰਬਾਣੀ ਦੇ ਸਿਧਾਂਤ ਅਨੁਸਾਰ ਚਉਰਾਸੀ ਲੱਖ ਜੂਨਾਂ ਵਿਚੋਂ ੪੨ ਲੱਖ ਜੂਨਾਂ ਜਲ ਵਿਚ ਰਹਿਣ

ਵਾਲੀਆਂ ਮੰਨੀਆਂ ਹਨ:-

***ਬਿਆਲੀਸ ਲਖ ਜੀਅ ਜਲਿ ਮਹਿ ਹੋਤੇ...***

ਪਰ ਐਸੇ ਅਮੋਲਕ ਮਨੁੱਖਾ ਜਨਮ ਨੂੰ ਪਾ ਕੇ ਗ਼ਾਫ਼ਲ ਮਨੁੱਖ ਵਿਸ਼ਿਆਂ ਵਿਕਾਰਾਂ ਵਿਚ ਫੱਸ ਕੇ ਇਸ ਮਨੁੱਖਾ ਜਨਮ ਨੂੰ ਕੌਡੀਆਂ ਦੇ ਭਾਅ ਲੁਟਾਈ ਜਾ ਰਿਹਾ ਹੈ। ਬਚਪਨ ਤੋਂ ਬਾਅਦ ਜੁਆਨੀ ਵਿਚ ਪੈਰ ਰੱਖਦਿਆਂ ਹੀ ਪ੍ਰਾਣੀ ਕੁਕਰਮਾਂ ਵਿਚ ਪੈ ਜਾਂਦਾ ਹੈ। ਮੋਹ-ਮਾਇਆ ਅਤੇ ਵਿਸ਼ੇ-ਵਿਕਾਰਾਂ ਵਿਚ ਫਸ ਕੇ ਇਸਦੀ ਮਤ ਮਾਰੀ ਜਾਂਦੀ ਹੈ। ਇਥੋਂ ਤੱਕ ਕਿ ਇਸ ਨੂੰ ਪੁੰਨ ਅਤੇ ਪਾਪ ਦੀ ਤਮੀਜ਼ ਵੀ ਨਹੀਂ ਰਹਿੰਦੀ। ਪਰਾਈਆਂ ਔਰਤਾਂ ਵੱਲ ਤੱਕਦਾ ਹੈ। ਪੁੱਤਰ ਅਤੇ ਧਨ-ਪਦਾਰਥਾਂ ਨਾਲ ਹੰਕਾਰੀ ਹੋ ਜਾਂਦਾ ਹੈ ਅਤੇ ਪ੍ਰਭੂ ਨੂੰ ਵਿਸਾਰ ਦਿੰਦਾ ਹੈ।

ਭਗਤ ਬੇਣੀ ਜੀ ਬੜਾ ਸੁੰਦਰ ਫ਼ੁਰਮਾਉਂਦੇ ਹਨ :

***ਬਾਲ ਬਿਨੋਦ ਚਿੰਦ ਰਸ ਲਾਗਾ ਖਿਨੁ ਖਿਨੁ ਮੋਹਿ ਬਿਆਪੈ॥***
***ਰਸੁ ਮਿਸੁ ਮੇਧੁ ਅੰਮ੍ਰਿਤੁ ਬਿਖੁ ਚਾਖੀ ਤਉ ਪੰਚ ਪ੍ਰਗਟ ਸੰਤਾਪੈ॥***
***ਜਪੁ ਤਪੁ ਸੰਜਮੁ ਛੋਡਿ ਸੁਕ੍ਰਿਤ ਮਤਿ ਰਾਮ ਨਾਮੁ ਨ ਅਰਾਧਿਆ॥***
***ਉਛਲਿਆ ਕਾਮੁ ਕਾਲ ਮਤਿ ਲਾਗੀ ਤਉ ਆਨਿ ਸਕਤਿ ਗਲਿ ਬਾਂਧਿਆ॥੨॥***
***ਤਰੁਣ ਤੇਜੁ ਪਰ ਤ੍ਰਿਅ ਮੁਖੁ ਜੋਹਹਿ ਸਰੁ ਅਪਸਰੁ ਨ ਪਛਾਣਿਆ॥***
***ਉਨਮਤ ਕਾਮਿ ਮਹਾ ਬਿਖੁ ਭੂਲੈ ਪਾਪੁ ਪੁੰਨੁ ਨ ਪਛਾਨਿਆ॥***
***ਸੁਤ ਸੰਪਤਿ ਦੇਖਿ ਇਹੁ ਮਨੁ ਗਰਬਿਆ ਰਾਮੁ ਰਿਦੈ ਤੇ ਖੋਇਆ॥***
***ਅਵਰ ਮਰਤ ਮਾਇਆ ਮਨੁ ਤੋਲੇ ਤਉ ਭਗ ਮੁਖਿ ਜਨਮੁ ਵਿਗੋਇਆ॥੩॥***

(ਅੰਗ ੯੩)

ਪ੍ਰਭੂ ਨੂੰ ਵਿਸਾਰ ਕੇ ਮੰਦਭਾਗੀ ਮਨੁੱਖ ਦੇਵੀ ਦੇਵਤਿਆਂ ਨੂੰ ਮੰਨਦਾ ਹੈ ਅਤੇ ਪਾਖੰਡੀਆਂ ਗੁਰੂਆਂ ਦੇ ਜਾਲ ਵਿਚ ਘਿਰ ਕੇ ਇਸ ਜੀਵਨ ਦੀ ਬਾਜ਼ੀ ਨੂੰ ਫਿਰ ਹਾਰ ਬੈਠਦਾ ਹੈ। ਪਰ ਭਾਗਾਂ ਵਾਲੇ ਮਨੁੱਖ ਨੂੰ ਇਸ ਜੀਵਨ ਵਿਚ ਪੂਰਨ ਗੁਰੂ ਦਾ ਮਿਲਾਪ ਹੋ ਜਾਂਦਾ ਹੈ। ਪੂਰਨ ਗੁਰੂ ਕ੍ਰਿਪਾ ਕਰਕੇ ਇਸ ਨੂੰ ਮਨੁੱਖਾ ਜਨਮ ਦੀ ਸਫਲਤਾ ਦਾ ਸਿਧਾਂਤ ਸਮਝਾ ਦਿੰਦੇ ਹਨ। ਜਿਸ ਤਰ੍ਹਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੁੰਦਰ ਫ਼ੁਰਮਾਣ ਹੈ ਕਿ ਮਨੁੱਖ ਨੂੰ ਇਹ ਜੀਵਨ ਕਈ ਜਨਮਾਂ ਦੇ ਵਿਚ ਚੱਕਰ ਲਾਉਣ ਤੋਂ ਬਾਅਦ ਮਿਲਦਾ ਹੈ। ਇਹੋ ਪ੍ਰਮਾਤਮਾ ਨੂੰ ਮਿਲਣ ਦਾ ਸਮਾਂ ਹੈ। ਇਸ ਲਈ ਹੇ ਪ੍ਰਾਣੀ ! ਤੂੰ ਪ੍ਰਭੂ ਦਾ ਸਿਮਰਨ ਕਿਉਂ ਨਹੀਂ ਕਰਦਾ :

***ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ॥***
***ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ॥***

(ਅੰਗ ੬੩੧)

***ਅਥਵਾ : ਮਾਣਸ ਜਨਮਿ ਹਰਿ ਪਾਈਐ ਹਰਿ ਰਾਵਣ ਵੇਰਾ ਰਾਮ॥***

(ਅੰਗ ੮੪੪)

***ਅਥਵਾ: ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥***

(ਅੰਗ ੩੭੮)

***ਅਥਵਾ : ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ॥***
***ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ॥***

(ਅੰਗ ੧੫੬)

***ਅਥਵਾ: ਪ੍ਰਾਣੀ ਤੂੰ ਆਇਆ ਲਾਹਾ ਲੈਣਿ॥***
***ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ॥***

(ਅੰਗ ੪੩)

***ਅਥਵਾ: ਬਹੁਤ ਜਨਮ ਬਿਛੁਰੇ ਥੇ ਮਾਧਉ ਇਹ ਜਨਮੁ ਤੁਮ੍ਹਾਰੇ ਲੇਖੇ॥***
***ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ॥***

(ਅੰਗ ੬੯੪)

ਇਸ ਸੰਸਾਰ ਦੇ ਅੰਦਰ ਜੀਵਨ ਦੇ ਸਿਧਾਂਤ ਤੋਂ ਭੁਲੇ ਹੋਏ ਅਨੰਤ ਜੀਆਂ ਨੂੰ ਸਮਝਾਉਣ ਵਾਸਤੇ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਇਸ ਸੰਸਾਰ ਵਿਚ ਆਏ। ਗੁਰਦੇਵ ਨੇ ਚਾਰ ਉਦਾਸੀਆਂ ਰਾਹੀਂ ਜਿਥੇ ਬੇਅੰਤ ਜੀਆਂ ਨੂੰ ਸਮਝਾ ਕੇ ਤਾਰਿਆ, ਉਥੇ ਅਨੇਕਾਂ ਲੋਕਾਂ ਦਾ ਖ਼ੂਨ ਪੀ ਰਹੇ ਮਲਕ ਭਾਗੋ ਜੈਸੇ ਅਤੇ ਲਾਜ ਵਰਧ ਰਾਜਾ ਤੇ ਕਉਡੇ ਰਾਕਸ਼ ਵਰਗਿਆਂ ਨੂੰ ਸਮਝਾ ਕੇ ਤਾਰਿਆ ਹੈ। ਗੁਰਦੇਵ ਜਿਸ ਵੇਲੇ ਸਿਆਲਕੋਟ ਵਿਚ ਗਏ ਹਨ, ਉਥੇ ਇਕ ਪੀਰ ਮਕਬਰੇ 'ਚ ਬੈਠਾ ਸਾਰੇ ਸ਼ਹਿਰ ਨੂੰ ਗ਼ਰਕ ਕਰਨ ਦੀ ਧਾਰੀ ਬੈਠਾ ਸੀ। ਹਜ਼ੂਰ ਨੇ ਇਸ ਹਮਜ਼ਾ ਗੌਂਸ ਪੀਰ ਨੂੰ ਇਸ ਪੰਕਤੀ ਦੇ ਸਿਧਾਂਤ ਅਨੁਸਾਰ ''ਗੁਰਿ ਪੂਰੇ ਸਮਝਾਇਆ'' ਕਿ ਪੀਰਾਂ ਦਾ ਕੰਮ ਨਹੀਂ ਦੂਸਰੇ ਜੀਆਂ ਨੂੰ ਗ਼ਰਕ ਕਰਨ ਲਈ ਚਲੀਹੇ ਕੱਟਣੇ, ਪੀਰਾਂ ਦਾ ਕੰਮ ਹੈ, ਬੰਦਗੀ ਕਰਨੀ। ਸਰਬ ਜੀਆਂ ਦਾ ਭਲਾ ਸੋਚਣਾ।

## ਸਾਖੀ—ਹਮਜ਼ਾ ਗੌਂਸ ਪੀਰ ਦੀ

ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਰਾਇ ਭੋਇ ਦੀ ਤਲਵੰਡੀ (ਨਨਕਾਣਾ ਸਾਹਿਬ) ਵਿਖੇ, ਮਾਤਾ ਪਿਤਾ ਨੂੰ ਦਰਸ਼ਨ ਦੇ ਕੇ ਦੁਬਾਰਾ ਏਮਨਾਬਾਦ ਭਾਈ ਲਾਲੋ ਨੂੰ ੭-੮ ਦਿਨ ਦਰਸ਼ਨ ਦੇ ਕੇ ਤਵਾਰੀਖ਼ ਗੁਰੂ ਖ਼ਾਲਸਾ ਅਨੁਸਾਰ ਡਰਪ ਦੇਸ਼ ਦੀ ਸੈਰ ਕਰਦੇ ਹੋਏ, ਬੇਅੰਤ ਲੋਕਾਂ ਨੂੰ ਤਾਰਦੇ ਹੋਏ ਸਿਆਲਕੋਟ ਵਿਖੇ, ਜਿਥੇ ਹੁਣ ਬਾਬੇ ਦੀ ਬੇਰ ਗੁਰਦੁਆਰਾ ਸਾਹਿਬ ਹੈ, ਇਥੇ ਆ ਬੈਠੇ ਹਨ। ਇਸ ਜਗ੍ਹਾ

ਦੇ ਨੇੜੇ ਹੀ ਹਮਜ਼ਾ ਗੌਂਸ ਪੀਰ ਦਾ ਮਕਬਰਾ ਬਣਿਆ ਹੋਇਆ ਸੀ। ਗੁਰੂ ਨਾਨਕ ਦੇਵ ਜੀ ਨੇ ਇਹ ਗੱਲ ਸੁਣੀ, ਕਿ ਹਮਜ਼ਾ ਗੌਂਸ ਪੀਰ ਦੇ ਬਚਨਾਂ ਨਾਲ ਗੀਗੇ ਨਾਮ ਬਡੈਰੇ ਖੱਤ੍ਰੀ ਦੇ ਘਰ ਤਿੰਨ ਲੜਕੇ ਹੋਏ ਹਨ। ਇਸ ਖੱਤ੍ਰੀ ਨੇ ਇਕ ਲੜਕਾ ਹਮਜ਼ਾ ਗੌਂਸ ਪੀਰ ਨੂੰ ਦੇਣਾ ਕੀਤਾ ਸੀ, ਪਰ ਪੁੱਤਰ ਦੇ ਮੋਹ 'ਚ ਘਿਰਿਆ ਹੋਣ ਕਰਕੇ ਪੀਰ ਨੂੰ ਪੁੱਤਰ ਦੇਣ ਤੋਂ ਇਨਕਾਰ ਕਰ ਦਿੱਤਾ। ਇਸ ਕਰਕੇ ਹਮਜ਼ਾ ਗੌਂਸ ਪੀਰ ਗ਼ੁਸੇ 'ਚ ਆ ਕੇ ਸਿਆਲਕੋਟ ਸ਼ਹਿਰ ਗ਼ਰਕ ਕਰਨ ਲਈ ਚਲੀਹਾ ਕੱਟ ਰਿਹਾ ਸੀ। ਗੁਰਦੇਵ ਨੇ ਪੀਰ ਨੂੰ ਬੁਲਾ ਕੇ ਚਲੀਹਾ ਕੱਟਣ ਦਾ ਕਾਰਨ ਪੁੱਛਿਆ, ਤਾਂ ਉਸ ਨੇ ਕਿਹਾ ਕਿ ਇਹ ਸ਼ਹਿਰ ਝੂਠਿਆਂ ਦਾ ਹੈ। ਇਸ ਕਰਕੇ ਇਸ ਨੂੰ ਗ਼ਰਕ ਕਰਨ ਲਈ ਚਲੀਹਾ ਕੱਟ ਰਿਹਾ ਹਾਂ। ਹਜ਼ੂਰ ਕਹਿਣ ਲੱਗੇ, ਪੀਰ ਤੂੰ ਸਬੂਰੀ ਨਹੀਂ ਪਕੜੀ। ਤੇਰੇ ਮਨ ਵਿਚ ਮਕਰ ਤੇ ਝੂਠ ਹੈ। ਜੇ ਤੂੰ ਕੁਝ ਫਕੀਰੀ ਵਿਚੋਂ ਖੱਟਣਾ ਹੈ, ਤਾਂ ਇਸ ਝੂਠ ਨੂੰ ਗ਼ਰਕ ਕਰ। ਸਾਰਾ ਸ਼ਹਿਰ ਝੂਠਾ ਨਹੀਂ ਹੋ ਸਕਦਾ, ਇਸ ਦਾ ਤੈਨੂੰ ਹੁਣੇ ਨਿਰਣਾ ਕਰਕੇ ਦੱਸਦੇ ਹਾਂ। ਬਾਬੇ ਨਾਨਕ ਨੇ ਮਰਦਾਨੇ ਨੂੰ ੨ ਟਕੇ ਦੇ ਕੇ ਇਕ ਦਾ ਸੱਚ ਤੇ ਇਕ ਦਾ ਝੂਠ ਖ਼੍ਰੀਦਣ ਵਾਸਤੇ ਭੇਜਿਆ। ਮਰਦਾਨਾ ਸਾਰੇ ਸ਼ਹਿਰ ਵਿਚ ਫਿਰ ਕੇ, ਸੱਚ ਤੇ ਝੂਠ ਮੰਗੇ, ਇਹ ਸੁਣ ਕੇ ਦੁਕਾਨਦਾਰ ਅੱਗੋਂ ਮਖੌਲ ਕਰਨ। ਜਿਸ ਵੇਲੇ ਮਰਦਾਨਾ ਚੱਲਦਾ-ਚੱਲਦਾ, ਮੂਲੇ ਖੱਤ੍ਰੀ ਦੀ ਦੁਕਾਨ 'ਤੇ ਪੁੱਜਿਆ ਅਤੇ ਸੱਚ ਝੂਠ ਖ਼੍ਰੀਦਣ ਦੀ ਗੱਲ ਕੀਤੀ ਤਾਂ ਭਾਈ ਮੂਲੇ ਨੇ ਦੋਵੇਂ ਟਕੇ ਲੈ ਕੇ ਇਕ ਕਾਗਜ਼ ਉਪਰ, ਜੀਉਣਾ ਝੂਠ ਤੇ ਦੂਜੇ ਉੱਪਰ ਮਰਨਾ ਸੱਚ ਲਿਖ ਦਿੱਤਾ। ਇਹ ਕਾਗਜ਼ ਭਾਈ ਮਰਦਾਨੇ ਨੇ ਗੁਰੂ ਜੀ ਨੂੰ ਆ ਦਿੱਤੇ। ਗੁਰਦੇਵ ਨੇ ਦੋਵੇਂ ਕਾਗਜ਼ ਹਮਜ਼ਾ ਗੌਂਸ ਪੀਰ ਨੂੰ ਦਿਖਾ ਕੇ ਕਿਹਾ ਕਿ ਦੇਖ ਪੀਰ, ਜਿਸ ਸ਼ਹਿਰ ਨੂੰ ਤੂੰ ਝੂਠਿਆਂ ਦਾ ਕਹਿ ਕੇ ਗ਼ਰਕ ਕਰਨ ਦੀ ਗੱਲ ਧਾਰੀ ਬੈਠਾ ਹੈਂ, ਇਸ ਸ਼ਹਿਰ ਵਿਚ ਐਸੇ ਸੱਚੇ ਬੰਦੇ ਵੀ ਹਨ, ਜਿਨ੍ਹਾਂ ਨੇ ਇਹ ਲਿਖ ਦਿੱਤਾ ਹੈ, ਕਿ ਜੀਉਣਾ ਝੂਠ ਤੇ ਮਰਨਾ ਸੱਚ ਹੈ। ਧੰਨ ਗੁਰੂ ਨਾਨਕ ਦੇਵ ਜੀ ਨੇ ਇਹ ਨਿਰਣਾ ਵਿਖਾ ਕੇ ਹਮਜ਼ਾ ਗੌਂਸ ਪੀਰ ਨੂੰ ਸੱਚਾ ਉਪਦੇਸ਼ ਦੇ ਕੇ ਸ਼ਹਿਰ ਦੇ ਜੀਆਂ ਨੂੰ ਗ਼ਰਕ ਕਰਨ ਤੋਂ ਹਟਾ ਕੇ ਅਤੇ ਬੰਦਗੀ ਕਰਕੇ ਪੰਜਾਂ ਵਿਕਾਰਾਂ ਅਤੇ ਝੂਠ ਆਦਿ ਔਗੁਣਾਂ ਨੂੰ ਗ਼ਰਕ ਕਰਨ ਦਾ ਉਪਦੇਸ਼ ਦੇ ਕੇ ਪੀਰ ਨੂੰ ਤਾਰਿਆ। ਫਿਰ ਹਜ਼ੂਰ ਨੇ ਮੂਲੇ ਖੱਤ੍ਰੀ ਨੂੰ ਆਪਣੇ ਪਾਸ ਬੁਲਾ ਕੇ ਆਖਿਆ ਕਿ ਜੇ ਤੂੰ ਮਰਨਾ ਸੱਚ ਮੰਨਿਆ ਹੈ ਤਾਂ ਮੋਹ ਤਿਆਗ ਕੇ ਸਾਡੇ ਨਾਲ ਚੱਲ।

ਮੂਲਾ ਖ੍ਰੱਤੀ ਉਸੇ ਵੇਲੇ ਗੁਰੂ ਜੀ ਦਾ ਹੁਕਮ ਮੰਨ ਕੇ ਸਤਿਗੁਰੂ ਜੀ ਦੇ ਨਾਲ ਤੁਰ ਪਿਆ।

**ਧਨਾਸਰੀ ਮਹਲਾ ੫ ॥ ਫਿਰਤ ਫਿਰਤ ਭੇਟੇ ਜਨ ਸਾਧੂ ਪੂਰੈ ਗੁਰਿ ਸਮਝਾਇਆ ॥ ਆਨ ਸਗਲ ਬਿਧਿ ਕਾਂਮਿ ਨ ਆਵੈ ਹਰਿ ਹਰਿ ਨਾਮੁ ਧਿਆਇਆ ॥ ੧ ॥ ਤਾ ਤੇ ਮੋਹਿ ਧਾਰੀ ਓਟ ਗੋਪਾਲ ॥ ਸਰਨਿ ਪਰਿਓ ਪੂਰਨ ਪਰਮੇਸੁਰ ਬਿਨਸੇ ਸਗਲ ਜੰਜਾਲ ॥ ਰਹਾਉ ॥ ਸੁਰਗ ਮਿਰਤ ਪਇਆਲ ਭੂ ਮੰਡਲ ਸਗਲ ਬਿਆਪੇ ਮਾਇ ॥ ਜੀਅ ਉਧਾਰਨ ਸਭ ਕੁਲ ਤਾਰਨ ਹਰਿ ਹਰਿ ਨਾਮੁ ਧਿਆਇ ॥ ੨ ॥ ਨਾਨਕ ਨਾਮੁ ਨਿਰੰਜਨੁ**

## ਗਾਈਐ ਪਾਈਐ ਸਰਬ ਨਿਧਾਨਾ ॥ ਕਰਿ ਕਿਰਪਾ ਜਿਸੁ ਦੇਇ ਸੁਆਮੀ ਬਿਰਲੇ ਕਾਹੂ ਜਾਨਾ ॥ ੩ ॥ ੩ ॥ ੨੧ ॥

(ਅੰਗ ੬੭੬)

## ਪਦ ਅਰਥ :

ਫਿਰਤ ਫਿਰਤ-ਫਿਰਦਿਆਂ, ਖੋਜ ਕਰਦਿਆਂ। ਭੇਟੇ-ਮਿਲੇ। ਜਨ ਸਾਧੂ-ਸਾਧੂ ਜਨ (ਸਤਿਗੁਰੂ)। ਆਨ-ਹੋਰ। ਸਗਲ ਬਿਧਿ-ਹਰ ਪ੍ਰਕਾਰ ਦੀ ਜੁਗਤੀ। ਕਾਮਿ-ਕੰਮ ਵਿਚ। ਤਾ ਤੇ-ਇਸ ਲਈ। ਸੁਰਗ-ਦੇਵ ਲੋਕ। ਮਿਰਤ-ਮਾਤ ਲੋਕ। ਪਇਆਲ-ਪਾਤਾਲ ਲੋਕ, ਹੇਠਲੀ ਦੁਨੀਆਂ। ਭੂ ਮੰਡਲ-ਪ੍ਰਿਥਵੀ ਦੇ ਮੰਡਲ। ਸਗਲ-ਸਾਰੇ। ਬਿਆਪੇ-ਫਸੇ ਹੋਏ ਹਨ। ਮਾਇ-ਮਾਇਆ ਵਿਚ। ਜੀਅ ਉਧਾਰਨ-(ਹੋਰ) ਜੀਆਂ ਦਾ ਉਧਾਰ ਕਰਨ ਲਈ। ਸਭ ਕੁਲ ਤਾਰਨ-ਸਾਰੀਆਂ ਕੁਲਾਂ ਨੂੰ ਤਾਰਨ ਲਈ। ਨਿਰੰਜਨੁ-ਮਾਇਆ ਤੋਂ ਰਹਿਤ। ਸਰਬ ਨਿਧਾਨ-ਸਾਰੇ ਖ਼ਜ਼ਾਨੇ। ਬਿਰਲੇ-ਵਿਰਲੇ।

## ਅਰਥ :

(ਹੇ ਭਾਈ !) ਫਿਰਦਿਆਂ ਫਿਰਦਿਆਂ (ਜੂਨਾਂ 'ਚ ਚੱਕਰ ਕੱਢਦਿਆਂ ਕੱਢਦਿਆਂ ਅਥਵਾ ਪੂਰਨ ਗੁਰੂ ਨੂੰ ਲੱਭਦਿਆਂ ਲੱਭਦਿਆਂ) ਜਨ ਸਾਧੂ=(ਪੂਰਨ ਸਤਿਗੁਰੂ) ਮਿਲ ਪਏ (ਅਤੇ) ਪੂਰੇ ਗੁਰੂ ਨੇ (ਮੈਨੂੰ ਇਹ) ਸਮਝਾ ਦਿੱਤਾ ਹੈ ਕਿ ਹੋਰ ਅਨੇਕ ਪ੍ਰਕਾਰ ਦੀ ਜੁਗਤੀ ਕਿਸੇ ਕੰਮ ਨਹੀਂ ਆਉਂਦੀ, (ਤੂੰ ਕੇਵਲ) ਹਰਿ ਹਰਿ ਨੂੰ ਸਿਮਰਿਆ ਕਰਿ। ੧। ਇਸ ਕਰਕੇ ਮੈਂ ਪ੍ਰਿਥਵੀ ਦੇ ਮਾਲਕ ਦੀ ਓਟ ਲਈ ਹੈ। (ਹੁਣ ਮੈਂ) ਪੂਰਨ ਪ੍ਰਮੇਸ਼ਰ ਦੀ ਸ਼ਰਣੀ ਪੈ ਗਿਆ ਹਾਂ, (ਅਤੇ) ਮੇਰੇ ਸਾਰੇ (ਮਾਇਆ ਦੇ) ਜੰਜਾਲ ਨਾਸ ਹੋ ਗਏ ਹਨ। ਰਹਾਉ। (ਹੇ ਭਾਈ !) ਸੂਰਜ ਅਤੇ ਮਾਤ ਲੋਕ, ਪਾਤਾਲ ਤੇ ਪ੍ਰਿਥਵੀ ਦੇ ਮੰਡਲ ਸਭ (ਪਾਸੇ) ਮਾਇਆ ਵਿਆਪੀ ਹੋਈ ਹੈ (ਭਾਵ ਸਾਰੇ ਜੀਅ ਮਾਇਆ ਵਿਚ ਫਸੇ ਹੋਏ ਹਨ), (ਸੋ) ਸਾਰੇ ਜੀਆਂ ਨੂੰ ਉਧਾਰਨ ਤੇ ਸਾਰੀਆਂ ਕੁਲਾਂ ਨੂੰ (ਸੰਸਾਰ ਸਮੁੰਦਰ ਤੋਂ) ਤਾਰਨ ਵਾਸਤੇ (ਇਕੋ ਇਕ ਅਸਲ ਜੁਗਤੀ) ਹਰਿ ਹਰਿ ਨਾਮ ਦਾ ਸਿਮਰਨ ਹੈ। ੨।

ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਹੇ ਭਾਈ ! ਜੋ) ਮਾਇਆ ਤੋਂ ਰਹਿਤ ਪ੍ਰਭੂ ਹੈ, ਉਸ ਦੇ (ਨਾਮ ਜੱਪਣ ਰੂਪ) ਗੁਣਾਂ ਨੂੰ ਗਾਈਏ, (ਜਿਸ ਬਰਕਤ ਨਾਲ) ਸਾਰੇ ਖ਼ਜ਼ਾਨਿਆਂ ਨੂੰ ਪਾ ਲਈਦਾ ਹੈ। ਪਰ ਜਿਸ ਨੂੰ ਮਾਲਕ (ਆਪਣੀ) ਕਿਰਪਾ ਕਰਕੇ (ਨਾਮ ਖ਼ਜ਼ਾਨਾ ਦਿੰਦਾ ਹੈ, ਉਸ) ਨੂੰ ਕਿਸੇ ਵਿਰਲੇ (ਮਨੁੱਖ) ਨੇ (ਨਾਮ ਖ਼ਜ਼ਾਨੇ) ਨੂੰ ਸਮਝਿਆ ਹੈ। ੩। ੩। ੨੧।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

★★★

ਸ੍ਰੀ ਮੁਖਵਾਕ ਨੰਬਰ ੯੪ (ਅੰਗ ੬੭੭)

## ਧਨਾਸਰੀ ਮਹਲਾ ੫ ॥

ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥ ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥ ੧ ॥ ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ ॥ ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ ॥ ਰਹਾਉ ॥ ਪ੍ਰਤਿਪਾਲੈ ਅਪਿਆਉ ਦੇਇ ਕਛੁ ਊਨ ਨ ਹੋਈ ॥ ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ ॥ ੨ ॥ ਅਛਲ ਅਛੇਦ ਅਪਾਰ ਪ੍ਰਭ ਊਚਾ ਜਾ ਕਾ ਰੂਪੁ ॥ ਜਪਿ ਜਪਿ ਕਰਹਿ ਅਨੰਦੁ ਜਨ ਅਚਰਜ ਆਨੂਪੁ ॥ ੩ ॥ ਸਾ ਮਤਿ ਦੇਹੁ ਦਇਆਲ ਪ੍ਰਭ ਜਿਤੁ ਤੁਮਹਿ ਅਰਾਧਾ ॥ ਨਾਨਕੁ ਮੰਗੈ ਦਾਨੁ ਪ੍ਰਭ ਰੇਨ ਪਗ ਸਾਧਾ ॥ ੪ ॥ ੩ ॥ ੨੭ ॥

# ਪ੍ਰਾਕ੍ਥਨ :-

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਧਨਾਸਰੀ ਰਾਗ ਅੰਦਰ ਉਚਾਰਨ ਕੀਤਾ ਹੋਇਆ ਇਹ ਸ਼ਬਦ ਹੈ। ਇਸ ਸ਼ਬਦ ਦੇ ਸ਼ੁਰੂ ਵਿਚ ਗੁਰਦੇਵ ਨੇ ਅਕਾਲ ਪੁਰਖ ਵਾਹਿਗੁਰੂ ਦੀ ਸਰਬ ਵਿਆਪਕਤਾ ਦਰਸਾਈ ਹੈ। ਉਸ ਵਾਹਿਗੁਰੂ ਨੂੰ ਜਲ, ਥਲ, ਪ੍ਰਿਥਵੀ ਅਤੇ ਆਕਾਸ਼ ਦੇ ਜ਼ੱਰੇ-ਜ਼ੱਰੇ ਦੇ ਅੰਦਰ ਸਮਾਇਆ ਹੋਇਆ ਦਰਸਾਇਆ ਹੈ।

## ਵਿਸ਼ਾ— ਕਿ ਜ਼ਾਹਰ ਜ਼ਹੂਰ ਹੈਂ॥ ਕਿ ਹਾਜ਼ਰ ਹਜ਼ੂਰ ਹੈਂ॥

ਸੰਸਾਰ ਦੀ ਹਰ ਵਸਤੂ ਕਿਸੇ ਬਨਾਵਨਹਾਰ ਦੇ ਆਸਰੇ 'ਤੇ ਖੜੀ ਹੈ। ਤਸਵੀਰ ਨੂੰ ਦੇਖ ਕੇ ਮੁਸੱਵਰ ਯਾਦ ਆਉਂਦਾ ਹੈ। ਬਣੇ ਹੋਏ ਘੜਿਆਂ ਨੂੰ ਵੇਖ ਕੇ ਪਤਾ ਚਲਦਾ ਹੈ, ਕਿ ਇਹਨਾਂ ਦੇ ਬਣਾਉਣ ਵਾਲਾ ਘੁਮਿਆਰ ਜ਼ਰੂਰ ਹੈ। ਸੁੰਦਰ ਮਨਮੋਹਣੇ ਸੰਗੇ ਮਰਮਰ ਦੇ ਬੁੱਤ ਨੂੰ ਦੇਖ ਕੇ ਸੰਗਤਰਾਸ਼ ਦੀ ਯਾਦ ਸਾਹਮਣੇ ਆਉਂਦੀ ਹੈ। ਚੂੰਕਿ ਸੰਸਾਰ ਦੀ ਹਰ ਚੀਜ਼ ਨੂੰ ਵੇਖ ਕੇ ਉਸਦੇ ਬਨਾਵਣ ਵਾਲੇ ਦੀ ਸ਼ਖ਼ਸੀਅਤ ਸਾਹਮਣੇ ਆ ਜਾਂਦੀ ਹੈ, ਇਸ ਲਈ ਸਾਰਾ ਸੰਸਾਰ ਇਕ ਕ੍ਰਿਤ ਹੈ। ਪਰ ਇਹ ਕ੍ਰਿਤ ਕਿਸੇ ਮਹਾਨ ਕਰਤੇ ਦੀ ਹੈ। ਕਰਤੇ ਦੀ ਮਹਾਨਤਾ ਦੀ ਇਹ ਕ੍ਰਿਤ ਇਕ ਪ੍ਰਤੱਖ ਸਰੂਪ ਹੈ। ਪਰ ਕ੍ਰਿਤ ਦੀ ਦੁਨੀਆਂ ਵਿਚ ਇਹ ਇਕ ਅਜੀਬ ਨਿਯਮ ਕੰਮ ਕਰ ਰਿਹਾ ਹੈ ਕਿ ਕ੍ਰਿਤ ਹਮੇਸ਼ਾ ਕਰਤੇ ਨਾਲੋਂ ਵੱਖ ਹੋ ਜਾਂਦੀ ਹੈ। ਕ੍ਰਿਤ ਇਕ ਥਾਂ 'ਤੇ ਪਈ ਹੁੰਦੀ ਹੈ ਤੇ ਕਰਤਾ ਕਿਸੇ ਦੂਸਰੀ ਥਾਂ। ਮੁਸੱਵਰ ਆਪਣੇ ਘਰ ਬੈਠਾ ਹੁੰਦਾ ਹੈ ਅਤੇ ਤਸਵੀਰ ਕਿਸੇ ਹੋਰ ਘਰ ਹੁੰਦੀ ਹੈ। ਬੁੱਤ ਕਿਸੇ ਚੌਕ ਜਾਂ ਮੰਦਰ ਦੀ ਸ਼ੋਭਾ ਬਣਿਆ ਹੋਇਆ ਹੈ ਤੇ ਬੁਤ ਘਾੜਾ ਆਪਣੇ ਘਰ ਵਿਚ ਬੈਠਾ ਹੁੰਦਾ ਹੈ। ਇਹ ਠੀਕ ਹੈ ਕਿ ਕ੍ਰਿਤ ਤੋਂ ਕਰਤੇ ਦਾ ਪਤਾ ਜ਼ਰੂਰ ਚੱਲਦਾ ਹੈ, ਪਰ ਕ੍ਰਿਤ ਤੇ ਕਰਤੇ ਦੀ ਦੂਰੀ ਬਹੁਤ ਹੁੰਦੀ ਹੈ, ਪਰੰਤੂ ਜਿਸ ਪ੍ਰਮੇਸ਼ਰ ਨੇ ਸੰਸਾਰ ਨੂੰ ਬਣਾਇਆ ਹੈ, ਉਹ ਸਿਰਫ਼ ਇਸ ਦਾ ਕਰਤਾ ਹੀ ਨਹੀਂ, ਬਲਕਿ ਉਹ ਕਰਤਾ ਪੁਰਖ ਹੈ। ਭਾਵ ਕਿ ਆਪਣੀ ਕ੍ਰਿਤ ਵਿਚ ਪੂਰਨ ਸਮਾਇਆ ਹੋਇਆ ਹੈ। ਗੁਰਦੇਵ ਦਾ ਸੁੰਦਰ ਫ਼ੁਰਮਾਨ ਹੈ :

***ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥***

(ਆਸਾ ਕੀ ਵਾਰ)

ਉਹ ਰਚਨਹਾਰ ਵਾਹਿਗੁਰੂ ਨੇ ਇਹ ਰਚਨਾ ਚਾਰ ਖਾਣੀਆਂ ਦੇ ਰੂਪ ਵਿਚ ਕੀਤੀ ਹੈ :-

***ਅੰਡਜ ਜੇਰਜ ਉਤਭੁਜ ਸੇਤਜ ਤੇਰੇ ਕੀਤੇ ਜੰਤਾ॥***

(ਅੰਗ ੫੯੬)

ਇਹਨਾਂ ਚਾਰੇ ਖਾਣੀਆਂ ਦੇ ਜੀਆਂ ਜੰਤਾਂ, ਜ਼ੱਰੇ-ਜ਼ੱਰੇ ਅਤੇ ਪੱਤੇ-ਪੱਤੇ ਵਿਚ ਵਾਹਿਗੁਰੂ ਸਮਾਇਆ ਹੋਇਆ ਹੈ।

***ਜਲਿ ਥਲਿ ਮਹੀਅਲਿ ਪੂਰਿਆ ਸੁਆਮੀ ਸਿਰਜਣਹਾਰੁ॥***
***ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰੁ॥***

(ਅੰਗ ੨੯੬)

ਜਿਸ ਵੇਲੇ ਗੁਰੂ ਕ੍ਰਿਪਾ ਨਾਲ ਮਨੁੱਖ ਦੀ ਮਨ ਬੁੱਧ ਨੇਤਰਾਂ ਵਿਚ ਦਿਬ ਦ੍ਰਿਸ਼ਟੀ ਖੁੱਲ੍ਹ ਜਾਂਦੀ ਹੈ ਤਾਂ ਫਿਰ ਉਸਨੂੰ ਉਹ ਵਾਹਿਗੁਰੂ ਸਾਰੇ ਥਾਂਵਾਂ ਦੇ ਅੰਦਰ ਭਗਤ ਨਾਮ ਦੇਵ ਜੀ ਦੀ ਤਰ੍ਹਾਂ ਦ੍ਰਿਸ਼ਟੀ ਹੋ ਆਉਂਦਾ ਹੈ :

***ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ॥***
***ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ॥੧॥ਰਹਾਉ॥***
***ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ॥***
***ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ॥੨॥***

(ਅੰਗ ੪੮੫)

ਇਸ ਸਿਧਾਂਤ ਨੂੰ ਗੁਰਦੇਵ ਗੁਰੂ ਨਾਨਕ ਦੇਵ ਜੀ ਨੇ ਸੋਰਠਿ ਰਾਗ ਅੰਦਰ ਪ੍ਰਗਟ ਕੀਤਾ ਹੈ।

***ਜਹ ਜਹ ਦੇਖਾ ਤਹ ਜੋਤਿ ਤੁਮਾਰੀ ਤੇਰਾ ਰੂਪੁ ਕਿਨੇਹਾ॥***
***ਇਕਤੁ ਰੂਪਿ ਫਿਰਹਿ ਪਰਛੰਨਾ ਕੋਇ ਨ ਕਿਸ ਹੀ ਜੇਹਾ॥੨॥***

(ਅੰਗ ੫੯੬)

***ਅਥਵਾ: ਜੋ ਦੀਸੈ ਸੋ ਸਗਲ ਤੂੰਹੈ ਪਸਰਿਆ ਪਾਸਾਰੁ॥***
***ਕਹੁ ਨਾਨਕ ਗੁਰਿ ਭਰਮੁ ਕਾਟਿਆ ਸਗਲ ਬ੍ਰਹਮ ਬੀਚਾਰੁ॥੪॥***

(ਅੰਗ ੫੧)

***ਅਥਵਾ: ਜਿਮੀ ਜਮਾਨ ਕੇ ਬਿਖੈ ਸਮੱਸਤ ਏਕ ਜੋਤ ਹੈ॥***
***ਨ ਘਾਟ ਹੈ ਨ ਬਾਢ ਹੈ ਨ ਘਾਟ ਬਾਢ ਹੋਤ ਹੈ॥***

(ਦਸਮ ਗ੍ਰੰਥ ੨੬)

***ਅਥਵਾ: ਸਰਬੀ ਰੰਗੀ ਰੂਪੀ ਤੂੰਹੈ ਤਿਸੁ ਬਖਸੇ ਜਿਸੁ ਨਦਰਿ ਕਰੇ॥ ੧॥***

(ਅੰਗ ੩੫੫)

***ਅਥਵਾ: ਜੇਤਾ ਸਬਦੁ ਸੁਰਤਿ ਧੁਨਿ ਤੇਤੀ ਜੇਤਾ ਰੂਪੁ ਕਾਇਆ ਤੇਰੀ॥***

(ਅੰਗ ੩੫੦)

***ਅਥਵਾ: ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ॥***
***ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ॥੭੫॥*** (ਅੰਗ ੧੩੮੧)

ਭਾਈ ਗੁਰਦਾਸ ਜੀ ਕਬਿੱਤ ਸਵੱਈਆਂ ਤੇ ਵਾਰਾਂ ਅੰਦਰ ਕਥਨ ਕਰਦੇ ਹਨ :-

*ਸਲਿਲ ਮੈ ਧਰਨਿ, ਧਰਨਿ ਮੈ ਸਲਿਲ ਜੈਸੇ,*
*ਕੂਪ ਅਨਰੂਪ ਕੈ ਬਿਮਲ ਜਲ ਛਾਏ ਹੈ॥*
*ਤਾਹੀ ਜਲ ਮਾਟੀ ਕੈ ਬਨਾਈ ਘਟਿਕਾ ਅਨੇਕ,*
*ਏਕੈ ਜਲੁ ਘਟ ਘਟ ਘਟਿਕਾ ਸਮਾਏ ਹੈ॥*
*ਜਾਹੀ ਜਾਹੀ ਘਟਿਕਾ ਮੈ ਦ੍ਰਿਸਟਿ ਕੈ ਦੇਖੀਅਤ,*
*ਪੇਖੀਅਤ ਆਪਾ ਆਪੁ ਆਨ ਨ ਦਿਖਾਏ ਹੈ॥*
*ਪੂਰਨ ਬ੍ਰਹਮ ਗੁਰ ਏਕੰਕਾਰ ਕੈ ਅਕਾਰ,*
*ਬ੍ਰਹਮ ਬਿਬੇਕ ਏਕ ਟੇਕ ਠਹਿਰਾਏ ਹੈ॥ ੧੧੦॥*

(ਕਬਿੱਤ ਸਵੱਯੇ ਭਾ: ਗੁਰਦਾਸ ਜੀ)

ਅਥਵਾ: *ਜੈਸੇ ਤਿਲਿ ਬਾਸੁ, ਬਾਸੁ ਲੀਜੀਅਤ ਕੁਸਮ ਸੈ,*
*ਤਾਂ ਤੇ ਹੋਤ ਹੈ ਫੁਲੇਲ ਜਤਨ ਕੈ ਜਾਨੀਐ॥*
*ਜੈਸੇ ਤਉ ਅਉਟਾਇ ਦੂਧ ਜਾਵਨ ਜਮਾਇ ਮਥਿ,*
*ਸੰਜਮ ਸਹਿਤ ਘ੍ਰਿਤਿ ਪ੍ਰਗਟ ਕੈ ਮਾਨੀਐ॥*
*ਜੈਸੇ ਕੂਆ ਖੋਦ ਕੈ ਬਸੁਧਾ ਧਸਾਇ ਕੌਰੀ,*
*ਲਾਜ ਕੈ ਬਹਾਇ ਡੋਲਿ ਕਾਢਿ ਜਲੁ ਆਨੀਐ॥*
*ਗੁਰ ਉਪਦੇਸ ਤੈਸੇ ਭਾਵਨੀ ਭਗਤਿ ਭਾਇ,*
*ਘਟਿ ਘਟਿ ਪੂਰਨ ਬ੍ਰਹਮ ਪਹਿਚਾਨੀਐ॥ ੫੩੫॥*

(ਕਬਿੱਤ ਸਵੱਯੇ ਭਾ: ਗੁਰਦਾਸ ਜੀ)

ਅਥਵਾ: *ਸੁਨਿਆਰਾ ਸੁਇਨਾ ਘੜੇ ਗਹਣੇ ਸਾਵਾਰੇ।*
*ਪਿਪਲ ਵਤਰੇ ਵਾਲੀਆ ਤਾਨਉੜੇ ਤਾਰੇ।*
*ਵੇਸਰਿ ਨਥਿ ਵਖਾਣੀਐ ਕੰਠ ਮਾਲਾ ਧਾਰੇ।*
*ਟੀਕਤਿ ਮਣੀਆ ਮੋਤਿਸਰ ਗਜਰੇ ਪਾਸਾਰੇ।*
*ਦੁੱਰ ਬਹੁੱਟਾ ਗੋਲ ਛਾਪ ਕਰਿ ਬਹੁ ਪਰਕਾਰੇ।*
*ਆਪੇ ਆਪਿ ਵਰੱਤਦਾ ਗੁਰਮੁਖਿ ਵੀਚਾਰੇ॥ ੧੧॥*

(ਵਾਰ ੨, ਪਉੜੀ ੧੧)

*ਪਲ ਘੜੀਆ ਮੂਰਤਿ ਪਹਰਿ ਥਿਤ ਵਾਰ ਗਣਾਏ।*
*ਦੁਇ ਪਖ ਬਾਰਹ ਮਾਹ ਕਰਿ ਸੰਜੋਗ ਬਣਾਏ।*
*ਛਿਅ ਰੁਤੀ ਵਰਤਾਈਆਂ ਬਹੁ ਚਲਿਤ ਬਣਾਏ।*
*ਸੂਰਜੁ ਇਕੁ ਵਰਤਦਾ ਲੋਕੁ ਵੇਦ ਆਲਾਏ।*
*ਚਾਰਿ ਵਰਨ ਛਿਅ ਦਰਸਨਾਂ ਬਹੁ ਪੰਥਿ ਚਲਾਏ।*
*ਆਪੇ ਆਪਿ ਵਰੱਤਦਾ ਗੁਰਮੁਖਿ ਸਮਝਾਏ॥੧੪॥*

(ਵਾਰ ੨, ਪਉੜੀ ੧੪)

*ਬਿਰਖੁ ਹੋਵੈ ਬੀਉ ਬੀਜੀਐ ਕਰਦਾ ਪਾਸਾਰਾ।*
*ਜੜ ਅੰਦਰਿ ਪੇਡ ਬਾਹਰਾ ਬਹੁ ਡਾਲ ਬਿਸਥਾਰਾ।*
*ਪਤ ਫੁਲ ਫਲ ਫਲੀਦਾ ਰਸ ਰੰਗ ਸਵਾਰਾ।*
*ਵਾਸੁ ਨਿਵਾਸੁ ਉਲਾਸੁ ਕਰਿ ਹੋਇ ਵਡ ਪਰਵਾਰਾ।*
*ਫਲ ਵਿਚਿ ਬੀਉ ਸੰਜੀਉ ਹੋਇ ਫਲ ਫਲੇ ਹਜਾਰਾ।*
*ਆਪੇ ਆਪਿ ਵਰੱਤਦਾ ਗੁਰਮੁਖਿ ਨਿਸਤਾਰਾ॥੯॥*

(ਵਾਰ ੨, ਪਉੜੀ ੯)

ਇਸ ਸਿਧਾਂਤ ਅਨੁਸਾਰ ਭਾਈ ਨੰਦ ਲਾਲ ਜੀ ਦੀ ਦਿਬ ਦ੍ਰਿਸ਼ਟੀ ਖੁੱਲ੍ਹੀ ਹੋਈ ਸੀ। ਉਹ ਕਹਿੰਦੇ ਹਨ ਕਿ ਮੈਨੂੰ ਗੁਰੂ ਗੋਬਿੰਦ ਸਿੰਘ ਜੀ ਤੋਂ ਬਿਨਾਂ ਹੋਰ ਕੋਈ ਨਹੀਂ ਦਿਖਦਾ। ਸਾਰਿਆਂ ਵਿਚ ਗੁਰੂ ਗੋਬਿੰਦ ਸਿੰਘ ਜੀ ਹੀ ਹਨ :

*ਰੂਹ ਦਰ ਹਰ ਜਿਸਮ ਗੁਰੂ ਗੋਬਿੰਦ ਸਿੰਘ।*
*ਨੂਰ ਦਰ ਹਰ ਚਸ਼ਮ ਗੁਰੂ ਗੋਬਿੰਦ ਸਿੰਘ॥ ੧੫੨॥*

(ਗੰਜਨਾਮਾ ਕ੍ਰਿਤ ਭਾਈ ਨੰਦ ਲਾਲ ਜੀ)

ਭਾਈ ਕਨ੍ਹਈਆ ਜੀ ਦੀ ਵੀ ਐਸੀ ਹੀ ਅਵੱਸਥਾ ਸੀ ਜੋ ਦੁਸ਼ਮਣਾਂ ਵਿਚ ਵੀ ਗੁਰੂ ਗੋਬਿੰਦ ਸਿੰਘ ਜੀ ਨੂੰ ਹੀ ਦੇਖਦੇ ਸਨ।

ਹੁਕਮਨਾਮੇ ਦੇ ਸਿਧਾਂਤ ਅਨੁਸਾਰ :

*ਸਦ ਹਜੂਰਿ ਹਾਜਰੁ ਹੈ ਨਾਜਰੁ ਕਤਹਿ ਨ ਭਇਓ ਦੂਰਾਈ॥ ੨॥*

(ਅੰਗ ੧੦੦੦)

ਇਸ ਲਈ :

***ਕਿ ਜ਼ਾਹਰਾ ਜ਼ਹੂਰ ਹੈਂ॥ ਕਿ ਹਾਜ਼ਰਾ ਹਜ਼ੂਰ ਹੈਂ॥***

(ਜਾਪੁ ਸਾਹਿਬ)

# ਸਾਖੀ-ਭਾਈ ਕਨ੍ਹਈਆ ਜੀ

ਮਹਾਨ ਕੋਸ਼ ਦੇ ਵਿਦਵਾਨ ਲਿਖਾਰੀ ਅਨੁਸਾਰ ਭਾਈ ਸਾਹਿਬ ਭਾਈ ਕਨ੍ਹਈਆ ਜੀ ਦਾ ਜਨਮ ਪਿੰਡ ਸੋਧਰੇ (ਵਜ਼ੀਰਾਬਾਦ ਪਾਸ) ਖੱਤਰੀ ਘਰ ਵਿਚ ਹੋਇਆ। ਸੋਹਦਰਾ, ਦਰਿਆ ਚਨਾਬ ਕਿਨਾਰੇ ਵਜ਼ੀਰਾਬਾਦ ਤੋਂ ਪੰਜ ਮੀਲ ਦੀ ਵਾਟ 'ਤੇ ਹੈ। ਨਗਰ ਦੇ ਸੌ ਦਰਵਾਜ਼ੇ ਹੋਣ ਕਾਰਨ 'ਸੌਦਰਾ' ਕਹਿਲਾਇਆ ਤੇ ਫਿਰ ਇਹ ਹੀ ਸੋਹਧਰਾ ਤੋਂ ਸੋਧਰਾ ਬਣ ਗਿਆ। ਉਸ ਨਗਰ ਵਿਚ ਇਕ ਬਾਗ਼ ਨੌਂ ਲੱਖਾ ਸੀ। ਉਸ ਜ਼ਮਾਨੇ ਵਿਚ ਨੌ ਲੱਖ ਲੱਗੇ ਸਨ, ਸੋ ਨੌਂ ਲੱਖਾ ਹੋਆ। ਜਨਮ ਦੇ ਸਾਲ ਬਾਰੇ 'ਪਰਚੀਆਂ ਭਾਈ ਕਨ੍ਹਈਆ' ਦਾ ਲਿਖਾਰੀ ਕਹਿੰਦਾ ਹੈ ਕਿ ਉਹ ੧੬੪੭ ਈਸਵੀ ਸੀ। ਉਨ੍ਹਾਂ ਦਾ ਅਕਾਲ-ਚਲਾਣਾ ੭੧ ਸਾਲ ਦੀ ਉਮਰ ਵਿਚ ਹੋਇਆ ਹੈ।

ਆਪ ਜੀ ਦੇ ਪਿਤਾ ਜੀ ਇਕ ਵੱਡੇ ਸੁਦਾਗਰ ਸਨ ਤੇ ਸ਼ਾਹੀ ਫ਼ੌਜਾਂ ਨੂੰ ਰਸਦ ਪਾਣੀ ਪਹੁੰਚਾਣ ਦਾ ਕਾਰਜ ਕਰਦੇ ਸਨ। ਅਜੇ ਭਾਈ ਸਾਹਿਬ ਛੋਟੇ ਹੀ ਸਨ ਕਿ ਪਰਉਪਕਾਰ ਦਾ ਅੰਕੁਰ ਫੁੱਟ ਬਾਹਰ ਨਿਕਲਣ ਲੱਗਾ। ਆਪ ਜਦ ਘਰੋਂ ਬਾਹਰ ਜਾਂਦੇ ਤਾਂ ਆਪਣੀਆਂ ਜੇਬਾਂ ਨੂੰ ਕਉਡੀਆਂ, ਪੈਸਿਆਂ ਤੇ ਰੁਪਿਆਂ ਨਾਲ ਭਰ ਲੈਂਦੇ ਤੇ ਲੋੜਵੰਦਾਂ ਵਿਚਕਾਰ ਵੰਡ ਦਿੰਦੇ। ਉਨ੍ਹਾਂ ਦਾ ਬੇਗਾਰ ਫੜੇ ਲੋਕਾਂ ਨੂੰ ਬੇਗਾਰੀ ਕਰਦੇ, ਜ਼ੁਲਮ ਸਹਿੰਦੇ ਦੇਖ ਦਿਲ ਦੁੱਖਦਾ ਸੀ। ਜਦ ਜ਼ਰਾ ਕੁ ਵੱਡੇ ਹੋਏ ਤਾਂ ਵੱਡੀ ਸੜਕ ਕਿਨਾਰੇ ਜਾ ਕੇ ਆਪੂੰ ਬੇਗਾਰੀਆਂ ਦਾ ਭਾਰ ਉਠਾ ਲੈਂਦੇ ਤੇ ਕਈ-ਕਈ ਮੀਲ ਉਨ੍ਹਾਂ ਦਾ ਸਾਹ ਕਢਾਂਦੇ ਅਤੇ ਫਿਰ ਕੋਲੋਂ ਪੈਸੇ ਦੇ ਕੇ ਉਸ ਨੂੰ ਵਿਦਾ ਕਰਦੇ। ਪਿਤਾ ਜੀ ਨੇ ਕਈ ਵਾਰ ਸਖ਼ਤ ਗ਼ੁੱਸੇ ਹੋਣਾ ਤੇ ਮਾਤਾ ਜੀ ਨੇ ਸਮਝਾਉਣਾ, "ਬੇਟਾ, ਇਸ ਤਰ੍ਹਾਂ ਕਰਨ ਨਾਲ ਸਾਡੇ ਘਰ ਦੀ ਬਦਨਾਮੀ ਹੁੰਦੀ ਹੈ, ਤੈਨੂੰ ਇਸ ਤਰ੍ਹਾਂ ਭਾਰ ਚੁੱਕ ਚੁੱਕ ਨਹੀਂ ਫਿਰਨਾ ਚਾਹੀਦਾ।" ਤਾਂ ਆਪ ਜੀ ਨੇ ਬੜੇ ਠਰ੍ਹੰਮੇ ਨਾਲ ਕਹਿਣਾ, "ਮਾਂ, ਘਰਾਂ ਵਿਚ ਆਖ਼ਰ ਬਾਉਲੇ ਪੁੱਤਰ ਵੀ ਹੁੰਦੇ ਹਨ, ਮੈਨੂੰ ਬਾਉਲਾ ਹੀ ਸਮਝ ਛੱਡ।" ਪਰ ਕੀ ਜਾਣੇ ਮਾਂ ਤੇ ਜਗਤ ਇਹ 'ਬਾਉਲਾਪਣ' ਹੀ ਤਾਂ ਮਹਾਂਪੁਰਸ਼ਾਂ ਦਾ ਵੱਡਾ ਲੱਛਣ ਹੈ। ਦੁਨੀਆਂ ਨੇ ਤਾਂ ਸ੍ਰਿਸ਼ਟੀ ਦੇ ਮਾਲਕ ਗੁਰੂ ਨਾਨਕ ਦੇਵ ਜੀ ਨੂੰ ਭੂਤਨਾ, ਬੇਤਾਲਾ, ਦੀਵਾਨਾ ਕਹਿਣ ਤੋਂ ਵੀ ਸੰਕੋਚ ਨਹੀਂ ਕੀਤਾ। ਭਾਈ ਕਨ੍ਹਈਆ ਜੀ ਪਰ-ਪਿਆਰ ਵਿਚ ਹੀ ਦੀਵਾਨੇ ਸਨ।

ਦਿਲ ਵਿਚ ਵੇਦਨਾ ਉੱਠੀ। ਕਰਕ ਕਲੇਜੇ ਹੋਣ ਲੱਗੀ। ਕਿਸੇ ਦੱਸ ਪਾਈ ਲਾਹੌਰ ਜਾਓ। ਲਾਹੌਰ ਪੁੱਜੇ ਹੀ ਸਨ ਕਿ ਪੂਜ ਪਿਤਾ ਜੀ ਦੇ ਅਕਾਲ ਚਲਾਣੇ ਦੀ ਖ਼ਬਰ ਪੁੱਜ ਗਈ। ਬਾਕੀ ਭਰਾ ਛੋਟੇ ਸਨ ਤੇ ਵੱਡੇ ਹੋਣ ਦੇ ਨਾਤੇ ਜ਼ਿੰਮੇਵਾਰੀ ਆਪ ਜੀ ਦੇ ਸਿਰ ਆਉਂਦੀ ਸੀ। ਆਪ ਜੀ ਨੇ ਪਿਤਾ ਜੀ ਦੇ ਕੰਮ ਨੂੰ ਸੰਭਾਲ ਲਿਆ ਤੇ ਸ਼ਾਹੀ ਫ਼ੌਜਾਂ ਨੂੰ ਰਸਦ-ਪਾਣੀ ਪੁਚਾਣ ਦੇ ਕੰਮ ਉੱਤੇ ਜੁਟੇ ਰਹੇ। ਉਸ ਸਮੇਂ ਰਾਜ ਔਰੰਗਜ਼ੇਬ ਦਾ ਸੀ ਤੇ ਗੁਰੂ ਤਖ਼ਤ ਉੱਤੇ ਗੁਰੂ ਤੇਗ ਬਹਾਦਰ ਜੀ ਬਿਰਾਜਮਾਨ ਸਨ। ਔਰੰਗਜ਼ੇਬ ਦੇ ਕਾਫਲੇ ਵਿਚ ਸ੍ਰੀ ਗੁਰੂ

ਤੇਗ਼ ਬਹਾਦਰ ਜੀ ਦੇ ਇਕ ਸਿੱਖ ਭਾਈ ਨਨੂਆ ਕੋਲੋਂ ਨਾਵੇਂ ਮਹਲੇ ਦੀ ਬਾਣੀ ਸੁਣੀ। ਐਸੀ ਖਿੱਚ ਪਈ ਕਿ ਪ੍ਰੇਮ ਵਿਚ ਹੀ ਲੀਨ ਹੋ ਗਏ। ਵੈਰਾਗ ਦੀ ਅਵੱਸਥਾ ਉਪਜ ਪਈ। ਰੁਦਨ ਕਰਨ ਲੱਗੇ। ਮਾਇਆ ਦੀ ਖਿੱਚ ਮੁੱਕ ਗਈ ਤੇ ਜਗਤ-ਸੁੱਖਾਂ ਦੇ ਕਾਰਨ ਭੁਲਾ ਕੇ ਜੰਗਲਾਂ ਨੂੰ ਨਿਕਲ ਗਏ ਪਰ ਮੁੱਖ ਤੋਂ ਇਹ ਹੀ ਬਚਨ ਨਿਕਲਣ "ਕੋਈ ਜਨੁ ਹਰਿ ਸਿਉ ਦੇਵੈ ਜੋਰਿ॥" ਕਾਫ਼ਲੇ ਦੇ ਸਰਬਰਾਹ ਤੇ ਸੂਬੇਦਾਰ ਨੇ, ਜੋ ਮੁਹਿੰਮ ਉੱਤੇ ਚੜ੍ਹਿਆ ਸੀ, ਭਾਈ ਜੀ ਦੀ ਬਹੁਤ ਹੀ ਢੂੰਡ-ਭਾਲ ਕੀਤੀ ਤੇ ਕਰਵਾਈ। ਕਿਸੇ ਨੇ ਸੂਬੇਦਾਰ ਨੂੰ ਪੁੱਛ ਹੀ ਲਿਆ ਕਿ ਭਾਈ ਜੀ ਦੀ ਇਤਨੀ ਢੂੰਡ-ਭਾਲ ਕਿਉਂ ਕਰਵਾ ਰਹੇ ਹੋ ? ਤਾਂ ਸੂਬੇਦਾਰ ਨੇ ਕਿਹਾ ਕਿ ਉਸ ਦਾ ਦੀਦਾਰ ਕਰਨਾ ਚਾਹੁੰਦਾ ਹਾਂ, ਜਿਸ ਨੇ ਮਾਇਆ ਜੈਸੀ ਸਰਪਨੀ ਤੋਂ ਆਪਣੇ ਆਪ ਨੂੰ ਛੁਡਾਇਆ ਹੈ। ਫਿਰ ਵਿਸ਼ੇ ਭੋਗਾਂ ਉੱਤੇ ਮਨ ਨੂੰ ਕਾਬੂ ਕੀਤਾ ਹੈ। ਉਸ ਨੂੰ ਅੱਲਾਹ ਨੇ ਕੋਈ ਵੱਡੀ ਸੂਰਮਗਤੀ ਬਖ਼ਸ਼ੀ ਹੈ।

ਭਾਈ ਜੀ ਜੰਗਲ-ਜੰਗਲ ਫਿਰ ਰਹੇ ਸਨ। ਪਿੰਡਾਂ ਤੋਂ ਦੂਰ, ਲੋਕਾਂ ਤੋਂ ਪਰ੍ਹੇ। ਕਈ ਦਿਨਾਂ ਦੇ ਭੁੱਖੇ ਨੂੰ ਇਕ ਸਮੇਂ ਜੰਂਞ ਨੇ ਆਪਣੇ ਨਾਲ ਪ੍ਰਸ਼ਾਦਾ ਛਕਾਇਆ ਤੇ ਉਨ੍ਹਾਂ ਨੂੰ ਪ੍ਰਸ਼ਾਦਾ ਛੱਕਦਾ ਦੇਖ ਕੇ ਕੁਝ ਕੁਹਝੇ ਬਚਨ ਵੀ ਬੋਲੇ ਤਾਂ ਆਪ ਨੇ ਬੜੇ ਪਿਆਰ ਨਾਲ ਆਪਣੀ ਅਵੱਸਥਾ ਦੱਸੀ। ਫਿਰਦੇ, ਭਟਕਦੇ ਨੂੰ ਇਕ ਸਿੱਖ ਮਿਲਿਆ ਤਾਂ ਉਸ ਕੋਲੋਂ "ਗੋਬਿੰਦ ਪਾਉਣ ਦੀ ਵਿਧੀ" ਪੁੱਛੀ। ਉਸ ਮਹਾਂ ਪੁਰਸ਼ ਨੇ ਕਿਹਾ ਕਿ "ਉਸ ਕੋਲ ਕੋਈ ਨੁਸਖਾ ਨਹੀਂ ਹੈ ਜੋ ਪਰਮਾਤਮਾ ਮਿਲਾ ਦੇਵੇ, ਪਰ ਇਕ ਸਮਝ ਦੱਸਦਾ ਹਾਂ ਕਿ ਗੋਬਿੰਦ ਲੋਕ ਨਗਰ ਅਰ ਮਨੁੱਖੋਂ ਮੇ ਹੋਤੇ ਹੈਂ, ਤੁਸੀਂ ਲੋਕਾਂ ਵਿਚ ਤਾਂ ਜਾਂਦੇ ਨਹੀਂ। ਸੋਨਾ ਰਾਖ ਵਿਚ ਪਿਆ ਹੈ, ਰਾਖ ਸੁੱਟਣ ਨਾਲ ਸੋਨਾ ਵੀ ਖੁੱਸ ਜਾਂਦਾ ਹੈ।" ਉਸ ਉਪਰੰਤ ਜੰਗਲ ਛੱਡ ਨਗਰਾਂ ਵਿਚ ਜਾਣ ਲੱਗੇ। ਰਾਤ ਨੂੰ ਟਿਕਾਣਾ ਧਰਮਸਾਲਾ ਕਰਦੇ। ਧਰਮਸਾਲਾ ਵਿਖੇ ਧਰਮਸਾਲੀਆਂ ਵਿਚ ਕੁੜੱਤਣ ਦੇਖੀ ਪਰ ਉਹ ਤਾਂ ਸੋਨੇ ਦੀ ਭਾਲ ਵਿਚ ਨਿਕਲੇ ਹੋਏ ਸਨ। ਇਕ ਟਹਿਲੂਏ ਨੇ ਪਾਣੀ ਮੰਗਣ 'ਤੇ ਉਨ੍ਹਾਂ ਨੂੰ ਕੌੜੇ ਬਚਨ ਬੋਲੇ ਪਰ ਭਾਈ ਸਾਹਿਬ ਜੀ ਪਾਣੀ ਮੰਗਦੇ ਹੀ ਰਹੇ। ਉਸ ਟਹਿਲੂਏ ਦੀ ਮਾਤਾ ਨੇ ਪਾਣੀ ਪਿਲਾਇਆ। ਕਿਸੇ ਉਨ੍ਹਾਂ ਨੂੰ ਇਤਨੀ ਨਿਰਾਦਰੀ ਪਿੱਛੋਂ ਪਾਣੀ ਪੀਂਦਾ ਦੇਖ ਪੁੱਛ ਹੀ ਲਿਆ ਕਿ ਪਾਣੀ ਦੀ ਕੀ ਗੱਲ ਸੀ, ਕਿਧਰੋਂ ਹੋਰ ਪੀ ਲੈਂਦੇ, ਇਤਨੀ ਨਿਰਾਦਰੀ ਕਿਉਂ ਝੱਲੀ?" ਆਪ ਜੀ ਨੇ ਮੁਸਕਰਾ ਕੇ ਫ਼ਰਮਾਇਆ, "ਪਾਣੀ ਦੀ ਸੱਚਮੁਚ ਕੋਈ ਗੱਲ ਨਹੀਂ ਸੀ। ਇਥੋਂ ਬਗ਼ੈਰ ਪੀਤੇ ਚਲੇ ਜਾਂਦੇ ਤਾਂ ਤਪਦੇ ਹੋਏ ਹਿਰਦੇ ਨਾਲ ਜਾਣਾ ਸੀ ਤੇ ਇਸ ਸੇਵਾਦਾਰ ਉੱਤੇ ਦੋਸ਼ ਆਉਣਾ ਸੀ। ਇਹ ਸੰਭਵ ਸੀ ਕਿ ਉਸ ਤਪਦੇ ਮਨ ਵਿਚੋਂ ਕੁਝ ਕੌੜੇ ਬਚਨ ਵੀ ਨਿਕਲ ਜਾਂਦੇ। ਹੁਣ ਪਾਣੀ ਪੀਤਾ ਹੈ ਤੇ ਇਸ ਦੇ ਘਰ ਨੂੰ ਅਸੀਸਾਂ ਦਿੱਤੀਆਂ ਹਨ। ਮਨ ਦਾ ਧਿਆਨ ਪਾਣੀ ਵੱਲ ਨਹੀਂ ਰਿਹਾ ਤੇ ਇਸ ਵਲੋਂ ਵੀ ਧਿਆਨ ਟੁੱਟ ਗਿਆ ਹੈ।" ਕਾਫ਼ੀ ਸਮਾਂ ਇਸ ਤਰ੍ਹਾਂ ਹੀ ਵਿਚਰਦੇ ਰਹੇ।

ਫਿਰਦੇ-ਫਿਰਾਂਦੇ ਨੂੰ ਇਕ ਗੁਰਸਿੱਖ ਨਾਲ ਮੇਲ ਹੋਇਆ ਤੇ ਉਸ ਨੂੰ ਸਾਰੀ ਮਨ ਦੀ ਦਸ਼ਾ ਦੱਸੀ ਤੇ ਗ੍ਰਿਹਸਤ ਤਿਆਗਣ ਦਾ ਹਾਲ ਦੱਸਿਆ। ਉਸ ਗੁਰਸਿੱਖ ਨੇ ਕਿਹਾ ਕਿ ਤੁਸਾਂ ਗ੍ਰਿਹਸਤ ਤਿਆਗ ਕੇ ਅਤੀਤ ਦਾ ਭੇਖ ਜ਼ਰੂਰ ਲਿਆ ਹੈ ਪਰ ਸੱਚੀ ਬੁੱਧ ਦਾ ਵੀਚਾਰ ਨਹੀਂ ਕੀਤਾ। ਸੱਚੀ ਵੀਚਾਰ ਤੋਂ ਬਗ਼ੈਰ ਜਨਮ-ਮਰਨ ਤੋਂ ਛੁਟਕਾਰਾ ਨਹੀਂ ਮਿਲਦਾ। ਅਸਲ ਫ਼ਕੀਰ ਉਹੀ ਹੈ ਜੋ ਭਜਨ ਦੀ ਪ੍ਰਬਲਤਾ ਨਾਲ ਮਾਇਆ ਦੀ ਲਾਲਸਾ ਤਿਆਗਦਾ ਹੈ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤਿਆਗਦਾ ਹੈ। ਅੰਤਰ ਦਾ ਪਰਚਾ ਨਾਮ ਸਿਉਂ ਕਰਦਾ

ਹੈ। ਚਿਤਵਨੀਆਂ ਹੀ ਤਿਆਗ ਦਿੰਦਾ ਹੈ। ਐਸੇ ਫ਼ਕੀਰ ਨਾਲ ਲੱਗ ਕੇ ਪੂਜਣ ਵਾਲੇ ਵੀ ਮੁਕਤ ਹੋ ਜਾਂਦੇ ਹਨ। ਪਰ ਜੋ ਫ਼ਕੀਰ ਦਾ ਭੇਖ ਪਹਿਨ ਕੇ ਮਨ ਦਾ ਕਿਹਾ ਕਰਦਾ ਹੈ, ਚੋਰ ਉਚੱਕਾ ਹੈ, ਫ਼ਕੀਰ ਹੋ ਕੇ ਮਾਇਆਧਾਰੀ ਢੂੰਡਦਾ ਹੈ, ਉਹ ਬਾਜ਼ਾਰੀਆ ਹੈ।'' ਭਾਈ ਸਾਹਿਬ ਨੇ ਪੁੱਛਿਆ ਕਿ ਅਬਿਨਾਸ਼ੀ ਖੇਮ ਕਿਥੋਂ ਮਿਲੇ ? ਤਾਂ ਸਿੱਖ ਨੇ ਕਿਹਾ ਕਿ ਅਸਲ ਪ੍ਰਸੰਨਤਾ ਲੈਣ ਵਿਚ ਨਹੀਂ, ਦੇਣ ਵਿਚ ਹੈ। ਵਾਹਿਗੁਰੂ ਨੇ ਆਪ ਜੀ ਵਿਚ ਬੀਜ ਪਾਇਆ ਹੈ। ਇਸ ਨੂੰ ਸੇਵਾ ਦਾ ਜਲ ਦਿਓ। ਪਰ ਭਾਈ ਸਾਹਿਬ ਨੇ ਫਿਰ ਪੁੱਛਿਆ ਕਿ ਐਸਾ ਕੋਈ ਫ਼ਕੀਰ ਹੈ ਜੋ ਬੀਜ ਨੂੰ ਪ੍ਰਸੰਨਤਾ ਦਾ ਫਲ ਲੱਗਾ ਦੇਵੇ ? ਤਾਂ ਸਿੱਖ ਨੇ ਬੜੇ ਹੀ ਭਾਵ-ਪੂਰਤ ਸ਼ਬਦਾਂ ਵਿਚ ਕਿਹਾ, ''ਸਭ ਥਾਵਾਂ ਇਕ ਸਮਾਨ ਹਨ। ਸੁੱਖ ਦੁੱਖ ਰਿਦੈ ਕੀ ਬੂਝਿ ਮਹਿ ਹੈ। ਜਬ ਐਸੀ ਬੁੱਧ ਹੋਵੇਗੀ, ਤਬ ਸੁੱਖ ਹੋਵੇਗਾ। ਕਾਇਆ ਨਗਰੀ ਮਹਿ ਬਿਬੇਕ ਕੀ ਦੁਹਾਈ ਫੇਰੇ। ਘਟ-ਘਟ ਮਹਿ ਰਮਤਾ ਰਾਮ ਹੈ ਪਰ ਫਿਰ ਵੀ ਫ਼ਕੀਰ ਦੇਖਣਾ ਹੈ ਤਾਂ ਆਨੰਦਪੁਰ ਨੂੰ ਜਾਵੋ।''

ਭਾਈ ਜੀ ਸੰਗਤ ਨਾਲ ਸ੍ਰੀ ਆਨੰਦਪੁਰ ਸਾਹਿਬ ਆਏ। ਆਪ ਜੀ ਨੂੰ ਆਉਂਦਿਆਂ ਹੀ ਪਾਣੀ ਦਾ ਘੜਾ ਭਰ ਲਿਆਉਣ ਲਈ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਹੁਕਮ ਕੀਤਾ। ਆਪ ਨੇ ਜਦ ਪਾਣੀ ਲਿਆਂਦਾ ਤਾਂ ਗੁਰੂ ਸਾਹਿਬ ਨੇ ਹੱਥ ਧੋ ਕੇ ਡੋਲ੍ਹ ਦਿੱਤਾ ਅਤੇ ਹੋਰ ਪਾਣੀ ਦਾ ਘੜਾ ਲਿਆਉਣ ਲਈ ਕਿਹਾ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਉਸ ਦੇ ਚਿਹਰੇ ਵੱਲ ਦੇਖਦੇ ਰਹੇ। ਉਨ੍ਹਾਂ ਫਿਰ ਪਾਣੀ ਲਿਆਂਦਾ। ਮਹਾਰਾਜ ਨੇ ਪੈਰ ਧੋ ਕੇ ਬਾਕੀ ਦਾ ਡੋਲ੍ਹ ਦਿੱਤਾ। ਇਸ ਤਰ੍ਹਾਂ ਤਿੰਨ ਮਹੀਨੇ ਹੁੰਦਾ ਰਿਹਾ। ਗੁਰੂ ਮਾਲਕ ਦੇਖ ਰਹੇ ਸਨ ਕਿ ਜੇ ਅੱਜ ਗੁਰੂ ਦਾ ਪਾਣੀ ਡੋਲ੍ਹਣਾ ਇਸ ਨੂੰ ਚੁੱਭਿਆ ਤਾਂ ਆਉਣ ਵਾਲੇ ਸਮੇਂ ਇਹ ਸਭ ਨੂੰ ਇਕ ਜਾਣ ਕੇ ਪਾਣੀ ਕਿਵੇਂ ਪਿਲਾਏਗਾ ਪਰ ਭਾਈ ਕਨ੍ਹਈਆ ਜੀ ਤਾਂ ਅਨੰਤ ਨੂੰ ਲੱਭਣ ਲਈ ਆਏ ਸਨ। ਉਨ੍ਹਾਂ ਇਹ ਬਿਖੜੀ ਕਾਰ ਨਿਬਾਹੀ। ਨਾ ਗੁਰੂ ਦੀ ਕਰਨੀ 'ਤੇ ਕੋਈ ਗਿਲਾ ਕੀਤਾ, ਨਾ ਕਿੰਤੂ ਤੇ ਨਾਹੀ ਚਿੰਤਾ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਨਜ਼ਰ ਭਰ ਕੇ ਭਾਈ ਕਨ੍ਹਈਆ ਵੱਲ ਦੇਖਿਆ ਤਾਂ ਸਾਖੀਕਾਰ ਲਿਖਦਾ ਹੈ ਕਿ ''ਉਸ ਸਮੇਂ ਦੇਹੀ ਸ਼ਾਂਤ-ਚਿਤ ਹੋ ਗਈ। ਸਰੀਰ ਮਹਿ ਅਸਰੀਰ ਭਾਸ ਆਇਆ।''

ਆਪ ਜੀ ਨੇ ਕੁਝ ਚਿਰ ਹੋਰ ਜਦ ਸੰਗਤਾਂ ਤੇ ਗੁਰੂ ਸਾਹਿਬ ਦੇ ਘੋੜਿਆਂ ਦੀ ਸੇਵਾ ਕੀਤੀ ਤਾਂ ਬਖ਼ਸ਼ਿਸ਼ਾਂ ਕਰਦੇ ਨੌਵੇਂ ਪਾਤਸ਼ਾਹ ਨੇ ਫ਼ਰਮਾਇਆ : ''ਇਹ ਦਾਤ ਭਰੋਸਗੀ ਦੀ ਤੁਹਾਨੂੰ ਮਿਲੀ ਹੈ, ਹੋਰਨਾਂ ਨੂੰ ਵੀ ਵੰਡੋ।'' ਪਰ ਭਾਈ ਸਾਹਿਬ ਕਹਿਣ ਲੱਗੇ ਕਿ ਕ੍ਰਿਪਾ ਕਰਕੇ ਆਪਣੇ ਚਰਨਾਂ ਪਾਸ ਰੱਖੋ ਤਾਂ ਫਿਰ ਗੁਰੂ ਜੀ ਨੇ ਸਮਝਾਇਆ : ''ਗੁਰੂ ਵਸਤੂ ਬਿਬੇਕ ਹੈ। ਬਿਬੇਕ ਸਹਿਤ ਜੋ ਕਰਮ ਕਰਨੇ ਹਨ, ਇਹ ਹੀ ਚਰਨਾਂ ਪਾਸ ਰਹਿਣਾ ਹੈ। ਕਿਸੇ ਜੀਵ ਦਾ ਹਿਰਦਾ ਪ੍ਰਸੰਨ ਕਰਨਾ, ਕਿਸੇ ਨੂੰ ਗੁਰਮਤਿ ਦੀ ਘਾਸੀ (ਛਾਪ) ਪਾਉਣੀ, ਇਹ ਹੀ ਗੁਰ ਸੇਵਾ ਹੈ।'' ਇਹ ਬਚਨ ਸੁਣ ਕੇ ਆਪ ਜੀ ਅਟਕ ਦੇ ਲਾਗੇ ਚਲੇ ਗਏ।

ਅਟਕ ਤੋਂ ਕੋਈ ਵੀਹ ਕੋਹ ਉਰਾਂ ਇਕ ਪਿੰਡ ਵਿਚ ਧਰਮਸ਼ਾਲ ਰਚ ਕੇ ਸੇਵਾ ਤੇ ਪ੍ਰਚਾਰ ਦਾ ਪ੍ਰਵਾਹ ਚਲਾਇਆ। ਜਲ ਦੀ ਇਲਾਕੇ ਵਿਚ ਥੁੜ੍ਹ ਸੀ। ਥਾਂ-ਥਾਂ ਖੂਹ ਪੁਟਕਾ ਕੇ ਛਬੀਲਾਂ ਲੁਆਈਆਂ। ਰਾਹ ਬਿਖੜੇ ਸਨ, ਇਸ ਲਈ ਰਾਹੀਆਂ ਲਈ ਰੈਣ ਬਸੇਰੇ ਬਣਾਏ। ਧਰਮਸਾਲ ਦੀ ਐਸੀ ਸੋਭਾ ਸੀ ਕਿ ਉਥੇ ਸਭ

ਵਰਣਾਂ, ਧਰਮਾਂ ਦੇ ਲੋਕੀਂ ਆ ਕੇ ਟਿਕਦੇ ਸਨ। ਗੁਰਬਾਣੀ ਵੀਚਾਰ ਹੁੰਦੀ ਰਹਿੰਦੀ ਸੀ। ਧਰਮਸ਼ਾਲ ਵਿਚ ਕੋਈ ਵਿਅਰਥ ਵਾਰਤਾਲਾਪ ਨਹੀਂ ਹੁੰਦਾ ਸੀ। ਹਰ ਕੋਈ ਪ੍ਰੀਤ ਸਹਿਤ ਵਿਹਾਰ ਕਰਦਾ ਸੀ। ਕੀਰਤਨ ਲਈ ਰਬਾਬੀਆਂ ਨੂੰ ਉਚੇਚਾ ਬੁਲਾਇਆ ਗਿਆ ਸੀ। ਹਰ ਆਏ ਜੀਆਂ ਨੂੰ ਸਕੇ-ਸੰਬੰਧੀਆਂ ਤੋਂ ਵੱਧ ਆਦਰ ਮਿਲਦਾ ਸੀ। ਭਾਈ ਜੀ ਦਾ ਮੁਖ ਉਪਦੇਸ਼ ਸੀ, "ਸਾਡਾ ਪੰਥ ਏਕਤਾ ਦਾ ਹੈ। ਸਭ ਜੀਅ ਸਾਡੇ ਹਨ। ਜਲ ਭਰਨ ਵਾਲਾ ਤੇ ਪੀਣ ਵਾਲਾ ਇਕ ਹੈ।" ਉਥੋਂ ਹਰ ਸਾਲ ਅਨੰਦਪੁਰ ਆਉਂਦੇ।

੧੧ ਨਵੰਬਰ, ੧੬੭੫ ਨੂੰ ਸ਼ਾਹੀ ਫ਼ੁਰਮਾਨ ਦੁਆਰਾ ਸ੍ਰੀ ਗੁਰੂ ਤੇਗ਼ ਬਹਾਦਰ ਜੀ ਸ਼ਹੀਦ ਹੋ ਗਏ। ਆਪ ਜੀ ਨੇ ਜਦ ਗੁਰੂ ਜੀ ਦੀ ਸ਼ਹਾਦਤ ਦਾ ਸੁਣਿਆ ਤਾਂ ਕਈ ਦਿਨ ਚੁੱਪ ਰਹੇ। ਉਥੋਂ ਆਨੰਦਪੁਰ ਆਉਂਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮ ਪੁੱਜਿਆ ਕਿ ਜੋ ਵੀ ਸਾਡਾ ਸਿੱਖ ਹੈ, ਸ਼ਸਤਰ ਪਹਿਨੇ ਪਰ ਆਪ ਜੀ ਪਾਣੀ ਦੀਆਂ ਮਸ਼ਕਾਂ ਭਰ-ਭਰ ਲਿਆਉਂਦੇ ਤੇ ਪਿਆਸਿਆਂ ਦੀ ਪਿਆਸ ਬੁਝਾਂਦੇ। ਆਪ ਜੀ ਨੂੰ ਸ਼ਸਤਰ ਨਾ ਪਾਏ ਦੇਖ ਕੇ ਇਕ ਸਿੱਖ ਨੇ ਕਿਹਾ ਕਿ ਗੁਰੂ ਜੀ ਦੀ ਖ਼ੁਸ਼ੀ ਲੈਣੀ ਜੇ ਤਾਂ ਸ਼ਸਤਰ ਜ਼ਰੂਰ ਪਾਵੋ। ਆਪ ਜੀ ਨੇ ਕ੍ਰਿਪਾਨ ਪਹਿਨ ਲਈ। ਇਕ ਦੂਜੇ ਸਿੱਖ ਨੇ ਪੁੱਛਿਆ, "ਭਾਈ ਜੀ! ਤੁਸਾਂ ਕ੍ਰਿਪਾਨ ਕਿਸ ਲਈ ਪਹਿਨੀ ਹੈ?" ਤਾਂ ਨਿਰਛਲ ਜੀਵ ਨੇ ਕਿਹਾ, "ਜਦ ਕੋਈ ਮਾਰਨ ਆਵੇਗਾ ਤਾਂ ਤੇਗ਼ਾ ਕੱਢ ਕੇ ਉਸ ਨੂੰ ਦਿਆਂਗਾ ਤੇ ਆਖਾਂਗਾ ਕਿ ਜੇ ਮਾਰਨਾ ਹੀ ਹੈ ਤਾਂ ਗੁਰੂ ਦੀ ਕ੍ਰਿਪਾਨ ਨਾਲ ਮਾਰ।" ਜਦ ਐਸੇ ਨਿਰਵੈਰ ਬਚਨਾਂ ਦੀ ਗੱਲ ਗੁਰੂ ਗੋਬਿੰਦ ਸਿੰਘ ਜੀ ਤੱਕ ਪੁੱਜੀ ਤਾਂ ਉਨ੍ਹਾਂ ਫ਼ੁਰਮਾਇਆ ਕਿ ਇਸ ਨੂੰ ਕਿਸ ਨੇ ਤੇਗ਼ ਪਹਿਨਣ ਲਈ ਕਿਹਾ ਹੈ? ਇਸ ਦੀ ਘਾਲ ਉਹ ਹੀ ਹੈ ਜੋ ਗੁਰੂ ਪਿਤਾ ਜੀ ਇਸ ਨੂੰ ਦੱਸ ਗਏ ਹਨ। ਇਹੀ ਇਸੀ ਘਾਲ ਵਿਚ ਸਾਬਤ ਹੈ। ਆਪ ਜੀ ਨੇ ਅੱਗੇ ਵੱਧ ਕੇ ਗੁਰੂ ਗੋਬਿੰਦ (ਸਿੰਘ) ਜੀ ਦੇ ਚਰਨ ਪਕੜ ਲਏ ਤੇ ਮਨ ਵਿਚ ਪੱਕਾ ਧਾਰ ਲਿਆ ਕਿ ਸ੍ਰੀ ਗੁਰੂ ਗੋਬਿੰਦ (ਸਿੰਘ) ਜੀ ਵੀ ਜੋ ਕਰਮ ਕਰ ਰਹੇ ਹਨ, ਉਹ ਉਪਕਾਰ ਹੀ ਹੈ। ਤੇਗ਼ ਸੁਟਵਾ ਕੇ ਸੇਵਾ ਲਈ ਤਤਪਰ ਕਰਨਾ ਵੀ ਗੁਰੂ ਸੂਰਮੇ ਦਾ ਕੰਮ ਹੈ। ਗੁਰੂ ਜੀ ਨੇ ਤਿੰਨ ਵਾਰੀ ਨਿਹਾਲ, ਨਿਹਾਲ, ਨਿਹਾਲ ਆਖ ਕੇ ਸੱਚਮੁਚ ਹੀ ਭਾਈ ਜੀ ਨੂੰ ਨਿਹਾਲ ਕਰ ਦਿੱਤਾ। ਭਾਈ ਜੀ ਤਾਂ ਅੱਗੇ ਹੀ ਸੇਵਾ ਵਿਚ ਜੁੱਟੇ ਹੋਏ ਸਨ, ਪਰ ਹੁਣ ਤਾਂ ਸਰੀਰ ਦੀ ਸੁੱਧ-ਬੁੱਧ ਹੀ ਭੁੱਲ ਗਈ। ਸਰੀਰ ਨੂੰ ਬਸਤਰ ਨਿਆਈਂ ਕਹਿੰਦੇ। ਤ੍ਰਿਸ਼ਨਾ ਉੱਤੇ ਉਨ੍ਹਾਂ ਪੂਰਾ ਬਲ ਪਾ ਲਿਆ ਸੀ। ਜਿਵੇਂ ਜਲ ਅੱਗ ਨੂੰ ਠੰਢਾ ਕਰਦਾ ਹੈ, ਤਿਵੇਂ ਘਾਲ ਕਰਕੇ ਉਹ ਨਿਰਛਲ, ਨਿਰਕਪਟ, ਨਿਰਵੈਰ ਵਿਅਕਤੀ ਬਣ ਗਏ ਸਨ। ਜੇ ਕੋਈ ਸਤਿਕਾਰ ਸਹਿਤ ਪਦਾਰਥ ਭੇਟ ਵੀ ਕਰਦਾ ਤਾਂ ਉਸ ਸਮੇਂ ਲੋੜਵੰਦਾਂ ਨੂੰ ਵੰਡ ਦਿੰਦੇ। ਬਹੁਤਾ ਸਮਾਂ ਜਲ ਦੀ ਸੇਵਾ ਵਿਚ ਲਗਾਉਂਦੇ। ਸੇਵਾ ਦੀ ਮਹੱਤਤਾ ਦ੍ਰਿੜ੍ਹ ਕਰਾਉਂਦੇ ਹੋਏ ਕਹਿੰਦੇ ਕਿ "ਜਿਸ ਤਰ੍ਹਾਂ ਕੋਈ ਸਰਾਫ਼ ਪਾਸੋਂ ਸਰਾਫ਼ੀ ਸਿੱਖਣਾ ਚਾਹੇ ਤਾਂ ਸਿਰਫ਼ ਉਪਦੇਸ਼ ਸੁਣਨ ਨਾਲ ਸਰਾਫ਼ੀ ਦਾ ਗੁਣ ਨਹੀਂ ਆ ਜਾਂਦਾ, ਇਵੇਂ ਹੀ ਰਹਿਤ ਨਾਲ ਹੀ ਪਰਮਾਤਮਾ ਮਿਲਦਾ ਹੈ, ਨਿਰੇ ਉਪਦੇਸ਼ ਨਾਲ ਤਾਂ ਮਨ ਸਗੋਂ ਢੀਠ ਹੋ ਜਾਂਦਾ ਹੈ। ਠਠਿਆਰਾਂ ਦੀ ਭੱਠੀ ਵਾਂਗ, ਮਨ ਦੀ ਮੈਲ ਸੇਵਾ ਹੀ ਉਤਾਰ ਸਕੇਗੀ।" ਜਦ ਅੱਗੋਂ ਕਿਸੇ ਨੇ ਪੁੱਛਿਆ ਕਿ ਸੇਵਾ ਕਿਸ ਦੀ ਕਰੀਏ? ਤਾਂ ਕਹਿਣ ਲੱਗੇ, "ਘੱਟ-ਘੱਟ ਮਹਿ ਰਮੇ ਰਾਮ ਨੂੰ ਜਾਣ ਕਰ ਸੇਵਾ ਕਰਨੀ ਭਲੀ ਯੁਕਤ ਹੈ।" ਗਵਾਂਢੀ ਲੋਕ ਤਾਂ ੨੪ ਅਵਤਾਰ ਮੰਨਦੇ ਹਨ, ਪਰ ਗੁਰੂ ਦਾ ਸਿੱਖ ਤਾਂ

ਜੇਤੇ ਪ੍ਰਾਣੀ ਮਾਤਰ ਹੈ, ਸਭੀ ਅਵਤਾਰ ਦ੍ਰਿਸ਼ਟੀ ਦੇਖਦੇ ਹਨ, ਨਿਸਚਾ ਐਸਾ ਬਣ ਜਾਂਦਾ ਹੈ ਕਿ ਸਾਰੇ ਜੀਵ ਪ੍ਰਮਾਤਮਾ ਤੋਂ ਉਤਪੰਨ ਹੋਏ ਲਗਦੇ ਹਨ। ਬੁੱਧੀ ਵਿਸ਼ਾਲ ਹੋ ਜਾਂਦੀ ਹੈ ਤੇ ਘੇਰਾ ਗਗਨ ਜਿੰਨਾ ਚੌੜਾ। ਫਿਰ "ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ" ਦੇ ਸ਼ਬਦ ਦੀ ਧੁਨੀ ਲਗਾ ਦਿੰਦੇ। ਨਿਰੇ ਭੋਗਾਂ ਭੋਗਣ ਵਾਲੇ ਨੂੰ ਕਹਿੰਦੇ ਕਿ "ਉਦਰ ਲਈ ਖਾਓ, ਮਨ ਲਈ ਨ ਖਾਓ।" ਨਿੰਦਿਆ ਤੋਂ ਸਦਾ ਹੀ ਵਰਜਦੇ। ਆਖਦੇ, "ਮੱਤ ਉਹ ਹੀ ਉੱਚੀ ਹੈ ਜੋ ਨਿੰਦਿਆ ਤੋਂ ਰਹਿਤ ਹੈ। ਨਿੰਦਿਆ ਵਾਲੀ ਵੀ ਕੋਈ ਮੱਤ ਹੈ।"

ਆਨੰਦਪੁਰ ਤੋਂ ਪਾਉਂਟਾ ਸਾਹਿਬ ਨਾਲ ਹੀ ਗਏ ਤੇ ਜਦ ਜੰਗਾਂ ਦਾ ਦੌਰ ਚੱਲ ਪਿਆ ਤਾਂ ਆਪ ਜੀ ਨੇ ਪਾਣੀ ਪਿਲਾਉਣ ਦੀ ਅਤਿ ਕਠਿਨ ਸੇਵਾ ਸੰਭਾਲ ਲਈ। ਜੰਗ ਦੇ ਮੈਦਾਨ ਵਿਚ ਬੇਬਾਕੀ ਨਾਲ ਚਲੇ ਜਾਂਦੇ। ਖੱਬੇ ਹੱਥ ਚਿੱਟਾ ਝੰਡਾ ਰੱਖਦੇ ਤੇ ਕੱਪੜੇ ਵੀ ਸਫ਼ੈਦ ਹੀ ਪਹਿਨਦੇ। ਬਿਨਾਂ ਵਿਤਕਰੇ ਦੇ ਪਾਣੀ ਪਿਲਾਣ। ਉਨ੍ਹਾਂ ਦੀ ਦ੍ਰਿਸ਼ਟੀ ਵਿਚ ਹਿੰਦੂ-ਮੁਸਲਮਾਨ-ਸਿੱਖ ਦੀ ਲੀਕ ਮੁੱਕ ਚੁੱਕੀ ਸੀ। ਉਨ੍ਹਾਂ ਦੇ ਸਾਹਮਣੇ ਸਾਰੇ ਹੀ ਤਿਹਾਏ ਸਨ। 'ਸੂਰਜ ਪ੍ਰਕਾਸ਼' ਦੇ ਮਹਾਨ ਲਿਖਾਰੀ ਨੇ ਲਿਖਿਆ ਹੈ:

***ਜਿਮ ਸਿੰਘਨ ਕੌ ਜਾਇ ਪਿਲਾਵੈ।***
***ਤਿਮ ਤੁਰਕਨ ਕੌ ਨਿਤ ਤ੍ਰਿਪਾਵੈ।***

ਲੜਦੀਆਂ ਫ਼ੌਜਾਂ ਵਿਚ ਸਿੱਖ ਸਿਪਾਹੀ ਇਹ ਦੇਖ ਕੇ ਗ਼ੁੱਸੇ ਹੁੰਦੇ। ਕੁਝ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਕਿ ਭਾਈ ਸਾਹਿਬ ਨੂੰ ਵਿਰੋਧੀਆਂ ਨੇ ਖ਼ਰੀਦ ਲਿਆ ਹੈ ਤੇ ਭਾਰੀ ਮੁੱਠ ਤਾਰ ਦਿੱਤੀ ਹੈ:

***ਗਿਰਪਤਿ ਗਨੇ ਸੌ ਮਿਲਿਓ ਲਖੀਜੈ।***
***ਕੁਛ ਲਾਲਚ ਕਰ ਦੇਤ ਜਨੀਜੈ।***

ਆਖ਼ਰ ਸ਼ਿਕਾਇਤਾਂ ਗੁਰੂ ਗੋਬਿੰਦ ਸਿੰਘ ਜੀ ਤੱਕ ਪੁੱਜੀਆਂ। ਗੁਰੂ ਜੀ ਨੇ ਸੱਦ ਘੱਲਿਆ ਤੇ ਸਿੱਖਾਂ ਦੀ ਸ਼ਿਕਾਇਤ ਸੁਣਾਈ ਕਿ ਤੁਸੀਂ ਜੰਗ ਵਿਚ ਪਾਣੀ ਪਿਲਾਉਣ ਵੇਲੇ ਸਿੱਖ ਵੱਲ ਨਹੀਂ ਦੇਖਦੇ ਤੇ ਮੁਸਲਮਾਨਾਂ ਨੂੰ ਵੀ ਪਾਣੀ ਪਿਲਾਈ ਜਾਂਦੇ ਹੋ। ਭਾਈ ਜੀ ਨੇ ਹੱਥ ਜੋੜ ਬੇਨਤੀ ਕੀਤੀ ਕਿ ਉਸ ਨੇ ਤਾਂ ਕਦੇ ਤੁਰਕ ਜਾਂ ਹਿੰਦੂ ਨੂੰ ਪਾਣੀ ਨਹੀਂ ਪਿਲਾਇਆ। ਉਹ ਤਾਂ ਹਰ ਥਾਂਵੇਂ ਆਪ ਜੀ ਦਾ ਹੀ ਰੂਪ ਦੇਖਦਾ ਹੈ।

ਭਾਈ ਸੰਤੋਖ ਸਿੰਘ ਜੀ ਦੇ ਸ਼ਬਦਾਂ ਵਿਚ:

***ਜਹਾਂ ਤਹਾਂ ਇਕ ਰੂਪ ਤੁਮਾਰਾ।***
***ਨਹ ਦੂਸਰ ਮੈਂ ਕੋਊ ਨਿਹਾਰਾ॥ ੩੩॥***
***ਸਭ ਮਹਿ ਰਹਿ ਬਿਰਾਜ ਸਮਾਨਾ।***
***ਸਤ੍ਰ ਮਿਤ੍ਰ ਕੌ ਜਾਇ ਨ ਜਾਨਾ॥***
***ਸਭ ਥਲ ਤੁਮਰੋ ਰੂਪ ਨਿਹਾਰੋਂ।***
***ਭੇਦ ਭਿੰਨ ਕੌ ਨ ਬਿਚਾਰੋਂ॥ ੩੪॥***

***ਮੋ ਕੋ ਤੋ ਇਮ ਹੀ ਦ੍ਰਿਸਟਾਵੈ।***
***ਤੁਮ ਬਿਨ ਦੂਸਰ ਨਦਰ ਨ ਆਵੈ॥ ੩੫॥***
***ਨਾ ਪਹਾਰੀ ਮਹਿਰ ਕੋਊ ਦੂਜਾ।***
***ਜਹਿ ਕਹਿ ਕਰਹਿ ਆਪ ਕੀ ਪੂਜਾ॥ ੩੬॥***

(ਰੁੱਤ ੬, ਅਧਿਆਏ ੨੯)

ਇਹ ਸੁਣ ਕੇ ਕਲਗ਼ੀਆਂ ਵਾਲੇ ਨੇ ਸਭ ਨੂੰ ਵਰਜਿਆ ਕਿ ਇਸ ਨੂੰ ਕੋਈ ਨ ਰੋਕੇ ਤੇ ਨਾਂਹ ਹੀ ਕੋਈ ਇਸ ਦੀ ਕਰਣੀ 'ਤੇ ਸ਼ੱਕ ਕਰੇ।

***ਇਸ ਕੋ ਕਿਸ ਬਿਧ ਕਹੋ ਨ ਕੋਈ।***
***ਕਰੈ ਜਥੋ ਚਿਤ ਜਿਮ ਉਰ ਹੋਈ।***

ਤੇ ਫਿਰ ਮੱਲ੍ਹਮ ਤੇ ਪੱਟੀ ਬਖ਼ਸ਼ਦੇ ਹੋਏ ਕਿਹਾ ਕਿ ਫੱਟਾਂ ਉੱਤੇ ਮਲ੍ਹਮ ਪਟੀ ਵੀ ਲੱਗਾ ਦਿੱਤਾ ਕਰੋ। ਸ੍ਰੀ ਰਤਨ ਮਾਲ ਵਾਲਾ ਲਿਖਦਾ ਹੈ ਕਿ: "ਉਹ ਸਿੰਘਾਂ ਬੀਚ ਤੇ ਤੁਰਕਾਂ ਬੀਚ ਭੀ ਬਿਚਰਦੇ। ਕੋਈ ਇਸ ਕੋ ਅਟਕਾਵੇ ਨਾਹੀਂ। ਨਿਸ਼ੰਕ ਹੋ ਫਿਰੈਂ। ਇਕ ਸਮਾਨ ਸਭੀ ਕੋ ਜਾਨ ਕੈ ਸੇਵਾ ਬੜੇ ਪ੍ਰੇਮ ਸੇ ਕਰਹਿ। ਅਰ ਸਾਧੂ ਜਾਣ ਕੈ ਸਭੀ ਨਮਸਕਾਰ ਕਰੈਂ, ਕੋਈ ਇਸਕੋ ਦੁਖਾਵੈ ਨਾਹੀਂ।"

ਆਪ ਜੀ ਦੀ ਅਗਵਾਈ ਹੇਠ ਕਈ ਹੋਰ ਭਾਈ ਕਨ੍ਹਈਆ ਪੈਦਾ ਹੋਏ ਜੋ ਜੰਗਾਂ ਵਿਚ ਤੁਰਕ ਅਤੁਰਕ ਦਾ ਵਿਤਕਰਾ ਮੇਟ ਕੇ ਜਲ ਦੀ ਸੇਵਾ ਤੇ ਫੱਟਾਂ ਨੂੰ ਸੀ ਕੇ ਪੱਟੀ ਬੰਨ੍ਹਦੇ।

ਧਨਾਸਰੀ ਮਹਲਾ ੫ ॥ ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥ ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ॥ ੧ ॥ ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ ॥ ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ॥ ਰਹਾਉ ॥ ਪ੍ਰਤਿਪਾਲੈ ਅਪਿਆਉ ਦੇਇ ਕਛੁ ਊਨ ਨ ਹੋਈ॥ ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ॥ ੨ ॥ ਅਛਲ ਅਛੇਦ ਅਪਾਰ ਪ੍ਰਭ ਊਚਾ ਜਾ ਕਾ ਰੂਪੁ॥ ਜਪਿ ਜਪਿ ਕਰਹਿ ਅਨੰਦੁ ਜਨ ਅਚਰਜ ਆਨੂਪੁ॥ ੩ ॥ ਸਾ ਮਤਿ ਦੇਹੁ ਦਇਆਲ ਪ੍ਰਭ ਜਿਤੁ ਤੁਮਹਿ ਅਰਾਧਾ॥ ਨਾਨਕੁ ਮੰਗੈ ਦਾਨੁ ਪ੍ਰਭ ਰੇਨ ਪਗ ਸਾਧਾ॥ ੪ ॥ ੩ ॥ ੨੭ ॥

## ਪਦ ਅਰਥ :

ਜਹ ਜਹ- ਜਿੱਥੇ ਜਿੱਥੇ। ਪੇਖਉ-ਮੈਂ ਵੇਖਦਾ ਹਾਂ। ਤਹ-ਉਥੇ। ਹਜੂਰਿ-ਹਾਜ਼ਰ ਨਾਜ਼ਰ। ਕਤਹੁ-ਕਿਸ ਤੋਂ। ਜਾਈ-ਥਾਂ। ਰਵਿ ਰਹਿਆ-ਵੱਸ ਰਿਹਾ ਹੈ। ਸਰਬਤ ਮੈ-ਸਭਨਾ ਵਿਚ। ਧਿਆਈ-ਸਿਮਰ। ਈਤ-ਇਸ

(ਲੋਕ ਵਿਚ)। ਊਤ-ਉਸ (ਲੋਕ ਭਾਵ ਪ੍ਰਲੋਕ ਵਿਚ)। ਨਹੀ ਬੀਛੁੜੈ-ਨਹੀ ਵਿਛੁੜਦਾ, ਅਲੱਗ ਨਹੀਂ ਹੁੰਦਾ। ਸੰਗੀ-ਸਾਥੀ। ਗਨੀਐ-ਸਮਝਿਆ ਜਾਂਦਾ ਹੈ। ਨਿਮਖ ਮਹਿ-ਅੱਖ ਝਮਕਣ ਜਿਤਨੇ ਸਮੇਂ ਵਿਚ। ਅਲਪ-ਤੁੱਛ, ਥੋੜਾ ਜਿਹਾ। ਭਨੀਐ-ਆਖਿਆ ਜਾਂਦਾ ਹੈ। ਅਪਿਆਉ-ਭੋਜਨ, ਖ਼ੁਰਾਕ। ਊਨ-ਕਮੀ, ਥੁੜ੍ਹ। ਅਛਲ-ਜਿਸ ਨੂੰ ਛਲਿਆ ਨਹੀਂ ਜਾ ਸਕਦਾ। ਅਛੇਦ-ਜਿਸ ਨੂੰ ਵਿੰਨ੍ਹਿਆ ਨਹੀਂ ਜਾ ਸਕਦਾ। ਅਪਾਰ-ਪਾਰ ਤੋਂ ਰਹਿਤ, ਬੇਅੰਤ। ਅਨੂਪ-ਉਪਮਾ ਤੋਂ ਰਹਿਤ। ਸਾ-ਓਹ। ਜਿਤੁ-ਜਿਸ (ਮਤਿ) ਰਾਹੀਂ। ਤੁਮਹਿ-ਤੈਨੂੰ। ਅਰਾਧਾ-ਸਿਮਰਾਂ। ਰੇਨ-ਧੂੜ। ਪਗ ਸਾਧਾ-ਸੰਤਾਂ ਦੇ ਚਰਨਾਂ ਦੀ।

## ਅਰਥ :

(ਹੇ ਭਾਈ !) ਜਿਥੇ ਜਿਥੇ ਮੈਂ ਵੇਖਦਾ ਹਾਂ, ਉਥੇ ਹੀ (ਪ੍ਰਮਾਤਮਾ) ਹਾਜ਼ਰ ਨਾਜ਼ਰ ਹੈ, ਉਹ ਕਿਸੇ ਜਗ੍ਹਾ ਤੋਂ ਵੀ ਦੂਰ ਨਹੀਂ ਹੈ। (ਉਹ ਪਰਮਾਤਮਾ) ਸਾਰਿਆਂ ਵਿਚ ਵੱਸ ਰਿਹਾ ਹੈ। ਹੇ ਮਨ ! ਤੂੰ (ਉਸ ਪ੍ਰਭੂ ਨੂੰ ਸਾਰਿਆਂ ਵਿਚ ਵਿਆਪਕ ਜਾਣ ਕੇ) ਸਦਾ ਹੀ ਸਿਮਰਨ ਕਰ। ੧। (ਹੇ ਭਾਈ ! ਜਿਹੜਾ) ਇਸ ਲੋਕ ਅਤੇ ਪ੍ਰਲੋਕ ਵਿਚ ਨਹੀਂ ਵਿਛੜਦਾ, ਉਹ (ਪ੍ਰਭੂ ਹੀ ਅਸਲ) ਸਾਥੀ ਗਿਣਿਆ ਜਾਂਦਾ ਹੈ। ਜੋ ਸੁੱਖ ਅੱਖ ਦੇ ਝਮਕਣ ਜਿਤਨੇ ਸਮੇਂ ਵਿਚ ਨਾਸ਼ ਹੋ ਜਾਂਦਾ ਹੈ, ਉਹ ਸੁੱਖ ਤੁੱਛ ਕਥਨ ਕੀਤਾ ਜਾਂਦਾ ਹੈ। ਰਹਾਉ।

(ਹੇ ਭਾਈ !) ਉਹ ਪ੍ਰਮਾਤਮਾ ! ਸਰਬ (ਜੀਆਂ ਨੂੰ) ਭੋਜਨ ਦੇ ਕੇ ਪਾਲਦਾ ਹੈ (ਉਸ ਦੇ ਕੰਮਾਂ ਵਿਚ) ਕਿਸੇ ਪ੍ਰਕਾਰ ਦੀ ਕਮੀ ਨਹੀਂ ਹੁੰਦੀ। ਉਹ ਮੇਰਾ ਪ੍ਰਭੂ ਹਰੇਕ ਸਾਹ ਨਾਲ (ਭਾਵ ਸ੍ਵਾਸ ਸ੍ਵਾਸ ਵਿਚ ਸਾਡੀ) ਪਾਲਣਾ ਤੇ ਸੰਭਾਲ ਕਰਦਾ ਹੈ। ੨। (ਹੇ ਭਾਈ ! ਜੋ ਪਰਮਾਤਮਾ ਕਿਸੇ ਤੋਂ) ਛਲਿਆ ਨਹੀਂ ਜਾ ਸਕਦਾ, ਤੇ ਵਿੰਨ੍ਹਿਆ ਨਹੀਂ ਜਾ ਸਕਦਾ ਅਤੇ ਬੇਅੰਤ ਪ੍ਰਭੂ ਜਿਸ ਦਾ ਰੂਪ ਉੱਚਾ ਹੈ (ਭਾਵ ਉਹ ਉੱਚੀ ਹਸਤੀ ਵਾਲਾ ਹੈ) (ਉਸ ਪ੍ਰਭੂ ਦੇ) ਸੇਵਕ ਉਸ (ਪ੍ਰਮਾਤਮਾ ਦਾ ਨਾਮ) ਜਪ ਜਪ ਕੇ (ਆਤਮਿਕ) ਅਨੰਦ ਮਾਣਦੇ ਹਨ। (ਉਹ ਪ੍ਰਭੂ) ਅਸਚਰਜ ਤੇ ਸੁੰਦਰ ਰੂਪ ਹੈ। (ਉਸ ਦੀ) ਉਪਮਾ ਨਹੀਂ ਕਹੀ ਜਾ ਸਕਦੀ। ੩।

ਹੇ ਪ੍ਰਭੂ ! ਦਇਆਲੂ (ਪ੍ਰਮਾਤਮਾ) ! ਮੈਨੂੰ ਉਹ (ਸ੍ਰੇਸ਼ਟ) ਮਤਿ ਦਿਉ, ਜਿਸ ਮਤਿ ਨਾਲ ਮੈਂ ਤੁਹਾਨੂੰ ਸਿਮਰਾਂ ! ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਹੇ ਪ੍ਰਭੂ ! ਮੈਂ ਤੇਰੇ ਪਾਸੋਂ ਸਾਧੂ ਜਨਾਂ ਦੇ ਚਰਨਾਂ ਦੀ ਧੂੜ ਦਾ ਦਾਨ ਮੰਗਦਾ ਹਾਂ (ਆਪ ਬਖ਼ਸ਼ਿਸ਼ ਕਰਕੇ ਕ੍ਰਿਪਾ ਕਰੋ ਜੀ)। ੪। ੩। ੨੭।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੯੫ (ਅੰਗ ੬੭੯-੮੦)

ਧਨਾਸਰੀ ਮਹਲਾ ੫ ॥

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥ ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ ॥ ੧ ॥ ਠਾਕੁਰੁ ਗਾਈਐ ਆਤਮ ਰੰਗਿ ॥ ਸਰਣੀ ਪਾਵਨ ਨਾਮ ਧਿਆਵਨ ਸਹਜਿ ਸਮਾਵਨ ਸੰਗਿ ॥ ੧ ॥ ਰਹਾਉ ॥ ਜਨ ਕੇ ਚਰਨ ਵਸਹਿ ਮੇਰੈ ਹੀਅਰੈ ਸੰਗਿ ਪੁਨੀਤਾ ਦੇਹੀ ॥ ਜਨ ਕੀ ਧੂਰਿ ਦੇਹੁ ਕਿਰਪਾ ਨਿਧਿ ਨਾਨਕ ਕੈ ਸੁਖੁ ਏਹੀ ॥ ੨ ॥ ੪ ॥ ੩੫ ॥

# ਪ੍ਰਾਕ੍ਰਥਨ :-

ਇਹ ਸ੍ਰੀ ਮੁਖਵਾਕ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਧਨਾਸਰੀ ਰਾਗੁ ਵਿਚ ਅੰਕਿਤ ਹੈ। ਇਸ ਸ਼ਬਦ ਦੇ ਆਰੰਭ ਵਿਚ ਗੁਰਦੇਵ ਨੇ ਸੂਰਮੇ ਦਾ ਜ਼ਿਕਰ ਕੀਤਾ ਹੈ। ਸੂਰਮਾ ਵੀ ਉਸ ਨੂੰ ਕਿਹਾ ਹੈ ਜਿਸਨੂੰ ਹਰੀ ਦੇ ਨਾਮ ਦਾ ਰੰਗ ਚੜ੍ਹਿਆ ਹੈ। ਨਾਮ ਰੰਗ ਵਿਚ ਰੰਗਿਆ ਹੋਇਆ ਆਪਣੇ ਮਨ ਦੁਸ਼ਮਣ ਨੂੰ ਜਿੱਤ ਲੈਂਦਾ ਹੈ। ਪਰ ਇਸ ਦੁਸ਼ਮਣ ਨੂੰ ਉਹੀ ਜਿੱਤ ਸਕਦਾ ਹੈ, ਜਿਸ ਦਾ ਗੁਰੂ ਪੂਰਾ ਤੇ ਸੂਰਾ ਹੈ।

## ਵਿਸ਼ਾ—ਸੋ ਕਹੀਅਤੁ ਹੈ ਸੂਰਾ

ਸਿੱਖ ਇਤਿਹਾਸ ਸੂਰਮਿਆਂ ਦੀਆਂ ਵੰਨ-ਸੁਵੰਨੀਆਂ ਸ਼ਹੀਦੀਆਂ ਨਾਲ ਭਰਿਆ ਪਿਆ ਹੈ। ਇਸ ਨੂੰ ਸੂਰਮੇ ਸ਼ਹੀਦਾਂ ਦੀ ਕੌਮ ਵੀ ਕਿਹਾ ਜਾਵੇ ਤਾਂ ਕੋਈ ਅਤਿ ਕਥਨੀ ਨਹੀਂ। ਪੰਚਮ ਗੁਰਦੇਵ ਨੇ ਹੱਕ ਇਨਸਾਫ਼ ਦੀ ਖ਼ਾਤਰ ਤਤੀਆਂ ਤਵੀਆਂ 'ਤੇ ਬੈਠ ਕੇ 'ਯਾਸਾ' ਵਿਧੀ ਅਨੁਸਾਰ ਦਿਲ ਕੰਬਾਉਣੇ ਅਤਿਆਚਾਰ ਸਰਬ ਸ਼ੁਕਰ ਨਾਲ ਝੱਲ ਕੇ ਆਪਣੀ ਸ਼ਹਾਦਤ ਦੇ ਕੇ ਸਿੱਖ ਕੌਮ ਵਿਚ ਸੱਚੀ ਸੁਚੀ ਸ਼ਹਾਦਤ ਦਾ ਨਵਾਂ ਆਧਿਆਇ ਆਰੰਭਿਆ। ਗੁਰੂ ਨਾਨਕ ਦੇਵ ਜੀ ਦੇ ਇਹਨਾਂ ਸ਼ਬਦਾਂ ਨੂੰ ਇੰਨ ਬਿੰਨ ਸੱਚ ਕਰਕੇ ਵਿਖਾਲਿਆ :

***ਮਰਣੁ ਮੁਣਸਾ ਸੂਰਿਆ ਹਕੁ ਹੈ, ਜੋ ਹੋਇ ਮਰਨਿ ਪਰਵਾਣੋ॥***
***ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ॥***

(ਅੰਗ ੫੭੯)

ਸਿੱਖ ਕੌਮ ਵਿਚ ਸੂਰਮੇ ਤੇ ਆਪਾ ਵਾਰ ਕੇ ਸ਼ਹਾਦਤ ਦੇਣ ਦੀ ਤੇ ਸੂਰਮਗਤੀ ਦਿਖਾਉਣ ਦੀ ਇਹ ਜੀਵਨ ਜਾਚ ਪਹਿਲੇ ਗੁਰਦੇਵ ਗੁਰੂ ਨਾਨਕ ਦੇਵ ਜੀ ਨੇ ਪ੍ਰਾਰੰਭ ਕਰ ਦਿੱਤੀ ਸੀ। ਕਿਉਂਕਿ ਗੁਰਦੇਵ ਨੇ ਨਿਮਾਣੀ ਤੇ ਨਿਤਾਣੀ ਹੋਈ ਕੌਮ ਨੂੰ ਹਰ ਪੱਖੋਂ ਬਲਵਾਨ ਬਣਾ ਕੇ ਅਨੋਖੀ ਜੀਵਨ ਦੀ ਜਾਚ ਸਿਖਾਈ ਹੈ।

***ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥***
***ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥***

(ਅੰਗ ੧੪੧੨)

ਭਗਤ ਕਬੀਰ ਜੀ ਦਾ ਵੀ ਸੂਰਮੇ ਦੇ ਸੰਬੰਧ ਵਿਚ ਸੁੰਦਰ ਫ਼ੁਰਮਾਣ ਹੈ:-

***ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ॥***
***ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥***

(ਅੰਗ ੧੩੬੫)

ਅਥਵਾ :

***ਜੋ ਸੂਰਾ ਤਿਸ ਹੀ ਹੋਇ ਮਰਣਾ॥ ਜੋ ਭਾਗੈ ਤਿਸੁ ਜੋਨੀ ਫਿਰਣਾ॥***

(ਅੰਗ ੧੦੧੯)

ਐਸੇ ਸੂਰਮੇ ਧਰਮ ਦੀ ਰੱਖਿਆ ਲਈ ਅਨਿਆ ਵਿਰੁੱਧ ਜੂਝਦੇ ਹੋਏ ਗੁਰੂ ਦਾਤੇ ਦੇ ਦੱਸੇ ਮਾਰਗ 'ਤੇ ਚੱਲਦੇ ਹੋਏ ਹੰਸੂ-ਹੰਸੂ ਕਰਦਿਆਂ ਸ਼ਹਾਦਤ ਦਾ ਜਾਮ ਪੀ ਲੈਂਦੇ ਹਨ। ਐਸੇ ਗੁਰੂ ਕੇ ਲਾਡਲੇ ਸੂਰਮਿਆਂ ਨੇ ਬੰਦ ਬੰਦ ਕਟਵਾਏ, ਆਰਿਆ ਨਾਲ ਚੀਰੇ ਗਏ, ਖੋਪਰੀਆਂ ਲੁਹਾਈਆਂ, ਮਾਤਾਵਾਂ ਨੇ ਆਪਣੇ ਪੁੱਤਰਾਂ ਦੇ ਟੁਕੜੇ ਕਰਾ ਆਪਣੇ ਗਲਾਂ ਵਿਚ ਹਾਰ ਪੁਆ ਲਏ। ਬਾਬਾ ਬੰਦਾ ਸਿੰਘ ਬਹਾਦਰ ਜੈਸੇ ਸੂਰਮਿਆਂ ਨੇ ਆਪਣੇ ਨੰਨੇ-ਮੁੰਨੇ ਪੁੱਤਰ ਅਜੇ ਸਿੰਘ ਜੈਸਿਆਂ ਦੇ ਕਾਲਜੇ ਕਢਾ ਕੇ ਆਪਣੇ ਮੂੰਹ ਵਿਚ ਪੁਆ ਲਏ ਅਤੇ ਆਪਣੇ ਸਰੀਰ ਦੇ ਮਾਸ ਨੂੰ ਜੰਬੂਰਾਂ ਦੇ ਨਾਲ ਨੋਚਣ ਤੋਂ ਜ਼ਰਾ ਭਰ ਵੀ ਡੋਲੇ ਨਹੀਂ। ਸੰਸਾਰ ਦੇ ਇਤਿਹਾਸ ਵਿਚ ਇਕ ਇਹ ਵੀ ਨਵੀਂ ਗਾਥਾ ਸੀ ਕਿ ਕਿਸੇ ਰਹਿਬਰ ਨੇ ਮਨੁੱਖਤਾ ਰੂਪੀ ਫੁਲਵਾੜੀ ਨੂੰ ਹਰਿਆ ਭਰਿਆ ਰੱਖਣ ਲਈ ਆਪਣੇ ਸਰਬੰਸ ਦੇ ਖ਼ੂਨ ਨਾਲ ਸਿੰਜਿਆ ਹੋਵੇ ਤੇ ਸਰਬੰਸ ਦਾਨੀ ਬਣੇ ਹੋਣ। ਇਹ ਮਾਣ ਕੇਵਲ ਤੇ ਕੇਵਲ ਵਰਿਆਮ, ਮਰਦ-ਅਗੰਮੜੇ ਅਤੇ ਸਾਹਿਬ-ਏ-ਕਮਾਲ ਦਸਮੇਸ਼ ਪਿਤਾ ਜੀ ਨੂੰ ਪ੍ਰਾਪਤ ਹੈ, ਜੋ ਧਰਮ ਯੁੱਧ ਲਈ ਜੀਵਨ ਭਰ ਜੂਝਦੇ ਰਹੇ:

***ਦਸਮ ਕਥਾ ਭਗੌਤ ਕੀ ਭਾਖਾ ਕਰੀ ਬਨਾਇ॥***
***ਅਵਰ ਬਾਸਨਾ ਨਾਹਿ ਪ੍ਰਭ ਧਰਮ ਜੁਧ ਕੇ ਚਾਇ॥***

(ਕ੍ਰਿਸ਼ਨਾਵਤਾਰ, ਦਸਮ ਗ੍ਰੰਥ)

ਗੁਰਦੇਵ ਦਾ ਪਾਵਨ ਫ਼ੁਰਮਾਨ ਹੈ:

***ਹਉ ਬਲਿਹਾਰੀ ਸਤਿਗੁਰ ਪੂਰੇ॥ ਸਰਣਿ ਕੇ ਦਾਤੇ ਬਚਨ ਕੇ ਸੂਰੇ॥***

(ਅੰਗ ੧੦੭੩)

ਨਾਵੇਂ ਗੁਰੂ ਜੀ ਨੇ ਸ਼ਰਨ ਆਏ ਹਿੰਦੂਆਂ ਦੀ ਬਾਂਹ ਪਕੜੀ ਅਤੇ ਜੋ ਬਚਨ ਕੀਤਾ, ਚਾਂਦਨੀ ਚੌਕ ਵਿਚ ਆਪਣਾ ਸੀਸ ਦੇ ਕੇ ਉਸਨੂੰ ਪੂਰਾ ਕਰ ਦਿੱਤਾ। ਇਸ ਬਚਨ ਦੇ ਸੂਰੇ ਗੁਰੂ ਤੇਗ਼ ਬਹਾਦਰ ਜੀ ਦੀ ਕੁਰਬਾਨੀ ਦਾ ਚਾਂਦ ਭੱਟ ਨੇ ਇਸ ਤਰ੍ਹਾਂ ਜ਼ਿਕਰ ਕੀਤਾ:

***ਬਾਂਹਿ ਜਿਨਾ ਕੀ ਪਕੜੀਏ ਸਿਰ ਦੀਜੈ ਬਾਂਹਿ ਨ ਛੋੜੀਏ॥***
***ਗੁਰੂ ਤੇਗ਼ ਬਹਾਦਰ ਬੋਲਿਆ ਧਰ ਪਈਏ ਧਰਮ ਨ ਛੋੜੀਏ॥***

ਅਤੇ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦੇ ਗੁਰਦੇਵ ਦੇ ਇਹਨਾਂ ਬਚਨਾਂ ਅਨੁਸਾਰ:

***ਜਬ ਆਵ ਕੀ ਅਉਧਿ ਨਿਧਾਨ ਬਨੈ ਅਤਿ ਹੀ ਰਣ ਮੈਂ ਤਬ ਜੂਝ ਮਰੋਂ॥***

ਚਮਕੌਰ ਦੀ ਜੰਗ ਵਿਚ ਦੋਨੋਂ ਸਵਾ-ਸਵਾ ਲੱਖ ਨਾਲ ਜੂਝ ਕੇ ਆਪਾ ਵਾਰ ਗਏ। ਗੁਰਬਾਣੀ ਦੇ ਇਹਨਾਂ ਪਾਵਨ ਬਚਨਾਂ ਦੇ ਅਰਥਾਂ ਨੂੰ ਲਾਮਸਾਲੀ ਅਸਲੀ ਜਾਮਾ ਪਵਾ ਗਏ:

***ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ॥***
***ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੌ ਦਾਉ॥੧॥***
***ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥***
***ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥੨॥***

(ਅੰਗ ੧੧੦੫)

ਗੁਰਦੇਵ ਦੇ ਛੋਟੇ ਸਾਹਿਬਜ਼ਾਦੇ ਸਰਹਿੰਦ ਦੀਆਂ ਨੀਹਾਂ ਵਿਚ ਚਿਣੇ ਗਏ ਅਤੇ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਚੌਹਾਂ ਜੰਗਾਂ ਸਮੇਂ ਸਿੱਖ ਸੂਰਮਿਆਂ ਦੀਆਂ ਸ਼ਹਾਦਤਾਂ ਲਾ ਮਿਸਾਲ ਹਨ। ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਾਰੀਆਂ ਜੰਗਾਂ ਸਮੇਂ ਮਹਾਨ ਗੁਰੂ ਕੇ ਸਿੰਘ ਸੂਰਮਿਆਂ ਦੀਆਂ ਸ਼ਹਾਦਤਾਂ ਅਤੇ ਭਾਈ ਮਨੀ ਸਿੰਘ ਜੀ, ਬਾਬਾ ਦੀਪ ਸਿੰਘ ਜੀ, ਭਾਈ ਤਾਰੂ ਸਿੰਘ, ਭਾਈ ਮਹਿਤਾਬ ਸਿੰਘ, ਭਾਈ ਸੁਖਾ ਸਿੰਘ, ਇਹਨਾਂ ਤੋਂ ਬਾਅਦ ਖ਼ਾਲਸਾ ਰਾਜ ਸਮੇਂ ਦੇ ਮਹਾਨ ਸੂਰਮੇ ਜਰਨੈਲਾਂ ਦੇ ਪ੍ਰਸੰਗ ਵੀ ਸਿੱਖ ਇਤਿਹਾਸ ਅੰਦਰ ਸੁਨਹਿਰੀ ਅੱਖਰਾਂ ਨਾਲ ਲਿਖੇ ਮਿਲਦੇ ਹਨ। ਛੋਟਾ ਘੱਲੂਘਾਰਾ ਤੇ ਵੱਡੇ ਘੱਲੂਘਾਰੇ ਦੇ ਸਿੱਖ ਸੂਰਮੇ ਸ਼ਹੀਦਾਂ ਦੇ ਪ੍ਰਸੰਗ ਵੀ ਵਰਨਣ ਯੋਗ ਹਨ। ਇਸ ਤੋਂ ਬਾਅਦ ਕਿਤੇ ਨਨਕਾਣਾ ਸਾਹਿਬ ਦੇ ਸਾਕੇ, ਜੈਤੋ, ਗੁਰੂ ਕਾ ਬਾਗ ਦੇ ਮੋਰਚੇ ਦੇ ਸ਼ਹੀਦ ਵੀ ਸ਼ਹਾਦਤਾਂ ਦੇ ਕੇ ਇਤਿਹਾਸ ਵਿਚ ਇਕ ਨਵਾਂ ਮੋੜ ਖੜਾ ਕਰ ਗਏ ਹਨ। ਵਰਤਮਾਨ ਸਮੇਂ ਅੰਦਰ ੧੯੭੮ ਦੇ ਨਰਕਧਾਰੀ ਕਾਂਡ ਸਮੇਂ ਆਪਾ ਵਾਰਨ ਵਾਲੇ ਸਿੱਖ ਸੂਰਮੇ ਅਤੇ ੧੯੮੪ ਨੂੰ ਸਮੇਂ ਦੀ ਹੁਕਮਰਾਨ ਜ਼ਾਲਮ ਸਰਕਾਰ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ ਢੇਰੀ ਕਰਨ ਵਾਸਤੇ ਚਲਾਏ ਤੋਪਾਂ ਦੇ ਗੋਲਿਆਂ ਦੇ ਨਾਲ, ਗੁਰਦੇਵ ਦੇ ਇਹਨਾਂ ਬਚਨਾਂ ਅਨੁਸਾਰ :

***ਕਬੀਰ ਮੁਹਿ ਮਰਨੇ ਕਾ ਚਾਉ ਹੈ ਮਰਉ ਤ ਹਰਿ ਕੈ ਦੁਆਰ॥***

(ਅੰਗ ੧੩੬੭)

ਅਨੰਤ ਹੀ ਕਰਨੀ ਕਥਨੀ ਦੇ ਪੂਰੇ, ਰਹਿਣੀ-ਬਹਿਣੀ ਦੇ ਧਾਰਨੀ ਤੇ ਨਾਮ ਬਾਣੀ ਦੇ ਰਸੀਏ, ਮਾਈ, ਭਾਈ, ਆਪਣੀਆਂ ਜਾਨਾਂ ਨਿਛਾਵਰ ਕਰ ਗਏ ਅਤੇ ਇਸ ਤੋਂ ਮਗਰੋਂ ਭਾਈ ਬੇਅੰਤ ਸਿੰਘ, ਸਤਵੰਤ ਸਿੰਘ ਆਦਿ ਕਿੰਨੇ ਸਿੰਘਾਂ ਦੀਆਂ ਸ਼ਹੀਦੀਆਂ ਪਿਛੋਂ ਦਸਮੇਸ਼ ਗੁਰੂ ਦਾ ਸਵਾਂਗ ਰਚਨ ਵਾਲੇ ਬਿਭਚਾਰੀ, ਕੁਕਰਮੀ, ਝੂਠੇ ਸੌਦੇ, ਕਾਂਡ ਵਿਚ ਜਾਨਾਂ ਵਾਰਨ ਵਾਲੇ ਗੁਰੂ ਕੇ ਮਹਾਨ ਸੂਰਮੇ ਹਨ। ਐਸੇ ਸੂਰਮਿਆਂ ਦੀਆਂ ਕੁਰਬਾਨੀਆਂ ਨੂੰ ਸੰਸਾਰ ਅੰਦਰ ਹਮੇਸ਼ਾਂ ਹੀ ਜੋੜ ਮੇਲਿਆਂ ਦੇ ਰੂਪ ਵਿਚ ਯਾਦ ਕੀਤਾ ਜਾਂਦਾ ਹੈ।

***ਸ਼ਹੀਦੋਂ ਕੀ ਚਿਤਾਓ ਪਰ ਲਗੇਂਗੇ ਹਰ ਬਰਸ ਮੇਲੇ।***
***ਵਤਨ ਪੇ ਮਿਟਨੇ ਵਾਲੋਂ ਕਾ ਯਹੀ ਬਾਕੀ ਨਿਸ਼ਾਂ ਹੋਗਾ॥***
***ਅਥਵਾ: ਸ਼ਹੀਦ ਕੀ ਜੋ ਮੌਤ ਹੈ ਵੋਹ ਕੌਮ ਕੀ ਹਯਾਤ ਹੈ।***
***ਹਯਾਤ ਤੋ ਹਯਾਤ ਹੈ, ਵੋਹ ਮੌਤ ਭੀ ਹਯਾਤ ਹੈ।***

ਜਿਥੇ ਪ੍ਰਤੱਖ ਜਾਨਾਂ ਨਿਛਾਵਰ ਕਰਨ ਵਾਲੇ ਸੂਰਮਿਆਂ ਦੀ ਗੱਲ ਆਪਾਂ ਕੀਤੀ ਹੈ, ਉਥੇ ਗੁਰਦੇਵ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਰੂਹਾਨੀਅਤ ਮੰਡਲ ਦੇ ਵਾਸੀ ਸੂਰਮੇ ਦਾ ਜਪੁਜੀ ਸਾਹਿਬ ਅੰਦਰ ਕਥਨ ਕੀਤਾ ਹੈ:

***ਤਿਥੈ ਜੋਧ ਮਹਾਬਲ ਸੂਰ॥ ਤਿਨ ਮਹਿ ਰਾਮੁ ਰਹਿਆ ਭਰਪੂਰ॥***

(ਅੰਗ ੮)

***ਅਥਵਾ : ਸਤ ਸੰਤੋਖੀ ਸਤਿਗੁਰੁ ਪੂਰਾ॥ ਗੁਰ ਕਾ ਸਬਦੁ ਮੰਨੇ ਸੋ ਸੂਰਾ॥***

(ਅੰਗ ੧੦੨੩)

***ਅਥਵਾ : ਸਬਦਿ ਮਿਲਾਏ ਗੁਰਮਤਿ ਸੂਰਾ॥*** (ਅੰਗ ੧੦੪੩)

***ਅਥਵਾ : ਸੂਰਬੀਰ ਧੀਰਜ ਮਤਿ ਪੂਰਾ॥***
***ਸਹਜ ਸਮਾਧਿ ਧੁਨਿ ਗਹਿਰ ਗੰਭੀਰਾ॥***

(ਅੰਗ ੮੯੦-੯੧)

***ਅਥਵਾ : ਨਾਨਕ ਸੋ ਸੂਰਾ ਵਰੀਆਮੁ ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ॥***

(ਅੰਗ ੮੬)

***ਅਥਵਾ: ਸੋਈ ਚਤੁਰੁ ਸਿਆਣਾ ਪੰਡਿਤੁ ਸੋ ਸੂਰਾ ਸੋ ਦਾਨਾਂ॥***
***ਸਾਧਸੰਗਿ ਜਿਨਿ ਹਰਿ ਹਰਿ ਜਪਿਓ ਨਾਨਕ ਸੋ ਪਰਵਾਨਾ॥***

(ਅੰਗ ੧੨੨੧)

ਵਿਦਵਾਨਾਂ ਨੇ ਤਿੰਨ ਤਰ੍ਹਾਂ ਦੇ ਸੂਰਮੇ ਕਥਨ ਕੀਤੇ ਹਨ:

੧ ਰਥੀ, ੨. ਮਹਾਰਥੀ ੩. ਅਤਿਰਥੀ।

੧. ਰਥੀ ਸੂਰਮਾ ਉਹ ਹੈ ਜੋ ਬਰਾਬਰ ਦੇ ਨਾਲ ਮੁਕਾਬਲਾ ਕਰੇ।

੨. ਮਹਾਰਥੀ ਸੂਰਮਾ ਉਹ ਹੁੰਦਾ ਹੈ, ਜੋ ਸੌ ਨਾਲ ਮੁਕਾਬਲਾ ਕਰੇ।

੩. ਅਤਿਰਥੀ ਸੂਰਮਾ ਉਹ ਹੁੰਦਾ ਹੈ ਜੋ ਅਨਗਿਣਤ ਨਾਲ ਮੁਕਾਬਲਾ ਕਰੇ ਅਤੇ ਰੂਹਾਨੀਅਤ ਮੰਡਲ ਵਿਚ ਆਪਣੇ ਸਰੀਰ ਨੂੰ ਕੁਸੰਗਤ ਵਲੋਂ ਬਚਾ ਕੇ ਰੱਖੇ, ਉਹ ਰਥੀ ਸੂਰਮਾ ਹੈ। ਜੋ ਆਪਣੀਆਂ ਦਸੇ ਇੰਦ੍ਰੀਆਂ ਨੂੰ ਵੱਸ ਵਿਚ ਰੱਖੇ, ਉਹ ਮਹਾਰਥੀ ਸੂਰਮਾ ਹੈ ਅਤੇ ਮਨ ਰੂਪ ਦੁਸ਼ਮਣ ਨੂੰ ਜਿੱਤ ਲੈਣ ਵਾਲੇ ਨੂੰ ਅਤਿਰਥੀ ਸੂਰਮਾ ਕਥਨ ਕੀਤਾ ਹੈ, ਇਸ ਲਈ ਗੁਰਦੇਵ ਦਾ ਫ਼ੁਰਮਾਣ ਹੈ :

***ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨੁ ਬਲੀ ਰੇ॥***
***ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ ਸੋ ਪੂਰਾ ਇਹ ਕਲੀ ਰੇ॥***

(ਅੰਗ ੪੦੪)

ਪਰ ਐਸਾ ਸੂਰਮਾ ਉਹ ਮਨੁੱਖ ਹੀ ਹੋ ਸਕਦਾ ਹੈ ਜਿਸ ਉਪਰ ਸੂਰਬੀਰ ਬਚਨ ਕੇ ਬਲੀ ਪੂਰਨ ਸਤਿਗੁਰੂ ਦੀ ਬਖ਼ਸ਼ਿਸ਼ ਹੁੰਦੀ ਹੈ:

***ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥***

(ਅੰਗ ੬੭੯)

## ਸਾਖੀ—ਸ਼ਹੀਦ ਸਿੰਘਾਂ ਦੀ

ਗੁਰਬਾਣੀ ਦੇ ਸਿਧਾਂਤ ਅਨੁਸਾਰ :

***ਜੋ ਸੂਰਾ ਤਿਸ ਹੀ ਹੋਇ ਮਰਣਾ॥***
***ਜੋ ਭਾਗੈ ਤਿਸੁ ਜੋਨੀ ਫਿਰਣਾ॥***

(ਅੰਗ ੧੦੧੯)

ਮੌਤ ਤੋ ਡਰ ਕੇ ਕਾਇਰ, ਡਰਪੋਕ, ਬੁਜ਼ਦਿਲ ਮਨੁੱਖ ਭੱਜਦੇ ਹਨ। ਅਜਿਹੇ ਬੁਜ਼ਦਿਲ ਮਨੁੱਖਾਂ ਨੂੰ ਮਰ ਕੇ ਚਉਰਾਸੀ ਲੱਖ ਜੂਨਾਂ ਦੇ ਵਿਚ ਭਟਕਣਾ ਪੈਂਦਾ ਹੈ। ਪਰ ਜੋ ਸੂਰਬੀਰ ਬਹਾਦਰ ਸੂਰਮੇ ਹੁੰਦੇ ਹਨ, ਉਹ ਕਦੇ ਮੌਤ ਤੋਂ ਡਰਦੇ ਨਹੀਂ ਸਗੋਂ ਮੌਤ ਨੂੰ ਖਿੜੇ ਮੱਥੇ ਪ੍ਰਵਾਨ ਕਰਦੇ ਹਨ। ਗੁਰ ਇਤਿਹਾਸ ਅੰਦਰ ਐਸੇ ਸੂਰਮੇ ਸ਼ਹੀਦ ਸਿੰਘਾਂ ਦੇ ਬੇਅੰਤ ਪ੍ਰਸੰਗ ਆਉਂਦੇ ਹਨ। ਕਈ ਸੂਰਮੇ ਸ਼ਾਂਤ ਰੂਪ ਵਿਚ ਰਹਿ ਕੇ ਜ਼ਾਲਮਾਂ ਵੱਲੋਂ ਦਿੱਤੇ ਹੋਏ ਕਸ਼ਟ ਨੂੰ ਆਪਣੇ ਸਰੀਰ 'ਤੇ ਸਹਾਰਦੇ ਹੋਏ ਸ਼ਹੀਦੀ ਪ੍ਰਾਪਤ ਕਰਦੇ ਹਨ। ਦੂਸਰੇ ਐਸੇ ਅਨਗਿਣਤ ਸੂਰਮੇ ਹਨ, ਜੋ ਮੈਦਾਨੇ ਜੰਗ ਵਿਚ ਲੱਖਾਂ ਨਾਲ ਮੁਕਾਬਲਾ ਕਰਦੇ ਹੋਏ ਸ਼ਹਾਦਤ ਦਾ ਜਾਮ ਪ੍ਰਾਪਤ ਕਰਦੇ ਹਨ। ਗੁਰ ਇਤਿਹਾਸ ਅਤੇ ਖ਼ਾਲਸਾ ਪੰਥ ਦੇ ਇਤਿਹਾਸ ਅੰਦਰ ਇਹ ਦੋਵੇਂ ਤਰ੍ਹਾਂ ਦੇ ਸੂਰਮੇ ਸ਼ਹੀਦ ਸਿੰਘਾਂ ਦੇ ਪ੍ਰਸੰਗ ਆਉਂਦੇ ਹਨ। ਸੰਨ ੧੭੧੬, ੨੯ ਫਰਵਰੀ ਨੂੰ ਬਾਬਾ ਬੰਦਾ ਸਿੰਘ ਬਹਾਦਰ ਤੇ ਉਸ ਦੇ ਨਾਲ ੭੪੦ ਹੋਰ ਕੈਦੀ ਸਿੰਘ ਜਲੂਸ ਦੀ ਸ਼ਕਲ ਵਿਚ ਦਿੱਲੀ ਲਿਜਾਏ ਗਏ। ਇਸ ਜਲੂਸ ਵਿਚ ਸਭ ਤੋਂ ਅੱਗੇ ਦੋ ਹਜ਼ਾਰ ਸਿੰਘਾਂ ਦੇ ਸੀਸ ਨੇਜਿਆਂ 'ਤੇ ਟੰਗੇ ਹੋਏ ਸਨ ਤੇ ਪਿੱਛੇ ਸਾਰੇ ਕੈਦੀ ਸਿੰਘ ਸਨ। ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਸਿੰਘਾਂ ਦੇ ਸੀਸ ਗੱਡਿਆਂ ਵਿਚ ਵੀ ਲੱਦੇ ਹੋਏ ਸਨ। ਕੈਦੀ ਸਿੰਘ ਰਸਤੇ ਵਿੱਚ ਇਹ ਸ਼ਬਦ ਪੜ੍ਹਦੇ ਤੇ ਜੈਕਾਰੇ ਬੁਲਾਉਂਦੇ ਜਾਂਦੇ ਸਨ। "ਸਾਧੋ ਇਹ ਤਨ ਮਿਥਿਆ ਜਾਨੋ॥" ਸਾਰੇ ਕੈਦੀ ਸਿੰਘਾਂ ਨੂੰ ਦਿੱਲੀ ਦੇ ਬਾਜ਼ਾਰਾਂ ਵਿਚ ਫੇਰਿਆ ਗਿਆ। ਬਾਦਸ਼ਾਹ ਫ਼ਰੁਖਸੀਅਰ ਨੇ ਹੁਕਮ ਦਿੱਤਾ, ਕਿ ਸਾਰੇ ਸਿੰਘਾਂ ਨੂੰ ਕਤਲ ਕੀਤਾ ਜਾਵੇ, ਪਰ ਪਹਿਲਾਂ ਇਹਨਾਂ ਅੱਗੇ ਸ਼ਰਤ ਰੱਖੀ ਜਾਏ, ਕਿ ਜੇ ਕੋਈ ਇਨ੍ਹਾਂ ਵਿਚੋਂ ਮੁਸਲਮਾਨ ਬਣ ਜਾਏਗਾ ਤਾਂ ਉਸ ਨੂੰ ਛੱਡ ਦਿੱਤਾ ਜਾਵੇਗਾ, ਨਹੀਂ ਤਾਂ ਕਤਲ ਕਰ ਦਿੱਤਾ ਜਾਵੇਗਾ।

ਇਸ ਹੁਕਮ ਪਿਛੋਂ ਹਰ ਰੋਜ਼ ੧੦੦ ਸਿੰਘਾਂ ਦਾ ਕਤਲ ਕਰਨ ਦੀ ਵਿਉਂਤ ਬਣਾਈ ਗਈ। ਲੋਕਾਂ ਦੇ ਇੱਕਠ ਨੂੰ ਬੁਲਾਇਆ ਗਿਆ ਕਿ ਆ ਕੇ ਕਤਲ ਕਰਨ ਦਾ ਤਮਾਸ਼ਾ ਵੇਖਣਾ। ਦੁਨੀਆਂ ਮੌਤ ਕੋਲੋਂ ਡਰਦੀ ਹੈ, ਪਰ ਸਿੰਘ ਮੌਤ ਨੂੰ ਪਿਆਰ ਕਰਦੇ ਹਨ। ਇਸ ਕਤਲੇਆਮ ਦੇ ਮੈਦਾਨ ਵਿਚ ਕਾਜ਼ੀ ਇਕ-ਇਕ ਸਿੰਘ ਨੂੰ ਪੁੱਛਦਾ ਹੈ, ਕਿ ਤੂੰ ਮੁਸਲਮਾਨ ਹੋਣ ਨੂੰ ਤਿਆਰ ਹੈਂ? ਜੇ ਮੇਰੀ ਗੱਲ ਮੰਨ ਲਏਂਗਾ, ਤਾਂ ਤੇਰੀ

ਜਾਨ ਬਚ ਸਕਦੀ ਹੈ। ਨਹੀਂ ਤਾਂ ਫਿਰ ਮਰਨ ਲਈ ਤਿਆਰ ਹੋ ਜਾ। ਪਰ ਧੰਨ ਸਨ ਉਹ ਗੁਰੂ ਦੇ ਸਿੱਖ, ਜਿਨ੍ਹਾਂ ਦੀਆਂ ਰਗਾਂ ਵਿਚ ਖੰਡੇ ਬਾਟੇ ਦਾ ਅੰਮ੍ਰਿਤ ਬੋਲ ਰਿਹਾ ਸੀ। ਉਹ ਮੌਤ ਤੋਂ ਕਦੇ ਨਹੀਂ ਡਰਦੇ, ਸਗੋਂ ਮੌਤ ਨੂੰ ਡਰਾਉਂਦੇ ਹਨ। ਸਿੰਘ ਅੱਗੋਂ ਉੱਤਰ ਦਿੰਦੇ, "ਐ ਕਾਜ਼ੀ ! ਅਸੀਂ ਗੁਰੂ ਤੋਂ ਬੇਮੁਖ ਨਹੀਂ ਹੋਣਾ। ਛੇਤੀ ਕਰ ਸਾਨੂੰ ਜਿਸ ਮੌਤ ਦਾ ਤੂੰ ਡਰ ਦਿੰਦਾ ਹੈਂ, ਉਹ ਸ਼ਹੀਦੀ ਦਾ ਜਾਮ ਪਿਲਾ ਦੇ। ਜਿਸ ਨੂੰ ਪੀ ਕੇ ਅਸੀਂ ਸਤਿਗੁਰੂ ਜੀ ਦੇ ਚਰਨਾਂ ਵਿਚ ਜਾਕੇ ਛੇਤੀ ਫਤਹਿ ਗਜਾਈਏ। ਉਹ ਸਿੰਘ ਕੀ ਜੋ ਮੌਤ ਤੋਂ ਡਰ ਗਿਆ। ਸੋ ਪਹਿਲੇ ਦਿਨ ਸੌ ਸਿੰਘ ਸ਼ਹੀਦ ਕਰ ਦਿੱਤੇ ਗਏ। ਇਸ ਤਰ੍ਹਾਂ ਹਰ ਰੋਜ਼ ਸੌ ਸਿੰਘ ਸ਼ਹੀਦ ਕੀਤੇ ਜਾਣ ਲੱਗੇ। ਇਸ ਸਮੇਂ ਇਕ ਅਚਰਜ ਘਟਨਾ ਹੋਈ, ਮੁਗ਼ਲ ਫ਼ੌਜੀਆਂ ਨੇ ਰਸਤੇ ਵਿਚ ਆਉਂਦਿਆਂ ਹੀ ਇਕ ਵਿਆਹ ਕਰਕੇ ਡੋਲੀ ਲਈ ਆਉਂਦਾ ੧੯-੨੦ ਸਾਲ ਦਾ ਸਿੰਘ ਭੀ ਫੜ ਲਿਆ ਸੀ, ਜੋ ਬੰਦਾ ਸਿੰਘ ਦੇ ਨਾਲ ਦਿੱਲੀ ਪਹੁੰਚ ਗਿਆ ਸੀ। ਇਹ ਆਪਣੀ ਮਾਂ ਦਾ ਲਾਡਲਾ, ਅਤਿ ਦਾ ਪਿਆਰਾ ਤੇ ਇਕਲੌਤਾ ਪੁੱਤਰ ਸੀ। ਉਸਦੀ ਮਾਂ ਦਿੱਲੀ ਪੁੱਜੀ ਤੇ ਉਸਨੇ ਆਪਣੇ ਪੁੱਤਰ ਨੂੰ ਛੁਡਾਉਣ ਵਾਸਤੇ ਬਹੁਤ ਯਤਨ ਕੀਤਾ, ਤਰਲੇ ਮਾਰੇ ਪਰ ਸਫਲ ਨ ਹੋ ਸਕੀ। ਅਖ਼ੀਰ ਇਕ ਦਿਨ ਮਾਈ ਬਾਦਸ਼ਾਹ ਦੀ ਸਵਾਰੀ ਅੱਗੇ ਲੇਟ ਗਈ ਅਤੇ ਬਹੁਤ ਵਿਰਲਾਪ ਕਰਕੇ ਪੁਕਾਰ ਕੀਤੀ। ਫਰੁਖ਼ਸੀਅਰ ਨੇ ਹਾਥੀ ਰੋਕ ਲਿਆ ਤੇ ਮਾਈ ਨੂੰ ਪੁੱਛਿਆ, "ਤੂੰ ਕਿਉਂ ਰੋਂਦੀ ਹੈਂ ?" ਮਾਈ ਨੇ ਰੋ ਕੇ ਕਿਹਾ, "ਜਹਾਂ ਪਨਾਹ ! ਅੱਜ ਮੇਰੇ ਬੇਕਸੂਰ ਪੁੱਤਰ ਨੇ ਕਤਲ ਹੋ ਜਾਣਾ ਹੈ, ਉਹ ਸਿੱਖ ਨਹੀਂ, ਹਿੰਦੂ ਹੈ। ਉਸਨੂੰ ਰਸਤੇ ਵਿਚੋਂ ਤੁਹਾਡੇ ਫ਼ੌਜੀ ਜ਼ਬਰਦਸਤੀ ਨਾਲ ਫੜ-ਲਿਆਏ ਹਨ। ਉਹ ਬੇਕਸੂਰ ਹੈ। ਉਸਨੂੰ ਬਖ਼ਸ਼ੋ। ਮੇਰੀ ਮਮਤਾ 'ਤੇ ਤਰਸ ਕਰੋ।" ਇਹ ਗੱਲ ਸੁਣਕੇ ਫ਼ਰਖ਼ਸੀਅਰ ਨੇ ਉਸੇ ਵੇਲੇ ਆਪਣੇ ਅਹਿਦੀਏ ਨੂੰ ਹੁਕਮ ਦਿੱਤਾ ਕਿ ਛੇਤੀ ਜਾਹ, ਕਿਤੇ ਜਲਾਦ ਉਸਨੂੰ ਕਤਲ ਨਾ ਕਰ ਦੇਣ। ਜਦ ਅਹਿਦੀਏ ਨੇ ਜਾ ਕੇ ਵੇਖਿਆ, ਤਾਂ ਉਹ ਲੜਕਾ ਕਤਲਗਾਹ ਵਿਚ ਸ਼ਹੀਦ ਹੋਣ ਲਈ ਤਿਆਰ ਖਲੋਤਾ ਸੀ। ਉਸਨੂੰ ਬਾਦਸ਼ਾਹ ਕੋਲ ਲੈ ਆਂਦਾ। ਲੜਕੇ ਨੇ ਆਉਂਦਿਆਂ ਹੀ ਪੁੱਛਿਆ, "ਕੀ ਕਾਰਨ ਹੈ, ਬਾਦਸ਼ਾਹ, ਮੈਨੂੰ ਮੇਰੇ ਭਰਾਵਾਂ ਨਾਲੋਂ ਕਿਉਂ ਵਿਛੋੜ ਦਿੱਤਾ ਗਿਆ ਹੈ ?"

ਬਾਦਸ਼ਾਹ ਨੇ ਕਿਹਾ, "ਤੇਰੀ ਮਾਂ ਕਹਿੰਦੀ ਹੈ, ਕਿ ਤੂੰ ਸਿੱਖ ਨਹੀਂ, ਇਸ ਲਈ ਤੈਨੂੰ ਰਹਿਮ ਕਰਕੇ ਛਡਿਆ ਜਾ ਰਿਹਾ ਹੈ।"

ਸਿੰਘ ਲੜਕੇ ਨੇ ਕਿਹਾ, "ਕੌਣ ਕਹਿੰਦਾ ਹੈ ਕਿ ਮੈਂ ਸਿੱਖ ਨਹੀਂ ਹਾਂ। ਮੇਰੀ ਮਾਂ ਤਾਂ ਮਰ ਚੁੱਕੀ ਹੈ। ਜੇਕਰ ਇਹ ਮੇਰੀ ਮਾਂ ਹੁੰਦੀ ਤਾਂ ਮੈਨੂੰ ਗੁਰੂ ਦਾ ਸਿੱਖ ਦੱਸਦੀ, ਮਾਤਾ ਗੁਜਰੀ ਜੀ ਦੀ ਤਰ੍ਹਾਂ ਹੱਸ ਹੱਸ ਕੇ ਸ਼ਹੀਦੀ ਪਾਉਣ ਲਈ ਆਖਦੀ। ਮੈਨੂੰ ਹਿੰਦੂ ਦੱਸਣ ਵਾਲੀ ਕਮਜ਼ੋਰ ਦਿਲ ਮੇਰੀ ਮਾਤਾ ਨਹੀਂ। ਮੇਰੀ ਮਾਤਾ ਤਾਂ ਮਾਤਾ ਸਾਹਿਬ ਕੌਰ ਜੀ ਹੈ। ਮੈਂ ਤਾਂ ਸਿੱਖ ਹਾਂ, ਪੱਕਾ ਸਿੱਖ। ਮੇਰੀਆ ਰਗਾਂ ਵਿਚ ਦਸਮੇਸ਼ ਜੀ ਦਾ ਅੰਮ੍ਰਿਤ ਦੌੜ ਰਿਹਾ ਹੈ। ਮੈਨੂੰ ਛੇਤੀ ਸ਼ਹੀਦ ਕਰੋ, ਤਾਂ ਕਿ ਮੈਂ ਵੀ ਆਪਣੇ ਵੀਰਾਂ ਵਾਂਗ ਸੱਚਖੰਡ ਵਿਚ ਜਾਣ ਤੋਂ ਪਿੱਛੇ ਨਾ ਰਹਾਂ।"

ਬਾਦਸ਼ਾਹ ਨੇ ਕਿਹਾ, "ਤੇਰੀ ਮਾਂ ਝੂਠ ਨਹੀਂ ਬੋਲਦੀ। ਉਸਦੀ ਮਮਤਾ ਤੋਂ ਪਤਾ ਚੱਲਦਾ ਹੈ, ਕਿ ਤੂੰ ਉਸਦਾ ਦਾ ਹੀ ਪੁੱਤਰ ਹੈਂ, ਨਾਲੇ ਤੂੰ ਸਿੱਖੀ ਲਈ ਐਵੇਂ ਕੁਮੌਤੇ ਕਿਉਂ ਮਰਦਾ ਹੈਂ। ਜਾਹ ! ਅਜੇ ਤੇਰੀ

ਉਮਰ ਖਾਣ ਹੰਡਾਣ ਦੀ ਹੈ, ਐਸ਼ ਕਰ, ਮੌਜਾਂ ਲੈ। ਮਾਂ ਨੂੰ ਜਾ ਕੇ ਮਿਲ ਤੇ ਸੁੱਖ ਦੇ।''

ਭੁਝੰਗੀ ਸਿੰਘ ਨੇ ਕਿਹਾ, ''ਨਾ ਬਾਦਸ਼ਾਹ ! ਖ਼ੁਦਾ ਤੇਰਾ ਭਲਾ ਕਰੇ, ਤੂੰ ਮੈਨੂੰ ਵਾਪਸ ਕਤਲਗਾਹ ਵੱਲ ਭੇਜ ਦੇ। ਚਾਰ ਦਿਨਾਂ ਦੇ ਜੀਵਨ ਲਈ ਮੈਂ ਸਤਿਗੁਰੂ ਤੋਂ ਬੇਮੁਖ ਨਹੀਂ ਹੋਣਾ। ਛੇਤੀ ਕਰੋ, ਮੈਨੂੰ ਆਪਣੇ ਭਰਾਵਾਂ ਨਾਲ ਸ਼ਹੀਦ ਕਰੋ। ਦੇਰ ਨਾ ਲਗਾਉ। ਮੇਰੇ ਰਸਤੇ ਵਿਚ ਰੋਕ ਨਾ ਪਾਉ। ਦੇਖੋ ਮੇਰੇ ਵੀਰ ਸ਼ਹੀਦ ਹੋ ਕੇ ਗੁਰਪੁਰੀ ਜਾ ਰਹੇ ਹਨ। ਉਹਨਾਂ ਦੀ ਜੈ ਜੈਕਾਰ ਹੋ ਰਹੀ ਹੈ। ਮੈਨੂੰ ਉਨ੍ਹਾਂ ਨਾਲ ਜਾਣ ਤੋਂ ਨਾ ਰੋਕੋ।''

ਸਿਦਕੀ ਸਿੰਘ ਦੀਆਂ ਗੱਲਾਂ ਨੇ ਪੱਥਰ ਦਿਲਾਂ ਨੂੰ ਵੀ ਮੋਮ ਕਰ ਦਿੱਤਾ। ਬਾਦਸ਼ਾਹ ਦੇ ਮਨ 'ਤੇ ਵੀ ਅਸਰ ਹੋਇਆ ਤੇ ਕਹਿਣ ਲੱਗਾ, ''ਹੱਛਾ ਜਾਹ, ਮੈਂ ਤੈਨੂੰ ਸਿੱਖ ਹੋਣ 'ਤੇ ਵੀ ਛੱਡਦਾ ਹਾਂ।'' ਪਰ ਸਿੰਘ ਵਾਰ-ਵਾਰ ਇਹੀ ਕਹੀ ਜਾਂਦਾ ਸੀ, ਕਿ ਮੈਨੂੰ ਵੀ ਮੇਰੇ ਵੀਰਾਂ ਨਾਲ ਸ਼ਹੀਦ ਕਰੋ, ''ਮੇਰਾ ਸਿਰ ਜਾਵੇ ਤਾਂ ਜਾਵੇ ਪਰ ਸਿੱਖੀ ਸਿਦਕ ਨਾ ਜਾਵੇ।'' ਕਹਿੰਦਾ ਕਹਿੰਦਾ ਖ਼ੁਸ਼ੀ ਨਾਲ ਸ਼ਹੀਦ ਹੋ ਗਿਆ। ਪਰ ਕਈ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਭੁਝੰਗੀ ਸਿੰਘ ਨੇ ਕਿਹਾ ਕਿ ਜੇ ਮੈਨੂੰ ਜ਼ਰੂਰ ਹੀ ਛੱਡਣਾ ਹੈ ਤਾਂ ਬਾਕੀ ਦੇ ਸਿੰਘਾਂ ਨੂੰ ਵੀ ਛੱਡ ਦਿਉ। ਤਾਂ ਫ਼ਰੁਖਸੀਅਰ ਨੇ ਹੁਕਮ ਦਿੱਤਾ ਕਿ ਇਸ ਨੂੰ ਵੀ ਛੱਡ ਦਿਉ ਤੇ ਬਾਕੀ ਸਿੰਘਾਂ ਨੂੰ ਵੀ ਛੱਡ ਦਿਉ। ਸੋ ਕਤਲ ਹੋਣ ਤੋਂ ੬੦ ਕੁ ਸਿੰਘਾਂ ਨੂੰ ਇਸ ਲੜਕੇ ਦੇ ਸਿਦਕ ਨੇ ਬਚਾ ਲਿਆ। ਇਹ ਹੈ ਸਿੱਖਾਂ ਦਾ ਸਿਦਕ।

**ਧਨਾਸਰੀ ਮਹਲਾ ੫ ॥ ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥ ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ ॥ ੧ ॥ ਠਾਕੁਰੁ ਗਾਈਐ ਆਤਮ ਰੰਗਿ ॥ ਸਰਣੀ ਪਾਵਨ ਨਾਮ ਧਿਆਵਨ ਸਹਜਿ ਸਮਾਵਨ ਸੰਗਿ ॥ ੧ ॥ ਰਹਾਉ ॥ ਜਨ ਕੇ ਚਰਨ ਵਸਹਿ ਮੇਰੈ ਹੀਅਰੈ ਸੰਗਿ ਪੁਨੀਤਾ ਦੇਹੀ ॥ ਜਨ ਕੀ ਧੂਰਿ ਦੇਹੁ ਕਿਰਪਾ ਨਿਧਿ ਨਾਨਕ ਕੈ ਸੁਖੁ ਏਹੀ ॥ ੨ ॥ ੪ ॥ ੩੫ ॥**

(ਅੰਗ ੬੭੯-੮੦)

## ਪਦ ਅਰਥ :

ਰੰਗੁ-ਪ੍ਰੇਮ। ਸੂਰਾ-ਸੂਰਮਾ, ਬਹਾਦਰ। ਜਿਣੈ-ਜਿੱਤ ਲੈਂਦਾ ਹੈ। ਵਸਿ-ਵੱਸ ਵਿਚ। ਆਤਮ ਰੰਗਿ-ਆਤਮਾ ਦੇ ਪਿਆਰ ਨਾਲ। ਸਰਣੀ ਪਾਵਨ-ਸ਼ਰਣੀ ਪੈਣਾ। ਨਾਮ ਧਿਆਵਨ-ਨਾਮ ਦਾ ਧਿਆਉਣਾ। ਸਹਜਿ ਸਮਾਵਨ-ਅਡੋਲ ਅਵੱਸਥਾ ਵਿਚ ਸਮਾਉਣਾ। ਸੰਗਿ-ਸੰਗ ਕਰਕੇ। ਵਸਹਿ-ਵੱਸ ਜਾਣ। ਹੀਅਰੈ-ਹਿਰਦੇ ਵਿਚ। ਪੁਨੀਤਾ-ਪਵਿੱਤਰ। ਕਿਰਪਾ ਨਿਧਿ-ਹੇ ਕ੍ਰਿਪਾ ਦੇ ਖ਼ਜ਼ਾਨੇ (ਹਰੀ)। ਕੈ-ਲਈ, ਵਾਸਤੇ।

**ਅਰਥ :**

(ਹੇ ਭਾਈ!) ਇਸ ਕਲਜੁੱਗ ਦੇ ਸਮੇਂ ਵਿਚ ਜਿਸ (ਮਨੁੱਖ) ਨੂੰ ਹਰੀ ਨਾਮ ਦਾ ਪ੍ਰੇਮ ਲੱਗ ਗਿਆ ਹੈ, ਉਸ ਨੂੰ ਸੂਰਮਾ (ਬਹਾਦਰ) ਆਖਿਆ ਜਾਂਦਾ ਹੈ। ਜਿਸ ਦਾ ਸਤਿਗੁਰੂ ਪੂਰਾ ਹੈ, (ਉਹ ਆਪਣੀ ਆਤਮਾ) ਮਨ ਨੂੰ ਜਿੱਤ ਲੈਂਦਾ ਹੈ, ਅਤੇ ਸਭ ਕੁਝ ਉਸ ਦੇ ਵੱਸ ਵਿਚ ਹੋ ਜਾਂਦਾ ਹੈ। ੧। (ਹੇ ਭਾਈ!) ਠਾਕਰ ਨੂੰ ਆਤਮ-ਰੰਗ (ਮਨ ਵਿਚ ਪ੍ਰੇਮ) ਸਹਿਤ ਹੋ ਕੇ (ਉਸ ਦੇ ਜਸ ਨੂੰ) ਗਾਉਣਾ ਚਾਹੀਦਾ ਹੈ। (ਇਸ ਤਰ੍ਹਾਂ ਉਸ ਪਰਮਾਤਮਾ ਦੀ) ਸ਼ਰਣ ਵਿਚ ਪੈਣ ਤੇ ਨਾਮ ਦਾ ਸਿਮਰਨ ਕਰਨਾ (ਅਤੇ ਉਸ ਦਾ (ਸੰਗ ਕਰਕੇ ਅਡੋਲ ਅਵੱਸਥਾ ਵਿਚ ਸਮਾਉਣ ਦਾ) ਅਵਸਰ ਪ੍ਰਾਪਤ ਹੋ ਜਾਂਦਾ ਹੈ। ੧। ਰਹਾਉ। (ਹੇ ਪ੍ਰਭੂ!) ਐਸੇ ਤੇਰੇ ਦਾਸਾਂ ਦੇ ਚਰਨ ਮੇਰੇ ਹਿਰਦੇ ਵਿਚ ਵੱਸਣ, ਜਿਨ੍ਹਾਂ ਦਾ ਸੰਗ ਕਰਕੇ ਮੇਰੀ ਦੇਹੀ ਪਵਿੱਤਰ ਹੋ ਜਾਵੇ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਮੈਨੂੰ ਆਪਣੇ ਦਾਸਾਂ ਦੀ ਚਰਨ ਧੂੜ ਬਖ਼ਸ਼ੋ। ਹੇ ਕਿਰਪਾ ਦੇ ਖ਼ਜ਼ਾਨੇ (ਪ੍ਰਭੂ ਜੀ!) ਮੇਰੇ ਵਾਸਤੇ ਇਹੋ ਹੀ ਵੱਡਾ ਸੁੱਖ ਹੈ। ੨। ੪। ੩੫।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੯੬ (ਅੰਗ ੬੮੧)

## ਧਨਾਸਰੀ ਮਹਲਾ ੫ ॥

ਚਤੁਰ ਦਿਸਾ ਕੀਨੋ ਬਲੁ ਅਪਨਾ ਸਿਰ ਊਪਰਿ ਕਰੁ ਧਾਰਿਓ ॥ ਕ੍ਰਿਪਾ ਕਟਾਖੵ ਅਵਲੋਕਨੁ ਕੀਨੋ ਦਾਸ ਕਾ ਦੂਖੁ ਬਿਦਾਰਿਓ ॥ ੧ ॥ ਹਰਿ ਜਨ ਰਾਖੇ ਗੁਰ ਗੋਵਿੰਦ ॥ ਕੰਠਿ ਲਾਇ ਅਵਗੁਣ ਸਭਿ ਮੇਟੇ ਦਇਆਲ ਪੁਰਖ ਬਖਸੰਦ ॥ ਰਹਾਉ ॥ ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ ॥ ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ ॥ ੨ ॥ ੧੪ ॥ ੪੫ ॥

# ਪ੍ਰਾਕ੍ਥਨ :-

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਇਹ ਪਾਵਨ ਸ਼ਬਦ ਧਨਾਸਰੀ ਰਾਗ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਦੇ ਆਰੰਭ ਅੰਦਰ ਗੁਰਦੇਵ ਨੇ ਪ੍ਰਮੇਸ਼ਰ ਦੀ ਅਥਾਹ ਸ਼ਕਤੀ ਦਾ ਜ਼ਿਕਰ ਕੀਤਾ ਹੈ। ਉਹ ਅਕਾਲ ਪੁਰਖ ਸਰਬ ਵਿਆਪੀ ਹੋਣ ਕਰਕੇ ਉਸਦਾ ਬਲ ਸਾਰੇ ਹੀ ਛਾਇਆ ਹੋਇਆ ਹੈ। ਇਹ ਸਿਧਾਂਤ ਗੁਰਦੇਵ ਨੇ ਆਰੰਭਤਾ ਦੀਆਂ ਪੰਕਤੀਆਂ ਅੰਦਰ ਪ੍ਰਗਟ ਕੀਤਾ ਹੈ।

## ਵਿਸ਼ਾ—ਬਾਬੇ ਤਾਰੇ ਚਾਰਿ ਚਕਿ

ਪ੍ਰਮੇਸ਼ਰ ਦੀ ਸਮੁੱਚੀ ਰਚੀ ਦੁਨੀਆਂ ਦੇ ਅੰਦਰ ਇਹ ਸਾਰੀ ਸੰਸਾਰਿਕ ਰਚਨਾ ਚਾਰ ਦਿਸ਼ਾਵਾਂ ਦੇ ਅੰਦਰ ਮੰਨੀ ਗਈ ਹੈ। ਇਹ ਚਾਰ ਦਿਸ਼ਾਵਾਂ-ਪੂਰਬ, ਪੱਛਮ, ਉੱਤਰ, ਦੱਖਣ ਕਥਨ ਕੀਤੀਆਂ ਹਨ। ਜਿਸ ਪਾਸਿਉਂ ਸੂਰਜ ਚੜ੍ਹਦਾ ਹੈ, ਉਸ ਨੂੰ ਪੂਰਬ ਆਖਦੇ ਹਨ। ਜਿਥੇ ਜਾਕੇ ਸੂਰਜ ਛਿਪਦਾ ਹੈ, ਉਸ ਨੂੰ ਪੱਛਮ ਦਿਸ਼ਾ ਕਿਹਾ ਹੈ। ਪਰਮੇਸ਼ਰ ਨੇ ਇਸ ਆਪਣੀ ਰਚੀ ਕਾਇਨਾਤ ਦੇ ਅੰਦਰ ਜਿਥੇ ਹੋਰ ਬੇਅੰਤ ਤਰ੍ਹਾਂ ਦੀ ਰਚਨਾ ਰਚੀ ਹੈ, ਉਥੇ ਇਸ ਪ੍ਰਿਥਵੀ ਦੇ ਉੱਤੇ ਵੱਡੇ ਤੋਂ ਵੱਡੇ ਤੇ ਉੱਚੇ ਤੋਂ ਉੱਚੇ ਸੁੰਦਰ ਪਹਾੜਾਂ ਦੀ ਵੀ ਰਚਨਾ ਕੀਤੀ ਹੈ। ਸੋ ਇਸ ਪਾਸੇ ਨੂੰ ਉੱਤਰ ਦਿਸ਼ਾ ਦਾ ਰੂਪ ਦਿੱਤਾ ਗਿਆ ਹੈ ਅਤੇ ਚਉਥੀ ਦਿਸ਼ਾ ਵਿਚ ਇਕ ਚਲੀ ਆ ਰਹੀ ਹਿੰਦੂ ਰਵਾਇਤ ਅਨੁਸਾਰ ਰੱਬ ਦਾ ਨਿਵਾਸ ਦੱਖਣ ਵਿਚ ਕਿਹਾ ਗਿਆ ਹੈ:

***ਦਖਨ ਦੇਸਿ ਹਰੀ ਕਾ ਬਾਸਾ ਪਛਿਮਿ ਅਲਹ ਮੁਕਾਮਾ॥***

(ਅੰਗ ੧੩੪੯)

ਪਰ ਗੁਰਬਾਣੀ ਨੇ ਇਹ ਕਹਿ ਕੇ ਹਿੰਦੂਆਂ ਦੇ ਇਸ ਅਕੀਦੇ ਦਾ ਖੰਡਨ ਕੀਤਾ ਹੈ :

***ਅਵਰੁ ਮੁਲਖੁ ਕਿਸੁ ਕੇਰਾ***

ਸੋ ਇਹ ਚਉਥੀ ਦੱਖਣ ਦਿਸ਼ਾ ਹੈ। ਗਿਆਨੀ ਭਗਤ ਸਿੰਘ ਜੀ ਨੇ ਕਥਾ ਉਪਦੇਸ਼ ਸਾਗਰ ਅੰਦਰ ਆਪਣੀ ਸੁੰਦਰ ਕਵਿਤਾ ਦੁਆਰਾ ਇਕ ਕਬਿੱਤ ਵਿਚ ਇਹਨਾਂ ਚਾਰਾਂ ਦਿਸ਼ਾਵਾਂ ਦੇ ਇਸ ਸਿਧਾਂਤ ਨੂੰ ਇਸ ਤਰ੍ਹਾਂ ਨਿਰੂਪਣ ਕੀਤਾ ਹੈ :

***ਪੂਰਬ ਤੋਂ ਚੜ੍ਹੇ ਰਵਿ ਚੜ੍ਹਦਾ ਕਹਾਵੈ ਸੋਈ,***
***ਜਿਥੇ ਜਾਇ ਲਥੇ ਸੋਈ ਲਹਿੰਦਾ ਹੈ ਕਹਾਂਵਦਾ।***
***ਉਤਰ ਦਾ ਪਾਸਾ ਜਿਹੜਾ ਫਬਿਆ ਪਹਾੜਾਂ ਨਾਲ,***
***ਦੱਖਣ ਦਾ ਪਾਸਾ ਸੋਹਣੀ ਛਬ ਹੈ ਵਧਾਂਵਦਾ।***
***ਕੋਈ ਕਹੇ ਲਹਿੰਦੇ ਰਬ ਵਸਦਾ ਹੈ ਮੱਕੇ ਵਿਚ,***
***ਕੋਈ ਕਹੇ ਦੱਖਣ ਨਿਵਾਸ ਹੈ ਕਰਾਂਵਦਾ।***

***ਪਰ ਗੁਰੂ ਦਸਿਆ ਨਿਖੇਦ ਹੈ "ਭਗਤ" ਸਭਿ,***
***ਸਚ ਨਿਰੰਕਾਰ ਚਾਰ ਕੁੰਟ ਹੈ ਸਮਾਂਵਦਾ।***

ਇਹਨਾਂ ਚਾਰਾਂ ਦਿਸ਼ਾਵਾਂ ਦੇ ਅੰਦਰ ਰਹਿਣ ਵਾਲੇ ਜੀਅ ਜੋ ਵੱਖ ਵੱਖ ਕੰਮਾਂ ਵਿਚ ਪਰਵਿਰਤ ਸਨ, ਉਹਨਾਂ ਕੰਮਾਂ 'ਚ ਲੱਗੇ ਹੋਣ ਕਰਕੇ ਵੱਖ-ਵੱਖ ਕੰਮਾਂ ਤੋਂ ਚਾਰ ਵਰਨ ਮੰਨੇ ਗਏ। ਵਿਦਿਆ ਪੜ੍ਹਨ ਤੇ ਪੜ੍ਹਾਉਣ ਵਾਲੇ ਨੂੰ ਬ੍ਰਾਹਮਣ। ਰਾਜ ਕਰਨ ਵਾਲਿਆਂ ਨੂੰ ਖੱਤ੍ਰੀ। ਖੇਤੀ, ਵਪਾਰ ਕਰਨ ਵਾਲਿਆਂ ਨੂੰ ਵੈਸ਼। ਸੇਵਾ ਚਾਕਰੀ ਕਰਨ ਵਾਲਿਆਂ ਨੂੰ ਸ਼ੂਦਰ। ਇਹ ਚਾਰ ਵਰਨ ਖਤ੍ਰੀ, ਬ੍ਰਾਹਮਣ, ਸੂਦ, ਵੈਸ਼ ਸਨ। ਇਹਨਾਂ ਤੋਂ ਅੱਗੇ ਚਾਰ ਆਸ਼ਰਮ ਜੋ ਬ੍ਰਾਹਮਣ ਲੋਕਾਂ ਨੇ ਮਨੁੱਖ ਦੀ ਜ਼ਿੰਦਗੀ ਦੀ ਚਾਰ ਹਿੱਸਿਆਂ ਵਿਚ ਵੰਡ ਕੀਤੀ, ਉਸਦਾ ਨਾਮ ਚਾਰ ਆਸ਼ਰਮ ਪੈ ਗਿਆ। ਪਹਿਲੇ ੨੫ ਬਰਸ ਤੱਕ ਵਿਦਿਆ ਪੜ੍ਹਨ ਦੇ ਸਮੇਂ ਨੂੰ ਬ੍ਰਹਮਚਰਜ, ੨੫ ਤੋਂ ਪਿੱਛੋਂ ਸ਼ਾਦੀ ਕਰਕੇ ੫੦ ਸਾਲ ਦੀ ਉਮਰ ਤੱਕ ਗ੍ਰਹਿਸਤੀ ਜੀਵਨ ਬਤੀਤ ਕਰਨਾ ਤੇ ਘਰ ਦੇ ਧੰਦਿਆਂ ਨੂੰ ਕਰਨਾ। ਇਸ ਮਗਰੋਂ ਇਸਤਰੀ ਸਮੇਤ ਜਾਂ ਇਕੱਲੇ ਹੀ ਵਣ ਵਿਚ ਇਕਾਂਤ ਵਾਸ ਕਰਨਾ ੫੦ ਵਰ੍ਹੇ ਦੀ ਉਮਰ ਤੋਂ ੭੫ ਵਰ੍ਹੇ ਦੀ ਉਮਰ ਤੱਕ ਬਣਵਾਸੀ ਰਹਿਣਾ, ਇਸਨੂੰ ਬਾਨਪ੍ਰਸਤੀ ਕਿਹਾ ਗਿਆ। ੭੫ ਵਰ੍ਹੇ ਦੀ ਉਮਰ ਤੋਂ ਜੀਵਨ ਪ੍ਰਬੰਧ, ਅਗਨਹੋਤਰ ਆਦਿਕ ਕਰਮ ਛੱਡ ਕੇ ਭਿਖਿਆ ਨਾਲ ਨਿਰਬਾਹ ਕਰਨਾ, ਇਸ ਨੂੰ ਸੰਨਿਆਸੀ ਕਿਹਾ ਗਿਆ। ਪਰ ਇਹ ਚਾਰੇ ਵਰਨ, ਚਾਰੇ ਆਸ਼ਰਮ, ਚਾਰੇ ਹੀ ਮਜ਼੍ਹਬ ਜਗਤ ਗੁਰੂ ਨਾਨਕ ਦੇਵ ਜੀ ਦੇ ਸੰਸਾਰ ਅੰਦਰ ਆਉਣ ਤੋਂ ਪਹਿਲਾਂ ਆਪਸ ਵਿਚ ਖਹਿ ਖਹਿ ਮਰਦੇ ਸਨ। ਭਾਈ ਸਾਹਿਬ ਭਾਈ ਗੁਰਦਾਸ ਜੀ ਦੇ ਸੁੰਦਰ ਬੋਲ ਹਨ :-

***ਚਾਰ ਵਰਨਿ ਚਾਰਿ ਮਜਹਬਾਂ ਜਗਿ ਵਿਚਿ ਹਿੰਦੂ ਮੁਸਲਮਾਣੇ।***
***ਖੁਦੀ ਬਖੀਲਿ ਤਕਬਰੀ ਖਿੰਚੋਤਾਣਿ ਕਰੇਨਿ ਧਿਙਾਣੇ।***
***ਗੰਗ ਬਨਾਰਸਿ ਹਿੰਦੂਆਂ ਮਕਾ ਕਾਬਾ ਮੁਸਲਮਾਣੇ।***
***ਸੁੰਨਤਿ ਮੁਸਲਮਾਣ ਦੀ ਤਿਲਕ ਜੰਞੂ ਹਿੰਦੂ ਲੋਭਾਣੇ।***
***ਰਾਮ ਰਹੀਮ ਕਹਾਇਦੇ ਇਕੁ ਨਾਮੁ ਦੁਇ ਰਾਹ ਭੁਲਾਣੇ।***
***ਬੇਦ ਕਤੇਬ ਭੁਲਾਇ ਕੈ ਮੋਹੇ ਲਾਲਚ ਦੁਨੀ ਸੈਤਾਣੇ।***
***ਸਚੁ ਕਿਨਾਰੇ ਰਹਿ ਗਇਆ ਖਹਿ ਮਰਦੇ ਬਾਮ੍ਹਣਿ ਮਉਲਾਣੇ।***
***ਸਿਰੋ ਨ ਮਿਟੇ ਆਵਣਿ ਜਾਣੇ॥੨੧॥*** (ਵਾਰ ੧, ਪਉੜੀ ੨੧)

ਪਰ ਇਹਨਾਂ ਚਾਰਾਂ ਵਰਨਾਂ, ਆਸ਼ਰਮਾਂ ਦੇ ਅਤੇ ਸਮੁੱਚੀ ਮਨੁੱਖਤਾ ਦੇ ਤਾਰਨ ਵਾਸਤੇ ਅਕਾਲ ਪੁਰਖ ਵਾਹਿਗੁਰੂ ਗੁਰੂ ਨਾਨਕ ਰੂਪ ਹੋ ਕੇ ਸੰਸਾਰ ਅੰਦਰ ਪ੍ਰਗਟ ਹੋਇ। ਆਪ ਜੀ ਨੇ ਸੰਸਾਰ ਅੰਦਰ ਆ ਕੇ ਰਾਇ ਭੋਇ ਦੀ ਤਲਵੰਡੀ ਵਿਖੇ ਬਾਲ ਚੋਜ ਕਰਦਿਆਂ ਹੋਇਆਂ, ਸੁਲਤਾਨਪੁਰ ਜਾ ਕੇ ਮੋਦੀਖ਼ਾਨੇ ਵਿਚ ਬੈਠ ਕੇ ੧੩-੧੩ ਕਹਿ ਤੋਲਦਿਆਂ, ਜਗਤ ਜੀਆਂ ਦੀਆਂ ਝੋਲੀਆਂ ਭਰ ਕੇ ਜਨਮਾਂ-ਜਨਮਾਤਰਾਂ ਦੇ ਭੁੱਖਿਆਂ ਨੂੰ ਤ੍ਰਿਪਤ ਕੀਤਾ ਅਤੇ ਆਪ ਜੀ ਨੇ ਆਪਣੇ ਅਨੁਭਵੀ ਧਿਆਨ ਦੁਆਰਾ ਇਸ ਸੰਸਾਰ ਨੂੰ ਦੇਖਿਆ ਤਾਂ

ਇਹ ਸਾਰੀ ਸੰਸਾਰਿਕ ਲੋਕਾਈ ਭਾਈ ਗੁਰਦਾਸ ਜੀ ਦੇ ਉਪਰੋਕਤ ਕਥਨ ਅਨੁਸਾਰ ਖ਼ੁਦੀ ਬਖ਼ੀਲੀ ਆਦਿ ਈਰਖਾ ਦੀ ਅੱਗ ਵਿਚ ਸੜਦੀ ਨਜ਼ਰ ਆਈ। ਆਪ ਜੀ ਇਸ ਸੜ ਰਹੇ ਸੰਸਾਰ ਨੂੰ ਸ਼ਾਂਤ ਕਰਨ ਵਾਸਤੇ, ਆਪਣੀ ਪਰਿਵਾਰਿਕ ਕਿਰਤ ਛੱਡ ਕੇ, ਅਤੇ ਪਰਿਵਾਰ ਦੇ ਮੋਹ ਨੂੰ ਤਿਆਗ ਕੇ ਸੁਲਤਾਨਪੁਰ ਸਾਹਿਬ ਤੋਂ ਚਾਰ ਉਦਾਸੀਆਂ ਰਾਹੀਂ ਚਾਰਾਂ ਦਿਸ਼ਾਵਾਂ ਦੇ ਜੀਆਂ ਨੂੰ ਤਾਰਨ ਵਾਸਤੇ ਚਲ ਪਏ। ਭਾਈ ਸਾਹਿਬ ਜੀ ਦਾ ਕਥਨ ਹੈ:

***ਬਾਬਾ ਦੇਖੈ ਧਿਆਨੁ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ।***
***ਬਾਝਹੁ ਗੁਰੂ ਗੁਬਾਰੁ ਹੈ, ਹੈ ਹੈ ਕਰਦੀ ਸੁਣੀ ਲੋਕਾਈ।***
***ਬਾਬੇ ਭੇਖ ਬਣਾਇਆ, ਉਦਾਸੀ ਕੀ ਰੀਤਿ ਚਲਾਈ।***
***ਚੜ੍ਹਿਆ ਸੋਧਣਿ ਧਰਤਿ ਲੁਕਾਈ॥੨੪॥*** (ਵਾਰ ੧, ਪਉੜੀ ੨੪)

ਆਪ ਜੀ ਨੇ ਪਹਿਲੀ ਉਦਾਸੀ ਰਾਹੀਂ ਹਰਿਦੁਆਰ ਦੇ ਕਰਮ-ਕਾਂਡੀ ਤੇ ਜਾਤਿ ਅਭਿਮਾਨੀ ਬ੍ਰਾਹਮਣਾਂ ਨੂੰ, ਜੋ ਭਰਮ ਵਿਚ ਪੈ ਕੇ ਪਿੱਤਰਾਂ ਨੂੰ ਪਾਣੀ ਦੇਣ ਲਈ ਗੰਗਾ ਚੋਂ, ਪਾਣੀ ਚੜ੍ਹਦੇ ਵੱਲ ਨੂੰ ਸੁੱਟ ਰਹੇ ਸਨ, ਉਥੇ ਛਿਪਦੇ ਵਲੋਂ ਪਾਣੀ ਆਪ ਜੀ ਨੇ ਸੁੱਟ ਕੇ ਉਹਨਾਂ ਨੂੰ ਸਮਝ ਬਖ਼ਸ਼ੀ ਕਿ ਨਾ ਸਾਡਾ ਪਾਣੀ ਝੋਨੇ ਵਿਚ ਪਹੁੰਚ ਸਕਦਾ ਹੈ ਅਤੇ ਨਾ ਹੀ ਤੁਹਾਡਾ ਪਿੱਤਰ ਲੋਕ ਵਿਚ ਪਹੁੰਚ ਸਕਦਾ ਹੈ। ਗੁਰਦੇਵ ਨੇ:

***ਕੁਬੁਧਿ ਡੂਮਣੀ ਕੁਦਇਆ ਕਸਾਇਣਿ ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ॥***

(ਅੰਗ ੯੧)

ਉਚਾਰ ਕੇ ਉਹਨਾਂ ਹੰਕਾਰੀ ਜਾਤੀ ਬ੍ਰਾਹਮਣਾਂ ਦੇ ਮਨ ਅੰਦਰ ਨੀਚ ਜੀਵਨ ਨੂੰ ਭਿੱਟ ਦੇਣ ਵਾਲੀਆਂ ਮਰਾਸਣਾਂ, ਕਸਾਇਣਾਂ, ਚੂਹੜੀਆਂ ਆਦਿ ਬੈਠੀਆਂ ਦੱਸ ਕੇ ਸੁਮਤ ਬਖ਼ਸ਼ੀ ਅਤੇ ਦੂਜੀ ਉਦਾਸੀ ਰਾਹੀਂ ਹਮਜ਼ਾ ਗੌਂਸ ਵਰਗੇ ਪੀਰਾਂ ਨੂੰ ਤਾਰਿਆ।

ਤੀਜੀ ਉਦਾਸੀ ਰਾਹੀਂ ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ:

***ਫਿਰ ਜਾਇ ਚੜ੍ਹਿਆ ਸੁਮੇਰ ਪਰਿ ਸਿਧਿ ਮੰਡਲੀ ਦ੍ਰਿਸਟੀ ਆਈ।***

(ਵਾਰ ੧, ਪਉੜੀ ੨੮)

ਇਹਨਾਂ ਸਿਧਾਂ ਬਾਰੇ ਭਾਈ ਸਾਹਿਬ ਦੇ ਬੋਲ ਹਨ :-

***ਸਬਦਿ ਜਿਤੀ ਸਿਧਿ ਮੰਡਲੀ ਕੀਤੋਸੁ ਅਪਣਾ ਪੰਥੁ ਨਿਰਾਲਾ।***

(ਵਾਰ ੧, ਪਉੜੀ ੩੧)

ਫਿਰ ਚਉਥੀ ਉਦਾਸੀ ਰਾਹੀਂ ਜਿਥੇ ਆਪ ਜੀ ਨੇ:

***ਬਾਬਾ ਫਿਰਿ ਮੱਕੇ ਗਇਆ ਨੀਲ ਬਸਤ੍ਰ ਧਾਰੇ ਬਨਵਾਰੀ।***
***ਆਸਾ ਹਥਿ ਕਿਤਾਬ ਕਛਿ ਕੂਜਾ ਬਾਂਗ ਮੁਸੱਲਾ ਧਾਰੀ।***

ਉਥੇ ਗੁਰਦੇਵ ਕਾਅਬੇ ਵੱਲ ਚਰਨ ਕਰਕੇ ਲੰਮੇ ਪਏ ਸਨ। ਗੁੱਸੇ ਵਿਚ ਆਕੇ ਜੀਵਨ ਕਾਜ਼ੀ ਨੇ :-

***ਟੰਗੋਂ ਪਕੜਿ ਘਸੀਟਿਆ***
***ਫਿਰਿਆ ਮੱਕਾ ਕਲਾ ਦਿਖਾਰੀ।***
***ਹੋਇ ਹੈਰਾਨੁ ਕਰੇਨਿ ਜੁਹਾਰੀ॥ ੩੨॥***

(ਵਾਰ ੧, ਪਉੜੀ ੩੨)

ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਇਥੇ ਵੀ ਬਲ ਛਾਇਆ ਰਿਹਾ, ਕਿਉਂਕਿ ਉਨ੍ਹਾਂ ਦੀ ਸ਼ਕਤੀ ਨੂੰ ਦੇਖ ਕੇ ਕਾਜ਼ੀ ਨੇ ਆਪਣੀ ਭੁੱਲ ਨੂੰ ਮੰਨ ਕੇ ਬੇਨਤੀ ਕੀਤੀ :

***ਧਰੀ ਨੀਸਾਨੀ ਕਉਸ ਦੀ ਮਕੇ ਅੰਦਰਿ ਪੂਜ ਕਰਾਈ।***

(ਵਾਰ ੧, ਪਉੜੀ ੩੪)

ਇਸ ਕਰਕੇ ਗੁਰੂ ਨਾਨਕ ਨੇ ਦਸਾਂ ਸਰੂਪਾਂ ਅੰਦਰ ਗੁਰਬਾਣੀ ਰਾਹੀਂ ਚਹੁੰਆਂ ਵਰਨਾਂ, ਆਸ਼ਰਮਾਂ ਦੇ ਲੋਕਾਂ ਨੂੰ ਉਪਦੇਸ਼ ਦੇ ਕੇ ਤਾਰਿਆ ਹੈ।

***ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥***

(ਅੰਗ ੭੪੭-੪੮)

***ਅਥਵਾ: ਖਤ੍ਰੀ ਬ੍ਰਾਹਮਣੁ ਸੂਦੁ ਬੈਸੁ ਉਧਰੈ ਸਿਮਰਿ ਚੰਡਾਲ॥***
***ਜਿਨਿ ਜਾਨਿਓ ਪ੍ਰਭੁ ਆਪਨਾ ਨਾਨਕ ਤਿਸਹਿ ਰਵਾਲ॥***

(ਅੰਗ ੩੦੦)

***ਅਥਵਾ: ਚਾਰਿ ਬਰਨ ਚਾਰਿ ਆਸ੍ਰਮ ਹੈ ਕੋਈ ਮਿਲੈ ਗੁਰੂ***
***ਗੁਰ ਨਾਨਕ ਸੋ ਆਪਿ ਤਰੈ ਕੁਲ ਸਗਲ ਤਰਾਧੋ॥***

(ਅੰਗ ੧੨੯੭)

ਅਤੇ ਗੁਰੂ ਨਾਨਕ ਦੇਵ ਜੀ ਨੇ ਦਸਾਂ ਹੀ ਸਰੂਪਾਂ ਅੰਦਰ ਇਹਨਾਂ ਚਾਰਾਂ ਦਿਸ਼ਾਵਾਂ ਦੇ ਅੰਦਰ ਉਪਦੇਸ਼ ਦੇ ਕੇ ਜਗਤ ਜੀਆਂ ਦੇ ਜਿਥੇ ਹੰਗਤਾ ਮਮਤਾ ਦੇ ਬੰਧਨ ਕੱਟੇ ਹਨ, ਉਥੇ ਪ੍ਰਤੱਖ ਪਏ ਹੋਏ ਬੰਧਨ ਕਟੇ। ਪਹਿਲੇ ਸਰੂਪ ਵਿਚ ਬਾਬਰ ਦੀ ਕੈਦ ਵਿਚੋਂ ਜੀਆਂ ਨੂੰ ਕੱਢਿਆ, ਕਦੇ ਛੇਵੇਂ ਸਰੂਪ ਵਿਚ ਗਵਾਲੀਅਰ ਦੇ ਕਿਲ੍ਹੇ ਵਿਚੋਂ ੫੨ ਰਾਜੇ ਬੰਧਨ ਮੁਕਤ ਕੀਤੇ। ਕਦੇ ਦਸਮ ਸਰੂਪ ਵਿਚ ਪੂਨੇ ਸਿਤਾਰੇ ਦੀ ਜੇਲ੍ਹ ਅੰਦਰ ਬਾਲਾਰਾਉ ਤੇ ਰੁਸਤਮ ਰਾਉ ਜੈਸੇ ਰਾਜਿਆਂ ਨੂੰ ਮੁਕਤ ਕੀਤਾ। ਇਸ ਕਰ ਕੇ ਸਾਰੇ ਹੀ ਗੁਰੂ ਸਾਹਿਬਾਨ ਦਾ ਸਾਰੀਆਂ ਹੀ ਦਿਸ਼ਾਵਾਂ ਵਿਚ ਬਲ ਹੈ :

***ਨਿਰੰਕਾਰੁ ਆਕਾਰੁ ਕਰਿ ਜੋਤਿ ਸਰੂਪੁ ਅਨੂਪ ਦਿਖਾਇਆ।***
***ਵੇਦ ਕਤੇਬ ਅਗੋਚਰਾ ਵਾਹਿਗੁਰੂ ਗੁਰ ਸਬਦੁ ਸੁਣਾਇਆ।***

*ਚਾਰਿ ਵਰਨ ਚਾਰਿ ਮਜਹਬਾ ਚਰਣ ਕਵਲ ਸਰਣਾਗਤਿ ਆਇਆ।*
*ਪਾਰਸਿ ਪਰਸਿ ਅਪਰਸ ਜਗਿ ਅਸਟਧਾਤੁ ਇਕੁ ਧਾਤੁ ਕਰਾਇਆ।*
*ਪੈਰੀ ਪਾਇ ਨਿਵਾਇਕੈ ਹਉਮੈ ਰੋਗੁ ਅਸਾਧੁ ਮਿਟਾਇਆ।*
*ਹੁਕਮਿ ਰਜਾਈ ਚਲਣਾ ਗੁਰਮੁਖਿ ਗਾਡੀ ਰਾਹੁ ਚਲਾਇਆ।*
*ਪੂਰੈ ਪੂਰਾ ਥਾਟੁ ਬਣਾਇਆ॥੧੭॥* (ਵਾਰ ੧੨, ਪਉੜੀ ੧੭)

## ਸਾਖੀ-ਦੋ ਰਾਜਿਆਂ ਨੂੰ ਕੈਦ ਚੋਂ ਕੱਢਣ ਦੀ

ਸਤਿਗੁਰੂ ਸਾਹਿਬ ਜੀ ਸਰਬ ਕਲਾ ਸਮਰੱਥ ਹਨ, ਸਰਬ ਕਲਾ ਸਮੱਰਥ ਅਕਾਲ ਪੁਰਖ ਵਾਹਿਗੁਰੂ ਸਰੂਪ ਹਨ। ਵਾਹਿਗੁਰੂ ਸਰਬਦੇਸੀ ਹੈ, ਇਸੇ ਤਰ੍ਹਾਂ ਸਤਿਗੁਰੂ ਸਾਹਿਬ ਜੀ ਵੀ ਸਰਬ ਵਿਆਪੀ ਅਤੇ ਸਰਬਦੇਸੀ ਹਨ:-

*ਕਿ ਸਰਬੱਤ੍ਰ ਦੇਸੈ॥ ਕਿ ਸਰਬੱਤ੍ਰ ਭੇਸੈ॥*
*ਕਿ ਸਰਬੱਤ੍ਰ ਕਾਲੈ॥ ਕਿ ਸਰਬੱਤ੍ਰ ਪਾਲੈ॥*

(ਜਾਪੁ ਸਾਹਿਬ)

ਸਰਬ ਵਿਆਪਕ ਤੇ ਸਰਬਦੇਸੀ ਹੋਣ ਕਰਕੇ ਸਤਿਗੁਰੂ ਸਾਹਿਬ ਜੀ ਦਾ ਬਲ ਚਾਰਾਂ ਦਿਸ਼ਾਵਾਂ (ਪੂਰਬ, ਪੱਛਮ, ਉਤਰ, ਦੱਖਣ) ਵਿਚ ਹੀ ਛਾਇਆ ਹੋਇਆ ਹੈ। ਚਾਰਾਂ ਦਿਸ਼ਾਵਾਂ ਵਿਚ ਜਿਥੇ ਵੀ ਕੋਈ ਗੁਰਸਿੱਖ ਸਤਿਗੁਰੂ ਸਾਹਿਬ ਜੀ ਨੂੰ ਯਾਦ ਕਰਦਾ ਹੈ, ਉਥੇ ਪਹੁੰਚ ਕੇ ਗੁਰਸਿੱਖ ਦੀ ਗੁਰੂ ਸਾਹਿਬ ਸ਼ੀਘਰ ਹੀ ਸਹਾਇਤਾ ਕਰਦੇ ਹਨ। ਜਿਸ ਤਰ੍ਹਾਂ ਗੁਰ ਇਤਿਹਾਸ ਵਿਚ ਜ਼ਿਕਰ ਆਇਆ ਹੈ। ਦੱਖਣ ਵਿਚ ਹੈਦਰਾਬਾਦ ਰਿਆਸਤ ਜਨਵਾਰਾ ਨਗਰ ਦੇ ਦੋ ਭਰਾ ਰੁਸਤਮ ਰਾਇ ਤੇ ਬਾਲਾ ਰਾਇ, ਜਿਨ੍ਹਾਂ ਨੂੰ ਮਰਹੱਟਿਆਂ ਨੇ ਸਤਾਰਾ ਦੇ ਕਿਲ੍ਹੇ ਵਿਚ ਕੈਦ ਕੀਤਾ ਹੋਇਆ ਸੀ। ਇਹਨਾਂ ਦੇ ਪੈਰਾਂ ਵਿਚ ਬੇੜੀਆਂ (ਸੰਗਲ) ਪਾਏ ਹੋਏ ਸਨ। ਇਤਨੀ ਸਖ਼ਤ ਕੈਦ ਵਿਚ ਸਨ ਕਿ ਮਨੁੱਖ ਤਾਂ ਕੀ, ਉਥੇ ਪੰਛੀ ਵੀ ਨਹੀਂ ਜਾ ਸਕਦਾ ਸੀ। ਇਹਨਾਂ ਨੇ ਬਹੁਤ ਪੀਰਾਂ, ਫ਼ਕੀਰਾਂ, ਸੰਤਾਂ ਨੂੰ ਮਨਾਇਆ ਭਾਵ ਅਰਾਧਣਾ ਕੀਤੀ, ਪਰ ਕੋਈ ਵੀ ਇਹਨਾਂ ਦੀ ਸਹਾਇਤਾ ਲਈ ਬਹੁੜ ਨਾ ਸਕਿਆ। ਇਹਨਾਂ ਦੇ ਪੂਰਬਲੇ ਕਰਮ, ਕੁਦਰਤ ਦੇ ਸਬੱਬ ਨਾਲ ਉਥੇ ਇਕ ਸਿੱਖ ਪਹਿਰੇਦਾਰ ਸੀ, ਜੋ ਹਰ ਵਕਤ ਕੰਠੋਂ ਸਤਿਗੁਰੂ ਜੀ ਦੀ ਬਾਣੀ ਪੜ੍ਹਦਾ ਰਹਿੰਦਾ ਸੀ। ਉਹ ਸਵਾਸ-ਸਵਾਸ ਸਿਮਰਨ ਕਰਨ ਵਾਲਾ ਸੀ। ਜਦੋਂ ਇਹਨਾਂ ਨੇ ਗੁਰਮੁਖ ਸਿੱਖ ਕੋਲੋਂ ਪੁੱਛਿਆ ਕਿ ਤੂੰ ਕਿਸ ਦੀ ਬਾਣੀ ਪੜ੍ਹਦਾ ਹੈਂ? ਇਹ ਸਾਨੂੰ ਬੜੀ ਹੀ ਪਿਆਰੀ ਲੱਗਦੀ ਹੈ। ਇਹ ਸਾਡੇ ਹਿਰਦੇ ਵਿਚ ਵੱਸ ਗਈ ਹੈ। ਸਿੱਖ ਨੇ ਜਵਾਬ ਦਿੱਤਾ:-

*ਸੁਨਤਿ ਸਿੰਘ ਗੁਰ ਮਹਿਮਾ ਕਹੀਂ॥ ਬੰਦ ਖਲਾਸੀ ਸਮਝੋ ਨਹੀਂ॥*
*ਦੁਰਗ ਗ੍ਵਾਲਿਯਰ ਮਹਿਂ ਨ੍ਰਿਪ ਕੈਦ॥ ਨਹਿ ਛੁਟਨਿ ਕੀ ਜਿਯਤਿ ਉਮੈਦ॥੫੦॥*

***ਅਸ ਰਾਜੇ ਰਾਜਪੂਤ ਛੁਡਾਏ॥ ਸਿਮਰੇ ਜਾਹਿ ਕਹਿ ਭਏ ਸਹਾਇ॥***
***ਸ੍ਰੀ ਗੋਬਿੰਦ ਸਿੰਘ ਗੁਰੂ ਬਡੇਰਾ॥ ਅਬਚਲ ਨਗਰ ਥਾਨ ਜਿਨ ਕੇਰਾ॥ ੪੧੭॥***

(ਐਨ ੨, ਅੰਸੂ ੨੫, ਪੰਨਾ ੬੩੪੩. ਗੁ: ਪ੍ਰ: ਸੂ: ਗ੍ਰੰ:)

ਸਿੱਖ ਨੇ ਗੁਰੂ ਜੀ ਦੀ ਮਹਿਮਾ ਕਰਦੇ ਹੋਏ ਕਿਹਾ ਕਿ ਮਨੁੱਖ ਦੀ ਕੈਦ ਤਾਂ ਕੀ ਹੈ, ਇਹ ਤਾਂ ਬਹੁਤ ਛੋਟੀ ਗੱਲ ਹੈ, ਸਤਿਗੁਰੂ ਜੀ ਤਾਂ ਜਨਮਾਂ-ਜਨਮਾਂਤਰਾਂ ਦੀ ਕੈਦ ਕੱਟ ਦਿੰਦੇ ਹਨ, ਜੇਕਰ ਉਹਨਾਂ ਨੂੰ ਕੋਈ ਸੱਚੇ ਦਿਲੋਂ ਯਾਦ ਕਰੇ:-

***ਕਹੈ ਸਿੰਘ 'ਕਯਾ ਨਰ ਕੀ ਬੰਦਾ। ਜਮ ਫਾਸੀ ਕੋ ਦੇਤਿ ਨਿਕੰਦਾ।***
***ਬਾਲੇ ਰਾਇ ਸੁਨੀ ਚਿਤ ਲਾਇ। ਸਰਧਾ ਵਧੀ ਕਹਯੋ ਕਰਿ ਭਾਇ।***

ਉਹ ਕੈਦੀਆਂ ਨੇ ਗੁਰਮੁਖ ਸਿੱਖ ਅੱਗੇ ਬੇਨਤੀ ਕੀਤੀ ਕਿ ਕਿਰਪਾ ਕਰਕੇ ਜਨਮਾਂ-ਜਨਮਾਂ ਦੇ ਬੰਧਨ ਕੱਟਣ ਵਾਲੇ ਸਤਿਗੁਰੂ ਜੀ ਅੱਗੇ ਸਾਡੇ ਬੰਧਨ ਕੱਟਣ ਲਈ ਅਰਦਾਸ ਕਰੋ। ਸਿੱਖ ਨੇ ਸਤਿਗੁਰੂ ਜੀ ਅੱਗੇ ਅਰਦਾਸ ਨਿਮਰਤਾ ਸਹਿਤ ਕੀਤੀ। ਇਧਰ ਦੋਨੋਂ ਭਾਈਆਂ ਦੇ ਮਨ ਵਿਚ ਸਤਿਗੁਰੂ ਪ੍ਰਤੀ ਅਥਾਹ ਪ੍ਰੇਮ ਤੇ ਸ਼ਰਧਾ ਪੈਦਾ ਹੋ ਗਈ। ਉਹ ਦਿਨ ਰਾਤ ਇਕ ਕਰਕੇ ਸਤਿਗੁਰੂ ਨੂੰ ਯਾਦ ਕਰਨ ਲੱਗੇ, ਸਿਮਰਨ ਕਰਨ ਲੱਗੇ। ਉਹਨਾਂ ਦੀ ਕੀਤੀ ਅਰਦਾਸ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰ 'ਤੇ ਪ੍ਰਵਾਨ ਹੋਈ। ਕੀ ਹੋਇਆ, ਇਕ ਰਾਤ ਦੇ ਸਮੇਂ ਜਦੋਂ ਇਹਨਾਂ ਦੀ ਸੁਰਤ ਗੁਰੂ ਚਰਨਾਂ ਵਿਚ ਜੁੜੀ ਹੋਈ ਸੀ, ਤਾਂ ਉਸ ਵੇਲੇ ਦਸਮੇਸ਼ ਪਿਤਾ ਜੀ ਆਨ ਪ੍ਰਗਟ ਹੋਏ। ਜਦੋਂ ਇਹਨਾਂ ਭਰਾਵਾਂ ਨੇ ਘੋੜੇ ਦੇ ਪੌੜਾਂ ਦੀ ਆਵਾਜ਼ ਸੁਣੀ ਤਾਂ ਬੜੇ ਧਿਆਨ ਤੇ ਨੀਝ ਨਾਲ ਵੇਖਿਆ ਤੇ ਪੁੱਛਿਆ:

***ਬਿਸਮਿਤ ਬੁਝਿਓ ਕਹ ਤੁਮ ਕੌਨ? ਸ੍ਰੀ ਪ੍ਰਭ ਕਹਹ ਅਰਾਧਹਿ ਜੌਨ।***
***ਸੋ ਪਹੁਚਯੋ ਤੁਵ ਕਰਨ ਸਹਾਇ। ਉਠਹੁ ਅਬਹਿ ਨਹਿ ਬਿਲਮ ਲਗਾਇ॥ ੪੯॥***

(ਗੁ: ਪ੍ਰ: ਸੂ: ਗ੍ਰੰ:, ਅੰਸੂ ੨੫, ਪੰਨਾ ੧੩੪੪)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਖਿਆ ਕਿ ਜਲਦੀ ਕਰੋ, ਮੈਂ ਤੁਹਾਨੂੰ ਲੈਣ ਵਾਸਤੇ ਆਇਆ ਹਾਂ। ਆਖਣ ਲੱਗੇ ਕਿ ਸਾਡੇ ਪੈਰਾਂ ਵਿਚ ਬੇੜੀਆਂ ਪਾਈਆਂ ਹੋਈਆਂ ਹਨ। ਗੁਰੂ ਜੀ ਨੇ ਕਿਹਾ, ਵਾਹਿਗੁਰੂ ਨਾਮ ਨੂੰ ਉਚਾਰਨ ਕਰੋ, ਆਪਣੇ ਆਪ ਹੀ ਬੇੜੀਆਂ ਟੁੱਟ ਜਾਣਗੀਆਂ। ਜਦੋਂ ਇਹਨਾਂ ਕੈਦੀਆਂ ਨੇ ਸੱਚੇ ਮਨ ਨਾਲ ਹਿਰਦੇ ਵਿਚ ਵਾਹਿਗੁਰੂ ਉਚਾਰਨ ਕੀਤਾ, ਤਾਂ ਅਕਾਲਪੁਰਖ ਦੀ ਕ੍ਰਿਪਾ ਨਾਲ ਉਹਨਾਂ ਦੇ ਪੈਰਾਂ ਦੀਆਂ ਬੇੜੀਆਂ ਕੱਟੀਆਂ ਗਈਆਂ। ਦੋਨਾਂ ਨੇ ਉਠ ਕੇ ਸਤਿਗੁਰੂ ਦੇ ਚਰਨਾਂ ਵਿਚ ਨਮਸ਼ਕਾਰ ਕੀਤੀ। ਉਹਨਾਂ ਦੀਆਂ ਅੱਖਾਂ ਵਿਚ ਖ਼ੁਸ਼ੀ ਦੇ ਅੱਥਰੂ ਵਹਿ ਰਹੇ ਸਨ। ਉਹ ਗਦ ਗਦ ਹੋ ਰਹੇ ਸਨ। ਉਹ ਕਹਿ ਰਹੇ ਸਨ, ਧੰਨ ਸਤਿਗੁਰੂ ! ਧੰਨ ਸਤਿਗੁਰੂ! ਸਤਿਗੁਰੂ ਜੀ ਨੇ ਕਿਹਾ ਕਿ ਜੋ ਵੀ ਸਿੱਖ ਪ੍ਰੇਮ ਤੇ ਸ਼ਰਧਾ ਨਾਲ ਗੁਰੂ ਨੂੰ ਯਾਦ ਕਰਦਾ ਹੈ, ਉਸ ਦੇ ਇਹ ਲੋਕ ਦੇ ਬੰਧਨ ਤਾਂ ਕੱਟੇ ਹੀ ਜਾਂਦੇ ਹਨ, ਉਹਨਾਂ ਦੇ ਜਮਾਂ ਦੇ ਬੰਧਨ ਵੀ ਕੱਟੇ ਜਾਂਦੇ ਹਨ। ਗੁਰੂ ਜੀ ਨੇ ਦੋਨਾਂ ਭਰਾਵਾਂ ਨੂੰ ਦੋਨੋਂ ਰਕਾਬਾਂ ਫੜਾ ਕੇ ਕਿਲ੍ਹੇ ਦੀ ਕੈਦ ਤੋਂ ਮੁਕਤ ਤਾਂ ਕੀਤਾ

ਹੀ ਹੈ, ਉਹਨਾਂ ਦੇ ਜਨਮਾਂ ਜਨਮਾਂ ਦੇ ਬੰਧਨ ਵੀ ਕੱਟ ਦਿੱਤੇ। ਉਹਨਾਂ ਉੱਪਰ ਐਸੀ ਕ੍ਰਿਪਾ ਦ੍ਰਿਸ਼ਟੀ ਕੀਤੀ।

**ਧਨਾਸਰੀ ਮਹਲਾ ੫ ॥ ਚਤੁਰ ਦਿਸਾ ਕੀਨੋ ਬਲੁ ਅਪਨਾ ਸਿਰ ਊਪਰਿ ਕਰੁ ਧਾਰਿਓ ॥ ਕ੍ਰਿਪਾ ਕਟਾਖੵ ਅਵਲੋਕਨੁ ਕੀਨੋ ਦਾਸ ਕਾ ਦੂਖੁ ਬਿਦਾਰਿਓ ॥ ੧ ॥ ਹਰਿ ਜਨ ਰਾਖੇ ਗੁਰ ਗੋਵਿੰਦ ॥ ਕੰਠਿ ਲਾਇ ਅਵਗੁਣ ਸਭਿ ਮੇਟੇ ਦਇਆਲ ਪੁਰਖ ਬਖਸੰਦ ॥ ਰਹਾਉ ॥ ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ ॥ ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ ॥ ੨ ॥ ੧੪ ॥ ੪੫ ॥**

(ਅੰਗ ੬੮੧)

## ਪਦ ਅਰਥ :

ਚਤੁਰ ਦਿਸਾ–ਚਾਰੋਂ ਪਾਸੇ। ਬਲੁ–ਸ਼ਕਤੀ। ਕਰੁ–ਹੱਥ। ਧਾਰਿਓ–ਰੱਖਿਆ। ਕ੍ਰਿਪਾ ਕਟਾਖੵ–ਮਿਹਰ ਦੀ ਨਜ਼ਰ ਨਾਲ। ਅਵਲੋਕਨ ਕੀਨੋ–ਵੇਖਿਆ। ਬਿਦਾਰਿਓ–ਦੂਰ ਕਰ ਦਿੱਤਾ। ਕੰਠਿ ਲਾਇ–ਗਲੇ ਨਾਲ ਲਾ ਕੇ। ਮਾਗਹਿ–ਮੰਗਦੇ ਹਨ।

## ਅਰਥ :

(ਹੇ ਭਾਈ! ਹਰੀ ਪ੍ਰਭੂ ਨੇ) ਚਾਰੇ ਪਾਸੇ (ਚਾਰੇ ਦਿਸ਼ਾਵਾਂ) ਤੇ ਸਾਰੇ ਥਾਵਾਂ ਵਿਚ) ਆਪਣਾ ਬਲ (ਧਾਰਣ ਕਰ) ਰੱਖਿਆ ਹੈ। ਉਸ ਪ੍ਰਭੂ ਨੇ (ਦਾਸਾਂ ਦੇ) ਸਿਰ ਉੱਤੇ (ਬਖ਼ਸ਼ਿਸ਼ ਭਰਿਆ) ਹੱਥ ਰੱਖਿਆ ਹੈ। (ਉਸ ਪ੍ਰਮਾਤਮਾ ਨੇ) ਜਦੋਂ ਮਿਹਰ ਦੀ ਨਜ਼ਰ ਨਾਲ ਵੇਖਿਆ ਤਾਂ ਦਾਸ ਦਾ ਸਾਰਾ ਦੁੱਖ ਦੂਰ ਕਰ ਦਿੱਤਾ। ੧। (ਹੇ ਭਾਈ!) ਗੋਵਿੰਦ (ਪ੍ਰਿਥਵੀ) ਦੇ ਮਾਲਕ ਨੇ (ਆਪਣੇ) ਦਾਸ (ਦੁੱਖਾਂ ਤੋਂ) ਰੱਖ ਲਏ ਹਨ। ਬਖ਼ਸ਼ਣ ਵਾਲੇ ਦਇਆਲ ਪੁਰਖ ਨੇ (ਆਪਣੇ) ਗਲੇ ਨਾਲ ਲਾ ਕੇ ਸਾਰੇ ਅਵਗੁਣ ਮੇਟ ਦਿੱਤੇ ਹਨ। ਰਹਾਉ। (ਹੇ ਭਾਈ! ਪ੍ਰਭੂ ਦੇ ਦਾਸ) ਜੋ ਭੀ ਮਾਲਕ ਪਾਸੋਂ ਮੰਗਦੇ ਹਨ (ਪ੍ਰਭੂ) ਓਹੀ ਓਹੀ (ਵਸਤੂਆਂ) ਉਨ੍ਹਾਂ ਨੂੰ ਦੇਂਦਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ ਉਸ ਪ੍ਰਮਾਤਮਾ ਦਾ ਦਾਸ ਜੋ ਕੁਝ (ਆਪਣੇ) ਮੂੰਹੋਂ ਬੋਲਦਾ ਹੈ (ਉਹ) ਇਥੇ ਉਥੇ (ਭਾਵ ਲੋਕ ਪ੍ਰਲੋਕ ਵਿਚ) ਸਦਾ (ਭਾਵ ਪੂਰਾ ਹੁੰਦਾ ਹੈ)। ੨। ੧੪। ੪੫।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੯੭ (ਅੰਗ ੬੮੨)

## ਧਨਾਸਰੀ ਮਹਲਾ ੫ ॥

ਅਉਖੀ ਘੜੀ ਨ ਦੇਖਣ ਦੇਈ ਅਪਨਾ ਬਿਰਦੁ ਸਮਾਲੇ ॥ ਹਾਥ ਦੇਇ ਰਾਖੈ ਅਪਨੇ ਕਉ ਸਾਸਿ ਸਾਸਿ ਪ੍ਰਤਿਪਾਲੇ ॥ ੧ ॥ ਪ੍ਰਭ ਸਿਉ ਲਾਗਿ ਰਹਿਓ ਮੇਰਾ ਚੀਤੁ ॥ ਆਦਿ ਅੰਤਿ ਪ੍ਰਭੁ ਸਦਾ ਸਹਾਈ ਧੰਨੁ ਹਮਾਰਾ ਮੀਤੁ ॥ ਰਹਾਉ ॥ ਮਨਿ ਬਿਲਾਸ ਭਏ ਸਾਹਿਬ ਕੇ ਅਚਰਜ ਦੇਖਿ ਬਡਾਈ ॥ ਹਰਿ ਸਿਮਰਿ ਸਿਮਰਿ ਆਨਦ ਕਰਿ ਨਾਨਕ ਪ੍ਰਭਿ ਪੂਰਨ ਪੈਜ ਰਖਾਈ ॥ ੨ ॥ ੧੫ ॥ ੪੬ ॥

## ਪ੍ਰਾਕ੍ਥਨ :-

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਇਹ ਪਾਵਨ ਸ਼ਬਦ ਧਨਾਸਰੀ ਰਾਗ ਅੰਦਰ ਉਚਾਰਨ ਕੀਤਾ ਹੈ। ਇਸ ਸ਼ਬਦ ਦੇ ਆਦਿ ਵਿਚ ਗੁਰਦੇਵ ਨੇ ਵਾਹਿਗੁਰੂ ਦੇ ਬਿਰਦ ਦਾ ਪ੍ਰਗਟਾਅ ਕੀਤਾ ਹੈ। ਪ੍ਰਮਾਤਮਾ ਆਪਣੇ ਬਿਰਦ ਨੂੰ ਸੰਭਾਲਦਾ ਹੋਇਆ ਆਪਣੇ ਪਿਆਰਿਆਂ ਨੂੰ ਦੁੱਖ ਦੀ ਘੜੀ ਨਹੀਂ ਦੇਖਣ ਦਿੰਦਾ।

## ਵਿਸ਼ਾ—ਅਪਨਾ ਬਿਰਦੁ ਸਮਾਲੇ

ਦੁੱਖ ਇਕ ਵਿਆਪਕ ਰੋਗ ਹੈ, ਪਰ ਇਸ ਰੋਗ ਨੂੰ ਚਾਹੁੰਦਾ ਕੋਈ ਨਹੀਂ। ਜਿਸ ਤਰ੍ਹਾਂ ਸਰੀਰਕ ਤੇ ਮਾਨਸਿਕ ਰੋਗ ਨੂੰ ਕੋਈ ਨਹੀਂ ਚਾਹੁੰਦਾ, ਇਸੇ ਤਰ੍ਹਾਂ ਦੁੱਖ ਨੂੰ ਵੀ ਕੋਈ ਨਹੀਂ ਚਾਹੁੰਦਾ। ਸਰੀਰਕ ਤੇ ਮਾਨਸਿਕ ਰੋਗ ਬਿਨਾਂ ਚਾਹਿਆਂ, ਮਨੁੱਖ ਨੂੰ ਆ ਚਿੰਬੜਦੇ ਹਨ, ਇਸੇ ਤਰ੍ਹਾਂ ਦੁੱਖ ਵੀ ਬਿਨਾਂ ਚਾਹਿਆਂ, ਬਿਨਾਂ ਮੰਗਿਆਂ ਮਨੁੱਖ ਨੂੰ ਮਿਲਦਾ ਹੈ। ਪਰ ਇਹ ਰੋਗ ਤੇ ਦੁੱਖ ਮਨੁੱਖ ਦੇ ਕੀਤੇ ਕਰਮਾਂ ਦਾ ਇਕ ਫਲ ਹੈ। ਜੈਸੇ ਮਨੁੱਖ ਕਰਮ ਕਰਦਾ ਹੈ, ਉਸਦਾ ਫਲ ਇਸਨੂੰ ਮਿਲਦਾ ਹੈ। ਚੰਗੇ ਕਰਮਾਂ ਦਾ ਫਲ ਸੁੱਖ ਅਤੇ ਮਾੜੇ ਕਰਮਾਂ ਦਾ ਫਲ ਦੁੱਖ ਹੈ। ਪਰ ਇਸ ਮਨੁੱਖ ਨੂੰ ਆਪਣੇ ਪਿਛਲੇ ਚੰਗੇ ਮਾੜੇ ਕਰਮਾਂ ਦਾ ਕੋਈ ਪਤਾ ਨਹੀਂ, ਇਸ ਨੂੰ ਸਿਰਫ਼ ਦੁੱਖ ਤੇ ਸੁੱਖ ਦੀ ਹੀ ਸਮਝ ਹੈ। ਸੁੱਖ ਨੂੰ ਪਾ ਕੇ ਇਹ ਹੰਕਾਰ ਵਿਚ ਆ ਜਾਂਦਾ ਹੈ। ਸਮਝਦਾ ਹੈ ਕਿ ਮੇਰੀ ਸਿਆਣਪ ਨਾਲ ਮੈਨੂੰ ਸੁੱਖ ਮਿਲਿਆ ਹੈ। ਜਿਸ ਵੇਲੇ ਦੁੱਖ ਮਿਲਦਾ ਹੈ ਤਾਂ ਉਦੋਂ ਰੱਬ ਨੂੰ ਉਲਾਂਭੇ ਦਿੰਦਾ ਹੈ ਕਿ ਪਤਾ ਨਹੀਂ ਰੱਬ ਮੇਰਾ ਕਿਉਂ ਦੁਸ਼ਮਣ ਬਣਿਆ ਹੈ। ਮੈਨੂੰ ਕਿਉਂ ਦੁੱਖ ਦੇ ਰਿਹਾ ਹੈ :

***ਸੁਖੁ ਦੁਖੁ ਪੁਰਬ ਜਨਮ ਕੇ ਕੀਏ॥ ਸੋ ਜਾਣੈ ਜਿਨਿ ਦਾਤੈ ਦੀਏ॥***
***ਕਿਸ ਕਉ ਦੋਸੁ ਦੇਹਿ ਤੂ ਪ੍ਰਾਣੀ ਸਹੁ ਅਪਣਾ ਕੀਆ ਕਰਾਰਾ ਹੇ॥***

(ਅੰਗ ੧੦੩੦)

***ਅਥਵਾ: ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥***
***ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥***

(ਅੰਗ ੪੩੩)

ਦੁੱਖ ਤੇ ਸੁੱਖ ਆਪਣੇ ਕਰਮਾਂ ਦਾ ਫਲ ਹੈ।

ਇਸ ਲਈ ਇਹ ਕਰਮ ਫਲ ਸਰੀਰਾਂ ਦਾ ਭੋਗ ਹੈ। ਮਨੁੱਖ ਦੁੱਖਾਂ ਨੂੰ ਛੱਡ ਕੇ ਸੁੱਖਾਂ ਦੀ ਮੰਗ ਕਰਦਾ ਹੈ। ਪਰ ਇਹ ਦੁੱਖ ਤੇ ਸੁੱਖ ਇਕ ਤਨ ਦੇ ਕੱਪੜੇ ਦੀ ਤਰ੍ਹਾਂ ਹਨ। ਦੁੱਖ ਇਕ ਮਾੜੇ ਕੱਪੜੇ ਦੀ ਤਰ੍ਹਾਂ ਹੈ ਅਤੇ ਸੁੱਖ ਇਕ ਚੰਗਾ ਕੱਪੜਾ ਹੈ। ਮਾੜਾ ਕੱਪੜਾ ਮਨ ਨੂੰ ਚੰਗਾ ਨਹੀਂ ਲੱਗਦਾ। ਚੰਗਾ ਕੱਪੜਾ ਮਨੁੱਖ ਹਮੇਸ਼ਾਂ ਪਹਿਨਣਾ ਚਾਹੁੰਦਾ ਹੈ। ਇਸੇ ਤਰ੍ਹਾਂ ਦੁੱਖ ਨੂੰ ਮਨੁੱਖ ਨਹੀਂ ਚਾਹੁੰਦਾ ਤੇ ਸੁੱਖ ਨੂੰ ਹਮੇਸ਼ਾਂ ਹੰਡਾਉਣਾ ਚਾਹੁੰਦਾ ਹੈ। ਤਨ ਦਾ ਕੱਪੜਾ ਚੰਗਾ ਮਾੜਾ ਪਹਿਨਣਾ ਮਨੁੱਖ ਦੇ ਵੱਸ ਹੈ, ਪਰ ਇਹ ਦੁੱਖ ਸੁੱਖ ਰੂਪ ਕੱਪੜਾ ਪ੍ਰਭੂ

ਜੀਵ ਦੇ ਕਰਮਾਂ ਅਨੁਸਾਰ ਦਿੰਦਾ ਹੈ:

***ਨਾਨਕ ਬੋਲਣੁ ਝਖਣਾ ਦੁਖ ਛਡਿ ਮੰਗੀਅਹਿ ਸੁਖ॥***
***ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ॥***

(ਅੰਗ ੧੪੯)

ਪਰ ਮਨੁੱਖ ਸੁੱਖ ਦੀ ਪ੍ਰਾਪਤੀ ਲਈ ਦਰ-ਦਰ ਉੱਤੇ ਭਟਕਦਾ ਫਿਰਦਾ ਹੈ, ਕਿਉਂਕਿ ਜਿਨ੍ਹਾਂ ਕੋਲ ਜਾ ਕੇ ਸੁੱਖ ਪ੍ਰਾਪਤ ਕਰਨਾ ਚਾਹੁੰਦਾ ਹੈ, ਅਸਲ ਵਿਚ ਉਹ ਆਪ ਦੁੱਖੀ ਹਨ। ਦੁੱਖੀ ਮਨੁੱਖ ਦੂਜੇ ਦੇ ਦੁੱਖ ਨੂੰ ਕਿਵੇਂ ਦੂਰ ਕਰ ਸਕਦਾ ਹੈ। ਜੇ ਕਿਸੇ ਮਨੁੱਖ ਪਾਸ ਕੁਝ ਸੁੱਖ ਹੈ ਤਾਂ ਉਹ ਆਪਣਾ ਸੁੱਖ ਦੂਜੇ ਨੂੰ ਕਿਵੇਂ ਦੇਵੇਗਾ। ਦੂਜੇ ਦੇ ਦੁੱਖ ਨੂੰ ਕੌਣ ਲੈ ਸਕਦਾ ਹੈ, ਪਰ ਇਸ ਕਰਕੇ ਮਨੁੱਖ ਅਗਿਆਨਤਾ ਕਾਰਨ ਕੁੱਤੇ ਦੀ ਤਰ੍ਹਾਂ ਦਰ-ਦਰ 'ਤੇ ਭਟਕ ਰਿਹਾ ਹੈ :

***ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ ਸੇਵ ਕਰਤ ਜਨ ਜਨ ਕੀ॥***
***ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ॥***

(ਅੰਗ ੪੧੧)

ਅਥਵਾ :

***ਜਿਸੁ ਮਾਨੁਖ ਪਹਿ ਕਰਉ ਬੇਨਤੀ ਸੋ ਅਪਨੈ ਦੁਖਿ ਭਰਿਆ॥***

(ਅੰਗ ੪੯੭)

ਅਥਵਾ :

***ਕਿਸੁ ਪਹਿ ਖੋਲ੍ਹਉ ਗੰਠੜੀ ਦੂਖੀ ਭਰਿ ਆਇਆ॥***

(ਅੰਗ ੭੬੭)

ਇਸ ਲਈ ਸੁੱਖਾਂ ਦਾ ਸਮੁੰਦਰ ਤਾਂ ਸਤਿਗੁਰੂ ਸਾਹਿਬ ਜੀ ਹਨ। ਗੁਰੂ ਦੀ ਸ਼ਰਨ ਪਿਆਂ ਹੀ ਸੁੱਖ ਪ੍ਰਾਪਤ ਹੋ ਸਕਦੇ ਹਨ ਅਤੇ ਗੁਰੂ ਦਾ ਬਿਰਦ ਹੈ ਕਿ ਸਰਨ ਪਿਆਂ ਹੀ ਮਨੁੱਖ ਦੇ ਦੁੱਖ ਮੇਟ ਕੇ ਉਸਨੂੰ ਸੁੱਖ ਬਖ਼ਸ਼ਦਾ ਹੈ ਤੇ ਦੁੱਖ ਕਾਲ ਵਿਚ ਗੁਰੂ ਸਿੱਖ ਦੀ ਸਹਾਇਤਾ ਕਰਦਾ ਹੈ :

***ਸਰਬ ਸੁਖਾ ਕਾ ਦਾਤਾ ਸਤਿਗੁਰੁ ਤਾ ਕੀ ਸਰਨੀ ਪਾਈਐ॥***
***ਦਰਸਨੁ ਭੇਟਤ ਹੋਤ ਅਨੰਦਾ ਦੂਖੁ ਗਇਆ ਹਰਿ ਗਾਈਐ॥***

(ਅੰਗ ੬੩੦)

ਅਥਵਾ :

***ਅਉਖੀ ਘੜੀ ਨ ਦੇਖਣ ਦੇਈ ਅਪਨਾ ਬਿਰਦੁ ਸਮਾਲੇ॥***

(ਅੰਗ ੬੮੨)

ਇਸ ਕਰਕੇ ਸਰੀਰ ਜਾਂ ਮਨ ਕਰਕੇ ਜੋ ਗੁਰੂ ਦੀ ਸ਼ਰਨ ਵਿਚ ਪੈ ਜਾਂਦਾ ਹੈ, ਸਤਿਗੁਰੂ ਸਾਹਿਬ ਜੀ ਉਸ ਨੂੰ ਦੁੱਖ ਦੀ ਘੜੀ ਦੇਖਣ ਨਹੀਂ ਦਿੰਦੇ। ਦੁੱਖ ਸਮੇਂ ਜਦੋਂ ਵੀ ਸੇਵਕ ਯਾਦ ਕਰਦਾ ਹੈ, ਗੁਰੂ ਸਹਿਬ ਜੀ ਸੇਵਕ ਦੀ ਉਥੇ ਹੀ ਪਹੁੰਚ ਕੇ ਸਹਾਇਤਾ ਕਰਦੇ ਹਨ ਤੇ ਸੇਵਕ ਨੂੰ ਦੁੱਖ ਤੋਂ ਬਚਾ ਲੈਂਦੇ ਹਨ। ਇਸ ਗੱਲ ਦੀ ਇਤਿਹਾਸ ਸਾਖ ਭਰਦਾ ਹੈ। ਪਟੀ ਸ਼ਹਿਰ ਦੇ ਅੰਦਰ ਭਾਈ ਬਿਧੀ ਚੰਦ ਜੀ ਬਲਦੀ ਅੱਗ ਵਿਚ ਭੱਠ ਵਿਚ ਬੈਠੇ ਨੂੰ ਮੀਰੀ ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਅੱਗ ਦੇ ਸੇਕ ਦਾ ਦੁੱਖ ਪੋਹਣ ਨਹੀਂ ਦਿੱਤਾ। ਇਹ ਪ੍ਰਸੰਗ ਵਿਸਥਾਰ ਨਾਲ ਪੜ੍ਹੋ ਦਾਸ ਦੀ ਲਿਖੀ ਪੁਸਤਕ "ਦਸ ਗੁਰ ਜੋਤ ਗੁਰ ਇਤਿਹਾਸ ਦਸ ਪਾਤਿਸ਼ਾਹੀਆਂ" ਪੰਨਾ ੨੪੬ 'ਤੇ। ਅਤੇ ਭਾਈ ਦੇਵੀ ਚੰਦ ਦੇ ਨੇਤਰਾਂ ਵਿਚ ਗਰਮ ਕਰਕੇ ਫੇਰੀਆਂ ਜਾ ਰਹੀਆਂ ਸਲਾਈਆਂ ਦਾ ਦੁੱਖ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੇਵਕ ਨੂੰ ਪੋਹਣ ਨਹੀਂ ਦਿੱਤਾ। ਨਾਨਕ ਮਤਾ (ਯੂ.ਪੀ.) ਦੇ ਅੰਦਰ ਅਲਮਸਤ ਸਿੱਖ ਨੂੰ ਕੰਨਪਾਟੇ ਯੋਗੀ (ਸਿਧ) ਦੁੱਖ ਦੇਣਾ ਚਾਹੁੰਦੇ ਸਨ, ਪਰ ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਜਾ ਸਹਾਇਤਾ ਕੀਤੀ ਅਤੇ ਯੋਗੀਆਂ ਦਾ ਸਾੜਿਆ ਹੋਇਆ ਪਿੱਪਲ ਗੁਰਦੇਵ ਨੇ ਹਰਾ ਭਰਾ ਕੀਤਾ। ਇਸ ਲਈ ਗੁਰੂ ਸਾਹਿਬ ਜੀ ਸੇਵਕ ਨੂੰ ਦੁੱਖਾਂ ਤੋਂ ਬਚਾਉਂਦੇ ਹਨ।

***ਗੁਰ ਕਾ ਸਬਦੁ ਰਖਵਾਰੇ॥ ਚਉਕੀ ਚਉਗਿਰਦ ਹਮਾਰੇ॥***

(ਅੰਗ ੬੨੬)

ਅਥਵਾ :-

***ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ॥***
***ਚਉਗਿਰਦ ਹਮਾਰੈ ਰਾਮ ਕਰਿ ਦੁਖੁ ਲਗੈ ਨ ਭਾਈ॥***

(ਅੰਗ ੮੧੯)

ਜਿਸ ਦੀ ਗੁਰੂ ਪ੍ਰਮੇਸ਼ਰ ਰੱਖਿਆ ਕਰਦਾ ਹੈ, ਉਸਦਾ ਕੋਈ ਰੋਮ ਵੀ ਛੇਦ ਨਹੀਂ ਸਕਦਾ। ਪੰਚਮ ਗੁਰਦੇਵ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸੁੰਦਰ ਫ਼ੁਰਮਾਣ ਹੈ :

***ਮ੍ਰਿਗੀ ਪੇਖੰਤ ਬਧਿਕ ਪ੍ਰਹਾਰੇਣ ਲਖ੍ਯ ਆਵਧਹ॥***
***ਅਹੋ ਜਸ੍ਯ ਰਖੇਣ ਗੋਪਾਲਹ ਨਾਨਕ ਰੋਮ ਨ ਛੇਦ੍ਯਤੇ॥***

(ਅੰਗ ੧੩੫੪)

ਅਥਵਾ :

***ਸਿਰ ਮਸ੍ਤਕ ਰਖ੍ਯਾ ਪਾਰਬ੍ਰਹਮੰ ਹਸ੍ਤ ਕਾਯਾ ਰਖ੍ਯਾ ਪਰਮੇਸ੍ਵਰਹ॥***
***ਆਤਮ ਰਖ੍ਯਾ ਗੋਪਾਲ ਸੁਆਮੀ ਧਨ ਚਰਨ ਰਖ੍ਯਾ ਜਗਦੀਸ੍ਵਰਹ॥***
***ਸਰਬ ਰਖ੍ਯਾ ਗੁਰ ਦਯਾਲਹ ਭੈ ਦੂਖ ਬਿਨਾਸਨਹ॥***
***ਭਗਤਿ ਵਛਲ ਅਨਾਥ ਨਾਥੇ ਸਰਣਿ ਨਾਨਕ ਪੁਰਖ ਅਚੁਤਹ॥***

(ਅੰਗ ੧੩੫੮)

***ਸਤਿਗੁਰੁ ਗੁਣੀ ਨਿਧਾਨੁ ਹੈ ਗੁਣ ਕਰਿ ਬਖਸੈ ਅਵਗੁਣਿਆਰੇ।***
***ਸਤਿਗੁਰੁ ਪੂਰਾ ਵੇਦੁ ਹੈ ਪੰਜੇ ਰੋਗ ਅਸਾਧ ਨਿਵਾਰੇ।***
***ਸੁਖ ਸਾਗਰੁ ਗੁਰੁਦੇਉ ਹੈ ਸੁਖ ਦੇ ਮੇਲਿ ਲਏ ਦੁਖਿਆਰੇ।***
***ਗੁਰੁ ਪੂਰਾ ਨਿਰਵੈਰੁ ਹੈ ਨਿੰਦਕ ਦੋਖੀ ਬੇਮੁਖ ਤਾਰੇ।***
***ਗੁਰੁ ਪੂਰਾ ਨਿਰਭਉ ਸਦਾ ਜਨਮ ਮਰਣ ਜਮ ਡਰੈ ਉਤਾਰੇ।***
***ਸਤਿਗੁਰੁ ਪੁਰਖੁ ਸੁਜਾਣੁ ਹੈ ਵਡੇ ਅਜਾਣ ਮੁਗਧ ਨਿਸਤਾਰੇ।***
***ਸਤਿਗੁਰੁ ਆਗੂ ਜਾਣੀਐ ਬਾਹ ਪਕੜ ਅੰਧਲੇ ਉਧਾਰੇ।***
***ਮਾਣ ਨਿਮਾਣੇ ਸਦ ਬਲਿਹਾਰੇ॥੧੯॥*** (ਵਾਰ ੨੬, ਪਉੜੀ ੧੯)

## ਸਾਖੀ—ਭਾਈ ਤਿਲੋਕਾ

ਇਕ ਦਿਨ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਦੀਵਾਨ ਲੱਗਾ ਹੋਇਆ ਸੀ। ਭਾਈ ਤਿਲੋਕਾ ਆਇਆ ਅਤੇ ਅੱਗੇ ਭੇਟਾ ਰੱਖ ਕੇ ਬੇਨਤੀ ਕੀਤੀ ਕਿ ਹੇ ਗੁਰਦੇਵ ! ਮੈਂ ਆਪ ਜੀ ਦੀ ਸ਼ਰਨ ਆਇਆ ਹਾਂ, ਮੈਨੂੰ ਐਸਾ ਉਪਦੇਸ਼ ਦਿਉ ਕਿ ਉਪਦੇਸ਼ ਕਮਾਵਣ ਨਾਲ ਮੇਰੇ ਸਾਰੇ ਕਲੇਸ਼ ਦੂਰ ਹੋ ਜਾਣ।

ਹਜ਼ੂਰ ਨੇ ਕਿਹਾ-ਉਠਦਿਆਂ-ਬੈਠਦਿਆਂ, ਆਉਂਦਿਆਂ-ਜਾਂਦਿਆਂ ਵਾਹਿਗੁਰੂ ਵਾਹਿਗੁਰੂ ਜਪਦਾ ਰਹੀਂ, ਪ੍ਰਮੇਸ਼ਰ ਦਾ ਭਾਣਾ ਮਿੱਠਾ ਕਰਕੇ ਮੰਨੀਂ ਅਤੇ ਜੀਆਂ 'ਤੇ ਦਇਆ ਕਰੀਂ। ਕੋਈ ਜੀਵ ਹੱਤਿਆ ਨਾ ਕਰੀਂ, ਫੇਰ ਕਿਸੇ ਦਾ ਦਿਲ ਨਾ ਦੁਖਾਵੀਂ।

***ਰਹੁ ਅਹਿੰਸਾ ਕਰ ਸਭ ਪਰ ਦਯਾ। ਕਿਸ ਕੋ ਨਹੀਂ ਦੁਖਾਵਹੁ ਹਿਯਾ॥***

(ਗੁ: ਪਰ: ਸੂ:, ਰਾਸਿ ੩, ਅੰਸੂ ੫੧)

ਇਸ ਤਰ੍ਹਾਂ ਦਾ ਉਪਦੇਸ਼ ਸੁਣ ਕੇ ਆਗਿਆ ਲੈ ਕੇ ਆਪਣੇ ਦੇਸ਼ ਗ਼ਜ਼ਨੀ ਵਿਚ ਚਲਾ ਗਿਆ। ਉਥੇ ਇਹ ਇਕ ਪਠਾਨ ਦੀ ਨੌਕਰੀ ਕਰਦਾ ਸੀ। ਜਿਸ ਪਾਸੇ ਭੀ ਉਹ ਜਾਵੇ, ਇਹ ਭਾਈ ਤਿਲੋਕਾ ਸ਼ਸਤਰ ਪਹਿਨ ਕੇ ਉਸ ਦੇ ਨਾਲ ਹੀ ਜਾਂਦਾ ਸੀ। (ਸਿੱਖ ਭਗਤ ਮਾਲਾ) ਵਿਚ ਲਿਖਿਆ ਹੈ ਕਿ ਰੋਜ਼ ਦੇ ਪੰਜ ਰੁਪਏ ਪਠਾਨ ਤੋਂ ਲੈਂਦਾ ਸੀ। ਸੂਰਜ ਪ੍ਰਤਾਪ ਵਿਚ ਲਿਖਿਆ ਹੈ ਕਿ ਪੰਜਾਹ ਰੁਪਏ ਰੋਜ਼ ਦੇ ਲੈਂਦਾ ਸੀ।

ਇਕ ਵਾਰ ਮੁਗਲ ਪਠਾਨ ਸ਼ਿਕਾਰ ਖੇਡਣ ਵਾਸਤੇ ਗਿਆ। ਭਾਈ ਤਿਲੋਕਾ ਵੀ ਘੋੜੇ 'ਤੇ ਅਸਵਾਰ ਹੋ ਕੇ ਨਾਲ ਗਿਆ। ਜਿਸ ਵੇਲੇ ਪਠਾਨ ਦੇ ਅੱਗੋਂ ਹਰਨੀ ਲੰਘੀ ਤਾਂ ਇਨ੍ਹਾਂ ਨੇ ਆਪਣੇ ਘੋੜੇ ਉਸਦੇ ਪਿਛੇ ਦੁੜਾਏ। ਭਾਈ ਤਿਲੋਕੇ ਨੇ ਬੜੀ ਫੁਰਤੀ ਨਾਲ ਹਰਨੀ ਦੇ ਪਾਸ ਜਾ ਕੇ ਐਸੀ ਤਲਵਾਰ ਮਾਰੀ ਕਿ ਹਰਨੀ ਦੇ ਦੋ ਟੋਟੇ ਕਰ ਸੁੱਟੇ। ਉਸ ਵੇਲੇ ਹਰਨੀ ਦੇ ਪੇਟ ਚੋਂ ਦੋ ਬੱਚੇ ਡਿੱਗੇ ਅਤੇ ਕਿਤਨਾ ਕੁ ਚਿਰ ਤੜਫ-ਤੜਫ ਕੇ ਉਹ ਭੀ ਮਰ ਗਏ। ਇਹ ਦੇਖ ਕੇ ਭਾਈ ਤਿਲੋਕੇ ਦੇ ਮਨ ਵਿਚ ਬੜਾ ਤਰਸ ਆਇਆ ਤੇ ਆਪਣੇ ਆਪ ਨੂੰ ਧਿਰਕਾਰਾਂ ਦਿੱਤੀਆਂ।

ਯਥਾ :

***ਦੇਖ ਤਿਲੋਕੇ ਕਰੁਨਾ ਠਾਨੀ। ਧਿਕ ਧਿਕ ਅਪਨੇ ਕਰਮ ਬਖਾਨੀ।***
***ਐਸੋ ਪਾਪ ਅਚਾਨਕ ਲਏ। ਇਕ ਕੇ ਹਤੇ ਤੀਨ ਮਰਿ ਗਏ॥ ੧੧॥***

ਉਸ ਸਮੇਂ ਗੁਰਾਂ ਦਾ ਉਪਦੇਸ਼ ਯਾਦ ਆਇਆ ਕਿ ਮੈਨੂੰ ਤਾਂ ਗੁਰਾਂ ਨੇ ਕਿਹਾ ਸੀ ਜੀਵ 'ਤੇ ਦਇਆ ਕਰੀਂ, ਪਰ ਮੇਰੇ ਪਾਸੋਂ ਇਹ ਉਪਦੇਸ਼ ਕਮਾਇਆ ਨਹੀਂ ਗਿਆ। ਪਾਸ ਸ਼ਸਤਰ ਹੋਣ ਤਾਂ ਜ਼ਰੂਰ ਪਾਪ ਹੋ ਜਾਂਦਾ ਹੈ, ਇਸ ਕਰਕੇ ਹੁਣ ਇਨ੍ਹਾਂ ਦਾ ਤਿਆਗ ਹੀ ਸ੍ਰੇਸ਼ਟ ਹੈ।

***ਚਿਤ ਬਿਚਾਰ ਤਲਵਾਰ ਹਟਾਈ।***
***ਤੇਗ ਕਾਠ ਕੀ ਕਰਿ ਗਰ ਪਾਈ॥ ੧੩॥***

ਜਦ ਇਸ ਨੇ ਕਾਠ ਦੀ ਤਲਵਾਰ ਪਾਈ, ਤਦ ਭਾਈ ਤਿਲੋਕੇ ਦੇ ਦੁਸ਼ਮਨ ਨੂੰ ਪਤਾ ਲੱਗ ਗਿਆ। ਉਸ ਨੇ ਮੁਗ਼ਲ ਪਠਾਨ ਪਾਸ ਜਾ ਕੇ ਕਿਹਾ ਕਿ ਤੇਰਾ ਜਿਹੜਾ ਸਭ ਤੋਂ ਵੱਡਾ ਸਿਪਾਹੀ ਹੈ ਉਸਨੇ ਤਾਂ ਕਾਠ ਦੀ ਤਲਵਾਰ ਗਲ ਵਿਚ ਪਾਈ ਹੋਈ ਹੈ। ਉਸ ਨੇ ਕੀ ਸੂਰਬੀਰਤਾ ਵਿਖਾਣੀ ਹੈ, ਉਹ ਤਾਂ ਐਵੇਂ ਠੱਗ ਕੇ ਤਨਖ਼ਾਹ ਖਾਈ ਜਾਂਦਾ ਹੈ।

ਇਹ ਗੱਲ ਸੁਣ ਕੇ ਪਠਾਨ ਦੇ ਮਨ ਵਿਚ ਨਿਸਚਾ ਨਾ ਆਇਆ ਅਤੇ ਉਸ ਨੇ ਸੁਣੀ ਅਣਸੁਣੀ ਕਰ ਦਿੱਤੀ।

ਉਸ ਚੁਗ਼ਲ ਨੇ ਦੁਬਾਰਾ ਫਿਰ ਕਿਹਾ ਕਿ ਮੈਂ ਆਪ ਨੂੰ ਠੀਕ ਕਹਿ ਰਿਹਾ ਹਾਂ ਕਿ ਆਪ ਦੇ ਵੱਡੇ ਸਿਪਾਹੀ ਨੇ ਕਾਠ ਦੀ ਤਲਵਾਰ ਰੱਖੀ ਹੋਈ ਹੈ। ਆਪ ਇਕ ਵਾਰ ਆਪਣੀ ਸਭਾ ਵਿਚ ਸਾਰਿਆਂ ਨੂੰ ਬੁਲਾ ਕੇ ਸਭ ਦੀਆਂ ਤਲਵਾਰਾਂ ਦੇਖੋ।

ਜੇ ਉਸ ਦੀ ਤਲਵਾਰ ਕਾਠ ਦੀ ਨਿਕਲ ਆਈ ਤਾਂ ਉਸ ਨੂੰ ਨੌਕਰੀ ਤੋਂ ਖ਼ਾਰਜ ਕਰ ਦੇਣਾ। ਜੇਕਰ ਲੋਹੇ ਦੀ ਨਿਕਲੀ ਤਾਂ ਜੋ ਮੇਰੇ ਪਾਸ ਹੋਵੇ, ਆਪ ਦੰਡ ਵਜੋਂ ਲੈ ਲੈਣਾ।

ਇਹ ਗੱਲ ਸੁਣ ਕੇ ਪਠਾਨ ਨੂੰ ਸੰਸਾ ਹੋ ਗਿਆ। ਉਸ ਨੇ ਉਸੀ ਵੇਲੇ ਹੁਕਮ ਦੇ ਕੇ ਸਭ ਸਿਪਾਹੀਆਂ ਨੂੰ ਭਾਈ ਤਿਲੋਕੇ ਸਮੇਤ ਆਪਣੇ ਪਾਸ ਬੁਲਵਾ ਲਿਆ।

ਪਹਿਲੇ ਮਿਆਨ ਚੋਂ ਆਪਣੀ ਤਲਵਾਰ ਖਿੱਚ ਕੇ ਦਿਖਾਈ। ਫਿਰ ਦੂਜੇ ਨੂੰ ਕਹਿ ਕੇ ਦਿਖਾਈ। ਫਿਰ ਸਾਰਿਆਂ ਨੂੰ ਹੁਕਮ ਦੇ ਦਿੱਤਾ ਕਿ ਸਭ ਸੂਰਮੇ ਵਾਰੋ ਵਾਰੀ ਆਪੋ ਆਪਣੀ ਕ੍ਰਿਪਾਨ ਦਿਖਾਓ।

ਸ਼ਾਹੀ ਹੁਕਮ ਨੂੰ ਸੁਣ ਕੇ ਸਭ ਸੂਰਮੇ ਆਪੋ ਆਪਣੀ ਕ੍ਰਿਪਾਨ ਵਿਖਾਣ ਲੱਗ ਪਏ, ਪਰੰਤੂ ਭਾਈ ਤਿਲੋਕਾ ਜੀ ਗੁਰੂ ਸਾਹਿਬ ਜੀ ਨੂੰ ਸਿਮਰ ਕੇ ਬੇਨਤੀਆਂ ਕਰਨ ਲੱਗੇ :

*ਤਬਿ ਸਤਿਗੁਰ ਉਰ ਸਿਮਰਨਿ ਕਰੇ॥ ਮੈਂ ਉਪਦੇਸ਼ ਆਪ ਕੌ ਧਰੇ।*
*ਰਹੌਂ ਅਹਿੰਸ ਤਜੀ ਤਲਵਾਰ॥ਉਘਰਹਿ ਪਰਦਾ ਸਭਾ ਮਝਾਰ॥੨੨॥*
*ਅਬਿ ਮੇਰੀ ਤੁਮ ਕਰਹੁ ਸਹਾਈ॥ ਜਥਾ ਦ੍ਰੋਪਤੀ ਲਾਜ ਬਚਾਈ।*
*ਤਿਮ ਮੇਰੀ ਅਬਿ ਲਾਜ ਰਖੀਜੈ॥ ਸਭਾ ਬਿਖੈ ਕਰਿ ਖੜਗ ਦਿਖੀਜੈ।*
*ਕੌ ਤਕਮਾ ਕਰਿ ਹੈ ਨਰਜਾਸ॥੨੬॥*
*ਕਹਯੋ ਤਿਲੋਕੇ ਤਕਮਾ ਗੁਰ ਕੋ॥ ਮੋਰ ਖੜਗ ਪਰ ਨਹੀਂ ਅਪਰ ਕੋ॥*
*ਵਾਹਿਗੁਰੂ ਕਹਿ ਖੈਚ ਨਿਕਾਰਾ॥ ਨਿਕਸੇ ਭਯੋ ਪ੍ਰਕਾਸ਼ ਉਦਾਰਾ॥*
*ਅਸ ਤੀਖਨ ਧਾਰਾ ਅਸਿ ਕੇਰੀ। ਨਹੀਂ ਅਪਰ ਕੇ ਇਸ ਬਿਧਿ ਹੇਰੀ॥੨੮॥*
*ਹੇਰਤਿ ਹਰਖਯੋ ਮੁਗਲ ਬਿਸਾਲਾ॥ ਦੁਗਨਾ ਰੋਜ਼ ਕਰਯੋ ਤਿਸ ਕਾਲਾ॥*
*ਦੰਡ ਦਯੋ ਤਿਸ ਚੁਗਲ ਉਦਾਰਾ॥ਮੁਖ ਕਾਰਾ ਕਰਿ ਵਹਿਰ ਨਿਕਾਰਾ॥੨੯॥*

(ਗੁਰ ਪ੍ਰਤਾਪ ਸੂ: ਗ੍ਰੰਥ, ਰਾਸ ੩, ਅੰਸੂ ੫੧)

ਜਦੋਂ ਭਾਈ ਤਿਲੋਕੇ ਦੀ ਵਾਰੀ ਆਈ ਤਾਂ ਉਸ ਨੇ ਗੁਰੂ ਜੀ ਨੂੰ ਯਾਦ ਕਰਕੇ ਤਲਵਾਰ ਦਿਖਾਈ। ਤਲਵਾਰ ਸਹੀ ਨਿਕਲੀ। ਪਠਾਨ ਨੇ ਖ਼ੁਸ਼ ਹੋ ਕੇ ਉਸ ਦੀ ਤਨਖ਼ਾਹ ਦੁਗਣੀ ਕਰ ਦਿੱਤੀ ਤੇ ਚੁਗਲਖ਼ੋਰ ਨੂੰ ਕੜੀ ਸਜ਼ਾ ਦਿੱਤੀ।

ਧਨਾਸਰੀ ਮਹਲਾ ੫ ॥ ਅਉਖੀ ਘੜੀ ਨ ਦੇਖਣ ਦੇਈ ਅਪਨਾ ਬਿਰਦੁ ਸਮਾਲੇ ॥ ਹਾਥ ਦੇਇ ਰਾਖੈ ਅਪਨੇ ਕਉ ਸਾਸਿ ਸਾਸਿ ਪ੍ਰਤਿਪਾਲੇ ॥ ੧ ॥ ਪ੍ਰਭ ਸਿਉ ਲਾਗਿ ਰਹਿਓ ਮੇਰਾ ਚੀਤੁ ॥ ਆਦਿ ਅੰਤਿ ਪ੍ਰਭੁ ਸਦਾ ਸਹਾਈ ਧੰਨੁ ਹਮਾਰਾ ਮੀਤੁ ॥ ਰਹਾਉ ॥ ਮਨਿ ਬਿਲਾਸ ਭਏ ਸਾਹਿਬ ਕੇ ਅਚਰਜ ਦੇਖਿ ਬਡਾਈ ॥ ਹਰਿ ਸਿਮਰਿ ਸਿਮਰਿ ਆਨਦ ਕਰਿ ਨਾਨਕ ਪ੍ਰਭਿ ਪੂਰਨ ਪੈਜ ਰਖਾਈ ॥ ੨ ॥ ੧੫ ॥ ੪੬ ॥

(ਅੰਗ ੬੮੨)

## ਪਦ ਅਰਥ :

ਅਉਖੀ-ਦੁੱਖ ਵਾਲੀ। ਨ ਦੇਖਨ ਦੇਈ-ਨਹੀ ਦੇਖਣ ਦੇਂਦਾ। ਬਿਰਦੁ-ਸੁਭਾਉ। ਸਮਾਲੇ-ਯਾਦ ਰੱਖਦਾ ਹੈ। ਦੇਇ-ਦੇ ਕੇ। ਧੰਨੁ-ਸਲਾਹੁਣ ਯੋਗ। ਮਨਿ ਬਿਲਾਸ-ਮਨ ਵਿਚ ਅਨੰਦ। ਭਏ ਸਾਹਿਬ ਕੇ-ਮਾਲਕ ਦੇ ਹੋ ਗਏ। ਅਚਰਜ ਦੇਖਿ ਬਡਾਈ-ਅਸਚਰਜ ਵਡਿਆਈ ਵੇਖ ਕੇ।

**ਅਰਥ :**

(ਹੇ ਭਾਈ ! ਪ੍ਰਭੂ ਆਪਣੇ ਦਾਸ ਨੂੰ) ਔਖੀ-ਦੁੱਖ ਵਾਲੀ ਘੜੀ ਵੇਖਣ ਨਹੀਂ ਦਿੰਦਾ (ਅਤੇ ਕਦੀਮੀ) ਸੁਭਾਉ ਯਾਦ ਰੱਖਦਾ ਹੈ। ਆਪਣੇ ਦਾਸ ਨੂੰ (ਦੁੱਖਾਂ ਤੋਂ) ਹੱਥ ਦੇ ਕੇ ਬਚਾ ਲੈਂਦਾ ਹੈ, (ਅਤੇ) ਹਰੇਕ ਸੁਆਸ ਨਾਲ (ਉਸਦੀ) ਪਾਲਣਾ ਕਰਦਾ ਹੈ। ੧। ਹੇ ਭਾਈ ! ਉਸ) ਪ੍ਰਭੂ ਨਾਲ ਮੇਰਾ ਚਿਤ ਲੱਗ ਰਿਹਾ ਹੈ। (ਭਾਵ ਜੁੜਿਆ ਹੋਇਆ ਹੈ)। ਉਹ ਪ੍ਰਮਾਤਮਾ ਆਦਿ ਤੋਂ ਅੰਤ ਤੱਕ ਸਦਾ ਹੀ ਸਹਾਇਤਾ ਕਰਨ ਵਾਲਾ ਹੈ। (ਉਹ) ਮੇਰਾ ਮਿੱਤਰ ਧੰਨ ਹੈ, (ਭਾਵ ਸਲਾਹੁਣ ਯੋਗ ਹੈ। ਰਹਾਉ। ( ਹੇ ਭਾਈ ! ਉਸ ਸਾਹਿਬ ਦੀ) ਅਸਚਰਜ ਵਡਿਆਈ ਵੇਖ ਕੇ (ਅਥਵਾ ਉਸ ਦੇ ਕੌਤਕ ਵੇਖ ਕੇ) ਸਾਡੇ ਮਨ ਵਿਚ ਅਨੰਦ (ਆਦਿ ਸੁੱਖ) ਪ੍ਰਾਪਤ ਹੋ ਗਏ। (ਇਹ ਅਨੰਦ) ਸਾਹਿਬ ਨੇ (ਬਖ਼ਸ਼ੇ ਹਨ)। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਜਿਸ ਪ੍ਰਭੂ ਨੇ (ਸਾਡੀ) ਪੂਰੀ ਇੱਜ਼ਤ ਰੱਖ ਲਈ ਹੈ, (ਉਸ ਹਰੀ ਨੂੰ ਸਿਮਰ ਸਿਮਰ ਕੇ ਅਨੰਦ ਮਾਣ ਰਹੇ ਹਾਂ। ੨। ੧੫। ੪੬।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੯੮ (ਅੰਗ ੬੮੩)

ਧਨਾਸਰੀ ਮਹਲਾ ੫ ਘਰੁ ੧੨ ੧ੴ ਸਤਿਗੁਰ ਪ੍ਰਸਾਦਿ ॥

ਬੰਦਨਾ ਹਰਿ ਬੰਦਨਾ ਗੁਣ ਗਾਵਹੁ ਗੋਪਾਲ ਰਾਇ ॥ ਰਹਾਉ ॥ ਵਡੈ ਭਾਗਿ ਭੇਟੇ ਗੁਰਦੇਵਾ ॥ ਕੋਟਿ ਪਰਾਧ ਮਿਟੇ ਹਰਿ ਸੇਵਾ ॥ ੧ ॥ ਚਰਨ ਕਮਲ ਜਾ ਕਾ ਮਨੁ ਰਾਪੈ ॥ ਸੋਗ ਅਗਨਿ ਤਿਸੁ ਜਨ ਨ ਬਿਆਪੈ ॥ ੨ ॥ ਸਾਗਰੁ ਤਰਿਆ ਸਾਧੂ ਸੰਗੇ ॥ ਨਿਰਭਉ ਨਾਮੁ ਜਪਹੁ ਹਰਿ ਰੰਗੇ ॥ ੩ ॥ ਪਰ ਧਨ ਦੋਖ ਕਿਛੁ ਪਾਪ ਨ ਫੇੜੇ ॥ ਜਮ ਜੰਦਾਰੁ ਨ ਆਵੈ ਨੇੜੇ ॥ ੪ ॥ ਤ੍ਰਿਸਨਾ ਅਗਨਿ ਪ੍ਰਭਿ ਆਪਿ ਬੁਝਾਈ ॥ ਨਾਨਕ ਉਧਰੇ ਪ੍ਰਭ ਸਰਣਾਈ ॥ ੫ ॥ ੧ ॥ ੫੫ ॥

# ਪ੍ਰਾਕ੍ਰਥਨ :-

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਇਹ ਪਾਵਨ ਸ਼ਬਦ ਧਨਾਸਰੀ ਰਾਗ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਦੇ ਸ਼ੁਰੂ ਵਿਚ ਗੁਰਦੇਵ ਨੇ ਨਮਸਕਾਰ ਦਾ ਜ਼ਿਕਰ ਕੀਤਾ ਹੈ। ਹਜ਼ੂਰ ਨੇ ਦੱਸਿਆ ਹੈ, ਕਿ ਨਮਸਕਾਰ ਕਿਸ ਨੂੰ ਕਰਨੀ ਹੈ:

## ਵਿਸ਼ਾ — ਨਮਸਕਾਰ ਗੁਰਦੇਵ ਕੋ

ਨਮਸਕਾਰ, ਬੰਦਨਾ, ਮਸਤਕ ਟੇਕਣਾ, ਪ੍ਰਣਾਮ, ਡੰਡਉਤਿ, ਸਿਜਦਾ, ਆਦੇਸ, ਸਲਾਮ, ਇਹ ਸਾਰੇ ਪ੍ਰਿਆਵਾਚੀ ਸ਼ਬਦ ਹਨ। ਇਹਨਾਂ ਸਾਰਿਆਂ ਦਾ ਇਕੋ ਹੀ ਭਾਵ ਹੈ। ਵੱਖ-ਵੱਖ ਧਰਮ, ਮਜ਼੍ਹਬਾਂ ਵਿਚ ਆਪਣੇ ਇਸ਼ਟ ਗੁਰੂ ਨੂੰ ਮਸਤਕ ਟੇਕਣ ਦੇ ਇਹ ਵੱਖ ਵੱਖ ਨਾਮ ਲਏ ਜਾਂਦੇ ਹਨ। ਪਰ ਨਮਸ਼ਕਾਰ ਜਾਂ ਮਸਤਕ ਟੇਕਣਾ ਇਹ ਹਮੇਸ਼ਾ ਆਪ ਨਾਲੋਂ ਗੁਣਾਂ ਜਾਂ ਉਮਰ ਵਿਚ ਵੱਡੇ ਨੂੰ ਹੀ ਟੇਕਿਆ ਜਾਂਦਾ ਹੈ। ਜਾਂ ਫਿਰ ਇਸ਼ਟ, ਗੁਰੂ ਅੱਗੇ ਮਸਤਕ ਟੇਕਿਆ ਜਾਂਦਾ ਹੈ। ਮਸਤਕ ਟੇਕਣਾ ਇਕ ਨਿਮਰਤਾ ਦਾ ਪ੍ਰਤੀਕ ਹੈ। ਕਿਉਂਕਿ ਆਪਣਾ ਮਾਣ ਹੰਕਾਰ ਵਡੱਪਣ ਤਿਆਗ ਕੇ ਹੀ ਦੂਸਰੇ ਅੱਗੇ ਸਿਰ ਝੁਕਾਇਆ ਜਾ ਸਕਦਾ ਹੈ। ਇਹ ਵੱਖਰੀ ਗੱਲ ਹੈ ਕਿ ਕਈ ਵਾਰੀ ਹਤਿਆਰਾ ਮਨੁੱਖ ਪਾਪ ਕਰਮ ਲਈ ਵੀ ਝੁਕਦਾ ਹੈ, ਪਰ ਉਸਦਾ ਝੁਕਣਾ ਕਿਸੇ ਹੋਰ ਕਰਮ ਲਈ ਹੈ। ਐਸੇ ਝੁਕਣੇ ਨੂੰ ਗੁਰਦੇਵ ਨੇ ਕਿਹਾ:

***ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ॥***
***ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ॥***

(ਅੰਗ ੪੭੦)

ਇਸ ਤੋਂ ਸਾਨੂੰ ਪ੍ਰੇਰਨਾ ਮਿਲਦੀ ਹੈ ਕਿ ਆਪਣੇ ਇਸ਼ਟ ਗੁਰੂ ਨੂੰ ਮਸਤਕ ਟੇਕਣ ਲੱਗਿਆਂ ਨੀਯਤ ਸਾਫ਼ ਹੋਣੀ ਚਾਹੀਦੀ ਹੈ। ਗੁਰੂ ਘਰ ਅੰਦਰ ਗੁਰਮਤਿ ਦੇ ਸਿਧਾਂਤ ਅਨੁਸਾਰ ਸੀਸ ਉਹ ਪਵਿੱਤਰ ਤੋਂ ਪਵਿੱਤਰ ਹੈ ਜੋ ਸੱਚੇ ਮਨੋਂ ਗੁਰੂ ਦੇ ਚਰਨੀਂ ਲੱਗਦਾ ਹੈ:-

***ਸੋ ਸੀਸੁ ਭਲਾ ਪਵਿਤ੍ਰ ਪਾਵਨੁ ਹੈ ਮੇਰੀ ਜਿੰਦੁੜੀਏ***
***ਜੋ ਜਾਇ ਲਗੈ ਗੁਰ ਪੈਰੇ ਰਾਮ॥***

(ਅੰਗ ੫੪੦)

ਭਗਤ ਫ਼ਰੀਦ ਜੀ ਵੀ ਆਪਣੀ ਪਾਵਨ ਬਾਣੀ ਦੇ ਅੰਦਰ ਕਥਨ ਕਰਦੇ ਹਨ, ਕਿ ਜੋ ਮਨੁੱਖ ਆਪਣੇ ਮਾਲਕ ਦੇ ਅੱਗੇ ਸਿਰ ਨਹੀਂ ਨਿਵਾਉਂਦਾ, ਐਸੇ ਹੰਕਾਰੀ ਮਨੁੱਖ ਦੇ ਸਿਰ ਨੂੰ ਕੀ ਕਰਨਾ ਚਾਹੀਦਾ ਹੈ? ਉਸ ਸਿਰ ਨੂੰ ਧੜ ਨਾਲੋਂ ਕੱਟ ਕੇ ਵੱਖਰਾ ਕਰ ਦੇਣਾ ਚਾਹੀਦਾ ਹੈ ਜਾਂ ਫਿਰ ਐਸੇ ਸਿਰ ਨੂੰ ਚੁਲ੍ਹੇ ਦੇ ਵਿਚ ਬਾਲਣ ਦੇ ਥਾਂ ਸਾੜ ਦੇਣਾ ਚਾਹੀਦਾ ਹੈ:

***ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ॥***
***ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ॥੭੧॥***
***ਜੋ ਸਿਰੁ ਸਾਈ ਨਾ ਨਿਵੈ ਸੋ ਸਿਰੁ ਕੀਜੈ ਕਾਂਇ॥***
***ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ॥੭੨॥***

(ਅੰਗ ੧੩੮੧)

ਦੂਸਰੇ ਪਾਤਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਜੀ ਦਾ ਮਾਝ ਕੀ ਵਾਰ ਅੰਦਰ ਫੁਰਮਾਣ ਹੈ ਕਿ ਜਿਸ ਸਰੀਰ ਰੂਪ ਪਿੰਜਰੇ ਦੇ ਅੰਦਰ ਬਿਰਹਾ ਨਹੀਂ ਅਤੇ ਜੋ ਸਿਰ ਸਾਈਂ ਅੱਗੇ ਨਿੰਵਦਾ ਨਹੀਂ, ਉਸ ਪਿੰਜਰੇ ਨੂੰ ਸਾੜ ਦਿਉ ਜਾਂ ਸਿਰ ਨੂੰ ਕੱਟ ਕੇ ਸੁੱਟ ਦਿਉ :

***ਸਲੋਕ ਮਃ ੨॥ ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਦੀਜੈ ਡਾਰਿ॥***
***ਨਾਨਕ ਜਿਸੁ ਪਿੰਜਰ ਮਹਿ ਬਿਰਹਾ ਨਹੀ ਸੋ ਪਿੰਜਰੁ ਲੈ ਜਾਰਿ॥***

(ਅੰਗ ੮੯)

ਗੁਰਬਾਣੀ ਅੰਦਰ ਗੁਰੂ ਸਾਹਿਬ ਜੀ ਨੇ ਤਾਂ ਸਿੱਖ ਨੂੰ ਇਸ਼ਟ ਗੁਰੂ, ਇਸ਼ਟ ਦੇਵ ਪ੍ਰਮੇਸ਼ਰ ਅੱਗੇ ਵਾਰ-ਵਾਰ ਨਮਸਕਾਰ, ਡੰਡਉਤਿ, ਬੰਦਨ ਕਰਨ ਲਈ ਹੁਕਮ ਕੀਤਾ ਹੈ :

***ਪ੍ਰਭ ਜੀ ਤੂ ਮੇਰੇ ਪ੍ਰਾਨ ਅਧਾਰੈ॥***
***ਨਮਸਕਾਰ ਡੰਡਉਤਿ ਬੰਦਨਾ ਅਨਿਕ ਬਾਰ ਜਾਉ ਬਾਰੈ॥***

(ਅੰਗ ੮੨੦)

***ਅਥਵਾ : ਕਰਉ ਬੰਦਨਾ ਅਨਿਕ ਵਾਰ ਸਰਨਿ ਪਰਉ ਹਰਿ ਰਾਇ॥***
***ਭ੍ਰਮੁ ਕਟੀਐ ਨਾਨਕ ਸਾਧਸੰਗਿ ਦੁਤੀਆ ਭਾਉ ਮਿਟਾਇ॥***

(ਅੰਗ ੨੯੬)

***ਅਥਵਾ: ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥***
***ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥***

(ਅੰਗ ੨੫੬)

ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਾਵਨ ਫ਼ੁਰਮਾਣ ਹੈ ਕਿ ਜਿਥੇ ਸਿੱਖ ਨੇ ਗੁਰੂ ਪ੍ਰਮੇਸ਼ਰ ਦੇ ਅੱਗੇ ਮਸਤਕ ਟੇਕਣਾ ਹੈ, ਉਥੇ ਮਾਲਕ ਦੇ ਹੁਕਮ ਨੂੰ ਮੰਨਣਾ ਵੀ ਅਤੀ ਜ਼ਰੂਰੀ ਹੈ। ਗੁਰਦੇਵ ਦੇ ਹੁਕਮ ਅਨੁਸਾਰ ਨਾਮ ਜੱਪਣਾ, ਕਿਰਤ ਕਰਨੀ, ਵੰਡ ਛੱਕਣਾ ਜਿਥੇ ਇਹ ਤਿੰਨੇ ਜ਼ਰੂਰੀ ਹਨ, ਉਥੇ ਗੁਰੂ ਪ੍ਰਮੇਸ਼ਰ ਅੱਗੇ ਅਰਦਾਸਾਂ, ਬੇਨਤੀਆਂ ਤੇ ਸ਼ਰਧਾ ਨਾਲ ਗੁਰਸਿੱਖ ਨੇ ਮੱਥਾ ਟੇਕਣਾ ਹੈ।

***ਤੁਧਨੋ ਨਿਵਣੁ ਮੰਨਣੁ ਤੇਰਾ ਨਾਉ॥ ਸਾਚੁ ਭੇਟ ਬੈਸਣ ਕਉ ਥਾਉ॥***
***ਸਤੁ ਸੰਤੋਖੁ ਹੋਵੈ ਅਰਦਾਸਿ॥ ਤਾ ਸੁਣਿ ਸਦਿ ਬਹਾਲੇ ਪਾਸਿ॥ ੧॥***

(ਅੰਗ ੮੭੮)

***ਅਥਵਾ : ਹਰ ਸਰੇ ਕੋ ਸਜਦਾ ਏ ਸੁਬਹਾ ਨ ਕਰਦ। ਹੱਕ ਮਰੂਰਾ ਸਾਹਿਬੇ ਈਮਾਂ ਨ ਕਰਦ॥੩੩॥***
***ਸਰ ਬਰਾਏ ਸਜਦਹ ਪੈਦਾ ਕਰਦਹਅੰਦ। ਦਰਦ ਹਰ ਸਰ ਰ ਮਦਾਵਾ ਕਰਦਹਅੰਦ॥੩੪॥***
***ਪਸ ਤੁਰਾ ਬਾਯਦ ਕੁਨੀ ਹਰ ਦਮ ਸਜੂਦ।.ਗਾਫ਼ਿਲ ਅਜ ਵੈਯਕ ਜ਼ਮਾਂ ਆਰਿਫ ਨ ਬੂਦ॥੩੫॥***
***ਆ ਜਿਹੇ ਸਰ ਕੋ ਬਾ-ਰਾਹਸ਼ ਦਰ ਸਜੂਦ। ਹਮ ਚੋ ਗੋ ਚੌਗਾਨੇ ਸ਼ੌਕਸ ਦਰ ਰਬੂਦ॥੩੯੦॥***

(ਜ਼ਿੰਦਗੀ ਨਾਮਹ ਭਾਈ ਨੰਦ ਲਾਲ ਜੀ)

ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸਰਬ ਸ਼ਕਤੀਆਂ ਦੇ ਮਾਲਕ ਸਰਬਵਿਆਪੀ, ਪਰੀਪੂਰਨ, ਅਕਾਲ ਪੁਰਖ ਵਾਹਿਗੁਰੂ ਜੀ ਨੂੰ ਸਰਬ ਦਾ ਨਾਸ ਕਰਤਾ ਅਤੇ ਦਿਆਲੂ, ਸਰਬ ਰੂਪੀ ਰਾਜਿਆਂ ਦਾ ਰਾਜਾ ਕਹਿ ਕੇ ਜਾਪ ਸਾਹਿਬ ਦੇ ਅੰਦਰ ਵਾਰ-ਵਾਰ ਨਮਸ਼ਕਾਰ ਕੀਤੀ ਹੈ ਅਤੇ ਉਸ ਅਕਾਲ ਪੁਰਖ ਨੂੰ ਨਮਸ਼ਕਾਰ ਕਰਨ ਦੀ ਸਾਨੂੰ ਜਾਚ ਸਿਖਾਈ ਹੈ :

***ਨਮੋ ਸਰਬ ਕਾਲੇ॥ ਨਮੋ ਸਰਬ ਦਿਆਲੇ॥ ਨਮੋ ਸਰਬ ਰੂਪੇ॥ ਨਮੋ ਸਰਬ ਭੂਪੇ॥੧੮॥***
***ਨਮੋ ਸਰਬ ਖਾਪੇ॥ ਨਮੋ ਸਰਬ ਥਾਪੇ॥ ਨਮੋ ਸਰਬ ਕਾਲੇ॥ ਨਮੋ ਸਰਬ ਪਾਲੇ॥੨੦॥***

(ਜਾਪੁ ਸਾਹਿਬ)

***ਅਥਵਾ : ਨਮੋ ਰਾਜ ਰਾਜੇ॥ ਨਮੋ ਸਾਜ ਸਾਜੇ॥ ਨਮੋ ਸ਼ਾਹ ਸ਼ਾਹੇ॥ ਨਮੋ ਮਾਹ ਮਾਹੇ॥੬੭॥***

(ਜਾਪੁ ਸਾਹਿਬ)

ਦਸਮੇਸ਼ ਪਿਤਾ ਜੀ ਚੌਪਈ ਸਾਹਿਬ ਨਿਤਨੇਮ ਦੀ ਬਾਣੀ ਅੰਦਰ ਕਥਨ ਕਰਦੇ ਹਨ ਕਿ ਸਾਡੀ ਉਸ ਅਕਾਲ ਪੁਰਖ ਵਾਹਿਗੁਰੂ ਨੂੰ ਨਮਸਕਾਰ ਹੈ, ਜਿਸ ਵਾਹਿਗੁਰੂ ਜੀ ਨੇ ਸਮੁੱਚੀ ਕਾਇਨਾਤ (ਸ੍ਰਿਸ਼ਟੀ) ਦੀ ਰਚਨਾ ਇਕ ਫੁਰਨੇ ਵਿਚ ਆਪਣੀ ਸ਼ਕਤੀ ਦੁਆਰਾ ਸਾਜ ਕੇ ਸੰਵਾਰ ਦਿੱਤੀ ਹੈ :

***ਨਮਸਕਾਰ ਤਿਸ ਹੀ ਕੋ ਹਮਾਰੀ॥ ਸਕਲ ਪ੍ਰਜਾ ਜਿਨ ਆਪ ਸਵਾਰੀ॥***

(ਚੌਪਈ ਸਾਹਿਬ)

ਇਸ ਲਈ ਗੁਰਸਿੱਖ ਉਸ ਅਕਾਲ ਪੁਰਖ ਨੂੰ ਹੀ ਨਮਸ਼ਕਾਰ ਕਰਦਾ ਹੈ। ਉਸਨੂੰ ਨਮਸ਼ਕਾਰ ਕਰਨ ਵਾਲਾ ਤੇ ਉਸਦਾ ਨਾਮ ਜਪਣ ਵਾਲਾ ਜੋ ਗੁਰਮੁਖਿ ਗੁਰਸਿੱਖ ਹੈ, ਉਹ ਭੀ ਦੁਨੀਆਂ ਦੇ ਲੋਕਾਂ ਲਈ ਸਤਿਕਾਰ ਯੋਗ ਬਣ ਜਾਂਦਾ ਹੈ। ਚੂੜਾਮਣਿ ਕਵੀ ਸੰਤੋਖ ਸਿੰਘ ਜੀ ਨੇ ਐਸੇ ਕਰਨੀ ਵਾਲੇ ਰੱਬ ਦੇ ਪਿਆਰਿਆਂ ਨੂੰ ਵੀ ਨਮਸਕਾਰ ਕੀਤੀ ਹੈ :-

***ਸ੍ਰੀ ਗੁਰ ਸਬਦ ਕਮਾਏ ਜਿਨਿ ਜੀਤੇ ਪੰਚ ਬਿਕਾਰ।***

***ਤਿਨ ਸੰਤਨ ਕਉ ਬੰਦਨਾ ਸਿਰ ਚਰਨਨ ਪਰ ਧਾਰ॥***

ਅਤੇ ਆਪ ਜੀ ਨੇ ਗੁਰਬਾਣੀ ਰੂਪ ਗੁਰੂ ਨੂੰ ਜੋ ''ਵਿਚਿ ਬਾਣੀ ਅੰਮ੍ਰਿਤ ਸਾਰੇ'' ਹੈ, ਨੂੰ ਪ੍ਰੇਮ ਨਾਲ ਨਮਸ਼ਕਾਰ ਕਰਨੀ ਦਰਸਾਈ ਹੈ:

***ਜਿਸ ਮੇ ਅੰਮ੍ਰਿਤ ਗਿਆਨ ਹੈ ਮਾਣਿਕ ਭਗਤਿ ਵੈਰਾਗ॥***
***ਗੁਰੂ ਗ੍ਰੰਥ ਸਾਹਿਬ ਓਦਧਿ ਬੰਦੋ ਕਰ ਅਨੁਰਾਗ॥***

ਭਾਈ ਗੁਰਦਾਸ ਜੀ:-

***ਗੁਰਮੁਖਿ ਸੰਧਿ ਮਿਲੇ ਬ੍ਰਹਮ ਧਿਆਨ ਲਿਵ, ਏਕੰਕਾਰ ਕੈ ਅਕਾਰ ਅਨਿਕ ਪ੍ਰਕਾਰ ਹੈ॥***
***ਗੁਰਮੁਖਿ ਸੰਧਿ ਮਿਲੇ ਬ੍ਰਹਮ ਗਿਆਨ ਲਿਵ, ਨਿਰੰਕਾਰ ਓਅੰਕਾਰ ਬਿਬਿਧਿ ਬਿਥਾਰ ਹੈ॥***
***ਗੁਰ ਸਿਖ ਸੰਧਿ ਮਿਲੇ ਸ੍ਵਾਮੀ ਸੇਵ ਸੇਵਕ ਹੁਇ, ਬ੍ਰਹਮ ਬਿਬੇਕ ਪ੍ਰੇਮ ਭਗਤਿ ਅਚਾਰ ਹੈ॥***
***ਗੁਰਮੁਖਿ ਸੰਧਿ ਮਿਲੇ ਪਰਮਦਭੁਤ ਗਤਿ, ਨੇਤਿ ਨੇਤਿ ਨੇਤਿ ਨਮੋ ਨਮੋ ਨਮਸਕਾਰ ਹੈ॥੫੧॥***
***ਗੁਰ ਸਿਖ ਏਕ-ਮੇਕ ਰੋਸ ਨ ਪੁਜਸਿ ਕੋਟਿ, ਹੋਮ ਜਗਿ ਭੋਗ ਨਈਬੇਦ ਪੂਜਾਚਾਰ ਹੈ॥***
***ਜੋਗ ਧਿਆਨ ਗਿਆਨ ਅਧਿਆਤਮ ਰਿਧਿ ਸਿਧਿ ਨਿਧੋ, ਜਪ ਤਪ ਸੰਜਮਾਦਿ ਅਨਿਕ ਪ੍ਰਕਾਰ ਹੈ॥***
***ਸਿੰਮ੍ਰਿਤਿ ਪੁਰਾਨ ਬੇਦ ਸਾਸਤ੍ਰ ਅਉ ਸਾਅੰਗੀਤ, ਸੁਰਸਰਿ ਦੇਵ-ਸਥਲ ਮਾਇਆ ਬਿਸਥਾਰ ਹੈ॥***
***ਕੋਟਿਨ ਕੋਟਾਨਿ ਸਿਖ ਸੰਗਤਿ ਅਸੰਖ ਜਾ ਕੈ, ਸ੍ਰੀ ਗੁਰ ਚਰਨ ਨੇਤਿ ਨੇਤਿ ਨਮਸਕਾਰ ਹੈ॥੧੯੨॥***

(ਕਬਿੱਤ ਸਵੱਯੇ ਭਾ: ਗੁਰਦਾਸ ਜੀ)

***ਮਿਲਦੇ ਮੁਸਲਮਾਨ ਦੁਇ ਮਿਲਿ ਮਿਲਿ ਕਰਨਿ ਸਲਾਮਾਲੇਕੀ।***
***ਜੋਗੀ ਕਰਨਿ ਅਦੇਸ ਮਿਲਿ ਆਦਿ ਪੁਰਖੁ ਆਦੇਸੁ ਵਿਸੇਖੀ।***
***ਸੰਨਿਆਸੀ ਕਰਿ ਓਨਮੋ ਓਨਮ ਨਾਰਾਇਣ ਬਹੁ ਭੇਖੀ।***
***ਬਾਮ੍ਹਣ ਨੋ ਕਰਿ ਨਮਸਕਾਰ ਕਰਿ ਆਸੀਰ ਵਚਨ ਮੁਹੁ ਦੇਖੀ।***
***ਪੈਰੀ ਪਵਣਾ ਸਤਿਗੁਰੂ ਗੁਰ ਸਿਖਾ ਰਹਰਾਸਿ ਸਰੇਖੀ।***
***ਰਾਜਾ ਰੰਕੁ ਬਰਾਬਰੀ ਬਾਲਕ ਬਿਰਧਿ ਨ ਭੇਦੁ ਨਿਮੇਖੀ।***
***ਚੰਦਨ ਭਗਤਾ ਰੂਪ ਨ ਰੇਖੀ॥੨੦॥***

(ਵਾਰ ੨੩, ਪਉੜੀ ੨੦)

ਸਿਆਣੇ ਵਿਦਵਾਨ ਕਵੀ ਦੇ ਕਥਨ ਅਨੁਸਾਰ:

***੧. ਸੀਸ ਨਿਵਾਇਐ ਗਿਰ ਪੜੈ ਸਭ ਪਾਪਨ ਕੀ ਪੋਟ।***
***ਤਾ ਤੇ ਸੀਸ ਨਿਵਾਈਐ ਲਗੈ ਨ ਜਮ ਕੀ ਚੋਟ।***

*੨. ਤੇਰੀ ਅੱਖ ਦੀ ਸਿੱਪ ਦਾ ਇਕ ਮੋਤੀ,*
*ਜੇਕਰ ਗੁਰੂ ਚਰਨਾਂ ਅੰਦਰ ਡੁੱਲ ਜਾਵੇ।*
*ਓਹਦੀ ਮੇਹਰ ਦੀ ਨਦਰ ਦਾ ਕੁਲ ਸਾਗਰ,*
*ਤੇਰੇ ਇਕ ਕਤਰੇ ਅੰਦਰ ਘੁਲ ਜਾਵੇ।*
*ਮੱਥਾ ਰਗੜ ਜਾ ਕੇ ਪਾਇਦਾਨ ਉਤੇ,*
*ਤੇਰਾ ਦੇਖ ਸਿਜਦਾ ਪੈ ਮੁੱਲ ਜਾਵੇ।*
*ਤੇਰੇ ਮੱਥੇ ਦੀ ਰੇਖਾ ਦਾ ਬੰਦ ਬੂਹਾ,*
*ਮਤਾਂ ਖੁੱਲ੍ਹਦਿਆਂ-ਖੁੱਲ੍ਹਦਿਆਂ ਖੁੱਲ੍ਹ ਜਾਵੇ।*

(ਅੰਮ੍ਰਿਤ ਰਸ ਵਿਚੋਂ)

## ਸਾਖੀ—ਸਲਾਰਦੀਨ ਕਾਜ਼ੀ ਦੇ ਗੁਰੂ ਜੀ ਦੀ ਸ਼ਰਨ ਆਉਣ ਦੀ

ਸ੍ਰੀ ਅਨੰਦਪੁਰ ਸਾਹਿਬ ਵਿਚ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਸ਼ਰਨ ਵਿਚ ਇਕ ਸਲਾਰਦੀਨ ਕਾਜ਼ੀ ਗੁਰਦੇਵ ਦੇ ਦਰਸ਼ਨ ਲਈ ਆਇਆ। ਉਸਨੇ ਵੇਖਿਆ ਕਿ ਸਭ ਦੇਸ਼ਾਂ-ਪ੍ਰਦੇਸ਼ਾਂ ਦੀਆਂ ਸੰਗਤਾਂ ਆ ਕੇ ਭੇਟਾਵਾਂ ਅੱਗੇ ਧਰ ਕੇ ਸਤਿਗੁਰੂ ਮਹਾਰਾਜ ਦੇ ਪਵਿੱਤਰ ਚਰਨ-ਕਮਲਾਂ 'ਤੇ ਨਮਸਕਾਰਾਂ ਕਰਦੀਆਂ ਹਨ ਅਤੇ ਸਤਿਗੁਰੂ ਜੀ ਸਭ ਦੀਆਂ ਮਨੋਂ ਕਾਮਨਾਵਾਂ ਪੂਰਨ ਕਰਨ ਵਾਸਤੇ ਵਰ ਬਖ਼ਸ਼ਦੇ ਹਨ। ਸਲਾਰਦੀਨ ਕਾਜ਼ੀ ਨੇ ਸਸ਼ੰਕਤ ਹੋ ਕੇ ਕਿਹਾ, "ਮਹਾਰਾਜ ਸਾਹਿਬ ਜੀ! ਜੇ ਤਾਂ ਇਹਨਾਂ ਸਾਰਿਆਂ ਦੇ ਜੋ ਮਾੜੇ ਕਰਮ ਹਨ, ਤੁਸੀਂ ਵਰ ਦੇ ਕੇ ਮੇਟੀ ਜਾਂਦੇ ਹੋ, ਤਾਂ ਇਹ ਪ੍ਰਮੇਸ਼ਰ ਦੇ ਭਾਣੇ ਤੋਂ ਉਲਟ ਹੈ, ਅਤੇ ਜੇ ਇਹਨਾਂ ਦੇ ਕਰਮ ਉਸੇ ਤਰ੍ਹਾਂ ਹੀ ਮਾੜੇ ਰਹਿੰਦੇ ਹਨ, ਤਾਂ ਚਰਨਾਂ 'ਤੇ ਮੱਥਾ ਟੇਕਣ ਦਾ ਕੋਈ ਫਾਇਦਾ ਨਹੀਂ ਹੈ।" ਸਤਿਗੁਰੂ ਜੀ ਨੇ ਕਾਜ਼ੀ ਦੀ ਤਸੱਲੀ ਕਰਵਾਉਣ ਲਈ ਤੋਸ਼ੇਖ਼ਾਨੇ ਵਿਚੋਂ ਇਕ ਸਫ਼ੈਦ ਕਾਗਜ਼, ਮੋਹਰ ਅਤੇ ਸਿਆਹੀ ਮੰਗਾਈ ਤੇ ਕਾਜ਼ੀ ਨੂੰ ਕਿਹਾ, "ਇਸ ਮੋਹਰ ਦੇ ਅੱਖਰ ਪੜ੍ਹੋ।" ਤਾਂ ਕਾਜ਼ੀ ਨੇ ਕਿਹਾ, "ਜੀ ਪੁਠੇ ਹੋਣ ਕਰਕੇ ਪੜ੍ਹੇ ਨਹੀਂ ਜਾਂਦੇ।" ਗੁਰੂ ਜੀ ਨੇ ਮੋਹਰ ਨਾਲ ਸਿਆਹੀ ਲਾ ਕੇ ਕਾਗ਼ਜ਼ 'ਤੇ ਠੱਪਾ ਲਾਇਆ, ਤਾਂ ਕਾਜ਼ੀ ਨੇ ਝੱਟ ਪੜ੍ਹ ਦਿੱਤੇ:

*ਦੇਗ਼ ਤੇਗ਼ ਫਤਹ ਨੁਸਰਤ ਬੇਦਰੰਗ॥*
*ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ॥*

ਫਿਰ ਗੁਰੂ ਜੀ ਨੇ ਕਿਹਾ, "ਅਸੀਂ ਪ੍ਰਮੇਸ਼ਰ ਦੇ ਭਾਣੇ ਤੋਂ ਉਲਟ ਨਹੀਂ ਚਲਦੇ ਅਤੇ ਉਹਨਾਂ ਦੇ ਪੁਠੇ ਲੇਖ ਵੀ ਸਿਧੇ ਹੋ ਜਾਂਦੇ ਹਨ। ਜੋ ਸ਼ਰਧਾ ਨਾਲ ਚਰਨਾਂ 'ਤੇ ਮੱਥਾ ਰੱਖਦੇ ਹਨ, ਉਹਨਾਂ ਦੇ ਲੇਖ ਮੋਹਰ ਦੀ ਤਰ੍ਹਾਂ ਪੁੱਠਿਆਂ ਤੋਂ ਸਿਧੇ ਹੋ ਜਾਂਦੇ ਹਨ। ਸ਼ਰਧਾ ਤੋਂ ਬਿਨਾਂ ਇਸ ਤਰ੍ਹਾਂ ਹੁੰਦਾ ਹੈ:

***ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ॥***
***ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ॥੧॥***

(ਅੰਗ ੪੭੦)

ਜਿਵੇਂ ਡੰਡ ਕੱਢਣਾ ਨਮਸਕਾਰ ਨਹੀਂ, ਉਹ ਤਾਂ ਕਸਰਤ ਹੈ, ਨਮਸ਼ਕਾਰ ਤਾਂ ਸ਼ਰਧਾ ਭਾਵਨਾ ਨਾਲ ਕਰਨੀ ਹੈ ਸਤਿਗੁਰੂ ਜੀ ਨੂੰ ਹਾਜ਼ਰ-ਨਾਜ਼ਰ ਜਾਣ ਕੇ। ਰਹਿਤਨਾਮਿਆਂ ਵਿਚ ਵੀ ਬਚਨ ਆਉਂਦਾ ਹੈ:

***ਸ਼ਬਦ ਭੋਗ ਨ ਨਿਵਾਣੈ ਸੀਸ॥ ਮਿਲੈ ਨਾ ਤਾਹਿ ਕਦੇ ਜਗਦੀਸ॥***

ਧਨਾਸਰੀ ਮਹਲਾ ੫ ਘਰੁ ੧੨ ੴ ਸਤਿਗੁਰ ਪ੍ਰਸਾਦਿ॥

ਬੰਦਨਾ ਹਰਿ ਬੰਦਨਾ ਗੁਣ ਗਾਵਹੁ ਗੋਪਾਲ ਰਾਇ॥ ਰਹਾਉ॥ ਵਡੈ ਭਾਗਿ ਭੇਟੇ ਗੁਰਦੇਵਾ॥ ਕੋਟਿ ਪਰਾਧ ਮਿਟੇ ਹਰਿ ਸੇਵਾ॥ ੧॥ ਚਰਨ ਕਮਲ ਜਾ ਕਾ ਮਨੁ ਰਾਪੈ॥ ਸੋਗ ਅਗਨਿ ਤਿਸੁ ਜਨ ਨ ਬਿਆਪੈ॥ ੨॥ ਸਾਗਰੁ ਤਰਿਆ ਸਾਧੂ ਸੰਗੇ॥ ਨਿਰਭਉ ਨਾਮੁ ਜਪਹੁ ਹਰਿ ਰੰਗੇ॥ ੩॥ ਪਰ ਧਨ ਦੋਖ ਕਿਛੁ ਪਾਪ ਨ ਫੇੜੇ॥ ਜਮ ਜੰਦਾਰੁ ਨ ਆਵੈ ਨੇੜੇ॥ ੪॥ ਤ੍ਰਿਸਨਾ ਅਗਨਿ ਪ੍ਰਭਿ ਆਪਿ ਬੁਝਾਈ॥ ਨਾਨਕ ਉਧਰੇ ਪ੍ਰਭ ਸਰਣਾਈ॥ ੫॥ ੧॥ ੫੫॥

(ਅੰਗ ੬੮੩)

## ਪਦ ਅਰਥ:

ਬੰਦਨਾ-ਨਮਸਕਾਰ। ਗੋਪਾਲ ਰਾਇ-ਪ੍ਰਿਥਵੀ ਦੇ ਪਾਲਣ ਵਾਲਾ ਹਰੀ ਰਾਜਾ। ਭੇਟੇ-ਮਿਲੇ। ਗੁਰਦੇਵਾ-ਪ੍ਰਕਾਸ਼ ਰੂਪ ਗੁਰੂ। ਕੋਟਿ ਪਰਾਧ-ਕ੍ਰੋੜਾਂ ਪਾਪ। ਮਿਟੇ-ਦੂਰ ਹੋ ਗਏ। ਰਾਪੈ-ਰੰਗਿਆ ਜਾਵੇ। ਸੋਗ-ਚਿੰਤਾ। ਨ ਬਿਆਪੈ-ਨਹੀਂ ਲੱਗਦੀ। ਰੰਗੇ-ਪ੍ਰੇਮ ਨਾਲ। ਪਰ ਧਨੁ ਦੋਖ-ਪਰਾਏ ਧਨ ਦਾ ਦੋਸ਼।

## ਅਰਥ:

(ਹੇ ਭਾਈ!) ਨਮਸ਼ਕਾਰ ਹੈ, ਹਰੀ (ਪ੍ਰਭੂ) ਨੂੰ ਨਮਸ਼ਕਾਰ ਹੈ। (ਉਸ ਪ੍ਰਿਥਵੀ) ਦੇ ਮਾਲਕ (ਹਰੀ) ਰਾਜੇ ਦੇ ਗੁਣ ਗਾਉ। ਰਹਾਉ। (ਹੇ ਭਾਈ!) ਵੱਡੇ ਭਾਗਾਂ ਨਾਲ ਪ੍ਰਕਾਸ਼ ਰੂਪ ਗੁਰੂ ਮਿਲੇ (ਅਤੇ ਉਸ) ਹਰੀ ਦੀ ਸੇਵਾ (ਕਰਨ ਨਾਲ) ਕ੍ਰੋੜਾਂ ਪਾਪ ਮਿਟ ਗਏ ਹਨ। ੧। (ਹੇ ਭਾਈ!) ਜਿਸ (ਜਨ) ਦਾ ਮਨ (ਹਰੀ ਦੇ) ਚਰਨ ਕਮਲਾਂ ਨਾਲ ਰੰਗਿਆ ਜਾਵੇ, ਉਸ ਜਨ ਨੂੰ (ਕੋਈ) ਚਿੰਤਾ ਦੀ ਅੱਗ ਨਹੀਂ ਪੋਹ ਸਕਦੀ। ੨।

(ਹੇ ਭਾਈ!) ਸਾਧੂਆਂ ਦੀ ਸੰਭਾਲ ਕਰਕੇ (ਸੰਸਾਰ ਸਾਗਰ ਤੋਂ) ਪਾਰ ਹੋ ਜਾਈਦਾ ਹੈ। (ਇਸ ਲਈ ਉਸ) ਨਿਰਭਉ ਹਰੀ ਦਾ ਨਾਮ ਪ੍ਰੇਮ ਨਾਲ ਜਪਿਆ ਕਰੋ। ੩। (ਹੇ ਭਾਈ! ਨਾਮ ਜਪਣ ਕਰਕੇ) ਪਰਾਏ ਧਨ ਦਾ ਦੋਸ਼ (ਅਤੇ ਹੋਰ) ਕੋਈ ਪਾਪ (ਕਰਮ) ਜੀਵ ਤੋਂ ਨਹੀਂ ਹੁੰਦਾ (ਅਤੇ) ਨਾ ਹੀ ਅਵੈੜਾ ਜਮ (ਉਸਦੇ) ਨੇੜੇ ਆਉਂਦਾ ਹੈ। ੪। (ਹੇ ਭਾਈ! ਨਾਮ ਜਪਣ ਵਾਲੇ ਮਨੁੱਖਾਂ ਦੀ ਤ੍ਰਿਸ਼ਨਾ ਰੂਪੀ ਅੱਗ ਪ੍ਰਭੂ ਨੇ ਆਪ ਬੁਝਾ ਦਿੱਤੀ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਉਸ ਪ੍ਰਭੂ ਦੀ ਸ਼ਰਣ ਵਿਚ ਪੈ ਕੇ ਅਨੇਕਾਂ ਜੀਵ ਸੰਸਾਰ ਸਮੁੰਦਰ ਦੇ ਦੁੱਖਾਂ ਤੋਂ ਤਰ ਗਏ ਹਨ। ੫। ੧। ੫੫।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੯੯ (ਅੰਗ ੬੮੫-੮੬)

ਧਨਾਸਰੀ ਮਹਲਾ ੧ ਘਰੁ ੨ ਅਸਟਪਦੀਆ ੧ੴ ਸਤਿਗੁਰ ਪ੍ਰਸਾਦਿ ॥

ਗੁਰੁ ਸਾਗਰੁ ਰਤਨੀ ਭਰਪੂਰੇ ॥ ਅੰਮ੍ਰਿਤੁ ਸੰਤ ਚੁਗਹਿ ਨਹੀ ਦੂਰੇ ॥ ਹਰਿ ਰਸੁ ਚੋਗ ਚੁਗਹਿ ਪ੍ਰਭ ਭਾਵੈ ॥ ਸਰਵਰ ਮਹਿ ਹੰਸੁ ਪ੍ਰਾਨਪਤਿ ਪਾਵੈ ॥ ੧ ॥ ਕਿਆ ਬਗੁ ਬਪੁੜਾ ਛਪੜੀ ਨਾਇ ॥ ਕੀਚੜਿ ਡੂਬੈ ਮੈਲੁ ਨ ਜਾਇ ॥ ੧ ॥ ਰਹਾਉ ॥ ਰਖਿ ਰਖਿ ਚਰਨ ਧਰੇ ਵੀਚਾਰੀ ॥ ਦੁਬਿਧਾ ਛੋਡਿ ਭਏ ਨਿਰੰਕਾਰੀ ॥ ਮੁਕਤਿ ਪਦਾਰਥੁ ਹਰਿ ਰਸ ਚਾਖੇ ॥ ਆਵਣ ਜਾਣ ਰਹੇ ਗੁਰਿ ਰਾਖੇ ॥ ੨ ॥ ਸਰਵਰ ਹੰਸਾ ਛੋਡਿ ਨ ਜਾਇ ॥ ਪ੍ਰੇਮ ਭਗਤਿ ਕਰਿ ਸਹਜਿ ਸਮਾਇ ॥ ਸਰਵਰ ਮਹਿ ਹੰਸੁ ਹੰਸ ਮਹਿ ਸਾਗਰੁ ॥ ਅਕਥ ਕਥਾ ਗੁਰ ਬਚਨੀ ਆਦਰੁ ॥ ੩ ॥ ਸੁੰਨ ਮੰਡਲ ਇਕੁ ਜੋਗੀ ਬੈਸੇ ॥ ਨਾਰਿ ਨ ਪੁਰਖੁ ਕਹਹੁ ਕੋਊ ਕੈਸੇ ॥ ਤ੍ਰਿਭਵਣ ਜੋਤਿ ਰਹੇ ਲਿਵ ਲਾਈ ॥ ਸੁਰਿ ਨਰ ਨਾਥ ਸਚੇ ਸਰਣਾਈ ॥ ੪ ॥ ਆਨੰਦ ਮੂਲੁ ਅਨਾਥ ਅਧਾਰੀ ॥ ਗੁਰਮੁਖਿ ਭਗਤਿ ਸਹਜਿ ਬੀਚਾਰੀ ॥ ਭਗਤਿ ਵਛਲ ਭੈ ਕਾਟਣਹਾਰੇ ॥ ਹਉਮੈ ਮਾਰਿ ਮਿਲੇ ਪਗੁ ਧਾਰੇ ॥ ੫ ॥ ਅਨਿਕ ਜਤਨ ਕਰਿ ਕਾਲੁ ਸੰਤਾਏ ॥ ਮਰਣੁ ਲਿਖਾਇ ਮੰਡਲ ਮਹਿ ਆਏ ॥ ਜਨਮੁ ਪਦਾਰਥੁ ਦੁਬਿਧਾ ਖੋਵੈ ॥ ਆਪੁ ਨ ਚੀਨਸਿ ਭ੍ਰਮਿ ਭ੍ਰਮਿ ਰੋਵੈ ॥ ੬ ॥ ਕਹਤਉ ਪੜਤਉ ਸੁਣਤਉ ਏਕ ॥ ਧੀਰਜ ਧਰਮੁ ਧਰਣੀਧਰ ਟੇਕ ॥ ਜਤੁ ਸਤੁ ਸੰਜਮੁ ਰਿਦੈ ਸਮਾਏ ॥ ਚਉਥੇ ਪਦ ਕਉ ਜੇ ਮਨੁ ਪਤੀਆਏ ॥ ੭ ॥ ਸਾਚੇ ਨਿਰਮਲ ਮੈਲੁ ਨ ਲਾਗੈ ॥ ਗੁਰ ਕੈ ਸਬਦਿ ਭਰਮ ਭਉ ਭਾਗੈ ॥ ਸੂਰਤਿ ਮੂਰਤਿ ਆਦਿ ਅਨੂਪੁ ॥ ਨਾਨਕੁ ਜਾਚੈ ਸਾਚੁ ਸਰੂਪੁ ॥ ੮ ॥ ੧ ॥

## ਪ੍ਰਾਕ੍ਰਥਨ :-

ਇਹ ਪਾਵਨ ਸ਼ਬਦ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਧਨਾਸਰੀ ਰਾਗ ਅੰਦਰ ਅਸਟਪਦੀਆਂ ਦੇ ਸਿਰਲੇਖ ਹੇਠ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਦੇ ਆਰੰਭ ਅੰਦਰ ਗੁਰਦੇਵ ਨੇ ਗੁਰੂ ਨੂੰ ਇਕ ਸਮੁੰਦਰ ਦੱਸ ਕੇ ਗੁਰੂ ਰੂਪ ਸਮੁੰਦਰ ਰਤਨਾਂ ਨਾਲ ਭਰਪੂਰ ਕਥਨ ਕੀਤਾ ਹੈ :

***ਰਤਨਾ ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮ॥***

(ਅੰਗ ੪੪੨)

***ਅਥਵਾ: ਆਪਿ ਸਮੁੰਦੁ ਆਪਿ ਹੈ ਸਾਗਰੁ ਆਪੇ ਹੀ ਵਿਚਿ ਰਤਨ ਧਰੇ॥***

(ਅੰਗ ੫੫੨)

## ਵਿਸ਼ਾ—ਆਪੇ ਹੀ ਵਿਚ ਰਤਨ ਧਰੇ

ਪੁਰਾਣਿਕ ਮਿਥਿ ਅਨੁਸਾਰ ਸਮੁੰਦਰ ਦੇ ਵਿਚੋਂ ਦੇਵਤੇ ਅਤੇ ਦੈਂਤਾਂ ਨੇ ਇਕੱਠੇ ਹੋ ਕੇ ਸਮੁੰਦਰ ਨੂੰ ਰਿੜਕਿਆ ਜਿਸ ਨਾਲ ਉਸ ਸਮੇਂ ਚੌਦਾਂ ਰਤਨ ਸਮੁੰਦਰ ਵਿਚੋਂ ਨਿਕਲੇ ਸਨ। ਇਸ ਸਮੁੰਦਰ ਨੂੰ ਰਿੜਕਣ ਦਾ ਇਕ ਕਵੀ ਨੇ ਕਬਿਤ ਅੰਦਰ ਇਸ ਤਰ੍ਹਾਂ ਜ਼ਿਕਰ ਕੀਤਾ ਹੈ :-

ਕਬਿੱਤ॥

***ਦੇਵ ਦੈਤਾਂ ਮਿਲ ਇਕ ਸਮੇਂ ਸੀ ਸਲਾਹ ਕੀਤੀ,***
***ਚਲੋ ਭਾਈ ਸਿੰਧ ਤਾਈਂ ਮਥ ਕੇ ਹਿਲਾਏ ਹੈ।***
***ਕਰਕੇ ਮਧਾਣਾ ਗਿਰਿ ਨੇਤਾ ਨਾਗ ਸੰਦਾ ਕੀਤਾ,***
***ਤਿਸ ਵਿਚੋਂ ਕੱਢ ਚੌਦਾਂ ਰਤਨ ਦਿਖਾਏ ਹੈ।***
***ਆਪੋ ਵਿਚ ਵੰਡ ਕਰ ਚੀਜ਼ਾਂ ਸਭ ਸਾਂਭ ਲਈਆਂ,***
***ਸਭ ਤੋਂ ਅਧਿਕ ਜਗ ਸੁਧਾ ਪ੍ਰਗਟਾਏ ਹੈ।***
***ਸੁਧਾ ਦਾ ਸਰੂਪ ਗੁਰਬਾਣੀ ਨਾਮ ਦੱਸਦੀ ਹੈ,***
***ਗੁਰਮੁਖ ਪੀ ਕੇ ਭਗਤ ਸਹਿਜ ਸਮਾਏ ਹੈ॥***

ਇਹਨਾਂ ੧੪ ਰਤਨਾਂ ਨੂੰ ਦੇਵਤਿਆਂ ਅਤੇ ਦੈਂਤਾਂ ਨੇ ਆਪਸ ਵਿਚ ਵੰਡ ਲਿਆ ਸੀ। ਇਸੇ ਤਰ੍ਹਾਂ ਇਸ ਪਾਵਨ ਸ਼ਬਦ ਦੇ ਆਰੰਭ ਵਿਚ ਪੰਕਤੀ ਆਈ ਹੈ "ਗੁਰ ਸਾਗਰ ਰਤਨੀ ਭਰਪੂਰੇ" ਗੁਰੂ ਇਕ ਗਹਿਰਾ ਸਾਗਰ ਹੈ ਜੋ ਸਭ ਗੁਣਾਂ ਰੂਪੀ ਰਤਨਾਂ ਨਾਲ ਭਰਪੂਰ ਹੈ। ਜਿਸ ਤਰ੍ਹਾਂ ਪ੍ਰਤੱਖ ਸਮੁੰਦਰ ਵਿਚੋਂ ੧੪ ਰਤਨਾਂ ਦੇ ਨਿਕਲਣ ਦਾ ਜ਼ਿਕਰ ਆਇਆ ਹੈ, ਇਸੇ ਤਰ੍ਹਾਂ ਗੁਰੂ ਰੂਪੀ ਸਾਗਰ ਵਿਚੋਂ ਸ਼ੁਭ ਗੁਣਾਂ ਰੂਪੀ ਇਕ ਕਵੀ ਨੇ ਕਬਿਤ ਵਿਚ ਇਹ ਸ਼ੁਭ ਗੁਣ ੧੪ ਰਤਨ ਪ੍ਰਾਪਤ ਹੁੰਦੇ ਦਰਸਾਏ ਹਨ :

***ਲੱਛਮੀ ਰੂਪ ਭਗਤੀ ਹੈ, ਆਤਮਾ ਵਿਚਾਰ ਮਣੀ,***
***ਰੰਭਾ ਪ੍ਰਮੇਸ਼ਰ ਕੀ ਕੀਰਤੀ ਵਿਚਾਰ ਹੈ।***
***ਪ੍ਰੇਮ ਰੂਪ ਮਦਰਾ, ਨਾਮ ਜਪ ਅੰਮ੍ਰਿਤ,***
***ਰਾਗ ਦਾ ਅਲਾਪਨਾ ਸੰਖ ਦਾ ਅਕਾਰ ਹੈ।***
***ਵੈਰਾਗ ਰੂਪ ਹਸਤੀ, ਸੰਗਤ ਕਲਪ ਬ੍ਰਿਛ,***
***ਸ਼ਾਂਤੀ ਕਾਮਧੇਨ, ਸਤਿਗੁਰੂ ਵੈਦ ਰਾਜ ਹੈ।***
***ਦਾਨ ਰੂਪ ਚੰਦ੍ਰਮਾ, ਸਚ ਬੋਲ ਧਨੁੱਖ,***
***ਸੰਤਾਂ ਕੀ ਨਿੰਦਾ ਬਿਖ, ਗਿਆਨ ਰੂਪ ਬਾਜ ਹੈ।***

ਅਤੇ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਇਕ ਕੱਬਿਤ ਵਿੱਚ ਗੁਰਬਾਣੀ ਰੂਪ ਸਾਗਰ ਦੀ ਸਿਫ਼ਤ ਕਰਦਿਆਂ ਵੱਖ-ਵੱਖ ਸਮੁੰਦਰ ਚੋਂ ਨਿਕਲਣ ਵਾਲੀਆਂ ਕੀਮਤੀ ਵਸਤੂਆਂ ਅਤੇ ਪਰਬਤਾਂ ਦੇ ਵਿਚੋਂ ਨਿਕਲਣ ਵਾਲੇ ਕੀਮਤੀ ਚਮਕੀਲੇ ਹੀਰੇ ਰਤਨ, ਜੰਗਲ ਬਨਸਪਤੀ ਵਿਚੋਂ ਕੀਮਤੀ ਵਸਤੂਆਂ ਦੱਸ ਕੇ, ''ਤੈਸੇ ਗੁਰਬਾਣੀ ਬਿਖੈ ਸਕਲ ਪਦਾਰਥ ਹੈ।'' ਇਸ ਤਰ੍ਹਾਂ ਕਹਿ ਕੇ ਗੁਰਬਾਣੀ ਗੁਰੂ ਦੀ ਮਹਿਮਾ ਕੀਤੀ ਹੈ :

***ਜੈਸੇ ਤਉ ਸਕਲ ਨਿਧਿ ਪੂਰਨ ਸਮੁੰਦ੍ਰ ਬਿਖੈ,***
***ਹੰਸ ਮਰਜੀਵਾ ਨਿਹਚੈ ਪ੍ਰਸਾਦੁ ਪਾਵਈ॥***
***ਜੈਸੇ ਪਰਬਤ ਹੀਰਾ ਮਾਨਕ ਪਾਰਸ ਸਿਧ,***
***ਖਨਵਾਰਾ ਖਨਿ ਜਗ ਵਿਖੈ ਪ੍ਰਗਟਾਵਈ॥***
***ਜੈਸੇ ਬਨ ਬਿਖੈ ਮਲਿਆਗਰ ਸੌਧਾ ਕਪੂਰ,***
***ਸੋਧ ਕੈ ਸੁਬਾਸੀ ਸੁਭਾਸ ਬਿਹਸਾਵਈ॥***
***ਤੈਸੇ ਗੁਰਬਾਨੀ ਬਿਖੈ ਸਕਲ ਪਦਾਰਥ ਹੈ,***
***ਜੋਈ ਜੋਈ ਖੋਜੈ ਸੋਈ ਸੋਈ ਨਿਪਜਾਵਈ॥ ੫੪੬॥***

(ਕਬਿੱਤ ਸਵੱਯੇ ਭਾ: ਗੁਰਦਾਸ)

***ਨਾਮੁ ਅਮੋਲਕੁ ਰਤਨੁ ਹੈ ਪੂਰੇ ਸਤਿਗੁਰ ਪਾਸਿ॥***
***ਸਤਿਗੁਰ ਸੇਵੈ ਲਗਿਆ ਕਢਿ ਰਤਨੁ ਦੇਵੈ ਪਰਗਾਸਿ॥***

(ਅੰਗ ੪੦)

***ਰਤਨੁ ਜਵੇਹਰੁ ਲਾਲੁ ਹਰਿ ਨਾਮਾ ਗੁਰਿ ਕਾਢਿ ਤਲੀ ਦਿਖਲਾਇਆ॥***

(ਅੰਗ ੮੮੦)

## ਰਤਨ ਅਤੇ ਮੋਤੀਆਂ ਦੇ ਨਿਕਲਣ ਬਾਰੇ :

ਮੋਤੀਆਂ ਬਾਰੇ ਅਤੇ ਰਤਨਾਂ ਦੇ ਪ੍ਰਗਟ ਹੋਣ ਬਾਰੇ ਜ਼ਿਕਰ ਹੈ ਕਿ ਮੋਤੀ ਸਮੁੰਦਰ ਵਿਚੋਂ ਨਿਕਲਦੇ ਹਨ। ਸਮੁੰਦਰ ਦੀਆਂ ਖਾੜੀਆਂ ਵਿਚੋਂ ਨਿਕਲਣ ਵਾਲੀਆਂ ਸਿੱਪਾਂ ਵਿਚੋਂ ਮੋਤੀ ਨਿਕਲਦੇ ਹਨ, ਜਿਨ੍ਹਾਂ ਦੀਆਂ ਵੱਖ-ਵੱਖ ਕੀਮਤਾਂ ਹੁੰਦੀਆਂ ਹਨ। ਹੀਰੇ, ਲਾਲ, ਪੰਨੇ, ਨੀਲਮ, ਆਦਿਕ ਕੀਮਤੀ ਰਤਨ ਪਹਾੜਾਂ ਵਿਚੋਂ ਨਿਕਲਦੇ ਹਨ। ਇਹਨਾਂ ਦੇ ਵਜ਼ਨ, ਸੁੰਦਰਤਾ ਤੇ ਚਮਕ-ਦਮਕ ਅਨੁਸਾਰ ਮੁੱਲ ਪੈਂਦਾ ਹੈ। ਚਿੱਟੇ ਰੰਗ ਦੇ ਕੀਮਤੀ ਤੇ ਚਮਕੀਲੇ ਪੱਥਰ ਨੂੰ ਹੀਰਾ ਕਹਿੰਦੇ ਹਨ। ਹੀਰਿਆਂ ਵਿਚੋਂ ਸਭ ਤੋਂ ਭਾਰਾ, ਸੁੰਦਰ, ਚਮਕੀਲਾ, ਬਹੁਕੀਮਤੀ ਕੋਹਿਨੂਰ ਹੀਰਾ ਹੈ। ਲਾਲ ਰੰਗ ਦੇ ਕੀਮਤੀ ਪੱਥਰ ਨੂੰ ਲਾਲ ਕਹਿੰਦੇ ਹਨ, ਛੋਟਾ ਟੁਕੜਾ ਹੋਵੇ ਤਾਂ ਮਾਣਕ ਤੇ ਇਸ ਨਾਲੋਂ ਛੋਟੀ ਟੁਕੜੀ ਨੂੰ ਲਾਲੜੀ ਤੇ ਚੂੰਨੀ ਕਹਿੰਦੇ ਹਨ। ਨੀਲੇ ਰੰਗ ਦੇ ਸੁੰਦਰ ਕੀਮਤੀ ਪੱਥਰ ਨੂੰ ਨੀਲਮ ਕਹਿੰਦੇ ਹਨ।

## ਕੋਹਿਨੂਰ ਹੀਰੇ ਬਾਰੇ ਨਿਰਣਾ :

ਸੰਸਾਰ ਦੇ ਅੰਦਰ ਰਤਨ ਲਾਲ ਬਹੁਤ ਵੱਡਮੁੱਲੇ ਤੇ ਬਹੁਤ ਕੀਮਤੀ ਹਨ, ਪਰ ਫਿਰ ਭੀ ਹਰ ਰਤਨ ਦੀ ਕੀਮਤ ਪੈ ਜਾਂਦੀ ਹੈ। ਕੀਮਤੀ ਰਤਨਾਂ ਵਿਚੋਂ ਕੋਹਿਨੂਰ ਹੀਰਾ ਬਹੁਤ ਵੱਡਮੁੱਲਾ ਤੇ ਕੀਮਤੀ ਮੰਨਿਆ ਗਿਆ ਹੈ। ਕੋਹਿਨੂਰ ਬਾਰੇ ਜ਼ਿਕਰ ਆਉਂਦਾ ਹੈ। ਕੋਹਿਨੂਰ ਹੀਰਾ ਇਕ ਪ੍ਰਸਿੱਧ ਹੀਰਾ ਜੋ ਨੂਰ (ਪ੍ਰਕਾਸ਼) ਦਾ ਕੋਹ (ਪਹਾੜ) ਮੰਨਿਆ ਗਿਆ ਹੈ। ਇਸ ਦੀ ਬਾਬਤ ਬਹੁਤ ਕਲਪਨਾ ਕਰਦੇ ਹਨ ਕਿ ਪਹਿਲਾਂ ਕਰੁਣ ਅਤੇ ਅਰਜੁਨ ਪਾਸ, ਫਿਰ ਬਿਕ੍ਰਮਾਦਿਤ ਪਾਸ ਰਿਹਾ, ਪਰ ਇਤਿਹਾਸ ਦਾ ਕੋਈ ਪ੍ਰਬਲ ਪ੍ਰਮਾਣ ਨਹੀਂ। ਜੋ ਪ੍ਰਸਿੱਧ ਬਾਤ ਗ੍ਰੰਥਾਂ ਵਿਚ ਹੈ, ਉਹ ਇਉਂ ਹੈ ਕਿ ਕੋਹਿਨੂਰ ਹੀਰਾ ਫਰਵਰੀ ਸੰਨ ੧੬੨੮ ਵਿਚ ਮੀਰ ਜੁਮਲਾ ਗੋਲਕੁੰਡਾ ਦੇ ਬਾਦਸ਼ਾਹ ਅਬਦੁੱਲਾ ਕੁੱਤਬ ਸ਼ਾਹ ਦੇ ਵਜ਼ੀਰ ਨੇ ਸ਼ਾਹਜਹਾਂ ਦੀ ਭੇਟਾ ਕੀਤਾ। ਪਰ ਇਹ ਭੀ ਜ਼ਿਕਰ ਹੈ, ਬਾਬਰ ਲਿਖਦਾ ਹੈ ਕਿ ਇਬਰਾਹੀਮ ਲੋਧੀ ਦੀ ਸਹਾਇਤਾ ਕਰਨ ਵਾਲੇ ਗਵਾਲੀਅਰ ਦੇ ਹਿੰਦੂ ਰਾਜਾ ਦੇ ਪਰਿਵਾਰ ਤੋਂ ਇਹ ਹੀਰਾ ਸੰਨ ੧੫੨੬ ਵਿਚ ਹਮਾਯੂੰ ਨੂੰ ਆਗਰੇ ਪ੍ਰਾਪਤ ਹੋਇਆ ਹੈ।

ਦੂਸਰਾ ਇਹ ਭੀ ਜ਼ਿਕਰ ਹੈ ਕਿ ਜਨਵਰੀ ਸੰਨ ੧੭੩੯ ਵਿਚ ਦਿੱਲੀ ਦੀ ਲੁੱਟ ਸਮੇਂ ਨਾਦਰ ਸ਼ਾਹ ਦੇ ਕਬਜ਼ੇ ਆਇਆ ਅਤੇ ਨਾਦਰ ਸ਼ਾਹ ਨੇ ਇਸ ਦਾ ਨਾਂ ਕੋਹਿਨੂਰ ਥਾਪਿਆ। ੮ ਜੂਨ ੧੭੪੭ ਨੂੰ ਇਹ ਰਤਨ ਨਾਦਰਸ਼ਾਹ ਦੇ ਪੋਤੇ ਸ਼ਾਹ ਰੁੱਖ ਮਿਰਜ਼ਾ ਤੋਂ ਅਹਿਮਦ ਸ਼ਾਹ ਦੁਰਾਨੀ ਦੇ ਹੱਥ ਲੱਗਾ। ੧ ਜੂਨ ੧੮੧੩ ਨੂੰ ਸ਼ਾਹ-ਸ਼ੁਜਾ ਅਮੀਰ ਕਾਬਲ ਤੋਂ ਮਹਾਰਾਜਾ ਰਣਜੀਤ ਸਿੰਘ ਨੇ ਪ੍ਰਾਪਤ ਕੀਤਾ।

੩੦ ਮਾਰਚ ਸੰਨ ੧੮੪੯ ਨੂੰ ਪੰਜਾਬ ਪੁਰ ਕਬਜ਼ਾ ਕਰਕੇ, ਲਾਰਡ ਡਲਹੌਜ਼ੀ (DALHOUSIE) ਨੇ ੭ ਦਸੰਬਰ ਨੂੰ ਨਾਬਾਲਗ਼ ਦਲੀਪ ਸਿੰਘ ਦੇ ਖ਼ਜ਼ਾਨੇ ਤੋਂ ਆਪਣੇ ਕਬਜ਼ੇ ਵਿਚ ਕੀਤਾ ਅਤੇ ੬ ਅਪ੍ਰੈਲ ੧੮੫੦ ਈ. ਨੂੰ ਕਰਨੈਲ ਮੈਕਸਨ (COL. MACSON) ਹੱਥ ਮੁੰਬਈ ਤੋਂ ਜਹਾਜ਼ Medea ਵਿਚ ਇੰਗਲੈਂਡ ਦੀ ਮਹਾਰਾਣੀ ਵਿਕਟੋਰੀਆ ਨੂੰ ਭੇਜਿਆ ਗਿਆ, ਜੋ ਤਿੰਨ ਜੁਲਾਈ ਨੂੰ ਮਹਾਰਾਣੀ ਦੇ ਹੱਥ

ਪਹੁੰਚਿਆ।

ਇਸ ਦਾ ਪਹਿਲਾਂ ਤੋਲ ੩੧੯ ਰੱਤੀ ਸੀ। ਹੁਣ ਤਰਾਸ਼ਣ ਤੋਂ ੧੦੨ ਰੱਤੀ ਰਹਿ ਗਿਆ ਹੈ। ਵਲਾਇਤ ਦੇ ਰਤਨ ਪ੍ਰੀਖਿਅਕਾਂ ਨੇ ਇਸਦਾ ੩੦ ਲੱਖ ਪੌਂਡ ਮੁੱਲ ਪਾ ਦਿੱਤਾ ਹੈ। ਇਸ ਤਰ੍ਹਾਂ ਸੰਸਾਰਕ ਰਤਨਾਂ ਦੀ ਕੀਮਤ ਪੈ ਜਾਂਦੀ ਹੈ।

ਜਿਸ ਤਰ੍ਹਾਂ ਅੱਜ ਤੋਂ ਕਿਤਨਾ ਸਮਾਂ ਪਹਿਲਾਂ ਇੰਗਲੈਂਡ ਦੇ ਮਾਹਿਰਾਂ ਨੇ ਤੀਹ ਲੱਖ ਪੌਂਡ ਕੀਮਤ ਕੋਹਿਨੂਰ ਹੀਰੇ ਦੀ ਪਾਈ ਸੀ, ਇਸ ਤਰ੍ਹਾਂ ਹੋਰ ਭੀ ਰਤਨਾਂ ਦੀ ਕੀਮਤ ਦੇ ਜ਼ਿਕਰ ਮਿਲਦੇ ਹਨ। ਇਕ ਬਾਦਸ਼ਾਹ ਸੀ, ਉਸ ਪਾਸ ਕੀਮਤੀ ਰਤਨ ਸੀ। ਉਸਨੇ ਉਸ ਰਤਨ ਦੀ ਕੀਮਤ ਜਾਨਣੀ ਚਾਹੀ। ਆਖ਼ਰ ਵੱਡਮੁੱਲੀ ਕੋਈ ਭੀ ਵਸਤੂ ਹੋਵੇ, ਮਨੁੱਖ ਉਸਦੀ ਕੀਮਤ ਜ਼ਰੂਰ ਸਮਝਣਾ ਚਾਹੁੰਦਾ ਹੈ। ਉਸਨੂੰ ਪਤਾ ਲੱਗ ਜਾਵੇ ਕਿ ਮੇਰੇ ਪਾਸ ਕਿਤਨੀ ਕੀਮਤ ਦੀ ਇਹ ਵਸਤੂ ਹੈ। ਰਾਜਿਆਂ-ਮਹਾਰਾਜਿਆਂ ਪਾਸ ਹੀਰੇ-ਰਤਨ ਹੋਇਆ ਕਰਦੇ ਸਨ, ਪਰ ਉਹਨਾਂ ਨੂੰ ਪਤਾ ਹੁੰਦਾ ਸੀ ਕਿ ਮੇਰੇ ਪਾਸ ਇਹ ਇਤਨੀ ਕੀਮਤ ਦੇ ਹੀਰੇ ਹਨ।

## ਸਾਖੀ—ਔਰੰਗਜ਼ੇਬ ਤੇ ਤਾਨੇ ਸ਼ਾਹ ਦੇ ਜੰਗ ਦੀ

ਦਿੱਲੀ ਦੀ ਸੰਗਤ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਤਸ਼ਾਹ ਦੇ ਪੁੱਛਣ ਤੋਂ ਦੱਸਿਆ ਕਿ ਔਰੰਗਜ਼ੇਬ ਬਾਦਸ਼ਾਹ ਦਾ ਤਾਨਾਸ਼ਾਹ ਨਾਲ ਜੰਗ ਕਿਸ ਕਾਰਨ ਕਰਕੇ ਹੋਇਆ। ਤਾਨਾਸ਼ਾਹ ਦਾ ਅਸਲ ਨਾਮ, ਅਬੂ ਹੁਸੈਨ ਸੀ। ਇਹ ਗੋਲਕੁੰਡਾ (ਦੱਖਣ) ਦੇ ਸਿੰਘਾਸਨ ਪੁਰ ਸੰਨ ੧੬੭੨ ਵਿਚ ਬੈਠਾ ਸੀ। ਇਸ ਪਾਸ ਇਕ ਵੱਡਮੁੱਲਾ ਰਤਨ ਸੀ ਜੋ ਇਸ ਦੀ ਮੁੰਦਰੀ ਵਿਚ ਜੜਤਕਾਰੀ ਹੋਇਆ ਸੀ। ਔਰੰਗਜ਼ੇਬ ਦੀ ਸਮੁੱਚੀ ਦਿੱਲੀ ਸਲਤਨਤ ਨਾਲੋਂ ਤਿੰਨ ਗੁਣਾ ਵੱਧ ਕੀਮਤ ਦਾ ਇਹ ਰਤਨ ਸੀ ਜਿਸ ਨੂੰ ਪ੍ਰਾਪਤ ਕਰਨ ਵਾਸਤੇ ਅਤੇ ਦੱਖਣ ਤਰਫ਼ ਆਪਣਾ ਕਬਜ਼ਾ ਕਰਨ ਲਈ ਤਾਨਾਸ਼ਾਹ ਨਾਲ ਜੰਗ ਲੜਿਆ।

***ਛਾਪ ਆਪਨੀ ਮਹਿਂ ਸੋ ਰਾਖਤਿ। ਤਿਸ ਲੈਬੇ ਹਿਤ ਇਹ ਅਭਿਲਾਖਤਿ।***
***ਤਾਨੇਸ਼ਾਹ ਉਭਾਰਯੋ ਹਾਥ। ਜਿਸ ਮਹਿ ਰਤਨ ਮੁੰਦਰੀ ਸਾਥ।***
***ਸਲਤਨਤ ਦਿੱਲੀ ਕੀ ਤ੍ਰੈ ਗੁਨੀ। ਤਊ ਨ ਇਸ ਕੀ ਕੀਮਤ ਪੁਨੀ।***
***ਅਹੈ, ਅਮੋਲਾ ਹੋਇ ਨ ਮੋਲ। ਦ੍ਵੈਦਸ਼ ਰੰਚਕ ਭਰ ਲੱਖ ਤੋਲ।***

ਸੰਨ ੧੬੮੭ ਵਿਚ ਔਰੰਗਜ਼ੇਬ ਨੇ ਤਾਨਾਸ਼ਾਹ ਨੂੰ ਜਿੱਤ ਕੇ ਦੌਲਤਾਬਾਦ ਵਿਚ ਕੈਦ ਕੀਤਾ ਸੀ। ਗੋਲਕੁੰਡਾ ਦਿੱਲੀ ਰਾਜ ਨਾਲ ਮਿਲ ਗਿਆ ਸੀ। ਤਾਨਾ ਸ਼ਾਹ ਦੀ ਮੌਤ ਸੰਨ ੧੭੦੪ ਵਿਚ ਹੋਈ ਸੀ। ਇਹ ਕੁਤਬਸ਼ਾਹੀ ਬੰਸ ਦਾ ਅੰਤਮ ਬਾਦਸ਼ਾਹ ਸੀ ਅਤੇ ਔਰੰਗਜ਼ੇਬ ਬਾਦਸ਼ਾਹ ਨੇ ਤਾਨਾਸ਼ਾਹ ਨਾਲ ਜੰਗ ਲੜਨ ਤੋਂ ਪਹਿਲਾਂ ਜੋ ਤਾਨਾਸ਼ਾਹ ਪਾਸ ਰਤਨ ਸੀ, ਉਸ ਦੀ ਪਰਖ ਕਰਕੇ ਕੀਮਤ ਜਾਣਨ ਲਈ ਇਕ ਪਾਰਖੂ ਜੌਹਰੀ ਭੇਜਿਆ ਸੀ। ਜੌਹਰੀ ਜਿਸ ਵੇਲੇ ਤਾਨਾਸ਼ਾਹ ਪਾਸ ਗਿਆ ਤਾਂ ਕਈ ਕਦਮਾਂ ਦੀ ਦੂਰੀ ਤੋਂ ਹੀ ਰਤਨ ਦਾ ਪ੍ਰਤਿਬਿੰਬ ਜੌਹਰੀ ਦੇ ਜਾਮੇ ਉੱਪਰ ਪਿਆ ਸੀ, ਜਿਸ ਅਕਸ ਨੂੰ ਦੇਖਕੇ ਰਤਨ ਦੀ ਕੀਮਤ ਪਰਖ ਕੇ ਜੌਹਰੀ

ਨੇ ਔਰੰਗਜ਼ੇਬ ਨੂੰ ਦੱਸੀ ਸੀ। ਤਦ ਹੀ ਬਾਦਸ਼ਾਹ ਨੇ ਕੀਮਤੀ ਰਤਨ ਲੈਣ ਲਈ ਜੰਗ ਲੜਿਆ ਸੀ।

***ਜਾਮਾ ਹੁਤੋ ਜੌਹਰੀ ਗਰੇ। ਤਿਹ ਪ੍ਰਤਿਬਿੰਬ ਆਨਿ ਤਹਿ ਪਰੇ।***
***ਪਿਖ ਪ੍ਰਕਾਸ਼ ਕੌ ਪਰਖਯੋ ਨੀਕੋ। ਮੋਲ ਤੋਲ ਜਾਨਯੋ ਤਿਸਹੀ ਕੋ।***

(ਗੁਰ ਪ੍ਰਤਾਪ ਸੂਰਜ ਗ੍ਰੰਥ, ਰੁੱਤ ੧, ਅੰਸੂ ੮)

ਧਨਾਸਰੀ ਮਹਲਾ ੧ ਘਰੁ ੨ ਅਸਟਪਦੀਆ ੧ੴ ਸਤਿਗੁਰ ਪ੍ਰਸਾਦਿ ॥

ਗੁਰੁ ਸਾਗਰੁ ਰਤਨੀ ਭਰਪੂਰੇ ॥ ਅੰਮ੍ਰਿਤੁ ਸੰਤ ਚੁਗਹਿ ਨਹੀ ਦੂਰੇ ॥ ਹਰਿ ਰਸੁ ਚੋਗ ਚੁਗਹਿ ਪ੍ਰਭ ਭਾਵੈ ॥ ਸਰਵਰ ਮਹਿ ਹੰਸੁ ਪ੍ਰਾਨਪਤਿ ਪਾਵੈ ॥ ੧ ॥ ਕਿਆ ਬਗੁ ਬਪੁੜਾ ਛਪੜੀ ਨਾਇ ॥ ਕੀਚੜਿ ਡੂਬੈ ਮੈਲੁ ਨ ਜਾਇ ॥ ੧ ॥ ਰਹਾਉ ॥ ਰਖਿ ਰਖਿ ਚਰਨ ਧਰੇ ਵੀਚਾਰੀ ॥ ਦੁਬਿਧਾ ਛੋਡਿ ਭਏ ਨਿਰੰਕਾਰੀ ॥ ਮੁਕਤਿ ਪਦਾਰਥੁ ਹਰਿ ਰਸ ਚਾਖੇ ॥ ਆਵਣ ਜਾਣ ਰਹੇ ਗੁਰਿ ਰਾਖੇ ॥ ੨ ॥

## ਪਦ ਅਰਥ :

ਰਤਨੀ-ਰਤਨਾਂ ਨਾਲ, ਸੋਹਣੇ ਜੀਵਨ-ਉਪਦੇਸ਼। ਭਰਪੂਰੇ-ਨਕਾ ਨਕ ਭਰਿਆ ਹੋਇਆ। ਸੰਤ-ਗੁਰਮੁਖਿ ਬੰਦੇ। ਚੁਗਹਿ-ਚੁਗਦੇ ਹਨ। ਚੋਗ-ਖ਼ੁਰਾਕ, ਆਤਮਿਕ ਜੀਵਨ ਦੀ ਖ਼ੁਰਾਕ। ਪ੍ਰਾਨਪਤਿ-ਪਰਮਾਤਮਾ। ੧। ਬਗੁ-ਬਗਲਾ। ਬਪੁੜਾ-ਵਿਚਾਰਾ। ਨਾਇ-ਨ੍ਹਾਉਂਦਾ ਹੈ। ਕੀਚੜਿ-ਚਿੱਕੜ ਵਿਚ।੧। ਰਹਾਉ। ਰਖਿ ਰਖਿ-ਰੱਖ ਕੇ, ਧਿਆਨ ਨਾਲ। ਵੀਚਾਰੀ-ਵੀਚਾਰ ਦੇ ਆਸਰੇ। ਦੁਬਿਧਾ-ਕਿਸੇ ਹੋਰ ਆਸਰੇ ਦੀ ਭਾਲ। ਰਹੇ-ਮੁੱਕ ਜਾਂਦੇ ਹਨ। ਗੁਰਿ-ਗੁਰੂ ਨੇ। ੨।

## ਅਰਥ :

(ਹੇ ਭਾਈ !) ਗੁਰੂ ਸਮੁੰਦਰ ਹੈ, ਰਤਨ (ਰੂਪੀ) ਸ਼ਬਦਾਂ ਤੇ ਸੋਹਣੇ ਉਪਦੇਸ਼ਾਂ) ਨਾਲ ਭਰਿਆ ਹੋਇਆ ਹੈ। ਸੰਤ=ਗੁਰਮੁਖ ਗੁਰਸਿੱਖ (ਗੁਰੂ ਸਾਗਰ ਚੋਂ) ਨਾਮ ਅੰਮ੍ਰਿਤ (ਰੂਪ ਮੋਤੀ) ਚੁਗਦੇ ਹਨ ਅਤੇ (ਗੁਰੂ ਸਾਗਰ ਤੋਂ) ਦੂਰ ਨਹੀਂ ਰਹਿੰਦੇ। (ਸੰਤ) ਹਰੀ ਨਾਮ ਰਸ ਦੀ (ਆਤਮਿਕ ਖ਼ੁਰਾਕ) ਰੂਪ ਚੋਗ ਚੁਗਦੇ ਹਨ, ਇਸ ਕਰਕੇ ਪ੍ਰਭੂ ਨੂੰ ਚੰਗੇ ਲੱਗਦੇ ਹਨ। (ਗੁਰਸਿੱਖ) ਹੰਸ (ਗੁਰੂ ਰੂਪੀ) ਸਰੋਵਰ ਵਿਚ (ਰਹਿੰਦਾ ਹੈ ਅਤੇ ਆਪਣੇ) ਪ੍ਰਾਣਾਂ ਦੇ ਪਤੀ (ਵਾਹਿਗੁਰੂ) ਨੂੰ ਪ੍ਰਾਪਤ ਕਰ ਲੈਂਦਾ ਹੈ। ੧। (ਹੇ ਭਾਈ !) ਬਗਲਾ ਵਿਚਾਰ ਦੀ ਛਪੜੀ ਵਿਚ ਨਹਾਉਂਦਾ ਹੈ। ਚਿਕੜ ਵਿਚ ਡੁੱਬਦਾ ਹੈ (ਅਤੇ ਉਸ ਦੀ ਇਹ) ਮੈਲ ਨਹੀਂ ਲਹਿੰਦੀ (ਭਾਵ ਜੀਵ ਰੂਪ ਬਗਲਾ ਕੁਸੰਗਤ ਰੂਪ ਛੱਪੜੀ ਵਿਚ ਵਿਸ਼ੇ ਚਿਕੜ ਵਿਚ ਡੁੱਬ ਜਾਂਦਾ ਹੈ)। ੧। ਰਹਾਉ। (ਹੇ ਭਾਈ ! ਜਿਨ੍ਹਾਂ ਨੇ) ਸੋਚ ਸੰਭਾਲ ਕੇ (ਜੀਵਨ ਖੇਤਰ ਵਿਚ ਆਪਣੇ) ਪੈਰ ਰੱਖੇ ਹਨ, ਉਹ ਦੁਬਿਧਾ ਛੱਡ ਕੇ ਕਰਤਾਰ

ਦੇ ਬਣ ਗਏ ਹਨ। ਮੁਕਤੀ ਰੂਪੀ ਪਦਾਰਥ ਹਰੀ ਦਾ (ਨਾਮ) ਰਸ (ਉਨ੍ਹਾਂ ਨੇ) ਚਖਿਆ ਹੈ। ਉਨ੍ਹਾਂ ਦਾ ਜੰਮਣਾ ਮਰਣਾ ਮੁੱਕ ਜਾਂਦਾ ਹੈ। ਗੁਰੂ ਨੇ ਕਿਰਪਾ ਕਰਕੇ (ਚਉਰਾਸੀ ਦੇ ਗੇੜ ਤੋਂ) ਰੱਖ ਲਏ ਹਨ, (ਭਾਵ ਬਚਾ ਲਏ ਹਨ।੨।

**ਸਰਵਰ ਹੰਸਾ ਛੋਡਿ ਨ ਜਾਇ ॥ ਪ੍ਰੇਮ ਭਗਤਿ ਕਰਿ ਸਹਜਿ ਸਮਾਇ ॥ ਸਰਵਰ ਮਹਿ ਹੰਸੁ ਹੰਸ ਮਹਿ ਸਾਗਰੁ ॥ ਅਕਥ ਕਥਾ ਗੁਰ ਬਚਨੀ ਆਦਰੁ ॥ ੩ ॥ ਸੁੰਨ ਮੰਡਲ ਇਕੁ ਜੋਗੀ ਬੈਸੇ ॥ ਨਾਰਿ ਨ ਪੁਰਖੁ ਕਹਹੁ ਕੋਊ ਕੈਸੇ ॥ ਤ੍ਰਿਭਵਣ ਜੋਤਿ ਰਹੇ ਲਿਵ ਲਾਈ ॥ ਸੁਰਿ ਨਰ ਨਾਥ ਸਚੇ ਸਰਣਾਈ ॥ ੪ ॥**

## ਪਦ ਅਰਥ :

ਸਹਜਿ-ਸਹਜ, ਸਹਿਜ ਵਿਚ, ਅਡੋਲ ਆਤਮਿਕ ਅਵੱਸਥਾ ਵਿਚ। ਆਦਰੁ-ਇੱਜ਼ਤ। ੩। ਸੁੰਨ ਮੰਡਲ-ਅਫੁਰ ਅਵੱਸਥਾ, ਉਹ ਅਵੱਸਥਾ ਜਿਥੇ ਮਾਇਆ ਦੇ ਫ਼ੁਰਨਿਆਂ ਵਲੋਂ ਸੁੰਞ ਹੈ। ਜੋਗੀ-ਪ੍ਰਭੂ ਚਰਨਾਂ ਵਿਚ ਜੁੜਿਆ ਹੋਇਆ। ਤ੍ਰਿਭਵਣਜੋਤਿ-ਉਹ ਪ੍ਰਭੂ ਜਿਸ ਦੀ ਜੋਤ ਤਿੰਨਾਂ ਭਵਨਾਂ ਵਿਚ ਹੈ। ਸੁਰਿ-ਦੇਵਤੇ। ੪।

## ਅਰਥ :

(ਗੁਰਸਿੱਖ) ਗੁਰੂ ਰੂਪ ਸਰੋਵਰ ਨੂੰ ਛੱਡ ਕੇ ਕਿਤੇ ਨਹੀਂ ਜਾਂਦਾ। (ਉਹ) ਪ੍ਰੇਮ ਭਗਤੀ ਕਰਕੇ ਅਡੋਲ ਅਵੱਸਥਾ ਵਿਚ ਲੀਨ ਹੋਇਆ ਰਹਿੰਦਾ ਹੈ। (ਗੁਰੂ) ਸਰੋਵਰ ਵਿਚ (ਗੁਰਸਿੱਖ) ਹੰਸ (ਅਤੇ ਗੁਰਸਿੱਖ) ਹੰਸ ਵਿਚ (ਗੁਰੂ) ਸਰੋਵਰ (ਸਮਾਇਆ ਰਹਿੰਦਾ ਹੈ ਭਾਵ ਓਤ ਪੋਤਿ ਵਾਲੀ ਅਵੱਸਥਾ ਹੁੰਦੀ ਹੈ)। ਗੁਰਸਿੱਖ ਗੁਰੂ ਦੇ ਬਚਨਾਂ ਦੁਆਰਾ (ਹਰੀ ਦੀ) ਅਕੱਥ ਕਥਾ (ਸੁਣ ਕੇ) ਆਦਰ ਸਤਿਕਾਰ ਪਾਉਂਦਾ ਹੈ। ੩। ਸੁੰਨ ਅਵੱਸਥਾ ਰੂਪ ਗੁਫਾ (ਭਾਵ ਅਫੁਰ ਅਵੱਸਥਾ) ਵਿਚ ਇਕ ਜੋਗੀ (ਹਰੀ) ਰਹਿੰਦਾ ਹੈ। ਨਾ (ਉਹ ਇਸਤਰੀ ਹੈ, ਨਾ ਪੁਰਸ਼ ਹੈ, ਕੋਈ ਕਿਵੇਂ ਕਹੇ ਕਿ (ਉਹ) ਕਿਹੋ ਜਿਹਾ ਹੈ ? (ਉਸ ਪ੍ਰਭੂ ਦੀ) ਜੋਤਿ ਵਿਚ ਤਿੰਨਾਂ ਲੋਕਾਂ ਦੇ (ਜੀਵ) ਆਪਣੀ ਲਿਵ ਲਾਈ ਰੱਖਦੇ ਹਨ। ਦੇਵਤੇ, ਮਨੁੱਖ, ਵੱਡੇ ਜੋਗੀ (ਸਭ ਉਸ) ਸੱਚੇ ਪ੍ਰਭੂ ਦੀ ਸ਼ਰਨ ਵਿਚ ਪਏ ਰਹਿੰਦੇ ਹਨ। ੪।

**ਆਨੰਦ ਮੂਲੁ ਅਨਾਥ ਅਧਾਰੀ ॥ ਗੁਰਮੁਖਿ ਭਗਤਿ ਸਹਜਿ ਬੀਚਾਰੀ ॥ ਭਗਤਿ ਵਛਲ ਭੈ ਕਾਟਣਹਾਰੇ ॥ ਹਉਮੈ ਮਾਰਿ ਮਿਲੇ ਪਗੁ ਧਾਰੇ ॥ ੫ ॥ ਅਨਿਕ ਜਤਨ ਕਰਿ ਕਾਲੁ ਸੰਤਾਏ ॥ ਮਰਣੁ ਲਿਖਾਇ ਮੰਡਲ ਮਹਿ ਆਏ ॥ ਜਨਮੁ ਪਦਾਰਥੁ ਦੁਬਿਧਾ ਖੋਵੈ ॥ ਆਪੁ ਨ ਚੀਨਸਿ ਭ੍ਰਮਿ ਭ੍ਰਮਿ ਰੋਵੈ ॥ ੬ ॥**

## ਪਦ ਅਰਥ :

ਆਨੰਦ ਮੂਲੁ-ਆਨੰਦ ਦਾ ਸੋਮਾ। ਭਗਤਿ ਵਛਲ-ਭਗਤੀ ਨਾਲ ਪਿਆਰ ਕਰਨ ਵਾਲਾ। ਪਗੁ ਧਾਰੇ-(ਸਤਿਸੰਗ ਵਿਚ) ਪੈਰ ਟਿਕਾ ਕੇ, ਜਾ ਕੇ। ਕਰਿ-ਕਰ ਕੇ, ਕਰਨ 'ਤੇ ਭੀ। ਕਾਲੁ-ਮੌਤ, ਮੌਤ ਦਾ ਡਰ, ਆਤਮਿਕ ਮੌਤ। ਮੰਡਲ-ਜਗਤ। ਮਰਣੁ-ਮੌਤ, ਆਤਮਿਕ ਮੌਤ। ਖੋਵੈ-ਗਵਾ ਲੈਂਦਾ ਹੈ। ਆਪੁ-ਆਪਣੇ ਆਪੁ ਨੂੰ, ਆਪਣੇ ਆਤਮਿਕ ਜੀਵਨ ਨੂੰ। ੬।

## ਅਰਥ :

(ਹੇ ਭਾਈ ! ਪ੍ਰਭੂ) ਅਨੰਦ ਦਾ ਮੂਲ (ਸੋਮਾ) ਹੈ, ਨਿਮਾਣਿਆਂ ਦਾ ਆਸਰਾ ਹੈ। ਗੁਰਮੁੱਖ (ਜੀਵ ਪ੍ਰੇਮ) ਭਗਤੀ, ਆਤਮ ਗਿਆਨ ਦੁਆਰਾ (ਉਸ ਪ੍ਰਭੂ ਦਾ) ਵੀਚਾਰ ਕਰਦੇ ਹਨ। (ਉਹ ਹਰੀ) ਭਗਤੀ ਦਾ ਪਿਆਰ ਕਰਨ ਵਾਲਾ ਅਤੇ ਡਰ ਨੂੰ ਨਾਸ਼ ਕਰਨ ਵਾਲਾ ਹੈ। (ਗੁਰਮੁੱਖ) ਹਉਮੈ ਨੂੰ ਮਾਰ ਕੇ ਹਰੀ ਨੂੰ ਮਿਲੇ ਹਨ (ਅਤੇ ਗੁਰਮੁੱਖ ਭਗਤੀ ਦੇ ਰਸਤੇ ਉੱਪਰ) ਪੈਰ ਟਿਕਾਈ ਰੱਖਦੇ ਹਨ। ੫। (ਹੇ ਭਾਈ !) ਭਾਵੇਂ ਅਨੇਕ ਤਰ੍ਹਾਂ ਦੇ ਜਤਨ ਕਰਦੇ ਰਹੀਏ ਤਾਂ ਵੀ ਮੌਤ ਦੁੱਖ ਦੇਂਦੀ ਹੈ। (ਕਿਉਂਕਿ ਅਸੀਂ ਆਪਣੇ) ਭਾਗਾਂ ਵਿਚ ਮੌਤ ਲਿਖਵਾ ਕੇ (ਇਸ) ਜਗਤ ਵਿਚ ਆਏ ਹਾਂ। ਇਹ (ਮਨੁੱਖ ਆਪਣਾ ਅਮੋਲਕ) ਜਨਮ ਪਦਾਰਥ ਦੁਬਿਧਾ ਵਿਚ ਹੀ ਗੁਆ ਦੇਂਦਾ ਹੈ। (ਕਿਉਂਕਿ) ਆਪਣੇ ਆਪ (ਭਾਵ ਮੂਲ) ਨੂੰ ਨਹੀਂ ਸਮਝਦਾ, ਭਟਕ ਭਟਕ ਕੇ ਦੁੱਖੀ ਹੁੰਦਾ ਰੋਂਦਾ ਰਹਿੰਦਾ ਹੈ। ੬।

**ਕਹਤਉ ਪੜਤਉ ਸੁਣਤਉ ਏਕ ॥ ਧੀਰਜ ਧਰਮੁ ਧਰਣੀਧਰ ਟੇਕ ॥ ਜਤੁ ਸਤੁ ਸੰਜਮੁ ਰਿਦੈ ਸਮਾਏ ॥ ਚਉਥੇ ਪਦ ਕਉ ਜੇ ਮਨੁ ਪਤੀਆਏ ॥ ੭ ॥**
**ਸਾਚੇ ਨਿਰਮਲ ਮੈਲੁ ਨ ਲਾਗੈ ॥ ਗੁਰ ਕੈ ਸਬਦਿ ਭਰਮ ਭਉ ਭਾਗੈ ॥**
**ਸੂਰਤਿ ਮੂਰਤਿ ਆਦਿ ਅਨੂਪੁ ॥ ਨਾਨਕੁ ਜਾਚੈ ਸਾਚੁ ਸਰੂਪੁ ॥ ੮ ॥ ੧ ॥**

## ਪਦ ਅਰਥ :

ਏਕ-ਇਕ ਪ੍ਰਭੂ ਦੀ (ਸਿਫਤਿ ਸਾਲਾਹ)। ਧਰਣੀਧਰ-ਧਰਤੀ ਦਾ ਆਸਰਾ ਪ੍ਰਭੂ। ਚਉਥੇ ਪਦ-ਉਹ ਆਤਮਿਕ ਅਵੱਸਥਾ ਜਿਥੇ ਮਾਇਆ ਦੇ ਤਿੰਨ ਗੁਣ ਜ਼ੋਰ ਨਹੀਂ ਪਾ ਸਕਦੇ। ਪਤੀਆਏ-ਗਿਝਾ ਲਏ। ਸੂਰਤਿ-ਸ਼ਕਲ। ਮੂਰਤਿ-ਹਸਤੀ, ਵਜੂਦ, ਹੋਂਦ। ਅਨੂਪੁ-ਜੋ ਉਪਮਾ ਤੋਂ ਪਰੇ ਹੈ, ਜਿਸ ਵਰਗਾ ਹੋਰ ਕੋਈ ਨਹੀਂ। ਸਾਚੁ ਸਰੂਪੁ-ਜਿਸ ਦਾ ਸਰੂਪ ਸਦਾ ਕਾਇਮ ਰਹਿਣ ਵਾਲਾ ਹੈ। ੮।

## ਅਰਥ :

(ਗੁਰਮੁਖ) ਇਕ ਹਰੀ ਦਾ (ਨਾਮ) ਕਹਿੰਦਾ, ਪੜ੍ਹਦਾ ਤੇ ਸੁਣਦਾ ਹੈ। (ਉਸ ਨੂੰ) ਧਰਤੀ ਦਾ ਆਸਰਾ ਹਰੀ ਪ੍ਰਭੂ ਆਪਣੀ ਟੇਕ, ਧੀਰਜ ਤੇ ਧਰਮ (ਆਦਿ ਗੁਣ ਬਖ਼ਸ਼) ਦੇਂਦਾ ਹੈ। ਜਤ, ਸਤ, ਸੰਜਮ (ਆਦਿ

ਗੁਣ ਸਹਿਜੇ ਉਸ ਦੇ) ਹਿਰਦੇ ਵਿਚ ਸਮਾ ਜਾਂਦੇ ਹਨ। ਪਰ ਜੇਕਰ ਮਨੁੱਖ ਦਾ ਮਨ (ਗੁਰੂ ਕਿਰਪਾ ਨਾਲ) ਚੌਥੇ ਪਦ (ਸਹਜ ਅਵੱਸਥਾ ਲਈ) ਪਤੀਜ ਜਾਏ (ਤਾਂ ਇਹ ਦੈਵੀ ਗੁਣ ਉਸ ਦੇ ਹਿਰਦੇ ਵਿਚ) ਸਮਾ ਜਾਂਦੇ ਹਨ। ੭। ਜੋ ਜੀਵ ਨਾਮ ਜਪ ਕੇ ਪਵਿੱਤਰ ਹੋਏ ਹਨ, (ਉਹਨਾਂ ਨੂੰ) ਮੈਲ ਨਹੀਂ ਲੱਗਦੀ। ਗੁਰੂ ਦੇ ਉਪਦੇਸ਼ ਦੁਆਰਾ (ਉਨ੍ਹਾਂ ਦੀ ਸਭ) ਭਟਕਣਾ ਤੇ ਭੈਅ ਦੂਰ ਹੋ ਜਾਂਦਾ ਹੈ। (ਉਸ) ਆਦਿ (ਰੂਪ ਪ੍ਰਭੂ) ਦੀ ਸੂਰਤਿ ਤੇ ਮੂਰਤਿ ਉਪਮਾ ਤੋਂ ਪਰੇ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਮੈਂ ਸੱਚ ਸਰੂਪ (ਹਰੀ ਪ੍ਰਭੂ ਦੇ ਦਰਸ਼ਨ ਮੰਗਦਾ ਹਾਂ। ੮। ੧।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧੦੦ (ਅੰਗ ੬੮੭-੮੮)

ਧਨਾਸਰੀ ਮਹਲਾ ੧ ਛੰਤ ੧ੴ ਸਤਿਗੁਰ ਪ੍ਰਸਾਦਿ ॥

ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥ ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ ॥ ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ ॥ ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥ ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ ॥ ੧ ॥ ਸਾਚਿ ਨ ਲਾਗੈ ਮੈਲੁ ਕਿਆ ਮਲੁ ਧੋਈਐ ॥ ਗੁਣਹਿ ਹਾਰੁ ਪਰੋਇ ਕਿਸ ਕਉ ਰੋਈਐ ॥ ਵੀਚਾਰਿ ਮਾਰੈ ਤਰੈ ਤਾਰੈ ਉਲਟਿ ਜੋਨਿ ਨ ਆਵਏ ॥ ਆਪਿ ਪਾਰਸੁ ਪਰਮ ਧਿਆਨੀ ਸਾਚੁ ਸਾਚੇ ਭਾਵਏ ॥ ਆਨੰਦੁ ਅਨਦਿਨੁ ਹਰਖੁ ਸਾਚਾ ਦੂਖ ਕਿਲਵਿਖ ਪਰਹਰੇ ॥ ਸਚੁ ਨਾਮੁ ਪਾਇਆ ਗੁਰਿ ਦਿਖਾਇਆ ਮੈਲੁ ਨਾਹੀ ਸਚ ਮਨੇ ॥ ੨ ॥ ਸੰਗਤਿ ਮੀਤ ਮਿਲਾਪੁ ਪੂਰਾ ਨਾਵਣੋ ॥ ਗਾਵੈ ਗਾਵਣਹਾਰੁ ਸਬਦਿ ਸੁਹਾਵਣੋ ॥ ਸਾਲਾਹਿ ਸਾਚੇ ਮੰਨਿ ਸਤਿਗੁਰੁ ਪੁੰਨ ਦਾਨ ਦਇਆ ਮਤੇ ॥ ਪਿਰ ਸੰਗਿ ਭਾਵੈ ਸਹਜਿ ਨਾਵੈ ਬੇਣੀ ਤ ਸੰਗਮੁ ਸਤ ਸਤੇ ॥ ਆਰਾਧਿ ਏਕੰਕਾਰੁ ਸਾਚਾ ਨਿਤ ਦੇਇ ਚੜੈ ਸਵਾਇਆ ॥ ਗਤਿ ਸੰਗਿ ਮੀਤਾ ਸੰਤਸੰਗਤਿ ਕਰਿ ਨਦਰਿ ਮੇਲਿ ਮਿਲਾਇਆ ॥ ੩ ॥ ਕਹਣੁ ਕਹੈ ਸਭੁ ਕੋਇ ਕੇਵਡੁ ਆਖੀਐ ॥ ਹਉ ਮੂਰਖੁ ਨੀਚੁ ਅਜਾਣੁ ਸਮਝਾ ਸਾਖੀਐ ॥ ਸਚੁ ਗੁਰ ਕੀ ਸਾਖੀ ਅੰਮ੍ਰਿਤ ਭਾਖੀ ਤਿਤੁ ਮਨੁ ਮਾਨਿਆ ਮੇਰਾ ॥ ਕੂਚੁ ਕਰਹਿ ਆਵਹਿ ਬਿਖੁ ਲਾਦੇ ਸਬਦਿ ਸਚੈ ਗੁਰੁ ਮੇਰਾ ॥ ਆਖਣਿ ਤੋਟਿ ਨ ਭਗਤਿ ਭੰਡਾਰੀ ਭਰਿਪੁਰਿ ਰਹਿਆ ਸੋਈ ॥ ਨਾਨਕ ਸਾਚੁ ਕਹੈ ਬੇਨੰਤੀ ਮਨੁ ਮਾਂਜੈ ਸਚੁ ਸੋਈ ॥ ੪ ॥ ੧ ॥

# ਪ੍ਰਾਕ੍ਰਥਨ :-

ਇਹ ਪਾਵਨ ਸ਼ਬਦ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਧਨਾਸਰੀ ਰਾਗ ਅੰਦਰ ਛੰਤ ਦੀ ਚਾਲ ਵਿਚ ਉਚਾਰਨ ਕੀਤਾ ਹੋਇਆ ਹੈ। ਇਸ ਦੇ ਸ਼ੁਰੂ ਵਿਚ ਨਾਮ ਤੀਰਥ ਦੇ ਇਸ਼ਨਾਨ ਦੀ ਗੱਲ ਕੀਤੀ ਹੈ।

## ਵਿਸ਼ਾ— ਨਾਮ ਦਾਨ ਇਸ਼ਨਾਨ

ਗੁਰੂ ਸਾਹਿਬ ਜੀ ਦਾ ਗੁਰਸਿੱਖ ਨੂੰ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਕੇ ਨਾਮ ਜੱਪਣ ਤੇ ਧਰਮ ਦੀ ਕਿਰਤ ਵਿਚੋਂ ਲੋੜਵੰਦਾਂ ਦੀ ਸਹਾਇਤਾ ਕਰਨ ਦਾ ਹੁਕਮ ਹੈ:

***ਗੁਰਮੁਖਿ ਨਾਮੁ ਦਾਨੁ ਇਸਨਾਨੁ॥***

(ਅੰਗ ੯੪੨)

ਹਿੰਦੁਸਤਾਨ, ਭਾਰਤ ਵਰਸ਼ ਇਹ ਸਾਡਾ ਦੇਸ਼ ਰਿਸ਼ੀਆਂ ਮੁਨੀਆਂ ਸਾਧੂ ਸੰਤਾਂ ਦਾ ਇਕ ਦੇਸ਼ ਹੈ। ਪੁਰਾਣੇ ਸਮੇਂ ਅੰਦਰ ਰਿਸ਼ੀ, ਮਨੀ, ਸਾਧੂ, ਸੰਤ, ਬੰਦਗੀ ਕਰਨ ਵਾਲੇ ਦਰਿਆਵਾਂ, ਨਹਿਰਾਂ, ਨਦੀਆਂ ਦੇ ਕੰਢਿਆਂ ਉੱਪਰ ਬਹੁਤੇ ਬੰਦਗੀ ਕਰਨ ਲਈ ਆਪਣਾ ਨਿਵਾਸ ਰੱਖ ਕੇ ਬੰਦਗੀ ਕਰਦੇ ਸਨ। ਕਿਉਂਕਿ ਇਥੇ ਇਸ਼ਨਾਨ ਕਰਨ ਲਈ ਜਲ ਮਿਲ ਜਾਂਦਾ ਸੀ। ਨਾਲ ਹੀ ਇਕਾਂਤ ਤੇ ਪਵਿੱਤਰ ਜਲ ਦਾ ਕਿਨਾਰਾ ਬੰਦਗੀ ਕਰਨ ਲਈ ਸਹਾਇਕ ਬਣ ਜਾਂਦਾ ਸੀ। ਸਹਿਜੇ-ਸਹਿਜੇ ਇਹਨਾਂ ਨਦੀਆਂ ਦਰਿਆਵਾਂ ਦੇ ਕੰਢਿਆਂ 'ਤੇ ਰਹਿਣ ਵਾਲੇ ਲੋਕਾਂ ਦੀ ਆਬਾਦੀ ਵੱਧ ਗਈ ਤੇ ਇਹ ਸ਼ਹਿਰ ਬਣ ਗਏ। ਇਹਨਾਂ ਤਪ ਅਸਥਾਨਾਂ ਨੂੰ ਸਾਧੂ ਸੰਤਾਂ ਤੇ ਭਾਰਤ ਦੇ ਰਿਸ਼ੀਆਂ-ਮੁਨੀਆਂ ਨੇ ਤੀਰਥਾਂ ਦਾ ਨਾਮ ਦੇ ਦਿੱਤਾ। ਪਰ ਇਹਨਾਂ ਤੀਰਥਾਂ ਦੀ ਵੀ ਗਿਣਤੀ ਬਹੁਤ ਵੱਧ ਗਈ। ਧਾਰਮਿਕ ਆਗੂ ਬ੍ਰਾਹਮਣ ਨੇ ਅਠਾਹਠ ਤੀਰਥ ਚੁਣ ਲਏ ਅਤੇ ਤੀਰਥਾਂ ਦੀ ਪੌਰਾਣਿਕ ਗ੍ਰੰਥਾਂ ਦੇ ਅੰਦਰ ਏਨੀ ਮਹਿਮਾ ਕਰ ਦਿੱਤੀ ਕਿ ਇਹਨਾਂ ਦੇ ਇਸ਼ਨਾਨ ਨੂੰ ਹੀ ਮੁਕਤੀ ਦਾ ਸਾਧਨ ਦੱਸ ਦਿੱਤਾ। ਪਰ ਇਸ ਸੌਖੇ ਦੱਸੇ ਮੁਕਤੀ-ਸਾਧਨ ਦੇ ਪ੍ਰਚਾਰ ਦਾ ਏਨਾ ਅਸਰ ਹੋਇਆ, ਕਿ ਲੋਕਾਂ ਨੇ ਤੀਰਥਾਂ ਵੱਲ ਨੂੰ ਵਹੀਰਾਂ ਘੱਤ ਦਿੱਤੀਆਂ। ਤੀਰਥਾਂ ਦੇ ਉੱਤੇ ਲੋਕਾਂ ਦੇ ਜ਼ਿਆਦਾ ਇਕੱਠ ਵਿਚ ਬਿਭਚਾਰ ਆਦਿ ਕਰਮ ਵੀ ਹੋਣ ਲੱਗ ਪਏ, ਜਿਸ ਬਾਰੇ ਗੁਰਦੇਵ ਦਾ ਫ਼ੁਰਮਾਣ :

***ਨਾਵਣ ਚਲੇ ਤੀਰਥੀ ਮਨਿ ਖੋਟੇ ਤਨਿ ਚੋਰ॥***
***ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ॥***

(ਅੰਗ ੭੮੯)

ਇਸ ਤੋਂ ਸਪੱਸ਼ਟ ਹੁੰਦਾ ਹੈ, ਕਿ ਲੋਕਾਂ ਨੂੰ ''ਅੰਤਰਗਤਿ ਤੀਰਥ ਮਲਿ ਨਾਉ'' ਦਾ ਗਿਆਨ ਨਹੀਂ ਸੀ। ਇਸ ਲਈ ਗੁਰਦੇਵ ਨੇ ਇਸ ਸ਼ਬਦ ਅੰਦਰ ਗੁਰਮਤਿ ਦੇ ਸਿਧਾਂਤ ਨੂੰ ਇਸ ਤਰ੍ਹਾਂ ਪ੍ਰਗਟ ਕੀਤਾ ਹੈ:

***ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥***

(ਅੰਗ ੬੮੭)

ਗੁਰਮਤਿ ਵਿਚ ਗੁਰੂ ਸਾਹਿਬ ਜੀ ਨੇ ਗੁਰਸਿੱਖ ਲਈ ਮਨ ਆਦਿ ਅੰਤਸ਼ਕਰਨ ਦੀ ਸ਼ੁੱਧੀ ਲਈ ਅੰਮ੍ਰਿਤ ਵੇਲੇ ਉਠ ਕੇ, ਇਸ਼ਨਾਨ ਕਰਕੇ ਨਾਮ ਅਭਿਆਸ ਦੀ ਕਮਾਈ ਕਰਨ ਦਾ ਹੁਕਮ ਕੀਤਾ ਹੈ। ਸੋ ਗੁਰਸਿੱਖ ਨੇ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਕੇ ਸਿਮਰਨ ਭਜਨ ਨਿਤਨੇਮ ਕਰਨਾ ਹੈ।

***ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ॥***

(ਅੰਗ ੬੧੧)

***ਅੰਮ੍ਰਿਤ ਵੇਲੈ ਨਾਵਣਾ ਗੁਰਮੁਖਿ ਜਪੁ ਗੁਰਮੰਤੁ ਜਪਾਇਆ।***

(ਭਾਈ ਗੁਰਦਾਸ ਜੀ, ਵਾਰ ੨੬, ਪਉੜੀ ੪)

***ਸੀਤਲ ਜਲ ਕੋ ਅੰਗੀਕਾਰੈ। ਜੇ ਨਹਿ ਸਕਤਿ ਤਪਤ ਕਰਿ ਬਾਰੈ।***
***ਬਿਨ ਇਸਨਾਨ ਨਾ ਦਿਵਸ ਬਿਤਾਵੈ। ਬਿਨ ਇਸਨਾਨ ਨਾ ਭੋਜਨ ਖਾਵੈ।***

(ਗੁਰ ਪ੍ਰਤਾਪ ਸੂਰਜ ਗ੍ਰੰਥ, ਰੁਤਿ ੩, ਅੰਸੂ ੪੩)

ਗੁਰਸਿੱਖ ਦੀ ਰਹਿਣੀ ਦੱਸਦਿਆਂ ਸੋਢੀ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ਬਚਨ ਹਨ:

***ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥***
***ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥***
***ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥***
***ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥***
***ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ॥***
***ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥***
***ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥***

(ਅੰਗ ੩੦੫)

## ਤਨਖ਼ਾਹ ਨਾਮਾ :

***ਨੰਦ ਲਾਲ ਤੁਮ ਬਚਨ ਸੁਨ ਸਿਖ ਕਰਮ ਹੈ ਇਹੁ॥***
***ਨਾਮ ਦਾਨ ਇਸਨਾਨ ਬਿਨ ਕਰਹਿ ਨਾ ਆਨ ਸਿਉ ਨੇਹੁ॥ ੨ ॥***

## ਪੰਜ ਇਸ਼ਨਾਨਾ :

ਇਹ ਅੰਮ੍ਰਿਤ ਵੇਲੇ ਦੇ ਇਸ਼ਨਾਨ ਤੋਂ ਦੂਜੇ ਦਰਜੇ ਦਾ ਸਰੀਰਕ ਸ਼ੁੱਧੀ ਦਾ ਸਾਧਨ ਹੈ। ਪਵਿੱਤਰ ਸਥਾਨਾਂ ਵਿਚ ਪ੍ਰਵੇਸ਼ ਕਰਨ ਲਈ ਅਤੇ ਸ਼ੁਭ ਕਾਰਜਾਂ ਦੇ ਆਰੰਭ ਤੋਂ ਪਹਿਲਾਂ ਇਹ ਪੰਜ ਇਸ਼ਨਾਨਾ ਵਿਧਾਨ ਹੈ। ਦੋ ਹੱਥ, ਦੋ ਪੈਰ, ਇਕ ਮੂੰਹ ਇਹ ਪੰਜ ਅੰਗਾਂ ਦਾ ਧੋਣਾ ਪੰਜ ਇਸ਼ਨਾਨਾ ਹੈ।

## ਪਾਰਾਸਰ ਸਿਮ੍ਰਿਤੀ ਅਨੁਸਾਰ ਪੰਜ ਇਸ਼ਨਾਨ :

੧. ਆਗਨੇਯ=ਭਸਮ ਨਾਲ ਸਰੀਰ ਦੀ ਸੁਧੀ, ੨. ਬਾਰਨੁ=ਜਲ ਨਾਲ ਇਸ਼ਨਾਨ, ੩. ਬ੍ਰਹਮ=ਵੇਦ ਮੰਤਰਾਂ ਨਾਲ ਪਵਿੱਤ੍ਰਤਾ, ੪. ਵਾਯਵਯ=ਪੌਣ ਨਾਲ ਸੁੱਧੀ, ੫. ਦਿਵਯ=ਮੀਂਹ ਪੈਂਦੇ ਜਾਂ ਧੁੱਪ (ਫੁਹਾਰ) ਵਿਚ ਇਸ਼ਨਾਨ।

ਗੁਰਮਤਿ ਅਨੁਸਾਰ ਇਹ ਪੰਜ ਇਸ਼ਨਾਨ ਇਸ ਤਰ੍ਹਾਂ ਹਨ :

੧. ਅਗਨੇਯ=ਭਸਮ ਤੋਂ ਭਾਵ ਹੈ ਧੂੜੀ ਇਸ਼ਨਾਨ,

***ਤਪੜੁ ਝਾੜਿ ਵਿਛਾਇ ਧੂੜੀ ਨਾਇਆ।*** (ਭਾ. ਗੁਰਦਾਸ ਜੀ, ਵਾਰ ੨੦, ਪਉੜੀ ੧੦)

***ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ॥*** (ਅੰਗ ੧੩੫)

੨. ਬਾਰਨੁ=ਜਲ ਤੋਂ ਭਾਵ

***ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ***

(ਅੰਗ ੬੧੧)

੩. ਬ੍ਰਹਮ=ਵੇਦ ਮੰਤਰ ਤੋਂ ਭਾਵ ਗੁਰਬਾਣੀ ਰਾਹੀਂ

***ਸੁਣਿਆ ਮੰਨਿਆ ਮਨਿ ਕੀਤਾ ਭਾਉ॥ ਅੰਤਰਗਤਿ ਤੀਰਥਿ ਮਲਿ ਨਾਉ॥***

(ਜਪੁਜੀ ਸਾਹਿਬ)

੪. ਵਾਯਵਯ=ਪੌਣ ਤੋਂ ਭਾਵ *"ਸਾਸਿ ਸਾਸਿ ਸਿਮਰਹੁ ਗੋਬਿੰਦ॥"* (ਸੁਖਮਨੀ ਸਾਹਿਬ)

***ਅਥਵਾ: ਦਮਿ ਦਮਿ ਸਦਾ ਸਮ੍ਾਲਦਾ ਦੰਮੁ ਨ ਬਿਰਥਾ ਜਾਇ॥***

(ਅੰਗ ੫੫੬)

੫. ਦਿਵਯ=ਮੀਂਹ ਪੈਂਦੇ ਤੋਂ ਭਾਵ "ਗੁਰੂ ਰੂਪ ਬਦਲ ਕੇ ਉਪਦੇਸ਼ ਰੂਪ ਜਲ ਦੀ ਬਰਖਾ ਦਾ ਇਸ਼ਨਾਨ।

ਇਹ ਪਰਾਸਰ ਸਿਮ੍ਰਿਤੀ ਦੇ ਪੰਜ ਇਸ਼ਨਾਨ ਗੁਰਮਤਿ ਅਨੁਸਾਰ ਦਰਸਾਏ ਹਨ। ਭਾਈ ਗੁਰਦਾਸ ਜੀ ਦਾ ਸੁੰਦਰ ਕਥਨ ਹੈ :

***ਸਤਿਗੁਰੁ ਤੀਰਥੁ ਛਡਿ ਕੈ ਅਠਿਸਠਿ ਤੀਰਥ ਨਾਵਣ ਜਾਹੀ।***
***ਬਗੁਲ ਸਮਾਧਿ ਲਗਾਇ ਕੈ ਜਿਉ ਜਲ ਜੰਤਾਂ ਘੁਟਿ ਘੁਟਿ ਖਾਹੀ।***
***ਹਸਤੀ ਨੀਰ ਨਵਾਲੀਅਨਿ ਬਾਹਰਿ ਨਿਕਲਿ ਖੇਹ ਉਡਾਹੀ।***
***ਨਦੀ ਨ ਡੁਬੈ ਤੂੰਬੜੀ ਤੀਰਥੁ ਵਿਸੁ ਨਿਵਾਰੈ ਜਾਹੀ।***
***ਪਥਰੁ ਨੀਰ ਪਖਾਲੀਐ ਚਿਤਿ ਕਠੋਰੁ ਨ ਭਿਜੈ ਕਾਹੀ।***

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

***ਮਨਮੁਖ ਭਰਮ ਨ ਉਤਰੈ ਭੰਭਲਭੂਸੇ ਖਾਇ ਭਵਾਹੀ।***
***ਗੁਰੁ ਪੂਰੇ ਵਿਣੁ ਪਾਰ ਨ ਪਾਹੀ॥੧੦॥*** (ਵਾਰ ੧੫, ਪਉੜੀ ੧੦)

**ਧਨਾਸਰੀ ਮਹਲਾ ੧ ਛੰਤ ੴ ਸਤਿਗੁਰ ਪ੍ਰਸਾਦਿ॥**

**ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥ ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ॥ ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ॥ ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ॥ ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ॥੧॥**

## ਪਦ ਅਰਥ :

ਤੀਰਥਿ-ਤੀਰਥ ਉੱਤੇ। ਜਾਉ-ਮੈਂ ਜਾਂਦਾ ਹਾਂ। ਸਬਦ ਬੀਚਾਰੁ-ਸ਼ਬਦ ਦੀ ਵੀਚਾਰ। ਅੰਤਰਿ-ਅੰਦਰ, ਮਨ ਵਿਚ। ਗਿਆਨੁ-ਪਰਮਾਤਮਾ ਨਾਲ ਜਾਣ-ਪਛਾਣ। ਸਾਚਾ-ਸਦਾ ਥਿਰ ਰਹਿਣ ਵਾਲਾ। ਦਸ ਪੁਰਬ-ਦਸ ਪਵਿੱਤਰ ਦਿਹਾੜੇ (ਮੱਸਿਆ, ਸੰਗ੍ਰਾਂਦ, ਪੂਰਨਮਾਸ਼ੀ, ਚਾਨਣਾ ਐਤਵਾਰ, ਸੂਰਜ ਗ੍ਰਹਿਣ, ਚੰਦ ਗ੍ਰਹਿਣ, ਦੋ ਅਸਟਮੀਆਂ, ਦੋ ਚੌਦੇਂ)। ਦਸਾਹਰਾ-ਦਸ ਪਾਪ ਹਰਨ ਵਾਲਾ ਦਿਨ, ਜੇਠ ਸੁਦੀ ਦਸਮੀ, ਗੰਗਾ ਦਾ ਜਨਮ ਦਿਨ। ਜਾਚਉ-ਮੰਗਦਾ ਹਾਂ। ਧਰਣੀਧਰਾ-ਹੇ ਧਰਤੀ ਦੇ ਆਸਰੇ ਪ੍ਰਭੂ। ਸਾਚੁ-ਸਦਾ ਥਿਰ ਰਹਿਣ ਵਾਲਾ। ਮਜਨਾ-ਇਸ਼ਨਾਨ। ੧।

## ਅਰਥ :

(ਹੇ ਭਾਈ!) ਮੈਂ ਤੀਰਥ ਉੱਤੇ ਇਸ਼ਨਾਨ ਕਰਨ ਜਾਂਦਾ ਹਾਂ (ਪਰ ਕਿਸ ਤੀਰਥ ਤੇ? ਗੁਰੂ ਰੂਪ ਤੀਰਥ ਪਾਸ ਜਿਥੇ) ਨਾਮ ਰੂਪ ਤੀਰਥ ਹੈ। (ਗੁਰੂ ਦੇ) ਗਿਆਨ (ਦੁਆਰਾ ਹਿਰਦੇ) ਅੰਦਰ ਸ਼ਬਦ ਵੀਚਾਰ (ਵਿਚ ਜੁੜਨਾ ਹੀ ਨਾਮ) ਤੀਰਥ (ਇਸ਼ਨਾਨ) ਹੈ। (ਅਸਲ ਵਿਚ) ਗੁਰੂ ਦਾ ਗਿਆਨ ਹੀ ਸੱਚਾ ਤੀਰਥ ਅਸਥਾਨ ਹੈ, (ਜੋ ਗੁਰ ਗਿਆਨ ਰਾਹੀਂ ਦਸੇ ਇੰਦ੍ਰੇ ਵਸੀਕਾਰ ਕਰਕੇ ਨਾਮ ਜਲ ਵਿਚ) ਦਸ ਪੁਰਬ (ਦਾ ਇਸ਼ਨਾਨ ਕੀਤਾ ਹੈ, ਜੋ) ਸਦਾ (ਹੀ ਸਾਰੇ ਪਾਪਾਂ ਦਾ) ਨਾਸ਼ ਕਰਤਾ ਹੈ। ਹੇ ਧਰਤੀ ਦੇ ਆਸਰੇ ਪ੍ਰਭੂ! ਮੈਂ ਸਦਾ (ਆਪ ਪਾਸੋਂ) ਹਰੀ ਨਾਮ ਮੰਗਦਾ ਹਾਂ (ਆਪ ਮੈਨੂੰ ਨਾਮ) ਦੇਣਾ ਕਰੋ। ਸੰਸਾਰ (ਵਿਕਾਰਾਂ ਵਿਚ ਪੈ ਕੇ) ਰੋਗੀ ਹੋ ਰਿਹਾ ਹੈ। ਇਸ ਦਾ ਇਲਾਜ ਨਾਮ ਹੈ। ਸੱਚੇ ਨਾਮ ਬਿਨਾਂ (ਇਸ ਨੂੰ ਵਿਕਾਰਾਂ ਦੀ) ਮੈਲ ਲੱਗਦੀ ਹੈ। ਗੁਰੂ ਦਾ (ਪਵਿੱਤਰ) ਵਾਕ (ਸ਼ਬਦ) ਮਨੁੱਖ ਨੂੰ ਸੱਚਾ ਚਾਨਣ ਦੇਂਦਾ ਹੈ। ਸਚੇ ਨਾਮ ਤੀਰਥ ਦਾ ਇਸ਼ਨਾਨ ਨਿਤ ਇਸ਼ਨਾਨ ਹੈ। ੧।
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

**ਸਾਚਿ ਨ ਲਾਗੈ ਮੈਲੁ ਕਿਆ ਮਲੁ ਧੋਈਐ ॥ ਗੁਣਹਿ ਹਾਰੁ ਪਰੋਇ ਕਿਸ ਕਉ ਰੋਈਐ ॥ ਵੀਚਾਰਿ ਮਾਰੈ ਤਰੈ ਤਾਰੈ ਉਲਟਿ ਜੋਨਿ ਨ ਆਵਏ ॥ ਆਪਿ ਪਾਰਸੁ ਪਰਮ ਧਿਆਨੀ ਸਾਚੁ ਸਾਚੇ ਭਾਵਏ ॥ ਆਨੰਦੁ ਅਨਦਿਨੁ ਹਰਖੁ ਸਾਚਾ ਦੂਖ ਕਿਲਵਿਖ ਪਰਹਰੇ ॥ ਸਚੁ ਨਾਮੁ ਪਾਇਆ ਗੁਰਿ ਦਿਖਾਇਆ ਮੈਲੁ ਨਾਹੀ ਸਚ ਮਨੇ ॥ ੨ ॥**

## ਪਦ ਅਰਥ :

ਸਾਚਿ-ਸਦਾ ਥਿਰ ਪ੍ਰਭੂ ਦੇ ਨਾਮ ਵਿਚ (ਜੁੜਿਆ)। ਕਿਆ ਧੋਈਐ-(ਤੀਰਥ ਆਦਿਕਾਂ 'ਤੇ ਜਾ ਕੇ) ਧੋਣ ਦੀ ਲੋੜ ਹੀ ਨਹੀਂ ਪੈਂਦੀ। ਗੁਣਹਿ ਹਾਰੁ-ਗੁਣਾਂ ਦਾ ਹਾਰ। ਪਰੋਇ-ਪ੍ਰੋ ਕੇ। ਕਿਸ ਕਉ ਰੋਈਐ-ਕਿਸੇ ਅੱਗੇ ਪੁਕਾਰ ਕਰਨ ਦੀ ਲੋੜ ਨਹੀਂ ਰਹਿੰਦੀ। ਵੀਚਾਰਿ-ਗੁਰੂ ਦੇ ਸ਼ਬਦ ਦੀ ਵੀਚਾਰ ਰਾਹੀਂ। ਉਲਟਿ-ਮੁੜ। ਆਵਏ-ਆਵੈ, ਆਉਂਦਾ। ਪਾਰਸੁ-ਧਾਤਾਂ ਨੂੰ ਸੋਨਾ ਬਣਾ ਦੇਣ ਵਾਲਾ ਪੱਥਰ। ਪਰਮ ਧਿਆਨੀ-ਬਹੁਤ ਉੱਚੀ ਸੁਰਤਿ ਦਾ ਮਾਲਕ। ਸਾਚੁ-ਸਦਾ-ਥਿਰ ਪ੍ਰਭੂ ਦਾ ਰੂਪ। ਭਾਵਏ-ਭਾਵੈ, ਪਸੰਦ ਆ ਜਾਂਦਾ ਹੈ। ਅਨਦਿਨੁ-ਹਰ ਰੋਜ਼। ਹਰਖੁ-ਖ਼ੁਸ਼ੀ। ਕਿਲਵਿਖ-ਪਾਪ। ਪਰਹਰੈ-ਦੂਰ ਕਰ ਲੈਂਦਾ ਹੈ। ਗੁਰਿ-ਗੁਰੂ ਨੇ। ਸਚ ਮਨੇ-ਸਦਾ ਥਿਰ ਨਾਮ ਨੂੰ ਜੱਪਣ ਵਾਲੇ ਮਨ ਨੂੰ। ੨।

## ਅਰਥ :

ਜੋ ਸੱਚ (ਨਾਮ ਰੂਪ ਤੀਰਥ ਦਾ) ਇਸ਼ਨਾਨ ਕਰਦਾ ਹੈ, ਉਸ ਨੂੰ ਪਾਪਾਂ ਦੀ ਮੈਲ ਨਹੀਂ ਲੱਗਦੀ, (ਫਿਰ) ਕੀ ਮੈਲ ਧੋਈਏ ? (ਜਦੋਂ) ਗੁਣਾਂ ਦਾ ਹਾਰ ਪ੍ਰੋ ਲਈਏ ਫਿਰ ਕਿਸ ਲਈ ਰੋਈਏ (ਭਾਵ ਦੁੱਖੀ ਹੋਣ ਦੀ) ਲੋੜ ਨਹੀਂ ਹੈ। (ਜੋ ਮਨੁੱਖ) ਵੀਚਾਰ ਕਰਕੇ (ਮਨ ਨੂੰ ਵਿਕਾਰਾਂ ਵਲੋਂ) ਮਾਰਦਾ ਹੈ, (ਉਹ ਆਪ) ਤਰਦਾ ਹੈ ਅਤੇ (ਹੋਰਨਾਂ ਨੂੰ) ਤਾਰ ਲੈਂਦਾ ਹੈ, ਮੁੜ ਕੇ ਜੂਨੀਆਂ ਵਿਚ ਨਹੀਂ ਆਉਂਦਾ। (ਐਸਾ ਮਨੁੱਖ) ਆਪ ਪਾਰਸ ਅਤੇ (ਵੱਡੀ ਸੁਰਤਿ ਵਾਲਾ) ਪਰਮ ਗਿਆਨੀ ਸੱਚੇ (ਨਾਮ ਸਿਮਰਨ ਵਿਚ ਜੁੜਿਆ ਕਰਕੇ) ਸੱਚੇ (ਪ੍ਰਭੂ ਨੂੰ) ਚੰਗਾ ਲੱਗਦਾ ਹੈ। (ਉਸ ਦੇ ਅੰਦਰ) ਹਰ ਵੇਲੇ ਅਨੰਦ, ਸੱਚੀ ਖ਼ੁਸ਼ੀ (ਬਣੀ ਰਹਿੰਦੀ ਹੈ। ਉਸਦੇ ਸਾਰੇ) ਦੁੱਖ ਤੇ ਪਾਪ ਦੂਰ ਹੋ ਜਾਂਦੇ ਹਨ। (ਜਿਸ ਨੇ) ਸੱਚ ਨਾਮ ਪਾ ਲਿਆ ਹੈ (ਉਸਨੂੰ) ਗੁਰੂ ਨੇ (ਪ੍ਰਭੂ) ਦਿਖਾ ਦਿੱਤਾ ਹੈ। ਉਸ ਦੇ ਮਨ ਨੂੰ (ਕਦੇ ਵਿਕਾਰਾਂ ਦੀ) ਮੈਲ ਨਹੀਂ ਲੱਗਦੀ। ੨।

**ਸੰਗਤਿ ਮੀਤ ਮਿਲਾਪੁ ਪੂਰਾ ਨਾਵਣੋ ॥ ਗਾਵੈ ਗਾਵਣਹਾਰੁ ਸਬਦਿ ਸੁਹਾਵਣੋ ॥ ਸਾਲਾਹਿ ਸਾਚੇ ਮੰਨਿ ਸਤਿਗੁਰੁ ਪੁੰਨ ਦਾਨ ਦਇਆ ਮਤੇ ॥ ਪਿਰ ਸੰਗਿ ਭਾਵੈ ਸਹਜਿ ਨਾਵੈ ਬੇਣੀ ਤ ਸੰਗਮੁ ਸਤ ਸਤੇ ॥ ਆਰਾਧਿ ਏਕੰਕਾਰੁ ਸਾਚਾ ਨਿਤ ਦੇਇ ਚੜੈ ਸਵਾਇਆ ॥ ਗਤਿ ਸੰਗਿ ਮੀਤਾ ਸੰਤਸੰਗਤਿ ਕਰਿ ਨਦਰਿ ਮੇਲਿ ਮਿਲਾਇਆ ॥ ੩ ॥**

## ਪਦ ਅਰਥ :

ਮੀਤ ਮਿਲਾਪੁ-ਮਿਤ੍ਰ ਪ੍ਰਭੂ ਦਾ ਮਿਲਾਪ। ਨਾਵਣੋ-ਨ੍ਹਾਵਣਾ, ਇਸ਼ਨਾਨ। ਗਾਵਣਹਾਰ-ਗਾਵਣਯੋਗ ਪ੍ਰਭੂ। ਸਬਦਿ-ਗੁਰੂ ਦੇ ਸ਼ਬਦ ਵਿਚ (ਜੁੜ ਕੇ)। ਸੁਹਾਵਣੋ-ਸੋਹਣੇ ਜੀਵਨ ਵਾਲਾ। ਸਾਲਾਹਿ-ਸਿਫ਼ਤਿ ਸਾਲਾਹ ਕਰਕੇ। ਮੰਨਿ-ਮੰਨ ਕੇ, ਸ਼ਰਧਾ ਰੱਖ ਕੇ। ਮਤੇ-ਮਤਿ। ਪਿਰ ਸੰਗਿ-ਪਤੀ ਪ੍ਰਭੂ ਦੀ ਸੰਗਤਿ ਵਿਚ। ਭਾਵੈ-(ਪ੍ਰਭੂ ਨੂੰ) ਪਿਆਰਾ ਲੱਗਦਾ ਹੈ। ਸਹਜਿ-ਆਤਮਿਕ ਅਡੋਲਤਾ ਵਿਚ। ਬੇਣੀ ਤ ਸੰਗਮੁ-ਤ੍ਰਿਬੇਣੀ ਸੰਗਮ, ਤਿੰਨ ਨਦੀਆਂ (ਗੰਗਾ, ਜਮਨਾ, ਸਰਸ੍ਵਤੀ) ਦਾ ਮਿਲਾਪ-ਥਾਂ, ਪ੍ਰਯਾਗ (ਅਲਾਹਾਬਾਦ ਦੇ ਨਜ਼ਦੀਕ)। ਸਤ ਸਤੇ-ਸੱਚੇ ਤੋਂ ਸੱਚਾ। ਸਾਚਾ-ਸਦਾ ਥਿਰ ਰਹਿਣ ਵਾਲਾ। ਦੇਇ-ਦੇਂਦਾ ਹੈ (ਜੋ ਪ੍ਰਭੂ)। ਚੜੈ ਸਵਾਇਆ-ਦਿਨੋ ਦਿਨ ਵੱਧਦਾ ਹੈ। ਕਰਿ-ਕਰ ਕੇ। ਮੇਲਿ-ਸੰਗਤਿ ਵਿਚ। ੩।

## ਅਰਥ :

(ਹੇ ਭਾਈ! ਸਾਧ ਸੰਗਤ ਵਿਚ ਮਿੱਤਰ ਪ੍ਰਭੂ ਦਾ ਮੇਲ-ਮਿਲਾਪ (ਹੋਣਾ) ਪੂਰਾ ਇਸ਼ਨਾਨ ਹੈ। (ਜੋ ਜਗਿਆਸੂ ਗੁਰੂ ਦੇ) ਸ਼ਬਦ ਵਿਚ ਜੁੜ ਕੇ ਗਾਵਣ ਯੋਗ (ਪ੍ਰਭੂ ਦੇ ਗੁਣ) ਗਾਉਂਦਾ ਹੈ, (ਉਸ ਦਾ ਜੀਵਨ) ਸੋਹਣਾ ਬਣ ਜਾਂਦਾ ਹੈ। ਸਤਿਗੁਰੂ ਨੂੰ (ਜੀਵਨ-ਦਾਤਾ) ਮੰਨ ਕੇ ਸੱਚੇ ਹਰੀ ਦੀ ਸਿਫ਼ਤਿ-ਸਾਲਾਹ ਕਰਕੇ (ਮਨੁੱਖ ਦੀ) ਮਤਿ ਪੁੰਨ ਦਾਨ (ਅਤੇ) ਦਇਆ ਕਰਨ ਵਾਲੀ (ਬਣ ਜਾਂਦੀ) ਹੈ। (ਜਿਸ ਨੂੰ) ਪਤੀ ਪਰਮਾਤਮਾ ਦਾ ਮਿਲਾਪ ਚੰਗਾ ਲੱਗਦਾ ਹੈ, ਉਹ ਸਹਜਿ (ਗੁਰ ਗਿਆਨ ਦੁਆਰਾ ਨਾਮ ਜਲ) ਵਿਚ ਇਸ਼ਨਾਨ ਕਰਦਾ ਹੈ। (ਗੁਰਸਿੱਖ ਵਾਸਤੇ ਨਾਮ ਜਲ ਦਾ ਇਸ਼ਨਾਨ ਹੀ) ਤ੍ਰਿਬੇਣੀ ਦੇ ਸੰਗਮ ਦਾ (ਇਸ਼ਨਾਨ ਹੈ) ਜੋ ਸੁੱਚੇ ਤੋਂ ਸੁੱਚਾ ਹੈ। (ਹੇ ਭਾਈ!) ਇਕ ਪਰਮਾਤਮਾ ਦਾ ਸਿਮਰਨ ਕਰ (ਜੋ ਸਭ ਜੀਆਂ ਨੂੰ ਅੰਨ ਧੰਨ) ਦੇਂਦਾ ਹੈ, ਤੇ ਜਿਸ ਦਾ ਦਿੱਤਾ ਦਿਨੋ ਦਿਨ ਵੱਧਦਾ ਹੈ। (ਪ੍ਰਮਾਤਮਾ ਨੇ) ਮਿਹਰ ਕਰਕੇ ਜਿਸਨੂੰ, ਮਿੱਤਰ ਸੰਤ (ਗੁਰੂ) ਦੀ ਸੰਗਤ ਦੇ ਮੇਲ ( ਵਿਚ) ਮਿਲਾਇਆ ਹੈ, (ਗੁਰੂ ਦੀ ਸੰਗਤ ਕਰਕੇ ਉਹ) ਮੁਕਤ ਹੋ ਜਾਂਦਾ ਹੈ। ੩।

**ਕਹਣੁ ਕਹੈ ਸਭੁ ਕੋਇ ਕੇਵਡੁ ਆਖੀਐ ॥ ਹਉ ਮੂਰਖੁ ਨੀਚੁ ਅਜਾਣੁ ਸਮਝਾ ਸਾਖੀਐ॥ਸਚੁ ਗੁਰ ਕੀ ਸਾਖੀ ਅੰਮ੍ਰਿਤ ਭਾਖੀ ਤਿਤੁ ਮਨੁ ਮਾਨਿਆ ਮੇਰਾ ॥ ਕੂਚੁ ਕਰਹਿ ਆਵਹਿ ਬਿਖੁ ਲਾਦੇ ਸਬਦਿ ਸਚੈ ਗੁਰੁ ਮੇਰਾ ॥ ਆਖਣਿ ਤੋਟਿ ਨ ਭਗਤਿ ਭੰਡਾਰੀ ਭਰਿਪੁਰਿ ਰਹਿਆ ਸੋਈ ॥ ਨਾਨਕ ਸਾਚੁ ਕਹੈ ਬੇਨੰਤੀ ਮਨੁ ਮਾਂਜੈ ਸਚੁ ਸੋਈ॥ ੪ ॥ ੧ ॥**

## ਪਦ ਅਰਥ :

ਕਹਣੁ-ਕਥਨ। ਕਹਣੁ ਕਹੈ-ਕਥਨ ਕਥੈ। ਸਭੁ ਕੋਇ-ਹਰੇਕ ਜੀਵ। ਕੇਵਡੁ-ਕਿਤਨਾ ਵੱਡਾ। ਕੇਵਡੁ ਆਖੀਐ-ਕਿਤਨਾ ਵੱਡਾ ਆਖਿਆ ਜਾ ਸਕਦਾ ਹੈ। ਹਉ-ਮੈਂ। ਸਮਝਾ-ਮੈਂ ਸਮਝ ਸਕਦਾ ਹਾਂ। ਸਾਖੀਐ-ਗੁਰੂ

ਦੇ ਉਪਦੇਸ਼ ਨਾਲ। ਸਾਖੀ-ਸਿੱਖਿਆ, ਉਪਦੇਸ਼, ਸ਼ਬਦ। ਅੰਮ੍ਰਿਤ ਭਾਖੀ-ਆਤਮਿਕ ਜੀਵਨ ਦੇਣ ਵਾਲਾ ਉਪਦੇਸ਼। ਗੁਰ ਕੀ ਸਾਖੀ ਅੰਮ੍ਰਿਤ ਭਾਖੀ-ਗੁਰੂ ਦਾ ਉਚਾਰਿਆ ਹੋਇਆ ਸ਼ਬਦ। ਸਚੁ ਸਾਖੀ-ਸਦਾ ਥਿਰ ਪ੍ਰਭੂ ਦੀ ਸਿਫਤਿ ਸਾਲਾਹ ਦਾ ਸ਼ਬਦ। ਤਿਤੁ-ਉਸ ਸ਼ਬਦ ਵਿਚ। ਬਿਖੁ-(ਮਾਇਆ ਮੋਹ ਦਾ) ਜ਼ਹਿਰ। ਸਬਦਿ ਸਚੈ-ਸਦਾ ਥਿਰ ਪ੍ਰਭੂ ਦੀ ਸਿਫਤਿ ਸਾਲਾਹ ਦੇ ਸ਼ਬਦ ਦੇ ਰਾਹੀਂ। ਆਖਣਿ-ਆਖਣ ਨਾਲ, ਬਿਆਨ ਕਰਨ ਨਾਲ। ਤੋਟਿ-ਖ਼ਾਤਮਾ। ਭੰਡਾਰੀ-ਭੰਡਾਰਿਆਂ ਵਿਚ। ਭਰਿਪੁਰਿ ਰਹਿਆ-ਹਰ ਥਾਂ ਮੌਜੂਦ ਹੈ। ਸੋਈ-ਉਹ (ਪ੍ਰਭੂ) ਹੀ। ਸਾਚੁ ਕਹੈ-ਸਚਾ ਥਿਰ ਪ੍ਰਭੂ ਦਾ ਨਾਮ ਸਿਮਰਦਾ ਹੈ। ਕਹੈ ਬੇਨੰਤੀ-ਅਰਦਾਸਾਂ ਕਰਦਾ ਹੈ। ਮਾਂਜੈ-ਸਾਫ਼ ਕਰਦਾ ਹੈ। ਸਚੁ-ਸਦਾ-ਥਿਰ ਪ੍ਰਭੂ। ਸਚੁ ਸੋਈ-ਸਦਾ-ਥਿਰ ਪ੍ਰਭੂ ਹੀ (ਹਰ ਥਾਂ ਦਿੱਸਦਾ ਹੈ। ੪।

## ਅਰਥ :

(ਹੇ ਭਾਈ ! ਸਭ ਕੋਈ ਵਖਿਆਨ ਕਰਦਾ ਹੈ, (ਕਿ ਪ੍ਰਭੂ ਵੱਡਾ ਹੈ ਪਰ ਉਸ ਨੂੰ) ਕਿਤਨਾ ਵੱਡਾ ਆਖੀਏ (ਕੋਈ ਨਹੀਂ ਦੱਸ ਸਕਦਾ। ਮੈਂ ਮੂਰਖ, ਨੀਚ ਤੇ ਅੰਜਾਣ ਹਾਂ (ਪਰ ਗੁਰੂ ਦੀ) ਸਿੱਖਿਆ ਦੁਆਰਾ (ਜਿਤਨਾ ਗੁਰੂ ਸਮਝਾਏ) ਸਮਝ ਸਕਦਾ ਹਾਂ। ਗੁਰੂ ਦੀ ਸੱਚੀ ਸਿੱਖਿਆ ਅੰਮ੍ਰਿਤ ਵਾਂਗ ਉੱਤਮ ਕਹੀ ਹੈ, ਉਸ ਨਾਲ ਮੇਰਾ ਮਨ ਮੰਨ ਗਿਆ ਹੈ। (ਜੋ ਮਨੁੱਖ) ਜ਼ਹਿਰ (ਵਿਸ਼ੇ ਵਾਸ਼ਨਾ) ਨਾਲ ਲਦੇ ਹੋਏ (ਸੰਸਾਰ ਵਿਚ) ਆਉਂਦੇ (ਜੰਮਦੇ) ਹਨ ਤੇ ਉਸੇ ਤਰ੍ਹਾਂ ਸੰਸਾਰ ਤੋਂ ਕੂਚ ਕਰ ਜਾਂਦੇ ਹਨ (ਭਾਵ ਮਰ ਜਾਂਦੇ ਹਨ)। ਸੱਚੇ ਸ਼ਬਦ ਦੁਆਰਾ ਮੇਰਾ ਗੁਰੂ (ਜਿਸ ਨੂੰ ਮਿਲਿਆ ਹੈ) ਉਸ ਨੂੰ ਆਵਾਗਵਣ ਤੋਂ ਬਚਾਅ ਲੈਂਦਾ ਹੈ। (ਹੇ ਭਾਈ ! ਪ੍ਰਭੂ ਦੇ ਗੁਣ ਬੇਅੰਤ ਹਨ ਜੋ) ਆਖਣ ਨਾਲ ਮੁੱਕਣ ਵਿਚ ਨਹੀਂ ਆਉਂਦੇ (ਅਤੇ ਉਸਦੇ) ਭਗਤੀ ਦੇ ਭੰਡਾਰੇ ਭਰੇ ਪਏ ਹਨ। (ਉਹ ਪ੍ਰਭੂ) ਹਰ ਥਾਂ ਵਿਆਪਕ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਜੋ ਮਨੁੱਖ) ਸੱਚੇ (ਦਿਲੋਂ ਪ੍ਰਭੂ ਅੱਗੇ) ਬੇਨਤੀ ਕਰਦਾ ਹੈ, (ਉਹ ਆਪਣੇ) ਮਨ ਨੂੰ ਮਾਂਜ ਲੈਂਦਾ ਹੈ। (ਇਸ ਤਰ੍ਹਾਂ ਉਹ) ਸੱਚ ਸਰੂਪ ਹੀ ਹੋ ਜਾਂਦਾ ਹੈ। ੪। ੧।

## ਵਿਆਖਿਆ ਤੇ ਸਾਰੰਸ਼ :

ਇਸ ਪਾਵਨ ਸ਼ਬਦ ਅੰਦਰ ਤੀਸਰੀ ਪੰਕਤੀ ਆਈ ਹੈ :

***ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ॥***

(ਅੰਗ ੬੮੭)

ਹਿੰਦੂ ਮਤ ਦੇ ਅੰਦਰ ਇਹ ਦਸ ਪੁਰਬ ਮੰਨੇ ਹਨ : ੧. ਜੇਠ ਦਾ ਮਹੀਨਾ ੨. ਸ਼ੁਕਲਾ ਪਖ ੩. ਦਸਮੀ ੪. ਹਸਤ ਨਿਛੱਤ੍ਰ ੫. ਬੁੱਧਵਾਰ ੬. ਗੁਰਕਰਣ ੭. ਅਨੰਦ ਯੋਗ ੮. ਵਿਤੀ ਪਾਤ ੯. ਕੰਨਯਾ ਦਾ ਚੰਦ੍ਰਮਾ ੧੦. ਬ੍ਰਿਖ ਦਾ ਸੂਰਜ।

ਦਸ ਕਿਸਮ ਦੇ ਪਾਪ ਲਾਹੁਣ ਵਾਸਤੇ ਦਸ ਪੁਰਬਾਂ ਦੀ ਵੀਚਾਰ ਪੁਰਾਣਾਂ ਵਿਚ ਆਈ ਹੈ। ਮਨ, ਬਾਣੀ ਸਰੀਰ ਨੂੰ ਲੱਗਣ ਵਾਲੇ ਦਸ ਪਾਪ ਮੰਨੇ ਹਨ, ਜਿਨ੍ਹਾਂ ਵਿਚੋਂ ਤਿੰਨ ਪਾਪ ਸਰੀਰ ਦੇ ਹਨ : ੧. ਜੀਵ

ਹਿੰਸਾ ੨. ਚੋਰੀ ਕਰਨੀ ੩. ਪਰ ਇਸਤਰੀ ਦਾ ਗਮਨ ਕਰਨਾ। ਚਾਰ ਪਾਪ ਬਾਣੀ ਭਾਵ ਬੋਲਣ ਕਰਕੇ ਲੱਗਦੇ ਮੰਨੇ ਹਨ—ਰੁੱਖਾ ਬੋਲਣਾ ੨. ਝੂਠ ਬੋਲਣਾ ੩. ਚੁਗ਼ਲੀ ਕਰਨੀ ੪. ਅਨਰਥ ਭਾਵ ਵਿਅਰਥ ਬੋਲਣਾ।

ਤਿੰਨ ਮਨ ਦੁਆਰਾ ਲੱਗਣ ਵਾਲੇ ਪਾਪ ਮੰਨੇ ਹਨ: ੧. ਪਰਾਇਆ ਧਨ ਗ੍ਰਹਿਣ ਕਰਨ ਦੀ ਇੱਛਾ ੨. ਬੁਰਾ ਚਿਤਵਨਾ ੩. ਦੂਜੇ ਦੀ ਚੜ੍ਹਤ ਦੇਖ ਕੇ ਸੜਨਾ।

ਇਹ ਦਸ ਪੁਰਬ ਤੇ ਦਸ ਪਾਪ "ਗੁਰਮਤਿ ਨਿਰਣੈ ਸਾਗਰ" ਪੰਨਾ ੪੯੦ 'ਤੇ ਅੰਕਿਤ ਹਨ।

ਪਰ ਗੁਰਮਤਿ ਦਾ ਸਿਧਾਂਤ ਗੁਰਦੇਵ ਨੇ ਅਗਲੀ ਪੰਕਤੀ ਵਿਚ ਹੀ ਸਪੱਸ਼ਟ ਕੀਤਾ ਹੈ–

***ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ॥***

(ਅੰਗ ੬੮੭)

ਹੇ ਪ੍ਰਭੂ! ਮੈਨੂੰ ਹਿੰਦੂ ਮਤ ਦੇ ਦਸ ਪੁਰਬਾਂ ਸਮੇਂ ਤੀਰਥਾਂ ਦੇ ਇਸ਼ਨਾਨ ਦੀ ਲੋੜ ਨਹੀਂ। ਹੇ ਧਰਤੀ ਦੇ ਆਸਰਾ ਰੂਪ ਪ੍ਰਭੂ! ਮੈਨੂੰ ਤਾਂ ਇਕ ਆਪਣਾ ਨਾਮ ਬਖ਼ਸ਼ੋ, ਜਿਸ ਨਾਮ ਤੀਰਥ ਦਾ ਸੱਚਾ ਇਸ਼ਨਾਨ ਹੈ "ਨਿਤ ਸਾਚੁ ਤੀਰਥੁ ਮਜਨਾ" ਮੇਰੇ ਲਈ ਤਾਂ ਜੋ ਪ੍ਰਭੂ ਨੂੰ ਨਾਮ ਇਸ਼ਨਾਨ ਭਾਉਂਦਾ ਹੈ, ਤ੍ਰਿਬੇਣੀ ਦੇ ਸੰਗਮ ਦਾ ਇਸ਼ਨਾਨ ਹੈ।

***ਪਿਰ ਸੰਗਿ ਭਾਵੈ ਸਹਜਿ ਨਾਵੈ ਬੇਣੀ ਤ ਸੰਗਮੁ ਸਤ ਸਤੇ॥***

ਨਾਮ ਦਾ ਇਸ਼ਨਾਨ ਕਰਦਿਆਂ ਹੀ ਬੈਰਾਗ, ਬਿਬੇਕ, ਖਟਸੰਮਤੀ, ਮੋਖ ਇੱਛਾ, ਸਰਵਣ ਮੰਨਣ, ਨਿਧਿਆਸਣ, ਇਹਨਾਂ ਸਾਧਨਾਂ ਦੇ ਧਾਰਨੀ ਬਣਿਆ ਜਾ ਸਕਦਾ ਹੈ।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧੦੧ (ਅੰਗ ੬੮੯)

## ਧਨਾਸਰੀ ਛੰਤ ਮਹਲਾ ੧ ॥

ਪਿਰ ਸੰਗਿ ਮੂਠੜੀਏ ਖਬਰਿ ਨ ਪਾਈਆ ਜੀਉ ॥ ਮਸਤਕਿ ਲਿਖਿਅੜਾ ਲੇਖੁ ਪੁਰਬਿ ਕਮਾਇਆ ਜੀਉ ॥ ਲੇਖੁ ਨ ਮਿਟਈ ਪੁਰਬਿ ਕਮਾਇਆ ਕਿਆ ਜਾਣਾ ਕਿਆ ਹੋਸੀ ॥ ਗੁਣੀ ਅਚਾਰਿ ਨਹੀ ਰੰਗਿ ਰਾਤੀ ਅਵਗੁਣ ਬਹਿ ਬਹਿ ਰੋਸੀ ॥ ਧਨੁ ਜੋਬਨੁ ਆਕ ਕੀ ਛਾਇਆ ਬਿਰਧਿ ਭਏ ਦਿਨ ਪੁੰਨਿਆ ॥ ਨਾਨਕ ਨਾਮ ਬਿਨਾ ਦੋਹਾਗਣਿ ਛੂਟੀ ਝੂਠਿ ਵਿਛੁੰਨਿਆ ॥ ੧ ॥ ਬੂਡੀ ਘਰੁ ਘਾਲਿਓ ਗੁਰ ਕੈ ਭਾਇ ਚਲੋ ॥ ਸਾਚਾ ਨਾਮੁ ਧਿਆਇ ਪਾਵਹਿ ਸੁਖਿ ਮਹਲੋ ॥ ਹਰਿ ਨਾਮੁ ਧਿਆਏ ਤਾ ਸੁਖੁ ਪਾਏ ਪੇਈਅੜੈ ਦਿਨ ਚਾਰੇ ॥ ਨਿਜ ਘਰਿ ਜਾਇ ਬਹੈ ਸਚੁ ਪਾਏ ਅਨਦਿਨੁ ਨਾਲਿ ਪਿਆਰੇ ॥ ਵਿਣੁ ਭਗਤੀ ਘਰਿ ਵਾਸੁ ਨ ਹੋਵੀ ਸੁਣਿਅਹੁ ਲੋਕ ਸਬਾਏ ॥ ਨਾਨਕ ਸਰਸੀ ਤਾ ਪਿਰੁ ਪਾਏ ਰਾਤੀ ਸਾਚੈ ਨਾਏ ॥ ੨ ॥ ਪਿਰੁ ਧਨ ਭਾਵੈ ਤਾ ਪਿਰ ਭਾਵੈ ਨਾਰੀ ਜੀਉ ॥ ਰੰਗਿ ਪ੍ਰੀਤਮ ਰਾਤੀ ਗੁਰ ਕੈ ਸਬਦਿ ਵੀਚਾਰੀ ਜੀਉ ॥ ਗੁਰ ਸਬਦਿ ਵੀਚਾਰੀ ਨਾਹ ਪਿਆਰੀ ਨਿਵਿ ਨਿਵਿ ਭਗਤਿ ਕਰੇਈ ॥ ਮਾਇਆ ਮੋਹੁ ਜਲਾਏ ਪ੍ਰੀਤਮੁ ਰਸ ਮਹਿ ਰੰਗੁ ਕਰੇਈ ॥ ਪ੍ਰਭ ਸਾਚੇ ਸੇਤੀ ਰੰਗਿ ਰੰਗੇਤੀ ਲਾਲ ਭਈ ਮਨੁ ਮਾਰੀ ॥ ਨਾਨਕ ਸਾਚਿ ਵਸੀ ਸੋਹਾਗਣਿ ਪਿਰ ਸਿਉ ਪ੍ਰੀਤਿ ਪਿਆਰੀ ॥ ੩ ॥ ਪਿਰ ਘਰਿ ਸੋਹੈ ਨਾਰਿ ਜੇ ਪਿਰ ਭਾਵਏ ਜੀਉ ॥ ਝੂਠੇ ਵੈਣ ਚਵੇ ਕਾਮਿ ਨ ਆਵਏ ਜੀਉ ॥ ਝੂਠੁ ਅਲਾਵੈ ਕਾਮਿ ਨ ਆਵੈ ਨਾ ਪਿਰੁ ਦੇਖੈ ਨੈਣੀ ॥ ਅਵਗੁਣਿਆਰੀ ਕੰਤਿ ਵਿਸਾਰੀ ਛੂਟੀ ਵਿਧਣ ਰੈਣੀ ॥ ਗੁਰ ਸਬਦੁ ਨ ਮਾਨੈ ਫਾਹੀ ਫਾਥੀ ਸਾ ਧਨ ਮਹਲੁ ਨ ਪਾਏ ॥ ਨਾਨਕ ਆਪੇ ਆਪੁ ਪਛਾਣੈ ਗੁਰਮੁਖਿ ਸਹਜਿ ਸਮਾਏ ॥ ੪ ॥ ਧਨ ਸੋਹਾਗਣਿ ਨਾਰਿ ਜਿਨਿ ਪਿਰੁ ਜਾਣਿਆ ਜੀਉ ॥ ਨਾਮ ਬਿਨਾ ਕੂੜਿਆਰਿ ਕੂੜੁ ਕਮਾਣਿਆ ਜੀਉ ॥ ਹਰਿ ਭਗਤਿ ਸੁਹਾਵੀ ਸਾਚੇ ਭਾਵੀ ਭਾਇ ਭਗਤਿ ਪ੍ਰਭ ਰਾਤੀ ॥ ਪਿਰੁ ਰਲੀਆਲਾ ਜੋਬਨਿ ਬਾਲਾ ਤਿਸੁ ਰਾਵੇ ਰੰਗਿ ਰਾਤੀ ॥ ਗੁਰ ਸਬਦਿ ਵਿਗਾਸੀ ਸਹੁ ਰਾਵਾਸੀ ਫਲੁ ਪਾਇਆ ਗੁਣਕਾਰੀ ॥ ਨਾਨਕ ਸਾਚੁ ਮਿਲੈ ਵਡਿਆਈ ਪਿਰ ਘਰਿ ਸੋਹੈ ਨਾਰੀ ॥ ੫ ॥ ੩ ॥

# ਪ੍ਰਾਕ੍ਥਨ :-

ਇਹ ਪਾਵਨ ਸ਼ਬਦ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਛੰਤ ਛੰਦ ਦੀ ਚਾਲ ਵਿਚ ਧਨਾਸਰੀ ਰਾਗ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਦੇ ਆਰੰਭ ਵਿਚ ਗੁਰਦੇਵ ਨੇ ਪਤੀ ਪ੍ਰਮੇਸ਼ਰ ਨੂੰ ਭੁਲਾ ਕੇ ਔਗੁਣਾਂ ਵਿਚ ਘਿਰੀ ਪਤੀ ਪ੍ਰਮੇਸ਼ਰ ਤੋਂ ਮੁਠੀ ਗਈ ਇਸਤਰੀ ਦਾ ਜ਼ਿਕਰ ਕੀਤਾ ਹੈ।

## ਵਿਸ਼ਾ — ਪਿਰ ਛੋਡਿਆ ਘਰਿ ਆਪਣਾ

ਗੁਰਬਾਣੀ ਅੰਦਰ ਇਸਤਰੀ ਨੂੰ ਸੂਹੀ ਰਾਗ ਵਿਚ ਕੁਚੱਜੀ ਸੁਚੱਜੀ ਤੇ ਗੁਣਵੰਤੀ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਤਰ੍ਹਾਂ ਨੰਬਰ ਵਾਰ ਵੱਖ ਵੱਖ ਸ਼ਬਦਾਂ ਵਿਚ ਕਥਨ ਕੀਤਾ ਹੈ। ਕੁਚੱਜੀ ਖੋਟੇ ਚੱਜ ਤੇ ਭੈੜੇ ਆਚਾਰ ਵਾਲੀ ਇਸਤਰੀ ਨੂੰ ਕਿਹਾ ਗਿਆ ਹੈ। ਐਸੇ ਭੈੜੇ ਆਚਾਰ ਵਾਲੀ ਇਸਤਰੀ ਜੋ ਆਪਣੇ ਪਤੀ ਨੂੰ ਛੱਡ ਕੇ ਹੋਰਾਂ ਨਾਲ ਹਿਤ ਲਾਉਣ ਵਾਲੀ ਹੈ, ਉਹ ਇਸਤਰੀ ਇਸ ਸੰਸਾਰ ਅੰਦਰ ਸ਼ੋਭਾ ਨਹੀਂ ਪਾਉਂਦੀ। ਪਰ ਗੁਰਬਾਣੀ ਦੇ ਸਿਧਾਂਤ ਅਨੁਸਾਰ ਇਕ ਵਾਹਿਗੁਰੂ ਪਤੀ ਹੈ। ਮਨੁੱਖ ਤੇ ਇਸਤਰੀ ਸਮੁੱਚੇ ਸਾਰੇ ਹੀ ਉਸ ਅਕਾਲ ਪੁਰਖ ਦੀਆਂ ਇਸਤਰੀਆਂ ਹਨ :

***ਠਾਕੁਰੁ ਏਕੁ ਸਬਾਈ ਨਾਰਿ॥***

(ਅੰਗ ੯੩੩)

ਭਗਤ ਕਬੀਰ ਜੀ ਦਾ ਵੀ ਸੁੰਦਰ ਕਥਨ ਹੈ, ਕਿ ਮੇਰਾ ਇਕੋ ਹਰੀ ਪਤੀ ਹੀ ਹੈ। ਮੈਂ ਉਸ ਪਤੀ ਦੀ ਇਸਤਰੀ (ਵਹੁਟੀ) ਹਾਂ :

***ਹਰਿ ਮੇਰੋ ਪਿਰੁ ਹਉ ਹਰਿ ਕੀ ਬਹੁਰੀਆ॥***

(ਅੰਗ ੪੮੩)

ਐਸੇ ਪ੍ਰਭੂ ਪਤੀ ਨੂੰ ਤਿਆਗ ਕੇ ਹੋਰ ਦੇਵੀ ਦੇਵਤਿਆਂ ਨਾਲ ਹਿਤ ਕਰਨ ਵਾਲੀ ਜੀਵ ਰੂਪ ਇਸਤਰੀ ਧਾਰਮਿਕ ਦੁਨੀਆਂ ਦੇ ਅੰਦਰ ਵੀ ਸ਼ੋਭਾ ਨਹੀਂ ਪਾਉਂਦੀ। ਐਸੀ ਜੀਵ-ਇਸਤਰੀ ਨੂੰ ਗੁਰਦੇਵ ਨੇ ਮਨਮੁੱਖ ਕੁਲੱਖਣੀ, ਤੇ ਕੁਨਾਰਿ ਕਹਿ ਕੇ ਦੁਰਕਾਰਿਆ ਹੈ :

***ਮਨਮੁਖ ਮੈਲੀ ਕਾਮਣੀ ਕੁਲਖਣੀ ਕੁਨਾਰਿ॥***
***ਪਿਰੁ ਛੋਡਿਆ ਘਰਿ ਆਪਣਾ ਪਰ ਪੁਰਖੈ ਨਾਲਿ ਪਿਆਰੁ॥***
***ਤ੍ਰਿਸਨਾ ਕਦੇ ਨ ਚੁਕਈ ਜਲਦੀ ਕਰੇ ਪੂਕਾਰ॥***
***ਨਾਨਕ ਬਿਨੁ ਨਾਵੈ ਕੁਰੂਪਿ ਕੁਸੋਹਣੀ ਪਰਹਰਿ ਛੋਡੀ ਭਤਾਰਿ॥ ੧॥***

(ਅੰਗ ੮੯)

ਪਰ ਵਾਹਿਗੁਰੂ ਰੂਪ ਪਤੀ ਇਸ ਦੇ ਅੰਦਰ ਹੀ ਵਸ ਰਿਹਾ ਹੈ। ਉਹ ਤਾਂ ਸਗੋਂ ਗੁਰਦੇਵ ਨੇ ਕਥਨ ਕੀਤਾ ਹੈ ਕਿ ਉਸ ਪ੍ਰਭੂ-ਪਤੀ ਦੀ ਤੇ ਜੀਵ-ਇਸਤਰੀ ਦੀ ਸੇਜਾ ਇਕੋ ਹੀ ਹੈ।

***ਏਕਾ ਸੇਜ ਵਿਛੀ ਧਨ ਕੰਤਾ॥ ਧਨ ਸੂਤੀ ਪਿਰੁ ਸਦ ਜਾਗੰਤਾ॥***

(ਅੰਗ ੭੩੭)

ਪਰ ਇਹ ਜੀਵ-ਇਸਤਰੀ ਗ਼ਫ਼ਲਤਾ ਦੀ, ਅਵਿਦਿਆ ਦੀ ਨੀਂਦ ਵਿਚ ਸੁੱਤੀ ਹੋਈ ਨੇ ਉਸ ਪ੍ਰਭੂ-ਪਤੀ ਨੂੰ ਭੁਲਾ ਦਿੱਤਾ ਹੈ। ਪ੍ਰਭੂ-ਪਤੀ ਤਾਂ ਸ਼ੁਭ ਗੁਣਾਂ ਕਰਕੇ ਹੀ ਪਾਇਆ ਜਾ ਸਕਦਾ ਹੈ, ਸਗੋਂ ਇਹ ਅਉਗਣਹਾਰੀ ਹੋਣ ਕਰਕੇ ਪ੍ਰਭੂ-ਪਤੀ ਨੇ ਤਿਆਗ ਛੱਡੀ ਹੈ:-

***ਮਹਲ ਕੁਚਜੀ ਮੜਵੜੀ ਕਾਲੀ ਮਨਹੁ ਕਸੁਧ॥***
***ਜੇ ਗੁਣ ਹੋਵਨਿ ਤਾ ਪਿਰੁ ਰਵੈ ਨਾਨਕ ਅਵਗੁਣ ਮੁੰਧ॥੧॥***

(ਅੰਗ ੧੦੮੮)

ਅਥਵਾ:

***ਕੁਚਲਿ ਕੁਰੂਪਿ ਕੁਨਾਰਿ ਕੁਲਖਨੀ ਪਿਰ ਕਾ ਸਹਜੁ ਨ ਜਾਨਿਆ॥***

(ਅੰਗ ੧੧੯੭)

ਅਥਵਾ:

***ਦੋਹਾਗਣੀ ਕਿਆ ਨੀਸਾਣੀਆ॥ ਖਸਮਹੁ ਘੁਥੀਆ ਫਿਰਹਿ ਨਿਮਾਣੀਆ॥***
***ਮੈਲੇ ਵੇਸ ਤਿਨਾ ਕਾਮਣੀ ਦੁਖੀ ਰੈਣਿ ਵਿਹਾਇ ਜੀਉ॥੭॥***

(ਅੰਗ ੭੨)

ਗੁਰਦੇਵ ਨੇ ਇਸ ਸ੍ਰੀ ਮੁਖਵਾਕ ਦੇ ਆਰੰਭ ਵਿਚ ਭੀ ਐਸੀ ਇਸਤਰੀ ਦਾ ਹੀ ਜ਼ਿਕਰ ਕੀਤਾ ਹੈ:

***ਪਿਰ ਸੰਗਿ ਮੂਠੜੀਏ ਖਬਰਿ ਨ ਪਾਈਆ ਜੀਉ॥***

(ਅੰਗ ੬੮੯)

ਭਾਈ ਗੁਰਦਾਸ ਜੀ:

***ਲਜਾ-ਕੁਲ ਅੰਕਸੁ ਅਉ ਗੁਰਜਨ ਸੀਲ ਡੀਲ,***
***ਕੁਲਾ-ਬਧੂ ਬ੍ਰਤਿ ਕੈ ਪਤਿਬ੍ਰਤ ਕਹਾਵਈ॥***
***ਦੁਸਟ ਸਭਾ ਸੰਜੋਗ ਅਧਮ ਅਸਾਧ ਸੰਗ,***
***ਬਹੁ ਬਿਬਿਚਾਰ ਧਾਰਿ ਗਨਿਕਾ ਬੁਲਾਵਈ॥***
***ਕੁਲਾ-ਬਧੂ ਸੁਤ ਕੌ ਬਖਾਨੀਅਤ ਗੋ੍ਤਾਚਾਰ,***
***ਗਨਿਕਾ ਸੁਅਨ ਪਿਤਾ ਨਾਮ ਕੌ ਬਤਾਵਈ॥***

***ਦੁਰਮਤਿ ਲਾਗਿ ਜੈਸੇ ਕਾਗ ਬਨ ਬਨ ਫਿਰੈ,***
***ਗੁਰਮਤਿ ਹੰਸ ਏਕ ਟੇਕ ਜਸੁ ਪਾਵਈ॥ ੧੬੪॥***
***ਐਸੀ ਨਾਇਕਾ ਸੈ ਕੁਆਰ ਪਾਤ੍ਰ ਹੀ ਸੁਪਾਤ੍ਰ ਭਲੀ,***
***ਆਸ ਪਿਆਸੀ ਮਾਤਾ ਪਿਤਾ ਏਕੈ ਕਾਹ ਦੇਤ ਹੈ॥***
***ਐਸੀ ਨਾਇਕਾ ਸੈ ਦੀਨਤਾ ਕੈ ਦੁਹਾਗਨਿ ਭਲੀ,***
***ਪਤਿਤ ਪਾਵਨ ਪ੍ਰਿਅ ਪਾਇ ਲਾਇ ਲੇਤ ਹੈ॥***
***ਐਸੀ ਨਾਇਕਾ ਸੈ ਭਲੋ ਬਿਰਹਾ, ਬਿਓਗ ਸੋਗ,***
***ਲਗਨ ਸਗਨ ਸੋਧੇ ਸਰਧਾ ਸਹੇਤ ਹੈ॥***
***ਐਸੀ ਨਾਇਕਾ ਮਾਤ ਗਰਭ ਹੀ ਗਲੀ ਭਲੀ,***
***ਕਪਟ ਸਨੇਹ ਦੁਬਿਧਾ ਜਿਉ ਰਾਹੁ ਕੇਤੁ ਹੈ॥ ੪੫੦॥***

(ਕਬਿੱਤ ਸਵੱਯੇ ਭਾ: ਗੁਰਦਾਸ ਜੀ)

## ਸਾਖੀ—ਨੂਰਸ਼ਾਹ ਜਾਦੂਗਰਨੀ ਦੀ

ਪਤਿਤ ਪਾਵਨ ਕਲਯੁੱਗੀ ਜੀਆਂ ਦੇ ਤਾਰਕ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ, ਸੰਮਤ ਬ੍ਰਿਕਰਮੀ ੧੫੬੪ (ਸੰਨ ੧੫੦੭) ਨੂੰ ਢਾਕੇ ਤੋਂ ਚੱਲ ਕੇ ਅੱਗੇ ੫ ਕੋਹ ਪਿੰਡ 'ਧਨਪੁਰ' ਜਾ ਠਹਿਰੇ ਹਨ। ਭਾਈ ਬਾਲੇ ਵਾਲੀ ਜਨਮ ਸਾਖੀ ਅਤੇ ਸ੍ਰੀ ਗੁਰੂ ਨਾਨਕ ਪ੍ਰਕਾਸ਼ ਤੇ ਤਵਾਰੀਖ਼ ਗੁਰੂ ਖ਼ਾਲਸਾ ਵਿਚ ਜ਼ਿਕਰ ਹੈ ਕਿ ਇਥੇ ਬਹੁਤ ਸਾਰੀਆਂ ਜਾਦੂਗਰਨੀਆਂ ਸਨ, ਜਿਨ੍ਹਾਂ ਨੇ ਭਾਈ ਮਰਦਾਨੇ ਨੂੰ ਵੀ ਆਪਣਾ ਜਾਦੂ ਕਰਕੇ ਵੱਸ ਵਿਚ ਕਰਨ ਦਾ ਯਤਨ ਕੀਤਾ ਸੀ। ਸ਼ਾਇਦ ਇਹਨਾਂ ਦਾ ਮਿਸਮਰੇਜ਼ਮ ਸਾਧਿਆ ਹੋਇਆ ਸੀ, ਜਿਸ ਨਾਲ ਬਾਹਰੋਂ ਆਏ ਬੰਦੇ ਨੂੰ ਆਪਣੇ ਵੱਸ ਵਿਚ ਕਰ ਲੈਂਦੀਆਂ ਸਨ। ਆਚਰਣਹੀਨ ਅਤੇ ਇਖ਼ਲਾਕ ਤੋਂ ਗਿਰੀਆਂ ਹੋਣ ਕਰਕੇ ਗੁਰੂਦੇਵ ਨੇ ਇਹਨਾਂ ਮਤਵਾਲੀਆਂ ਕੁਚਾਲੀਆਂ, ਨਿਲੱਜਾਂ ਤੇ ਭੈੜੇ ਜੀਵਨ ਵਾਲੀਆਂ ਕਹਿ ਕੇ ਪ੍ਰਿਕਾਰਦਿਆਂ ਹੋਇਆਂ, ਇਸ ਸ਼ਬਦ ਰਾਹੀਂ ਉਨ੍ਹਾਂ ਨੂੰ ਤਾਰਿਆ ਸੀ:

***ਗਲੀ ਅਸੀ ਚੰਗੀਆ ਆਚਾਰੀ ਬੁਰੀਆਹ॥***
***ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ॥***
***ਰੀਸਾ ਕਰਹਿ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ॥***
***ਨਾਲਿ ਖਸਮੈ ਰਤੀਆ ਮਾਣਹਿ ਸੁਖਿ ਰਲੀਆਹ॥***
***ਹੋਦੈ ਤਾਣਿ ਨਿਤਾਣੀਆ ਰਹਹਿ ਨਿਮਾਨਣੀਆਹ॥***
***ਨਾਨਕ ਜਨਮੁ ਸਕਾਰਥਾ ਜੇ ਤਿਨ ਕੈ ਸੰਗਿ ਮਿਲਾਹ॥***

(ਅੰਗ ੮੫)

ਇਹ ਸ਼ਬਦ ਸੁਣ ਕੇ ਇਹਨਾਂ ਜਾਦੂਗਰਨੀਆਂ ਦੀ ਮੁਖੀ ਨੂਰਸ਼ਾਹ ਨੇ ਸਾਰੀਆਂ ਜਾਦੂਗਰਨੀਆਂ ਸਮੇਤ ਗੁਰਦੇਵ ਦੇ ਚਰਨ ਆ ਪਕੜੇ ਅਤੇ ਬਾਰ-ਬਾਰ ਬੇਨਤੀਆਂ ਕਰਕੇ ਨੂਰਸ਼ਾਹ ਮਾਫ਼ੀਆਂ ਮੰਗਣ ਲੱਗੀ। ਤਾਂ ਸਤਿਗੁਰੂ ਸਾਹਿਬ ਜੀ ਨੇ ਉਪਦੇਸ਼ ਬਖ਼ਸ਼ਿਸ਼ ਕੀਤਾ, ਕਿ ਪਤੀਬਰਤਾ ਔਰਤ ਲਈ ਇਹ ਚੰਗਾ ਨਹੀਂ ਕਿ :

***ਪਿਰੁ ਛੋਡਿਆ ਘਰਿ ਆਪਣਾ ਪਰ ਪੁਰਖੈ ਨਾਲਿ ਪਿਆਰੁ ॥***

(ਅੰਗ ੮੯)

ਐਸੀ ਬਿਭਚਾਰਨ ਔਰਤ ਨੂੰ ਨਾ ਇਸ ਲੋਕ ਵਿਚ ਸਤਿਕਾਰ ਅਤੇ ਨਾ ਹੀ ਪ੍ਰਲੋਕ ਵਿਚ ਢੋਈ ਮਿਲਦੀ ਹੈ। ਇਸ ਲਈ ਹੇ ਨੂਰਸ਼ਾਹ ! ਤੁਸੀਂ ਇਥੇ ਵੀ ਆਪਣੇ ਪਤੀ ਦੀ ਸੇਵਾ ਸੰਭਾਲ ਦੀ ਸਾਰ ਨਹੀਂ ਪਾਈ ਅਤੇ ਵਾਹਿਗੁਰੂ ਰੂਪ ਪਤੀ ਦੀ ਵੀ ਪ੍ਰਾਪਤੀ ਦੀ ਤੁਸੀਂ ਖ਼ਬਰ ਨਹੀਂ ਪਾਈ। ਹਜ਼ੂਰ ਨੇ ਇਸ ਸ਼ਬਦ ਰਾਹੀਂ ਵੀ ਸੁਮੱਤ ਦੀ ਬਖ਼ਸ਼ਿਸ਼ ਕੀਤੀ :

***ਸੁਣਿ ਮੁੰਧੇ ਹਰਣਾਖੀਏ ਗੂੜਾ ਵੈਣੁ ਅਪਾਰੁ ॥***
***ਪਹਿਲਾ ਵਸਤੁ ਸਿਞਾਣਿ ਕੈ ਤਾਂ ਕੀਚੈ ਵਾਪਾਰੁ ॥***

(ਅੰਗ ੧੪੧੦)

ਜਗਤ ਗੁਰੂ ਗੁਰਦੇਵ ਦੇ ਉਪਦੇਸ਼ ਨੇ ਨੂਰਸ਼ਾਹ ਦਾ ਜੀਵਨ ਹੀ ਬਦਲ ਦਿੱਤਾ। ਹੱਥ ਜੋੜ ਬੇਨਤੀ ਕੀਤੀ ਕਿ ਸਾਨੂੰ ਕੋਈ ਆਪਣੀ ਨਿਸ਼ਾਨੀ ਦਰਸ਼ਨਾਂ ਵਾਸਤੇ ਬਖ਼ਸ਼ਿਸ਼ ਕਰੋ। ਹਜ਼ੂਰ ਦੇ ਹਸਤ ਕਮਲਾਂ ਵਿਚ ਉਸ ਸਮੇਂ ਬਰਛਾ ਸੀ, ਉਹ ਬਰਛਾ ਹੀ ਗੁਰਦੇਵ ਨੇ ਉਹਨਾਂ ਨੂੰ ਦੇ ਦਿੱਤਾ। ਹੁਣ ਤੱਕ ਉਹ ਬਰਛਾ ਉਥੇ ਮੌਜੂਦ ਹੈ। ਉਸ ਅਸਥਾਨ ਦਾ ਨਾਮ ਹੀ 'ਬਰਛਾ ਸਾਹਿਬ' ਹੋਇਆ ਹੈ।

## ਧਨਾਸਰੀ ਛੰਤ ਮਹਲਾ ੧ ॥

**ਪਿਰ ਸੰਗਿ ਮੂਠੜੀਏ ਖਬਰਿ ਨ ਪਾਈਆ ਜੀਉ ॥ ਮਸਤਕਿ ਲਿਖਿਅੜਾ ਲੇਖੁ ਪੁਰਬਿ ਕਮਾਇਆ ਜੀਉ ॥ ਲੇਖੁ ਨ ਮਿਟਈ ਪੁਰਬਿ ਕਮਾਇਆ ਕਿਆ ਜਾਣਾ ਕਿਆ ਹੋਸੀ ॥ ਗੁਣੀ ਅਚਾਰਿ ਨਹੀ ਰੰਗਿ ਰਾਤੀ ਅਵਗੁਣ ਬਹਿ ਬਹਿ ਰੋਸੀ ॥ ਧਨੁ ਜੋਬਨੁ ਆਕ ਕੀ ਛਾਇਆ ਬਿਰਧਿ ਭਏ ਦਿਨ ਪੁੰਨਿਆ ॥ ਨਾਨਕ ਨਾਮ ਬਿਨਾ ਦੋਹਾਗਣਿ ਛੂਟੀ ਝੂਠਿ ਵਿਛੁੰਨਿਆ ॥ ੧ ॥**

### ਪਦ ਅਰਥ :

ਪਿਰੁ-ਪਤੀ-ਪ੍ਰਭੂ। ਸੰਗਿ-(ਤੇਰੇ) ਨਾਲ। ਮੂਠੜੀਏ- ਹੇ ਠੱਗੀ ਹੋਈ ਜੀਵ-ਇਸਤਰੀ ! ਮਸਤਕਿ-

ਮੱਥੇ ਉੱਤੇ। ਪੂਰਬਿ-ਪੂਰਬਲੇ ਸਮੇਂ ਵਿਚ, ਪਹਿਲੇ ਜਨਮਾਂ ਵਿਚ। ਕਿਆ ਜਾਣਾ-ਮੈਂ ਕੀਹ ਜਾਣਾ? ਮੈਨੂੰ ਪਤਾ ਨਹੀਂ। ਗੁਣੀ-ਗੁਣਾਂ ਵਾਲੀ। ਅਚਾਰਿ-ਉੱਚੇ ਆਚਰਨ ਵਾਲੀ। ਰੰਗਿ-ਪ੍ਰਭੂ ਦੇ ਪ੍ਰੇਮ-ਰੰਗ ਵਿਚ। ਬਹਿ ਬਹਿ-ਬੈਠ ਬੈਠ ਕੇ, ਮੁੜ ਮੁੜ। ਰੋਸੀ-ਰੋਵੇਗੀ। ਜੋਬਨੁ-ਜਵਾਨੀ। ਪੁੰਨਿਆ-ਪੁੱਗ ਗਏ। ਮੁੱਕ ਗਏ। ਦੋਹਾਗਣਿ-ਭੈੜੀ ਕਿਸਮਤ ਵਾਲੀ। ਛੂਟੀ-ਇਕੱਲੀ ਰਹਿ ਗਈ, ਛੁੱਟੜ ਹੋ ਗਈ। ਝੂਠਿ-ਝੂਠ ਵਿਚ ਫਸਣ ਦੇ ਕਾਰਨ, ਕੂੜੇ ਮੋਹ ਵਿਚ ਫਸ ਕੇ। ੧।

## ਅਰਥ :

ਹੇ (ਵਿਸ਼ਿਆਂ ਵਿਚ) ਠੱਗੀ ਹੋਈ ਜੀਵ-ਇਸਤਰੀਏ ! (ਪ੍ਰਭੂ) ਪਤੀ ਤੇਰੇ ਨਾਲ ਹੈ, (ਪਰ ਤੈਨੂੰ) ਇਹ ਸਮਝ ਹੀ ਨਹੀਂ ਆਈ। (ਤੂੰ ਉਸ ਦੀ ਖ਼ਬਰ ਹੀ ਨਹੀਂ ਪਾਈ ਕਿ ਪ੍ਰਭੂ ਪਤੀ ਮੇਰੇ ਨਾਲ ਹੈ।) (ਤੇਰੇ ਪਿਛਲੇ ਕਰਮਾਂ ਅਨੁਸਾਰ (ਤੇਰੇ) ਮੱਥੇ ਉੱਤੇ (ਹਰੀ ਦਾ ਹੁਕਮ ਹੀ ਇਹੋ ਜਿਹਾ) ਲਿਖਿਆ ਹੋਇਆ ਸੀ (ਕਿ ਤੂੰ ਨਾਲ ਹੁੰਦੇ ਹਰੀ ਨੂੰ ਨਾ ਪਛਾਣੇਗੀ)। ਪਿਛਲੇ ਜਨਮ ਵਿਚ (ਕਮਾਏ ਕਰਮਾਂ ਦਾ) ਲੇਖ (ਕਿਸੇ ਪਾਸੋਂ) ਨਹੀਂ ਮਿਟ ਸਕਦਾ। ਕੀ ਜਾਣੀਏ, ਅੱਗੋਂ ਕੀ ਵਾਪਰੇਗੀ? (ਜਿਹੜੀ ਜੀਵ-ਇਸਤਰੀ) ਗੁਣਾਂ ਵਾਲੀ ਤੇ ਉੱਚੇ ਆਚਰਨ ਵਾਲੀ ਨਹੀਂ (ਅਤੇ) ਪ੍ਰਭੂ ਦੇ ਪ੍ਰੇਮ ਵਿਚ ਰਤੀ ਹੋਈ ਨਹੀਂ, ਉਹ ਮੁੜ ਮੁੜ (ਆਪਣੇ) ਔਗੁਣ (ਵੇਖ ਕੇ) ਰੋਵੇਗੀ (ਭਾਵ ਦੁੱਖੀ ਹੋਵੇਗੀ। ਜਿਸ ਤਰ੍ਹਾਂ) ਧਨ ਦੌਲਤ ਅਤੇ ਜੁਆਨੀ ਅੱਕ ਦੇ ਬੂਟੇ ਦੀ ਛਾਂ ਵਾਂਗ (ਨਾਸ਼ਵੰਤ) ਹਨ, (ਤਿਵੇਂ) ਬੁੱਢੇ ਹੋਇਆਂ ਉਮਰ ਦੇ ਦਿਨ ਪੂਰੇ ਹੋ ਜਾਂਦੇ ਹਨ (ਭਾਵ ਅੰਤ ਮਰਨਾ ਹੁੰਦਾ ਹੈ।) ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਪਰਮਾਤਮਾ ਦੇ) ਨਾਮ ਤੋਂ ਬਿਨਾਂ (ਜੀਵ-ਇਸਤਰੀ) ਰੰਡੀ ਹੋ ਜਾਂਦੀ ਹੈ ਅਤੇ ਝੂਠੇ (ਮੋਹ) ਵਿਚ (ਫੱਸ ਕੇ ਪ੍ਰਭੂ ਪਤੀ ਨਾਲੋਂ) ਵਿਛੜ ਜਾਂਦੀ ਹੈ। ੧।

**ਬੂਡੀ ਘਰੁ ਘਾਲਿਓ ਗੁਰ ਕੈ ਭਾਇ ਚਲੋ ॥ ਸਾਚਾ ਨਾਮੁ ਧਿਆਇ ਪਾਵਹਿ ਸੁਖਿ ਮਹਲੋ ॥ ਹਰਿ ਨਾਮੁ ਧਿਆਏ ਤਾ ਸੁਖੁ ਪਾਏ ਪੇਈਅੜੈ ਦਿਨ ਚਾਰੇ ॥ ਨਿਜ ਘਰਿ ਜਾਇ ਬਹੈ ਸਚੁ ਪਾਏ ਅਨਦਿਨੁ ਨਾਲਿ ਪਿਆਰੇ ॥ ਵਿਣੁ ਭਗਤੀ ਘਰਿ ਵਾਸੁ ਨ ਹੋਵੀ ਸੁਣਿਅਹੁ ਲੋਕ ਸਬਾਏ ॥ ਨਾਨਕ ਸਰਸੀ ਤਾ ਪਿਰੁ ਪਾਏ ਰਾਤੀ ਸਾਚੈ ਨਾਏ ॥ ੨ ॥**

## ਪਦ ਅਰਥ :

ਬੂਡੀ-ਹੇ ਡੁੱਬੀ ਹੋਈਏ। ਘਾਲਿਓ-ਬਰਬਾਦ ਕਰ ਲਿਆ ਹੈ। ਭਾਇ-ਪ੍ਰੇਮ ਵਿਚ। ਚਲੋ-ਚਲੁ, ਚੱਲ। ਸੁਖਿ-ਆਤਮਿਕ ਆਨੰਦ ਵਿਚ ਟਿਕ ਕੇ। ਮਹਲੋ-ਮਹੱਲ, ਪਰਮਾਤਮਾ ਦਾ ਟਿਕਾਣਾ। ਪੇਈਅੜੈ-ਪੇਕੇ ਘਰ ਵਿਚ, ਜਗਤ ਵਿਚ। ਚਾਰੇ-ਚਾਰਿ ਹੀ। ਜਾਇ-ਜਾ ਕੇ। ਸਚੁ-ਸਦਾ ਥਿਰ ਰਹਿਣ ਵਾਲਾ ਪ੍ਰਭੂ। ਅਨਦਿਨੁ-ਹਰ ਰੋਜ਼। ਲੋਕ ਸਬਾਏ-ਹੇ ਸਾਰੇ ਲੋਕੋ !। ਸਰਸੀ-ਆਤਮਿਕ ਰਸ ਮਾਣਨ ਵਾਲੀ। ਤਾ-ਤਦੋਂ। ਨਾਏ-ਨ੍ਹਾਇ, ਨਾਮ ਵਿਚ। ਸਾਚੈ ਨਾਏ-ਸਦਾ ਥਿਰ ਨਾਮ ਵਿਚ। ੨।

**ਅਰਥ :**

ਹੇ ਡੁੱਬੀ ਹੋਈ ਜੀਵ-ਇਸਤਰੀਏ! ਤੂੰ (ਸਰੀਰ) ਘਰ ਨੂੰ ਬਰਬਾਦ ਕਰ ਲਿਆ ਹੈ। ਤੂੰ ਗੁਰੂ ਦੇ ਆਸ਼ੇ ਅਨੁਸਾਰ ਚੱਲ। ਸਦਾ ਥਿਰ ਨਾਮ ਸਿਮਰ ਕੇ (ਆਤਮਿਕ) ਸੁੱਖ ਵਿਚ (ਟਿਕ, ਫਿਰ ਪ੍ਰਭੂ ਦਾ) ਮਹੱਲ (ਸਰੂਪ) ਪਾ ਲਵੇਂਗੀ। (ਜੀਵ-ਇਸਤਰੀ) ਹਰੀ ਨਾਮ ਨੂੰ ਸਿਮਰਨਾ ਕਰੇ (ਤਾਂ ਹੀ ਆਤਮਿਕ) ਸੁੱਖ ਪਾ ਸਕਦੀ ਹੈ, (ਪਰ ਮਾਤ ਲੋਕ ਰੂਪ) ਪੇਕੇ ਘਰ ਵਿਚ ਇਸ ਨੇ ਥੋੜਾ ਚਿਰ ਹੀ ਰਹਿਣਾ ਹੈ। (ਨਾਮ ਸਿਮਰਨ ਦਾ ਸਦਕਾ ਜੀਵ-ਇਸਤਰੀ) ਆਪਣੇ (ਸਰੂਪ ਰੂਪੀ) ਘਰ ਵਿਚ ਜਾ ਕੇ ਬੈਠਦੀ ਹੈ, ਸੱਚੇ ਪਤੀ (ਪ੍ਰਭੂ) ਨੂੰ ਪਾ ਲੈਂਦੀ ਹੈ, (ਅਤੇ ਦਿਨ ਰਾਤ (ਉਸ) ਪਿਆਰੇ ਨਾਲ (ਰੱਤੀ ਰਹਿੰਦੀ) ਹੈ। ਹੇ ਸਾਰੇ ਲੋਕੋ ! ਸੁਣ ਲਵੋ (ਪ੍ਰੇਮਾ) ਭਗਤੀ ਕੀਤੇ ਬਿਨਾਂ (ਨਿਜ) ਘਰ ਵਿਚ ਵਾਸਾ ਨਹੀਂ ਹੁੰਦਾ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਇਹ ਜੀਵ ਇਸਤਰੀ) ਆਤਮਿਕ ਰਸ ਦੇ ਮਾਣਨ ਵਾਲੀ ਹੋਣ ਕਰਕੇ ਤਾਂ ਹੀ (ਪ੍ਰਭੂ) ਪਤੀ ਨੂੰ ਪਾ ਲੈਂਦੀ ਹੈ (ਅਤੇ ਉਹ) ਸੱਚੇ ਨਾਮ ਵਿਚ ਹਮੇਸ਼ਾਂ ਲੀਨ ਰਹਿੰਦੀ ਹੈ। ੨।

**ਪਿਰੁ ਧਨ ਭਾਵੈ ਤਾ ਪਿਰ ਭਾਵੈ ਨਾਰੀ ਜੀਉ ॥ ਰੰਗਿ ਪ੍ਰੀਤਮ ਰਾਤੀ ਗੁਰ ਕੈ ਸਬਦਿ ਵੀਚਾਰੀ ਜੀਉ ॥ ਗੁਰ ਸਬਦਿ ਵੀਚਾਰੀ ਨਾਹ ਪਿਆਰੀ ਨਿਵਿ ਨਿਵਿ ਭਗਤਿ ਕਰੇਈ ॥ ਮਾਇਆ ਮੋਹੁ ਜਲਾਏ ਪ੍ਰੀਤਮੁ ਰਸ ਮਹਿ ਰੰਗੁ ਕਰੇਈ ॥ ਪ੍ਰਭ ਸਾਚੇ ਸੇਤੀ ਰੰਗਿ ਰੰਗੇਤੀ ਲਾਲ ਭਈ ਮਨੁ ਮਾਰੀ ॥ ਨਾਨਕ ਸਾਚਿ ਵਸੀ ਸੋਹਾਗਣਿ ਪਿਰ ਸਿਉ ਪ੍ਰੀਤਿ ਪਿਆਰੀ ॥ ੩ ॥**

**ਪਦ ਅਰਥ :**

ਪਿਰੁ ਧਨ ਭਾਵੈ-ਪਤੀ ਇਸਤਰੀ ਨੂੰ ਪਿਆਰਾ ਲੱਗੇ। ਤਾ ਪਿਰ ਭਾਵੈ-ਇਸਤਰੀ ਪਤੀ ਨੂੰ ਪਿਆਰੀ ਲੱਗਦੀ ਹੈ। ਰੰਗਿ-ਰੰਗ ਵਿਚ। ਨਾਹ ਪਿਆਰੀ-ਖਸਮ ਦੀ ਪਿਆਰੀ। ਕਰੇਈ-ਕਰਦੀ ਹੈ। ਰਸ-ਚਾਉ। ਰੰਗੁ-ਪ੍ਰੇਮ, ਪਿਆਰ। ਸੇਤੀ-ਨਾਲ। ਲਾਲ-ਸੋਹਣੀ। ਮਾਰੀ-ਮਾਰ ਕੇ। ਸਾਚਿ-ਸਦਾ ਥਿਰ ਪ੍ਰਭੂ ਵਿਚ।੩।

**ਅਰਥ :**

(ਜਦੋਂ ਜੀਵ-) ਇਸਤਰੀ (ਪ੍ਰਭੂ) ਪਤੀ ਨੂੰ ਚੰਗੀ ਲੱਗੇ, ਤਾਂ ਹੀ (ਪ੍ਰਭੂ) ਪਤੀ ਇਸਤਰੀ ਨੂੰ ਪਿਆਰਾ ਲੱਗਦਾ ਹੈ। ਪ੍ਰਭੂ ਪ੍ਰੀਤਮ ਦੇ ਰੰਗ ਵਿਚ ਰਤੀ ਹੋਈ ਗੁਰੂ ਦੇ ਸ਼ਬਦ ਵਿਚ (ਲੀਨ ਹੋ ਕੇ ਉਹ) ਵੀਚਾਰਵਾਨ (ਬਣ ਜਾਂਦੀ ਹੈ)। ਗੁਰੂ ਦੇ ਸ਼ਬਦ ਦੀ ਵੀਚਾਰ ਵਿਚ ਜੁੜੀ ਹੋਈ ਜੀਵ-ਇਸਤਰੀ ਪ੍ਰਭੂ ਪਤੀ ਦੀ ਪਿਆਰੀ ਹੋ ਜਾਂਦੀ ਹੈ, (ਉਹ) ਅਤੀ ਨਿਰਮਾਣਤਾ ਸਹਿਤ ਭਗਤੀ ਕਰਦੀ ਹੈ। (ਉਹ) ਪਿਆਰਾ ਪ੍ਰੀਤਮ (ਉਸ ਦੇ ਅੰਦਰੋਂ) ਮਾਇਆ ਦਾ ਮੋਹ ਸਾੜ ਦਿੰਦਾ ਹੈ, (ਅਤੇ ਉਹ ਪ੍ਰੀਤਮ ਦੇ) ਰਸ ਵਿਚ ਅਨੰਦ ਮਾਣਦੀ ਹੈ। (ਉਹ ਆਪਣਾ) ਮਨ ਮਾਰ ਕੇ ਸੱਚੇ ਪ੍ਰਭੂ ਦੇ ਰੰਗ ਵਿਚ ਰੰਗੀ ਹੋਈ ਲਾਲ (ਰੰਗ ਵਾਲੀ) ਬਣ ਗਈ ਹੈ। ਨਾਨਕ

(ਗੁਰੂ ਜੀ ਉਚਾਰਨ ਕਰਦੇ ਹਨ ਕਿ) ਸੁਹਾਗਣ (ਇਸਤਰੀ) ਸੱਚ ਵਿਚ ਵਸੀ ਹੋਈ, ਆਪਣੇ ਪਤੀ ਨਾਲ ਪ੍ਰੀਤ ਕਰਕੇ ਪਿਆਰ ਵਾਲੀ (ਬਣ ਜਾਂਦੀ ਹੈ)।੩।

**ਪਿਰ ਘਰਿ ਸੋਹੈ ਨਾਰਿ ਜੇ ਪਿਰ ਭਾਵਏ ਜੀਉ ॥ ਝੂਠੇ ਵੈਣ ਚਵੇ ਕਾਮਿ ਨ ਆਵਏ ਜੀਉ ॥ ਝੂਠੁ ਅਲਾਵੈ ਕਾਮਿ ਨ ਆਵੈ ਨਾ ਪਿਰੁ ਦੇਖੈ ਨੈਣੀ ॥ ਅਵਗੁਣਿਆਰੀ ਕੰਤਿ ਵਿਸਾਰੀ ਛੂਟੀ ਵਿਧਣ ਰੈਣੀ ॥ ਗੁਰ ਸਬਦੁ ਨ ਮਾਨੈ ਫਾਹੀ ਫਾਥੀ ਸਾ ਧਨ ਮਹਲੁ ਨ ਪਾਏ ॥ ਨਾਨਕ ਆਪੇ ਆਪੁ ਪਛਾਣੈ ਗੁਰਮੁਖਿ ਸਹਜਿ ਸਮਾਏ ॥ ੪ ॥**

## ਪਦ ਅਰਥ :

ਪਿਰ ਘਰਿ-ਪਿਰ ਦੇ ਘਰ ਵਿਚ, ਪ੍ਰਭੂ-ਪਤੀ ਦੇ ਦਰ 'ਤੇ। ਸੋਹੈ-ਸੋਭਦੀ ਹੈ, ਸੋਭਾ ਪਾਉਂਦੀ ਹੈ। ਪਿਰ ਭਾਵਏ-ਪ੍ਰਭੂ-ਪਤੀ ਨੂੰ ਚੰਗੀ ਲੱਗੇ। ਵੈਣ- ਬਚਨ, ਬੋਲ। ਚਵੈ-ਬੋਲੈ। ਕਾਮਿ ਨ ਆਵੈ-ਕੰਮ ਨਹੀਂ ਆਉਂਦਾ। ਅਲਾਵੈ-ਬੋਲਦੀ ਹੈ। ਨੈਣੀ-ਅੱਖਾਂ ਨਾਲ। ਅਵਗੁਣਿਆਰੀ-ਔਗੁਣਾਂ ਨਾਲ ਭਰੀ ਹੋਈ। ਕੰਤਿ-ਕੰਤ ਨੇ। ਵਿਸਾਰੀ-ਤਿਆਗੀ ਹੋਈ। ਛੂਟੀ-ਛੁੱਟੜ ਹੋ ਜਾਂਦੀ ਹੈ। ਵਿਧਣ-ਦੁੱਖੀ। ਰੈਣੀ-ਜ਼ਿੰਦਗੀ ਦੀ ਰਾਤ। ਸਾ ਧਨ-ਜੀਵ-ਇਸਤਰੀ। ਮਹਲੁ-ਪ੍ਰਭੂ ਦਾ ਦਰ-ਘਰ। ਆਪੇ ਆਪੁ-ਆਪਣੇ ਆਪ ਨੂੰ। ਗੁਰਮੁਖਿ-ਗੁਰੂ ਦੀ ਸ਼ਰਨ ਪੈ ਕੇ। ਸਹਜਿ-ਆਤਮਿਕ ਅਡੋਲਤਾ ਵਿਚ।੪।

## ਅਰਥ :

ਪਤੀ ਦੇ ਘਰ ਵਿਚ ਇਸਤਰੀ (ਤਾਂ ਹੀ) ਸੋਭਾ ਪਾਉਂਦੀ ਹੈ, (ਜੇ ਜੀਵ-ਇਸਤਰੀ) ਪ੍ਰਭੂ ਪਤੀ ਨੂੰ ਚੰਗੀ ਲੱਗੇ। ਝੂਠੇ ਬਚਨ ਬੋਲਣ ਵਾਲੀ (ਜੀਵ-ਇਸਤਰੀ) ਕਿਸੇ ਕੰਮ ਨਹੀਂ ਆਉਂਦੀ। ਜੋ ਝੂਠ ਬੋਲਦੀ ਹੈ (ਉਹ ਪਤੀ ਦੇ) ਕੰਮ ਨਹੀਂ ਆਉਂਦੀ (ਅਤੇ ਨਾ ਹੀ ਉਹ) ਅੱਖਾਂ ਨਾਲ (ਪ੍ਰਭੂ ਪਤੀ) ਨੂੰ ਵੇਖ ਸਕਦੀ ਹੈ। ਉਸ ਔਗੁਣਆਰੀ ਨੂੰ (ਪ੍ਰਭੂ) ਪਤੀ ਨੇ ਵਿਸਾਰ ਦਿੱਤਾ ਹੈ, (ਅਤੇ ਉਸ) ਛੁੱਟੜ ਦੀ ਉਮਰ ਦੀ ਰਾਤ ਦੁੱਖਾਂ ਵਿਚ ਹੀ ਬੀਤਦੀ ਹੈ। (ਜਿਹੜੀ ਇਸਤਰੀ) ਗੁਰੂ ਸ਼ਬਦ (ਉਪਦੇਸ਼ ਨੂੰ) ਨਹੀਂ ਮੰਨਦੀ, ਉਹ ਬੰਧਨਾਂ ਵਿਚ ਫੱਸੀ ਰਹਿੰਦੀ ਹੈ, (ਉਹ) ਜੀਵ-ਇਸਤਰੀ ਪ੍ਰਭੂ ਪਤੀ ਦਾ (ਸਰੂਪ ਰੂਪੀ) ਘਰ ਨਹੀਂ ਪਾ ਸਕਦੀ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਉਹ ਗੁਰਮੁਖ ਗੁਰੂ ਰਾਹੀਂ ਆਪਣੇ ਆਪ (ਸਰੂਪ) ਨੂੰ ਪਛਾਣੇ ਤਾਂ ਹੀ (ਆਤਮਿਕ) ਅਡੋਲ ਅਵੱਸਥਾ ਵਿਚ ਲੀਨ ਹੋ ਸਕਦੀ ਹੈ।੪।

**ਧਨ ਸੋਹਾਗਣਿ ਨਾਰਿ ਜਿਨਿ ਪਿਰੁ ਜਾਣਿਆ ਜੀਉ ॥ ਨਾਮ ਬਿਨਾ ਕੂੜਿਆਰਿ ਕੂੜੁ ਕਮਾਣਿਆ ਜੀਉ ॥ ਹਰਿ ਭਗਤਿ ਸੁਹਾਵੀ ਸਾਚੇ ਭਾਵੀ ਭਾਇ ਭਗਤਿ ਪ੍ਰਭ ਰਾਤੀ ॥ ਪਿਰੁ ਰਲੀਆਲਾ ਜੋਬਨਿ ਬਾਲਾ ਤਿਸੁ ਰਾਵੇ**

**ਰੰਗਿ ਰਾਤੀ ॥ ਗੁਰ ਸਬਦਿ ਵਿਗਾਸੀ ਸਹੁ ਰਾਵਾਸੀ ਫਲੁ ਪਾਇਆ ਗੁਣਕਾਰੀ॥ ਨਾਨਕ ਸਾਚੁ ਮਿਲੈ ਵਡਿਆਈ ਪਿਰ ਘਰਿ ਸੋਹੈ ਨਾਰੀ॥ ੫ ॥ ੩ ॥**

## ਪਦ ਅਰਥ :

ਧਨ-ਮੁਬਾਰਕ, ਕਿਸਮਤ ਵਾਲੀ। ਸੋਹਾਗਣਿ-ਚੰਗੇ ਭਾਗਾਂ ਵਾਲੀ। ਨਾਰਿ-ਇਸਤਰੀ। ਜਿਨਿ-ਜਿਸ (ਨਾਰਿ)ਨੇ। ਕੂੜਿਆਰਿ-ਕੂੜ ਦੀ ਵਣਜਾਰਨ। ਸੁਹਾਵੀ-ਸੋਹਣੀ। ਭਾਵੀ-ਪਿਆਰੀ ਲੱਗੀ। ਭਾਇ-ਪ੍ਰੇਮ ਵਿਚ। ਭਾਇ ਭਗਤਿ ਪ੍ਰਭ-ਪ੍ਰਭੂ ਦੇ ਪ੍ਰੇਮ ਵਿਚ, ਪ੍ਰਭੂ ਦੀ ਭਗਤੀ ਵਿਚ। ਰਲੀਆਲਾ-ਰਲੀਆ ਦਾ ਘਰ, ਆਨੰਦ ਦਾ ਸੋਮਾ। ਜੋਬਨਿ ਬਾਲਾ-ਚੜ੍ਹਦੀ ਜਵਾਨੀ ਵਾਲਾ। ਤਿਸੁ-ਉਸ (ਪਿਰ) ਨੂੰ। ਰੰਗਿ-ਰੰਗ ਵਿਚ, ਪ੍ਰੇਮ ਵਿਚ। ਵਿਗਾਸੀ-ਖਿੜੇ ਹਿਰਦੇ ਵਾਲੀ। ਸਹੁ-ਖਸਮ (ਨੂੰ)। ਰਾਵਾਸੀ-ਮਾਣਦੀ ਹੈ, ਮਿਲਾਪ ਪ੍ਰਾਪਤ ਕਰਦੀ ਹੈ। ਗੁਣਕਾਰੀ-ਗੁਣ ਪੈਦਾ ਕਰਨ ਵਾਲਾ। ਸਾਚੁ-ਸਦਾ-ਥਿਰ ਪ੍ਰਭੂ।੫।੩।

## ਅਰਥ :

(ਉਹ ਜੀਵ-) ਇਸਤਰੀ ਭਾਗਾਂ ਵਾਲੀ ਹੈ, ਜਿਸ ਨੇ ਪਤੀ (ਪਰਮੇਸ਼ਰ) ਨੂੰ ਪਛਾਣ ਲਿਆ ਹੈ। ਪਰ ਜਿਸ ਨੇ (ਪ੍ਰਭੂ) ਪਤੀ ਨੂੰ ਵਿਸਾਰ ਦਿੱਤਾ ਹੈ, ਉਹ ਨਾਮ ਹੀਣ ਕੂੜਿਆਰ ਹੈ, (ਅਤੇ ਉਹ) ਕੂੜ ਹੀ ਕਮਾਉਂਦੀ ਹੈ। (ਜੋ ਜੀਵ-ਇਸਤਰੀ) ਹਰੀ ਦੀ ਪ੍ਰੇਮਾ ਭਗਤੀ ਕਰਦੀ ਹੈ, ਉਹ ਸੁਹਾਵਣੀ ਹੈ, ਕਿਉਂਕਿ ਸੱਚੇ (ਪਤੀ ਨੂੰ) ਚੰਗੀ ਲੱਗਦੀ ਹੈ, ਉਹ ਪ੍ਰੇਮਾ ਭਗਤੀ ਕਰਕੇ (ਸੱਚੇ) ਪ੍ਰਭੂ ਵਿਚ ਰੱਤੀ ਰਹਿੰਦੀ ਹੈ। ਹਰੀ ਪਤੀ ਜੋ ਖ਼ੁਸ਼ੀਆਂ ਦਾ ਘਰ, ਚੜ੍ਹਦੀ ਜਵਾਨੀ ਵਾਲਾ ਹੈ, ਉਸ ਦੇ ਪ੍ਰੇਮ ਰੰਗ ਵਿਚ ਰੰਗੀ ਹੋਈ, ਪ੍ਰਭੂ ਪਤੀ ਦੇ ਅਨੰਦ ਨੂੰ ਮਾਣਦੀ ਹੈ। ਗੁਰੂ ਦੇ ਸ਼ਬਦ ਦੁਆਰਾ (ਜੋ ਇਸਤਰੀ ਆਤਮਿਕ ਤੌਰ) 'ਤੇ ਖਿੜ ਗਈ ਹੈ, ਉਹ (ਪ੍ਰਭੂ) ਪਤੀ ਦਾ ਅਨੰਦ ਮਾਣਦੀ ਹੈ। ਉਸ ਨੇ ਗੁਣ ਕਰਨ ਵਾਲਾ ਗਿਆਨ ਫਲ ਪਾ ਲਿਆ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਐਸੀ ਜੀਵ-ਇਸਤਰੀ ਨੂੰ) ਸੱਚ (ਸਰੂਪ ਦੀ ਪ੍ਰਾਪਤੀ) ਰੂਪ ਵਡਿਆਈ ਮਿਲਦੀ ਹੈ ਅਤੇ ਉਹ ਇਸਤਰੀ ਸੱਚ ਸਰੂਪ ਪਤੀ ਦੇ ਘਰ ਵਿਚ ਸੋਭਾ ਪਾਉਂਦੀ ਹੈ।੫।੩।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧੦੨ (ਅੰਗ ੬੯੦)

ਧਨਾਸਰੀ ਛੰਤ ਮਹਲਾ ੪ ਘਰੁ ੧ ੴ ਸਤਿਗੁਰ ਪ੍ਰਸਾਦਿ ॥

ਹਰਿ ਜੀਉ ਕ੍ਰਿਪਾ ਕਰੇ ਤਾ ਨਾਮੁ ਧਿਆਈਐ ਜੀਉ ॥ ਸਤਿਗੁਰੁ ਮਿਲੈ ਸੁਭਾਇ ਸਹਜਿ ਗੁਣ ਗਾਈਐ ਜੀਉ ॥ ਗੁਣ ਗਾਇ ਵਿਗਸੈ ਸਦਾ ਅਨਦਿਨੁ ਜਾ ਆਪਿ ਸਾਚੇ ਭਾਵਏ ॥ ਅਹੰਕਾਰੁ ਹਉਮੈ ਤਜੈ ਮਾਇਆ ਸਹਜਿ ਨਾਮਿ ਸਮਾਵਏ ॥ ਆਪਿ ਕਰਤਾ ਕਰੇ ਸੋਈ ਆਪਿ ਦੇਇ ਤ ਪਾਈਐ ॥ ਹਰਿ ਜੀਉ ਕ੍ਰਿਪਾ ਕਰੇ ਤਾ ਨਾਮੁ ਧਿਆਈਐ ਜੀਉ ॥ ੧ ॥ ਅੰਦਰਿ ਸਾਚਾ ਨੇਹੁ ਪੂਰੇ ਸਤਿਗੁਰੈ ਜੀਉ ॥ ਹਉ ਤਿਸੁ ਸੇਵੀ ਦਿਨੁ ਰਾਤਿ ਮੈ ਕਦੇ ਨ ਵੀਸਰੈ ਜੀਉ ॥ ਕਦੇ ਨ ਵਿਸਾਰੀ ਅਨਦਿਨੁ ਸਮ੍ਹਾਰੀ ਜਾ ਨਾਮੁ ਲਈ ਤਾ ਜੀਵਾ ॥ ਸ੍ਰਵਣੀ ਸੁਣੀ ਤ ਇਹੁ ਮਨੁ ਤ੍ਰਿਪਤੈ ਗੁਰਮੁਖਿ ਅੰਮ੍ਰਿਤੁ ਪੀਵਾ ॥ ਨਦਰਿ ਕਰੇ ਤਾ ਸਤਿਗੁਰੁ ਮੇਲੇ ਅਨਦਿਨੁ ਬਿਬੇਕ ਬੁਧਿ ਬਿਚਰੈ ॥ ਅੰਦਰਿ ਸਾਚਾ ਨੇਹੁ ਪੂਰੇ ਸਤਿਗੁਰੈ ॥ ੨ ॥ ਸਤਸੰਗਤਿ ਮਿਲੈ ਵਡਭਾਗਿ ਤਾ ਹਰਿ ਰਸੁ ਆਵਏ ਜੀਉ ॥ ਅਨਦਿਨੁ ਰਹੈ ਲਿਵ ਲਾਇ ਤ ਸਹਜਿ ਸਮਾਵਏ ਜੀਉ ॥ ਸਹਜਿ ਸਮਾਵੈ ਤਾ ਹਰਿ ਮਨਿ ਭਾਵੈ ਸਦਾ ਅਤੀਤੁ ਬੈਰਾਗੀ ॥ ਹਲਤਿ ਪਲਤਿ ਸੋਭਾ ਜਗ ਅੰਤਰਿ ਰਾਮ ਨਾਮਿ ਲਿਵ ਲਾਗੀ ॥ ਹਰਖ ਸੋਗ ਦੁਹਾ ਤੇ ਮੁਕਤਾ ਜੋ ਪ੍ਰਭੁ ਕਰੇ ਸੁ ਭਾਵਏ ॥ ਸਤਸੰਗਤਿ ਮਿਲੈ ਵਡਭਾਗਿ ਤਾ ਹਰਿ ਰਸੁ ਆਵਏ ਜੀਉ ॥ ੩ ॥ ਦੂਜੈ ਭਾਇ ਦੁਖੁ ਹੋਇ ਮਨਮੁਖ ਜਮਿ ਜੋਹਿਆ ਜੀਉ ॥ ਹਾਇ ਹਾਇ ਕਰੇ ਦਿਨੁ ਰਾਤਿ ਮਾਇਆ ਦੁਖਿ ਮੋਹਿਆ ਜੀਉ ॥ ਮਾਇਆ ਦੁਖਿ ਮੋਹਿਆ ਹਉਮੈ ਰੋਹਿਆ ਮੇਰੀ ਮੇਰੀ ਕਰਤ ਵਿਹਾਵਏ ॥ ਜੋ ਪ੍ਰਭੁ ਦੇਇ ਤਿਸੁ ਚੇਤੈ ਨਾਹੀ ਅੰਤਿ ਗਇਆ ਪਛੁਤਾਵਏ ॥ ਬਿਨੁ ਨਾਵੈ ਕੋ ਸਾਥਿ ਨ

ਚਾਲੈ ਪੁਤ੍ਰ ਕਲਤ੍ਰ ਮਾਇਆ ਧੋਹਿਆ ॥ ਦੂਜੈ ਭਾਇ ਦੁਖੁ ਹੋਇ ਮਨਮੁਖਿ ਜਮਿ ਜੋਹਿਆ ਜੀਉ ॥੪॥ ਕਰਿ ਕਿਰਪਾ ਲੇਹੁ ਮਿਲਾਇ ਮਹਲੁ ਹਰਿ ਪਾਇਆ ਜੀਉ ॥ ਸਦਾ ਰਹੈ ਕਰ ਜੋੜਿ ਪ੍ਰਭੁ ਮਨਿ ਭਾਇਆ ਜੀਉ ॥ ਪ੍ਰਭੁ ਮਨਿ ਭਾਵੈ ਤਾ ਹੁਕਮਿ ਸਮਾਵੈ ਹੁਕਮੁ ਮੰਨਿ ਸੁਖੁ ਪਾਇਆ ॥ ਅਨਦਿਨੁ ਜਪਤ ਰਹੈ ਦਿਨੁ ਰਾਤੀ ਸਹਜੇ ਨਾਮੁ ਧਿਆਇਆ ॥ ਨਾਮੋ ਨਾਮੁ ਮਿਲੀ ਵਡਿਆਈ ਨਾਨਕ ਨਾਮੁ ਮਨਿ ਭਾਵਏ ॥ ਕਰਿ ਕਿਰਪਾ ਲੇਹੁ ਮਿਲਾਇ ਮਹਲੁ ਹਰਿ ਪਾਵਏ ਜੀਉ ॥੫॥੧॥

# ਪ੍ਰਾਕ੍ਥਨ :-

ਇਹ ਪਾਵਨ ਸ਼ਬਦ ਸੋਢੀ ਸੁਲਤਾਨ ਸਤਿਗੁਰੂ ਰਾਮਦਾਸ ਜੀ ਦਾ ਛੰਤ ਛੰਦ ਦੀ ਚਾਲ ਵਿਚ ਧਨਾਸਰੀ ਰਾਗ ਅੰਦਰ ਪੰਜ ਪਦਿਆਂ ਵਾਲਾ ਉਚਾਰਨ ਕੀਤਾ ਹੋਇਆ ਹੈ। ਇਸ ਦੇ ਆਰੰਭ ਵਿਚ ਗੁਰਦੇਵ ਨੇ ਪ੍ਰਭੂ ਦਾ ਨਾਮ ਹਰੀ ਦੀ ਕ੍ਰਿਪਾ ਕਰਕੇ ਜਪਣਾ ਦਰਸਾਇਆ ਹੈ।

## ਵਿਸ਼ਾ—ਪ੍ਰਭਿ ਕਿਰਪਾ ਤੇ ਨਾਮੁ ਧਿਆਈਐ॥

ਕ੍ਰਿਪਾ ਵਿਦਵਾਨਾਂ ਨੇ ਦੋ ਤਰ੍ਹਾਂ ਦੀ ਕਥਨ ਕੀਤੀ ਹੈ : ੧. ਇਕ ਸਾਧਾਰਨ ਕ੍ਰਿਪਾ ਹੈ। ਦੂਜੀ ਵਿਸ਼ਸ਼ਟ ਕ੍ਰਿਪਾ ਹੈ। ਪਹਿਲੀ ਸਾਧਾਰਨ ਕ੍ਰਿਪਾ ਇਹ ਸਰਬ ਵਿਆਪੀ ਮੰਨੀ ਹੈ। ਹਰ ਇਕ ਮਨੁੱਖ ਮਾਤਰ ਨੂੰ ਸਭ ਥਾਂ ਹਮੇਸ਼ਾ ਪ੍ਰਾਪਤ ਹੁੰਦੀ ਹੈ। ਕਿਉਂਕਿ ਉਸਦੀ ਕ੍ਰਿਪਾ ਤੋਂ ਬਿਨਾਂ ਮਨੁੱਖ ਜੀਅ ਨਹੀਂ ਸਕਦਾ, ਇਕ ਸਵਾਸ ਵੀ ਨਹੀਂ ਲੈ ਸਕਦਾ। ਇਸ ਲਈ ਹਰ ਇਕ ਥਾਂ ਹਰੇਕ ਪ੍ਰਾਣੀ ਦੀ ਸਰੀਰਕ ਪ੍ਰਾਣਾਂ ਦੀ ਇਕ ਨਿਯਮ ਬੱਧ ਚੱਲਣ ਦੀ ਕਿਰਿਆ ਉਸਦੀ ਕ੍ਰਿਪਾ ਨਾਲ ਹੀ ਹੋ ਰਹੀ ਹੈ। ੨. ਦੂਸਰੀ ਵਿਸ਼ਸ਼ਟ ਕ੍ਰਿਪਾ ਧਾਰਮਿਕ ਦੁਨੀਆਂ ਅੰਦਰ ਅਧਿਆਤਮਿਕ ਯਾਤਰਾ ਦੀ ਸਫ਼ਲਤਾ ਜਿਸ ਨਾਲ ਪ੍ਰਭੂ ਦਾ ਨਾਮ ਜਪ ਕੇ ਪ੍ਰਮਾਰਥ ਦਾ ਪਾਂਧੀ ਰਸਤੇ 'ਚ ਆਉਣ ਵਾਲੀਆਂ ਮੁਸ਼ਕਿਲਾਂ ਨੂੰ ਪ੍ਰਭੂ ਕ੍ਰਿਪਾ ਨਾਲ ਸੁਖੈਣ ਲੰਘਦਾ ਹੋਇਆ, ਪ੍ਰਮਾਤਮਾ ਦੀ ਪ੍ਰਾਪਤੀ ਰੂਪ ਆਪਣੀ ਮੰਜ਼ਿਲ 'ਤੇ ਪਹੁੰਚ ਜਾਂਦਾ ਹੈ। ਜਿਸ ਪ੍ਰਭੂ ਦੀ ਕ੍ਰਿਪਾ ਨਾਲ ਇਹ ਸਾਰਾ ਮਾਰਗ ਨਾਮ ਜਪਦਿਆਂ ਸੌਖਿਆਂ ਤਹਿ ਕਰ ਲੈਂਦਾ ਹੈ, ਇਸ ਕ੍ਰਿਪਾ ਨੂੰ ਸ਼ਾਸਤਰਕਾਰਾਂ ਨੇ ਵਿਸ਼ਸ਼ਟ ਕ੍ਰਿਪਾ ਕਥਨ ਕੀਤਾ ਹੈ ਅਤੇ ਗੁਰਮਤਿ ਮਾਰਗ ਵਿਚ ਗੁਰਬਾਣੀ ਤੇ ਗੁਰ ਇਤਿਹਾਸ ਅਨੁਸਾਰ ਪੰਜ ਤਰ੍ਹਾਂ ਦੀ ਕ੍ਰਿਪਾ ਦਾ ਵੀ ਜ਼ਿਕਰ ਕੀਤਾ ਜਾ ਸਕਦਾ ਹੈ :

੧. ਪ੍ਰਭ ਕ੍ਰਿਪਾ ੨. ਗੁਰ ਕ੍ਰਿਪਾ ੩. ਸੰਤ ਕ੍ਰਿਪਾ ੪. ਸਾਧ ਕ੍ਰਿਪਾ ੫.ਖ਼ਾਲਸਾ ਕ੍ਰਿਪਾ।

੧. ਪ੍ਰਭ ਕਿਰਪਾ ਤੇ ਨਾਮੁ ਧਿਆਈਐ॥ (ਅੰਗ ੧੮੦)

੨. ਗੁਰ ਕਿਰਪਾ ਤੇ ਨਾਮੁ ਵਖਾਣੁ॥ (ਅੰਗ ੧੮੯)

੩. ਸੰਤ ਕਿਰਪਾ ਤੇ ਜਪੀਐ ਨਾਮੁ॥ (ਅੰਗ ੧੮੯)

੪. ਸਾਧ ਕਿਰਪਾ ਤੇ ਸੂਕਾ ਹਰਿਆ॥ (ਅੰਗ ੧੦੨)

੫. ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ ਨਹੀ ਮੋ ਸੋ ਗਰੀਬ ਕ੍ਰੋਰ ਪਰੇ॥ (ਦਸਮ ਗ੍ਰੰਥ)

***ਅਥਵਾ: ਕਰਿ ਕਿਰਪਾ ਦੀਓ ਮੋਹਿ ਨਾਮਾ ਬੰਧਨ ਤੇ ਛੁਟਕਾਏ॥***
***ਮਨ ਤੇ ਬਿਸਰਿਓ ਸਗਲੋ ਧੰਧਾ ਗੁਰ ਕੀ ਚਰਣੀ ਲਾਏ॥੧॥***
***ਸਾਧਸੰਗਿ ਚਿੰਤ ਬਿਰਾਨੀ ਛਾਡੀ॥***

*ਅਹੰਬੁਧਿ ਮੋਹ ਮਨ ਬਾਸਨ ਦੇ ਕਰਿ ਗਡਹਾ ਗਾਡੀ॥ ੧ ॥ ਰਹਾਉ॥*
*ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ ॥*
*ਬ੍ਰਹਮੁ ਪਸਾਰੁ ਪਸਾਰਿਓ ਭੀਤਰਿ ਸਤਿਗੁਰ ਤੇ ਸੋਝੀ ਪਾਈ ॥ ੨ ॥*
*ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ ॥*
*ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ ॥ ੩ ॥*
*ਬਿਨਸਿਓ ਢੀਠਾ ਅੰਮ੍ਰਿਤੁ ਵੂਠਾ ਸਬਦੁ ਲਗੋ ਗੁਰ ਮੀਠਾ ॥*
*ਜਲਿ ਥਲਿ ਮਹੀਅਲਿ ਸਰਬ ਨਿਵਾਸੀ ਨਾਨਕ ਰਮਈਆ ਡੀਠਾ॥੪॥੩॥*

(ਅੰਗ ੬੭੧)

ਉਸ ਦੀ ਕਿਰਪਾ ਤੋਂ ਬਿਨਾਂ ਨਾਮ ਜਪਣਾ ਔਖਾ ਹੈ। ਮੰਦ ਕਰਮੀ ਮਨੁੱਖ ਭੈੜਿਆਂ ਕੰਮਾਂ ਵਿਚ ਲੱਗ ਕੇ ਜੀਵਨ ਬਰਬਾਦ ਕਰ ਲੈਂਦਾ ਹੈ। ਐਸੇ ਮਨੁੱਖ ਨੂੰ ਤਾਂ ''ਅੰਮ੍ਰਿਤ ਕਉਰਾ ਬਿਖਿਆ ਮੀਠੀ॥'' ਲੱਗਦੀ ਹੈ। ਨਾਮ ਅੰਮ੍ਰਿਤ ਉਸ ਨੂੰ ਕਦੋਂ ਚੰਗਾ ਲੱਗਦਾ ਹੈ।

## ਸਾਖੀ—ਆਖਣ ਅਉਖਾ ਸਾਚਾ ਨਾਉ

ਤੀਰਥ ਸੰਗ੍ਰਹਿ ਜਿਸ ਦੇ ਲੇਖਕ ਪੰਡਿਤ ਤਾਰਾ ਸਿੰਘ ਨਰੋਤਮ ਜੀ ਹਨ। ਉਹਨਾਂ ਨੇ ਇਸ ਗ੍ਰੰਥ ਵਿਚ ਜ਼ਿਕਰ ਕੀਤਾ ਹੈ ਕਿ ਕਲਗੀਧਰ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਪਾਸ ਅਨੰਦਪੁਰ ਸਾਹਿਬ ਵਿਚ ਕਾਂਸ਼ੀ ਤੋਂ ਪੰਡਿਤ ਆਏ ਤੇ ਬੇਨਤੀ ਕੀਤੀ, ਕਿ ਮਹਾਰਾਜ! ਸਾਡੀ ਪੂਜਾ ਭੇਟਾ ਦਾ ਕੰਮ ਠਪ ਹੋ ਗਿਆ ਹੈ, ਇਹ ਸਭ ਸਿੱਖਾਂ ਨੇ ਸਾਂਭ ਲਿਆ ਹੈ। ਤਾਂ ਗੁਰੂ ਜੀ ਨੇ ਕਿਹਾ ਕਿ ਤੁਸੀਂ ਸਾਡੇ ਪਾਸ ਰਹੋ ਤੇ ਅੱਠ ਘੰਟੇ ਵਾਹਿਗੁਰੂ ਦਾ ਸਿਮਰਨ ਕਰਿਆ ਕਰੋ, ਅਸੀਂ ਹਰ ਰੋਜ਼ ਤੁਹਾਨੂੰ ਪੰਜ-ਪੰਜ ਮੋਹਰਾਂ ਅਤੇ ਖੰਡ ਘਿਉ ਆਦਿਕ ਪਦਾਰਥ ਦਿਆ ਕਰਾਂਗੇ। ਅਸੀਂ ਤੁਹਾਨੂੰ ਰੇਸ਼ਮੀ ਵਸਤਰ ਵੀ ਦੇਵਾਂਗੇ। ਤਾਂ ਸਾਰੇ ਪੰਡਿਤ ਸਲਾਹ ਕਰਕੇ ਸਿਮਰਨ ਕਰਨ ਲੱਗ ਪਏ। ਕੁਝ ਦੇਰ ਤੋਂ ਬਾਅਦ ਆਪਸ ਵਿਚ ਗੱਲਾਂ ਕਰਨ ਲੱਗ ਪਏ ਤਾਂ ਗੁਰੂ ਜੀ ਨੇ ਭਾਈ ਆਲਮ ਸਿੰਘ ਦਾ ਪਹਿਰਾ ਲਾ ਦਿੱਤਾ, ਕਿ ਇਹਨਾਂ ਨੂੰ ਗੱਲਾਂ ਨਹੀਂ ਕਰਨ ਦੇਣੀਆਂ। ਦੂਜੇ ਦਿਨ ਸਾਰੇ ਪੰਡਿਤ ਮੁੱਕਰ ਗਏ, ਕਿ ਗੁਰੂ ਜੀ, ਇਹ ਕੰਮ ਤਾਂ ਬਹੁਤ ਹੀ ਕਠਿਨ ਹੈ। ਸਾਡੇ ਪਾਸੋਂ ਇਹ ਨਹੀਂ ਹੋ ਸਕਦਾ, ਅਸੀਂ ਤਾਂ ਇਹ ਕੰਮ ਹੀ ਕਰ ਸਕਦੇ ਹਾਂ:

*ਰਾਹੂ ਕੇਤੂ ਦੋਇ ਬੈਲ ਹਮਾਰੇ ਸਾੜਸਤੀ ਹੈ ਖੇਤੀ।*
*ਪਤ੍ਰੀ ਹਮਾਰੀ ਬੜੀ ਸ਼ਿਕਾਰਨ ਮਾਰ ਲਿਆਵੇ ਛੇਤੀ।*

ਦਸਮੇਸ਼ ਗੁਰੂ ਜੀ ਕਹਿਣ ਲੱਗੇ, ਭਾਈ, ਪ੍ਰਮੇਸ਼ਰ ਦਾ ਨਾਮ ਉਸ ਵਾਹਿਗੁਰੂ ਜੀ ਦੀ ਕ੍ਰਿਪਾ ਨਾਲ ਹੀ ਜਪਿਆ ਜਾ ਸਕਦਾ ਹੈ। ਬਿਨਾਂ ਪ੍ਰਮਾਤਮਾ ਦੀ ਕਿਰਪਾ ਤੋਂ ਨਾਮ ਜੱਪਣਾ ਔਖਾ ਹੈ। ਜਿਸ ਉਪਰ ਉਸ ਦੀ ਕਿਰਪਾ ਹੋ ਜਾਂਦੀ ਹੈ, ਉਹ ਨਾਮ ਤੋਂ ਬਿਨਾਂ ਰਹਿ ਨਹੀਂ ਸਕਦਾ। ਉਸ ਦੇ ਜੀਵਨ ਦਾ ਨਾਮ ਹੀ ਆਧਾਰ

ਬਣ ਜਾਂਦਾ ਹੈ। ਇਹ ਕਾਂਸ਼ੀ ਤੋਂ ਚੱਲ ਕੇ ਆਏ ਹੋਏ ਬ੍ਰਾਹਮਣ ਰਾਹੂ ਕੇਤੂ ਦੇ ਉਪਾਸ਼ਕ ਸਨ। ਪ੍ਰਭੂ ਦੀ ਕਿਰਪਾ ਵਾਲੇ ਸਨ।

**ਧਨਾਸਰੀ ਛੰਤ ਮਹਲਾ ੪ ਘਰੁ ੧ ੴ ਸਤਿਗੁਰ ਪ੍ਰਸਾਦਿ॥**

**ਹਰਿ ਜੀਉ ਕ੍ਰਿਪਾ ਕਰੇ ਤਾ ਨਾਮੁ ਧਿਆਈਐ ਜੀਉ ॥ ਸਤਿਗੁਰੁ ਮਿਲੈ ਸੁਭਾਇ ਸਹਜਿ ਗੁਣ ਗਾਈਐ ਜੀਉ ॥ ਗੁਣ ਗਾਇ ਵਿਗਸੈ ਸਦਾ ਅਨਦਿਨੁ ਜਾ ਆਪਿ ਸਾਚੇ ਭਾਵਏ ॥ ਅਹੰਕਾਰੁ ਹਉਮੈ ਤਜੈ ਮਾਇਆ ਸਹਜਿ ਨਾਮਿ ਸਮਾਵਏ ॥ ਆਪਿ ਕਰਤਾ ਕਰੇ ਸੋਈ ਆਪਿ ਦੇਇ ਤ ਪਾਈਐ ॥ ਹਰਿ ਜੀਉ ਕ੍ਰਿਪਾ ਕਰੇ ਤਾ ਨਾਮੁ ਧਿਆਈਐ ਜੀਉ ॥ ੧ ॥**

## ਪਦ ਅਰਥ :

ਧਿਆਈਐ-ਸਿਮਰਿਆ ਜਾ ਸਕਦਾ ਹੈ। ਸੁਭਾਇ-ਪ੍ਰੇਮ ਵਿਚ। ਸਹਜਿ-ਆਤਮਿਕ ਅਡੋਲਤਾ ਵਿਚ। ਗਾਈਐ-ਗਾ ਸਕੀਦਾ ਹੈ। ਵਿਗਸੈ-ਖਿੜਿਆ ਰਹਿੰਦਾ ਹੈ। ਗਾਇ-ਗਾ ਕੇ। ਅਨਦਿਨੁ-ਹਰ ਰੋਜ਼, ਹਰ ਵੇਲੇ। ਸਾਚੇ ਭਾਵਏ-ਸਦਾ ਕਾਇਮ ਰਹਿਣ ਵਾਲੇ ਪਰਮਾਤਮਾ ਨੂੰ ਚੰਗਾ ਲੱਗੇ। ਭਾਵਏ-ਭਾਵੈ, ਚੰਗਾ ਲੱਗੇ। ਨਾਮਿ-ਨਾਮ ਵਿਚ। ਸਮਾਵਏ-ਸਮਾ ਜਾਂਦਾ ਹੈ। ਦੇਇ-ਦੇਂਦਾ ਹੈ। ੧।

## ਅਰਥ :

(ਹੇ ਭਾਈ!) ਜਦੋਂ) ਹਰੀ (ਪ੍ਰਭੂ) ਆਪਣੀ ਕਿਰਪਾ ਕਰੇ ਤਾਂ (ਹੀ ਨਾਮ) ਸਿਮਰਿਆ ਜਾ ਸਕਦਾ ਹੈ। (ਜੇਕਰ ਮਨੁੱਖ ਨੂੰ) ਸੁਭਾਵਿਕ ਹੀ ਸਤਿਗੁਰੂ ਮਿਲ ਪਵੇ ਤਾਂ ਅਡੋਲ ਅਵੱਸਥਾ ਵਿਚ (ਟਿਕ ਕੇ ਹਰੀ ਪ੍ਰਭੂ ਦੇ) ਗੁਣਾਂ ਨੂੰ ਗਾਇਆ ਜਾ ਸਕਦਾ ਹੈ। ਜਾਂ ਆਪ ਸੱਚੇ (ਪ੍ਰਮਾਤਮਾ) ਨੂੰ ਚੰਗਾ ਲੱਗੇ ਤਾਂ ਮਨੁੱਖ ਦਿਨ ਰਾਤ ਹਰੀ (ਪ੍ਰਭੂ) ਦੇ ਗੁਣ ਗਾ ਕੇ ਖਿੜਿਆ ਰਹਿੰਦਾ ਹੈ। ਉਹ (ਮਨੁੱਖ) ਮਾਇਆ ਦਾ ਹੰਕਾਰ ਤੇ ਮਮਤਾ ਤਿਆਗ ਦੇਂਦਾ ਹੈ। ਨਾਮ ਸਿਮਰਨ ਦੁਆਰਾ ਅਡੋਲ ਅਵੱਸਥਾ ਵਿਚ ਸਮਾ ਜਾਂਦਾ ਹੈ। ਕਰਤਾ ਪੁਰਖ ਇਹ ਆਪ ਹੀ (ਸਭ ਕੁਝ) ਕਰਦਾ ਹੈ। ਉਹ ਆਪ ਦਾਤ ਦੇਂਦਾ ਹੈ ਤਾਂ ਹੀ ਪਾਈਦੀ ਹੈ।) ਉਹ ਹਰਿ ਜੀਉ (ਪ੍ਰਮਾਤਮਾ) ਕਿਰਪਾ ਕਰੇ ਤਾਂ ਹੀ ਨਾਮ ਸਿਮਰਿਆ ਜਾਂਦਾ ਹੈ। ੧।

**ਅੰਦਰਿ ਸਾਚਾ ਨੇਹੁ ਪੂਰੇ ਸਤਿਗੁਰੈ ਜੀਉ ॥ ਹਉ ਤਿਸੁ ਸੇਵੀ ਦਿਨੁ ਰਾਤਿ ਮੈ ਕਦੇ ਨ ਵੀਸਰੈ ਜੀਉ ॥ ਕਦੇ ਨ ਵਿਸਾਰੀ ਅਨਦਿਨੁ ਸਮ੍ਾਰੀ ਜਾ ਨਾਮੁ ਲਈ ਤਾ ਜੀਵਾ ॥ ਸ੍ਰਵਣੀ ਸੁਣੀ ਤ ਇਹੁ ਮਨੁ ਤ੍ਰਿਪਤੈ ਗੁਰਮੁਖਿ ਅੰਮ੍ਰਿਤੁ ਪੀਵਾ ॥ ਨਦਰਿ ਕਰੇ ਤਾ ਸਤਿਗੁਰੁ ਮੇਲੇ ਅਨਦਿਨੁ ਬਿਬੇਕ ਬੁਧਿ ਬਿਚਰੈ ॥ ਅੰਦਰਿ ਸਾਚਾ ਨੇਹੁ ਪੂਰੇ ਸਤਿਗੁਰੈ ॥ ੨ ॥**

## ਪਦ ਅਰਥ :

ਸਾਚਾ-ਸਦਾ ਥਿਰ ਰਹਿਣ ਵਾਲਾ। ਨੇਹੁ-ਪ੍ਰੇਮ। ਪੂਰੇ ਸਤਿਗੁਰੈ-ਪੂਰੇ ਗੁਰੂ ਦੀ ਰਾਹੀਂ। ਹਉ-ਮੈਂ। ਤਿਸੁ-ਉਸ (ਪ੍ਰਭੂ) ਨੂੰ। ਸੇਵੀ-ਮੈਂ ਸੇਵਦਾ ਹਾਂ। ਵੀਸਰੈ-ਭੁੱਲਦਾ। ਸਮ੍ਾਰੀ-ਮੈਂ ਸੰਭਾਲਦਾ ਹਾਂ। ਸ੍ਰਵਣੀ- ਕੰਨਾਂ ਨਾਲ। ਤ੍ਰਿਪਤੈ-ਰੱਜ ਜਾਂਦਾ ਹੈ। ਅੰਮ੍ਰਿਤੁ-ਆਤਮਿਕ ਜੀਵਨ ਦੇਣ ਵਾਲਾ ਨਾਮ-ਜਲ। ਬਿਬੇਕ-(ਚੰਗੇ ਮੰਦੇ ਦੀ) ਪਰਖ। ੨।

## ਅਰਥ :

(ਹੇ ਭਾਈ!) ਮੇਰੇ ਹਿਰਦੇ ਵਿਚ ਸਤਿਗੁਰੂ ਨੇ (ਸੱਚਾ ਪ੍ਰੇਮ ਲਾਇਆ ਹੈ। ਮੈਂ ਉਸ ਪ੍ਰਮਾਤਮਾ ਦੇ ਨਾਮ ਨੂੰ ਸਿਮਰਦਾ) ਤੇ ਉਸ ਨੂੰ ਸੇਵਦਾ ਹਾਂ, ਉਹ ਮੈਨੂੰ ਕਦੇ ਵੀ ਭੁੱਲਦਾ ਨਹੀਂ ਹੈ। ਮੈਂ ਉਸ ਨੂੰ ਕਦੇ ਵੀ ਵਿਸਾਰਦਾ ਨਹੀਂ। ਦਿਨ ਰਾਤ ਉਸ ਨੂੰ ਯਾਦ ਕਰਦਾ ਹਾਂ। ਜਦੋਂ ਨਾਮ ਲੈਂਦਾ ਹਾਂ ਤਾਂ ਹੀ ਜੀਉਂਦਾ ਹਾਂ। ਨਾਮ ਕੰਨਾਂ ਨਾਲ ਸੁਣ ਕੇ ਮਨ ਤ੍ਰਿਪਤ ਹੁੰਦਾ ਹੈ, ਅਤੇ ਗੁਰੂ ਦੁਆਰਾ (ਮੈਂ) ਨਾਮ ਅੰਮ੍ਰਿਤ ਪੀਂਦਾ ਹਾਂ। ਜਦੋਂ ਪ੍ਰਮਾਤਮਾ ਕਿਰਪਾ ਕਰਦਾ ਹੈ ਤਾਂ ਸਤਿਗੁਰੂ ਨੂੰ ਮਿਲਾਉਂਦਾ ਹੈ। ਫਿਰ ਦਿਨ ਰਾਤ ਉਹ ਬਿਬੇਕ ਬੁੱਧੀ ਵਿਚ ਵਿਚਰਦਾ ਹੈ। (ਹੇ ਭਾਈ!) ਪੂਰੇ ਸਤਿਗੁਰੂ ਨੇ (ਮੇਰੇ ਅੰਦਰ ਸੱਚਾ ਪ੍ਰੇਮ) ਲਾਇਆ ਹੈ। ੨।

**ਸਤਸੰਗਤਿ ਮਿਲੈ ਵਡਭਾਗਿ ਤਾ ਹਰਿ ਰਸੁ ਆਵਏ ਜੀਉ ॥ ਅਨਦਿਨੁ ਰਹੈ ਲਿਵ ਲਾਇ ਤ ਸਹਜਿ ਸਮਾਵਏ ਜੀਉ ॥ ਸਹਜਿ ਸਮਾਵੈ ਤਾ ਹਰਿ ਮਨਿ ਭਾਵੈ ਸਦਾ ਅਤੀਤੁ ਬੈਰਾਗੀ ॥ ਹਲਤਿ ਪਲਤਿ ਸੋਭਾ ਜਗ ਅੰਤਰਿ ਰਾਮ ਨਾਮਿ ਲਿਵ ਲਾਗੀ ॥ ਹਰਖ ਸੋਗ ਦੁਹਾ ਤੇ ਮੁਕਤਾ ਜੋ ਪ੍ਰਭੁ ਕਰੇ ਸੁ ਭਾਵਏ ॥ ਸਤਸੰਗਤਿ ਮਿਲੈ ਵਡਭਾਗਿ ਤਾ ਹਰਿ ਰਸੁ ਆਵਏ ਜੀਉ ॥ ੩ ॥**

## ਪਦ ਅਰਥ :

ਵਡਭਾਗਿ-ਵਡੇ ਭਾਗਾਂ ਨਾਲ, ਕਿਸਮਤ ਨਾਲ। ਰਸੁ-ਸੁਆਦ। ਆਵਏ-ਆਉਂਦਾ ਹੈ। ਅਨਦਿਨੁ-ਹਰ ਰੋਜ਼, ਹਰ ਵੇਲੇ। ਲਿਵ-ਲਗਨ। ਸਮਾਵਏ-ਸਮਾਉਂਦਾ ਹੈ। ਮਨਿ-ਮਨਿ ਵਿਚ। ਭਾਵੈ-ਪਿਆਰਾ ਲੱਗਦਾ ਹੈ। ਅਤੀਤੁ-ਵਿਰਕਤ, ਮਾਇਆ ਦੇ ਮੋਹ ਤੋਂ ਪਾਰ ਲੰਘਿਆ ਹੋਇਆ। ਬੈਰਾਗੀ-ਨਿਰਮੋਹ। ਹਲਤਿ-ਇਸ ਲੋਕ ਵਿਚ। ਪਲਤਿ-ਪਰਲੋਕ ਵਿਚ। ਅੰਤਰਿ-ਵਿਚ। ਨਾਮਿ-ਨਾਮ ਵਿਚ। ਹਰਖ-ਖ਼ੁਸ਼ੀ। ਸੋਗ-ਗਮ। ਭਾਵਏ-ਭਾਵੈ। ੩।

## ਅਰਥ :

(ਹੇ ਭਾਈ!) ਵੱਡੇ ਭਾਗਾਂ ਨਾਲ (ਜਿਸ ਨੂੰ) ਸਤਿਸੰਗਤ ਪ੍ਰਾਪਤ ਹੁੰਦੀ ਹੈ, ਉਸ ਨੂੰ ਹਰੀ (ਪ੍ਰਮਾਤਮਾ ਦੇ ਨਾਮ ਦਾ) ਸੁਆਦ ਆਉਂਦਾ ਹੈ। (ਉਹ ਇਕ ਰਸ) ਦਿਨ ਰਾਤ (ਨਾਮ ਵਿਚ ਸੁਰਤ ਜੋੜੀ ਰੱਖਦਾ ਹੈ

(ਅਤੇ) ਆਤਮਿਕ ਅਡੋਲ ਅਵੱਸਥਾ ਵਿਚ ਸਮਾਉਂਦਾ ਹੈ। (ਜਦੋਂ ਮਨੁੱਖ) ਸਹਜ ਅਵੱਸਥਾ ਵਿਚ ਲੀਨ ਹੁੰਦਾ ਹੈ, (ਤਾਂ) ਹਰੀ ਉਸ ਦੇ ਮਨ ਅੰਦਰ ਚੰਗਾ ਲੱਗਦਾ ਹੈ, (ਉਹ ਮਾਇਆ ਮੋਹ ਤੋਂ) ਅਤੀਤ ਤੇ (ਸਾਰੇ ਪਦਾਰਥਾਂ ਤੋਂ) ਵੈਰਾਗੀ ਹੋ ਜਾਂਦਾ ਹੈ। ਰਾਮ ਦੇ ਨਾਮ ਵਿਚ ਲਿਵ ਲਗਣ ਕਰਕੇ ਇਸ ਲੋਕ ਪ੍ਰਲੋਕ ਵਿਚ (ਅਤੇ) ਸਾਰੇ ਸੰਸਾਰ ਅੰਦਰ (ਉਸ ਦੀ) ਸੋਭਾ ਹੁੰਦੀ ਹੈ। ਉਹ ਖ਼ੁਸ਼ੀ ਤੇ ਗ਼ਮੀ ਦੋਹਾਂ ਤੋਂ ਮੁਕਤ ਹੋ ਜਾਂਦਾ ਹੈ। (ਹੇ ਭਾਈ!) ਵੱਡੇ ਭਾਗਾਂ ਨਾਲ ਸਤਿ ਸੰਗਤ ਮਿਲਦੀ ਹੈ (ਅਤੇ) ਤਾਂ ਹੀ ਹਰੀ ਨਾਮ ਰਸ ਆਉਂਦਾ ਹੈ। ੩।

**ਦੂਜੈ ਭਾਇ ਦੁਖੁ ਹੋਇ ਮਨਮੁਖ ਜਮਿ ਜੋਹਿਆ ਜੀਉ ॥ ਹਾਇ ਹਾਇ ਕਰੇ ਦਿਨੁ ਰਾਤਿ ਮਾਇਆ ਦੁਖਿ ਮੋਹਿਆ ਜੀਉ ॥ ਮਾਇਆ ਦੁਖਿ ਮੋਹਿਆ ਹਉਮੈ ਰੋਹਿਆ ਮੇਰੀ ਮੇਰੀ ਕਰਤ ਵਿਹਾਵਏ ॥ ਜੋ ਪ੍ਰਭੁ ਦੇਇ ਤਿਸੁ ਚੇਤੈ ਨਾਹੀ ਅੰਤਿ ਗਇਆ ਪਛੁਤਾਵਏ ॥ ਬਿਨੁ ਨਾਵੈ ਕੋ ਸਾਥਿ ਨ ਚਾਲੈ ਪੁਤ੍ਰ ਕਲਤ੍ਰ ਮਾਇਆ ਧੋਹਿਆ ॥ ਦੂਜੈ ਭਾਇ ਦੁਖੁ ਹੋਇ ਮਨਮੁਖਿ ਜਮਿ ਜੋਹਿਆ ਜੀਉ ॥ ੪ ॥**

## ਪਦ ਅਰਥ :

ਦੂਜੈ ਭਾਇ-(ਪ੍ਰਭੂ ਤੋਂ ਬਿਨਾਂ) ਹੋਰ ਪਿਆਰ ਵਿਚ। ਮਨਮੁਖ-ਆਪਣੇ ਮਨ ਦੇ ਪਿਛੇ ਤੁਰਨ ਵਾਲਾ। ਜਮਿ-ਜਮ ਨੇ, ਮੌਤ ਨੇ। ਜੋਹਿਆ-ਤੱਕ ਵਿਚ ਰੱਖਿਆ। ਦੁਖਿ-ਦੁੱਖ ਵਿਚ। ਮੋਹਿਆ-ਫਸਿਆ ਹੋਇਆ। ਰੋਹਿਆ-ਰੋਹ ਵਿਚ ਰਹਿੰਦਾ ਹੈ, ਕ੍ਰੋਧਵਾਨ। ਕਰਤ-ਕਰਦਿਆਂ। ਵਿਹਾਵਏ-ਬੀਤ ਜਾਂਦੀ ਹੈ। ਦੇਇ-ਦੇਂਦਾ ਹੈ। ਤਿਸੁ-ਉਸ (ਪ੍ਰਭੂ) ਨੂੰ। ਕਲਤ੍ਰ-ਇਸਤ੍ਰੀ। ਧੋਹਿਆ-ਛੱਲ, ਧ੍ਰੋਹ, ਠੱਗੀ। ੪।

## ਅਰਥ :

(ਹੇ ਭਾਈ!) ਦਵੈਤ ਭਾਵ ਵਿਚ ਲੱਗੇ ਮਨਮੁੱਖਾਂ ਨੂੰ ਜਮ ਨੇ ਤੱਕ ਵਿਚ ਰੱਖਿਆ ਹੋਇਆ ਹੈ, (ਅਤੇ) ਦਵੈਤ ਭਾਵ ਕਰਕੇ ਦੁੱਖ ਹੁੰਦਾ ਹੈ। ਮਾਇਆ ਦੇ ਦੁੱਖ ਵਿਚ ਫਸਿਆ ਹੋਇਆ (ਮਨੁੱਖ) ਦਿਨ ਰਾਤ ਹਾਇ ਹਾਇ ਕਰਦਾ ਰਹਿੰਦਾ ਹੈ। ਮਾਇਆ ਦਾ ਮੋਹਿਆ ਹਉਮੈ ਤੇ ਕ੍ਰੋਧ ਕਰਕੇ ਦੁੱਖ ਵਿਚ ਹੀ ਮੇਰੀ ਮੇਰੀ ਕਰਦਿਆਂ (ਮਨੁੱਖ ਦੀ ਉਮਰ) ਬੀਤ ਜਾਂਦੀ ਹੈ। ਜੋ ਪ੍ਰਭੂ ਸਭ ਕੁਝ ਦੇਂਦਾ ਹੈ, ਉਸ ਨੂੰ ਚੇਤੇ ਨਹੀਂ ਕਰਦਾ ਅਤੇ ਅੰਤ ਸਮੇਂ (ਜਦੋਂ ਦੁਨੀਆਂ ਤੋਂ) ਜਾਂਦਾ ਹੈ ਤਾਂ ਪਛਤਾਉਂਦਾ ਹੈ। ਨਾਮ ਤੋਂ ਬਿਨਾਂ (ਅੰਤ ਨੂੰ) ਮਨੁੱਖ ਦੇ ਨਾਲ ਕੁਝ ਵੀ ਨਹੀਂ ਜਾਂਦਾ। ਪੁੱਤਰ ਇਸਤਰੀ ਮਾਇਆ ਸਭ ਛਲ ਰੂਪ ਹੈ। ਦਵੈਤ ਭਾਵ ਕਰਕੇ ਮਨੁੱਖ ਨੂੰ ਦੁੱਖ ਹੁੰਦਾ ਹੈ (ਕਿਉਂਕਿ) ਮਨਮੁੱਖ ਨੂੰ ਜਮ ਨੇ ਤਾਕ ਵਿਚ ਰੱਖਿਆ ਹੈ। ੪।

**ਕਰਿ ਕਿਰਪਾ ਲੇਹੁ ਮਿਲਾਇ ਮਹਲੁ ਹਰਿ ਪਾਇਆ ਜੀਉ ॥ ਸਦਾ ਰਹੈ ਕਰ ਜੋੜਿ ਪ੍ਰਭੁ ਮਨਿ ਭਾਇਆ ਜੀਉ ॥ ਪ੍ਰਭੁ ਮਨਿ ਭਾਵੈ ਤਾ ਹੁਕਮਿ**

**ਸਮਾਵੈ ਹੁਕਮੁ ਮੰਨਿ ਸੁਖੁ ਪਾਇਆ॥ ਅਨਦਿਨੁ ਜਪਤ ਰਹੈ ਦਿਨੁ ਰਾਤੀ ਸਹਜੇ ਨਾਮੁ ਧਿਆਇਆ॥ ਨਾਮੋ ਨਾਮੁ ਮਿਲੀ ਵਡਿਆਈ ਨਾਨਕ ਨਾਮੁ ਮਨਿ ਭਾਵਏ॥ ਕਰਿ ਕਿਰਪਾ ਲੇਹੁ ਮਿਲਾਇ ਮਹਲੁ ਹਰਿ ਪਾਵਏ ਜੀਉ ॥੫॥੧॥**

## ਪਦ ਅਰਥ :

ਕਰਿ-ਕਰਕੇ। ਲੇਹੁ ਮਿਲਾਇ-(ਤੂੰ) ਮਿਲਾ ਲੈਂਦਾ ਹੈਂ। ਮਹਲੁ-ਹਜ਼ੂਰੀ ਸਰੂਪ ਰੂਪੀ ਥਾਂ। ਹਰਿ-ਹੇ ਹਰੀ। ਜੋੜਿ-ਜੋੜ ਕੇ। ਮਨਿ-(ਉਸਦੇ) ਮਨਿ ਵਿਚ। ਭਾਇਆ-ਪਿਆਰਾ ਲੱਗਾ। ਭਾਵੈ-ਪਿਆਰਾ ਲੱਗਦਾ ਹੈ। ਤਾ-ਤਦੋਂ। ਹੁਕਮਿ-ਹੁਕਮ ਵਿਚ। ਮੰਨਿ-ਮੰਨ ਕੇ। ਅਨਦਿਨੁ-ਹਰ ਰੋਜ਼, ਹਰ ਵੇਲੇ। ਸਹਜੇ-ਸਹਜਿ, ਆਤਮਿਕ ਅਡੋਲਤਾ ਵਿਚ। ਨਾਮੋ ਨਾਮੁ-ਨਾਮ ਹੀ ਨਾਮ। ੫।

## ਅਰਥ :

(ਹੇ ਪ੍ਰਭੂ ! ਜਿਸ ਮਨੁੱਖ ਨੂੰ ਤੁਸੀਂ) ਕਿਰਪਾ ਕਰਕੇ (ਆਪਣੇ ਨਾਲ) ਮਿਲਾ ਲੈਂਦੇ ਹੋ (ਉਸ ਮਨੁੱਖ ਨੇ) ਹਰੀ ਦਾ ਮਿਲਾਪ ਰੂਪ ਹਜ਼ੂਰੀ ਟਿਕਾਣਾ (ਭਾਵ ਸਰੂਪ ਰੂਪੀ ਥਾਂ) ਪਾ ਲਿਆ ਹੈ। ਉਹ ਸਦਾ ਹੱਥ ਜੋੜ ਕੇ (ਪ੍ਰਭੂ ਦੇ ਸਨਮੁੱਖ) ਖੜਾ ਰਹਿੰਦਾ ਹੈ (ਅਤੇ) ਉਸ ਨੂੰ ਪ੍ਰਭੂ ਮਨਿ ਵਿਚ ਚੰਗਾ ਲੱਗਦਾ ਹੈ। (ਜਦੋਂ ਮਨੁੱਖ ਨੂੰ) ਪ੍ਰਭੂ ਮਨ ਵਿਚ ਪਿਆਰਾ ਲੱਗਦਾ ਹੈ ਤਾਂ (ਉਹ ਪ੍ਰਭੂ ਦੇ) ਹੁਕਮ ਵਿਚ ਲੀਨ ਹੋ ਜਾਂਦਾ ਹੈ। (ਅਤੇ ਉਸ ਨੇ) ਹੁਕਮ ਮੰਨ ਕੇ (ਆਤਮਿਕ) ਸੁੱਖ ਪਾ ਲਿਆ ਹੈ। ਉਹ ਦਿਨ ਰਾਤ ਨਾਮ ਜੱਪਦਾ ਰਹਿੰਦਾ ਹੈ, ਉਸ ਨੇ ਅਡੋਲ ਅਵੱਸਥਾ ਵਿਚ (ਟਿਕ ਕੇ) ਨਾਮ ਸਿਮਰਿਆ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਉਸ ਨੂੰ ਨਾਮ ਰੂਪ ਵਡਿਆਈ ਮਿਲੀ ਹੈ, (ਅਤੇ) ਨਾਮ ਹੀ (ਉਸਦੇ) ਮਨ ਅੰਦਰ ਪਿਆਰਾ ਲੱਗਦਾ ਹੈ। (ਹੇ ਪ੍ਰਭੂ ! ਜਿਸ ਨੂੰ) ਕਿਰਪਾ ਕਰਕੇ ਤੁਸੀਂ (ਆਪਣੇ ਨਾਲ) ਮਿਲਾ ਲੈਂਦੇ ਹੋ, ਉਹ ਹੀ ਹਰੀ ਦਾ (ਸਰੂਪ ਰੂਪੀ) ਟਿਕਾਣਾ ਪਾ ਲੈਂਦਾ ਹੈ। ੫। ੧।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧੦੩ (ਅੰਗ ੬੯੧)

## ਰਾਗੁ ਧਨਾਸਰੀ ਬਾਣੀ ਭਗਤ ਕਬੀਰ ਜੀ ਕੀ

ੴ ਸਤਿਗੁਰ ਪ੍ਰਸਾਦਿ ॥

ਸਨਕ ਸਨੰਦ ਮਹੇਸ ਸਮਾਨਾਂ ॥ ਸੇਖਨਾਗਿ ਤੇਰੋ ਮਰਮੁ ਨ ਜਾਨਾਂ ॥ ੧ ॥ ਸੰਤਸੰਗਤਿ ਰਾਮੁ ਰਿਦੈ ਬਸਾਈ ॥ ੧ ॥ ਰਹਾਉ ॥ ਹਨੂਮਾਨ ਸਰਿ ਗਰੁੜ ਸਮਾਨਾਂ ॥ ਸੁਰਪਤਿ ਨਰਪਤਿ ਨਹੀ ਗੁਨ ਜਾਨਾਂ ॥ ੨ ॥ ਚਾਰਿ ਬੇਦ ਅਰੁ ਸਿੰਮ੍ਰਿਤਿ ਪੁਰਾਨਾਂ ॥ ਕਮਲਾਪਤਿ ਕਵਲਾ ਨਹੀ ਜਾਨਾਂ ॥ ੩ ॥ ਕਹਿ ਕਬੀਰ ਸੋ ਭਰਮੈ ਨਾਹੀ ॥ ਪਗ ਲਗਿ ਰਾਮ ਰਹੈ ਸਰਨਾਂਹੀ ॥ ੪ ॥ ੧ ॥

# ਪ੍ਰਾਕ੍ਥਨ :-

ਇਹ ਪਾਵਨ ਸ਼ਬਦ ਧਨਾਸਰੀ ਰਾਗ ਅੰਦਰ ਭਗਤ ਕਬੀਰ ਜੀ ਦਾ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਦੇ ਆਰੰਭ ਵਿਚ ਭਗਤ ਜੀ ਨੇ ਪ੍ਰਮੇਸ਼ਰ ਨੂੰ ਬੇਅੰਤ ਦੱਸਿਆ ਹੈ। ਹਾਂ, ਦੇਵੀ ਦੇਵਤੇ ਉਸਦੇ ਜਸ ਕਰਨ ਵਿਚ ਲੱਗੇ ਹੋਏ ਹਨ, ਪਰ ਉਹਦੇ ਮਰਮ ਨੂੰ ਕਿਸੇ ਨੇ ਨਹੀਂ ਜਾਣਿਆ।

## ਵਿਸ਼ਾ — ਪ੍ਰਮੇਸ਼ਰ ਪਾਰਬ੍ਰਹਮ ਬੇਅੰਤੁ

ਜੋ ਹਸਤੀ ਖੰਡ-ਬ੍ਰਹਮੰਡ, ਆਕਾਸ਼, ਪਾਤਾਲ ਦੀ ਨਿਯਮ-ਬੱਧ ਢੰਗ ਨਾਲ ਦੇਖ-ਭਾਲ ਕਰ ਰਹੀ ਹੈ, ਉਸਦਾ ਆਪਣਾ ਸਰੂਪ ਕਿਹੋ ਜਿਹਾ ਹੈ, ਇਸ ਗੱਲ ਦਾ ਉੱਤਰ ਦੇਣ ਵਿਚ ਮਨੁੱਖ ਅਸਮਰੱਥ ਹੈ। ਕਰਤਾ ਦੇ ਭੇਦਾਂ ਨੂੰ ਸਮਝਣਾ ਮਨੁੱਖੀ ਸੋਚ ਤੋਂ ਬਾਹਰ ਹੈ, ਪ੍ਰੰਤੂ ਗੁਰਮਤਿ ਨੇ ਉਸਨੂੰ ਅਕਾਲ ਪੁਰਖ ਕਰਕੇ ਸਲਾਹਿਆ ਹੈ।

ਰਾਗ ਮਾਰੂ ਵਿਚ ਗੁਰੂ ਜੀ ਦਾ ਕਥਨ ਹੈ ਕਿ ਵੱਖ-ਵੱਖ ਧਾਰਮਿਕ ਗ੍ਰੰਥ, ਵੇਦ ਪੁਰਾਨ ਆਦਿ ਉਸ ਪਰਮਾਤਮਾ ਦੇ ਭੇਦਾਂ ਦਾ ਅੰਤ ਨਹੀਂ ਪਾ ਸਕੇ। ਪਰਮਾਤਮਾ ਹਰ ਇਕ ਨੂੰ ਆਪਣੇ ਵਿਚ ਸਮਾਉਣ ਦੇ ਸਮਰੱਥ ਹੈ :

***ਬੇਦ ਕਤੇਬੀ ਭੇਦੁ ਨ ਜਾਤਾ॥ ਨਾ ਤਿਸੁ ਮਾਤ ਪਿਤਾ ਸੁਤ ਭ੍ਰਾਤਾ॥***
***ਸਗਲੇ ਸੈਲ ਉਪਾਇ ਸਮਾਏ ਅਲਖੁ ਨ ਲਖਣਾ ਜਾਈ ਹੇ॥***

(ਅੰਗ ੧੦੨੧)

***ਮਰੈ ਨ ਬਿਨਸੈ ਆਵੈ ਨ ਜਾਇ॥ ਨਾਨਕ ਸਦ ਹੀ ਰਹਿਆ ਸਮਾਇ॥***

(ਅੰਗ ੨੭੯)

ਪਰਮਾਤਮਾ ਨੇ ਹੀ ਬ੍ਰਹਮਾ, ਵਿਸ਼ਨੂੰ, ਸ਼ਿਵ, ਦੇਵੀ ਦੇਵਤੇ ਅਨੇਕਾਂ ਮਹਾਨ ਹਸਤੀਆਂ ਪੈਦਾ ਕੀਤੀਆਂ ਹਨ, ਪ੍ਰੰਤੂ ਇਨਾਂ ਸਾਰਿਆਂ ਵਿਚੋਂ ਕੋਈ ਵੀ ਉਸ ਦੇ ਭੇਦਾਂ ਨੂੰ ਪਾ ਨਹੀਂ ਸਕਿਆ :

***ਤ੍ਰਿਤੀਆ ਬ੍ਰਹਮਾ ਬਿਸਨੁ ਮਹੇਸਾ॥ ਦੇਵੀ ਦੇਵ ਉਪਾਏ ਵੇਸਾ॥***
***ਜੋਤੀ ਜਾਤੀ ਗਣਤ ਨ ਆਵੈ॥ ਜਿਨਿ ਸਾਜੀ ਸੋ ਕੀਮਤਿ ਪਾਵੈ॥***

(ਅੰਗ ੮੩੯)

***ਮਹਿਮਾ ਨ ਜਾਨਹਿ ਬੇਦ॥ ਬ੍ਰਹਮੇ ਨਹੀ ਜਾਨਹਿ ਭੇਦ॥***
***ਅਵਤਾਰ ਨ ਜਾਨਹਿ ਅੰਤੁ॥ ਪਰਮੇਸਰੁ ਪਾਰਬ੍ਰਹਮ ਬੇਅੰਤੁ॥ ੧॥***
***ਅਪਨੀ ਗਤਿ ਆਪਿ ਜਾਨੈ॥ ਸੁਣਿ ਸੁਣਿ ਅਵਰ ਵਖਾਨੈ॥ ੧॥ ਰਹਾਉ॥***
***ਸੰਕਰਾ ਨਹੀ ਜਾਨਹਿ ਭੇਵ॥ ਖੋਜਤ ਹਾਰੇ ਦੇਵ॥***

***ਦੇਵੀਆ ਨਹੀ ਜਾਨੈ ਮਰਮ॥ ਸਭ ਊਪਰਿ ਅਲਖ ਪਾਰਬ੍ਰਹਮ॥ ੨ ॥***

(ਅੰਗ ੮੯੪)

ਸਾਰੇ ਧਰਮ ਆਪਣੀ-ਆਪਣੀ ਨਿਸ਼ਚਾ ਅਨੁਸਾਰ ਸ੍ਰਿਸ਼ਟੀ ਦੇ ਰਚਨਹਾਰ ਪ੍ਰਭੂ ਦੀ ਪੂਜਾ ਆਪਣੇ-ਆਪਣੇ ਢੰਗ ਨਾਲ ਕਰਦੇ ਹਨ ਅਤੇ ਕਰਵਾਉਂਦੇ ਹਨ, ਪਰ ਅਸਲ ਵਿਚ ਉਨ੍ਹਾਂ ਵਿਚੋਂ ਕੋਈ ਵੀ ਉਸ ਅਕਾਲ ਪੁਰਖ ਦੇ ਭੇਦਾਂ ਨੂੰ ਸਮਝ ਨਹੀਂ ਸਕਿਆ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਆਪਣੀ ਬਾਣੀ ''ਤ੍ਵ ਪ੍ਰਸਾਦ ਸਵੱਯੇ'' ਜੋ ਸਿੱਖ ਦੇ ਅੰਮ੍ਰਿਤ ਵੇਲੇ ਦੇ ਨਿਤਨੇਮ ਦਾ ਹਿੱਸਾ ਹਨ, ਵਿਚ ਬੜਾ ਸੁੰਦਰ ਬਚਨ ਫ਼ੁਰਮਾਉਂਦੇ ਹਨ:

***ਕਾਹੂ ਲੈ ਪਾਹਨ ਪੂਜ ਧਰਿਓ ਸਿਰ, ਕਾਹੂ ਲੈ ਲਿੰਗੁ ਗਰੇ ਲਟਕਾਇਓ॥***
***ਕਾਹੂ ਲਖਿਓ ਹਰਿ ਅਵਾਚੀ ਦਿਸਾ ਮਹਿ, ਕਾਹੂ ਪਛਾਹ ਕੋ ਸੀਸ ਨਿਵਾਇਓ॥***
***ਕੋਊ ਬੁਤਾਨ ਕੋ ਪੂਜਤ ਹੈ ਪਸੁ, ਕੋਊ ਮ੍ਰਿਤਾਨ ਕੋ ਪੂਜਨ ਧਾਇਓ॥***
***ਕੂਰ ਕ੍ਰਿਆ ਉਰਝਿਓ ਸਭ ਹੀ ਜਗ, ਸ੍ਰੀ ਭਗਵਾਨ ਕੋ ਭੇਦੁ ਨ ਪਾਇਓ॥***

(ਦਸਮ ਗ੍ਰੰਥ)

***ਕੇਤੇ ਕਹਹਿ ਵਖਾਣ ਕਹਿ ਕਹਿ ਜਾਵਣਾ॥***
***ਵੇਦ ਕਹਹਿ ਵਖਿਆਣ ਅੰਤੁ ਨ ਪਾਵਣਾ॥***
***ਪੜਿਐ ਨਾਹੀ ਭੇਦੁ ਬੁਝਿਐ ਪਾਵਣਾ॥***

(ਅੰਗ ੧੪੮)

ਆਦਿ ਕਾਲ ਤੋਂ ਬੇਅੰਤ ਹੀ ਜੀਵ ਦਾਤਾਰ ਦੇ ਗੁਣਾਂ ਨੂੰ ਬਿਆਨ ਕਰਦੇ ਆਏ ਹਨ ਅਤੇ ਉਸਦੀ ਉਪਮਾ ਕਰਦੇ ਜਗਤ ਚੋਂ ਤੁਰ ਗਏ। ਵੇਦ ਆਦਿ ਧਾਰਮਿਕ ਗ੍ਰੰਥਾਂ ਵਿਚ ਵੀ ਉਸਦੇ ਗੁਣਾਂ ਨੂੰ ਦਰਸਾਇਆ ਗਿਆ ਹੈ, ਪਰ ਕਿਸੇ ਨੇ ਵੀ ਉਸਦੇ ਗੁਣਾਂ ਦਾ ਅੰਤ ਨਹੀਂ ਪਾਇਆ। ਕੋਈ ਵੀ ਉਸਦੇ ਭੇਦਾਂ ਨੂੰ ਸਮਝ ਨਹੀਂ ਸਕਿਆ। ਸਤਿਗੁਰੂ ਜੀ ਰਾਗ ਮਲਾਰ ਕੀ ਵਾਰ ਅੰਦਰ ਬੜਾ ਸੁੰਦਰ ਫ਼ੁਰਮਾਨ ਕਰਦੇ ਹਨ:

***ਤੂੰ ਆਪੇ ਆਪਿ ਵਰਤਦਾ ਆਪਿ ਬਣਤ ਬਣਾਈ॥***
***ਤੁਧੁ ਬਿਨੁ ਦੂਜਾ ਕੋ ਨਹੀ ਤੂ ਰਹਿਆ ਸਮਾਈ॥***
***ਤੇਰੀ ਗਤਿ ਮਿਤਿ ਤੂਹੈ ਜਾਣਦਾ ਤੁਧੁ ਕੀਮਤਿ ਪਾਈ॥***
***ਤੂ ਅਲਖ ਅਗੋਚਰੁ ਅਗਮੁ ਹੈ ਗੁਰਮਤਿ ਦਿਖਾਈ॥***

(ਅੰਗ ੧੨੯੧)

ਸੰਸਾਰ ਦੀ ਰਚਨਾ ਕਰਕੇ ਪ੍ਰਭੂ ਹਰ ਥਾਂ ਵਿਚਰ ਰਿਹਾ ਹੈ। ਉਹ ਸਰਬ-ਵਿਆਪਕ ਹੈ, ਕਣ ਕਣ ਵਿਚ ਸਮਾਇਆ ਹੋਇਆ ਹੈ। ਉਸ ਵਰਗਾ ਕੋਈ ਹੋਰ ਨਹੀਂ। ਉਸਦੇ ਚੋਜਾਂ ਅਤੇ ਭੇਦਾਂ ਨੂੰ ਕੋਈ ਸਮਝ ਨਹੀਂ

ਸਕਦਾ। ਉਹ ਕਿੰਨਾ ਕੁ ਵੱਡਾ ਹੈ ਜਾਂ ਕਿਹੋ ਜਿਹਾ ਹੈ, ਇਹ ਸਭ ਕੁਝ ਪ੍ਰਭੂ ਆਪ ਹੀ ਜਾਣਦਾ ਹੈ। ਉਸ ਦਾ ਕੋਈ ਮੁੱਲ ਨਹੀਂ ਪਾ ਸਕਦਾ। ਅਦ੍ਰਿਸ਼ਟ ਪਰਮਾਤਮਾ ਜੀਵ-ਇੰਦ੍ਰੀਆਂ ਦੀ ਪਹੁੰਚ ਤੋਂ ਪਰੇ ਹੈ, ਪ੍ਰੰਤੂ ਗੁਰੂ ਦੇ ਦੱਸੇ ਮਾਰਗ 'ਤੇ ਚੱਲਣ ਨਾਲ ਪ੍ਰਭੂ ਦੇ ਗੁਣਾਂ ਦੀ ਸੋਝੀ ਪੈਂਦੀ ਹੈ। ਪਰਮਾਤਮਾ ਦਾ ਹੱਦ ਬੰਨਾ ਲੱਭਣ ਲਈ ਕਈਆਂ ਨੇ ਯਤਨ, ਉਪਾਅ ਕੀਤੇ ਹਨ, ਪਰ ਉਸਦਾ ਕੋਈ ਅੰਤ ਨਹੀਂ ਪਾ ਸਕਿਆ। ਉਸ ਅਪਾਰ ਤੇ ਬੇਅੰਤ ਪ੍ਰਭੂ ਦੇ ਭੇਦਾਂ ਨੂੰ ਉਹੀ ਸਮਝ ਸਕਦਾ ਹੈ, ਜੋ ਪਹਿਲਾਂ ਆਪ ਉਸ ਜਿਡਾ ਵੱਡਾ ਹੋਵੇ। ਸ੍ਰੀ ਗੁਰੂ ਨਾਨਕ ਦੇਵ ਜੀ ਜਪੁ ਬਾਣੀ ਅੰਦਰ ਫ਼ੁਰਮਾਉਂਦੇ ਹਨ :

***ਅੰਤ ਕਾਰਣਿ ਕੇਤੇ ਬਿਲਲਾਹਿ॥ ਤਾ ਕੇ ਅੰਤ ਨ ਪਾਏ ਜਾਹਿ॥...***
***ਏਵਡੁ ਊਚਾ ਹੋਵੈ ਕੋਇ॥ ਤਿਸੁ ਊਚੇ ਕਉ ਜਾਣੈ ਸੋਇ॥***

(ਜਪੁ ਜੀ ਸਾਹਿਬ)

ਪ੍ਰੰਤੂ ਜੇ ਕੋਈ ਮਨੁੱਖ ਇਸ ਗੱਲ ਦਾ ਵਡੱਪਣ ਅਤੇ ਹੰਕਾਰ ਕਰੇ ਕਿ ਉਹ ਪ੍ਰਭੂ ਦੇ ਭੇਦਾਂ ਨੂੰ ਪਾ ਸਕਦਾ ਹੈ, ਤਾਂ ਉਸਦਾ ਇਹ ਅਭਿਮਾਨ ਉਸਦੇ ਆਤਮਿਕ ਜੀਵਨ ਨੂੰ ਖ਼ਤਮ ਕਰ ਦਿੰਦਾ ਹੈ। ਸਤਿਗੁਰੂ ਜੀ ਮਾਰੂ ਸੋਲਹੇ ਵਿਚ ਫ਼ੁਰਮਾਉਂਦੇ ਹਨ :

***ਪ੍ਰਭ ਕੀ ਗਤਿ ਮਿਤਿ ਕੋਇ ਨ ਪਾਵੈ॥***
***ਜੇ ਕੋ ਵਡਾ ਕਹਾਇ ਵਡਾਈ ਖਾਵੈ॥***

(ਅੰਗ ੧੦੨੫)

ਹੁਣ ਆਮ ਮਨੁੱਖ ਦੇ ਮਨ ਅੰਦਰ ਸੰਸਾ ਹੋ ਸਕਦਾ ਹੈ, ਕਿ ਐਨੇ ਗੁਣਾਂ ਵਾਲੀ ਕੋਈ ਹਸਤੀ ਹੈ ਵੀ ਜਾਂ ਕੇਵਲ ਮਨ ਨੂੰ ਸਮਝਾਉਣ ਵਾਲੀ ਗੱਲ ਹੀ ਹੈ। ਇਥੇ ਇਹ ਸਮਝਣ ਦੀ ਲੋੜ ਹੈ ਕਿ ਉਹ ਹਸਤੀ ਸਾਥੋਂ ਕੋਈ ਅੱਡਰੀ ਨਹੀਂ। ਜਿਸ ਤਰ੍ਹਾਂ ਅਸੀਂ ਆਪਣੀ ਹੋਂਦ ਨੂੰ ਅਨੁਭਵ ਕਰਦੇ ਹਾਂ, ਇਸੇ ਪ੍ਰਕਾਰ ਅੰਤਰ-ਆਤਮੇ ਉਸ ਹੋਂਦ ਨੂੰ ਵੀ ਮਹਿਸੂਸ ਕੀਤਾ ਜਾ ਸਕਦਾ ਹੈ, ਜੋ ਸਰਬ ਵਿਆਪਕ ਹੈ, ਪਰ ਉਸ ਨੂੰ ਦੇਖਣ ਵਾਲੀ ਅਜਿਹੀ ਅੱਖ ਚਾਹੀਦੀ ਹੈ ਜਿਸ ਬਾਰੇ ਸਤਿਗੁਰੂ ਜੀ ਫ਼ੁਰਮਾਉਂਦੇ ਹਨ :

***ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ॥***

(ਅੰਗ ੫੭੭)

ਜਦੋਂ ਅੱਖੀਆਂ ਪਤੀ-ਪ੍ਰਭੂ ਨਾਲ ਲੱਗ ਜਾਂਦੀਆਂ ਹਨ, ਫਿਰ ਅਜਿਹੀ ਅਵੱਸਥਾ ਬਣ ਜਾਂਦੀ ਹੈ ਕਿ ਅੱਖਾਂ ਹਰ ਵੇਲੇ ਪਰਮਾਤਮਾ ਨੂੰ ਹੀ ਤੱਕਦੀਆਂ ਹਨ। ਕਿਸੇ ਹੋਰ ਚੀਜ਼ ਦੀ ਭੁੱਖ ਜਾਂ ਲਾਲਸਾ ਰਹਿੰਦੀ ਹੀ ਨਹੀਂ। ਹਰ ਥਾਂ ਮਾਲਕ ਪ੍ਰਭੂ ਹੀ ਦਿੱਸਦਾ ਹੈ। ਹੋਰ ਕਿਸੇ ਵੱਲ ਧਿਆਨ ਜਾਂਦਾ ਹੀ ਨਹੀਂ :

***ਲਗੜੀਆ ਪਿਰੀਅੰਨਿ ਪੇਖੰਦੀਆ ਨਾ ਤਿਪੀਆ॥***
***ਹਭ ਮਝਾਹੂ ਸੋ ਧਣੀ ਬਿਆ ਨ ਡਿਠੋ ਕੋਇ॥***

(ਅੰਗ ੧੧੦੧)

ਪਰਮਾਤਮਾ ਨਾਲ ਜੁੜਿਆਂ ਮਨ ਅੰਦਰੋਂ ਦੁਬਿਧਾ ਦਾ ਨਾਸ਼ ਹੋ ਜਾਂਦਾ ਹੈ। ਜਦੋਂ ਦੁਬਿਧਾ ਦਾ ਨਾਸ਼ ਹੋ ਗਿਆ, ਜੀਵ ਨੂੰ ਉਸ ਮਾਲਕ ਪ੍ਰਭੂ ਦੇ ਭੇਦਾਂ ਦੀ ਕੁਝ ਕੁਝ ਸੋਝੀ ਪੈਣ ਲੱਗ ਪੈਂਦੀ ਹੈ। ਭਗਤ ਕਬੀਰ ਜੀ ਗਉੜੀ ਬਾਵਨ ਅੱਖਰੀ ਵਿਚ ਬੜਾ ਸੁੰਦਰ ਫ਼ੁਰਮਾਉਂਦੇ ਹਨ:

***ਅਲਹ ਲਹੰਤਾ ਭੇਦ ਛੈ ਕਛੁ ਕਛੁ ਪਾਇਓ ਭੇਦ॥***

(ਅੰਗ ੩੪੦)

ਜਦੋਂ ਜੀਵ ਦੀ ਸਾਂਝ ਇਕ ਪ੍ਰਭੂ ਨਾਲ ਪੈ ਜਾਂਦੀ ਹੈ, ਤਾਂ ਉਹ ਇਹਨਾਂ ਦੇ ਬੰਧਨ ਕੱਟ ਕੇ ਆਪਣੇ ਨਾਲ ਜੋੜ ਲੈਂਦਾ ਹੈ:

***ਜਬ ਇਸ ਤੇ ਸਭ ਬਿਨਸੇ ਭਰਮਾ॥ ਭੇਦੁ ਨਾਹੀ ਹੈ ਪਾਰਬ੍ਰਹਮਾ॥***

(ਅੰਗ ੨੩੫)

ਫਿਰ ਪ੍ਰਭੂ ਤੇ ਜੀਵ ਵਿਚ ਕੋਈ ਭੇਦ ਨਹੀਂ ਰਹਿ ਜਾਂਦਾ, ਉਹ ਇਕ ਮਿਕ ਹੋ ਜਾਂਦੇ ਹਨ। ਇਸ ਸਬੰਧ ਵਿਚ ਭਾਈ ਗੁਰਦਾਸ ਜੀ ਦਾ ਸੁੰਦਰ ਕਥਨ ਹੈ:

***ਪ੍ਰਿਥਮ ਹੀ ਤਿਲ ਬੋਏ ਧੂਰਿ ਮਿਲਿ ਬੂਟੁ ਬਾਧੈ,***
***ਏਕ ਸੈ ਅਨੇਕ ਹੋਤ ਪ੍ਰਗਟ ਸੰਸਾਰ ਮੈ॥***
***ਕੋਊ ਲੈ ਚਬਾਇ ਕੋਊ ਖਾਲ ਕਾਢੈ ਰੇਵਰੀ ਕੈ,***
***ਕੋਊ ਕਰੈ ਤਿਲਵਾ ਮਿਲਾਇ ਗੁਰ ਬਾਰ ਮੈ॥***
***ਕੋਊ ਉਖਲੀ ਡਾਰਿ ਕੁਟਿ ਤਿਲ-ਕੁਟ ਕਰੈ,***
***ਕੋਊ ਕੋਲੂ ਪੀਰਿ ਦੀਪ ਦਿਪਤਿ ਅੰਧਿਆਰ ਮੈ॥***
***ਜਾ ਕੇ ਏਕ ਤਿਲ ਕੋ ਬੀਚਾਰੁ ਨ ਕਹਤਿ ਆਵੈ,***
***ਅਬਿਗਤਿ ਗਤਿ ਕਤ ਆਵਤ ਬੀਚਾਰ ਮੈ॥ ੨੭੩॥***
***ਰਚਨਾ ਚਰਿਤ੍ਰ ਚਿਤ੍ਰ ਬਿਸਮ ਬਚਿਤ੍ਰ-ਪਨ,***
***ਏਕ ਚੀਟੀ ਕੋ ਚਰਿਤ੍ਰ ਕਹਤ ਨ ਆਵਈ॥***
***ਪ੍ਰਥਮ ਹੀ ਚੀਟੀ ਕੇ, ਮਿਲਾਪ ਕੋ ਪ੍ਰਤਾਪੁ ਦੇਖੋ,***
***ਸਹਸ ਅਨੇਕ ਏਕ ਬਿਲ ਮੈ ਸਮਾਵਈ॥***
***ਅਗ੍ਰਭਾਗੀ ਪਾਛੈ ਏਕੈ ਮਾਰਗਿ ਚਲਤ ਜਾਤ,***
***ਪਾਵਤ ਮਿਠਾਸ ਬਾਸੁ ਤਹੀ ਮਿਲਿ ਧਾਵਈ॥***
***ਭ੍ਰਿੰਗੀ ਮਿਲਿ ਤਾਤਕਾਲ ਭ੍ਰਿੰਗੀ ਰੂਪ ਹੁਇ ਦਿਖਾਵੈ,***

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

***ਚੀਟੀ ਚਿਤ੍ਰ ਅਲਖ, ਚਿਤੇਰੈ ਕਤ ਪਾਵਈ॥ ੨੭੪॥***

(ਕਬਿੱਤ ਸਵੱਯੇ ਭਾ: ਗੁਰਦਾਸ ਜੀ)

## ਸਾਖੀ—ਤਾ ਕੇ ਅੰਤ ਨ ਪਾਏ ਜਾਹਿ

ਗੁਰਬਾਣੀ ਦੇ ਸਿਧਾਂਤ ਅਨੁਸਾਰ ਸਰਬ ਸ਼ਕਤੀਮਾਨ ਅਕਾਲ ਪੁਰਖ ਵਾਹਿਗੁਰੂ ਬੇਅੰਤ ਹੈ। ਉਸਦਾ ਕਿਸੇ ਤਰ੍ਹਾਂ ਵੀ ਅੰਤ ਨਹੀਂ ਪਾਇਆ ਜਾ ਸਕਦਾ:

***ਅੰਤੁ ਨ ਪਾਵਤ ਦੇਵ ਸਬੈ ਮੁਨਿ ਇੰਦ੍ਰ ਮਹਾ ਸਿਵ ਜੋਗ ਕਰੀ॥***

(ਅੰਗ ੧੪੦੯)

ਭਾਵੇਂ ਉਸ ਦਾ ਅੰਤ ਪਾਉਣ ਵਾਸਤੇ ਅਨੇਕਾਂ ਯਤਨ ਕਰਦੇ ਹਨ। ਗੁਰਦੇਵ ਦਾ ਫ਼ੁਰਮਾਣ ਹੈ:

***ਅੰਤ ਕਾਰਣਿ ਕੇਤੇ ਬਿਲਲਾਹਿ॥***
***ਤਾ ਕੇ ਅੰਤ ਨ ਪਾਏ ਜਾਹਿ॥***

(ਜਪੁਜੀ ਸਾਹਿਬ)

ਅਤੇ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਵੀ ਅੰਮ੍ਰਿਤ ਬਚਨ ਹਨ:

***ਕਈ ਜਪਤ ਜੋਗ ਕਲਪੰ ਪ੍ਰਜੰਤ॥***
***ਨਹੀ ਤਦਪ ਤਾਸ ਪਾਯਤ ਨ ਅੰਤ॥ ੧੯॥ ੧੩੯॥***

(ਦਸਮ ਗ੍ਰੰਥ, ਅੰਗ ੨੩)

ਉਸ ਅਕਾਲ ਪੁਰਖ ਵਾਹਿਗੁਰੂ ਦਾ ਅੰਤ ਤਾਂ ਕੌਣ ਪਾ ਸਕਦਾ ਹੈ, ਉਸ ਦੀ ਰਚੀ ਹੋਈ ਰਚਨਾ ਦਾ ਵੀ ਕਿਸੇ ਤਰ੍ਹਾਂ ਅੰਤ ਨਹੀਂ ਪਾਇਆ ਜਾ ਸਕਦਾ।

***ਅੰਤੁ ਨ ਜਾਪੈ ਕੀਤਾ ਆਕਾਰੁ॥***

(ਜਪੁਜੀ ਸਾਹਿਬ)

ਵਾਹਿਗੁਰੂ ਦੀ ਰਚੀ ਹੋਈ ਸ਼੍ਰਿਸਟੀ ਦਾ ਆਕਾਰ ਜਾਣਨਾ ਵੀ ਅੰਤ ਰਹਿਤ ਹੈ। ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਜਿਸ ਸਮੇਂ ਜਗਤ ਗੁਰੂ ਨਾਨਕ ਦੇਵ ਜੀ ਜਗਤ ਜੀਆਂ ਨੂੰ ਤਾਰਦੇ ਹੋਏ, ਬਗ਼ਦਾਦ ਵਿਚ ਗਏ ਹਨ:

***ਫਿਰਿ ਬਾਬਾ ਗਇਆ ਬਗਦਾਦਿ ਨੋ ਬਾਹਰਿ ਜਾਇ ਕੀਆ ਅਸਥਾਨਾ।***
***ਇਕੁ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ।***
***ਦਿਤੀ ਬਾਂਗਿ ਨਿਵਾਜਿ ਕਰਿ ਸੁੰਨਿ ਸਮਾਨਿ ਹੋਆ ਜਹਾਨਾ।***
***ਸੁੰਨ ਮੁੰਨਿ ਨਗਰੀ ਭਈ ਦੇਖਿ ਪੀਰ ਭਇਆ ਹੈਰਾਨਾ।***
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

***ਵੇਖੈ ਧਿਆਨੁ ਲਗਾਇ ਕਰਿ ਇਕੁ ਫਕੀਰੁ ਵਡਾ ਮਸਤਾਨਾ।***
***ਪੁਛਿਆ ਫਿਰਿਕੈ ਦਸਤਗੀਰ ਕਉਣ ਫਕੀਰੁ ਕਿਸ ਕਾ ਘਰਿਹਾਨਾ।***
***ਨਾਨਕ ਕਲਿ ਵਿਚਿ ਆਇਆ ਰਬੁ ਫਕੀਰੁ ਇਕੋ ਪਹਿਚਾਨਾ।***
***ਧਰਤਿ ਆਕਾਸ ਚਹੂ ਦਿਸਿ ਜਾਨਾ॥੩੫॥*** (ਵਾਰ ੧, ਪਉੜੀ ੩੫)

ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਬਗ਼ਦਾਦ ਵਿਚ ਗਏ ਤੇ ਬਾਹਰ ਜਾ ਕੇ ਡੇਰਾ ਕੀਤਾ ਤਾਂ ਉਸ ਵੇਲੇ ਸਤਾਈਵਾਂ ਦਸਤਗੀਰ ਨਾਮੇ ਪੀਰ ਸੀ। ਉਥੇ ਜਿਹੜਾ ਗੱਦੀ 'ਤੇ ਬਹਿੰਦਾ ਸੀ ਉਸ ਦਾ ਨਾਮ ਦਸਤਗੀਰ ਪੀਰ ਹੀ ਪੈ ਜਾਂਦਾ ਸੀ। ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਸਤਿਗੁਰੂ ਜੀ ਸ੍ਰੀ ਜਪੁਜੀ ਸਾਹਿਬ ਦਾ ਪਾਠ, ਆਪੇ ਵਿਚ ਲੀਨ ਹੋ ਕੇ ਮਧੁਰ ਧੁਨੀ ਨਾਲ ਕਰ ਰਹੇ ਸਨ। ਉਸ ਦਸਤਗੀਰ ਦਾ ਇਕ ਚੇਲਾ ਬਾਹਰ ਆਇਆ। ਜਦੋਂ ਉਸਨੇ ਜਪੁਜੀ ਸਾਹਿਬ ਦਾ ਪਾਠ ਗੁਰੂ ਜੀ ਦੀ ਰਸਨਾ ਤੋਂ ਸੁਣਿਆ ਤਾਂ ਮਨ ਸੁਤੇ ਹੀ ਇਕਾਗਰ ਹੋ ਕੇ ਪ੍ਰੇਮ ਵਿਚ ਲੀਨ ਹੋ ਗਿਆ। ਜਦੋਂ

***ਪਾਤਾਲਾ ਪਾਤਾਲ ਲਖ, ਆਗਾਸਾ ਆਗਾਸ॥***
***ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥***

(ਜਪੁਜੀ ਸਾਹਿਬ)

ਸੁਣ ਕੇ ਹੈਰਾਨ ਰਹਿ ਗਿਆ ਤੇ ਵੀਚਾਰਨ ਲੱਗਾ, ਕਿ ਕੁਰਾਣ ਸ਼ਰੀਫ਼ ਵਿਚ ਤਾਂ ਚੌਦਾਂ ਤਬਕ ਹੀ ਮੁਹੰਮਦ ਜੀ ਨੇ ਲਿਖੇ ਹਨ ਤੇ ਇਨ੍ਹਾਂ ਨੇ ਲੱਖਾਂ ਹੀ ਪਾਤਾਲ ਤੇ ਆਕਾਸ਼ ਕਥਨ ਕੀਤੇ ਹਨ। ਇਹ ਕੀ ਕਾਰਨ ਹੈ? ਸਤਿਗੁਰੂ ਜੀ ਸਾਰਾ ਪਾਠ ਕਰਕੇ, ਭੋਗ ਪਾ ਕੇ, ਫੇਰ ਸੁੰਦਰ ਰਬਾਬ ਵਜਾ ਕੇ ਧੁਰ ਕੀ ਬਾਣੀ ਦਾ 'ਕੀਰਤਨ ਨਿਰਮੋਲਕ ਹੀਰਾ'' ਐਸੀ ਮਿਠੀ ਸੁਰ ਨਾਲ ਗਾਇਆ, ਜਿਸ ਨੂੰ ਸੁਣ ਕੇ ਬ੍ਰਿਛਾਂ ਵਿਚੋਂ ਰਸ ਚੋਣ ਲੱਗਾ, ਦੇਵਤੇ ਅੰਮ੍ਰਿਤ ਵਰਸਾਉਣ ਲੱਗੇ, ਵਿਰੋਧੀ ਪਸ਼ੂ ਇਕੱਠੇ ਹੋ ਕੇ ਬੈਠੇ, ਅਕਾਸ਼ ਵਿਚ ਉਡਦੇ ਪੰਛੀ ਆ ਕੇ ਸੁਣਨ ਲੱਗੇ। ਪੀਰ ਦੇ ਮੁਰੀਦ ਨੇ ਅਸਚਰਜ ਹੋ ਕੇ ਆਪਣੇ ਪੀਰ ਪਾਸ ਜਾ ਦੱਸਿਆ ਕਿ ਇਹ ਬਗ਼ਦਾਦ ਦੇ ਅੰਦਰ ਜਿਥੇ ਤੁਰਕਾਂ ਦਾ ਗੜ੍ਹ ਹੈ, ਇਥੇ ਇਕ ਫ਼ਕੀਰ ਆਇਆ ਹੈ। ਉਹ ਕੁਰਾਨ ਸ਼ਰੀਫ਼ ਦੇ ਉਲਟ ਕੁਫ਼ਰ ਬੋਲਦਾ ਹੈ। ਉਹ ਕਹਿੰਦਾ ਹੈ ਕਿ ਪਾਤਾਲਾਂ ਦੇ ਹੇਠਾਂ ਪਾਤਾਲ ਲੱਖਾਂ ਹੀ ਹਨ ਅਤੇ ਆਕਾਸ਼ਾਂ ਉਤੇ ਲੱਖਾਂ ਹੀ ਆਕਾਸ਼ ਹਨ। ਪਰ ਫਿਰ ਓੜਕ ਨਹੀਂ ਆਉਂਦਾ, ਪਰ ਤੁਸੀਂ ਇਹ ਸਭ ਚੌਦਾਂ ਦੱਸੇ ਹਨ। ਦੂਜੀ ਗੱਲ ਉਹ (ਸਰੋਦ) ਸਾਜ਼ ਵਜਾ ਰਾਗ ਗੌਂਦੇ ਹਨ, ਜੋ ਮਨ ਨੂੰ ਚੰਚਲ ਕਰਨ ਵਾਲਾ ਜਾਣ ਕੇ, ਤੁਸੀਂ ਬੰਦ ਕੀਤਾ ਹੈ। ਉਸ ਫ਼ਕੀਰ ਨੇ ਸਾਰੇ ਨਿਯਮਾਂ ਦੀ ਉਲੰਘਣਾ ਕੀਤੀ ਹੈ। ਮੈਂ ਇਹ ਸਭ ਕੁਝ ਕੰਨੀ ਸੁਣ ਕੇ ਆਇਆ ਹਾਂ।

ਮੁਰੀਦ ਦੀ ਇਹ ਗੱਲ ਸੁਣ ਕੇ ਪੀਰ ਭਾਰੀ ਗ਼ੁੱਸੇ ਵਿਚ ਆਇਆ ਤੇ ਆਪਣੇ ਲੋਕਾਂ ਨੂੰ ਆਗਿਆ ਦਿੱਤੀ ਕਿ ਇਕ-ਇਕ ਪੱਥਰ ਜਾ ਕੇ ਉਸ ਫ਼ਕੀਰ ਨੂੰ ਮਾਰੋ। ਮੁਸਲਮਾਨਾਂ ਅੰਦਰ ਇਹ ਵੀ ਸਜ਼ਾ ਹੁੰਦੀ ਸੀ। ਜਦੋਂ ਲੋਕ ਗੁਰੂ ਜੀ ਕੋਲ ਆ ਕੇ ਪੱਥਰ ਮਾਰਨ ਲੱਗੇ ਤਾਂ ਆਪ ਜੀ ਨੇ ''ਸਤਿ ਸ੍ਰੀ ਆਕਾਲ॥ ਗੁਰਬਰ

ਅਕਾਲ॥' ਨਿਰੰਕਾਰ ਦਾ ਜੈਕਾਰਾ ਛੱਡਿਆ।

ਸਾਰੀ ਨਗਰੀ ਦੇ ਲੋਕਾਂ ਦੇ ਸਰੀਰ (ਸੁੰਨ) ਭਾਵ ਜੜ੍ਹ ਹੋ ਗਏ। (ਮੁੰਨਿ) ਸਭ ਚੁਪ ਹੋ ਗਏ, ਮੂਰਛਤ ਹੋ ਗਏ। ਨਾ ਹੱਥ ਪੈਰ ਹਿਲਣ ਨਾ ਬੋਲਿਆ ਹੀ ਜਾਏ।

***ਸੁੰਨ ਮੁੰਨਿ ਨਗਰੀ ਭਈ ਦੇਖਿ ਪੀਰ ਭਇਆ ਹੈਰਾਨਾ।***

ਸਾਰਿਆਂ ਨੂੰ ਸੁੰਨ ਦੇਖ ਕੇ, ਕਿਉਂਕਿ ਉਹਨਾਂ ਦੀਆਂ ਪੱਥਰ ਚੁਕੀਆਂ ਹੋਈਆਂ ਬਾਹਵਾਂ, ਲਕੜ ਵਾਙੂੰ ਜੜ੍ਹ ਹੋ ਕੇ ਉਤਾਂਹ ਖੜੀਆਂ ਹੀ ਰਹਿ ਗਈਆਂ। ਪੀਰ ਬੜਾ ਹੈਰਾਨ, ਪ੍ਰੇਸ਼ਾਨ ਹੋਇਆ। ਉਸ ਨੂੰ ਬੜਾ ਦੁੱਖ ਹੋਇਆ। ਕਿਸੇ ਤੋਂ ਵੀ ਸਤਿਗੁਰੂ ਜੀ ਦੇ ਪੱਥਰ ਨਾ ਮਾਰਿਆ ਗਿਆ। ਉਸ ਵਕਤ ਪੀਰ ਹਾਰ ਮੰਨ ਕੇ ਸਤਿਗੁਰੂ ਜੀ ਦੇ ਪਾਸ ਆਕੇ ਕਹਿਣ ਲੱਗਾ ਕਿ "ਇਥੇ ਵਿਚ ਬਗਦਾਦ ਦੇ ਵੱਡੀ ਕਰਾਮਾਤ ਦਿਖਲਾਈ" ਹੱਥ ਜੋੜ ਕੇ ਬੇਨਤੀ ਕਰਨ ਲੱਗਾ ਕਿ ਮਹਾਰਾਜ ! ਸਾਡੀ ਗ਼ਲਤੀ ਮੁਆਫ਼ ਕਰੋ। ਆਪ ਕਿਰਪਾ ਦੇ ਸਮੁੰਦਰ ਹੋ, ਕ੍ਰਿਪਾ ਕਰੋ ਕਿ ਇਹਨਾਂ ਦੀਆਂ ਬਾਹਾਂ ਥੱਲੇ ਹੋ ਜਾਣ। ਗੁਰੂ ਜੀ ਨੇ ਉਸਦੀ ਬੇਨਤੀ ਪ੍ਰਵਾਨ ਕੀਤੀ, ਬਾਹਾਂ ਥੱਲੇ ਹੋ ਗਈਆਂ। ਫਿਰ ਪੀਰ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ ! ਇਥੇ ਸਰੋਦ ਵਜਾਉਣਾ ਬੰਦ ਕੀਤਾ ਹੋਇਆ ਹੈ। ਇਹ ਸੁਣ ਕੇ ਮਨ ਵਿਚ ਵਿਸ਼ੇ ਪੈਦਾ ਹੁੰਦੇ ਹਨ। ਪਰ ਆਪ ਜੀ ਨੇ ਇਥੇ ਆ ਕੇ ਕੀਰਤਨ ਕੀਤਾ ਹੈ। ਗੁਰੂ ਜੀ ਨੇ ਕਿਹਾ, ਪੀਰ, ਬਰਤਨ ਭਾਵੇਂ ਮਿੱਟੀ ਦਾ ਹੋਵੇ, ਜੇਕਰ ਉਸ ਵਿਚ ਪਾਕੇ ਜ਼ਹਿਰ ਪੀਤਾ ਜਾਵੇ ਤਾਂ ਮਰਨਾ ਹੀ ਹੈ। ਜੇ ਪਾਤਰ ਵੀ ਸੋਨੇ ਦਾ ਹੋਵੇ, ਉਸ ਨਾਲ ਪੀਤਾ ਵੀ ਅੰਮ੍ਰਿਤ ਜਾਵੇ ਤਾਂ ਦੂਣੀ ਸ਼ੋਭਾ ਹੁੰਦੀ ਹੈ। ਇਸ ਪ੍ਰਕਾਰ ਰਾਗੁ ਇਕ ਭਾਂਡਾ ਹੈ। ਜੇ ਇਸ ਵਿਚ ਵਿਸ਼ੇ ਪੈਦਾ ਕਰਨ ਵਾਲੇ ਗੰਦੇ ਗੀਤ ਪਾਏ ਜਾਣ ਤਾਂ ਇਹ ਜ਼ਹਿਰ ਪੀਣ ਦੀ ਨਿਆਈਂ ਹੈ। ਜੇਕਰ ਪ੍ਰਮੇਸ਼ਰ ਦੀ ਸਿਫਤ ਦੇ ਗੁਣ ਗਾਏ ਜਾਣ ਤਾਂ ਅੰਮ੍ਰਿਤ ਬਣ ਜਾਂਦਾ ਹੈ ਤੇ ਪੀਣ 'ਤੇ ਅਮਰ ਹੋ ਜਾਈਦਾ ਹੈ :

***ਅੰਮ੍ਰਿਤੁ ਨਾਮੁ ਨਿਧਾਨੁ ਹੈ, ਮਿਲਿ ਪੀਵਹੁ ਭਾਈ॥***

(ਅੰਗ ੩੧੮)

ਉਸ ਵਿਚ ਪ੍ਰਮੇਸ਼ਰ ਦੇ ਗੁਣ ਗਾਉਣੇ ਇਹ ਅੰਮ੍ਰਿਤ ਪੀਣਾ ਹੈ। ਤੁਹਾਡੇ ਪੈਗ਼ੰਬਰਾਂ ਨੇ ਸਰੋਦ ਇਸ ਵਾਸਤੇ ਬੰਦ ਕੀਤਾ ਸੀ ਕਿ ਮੁਸਲਮਾਨ ਪਠਾਣ ਆਦਿਕ ਉਸਨੂੰ ਸੁਣ ਕੇ ਵਿਸ਼ੇ ਵਿਚ ਮਸਤ ਹੋ ਜਾਂਦੇ ਸਨ, ਪਰ ਅਸੀਂ ਤਾਂ ਰਾਗ ਵਿਚ ਪ੍ਰਮੇਸ਼ਰ ਦਾ ਨਾਮ ਤੇ ਜਸ ਉਚਾਰਿਆ ਹੈ। ਕੀਰਤਨ ਦੁਆਰਾ ਮਨ ਛੇਤੀ ਇਕਾਗਰ ਹੋ ਜਾਂਦਾ ਹੈ ਤੇ ਅਨੰਦ ਬਣਿਆ ਰਹਿੰਦਾ ਹੈ। ਅੰਤ ਨੂੰ ਮੁਕਤ ਹੋ ਜਾਈਦਾ ਹੈ। ਇਹ ਸੁਣ ਕੇ ਪੀਰ ਪ੍ਰਸੰਨ ਹੋਇਆ ਤੇ ਬੇਨਤੀ ਕੀਤੀ ਕਿ ਆਪ ਜੀ ਨੇ ਲੱਖਾਂ ਪਾਤਾਲ ਅਤੇ ਆਕਾਸ਼ ਦੱਸੇ ਹਨ, ਪਰ ਕੁਰਾਨ ਸ਼ਰੀਫ਼ ਵਿਚ ਚੌਦਾਂ ਹੀ ਲਿਖੇ ਹਨ, ਉਹ ਭੀ ਅਸੀਂ ਪੜ੍ਹੇ ਹੀ ਹਨ, ਹੁਣ ਤੱਕ ਅੱਖਾਂ ਨਾਲ ਨਹੀਂ ਵੇਖੇ।

ਹਜ਼ੂਰ ਨੇ ਕਿਹਾ ਕਿ ਜਿਤਨਾ ਕਿਸੇ ਨੂੰ ਪਤਾ ਹੁੰਦਾ ਹੈ, ਉਹ ਉਤਨਾ ਹੀ ਦੱਸਦਾ ਹੈ। ਉਨ੍ਹਾਂ ਨੂੰ ਉਤਨੀ ਹੀ ਸਮਝ ਸੀ ਅਤੇ ਪ੍ਰਮੇਸ਼ਰ ਨੇ ਜਿਤਨੀ ਗਿਆਤ ਸਾਨੂੰ ਬਖ਼ਸ਼ੀ ਹੈ, ਅਸੀਂ ਉਤਨੀ ਹੀ ਦੱਸੀ ਹੈ।

ਤਾਂ ਪੀਰ ਨੇ ਹੱਥ ਜੋੜ ਕੇ ਕਿਹਾ, ਮਹਾਰਾਜ ਜੀ ! ਮੇਰਾ ਮਨ ਨਹੀਂ ਮੰਨਦਾ। ਤਾਂ ਹਜ਼ੂਰ ਨੇ ਕਿਹਾ, ਤੂੰ ਸਾਡੇ ਨਾਲ ਚੱਲ, ਤੈਨੂੰ ਅੱਖੀਂ ਦਿਖਾ ਦਿੰਦੇ ਹਾਂ। ਤਾਂ ਪੀਰ ਨੇ ਕਿਹਾ ਕਿ ਮੈਂ ਰਾਹ ਵਿਚ ਰੁੜਦਾ-ਰੁੜਦਾ ਮਰ ਜਾਵਾਗਾ। ਇਹ ਮੇਰਾ ਪੁੱਤਰ ਨੌਜਵਾਨ ਹੈ, ਮੈਨੂੰ ਇਸ 'ਤੇ ਭਰੋਸਾ ਹੈ, ਇਸ ਨੂੰ ਲੈ ਜਾਉ। ਇਸ ਵਿਚ ਤੇ ਮੇਰੇ ਵਿਚ ਕੋਈ ਫ਼ਰਕ ਨਹੀਂ ਹੈ। ਉਸ ਵੇਲੇ ਹਜ਼ੂਰ ਨੇ

***ਨਾਲਿ ਲੀਤਾ ਬੇਟਾ ਪੀਰ ਦਾ ਅਖੀ ਮੀਟਿ ਗਇਆ ਹਵਾਈ।***
***ਲਖ ਅਕਾਸ ਪਤਾਲ ਲਖ, ਅਖਿ ਫੁਰਕ ਵਿਚਿ ਸਭਿ ਦਿਖਲਾਈ।***

ਜਿਥੇ-ਜਿਥੇ ਭੀ ਗਏ, ਗੁਰੂ ਨਾਨਕ ਦੇਵ ਜੀ ਦੀਆਂ ਸੰਗਤਾਂ ਅਰਦਾਸਾਂ ਕਰਨ ਤੇ ਕੜਾਹ ਪ੍ਰਸ਼ਾਦਿ ਵਰਤਾਉਣ। ਹਜ਼ੂਰ ਪੀਰ ਦੇ ਬੇਟੇ ਨੂੰ ਕਹਿਣ ਲੱਗੇ, ਆਪਣੇ ਪਿਤਾ ਨੂੰ ਦਿਖਾਉਣ ਲਈ ਨਿਸ਼ਾਨੀ ਲੈ ਚੱਲ। ਤਾਂ ਉਸ ਨੇ ਥਾਂ ਥਾਂ ਤੋਂ ਕਿਨਕਾ-ਕਿਨਕਾ ਵਰਤਾਰੇ ਲੈ ਕੇ ਕਾਠ ਦਾ ਕੌਲ ਭਰ ਲਿਆ।

***ਭਰਿ ਕਚਕੌਲ ਪ੍ਰਸਾਦਿ ਦਾ ਧੁਰੋਂ ਪਤਾਲੋਂ ਲਈ ਕੜਾਹੀ।***
***ਜਾਹਰ ਕਲਾ ਨ ਛਪੈ ਛਪਾਈ॥ ੩੬॥*** (ਵਾਰ ੩੬, ਪਉੜੀ ੧)

ਇਸ ਪ੍ਰਕਾਰ ਗੁਰੂ ਜੀ ਨੇ ਉਸਨੂੰ ਅੱਖ ਫਰਕਣ ਵਿਚ ਲੱਖਾਂ ਪਾਤਾਲ ਤੇ ਆਕਾਸ਼ ਵਿਖਾ ਦਿੱਤੇ। ਪੀਰ ਪਾਸ ਆ ਕੇ ਕੜਾਹ ਦਾ ਭਰਿਆ ਕੌਲ ਨਿਸ਼ਾਨੀ ਵਜੋਂ ਦਿਖਾਇਆ। ਇਹ ਵੇਖ ਕੇ ਪੀਰ ਹੈਰਾਨ ਰਹਿ ਗਿਆ ਤੇ ਸਤਿਗੁਰੂ ਤੋਂ ਮੁਆਫ਼ੀ ਮੰਗ ਕੇ ਗੁਰਮਤਿ ਦੀ ਸਿੱਖਿਆ ਦੀ ਜਾਚਨਾ ਕੀਤੀ। ਤਾਂ ਗੁਰਦੇਵ ਕਹਿਣ ਲੱਗੇ ਕਿ ਪ੍ਰਮੇਸ਼ਰ ਦੀ ਰਚੀ ਹੋਈ ਰਚਨਾ ਦਾ ਹੀ ਅੰਤ ਨਹੀਂ ਪਾ ਸਕਦੇ, ਉਸ ਵਾਹਿਗੁਰੂ ਦਾ ਅੰਤ ਕੌਣ ਪਾ ਸਕਦਾ ਹੈ। ਭਾਵ ਉਸ ਦਾ ਅੰਤ ਕੋਈ ਨਹੀਂ ਪਾ ਸਕਦਾ। ਗੁਰਦੇਵ ਦਾ ਸੁੰਦਰ ਫ਼ੁਰਮਾਨ ਹੈ :

***ਬ੍ਰਹਮਾ ਬਿਸਨੁ ਮਹੇਸੁ ਦੁਆਰੈ॥ ਊਭੇ ਸੇਵਹਿ ਅਲਖ ਅਪਾਰੈ॥***
***ਹੋਰ ਕੇਤੀ ਦਰਿ ਦੀਸੈ ਬਿਲਲਾਦੀ ਮੈ ਗਣਤ ਨ ਆਵੈ ਕਾਈ ਹੇ॥***

(ਅੰਗ ੧੦੨੨)

ਹਜ਼ੂਰ ਕਹਿੰਦੇ ਹਨ, ਪੀਰ ਜੀ ! ਉਸ ਪ੍ਰਮੇਸ਼ਰ ਨੂੰ ਬੇਅੰਤ ਤੇ ਹਾਜ਼ਰ ਨਾਜ਼ਰ ਸਰਬ ਵਿਆਪੀ ਜਾਣ ਕੇ ਯਾਦ ਕਰਨਾ ਇਹੀ ਗੁਰਮਤਿ ਦੀ ਸਿੱਖਿਆ ਹੈ।

**ਰਾਗੁ ਧਨਾਸਰੀ ਬਾਣੀ ਭਗਤ ਕਬੀਰ ਜੀ ਕੀ ੴ ਸਤਿਗੁਰ ਪ੍ਰਸਾਦਿ॥**

**ਸਨਕ ਸਨੰਦ ਮਹੇਸ ਸਮਾਨਾਂ॥ ਸੇਖਨਾਗਿ ਤੇਰੋ ਮਰਮੁ ਨ ਜਾਨਾਂ॥ ੧॥ ਸੰਤਸੰਗਤਿ ਰਾਮੁ ਰਿਦੈ ਬਸਾਈ॥ ੧॥ ਰਹਾਉ॥ ਹਨੂਮਾਨ ਸਰਿ ਗਰੁੜ ਸਮਾਨਾਂ॥ ਸੁਰਪਤਿ ਨਰਪਤਿ ਨਹੀ ਗੁਨ ਜਾਨਾਂ॥ ੨॥ ਚਾਰਿ ਬੇਦ ਅਰੁ ਸਿੰਮ੍ਰਿਤਿ ਪੁਰਾਨਾਂ॥ ਕਮਲਾਪਤਿ ਕਵਲਾ ਨਹੀ ਜਾਨਾਂ॥ ੩॥ ਕਹਿ ਕਬੀਰ ਸੋ ਭਰਮੈ ਨਾਹੀ॥ ਪਗ ਲਗਿ ਰਾਮ ਰਹੈ ਸਰਨਾਂਹੀ॥ ੪॥ ੧॥**

## ਪਦ ਅਰਥ :

ਸਨਕ ਸਨੰਦ-ਬ੍ਰਹਮਾ ਦੇ ਪੁੱਤਰ-(ਸਨਕ, ਸਨੰਦਨੁ, ਸਨਾਤਨ, ਸਨਤ ਕੁਮਾਰ)। ਮਹੇਸ-ਸ਼ਿਵ। ਸਮਾਨਾ-ਸਮਾਨ, ਵਰਗੇ। ਸੇਖਨਾਗਿ-ਸ਼ੇਸ ਨਾਗ (ਸੱਪਾਂ ਦੇ ਰਾਜੇ ਨੇ। ਮਰਮੁ-ਭੇਤ। ਬਸਾਈ-ਮੈਂ ਵਸਾਉਂਦਾ ਹਾਂ। ਸਰਿ-ਬਰਾਬਰ। ਗਰੁੜ-ਪੰਛੀਆਂ ਦਾ ਰਾਜਾ। ਸੁਰਪਤਿ-ਦੇਵਤਿਆਂ ਦਾ ਰਾਜਾ, ਇੰਦਰ। ਨਰਪਤਿ-ਮਨੁੱਖਾਂ ਦਾ ਰਾਜਾ। ਕਮਲਾਪਤਿ-ਲੱਛਮੀ ਦਾ ਪਤੀ, ਵਿਸ਼ਨੂੰ। ਕਵਲਾ-ਲੱਛਮੀ। ਪਗ ਲਗਿ-ਚਰਨੀਂ ਲੱਗ ਕੇ। ਸਰਨਾਂਹੀ-ਸ਼ਰਨ ਵਿਚ ਹੀ।

## ਅਰਥ :

(ਹੇ ਪ੍ਰਭੂ !) ਸਨਕ, ਸਨੰਦ, (ਆਦਿ ਬ੍ਰਹਮਾ ਦੇ ਚਾਰੇ ਪੁੱਤਰ ਤੇ ਸ਼ਿਵ ਜੀ) ਇਹ ਸਾਰੇ ਹੀ (ਪ੍ਰਭੂ ਦਾ ਜਸ ਕਰਨ ਵਿਚ) ਸਮਾ ਰਹੇ ਹਨ। ਸ਼ੇਸ਼ਨਾਗ ਨੇ ਵੀ (ਨਿਤ ਨਵੇਂ ਨਾਮ ਲੈਂਦਿਆਂ) ਤੇਰੇ ਭੇਤ ਨੂੰ ਨਹੀਂ ਜਾਣਿਆ।੧। (ਹੇ ਭਾਈ !) ਸੰਤਾਂ ਦੀ ਸੰਗਤ ਦੁਆਰਾ ਪ੍ਰਮਾਤਮਾ ਨੂੰ ਆਪਣੇ ਹਿਰਦੇ ਵਿਚ ਵਸਾ। ੧। ਰਹਾਉ। (ਸ੍ਰੀ ਰਾਮ ਚੰਦਰ ਜੀ ਦੇ ਨਿਕਟਵਰਤੀ) ਹਨੂੰਮਾਨ ਵਰਗੇ ਬਲੀ (ਅਤੇ ਪੰਛੀਆਂ ਦੇ ਰਾਜੇ) ਗਰੁੜ ਜੈਸੇ (ਉਸ ਦੇ ਜਸ ਕਰਨ ਵਿਚ) ਸਮਾ ਰਹੇ ਹਨ। ਦੇਵਤਿਆਂ ਦੇ ਰਾਜੇ ਇੰਦਰ ਤੇ ਹੋਰ ਮਨੁੱਖਾਂ ਦੇ ਰਾਜਿਆਂ ਨੇ ਭੀ (ਪ੍ਰਭੂ ਦੇ ਸਮੱਗ੍ਰ) ਗੁਣਾਂ ਨੂੰ ਨਹੀਂ ਜਾਣਿਆ। ੨। ਚਾਰੇ ਵੇਦਾਂ ਵਾਲੇ ਬ੍ਰਹਮਾ ਤੇ ਮਨੂ ਆਦਿ ਰਿਸ਼ੀਆਂ) ਨੇ ਤੈਨੂੰ ਨਹੀਂ ਸਮਝਿਆ। ਲੱਛਮੀ ਦੇ ਪਤੀ ਵਿਸ਼ਨੂੰ ਤੇ ਲਛਮੀ ਨੇ ਭੀ ਤੇਰਾ ਭੇਤ ਨਹੀਂ ਜਾਣਿਆ।੩। (ਭਗਤ) ਕਬੀਰ ਜੀ ਕਹਿੰਦੇ ਹਨ, ਕਿ ਉਹ (ਮਨੁੱਖ ਕਦੇ) ਭਰਮ ਭੁਲੇਖਾ (ਨਹੀਂ ਖਾਂਦਾ) ਜੋ ਸੰਤਾਂ ਦੀ ਚਰਨੀਂ ਲੱਗ ਕੇ (ਉਸ ਦੀ) ਸ਼ਰਣ ਵਿਚ ਟਿਕਿਆ ਰਹਿੰਦਾ ਹੈ। ੪। ੧।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧੦੪ (ਅੰਗ ੬੯੨)

ਦਿਨ ਤੇ ਪਹਰ ਪਹਰ ਤੇ ਘਰੀਆਂ ਆਵ ਘਟੈ ਤਨੁ ਛੀਜੈ ॥ ਕਾਲੁ ਅਹੇਰੀ ਫਿਰੈ ਬਧਿਕ ਜਿਉ ਕਹਹੁ ਕਵਨ ਬਿਧਿ ਕੀਜੈ ॥ ੧ ॥ ਸੋ ਦਿਨੁ ਆਵਨ ਲਾਗਾ ॥ ਮਾਤ ਪਿਤਾ ਭਾਈ ਸੁਤ ਬਨਿਤਾ ਕਹਹੁ ਕੋਊ ਹੈ ਕਾ ਕਾ ॥ ੧ ॥ ਰਹਾਉ ॥ ਜਬ ਲਗੁ ਜੋਤਿ ਕਾਇਆ ਮਹਿ ਬਰਤੈ ਆਪਾ ਪਸੂ ਨ ਬੂਝੈ ॥ ਲਾਲਚ ਕਰੈ ਜੀਵਨ ਪਦ ਕਾਰਨ ਲੋਚਨ ਕਛੂ ਨ ਸੂਝੈ ॥ ੨ ॥ ਕਹਤ ਕਬੀਰ ਸੁਨਹੁ ਰੇ ਪ੍ਰਾਨੀ ਛੋਡਹੁ ਮਨ ਕੇ ਭਰਮਾ ॥ ਕੇਵਲ ਨਾਮੁ ਜਪਹੁ ਰੇ ਪ੍ਰਾਨੀ ਪਰਹੁ ਏਕ ਕੀ ਸਰਨਾਂ ॥ ੩ ॥ ੨ ॥

# ਪ੍ਰਾਕ੍ਰਥਨ :-

ਇਹ ਪਾਵਨ ਸ਼ਬਦ ਭਗਤ ਕਬੀਰ ਜੀ ਦਾ ਧਨਾਸਰੀ ਰਾਗ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਦੇ ਆਰੰਭ ਵਿਚ ਕਾਲ ਦੀ ਪਰਬਲਤਾ ਦਰਸਾਈ ਹੈ। ਸਮੇਂ ਨਾਲ ਸਾਰਾ ਕੁਝ ਨਾਸ਼ ਹੁੰਦਾ ਜਾ ਰਿਹਾ ਦੱਸਿਆ ਹੈ। ਜੀਵ ਜਨਮ ਲੈਂਦਾ ਹੈ। ਜਨਮ ਕਾਲ ਤੋਂ ਲੈ ਕੇ ਸਰੀਰ ਦੇ ਨਾਸ਼ ਹੋਣ ਤੱਕ ਪਹੁੰਚ ਜਾਂਦਾ ਹੈ। ਕਾਲ ਇਸ ਨੂੰ ਸ਼ਿਕਾਰੀ ਦੀ ਤਰ੍ਹਾਂ ਵੇਖ ਰਿਹਾ ਦੱਸਿਆ ਹੈ।

## ਵਿਸ਼ਾ—ਸਭੁ ਜਗੁ ਚਲਤਉ ਪੇਖੀਐ

ਅਕਾਲ ਪੁਰਖ ਵਾਹਿਗੁਰੂ ਦੇ ਹੁਕਮ ਨਾਲ ਜੀਵ ਜਨਮ ਲੈਂਦਾ ਹੈ। ਜਨਮ ਕਾਲ ਸਮੇਂ ਹੀ ਇਸ ਮਨੁੱਖ ਦਾ ਅੰਤਲਾ ਸਮਾਂ ਕਰਤੇ ਵੱਲੋਂ ਨੀਅਤ ਕੀਤਾ ਜਾਂਦਾ ਹੈ। ਇਸਦੇ ਸਰੀਰ ਵਿਚ ਸੁਆਸ ਗਿਣ ਕੇ ਪਾਏ ਜਾਂਦੇ ਹਨ।

***ਮਰਣੁ ਲਿਖਾਇ ਮੰਡਲ ਮਹਿ ਆਏ॥***

(ਅੰਗ ੬੮੫)

***ਅਥਵਾ: ਛਨਿ ਘਾਲੇ ਸਭ ਦਿਵਸ ਸਾਸ ਨਹ ਬਢਨ ਘਟਨ ਤਿਲੁ ਸਾਰ॥***

(ਅੰਗ ੨੫੪)

ਜਨਮ ਕਾਲ ਤੋਂ ਹੀ ਇਸ ਦਾ ਸੰਸਾਰ ਵਿਚ ਰਹਿਣ ਦਾ ਸਮਾਂ ਤੇ ਸੁਆਸਾਂ ਦੀ ਗਿਣਤੀ ਘਟਣੀ ਸ਼ੁਰੂ ਹੋ ਜਾਂਦੀ ਹੈ। ਪਰ ਇਸ ਅਗਿਆਨੀ ਜੀਵ ਨੂੰ ਸਮਝ ਨਹੀਂ ਪੈਂਦੀ ਕਿ ਮੈਂ ਕਿਸ ਲਈ ਆਇਆ ਹਾਂ? ਮੈਨੂੰ ਕਿੰਨਾ ਘਾਟਾ ਹਰ ਰੋਜ਼ ਪੈ ਰਿਹਾ ਹੈ ? ਕਿਉਂਕਿ ***ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ॥*** (ਅੰਗ ੭੨੬) ਇਹ ਇਸ ਨੂੰ ਸਮਝ ਨਹੀਂ ਹੈ। ਕਿਸੇ ਸਿਆਣੇ ਵਿਦਵਾਨ ਦਾ ਕਥਨ ਹੈ :

***ਨਾਮ ਜਪਣ ਕੋ ਜਿਹਬਾ ਦੀਨੀ, ਹਰ ਦਰਸਨ ਕੋ ਅੱਖੀਂ।***
***ਇਕ ਇਕ ਸੁਆਸ ਅਮੋਲਕ ਜਾਂਦਾ, ਹੱਥ ਨਾ ਆਵੇ ਲੱਖੀਂ।***
***ਚੌਵੀ ਹਜ਼ਾਰ ਸੁਆਸ ਬੰਦੇ ਦਾ, ਆਮਦਨ ਮੂਲ ਨ ਥੀਵੇ।***
***ਜਿਸ ਬੰਦੇ ਕਉ ਇਤਨਾ ਘਾਟਾ, ਸੋ ਬੰਦਾ ਕਿਉਂ ਜੀਵੇ।***

ਪਰ ਕਰਤੇ ਦੇ ਅਸੂਲ ਅਨੁਸਾਰ ਇਹ ਸਾਰਾ ਸੰਸਾਰ ਵਿਨਾਸ਼ ਰੂਪ ਹੈ। ਗੁਰਬਾਣੀ ਵਿਚ ਇਸ ਸਿਧਾਂਤ ਨੂੰ ਬੜੀ ਦ੍ਰਿੜ੍ਹਤਾ ਨਾਲ ਦਰਸਾਇਆ ਗਿਆ ਹੈ ਕਿ ਇਸ ਸੰਸਾਰ ਵਿਚ ਸਭ ਕੁਝ ਬਿਨਸਨਹਾਰ ਹੈ। ਇਥੇ ਸਭ ਚੱਲੋ-ਚੱਲੀ ਦਾ ਮੇਲਾ ਹੈ। ਕੋਈ ਅੱਜ ਜਾ ਰਿਹਾ ਹੈ, ਕੋਈ ਕੱਲ ਨੂੰ ਇਸ ਸੰਸਾਰ ਤੋਂ ਤੁਰ ਜਾਵੇਗਾ। ਕਿਸੇ ਨੇ ਵੀ ਸਦਾ ਲਈ ਇਥੇ ਬੈਠੇ ਨਹੀਂ ਰਹਿਣਾ। ਫ਼ਰਕ ਸਿਰਫ਼ ਐਨਾ ਹੈ ਕਿ ਕਿਸੇ ਦੀ ਪਹਿਲਾਂ ਵਾਰੀ ਆ ਜਾਂਦੀ ਹੈ, ਕਿਸੇ ਦੀ ਬਾਅਦ ਵਿਚ, ਪਰ ਇਹ ਅਟੱਲ ਸਚਾਈ ਹੈ ਕਿ ਜੋ ਕੁਝ ਘੜਿਆ ਹੈ, ਉਸਨੇ

ਇਕ ਦਿਨ ਜ਼ਰੂਰ ਬਿਨਸਨਾ ਹੈ।

***ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ॥***

(ਅੰਗ ੪੭੪)

***ਅਥਵਾ: ਚਲਾ ਚਲਾ ਜੇ ਕਰੀ ਜਾਣਾ ਚਲਣਹਾਰੁ॥***
***ਜੋ ਆਇਆ ਸੋ ਚਲਸੀ ਅਮਰੁ ਸੁ ਗੁਰੁ ਕਰਤਾਰੁ॥***
***ਭੀ ਸਚਾ ਸਾਲਾਹਣਾ ਸਚੈ ਥਾਨਿ ਪਿਆਰੁ॥***

(ਅੰਗ ੬੩)

ਇਸ ਫ਼ਾਨੀ ਸੰਸਾਰ ਵਿਚੋਂ ਸਭ ਨੇ ਹੀ ਤੁਰ ਜਾਣਾ ਹੈ। ਇਥੇ ਜੋ ਵੀ ਆਇਆ ਹੈ, ਉਸ ਨੇ ਇਕ ਨਾ ਇਕ ਦਿਨ ਜ਼ਰੂਰ ਚਲੇ ਜਾਣਾ ਹੈ। ਅਬਿਨਾਸੀ ਜਾਂ ਸਦਾ-ਥਿਰ ਰਹਿਣ ਵਾਲਾ ਤਾਂ ਇਕ ਪ੍ਰਮਾਤਮਾ ਹੀ ਹੈ। ਜਦੋਂ ਅੰਤ ਸਮਾਂ ਆਉਂਦਾ ਹੈ ਤਾਂ ਸਾਰੇ ਸੰਗੀ ਸਾਥ ਛੱਡ ਜਾਂਦੇ ਹਨ ਤਾਂ ਇਕੱਲਿਆਂ ਹੀ ਜਾਣਾ ਪੈਂਦਾ ਹੈ। ਅਜਿਹੇ ਸਮੇਂ ਇਕ ਪ੍ਰਮਾਤਮਾ ਹੀ ਸਹਾਈ ਹੁੰਦਾ ਹੈ:

***ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ॥***
***ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥ॥***

(ਅੰਗ ੧੪੨੯)

***ਅਥਵਾ: ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ॥***
***ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ॥***

(ਅੰਗ ੧੪੨੯)

***ਅਥਵਾ: ਜਾਤਿ ਵਰਨ ਤੁਰਕ ਅਰੁ ਹਿੰਦੂ॥ ਪਸੁ ਪੰਖੀ ਅਨਿਕ ਜੋਨਿ ਜਿੰਦੂ॥***
***ਸਗਲ ਪਾਸਾਰੁ ਦੀਸੈ ਪਾਸਾਰਾ॥ ਬਿਨਸਿ ਜਾਇਗੋ ਸਗਲ ਆਕਾਰਾ॥***

(ਅੰਗ ੨੩੭)

***ਅਥਵਾ : ਜੋ ਦਿਨ ਆਵਹਿ ਸੋ ਦਿਨ ਜਾਹੀ॥ ਕਰਨਾ ਕੂਚੁ ਰਹਨੁ ਥਿਰੁ ਨਾਹੀ॥***
***ਸੰਗੁ ਚਲਤ ਹੈ ਹਮ ਭੀ ਚਲਨਾ॥ ਦੂਰਿ ਗਵਨੁ ਸਿਰ ਊਪਰਿ ਮਰਨਾ॥੧॥***
***ਕਿਆ ਤੂ ਸੋਇਆ ਜਾਗੁ ਇਆਨਾ॥ਤੈ ਜੀਵਨੁ ਜਗਿ ਸਚੁ ਕਰਿ ਜਾਨਾ॥੧॥ਰਹਾਉ॥***

(ਅੰਗ ੭੯੩)

ਵੱਖ ਵੱਖ ਜਾਤਾਂ, ਵਰਗਾਂ ਦੇ ਪ੍ਰਾਣੀ, ਪਸ਼ੂ-ਪੰਛੀ, ਹੋਰ ਅਨੇਕਾਂ ਜੂਨਾਂ ਦੇ ਜੀਵਾਂ ਅਤੇ ਇਹ ਜਗਤ ਪਸਾਰਾ ਜੋ ਦਿਸ ਰਿਹਾ ਹੈ, ਆਖ਼ਰ ਨੂੰ ਸਭ ਨਾਸ਼ ਹੋ ਜਾਣ ਵਾਲੇ ਹਨ। ਇਸ ਜਗਤ ਵਿਚ ਮਾਨੋ ਰੇਤ ਦੇ ਘਰ ਬਣੇ ਹੋਏ ਹਨ। ਜਿਵੇਂ ਮੀਂਹ ਨਾਲ ਕਾਗਜ਼ ਨੂੰ ਗਲਦਿਆਂ ਦੇਰ ਨਹੀਂ ਲੱਗਦੀ, ਇਸੇ ਪ੍ਰਕਾਰ ਇਨ੍ਹਾਂ ਘਰਾਂ ਦੇ ਨਾਸ਼ ਹੁੰਦਿਆਂ ਦੇਰ ਨਹੀਂ ਲੱਗਦੀ:

*ਮ੍ਰਿਤ ਮੰਡਲ ਜਗੁ ਸਾਜਿਆ ਜਿਉ ਬਾਲੂ ਘਰ ਬਾਰ॥*
*ਬਿਨਸਤ ਬਾਰ ਨ ਲਾਗਈ ਜਿਉ ਕਾਗਦ ਬੂੰਦਾਰ॥ ੧॥*
*ਸੁਨਿ ਮੇਰੀ ਮਨਸਾ ਮਨੈ ਮਾਹਿ ਸਤਿ ਦੇਖੁ ਬੀਚਾਰਿ॥*
*ਸਿਧ ਸਾਧਿਕ ਗਿਰਹੀ ਜੋਗੀ ਤਜਿ ਗਏ ਘਰ ਬਾਰ॥ ੧॥ ਰਹਾਉ॥*
*ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ॥*
*ਦ੍ਰਿਸਟਿਮਾਨ ਸਭੁ ਬਿਨਸੀਐ ਕਿਆ ਲਗਹਿ ਗਵਾਰ॥ ੨॥*
*ਕਹਾ ਸੁ ਭਾਈ ਮੀਤ ਹੈ ਦੇਖੁ ਨੈਨ ਪਸਾਰਿ॥*
*ਇਕਿ ਚਾਲੇ ਇਕਿ ਚਾਲਸਹਿ ਸਭਿ ਅਪਨੀ ਵਾਰ॥ ੩॥*

(ਅੰਗ ੮੦੮)

*ਸੁਰ ਸਿਧ ਗਣ ਗੰਧਰਬ ਮੁਨਿ ਜਨ ਸੇਖ ਪੀਰ ਸਲਾਰ॥*
*ਦਰਿ ਕੂਚ ਕੂਚਾ ਕਰਿ ਗਏ ਅਵਰੇ ਭਿ ਚਲਣਹਾਰ॥ ੩॥*
*ਸੁਲਤਾਨ ਖਾਨ ਮਲੂਕ ਉਮਰੇ ਗਏ ਕਰਿ ਕਰਿ ਕੂਚੁ॥*
*ਘੜੀ ਮੁਹਤਿ ਕਿ ਚਲਣਾ ਦਿਲ ਸਮਝੁ ਤੂੰ ਭਿ ਪਹੂਚੁ॥*

(ਅੰਗ ੬੪)

ਸ੍ਰੀ ਗੁਰੂ ਤੇਗ਼ ਬਹਾਦਰ ਜੀ ਬੜਾ ਸੁੰਦਰ ਦ੍ਰਿਸ਼ਟਾਂਤ ਦੇ ਕੇ ਪ੍ਰਾਣੀ ਨੂੰ ਸਮਝਾ ਰਹੇ ਹਨ ਕਿ ਸਾਰਾ ਜਗਤ ਮਾਨੋਂ ਧੂੰਏਂ ਦੇ ਪਹਾੜ ਵਾਂਗ ਹੈ, ਜਿਸ ਸਾਰੇ ਨੂੰ ਇਕ ਹਵਾ ਦਾ ਬੁੱਲਾ ਉਡਾ ਕੇ ਲੈ ਜਾਂਦਾ ਹੈ। ਫਿਰ ਹੇ ਪ੍ਰਾਣੀ! ਤੂੰ ਕੀ ਸਮਝ ਕੇ ਜਗਤ ਨੂੰ ਸਦਾ ਕਾਇਮ ਰਹਿਣ ਵਾਲਾ ਮੰਨੀ ਬੈਠਾ ਹੈਂ। ਆਪ ਜੀ ਦੇ ਬਚਨ ਹਨ, ਕਿ ਇਸ ਜਗਤ ਤੋਂ ਤੁਰਨ ਲੱਗਿਆਂ ਧਨ, ਇਸਤਰੀ ਜਾਂ ਹੋਰ ਕੋਈ ਜਾਇਦਾਦ ਨਾਲ ਨਹੀਂ ਜਾਂਦੀ। ਕੇਵਲ ਪ੍ਰਭੂ ਦੀ ਕੀਤੀ ਹੋਈ ਭਗਤੀ ਹੀ ਨਾਲ ਨਿਭਣ ਵਾਲੀ ਹੈ:

*ਇਹੁ ਜਗੁ ਧੂਏ ਕਾ ਪਹਾਰ॥ ਤੈ ਸਾਚਾ ਮਾਨਿਆ ਕਿਹ ਬਿਚਾਰਿ॥ ੧॥*
*ਧਨੁ ਦਾਰਾ ਸੰਪਤਿ ਗ੍ਰੇਹ॥ ਕਛੁ ਸੰਗਿ ਨ ਚਾਲੈ ਸਮਝ ਲੇਹ॥ ੨॥*
*ਇਕ ਭਗਤਿ ਨਾਰਾਇਨ ਹੋਇ ਸੰਗਿ॥ ਕਹੁ ਨਾਨਕ ਭਜੁ ਤਿਹ ਏਕ ਰੰਗਿ॥ ੩॥*

(ਅੰਗ ੧੧੮੬)

*ਅਥਵਾ: ਊਚੇ ਮੰਦਰ ਸਾਲ ਰਸੋਈ॥ ਏਕ ਘਰੀ ਫੁਨਿ ਰਹਨੁ ਹੋਈ॥ ੧॥*
*ਇਹੁ ਤਨੁ ਐਸਾ ਜੈਸੇ ਘਾਸ ਕੀ ਟਾਟੀ॥ ਜਲਿ ਗਇਓ ਘਾਸੁ ਰਲਿ ਗਇਓ ਮਾਟੀ॥ ੧॥ ਰਹਾਉ॥*

(ਅੰਗ ੭੯੪)

ਇਸ ਲਈ ਸਭ ਕੋਈ ਆਉਣ ਜਾਣ ਵਾਲਾ ਹੈ, ਭਾਵ ਸਭ ਕੋਈ ਨਾਸ਼ਵੰਤ ਹੈ, ਕੇਵਲ ਇਕ ਪ੍ਰਮਾਤਮਾ ਹੀ ਸਦਾ ਕਾਇਮ ਰਹਿਣ ਵਾਲਾ ਹੈ। ਉਹ ਅਲੱਖ ਹੈ ਅਤੇ ਅਪਹੁੰਚ ਹੈ। ਸਾਰੇ ਜਗਤ ਦਾ ਰਚਨਹਾਰਾ, ਉਹ ਸਾਰੀ ਕੁਦਰਤ ਦਾ ਮਾਲਕ ਹੈ ਅਤੇ ਉਹ ਸਭ ਜੀਵਾਂ 'ਤੇ ਮਿਹਰ ਅਤੇ ਬਖ਼ਸ਼ਿਸ਼ ਕਰਨ ਵਾਲਾ ਹੈ:

***ਅਲਾਹੁ ਅਲਖੁ ਅਗੰਮੁ ਕਾਦਰੁ ਕਰਣਹਾਰੁ ਕਰੀਮੁ॥***
***ਸਭ ਦੁਨੀ ਆਵਣ ਜਾਵਣੀ ਮੁਕਾਮੁ ਏਕੁ ਰਹੀਮੁ॥੬॥***

(ਅੰਗ ੬੪)

ਇਸ ਲਈ ਸਾਰਾ ਹੀ ਜਗ, ਚੱਲਦਾ-ਫਿਰਦਾ ਹੈ, ਜਨਮ-ਮਰਨ ਦੇ ਚੱਕਰ ਵਿਚ ਪਿਆ ਹੋਇਆ ਹੈ, ਸਦਾ-ਥਿਰ ਰਹਿਣ ਵਾਲਾ ਉਹ ਪ੍ਰਮਾਤਮਾ ਦਾ ਨਾਮ ਹੀ ਹੈ:

***ਸਭੁ ਜਗੁ ਚਲਤਉ ਪੇਖੀਐ ਨਿਹਚਲੁ ਹਰਿ ਕੋ ਨਾਉ॥***

(ਅੰਗ ੪੩੧)

***ਆਦਿ ਹੀ ਅਧਾਨ ਬਿਖੈ ਹੋਇ ਨਿਰਮਾਨ ਪ੍ਰਾਣੀ,***
***ਮਾਸ ਦਸ ਗਨਤ ਹੀ ਗਨਤ ਬਿਹਾਤ ਹੈ॥***
***ਜਨਮਤ ਸੁਤ ਸਬ ਕੁਟੰਬ ਅਨੰਦ-ਮਈ,***
***ਬਾਲ ਬੁਧਿ ਗਨਤ ਬਿਤੀਤ ਨਿਸਿ ਪ੍ਰਾਤ ਹੈ॥***
***ਪਢਤ ਬਿਵਾਹੀਅਤ ਜੋਬਨ ਮੈ ਭੋਗ ਬਿਖੈ,***
***ਬਨਜ ਬਿਉਹਾਰ ਕੇ ਬਿਥਾਰ ਲਪਟਾਤ ਹੈ॥***
***ਬਢਤਾ ਬਿਆਜ ਕਾਜ ਗਨਤ ਅਵਧ ਬੀਤੀ,***
***ਗੁਰ-ਉਪਦੇਸ ਬਿਨੁ ਜਮਪੁਰ ਜਾਤ ਹੈ॥ ੨੪੧॥***

(ਕਬਿੱਤ ਸਵੱਯੇ ਭਾ: ਗੁਰਦਾਸ ਜੀ)

## ਅਲੰਕਾਰ—ਆਵ ਘਟੈ ਤਨ ਛੀਜੈ

ਸੰਤ ਮਹਾਂਪੁਰਖ ਕਥਾ ਵਿਚ ਸੁਣਾਇਆ ਕਰਦੇ ਸਨ ਕਿ ਇਕ ਪੰਡਿਤ ਅਚਾਨਕ ਜੰਗਲ ਵਿਚ ਐਸੀ ਥਾਂ ਚਲਿਆ ਗਿਆ, ਜਿਥੇ ਇਕ ਪਾਸੇ ਫਾਹੀਆਂ ਹਨ। ਦੂਜੇ ਪਾਸੇ ਜੰਗਲ ਵਿਚ ਅੱਗ ਲੱਗੀ ਹੋਈ ਹੈ। ਤੀਜੇ ਪਾਸੇ ਇਕ ਡੈਣ ਲੰਮੀਆਂ-ਲੰਮੀਆਂ ਭੁਜਾ (ਬਾਹਾਂ) ਕਰਕੇ ਖੜੀ ਹੈ ਅਤੇ ਚੌਥੇ ਪਾਸੇ ਇਕ ਭੁੱਖਾ ਸ਼ੇਰ ਖੜਾ ਹੈ। ਪੰਡਿਤ ਘਬਰਾ ਕੇ ਜੰਗਲ ਵਿਚ ਹੀ ਰਿਹਾ ਤੇ ਇਕ ਬੋਹੜ ਦੇ ਦਰੱਖ਼ਤ ਦੀ ਲੰਮੀ ਦਾੜੀ (ਜੜ੍ਹ) ਖੂਹ ਵਿਚ ਲਮਕਦੀ ਦੇਖੀ, ਝੱਟ ਜੜ੍ਹ ਨੂੰ ਫੜ ਕੇ ਖੂਹ ਵਿਚ ਲਮਕ ਗਿਆ। ਜਦੋਂ ਹੇਠਾਂ ਨਿਗਾਹ ਕੀਤੀ ਤਾਂ ਵੱਡਾ ਸੱਪ (ਅਸਰਾਲ) ਮੂੰਹ ਅੱਡੀ ਫੁੰਕਾਰੇ ਮਾਰ ਰਿਹਾ ਹੈ, ਉਪਰ ਨਿਗਾਹ ਕੀਤੀ ਤਾਂ ਉੱਤੇ ਇਕ ਮਸਤ

ਹਾਥੀ ਆ ਗਿਆ। ਜਿਸ ਜੜ੍ਹ ਨਾਲ ਲਮਕਦਾ ਸੀ, ਉਸਨੂੰ ਮਾਖਿਉ (ਮਖਿਆਲ) ਲੱਗਾ ਸੀ। ਜਦ ਲਮਕਣ ਨਾਲ ਹਿੱਲ ਕੇ ਮਾਖਿਉ ਦਾ ਸ਼ਹਿਦ ਉਸ ਦੇ ਮੂੰਹ ਵਿਚ ਚੋਣ ਲੱਗ ਪਿਆ, ਫਿਰ ਕੀ ਡਿਠਾ, ਦੋ ਚੂਹੇ ਚਿੱਟਾ ਤੇ ਕਾਲਾ ਉਸ ਜੜ੍ਹ ਨੂੰ ਕੱਟ ਰਹੇ ਹਨ, ਪਰੰਤੂ ਕੀ ਕਰਦਾ? ਇਹ ਸਭ ਕੁਝ ਜਾਣਦਾ ਹੋਇਆ ਵੀ ਸ਼ਹਿਦ ਦੇ ਮਿੱਠੇ ਰਸ ਵਿਚ ਸਭ ਕੁਝ ਭੁੱਲ ਗਿਆ। ਆਖ਼ਰ ਚੂਹਿਆਂ ਨੇ ਜੜ੍ਹ ਕੱਟ ਦਿੱਤੀ ਤੇ ਪੰਡਿਤ ਵਿਚਾਰਾ ਭਿਆਨਕ ਸੱਪ ਦੇ ਮੂੰਹ ਵਿਚ ਜਾ ਪਿਆ।

ਇਸੇ ਤਰ੍ਹਾਂ ਜੀਵ, ਪੰਡਿਤ, ਸੰਸਾਰ ਉਜਾੜ ਵਿਚ ਆਇਆ ਹੈ। ਇਕ ਪਾਸੇ ਵਾਸ਼ਨਾ ਦੀਆਂ ਫਾਹੀਆਂ ਲੱਗੀਆਂ ਹਨ। ਦੂਜੇ ਪਾਸੇ ਤ੍ਰਿਸ਼ਨਾ ਦੀ ਅੱਗ ਮੱਚ ਰਹੀ ਹੈ। ਤੀਜੇ ਪਾਸੇ ਬ੍ਰਿਧ ਅਵੱਸਥਾ ਰੂਪੀ ਡੈਣ ਲੰਮੀਆਂ ਬਾਹਵਾਂ ਕਰਕੇ ਦੌੜਦੀ ਹੋਈ ਜਵਾਨੀਆਂ ਰੂਪ ਡਾਹਣੇ ਭੰਨੀ ਆ ਰਹੀ ਹੈ। ਚੌਥੇ ਪਾਸੇ ਹੰਕਾਰ ਰੂਪ ਸ਼ੇਰ ਗਰਜ ਰਿਹਾ ਹੈ। ਗ੍ਰਿਹਸਤ ਬੋਹੜ ਦਾ ਦਰੱਖ਼ਤ ਹੈ, ਉਮਰ ਇਸ ਦੀ ਜੜ੍ਹ ਹੈ, ਖ਼ੂਹ ਸਰੀਰ ਹੈ, ਬਰਸ (ਵਰ੍ਹਾ) ਰੂਪ ਹਾਥੀ ਹੈ। ਦਿਨ ਰਾਤ ਚਿੱਟਾ ਤੇ ਕਾਲਾ ਚੂਹਾ ਉਮਰ ਰੂਪ ਜੜ੍ਹ ਨੂੰ ਕੱਟੀ ਜਾ ਰਹੇ ਹਨ:

***ਅਨਦਿਨੁ ਮੂਸਾ ਲਾਜੁ ਟੁਕਾਈ॥ ਗਿਰਤ ਕੂਪ ਮਹਿ ਖਾਹਿ ਮਿਠਾਈ॥***

(ਅੰਗ ੩੯੦)

ਮਾਇਆ ਰੂਪ ਮਾਖਿਉ ਹੈ, ਵਿਸ਼ੇ ਰੂਪ ਸ਼ਹਿਦ ਹੈ, ਜਿਸ ਦੇ ਭੋਗਣ ਵਿਚ ਜੀਵ ਲੱਗਾ ਹੋਇਆ ਹੈ। ਕਾਲ ਰੂਪ ਸੱਪ ਹੈ। ਜਦ ਉਮਰ ਰੂਪੀ ਜੜ੍ਹ ਕੱਟੀ ਗਈ ਤਾਂ ਡਿੱਗ ਕੇ ਕਾਲ ਦੇ ਮੂੰਹ ਵਿਚ ਜਾ ਪੈਂਦਾ ਹੈ। ਸੋ ਇਸ ਤਰ੍ਹਾਂ ਜੋ ਮਨੁੱਖਾ ਜਨਮ ਲੈ ਕੇ ਸੱਪ (ਕਾਲ) ਦੇ ਮੂੰਹ ਵਿਚ ਹੀ ਡਿੱਗਣ ਜੋਗੇ ਹਨ, ਉਹ ਆਪਣਾ ਕੁਝ ਨਹੀਂ ਸਵਾਰ ਸਕਦੇ।

**ਦਿਨ ਤੇ ਪਹਰ ਪਹਰ ਤੇ ਘਰੀਆਂ ਆਵ ਘਟੈ ਤਨੁ ਛੀਜੈ॥ ਕਾਲੁ ਅਹੇਰੀ ਫਿਰੈ ਬਧਿਕ ਜਿਉ ਕਹਹੁ ਕਵਨ ਬਿਧਿ ਕੀਜੈ॥੧॥ ਸੋ ਦਿਨੁ ਆਵਨ ਲਾਗਾ॥ ਮਾਤ ਪਿਤਾ ਭਾਈ ਸੁਤ ਬਨਿਤਾ ਕਹਹੁ ਕੋਊ ਹੈ ਕਾ ਕਾ॥੧॥ ਰਹਾਉ॥ ਜਬ ਲਗੁ ਜੋਤਿ ਕਾਇਆ ਮਹਿ ਬਰਤੈ ਆਪਾ ਪਸੂ ਨ ਬੂਝੈ॥ ਲਾਲਚ ਕਰੈ ਜੀਵਨ ਪਦ ਕਾਰਨ ਲੋਚਨ ਕਛੂ ਨ ਸੂਝੈ॥੨॥ ਕਹਤ ਕਬੀਰ ਸੁਨਹੁ ਰੇ ਪ੍ਰਾਨੀ ਛੋਡਹੁ ਮਨ ਕੇ ਭਰਮਾ॥ ਕੇਵਲ ਨਾਮੁ ਜਪਹੁ ਰੇ ਪ੍ਰਾਨੀ ਪਰਹੁ ਏਕ ਕੀ ਸਰਨਾਂ॥੩॥੨॥**

(ਅੰਗ ੬੯੨)

## ਪਦ ਅਰਥ:

ਤੇ-ਤੋਂ। ਆਵ-ਉਮਰ। ਛੀਜੈ-ਛਿਜਦਾ, ਕਮਜ਼ੋਰ ਹੁੰਦਾ ਜਾ ਰਿਹਾ ਹੈ। ਅਹੇਰੀ-ਸ਼ਿਕਾਰੀ। ਬਧਿਕ-ਸ਼ਿਕਾਰ। ਬਿਧਿ-ਵਿਧੀ, ਜੁਗਤੀ। ਕਾ ਕਾ-ਕਿਸ ਦਾ। ਬਰਤੈ-ਵਰਤਦੀ, ਕੰਮ ਕਰ ਰਹੀ ਹੈ। ਆਪਾ-

ਆਪਣਾ ਅਸਲਾ ਨਿਜ ਸਰੂਪ। ਲੋਚਨ–ਅੱਖਾਂ।

**ਅਰਥ :**

(ਹੇ ਭਾਈ!) ਦਿਨ ਤੋਂ ਪਹਿਰ ਤੇ ਪਹਿਰ ਤੋਂ ਘੜੀਆਂ (ਬੀਤਦੀਆਂ ਜਾ ਰਹੀਆਂ ਹਨ ਤੇ) ਉਮਰ ਘਟਦੀ ਜਾ ਰਹੀ ਹੈ, (ਅਤੇ) ਸਰੀਰ ਕਮਜ਼ੋਰ ਹੁੰਦਾ ਜਾ ਰਿਹਾ ਹੈ। ਕਾਲ ਰੂਪ ਸ਼ਿਕਾਰੀ (ਮਨੁੱਖ ਪਿਛੇ) ਇਸ ਤਰ੍ਹਾਂ ਫਿਰ ਰਿਹਾ ਹੈ, ਜਿਵੇਂ ਕੋਈ ਸ਼ਿਕਾਰੀ (ਸ਼ਿਕਾਰ ਦੇ ਮਗਰ ਫਿਰਦਾ ਹੋਵੇ, ਪਰ ਕਾਲ ਤੋਂ ਬਚਣ ਦੀ ਕਿਹੜੀ) ਵਿਧੀ ਅਖ਼ਤਿਆਰ ਕੀਤੀ ਜਾਏ?।੧। (ਹੇ ਭਾਈ!) ਉਹ (ਮੌਤ ਵਾਲਾ) ਦਿਨ (ਸਿਰ 'ਤੇ) ਆਉਣ ਲੱਗਾ ਹੈ। ਤੂੰ ਦਸ! ਮਾਂ, ਪਿਉ, ਭਰਾ, ਪੁੱਤਰ, ਘਰਵਾਲੀ (ਇਸਤਰੀ) ਇਹਨਾਂ ਸਾਰਿਆਂ ਵਿਚੋਂ) ਕੌਣ ਕੋਈ ਕਿਸੇ ਦਾ ਹੈ? ਭਾਵ ਮੌਤ ਤੋਂ ਕੋਈ ਵੀ ਨਹੀਂ ਬਚ ਸਕਦਾ। ੧। ਰਹਾਉ। (ਹੇ ਭਾਈ!) ਜਦ ਤੱਕ ਸਰੀਰ ਵਿਚ ਜੋਤਿ (ਜੀਵਨ) ਸ਼ਕਤੀ ਕੰਮ ਕਰ ਰਹੀ ਹੈ (ਉਦੋਂ ਤੱਕ ਇਹ) ਪਸ਼ੂ (ਮਨੁੱਖ) ਆਪਣੇ ਅਸਲੇ ਨਿਜ ਸਰੂਪ ਨੂੰ ਨਹੀਂ ਸਮਝਦਾ। (ਬਹੁਤਾ ਸਮਾਂ) ਜੀਉਣ ਦੀ ਖ਼ਾਤਰ (ਹੋਰ) ਲਾਲਚ ਕਰਦਾ ਹੈ, (ਇਸ ਨੂੰ) ਅੱਖਾਂ ਤੋਂ ਕੁਝ ਨਹੀਂ ਦਿੱਸਦਾ (ਭਾਵ ਜਾਣ ਬੁਝ ਕੇ ਅੰਨ੍ਹਾ ਬਣਿਆ ਹੋਇਆ ਹੈ)। ੨। (ਭਗਤ ਕਬੀਰ ਜੀ ਆਖਦੇ ਹਨ ਕਿ ਹੇ ਪ੍ਰਾਣੀ! (ਮੇਰਾ ਬਚਨ) ਸੁਣ, ਮਨ ਦੇ ਭਰਮ (ਭੁਲੇਖੇ) ਛੱਡ ਦੇ। (ਇਸ ਸਰੀਰ ਨੇ ਸਦਾ ਲਈ ਨਹੀਂ ਰਹਿਣਾ।) (ਇਸ ਲਈ) ਹੇ ਪ੍ਰਾਣੀ! ਇਕ (ਪ੍ਰਭੂ ਦੀ) ਸ਼ਰਨ ਵਿਚ ਪੈ ਕੇ (ਉਸ ਪਰਮਾਤਮਾ ਦਾ) ਕੇਵਲ ਨਾਮ ਜਪ। ੩। ੨।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧੦੫ (ਅੰਗ ੬੯੩)

ਪਹਿਲ ਪੁਰੀਏ ਪੁੰਡਰਕ ਵਨਾ ॥ ਤਾ ਚੇ ਹੰਸਾ ਸਗਲੇ ਜਨਾਂ ॥ ਕ੍ਰਿਸ੍ਨਾ ਤੇ ਜਾਨਊ ਹਰਿ ਹਰਿ ਨਾਚੰਤੀ ਨਾਚਨਾ ॥੧॥ ਪਹਿਲ ਪੁਰਸਾਬਿਰਾ ॥ ਅਥੋਨ ਪੁਰਸਾਦਮਰਾ ॥ ਅਸਗਾ ਅਸ ਉਸਗਾ ॥ ਹਰਿ ਕਾ ਬਾਗਰਾ ਨਾਚੈ ਪਿੰਧੀ ਮਹਿ ਸਾਗਰਾ ॥੧॥ ਰਹਾਉ ॥ ਨਾਚੰਤੀ ਗੋਪੀ ਜੰਨਾ ॥ ਨਈਆ ਤੇ ਬੈਰੇ ਕੰਨਾ ॥ ਤਰਕੁ ਨ ਚਾ ॥ ਭ੍ਰਮੀਆ ਚਾ ॥ ਕੇਸਵਾ ਬਚਉਨੀ ਅਈਏ ਮਈਏ ਏਕ ਆਨ ਜੀਉ ॥੨॥ ਪਿੰਧੀ ਉਭਕਲੇ ਸੰਸਾਰਾ ॥ ਭ੍ਰਮਿ ਭ੍ਰਮਿ ਆਏ ਤੁਮ ਚੇ ਦੁਆਰਾ ॥ ਤੂ ਕੁਨੁ ਰੇ ॥ ਮੈ ਜੀ ॥ ਨਾਮਾ ॥ ਹੋ ਜੀ ॥ ਆਲਾ ਤੇ ਨਿਵਾਰਣਾ ਜਮ ਕਾਰਣਾ ॥੩॥੪॥

# ਪ੍ਰਾਕ੍ਰਥਨ :-

ਇਹ ਪਾਵਨ ਸ਼ਬਦ ਭਗਤ ਨਾਮਦੇਵ ਜੀ ਦਾ ਧਨਾਸਰੀ ਰਾਗ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਵਿਚ ਭਗਤ ਜੀ ਨੇ ਸੰਸਾਰਕ ਰਚਨਾ ਦਾ ਜ਼ਿਕਰ ਕੀਤਾ ਹੈ। ਇਸ ਸੰਸਾਰ ਨੂੰ ਇਕ ਸੁੰਦਰ ਕਮਲ ਫੁੱਲਾਂ ਦਾ ਬਗ਼ੀਚਾ ਦਰਸਾਇਆ ਹੈ।

## ਵਿਸ਼ਾ—ਸਭ ਫੁਲਾ ਕੀ ਬਾਗਾਤਿ

ਇਸ ਜਗਤ ਰਚਨਾ ਨੂੰ ਸ਼ਾਸਤਰਕਾਰਾਂ ਨੇ ਵੱਖ-ਵੱਖ ਰੂਪ ਵਿਚ ਉਪਜਿਆ ਦਰਸਾਇਆ ਹੈ। ਕਿਸੇ ਨੇ ਤੱਤਾਂ ਤੋਂ, ਕਿਸੇ ਨੇ ਪ੍ਰਮਾਣੂਆਂ ਤੋਂ ਅਤੇ ਕੋਈ ਕਾਲ ਤੋਂ, ਕੋਈ ਕਰਮਾਂ ਤੋਂ, ਕੋਈ ਸੰਭੂਮੁਨਿ ਤੇ ਸਤਰੂਪਾਂ ਤੋਂ, ਉਪਜਿਆ ਦੱਸਦਾ ਹੈ। ਪੌਰਾਣਿਕ ਹਿੰਦੂ ਮਤ ਵਾਲੇ ਬ੍ਰਹਮਾ ਤੋਂ ਸ੍ਰਿਸ਼ਟੀ ਰਚਨਾ ਹੋਈ ਮੰਨਦੇ ਹਨ। ਇਹ ਪੱਖ ਮੰਨਣ ਵਾਲੇ ਸ੍ਰਿਸ਼ਟੀ ਦਾ ਕਰਤਾ ਬ੍ਰਹਮਾ ਤੇ ਪਾਲਣਾ ਕਰਨ ਵਾਲਾ ਵਿਸ਼ਨੂੰ, ਨਾਸ਼ ਕਰਨ ਵਾਲਾ ਸ਼ਿਵਜੀ ਨੂੰ ਮੰਨਦੇ ਹਨ। ਇਸ ਕਰਕੇ ਲੋਗ ਇਨ੍ਹਾਂ ਨੂੰ ਮਹਾਨ ਮੰਨ ਕੇ ਇਨ੍ਹਾਂ ਦੀ ਪੂਜਾ ਕਰਨ ਲੱਗ ਪਏ। ਪਰ ਅਸਲ ਵਿਚ ਉਤਪਤੀ, ਪਾਲਣਾ, ਲੈਅਤਾ (ਨਾਸ਼) ਇਹ ਜਗਤ ਦੀਆਂ ਤਿੰਨ ਕਿਰਿਆ ਹੋ ਰਹੀਆਂ ਹਨ। ਇਹਨਾਂ ਕਿਰਿਆਵਾਂ ਤੋਂ ਐਸਾ ਖ਼ਿਆਲ ਬਣ ਗਿਆ ਕਿ ਇਹ ਤਿੰਨ ਕਾਰਜ ਕੋਈ ਤਿੰਨ ਸ਼ਕਤੀਆਂ ਕਰ ਰਹੀਆਂ ਹਨ। ਬਾਅਦ ਵਿਚ ਇਹਨਾਂ ਤਿੰਨ ਸ਼ਕਤੀਆਂ ਨੂੰ ਤਿੰਨ ਨਾਮ ਦੇ ਦਿੱਤੇ ਗਏ, ਅਤੇ ਇਨ੍ਹਾਂ ਨਾਮਾਂ ਬਾਰੇ ਪੌਰਾਣਿਕ ਮਤ ਇਸ ਤਰ੍ਹਾਂ ਹੈ ਕਿ ਬ੍ਰਹਮਾ ਨੇ ਸ੍ਰਿਸ਼ਟੀ ਬਣਾਈ, ਵਿਸ਼ਨੂੰ ਪਾਲਣਾ ਕਰ ਰਿਹਾ ਹੈ, ਤੇ ਸ਼ਿਵਜੀ ਨਾਸ਼ ਕਰ ਰਿਹਾ ਹੈ।

ਲੋਕਾਂ ਦੇ ਇਸ ਪੌਰਾਣਿਕ ਪ੍ਰਚਲਿਤ ਖ਼ਿਆਲ ਨੂੰ ਗੁਰਦੇਵ ਨੇ ਆਪਣੀ ਬਾਣੀ ਅੰਦਰ ਇਸ ਤਰ੍ਹਾਂ ਦਰਸਾਇਆ ਹੈ :

***ਏਕਾ ਮਾਈ ਜੁਗਤਿ ਵਿਆਈ, ਤਿਨਿ ਚੇਲੇ ਪਰਵਾਣੁ॥***
***ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ॥***

(ਅੰਗ ੭)

ਪਰ ਨਾਲ ਹੀ ਗੁਰਮਤਿ ਦਾ ਸਿਧਾਂਤ ਉਜਾਗਰ ਕਰਦਿਆਂ ਅਗਲੀਆਂ ਪੰਗਤੀਆਂ ਅੰਦਰ ਸਪੱਸ਼ਟ ਕਰ ਦਿੱਤਾ ਹੈ :

***ਜਿਵ ਤਿਸੁ ਭਾਵੈ, ਤਿਵੈ ਚਲਾਵੈ, ਜਿਵ ਹੋਵੈ ਫੁਰਮਾਣੁ॥***
***ਓਹੁ ਵੇਖੈ, ਓਨਾ ਨਦਰਿ ਨ ਆਵੈ, ਬਹੁਤਾ ਏਹੁ ਵਿਡਾਣੁ॥***

(ਅੰਗ ੭)

ਭਾਵ, ਜਿਵੇਂ ਉਸ ਅਕਾਲ ਪੁਰਖ ਨੂੰ ਭਾਉਂਦਾ ਹੈ ਅਤੇ ਜਿਵੇਂ ਉਸ ਦਾ ਹੁਕਮ ਹੁੰਦਾ ਹੈ, ਤਿਵੇਂ ਹੀ

ਉਹ ਆਪ ਸੰਸਾਰ ਦੀ ਕਾਰ ਚਲਾ ਰਿਹਾ ਹੈ। (ਇਹਨਾਂ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵਜੀ ਦੇ ਕੁਝ ਹੱਥ ਵੱਸ ਨਹੀਂ)। ਇਹ ਬੜਾ ਹੀ ਅਸਚਰਜ ਕੌਤਕ ਹੈ ਕਿ ਉਹ ਅਕਾਲ ਪੁਰਖ (ਸਭ ਜੀਵਾਂ ਨੂੰ) ਵੇਖ ਰਿਹਾ ਹੈ ਪਰ (ਪ੍ਰਭੂ ਦੇ ਪੈਦਾ ਕੀਤੇ ਜੋ ਜੀਵ ਹਨ) ਉਨ੍ਹਾਂ ਜੀਵਾਂ ਨੂੰ ਅਕਾਲ ਪੁਰਖ ਨਹੀਂ ਦਿੱਸਦਾ। ਕਿਉਂਕਿ ਸਾਰੇ ਦੇਵੀ ਦੇਵਤਿਆਂ ਦਾ ਕਰਤਾ ਪ੍ਰਮੇਸ਼ਰ ਆਪ ਹੈ :

***ਤ੍ਰਿਤੀਆ ਬ੍ਰਹਮਾ ਬਿਸਨੁ ਮਹੇਸਾ॥***
***ਦੇਵੀ ਦੇਵ ਉਪਾਏ ਵੇਸਾ॥***
***ਜੋਤੀ ਜਾਤੀ ਗਣਤ ਨ ਆਵੈ॥***
***ਜਿਨਿ ਸਾਜੀ ਸੋ ਕੀਮਤਿ ਪਾਵੈ॥***

(ਅੰਗ ੮੩੯)

ਪਰ ਸੰਤ ਸਿੰਘ ਮਸਕੀਨ ਜੀ ਨੇ "ਗੁਰੂ ਚਿੰਤਨ" ਪੁਸਤਕ ਅੰਦਰ, ਬ੍ਰਹਮਾ, ਵਿਸ਼ਨੂੰ, ਸ਼ਿਵਜੀ ਦੇ ਸੰਬੰਧ ਵਿਚ ਇਸਤਰ੍ਹਾਂ ਜ਼ਿਕਰ ਕੀਤਾ ਹੈ ਕਿ ਵਿਸ਼ਨੂੰ ਨੇ ਇਹ ਵੀਚਾਰ ਜਗਤ ਨੂੰ ਦਿੱਤੀ ਕਿ ਪਾਲਣਾ ਕਿਥੋਂ ਹੋ ਰਹੀ ਹੈ। ਜਿਸ ਤੋਂ ਪਾਲਣਾ ਹੁੰਦੀ ਹੈ, ਉਸ ਨਾਲ ਪ੍ਰੀਤ ਪਾਵਉ। ਸ੍ਰਿਸ਼ਟੀ ਕਿਉਂ ਰਚੀ ਗਈ, ਕਦੋਂ ਰਚੀ, ਇਹ ਖੋਜ ਬ੍ਰਹਮਾ ਦੀ ਸੀ। ਇਸ ਲਈ ਇਸਨੂੰ ਸੰਸਾਰੀ ਕਹਿ ਦਿੱਤਾ। ਸੰਸਾਰ ਨਾਸ਼ ਕਿਸ ਤਰ੍ਹਾ ਹੁੰਦਾ ਹੈ, ਇਸ ਖੋਜ 'ਤੇ ਜ਼ੋਰ ਸ਼ਿਵਜੀ ਨੇ ਲਾਇਆ, ਇਸ ਕਰਕੇ ਇਸਨੂੰ ਨਾਸ਼ ਕਰਤਾ ਮੰਨ ਲਿਆ। ਪਾਲਣਾ ਵੱਲ ਤੇ ਪਾਲਣਾ ਕਰਨ ਵਾਲੇ ਨਾਲ ਪ੍ਰੀਤ ਪਾਉਣ ਦੀ ਗੱਲ ਵਿਸ਼ਨੂੰ ਨੇ ਕੀਤੀ ਸੀ। ਪਰ ਪੇਟ ਪੂਰਤੀ ਦੇ ਸੁਆਰਥੀ ਲੋਕ ਵਿਸ਼ਨੂੰ ਨੂੰ ਹੀ ਪਾਲਣਾ ਕਰਨ ਵਾਲਾ ਮੰਨ ਕੇ ਉਸ ਦੇ ਥਾਂ-ਥਾਂ ਮੰਦਰ ਬਣਾ ਕੇ ਪੂਜਣ ਲੱਗ ਪਏ। ਲੱਛਮੀ ਦਾਤਾ ਮੰਨ ਕੇ ਧਨਾਢ, ਸ਼ਾਹੂਕਾਰ ਵਿਸ਼ਨੂੰ ਦੇ ਭਗਤ ਬਣ ਗਏ।

ਬ੍ਰਹਮਾ ਇਕ ਸਾਹਿਤਕਾਰ ਕਵੀ ਸੀ। ਕਵੀ ਵੀ ਐਸਾ ਜੋ ਭਾਵੁਕ ਹੋਣ ਦੇ ਨਾਲ-ਨਾਲ ਦਾਰਸ਼ਨਿਕ ਵੀ ਸੀ। ਪ੍ਰਮੇਸ਼ਰ ਦੀ ਦਾਤ ਨਿਸ਼ਾਨੀ ਜਾਣ ਕੇ ਦਾਤੇ ਨਾਲ ਜੁੜਨ ਦੀ ਗੱਲ ਬ੍ਰਹਮੇ ਨੂੰ ਨਹੀਂ ਜਚੀ। ਜੀਵਨ ਕੀ ਹੈ ? ਕਿਥੋਂ ਹੈ ? ਕਦੋਂ ਤੋਂ ਹੈ ? ਇਸ ਟੋਲ ਵਿਚ ਬ੍ਰਹਮਾ ਲੱਗ ਗਿਆ। ਗੁਰਦੇਵ ਜੀ ਦਾ ਸੁੰਦਰ ਫੁਰਮਾਣ ਹੈ :

***ਨਾਲਿ ਕੁਟੰਬੁ ਸਾਥਿ ਵਰਦਾਤਾ ਬ੍ਰਹਮਾ ਭਾਲਣ ਸ੍ਰਿਸਟਿ ਗਇਆ॥***
***ਆਗੈ ਅੰਤੁ ਨ ਪਾਇਓ ਤਾ ਕਾ ਕੰਸੁ ਛੇਦਿ ਕਿਆ ਵਡਾ ਭਇਆ॥***

(ਅੰਗ ੩੫੦)

ਇਸ ਸੰਸਾਰ ਦੇ ਹਰ ਪਹਿਲੂ ਦੀ ਖੋਜ ਵਿਚ ਬ੍ਰਹਮਾ ਲੀਨ ਹੋ ਗਿਆ। ਜਦ ਮੂਲ ਨਾ ਲੱਭਿਆ, ਤਾਂ ਬੇਅੰਤ, ਬੇਅੰਤ ਕਹਿ ਉਠਿਆ। ਇਸ ਲਈ ਸੰਸਾਰ ਦਾ ਬਹੁਤਾ ਗਿਆਨ ਦੇਣ ਦੇ ਨਾਤੇ, ਆਪ ਦਾ ਨਾਮ ਸੰਸਾਰੀ ਪੈ ਗਿਆ। ਸ਼ਿਵਜੀ ਦੀ ਖੋਜ ਇਹਨਾਂ ਦੋਨਾਂ ਤੋਂ ਵੱਖਰੀ ਸੀ। ਇਹਦੀ ਖੋਜ ਸੀ ਸੰਸਾਰ ਦਾ ਅੰਤ ਕਿਉਂ ਤੇ ਕਿਥੇ ਹੈ। ਹਰ ਸਾਜੀ ਸਵਾਰੀ ਵਸਤੂ ਨਾਸ਼ ਹੋ ਜਾਂਦੀ ਹੈ।

***ਖਿੜੇ ਹੋਏ ਫੁਲ ਵਿਚ ਮੁਰਝਾਣਾ ਦਿਸ ਪਿਆ।***

ਜੀਵਨ ਫੁਲ ਦੀ ਤਰ੍ਹਾਂ ਝੜਦਾ ਦਿਸ ਪਿਆ। ਤਨ ਤੇ ਸੁਆਹ ਮਲ ਕੇ ਸੰਸਾਰ ਨੂੰ ਨਾਸ਼ਵਾਨ ਦੱਸਣ ਦੀ ਕੋਸ਼ਿਸ਼ ਕਰਦਾ ਰਿਹਾ। ਸੰਸਾਰ ਤੋਂ ਉਪਰਾਮ, ਬੈਰਾਗੀ, ਲੋਕਾਂ ਨੂੰ ਆਪ ਦੀ ਵੀਚਾਰ ਚੰਗੀ ਲੱਗੀ। ਅਵਧੂਤ ਲੋਕਾਂ ਦਾ ਇਕੱਠ ਸ਼ਿਵਜੀ ਦੀ ਮੰਨਤਾ ਵਿਚ ਲੱਗ ਗਿਆ। (ਗੁਰੂ ਚਿੰਤਨ)

ਪਰ ਗੁਰਮਿਤ ਦੇ ਸਿਧਾਂਤ ਨੂੰ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਬਾਣੀ 'ਦਸਮ ਗ੍ਰੰਥ' ਅੰਦਰ ਇਸਤਰ੍ਹਾਂ ਦਰਸਾਇਆ ਹੈ :

***ਪ੍ਰਿਥਮ ਕਾਲ ਜਬ ਕਰਾ ਪਸਾਰਾ॥ ਓਅੰਕਾਰ ਤੇ ਸ੍ਰਿਸਟ ਉਪਾਰਾ॥***

(ਦਸਮ ਗ੍ਰੰਥ)

ਗੁਰੂ ਸਾਹਿਬ ਨੇ ਗੁਰਬਾਣੀ ਵਿਚ ਸ੍ਰਿਸ਼ਟੀ ਨੂੰ ਇਕ ਅਕਾਲ ਪੁਰਖ ਵਾਹਿਗੁਰੂ ਦੀ ਰਚਨਾ "ਕੀਤਾ ਪਸਾਉ ਏਕੋ ਕਵਾਉ॥" ਦੱਸ ਕੇ ਇਸ ਜਗਤ ਨੂੰ ਕਈ ਰੂਪਾਂ ਵਿਚ ਵਰਨਣ ਕੀਤਾ ਹੈ।

ਇਹ ਰੂਪ ਇਸ ਪ੍ਰਕਾਰ ਹਨ :

***੧. ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥***

(ਅੰਗ ੪੬੩)

***੨. ਇਹੁ ਜਗੁ ਧੂਏ ਕਾ ਪਾਹਾਰ॥*** (ਅੰਗ ੧੧੮੬)

***੩. ਬਾਜੀਗਰਿ ਜੈਸੇ ਬਾਜੀ ਪਾਈ॥ ਨਾਨਾ ਰੂਪ ਭੇਖ ਦਿਖਲਾਈ॥***

(ਅੰਗ ੭੩੬)

***੪. ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪ ਨਦਰੀ ਆਇਆ॥***

(ਅੰਗ ੯੨੨)

***੫. ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ॥***
***ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ॥***

(ਅੰਗ ੫੩੭)

ਜਿਥੇ ਵੱਖ-ਵੱਖ ਰੂਪਾਂ ਵਿਚ ਗੁਰਦੇਵ ਨੇ ਇਸ ਜਗਤ ਨੂੰ ਕਥਨ ਕੀਤਾ ਹੈ, ਉਥੇ ਇਸ ਸੰਸਾਰ ਨੂੰ ਹਜ਼ੂਰ ਨੇ ਇਕ ਸੁੰਦਰ ਹਰਿਆ-ਭਰਿਆ ਵਾਹਿਗੁਰੂ ਦਾ ਬਾਗ਼ ਵੀ ਦਰਸਾਇਆ ਹੈ। ਇਸ ਸੰਸਾਰ ਰੂਪੀ ਬਾਗ਼ ਦੇ ਰਚਨ ਵਾਲਾ ਵਾਹਿਗੁਰੂ ਰੂਪ ਆਪ ਮਾਲੀ ਹੈ। ਇਸ ਜਗਤ ਰੂਪ ਬਾਗ਼ ਵਿਚ

***ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ॥***

(ਅੰਗ ੬)

ਤਰ੍ਹਾਂ-ਤਰ੍ਹਾਂ ਦੇ ਰੰਗਾਂ-ਰੰਗਾਂ ਦੀ ਰਚਨਾ ਰਚੀ ਹੈ। ਇਹਨਾਂ ਜੀਵਾਂ ਰੂਪ ਬੂਟੇ ਫੁੱਲਾਂ ਦੇ ਵੱਖ ਵੱਖ ਰੰਗ ਰੂਪ ਆਕਾਰ ਹਨ।

***ਮੇਰੈ ਪ੍ਰਭਿ ਸਾਚੈ ਇਕੁ ਖੇਲੁ ਰਚਾਇਆ॥ਕੋਇ ਨ ਕਿਸ ਹੀ ਜੇਹਾ ਉਪਾਇਆ॥***

(ਅੰਗ ੧੦੫੬)

ਅਥਵਾ :

***ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ॥*** (ਅੰਗ ੭੨੬)

ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਰਾਮਕਲੀ ਰਾਗ ਦੀ ਦੂਸਰੀ ਵਾਰ ਅੰਦਰ ੨੧ਵੀਂ ਪਉੜੀ ਦੇ ਆਰੰਭਿਕ ਸਲੋਕਾਂ ਅੰਦਰ ਇਸ ਸੰਸਾਰ ਨੂੰ ਸੁੰਦਰ ਬਾਗ਼ ਤੇ ਜੀਆਂ ਰੂਪ ਬੂਟਿਆਂ ਦੀਆਂ ਵੰਨ-ਸਵੰਨੀਆਂ ਸੁੰਦਰ ਫੁੱਲਾਂ ਜਿਹੀਆਂ ਖਿੜੀਆਂ ਦੇਹਾਂ ਦਰਸਾਈਆਂ ਹਨ :

***ਸਲੋਕ ਮ: ੫॥ ਫਰੀਦਾ ਭੂਮਿ ਰੰਗਾਵਲੀ ਮੰਝਿ ਵਿਸੂਲਾ ਬਾਗੁ॥***
***ਜੋ ਨਰ ਪੀਰਿ ਨਿਵਾਜਿਆ ਤਿਨ੍ਾ ਅੰਚ ਨ ਲਾਗੁ॥ ੧॥***
***ਮ: ੫॥ ਫਰੀਦਾ ਉਮਰ ਸੁਹਾਵੜੀ ਸੰਗਿ ਸੁਵੰਨੜੀ ਦੇਹ॥***
***ਵਿਰਲੇ ਕੇਈ ਪਾਈਅਨ੍ਿ ਜਿਨ੍ਾ ਪਿਆਰੇ ਨੇਹ॥***

(ਅੰਗ ੯੬੬)

***ਅਥਵਾ : ਸਭੁ ਤਨੁ ਮਨੁ ਹਰਿਆ ਹੋਇਆ ਮਨੁ ਖਿੜਿਆ ਹਰਿਆ ਬਾਗੁ॥***

(ਅੰਗ ੮੪੯)

***ਅਥਵਾ : ਅਖਰ ਬਿਰਖ ਬਾਗ ਭੁਇ ਚੋਖੀ ਸਿੰਚਿਤ ਭਾਉ ਕਰੇਹੀ॥***
***ਸਭਨਾ ਫਲੁ ਲਾਗੈ ਨਾਮੁ ਏਕੋ ਬਿਨੁ ਕਰਮਾ ਕੈਸੇ ਲੇਹੀ॥੩॥***

(ਅੰਗ ੩੫੪)

ਸੋ ਇਹ ਸੰਸਾਰ ਸੁੰਦਰ ਹਰਿਆ ਭਰਿਆ ਵਾਹਿਗੁਰੂ ਮਾਲੀ ਦਾ ਰਚਿਆ ਇਕ ਬਾਗ਼ ਹੈ। ਜਿਸ ਤਰ੍ਹਾਂ ਬਾਗ਼ ਦੇ ਵਿਚ ਨਿਤ ਨਵੇਂ ਫੁੱਲ ਖਿੜਦੇ ਤੇ ਪੁਰਾਣੇ ਮੁਰਝਾਉਂਦੇ ਤੇ ਝੜ ਜਾਂਦੇ ਹਨ, ਇਸ ਤਰ੍ਹਾਂ ਸੰਸਾਰ ਰੂਪ ਬਾਗ਼ ਵਿਚ ਅਨੰਤ ਜੀਵ ਰੂਪ ਫੁੱਲ ਨਵੇਂ ਖਿੜਦੇ ਹਨ ਅਤੇ ਹਰ ਰੋਜ਼ ਅਉਧਿ ਘਟਣ ਦੇ ਨਾਲ ਮੁਰਝਾ ਜਾਂਦੇ ਹਨ :

***ਆਵ ਘਟੈ ਤਨਿ ਛੀਜੈ॥***

ਤੇ ਝੜ ਜਾਂਦੇ ਹਨ, ਇਸ ਲਈ :

***ਕਿਆ ਤੂੰ ਰਤਾ ਗਿਰਸਤ ਸਿਉ ਸਭ ਫੁਲਾ ਕੀ ਬਾਗਾਤਿ॥***

(ਅੰਗ ੫੦)

ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ,
ਨਜਾਰੇ ਨਜਾਰੇ ਹੁਇਕੈ ਫੇਰਿ ਆਗ ਮੇਂ ਮਿਲਾਹਿਗੇ॥
ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈ,
ਧੂਰ ਕੇ ਕਨੂਕਾ ਫੇਰ ਧੂਰ ਹੀ ਸਮਾਹਿਗੇ॥
ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ,
ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿਗੇ॥
ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ,
ਤਾਹੀ ਤੇ ਉਪਜ ਸਭੈ ਤਾਹੀ ਮੇਂ ਸਮਾਹਿਗੇ॥੧੭॥੮੭॥

(ਆਕਾਲ ਉਸਤਿਤ, ਦਸਮ ਗ੍ਰੰਥ)

ਏਕ ਬ੍ਰਹਮਾਂਡ ਕੇ ਬਿਥਾਰ ਕੀ ਅਪਾਰ ਕਥਾ, ਕੋਟਿ ਬ੍ਰਹਮਾਂਡ ਕੋ ਨਾਇਕੁ ਕੈਸੇ ਜਾਨੀਐ॥
ਘਟਿ ਘਟਿ ਅੰਤਰਿ ਅਉ ਸਰਬ ਨਿਰੰਤਰਿ ਹੈ, ਸੂਖਮ ਸਥੂਲ ਮੂਲ, ਕੈਸੇ ਪਹਿਚਾਨੀਐ॥
ਨਿਰਗੁਨ ਅਦ੍ਰਿਸਟ ਦ੍ਰਿਸਟਿ ਮੈ ਨਾਨ ਪ੍ਰਕਾਰ, ਅਲਖ ਲਖਿਓ ਨ ਜਾਇ, ਕੈਸੇ ਉਰਿ ਆਨੀਐ॥
ਸਤਿ ਰੂਪ ਸਤਿ ਨਾਮ ਸਤਿਗੁਰ ਗਿਆਨ, ਧਿਆਨ, ਪੂਰਨ ਬ੍ਰਹਮ ਸਰਬਾਤਮ ਕੈ ਮਾਨੀਐ॥੯੮॥

(ਕਬਿੱਤ ਸਵੱਯੇ ਭਾ: ਗੁਰਦਾਸ ਜੀ)

ਪਰਵਦਗਾਰੁ ਸਲਾਹੀਐ ਸਿਰਠਿ ਉਪਾਈ ਰੰਗ ਬਿਰੰਗੀ।
ਰਾਜਿਕ ਰਿਜਕੁ ਸਬਾਹਿਦਾ ਸਭਨਾ ਦਾਤਿ ਕਰੇ ਅਣਮੰਗੀ।
ਕਿਸੈ ਜਿਵੇਹਾ ਨਾਹਿ ਕੋ ਦੁਬਿਧਾ ਅੰਦਰਿ ਮੰਦੀ ਚੰਗੀ।
ਪਾਰਬ੍ਰਹਮੁ ਨਿਰਲੇਪੁ ਹੈ ਪੂਰਨੁ ਬ੍ਰਹਮੁ ਸਦਾ ਸਹਲੰਗੀ।
ਵਰਨਾਂ ਚਿਹਨਾਂ ਬਾਹਰਾ ਸਭਨਾ ਅੰਦਰਿ ਹੈ ਸਰਬੰਗੀ।
ਪਉਣੁ ਪਾਣੀ ਬੈਸੰਤਰੁ ਸੰਗੀ॥ ੧੦॥

(ਵਾਰ ੧੮, ਪਉੜੀ ੧੦)

ਨਿਰਾਧਾਰ ਨਿਰੰਕਾਰੁ ਨ ਅਲਖੁ ਲਖਾਇਆ।
ਹੋਆ ਏਕੰਕਾਰੁ ਆਪੁ ਉਪਾਇਆ।
ਓਅੰਕਾਰਿ ਅਕਾਰੁ ਚਲਿਤੁ ਰਚਾਇਆ।
ਸਚੁ ਨਾਉ ਕਰਤਾਰੁ ਬਿਰਦੁ ਸਦਾਇਆ।
ਸਚਾ ਪਰਵਦਗਾਰੁ ਤ੍ਰੈ ਗੁਣ ਮਾਇਆ।

*ਸਿਰਠੀ ਸਿਰਜਣਹਾਰੁ ਲੇਖੁ ਲਿਖਾਇਆ।*
*ਸਭਸੈ ਦੇ ਆਧਾਰੁ ਨ ਤੋਲਿ ਤੁਲਾਇਆ।*
*ਲਿਖਿਆ ਥਿਤਿ ਨ ਵਾਰੁ ਨ ਮਾਹੁ ਜਣਾਇਆ।*
*ਵੇਦ ਕਤੇਬ ਵੀਚਾਰੁ ਨ ਆਖਿ ਸੁਣਾਇਆ ॥੧ ॥*

(ਵਾਰ ੨੨, ਪਉੜੀ ੧)

*ਓਅੰਕਾਰਿ ਅਕਾਰੁ ਕਰਿ ਥਿਤਿ ਵਾਰੁ ਨ ਮਾਹੁ ਜਣਾਇਆ।*
*ਨਿਰੰਕਾਰੁ ਆਕਾਰੁ ਵਿਣੁ ਏਕੰਕਾਰ ਨ ਅਲਖੁ ਲਖਾਇਆ।*
*ਆਪੇ ਆਪਿ ਉਪਾਇ ਕੈ ਆਪੇ ਅਪਣਾ ਨਾਉ ਧਰਾਇਆ।*
*ਆਦਿ ਪੁਰਖੁ ਆਦੇਸੁ ਹੈ, ਹੈ ਭੀ ਹੋਸੀ ਹੋਂਦਾ ਆਇਆ।*
*ਆਦਿ ਨ ਅੰਤੁ ਬਿਅੰਤੁ ਹੈ, ਆਪੇ ਆਪਿ ਨ ਆਪੁ ਗਣਾਇਆ।*
*ਆਪੇ ਆਪੁ ਉਪਾਇ ਸਮਾਇਆ ॥੭ ॥*

(ਵਾਰ ੧੮, ਪਉੜੀ ੭)

## ਅਲੰਕਾਰੁ—ਦੁਨੀ ਸੁਹਾਵਾ ਬਾਗੁ

ਇਕ ਵਾਰ ਇਕ ਰਾਜੇ ਨੇ ਬਹੁਤ ਹੀ ਸੁੰਦਰ ਇਕ ਬਾਗ਼ ਲਗਾਇਆ। ਉਸ ਬਾਗ਼ ਵਿਚ ਸੁਹਣੇ ਫੁਹਾਰੇ, ਖਾਲ, ਫੁੱਲ ਤੇ ਫੱਲਦਾਰ ਬੂਟੇ ਲਾਏ। ਉਸ ਅੰਦਰ ਸੱਤ ਛੱਤਾਂ ਵਾਲਾ ਬਹੁਤ ਸੁੰਦਰ ਮਕਾਨ ਬਣਾਇਆ। ਉਸ ਦੇ ਥੱਲੇ ਇਕ ਸੁੰਦਰ ਕੋਠੜੀ ਵਿਚ ਆਪਣਾ ਰਾਜ ਸਿੰਘਾਸਨ ਬਣਵਾ ਕੇ ਰਾਜਾ ਤਖ਼ਤ 'ਤੇ ਸੱਜ ਗਿਆ। ਉਸ ਦਾ ਦਰਵਾਜ਼ਾ ਬੰਦ ਕਰਵਾ ਕੇ ਜੰਦਰਾ ਲਾ ਕੇ ਉੱਪਰ ਮਿੱਟੀ ਦੀ ਢੇਰੀ ਬਣਵਾ ਦਿੱਤੀ। ਬਾਗ਼ ਦੇ ਦਰਵਾਜ਼ੇ 'ਤੇ ਇਹ ਲਿਖ ਕੇ ਲਵਾ ਦਿੱਤਾ ਕਿ ਜੋ ਪੁਰਖ ਮੈਨੂੰ ਦਿਨ ਡੁੱਬਦੇ ਤੋਂ ਪਹਿਲਾਂ ਪਹਿਲਾਂ ਬਾਗ਼ ਵਿਚੋਂ ਲੱਭੇਗਾ, ਮੈਂ ਉਸ ਨੂੰ ਆਪਣੇ ਤਖ਼ਤ ਦਾ ਮਾਲਕ ਬਣਾ ਦੇਵਾਂਗਾ, ਪਰ ਸ਼ਰਤ ਇਹ ਹੈ ਕਿ ਕੋਈ ਬੂਟਾ ਨਾ ਪੁੱਟੇ, ਮਕਾਨ ਨਾ ਤੋੜੇ ਅਤੇ ਹੋਰ ਕੋਈ ਚੀਜ਼ ਖ਼ਰਾਬ ਨਾ ਕਰੇ। ਇਹ ਸੁਣ ਕੇ ਕਈ ਆਦਮੀ ਆਏ। ਕੋਈ ਫਲਾਂ ਫੁੱਲਾਂ ਵਾਲੇ ਬੂਟਿਆਂ ਵਿਚ ਲੱਭੇ ਕਿ ਰਾਜੇ ਦੇ ਨਿਵਾਸ ਲਈ ਇਹੋ ਚੰਗਾ ਥਾਂ ਹੈ। ਕੋਈ ਸੁੰਦਰ ਮਕਾਨ ਦੀਆਂ ਮੰਜ਼ਿਲਾਂ ਨੂੰ ਫੋਲੇ ਕਿ ਰਾਜੇ ਮਹਿਲਾਂ ਵਿਚ ਹੀ ਰਿਹਾ ਕਰਦੇ ਹਨ। ਕੋਈ ਫੁਹਾਰੇ ਜਾਂ ਹੋਰ ਰਮਣੀਕ ਥਾਂ ਨੂੰ ਰਾਜੇ ਦਾ ਲੁੱਕਣ ਵਾਲਾ ਥਾਂ ਜਾਣੇ। ਪਰ ਸਾਰੇ ਭਾਲ ਭਾਲ ਕੇ, ਭਟਕ-ਭਟਕ ਕੇ ਆਪਣਾ ਸਮਾਂ ਪੂਰਾ ਕਰ ਕੇ ਰਾਜੇ ਦੇ ਨਾ ਮਿਲਣ ਤੋਂ ਨਿਰਾਸੇ ਹੋ ਕੇ ਮੁੜਦੇ ਰਹੇ।

ਇਕ ਸਿਆਣਾ ਆਦਮੀ ਆਇਆ। ਉਸ ਨੇ ਸਭ ਤੋਂ ਪਹਿਲਾਂ ਬਾਗ਼ ਦੇ ਮਾਲੀਆਂ ਦੀ ਸਹਾਇਤਾ ਲਈ। ਉਨ੍ਹਾਂ ਨੇ ਉਸ ਨੂੰ ਬਾਕੀ ਸਾਰੇ ਮਨਮੋਹਣੇ ਨਜ਼ਾਰੇ ਛੁਡਾ ਕੇ ਮਿਟੀ ਦੀ ਢੇਰੀ 'ਤੇ ਨਿਗਾਹ ਪਵਾਈ ਕਿ ਇਸ ਨੂੰ ਢਾਹ ਕੇ ਇਸ ਦੇ ਥੱਲਿਉਂ ਰਾਜੇ ਨੂੰ ਲੱਭ ਲਵੋ, ਨਾਲ ਕ੍ਰਿਪਾ ਕਰਕੇ ਉਸ ਕੋਠੜੀ ਦੇ ਤਾਕ

ਤੇ ਜਿੰਦਰੇ ਦੀ ਕੁੰਜੀ ਵੀ ਦੇ ਦਿੱਤੀ। ਉਹ ਸਿਆਣਾ ਪੁਰਸ਼ ਕਹੀ ਨਾਲ ਢੇਰੀ ਢਾਹ ਕੇ ਦਰਵਾਜ਼ੇ ਦਾ ਜਿੰਦਰਾ ਖੋਲ੍ਹ ਕੇ ਸਿੰਘਾਸਨ 'ਤੇ ਸਜੇ ਹੋਏ ਰਾਜੇ ਨੂੰ ਲੱਭ ਕੇ ਤਖ਼ਤ 'ਤੇ ਜਾ ਬੈਠਾ। ਇਸ ਤਰ੍ਹਾਂ ਸੰਸਾਰ ਇਕ ਬਾਗ਼ ਹੈ, ਪਾਤਿਸ਼ਾਹਾਂ ਦਾ ਪਾਤਸ਼ਾਹ ਰਾਜਾ ਇਕ ਅਕਾਲ ਪੁਰਖ ਹੈ।

***ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ॥***

(ਅੰਗ ੬)

***ਰਾਜਨ ਕੇ ਰਾਜਾ, ਮਹਾਰਾਜਨ ਕੇ ਮਹਾਰਾਜ***
***ਐਸੋ ਰਾਜ ਛੋਡਿ ਅਉਰ ਦੂਜੋ ਕਉਨ ਧਿਆਈਐ॥***

(ਦਸਮ ਗ੍ਰੰਥ, ੧੩੨)

ਉਸ ਨੇ ਇਹ ਸੰਸਾਰ ਰੂਪੀ ਸੁੰਦਰ ਬਾਗ਼ ਸਜਾ ਦਿੱਤਾ ਹੈ:

***ਫਰੀਦਾ ਪੰਖ ਪਰਾਹੁਣੀ ਦੁਨੀ ਸੁਹਾਵਾ ਬਾਗੁ॥***

(ਅੰਗ ੧੩੮੨)

***ਏਕੁ ਬਗੀਚਾ ਪੇਡ ਘਨ ਕਰਿਆ॥***

(ਅੰਗ ੩੮੫)

***ਫਰੀਦਾ ਭੂਮਿ ਰੰਗਾਵਲੀ ਮੰਝਿ ਵਿਸੂਲਾ ਬਾਗ॥***

(ਅੰਗ ੧੩੮੨)

ਇਸ ਬਾਗ਼ ਵਿਚ ਫੁਰਨਿਆਂ ਦੇ ਫੁਹਾਰੇ, ਇੱਛਾ ਰੂਪੀ ਖਾਈਆਂ ਪਦਾਰਥਾਂ ਰੂਪੀ ਜਲ, ਸ਼ੁਭ ਗੁਣਾਂ ਦੇ ਫੁੱਲ, ਪਤ ਰੂਪੀ ਪੱਤਰੇ, ਸੁੱਖ ਤੇ ਦੁੱਖ ਰੂਪੀ ਫਲ ਜਿਸ ਨੂੰ ਲੱਗ ਰਹੇ ਹਨ। ਸਰੀਰ ਰੂਪੀ ਸੁੰਦਰ ਮਹਿਲ (ਜਿਸ ਦੇ ਪੰਜ ਗਿਆਨ-ਇੰਦਰੇ, ਮਨ ਤੇ ਬੁੱਧ) ਸੱਤ ਛੱਤਾਂ ਵਾਲਾ ਮਕਾਨ ਉਸਾਰਿਆ ਦੇਹ ਦੀ ਹੰਗਤਾ ਰੂਪੀ ਢੇਰੀ ਦੀ ਤਹਿ ਥੱਲੇ ਹਿਰਦੇ ਰੂਪੀ ਕੋਠੜੀ ਵਿਚ ਵਾਹਿਗੁਰੂ ਪਰਮੇਸ਼ਰ ਆਪ ਗੁਪਤ ਹੋਇਆ ਬੈਠਾ ਹੈ:

***ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥***
***ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥***

(ਅੰਗ ੬੮੪)

ਇਸ ਸੰਸਾਰ ਬਾਗ਼ ਵਿਚੋਂ ਲੱਭਣ ਵਾਸਤੇ ਇਹ ਲਿਖ ਕੇ ਲਾਇਆ ਹੈ, ਕਿ ਮਨੁੱਖਾ ਜਨਮ ਰੂਪੀ ਦਿਨ ਦੇ ਵਿਚ ਮੌਤ ਰੂਪੀ ਰਾਤ ਦੇ ਪੈਣ ਤੋਂ ਪਹਿਲਾਂ ਪਹਿਲਾਂ ਜਿਹੜਾ ਮੈਨੂੰ ਲੱਭ ਲਵੇ:

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥***

(ਅੰਗ ੩੭੮)

ਉਹ ਮੇਰੇ, ਸਰੂਪ ਰੂਪੀ ਤਖ਼ਤ ਦਾ ਮਾਲਕ ਬਣੇਗਾ।

ਬਹੁਤ ਲੋਕ ਸੰਸਾਰ ਰੂਪੀ ਬਾਗ਼ ਵਿਚ ਆਏ, ਮਨੁੱਖਾ ਜਨਮ ਰੂਪੀ ਦਿਨ ਵਿਚ ਉਪਰੋਕਤ ਖਾਈਆਂ, ਬ੍ਰਿਛਾਂ ਬੂਟਿਆਂ ਵਿਚ ਲੱਭ ਭਾਲ ਕੇ ਨਿਰਾਸੇ ਚਲੇ ਗਏ। ਇਕ ਸਿਆਣੇ ਪੁਰਸ਼ ਨੇ ਗੁਰੂ ਕਾ ਰੂਪ ਪੰਜ ਪਿਆਰੇ :

***ਪੰਚ ਪਰਵਾਣ ਪੰਚ ਪਰਧਾਨੁ॥ ਪੰਚੇ ਪਾਵਹਿ ਦਰਗਹਿ ਮਾਨੁ॥***
***ਪੰਚੇ ਸੋਹਹਿ ਦਰਿ ਰਾਜਾਨੁ॥ ਪੰਚਾ ਕਾ ਗੁਰੁ ਏਕੁ ਧਿਆਨੁ॥***

(ਅੰਗ ੩)

***ਦੋਇ ਸਿਖ ਸਾਧ ਸੰਗੁ ਪੰਚ ਪਰਮੇਸਰ ਹੈ,***

(੧੨੨ ਕਬਿੱਤ ਸਵੱਯੇ, ਭਾ: ਗੁਰਦਾਸ)

***ਖਾਲਸਾ ਮੇਰੋ ਰੂਪ ਹੈ ਖਾਸ॥ ਖਾਲਸੇ ਮੈ ਹਉ ਕਰੋ ਨਿਵਾਸ॥ ੧॥***

(ਸਰਬ ਲੋਹ ਗ੍ਰੰਥ, ੬੬੭)

ਮਾਲੀਆਂ ਦੀ ਸਹਾਇਤਾ ਲਈ।

ਉਹਨਾਂ ਨੇ ਦੱਸਿਆ ਕਿ ਇਸ ਸਰੀਰ ਰੂਪੀ ਮਕਾਨ ਨੂੰ ਭੰਨਣਾ ਤੋੜਨਾ ਨਹੀਂ। ਭਾਵ ਕੰਨ, ਨੱਕ, ਨਹੀਂ ਵਿੰਨ੍ਹਣੇ, ਸਿਰ ਤੋਂ ਲੈ ਕੇ ਪੈਰਾਂ ਤੱਕ ਸਰੀਰ ਦੇ ਕੇਸ, ਦਾੜ੍ਹਾ, ਭਰਵੱਟੇ, ਰੋਮ ਕਦੇ ਵੀ ਘਸੌਣੇ, ਪੁਟਾਉਣੇ, ਮਨਾਉਣੇ ਨਹੀਂ :

***ਸਾਬਤ ਸੂਰਤਿ ਦਸਤਾਰ ਸਿਰਾ॥***

(ਅੰਗ ੧੦੮੪)

ਮਾਇਕੀ ਨਜ਼ਾਰਿਆਂ ਵਿਚ ਨਹੀਂ ਫਸਣਾ, ਸ਼ੁਭ ਗੁਣਾਂ ਦੇ ਫੁੱਲ ਨਹੀਂ ਤੋੜਨੇ, ਕਿਸੇ ਨੂੰ ਦੁੱਖ ਨਹੀਂ ਦੇਣਾ, ਕਸ਼ਟਾਂ ਵਿਚ ਪਾ ਕੇ ਆਪਣੇ ਸਰੀਰ ਨੂੰ ਨਹੀਂ ਸੁਕਾਉਣਾ, ਕਿਸੇ ਦੀ ਪੱਤ ਲਾਹੁਣ ਰੂਪ ਪੱਤਰੇ ਨਹੀਂ ਤੋੜਨੇ, ਕਿਸੇ ਨੂੰ ਮੰਦਾ ਆਖ ਕੇ ਝਗੜਾ ਨਹੀਂ ਪਾਉਣਾ :

***ਮੰਦਾ ਕਿਸੈ ਨ ਆਖਿ ਝਗੜਾ ਪਾਵਣਾ॥***

(ਅੰਗ ੫੬੬)

ਸਿੱਧਾ ਹੀ ਭਗਤੀ ਸਹਿਤ ਗਿਆਨ ਦਾ ਰਸਤਾ ਵਿਖਾ ਦਿੱਤਾ :

***ਗੁਰਸਿਖ ਮੀਤ ਚਲਹੁ ਗੁਰ ਚਾਲੀ॥***

(ਅੰਗ ੬੬੭)

ਦੇਹ ਦੀ ਹੰਗਤਾ ਰੂਪੀ ਢੇਰੀ ਹੈ :

***ਢੇਰੀ ਜਾਮੈ ਜਮਿ ਮਰੈ ਗਰਭ ਜੋਨਿ ਦੁਖ ਪਾਇ॥***

(ਅੰਗ ੨੫੬)

ਜੀਵ ਇਸ ਕਰਕੇ ਹੀ ਜੰਮਦੇ ਮਰਦੇ ਹਨ :-

***ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ॥***
***ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ॥***

(ਅੰਗ ੯੭੪)

***ਹਉ ਵਿਚਿ ਆਇਆ ਹਉ ਵਿਚਿ ਗਇਆ॥***
***ਹਉ ਵਿਚਿ ਜੰਮਿਆ ਹਉ ਵਿਚਿ ਮੁਆ॥***

(ਅੰਗ ੪੬੬)

ਇਹ ਬੜੀ ਭਿਆਨਕ ਹੈ, ਇਸ ਨੂੰ ਸਾਧਸੰਗਤ ਵਿਚ ਆ ਕੇ ਨਿਮਰਤਾ ਰੂਪੀ ਕਹੀ ਨਾਲ ਢਾਹੋ।

***ਢੇਰੀ ਢਾਹਹੁ ਸਾਧਸੰਗਿ ਅਹੰਬੁਧਿ ਬਿਕਰਾਲ॥***

(ਅੰਗ ੨੫੬)

ਜਿਸ ਨਾਲ ਦੇਹ ਅਧਿਆਸ ਮੇਟਣ ਰੂਪ ਮਿੱਟੀ ਦੀ ਢੇਰੀ ਢਾਹ ਕੇ ਸਿਮਰਨ ਅਥਵਾ ਬ੍ਰਹਮ ਵਿਦਿਆ ਰੂਪ ਚਾਬੀ, ਅਗਿਆਨ ਰੂਪ ਜਿੰਦਰਾ, ਮੋਹ ਰੂਪੀ ਕੁੰਡਾ, ਆਸਾ-ਅੰਦੇਸਾ ਦੇ ਦੋ ਤਖ਼ਤੇ ਖੋਲ੍ਹਣ ਲਈ ਦਿੱਤੀ :

***ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ॥***
***ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ॥***

(ਅੰਗ ੧੨੩੭)

ਇਉਂ ਦੇਹ ਰੂਪੀ ਮਕਾਨ ਵਿਚੋਂ, ਹਿਰਦੇ ਰੂਪੀ ਕੋਠੜੀ ਵਿਚੋਂ ਵਾਹਿਗੁਰੂ ਰੂਪੀ ਰਾਜੇ ਨੂੰ ਪ੍ਰਾਪਤ ਕਰ ਲਿਆ :

***ਗੁਰ ਪ੍ਰਸਾਦਿ ਜਨ ਨਾਨਕ ਪਾਇਆ ਹਰਿ ਲਾਧਾ ਦੇਹ ਟੋਲੀਐ॥***

(ਅੰਗ ੫੨੭)

ਸਰੂਪ ਰੂਪੀ ਤਖ਼ਤ ਦਾ ਮਾਲਕ ਬਣ ਕੇ ਦੱਸਿਆ ਕਿ :

***ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ॥***
***ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥***

(ਅੰਗ ੯੬੯)

**ਪਹਿਲ ਪੁਰੀਏ ਪੁੰਡਰਕ ਵਨਾ ॥ ਤਾ ਚੇ ਹੰਸਾ ਸਗਲੇ ਜਨਾਂ ॥ ਕ੍ਰਿਸ੍ਨਾ ਤੇ ਜਾਨਊ ਹਰਿ ਹਰਿ ਨਾਚੰਤੀ ਨਾਚਨਾ ॥੧॥ ਪਹਿਲ ਪੁਰਸਾਬਿਰਾ ॥ ਅਥੋਨ ਪੁਰਸਾਦਮਰਾ ॥ ਅਸਗਾ ਅਸ ਉਸਗਾ ॥ ਹਰਿ ਕਾ ਬਾਗਰਾ ਨਾਚੈ ਪਿੰਧੀ ਮਹਿ ਸਾਗਰਾ ॥ ੧ ॥ ਰਹਾਉ ॥ ਨਾਚੰਤੀ ਗੋਪੀ ਜੰਨਾ ॥ ਨਈਆ ਤੇ ਬੈਰੇ ਕੰਨਾ ॥ ਤਰਕੁ ਨ ਚਾ ॥ ਭ੍ਰਮੀਆ ਚਾ ॥ ਕੇਸਵਾ ਬਚਉਨੀ ਅਈਏ ਮਈਏ ਏਕ ਆਨ ਜੀਉ ॥੨॥ ਪਿੰਧੀ ਉਭਕਲੇ ਸੰਸਾਰਾ ॥ ਭ੍ਰਮਿ ਭ੍ਰਮਿ ਆਏ ਤੁਮ ਚੇ ਦੁਆਰਾ ॥ ਤੂ ਕੁਨੁ ਰੇ ॥ ਮੈ ਜੀ ॥ ਨਾਮਾ ॥ ਹੋ ਜੀ ॥ ਆਲਾ ਤੇ ਨਿਵਾਰਣਾ ਜਮ ਕਾਰਣਾ ॥ ੩ ॥ ੪ ॥**

(ਅੰਗ ੬੯੩)

## ਪਦ ਅਰਥ :

ਪੁਰੀਏ-ਪੂਰਨ। ਪੁੰਡਰਕ-(ਪੁੰਡਰੀਕ) ਕੰਵਲ ਫੁੱਲ। ਵਨਾ-ਬਗ਼ੀਚਾ, ਬਨ। ਤਾ ਚੇ-ਉਸ, ਭਾਵ (ਕੰਵਲ ਫੁੱਲਾਂ ਦੇ ਬਨ ਵਿਚ)। ਹੰਸਾ-ਹੰਸ (ਜੀਵ)। ਸਗਲੇ ਜਨਾ-ਸਾਰੇ ਜੀਵ ਜੰਤੂ। ਕ੍ਰਿਸਨਾ-ਪ੍ਰੇਰਕ ਹਰੀ ਤੋਂ। ਜਾਨਉ-ਜਾਣੋ। ਨਾਚੰਤੀ ਨਾਚਨਾ-(ਰਚੀ ਹੋਈ) ਸ੍ਰਿਸ਼ਟੀ ਨੱਚ ਰਹੀ ਹੈ। ਪੁਰਸਾਬਿਰਾ=ਹਰੀ ਪੁਰਸ ਤੋਂ। ਬਿਰਾ=ਬਾਣੀ, "ਪ੍ਰਿਥਮੇ ਓਅੰਕਾਰ ਤਿਨ ਕਹਾ। ਅਥੋਨ-ਉਸ ਤੋਂ ਪਿਛੋਂ। ਪੁਰਸਾਦਮਰਾ=ਪੁਰਸਾਤ-ਆਮਰ=ਹਰੀ (ਪੁਰਸ਼) ਤੋਂ ਮਾਇਆ (ਕੁਦਰਤ) ਪ੍ਰਗਟ ਹੋਈ। ਅਸਗਾ-ਇਸ (ਮਾਇਆ) ਦਾ। ਅਸ-ਮੇਲ। ਉਸਗਾ-ਉਸ (ਹਰੀ ਦਾ)। ਬਾਗਰਾ-ਬਗ਼ੀਚਾ (ਸੰਸਾਰ ਰੂਪੀ) ਸੋਹਣਾ ਜਿਹਾ ਬਾਗ਼। ਪਿੰਧੀ ਮਹਿ-ਟਿੰਡਾਂ ਵਿਚ। ਸਾਗਰਾ- ਪਾਣੀ। ਨਾਚੰਤੀ-ਨੱਚਦੀਆਂ ਹਨ। ਗੋਪੀ ਜੰਨਾ-ਇਸਤਰੀਆਂ ਤੇ ਮਰਦ। ਨਈਆ-ਨਾਇਕ (ਮਾਲਕ ਤੋਂ)। ਬੈਰੇ-ਹੋਰ, ਵੱਖਰੇ। ਕੰਨਾ-ਕੋਈ ਨਹੀਂ ਹੈ। ਤਰਕ-ਨੁਕਤਾਚੀਨੀ। ਨ ਚਾ-ਨਾ ਕਰ। ਭ੍ਰਮੀਆ ਚਾ-ਭਰਮ ਦੂਰ ਕਰ। ਕੇਸਵਾ ਬਚਉਨੀ-ਕੇਸਵ (ਕਰਤਾਰ) ਦੇ ਬਚਨ। ਅਈਏ- ਇਸਤਰੀ। ਮਈਏ-ਮਨੁੱਖ। ਏਕ ਆਨ- ਇਕ ਭਾਵ ਦੋਵੇਂ ਇਕੋ ਜਿਹੇ। ਉਭਕਲੇ-ਉੱਪਰ ਹੇਠਾਂ (ਹੁੰਦੀਆਂ ਹਨ)। ਸੰਸਾਰਾ-ਸੰਸਾਰ (ਰੂਪੀ ਖੂਹ ਵਿਚ)। ਭ੍ਰਮਿ ਭ੍ਰਮਿ-ਭਟਕ-ਭਟਕ ਕੇ। ਤੁਮ ਚੇ ਦੁਆਰਾ-ਤੇਰੇ ਦੁਆਰੇ ਉੱਤੇ। ਕੁਨੁ-ਕੌਣ ?। ਨਾਮਾ-ਨਾਮ (ਦੇਵ)। ਹੋ ਜੀ-ਹੇ ਜੀ। ਆਲਾ ਤੇ-ਘਰ ਤੋਂ (ਸੰਸਾਰ ਦੇ ਜੰਜਾਲ ਚੋਂ)। ਨਿਵਾਰਣਾ-ਬਚਾ ਲੈਣਾ। ਜਮ ਕਾਰਣਾ-ਜਮਾਂ ਦੇ ਡਰ ਕਾਰਨ।

## ਅਰਥ :

(ਹੇ ਭਾਈ)! ਸਭ ਤੋਂ ਪਹਿਲਾਂ (ਉਸ) ਪੂਰਨ (ਪ੍ਰਮਾਤਮਾ ਨੇ ਜਿਸ ਸਮੇਂ ਇਹ) ਕੰਵਲ ਫੁੱਲ (ਜੈਸਾ ਸੰਸਾਰ ਬਨ ਭਾਵ ਬਗ਼ੀਚਾ) ਰਚਿਆ ਤਾਂ ਉਸ (ਸੰਸਾਰ ਬਾਗ਼) ਦੇ ਵਿਚ ਸਾਰੇ ਹੰਸ ਜੈਸੇ ਜੀਵ (ਪੈਦਾ ਕੀਤੇ।) (ਇਸ ਤਰ੍ਹਾਂ ਉਸ) ਪ੍ਰੇਰਕ ਹਰੀ ਤੋਂ ਜਾਣੋ (ਇਹ ਰਚੀ ਹੋਈ ਸਾਰੀ) ਸ੍ਰਿਸ਼ਟੀ ਹਰ ਤਰ੍ਹਾਂ ਨਾਲ ਨੱਚ ਰਹੀ (ਭਾਵ

ਆਪਣੀ ਕ੍ਰਿਆ ਕਰ ਰਹੀ) ਹੈ। ੧। (ਇਸ ਲਈ) ਪਹਿਲਾਂ ਹਰੀ (ਪੁਰਸ਼) ਤੋਂ ਬਾਣੀ ਪੈਦਾ ਹੋਈ ਕਿ "ਏਕੋ ਹੰ ਬਹੁ ਸਯਾਮ ਪ੍ਰਜਾਯੇਯ" ਫਿਰ (ਉਸ) ਹਰੀ ਅਕਾਲ ਪੁਰਖ ਤੋਂ ਮਾਇਆ (ਬਣੀ)। ਇਸ ਮਾਇਆ ਦਾ ਅਤੇ ਅਕਾਲ ਪੁਰਖ ਦਾ (ਮੇਲ ਹੋਇਆ)। (ਜਿਸ ਤੋਂ) ਹਰੀ ਦਾ (ਇਹ ਇਕ) ਸੋਹਣਾ ਜਿਹਾ ਬਗ਼ੀਚਾ (ਭਾਵ ਸੰਸਾਰ ਬਣਿਆ ਅਤੇ ਇਹ ਸੰਸਾਰ ਇਸ ਤਰ੍ਹਾਂ) ਨੱਚ ਰਿਹਾ ਹੈ, (ਜਿਵੇਂ) ਖੂਹ ਦੀਆਂ ਟਿੰਡਾਂ ਵਿਚ ਪਾਣੀ ਨੱਚਦਾ ਹੈ (ਭਾਵ ਸਾਰੇ ਜੀਵ ਮਾਇਆ ਦੀ ਖੇਡ ਖੇਡ ਰਹੇ ਹਨ)। ੧। ਰਹਾਉ। (ਇਹ ਜੋ) ਇਸਤਰੀਆਂ ਤੇ ਮਰਦ ਨੱਚ ਰਹੇ ਹਨ, ਇਨ੍ਹਾਂ ਵਿਚ ਉਸ ਮਾਲਕ ਤੋਂ ਬਿਨਾਂ ਹੋਰ ਕੋਈ ਨਹੀਂ ਨੱਚ ਰਿਹਾ। (ਹੇ ਭਾਈ! ਇਸ ਬਚਨ 'ਤੇ) ਤਰਕ ਭਾਵ ਨੁਕਤਾ-ਚੀਨੀ ਨਾ ਕਰ, ਸਗੋਂ ਭਰਮ ਦੂਰ ਕਰ ਦੇ। (ਹਰ ਇਕ) ਇਸਤਰੀ ਮਨੁੱਖ ਇਕ ਰਸ ਕੇਸਵਾ-ਵਾਹਿਗੁਰੂ ਜੀਉ ਦੇ ਬਚਨ ਹੀ ਬੋਲ ਰਹੇ ਹਨ, (ਭਾਵ ਪ੍ਰਮਾਤਮਾ ਦੀ ਸਤਾ ਹੀ ਸਾਰਿਆਂ ਵਿਚ ਬੋਲ ਰਹੀ ਹੈ। ੨। (ਹੇ ਭਾਈ! ਜਿਵੇਂ ਖੂਹ ਵਿਚ) ਟਿੰਡਾਂ ਉਪਰ ਹੇਠਾਂ ਹੁੰਦੀਆਂ ਹਨ, ਇਸੇ ਤਰ੍ਹਾਂ ਸੰਸਾਰ ਰੂਪ ਖੂਹ ਵਿਚ (ਜੀਵ ਰੂਪ ਟਿੰਡਾਂ ਉੱਚੀਆਂ ਨੀਵੀਆਂ ਜੂਨਾਂ ਵਿਚ ਆਉਂਦੀਆਂ ਜਾਂਦੀਆਂ ਰਹਿੰਦੀਆਂ ਹਨ।) (ਹੇ ਪ੍ਰਭੂ! ਮੈਂ ਜੂਨਾਂ ਵਿਚ) ਭਰਮਦਾ ਭਟਕਦਾ (ਹੁਣ) ਤੇਰੇ ਦੁਆਰੇ (ਆ ਪਿਆ ਹਾਂ)। (ਪ੍ਰਭੂ ਨੇ ਪੁੱਛਿਆ ਕਿ) ਤੂੰ ਕੌਣ ਹੈਂ?। (ਭਗਤ ਜੀ ਨੇ ਕਿਹਾ) ਮੈਂ ਜੀ ਨਾਮਾ (ਨਾਮ ਦੇਵ) ਹਾਂ ਜੀ। (ਹੇ ਪ੍ਰਭੂ! ਮੈਨੂੰ ਇਸ) ਸੰਸਾਰ ਜੰਜਾਲ (ਜੋ) ਜਮਾਂ ਦੇ ਡਰ (ਦਾ) ਕਾਰਣ ਹੈ, (ਇਸ ਵਿਚੋਂ) ਬਚਾ ਲਓ ਜੀ। ੩। ੪।

## ਵਿਆਖਿਆ ਤੇ ਸਾਰੰਸ਼ :

ਸੰਪ੍ਰਦਾਈ ਅਰਥ ਸੰਤ ਹਰੀ ਸਿੰਘ ਜੀ ਨੇ ਗੁਰਵਾਕ ਚਾਨਣ (ਭਾਗ ਪਹਿਲਾ ਦੇ ਪੰਨਾ ੬੪੭ ਤੇ ਇਸ ਤਰ੍ਹਾਂ ਕੀਤਾ ਹੈ। (ਪੁਰਾਣਕ ਮਤ ਅਨੁਸਾਰ) ਪਹਿਲ=ਪਹਿਲਾਂ, ਪੁਰੀਏ=ਪੂਰਨ ਪ੍ਰਮੇਸਰ ਤੋਂ ਮਹਾਂ ਵਿਸ਼ਨੂੰ ਦੀ ਉੱਤਪਤੀ ਹੋਈ, ਫੇਰ ਪੁੰਡਰਕ=ਕਵਲ ਵਨਾ ਬਣਿਆ। ਤਾ ਚੇ=ਤਿਸ ਤੋਂ ਭਾਵ ਕਮਲ ਤੋਂ ਹੰਸਾ=ਬ੍ਰਹਮਾ ਪੈਦਾ ਹੋਇਆ ਉਸ ਤੋਂ ਸਗਲੇ=ਸਾਰੇ ਜਨਾਂ=ਜੀਵ ਭਾਵ ਸ੍ਰਿਸਟੀ ਪੈਦਾ ਹੋਈ। (ਵੇਦਾਂਤ ਮਤ ਅਨੁਸਾਰ) ਇਹ ਸ੍ਰਿਸਟੀ ਕ੍ਰਿਸਨਾ=ਮਾਇਆ ਤੋਂ ਪੈਦਾ ਹੋਈ ਜਾਨਊ=ਜਾਨਣਾ ਕਰੋ। ਜਦ ਮਾਇਆ ਦਾ ਹਰੀ ਨਾਲ ਕਲਪਤਦਾਮਿਕ ਸਬੰਧ ਹੋਇਆ ਤਾਂ ਹਰੇਕ ਪ੍ਰਕਾਰ ਦੀ ਅੰਡਜਾਦਿ ਜੋ ਨਾਚਨਾ=ਨਚਣ ਵਾਲੀ ਸ੍ਰਿਸ਼ਟੀ ਹੈ ਇਹ ਚੇਤਨ ਨੂੰ ਪਾ ਕੇ ਨਾਚੰਤੀ=ਨੱਚਣ ਲੱਗ ਪਈ ਭਾਵ ਇਨ੍ਹਾਂ ਤੋਂ ਪ੍ਰਭੂ ਤੇ ਮਾਇਆ ਤੋਂ ਸ੍ਰਿਸ਼ਟੀ ਪੈਦਾ ਹੋਈ।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧੦੬ (ਅੰਗ ੬੯੪)

ਪਤਿਤ ਪਾਵਨ ਮਾਧਉ ਬਿਰਦੁ ਤੇਰਾ ॥ ਧੰਨਿ ਤੇ ਵੈ ਮੁਨਿ ਜਨ ਜਿਨ ਧਿਆਇਓ ਹਰਿ ਪ੍ਰਭੁ ਮੇਰਾ ॥ ੧ ॥ ਮੇਰੈ ਮਾਥੈ ਲਾਗੀ ਲੇ ਧੂਰਿ ਗੋਬਿੰਦ ਚਰਨਨ ਕੀ ॥ ਸੁਰਿ ਨਰ ਮੁਨਿ ਜਨ ਤਿਨਹੂ ਤੇ ਦੂਰਿ ॥ ੧ ॥ ਰਹਾਉ ॥ ਦੀਨ ਕਾ ਦਇਆਲੁ ਮਾਧੌ ਗਰਬ ਪਰਹਾਰੀ ॥ ਚਰਨ ਸਰਨ ਨਾਮਾ ਬਲਿ ਤਿਹਾਰੀ ॥ ੨ ॥ ੫ ॥

# ਪ੍ਰਾਕ੍ਥਨ :-

ਭਗਤ ਨਾਮਦੇਵ ਜੀ ਦਾ ਇਹ ਪਾਵਨ ਸ਼ਬਦ ਧਨਾਸਰੀ ਰਾਗ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਦੇ ਆਰੰਭ ਵਿਚ ਵਾਹਿਗੁਰੂ ਦੇ ਪਤਿਤ ਪਾਵਨ ਬਿਰਦ ਦਾ ਪ੍ਰਗਟਾਅ ਕੀਤਾ ਹੈ। ਉਹ ਅਕਾਲ ਪੁਰਖ ਪਾਪੀਆਂ ਨੂੰ ਤਾਰਨ ਵਾਲਾ ਦੱਸਿਆ ਹੈ।

## ਵਿਸ਼ਾ — ਪਤਿਤ ਉਧਾਰਨ ਪਾਰਬ੍ਰਹਮ

ਪਤਿਤ ਦਾ ਅਰਥ ਹੈ, ਸ਼ੁਭ ਆਚਰਣ ਤੋਂ ਡਿੱਗਿਆ ਹੋਇਆ, ਭਾਵ ਇਖ਼ਲਾਕ ਤੋਂ ਗਿਰਿਆ ਹੋਇਆ ਹੈ। ਪਤਿਤ ਪਾਵਨ ਦਾ ਅਰਥ ਹੈ ਸ਼ੁਭ ਆਚਰਣ ਤੋਂ ਡਿੱਗੇ ਹੋਏ ਭਾਵ ਇਖ਼ਲਾਕ ਤੋਂ ਗਿਰੇ ਹੋਏ ਨੀਚਾਂ ਨੂੰ ਪਵਿੱਤਰ ਕਰਨ ਵਾਲਾ ਭਾਵ ਤਾਰਨ ਵਾਲੇ ਉਸ ਅਕਾਲ ਪੁਰਖ ਵਾਹਿਗੁਰੂ ਨੇ ਇਕ ਨਹੀਂ, ਅਨੰਤ ਹੀ ਪਤਿਤ ਜੀਆਂ ਨੂੰ ਤਾਰਿਆ ਹੈ। ਗਨਿਕਾ ਵੇਸਵਾ ਸ਼ੁਭ ਆਚਰਨ ਇਖ਼ਲਾਕ ਤੋਂ ਗਿਰੀ ਹੋਈ ਸੀ। ਇਸ ਪਤਿਤ ਨੂੰ ਪ੍ਰਭੂ ਨੇ ਤਾਰਿਆ ਅਤੇ ਅਜਾਮਲ ਜੈਸੇ ਪਾਪੀਆਂ ਨੂੰ ਉਸ ਵਾਹਿਗੁਰੂ ਨੇ ਤਾਰਿਆ। ਭਗਤ ਨਾਮਦੇਵ ਜੀ ਨੇ ਗਉੜੀ ਰਾਗ ਅੰਦਰ ਉਸ ਵਾਹਿਗੁਰੂ ਦੇ ਪਤਿਤ-ਪਾਵਨ ਬਿਰਦ ਦਾ ਪ੍ਰਗਟਾਅ ਆਪਣੀ ਬਾਣੀ ਅੰਦਰ ਇਸ ਤਰ੍ਹਾਂ ਕੀਤਾ ਹੈ :

***ਦੇਵਾ ਪਾਹਨ ਤਾਰੀਅਲੇ॥ ਰਾਮ ਕਹਤ ਜਨ ਕਸ ਨ ਤਰੇ॥ ੧॥ ਰਹਾਉ॥***
***ਤਾਰੀਲੇ ਗਨਿਕਾ ਬਿਨੁ ਰੂਪ ਕੁਬਿਜਾ ਬਿਆਧਿ ਅਜਾਮਲੁ ਤਾਰੀਅਲੇ॥***
***ਚਰਨ ਬਧਿਕ ਜਨ ਤੇਊ ਮੁਕਤਿ ਭਏ॥ ਹਉ ਬਲਿ ਬਲਿ ਜਿਨ ਰਾਮ ਕਹੇ॥ ੧॥***
***ਦਾਸੀ ਸੁਤ ਜਨੁ ਬਿਦਰੁ ਸੁਦਾਮਾ ਉਗ੍ਰਸੈਨ ਕਉ ਰਾਜ ਦੀਏ॥***
***ਜਪ ਹੀਨ ਤਪ ਹੀਨ ਕੁਲ ਹੀਨ ਕ੍ਰਮ ਹੀਨ ਨਾਮੇ ਕੇ ਸੁਆਮੀ ਤੇਊ ਤਰੇ॥੨ ॥੧ ॥***

(ਅੰਗ ੩੪੫)

ਆਚਰਨ ਇਖ਼ਲਾਕ ਤੋਂ ਗਿਰੇ ਹੋਏ ਮਨੁੱਖ ਨੂੰ ਸੰਸਾਰ ਦੇ ਅੰਦਰ ਕੋਈ ਮੂੰਹ ਨਹੀਂ ਲਾਉਂਦਾ। ਸੰਸਾਰਿਕ ਸਾਰੇ ਲੋਕ ਐਸੇ ਬਿਭਚਾਰੀ, ਕੁਕਰਮੀ ਮਨੁੱਖ ਨੂੰ ਫਿਟ ਲਾਹਨਤਾਂ ਪਾਉਂਦੇ ਹਨ। ਧਨ ਪਦਾਰਥ ਕਰਕੇ ਉਹ ਮਨੁੱਖ ਭਾਵੇਂ ਸੰਸਾਰ ਅੰਦਰ ਕਿੱਡਾ ਵੀ ਵੱਡਾ ਕਿਉਂ ਨਾ ਹੋਵੇ, ਪਰ ਨੇਕ ਪੁਰਸ਼ਾਂ ਦੀ ਨਜ਼ਰ ਵਿਚ ਉਹ ਮਾੜਾ ਹੁੰਦਾ ਹੈ। ਭਲੇ ਪੁਰਸ਼ ਉਸਨੂੰ ਲਾਹਨਤਾਂ ਪਾਉਂਦੇ ਹਨ। ਐਸੇ ਕੁਕਰਮੀ ਬਿਭਚਾਰੀ ਪਰਾਏ ਘਰ ਨੂੰ ਤੱਕਣ ਵਾਲੇ ਰਾਵਣ ਨੂੰ ਵੀ ਮੂਰਖਾਂ ਦਾ ਖ਼ਿਤਾਬ ਮਿਲਿਆ :

***ਲੰਕਾ ਗਢੁ ਸੋਨੇ ਕਾ ਭਇਆ॥ ਮੂਰਖੁ ਰਾਵਨੁ ਕਿਆ ਲੇ ਗਇਆ॥***

(ਅੰਗ ੧੧੫੮)

ਆਖ਼ਿਰ ਐਸਾ ਭੈੜਾ ਕੰਮ ਕਰਨ ਵਾਲਾ ਸਵਰਗ ਦਾ ਰਾਜਾ ਇੰਦ੍ਰ ਆਪਣੇ ਸ਼ੁਭ ਆਚਰਣ ਤੋਂ ਡਿਗ ਗਿਆ। ਗੋਤਮ ਰਿਖੀ ਦੇ ਘਰ ਜਾ ਕੇ ਐਸਾ ਮੰਦ ਕਰਮ ਕੀਤਾ, ਜਿਸ ਕਰਕੇ ਸਾਰੇ ਸਰੀਰ 'ਤੇ ਕੁਸ਼ਟ ਚੱਲ

ਗਿਆ। ਗੁਰਦੇਵ ਦਾ ਗੁਰਬਾਣੀ ਵਿਚ ਫ਼ੁਰਮਾਣ ਹੈ:

***ਗੋਤਮੁ ਤਪਾ ਅਹਿਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰੁ ਲੁਭਾਇਆ॥***

(ਅੰਗ ੧੩੪੪)

ਅਤੇ ਇਸ ਪ੍ਰਸੰਗ ਨੂੰ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਦੇ ਅੰਦਰ ਜਿਥੇ ਇੰਦ੍ਰ ਦੇ ਕੁਕਰਮ ਨੂੰ ਵਿਸਥਾਰ ਸਹਿਤ ਉਜਾਗਰ ਕੀਤਾ ਹੈ, ਉਥੇ ਭਾਈ ਸਾਹਿਬ ਜੀ ਨੇ ਵਾਹਿਗੁਰੂ ਜੀ ਦੇ ਪਤਿਤ-ਪਾਵਨ ਬਿਰਦ ਦਾ ਵੀ ਇਸ ਤਰ੍ਹਾਂ ਪ੍ਰਗਟਾਵਾ ਕੀਤਾ ਹੈ:

***ਗੋਤਮ ਨਾਰਿ ਅਹਿਲਿਆ ਤਿਸਨੋ ਦੇਖਿ ਇੰਦ੍ਰ ਲੋਭਾਣਾ।***
***ਪਰ ਘਰਿ ਜਾਇ ਸਰਾਪੁ ਲੈ ਹੋਇ ਸਹਸ ਭਗ ਪਛੋਤਾਣਾ।***
***ਸੁੰਞਾ ਹੋਆ ਇੰਦ੍ਰ ਲੋਕ ਲੁਕਿਆ ਸਰਵਰਿ ਮਨ ਸਰਮਾਣਾ।***
***ਸਹਸ ਭਗਹੁ ਲੋਇਣ ਸਹਸ ਲੈਂਦੋਈ ਇੰਦ੍ਰ ਪੁਰੀ ਸਿਧਾਣਾ।***
***ਸਤੀ ਸਤਹੁ ਟਲਿ ਸਿਲਾ ਹੋਇ ਨਦੀ ਕਿਨਾਰੈ ਬਾਝੁ ਪਰਾਣਾ।***
***ਰਘੁਪਤਿ ਚਰਣਿ ਛੁਹੰਦਿਆ ਚਲੀ ਸੁਰਗ ਪੁਰਿ ਬਣੇ ਬਿਬਾਣਾ।***
***ਭਗਤਿ ਵਛਲੁ ਭਲਿਆਈਅਹੁ ਪਤਿਤ ਉਧਾਰਣੁ ਪਾਪ ਕਮਾਣਾ।***
***ਗੁਣ ਨੋ ਗੁਣ ਸਭ ਕੋ ਕਰੈ ਅਉਗਣ ਕੀਤੇ ਗੁਣ ਤਿਸੁ ਜਾਣਾ।***
***ਅਬਿਗਤਿ ਗਤਿ ਕਿਆ ਆਖਿ ਵਖਾਣਾ॥੧੮॥*** (ਵਾਰ ੧੦, ਪਉੜੀ ੧੮)

ਸੋ ਸ਼ੁਭ ਆਚਰਣ ਤੋਂ ਗਿਰੇ ਮਨੁੱਖ ਨੂੰ ਪਤਿਤ ਕਿਹਾ ਗਿਆ ਹੈ। ਐਸਾ ਪਤਿਤ ਜਿਥੇ ਇਖ਼ਲਾਕ ਤੋਂ ਗਿਰ ਜਾਂਦਾ ਹੈ, ਉਥੇ ਐਸਾ ਮਨੁੱਖ ਲੋਕਾਂ ਦੀਆਂ ਨਜ਼ਰਾਂ ਵਿਚ ਭੀ ਗਿਰ ਜਾਂਦਾ ਹੈ, ਕਿਉਂਕਿ ਲੋਕ ਪਤਿਤ ਪਾਵਨ ਨਹੀਂ ਹਨ। ਐਸੇ ਗਿਰੇ ਮਨੁੱਖ ਨੂੰ ਕੋਈ ਮੂੰਹ ਨਹੀਂ ਲਾਉਂਦਾ, ਲੋਕ ਫਿਟ-ਲਾਹਨਤਾਂ ਪਾਉਂਦੇ ਹਨ। ਆਪਣੇ ਨੇੜੇ ਨਹੀਂ ਢੁੱਕਣ ਦਿੰਦੇ। ਪਰ ਵਾਹਿਗੁਰੂ ਦਾ ਬਿਰਦ ਪਤਿਤ ਪਾਵਨ ਹੈ। ਉਹ ਐਸੇ ਪਤਿਤ ਸ਼ੁਭ ਆਚਰਨ ਤੋਂ ਗਿਰੇ ਮਨੁੱਖਾਂ ਦੇ ਪਾਪ ਨਾਮ ਨਾਲ ਧੋ ਕੇ ਪਵਿੱਤਰ ਕਰ ਦਿੰਦਾ ਹੈ। ਪ੍ਰਭੂ ਦੇ ਨਾਮ ਦੀ ਸਿਫ਼ਤ ਕਰਦਿਆਂ ਭਗਤ ਨਾਮ ਦੇਵ ਜੀ ਨੇ ਟੋਡੀ ਰਾਗ ਅੰਦਰ ਇਸ ਤਰ੍ਹਾਂ ਕਥਨ ਕੀਤਾ ਹੈ:

***ਕਉਨ ਕੋ ਕਲੰਕੁ ਰਹਿਓ ਰਾਮ ਨਾਮੁ ਲੇਤ ਹੀ॥***
***ਪਤਿਤ ਪਵਿਤ ਭਏ ਰਾਮ ਕਹਤ ਹੀ॥ ੧॥ ਰਹਾਉ॥***
***ਰਾਮ ਸੰਗਿ ਨਾਮਦੇਵ ਜਨ ਕਉ ਪ੍ਰਤਗਿਆ ਆਈ॥***
***ਏਕਾਦਸੀ ਬ੍ਰਤੁ ਰਹੈ ਕਾਹੇ ਕਉ ਤੀਰਥ ਜਾਈ॥ ੧॥***
***ਭਨਤਿ ਨਾਮਦੇਉ ਸੁਕ੍ਰਿਤ ਸੁਮਤਿ ਭਏ॥***
***ਗੁਰਮਤਿ ਰਾਮੁ ਕਹਿ ਕੋ ਕੋ ਨ ਬੈਕੁੰਠਿ ਗਏ॥ ੨॥ ੨॥*** (ਅੰਗ ੭੧੮)

*ਪ੍ਰੀਤਮ ਤੇਰੀ ਗਤਿ ਅਗਮ ਅਪਾਰੇ॥ ਮਹਾ ਪਤਿਤ ਤੁਮ੍ ਤਾਰੇ ॥*
*ਪਤਿਤ ਪਾਵਨ ਭਗਤਿ ਵਛਲ ਕ੍ਰਿਪਾ ਸਿੰਧੁ ਸੁਆਮੀਆ॥*
*ਸੰਤਸੰਗੇ ਭਜੁ ਨਿਸੰਗੇ ਰੰਉ ਸਦਾ ਅੰਤਰਜਾਮੀਆ॥*
*ਕੋਟਿ ਜਨਮ ਭ੍ਰਮੰਤ ਜੋਨੀ ਤੇ ਨਾਮ ਸਿਮਰਤ ਤਾਰੇ॥*
*ਨਾਨਕ ਦਰਸ ਪਿਆਸ ਹਰਿ ਜੀਉ ਆਪਿ ਲੇਹੁ ਸਮ੍ਾਰੇ॥ ੨ ॥*

(ਅੰਗ ੧੨੭੮)

ਅਥਵਾ :

*ਸਤਿਗੁਰੁ ਸੇਵਿ ਸਰਬ ਫਲ ਪਾਏ॥ ਜਨਮ ਜਨਮ ਕੀ ਮੈਲੁ ਮਿਟਾਏ॥ ੧ ॥*
*ਪਤਿਤ ਪਾਵਨ ਪ੍ਰਭ ਤੇਰੋ ਨਾਉ॥ ਪੂਰਬਿ ਕਰਮ ਲਿਖੇ ਗੁਣ ਗਾਉ॥ ੧ ॥ ਰਹਾਉ॥*
*ਸਾਧੂ ਸੰਗਿ ਹੋਵੈ ਉਧਾਰੁ॥ ਸੋਭਾ ਪਾਵੈ ਪ੍ਰਭ ਕੈ ਦੁਆਰ॥ ੨ ॥*
*ਸਰਬ ਕਲਿਆਣ ਚਰਣ ਪ੍ਰਭ ਸੇਵਾ॥ ਧੂਰਿ ਬਾਛਹਿ ਸਭਿ ਸੁਰਿ ਨਰ ਦੇਵਾ॥ ੩ ॥*
*ਨਾਨਕ ਪਾਇਆ ਨਾਮ ਨਿਧਾਨੁ॥ ਹਰਿ ਜਪਿ ਜਪਿ ਉਧਰਿਆ ਸਗਲ ਜਹਾਨੁ॥੪ ॥੧੨ ॥*

(ਅੰਗ ੧੧੩੮)

*ਤੁਝ ਬਿਨੁ ਕੋ ਨਾਹੀ ਪ੍ਰਭ ਰਾਖਨਹਾਰਾ ਰਾਮ॥*
*ਪਤਿਤ ਉਧਾਰਣ ਹਰਿ ਬਿਰਦੁ ਤੁਮਾਰਾ ਰਾਮ॥*
*ਪਤਿਤ ਉਧਾਰਨ ਸਰਨਿ ਸੁਆਮੀ ਕ੍ਰਿਪਾ ਨਿਧਿ ਦਇਆਲਾ॥*
*ਅੰਧ ਕੂਪ ਤੇ ਉਧਰੁ ਕਰਤੇ ਸਗਲ ਘਟ ਪ੍ਰਤਿਪਾਲਾ॥*
*ਸਰਨਿ ਤੇਰੀ ਕਟਿ ਮਹਾ ਬੇੜੀ ਇਕੁ ਨਾਮੁ ਦੇਹਿ ਅਧਾਰਾ॥*
*ਬਿਨਵੰਤ ਨਾਨਕ ਕਰ ਦੇਇ ਰਾਖਹੁ ਗੋਬਿੰਦ ਦੀਨ ਦਇਆਰਾ॥ ੪ ॥*

(ਅੰਗ ੫੪੬)

ਭਾਈ ਗੁਰਦਾਸ ਜੀ :

*ਨਿਰਾਧਾਰ ਕੋ ਆਧਾਰੁ ਆਸਰੋ ਨਿਰਾਸਨ ਕੋ,*
*ਨਾਥੁ ਹੈ ਅਨਾਥਨ ਕੋ ਦੀਨ ਕੋ ਦਇਆਲੁ ਹੈ॥*
*ਅਸਰਨਿ ਸਰਨਿ ਅਉ ਨਿਰਧਨ ਕੋ ਹੈ ਧਨ,*
*ਟੇਕ ਅੰਧਨ ਕੀ ਅਉ ਕਿਰਪਨ ਕ੍ਰਿਪਾਲੁ ਹੈ॥*
*ਅਕ੍ਰਿਤਘਨ ਕੈ ਦਾਤਾਰ ਪਤਿਤ ਪਾਵਨ ਪ੍ਰਭੁ,*

***ਨਰਕ ਨਿਵਾਰਨ ਪ੍ਰਤਗਿਆ ਪ੍ਰਤਿਪਾਲੁ ਹੈ॥***
***ਅਵਗੁਨ ਹਰਨ ਕਰਨਿ ਕਰਤਗਿਆ ਸੁਆਮੀ,***
***ਸੰਗੀ ਸਰਬੰਗਿ ਰਸ ਰਸਿਕ ਰਸਾਲੁ ਹੈ॥ ੩੮੭॥***

(ਕਬਿੱਤ ਸਵੱਯੇ ਭਾ: ਗੁਰਦਾਸ ਜੀ)

## ਸਾਖੀ—ਅਜਾਮਲ ਦੀ

ਅਜਾਮਲ ਕਨੌਂਜ ਦੇ ਰਹਿਣ ਵਾਲਾ ਇਕ ਵਿਦਵਾਨ ਬ੍ਰਹਮਣ ਸੀ, ਪਰ ਬੇਦ ਬੇਤਾ, ਸ਼ਾਸਤਰ ਬੇਤਾ ਵਿਦਵਾਨ ਹੁੰਦਾ ਹੋਇਆ ਤੇ ਉੱਚ ਜਾਤੀ ਦਾ ਬ੍ਰਾਹਮਣ ਹੁੰਦਾ ਹੋਇਆ, ਸ਼ੁਭ ਆਚਰਣ ਤੋਂ ਗਿਰ ਗਿਆ ਸੀ। ਇਕ ਕਥਨ ਅਨੁਸਾਰ ਇਕ ਬਹੁਤ ਵਿਦਵਾਨ ਬ੍ਰਾਹਮਣ ਦਾ ਇਹ ਪੁੱਤਰ ਸੀ। ਇਸ ਦੇ ਬਾਪ ਨੇ ਅਜਾਮਲ ਨੂੰ ਇਕ ਬਹੁਤ ਵਿਦਵਾਨ ਚਾਰ ਵੇਦ, ੨੭ ਸਿਮ੍ਰਿਤੀਆਂ, ੬ ਸ਼ਾਸਤਰ, ੧੮ ਪੁਰਾਣ, ੯ ਵਿਆਕਰਣ, ਪਿੰਗਲ ਨਿਰਕੁਤ ਦੇ ਬਕਤਾ ਵਿਦਵਾਨ ਪੰਡਿਤ ਕੋਲ ਵਿਦਿਆ ਪੜ੍ਹਨ ਪਾਇਆ ਸੀ। ਇਕ ਦਿਨ ਘਰ ਤੋਂ ਵਿਦਿਆ ਗੁਰੂ ਪਾਸ ਜਾਂਦਿਆਂ ਰਸਤੇ ਵਿਚ ਅਜਾਮਲ ਦਾ ਮਿਲਾਪ ਇਕ ਵੇਸ਼ਵਾ ਨਾਲ ਹੋ ਗਿਆ। ਕੁਝ ਸਮੇਂ ਬਾਆਦ ਇਹ ਵੇਸ਼ਵਾ ਦਾ ਹੀ ਬਣ ਗਿਆ। ਆਖ਼ਿਰ ਨੂੰ ਇਸਨੇ ਵੇਸ਼ਵਾ ਆਪਣੇ ਘਰ ਪਾ ਲਈ, ਤਾਂ ਇਸ ਦੇ ਬਾਪ ਤੇ ਲੋਕਾਂ ਨੇ ਇਸ ਨੂੰ ਦੁਰਕਾਰ ਦਿੱਤਾ। ਇਸ ਦਾ ਭਾਂਡਾ ਤਿਆਗ ਦਿੱਤਾ। ਇਸ ਨੇ ਬਾਹਰ ਇਕ ਕੁੱਲੀ ਪਾ ਕੇ ਉਸ ਵਿਚ ਰਹਿਣਾ ਸ਼ੁਰੂ ਕਰ ਦਿੱਤਾ। ਲੋਕੀਂ ਆਉਂਦੇ ਜਾਂਦੇ ਲੰਘਦੇ ਦੁਰਾਚਾਰੀ, ਪਾਪੀ ਕਹਿਕੇ ਇਸ ਨੂੰ ਧਿਰਕਾਰਦੇ ਰਹਿੰਦੇ ਸਨ। ਵੇਸ਼ਵਾ ਦੇ ਸੰਗ ਤੋਂ ਇਸ ਦੇ ੬ ਪੁੱਤਰ ਪੈਦਾ ਹੋਏ ਸਨ। ਇਕ ਦਿਨ ਦੇਵਨੇਤ ਨਾਲ ਇਸ ਦੀ ਕੁੱਲੀ ਪਾਸ ਇਕ ਬੀਤ ਰਾਗ ਨਾਮ ਦੇ ਰਸੀਏ ਮਹਾਤਮਾ ਆ ਗਏ। ਅਜਾਮਲ ਨੇ ਮਹਾਤਮਾ ਦੇ ਦਰਸ਼ਨ ਕੀਤੇ, ਸੇਵਾ ਕੀਤੀ ਅਤੇ ਆਪਣੇ ਭਲੇ ਲਈ ਚਰਣੀ ਡਿੱਗ ਕੇ ਬੇਨਤੀਆਂ ਕੀਤੀਆਂ। ਮਹਾਤਮਾ ਨੇ ਬੇਨਤੀਆਂ 'ਤੇ ਪ੍ਰਸੰਨ ਹੋ ਕੇ ਇਸ ਨੂੰ ਕਿਹਾ, ਕਿ ਤੇਰੇ ਘਰ ਹੁਣ ਜਿਹੜਾ ਇਕ ਪੁੱਤਰ ਹੋਵੇਗਾ, ਉਸ ਦਾ ਨਾਮ ਤੂੰ "ਨਾਰਾਇਣ" ਰੱਖੀਂ। ਅਜਾਮਲ ਦੀ ਘਰਵਾਲੀ ਵੇਸ਼ਵਾ ਗਰਭਵਤੀ ਸੀ। ਇਸਦੇ ਘਰ ਪੁੱਤਰ ਜਨਮਿਆ, ਤਾਂ ਸੰਤਾਂ ਦੇ ਬਚਨ ਅਨੁਸਾਰ ਅਜਾਮਲ ਨੇ ਉਸ ਦਾ ਨਾਮ 'ਨਾਰਾਇਣ' ਰੱਖਿਆ। ਅਜਾਮਲ ਦਾ ਜਦੋਂ ਅੰਤਮ ਸਮਾਂ ਆਇਆ, ਤਾਂ ਇਹ ਉਸ ਆਪਣੇ ਛੋਟੇ ਪੁੱਤਰ ਨੂੰ ਨਾਰਾਇਣ-ਨਾਰਾਇਣ ਕਹਿ ਕੇ ਆਵਾਜ਼ ਮਾਰਨ ਲੱਗਿਆ। ਅੰਤਲੇ ਸਮੇਂ ਐਸਾ ਨਾਰਾਇਣ ਕਹਿਣ ਵਿਚ ਭਿੱਜ ਗਿਆ ਕਿ ਜਿਸ ਦਾ ਸਦਕਾ ਗੁਰੂ ਤੇਗ਼ ਬਹਾਦਰ ਜੀ ਦੇ ਕਥਨ ਅਨੁਸਾਰ ਜਿਸ ਪਦਵੀ ਨੂੰ ਲੱਖਾਂ ਵਰ੍ਹੇ ਸਮਾਧੀਆਂ ਲਾ ਕੇ ਲੋਚਦੇ ਹਨ, ਉਹ ਪਦਵੀ ਇਸ ਨੇ ਛਿਨ ਵਿਚ ਪਾ ਲਈ:

***ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ॥***
***ਜਾਂ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ॥***

(ਅੰਗ ੯੦੨)

***ਅਥਵਾ: ਪੁਤਰ ਹੇਤ ਨਾਰਾਇਣ ਕਹਿਓ॥***

***ਅਥਵਾ : ਜਮਕੰਕਰ ਮਾਰਿ ਬਿਦਾਰਿਅਨੁ ਹਰਿ ਦਰਗਹ ਲਏ ਛਡਾਏ॥***

(ਅੰਗ ੧੪੨੪)

***ਅਥਵਾ: ਅਜਾਮਲੁ ਉਧਰਿਆ ਕਹਿ ਏਕ ਬਾਰ॥***

(ਅੰਗ ੧੧੯੨)

ਅਤੇ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਇਸ ਸਾਰੇ ਪ੍ਰਸੰਗ ਨੂੰ ਆਪਣੀਆਂ ਵਾਰਾਂ ਦੇ ਅੰਦਰ ਇਸ ਤਰ੍ਹਾਂ ਨਿਰੂਪਣ ਕੀਤਾ ਹੈ:-

***ਪਤਿਤ ਅਜਾਮਲ ਪਾਪੁ ਕਰਿ ਜਾਇ ਕਲਾਵਤਣੀ ਦੇ ਰਹਿਆ।***
***ਗੁਰੁ ਤੇ ਬੇਮੁਖੁ ਹੋਇ ਕੈ ਪਾਪ ਕਮਾਵੈ ਦੁਰਮਤਿ ਦਹਿਆ।***
***ਬਿਰਥਾ ਜਨਮੁ ਗਵਾਇਆ ਭਵਜਲ ਅੰਦਰਿ ਫਿਰਦਾ ਵਹਿਆ।***
***ਛਿਅ ਪੁਤ ਜਾਏ ਵੇਸੁਆ ਪਾਪਾ ਦੇ ਫਲ ਇਛੇ ਲਹਿਆ।***
***ਪੁਤੁ ਉਪੰਨਾਂ ਸਤਵਾਂ ਨਾਉ ਧਰਣ ਨੋ ਚਿਤਿ ਉਮਹਿਆ।***
***ਗੁਰੂ ਦੁਆਰੈ ਜਾਇ ਕੈ ਗੁਰਮੁਖਿ ਨਾਉ ਨਰਾਇਣੁ ਕਹਿਆ।***
***ਅੰਤਕਾਲ ਜਮਦੂਤ ਵੇਖਿ ਪੁਤ ਨਾਰਾਇਣੁ ਬੋਲੈ ਛਹਿਆ।***
***ਜਮਗਣ ਮਾਰੇ ਹਰਿ ਜਨਾਂ ਗਇਆ ਸੁਰਗ ਜਮੁ ਡੰਡੁ ਨ ਸਹਿਆ।***
***ਨਾਇ ਲਏ ਦੁਖੁ ਡੇਰਾ ਢਹਿਆ॥੨੦॥*** (ਵਾਰ ੧੦-੨੦)

ਪਤਿਤ ਪਾਵਨ ਮਾਧਉ ਬਿਰਦੁ ਤੇਰਾ ॥ ਧੰਨਿ ਤੇ ਵੈ ਮੁਨਿ ਜਨ ਜਿਨ ਧਿਆਇਓ ਹਰਿ ਪ੍ਰਭੁ ਮੇਰਾ ॥ ੧ ॥ ਮੇਰੈ ਮਾਥੈ ਲਾਗੀ ਲੇ ਧੂਰਿ ਗੋਬਿੰਦ ਚਰਨਨ ਕੀ ॥ ਸੁਰਿ ਨਰ ਮੁਨਿ ਜਨ ਤਿਨਹੂ ਤੇ ਦੂਰਿ ॥ ੧ ॥ ਰਹਾਉ ॥ ਦੀਨ ਕਾ ਦਇਆਲੁ ਮਾਧੌ ਗਰਬ ਪਰਹਾਰੀ ॥ ਚਰਨ ਸਰਨ ਨਾਮਾ ਬਲਿ ਤਿਹਾਰੀ ॥ ੨ ॥ ੫ ॥

(ਅੰਗ ੬੯੪)

## ਪਦ ਅਰਥ :

ਪਤਿਤ ਪਾਵਨ-ਡਿਗਿਆਂ ਹੋਇਆਂ (ਪਾਪੀਆਂ) ਨੂੰ ਪਵਿੱਤਰ ਕਰਨ ਵਾਲਾ। ਮਾਧਉ-ਹੇ ਮਾਇਆ (ਲਛਮੀ) ਦੇ ਪਤੀ ਵਿਸ਼ਨੂੰ ਭਾਵ ਹਰੀ। ਬਿਰਦੁ-ਸੁਭਾਅ। ਧੰਨਿ-ਧੰਨਤਾ ਯੋਗ। ਤੇ ਵੈ-ਉਹ ਜਨ। ਮੁਨਿ ਜਨ-ਮੁਨੀ, ਰਿਸ਼ੀ ਲੋਕ। ਮੇਰੈ ਮਾਥੈ-ਮੇਰੇ ਮੱਥੇ ਉਤੇ। ਲਾਗੀ ਲੇ-ਲੱਗੀ ਹੈ। ਸੁਰਿ ਨਰ-ਉੱਤਮ ਪੁਰਸ਼। ਮੁਨਿ

ਜਨ-ਰਿਸ਼ੀ ਲੋਕ। ਤਿਨਹੂ ਤੇ-ਉਨ੍ਹਾਂ ਤੋਂ। ਦੂਰਿ-ਦੁਰੇਡੇ, ਪਰੇ। ਦੀਨ ਕਾ-ਗ਼ਰੀਬਾਂ ਦਾ। ਗਰਬ-ਅਹੰਕਾਰ। ਪਰਹਾਰੀ-ਨਾਸ਼ ਕਰਨ ਵਾਲਾ। ਬਲਿ-ਬਲਿਹਾਰ, ਸਦਕੇ। ਤਿਹਾਰੀ-ਤੁਹਾਥੋਂ।

**ਅਰਥ :**

ਹੇ ਮਾਇਆ ਦੇ ਪਤੀ (ਪ੍ਰਮਾਤਮਾ !) ਡਿੱਗਿਆਂ ਹੋਇਆਂ (ਪਾਪੀਆਂ) ਨੂੰ ਪਵਿੱਤਰ ਕਰਨ ਵਾਲਾ ਤੇਰਾ (ਕਦੀਮੀ) ਸੁਭਾਉ ਹੈ। (ਹੇ ਭਾਈ !) ਉਹ ਮੁਨਿ ਜਨ (ਸੰਤ ਰਿਸ਼ੀ ਲੋਕ) ਧੰਨਤਾ ਯੋਗ ਹਨ, ਜਿਨ੍ਹਾਂ ਨੇ ਮੇਰਾ (ਪਿਆਰਾ) ਹਰੀ ਪ੍ਰਭੂ ਸਿਮਰਿਆ ਹੈ। ੧। (ਹੇ ਭਾਈ !) ਮੇਰੇ ਮੱਥੇ ਉੱਤੇ (ਉਸ) ਗੋਬਿੰਦ ਦੇ ਚਰਨਾਂ ਦੀ ਧੂੜ ਲੱਗੀ ਹੈ। (ਜਿਸ ਧੂੜ ਤੋਂ ਭਾਗਹੀਨ) ਦੇਵਤੇ, ਮਨੁੱਖ ਮੁਨੀਜਨ (ਵਾਂਝੇ ਹਨ, ਇਹ ਧੂੜ) ਇਨ੍ਹਾਂ ਤੋਂ ਪਰੇ ਰਹਿੰਦੀ ਹੈ।੧। ਰਹਾਉ। ਹੇ ਮਾਧੋ ! (ਤੂੰ) ਦੀਨਾਂ ਉੱਤੇ ਦਇਆ ਕਰਨ ਵਾਲਾ ਹੈਂ, ਅਹੰਕਾਰੀਆਂ ਦਾ (ਹੰਕਾਰ) ਦੂਰ ਕਰਨ ਵਾਲਾ ਹੈਂ। (ਮੈਂ) ਨਾਮ ਦੇਵ (ਹੇ ਪ੍ਰਭੂ ! ਤੇਰੀ) ਚਰਨ ਸ਼ਰਨ ਵਿਚ ਹਾਂ (ਅਤੇ) ਤੈਥੋਂ ਬਲਿਹਾਰ ਜਾਂਦਾ ਹਾਂ। ੨। ੫।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧੦੭ (ਅੰਗ ੬੯੬)

ਜੈਤਸਰੀ ਮਹਲਾ ੪ ਘਰੁ ੧ ਚਉਪਦੇ
ੴ ਸਤਿਗੁਰ ਪ੍ਰਸਾਦਿ ॥

ਮੇਰੈ ਹੀਅਰੈ ਰਤਨੁ ਨਾਮੁ ਹਰਿ ਬਸਿਆ ਗੁਰਿ ਹਾਥੁ ਧਰਿਓ ਮੇਰੈ ਮਾਥਾ ॥ ਜਨਮ ਜਨਮ ਕੇ ਕਿਲਬਿਖ ਦੁਖ ਉਤਰੇ ਗੁਰਿ ਨਾਮੁ ਦੀਓ ਰਿਨੁ ਲਾਥਾ ॥ ੧ ॥ ਮੇਰੇ ਮਨ ਭਜੁ ਰਾਮ ਨਾਮੁ ਸਭਿ ਅਰਥਾ ॥ ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ਬਿਨੁ ਨਾਵੈ ਜੀਵਨੁ ਬਿਰਥਾ ॥ ਰਹਾਉ ॥ ਬਿਨੁ ਗੁਰ ਮੂੜ ਭਏ ਹੈ ਮਨਮੁਖ ਤੇ ਮੋਹ ਮਾਇਆ ਨਿਤ ਫਾਥਾ ॥ ਤਿਨ ਸਾਧੂ ਚਰਣ ਨ ਸੇਵੇ ਕਬਹੂ ਤਿਨ ਸਭੁ ਜਨਮੁ ਅਕਾਥਾ ॥ ੨ ॥ ਜਿਨ ਸਾਧੂ ਚਰਣ ਸਾਧ ਪਗ ਸੇਵੇ ਤਿਨ ਸਫਲਿਓ ਜਨਮੁ ਸਨਾਥਾ ॥ ਮੋ ਕਉ ਕੀਜੈ ਦਾਸੁ ਦਾਸ ਦਾਸਨ ਕੋ ਹਰਿ ਦਇਆ ਧਾਰਿ ਜਗੰਨਾਥਾ ॥ ੩ ॥ ਹਮ ਅੰਧੁਲੇ ਗਿਆਨਹੀਨ ਅਗਿਆਨੀ ਕਿਉ ਚਾਲਹ ਮਾਰਗਿ ਪੰਥਾ ॥ ਹਮ ਅੰਧੁਲੇ ਕਉ ਗੁਰ ਅੰਚਲੁ ਦੀਜੈ ਜਨ ਨਾਨਕ ਚਲਹ ਮਿਲੰਥਾ ॥ ੪ ॥ ੧ ॥

# ਪ੍ਰਾਕ੍ਰਥਨ :-

ਇਹ ਪਾਵਨ ਸ਼ਬਦ ਸੋਢੀ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦਾ ਜੈਤਸਰੀ ਰਾਗੁ ਵਿਚ ਉਚਾਰਨ ਕੀਤਾ ਹੋਇਆ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੬੯੬ ਉੱਪਰ ਅੰਕਿਤ ਹੈ। ਇਸ ਸ਼ਬਦ ਦੇ ਆਰੰਭਤਾ ਦੀ ਪੰਗਤੀ ਵਿਚ ਰਤਨੁ ਸ਼ਬਦ ਆਇਆ ਹੈ। ਆਉ ਰਤਨ ਸ਼ਬਦ ਬਾਰੇ ਵਿਸਥਾਰ ਪੂਰਵਕ ਵਿਚਾਰ ਕਰੀਏ।

## ਵਿਸ਼ਾ—ਗੁਰ ਕਾ ਸਬਦੁ ਰਤੰਨੁ ਹੈ

'ਰਤਨ' ਹਿੰਦੀ ਭਾਸ਼ਾ ਦਾ ਸ਼ਬਦ ਹੈ। ਕਈ ਵਿਦਵਾਨਾਂ ਨੇ ਸੰਸਕ੍ਰਿਤ ਭਾਸ਼ਾ ਦਾ ਮੰਨਿਆ ਹੈ। ਇਸ ਦਾ ਅਰਥ ਜਵਾਹਰ ਅਤੇ ਉੱਤਮ ਪਦਾਰਥ ਹਨ। 'ਜਵਾਹਰਾਤ' ਅਰਬੀ ਭਾਸ਼ਾ ਦਾ ਸ਼ਬਦ (Word) ਹੈ ਜੋ ਜਵਾਹਰ ਦਾ ਬਹੁਵਚਨ ਹੈ। ਜਵਾਹਰ ਦੇ ਅਰਥ ਹਨ ਕੀਮਤੀ ਪਦਾਰਥ ਹੀਰੇ, ਪੰਨੇ, ਲਾਲ ਆਦਿਕ। ਸਭ ਨੂੰ ਹੀ ਜਵਾਹਰ ਜਾਂ ਰਤਨ ਕਹਿੰਦੇ ਹਨ। ਸ਼ਬਦ ਰੂਪੀ ਰਤਨ ਨਾਲ ਜੋੜਿਆ ਅਤੇ ਆਪ ਉਸ ਸ਼ਬਦ ਦੇ ਸਾਧਕ ਬਣੇ। ਸ਼ਬਦ ਦੀ ਵਿਲੱਖਣਤਾ ਦਾ ਪ੍ਰਚਾਰ ਗੁਰੂ ਕਾਲ ਤੋਂ ਹੋਂਦ ਵਿਚ ਆ ਰਿਹਾ ਹੈ। ਇਸ ਪਉੜੀ ਅੰਦਰ ਸ਼ਬਦ ਵਿਚ ਗਿਆਨ ਦੀ ਅਭੇਦਤਾ ਨੂੰ ਚਮਕਾਇਆ ਹੈ। ਜਿਵੇਂ ਜੜਾਊ ਗਹਿਣੇ ਵਿਚ ਹੀਰੇ ਦਾ ਨਗ ਚਮਕਦਾ ਹੈ, ਤਿਵੇਂ ਸ਼ਬਦ ਨਾਲ ਲੱਗ ਕੇ ਗਿਆਨ ਦੀ ਆਭਾ ਦੂਣੀ-ਚੌਣੀ ਹੁੰਦੀ ਹੈ।

ਤੱਤ ਦੀ ਗੱਲ ਇਹ ਹੈ ਕਿ ਜਦੋਂ ਸ਼ਬਦ ਨਾਲ ਰਚ-ਮਿਚ ਜਾਂਦਾ ਹੈ ਤਾਂ ਸੱਚਾ ਵਾਹਿਗੁਰੂ ਸਿੱਖ ਦੇ ਹਿਰਦੇ ਰੂਪੀ ਭਾਂਡੇ ਵਿਚ ਆਪੇ ਹੀ ਪ੍ਰੇਮ ਦੀ ਦਾਤ ਪਾ ਕੇ ਉਸਨੂੰ ਨਿਹਾਲ ਕਰ ਦਿੰਦਾ ਹੈ। ਗੁਰੂ ਦੇ ਸ਼ਬਦ ਨੂੰ ਪਿਆਰ ਕਰਨਾ ਹੀ ਪ੍ਰਮਾਤਮਾ ਨੂੰ ਪਿਆਰ ਕਰਨਾ ਹੈ। ਸ਼ਬਦ ਅਭਿਆਸ ਨਾਲ ਆਤਮ-ਗਿਆਨ ਸਾਖਿਆਤਕਾਰ ਹੁੰਦਾ ਹੈ ਅਤੇ ਅੰਤਰ-ਆਤਮੇ ਦੀ ਸੋਝੀ ਆ ਜਾਂਦੀ ਹੈ ਕਿ ਸ਼ਬਦ ਹੀ ਬ੍ਰਹਮ ਹੈ।

ਗੁਰੂ ਦਾ ਸ਼ਬਦ ਰਤਨ ਤੋਂ ਵੀ ਵੱਧ ਅਮੋਲਕ ਤੇ ਅਸਚਰਜ ਵਸਤੂ ਹੈ ਜਿਸ ਨੂੰ (ਸਿਫ਼ਤ ਰੂਪੀ) ਹੀਰੇ ਪੰਨੇ ਜੜ੍ਹੇ ਹੋਏ ਹਨ। (ਇਹ ਸ਼ਬਦ ਰਤਨ ਜਿਸ ਸਿੱਖ ਦੇ) ਮਨ ਸ਼ਬਦ ਨਾਲ ਜੁੜ ਗਿਆ ਹੈ ਤੇ ਸੱਚੇ (ਪ੍ਰਮਾਤਮਾ) ਨੇ ਉਸਦੇ ਅੰਦਰ ਇਹ ਪ੍ਰੇਮ ਲਾਇਆ ਹੈ। (ਉਹ ਵਾਹਿਗੁਰੂ) ਆਪੇ ਹੀਰਾ ਹੈ, ਆਪੇ ਹੀ ਰਤਨ ਹੈ। ਜਿਸਨੂੰ (ਉਹ ਆਪ) ਸਮਝਾ ਦੇਂਦਾ ਹੈ, (ਉਸਨੂੰ ਸ਼ਬਦ ਰਤਨ ਦੀ ਸੋਝੀ ਹੋ ਆਉਂਦੀ ਹੈ)। ਧੰਨ ਕ੍ਰਿਪਾਲੂ (ਗੁਰੂ ਜੀ ਫ਼ੁਰਮਾਉਂਦੇ ਹਨ ਕਿ ਸ਼ਬਦ (ਇਕ ਅਮੋਲਕ) ਰਤਨ ਹੈ, ਜਿਸਨੂੰ (ਸਿਫ਼ਤ ਰੂਪ ਗੁਣਾਂ) ਦੇ ਹੀਰੇ (ਦਾ ਜੜਾਵਾ) ਜੜ੍ਹਿਆ ਹੋਇਆ ਹੈ।

***ਗੁਰ ਕਾ ਸਬਦੁ ਰਤੰਨੁ ਹੈ, ਹੀਰੇ ਜਿਤੁ ਜੜਾਉ॥***
***ਸਬਦੁ ਰਤਨੁ ਜਿਤੁ ਮੰਨੁ ਲਾਗਾ, ਏਹੁ ਹੋਆ ਸਮਾਉ॥***
***ਸਬਦ ਸੇਤੀ ਮਨੁ ਮਿਲਿਆ, ਸਚੈ ਲਾਇਆ ਭਾਉ॥***

***ਆਪੇ ਹੀਰਾ ਰਤਨੁ ਆਪੇ, ਜਿਸ ਨੋ ਦੇਇ ਬੁਝਾਇ॥***
***ਕਹੈ ਨਾਨਕੁ ਸਬਦੁ ਰਤਨੁ ਹੈ, ਹੀਰਾ ਜਿਤੁ ਜੜਾਉ॥ ੨੫॥***

(ਅੰਗ ੯੨੦)

***ਰਤਨਾ ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮ॥***
***ਬਾਣੀ ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਰਾਮ॥***
***ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਨਿਰਮੋਲਕੁ ਰਤਨੁ ਅਪਾਰਾ॥***
***ਹਰਿ ਹਰਿ ਨਾਮੁ ਅਤੋਲਕੁ ਪਾਇਆ ਤੇਰੀ ਭਗਤਿ ਭਰੇ ਭੰਡਾਰਾ॥***

(ਅੰਗ ੪੪੨)

## ਪਿਉ-ਦਾਦੇ ਦਾ ਖ਼ਜ਼ਾਨਾ ਕੀ ਹੈ?

ਪਿਉ-ਦਾਦੇ ਦਾ ਖ਼ਜ਼ਾਨਾ ਕੀ ਹੈ? ਨਾਮ-ਬਾਣੀ ਹੀ ਪਿਉ-ਦਾਦੇ ਦਾ ਖ਼ਜ਼ਾਨਾ ਹੈ। ਸ੍ਰੀ ਗੁਰੂ ਅਮਰਦਾਸ ਜੀ ਦੇ ਪਵਿੱਤਰ ਵਾਕ ਹਨ:-

***ਹਮ ਘਰਿ ਨਾਮੁ ਖਜਾਨਾ ਸਦਾ ਹੈ ਭਗਤਿ ਭਰੇ ਭੰਡਾਰਾ॥***

(ਅੰਗ ੫੯੩)

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਹਿਲੇ ਸਾਰੇ ਸਤਿਗੁਰਾਂ ਦੀ ਬਾਣੀ ਦਾ ਖ਼ਜ਼ਾਨਾ ਇਕੱਠਾ ਕੀਤਾ, ਜਿਸ ਵਿਚ ਅਮੋਲਕ ਲਾਲ ਰਤਨ ਹਨ। ਦਰਸ਼ਨ ਕਰਕੇ ਆਪ ਨਿਹਾਲ ਹੋਏ। ਤਾਂ ਹੀ ਆਪ ਜੀ ਨੇ ਰੱਬੀ ਰੰਗਾਂ ਵਿਚ ਆ ਕੇ ਇਸ ਸ਼ਬਦ ਦਾ ਉਚਾਰਨ ਕੀਤਾ।

ਗੁਰੂ ਸਾਹਿਬ ਨੇ ਇਸ ਖ਼ਜ਼ਾਨੇ ਨੂੰ ਗੁਰਸਿੱਖ ਪੁੱਤਰਾਂ ਵਿਚ ਵੰਡਿਆ ਅਤੇ ਇਸ ਨੂੰ ਅਮੁੱਕ ਖ਼ਜ਼ਾਨਾ ਆਖਿਆ:

***ਖਾਵਹਿ ਖਰਚਹਿ ਰਲਿ ਮਿਲਿ ਭਾਈ॥ ਤੋਟਿ ਨ ਆਵੈ ਵਧਦੋ ਜਾਈ॥ ੩॥***

(ਅੰਗ ੧੮੬)

ਗੁਰਬਾਣੀ ਵਿਚ ਨਾਮ ਜਾਂ ਸ਼ਬਦ ਰੂਪੀ ਖ਼ਜ਼ਾਨੇ ਬਾਰੇ ਕਈ ਪ੍ਰਮਾਣ ਮਿਲਦੇ ਹਨ। ਜਿਵੇਂ:

***੧. ਖਾਵਹੁ ਖਰਚਹੁ ਤੋਟਿ ਨ ਆਵੈ ਹਲਤ ਪਲਤ ਕੈ ਸੰਗੇ॥***
***ਲਾਦਿ ਖਜਾਨਾ ਗੁਰਿ ਨਾਨਕ ਕਉ ਦੀਆ ਇਹੁ ਮਨੁ ਹਰਿ ਰੰਗਿ ਰੰਗੇ॥***

(ਅੰਗ ੪੯੬)

***੨. ਸਤਿਗੁਰ ਕੀਨੀ ਦਾਤਿ ਮੂਲਿ ਨ ਨਿਖੁਟਈ॥***
***ਖਾਵਹੁ ਭੁੰਚਹੁ ਸਭਿ, ਗੁਰਮੁਖਿ ਛੁਟਈ॥***

(ਅੰਗ ੧੩੬੩)

***੩. ਤੋਟਿ ਨ ਆਵੈ ਅਖੁਟ ਭੰਡਾਰ॥ਨਾਨਕ ਭਗਤ ਸੋਹਹਿ ਹਰਿ ਦੁਆਰ॥***

(ਅੰਗ ੮੯੩)

***੪. ਮੇਰੇ ਰਾਮ ਕੋ ਭੰਡਾਰੁ॥***
***ਖਾਤ ਖਰਚਿ ਕਛੁ ਤੋਟਿ ਨ ਆਵੈ ਅੰਤੁ ਨਹੀ ਹਰਿ ਪਾਰਾਵਾਰੁ॥***

(ਅੰਗ ੮੯੩)

***੫. ਖਾਤ ਖਰਚਤ ਕਿਛੁ ਨਿਖੁਟਤ ਨਾਹੀ ਰਾਮ ਰਤਨੁ ਧਨੁ ਖਾਟਿਓ॥***

(ਅੰਗ ੭੧੪)

ਹੇ ਭਾਈ! ਅਸੀਂ ਸੱਚੇ ਪ੍ਰਭੂ ਦੇ ਨਾਮ ਕਰਕੇ ਧਨਵਾਨ ਅਤੇ ਭਾਗਵਾਨ ਹਾਂ। ਸਹਿਜ ਸੁਭਾਵਿਕ ਹਰੀ ਦੇ ਗੁਣ ਗਾਉਂਦੇ ਹਾਂ।

ਹੇ ਭਾਈ! ਗੁਰਬਾਣੀ ਵਿਚ, ਪ੍ਰੇਮ ਤੇ ਵੈਰਾਗ ਰੂਪੀ ਅਮੋਲਕ ਰਤਨ ਤੇ ਲਾਲ ਜਿਨ੍ਹਾਂ ਦਾ ਕੋਈ ਕੁਝ ਵੀ ਮੁੱਲ ਨਹੀਂ ਪਾ ਸਕਦਾ, (ਭਾਵ ਅਮੋਲਕ ਹਨ, ਉਨ੍ਹਾਂ) ਦੇ ਅਤੁੱਲ ਤੇ ਅਖੁੱਟ ਭੰਡਾਰ ਸਾਡੇ ਪਾਸ ਭਰੇ ਪਏ ਹਨ।

ਹੇ ਭਾਈ! ਜਿਹੜੇ ਮਨੁੱਖ ਭਰਾਵਾਂ ਵਾਂਗ ਆਪਸ ਵਿਚ ਰਲ-ਮਿਲ ਕੇ ਗੁਰਬਾਣੀ ਦਾ ਭੰਡਾਰ ਆਪ ਛੱਕਦੇ ਹਨ ਅਤੇ ਹੋਰਨਾਂ ਨੂੰ ਛਕਾਉਂਦੇ ਹਨ, ਉਨ੍ਹਾਂ ਨੂੰ ਕਦੇ ਵੀ ਘਾਟਾ ਨਹੀਂ ਪੈਂਦਾ, ਸਗੋਂ ਇਹ ਖ਼ਜ਼ਾਨਾ ਹਰ ਰੋਜ਼ ਹੋਰ ਵੱਧਦਾ ਹੀ ਜਾਂਦਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਸ ਮਨੁੱਖ ਨੇ ਆਪਣੇ ਮੱਥੇ ਉੱਤੇ ਇਸ ਖ਼ਜ਼ਾਨੇ ਦੀ ਪ੍ਰਾਪਤੀ ਦਾ ਲੇਖ ਲਿਖਵਾਇਆ ਹੈ, ਪਰਮਾਤਮਾ ਨੇ ਉਸ ਨੂੰ ਇਸ ਖ਼ਜ਼ਾਨੇ ਵਿਚ ਰਲਾ ਲਿਆ ਹੈ।

ਗਉੜੀ ਗੁਆਰੇਰੀ ਮਹਲਾ ੫॥

***ਹਮ ਧਨਵੰਤ ਭਾਗਠ ਸਚ ਨਾਇ॥***
***ਹਰਿ ਗੁਣ ਗਾਵਹ ਸਹਜਿ ਸੁਭਾਇ॥੧॥ਰਹਾਉ॥***
***ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ॥***
***ਤਾ ਮੇਰੈ ਮਨਿ ਭਇਆ ਨਿਧਾਨਾ॥੧॥***
***ਰਤਨ ਲਾਲ ਜਾ ਕਾ ਕਛੂ ਨ ਮੋਲੁ॥***
***ਭਰੇ ਭੰਡਾਰ ਅਖੂਟ ਅਤੋਲ॥੨॥***
***ਖਾਵਹਿ ਖਰਚਹਿ ਰਲਿ ਮਿਲਿ ਭਾਈ॥***
***ਤੋਟਿ ਨ ਆਵੈ ਵਧਦੋ ਜਾਈ॥੩॥***
***ਕਹੁ ਨਾਨਕ ਜਿਸੁ ਮਸਤਕਿ ਲੇਖੁ ਲਿਖਾਇ॥***

***ਸੁ ਏਤੁ ਖਜਾਨੈ ਲਇਆ ਰਲਾਇ॥੪॥***

(ਅੰਗ ੧੮੫-੮੬)

## ਨਾਮ ਰਤਨ :

***ਹੀਰਾ ਨਾਮੁ ਜਵੇਹਰ ਲਾਲੁ॥***
***ਮਨੁ ਮੋਤੀ ਹੈ ਤਿਸ ਕਾ ਮਾਲੁ॥***
***ਨਾਨਕ ਪਰਖੈ ਨਦਰਿ ਨਿਹਾਲੁ॥***

(ਅੰਗ ੪੧੪)

***ਮੇਰੈ ਹੀਅਰੈ ਰਤਨੁ ਨਾਮੁ ਹਰਿ ਬਸਿਆ ਗੁਰਿ ਹਾਥੁ ਧਰਿਓ ਮੇਰੈ ਮਾਥਾ॥***
***ਜਨਮ ਜਨਮ ਕੇ ਕਿਲਬਿਖ ਦੁਖ ਉਤਰੇ ਗੁਰਿ ਨਾਮੁ ਦੀਓ ਰਿਨੁ ਲਾਥਾ॥੧॥***

(ਅੰਗ ੬੯੬)

***ਰਤਨ ਪਦਾਰਥ ਹਰਿ ਨਾਮੁ ਤੁਮਾਰਾ ਜੀਉ॥***
***ਤੂੰ ਸਚਾ ਸਾਹੁ ਭਗਤੁ ਵਣਜਾਰਾ ਜੀਉ॥***
***ਹਰਿ ਧਨੁ ਰਾਸਿ ਸਚੁ ਵਾਪਾਰਾ ਜੀਉ॥***

(ਗਉੜੀ ਮਾਝ ਮਹਲਾ ੫, ਅੰਗ ੨੧੭)

## ਸਾਖੀ—ਭਗਤ ਕਬੀਰ ਜੀ ਪਾਸੋਂ ਸੋਨੇ ਬਦਲੇ ਨਾਮ ਰਤਨ ਦੀ ਮੰਗ

ਅਕਾਲ ਪੁਰਖ ਵਾਹਿਗੁਰੂ ਜੀ ਦਾ ਨਾਮ ਭੀ ਇਕ ਰਤਨ ਹੈ। ਇਹ ਅਜਿਹਾ ਰਤਨ ਹੈ ਜਿਸਦਾ ਕੋਈ ਮੁੱਲ ਨਹੀਂ ਪੈ ਸਕਦਾ। ਭਗਤ ਕਬੀਰ ਜੀ ਦੇ ਪਾਸ ਇਕ ਵਾਰ ਇਕ ਰਾਜਾ ਭਗਤ ਜੀ ਦੀ ਮਹਿਮਾ ਦੇਖ ਕੇ ਕਿ ਨਾਮ ਕਰਕੇ ਇਹਦਾ ਮੇਰੇ ਨਾਲੋਂ ਭੀ ਵੱਧ ਸ਼ਹਿਰ ਵਿਚ ਪ੍ਰਤਾਪ ਹੋ ਰਿਹਾ ਹੈ, ਇਹ ਗ਼ਰੀਬ ਹੈ, ਸੋਨੇ ਦੀਆਂ ਮੋਹਰਾਂ ਦੇ ਕੇ ਮੈਂ ਭੀ ਇਸ ਪਾਸੋਂ ਨਾਮ ਨੂੰ ਕਿਉਂ ਨਾ ਮੁੱਲ ਪ੍ਰਾਪਤ ਕਰ ਲਵਾਂ, ਮੋਹਰਾਂ ਦਾ ਥਾਲ ਭਰ ਕੇ ਭਗਤ ਜੀ ਦੇ ਪਾਸ ਆਇਆ। ਕਹਿਣ ਲੱਗਿਆ ਜੀ ਮੋਹਰਾਂ ਲਵੋ ਅਤੇ ਮੈਨੂੰ ਨਾਮ ਦੇ ਦੇਵੋ। ਭਗਤ ਜੀ ਕਹਿੰਦੇ ਹਨ, ਰਾਜਨ ! ਇਹ ਸੋਨੇ ਵੱਟੇ ਪ੍ਰਮੇਸ਼ਰ ਦਾ ਨਾਮ ਨਹੀਂ ਮਿਲਦਾ। ਰਾਜਾ ਕਹਿੰਦਾ ਹੈ, ਤੁਸੀਂ ਕਿਸ ਤਰ੍ਹਾਂ ਲਇਆ ਸੀ ? ਤਾਂ ਭਗਤ ਜੀ ਨੇ ਪਵਿੱਤਰ ਬਚਨ ਉਚਾਰੇ ਜੋ ਗਉੜੀ ਰਾਗ ਵਿਚ ਅੰਕਿਤ ਹਨ :

***ਕੰਚਨ ਸਿਉ ਪਾਈਐ ਨਹੀ ਤੋਲਿ॥ਮਨੁ ਦੇ ਰਾਮੁ ਲੀਆ ਹੈ ਮੋਲਿ॥***

(ਅੰਗ ੩੨੭)

***ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ॥***
***ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ॥***

(ਅੰਗ ੨੬੫)

***ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥***

(ਅੰਗ ੮੧)

***ਨਾਮ ਤੁਲਿ ਕਛੁ ਅਵਰੁ ਨ ਹੋਇ॥***
***ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ॥***

(ਅੰਗ ੨੬੫)

ਵਾਹਿਗੁਰੂ ਜੀ ਦੇ ਨਾਮ ਦੇ ਬਰਾਬਰ ਕੁਝ ਨਹੀਂ ਪੁੱਜ ਸਕਦਾ।

## ਸਾਖੀ—ਜਨਕ ਰਾਜਾ ਜੀ ਦੀ

***ਧੰਨ ਧੰਨ ਰਾਜਾ ਜਨਕ ਹੈ ਜਿਨ ਸਿਮਰਨ ਕੀਓ ਬਿਬੇਕ॥***
***ਏਕ ਘੜੀ ਕੇ ਸਿਮਰਨੇ ਪਾਪੀ ਤਰੇ ਅਨੇਕ॥***

ਇਕ ਵਾਰ ਜਨਕ ਰਾਜਾ ਜੀ ਦੇਵ ਲੋਕ ਨੂੰ ਚੱਲੇ ਸਨ ਅਤੇ ਨਾਲ ਗਣ ਗੰਧਰਭ ਭੀ ਸਨ। ਜਿਸ ਵੇਲੇ ਜਮਪੁਰੀ ਦੇ ਕੋਲ ਦੀ ਲੰਘਣ ਲੱਗੇ ਤਾਂ ਨਰਕ ਵਾਸੀਆਂ ਦੀ ਪੁਕਾਰ ਸੁਣ ਕੇ ਤਰਸ ਆ ਗਿਆ। ਧਰਮ ਰਾਜ ਪਾਸ ਗਏ। ਧਰਮ ਰਾਜ ਨੇ ਸਤਿਕਾਰ ਕੀਤਾ। ਧਰਮ ਰਾਜ ਨੂੰ ਹੁਕਮ ਕੀਤਾ ਕਿ ਇਨ੍ਹਾਂ ਨਰਕੀ ਜੀਵਾਂ ਨੂੰ ਮੁਕਤ ਕਰ ਦਿਉ। ਧਰਮ ਰਾਜ ਨੇ ਬੇਨਤੀ ਕੀਤੀ, ਜੀ ਮੈਨੂੰ ਪ੍ਰਮੇਸ਼ਰ ਦਾ ਹੁਕਮ ਹੈ। ਮੈਂ ਉਸ ਦਾ ਨੌਕਰ ਹਾਂ, ਇਸ ਤਰ੍ਹਾਂ ਮੁਕਤ ਨਹੀਂ ਕਰ ਸਕਦਾ। ਇਹਨਾਂ ਦੇ ਪਾਪਾਂ ਦੇ ਵੱਟੇ ਕੁਝ ਦਿਉ। ਤਾਂ ਜਨਕ ਰਾਜਾ ਜੀ ਨੇ ਇਕ ਘੜੀ ਦੇ ਸਿਮਰਨ ਦਾ ਮਹਾਤਮ ਇਕ ਛਾਬੜੇ ਵਿਚ ਪਾ ਕੇ ਸਾਰੇ ਨਰਕ ਖ਼ਾਲੀ ਕਰਾ ਦਿੱਤੇ ਸਨ। ਪਾਪ ਇਕ ਘੜੀ ਦੇ ਮਹਾਤਮ ਸਦਰਸ (ਬਰਾਬਰ) ਨਹੀਂ ਪੁੱਜ ਸਕੇ ਅਤੇ ਧਰਮ ਰਾਜੇ ਨੂੰ ਸਾਰੇ ਨਰਕ ਜੀਵ ਮੁਕਤ ਕਰਨੇ ਪਏ। ਭਾਈ ਗੁਰਦਾਸ ਜੀ ਦਾ ਕਥਨ ਹੈ :

***ਭਗਤੁ ਵਡਾ ਰਾਜਾ ਜਨਕੁ ਹੈ ਗੁਰਮੁਖ ਮਾਇਆ ਵਿਚਿ ਉਦਾਸੀ।***
***ਦੇਵ ਲੋਕ ਨੋ ਚਲਿਆ ਗਣ ਗੰਧਰਬੁ ਸਭਾ ਸੁਖਵਾਸੀ।***
***ਜਮਪੁਰਿ ਗਇਆ ਪੁਕਾਰ ਸੁਣਿ ਵਿਲਲਾਵਨਿ ਜੀਅ ਨਰਕ ਨਿਵਾਸੀ।***
***ਧਰਮਰਾਇ ਨੋ ਆਖਿਓਨੁ ਸਭਨਾ ਦੀ ਕਰਿ ਬੰਦ ਖਲਾਸੀ।***
***ਕਰੇ ਬੇਨਤੀ ਧਰਮਰਾਇ ਹਉ ਸੇਵਕੁ ਠਾਕੁਰੁ ਅਬਿਨਾਸੀ।***
***ਗਹਿਣੇ ਧਰਿਓਨੁ ਇਕੁ ਨਾਉ ਪਾਪਾ ਨਾਲ ਕਰੈ ਨਿਰਜਾਸੀ।***
***ਪਾਸੰਗਿ ਪਾਪੁ ਨ ਪੁਜਨੀ ਗੁਰਮੁਖਿ ਨਾਉ ਅਤੁਲ ਨ ਤੁਲਾਸੀ।***
***ਨਰਕਹੁ ਛੁਟੇ ਜੀਅ ਜੰਤ ਕਟੀ ਗਲਹੁੰ ਸਿਲਕ ਜਮ ਫਾਸੀ।***
***ਮੁਕਤਿ ਜੁਗਤਿ ਨਾਵੈ ਦੀ ਦਾਸੀ॥੫॥***

(ਵਾਰ ੧੦, ਪਉੜੀ ੫, ਭਾਈ ਗੁਰਦਾਸ ਜੀ)

ਇਸ ਲਈ ਜਿਹੜਾ ਨਾਮ ਨਰਕਾਂ ਵਿਚੋਂ ਛੁਡਾ ਦੇਣ ਵਾਲਾ ਹੈ :

***ਰਤਨੁ ਜਵੇਹਰੁ ਲਾਲੁ ਹਰਿ ਨਾਮਾ ਗੁਰਿ ਕਾਢਿ ਤਲੀ ਦਿਖਲਾਇਆ॥***
***ਭਾਗਹੀਣ ਮਨਮੁਖਿ ਨਹੀ ਲੀਆ ਤ੍ਰਿਣ ਓਲੈ ਲਾਖੁ ਛਪਾਇਆ॥***

(ਅੰਗ ੮੮੦)

## ਗੁਰੂ ਅਮਰਦਾਸ ਜੀ ਵਲੋਂ ਨਾਮ ਰਤਨ ਦੀ ਮਹਿਮਾ :

***ਭਾਗੋ ਲਾਲੂ ਲਾਲ ਦੋਇ ਲੀਏ। ਸਤਿਗੁਰੂ ਪਹਿ ਜਾਏ ਆਗੇ ਧਰ ਦੀਏ।***
***ਤਬ ਦਇਆਲ ਲਾਲੂ ਸੋ ਭਾਖਾ। ਮੈ ਨਾਮ ਰਤਨ ਤੋਹਿ ਹਿਰਦੇ ਰਾਖਾ॥੪੨॥***
***ਨਹੀ ਸੰਤਨ ਕੇ ਇਨ ਕਾ ਬਿਵਹਾਰ। ਇਨਕੋ ਦੇਹੁ ਨਦੀ ਸੋ ਡਾਰ।***
***ਸੁਨ ਬਚਨ ਦਇਆਲ ਮਨ ਕੀਆ ਬਿਚਾਰ॥ਨਦੀ ਮਹਿ ਦੀਨੇ ਬਹਿ ਡਾਰ॥***

(ਮਹਿਮਾ ਪ੍ਰਕਾਸ਼)

ਸ੍ਰੀ ਗੁਰੂ ਅਮਰਦਾਸ ਜੀ ਨੇ ਉਪਰੋਕਤ ਰਚਨਾ ਰਾਹੀਂ ਡੱਲੇ ਨਿਵਾਸੀ ਭਾਈ ਲਾਲੋ ਜੀ ਨੂੰ ਨਾਮ ਰਤਨ ਦੀ ਮਹਿਮਾ ਦੱਸੀ ਹੈ।

## ਸਾਖੀ—ਰਤਨ ਦੀ ਦਰਸ਼ਨ ਭੇਟਾ

ਇਕ ਦਿਨ ਭਾਈ ਮਰਦਾਨਾ ਬਾਬਾ ਜੀ ਨੂੰ ਕਹਿੰਦਾ ਹੈ ਕਿ ਜੀ ਰਾਹ-ਕੁਰਾਹ ਲਈ ਫਿਰਦੇ ਹੋ। ਮੈਥੋਂ ਭੁੱਖ ਦੇ ਮਾਰੇ ਤੁਰਿਆ ਨਹੀਂ ਜਾਂਦਾ। ਸਤਿਗੁਰੂ ਜੀ ਕਹਿੰਦੇ ਹਨ, ਮਰਦਾਨਿਆ, ਪਟਨਾ ਸ਼ਹਿਰ ਨੇੜੇ ਹੈ। ਉਥੇ ਚੱਲ ਕੇ ਕੁਝ ਛੱਕ ਲਵੀਂ। ਮਰਦਾਨਾ ਕਹਿੰਦਾ ਹੈ ਕਿ ਕਿਹੜਾ ਕੁਝ ਪੱਲੇ ਖਰਚ ਬੰਨ੍ਹਿਆ ਹੈ ਜਿਹੜਾ ਸ਼ਹਿਰ ਵਿਚ ਦੇ ਕੇ ਕੁਝ ਖਾ ਲਵਾਂਗਾ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ, ਮਰਦਾਨਿਆ, ਫਕੀਰੀ ਸਬੂਰੀ ਹੈ। ਜੇ ਤੂੰ ਪੱਲੇ ਬੰਨ੍ਹਣਾ ਚਾਹੁੰਦਾ ਹੈਂ ਤਾਂ ਕਰਤਾਰ ਤੇਰੀ ਇੱਛਾ ਪੂਰੀ ਕਰੇਗਾ। ਥੋੜ੍ਹੀ ਦੇਰ ਬਾਅਦ ਤੁਰੇ ਜਾਂਦਿਆਂ ਨੂੰ ਰੇਤੇ ਵਿਚ ਰਤਨ ਪਿਆ ਲੱਭਿਆ। ਚਮਕਦਾ ਦੇਖ ਮਰਦਾਨਾ ਕੋਲ ਖੜ੍ਹ ਗਿਆ। ਬਾਬੇ ਆਖਿਆ, ਕਰਤਾਰ ਨੇ ਪੱਲੇ ਬੰਨ੍ਹਣ ਲਈ ਰਤਨ ਦਿੱਤਾ ਹੈ, ਪੱਲੇ ਬੰਨ੍ਹ ਲੈ।

ਇਸ ਤਰ੍ਹਾਂ ਕੌਤਕ ਕਰਦੇ ਸਤਿਗੁਰੂ ਜੀ ਤੁਰੇ ਜਾ ਰਹੇ ਹਨ। ਮਰਦਾਨਾ ਪੁੱਛਣ ਲੱਗਾ, ਸਤਿਗੁਰੂ ਜੀ ! ਸੰਤ ਲੋਕ, ਧਾਰਮਿਕ ਗ੍ਰੰਥ ਅਤੇ ਆਪ ਜੀ ਪਾਸੋਂ ਭੀ ਕਈ ਵਾਰੀ ਸੁਣਿਆ ਹੈ ਕਿ ਮਨੁੱਖ ਜਨਮ ਭੀ ਅਮੋਲਕ ਰਤਨ ਹੈ। ਜੇ ਇਹ ਸੱਚ ਹੈ ਤਾਂ ਵਿਸ਼ੇ-ਵਿਕਾਰਾਂ ਵਿਚ ਵਿਅਰਥ ਕਿਉਂ ਬਰਬਾਦ ਕਰ ਰਹੇ ਹਨ। ਭਜਨ-ਸਿਮਰਨ ਕਰਕੇ ਸਫ਼ਲਾ ਕਰਨਾ ਚਾਹੀਦਾ ਹੈ। ਸਤਿਗੁਰੂ ਜੀ ਨੇ ਆਖਿਆ ਮਰਦਾਨਿਆ। ਮਨੁੱਖ ਜਨਮ ਤਾਂ ਅਮੋਲਕ ਰਤਨ ਹੀ ਹੈ, ਪਰ ਕਦਰ ਨਹੀਂ, ਸਮਝ ਤੋਂ ਬਿਨਾਂ ਇਸ ਗੱਲ ਨੂੰ ਸਮਝਣ ਲਈ ਤੂੰ ਪਰੀਖਿਆ ਕਰ ਕੇ ਵੇਖ ਲੈ, ਤੇਰੇ ਪਾਸ ਰਤਨ ਹੈ। ਮਰਦਾਨਾ ਸ਼ਹਿਰ ਵਿਚ ਰਤਨ ਲੈ ਕੇ ਚਲਾ ਗਿਆ। ਇਕ ਸਬਜ਼ੀ ਦੀ ਦੁਕਾਨ 'ਤੇ ਗਿਆ ਤਾਂ ਉਸਨੇ ਦੋ ਮੂਲੀਆਂ ਭੀ ਨਾ ਦਿੱਤੀਆਂ। ਹਲਵਾਈ ਨੇ ਅੱਧ ਸੇਰ ਮਠਿਆਈ

ਦੇਣੀ ਕਹੀ। ਕੱਪੜੇ ਦੀ ਦੁਕਾਨ 'ਤੇ ਦੋ ਗਜ਼ ਕੱਪੜਾ ਕੀਮਤ ਪਾਈ ਭਾਈ ਮਰਦਾਨਾ ਜੀ ਬਹੁਤ ਦੁਕਾਨਾਂ 'ਤੇ ਗਏ, ਪਰ ਕਿਸੇ ਨੇ ਵੀ ਅਸਲ ਕੀਮਤ ਨਹੀਂ ਪਾਈ। ਜਦ ਫਿਰਦਾ-ਫਿਰਦਾ ਜੌਹਰੀ ਸਾਲਸਰਾਇ ਪਾਸ ਗਿਆ। ਉਸਨੂੰ ਰਤਨ ਵਿਖਾਇਆ ਤਾਂ ਉਸਨੇ ਕਿਹਾ, ਇਸ ਰਤਨ ਦੀ ਕੀਮਤ ਕਰੋੜ ਰੁਪਏ ਕਹਿਣਾ ਵੀ ਥੋੜ੍ਹੀ ਹੈ। ਉਸ ਜੌਹਰੀ ਨੇ ੧੦੦ ਰੁਪਏ ਭਾਈ ਮਰਦਾਨਾ ਜੀ ਨੂੰ ਰਤਨ ਦੀ ਦਰਸ਼ਨ ਭੇਟਾ ਦਿੱਤੀ। ਜਦ ਮਰਦਾਨੇ ਨੇ ਸਤਿਗੁਰੂ ਜੀ ਪਾਸ ਆ ਕੇ ਸਾਰੀ ਕਥਾ ਸੁਣਾਈ ਤਾਂ ਹਜ਼ੂਰ ਨੇ ਕਿਹਾ ਤੇਰੀ ਤਸੱਲੀ ਹੋ ਗਈ। ਇਸੇ ਪ੍ਰਕਾਰ ਮਨੁੱਖ ਜਨਮ ਭੀ ਅਮੋਲਕ ਰਤਨ ਹੈ। ਕੋਈ ਕਦਰਦਾਨ ਹੀ ਇਸਦੀ ਕਦਰ ਕਰਦਾ ਹੈ। ਪਾਤਸ਼ਾਹ ਕਹਿੰਦੇ ਹਨ ਕਿ ਉਸਦਾ ੧੦੦ ਰੁਪਏ ਵਾਪਸ ਕਰ ਕੇ ਆ। ਜੇਕਰ ਵੇਚੀਏ ਤਾਂ ਰੱਖੀਏ, ਬਿਨਾਂ ਵੇਚੇ ਮਾਇਆ ਰੱਖਣੀ ਯੋਗ ਨਹੀਂ। ਮਰਦਾਨਾ ਮੋੜਨ ਗਿਆ ਤਾਂ ਜੌਹਰੀ ਮਾਇਆ ਵਾਪਸ ਨਹੀਂ ਲੈਂਦਾ। ਕਹਿੰਦਾ ਹੈ ਕਿ ਰਤਨ ਦੀ ਦਰਸ਼ਨ ਭੇਟਾ ਦਿੱਤੀ ਵਾਪਸ ਨਹੀਂ ਲੈਣੀ। ਆਖ਼ਰ ਜੌਹਰੀ ਦੇ ਮਨ ਵਿਚ ਸ਼ਰਧਾ ਆਈ ਕਿ ਜਿਹੜੇ ਇਹ ਮਾਇਆ ਵਾਪਸ ਕਰਦੇ ਹਨ, ਕੋਈ ਤਿਆਗੀ ਮਹਾਂਪੁਰਖ ਹਨ, ਦਰਸ਼ਨ ਕਰਨੇ ਚਾਹੀਦੇ ਹਨ। ਆਪਣੇ ਨੌਕਰ ਅੱਧਰੱਕੇ ਅਰੋੜੇ ਨੂੰ ਮਿਠਾਈ ਚੁਕਾ ਕੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਇਆ ਅਤੇ ਦਰਸ਼ਨ ਕਰਕੇ ਨਿਹਾਲ ਹੋਇਆ। ਸਤਿਗੁਰੂ ਜੀ ਨੇ ਸਾਲਸਰਾਇ ਨੂੰ ਉਪਦੇਸ਼ ਦਿੱਤਾ। ਸਾਲਸਰਾਇ, ਜਿਹੜਾ ਅਸਲ ਆਪਣਾ ਜੀਵਨ ਰੂਪੀ ਰਤਨ ਹੈ, ਉਹ ਭੀ ਪਛਾਣ ਤੇ ਉਸਨੂੰ ਇਥੇ ਵਿਕਾਰਾਂ ਵਿਚ ਅਜਾਈਂ ਨਾ ਗਵਾ।

*ਲਾਲੋਂ ਲਾਲ ਉਪਾਇਆ, ਲਾਲੋਂ ਲਾਲ ਦਿਸੰਨ।*
*ਜਿਨਕੇ ਲਾਲੀ ਨੈਨ ਮਹਿ, ਦੂਜਾ ਨਾ ਜਾਣੰਨ।*
*ਸੁਣ ਸਾਲਸ ਤੂੰ ਜੌਹਰੀ, ਆਪਣਾ ਲਾਲ ਪਛਾਣ।*
*ਕੂੜੇ ਲਾਲਚ ਨ ਗੰਢ ਬੰਨ, ਲੈਸੀ ਰੱਬ ਸਿਵਾਣ।*
*ਕਿੰਕਰ ਪੱਥਰ ਮੇਲ ਕੇ ਮਾਉ ਸਦਾਇਉ ਸਾਹ।*
*ਨਾਨਕ ਸਤਿਗੁਰ ਜੇ ਮਿਲੇ ਤਾ ਕਉ ਬੁਝੇ ਰਾਹ।*

(ਤਵਾਰੀਖ਼ ਗੁਰੂ ਖ਼ਾਲਸਾ)

ਇਹ ਸਤਿਗੁਰੂ ਜੀ ਦੇ ਬਚਨ ਸੁਣ ਕੇ ਉਸਨੂੰ ਆਪਣੇ ਜੀਵਨ ਦੀ ਸਮਝ ਪਈ। ਸਤਿਗੁਰੂ ਜੀ ਨੂੰ ਬੇਨਤੀ ਕਰਕੇ ਆਪਣੀ ਧਰਮਸਾਲਾ ਵਿਚ ਲੈ ਗਿਆ ਤੇ ਭੋਜਨ ਛਕਾਵਣ ਲਈ ਪੁੱਛਣ ਲੱਗਿਆ। ਗੁਰੂ ਜੀ ! ਮਠਿਆਈ, ਕਚੌਰੀ, ਪੂਰੀਆਂ ਜੋ ਹੁਕਮ ਹੋਵੇ, ਤਿਆਰ ਕਰੀਏ ਅਤੇ ਕੁਝ ਹੋਰ ਸੇਵਾ ਬਖ਼ਸ਼ੋ। ਬਸਤਰ ਜੋੜੇ ਆਦਿਕ ਤਿਆਰ ਕਰਵਾ ਦਿਆਂ, ਤਾਂ ਸਤਿਗੁਰੂ ਜੀ ਨੇ ਬਚਨ ਕਹੇ :

*ਹੈ ਪ੍ਰੀਤੀ ਪਕਵਾਨ ਤੁਮਾਰਾ ਲੂਚੀ ਲੋਚਾ ਪੂਰੀ।*
*ਰਤਨਾ ਹਰ ਰਸ ਰਸੀ ਮਿਠਾਈ ਛਕ ਮਨ ਰਹੇ ਹਜੂਰੀ।*
*ਮੇਵਾ ਮਿਲਨ ਤੁਮਾਰਾ ਕਹੀਏ, ਸੱਚ ਕੇ ਬਾਗੇ ਜੋੜੇ।*

***ਨਾਨਕ ਖਾਇ ਖਾਇ ਪਹਿਨ ਅਘਾਇ ਬਿਖਿਆ ਤੇ ਮਨ ਮੋੜੇ।***

(ਤਵਾਰੀਖ਼ ਗੁਰੂ ਖ਼ਾਲਸਾ)

ਪਰ ਮਰਦਾਨੇ ਦੀ ਤੀਬਰ ਇੱਛਾ ਦੇਖ ਕੇ ਹਜ਼ੂਰ ਨੇ ਉਸ ਦਾ ਭੋਜਨ ਪ੍ਰਵਾਨ ਕੀਤਾ। ਕਾਫ਼ੀ ਸਮਾਂ ਰਹਿ ਕੇ ਸਤਿਗੁਰੂ ਜੀ ਨੇ ਉਪਦੇਸ਼ ਦੇ ਕੇ ਸੰਗਤਾਂ ਨੂੰ ਤਾਰਿਆ। ਇਸੇ ਸਾਲਸਰਾਇ ਦੀ ਔਲਾਦ ਵਿਚੋਂ ਫਤਹਿ ਚੰਦ ਮੈਣੀ ਖੱਤਰੀ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਸੇਵਕ ਹੋਏ ਹਨ। ਇਸ ਤਰ੍ਹਾਂ ਸਤਿਗੁਰੂ ਜੀ ਦੀ ਸੰਗਤ ਕਰਕੇ ਸਾਲਸਰਾਇ ਨੇ ਆਪਣੇ ਮੁਨੱਖਾ ਜਨਮ ਰੂਪੀ ਰਤਨ ਨੂੰ ਸਫ਼ਲਾ ਕੀਤਾ। ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਵੀ ਅੰਮ੍ਰਿਤ ਰੂਪ ਬਚਨ ਹਨ ਕਿ ਮੈਂ ਸ਼ਬਦ ਰੂਪੀ ਰਤਨ ਖ਼ਜ਼ਾਨੇ ਨੂੰ ਪਾ ਕੇ ਧਨਾਢ ਹੋ ਗਿਆ ਹਾਂ। ਸੰਸਾਰ ਦੇ ਅੰਦਰ ਅਮੀਰੀ ਅਤੇ ਗ਼ਰੀਬੀ ਦਾ ਹਰ ਮਨੁੱਖ ਦਾ ਇਸ ਗੱਲ ਤੋਂ ਪਤਾ ਲੱਗ ਜਾਂਦਾ ਹੈ ਕਿ ਇਸ ਕੋਲ ਕਿੰਨੇ ਕੁ ਰਤਨ ਅਤੇ ਕਿੰਨਾ ਕੁ ਸਰਮਾਇਆ ਹੈ। ਪਰ ਗੁਰ ਸੰਗਤ ਜੀ ! ਸੰਸਾਰਕ ਰਤਨ ਦੀ ਕੀਮਤ ਪੈ ਜਾਂਦੀ ਹੈ ਪਰ ਜਿਹੜਾ ਸ਼ਬਦ ਰੂਪ ਰਤਨੁ ਗੁਰੂ ਅਰਜਨ ਦੇਵ ਜੀ ਨੇ ਪ੍ਰਾਪਤ ਕੀਤਾ, ਉਸ ਦੀ ਕੀਮਤ ਨਹੀਂ ਪੈ ਸਕਦੀ। ਅਸਲ ਵਿਚ ਅਮੀਰ ਉਹ ਹੈ, ਜਿਸ ਕੋਲ ਨਾਮ ਧਨ ਹੈ, ਬਾਕੀ ਤਾਂ ਸੰਸਾਰੀ ਧਨ ਕਿੰਨਾ ਭੀ ਹੋਵੇ, ਰੱਜ ਨਹੀਂ ਆਉਂਦਾ।

## ਸਾਖੀ—ਸ਼ਾਹੂਕਾਰ ਦੀ

ਜਿਸ ਤਰ੍ਹਾਂ ਇਕ ਸ਼ਾਹੂਕਾਰ ਨੇ ਬਹੁਤ ਧਨ ਇਕੱਠਾ ਕੀਤਾ ਸੀ ਅਤੇ ਇਕ ਦਿਨ ਆਪਣੇ ਮੁਨੀਮ ਨੂੰ ਉਸ ਨੇ ਪੁੱਛਿਆ ਕਿ ਹਿਸਾਬ ਲੱਗਾ ਕੇ ਦੱਸ ਕਿ ਮੇਰੇ ਇਕੱਠੇ ਕੀਤੇ ਧਨ ਨਾਲ ਕਿੰਨੀਆਂ ਪੀੜ੍ਹੀਆਂ ਤੱਕ ਗੁਜ਼ਾਰਾ ਹੋ ਸਕਦਾ ਹੈ। ਅੱਗੋਂ ਮੁਨੀਮ ਨੇ ਹਿਸਾਬ ਲੱਗਾ ਕੇ ਦੱਸਿਆ ਕਿ ਸ਼ਾਹ ਜੀ ! ਦਸ ਪੀੜ੍ਹੀਆਂ ਤੱਕ ਇਹ ਧਨ ਨਹੀਂ ਮੁੱਕਦਾ। ਤਾਂ ਸੁਣ ਕੇ ਸ਼ਾਹੂਕਾਰ ਰੋ ਪਿਆ। ਮੁਨੀਮ ਨੇ ਕਿਹਾ ਜੀ ਤੁਸੀਂ ਰੋਂਦੇ ਕਿਉਂ ਹੋ ? ਸ਼ਾਹੂਕਾਰ ਨੇ ਕਿਹਾ, ਦਸ ਪੀੜ੍ਹੀਆਂ ਤੋਂ ਬਾਅਦ ਕੀ ਕਰਨਗੇ। ਸ਼ਾਹੂਕਾਰ ਕੋਲੋਂ ਸੁਣ ਕੇ ਮੁਨੀਮ ਹੈਰਾਨ ਹੋ ਗਿਆ, ਜੋ ਬੜਾ ਸਿਆਣਾ ਸੀ। ਇਸ ਦੀ ਸਿਆਣਪ ਨਾਲ ਇਤਨਾ ਧਨ ਇਕੱਠਾ ਹੋਇਆ ਸੀ। ਮੁਨੀਮ ਨੇ ਸੋਚਿਆ ਕਿ ਐਸੇ ਕੰਜੂਸ ਸ਼ਾਹੂਕਾਰ ਦੇ ਕੋਲ ਕੀ ਰਹਿਣਾ ਹੈ। ਸ਼ਾਹੂਕਾਰ ਨੇ ਸੋਚਿਆ ਕਿ ਜੇ ਮੁਨੀਮ ਚਲਿਆ ਗਿਆ ਤਾਂ ਅੱਗੋਂ ਹਿਸਾਬ-ਕਿਤਾਬ ਕੌਣ ਕਰੇਗਾ। ਸ਼ਾਹੂਕਾਰ ਮੁਨੀਮ ਨੂੰ ਕਹਿੰਦਾ ਹੈ ਕਿ ਤੂੰ ਮੇਰੇ ਪਾਸ ਕਿਸ ਢੰਗ ਨਾਲ ਰਹੇਂਗਾ ? ਤੈਨੂੰ ਕੀ ਚਾਹੀਦਾ ਹੈ ? ਤਨਖ਼ਾਹ ਵੱਧ ਦੇ ਦੇਵਾਂਗਾ। ਮੁਨੀਮ ਕਹਿੰਦਾ ਹੈ ਕਿ ਤਨਖ਼ਾਹ ਵੱਧ ਨਹੀਂ ਲੈਣੀ, ਤੂੰ ਸੇਰ ਆਟਾ ਰੋਜ਼ ਦਾ ਦਾਨ ਕਰ ਦਿਆ ਕਰ। ਸ਼ਾਹੂਕਾਰ ਨੇ ਇਸੇ ਤਰ੍ਹਾਂ ਕੀਤਾ। ਸ਼ਾਹੂਕਾਰ ਨੇ ਸੇਰ ਆਟਾ ਦਾਨ ਦੇਣ ਲਈ ਵੱਖਰਾ ਕੱਢ ਤਾਂ ਦਿੱਤਾ, ਪਰ ਦੇਣ ਨੂੰ ਜੀਅ ਨਾ ਕਰੇ। ਜਦ ਕੋਈ ਗ਼ਰੀਬ ਆਉਂਦਾ ਤਾਂ ਇਹ ਆਟੇ ਨੂੰ ਆਪਣੇ ਪਿੱਛੇ ਕਰ ਲਵੇ। ਆਖ਼ਰ ਸ਼ਾਮ ਨੂੰ ਇਕ ਗ਼ਰੀਬ ਨੂੰ ਮੁਨੀਮ ਫੜ ਕੇ ਲੈ ਆਇਆ ਜਿਸਦੇ ਬਸਤਰ ਫਟੇ ਹੋਏ ਸਨ। ਸ਼ਾਹੂਕਾਰ ਨੂੰ ਕਿਹਾ ਕਿ ਇਸਨੂੰ ਆਟਾ ਦਿਉ। ਸ਼ਾਹੂਕਾਰ ਨੇ ਅੱਗੇ ਆਟਾ ਕੀਤਾ ਤਾਂ ਉਹ ਗ਼ਰੀਬ ਕਹਿਣ ਲੱਗਾ ਕਿ ਜੀ ਮੇਰੇ ਕੋਲ ਅੱਜ ਦੇ ਦਿਨ ਦਾ ਆਟਾ ਹੈ। ਕੱਲ੍ਹ ਨਾ ਹੋਵੇਗਾ ਤਾਂ ਤੁਹਾਡੇ ਤੋਂ ਲੈ ਲਵਾਂਗਾ। ਹੁਣ ਸੋਚੀਏ ਕਿ ਗ਼ਰੀਬ ਇਨਸਾਨ

ਅਮੀਰ ਹੈ, ਜਾਂ ਸ਼ਾਹੂਕਾਰ ਅਮੀਰ ਹੈ।

***ਜਾ ਕੇ ਤ੍ਰਿਸਨਾ ਅਧਿਕ ਹੈ ਵਹੀ ਪਰਮ ਕੰਗਾਲ।***

(ਭਰਥਰੀ ਜੀ)

ਦੁਨਿਆਵੀ ਪਦਾਰਥਾਂ ਦੇ ਭਰੇ ਭੰਡਾਰ ਤੋਲੇ ਜਾ ਸਕਦੇ ਹਨ ਜੋ ਖਾਣ ਖ਼ਰਚਣ 'ਤੇ ਮੁੱਕ ਜਾਂਦੇ ਹਨ। ਪਰ ਨਾਮ ਬਾਣੀ ਦਾ ਖ਼ਜ਼ਾਨਾ ਅਖੁੱਟ ਤੇ ਅਮੁੱਕ ਹੈ। ਜਿਸਨੇ ਭਾਗਾਂ ਵਾਲਾ ਬਣਨਾ ਹੋਵੇ ਤਾਂ ਉਹ ਇਸ ਬਾਣੀ ਦੇ ਲੜ ਲੱਗੇ। ਪਰ ਲੱਗਦਾ ਓਹੀ ਹੈ, ਜਿਸਦੇ ਮਸਤਕ 'ਤੇ ਪਰਮਾਤਮਾ ਨੇ ਧੁਰ ਤੋਂ ਹੀ ਇਸ ਬਖ਼ਸ਼ਿਸ਼ ਦਾ ਲੇਖ ਲਿਖ ਕੇ ਪਾਇਆ ਹੈ।

## ਜੈਤਸਰੀ ਮਹਲਾ ੪ ਘਰੁ ੧ ਚਉਪਦੇ

## ੧ੴ ਸਤਿਗੁਰ ਪ੍ਰਸਾਦਿ ॥

**ਮੇਰੈ ਹੀਅਰੈ ਰਤਨੁ ਨਾਮੁ ਹਰਿ ਬਸਿਆ ਗੁਰਿ ਹਾਥੁ ਧਰਿਓ ਮੇਰੈ ਮਾਥਾ ॥ ਜਨਮ ਜਨਮ ਕੇ ਕਿਲਬਿਖ ਦੁਖ ਉਤਰੇ ਗੁਰਿ ਨਾਮੁ ਦੀਓ ਰਿਨੁ ਲਾਥਾ ॥ ੧ ॥ ਮੇਰੇ ਮਨ ਭਜੁ ਰਾਮ ਨਾਮੁ ਸਭਿ ਅਰਥਾ ॥ ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ਬਿਨੁ ਨਾਵੈ ਜੀਵਨੁ ਬਿਰਥਾ ॥ ਰਹਾਉ ॥ ਬਿਨੁ ਗੁਰ ਮੂੜ ਭਏ ਹੈ ਮਨਮੁਖ ਤੇ ਮੋਹ ਮਾਇਆ ਨਿਤ ਫਾਥਾ ॥ ਤਿਨ ਸਾਧੂ ਚਰਣ ਨ ਸੇਵੇ ਕਬਹੂ ਤਿਨ ਸਭੁ ਜਨਮੁ ਅਕਾਥਾ ॥ ੨ ॥ ਜਿਨ ਸਾਧੂ ਚਰਣ ਸਾਧ ਪਗ ਸੇਵੇ ਤਿਨ ਸਫਲਿਓ ਜਨਮੁ ਸਨਾਥਾ ॥ ਮੋ ਕਉ ਕੀਜੈ ਦਾਸੁ ਦਾਸ ਦਾਸਨ ਕੋ ਹਰਿ ਦਇਆ ਧਾਰਿ ਜਗੰਨਾਥਾ ॥ ੩ ॥ ਹਮ ਅੰਧੁਲੇ ਗਿਆਨਹੀਨ ਅਗਿਆਨੀ ਕਿਉ ਚਾਲਹ ਮਾਰਗਿ ਪੰਥਾ ॥ ਹਮ ਅੰਧੁਲੇ ਕਉ ਗੁਰ ਅੰਚਲੁ ਦੀਜੈ ਜਨ ਨਾਨਕ ਚਲਹ ਮਿਲੰਥਾ ॥ ੪ ॥ ੧ ॥**

(ਅੰਗ ੬੯੬)

## ਪਦ ਅਰਥ :

ਹੀਅਰੈ-ਹਿਰਦੇ ਵਿਚ। ਗੁਰਿ-ਗੁਰੂ ਨੇ। ਮੇਰੈ ਮਾਥਾ-ਮੇਰੇ ਮੱਥੇ ਉੱਤੇ। ਕਿਲਬਿਖ-ਪਾਪ। ਰਿਨੁ-ਕਰਜ਼ਾ। ਅਰਥਾ-ਪਦਾਰਥ। ਦ੍ਰਿੜਾਇਆ-ਪੱਕਾ ਕਰਾਇਆ ਹੈ। ਬਿਰਥਾ-ਬਿਅਰਥ, ਨਿਸਫਲ। ਮੂੜ-ਮੂਰਖ। ਫਾਥਾ-ਫਸੇ ਹੋਏ। ਸਨਾਥਾ-ਖਸਮ ਵਾਲਾ। ਜਗੰਨਾਥਾ-ਹੇ ਜਗਤ ਦੇ ਮਾਲਕ। ਕਿਉ ਚਾਲਹ-ਕਿਵੇਂ ਚਲੀਏ ? ਮਾਰਗਿ ਪੰਥਾ-(ਧਰਮ ਦੇ) ਰਸਤੇ ਉੱਤੇ। ਅੰਚਲੁ-ਪੱਲਾ। ਚਲਹ ਮਿਲੰਥਾ-ਮਿਲ ਕੇ ਚੱਲ ਸਕੀਏ।

**ਅਰਥ :**

(ਹੇ ਭਾਈ!) ਗੁਰੂ ਨੇ (ਜਿਸ ਸਮੇਂ) ਮੇਰੇ ਮੱਥੇ ਉੱਪਰ (ਮਿਹਰ ਭਰਿਆ) ਹੱਥ ਰੱਖਿਆ (ਤਾਂ) ਮੇਰੇ ਹਿਰਦੇ ਵਿਚ ਹਰੀ ਦਾ ਨਾਮ ਰਤਨ ਵੱਸ ਗਿਆ। ਗੁਰੂ ਨੇ (ਮੈਨੂੰ) ਨਾਮ ਦਿੱਤਾ (ਤਾਂ ਮੇਰੇ) ਜਨਮਾਂ ਜਨਮਾਂਤਰਾਂ ਦੇ ਪਾਪ ਤੇ ਦੁੱਖ ਦੂਰ ਹੋ ਗਏ। (ਪੂਰਬਲੇ ਜਨਮਾਂ ਦਾ) ਸਾਰਾ ਕਰਜ਼ਾ ਲਹਿ ਗਿਆ ਹੈ। ੧। ਹੇ ਮਨ! ਰਾਮ ਨਾਮ ਸਿਮਰ (ਜੋ) ਸਾਰੇ ਪਦਾਰਥ ਦੇਣ ਵਾਲਾ ਹੈ। ਪੂਰਨ ਗੁਰੂ ਨੇ (ਮੈਨੂੰ) ਹਰੀ ਨਾਮ ਦ੍ਰਿੜ੍ਹ ਕਰਾ ਦਿੱਤਾ ਹੈ, (ਅਤੇ ਨਾਲ ਗੁਰੂ ਨੇ ਇਹ ਦੱਸ ਦਿੱਤਾ ਹੈ ਕਿ ਨਾਮ ਸਿਮਰਨ ਤੋਂ ਬਿਨਾਂ (ਮਨੁੱਖਾ) ਜਨਮ ਵਿਅਰਥ (ਚਲਿਆ ਜਾਂਦਾ) ਹੈ। ਰਹਾਉ। (ਹੇ ਮੇਰੇ ਮਨ!) ਮਨਮੁਖ ਜੀਵ ਗੁਰੂ ਦੀ ਸਿੱਖਿਆ ਲਏ ਬਿਨਾਂ ਮੂੜ-ਮੂਰਖ ਹਨ, (ਕਿਉਂਕਿ) ਉਹ ਹਰ ਰੋਜ਼ ਮਾਇਆ ਦੇ ਮੋਹ ਵਿਚ ਫਸੇ ਰਹਿੰਦੇ ਹਨ। ਉਨ੍ਹਾਂ (ਮਨਮੁੱਖਾਂ) ਨੇ ਕਦੇ ਵੀ ਸਾਧੂ (ਸ੍ਰੇਸ਼ਟ ਗੁਰੂ) ਦੇ ਚਰਨ ਨਹੀਂ ਸੇਵੇ (ਭਾਵ ਸੇਵਾ ਸਿਮਰਨ ਤੋਂ ਵਾਂਝੇ ਹੋਣ ਕਰਕੇ) ਉਨ੍ਹਾਂ ਦਾ ਸਾਰਾ ਜਨਮ ਅਕਾਰਥ ਚਲਿਆ ਜਾਂਦਾ ਹੈ। ੨। (ਹੇ ਮੇਰੇ ਮਨ!) ਜਿਨ੍ਹਾਂ ਦੇ ਸਾਧੂ (ਸ੍ਰੇਸ਼ਟ ਗੁਰੂ) ਦੇ ਚਰਨਾਂ ਨੂੰ ਪਰਸਿਆ ਤੇ ਸਾਧੂ (ਗੁਰੂ) ਦੇ ਚਰਨਾਂ ਨੂੰ ਸੇਵਿਆ ਹੈ, ਉਨ੍ਹਾਂ ਦਾ ਜਨਮ ਸਫਲਾ ਹੈ, (ਕਿਉਂਕਿ ਉਹ ਪ੍ਰਭੂ ਖਸਮ (ਮਾਲਕ) ਦੇ ਸੇਵਕ ਹਨ)। ਹੇ ਜਗਤ ਦੇ ਮਾਲਕ ਹਰੀ! (ਮੇਰੇ ਉੱਤੇ) ਦਇਆ ਕਰਕੇ (ਮੈਨੂੰ ਜੋ) ਤੇਰੇ ਦਾਸ ਹਨ, ਉਨ੍ਹਾਂ ਦੇ ਦਾਸਾਂ ਦਾ ਦਾਸ ਬਣਾ ਲੈ।੩। (ਹੇ ਗੁਰਦੇਵ!) ਅਸੀਂ ਅੰਨ੍ਹੇ (ਆਤਮਾ) ਗਿਆਨ ਤੋਂ ਸੱਖਣੇ, ਸੂਝ-ਬੂਝ ਤੋਂ ਖ਼ਾਲੀ ਹਾਂ, ਕਿਸ ਤਰ੍ਹਾਂ (ਤੇਰੇ ਦਸੇ) ਰਸਤੇ ਉੱਤੇ ਚਲੀਏ?। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਹੇ ਗੁਰਦੇਵ! ਅਸਾਂ ਅੰਨ੍ਹਿਆਂ (ਭਾਵ ਅਗਿਆਨੀਆਂ) ਨੂੰ (ਆਪਣਾ ਉਪਦੇਸ਼ ਰੂਪੀ) ਪਲਾ ਫੜਾ ਦਿਉ (ਤਾਂ ਜੋ ਤੇਰੇ ਦਾਸਾਂ ਨਾਲ) ਮਿਲ ਕੇ (ਤੇਰੇ ਦਸੇ ਮਾਰਗ ਉੱਤੇ) ਚੱਲ ਸਕੀਏ। ੪। ੧।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧੦੮ (ਅੰਗ ੬੯੭-੯੮)

## ਜੈਤਸਰੀ ਮਹਲਾ ੪ ॥

ਜਿਨ ਹਰਿ ਹਿਰਦੈ ਨਾਮੁ ਨ ਬਸਿਓ ਤਿਨ ਮਾਤ ਕੀਜੈ ਹਰਿ ਬਾਂਝਾ ॥ ਤਿਨ ਸੁੰਞੀ ਦੇਹ ਫਿਰਹਿ ਬਿਨੁ ਨਾਵੈ ਓਇ ਖਪਿ ਖਪਿ ਮੁਏ ਕਰਾਂਝਾ ॥ ੧ ॥ ਮੇਰੇ ਮਨ ਜਪਿ ਰਾਮ ਨਾਮੁ ਹਰਿ ਮਾਝਾ ॥ ਹਰਿ ਹਰਿ ਕ੍ਰਿਪਾਲਿ ਕ੍ਰਿਪਾ ਪ੍ਰਭਿ ਧਾਰੀ ਗੁਰਿ ਗਿਆਨੁ ਦੀਓ ਮਨੁ ਸਮਝਾ ॥ ਰਹਾਉ ॥ ਹਰਿ ਕੀਰਤਿ ਕਲਜੁਗਿ ਪਦੁ ਊਤਮੁ ਹਰਿ ਪਾਈਐ ਸਤਿਗੁਰ ਮਾਝਾ ॥ ਹਉ ਬਲਿਹਾਰੀ ਸਤਿਗੁਰ ਅਪੁਨੇ ਜਿਨਿ ਗੁਪਤੁ ਨਾਮੁ ਪਰਗਾਝਾ ॥ ੨ ॥ ਦਰਸਨੁ ਸਾਧ ਮਿਲਿਓ ਵਡਭਾਗੀ ਸਭਿ ਕਿਲਬਿਖ ਗਏ ਗਵਾਝਾ ॥ ਸਤਿਗੁਰੁ ਸਾਹੁ ਪਾਇਆ ਵਡ ਦਾਣਾ ਹਰਿ ਕੀਏ ਬਹੁ ਗੁਣ ਸਾਝਾ ॥ ੩ ॥ ਜਿਨ ਕਉ ਕ੍ਰਿਪਾ ਕਰੀ ਜਗਜੀਵਨਿ ਹਰਿ ਉਰਿ ਧਾਰਿਓ ਮਨ ਮਾਝਾ ॥ ਧਰਮ ਰਾਇ ਦਰਿ ਕਾਗਦ ਫਾਰੇ ਜਨ ਨਾਨਕ ਲੇਖਾ ਸਮਝਾ ॥ ੪ ॥ ੫ ॥

# ਪ੍ਰਾਕ੍ਰਥਨ :-

ਇਹ ਪਾਵਨ ਸ਼ਬਦ ਸੋਢੀ ਸੁਲਤਾਨ ਸ੍ਰੀ ਗੁਰੂ ਰਾਮਦਾਸ ਜੀ ਦਾ ਜੈਤਸਰੀ ਰਾਗ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਦੇ ਆਰੰਭ ਵਿਚ ਹਜ਼ੂਰ ਨੇ ਹੀਣ ਦੀ ਮਾਤਾ ਨੂੰ ਲਾਹਨਤ ਪਾਈ ਹੈ ਅਤੇ ਨਾਮ ਤੋਂ ਵਾਂਝੇ ਸਰੀਰ ਨੂੰ ਸੁੰਨਾ 'ਤੇ ਡਰਾਉਣਾ ਦੁੱਖੀ ਹੁੰਦਾ ਕਥਨ ਕੀਤਾ ਹੈ।

## ਵਿਸ਼ਾ—ਹਰਿ ਕਾ ਨਾਮੁ ਨ ਜਪਸਿ ਗਵਾਰਾ

ਮਨੁੱਖਾ ਜਨਮ ਸਾਰੀਆਂ ਚਉਰਾਸੀ ਲੱਖ ਜੂਨਾਂ ਚੋਂ ਉੱਤਮ ਹੈ। ਕਿਉਂਕਿ ਇਸ ਜਨਮ ਵਿਚ ਚੇਤੰਨਤਾ ਅਤੇ ਬਿਬੇਕ ਬੁੱਧੀ ਹੋਣ ਦੇ ਕਾਰਨ ਬਾਕੀ ਜੂਨਾਂ ਨਾਲੋਂ ਇਸ ਨੂੰ ਉੱਤਮ ਦੱਸਿਆ ਹੈ। ਗੁਰਦੇਵ ਦਾ ਫ਼ੁਰਮਾਣ ਹੈ :

***ਲਖ ਚਉਰਾਸੀਹ ਜੋਨਿ ਸਬਾਈ ॥ ਮਾਣਸ ਕਉ ਪ੍ਰਭਿ ਦੀਈ ਵਡਿਆਈ ॥***

(ਅੰਗ ੧੦੭੫)

ਗੁਰਬਾਣੀ ਦੇ ਕਥਨ ਅਨੁਸਾਰ ਬਹੁਤ ਸਾਰੇ ਕਈ ਜਨਮ ਭਟਕ-ਭਟਕ ਕੇ ਆਖ਼ਰ ਇਹ ਮਨੁੱਖਾ ਦੇਹ ਮਿਲੀ ਹੈ। ਇਸ ਦੇਹੀ ਨੂੰ ਪਾ ਕੇ ਹੀ ਸਿਮਰਨ ਰਾਹੀਂ ਪ੍ਰਭੂ ਨੂੰ ਪਾਇਆ ਜਾ ਸਕਦਾ ਹੈ :

***ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥***
***ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥***

(ਅੰਗ ੬੩੧)

ਪਰ ਇਹ ਮਨੁੱਖ ਜਿਸ ਸਮੇਂ ਮਾਤਾ ਦੇ ਉਦਰ ਵਿਚ ਸੀ, ਉਸ ਦੁੱਖ ਦੇ ਕਾਲ ਵਿਚ ਇਸ ਦੀ ਸੁਰਤ ਪ੍ਰਭੂ ਚਰਨਾਂ ਵਿਚ ਜੁੜੀ ਹੋਈ ਸੀ। ਮਾਂ ਦੇ ਪੇਟ ਤੋਂ ਬਾਹਰ ਆਉਂਦਿਆਂ ਹੀ ਜਨਮ ਲੈਣ ਸਾਰ ਇਸ ਨੂੰ ਪ੍ਰਮਾਤਮਾ ਭੁੱਲ ਗਿਆ ਹੈ :

***ਗਰਭ ਛੋਡਿ ਮ੍ਰਿਤ ਮੰਡਲ ਆਇਆ ਤਉ ਨਰਹਰਿ ਮਨਹੁ ਬਿਸਾਰਿਆ ॥***

(ਅੰਗ ੯੩)

***ਅਥਵਾ : ਵਿਚਹੁ ਗਰਭੈ ਨਿਕਲਿ ਆਇਆ ॥ ਖਸਮੁ ਵਿਸਾਰਿ ਦੁਨੀ ਚਿਤੁ ਲਾਇਆ ॥***

(ਅੰਗ ੧੦੦੭)

ਜਨਮ ਕਾਲ ਤੋਂ ਪਿੱਛੋਂ ਬਚਪਨ ਵਿਚ ਬਹੁਤਾ ਜੀਵਨ ਬੱਚੇ ਦਾ ਮਾਂ ਦੀ ਗੋਦ ਵਿਚ ਹੀ ਬਤੀਤ ਹੁੰਦਾ ਹੈ। ਸਭ ਤੋਂ ਪਹਿਲਾਂ ਬੱਚੇ ਨੂੰ ਸੰਸਾਰ ਦੇ ਅੰਦਰ ਸੰਸਾਰਿਕ ਜੀਆਂ ਦੀ ਪਛਾਣ ਵਿਚੋਂ ਬੱਚਾ ਮਾਂ ਦੀ ਪਛਾਣ ਪਹਿਲਾਂ ਕਰਦਾ ਹੈ। ਜਾਂ ਇਸ ਤਰ੍ਹਾਂ ਕਹਿ ਲਵੋ ਕਿ ਜਨਮ ਲੈਣ ਤੋਂ ਬਾਆਦ ਬੱਚੇ ਨੂੰ ਮਾਂ ਦੇ ਦੁੱਧ ਦੀ ਸਮਝ ਪਹਿਲਾਂ ਹੁੰਦੀ ਹੈ। ਉਸ ਉਪਰੰਤ ਮਾਂ ਦੀ, ਫੇਰ ਬਾਪ ਦੀ ਪਛਾਣ ਬੱਚਾ ਕਰਦਾ ਹੈ। ਗੁਰਦੇਵ ਦਾ

ਸੁੰਦਰ ਫ਼ੁਰਮਾਨ ਹੈ:

***ਪਹਿਲੈ ਪਿਆਰਿ ਲਗਾ ਥਣ ਦੁਧਿ॥***
***ਦੂਜੈ ਮਾਇ ਬਾਪ ਕੀ ਸੁਧਿ॥*** (ਅੰਗ ੧੩੭)

ਉਹ ਵਿਰਲੀਆਂ ਸੁਭਾਗੀਆਂ ਮਾਤਾਵਾਂ ਹੁੰਦੀਆਂ ਹਨ, ਜੋ ਬਚਪਨ ਤੋਂ ਹੀ ਆਪਣ ਬੱਚੇ ਨੂੰ ਪ੍ਰਮਾਤਮਾ ਦੇ ਨਾਮ ਜੱਪਣ ਦੀ ਪ੍ਰੇਰਨਾ ਕਰਦੀਆਂ ਹਨ। ਵੈਸੇ ਤਾਂ ਸਿਅਣਿਆਂ ਦਾ ਕਥਨ ਹੈ, ਕਿ ਜਿਸ ਸਮੇਂ ਬੱਚਾ ਮਾਤਾ ਦੇ ਉਦਰ ਵਿਚ ਹੁੰਦਾ ਹੈ, ਉਸ ਸਮੇਂ ਤੋਂ ਹੀ ਬੱਚੇ ਉੱਪਰ ਮਾਂ ਦੀ ਕਰਮ ਕਿਰਿਆ ਦਾ ਅਸਰ ਪੈਂਦਾ ਹੈ। ਬਹੁਤ ਸਾਰੇ ਕਰਣੀ ਕਥਨੀ ਦੇ ਪੂਰੇ, ਗੁਰਮਖਾਂ ਦੇ ਜਨਮ ਤੋਂ ਪਤਾ ਲੱਗਦਾ ਹੈ, ਕਿ ਉਹਨਾਂ ਗੁਰਮੁਖਾਂ ਦੀਆਂ ਮਾਤਾਵਾਂ ਉਹਨਾਂ ਦੇ ਜਨਮ ਤੋਂ ਪਹਿਲਾਂ ਕਈ-ਕਈ ਸੁਖਮਨੀ ਸਾਹਿਬ ਜੀ ਦੇ ਅਤੇ ਜਪੁਜੀ ਸਾਹਿਬ ਜੀ ਦੇ ਪਾਠ ਕਰਦੀਆਂ ਰਹਿੰਦੀਆਂ ਸਨ। ਜਨਮ ਤੋਂ ਪਿੱਛੋਂ ਭੀ ਐਸੇ ਗੁਰਸਿੱਖਾਂ ਦੀਆਂ ਮਾਤਾਵਾਂ ਬਾਣੀ ਦੀਆਂ ਲੋਰੀਆਂ ਦੇ ਦੇ ਕੇ ਹੀ ਆਪਣੇ ਬੱਚੇ ਨੂੰ ਪਾਲਦੀਆਂ ਸਨ। ਬਾਪ ਨਾਲੋਂ ਬੱਚਾ ਮਾਂ ਦਾ ਅਸਰ ਵੱਧ ਕਬੂਲਦਾ ਹੈ। ਭਗਤ ਪ੍ਰਹਿਲਾਦ ਜੀ ਦਾ ਬਾਪ ਤਾਂ ਰਾਖ਼ਸ਼ ਬੁੱਧੀ ਦਾ ਧਾਰਨੀ ਸੀ, ਪਰ ਭਗਤ ਜੀ ਦੀ ਮਾਤਾ 'ਕਿਆਧੂ' ਬੜੀ ਉੱਤਮ ਕਰਨੀ ਤੇ ਭਾਵਨਾ ਵਾਲੀ ਸੀ, ਜਿਸ ਦਾ ਸਦਕਾ ਪ੍ਰਹਿਲਾਦ ਦ੍ਰਿੜ੍ਹ ਇਰਾਦੇ ਦੇ ਨਾਲ ਪ੍ਰਭੂ ਦਾ ਭਗਤ ਪ੍ਰਸਿੱਧ ਹੋਇਆ। ਇਸੇ ਤਰ੍ਹਾਂ ਭਗਤ ਧ੍ਰੂ ਜੀ ਦਾ ਜੀਵਨ ਜਦ ਪੜ੍ਹਦੇ ਹਾਂ ਤਾਂ ਭਗਤ ਜੀ ਦੀ ਮਾਤਾ ਦੀ ਹੀ ਬਚਪਨ ਵਿਚ ਇਹ ਪ੍ਰੇਰਨਾ ਧ੍ਰੂ ਨੂੰ ਹੋਈ ਸੀ। ਜਿਸ ਸਮੇਂ ਮਤਰੇਈ ਮਾਂ ਨੇ ਧ੍ਰੂ ਨੂੰ ਬਾਪ ਦੀ ਗੋਦ ਵਿਚੋਂ ਬਾਹੋਂ ਫੜ ਕੇ ਉਠਾ ਦਿੱਤਾ। ਰੋਂਦਿਆਂ ਧ੍ਰੂ ਨੇ ਮਾਂ ਨੂੰ ਕਿਹਾ ਕਿ 'ਕਿਸੁ ਉਦਮ ਤੇ ਰਾਜੁ ਮਿਲੈ ਸਤ੍ਰੂ ਤੇ ਸਭਿ ਹੋਵਨਿ ਮੀਤਾ।' ਅੱਗੋਂ ਮਾਂ ਦੀ ਉੱਤਮ ਸਿੱਖਿਆ ਸੀ। ਜਿਸ ਸਦਕਾ ਭਗਤ ਧ੍ਰੂ ਜੀ ਦਾ ਜੀਵਨ ਪਲਟ ਗਿਆ:- ਕਿ 'ਪ੍ਰਮੇਸਰੁ ਅਰਾਧੀਐ ਜਿਦੂ ਹੋਈਐ ਪਤਿਤ ਪੁਨੀਤਾ।'

ਇਸ ਸਿੱਖਿਆ ਨੂੰ ਧਾਰਨ ਕਰਕੇ ਭਗਤ ਧ੍ਰੂ ਕਿੱਡਾ ਵੱਡਾ ਭਗਤ ਹੋਇਆ। ਗੁਰਬਾਣੀ ਵਿਚ ਹਜ਼ੂਰ ਦਾ ਫ਼ੁਰਮਾਣ ਹੈ:

***ਪਾਂਚ ਬਰਖ ਕੋ ਅਨਾਥੁ ਧ੍ਰੂ ਬਾਰਿਕੁ ਹਰਿ ਸਿਮਰਤ ਅਮਰ ਅਟਾਰੇ॥***

(ਅੰਗ ੯੯੯)

ਇਸੇ ਤਰ੍ਹਾਂ ਭਗਤ ਫਰੀਦ ਦੀ ਮਾਤਾ ਫਰੀਦ ਨੂੰ ਬਚਪਨ ਵਿਚ ਨਮਾਜ਼ ਪੜ੍ਹਨ ਦੀ ਪ੍ਰੇਰਨਾ ਦੇਣ ਲਈ ਸ਼ੱਕਰ ਦੀ ਪੁੜੀ ਮੁਸੱਲੇ ਦੇ ਥੱਲੇ ਰੱਖ ਦਿਆ ਕਰਦੀ ਸੀ। ਫਰੀਦ ਨੂੰ ਕਹਿੰਦੀ ਕਿ ਪੁੱਤਰ, ਨਮਾਜ਼ ਪੜ੍ਹ ਕੇ ਖ਼ੁਦਾ ਤੈਨੂੰ ਖਾਣ ਨੂੰ ਸ਼ੱਕਰ ਦੇਵੇਗਾ। ਨਮਾਜ਼ ਪੜ੍ਹਨ ਪਿੱਛੋਂ ਸ਼ੱਕਰ ਖਾ ਕੇ ਫਰੀਦ ਖ਼ੁਸ਼ ਹੋ ਜਾਂਦਾ। ਕੁਝ ਸਮਾਂ ਮਾਤਾ ਫਰੀਦ ਨੂੰ ਇਸ ਤਰ੍ਹਾ ਪ੍ਰੇਰਨਾ ਦਿੰਦੀ ਰਹੀ। ਇਕ ਦਿਨ ਫਿਰ ਐਸਾ ਨਾਮ ਮਿਠਾ ਲੱਗ ਆਇਆ, ਜਿਸ ਨਾਮ ਰਸ ਨੂੰ ਪਾ ਕੇ ਭਗਤ ਫਰੀਦ ਜੀ ਨੇ ਕਹਿ ਦਿੱਤਾ:

***ਫਰੀਦ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ॥***
***ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ॥*** (ਅੰਗ ੧੩੭੯)

ਐਸੀਆਂ ਉੱਤਮ ਮਾਤਾਵਾਂ ਜੋ ਆਪਣੇ ਪੁੱਤਰਾਂ ਨੂੰ ਨਾਮ ਜੱਪਣ ਲਈ ਪ੍ਰੇਰਨਾ ਦਿੰਦੀਆਂ ਸਨ, ਉਹਨਾਂ ਨੂੰ ਪਾਵਨ ਬਾਣੀ ਅੰਦਰ ਸਤਿਕਾਰ ਦਿੱਤਾ ਹੈ। ਉਸ ਮਾਂ ਨੂੰ ਧੰਨਤਾ ਦੇ ਯੋਗ ਕਿਹਾ ਹੈ। ਨਾਮ ਜਪਣ ਵਾਲੇ ਪੁੱਤਰ ਦੀ ਇਕੱਲੀ ਮਾਂ ਹੀ ਧੰਨ ਨਹੀਂ, ਮਾਂ ਦੀ ਪ੍ਰੇਰਨਾ ਦਾ ਸਦਕਾ ਬਾਪ ਵੀ ਧੰਨਤਾ ਯੋਗ ਬਣ ਜਾਂਦਾ ਹੈ:

***ਧੰਨੁ ਸੁ ਵੰਸੁ ਧੰਨੁ ਸੁ ਪਿਤਾ ਧੰਨੁ ਸੁ ਮਾਤਾ ਜਿਨਿ ਜਨ ਜਣੇ॥***
***ਜਿਨ ਸਾਸਿ ਗਿਰਾਸਿ ਧਿਆਇਆ ਮੇਰਾ ਹਰਿ ਹਰਿ***
***ਸੇ ਸਾਚੀ ਦਰਗਹ ਹਰਿ ਜਨ ਬਣੇ॥***

(ਅੰਗ ੧੧੩੫)

***ਅਥਵਾ: ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ॥***
***ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ॥***

(ਅੰਗ ੪੮੮)

ਇਸ ਲਈ ਉਹ ਮਾਵਾਂ ਧੰਨ ਹਨ ਜੋ ਆਪਣੇ ਬੱਚਿਆਂ ਨੂੰ ਲਾਲਚ ਦੇ ਕੇ ਜਪੁਜੀ ਸਾਹਿਬ ਯਾਦ ਕਰਵਾਉਂਦੀਆਂ ਹਨ ਅਤੇ ਕੇਸਾਂ ਦੀ ਸੰਭਾਲ ਕਰਕੇ ਅੰਮ੍ਰਿਤ ਛਕਾ ਕੇ ਗੁਰੂ ਨਾਲ ਜੋੜਦੀਆਂ ਹਨ। ਅੰਮ੍ਰਿਤ ਵੇਲੇ ਗੁਰਬਾਣੀ, ਸੰਧਿਆ ਨੂੰ ਸੋਦਰ ਦਾ ਪਾਠ, ਤੇ ਸ਼ਹੀਦਾਂ ਦੀਆਂ ਸਾਖੀਆਂ ਆਪਣੇ ਬੱਚਿਆਂ ਨੂੰ ਸੁਣਾਉਂਦੀਆਂ ਹਨ:

***ਸਿਖ ਸਿਖਣੀ ਮਿਲਿ ਬਹੈ ਚਰਚਾ ਕਰੈ ਅਪਾਰ।***
***ਭਜਨ ਸਿਖਾਵੈ ਪੁੱਤਰ ਕੋ ਹਰਿ ਭਜਿ ਬਾਰੰ ਬਾਰ।***

ਜਿਥੇ ਐਸੀਆਂ ਮਾਵਾਂ ਨੂੰ ਧੰਨ ਕਿਹਾ ਹੈ, ਉਥੇ ਇਸ ਪਵਿੱਤਰ ਮੁੱਖਵਾਕ ਵਿਚ ਨਾਮ ਹੀਣ ਮਨੁੱਖ ਦੀ ਮਾਂ ਨੂੰ ਗੁਰਦੇਵ ਨੇ ਲਾਹਨਤਾਂ ਪਾਈਆਂ ਹਨ। ਸੂਰਦਾਸ ਕਵੀ ਦਾ ਕਥਨ ਹੈ ਕਿ ਮਾਂ ਨੇ ਪੁੱਤਰ ਨੂੰ ਜਨਮ ਦੇਣਾ ਹੈ, ਤਾਂ ਪ੍ਰਭੂ ਦਾ ਭਗਤ ਜਾਂ ਦਾਨੀ ਅਥਵਾ ਸੂਰਮਾ ਹੋਵੇ, ਨਹੀਂ ਤਾਂ ਮਾਂ ਬਾਂਝ ਰਹੇ, ਤਾਂ ਚੰਗੀ ਹੈ। ਇਹਨਾਂ ਤਿੰਨਾਂ ਤੋਂ ਬਿਨਾਂ ਹੋਰ ਨਾਸਤਕ, ਨਾਮਹੀਣ, ਮਨਮੁਖ ਨੂੰ ਜਨਮ ਨਾ ਦੇਵੇ:

***ਜਨਨੀ ਜਨੈ ਤਾਂ ਭਗਤ ਜਨ ਕੈ ਦਾਤਾ ਕੈ ਸੂਰ।***
***ਨਹੀ ਤਾਂ ਜਨਨੀ ਬਾਂਝ ਰਹੇ ਕਾਹੇ ਗਵਾਵੈ ਨੂਰ।***

(ਸਮੁੰਦਰੀ ਗ੍ਰੰਥ)

ਪੰਡਿਤ ਗੁਲਾਬ ਸਿੰਘ ਜੀ ਨੇ ਵੀ ਇਹੀ ਸਿਧਾਂਤ ਪ੍ਰਗਟ ਕੀਤਾ ਹੈ ਕਿ ਭਗਤ, ਸੂਰਮਾ, ਦਾਨੀ ਇਹਨਾਂ ਤਿੰਨਾਂ ਤੋਂ ਬਿਨਾਂ ਹੋਰ ਕੀੜਿਆਂ ਜੈਸੇ ਬੱਚਿਆਂ ਨੂੰ ਜਨਮ ਦੇ ਕੇ ਮਾਂ ਆਪਣੀ ਜੁਆਨੀ ਬੇਅਰਥ ਨ ਗਵਾਏ।

*ਹਰਿ ਨਾਮ ਭਜੇ ਜਗ ਭੀਤਰ ਜੋ, ਜਨਨੀ ਸੁਤ ਯਾ ਬਿਧਿ ਕੋ ਉਪਜਾਏ।*

ਅਥਵਾ :

*ਜਨਨੀ ਸੁਤ ਸੋਇ ਜਨੇ, ਰਣ ਭੀਤਰ ਜੋ ਅਰਿ ਕੇ ਦਲ ਘਾਏ।*
*ਸਿਰ ਲੈ ਧਨ ਦਾਨ ਕਰੈ ਜਗ ਮੈ ਸੁਭ, ਕੈ ਜਨਨੀ ਸੁਤ ਜੋ ਨਿਪਜਾਏ।*
*ਇਨ ਤੀਨ ਬਿਨਾ ਕ੍ਰਿਮ ਕੇ ਸੁਤ ਕੇ ਹਿਤ, ਜੋਵਨ ਨਾਹਿ ਅਕਾਜ ਗਵਾਏ।*

(ਭਾਵਰਸਾਮ੍ਰਿਤ ਸ੍ਵੈਯੇ ੧੧੮)

*ਅਥਵਾ: ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ॥*
*ਬਿਧਵਾ ਕਸ ਨ ਭਈ ਮਹਤਾਰੀ॥*

(ਅੰਗ ੩੨੮)

ਅਥਵਾ :

*ਜਿਹ ਨਰ ਰਾਮ ਭਗਤਿ ਨਹਿ ਸਾਧੀ॥*
*ਜਨਮਤ ਕਸ ਨ ਮੁਓ ਅਪਰਾਧੀ॥*

(ਅੰਗ ੩੨੮)

*ਅਥਵਾ: ਪ੍ਰੇਮ ਸੁ ਨੀਰ ਵਹੈ ਜਸ ਗਾਵਤ ਨਾਚਤ ਦੇਵ ਚਲੇ ਸਭ ਅੰਗਾ।*
*ਸਹੈ ਖਗ ਜਾਇ ਰਣ ਮੈ ਭਲੀ ਬਿਧਿ ਸਿਉ ਲਹੂ ਸੁ ਘਾਬ ਚਲੇ ਅਰ ਢੰਗਾ।*
*ਬਿਧਿ ਦੋਇ ਪੂਤ ਜਣੇ ਜਨਨੀ ਜਗਿ ਔਰ ਸਭੇ ਸੁਤ ਕੀਟ ਪਤੰਗਾ।*

(ਅਧਿਆਤਮ ਰਸਾਇਣ)

*ਅਥਵਾ: ਮਾਂ ਗਭਣਿ ਜੀਅ ਜਾਣਦੀ ਪੁਤੁ ਸਪੁਤੁ ਹੋਵੈ ਸੁਖਦਾਈ।*
*ਕਪੁਤਹੁੰ ਧੀ ਚੰਗੇਰੜੀ ਪਰ ਘਰ ਜਾਇ ਵਸਾਇ ਨ ਆਈ।*
*ਧੀਅਹੁੰ ਸੱਪ ਸਕਾਰਥਾ ਜਾਉ ਜਣੇਂਦੀ ਜਣਿ ਜਣਿ ਖਾਈ।*
*ਮਾਂ ਡਾਇਣ ਧੰਨੁ ਧੰਨੁ ਹੈ ਕਪਟੀ ਪੁਤੈ ਖਾਇ ਅਘਾਈ।*

(ਵਾਰ ੩੭, ਪਉੜੀ ੨੪)

## ਸਾਖੀ—ਮਨ ਕਰਿ ਕਬਹੂੰ ਨ ਹਰਿ ਗੁਨ ਗਾਇਓ

ਮਰਦ ਅਗੰਮੜੇ ਕਲਗੀਧਰ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਅਨੰਦਪੁਰ ਸਾਹਿਬ ਸੁਭਾਇਮਾਨ ਹੋ ਕੇ ਜਗਤ ਜੀਆਂ ਨੂੰ ਤਾਰ ਰਹੇ ਸਨ। ਚੋਜੀ ਪ੍ਰੀਤਮ ਨੇ ਖ਼ਾਲਸੇ ਦੀ ਸਾਜਨਾ ਕਰਕੇ ਪੰਜਾਂ ਕਕਾਰਾਂ ਦੀ ਰਹਿਤ ਦਾ ਧਾਰਨੀ ਬਣ ਕੇ, ਚੌਹਾਂ ਬੱਜਰ ਕੁਰਹਿਤਾਂ ਤੋਂ ਸਾਵਧਾਨ ਹੋ ਕੇ ਬਚ ਕੇ ਰਹਿਣ ਦਾ ਖ਼ਾਲਸੇ ਨੂੰ

ਹੁਕਮ ਕੀਤਾ ਅਤੇ ਨਾਲ ਪੰਜਾਂ ਬਾਣੀਆਂ ਦਾ ਅੰਮ੍ਰਿਤ ਵੇਲੇ ਨਿਤਨੇਮ, ਸ਼ਾਮ ਸੋਦਰ ਤੇ ਸੋਹਿਲੇ ਦਾ ਪਾਠ ਕਰਨ ਦਾ ਹੁਕਮ ਕੀਤਾ। ਅੰਮ੍ਰਿਤ ਵੇਲੇ "ਕਰਿ ਭਲਾ ਮਨਾਇ॥" ਤੇ ਪਰਉਪਕਾਰੀ ਜ਼ਿੰਦਗੀ ਜਿਉਣ ਦਾ ਹੁਕਮ ਕੀਤਾ ਹੈ ਅਤੇ ਸਰਬ ਨਸ਼ਿਆਂ ਦਾ ਤਿਆਗ ਕਰਕੇ ਪ੍ਰਭੂ ਦੇ ਨਾਮ ਰੂਪੀ ਨਸ਼ੇ ਦੀ ਖ਼ੁਮਾਰੀ ਦਾ ਧਾਰਨੀ ਬਣਨ ਦਾ ਹੁਕਮ ਕੀਤਾ ਹੈ। ਗੁਰੂ ਕਾ ਖ਼ਾਲਸਾ "ਗੁਰਿ ਕਹਿਆ ਸਾ ਕਾਰ ਕਮਾਵਹੁ" ਦਾ ਧਾਰਨੀ ਬਣ ਕੇ, ਇਸ ਗੁਰੂ ਦੱਸੇ ਮਾਰਗ ਦਾ ਪਾਂਧੀ ਬਣ ਕੇ ਚੱਲਣ ਲੱਗਿਆ। ਪਰ ਕੁਝ ਕਰਨੀ ਤੋਂ ਸੱਖਣੇ ਸਿੰਘਾਂ ਨੇ ਇਕ ਵਾਰ ਗੁਰਦੇਵ ਦੀ ਸ਼ਰਨ ਵਿਚ ਬੇਨਤੀ ਦੁਆਰਾ ਇਸ ਤਰ੍ਹਾਂ ਕਿਹਾ, ਹਜ਼ੂਰ! ਅਸੀਂ ਹਰਿ ਰੋਜ਼ ਬਾਣੀ ਪੜਦੇ ਹਾਂ, ਪਰ ਬਾਣੀ ਪੜ੍ਹਦਿਆਂ ਮਨ ਵਿਚ ਬਾਣੀ ਦਾ ਰਸ ਅਨੰਦ ਪ੍ਰਾਪਤ ਨਹੀਂ ਹੋਇਆ। ਗੁਰਦੇਵ ਨੇ ਉਸ ਸਮੇਂ ਸਿੰਘਾਂ ਨੂੰ ਕਿਸੇ ਹੋਰ ਗੱਲ ਵਿਚ ਪਰਚਾ ਕੇ ਟਾਲ ਦਿੱਤਾ। ਕੁਝ ਦਿਨਾਂ ਬਾਅਦ ਸਿੰਘਾਂ ਦੇ ਇਸ ਕੀਤੇ ਪ੍ਰਸ਼ਨ ਦਾ ਉੱਤਰ ਦੇਣ ਵਾਸਤੇ ਚੋਜੀ ਪ੍ਰੀਤਮ ਨੇ ਇਕ ਕੌਤਕ ਰਚਿਆ। ਹਜ਼ੂਰ ਕਹਿੰਦੇ ਹਨ, ਸਿੰਘੋ! ਅੱਜ ਸੁੱਖ ਨਿਧਾਨ ਲਿਆ ਕੇ ਰਗੜਾ ਪਾਉ। ਜਿਹੜੇ ਕਰਣੀ ਹੀਨ ਛੱਕਣ ਛਕਾਉਣ ਦੇ ਭਾਗੀ ਸਨ, ਖ਼ੁਸ਼ ਹੋ ਗਏ। ਸੁੱਖ ਨਿਧਾਨ ਲਿਆ ਕੇ ਵਿਚ ਬਦਾਮ ਵਗੈਰਾ ਪਾ ਕੇ ਰਗੜਾ ਲਾ ਕੇ ਛਾਣ ਕੇ ਤਿਆਰ ਕਰ ਲਿਆ। ਤਾਂ ਗੁਰਦੇਵ ਨੂੰ ਬੇਨਤੀ ਕੀਤੀ, ਜੀ ਸ਼ਰਦਾਈ ਤਿਆਰ ਹੋ ਗਈ ਹੈ। ਤਾਂ ਸਤਿਗੁਰੂ ਜੀ ਨੇ ਹੁਕਮ ਕੀਤਾ, ਸਿੰਘੋ! ਘੁੱਟਾਂ ਭਰ-ਭਰ ਕੇ ਡੋਲੀ ਜਾਣਾ ਹੈ, ਕੋਈ ਵੀ ਘੁੱਟ ਅੰਦਰ ਨਹੀਂ ਲੰਘਾਉਣੀ। ਇਸ ਤਰ੍ਹਾਂ ਸਾਰਿਆਂ ਨੂੰ ਵਰਤਾਇਆ ਗਿਆ। ਸਾਰਿਆਂ ਨੇ ਘੁੱਟਾਂ ਭਰ-ਭਰ ਕੇ ਡੋਲ ਦਿੱਤੀਆਂ। ਅੰਤ ਵਿਚ ਪਾਤਸ਼ਾਹ ਜੀ ਕਹਿਣ ਲੱਗੇ, ਸਿੰਘੋ! ਕੋਈ ਰਸ ਅਨੰਦ ਆਇਆ? ਅੱਗੋਂ ਸਿੰਘ ਕਹਿੰਦੇ ਹਨ, ਗੁਰਦੇਵ! ਅੰਦਰ ਤਾਂ ਘੁੱਟ ਲੰਘਾਉਣ ਨਹੀਂ ਦਿੱਤੀ, ਸਾਨੂੰ ਰਸ-ਅਨੰਦ ਕਿਥੋਂ ਆਉਣਾ ਸੀ। ਤਾਂ ਚੋਜੀ ਪ੍ਰਤੀਮ ਕਹਿਣ ਲੱਗੇ, ਭਾਈ ਸਿੰਘੋ! ਇਹ ਤੁਹਾਡੇ ਉਸ ਕੀਤੇ ਸੁਆਲ ਦਾ ਜਵਾਬ ਹੈ, ਜੋ ਤੁਸੀਂ ਕਿਹਾ ਸੀ ਕਿ ਬਾਣੀ ਪੜ੍ਹਦੇ ਹਾਂ, ਰਸ ਅਨੰਦ ਨਹੀਂ ਆਉਂਦਾ। ਇਸ ਕਰਕੇ ਤੁਸੀਂ ਬਾਣੀ ਦੀਆਂ ਕੁਰਲੀਆਂ ਕਰਦੇ ਹੋ, ਬਾਣੀ ਨੂੰ ਹਿਰਦੇ 'ਚ ਨਹੀਂ ਵਸਾਉਂਦੇ। ਜੇ ਹਿਰਦੇ 'ਚ ਵਸਾਵੋ ਤਾਂ ਰਸ ਅਨੰਦ ਜ਼ਰੂਰ ਆਵੇ। ਗੁਰੂ ਸਾਹਿਬ ਦਾ ਹੁਕਮ ਹੈ:

***ਹਿਰਦੈ ਨਾਮੁ ਵਸਾਇਹੁ॥ ਘਰਿ ਬੈਠੇ ਗੁਰੂ ਧਿਆਇਹੁ॥***
***ਗੁਰਿ ਪੂਰੈ ਸਚੁ ਕਹਿਆ॥ ਸੋ ਸੁਖੁ ਸਾਚਾ ਲਹਿਆ॥***

(ਅੰਗ ੬੨੧)

ਸਿੰਘੋ! ਤੁਹਾਨੂੰ ਸਮਝਾਵਣ ਵਾਸਤੇ ਇਹ ਰਗੜਾ ਪਵਾਇਆ ਸੀ, ਪਰ ਸਿੰਘ ਨੇ ਕਦੇ ਵੀ ਕਿਸੇ ਨਸ਼ੇ ਦਾ ਸੇਵਨ ਨਹੀਂ ਕਰਨਾ। ਨਸ਼ਾ ਤਾਂ ਸੱਚਾ ਕੇਵਲ ਨਾਮ ਦਾ ਹੈ। ਬਾਕੀ ਨਸ਼ੇ ਤਾਂ:

***ਪੋਸਤ, ਭੰਗ, ਅਫੀਮ ਮਦ, ਉਤਰ ਜਾਤ ਪਰਭਾਤਿ।***
***ਨਾਮ ਖੁਮਾਰੀ ਨਾਨਕਾ ਚੜੀ ਰਹੇ ਦਿਨ ਰਾਤਿ।***

ਅਥਵਾ:

***ਮਦਰਾ ਦਹਿਤਾ ਸਪਤ ਕੁਲ, ਭਾਂਗ ਦਹੇ ਤਨ ਏਕ।***
***ਜਗਤ ਜੂਠ ਸਤ ਕੁਲਾ ਦਹੇ, ਨਿੰਦਾ ਦਹੇ ਅਨੇਕ।***

**ਜੈਤਸਰੀ ਮਹਲਾ ੪ ॥ ਜਿਨ ਹਰਿ ਹਿਰਦੈ ਨਾਮੁ ਨ ਬਸਿਓ ਤਿਨ ਮਾਤ ਕੀਜੈ ਹਰਿ ਬਾਂਝਾ ॥ ਤਿਨ ਸੁੰਞੀ ਦੇਹ ਫਿਰਹਿ ਬਿਨੁ ਨਾਵੈ ਓਇ ਖਪਿ ਖਪਿ ਮੁਏ ਕਰਾਂਝਾ ॥ ੧ ॥ ਮੇਰੇ ਮਨ ਜਪਿ ਰਾਮ ਨਾਮੁ ਹਰਿ ਮਾਝਾ ॥ ਹਰਿ ਹਰਿ ਕ੍ਰਿਪਾਲਿ ਕ੍ਰਿਪਾ ਪ੍ਰਭਿ ਧਾਰੀ ਗੁਰਿ ਗਿਆਨੁ ਦੀਓ ਮਨੁ ਸਮਝਾ ॥ ਰਹਾਉ ॥ ਹਰਿ ਕੀਰਤਿ ਕਲਜੁਗਿ ਪਦੁ ਊਤਮੁ ਹਰਿ ਪਾਈਐ ਸਤਿਗੁਰ ਮਾਝਾ ॥ ਹਉ ਬਲਿਹਾਰੀ ਸਤਿਗੁਰ ਅਪੁਨੇ ਜਿਨਿ ਗੁਪਤੁ ਨਾਮੁ ਪਰਗਾਝਾ ॥ ੨ ॥ ਦਰਸਨੁ ਸਾਧ ਮਿਲਿਓ ਵਡਭਾਗੀ ਸਭਿ ਕਿਲਬਿਖ ਗਏ ਗਵਾਝਾ ॥ ਸਤਿਗੁਰੁ ਸਾਹੁ ਪਾਇਆ ਵਡ ਦਾਣਾ ਹਰਿ ਕੀਏ ਬਹੁ ਗੁਣ ਸਾਝਾ ॥ ੩ ॥ ਜਿਨ ਕਉ ਕ੍ਰਿਪਾ ਕਰੀ ਜਗਜੀਵਨਿ ਹਰਿ ਉਰਿ ਧਾਰਿਓ ਮਨ ਮਾਝਾ ॥ ਧਰਮ ਰਾਇ ਦਰਿ ਕਾਗਦ ਫਾਰੇ ਜਨ ਨਾਨਕ ਲੇਖਾ ਸਮਝਾ ॥ ੪ ॥ ੫ ॥**

(ਅੰਗ ੬੯੭-੯੮)

## ਪਦ ਅਰਥ :

ਤਿਨ ਮਾਤ-ਉਨ੍ਹਾਂ ਦੀ ਮਾਂ। ਹਰੀ- ਹੇ ਹਰੀ। ਬਾਂਝਾ-ਬਾਂਝ, ਸੰਢ ਭਾਵ ਜਿਸ ਦੇ ਉਦਰ ਤੋਂ ਸੰਤਾਨ ਪੈਦਾ ਨਾ ਹੋ ਸਕੇ। ਸੁੰਞੀ-ਸੱਖਣੀ, ਸੁੰਨੀ। ਦੇਹ-ਦੇਹੀ, ਕਾਇਆ। ਫਿਰਹਿ-ਫਿਰਦੇ ਹਨ। ਕਰਾਂਝਾ-ਖਿਝ ਖਪ ਕੇ। ਮਾਝਾ-ਅੰਦਰ। ਗੁਰਿ-ਗੁਰੂ ਨੇ। ਹਰਿ ਕੀਰਤਿ-ਪ੍ਰਭੂ ਦੀ ਸਿਫਤਿ ਸਾਲਾਹ। ਪਦੁ ਉਤਮੁ-ਉੱਤਮ ਦਰਜਾ। ਪਰਗਾਝਾ-ਪ੍ਰਕਾਸ਼ ਕੀਤਾ। ਵਡਭਾਗੀ-ਵੱਡੇ ਭਾਗਾਂ ਨਾਲ। ਕਿਲਬਿਖ-ਪਾਪ। ਗਵਾਝਾ-ਗੁਆਚ ਗਏ। ਜਗ ਜੀਵਨਿ-ਜਗਤ ਦੇ ਜੀਵਨ ਦੇਣ ਵਾਲੇ (ਪ੍ਰਭੂ) ਨੇ। ਉਰਿ ਧਾਰਿਓ-ਹਿਰਦੇ ਵਿਚ ਟਿਕਾਇਆ ਹੈ। ਦਰਿ-(ਧਰਮ ਰਾਜ ਦੇ) ਦਰ ਉੱਤੇ। ਕਾਗਦ-(ਕਰਮਾਂ ਦੇ ਲੇਖੇ ਵਾਲੇ) ਕਾਗ਼ਜ਼। ਫਾਰੇ-ਫਾੜ ਦਿੱਤੇ।

## ਅਰਥ :

ਜਿਨ੍ਹਾਂ ਦੇ ਹਿਰਦੇ ਅੰਦਰ ਹਰੀ ਨਾਮ ਨਹੀਂ ਵਸਿਆ, ਹੇ ਹਰੀ ! ਉਨ੍ਹਾਂ ਦੀ ਮਾਂ ਨੂੰ ਬਾਂਝ ਰਹਿਣ ਦਿਉ (ਤਾਂਕਿ ਉਹ ਅਗੋਂ ਨਾਮ ਹੀਣ ਨਾਸਤਕ ਬੱਚਾ ਨਾ ਪੈਦਾ ਕਰ ਸਕੇ)। ਉਨ੍ਹਾਂ ਦੀ ਦੇਹ (ਭਾਵ ਸਰੀਰ ਨਾਮ ਤੋਂ ਬਿਨਾਂ) ਖ਼ਾਲੀ (ਭਾਵ) ਸੱਖਣੀ ਫਿਰਦੀ ਹੈ, (ਅਤੇ) ਉਹ ਖਪ ਖਪ (ਭਾਵ ਖਿਝ ਖਿਝ) ਕੇ ਮਰ ਜਾਂਦੇ ਹਨ।੧। ਹੇ ਮੇਰੇ ਮਨ ! (ਤੂੰ ਉਸ) ਹਰੀ ਦਾ ਨਾਮ ਜਪਿਆ ਕਰ। (ਉਹ) ਹਰੀ (ਪ੍ਰਭੂ ਤੇਰੇ ਹਿਰਦੇ) ਵਿਚ ਵੀ (ਵੱਸਦਾ ਹੈ)। (ਹੇ ਭਾਈ ! ਉਸ) ਕਿਰਪਾਲੂ ਹਰੀ ਨੇ ਕਿਰਪਾ ਕੀਤੀ, ਤਾਂ ਗੁਰੂ ਸਾਹਿਬ ਜੀ ਨੇ ਉਸ (ਹਰੀ ਦਾ) ਗਿਆਨ ਦਿੱਤਾ (ਜਿਸ ਗਿਆਨ ਕਰਕੇ) ਮੇਰੇ ਮਨ ਨੂੰ ਇਹ ਸਮਝ ਆਈ ਹੈ।ਰਹਾਉ। ਕਲਯੁਗ

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਵਿਚ ਹਰੀ ਦੀ ਕੀਰਤੀ (ਭਾਵ ਸਿਫ਼ਤ ਸਾਲਾਹ) ਉੱਤਮ ਦਰਜਾ ਦੇਣ ਵਾਲੀ ਹੈ, (ਅਤੇ ਉਹ) ਹਰੀ (ਪ੍ਰਭੂ) ਸਤਿਗੁਰੂ ਰਾਹੀਂ ਪਾਇਆ ਜਾਂਦਾ ਹੈ। ਮੈਂ ਆਪਣੇ ਸਤਿਗੁਰੂ ਤੋਂ ਸਦਕੇ ਹਾਂ, ਜਿਸ (ਗੁਰੂ ਨੇ ਮੇਰੇ ਹਿਰਦੇ ਵਿਚ) ਗੁਪਤ ਨਾਮ ਦਾ ਪ੍ਰਕਾਸ਼ ਕਰ ਦਿੱਤਾ ਹੈ। ੨। (ਹੇ ਭਾਈ ! ਮੈਨੂੰ) ਵੱਡੇ ਭਾਗਾਂ ਨਾਲ ਸਾਧ (ਗੁਰੂ) ਦਾ ਦਰਸ਼ਨ ਮਿਲਿਆ ਹੈ (ਜਿਸ ਦੇ ਫਲ ਸਰੂਪ) ਮੇਰੇ ਸਾਰੇ ਪਾਪ ਗਵਾਚ ਗਏ ਹਨ (ਭਾਵ ਪਾਪ ਦੂਰ ਹੋ ਗਏ ਹਨ)। (ਹੇ ਭਾਈ !) ਮੈਂ ਵੱਡਾ ਸਿਆਣਾ ਸ਼ਾਹ ਸਤਿਗੁਰੂ (ਸਾਹਿਬ ਜੀ) ਨੂੰ ਪਾ ਲਿਆ ਹੈ, (ਜਿਸ ਨੇ ਹਰੀ ਦੇ ਬਹੁਤ ਸਾਰੇ ਗੁਣਾਂ ਨਾਲ (ਮੇਰੀ) ਸਾਂਝ ਬਣਾ ਦਿੱਤੀ ਹੈ। ੩। (ਹੇ ਭਾਈ !) ਜਿਨ੍ਹਾਂ ਉੱਤੇ ਜਗਤ ਦੇ ਜੀਵਨ ਦਾਤੇ (ਵਾਹਿਗੁਰੂ) ਜੀ ਨੇ ਕਿਰਪਾ ਕੀਤੀ ਹੈ, (ਉਨ੍ਹਾਂ ਨੇ) ਹਰੀ ਦਾ ਨਾਮ (ਆਪਣੇ) ਮਨ ਤੇ ਹਿਰਦੇ ਵਿਚ ਟਿਕਾ ਲਿਆ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਧਰਮ ਰਾਜ ਨੇ (ਆਪਣੇ) ਦਰ ਉੱਤੇ (ਪ੍ਰਭੂ) ਦੇ ਦਾਸਾਂ ਦੇ (ਕਰਮਾਂ ਦੇ ਹਿਸਾਬ ਵਾਲੇ) ਪਤਰੇ ਫਾੜ ਦਿੱਤੇ ਹਨ, (ਅਤੇ) ਲੇਖਾ ਸਮਝ ਲਿਆ ਹੈ, (ਭਾਵ ਦਾਸਾਂ ਦਾ ਲੇਖਾ ਨਿਬੇੜ ਦਿੱਤਾ ਹੈ। ੪। ੫।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

☆☆☆
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਸ੍ਰੀ ਮੁਖਵਾਕ ਨੰਬਰ ੧੦੯ (ਅੰਗ ੭੦੦)

ਜੈਤਸਰੀ ਮਹਲਾ ੫ ਘਰੁ ੩ ੧ੴ ਸਤਿਗੁਰ ਪ੍ਰਸਾਦਿ ॥

ਕੋਈ ਜਾਨੈ ਕਵਨੁ ਈਹਾ ਜਗਿ ਮੀਤੁ ॥ ਜਿਸੁ ਹੋਇ ਕ੍ਰਿਪਾਲੁ ਸੋਈ ਬਿਧਿ ਬੂਝੈ ਤਾ ਕੀ ਨਿਰਮਲ ਰੀਤਿ ॥ ੧ ॥ ਰਹਾਉ ॥ ਮਾਤ ਪਿਤਾ ਬਨਿਤਾ ਸੁਤ ਬੰਧਪ ਇਸਟ ਮੀਤ ਅਰੁ ਭਾਈ ॥ ਪੂਰਬ ਜਨਮ ਕੇ ਮਿਲੇ ਸੰਜੋਗੀ ਅੰਤਹਿ ਕੋ ਨ ਸਹਾਈ ॥ ੧ ॥ ਮੁਕਤਿ ਮਾਲ ਕਨਿਕ ਲਾਲ ਹੀਰਾ ਮਨ ਰੰਜਨ ਕੀ ਮਾਇਆ ॥ ਹਾ ਹਾ ਕਰਤ ਬਿਹਾਨੀ ਅਵਧਹਿ ਤਾ ਮਹਿ ਸੰਤੋਖੁ ਨ ਪਾਇਆ ॥ ੨ ॥ ਹਸਤਿ ਰਥ ਅਸ੍ਵ ਪਵਨ ਤੇਜ ਧਣੀ ਭੂਮਨ ਚਤੁਰਾਂਗਾ ॥ ਸੰਗਿ ਨ ਚਾਲਿਓ ਇਨ ਮਹਿ ਕਛੂਐ ਊਠਿ ਸਿਧਾਇਓ ਨਾਂਗਾ ॥ ੩ ॥ ਹਰਿ ਕੇ ਸੰਤ ਪ੍ਰਿਅ ਪ੍ਰੀਤਮ ਪ੍ਰਭ ਕੇ ਤਾ ਕੈ ਹਰਿ ਹਰਿ ਗਾਈਐ ॥ ਨਾਨਕ ਈਹਾ ਸੁਖੁ ਆਗੈ ਮੁਖ ਊਜਲ ਸੰਗਿ ਸੰਤਨ ਕੈ ਪਾਈਐ ॥ ੪ ॥ ੧ ॥

# ਪ੍ਰਾਕ੍ਥਨ :-

ਇਹ ਮੁਖਵਾਕ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜੈਤਸਰੀ ਰਾਗ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਪਾਵਨ ਸ਼ਬਦ ਦੇ ਆਰੰਭ ਅੰਦਰ ਗੁਰਦੇਵ ਨੇ ਕਿਹਾ ਹੈ ਕਿ ਕੋਈ ਵਿਰਲਾ ਮਨੁੱਖ ਹੀ ਜਾਣਦਾ ਹੈ ਕਿ ਇਸ ਜਗਤ ਵਿਚ ਕੌਣ ਕੋਈ ਕਿਸੇ ਦਾ ਮਿੱਤਰ ਹੈ। ਅੱਗੇ ਸ਼ਬਦ ਅੰਦਰ ਹਜ਼ੂਰ ਨੇ ਪਰਿਵਾਰਕ ਤੇ ਸੰਸਾਰਿਕ ਸੰਬੰਧੀਆਂ ਦੀ ਮਿੱਤਰਤਾ ਝੂਠੀ ਦਰਸਾਈ ਹੈ। ਇਹ ਸਾਰਿਆਂ ਦਾ ਮੇਲ ਪੂਰਬਲੇ ਜਨਮ ਦੇ ਸੰਜੋਗਾਂ ਕਰਕੇ ਹੋਇਆ ਹੈ, ਪਰ ਅੰਤ ਨੂੰ ਕੋਈ ਭੀ ਇਹਨਾਂ ਵਿਚੋਂ ਮਨੁੱਖ ਦੀ ਸਹਾਇਤਾ ਕਰਨ ਵਾਲਾ ਨਹੀਂ ਹੈ।

## ਵਿਸ਼ਾ—ਇਹ ਜਗਿ ਮੀਤੁ ਨ ਦੇਖਿਓ ਕੋਈ

ਇਸ ਪਾਵਨ ਸ਼ਬਦ ਦੇ ਆਰੰਭ ਅੰਦਰ ਗੁਰਦੇਵ ਨੇ ਮਿੱਤਰ ਦਾ ਜ਼ਿਕਰ ਕੀਤਾ ਹੈ। ਸ਼ਾਸਤਰਕਾਰਾਂ ਨੇ ਜੀਵ ਦੇ ਤਿੰਨ ਮਿੱਤਰ ਕਥਨ ਕੀਤੇ ਹਨ :

੧. ਪਹਿਲੇ ਮਿੱਤਰ ਪਰਿਵਾਰਿਕ ਜੀਅ, ਮਿੱਤਰ, ਸੰਬੰਧੀ ਹਨ।

੨. ਦੂਜਾ ਮਿੱਤਰ ਧਨ ਮੰਨਿਆ ਹੈ।

੩. ਤੀਸਰੇ ਮਿੱਤਰ ਕਰਮ ਕਥਨ ਕੀਤੇ ਹਨ।

ਧਨ ਦੀ ਮਿੱਤਰਤਾ ਓਨਾ ਚਿਰ ਹੈ, ਜਿੰਨਾ ਚਿਰ ਮਨੁੱਖ ਦੇ ਸਰੀਰ ਵਿਚ ਸਵਾਸ ਹਨ। ਧਨ ਨਾਲ ਮਨੁੱਖ ਆਪਣੀ ਸੇਵਾ ਕਰਾ ਸਕਦਾ ਹੈ। ਧਨ ਕਰਕੇ ਮਾਇਆ ਨਾਲ ਸਰੀਰਕ ਸੁੱਖ ਸਹੂਲਤਾਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ, ਪਰ ਜਿਸ ਵੇਲੇ ਸਰੀਰ ਵਿਚੋਂ ਸਵਾਸ ਨਿਕਲ ਜਾਂਦੇ ਹਨ, ਉਸੇ ਵੇਲੇ ਹੀ ਧਨ ਦੇ ਮਾਲਕ ਹੋਰ ਬਣ ਜਾਂਦੇ ਹਨ। ਧਨ ਦੀ ਮਿੱਤਰਤਾ ਖ਼ਤਮ ਹੋ ਜਾਂਦੀ ਹੈ। ਸੰਬੰਧੀਆਂ ਦੀ ਮਿੱਤਰਤਾ ਓਨਾ ਚਿਰ ਹੈ, ਜਿੰਨਾ ਚਿਰ ਮਨੁੱਖ ਦੇ ਸਰੀਰ ਨੂੰ ਸ਼ਮਸ਼ਾਨ ਘਾਟ ਵਿਚ ਲਿਜਾ ਕੇ ਦਾਹ ਸੰਸਕਾਰ ਨਹੀਂ ਕਰ ਦਿੰਦੇ। ਇਥੇ ਸੰਬੰਧੀਆਂ ਦੀ ਮਿੱਤਰਤਾ ਭੀ ਖ਼ਤਮ ਹੋ ਜਾਂਦੀ ਹੈ। ਗੁਰਦੇਵ ਦਾ ਸੁੰਦਰ ਫੁਰਮਾਨ :

***ਮਰਹਟ ਲਗਿ ਸਭੁ ਲੋਗੁ ਕੁਟੰਬੁ ਮਿਲਿ ਹੰਸੁ ਇਕੇਲਾ ਜਾਇ॥***

(ਅੰਗ ੧੧੨੪)

ਮਨੁੱਖ ਦੇ ਸਰੀਰ ਨੂੰ ਅਗਨ ਭੇਟ ਕਰਕੇ ਸੰਬੰਧੀ ਡੱਕੇ ਤੋੜ ਕੇ ਅੱਗ ਵਿਚ ਸੁੱਟ ਦਿੰਦੇ ਹਨ, ਕਿ ਅੱਜ ਤੋਂ ਸਾਡੀ ਮਿੱਤਰਤਾ ਤੇਰੇ ਨਾਲੋਂ ਟੁੱਟ ਚੁੱਕੀ ਹੈ :

***ਜੜ੍ਹ ਮਾਇਆ ਤੜ੍ਹ ਗਛਤੀ।***

ਭਾਵ ਜਿਧਰੋਂ ਆਇਆ ਸੀ ਉਧਰੋਂ ਹੀ ਚਲਿਆ ਜਾ, ਮੁੜ ਸਾਡੇ ਵੱਲ ਨਾ ਆਈਂ। ਤੀਸਰੇ ਮਨੁੱਖ ਦੇ ਕਰਮ ਮਿੱਤਰ ਹਨ। ਕਰਮ ਚੰਗੇ ਤੇ ਮਾੜੇ ਦੋ ਤਰ੍ਹਾਂ ਦੇ ਇਥੇ ਕਹੇ ਜਾ ਸਕਦੇ ਹਨ। ਕਰਮ ਮਨੁੱਖ ਦੇ

ਨਾਲ ਨਿੱਭਦੇ ਹਨ। ਚੰਗੇ ਕਰਮ ਕਰੇਗਾ ਤਾਂ ਚੰਗਾ ਫਲ ਮਿਲੇਗਾ। ਮਾੜੇ ਕਰਮ ਕਰੇਗਾ ਤਾਂ ਉਸਦਾ ਮਾੜਾ ਫਲ ਦੁੱਖ ਮਿਲੇਗਾ। ਸ਼ਾਸਤਰਾਂ ਦਾ ਕਥਨ ਹੈ:

***ਅਵੱਸ ਮੇਵ ਭੁਗਤ੍ਰੰ ਕਿਰਤ ਕਰਮ ਸ਼ੁੱਭ ਅਸ਼ੁੱਭ।***

ਭਾਵ ਚੰਗੇ ਮਾੜੇ ਕਰਮਾਂ ਦਾ ਫਲ ਜ਼ਰੂਰ-ਬਰ-ਜ਼ਰੂਰ ਭੋਗਣਾ ਪੈਂਦਾ ਹੈ। ਇਸ ਕਰਕੇ ਗੁਰਬਾਣੀ ਸਾਨੂੰ ਚੰਗੇ ਕਰਮ ਕਰਨ ਲਈ ਪ੍ਰੇਰਨਾ ਕਰਦੀ ਹੈ:

***ਸੋਈ ਕੰਮੁ ਕਮਾਇ ਜਿਤੁ ਮੁਖੁ ਉਜਲਾ॥***

(ਅੰਗ ੩੯੭)

ਅਥਵਾ:

***ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥***
***ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥***

(ਜਪੁਜੀ ਸਾਹਿਬ)

ਇਸ ਲਈ ਸੰਸਾਰ ਦੇ ਅੰਦਰ ਸੰਸਾਰਿਕ ਕਰਮ ਸਭ ਸੁਆਰਥੀ ਹਨ। ਇਹਨਾਂ ਚੋਂ ਕੋਈ ਵੀ ਮਨੁੱਖ ਦਾ ਸੱਚਾ ਮਿੱਤਰ ਨਹੀਂ ਹੈ:

***ਪ੍ਰੀਤਮ ਜਾਨਿ ਲੇਹੁ ਮਨ ਮਾਹੀ॥***
***ਅਪਨੇ ਸੁਖ ਸਿਉ ਹੀ ਜਗੁ ਫਾਂਧਿਓ ਕੋ ਕਾਹੂ ਕੋ ਨਾਹੀ॥੧॥ਰਹਾਉ॥***
***ਸੁਖ ਮੈ ਆਨਿ ਬਹੁਤੁ ਮਿਲਿ ਬੈਠਤ ਰਹਤ ਚਹੂ ਦਿਸਿ ਘੇਰੈ॥***
***ਬਿਪਤਿ ਪਰੀ ਸਭ ਹੀ ਸੰਗੁ ਛਾਡਿਤ ਕੋਊ ਨ ਆਵਤ ਨੇਰੈ ॥੧॥***
***ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ ਸਦਾ ਰਹਤ ਸੰਗ ਲਾਗੀ॥***
***ਜਬ ਹੀ ਹੰਸ ਤਜੀ ਇਹ ਕਾਂਇਆ ਪ੍ਰੇਤ ਪ੍ਰੇਤ ਕਰਿ ਭਾਗੀ ॥੨॥***
***ਇਹ ਬਿਧਿ ਕੋ ਬਿਉਹਾਰੁ ਬਨਿਓ ਹੈ ਜਾ ਸਿਉ ਨੇਹੁ ਲਗਾਇਓ ॥***
***ਅੰਤ ਬਾਰ ਨਾਨਕ ਬਿਨੁ ਹਰਿ ਜੀ ਕੋਊ ਕਾਮਿ ਨ ਆਇਓ॥੩॥***

(ਅੰਗ ੬੩੪)

ਭਗਤ ਫ਼ਰੀਦ ਜੀ ਦਾ ਵੀ ਕਥਨ ਹੈ ਕਿ ਗੱਲਾਂ ਨਾਲ ਤਾਂ ਵੀਰ ਸੱਜਣ ਬੈਠਦੇ ਹਨ, ਪਰ ਵੀਚਾਰ ਅਤੇ ਪ੍ਰੀਖਿਆ ਕਰਨ ਸਮੇਂ ਇਕ ਵੀ ਨਹੀਂ ਲੱਭਦਾ। ਸੱਚੇ ਮਿੱਤਰ ਦੇ ਮਿਲਾਪ ਦੀ ਚਿੰਤਾ ਵਿਚ ਮਲੀਹ ਦੀ ਅੱਗ ਵਾਂਗ ਮਨ ਧੁਖ ਰਿਹਾ ਹੈ:

***ਫਰੀਦਾ ਗਲੀ ਸੁ ਸਜਣ ਵੀਹ ਇਕੁ ਢੂੰਢੇਦੀ ਨ ਲਹਾਂ॥***
***ਧੁਖਾਂ ਜਿਉ ਮਾਂਲੀਹ ਕਾਰਣਿ ਤਿੰਨ੍ਾ ਮਾ ਪਿਰੀ॥ ੮੭॥*** (ਅੰਗ ੧੩੮੨)

***ਅਥਵਾ : ਇਹ ਜਗਿ ਮੀਤੁ ਨ ਦੇਖਿਓ ਕੋਈ॥***

***ਸਗਲ ਜਗਤੁ ਅਪਨੈ ਸੁਖਿ ਲਾਗਿਓ ਦੁਖ ਮੈ ਸੰਗਿ ਨ ਹੋਈ॥੧॥ਰਹਾਉ॥***
***ਦਾਰਾ ਮੀਤ ਪੂਤ ਸਨਬੰਧੀ ਸਗਰੇ ਧਨ ਸਿਉ ਲਾਗੇ॥***
***ਜਬ ਹੀ ਨਿਰਧਨ ਦੇਖਿਓ ਨਰ ਕਉ ਸੰਗੁ ਛਾਡਿ ਸਭ ਭਾਗੇ॥ ੧॥***

(ਅੰਗ ੬੩੩)

ਭਾਈ ਗੁਰਦਾਸ ਜੀ ਦੇ ਅਨੁਸਾਰ :

***ਸਾਹੁਰੁ ਪੀਹਰੁ ਪਖ ਤ੍ਰੈ ਘਰੁ ਨਾਨੇਹਾਲਾ।***
***ਸਹੁਰਾ ਸਸੁ ਵਖਾਣੀਐ ਸਾਲੀ ਤੈ ਸਾਲਾ।***
***ਮਾ ਪਿਉ ਭੈਣਾ ਭਾਇਰਾ ਪਰਵਾਰੁ ਦੁਰਾਲਾ।***
***ਨਾਨਾ ਨਾਨੀ ਮਾਸੀਆ ਮਾਮੇ ਜੰਜਾਲਾ।***
***ਸੁਇਨਾ ਰੁਪਾ ਸੰਜੀਐ ਹੀਰਾ ਪਰਵਾਲਾ।***
***ਪੀਰ ਮੁਰੀਦਾਂ ਪਿਰਹੜੀ ਏਹੁ ਸਾਕੁ ਸੁਖਾਲਾ॥੭॥***

(ਵਾਰ ੨੭, ਪਉੜੀ ੭)

***ਨਹੀ ਦਦਸਾਰ ਪਿਤਾ ਪਿਤਾਮਾ ਪਰ-ਪਿਤਾਮਾ, ਸਜਨ ਕੁਟੰਬ ਸੁਤ ਬਾਂਧਵ ਨ ਭ੍ਰਾਤਾ ਹੈ।***
***ਨਹੀ ਨਨਸਾਰ ਮਾਤਾ ਪਰ-ਮਾਤਾ ਬ੍ਰਿਧ ਪਰ ਮਾਤਾ, ਮਾਮੂ ਮਾਮੀ ਮਾਸੀ ਔ ਮੌਸਾ ਬਿਬਿਧ ਬਿਖਜਾਤਾ ਹੈ।***
***ਨਹੀ ਸਸੁਰਾਰ ਸਾਸੁ ਸਸੁਰਾ ਸਾਰੋ ਅਉ ਸਾਰੀ, ਨਹੀ ਬਿਰਤੀਸੁਰ ਮੈ ਜਾਚਿਕ ਨ ਦਾਤਾ ਹੈ।***
***ਅਸਨ ਬਸਨ ਧਨ ਧਾਮ ਕਾਹੂ ਮੈ ਨ ਦੇਖਿਓ, ਜੈਸਾ ਗੁਰਸਿਖ ਸਾਧ ਸੰਗਤਿ ਕੋ ਨਾਤਾ ਹੈ॥੧੦੦॥***

(ਕਬਿੱਤ ਸਵੱਯੇ ਭਾ: ਗੁਰਦਾਸ ਜੀ)

***੧. ਜਹ ਮਾਤ ਪਿਤਾ ਸੁਤ ਮੀਤ ਨ ਭਾਈ॥***
***ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥***

(ਅੰਗ ੨੬੪)

***੨. ਧਿਆਇਓ ਅੰਤਿ ਬਾਰ ਨਾਮੁ ਸਖਾ॥***
***ਜਹ ਮਾਤ ਪਿਤਾ ਸੁਤ ਭਾਈ ਨ ਪਹੁਚੈ ਤਹਾ ਤਹਾ ਤੂ ਰਖਾ॥***

(ਅੰਗ ੧੨੧੨)

***੩. ਮਾਤ ਪਿਤਾ ਸੁਤ ਬੰਧਪਾ ਕੂੜੇ ਸਭੇ ਸਾਕ॥*** (ਅੰਗ ੪੭)

***੪. ਮਾਤ ਪਿਤਾ ਸੁਤ ਸਾਥਿ ਨ ਮਾਇਆ॥*** (ਅੰਗ ੮੦੪)

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

***੫. ਮਾਤ ਪਿਤਾ ਭਾਈ ਸੁਤ ਬਨਿਤਾ ਕਹਹੁ ਕੋਊ ਹੈ ਕਾ ਕਾ॥***

(ਅੰਗ ੬੯੨)

ਇਸ ਲਈ ਪੰਚਮ ਗੁਰਦੇਵ ਜੀ ਦਾ ਫ਼ੁਰਮਾਨ ਹੈ:

***ਐਸਾ ਮੀਤੁ ਕਰਹੁ ਸਭੁ ਕੋਇ॥ ਜਾ ਤੇ ਬਿਰਥਾ ਕੋਇ ਨ ਹੋਇ॥***

(ਅੰਗ ੧੯੫)

## ਸਾਖੀ—ਸੱਚੇ ਮਿੱਤਰ ਦੀ

ਇਕ ਬਾਦਸ਼ਾਹ ਦੇ ਕੋਈ ਪੁੱਤਰ ਨਹੀਂ ਸੀ ਹੋਇਆ। ਪੁੱਤਰ ਦੀ ਪ੍ਰਾਪਤੀ ਵਾਸਤੇ ਬਾਦਸ਼ਾਹ ਨੇ ਬਹੁਤ ਯਤਨ ਕੀਤੇ ਸਨ। ਬਹੁਤ ਸਾਰੇ ਪੀਰਾਂ ਫ਼ਕੀਰਾਂ ਦੀ ਮੰਨਤਾ ਕੀਤੀ। ਬੜੇ ਸਿਆਣੇ ਕਹਿਲਾਉਣ ਵਾਲੇ ਮਨੁੱਖਾਂ ਦੇ ਪਾਸੋਂ ਪੁੱਤਰ ਦੀ ਪ੍ਰਾਪਤੀ ਦਾ ਉਪਾਅ ਪੁੱਛਿਆ। ਹਰ ਕਿਸੇ ਦਾ ਦੱਸਿਆ ਹੋਇਆ ਉਪਾਅ, ਵੈਦਾਂ, ਹਕੀਮਾਂ ਦੀਆਂ ਦੱਸੀਆਂ ਹੋਈਆਂ ਦਵਾਈਆਂ ਬੂਟੀਆਂ, ਪਾਖੰਡੀ ਸਾਧੂ, ਸੰਤਾਂ ਦੇ ਦੱਸੇ ਤਵੀਤ ਧਾਗੇ ਕਰ ਕਰਾ ਕੇ ਥੱਕ ਗਿਆ ਅਤੇ ਦੇਵੀ ਦੇਵਤਿਆਂ ਦੀਆਂ ਮੰਨ ਮਨੌਤਾਂ ਕਰਦਾ ਹੋਇਆ, ਪੁੱਤਰ ਵਾਸਤੇ ਇਹਨਾਂ ਦੀ ਆਰਾਧਨਾ ਕਰਕੇ ਵੀ ਥੱਕ ਗਿਆ। ਆਖ਼ਿਰ ਨੂੰ ਸਿਆਣੇ ਜੋਤਸ਼ੀਆਂ ਦੇ ਪਾਸੋਂ ਪੁੱਤਰ-ਪ੍ਰਾਪਤੀ ਦਾ ਉਪਾਅ ਪੁੱਛਿਆ, ਤਾਂ ਜੋਤਸ਼ੀਆਂ ਨੇ ਦੱਸਿਆ ਕਿ ਰਾਜਨ ! ਕਿਸੇ ਮਨੁੱਖ ਦੀ ਦੇਵੀ ਨੂੰ ਬਲੀ ਦੇਣੀ ਹੈ। ਉਸ ਦੇ ਪਰਿਵਾਰ ਦੇ ਜੀਅ ਉਸ ਦੀ ਖ਼ੁਸ਼ ਹੋ ਕੇ ਦੇਵੀ ਨੂੰ ਬਲੀ ਦੇਣ ਅਤੇ ਉਹ ਮਨੁੱਖ ਆਪ ਵੀ ਆਪਣੀ ਬਲੀ ਦੇਣ ਲਈ ਖ਼ੁਸ਼ ਹੋਵੇ। ਤਾਂ ਰਾਜੇ ਨੇ ਸ਼ਹਿਰ ਵਿਚ ਸਾਰੇ ਲੋਕਾਂ ਨੂੰ ਕਿਹਾ, ਕਿ ਜਿਹੜਾ ਮਨੁੱਖ ਦੇਵੀ ਦੀ ਬਲੀ ਦੇਣ ਵਾਸਤੇ ਆਪਣੇ ਆਪ ਨੂੰ ਦੇਵੇਗਾ, ਮੈਂ ਉਸਨੂੰ ਅਤੇ ਉਸ ਦੇ ਪਰਿਵਾਰ ਨੂੰ ਮੂੰਹ ਮੰਗਿਆ ਇਨਾਮ ਦੇਵਾਂਗਾ। ਇਸੇ ਹੀ ਸ਼ਹਿਰ ਵਿਚ ਇਕ ਨੌਜਵਾਨ ਸਤਿਸੰਗੀ ਸੀ, ਜੋ ਦਿਨ ਰਾਤ ਸੇਵਾ ਸਿਮਰਨ ਵਿਚ ਲੱਗਿਆ ਰਹਿੰਦਾ ਸੀ। ਇਸ ਦੇ ਮਾਪੇ ਬਹੁਤ ਗ਼ਰੀਬ ਸਨ। ਉਹ ਇਸ ਆਪਣੇ ਲੜਕੇ ਨੂੰ ਵਿਹਲੜ ਸਮਝਦੇ ਸਨ। ਬਾਦਸ਼ਾਹ ਦਾ ਹੁਕਮ ਸੁਣ ਕੇ ਉਹਨਾਂ ਸੋਚਿਆ ਕਿ ਆਪਣੀ ਗ਼ਰੀਬੀ ਦੂਰ ਹੋ ਸਕਦੀ ਹੈ। ਇਸ ਵਿਹਲੜ ਪੁੱਤਰ ਨੂੰ ਗਲੋਂ ਲਾਹ ਕੇ ਅਤੇ ਮੂੰਹ ਮੰਗਿਆ ਧਨ ਲੈ ਕੇ ਆਪਣੀ ਗ਼ਰੀਬੀ ਦੂਰ ਕਰੀਏ। ਇਹ ਵਿਚਾਰ ਕਰ ਕੇ ਬਾਦਸ਼ਾਹ ਨੂੰ ਆਪਣਾ ਲੜਕਾ ਦੇਵੀ ਦੀ ਬਲੀ ਵਾਸਤੇ ਦੇ ਦਿੱਤਾ। ਬਾਦਸ਼ਾਹ ਨੇ ਉਸ ਲੜਕੇ ਨੂੰ ਕਿਹਾ ਕਿ ਕਾਕਾ ! ਤੈਨੂੰ ਦੇਵੀ ਦੀ ਬਲੀ ਚੜ੍ਹਾਉਣਾ ਹੈ। ਇਸ ਲਈ ਜੋ ਤੇਰੀ ਅੰਤਮ ਇੱਛਾ ਹੈ, ਉਹ ਦੱਸ। ਤਾਂ ਉਹ ਲੜਕਾ ਕਹਿਣ ਲੱਗਾ, ਜੀ ਮੇਰੀ ਅੰਤਮ ਇੱਛਾ ਖੁਲ੍ਹੇ ਵਹਿੰਦੇ ਦਰਿਆ ਦੇ ਜਲ ਵਿਚ ਇਸ਼ਨਾਨ ਕਰਨ ਦੀ ਹੈ। ਦਰਿਆ ਬਾਦਸ਼ਾਹ ਦੇ ਮਹਿਲਾਂ ਦੇ ਨਜ਼ਦੀਕ ਹੀ ਵਹਿੰਦਾ ਸੀ। ਬਾਦਸ਼ਾਹ ਨੇ ਆਪਣੇ ਸਿਪਾਹੀ ਦੇ ਕੇ ਲੜਕੇ ਨੂੰ ਦਰਿਆ ਵਿਚ ਇਸ਼ਨਾਨ ਕਰਨ ਲਈ ਭੇਜ ਦਿੱਤਾ। ਨਾਲ ਹੀ ਸਿਪਾਹੀਆਂ ਨੂੰ ਕਿਹਾ ਕਿ ਤੁਸੀਂ ਪਹਿਰਾ ਰੱਖਣਾ ਹੈ, ਪਰ ਕਿਸੇ ਗੱਲੋਂ ਇਸਨੂੰ ਰੋਕਣਾ ਨਹੀਂ, ਭਾਵ ਨਾਰਾਜ਼ ਨਹੀਂ ਕਰਨਾ। ਬਾਦਸ਼ਾਹ ਮਹਿਲਾਂ ਉੱਪਰ ਖਲੋ ਕੇ ਵੇਖਣ ਲੱਗ ਪਿਆ। ਲੜਕੇ ਨੇ ਦਰਿਆ ਵਿਚ ਇਸ਼ਨਾਨ ਕਰਕੇ ਚਾਰ ਢੇਰੀਆਂ ਮਿੱਟੀ ਦੀਆਂ ਬਣਾਈਆਂ। ਪਹਿਲਾਂ ਇਕ ਢੇਰੀ ਢਾਹ ਦਿੱਤੀ, ਫਿਰ
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਦੂਸਰੀ ਤੇ ਫਿਰ ਤੀਸਰੀ ਢੇਰੀ ਢਾਹ ਦਿੱਤੀ। ਚੌਥੀ ਢੇਰੀ ਦੀ ਪਰਿਕਰਮਾ ਕਰਕੇ ਨੇਤਰ ਮੀਟ ਕੇ ਪ੍ਰਮੇਸ਼ਰ ਦਾ ਧਿਆਨ ਧਰ ਕੇ ਸਿਰ ਝੁਕਾ ਦਿੱਤਾ। ਇਹ ਸਾਰਾ ਕੁਝ ਬਾਦਸ਼ਾਹ ਨੇ ਆਪਣੇ ਮਹਿਲਾਂ ਉਪਰ ਖੜੇ ਨੇ ਆਪਣੇ ਅੱਖੀਂ ਲੜਕੇ ਨੂੰ ਚਾਰ ਢੇਰੀਆਂ ਬਣਾਉਂਦਿਆਂ, ਤਿੰਨ ਢੇਰੀਆਂ ਢਾਹੀਆਂ ਤੇ ਚੌਥੀ ਦੀ ਪਰਿਕਰਮਾ ਕਰਕੇ ਮਸਤਕ ਟੇਕਦੇ ਨੂੰ ਦੇਖਿਆ ਸੀ। ਬਾਦਸ਼ਾਹ ਦੇ ਮਨ ਅੰਦਰ ਸ਼ੱਕ ਪੈ ਗਈ, ਕਿ ਇਸ ਲੜਕੇ ਨੇ ਢੇਰੀਆਂ ਬਣਾ ਕੇ ਇਕ ਰੱਖ ਕੇ ਉਸਨੂੰ ਸਿਰ ਝੁਕਾਇਆ ਹੈ। ਕਿਤੇ ਐਸਾ ਨਾ ਹੋਵੇ ਕਿ ਇਸ ਨੇ ਕੋਈ ਮੰਤਰ-ਜੰਤਰ ਪੜ੍ਹ ਦਿੱਤਾ ਹੋਵੇ ਅਤੇ ਇਸ ਦੀ ਬਲੀ ਦੇਣ ਤੋਂ ਵੀ ਮੇਰੇ ਪੁੱਤਰ ਨਾ ਹੋਵੇ। ਵਾਪਸ ਆਏ ਲੜਕੇ ਨੂੰ ਢੇਰੀਆਂ ਬਾਰੇ ਚੰਗੀ ਤਰ੍ਹਾਂ ਪੁਛਿਆ। ਤਾਂ ਲੜਕੇ ਨੇ ਦੱਸਿਆ ਕਿ ਬਾਦਸ਼ਾਹ ਹਜ਼ੂਰ ! ਮਨੁੱਖ ਦੇ ਸੰਸਾਰ ਵਿਚ ਚਾਰ ਮਿੱਤਰ ਮੰਨੇ ਹਨ-(੧) ਪਹਿਲੇ ਪਰਿਵਾਰ ਦੇ ਜੀਅ ੨. ਦੂਸਰੇ ਰਾਜੇ ਲੋਕ ੩. ਤੀਜੇ ਦੇਵੀ ਦੇਵਤੇ ੪. ਚੌਥਾ ਅਸਲ ਮਿੱਤਰ ਪ੍ਰਮਾਤਮਾ ਹੈ। ਇਸ ਕਰਕੇ ਪਹਿਲੇ ਮਿੱਤਰ ਪਰਿਵਾਰ ਦੇ ਜੀਆਂ ਨੇ ਲਾਲਚ ਵੱਸ ਹੋ ਕੇ ਮੈਨੂੰ ਵੇਚ ਦਿੱਤਾ ਹੈ। ਦੂਸਰੇ ਮਿੱਤਰ ਤੁਸੀਂ ਪੁੱਤਰ ਦੀ ਪ੍ਰਾਪਤੀ ਲਈ ਦੇਵੀ ਨੂੰ ਪ੍ਰਸੰਨ ਕਰਨ ਵਾਸਤੇ ਮੈਨੂੰ ਮਾਰਨ ਨੂੰ ਤਿਆਰ ਹੋ। ਤੀਸਰੇ ਦੇਵੀ ਦੇਵਤੇ ਹਨ ਅਤੇ ਦੇਵੀ ਡੈਣ ਦੀ ਤਰ੍ਹਾਂ ਮੇਰੀ ਬਲੀ ਲੈਣ ਨੂੰ ਤਿਆਰ ਹੈ।

ਇਸ ਕਰਕੇ ਇਹ ਤਿੰਨੇ ਮਿੱਤਰਾਂ ਦੀਆਂ ਢੇਰੀਆਂ ਮੈਂ ਢਾਹ ਦਿੱਤੀਆਂ ਹਨ। ਚੌਥਾ ਸੱਚਾ ਮਿੱਤਰ ਪ੍ਰਮਾਤਮਾ ਹੈ, ਜੋ ਮਨੁੱਖ ਦੀ ਲੋਕ ਪਰਲੋਕ ਵਿਚ ਸਹਾਇਤਾ ਕਰਨ ਵਾਲਾ ਹੈ। ਸੱਚੇ ਮਿੱਤਰ ਪ੍ਰਮਾਤਮਾ ਦੀ ਢੇਰੀ ਰੱਖ ਕੇ ਉਸ ਦਾ ਧਿਆਨ ਧਰ ਕੇ ਮੈਂ ਉਸਨੂੰ ਮਸਤਕ ਟੇਕਿਆ ਹੈ, ਉਹ ਹੀ ਮੇਰੀ ਰੱਖਿਆ ਕਰਨ ਵਾਲਾ ਹੈ। ਬਾਦਸ਼ਾਹ ਇਹ ਸੁਣ ਕੇ ਹੈਰਾਨ ਹੋ ਗਿਆ। ਮਨ ਵਿਚ ਸੋਚਿਆ ਕਿ ਇਸ ਦੀ ਬਲੀ ਦੇ ਕੇ ਵੀ ਕੀ ਪਤਾ ਹੈ ਮੇਰੇ ਪੁੱਤਰ ਹੋਣਾ ਹੈ ਜਾਂ ਨਹੀਂ ਹੋਣਾ ਹੈ। ਜੇ ਹੋਇਆ ਭੀ ਅਤੇ ਉਹ ਜੇਕਰ ਨਾਲਾਇਕ ਨਿਕਲ ਆਇਆ ਤਾਂ ਰਾਜ ਭਾਗ ਬਰਬਾਦ ਕਰ ਦੇਵੇਗਾ। ਐਸੇ ਪੁੱਤਰ ਤੋਂ ਕੀ ਕਰਾਉਣਾ ਹੈ। ਇਹ ਐਨਾ ਲਾਇਕ ਸਿਆਣਾ ਹੈ, ਜਿਸ ਨੇ ਮੈਨੂੰ ਸਮਝ ਕਰਾ ਦਿੱਤੀ ਕਿ ਇਕ ਪ੍ਰਮਾਤਮਾ ਹੀ ਸੱਚਾ ਮਿੱਤਰ ਹੈ, ਜੋ ਸਭ ਦੀ ਸਹਾਇਤਾ ਕਰਨ ਵਾਲਾ ਹੈ। ਇਸ ਲੜਕੇ ਨੂੰ ਮੈਂ ਆਪਣਾ ਮੁਤਬੰਨਾ ਪੁੱਤਰ ਕਿਉਂ ਨਾ ਬਣਾ ਲਵਾਂ। ਬਾਦਸ਼ਾਹ ਨੇ ਇਸ ਤਰ੍ਹਾਂ ਸੋਚ ਕੇ ਉਸ ਲੜਕੇ ਨੂੰ ਆਪਣਾ ਸ਼ਹਿਜ਼ਾਦਾ ਬਣਾ ਲਿਆ। ਪ੍ਰਮਾਤਮਾ ਰੂਪ ਮਿੱਤਰ ਨੇ ਰਾਜੇ ਦੇ ਮਨ ਵਿਚ ਵੱਸ ਕੇ ਉਸ ਲੜਕੇ ਦੀ ਐਸੀ ਸਹਾਇਤਾ ਕੀਤੀ ਕਿ ਉਸ ਨੂੰ ਬਾਦਸ਼ਾਹ ਦਾ ਸ਼ਹਿਜ਼ਾਦਾ ਤੇ ਰਾਜ ਭਾਗ ਦਾ ਮਾਲਕ ਬਣਾ ਦਿੱਤਾ।

**ਜੈਤਸਰੀ ਮਹਲਾ ੫ ਘਰੁ ੩ ੧ੴ ਸਤਿਗੁਰ ਪ੍ਰਸਾਦਿ॥**

**ਕੋਈ ਜਾਨੈ ਕਵਨੁ ਈਹਾ ਜਗਿ ਮੀਤੁ॥ ਜਿਸੁ ਹੋਇ ਕ੍ਰਿਪਾਲੁ ਸੋਈ ਬਿਧਿ ਬੂਝੈ ਤਾ ਕੀ ਨਿਰਮਲ ਰੀਤਿ॥੧॥ ਰਹਾਉ॥ ਮਾਤ ਪਿਤਾ ਬਨਿਤਾ ਸੁਤ ਬੰਧਪ ਇਸਟ ਮੀਤ ਅਰੁ ਭਾਈ॥ ਪੂਰਬ ਜਨਮ ਕੇ ਮਿਲੇ ਸੰਜੋਗੀ ਅੰਤਹਿ ਕੋ ਨ ਸਹਾਈ॥੧॥ ਮੁਕਤਿ ਮਾਲ ਕਨਿਕ ਲਾਲ ਹੀਰਾ ਮਨ ਰੰਜਨ ਕੀ**

ਮਾਇਆ ॥ ਹਾ ਹਾ ਕਰਤ ਬਿਹਾਨੀ ਅਵਧਹਿ ਤਾ ਮਹਿ ਸੰਤੋਖੁ ਨ ਪਾਇਆ ॥ ੨ ॥ ਹਸਤਿ ਰਥ ਅਸ੍ਵ ਪਵਨ ਤੇਜ ਧਣੀ ਭੂਮਨ ਚਤੁਰਾਂਗਾ ॥ ਸੰਗਿ ਨ ਚਾਲਿਓ ਇਨ ਮਹਿ ਕਛੂਐ ਊਠਿ ਸਿਧਾਇਓ ਨਾਂਗਾ ॥ ੩ ॥ ਹਰਿ ਕੇ ਸੰਤ ਪ੍ਰਿਅ ਪ੍ਰੀਤਮ ਪ੍ਰਭ ਕੇ ਤਾ ਕੈ ਹਰਿ ਹਰਿ ਗਾਈਐ ॥ ਨਾਨਕ ਈਹਾ ਸੁਖੁ ਆਗੈ ਮੁਖ ਊਜਲ ਸੰਗਿ ਸੰਤਨ ਕੈ ਪਾਈਐ ॥ ੪ ॥ ੧ ॥

(ਅੰਗ ੭੦੦)

## ਪਦ ਅਰਥ :

ਜਗਿ-ਜਗਤ ਵਿਚ। ਬਿਧਿ-ਜੁਗਤੀ। ਰੀਤਿ-ਜੁਗਤੀ। ਬਨਿਤਾ-ਇਸਤਰੀ। ਸੁਤ-ਪੁੱਤਰ। ਬੰਧਪ-ਸੰਬੰਧੀ, ਰਿਸ਼ਤੇਦਾਰ। ਇਸਟ ਮੀਤ-ਪਿਆਰੇ ਮਿੱਤਰ। ਭਾਈ-ਵੀਰ। ਪੂਰਬ-ਪਿਛਲੇ। ਸੰਜੋਗੀ-ਸੰਜੋਗ ਨਾਲ। ਅੰਤਹਿ-ਅੰਤ ਸਮੇਂ। ਸਹਾਈ-ਸਹਾਇਤਾ ਕਰਨ ਵਾਲਾ, ਸਾਥੀ। ਮੁਕਤਿ ਮਾਲ-ਮੋਤੀਆਂ ਦੀ ਮਾਲਾ। ਕਨਿਕ-ਸੋਨਾ। ਮਨ ਰੰਜਨ-ਮਨ ਨੂੰ ਖ਼ੁਸ਼ ਕਰਨ ਵਾਲੀ। ਹਾ ਹਾ ਕਰਤ-ਹਉਕੇ ਲੈਂਦਿਆਂ, ਦੁੱਖੀ ਹੁੰਦਿਆਂ। ਬਿਹਾਨੀ ਅਵਧਹਿ-ਉਮਰ ਗੁਜ਼ਰ ਗਈ। ਤਾ ਮਹਿ-ਇਹਨਾਂ ਵਿਚ। ਸੰਤੋਖੁ-ਸਬਰ। ਹਸਤਿ-ਹਾਥੀ। ਅਸ੍ਵ-ਘੋੜੇ। ਪਵਨ ਤੇਜ-ਹਵਾ ਵਾਂਗ ਤੇਜ਼ (ਵੇਗ ਵਾਲੇ)। ਧਣੀ-ਧਨਾਢ। ਭੂਮਨ-ਜ਼ਮੀਨ ਵਾਲਾ (ਸਾਹਿਬੇ ਜਾਇਦਾਦ)। ਚਤੁਰਾਂਗਾ-ਚਾਰ ਅੰਗਾਂ ਵਾਲਾ (ਭਾਵ, ਹਾਥੀ, ਘੋੜੇ, ਰਥ ਅਤੇ ਪੈਦਲ ਫ਼ੌਜ ਰੱਖਣ ਵਾਲਾ)। ਊਠਿ ਸਿਧਾਇਓ-ਉਠ ਕੇ ਟੁਰ ਪਿਆ। ਪ੍ਰਿਅ-ਪਿਆਰੇ। ਤਾ ਕੇ-ਉਨ੍ਹਾਂ ਦੇ (ਪਾਸ)। ਈਹਾ-ਏਥੇ, ਭਾਵ ਇਸ ਲੋਕ ਵਿਚ। ਆਗੈ-ਭਾਵ ਪਰਲੋਕ ਵਿਚ।

## ਅਰਥ :

( ਹੇ ਭਾਈ !) ਕੋਈ ਵਿਰਲਾ ਮਨੁੱਖ ਹੀ) ਜਾਣਦਾ ਹੈ, ਕਿ ਇਸ ਸੰਸਾਰ ਅੰਦਰ (ਅਸਲੀ) ਮਿੱਤਰ ਕੌਣ ਹੈ ?। ਜਿਸ (ਮਨੁੱਖ ਉੱਤੇ ਪ੍ਰਭੂ) ਕਿਰਪਾਲੂ ਹੁੰਦਾ ਹੈ, (ਅਸਲ ਵਿਚ ਉਹ ਹੀ) ਇਸ ਜੁਗਤੀ ਨੂੰ ਸਮਝ ਸਕਦਾ ਹੈ (ਅਤੇ) ਉਸ ਮਨੁੱਖ ਦੀ ਹੀ ਜੀਵਨ ਜੁਗਤੀ ਪਵਿੱਤਰ ਹੁੰਦੀ ਹੈ।੧। ਰਹਾਉ। (ਹੇ ਭਾਈ!) ਮਾਤਾ, ਪਿਤਾ ਅਤੇ ਘਰ ਵਾਲੀ (ਇਸਤਰੀ) ਤੇ ਪੁੱਤਰ ਅਤੇ ਸੰਬੰਧੀ (ਰਿਸ਼ਤੇਦਾਰ ਹੋਰ) ਪਿਆਰੇ ਮਿੱਤਰ ਤੇ ਭਰਾ (ਇਹ ਸਾਰੇ) ਪਿਛਲੇ ਜਨਮਾਂ ਦੇ ਸੰਜੋਗਾਂ ਕਰਕੇ (ਇਥੇ ਇਕ ਦੂਜੇ ਨਾਲ) ਮਿਲੇ ਹਨ (ਪਰ ਇਨ੍ਹਾਂ ਵਿਚੋਂ) ਅੰਤ ਸਮੇਂ ਕੋਈ ਭੀ ਸਹਾਇਤਾ ਕਰਨ ਵਾਲਾ (ਸਾਥੀ ਨਹੀਂ) ਹੈ। ੧। (ਹੇ ਭਾਈ !) ਮੋਤੀਆਂ ਦੀ ਮਾਲਾ, ਸੋਨਾ, ਲਾਲ ਤੇ ਹੀਰੇ ਆਦਿ (ਇਹ ਸਾਰਾ ਕੁਝ) ਤੇ ਜੋ ਹੋਰ ਮਨ ਨੂੰ ਖ਼ੁਸ਼ ਕਰਨ ਵਾਲੀ ਮਾਇਆ ਹੈ। ਹਾਇ (ਮੇਰੀ ਮਾਇਆ), ਹਾਏ (ਮੇਰੀ ਮਾਇਆ) ਇਸ ਮਾਇਆ ਨੂੰ ਇਕੱਠੀ ਕਰਦਿਆਂ ਤੇ (ਮੇਰੀ ਮਾਇਆ, ਮੇਰੀ ਮਾਇਆ ਕਰਦਿਆਂ) ਸਾਰੀ ਉਮਰ ਬੀਤ ਗਈ ਹੈ, (ਪਰ ਇਸ ਮਾਇਆ ਨੂੰ ਪਾ ਕੇ ਅੱਜ ਤੱਕ ਕਿਸੇ ਨੂੰ) ਸੰਤੋਖ ਪ੍ਰਾਪਤ ਨਹੀਂ ਹੋਇਆ। ੨। (ਹੇ ਭਾਈ ! ਇਹ) ਹਾਥੀ, ਰਥ, ਹਵਾ ਦੀ ਤਰ੍ਹਾਂ ਤੇਜ਼

ਚਲਣ ਵਾਲੇ ਘੋੜੇ ਤੇ ਧਨਵਾਨ (ਧਨਾਢ ਅਤੇ ਬਹੁਤ ਸਾਰੀ) ਜਾਇਦਾਦ (ਭਾਵ ਜ਼ਮੀਨ) ਤੇ ਚਾਰ ਤਰ੍ਹਾਂ ਦੀ ਫ਼ੌਜ, (ਪੈਦਲ, ਰੱਥ ਅਸਵਾਰ, ਘੋੜ ਅਸਵਾਰ, ਹਾਥੀ ਅਸਵਾਰ) ਅੰਤ ਸਮੇਂ ਇਨ੍ਹਾਂ ਵਿਚੋਂ (ਮਨੁੱਖ ਦੇ ਨਾਲ) ਕੁਝ ਵੀ ਨਹੀਂ ਗਿਆ, (ਉਹ ਦੁਨੀਆਂ ਚੋਂ) ਨੰਗਾ ਹੀ ਉਠ ਕੇ ਚਲਿਆ ਗਿਆ। ੩। (ਹੇ ਭਾਈ !) ਹਰੀ ਦੇ ਸੰਤ (ਜੋ) ਪ੍ਰਭੂ ਦੇ ਪਿਆਰੇ ਹਨ, ਉਹਨਾਂ ਪਾਸ (ਬੈਠ ਕੇ) ਹਰੀ ਦੇ (ਗੁਣ) ਗਾਉਣਾ, (ਵਾਹਿਗੁਰੂ ਨਾਮ ਜਪਣਾ ਤੇ ਕੀਰਤਨ ਕਰਨਾ) ਚਾਹੀਦਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਇਹ ਕੁਝ ਕਰਨ ਨਾਲ) ਸੰਸਾਰ ਅੰਦਰ ਇਥੇ ਸੁੱਖ ਅਤੇ ਪਰਲੋਕ ਵਿਚ ਵੀ ਮੁੱਖ ਉਜਲਾ (ਹੁੰਦਾ ਹੈ) (ਪਰ ਨਾਮ ਜੱਪਣਾ ਤੇ ਹਰ ਜੱਸ ਕਰਨਾ) ਇਹ ਸੰਤਾਂ ਦੀ ਸੰਗਤ ਕਰਨ ਨਾਲ (ਸਭ ਸਫਲਾ ਹੁੰਦਾ ਹੈ)। ੪। ੧।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧੧੦ (ਅੰਗ ੭੦੧)

## ਜੈਤਸਰੀ ਮਹਲਾ ੫ ॥

ਕੋਈ ਜਨੁ ਹਰਿ ਸਿਉ ਦੇਵੈ ਜੋਰਿ ॥ ਚਰਨ ਗਹਉ ਬਕਉ ਸੁਭ ਰਸਨਾ ਦੀਜਹਿ ਪ੍ਰਾਨ ਅਕੋਰਿ ॥੧॥ਰਹਾਉ॥ ਮਨੁ ਤਨੁ ਨਿਰਮਲ ਕਰਤ ਕਿਆਰੋ ਹਰਿ ਸਿੰਚੈ ਸੁਧਾ ਸੰਜੋਰਿ ॥ ਇਆ ਰਸ ਮਹਿ ਮਗਨੁ ਹੋਤ ਕਿਰਪਾ ਤੇ ਮਹਾ ਬਿਖਿਆ ਤੇ ਤੋਰਿ ॥੧॥ ਆਇਓ ਸਰਣਿ ਦੀਨ ਦੁਖ ਭੰਜਨ ਚਿਤਵਉ ਤੁਮ੍ਰੀ ਓਰਿ ॥ ਅਭੈ ਪਦੁ ਦਾਨੁ ਸਿਮਰਨੁ ਸੁਆਮੀ ਕੋ ਪ੍ਰਭ ਨਾਨਕ ਬੰਧਨ ਛੋਰਿ ॥੨॥੫॥੯॥

## ਪ੍ਰਾਕ੍ਰਥਨ :-

ਇਹ ਮੁਖਵਾਕ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜੈਤਸਰੀ ਰਾਗ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਦੇ ਆਰੰਭ ਵਿਚ ਗੁਰਦੇਵ ਨੇ ਹਰੀ ਨਾਲ ਜੋੜਨ ਵਾਲੇ ਜਨ ਦੀ ਗੱਲ ਕੀਤੀ ਹੈ। ਕੋਈ ਐਸਾ ਜਨ ਹੈ ਹੇ ਭਾਈ, ਜੋ ਮੈਨੂੰ ਹਰੀ ਨਾਲ ਜੋੜ ਦੇਵੇ। ਜੋ ਜਨ ਪ੍ਰਭੂ ਨਾਲ ਜੋੜ ਦੇਵੇਗਾ, ਮੈਂ ਉਸਦੇ ਚਰਨ ਘੁੱਟਾਂਗਾ। ਰਸਨਾ ਨਾਲ ਉਸਦਾ ਜਸ ਕਰਾਂਗਾ ਅਤੇ ਪ੍ਰਾਣ ਹੀ ਉਸ ਜਨ ਨੂੰ ਭੇਟਾ ਕਰ ਦੇਵਾਂਗਾ। ਇਹ ਇਸ ਸ਼ਬਦ ਦੇ ਆਰੰਭਤਾ ਦੀਆਂ ਪੰਕਤੀਆਂ ਦਾ ਸਿਧਾਂਤ ਹੈ।

## ਵਿਸ਼ਾ—ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ

ਇਸ ਪਾਵਨ ਮੁਖਵਾਕ ਦੇ ਆਰੰਭ ਅੰਦਰ ਗੁਰਦੇਵ ਨੇ ਪ੍ਰਭੂ ਨਾਲ ਜੋੜ ਦੇਣ ਵਾਲੇ ਜਨ ਦਾ ਜ਼ਿਕਰ ਕੀਤਾ ਹੈ। ਇਹ ਐਸੇ ਜਨ ਦਾ ਜ਼ਿਕਰ ਹੈ, ਜੋ ਆਪ ਪ੍ਰਭੂ ਨਾਲ ਇਕੱਲਾ ਜੁੜਿਆ ਹੀ ਨਹੀਂ, ਸਗੋਂ ਪ੍ਰਭੂ ਦਾ ਰੂਪ ਹੀ ਹੈ। ਐਸੇ ਜਨ ਬਾਰੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਅੰਮ੍ਰਿਤ ਬਚਨ ਹਨ:

***ਹਰਿ ਹਰਿ ਜਨ ਦੁਈ ਏਕ ਹੈ ਬਿਬ ਬਿਚਾਰਿ ਕਛ ਨਾਹਿ॥***
***ਜਲਿ ਤੇ ਉਪਜਿ ਤਰੰਗ ਜਿਉ ਜਲਿ ਹੀ ਬਿਖੈ ਸਮਾਹਿ॥***

(ਦਸਮ ਗ੍ਰੰਥ)

ਜਨ ਦੇ ਅਰਥ ਪ੍ਰਕਰਣ ਅਨੁਸਾਰ ਕੋਸ਼ਾਂ ਵਿਚ ਵੱਖ-ਵੱਖ ਕੀਤੇ ਮਿਲਦੇ ਹਨ, ਪਰ ਇਥੇ ਇਸ ਪ੍ਰਕਰਣ ਅਨੁਸਾਰ ਜਨ ਦੇ ਅਰਥ ਹਨ—ਹਰੀ ਦਾ ਜਨ, ਹਰੀ ਦਾ ਸੇਵਕ, ਹਰੀ ਦਾ ਦਾਸ। ਹਰੀ ਦਾ ਜੋ ਸੇਵਕ ਹੈ, ਪੂਰਨ ਰੂਪ ਵਿਚ ਉਹ ਹਰੀ ਦਾ ਹੀ ਰੂਪ ਹੁੰਦਾ ਹੈ।

ਗੁਰਦੇਵ ਦਾ ਸੁੰਦਰ ਫ਼ੁਰਮਾਣ ਹੈ:

***ਹਰਿ ਕਾ ਸੇਵਕੁ ਸੋ ਹਰਿ ਜੇਹਾ॥***
***ਭੇਦ ਨ ਜਾਣਹੁ ਮਾਣਸ ਦੇਹਾ॥***

(ਅੰਗ ੧੦੭੬)

ਪ੍ਰਭੂ ਪ੍ਰਮਾਤਮਾ ਆਪਣੇ ਸੇਵਕ ਵਿਚ ਇਸ ਤਰ੍ਹਾਂ ਅਭੇਦ ਹੁੰਦਾ ਹੈ ਕਿ ਉਹ ਪੂਰਨ ਰੂਪ ਵਿਚ ਹੀ ਸੇਵਕ ਨਾਲ ਓਤਪੋਤਿ ਹੋ ਰਹਿੰਦਾ ਹੈ :

***ਉਤ ਪੋਤਿ ਸੇਵਕ ਸੰਗਿ ਰਾਤਾ॥***
***ਪ੍ਰਭ ਪ੍ਰਤਿਪਾਲੇ ਸੇਵਕ ਸੁਖਦਾਤਾ॥***

(ਅੰਗ ੧੦੧)

ਜੈਸੇ ਅਕਾਲ ਪੁਰਖ ਬੇਅੰਤ ਉੱਚਿਆਂ ਤੋਂ ਉਚਾ ਹੈ, ਉਸ ਪ੍ਰਭੂ ਦੇ ਗੁਣ ਕਹੇ ਨਹੀਂ ਜਾ ਸਕਦੇ:

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

***ਊਚ ਅਪਾਰ ਬੇਅੰਤ ਸੁਆਮੀ ਕਉਣੁ ਜਾਣੈ ਗੁਣ ਤੇਰੇ॥*** (ਅੰਗ ੮੦੨)

ਇਸੇ ਤਰ੍ਹਾਂ ਪ੍ਰਭੂ ਦਾ ਸੇਵਕ ਊਚ ਅਪਾਰ ਪ੍ਰਮਾਤਮਾ ਦਾ ਰੂਪ ਹੋਣ ਕਰ ਕੇ ਉਸਦਾ ਸੇਵਕ ਵੀ ਉੱਚਿਆਂ ਤੋਂ ਉੱਚਾ ਹੈ :

***ਪ੍ਰਭ ਕੇ ਸੇਵਕ ਕਉ ਕੋ ਨ ਪਹੂਚੈ॥***
***ਪ੍ਰਭ ਕੇ ਸੇਵਕ ਊਚ ਤੇ ਊਚੇ॥***

(ਅੰਗ ੨੮੫)

ਪਰ ਹਰੀ ਦਾ ਸੇਵਕ, ਹਰੀ ਦਾ ਜਨ, ਕਹਿਣਾ ਸੌਖਾ ਹੈ, ਜੋ ਹਰੀ ਜਨ ਹਰੀ ਦਾ ਰੂਪ ਹੁੰਦਾ ਹੈ, ਐਸਾ ਜਨ ਬਣਨਾ ਬਹੁਤ ਅਉਖਾ ਹੈ। ਭਗਤ ਕਬੀਰ ਜੀ ਨੇ ਹਰੀ ਦੇ ਜਨ ਦਾ ਨਿਰਣਾ ਕਰਦਿਆਂ ਕਥਨ ਕੀਤਾ ਹੈ।

ਇਹ ਨਿਰਣਾ ਪੂਰਨ ਰੂਪ ਵਿਚ ਹਰੀ ਦਾ ਜਨ, ਹਰੀ ਦਾ ਰੂਪ ਹੋਣ ਤੱਕ ਦਾ ਦਿੱਤਾ ਹੈ। ਪਹਿਲੇ ਸਲੋਕ ਵਿਚ ਮਨ ਦਾ ਹੰਕਾਰ ਛੱਡ ਕੇ ਰਸਤੇ ਦੇ ਰੋੜੇ ਦੀ ਤਰ੍ਹਾਂ ਬਣ ਜਾਣਾ ਕਿਹਾ ਹੈ। ਪਰ ਸੋਚ ਇਸ ਤੋਂ ਅੱਗੇ ਚੱਲੀ ਹੈ ਕਿ ਰੋੜਾ ਤਾਂ ਰਸਤੇ 'ਚ ਜਾਣ ਵਾਲਿਆਂ ਨੂੰ ਠੋਕਰਾਂ ਦੇ ਰੂਪ ਵਿਚ ਦੁੱਖ ਦਿੰਦਾ ਹੈ। ਇਸ ਲਈ ਹਰੀ ਦਾ ਦਾਸ ਧਰਤੀ ਦੀ ਮਿੱਟੀ ਦੀ ਤਰ੍ਹਾਂ ਨਰਮ ਹੋ ਜਾਵੇ, ਪਰ ਸੋਚ ਅੱਗੇ ਉਠੀ ਕਿ ਮਿੱਟੀ ਉੱਡ ਕੇ ਮਨੁੱਖ ਦੇ ਅੰਗਾਂ ਨੂੰ ਲੱਗਦੀ ਹੈ, ਜਿਸ ਤੋਂ ਮਨੁੱਖ ਦੇ ਮਨ ਅੰਦਰ ਨਫ਼ਰਤ ਪੈਦਾ ਹੁੰਦੀ ਹੈ, ਕਿ ਮੇਰੇ ਉੱਤੇ ਘੱਟਾ ਪੈ ਗਿਆ ਹੈ। ਸੋਚ ਅੱਗੇ ਪਾਣੀ 'ਤੇ ਪਹੁੰਚੀ ਹੈ। ਪਰ ਪਾਣੀ ਵਿਚ ਵੀ ਤਬਦੀਲੀ ਹੈ ਤੱਤਾ ਤੇ ਠੰਢਾ ਹੋ ਜਾਣ ਦੀ। ਇਸ ਕਰਕੇ ਹਰੀ ਦਾ ਪੂਰਨ ਸੇਵਕ ਹਰੀ ਦਾ ਰੂਪ ਹੋ ਕੇ ਹੀ ਹਰੀ ਦਾ ਦਾਸ ਬਣ ਸਕਦਾ ਹੈ :

***ਕਬੀਰ ਰੋੜਾ ਹੋਇ ਰਹੁ ਬਾਟ ਕਾ ਤਜਿ ਮਨ ਕਾ ਅਭਿਮਾਨੁ॥***
***ਐਸਾ ਕੋਈ ਦਾਸੁ ਹੋਇ ਤਾਹਿ ਮਿਲੈ ਭਗਵਾਨੁ॥੧੪੬॥***
***ਕਬੀਰ ਰੋੜਾ ਹੂਆ ਤ ਕਿਆ ਭਇਆ ਪੰਥੀ ਕਉ ਦੁਖੁ ਦੇਇ॥***
***ਐਸਾ ਤੇਰਾ ਦਾਸੁ ਹੈ ਜਿਉ ਧਰਨੀ ਮਹਿ ਖੇਹ॥੧੪੭॥***
***ਕਬੀਰ ਖੇਹ ਹੂਈ ਤਉ ਕਿਆ ਭਇਆ ਜਉ ਉਡਿ ਲਾਗੈ ਅੰਗ॥***
***ਹਰਿ ਜਨੁ ਐਸਾ ਚਾਹੀਐ ਜਿਉ ਪਾਨੀ ਸਰਬੰਗ॥੧੪੮॥***
***ਕਬੀਰ ਪਾਨੀ ਹੂਆ ਤ ਕਿਆ ਭਇਆ ਸੀਰਾ ਤਾਤਾ ਹੋਇ॥***
***ਹਰਿ ਜਨੁ ਐਸਾ ਚਾਹੀਐ ਜੈਸਾ ਹਰਿ ਹੀ ਹੋਇ॥੧੪੯॥***

(ਅੰਗ ੧੩੭੨)

ਇਸ ਲਈ ''ਜੈਸਾ ਹਰਿ ਹੀ ਹੋਇ'' ਅਵੱਸਥਾ ਵਾਲਾ ਹਰੀ ਦਾ ਜਨ ਹੀ ਹਰੀ ਨਾਲ ਜੋੜਨ ਨੂੰ
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਸਮਰੱਥ ਹੋ ਸਕਦਾ ਹੈ। ਅੱਜ ਪ੍ਰਮਾਤਮਾ ਨਾਲੋਂ ਤੋੜ ਕੇ ਆਪਣੇ ਨਾਲ ਜੋੜਨ ਵਾਲੇ ਬਹੁਤੇ ਮਿਲਦੇ ਹਨ। ਪਰ ਗੁਰੂ ਪ੍ਰਮੇਸ਼ਰ ਨਾਲ ਜੋੜਨ ਵਾਲੇ ਵਿਰਲੇ ਹਨ :

***ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ॥***

(ਅੰਗ ੧੪੧੧)

***ਅਥਵਾ: ਐਸੇ ਜਨ ਵਿਰਲੇ ਸੰਸਾਰੇ॥*** (ਅੰਗ ੧੦੩੯)

ਐਸੇ ਜਨ ਸੁਆਮੀ ਭਗਤ ਰਾਮਾਨੰਦ ਜੀ ਸਨ, ਜਿਨ੍ਹਾਂ ਨੇ ਚਰਨਾਂ ਵਿਚ ਡਿੱਗੇ ਭਗਤ ਕਬੀਰ ਜੀ ਨੂੰ ਰਾਮ ਕੇ ਰਾਮ ਕਹੋ, ਇਹ ਬਚਨ ਕਹਿ ਕੇ ਪੂਰਨ ਰੂਪ ਵਿਚ ਹਰੀ ਨਾਲ ਜੋੜ ਦਿੱਤਾ ਅਤੇ ਉਸ ਹਰੀ ਨਾਲ ਅਭੇਦ ਹੋ ਕੇ ਭਗਤ ਕਬੀਰ ਜੀ ਨੇ ਆਪਣੀ ਬਾਣੀ ਵਿਚ ਕਹਿ ਦਿੱਤਾ :

***ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥***

(ਅੰਗ ੯੬੯)

ਇਸ ਲਈ ਐਸੇ ਹਰੀ ਨਾਲ ਜੋੜ ਦੇਣ ਵਾਲੇ ਹਰੀ ਜਨ ਦਾ ਆਉਣਾ ਧੰਨ ਹੈ:

***ਧੰਨੁ ਧੰਨੁ ਧੰਨੁ ਜਨੁ ਆਇਆ॥ ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ॥***
***ਜਨ ਆਵਨ ਕਾ ਇਹੈ ਸੁਆਉ॥ ਜਨ ਕੈ ਸੰਗਿ ਚਿਤਿ ਆਵੈ ਨਾਉ॥***
***ਆਪਿ ਮੁਕਤੁ ਮੁਕਤੁ ਕਰੈ ਸੰਸਾਰੁ॥ ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ॥***

(ਸੁਖਮਨੀ ਸਾਹਿਬ)

***ਮੁਰਦਾ ਹੋਇ ਮੁਰੀਦੁ ਸੋ ਗੁਰ ਗੋਰਿ ਸਮਾਵੈ।***
***ਸਬਦ ਸੁਰਤਿ ਲਿਵ ਲੀਣ ਹੋਇ ਓਹੁ ਆਪੁ ਗਵਾਵੈ।***
***ਤਨੁ ਧਰਤੀ ਕਰਿ ਧਰਮਸਾਲ ਮਨੁ ਦਭੁ ਵਿਛਾਵੈ।***
***ਲਤਾਂ ਹੇਠਿ ਲਤਾੜੀਐ ਗੁਰ ਸਬਦੁ ਕਮਾਵੈ।***
***ਭਾਇ ਭਗਤਿ ਨੀਵਾਣੁ ਹੋਇ ਗੁਰਮਤਿ ਠਹਰਾਵੈ।***
***ਵਰਸੈ ਨਿਝਰ ਧਾਰ ਹੋਇ ਸੰਗਤਿ ਚਲਿ ਆਵੈ॥ ੨੨॥***

(ਵਾਰ ੯, ਪਉੜੀ ੨੨)

## ਸਾਖੀ—ਰਾਮ ਕਬੀਰਾ ਏਕ ਭਏ ਹੈ

ਭਗਤ ਕਬੀਰ ਜੀ ਦਾ ਜਨਮ ੧੩੯੮ ਈਃ ਜੇਠ, ਸੁਦੀ ੧੫ ਨੂੰ ਹੋਇਆ ਦੱਸਿਆ ਹੈ। ਬਨਾਰਸ ਵਿਖੇ ਮਾਤਾ ਨੀਮਾ ਦੀ ਕੁੱਖੋਂ, ਪਿਤਾ (ਨੀਰੂ) ਅਲੀ ਜੀ ਜੁਲਾਹੇ ਦੇ ਘਰ ਜਨਮ ਹੋਇਆ। ਬਚਪਨ ਵਿਚ ਪਾਲਣ ਪੋਸ਼ਣ ਹੋਇਆ। ਯੁਵਾ (ਜਵਾਨ) ਅਵੱਸਥਾ ਵਿਚ ਆਪਦੀ ਸ਼ਾਦੀ ਲੋਈ ਨਾਲ ਹੋਈ, ਜਿਸਦੇ

ਉਦਰ ਤੋਂ ਪੁੱਤਰ ਕਮਾਲਾ ਤੇ ਪੁੱਤਰੀ ਕਮਾਲੀ ਦਾ ਜਨਮ ਹੋਇਆ। ਇਸ ਸਮੇਂ ਬਨਾਰਸ ਵਿਚ ਛੂਤ-ਛਾਤ, ਜਾਤਿ ਅਭਿਮਾਨੀ ਅਤੇ ਵਿਦਿਆ-ਮਾਨੀ ਬ੍ਰਾਹਮਣਾਂ ਦਾ ਬਹੁਤ ਜ਼ੋਰ ਸੀ। ਨੀਵੀਂ ਜਾਤੀ ਦੇ ਮਨੁੱਖ ਸ਼ੂਦਰ ਆਦਿ ਕਿਸੇ ਨੂੰ ਵੀ ਮੰਦਰ ਵਿਚ ਜਾਣ ਦਾ ਅਧਿਕਾਰ ਨਹੀਂ ਸੀ। ਨੀਵੀਂ ਜਾਤ ਦੇ ਮਨੁੱਖ ਨੂੰ ਉੱਚ ਜਾਤੀ ਵਾਲੇ ਆਪਣੇ ਨੇੜੇ ਛੋਹਣ ਨਹੀਂ ਸੀ ਦਿੰਦੇ। ਸ਼ੂਦਰ ਨੂੰ ਨਾ ਕੋਈ ਗੁਰ-ਦੀਖਿਆ ਦਿੰਦਾ ਸੀ, ਨਾ ਹੀ ਸ਼ੂਦਰ ਦੀ ਜੁੱਰਅਤ ਸੀ ਕਿ ਕਿਸੇ ਕੋਲੋਂ ਪ੍ਰਭੂ ਦੀ ਭਗਤੀ ਕਰਨ ਲਈ ਗੁਰ-ਦੀਖਿਆ ਮੰਗ ਲਵੇ। ਬਨਾਰਸ ਵਿਚ ਕਰਣੀ ਹੀਨ, ਦੰਭੀ, ਪਾਖੰਡੀ, ਜਾਤੀ ਤੇ ਵਿਦਿਆ ਅਭਿਮਾਨੀ ਪਾਖੰਡੀ ਸਾਧ, ਸੰਤ ਵੀ ਇਥੇ ਰਹਿੰਦੇ ਸਨ, ਜਿਨ੍ਹਾਂ ਦਾ ਭਗਤ ਕਬੀਰ ਜੀ ਨੇ ਆਪਣੀ ਬਾਣੀ ਵਿਚ ਜ਼ਿਕਰ ਕੀਤਾ ਹੈ :

***ਗਲੀ ਜਿਨ੍ਾ ਜਪਮਾਲੀਆ ਲੋਟੇ ਹਥਿ ਨਿਬਗ॥***
***ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ॥***

(ਅੰਗ ੪੭੬)

ਪਰ ਕਰਣੀ ਕਥਨੀ ਦੇ ਪੂਰੇ, ਬਚਨ ਕੇ ਸੂਰੇ, ਨਾਮ ਦੇ ਰਸੀਏ, ਭਗਤ ਰਾਮਾਨੰਦ ਜੀ ਜੈਸੇ ਭੀ ਇਥੇ ਬਨਾਰਸ ਵਿਚ ਹੀ ਰਹਿੰਦੇ ਸਨ। ਸੁਆਮੀ ਰਾਮਨੰਦ ਜੀ ਦਾ ਜਨਮ ੧੩੬੬ ਈਃ ਨੂੰ ਪਿਤਾ ਭੂਰਕਰਮਾ ਦੇ ਘਰ ਮਾਤਾ ਸੁਸ਼ੀਲਾ ਦੀ ਕੁੱਖੋਂ ਹੋਇਆ ਕਥਨ ਕੀਤਾ ਹੈ। ਭਗਤ ਰਾਮਾਨੰਦ ਜੀ ਦੀ ਪਾਵਨ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਇਕ ਸ਼ਬਦ ਬਸੰਤ ਰਾਗ ਵਿਚ ਅੰਕਿਤ ਹੈ। ਪੰਚਮ ਗੁਰਦੇਵ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਪਾਸੋਂ ਬਾਕੀ ਭਗਤਾਂ ਦੀ ਬਾਣੀ ਲਿਖਾਉਣ ਸਮੇਂ ਇਹਨਾਂ ਦੀ ਬਾਣੀ ਵੀ ਗੁਰੂ ਗ੍ਰੰਥ ਸਾਹਿਬ ਵਿਚ ਲਿਖਾਈ ਹੈ। ੧੫ ਭਗਤਾਂ ਦੀ ਗਿਣਤੀ ਵਿਚ ਸੁਆਮੀ ਰਾਮਾਨੰਦ ਜੀ ਦਾ ਨਾਮ ਆਉਂਦਾ ਹੈ। ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਅੰਦਰ ਭਗਤ ਰਾਮਾਨੰਦ ਜੀ ਦੀ ਸਿਫ਼ਤ ਕਰਦਿਆਂ, ਇਹਨਾਂ ਦਾ ਜੀਵਨ ਪਾਰਸ ਤੇ ਚੰਦਨ, ਪਸ਼ੂ ਵਿਰਤੀ ਵਾਲੇ ਮਨੁੱਖ ਨੂੰ ਦੇਵਤਾ ਬਣਾ ਦੇਣ ਵਾਲਾ ਕਥਨ ਕੀਤਾ ਹੈ। ਭਗਤ ਕਬੀਰ ਜੀ ਪਾਸੋਂ ਆਤਮ ਮਾਰਗ ਦੇ ਪਾਂਧੀ ਬਣਨ ਵਾਸਤੇ ਅਤੇ ਮਨੁੱਖਾ ਜਨਮ ਦੀ ਸਫ਼ਲਤਾ ਲਈ ਪੂਰਨ ਗੁਰੂ ਪਾਸੋਂ ਗੁਰ-ਦੀਖਿਆ ਲੈਕੇ ਨਿਗੁਰੇਪਣ ਦੀ ਜੂਠ ਧੋਣ ਵਾਸਤੇ ਉਸ ਸਮੇਂ ਦੇ ਛੂਤ-ਛਾਤ ਤੇ ਭਿੱਟ ਦੇਣ ਦੇ ਬ੍ਰਾਹਮਣਾਂ ਦੇ ਪਾਏ ਦਬਾਅ ਤੋਂ ਭੈਅ ਕਰਦਿਆਂ ਆਪਣੇ ਆਪ ਨੂੰ ਜੁਲਾਹਾ ਜਾਤੀ 'ਚ ਜਨਮਿਆ ਤੇ ਨੀਚ ਸ਼ੂਦਰ ਜਾਣ ਕੇ ਉੱਚ ਜਾਤੀ ਤੇ ਉੱਚ ਕਰਣੀ ਵਾਲੇ ਪੂਰਨ ਮਹਾਂਪੁਰਖ ਤੋਂ ਸਨਮੁਖ ਹੋ ਕੇ ਗੁਰ-ਦੀਖਿਆ ਲੈਣ ਦੀ ਜੁਰਅਤ ਨਾ ਪਈ। ਪਰ ਆਪ ਜੀ ਨੇ ਪਤਾ ਕੀਤਾ ਕਿ ਸੁਆਮੀ ਰਾਮਾਨੰਦ ਜੀ ਅੰਮ੍ਰਿਤ ਵੇਲੇ ਉੱਠ ਕੇ ਹਰ ਰੋਜ਼ ਗੰਗਾ 'ਤੇ ਇਸ਼ਨਾਨ ਕਰਨ ਜਾਂਦੇ ਹਨ। ਗ੍ਰੰਥਕਾਰਾਂ ਅਤੇ ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਭਗਤ ਕਬੀਰ ਜੀ ਗੰਗਾ ਲਾਗੇ ਪਉੜੀਆਂ ਵਿਚ ਰਸਤੇ 'ਚ ਲੰਮੇ ਪੈ ਗਏ, ਜਿਥੋਂ ਦੀ ਭਗਤ ਰਾਮਾਨੰਦ ਜੀ ਨੇ ਲੰਘਣਾ ਸੀ। ਇਸ਼ਨਾਨ ਕਰਕੇ ਵਾਪਿਸ ਮੁੜਦਿਆਂ, ਰਾਮਾਨੰਦ ਜੀ ਦਾ ਰਸਤੇ 'ਚ ਲੰਮੇ ਪਏ ਭਗਤ ਕਬੀਰ ਜੀ ਨਾਲ ਹਨੇਰੇ ਵਿਚ ਚਰਨ ਅੜ ਗਿਆ। ਰਾਮਾਨੰਦ ਜੀ ਨੇ ਉਸ ਵੇਲੇ ਮੁੱਖੋਂ ਕਹਿਆ- ਹੇ ਰਾਮ ਕੇ! ਰਾਮ ਕਹੋ! ਇਹ ਰਾਮ ਕਹਿਣ ਦਾ ਵੇਲਾ ਹੈ, ਲੰਮੇ ਪੈ ਕੇ ਸੌਣ ਦਾ ਸਮਾਂ ਨਹੀਂ। ਬਸ ਭਗਤ ਕਬੀਰ ਜੀ ਲਈ ਇਹੋ ਹੀ ਗੁਰ ਉਪਦੇਸ਼ ਸੀ ਤੇ ਇਹੋ

ਗੁਰ-ਦੀਖਿਆ ਸੀ, ਜਿਸ ਨੂੰ ਭਗਤ ਜੀ ਨੇ ਆਪਣੇ ਜੀਵਨ ਵਿਚ ਪੂਰਨ ਰੂਪ ਵਿਚ ਅਪਣਾ ਲਿਆ। ਇਹ ਸਮਝ ਲਿਆ ਕਿ ਮਨੁੱਖਾ ਜਨਮ ਹੀ ਨਾਮ ਜੱਪਣ ਦਾ ਵੇਲਾ ਹੈ। ਜੀਵਨ ਗ਼ਫ਼ਲਤਾ ਤੇ ਅਵਿਦਿਆ ਦੀ ਨੀਂਦ ਵਿਚ ਸੌਂ ਕੇ ਗੁਜ਼ਾਰਨ ਦਾ ਸਮਾਂ ਨਹੀਂ। ਪੂਰਨ ਪੁਰਖ ਸੁਆਮੀ ਰਾਮਾਨੰਦ ਜੀ ਦੇ ਕਹੇ ਹੋਏ ਬਚਨ ਕਿ ''ਰਾਮ ਕੇ ਰਾਮ ਕਹੋ'' ਇਹ ਇਕ ਸੂਰਮੇ ਦੇ ਚਲਾਏ ਹੋਏ ਬਚਨਾਂ ਰੂਪ ਤੀਰ ਸਨ, ਜਿਨ੍ਹਾਂ ਤੀਰਾਂ ਨੇ ਭਗਤ ਨੂੰ ਘਾਇਲ ਕਰ ਦਿੱਤਾ:

***ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ॥***
***ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ॥***

(ਅੰਗ ੧੩੭੪)

ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਵੀ ਆਪਣੀਆਂ ਵਾਰਾਂ ਅੰਦਰ ਸਾਰੇ ਪ੍ਰਸੰਗ ਨੂੰ ਇਸ ਤਰ੍ਹਾਂ ਉਜਾਗਰ ਕੀਤਾ ਹੈ:

***ਹੋਇ ਬਿਰਕਤੁ ਬਨਾਰਸੀ ਰਹਿੰਦਾ ਰਾਮਾਨੰਦੁ ਗੁਸਾਈਂ।***
***ਅੰਮ੍ਰਿਤੁ ਵੇਲੇ ਉਠਿ ਕੈ ਜਾਂਦਾ ਗੰਗਾ ਨ੍ਹਾਵਣ ਤਾਈਂ।***
***ਅਗੋ ਹੀ ਦੇ ਜਾਇ ਕੈ ਲੰਮਾ ਪਿਆ ਕਬੀਰ ਤਿਥਾਈਂ।***
***ਪੈਰੀਂ ਟੁੰਬਿ ਉਠਾਲਿਆ 'ਬੋਲਹੁ ਰਾਮ' ਸਿਖ ਸਮਝਾਈ।***
***ਜਿਉ ਲੋਹਾ ਪਾਰਸੁ ਛੁਹੇ ਚੰਦਨ ਵਾਸੁ ਨਿੰਮੁ ਮਹਕਾਈ।***
***ਪਸੂ ਪਰੇਤਹੁ ਦੇਵ ਕਰਿ ਪੂਰੇ ਸਤਿਗੁਰ ਦੀ ਵਡਿਆਈ।***
***ਅਚਰਜ ਨੋ ਅਚਰਜੁ ਮਿਲੈ ਵਿਸਮਾਦੈ ਵਿਸਮਾਦੁ ਮਿਲਾਈ।***
***ਝਰਣਾ ਝਰਣਾ ਨਿਝਰਹੁ ਗੁਰਮੁਖਿ ਬਾਣੀ ਅਘੜ ਘੜਾਈ।***
***ਰਾਮ ਕਬੀਰੈ ਭੇਦੁ ਨ ਭਾਈ॥੧੫॥*** (ਵਾਰ ੧੦, ਪਉੜੀ ੧੫)

ਜੈਤਸਰੀ ਮਹਲਾ ੫॥ ਕੋਈ ਜਨੁ ਹਰਿ ਸਿਉ ਦੇਵੈ ਜੋਰਿ॥ ਚਰਨ ਗਹਉ ਬਕਉ ਸੁਭ ਰਸਨਾ ਦੀਜਹਿ ਪ੍ਰਾਨ ਅਕੋਰਿ॥ ੧ ॥ ਰਹਾਉ ॥ ਮਨੁ ਤਨੁ ਨਿਰਮਲ ਕਰਤ ਕਿਆਰੋ ਹਰਿ ਸਿੰਚੈ ਸੁਧਾ ਸੰਜੋਰਿ॥ ਇਆ ਰਸ ਮਹਿ ਮਗਨੁ ਹੋਤ ਕਿਰਪਾ ਤੇ ਮਹਾ ਬਿਖਿਆ ਤੇ ਤੋਰਿ॥ ੧ ॥ ਆਇਓ ਸਰਣਿ ਦੀਨ ਦੁਖ ਭੰਜਨ ਚਿਤਵਉ ਤੁਮ੍ਰੀ ਓਰਿ॥ ਅਭੈ ਪਦੁ ਦਾਨੁ ਸਿਮਰਨੁ ਸੁਆਮੀ ਕੋ ਪ੍ਰਭ ਨਾਨਕ ਬੰਧਨ ਛੋਰਿ॥ ੨ ॥ ੫ ॥ ੯ ॥

(ਅੰਗ ੭੦੧)

## ਪਦ ਅਰਥ :

ਦੇਵੈ ਜੋਰਿ-ਜੋੜ ਦੇਵੇ। ਗਹਉ-(ਮੈਂ) ਪਕੜਾਂ। ਬਕਉ-ਮੈਂ ਬੋਲਾਂ। ਸੁਭ-ਸੁੰਦਰ ਤੇ ਮਿਠੇ (ਬੋਲ)। ਰਸਨਾ-ਰਸਨਾ ਨਾਲ। ਦੀਜਹਿ ਪ੍ਰਾਨ ਅਕੋਰਿ-ਪ੍ਰਾਣ ਭੇਟਾ ਕਰ ਦਿੱਤੇ ਜਾਣ। ਕਿਆਰੋ-ਕਿਆਰਾ, ਖੇਤ। ਸਿੰਚੈ-ਸਿੰਜਦਾ ਹੈ। ਸੁਧਾ-ਅੰਮ੍ਰਿਤ (ਨਾਮ-ਜਲ)। ਸੰਜੋਰਿ-ਚੰਗੀ ਤਰ੍ਹਾਂ ਜੋੜ ਕੇ। ਮਗਨੁ-ਮਸਤ। ਮਹਾ ਬਿਖਿਆ-ਵਡੀ ਜ਼ਹਿਰ, ਮਾਇਆ। ਤੋਰਿ-ਤੋੜ ਕੇ। ਆਇਓ-ਮੈਂ ਆਇਆ ਹਾਂ। ਚਿਤਵਉ-ਮੈਂ ਚਿਤਵਦਾ ਹਾਂ, ਖ਼ਿਆਲ ਕਰਦਾ ਹਾਂ। ਤੁਮ੍ਰੀ ਓਰਿ-ਤੁਹਾਡੀ ਤਰਫ਼, ਤੁਹਾਡੇ ਵਲ। ਅਭੈ ਪਦ-ਨਿਰਭੈਤਾ ਦਾ ਪਦ। ਪ੍ਰਭ-ਹੇ ਪ੍ਰਭੂ ! ਬੰਧਨ ਛੋਰਿ-ਬੰਧਨਾਂ ਤੋਂ ਮੁਕਤ ਕਰ ਦੇ।

## ਅਰਥ :

(ਹੇ ਭਾਈ ! ਮੈਨੂੰ) ਕੋਈ (ਹਰੀ ਪ੍ਰਭੂ) ਦਾ ਸੇਵਕ ਹਰੀ (ਪ੍ਰਮਾਤਮਾ) ਨਾਲ ਜੋੜ ਦੇਵੇ। ਮੈਂ ਉਸ (ਪ੍ਰਭੂ ਨਾਲ ਜੋੜਨ ਵਾਲੇ ਹਰ ਜਨ) ਸੇਵਕ ਦੇ ਚਰਨ ਪਕੜ ਲਵਾਂਗਾ ਅਤੇ ਮੂੰਹੋਂ ਸੁੰਦਰ ਤੇ ਮਿੱਠੇ ਬਚਨ (ਉਸ ਹਰੀ ਦੇ ਸੇਵਕ ਦੇ ਸਤਿਕਾਰ ਵਿਚ) ਬੋਲਾਂਗਾ (ਅਤੇ ਆਪਣੇ) ਪ੍ਰਾਣ ਵੀ (ਉਸ ਨੂੰ) ਭੇਟਾ ਕਰ ਦਿਆਂਗਾ।੧। ਰਹਾਉ। (ਹੇ ਭਾਈ ! ਕੋਈ ਵਿਰਲਾ ਹੀ ਮਨੁੱਖ ਗੁਰੂ ਕਿਰਪਾ ਨਾਲ ਆਪਣੇ) ਮਨੁ ਤੇ ਸਰੀਰ ਨੂੰ (ਖੇਤ ਦਾ) ਪਵਿੱਤਰ ਕਿਆਰਾ ਬਣਾਉਂਦਾ ਹੈ, ਉਸ ਵਿਚ ਗੁਰੂ ਰਾਹੀਂ ਬੀਜ ਨੂੰ ਬੀਜਦਾ ਹੈ ਤੇ ਫਿਰ ਉਸ ਖੇਤ ਨੂੰ ਮਨ) ਸੰਜੋਰਿ=ਚੰਗੀ ਤਰ੍ਹਾਂ ਜੋੜ ਕੇ ਹਰੀ ਨਾਮ ਅੰਮ੍ਰਿਤ ਜਲ ਨਾਲ ਸਿੰਜਦਾ ਹੈ। (ਹੇ ਭਾਈ !) ਵੱਡੀ ਜ਼ਹਿਰ (ਰੂਪ) ਮਾਇਆ ਨਾਲੋਂ (ਪ੍ਰੀਤ) ਤੋੜ ਕੇ ਇਸ ਨਾਮ ਰਸ ਵਿਚ (ਪ੍ਰਭੂ ਦੀ) ਕ੍ਰਿਪਾ ਨਾਲ ਹੀ ਕੋਈ (ਪ੍ਰਭੂ ਪਿਆਰਾ) ਮਸਤ ਹੁੰਦਾ ਹੈ। ੧।

ਹੇ ਦੀਨਾ ਦੇ ਦੁੱਖ ਦੂਰ ਕਰਨ ਵਾਲੇ ਹਰੀ ! ਮੈਂ (ਤੇਰੀ ਸ਼ਰਣ) ਆਇਆ ਹਾਂ। (ਅਤੇ ਸੱਚੇ ਦਿਲੋਂ) ਤੁਹਾਡੇ ਵੱਲ ਵੇਖਦਾ ਹਾਂ (ਭਾਵ ਚਿਤਵਦਾ, ਖ਼ਿਆਲ ਕਰਦਾ ਹਾਂ)। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਹੇ ਪ੍ਰਭੂ ! ਮੈਨੂੰ ਨਿਰਭੈ ਪਦ ਦੇਣ ਵਾਲਾ (ਮੇਰੇ) ਸੁਆਮੀ (ਮਾਲਕ) ਦਾ ਨਾਮ ਸਿਮਰਨ (ਦਾ) ਦਾਨ ਦੇ ਕੇ (ਮੇਰੇ) ਬੰਧਨ ਤੋੜ ਕੇ (ਭਾਵ ਮੈਨੂੰ ਬੰਧਨਾਂ ਤੋਂ ਮੁਕਤ ਕਰ ਦਿਉ)। ੨। ੫। ੯।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

★★★

ਸ੍ਰੀ ਮੁਖਵਾਕ ਨੰਬਰ ੧੧੧ (ਅੰਗ ੭੦੨)

## ਜੈਤਸਰੀ ਮਹਲਾ ੫ ॥

ਚਾਤ੍ਰਿਕ ਚਿਤਵਤ ਬਰਸਤ ਮੇਂਹ ॥ ਕ੍ਰਿਪਾ ਸਿੰਧੁ ਕਰੁਣਾ ਪ੍ਰਭ ਧਾਰਹੁ ਹਰਿ ਪ੍ਰੇਮ ਭਗਤਿ ਕੋ ਨੇਂਹ ॥ ੧ ॥ ਰਹਾਉ ॥ ਅਨਿਕ ਸੂਖ ਚਕਵੀ ਨਹੀ ਚਾਹਤ ਅਨਦ ਪੂਰਨ ਪੇਖਿ ਦੇਂਹ ॥ ਆਨ ਉਪਾਵ ਨ ਜੀਵਤ ਮੀਨਾ ਬਿਨੁ ਜਲ ਮਰਨਾ ਤੇਂਹ ॥ ੧ ॥ ਹਮ ਅਨਾਥ ਨਾਥ ਹਰਿ ਸਰਣੀ ਅਪੁਨੀ ਕ੍ਰਿਪਾ ਕਰੇਂਹ ॥ ਚਰਣ ਕਮਲ ਨਾਨਕੁ ਆਰਾਧੈ ਤਿਸੁ ਬਿਨੁ ਆਨ ਨ ਕੇਂਹ ॥ ੨ ॥ ੬ ॥ ੧੦ ॥

# ਪ੍ਰਾਕ੍ਥਨ :-

ਇਹ ਪਾਵਨ ਸ਼ਬਦ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜੈਤਸਰੀ ਰਾਗ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਦੇ ਆਰੰਭ ਵਿਚ ਹਰੀ ਪ੍ਰਭੂ ਦੇ ਪ੍ਰੇਮ ਦਾ ਗੁਰਦੇਵ ਨੇ ਕਥਨ ਕੀਤਾ ਹੈ। ਪ੍ਰਮਾਤਮਾ ਦੇ ਪ੍ਰੇਮ ਦਾ ਕਥਨ ਕਰਦਿਆਂ ਹਜ਼ੂਰ ਨੇ ਪ੍ਰਕ੍ਰਿਤੀ ਵਿਚੋਂ ਦੁਨਿਆਵੀ ਪ੍ਰੇਮ ਦੇ ਤਿੰਨ ਦ੍ਰਿਸ਼ਟਾਂਤ ਦਿੱਤੇ ਹਨ। ਪਹਿਲੇ ਪਪੀਹੇ ਦਾ, ਦੂਸਰਾ ਚਕਵੀ ਦਾ, ਤੀਸਰਾ ਮੱਛੀ ਦਾ ਦਿੱਤਾ ਹੈ।

## ਵਿਸ਼ਾ — ਹਰਿ ਪ੍ਰੇਮ ਭਗਤਿ ਕੋ ਨੇਹਿ

ਪ੍ਰੇਮ ਤੋਂ ਭਾਵ ਹੈ ਪਿਆਰ ਸਨੇਹ, ਨੇਕੀ ਸੱਚ ਆਦਿ। ਦੁਨਿਆਵੀ ਅਤੇ ਅਧਿਆਤਮਿਕ ਪੱਖ ਤੋਂ ਇਹ ਸਭ ਤੋਂ ਉੱਤਮ ਮਾਰਗ ਹੈ। ਇਹ ਬਿਖਮ ਅਤੇ ਕਠਿਨ ਮਾਰਗ ਹੈ, ਜਿਸ 'ਤੇ ਆਮ ਮਨੁੱਖ ਨਹੀਂ ਚੱਲ ਸਕਦਾ। ਸੁੱਖ, ਦੁੱਖ, ਭੁੱਖ, ਤ੍ਰਿਸ਼ਨਾਵਾਂ ਨੂੰ ਤਿਆਗ ਕੇ ਹੀ ਇਸ ਮਾਰਗ ਦੇ ਪਾਂਧੀ ਬਣਿਆ ਜਾ ਸਕਦਾ ਹੈ। ਇਥੇ ਹਰ ਅਵੱਸਥਾ ਵਿਚ ਸਾਧਕ ਪ੍ਰਭੂ ਦੀ ਰਜ਼ਾ ਜਾਂ ਭਾਣੇ ਵਿਚ ਰਹਿੰਦਾ ਹੋਇਆ ਆਪਣਾ ਤਨ, ਮਨ ਭਾਵ ਸਭ ਕੁਝ ਪਿਆਰੇ ਪ੍ਰਭੂ ਤੋਂ ਨਿਛਾਵਰ ਕਰ ਦਿੰਦਾ ਹੈ। ਭਾਵੇਂ ਸਰੀਰ ਦੇ ਟੋਟੇ ਟੋਟੇ ਕਿਉਂ ਨਾ ਕਰ ਦਿੱਤੇ ਜਾਣ, ਸੇਵਕ ਦੀ ਲਿਵ ਪ੍ਰਭੂ ਚਰਨਾਂ ਵਿਚ ਹੀ ਇਕਸਾਰ ਜੁੜੀ ਰਹਿੰਦੀ ਹੈ :

***ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ॥੨॥***
***ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ॥੩॥***
***ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ॥੪॥***
***ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ॥੫॥***
***ਨਾਨਕੁ ਗਰੀਬੁ ਢਹਿ ਪਇਆ ਦੁਆਰੈ ਹਰਿ ਮੇਲਿ ਲੈਹੁ ਵਡਿਆਈ॥੬॥***

(ਅੰਗ ੭੫੭)

ਤੀਸਰੇ ਗੁਰਦੇਵ ਗੁਰੂ ਅਮਰਦਾਸ ਜੀ ਨੇ ਪ੍ਰੇਮਾ ਭਗਤੀ ਵਿਚ ਭਿੱਜੇ ਭਗਤਾਂ ਦੀ ਚਾਲ ਨਿਰਾਲੀ ਕਥਨ ਕੀਤੀ ਹੈ :

***ਭਗਤਾ ਕੀ ਚਾਲ ਨਿਰਾਲੀ॥***
***ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ॥***
***ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ॥***
***ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ॥***
***ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ॥***
***ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ॥੧੪॥***

(ਅੰਗ ੯੧੮)

ਪ੍ਰਭੂ ਦੇ ਪਿਆਰਿਆਂ ਦੀ ਜੀਵਨ-ਜੁਗਤੀ ਦੂਜਿਆਂ ਨਾਲੋਂ ਵੱਖਰੀ ਹੁੰਦੀ ਹੈ। ਉਹ ਬਿਖਮ ਪੈਂਡਿਆਂ ਦੇ ਪਾਂਧੀ ਹੁੰਦੇ ਹਨ। ਲੋਭ ਲਾਲਚ, ਅਹੰਕਾਰ, ਦੁਨਿਆਵੀ ਵਾਸ਼ਨਾਵਾਂ ਤੋਂ ਅਭਿੱਜ ਰਹਿੰਦੇ ਹਨ। ਇਸ ਵਿਚ ਕੋਈ ਸੰਦੇਹ ਵਾਲੀ ਗੱਲ ਨਹੀਂ ਕਿ ਇਹ ਤਾਂ ਖੰਡੇ ਦੀ ਤਿਖੀ ਧਾਰ, ਜੋ ਵਾਲ ਨਾਲੋਂ ਵੀ ਬਰੀਕ ਹੈ, ਉਸ 'ਤੇ ਚੱਲਣ ਵਾਲੀ ਗੱਲ ਹੈ। ਦੁਨਿਆਵੀ ਵਾਸ਼ਨਾਵਾਂ ਵਿਚ ਫਸ ਕੇ ਆਮ ਪ੍ਰਾਣੀ ਦਾ ਮਨ ਕਿਸੇ ਵੇਲੇ ਵੀ ਡੋਲ ਸਕਦਾ ਹੈ, ਪਰ ਜਿਨ੍ਹਾਂ ਨੇ ਆਪਣੀ ਡੋਰੀ ਪ੍ਰਭੂ 'ਤੇ ਛੱਡੀ ਹੋਈ ਹੈ, ਉਨ੍ਹਾਂ ਦੀਆਂ ਸਾਰੀਆਂ ਵਾਸ਼ਨਾਵਾਂ ਗੁਰੂ ਦੀ ਕਿਰਪਾ ਨਾਲ ਸੁਤੇ ਹੀ ਖ਼ਤਮ ਹੋ ਜਾਂਦੀਆਂ ਹਨ:

***ਵਾਟ ਹਮਾਰੀ ਖਰੀ ਉਡੀਣੀ॥ ਖੰਨਿਅਹੁ ਤਿਖੀ ਬਹੁਤੁ ਪਿਈਣੀ॥***
***ਉਸੁ ਊਪਰਿ ਹੈ ਮਾਰਗੁ ਮੇਰਾ॥ ਸੇਖ ਫਰੀਦਾ ਪੰਥੁ ਸਮ੍ਹਾਰਿ ਸਵੇਰਾ॥***

(ਅੰਗ ੭੯੪)

ਗੁਰਦੇਵ ਨੇ ਇਸ ਪਾਵਨ ਸ਼ਬਦ ਦੇ ਅੰਦਰ ਪ੍ਰਭੂ ਦੇ ਸੱਚੇ ਪ੍ਰੇਮ ਦਾ ਵਰਨਣ ਕਰਦਿਆਂ ਪ੍ਰਕਿਰਤੀ ਦੇ ਵਿਚੋਂ ਤਿੰਨ ਦ੍ਰਿਸ਼ਟਾਂਤ ਦੁਨਿਆਵੀ ਪ੍ਰੀਤੀ ਨੂੰ ਪ੍ਰਗਟ ਕਰਨ ਲਈ ਵਰਤੇ ਹਨ। ਪਹਿਲਾਂ ਪਪੀਹੇ ਦਾ ਸੁਆਂਤੀ ਬੂੰਦ ਨਾਲ ਪ੍ਰੇਮ ਦਰਸਾਇਆ ਹੈ। ਦੂਸਰਾ ਚੱਕਵੀ ਦਾ ਸੂਰਜ ਨਾਲ ਅਤੇ ਤੀਸਰਾ ਮੱਛੀ ਦਾ ਜਲ ਨਾਲ ਪ੍ਰੇਮ ਪ੍ਰਗਟ ਕੀਤਾ ਹੈ। ਭਾਈ ਗੁਰਦਾਸ ਜੀ ਨੇ ਗੁਰਸਿੱਖ ਦੀ ਗੁਰੂ ਨਾਲ ਪ੍ਰੀਤੀ ਦਾ ਕਥਨ ਕਰਦਿਆਂ ਆਪਣੀਆਂ ਵਾਰਾਂ ਵਿਚ ਇਹ ਦੁਨਿਆਵੀ ਪ੍ਰੀਤੀਆਂ ਦਾ ਕੁਝ ਜ਼ਿਕਰ ਇਸ ਤਰ੍ਹਾਂ ਕੀਤਾ ਹੈ:

***ਚੰਦ ਚਕੋਰ ਪਰੀਤ ਹੈ ਲਾਇ ਤਾਰ ਨਿਹਾਲੇ।***
***ਚਕਵੀ ਸੂਰਜ ਹੇਤ ਹੈ, ਮਿਲਿ ਹੋਨਿ ਸੁਖਾਲੇ।***
***ਨੇਹੁ ਕਵਲ ਜਲ ਜਾਣੀਐ ਖਿੜਿ ਮੁਹ ਵੇਖਾਲੇ।***
***ਮੋਰ ਬਬੀਹੇ ਬੋਲਦੇ ਵੇਖਿ ਬਦਲ ਕਾਲੇ।***
***ਨਾਰਿ ਭਤਾਰ ਪਿਆਰੁ ਹੈ ਮਾਂ ਪੁਤ ਸਮ੍ਹਾਲੇ।***
***ਪੀਰ ਮੁਰੀਦਾ ਪਿਰਹੜੀ ਓਹੁ ਨਿਭਹੈ ਨਾਲੇ॥ ੪॥***

(ਵਾਰ ੨੭, ਪਉੜੀ ੪)

ਧਾਰਮਿਕ ਗ੍ਰੰਥਾਂ ਦੇ ਅੰਦਰ ਆਤਮਕ ਮਾਰਗ ਦੇ ਪਾਂਧੀਆਂ ਤੇ ਪ੍ਰਭੂ ਦੀ ਭਗਤੀ ਕਰਨ ਵਾਲਿਆਂ ਦਾ ਜਿਥੇ ਜ਼ਿਕਰ ਆਉਂਦਾ ਹੈ, ਉਥੇ ਪ੍ਰਭੂ ਦੀ ਭਗਤੀ ਵੀ ਨੌਂ ਪ੍ਰਕਾਰ ਦੀ ਕਥਨ ਕੀਤੀ ਹੈ:

***ਸ੍ਰਵਣ ਸਿਮਰਨ, ਕੀਰਤਨ, ਪਾਦਸੇਵ ਅਰ ਚਾਨ।***
***ਦਾਸਾਂ ਸਖਪਣ ਬੰਦਨਾ ਸਰਬ ਨਿਬੇਦਨ ਜਾਣ।***

ਗੁਰਬਾਣੀ ਦਾ ਵੀ ਫ਼ੁਰਮਾਨ ਹੈ:- ''ਭਗਤ ਨਵੈ ਪ੍ਰਕਾਰਾ''

ਜਿਥੇ ੯ ਤਰ੍ਹਾਂ ਦੀ ਭਗਤੀ ਹੈ, ਉਥੇ ਇਹ ੯ ਪ੍ਰਕਾਰ ਦੀ ਭਗਤੀ ਨਾਲੋਂ ਉੱਤਮ ਇਕ ਪ੍ਰੇਮਾ ਭਗਤੀ

ਹੈ, ਜਿਸ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਭੀ ਕੀਤਾ ਹੈ:-

***ਗੁਰ ਮੂਰਤਿ ਪੂਰਨ ਬ੍ਰਹਮੁ ਘਟਿ ਘਟਿ ਅੰਦਰਿ ਸੂਰਜੁ ਸੁਝੈ।***
***ਸੂਰਜ ਕਵਲੁ ਪਰੀਤਿ ਹੈ ਗੁਰਮੁਖਿ ਪ੍ਰੇਮ ਭਗਤਿ ਕਰਿ ਬੁਝੈ।***

(ਵਾਰ ੭, ਪਉੜੀ ੧੯)

***ਅਥਵਾ : ਨਉ ਭਗਤੀ ਨਉ ਭਗਤਿ ਕਰਿ ਗੁਰਮੁਖਿ ਪ੍ਰੇਮ ਭਗਤਿ ਲਿਵਲਾਈ।***
***ਨਉ ਗ੍ਰਿਹ ਸਾਧ ਗ੍ਰਿਹਸਤ ਵਿਚਿ ਪੂਰੇ ਸਤਿਗੁਰ ਦੀ ਵਡਿਆਈ।***

(ਵਾਰ ੭, ਪਉੜੀ ੯)

ਐਸੀ ਪ੍ਰੇਮਾ ਭਗਤੀ ਕਰਨ ਵਾਲੇ ਬੇਅੰਤ ਸੰਤ, ਭਗਤ, ਗੁਰਸਿੱਖ ਹੋਏ ਹਨ। ਜਿਥੇ ਭਗਤ ਸੈਣਿ ਜੀ ਦਾ ਜ਼ਿਕਰ ਆਉਂਦਾ ਹੈ "ਪ੍ਰੇਮ ਭਗਤ ਰਾਤੀ ਕਰੈ ਭਲਕੇ ਰਾਜ ਦੁਆਰੈ ਜਾਈ॥" ਉਥੇ ਭਾਈ ਗੁਰਦਾਸ ਜੀ ਨੇ ਭਗਤ ਜੈ ਦੇਵ ਜੀ ਜਿਨ੍ਹਾਂ ਦੇ ਸੰਬੰਧ ਵਿਚ ਗੁਰਬਾਣੀ ਦਾ ਫ਼ੁਰਮਾਣ ਹੈ:

"ਜੈਦੇਵ ਤਿਆਗਿਓ ਅਹੰਮੇਵ" ਇਹਨਾਂ ਨੂੰ ਵੀ ਪ੍ਰੇਮਾ ਭਗਤੀ ਵਿਚ ਲੱਗਿਆ ਆਪਣੀਆਂ ਵਾਰਾਂ ਵਿਚ ਇਸ ਤਰ੍ਹਾਂ ਦਰਸਾਇਆ ਹੈ:

***ਪ੍ਰੇਮ ਭਗਤਿ ਜੈਦੇਉ ਕਰਿ ਗੀਤ ਗੋਵਿੰਦ ਸਹਜ ਧੁਨਿ ਗਾਵੈ।***
***ਲੀਲਾ ਚਲਿਤ ਵਖਾਣਦਾ ਅੰਤਰਜਾਮੀ ਠਾਕੁਰ ਭਾਵੈ।***
***ਅਖਰੁ ਇਕੁ ਨ ਆਵੜੈ ਪੁਸਤਕ ਬੰਨ੍ਹਿ ਸੰਧਿਆ ਕਰਿ ਆਵੈ।***
***ਗੁਣ ਨਿਧਾਨੁ ਘਰਿ ਆਇ ਕੈ ਭਗਤ ਰੂਪਿ ਲਿਖਿ ਲੇਖੁ ਬਣਾਵੈ।***
***ਅਖਰ ਪੜ੍ਹਿ ਪਰਤੀਤਿ ਕਰਿ ਹੋਇ ਵਿਸਮਾਦੁ ਨ ਅੰਗਿ ਸਮਾਵੈ।***
***ਵੇਖੈ ਜਾਇ ਉਜਾੜਿ ਵਿਚਿ ਬਿਰਖੁ ਇਕੁ ਆਚਰਜੁ ਸੁਹਾਵੈ।***
***ਗੀਤ ਗੋਵਿੰਦ ਸੰਪੂਰਣੋ ਪਤਿ ਪਤਿ ਲਿਖਿਆ ਅੰਤੁ ਨ ਪਾਵੈ।***
***ਭਗਤਿ ਹੇਤਿ ਪਰਗਾਸੁ ਕਰਿ ਹੋਇ ਦਇਆਲੁ ਮਿਲੈ ਗਲਿ ਲਾਵੈ।***
***ਸੰਤ ਅਨੰਤ ਨ ਭੇਦੁ ਗਣਾਵੈ॥੧੦॥*** (ਵਾਰ ੧੦, ਪਉੜੀ ੧੦)

ਐਸੇ ਸੱਚੇ ਪ੍ਰਭੂ ਦੇ ਪ੍ਰੇਮ ਤੋਂ ਵਾਂਝਿਆ ਕਪਟ ਵਾਲੇ ਪ੍ਰੇਮ ਨੂੰ ਭਾਈ ਗੁਰਦਾਸ ਜੀ ਨੇ ਇਕ ਕਬਿੱਤ ਵਿਚ ਲਾਹਨਤ ਪਾਈ ਹੈ ਅਤੇ ਦੁਨਿਆਵੀ ਪ੍ਰੀਤੀ ਦਾ ਜ਼ਿਕਰ ਕਰਕੇ ਆਪ ਜੀ ਨੇ ਇਸ ਤਰ੍ਹਾਂ ਕਥਨ ਕੀਤਾ ਹੈ:

***ਪ੍ਰੇਮ ਰਸ ਬਸਿ ਹੁਇ ਪਤੰਗ ਸੰਗਮ ਨ ਜਾਨੈ,***
***ਬਿਰਹ ਬਿਛੋਹ ਮੀਨ ਹੋਇ ਨ ਮਰਿ ਜਾਨੇ ਹੈ॥***
***ਦਰਸ ਧਿਆਨ ਜੋਤਿ ਮੈ, ਨ ਹੁਇ ਜੋਤੀ ਸਰੂਪ,***
***ਚਰਨ ਬਿਮੁਖ ਹੋਇ, ਪ੍ਰਾਨ ਠਹਿਰਾਨੇ ਹੈ॥***

*ਮਿਲਿ ਬਿਛਰਤ ਗਤਿ ਪ੍ਰੇਮ ਨ ਬਿਰਹ ਜਾਨੀ,*
*ਮੀਨ ਅਉ ਪਤੰਗ ਮੋਹਿ ਦੇਖਤ ਲਜਾਨੇ ਹੈ॥*
*ਮਾਨਸ ਜਨਮੁ ਧ੍ਰਿਗੁ, ਧੰਨੁ ਹੈ ਤ੍ਰਿਗਦ ਜੋਨਿ,*
*ਕਪਟ ਸਨੇਹ ਦੇਹ, ਨਰਕ ਨ ਮਾਨੇ ਹੈ॥ ੧੪॥*

(ਕਬਿੱਤ ਸਵੱਯੇ ਭਾ: ਗੁਰਦਾਸ ਜੀ)

ਪਰ ਪ੍ਰਭੂ ਦੇ ਸੱਚੇ ਪ੍ਰੇਮ ਵਿਚ ਜੋ ਗੁਰਮਖਿ ਭਿੱਜਿਆ ਹੋਇਆ ਹੈ, ਐਸੇ ਪ੍ਰੇਮਾ ਭਗਤੀ ਪਰਾਇਣ ਗੁਰਮੁਖਿ ਦੇ ਸੰਬੰਧ ਵਿਚ ਭਾਈ ਸਾਹਿਬ ਜੀ ਕਥਨ ਕਰਦੇ ਹਨ, ਕਿ ਪ੍ਰੇਮੀ ਜਨ ਭਾਵੇਂ ਆਪਣੇ ਆਪ ਨੂੰ ਛੁਪਾ ਕੇ ਰੱਖੇ, ਪਰ ਸੰਸਰਿਕ ਲੋਕ ਉਸਦੇ ਦਰਸ਼ਨਾਂ ਦੇ ਚਾਹਵਾਨ, ਉਸਦੇ ਦਰ ਉੱਤੇ ਵਿਆਕੁਲ ਹੋ ਕੇ ਦਰਸ਼ਨਾਂ ਲਈ ਪੁਕਾਰਦੇ ਰਹਿੰਦੇ ਹਨ :

*ਜੈਸੇ ਤਉ ਮਿਠਾਈ ਰਾਖੀਐ ਛੁਪਾਇ ਜਤਨ ਕੈ,*
*ਚੀਟੀ ਚਲਿ ਜਾਇ ਚੀਨਿ ਤਾਹਿ ਲਪਟਾਤ ਹੈ।*
*ਦੀਪਕ ਜਗਾਇ ਜੈਸੇ ਰਾਖੀਐ ਦੁਰਾਇ ਗ੍ਰਿਹਿ,*
*ਪ੍ਰਗਟਿ ਪਤੰਗ ਤਾ ਮੈ ਸਹਜਿ ਸਮਾਤ ਹੈ।*
*ਜੈਸੇ ਤਉ ਬਿਮਲ ਜਲ ਕਮਲ ਇਕਾਂਤ ਬਸੈ,*
*ਮਧੁਕਰ ਮਧੁ ਅਚਵਨ ਤਹ ਜਾਤ ਹੈ।*
*ਤੈਸੇ ਗੁਰਮੁਖਿ ਜਿਹ ਘਟਿ ਪ੍ਰਗਟਤ ਪ੍ਰੇਮ,*
*ਸਕਲ ਸੰਸਾਰ ਤਿਹਿ ਦੁਆਰ ਬਿਲਲਾਤ ਹੈ॥ ੪੧੦॥*

(ਕਬਿੱਤ ਸਵੱਯੇ ਭਾ: ਗੁਰਦਾਸ ਜੀ)

ਪੰਚਮ ਗੁਰਦੇਵ ਨੇ ਇਸ ਸ੍ਰੀ ਮੁਖਵਾਕ ਦੇ ਆਰੰਭ ਵਿਚ ਚਾਤ੍ਰਿਕ (ਪਪੀਹੇ) ਦਾ ਪਹਿਲਾਂ ਜ਼ਿਕਰ ਕੀਤਾ ਹੈ। ਇਸ ਸੰਬੰਧ ਵਿਚ ਗੁਰਬਾਣੀ ਦੇ ਪ੍ਰਮਾਣ ਹੇਠ ਲਿਖੇ ਅਨੁਸਾਰ ਹਨ :-

*੧. ਚਾਤ੍ਰਿਕੁ ਚਾਹਤ ਮੇਹੁ॥* (ਅੰਗ ੮੩੮)

*੨. ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥* (ਅੰਗ ੭੦੮)

*੩. ਚਾਤ੍ਰਿਕ ਚਿਤ ਪਿਆਸ ਚਾਤ੍ਰਿਕ ਚਿਤ ਪਿਆਸ ਹੇ*
*ਘਨ ਬੂੰਦ ਬਚਿਤ੍ਰਿ ਮਨਿ ਆਸ ਹੇ ਅਲ ਪੀਵਤ ਬਿਨਸਤ ਤਾਪ॥* (ਅੰਗ ੪੬੨)

*੪. ਬਾਬੀਹਾ ਬੇਨਤੀ ਕਰੇ ਕਰਿ ਕਿਰਪਾ ਦੇਹੁ ਜੀਅ ਦਾਨ॥*
*ਜਲ ਬਿਨੁ ਪਿਆਸ ਨ ਊਤਰੈ ਛੁਟਕਿ ਜਾਂਹਿ ਮੇਰੇ ਪ੍ਰਾਨ॥*

(ਅੰਗ ੧੨੮੪)

ਅਤੇ ਦੂਸਰਾ ਜ਼ਿਕਰ ਚਕਵੀ ਦਾ ਕੀਤਾ ਹੈ:

*੧. ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ।* (ਵਾਰ ੨੭, ਪਉੜੀ ੪)

*ਚਕਵੀ ਪ੍ਰੀਤਿ ਸੁਰਜੁ ਮੁਖਿ ਲਾਗੈ॥ਮਿਲੈ ਪਿਆਰੇ ਸਭ ਦੁਖ ਤਿਆਗੈ॥*

(ਅੰਗ ੧੬੪)

*੩. ਚਕਵੀ ਸੂਰ ਸਨੇਹੁ ਚਿਤਵੈ ਆਸ ਘਣੀ ਕਦਿ ਦਿਨੀਅਰੁ ਦੇਖੀਐ॥*

(ਅੰਗ ੪੫੫)

*੪. ਚਕਵੀ ਨੈਨ ਨੀਂਦ ਨਹਿ ਚਾਹੈ ਬਿਨੁ ਪਿਰ ਨੀਂਦ ਨ ਪਾਈ॥*
*ਸੂਰੁ ਚਰੈ ਪ੍ਰਿਉ ਦੇਖੈ ਨੈਨੀ ਨਿਵਿ ਨਿਵਿ ਲਾਗੈ ਪਾਂਈ॥*

(ਅੰਗ ੧੨੭੩)

ਤੀਸਰਾ ਦ੍ਰਿਸ਼ਟਾਂਤ ਮੱਛੀ ਦਾ ਜਲ ਨਾਲ ਪ੍ਰੇਮ ਵਰਨਣ ਕੀਤਾ ਹੈ:

*੧. ਮੀਨੇ ਪ੍ਰੀਤਿ ਭਈ ਜਲਿ ਨਾਇ॥* (ਅੰਗ ੧੬੪)

*੨. ਮੀਨੁ ਬਿਛੋਹਾ ਨਾ ਸਹੈ ਜਲ ਬਿਨੁ ਮਰਿ ਪਾਹੀ॥* (ਅੰਗ ੧੧੨੨)

*੩. ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥* (ਅੰਗ ੭੦੮)

*੪. ਮੀਨੁ ਪਕਰਿ ਫਾਂਕਿਉ ਅਰੁ ਕਾਟਿਓ ਰਾਂਧਿ ਕੀਓ ਬਹੁ ਬਾਨੀ॥*
*ਖੰਡ ਖੰਡ ਕਰਿ ਭੋਜਨੁ ਕੀਨੋ ਤਊ ਨ ਬਿਸਰਿਓ ਪਾਨੀ॥* (ਅੰਗ ੬੫੮)

ਇਸੇ ਤਰ੍ਹਾਂ ਚੌਥਾ ਦ੍ਰਿਸ਼ਟਾਂਤ ਹਰੀ ਦੇ ਸੱਚੇ ਪ੍ਰੇਮੀ ਗੁਰਸਿੱਖ, ਸੰਤ ਭਗਤ, ਦਾ ਦਿੱਤਾ ਹੈ :

*੧. ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥*

(ਅੰਗ ੭੦੮)

*੨. ਪੀਰ ਮੁਰੀਦਾ ਪਿਰਹੜੀ ਓਹੁ ਨਿਬਹੈ ਨਾਲੇ॥*

(ਵਾਰ ੨੭, ਪਉੜੀ ੪)

*੩. ਸਗਲ ਭਵਣ ਤੇਰੋ ਨਾਮੁ ਬਾਲਹਾ ਤਿਉ ਨਾਮੇ ਮਨਿ ਬੀਠੁਲਾ॥*

(ਅੰਗ ੬੯੩)

*੪. ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ ਤਿਉ ਸਿਖੁ ਗੁਰ ਬਿਨੁ ਮਰਿ ਜਾਈ॥*

(ਅੰਗ ੭੫੭-੫੮)

*੫. ਹਰਿ ਪ੍ਰੇਮ ਭਗਤ ਕੋ ਨੇਹਿ॥*

# ਸਾਖੀ—ਭਗਤ ਸੈਣਿ ਜੀ

ਭਗਤ ਸੈਣਿ ਜੀ ਜਾਤ ਦੇ ਨਾਈ ਸਨ। ਆਪ ਜੀ ਦੇ ਜਨਮ ਦੇ ਸੰਬੰਧ ਵਿਚ ੨ ਤਰੀਕਾਂ ਵੱਖ-ਵੱਖ ਗ੍ਰੰਥਾਂਕਾਰਾਂ ਨੇ ਦਰਸਾਈਆਂ ਹਨ—ਇਕ ਸੰਨ ੧੩੯੦, ਦੂਸਰੇ ਕਥਨ ਅਨੁਸਾਰ ੧੩੪੩ ਈ: ਮੰਨਿਆ ਹੈ। ਪਿਤਾ ਮੁਕੰਦ ਰਾਇ ਜੀ ਦੇ ਘਰ ਮਾਤਾ ਜੀਵਨੀ ਜੀ ਦੀ ਕੁੱਖੋਂ ਆਪ ਜੀ ਦਾ ਜਨਮ ਹੋਇਆ। ਸੈਣਿ ਜੀ ਬਾਂਧਵਗੜ੍ਹ, ਰਾਜਸਥਾਨ ਦੇ ਰਾਜਾ ਅਰੀਵਾ ਜੀ ਦੇ ਸ਼ਾਹੀ ਨਾਈ ਸਨ। ਆਪ ਜੀ ਰਾਜਾ ਅਰੀਵਾ ਜੀ ਦੀ ਮੁੱਠੀ ਚਾਪੀ ਕਰਨ ਦਾ ਕੰਮ ਕਰਦੇ ਸਨ। ਜਿਥੇ ਆਪ ਜੀ ਇਹ ਕਿਰਤ ਕਰਦੇ ਸਨ, ਉਥੇ ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਭਗਤ ਕਬੀਰ ਜੀ ਨੂੰ ਭਗਤੀ ਵਿਚ ਲੱਗਿਆ ਵੇਖਕੇ ਅਤੇ ਭਗਤ ਕਬੀਰ ਜੀ ਦਾ ਪ੍ਰਤਾਪ ਵੇਖ ਕੇ ਆਪ ਨੂੰ ਭਗਤੀ ਕਰਨ ਦਾ ਵੀ ਮਨ ਅੰਦਰ ਚਾਅ ਪੈਦਾ ਹੋ ਆਇਆ ਸੀ। ਇਕ ਕਥਨ ਅਨੁਸਾਰ ਸੈਣਿ ਜੀ ਨੇ ਸੁਆਮੀ ਰਾਮਾਨੰਦ ਜੀ ਤੋਂ ਗੁਰ-ਦੀਖਿਆ ਲਈ ਸੀ। ਰਾਮਾ ਨੰਦ ਜੀ ਦੇ ਪਾਸੋਂ ਉਪਦੇਸ਼ ਲੈ ਕੇ ਸੈਣਿ ਜੀ ਪ੍ਰੇਮ ਵਿਚ ਭਿੱਜੇ ਹੋਏ ਹਮੇਸ਼ਾ ਪ੍ਰਭੂ ਦੀ ਭਗਤੀ ਕਰਦੇ ਰਹਿੰਦੇ ਸਨ। ਗੁਰਮਤਿ ਦੇ ਸਿਧਾਂਤ ਅਨੁਸਾਰ ਆਪ ਜੀ ਦਿਨ ਨੂੰ ਰਾਜਾ ਅਰੀਵਾ ਦੀ ਸੇਵਾ ਵਿਚ ਹਾਜ਼ਰ ਹੋ ਜਾਂਦੇ ਸਨ। ਅੰਮ੍ਰਿਤ ਵੇਲੇ ਵੱਡੇ ਤਕੜੇ ਅਤੇ ਰਾਤਰੀ ਨੂੰ ਪ੍ਰਭੂ ਪਿਆਰਿਆਂ, ਸੰਤਾਂ ਭਗਤਾਂ ਨਾਲ ਮਿਲ ਕੇ ਪ੍ਰਭੂ-ਪ੍ਰਮਾਤਮਾ ਦੀ ਪ੍ਰੇਮਾ ਭਗਤੀ ਕਰਦੇ ਸਨ। ਇਕ ਕਥਨ ਅਨੁਸਾਰ ਰਾਜਾ ਅਰੀਵਾ ਜੀ ਦੇ ਸਰੀਰ 'ਤੇ ਕੋਈ ਐਸਾ ਰੋਗ ਸੀ, ਜੋ ਉਸ ਨੂੰ ਮਾਲਿਸ਼ ਕਰਨ ਨਾਲ ਕੁਝ ਅਰਾਮ ਮਿਲਦਾ ਸੀ। ਇਸ ਕਰਕੇ ਸੈਣਿ ਜੀ ਪਾਸੋਂ ਹਰ ਰੋਜ਼ ਆਪਣੇ ਸਰੀਰ ਉਪਰ ਮਾਲਿਸ਼ ਕਰਵਾਉਂਦਾ ਸੀ। ਭਗਤ ਸੈਣਿ ਜੀ ਬਹੁਤ ਲੰਮਾ ਸਮਾਂ ਰਾਜਾ ਅਰੀਵਾ ਜੀ ਦੀ ਹਰ ਰੋਜ਼ ਜਾ ਕੇ ਮਾਲਿਸ਼ ਕਰਦੇ ਸਨ ਅਤੇ ਨਾਲ-ਨਾਲ ਪ੍ਰਮਾਤਮਾ ਦੀ ਪ੍ਰੇਮਾ ਭਗਤੀ ਵਿਚ ਵੀ ਤੱਤਪਰ ਰਹਿੰਦੇ ਸਨ। ਪਰ ਹਰ ਰੋਜ਼ ਸੈਣਿ ਜੀ ਦੇ ਮਨ ਅੰਦਰ ਪ੍ਰਮਾਤਮਾ ਦਾ ਪ੍ਰੇਮ ਪ੍ਰਬਲ ਹੋਈ ਜਾ ਰਿਹਾ ਸੀ। ਇਕ ਦਿਨ ਐਸਾ ਹੋਇਆ ਕਿ ਰਾਤਰੀ ਨੂੰ ਭਗਤ ਜੀ ਦੇ ਪਾਸ ਸੰਤ ਲੋਕ ਆਏ। ਸੈਣਿ ਜੀ ਨੇ ਉਹਨਾਂ ਦੀ ਜਲ ਪਾਣੀ ਦੀ ਸੇਵਾ ਕੀਤੀ ਅਤੇ ਸੰਤਾਂ ਨਾਲ ਮਿਲਕੇ ਪ੍ਰਭੂ ਕੀਰਤਨ ਭਾਵ ਜਸ ਕਰਨ ਵਿਚ ਲੱਗ ਗਏ। ਉਸ ਦਿਨ ਸਾਰੇ ਸੰਤ ਜਨ ਅਤੇ ਭਗਤ ਜੀ ਐਸੇ ਪ੍ਰੇਮ ਭਗਤੀ ਵਿਚ ਮਗਨ ਹੋਏ ਕਿ ਭਗਤ ਜੀ ਨੂੰ ਸਮੇਂ ਦਾ ਚੇਤਾ ਹੀ ਭੁੱਲ ਗਿਆ। ਇਸ ਕਰਕੇ ਅੱਜ ਰਾਜਾ ਅਰੀਵਾ ਜੀ ਦੀ ਮਾਲਿਸ਼ ਨਹੀਂ ਕਰਨ ਜਾ ਸਕੇ। ਪਰ ਜਿਸ ਸਮੇਂ ਸੰਤਾਂ ਭਗਤਾਂ ਨੂੰ ਵਿਦਾ ਕੀਤਾ ਤੇ ਫਿਰ ਯਾਦ ਆਇਆ ਕਿ ਅੱਜ ਰਾਜਾ ਮੈਨੂੰ ਕੀ ਆਖੇਗਾ। ਸੈਣਿ ਜੀ ਤੇਜ਼ੀ ਨਾਲ ਰਾਜ ਦੁਆਰੇ ਰਾਜੇ ਪਾਸ ਗਏ ਤਾਂ ਕੀ ਵੇਖਿਆ ਕਿ ਰਾਜਾ ਬਹੁਤ ਪ੍ਰਸੰਨ ਹੈ ਕਿਉਂਕਿ ਪ੍ਰਮਾਤਮਾ ਨੇ ਸੈਣ ਰੂਪ ਧਾਰਿ ਕੇ ਰਾਜੇ ਦੀ ਮਾਲਿਸ਼ ਕਰਕੇ ਰਾਜੇ ਦਾ ਸਰੀਰਕ ਰੋਗ ਹੀ ਖ਼ਤਮ ਕਰ ਦਿੱਤਾ ਹੈ, ਇਸ ਕਰਕੇ ਰਾਜੇ ਨੂੰ ਮਨ ਵਿਚ ਇਹੀ ਪ੍ਰਤੀਤ ਹੋਇਆ ਹੈ ਕਿ ਮੇਰੀ ਮਾਲਿਸ਼ ਕਰਕੇ ਸੈਣਿ ਜੀ ਹੁਣੇ ਗਏ ਸਨ ਅਤੇ ਅੱਜ ਦੀ ਮਾਲਿਸ਼ ਨੇ ਮੇਰਾ ਰੋਗ ਮੇਟ ਦਿੱਤਾ ਹੈ। ਹੁਣ ਦੁਬਾਰਾ ਬੜੀ ਛੇਤੀ ਸੈਣਿ ਨੂੰ ਆਉਂਦਿਆਂ ਵੇਖ ਕੇ ਰਾਜੇ ਨੇ ਦੂਰੋਂ ਹੀ ਆਵਾਜ਼ ਦੇ ਕੇ ਆਪਣੀ ਸ਼ਾਹੀ-ਪੁਸ਼ਾਕ ਲਾਹ ਕੇ ਸੈਣਿ ਜੀ ਨੂੰ ਪਹਿਨਣ ਲਈ ਦਿੱਤੀ ਅਤੇ ਕਿਹਾ ਕਿ ਸੈਣਿ ਤੂੰ ਤਾਂ ਹੁਣ ਗਿਆ ਸੀ। ਅੱਜ ਦੀ ਤੇਰੀ ਮਾਲਿਸ਼ ਨੇ ਮੈਨੂੰ ਸਦਾ ਲਈ ਰਾਜ਼ੀ ਕਰ ਦਿੱਤਾ ਹੈ। ਇਹ ਸੁਣ ਕੇ ਭਗਤ ਸੈਣਿ ਜੀ ਸਮਝ ਗਏ ਕਿ ਮੇਰੀ ਥਾਂ 'ਤੇ ਅੱਜ ਪ੍ਰਭੂ ਨੇ ਮੇਰਾ ਰੂਪ ਧਾਰ ਕੇ

ਰਾਜੇ ਦੀ ਮਾਲਿਸ਼ ਕੀਤੀ ਹੈ।

ਭਗਤ ਸੈਣਿ ਜੀ ਪ੍ਰੇਮ ਵਿਚ ਭਿੱਜ ਗਏ ਤੇ ਮਨ ਵਿਚ ਫੈਸਲਾ ਕੀਤਾ ਕਿ ਮਨਾ ! ਧੰਨ ਉਹ ਵਾਹਿਗੁਰੂ ਹੈ ਜਿਸ ਨੇ ਤੇਰੇ ਥਾਂ 'ਤੇ ਅੱਜ ਡਿਊਟੀ ਨਿਭਾਈ ਹੈ। ਅੱਜ ਤੋਂ ਪਿਛੋਂ ਸਦਾ ਹੀ ਉਸ ਪ੍ਰਭੂ ਦੀ ਪ੍ਰੇਮਾ ਭਗਤੀ ਕਰਦੇ ਰਹਿਣਾ ਹੈ। ਇਸ ਸਾਰੇ ਪ੍ਰਸੰਗ ਨੂੰ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਅੰਦਰ ਇਸ ਤਰ੍ਹਾਂ ਨਿਰੂਪਣ ਕੀਤਾ:

*ਸੁਣਿ ਪਰਤਾਪੁ ਕਬੀਰ ਦਾ ਦੂਜਾ ਸਿਖੁ ਹੋਆ ਸੈਣੁ ਨਾਈ।*
*ਪ੍ਰੇਮ ਭਗਤਿ ਰਾਤੀ ਕਰੈ ਭਲਕੇ ਰਾਜ ਦੁਆਰੈ ਜਾਈ।*
*ਆਏ ਸੰਤ ਪਰਾਹੁਣੇ ਕੀਰਤਨੁ ਹੋਆ ਰੈਣਿ ਸਬਾਈ।*
*ਛਡਿ ਨਾ ਸਕੈ ਸੰਤ ਜਨ ਰਾਜ ਦੁਆਰਿ ਨ ਸੇਵ ਕਮਾਈ।*
*ਸੈਣ ਰੂਪਿ ਹਰਿ ਜਾਇ ਕੈ ਆਇਆ ਰਾਣੈ ਨੋ ਰੀਝਾਈ।*
*ਸਾਧ ਜਨਾਂ ਨੋ ਵਿਦਾ ਕਰਿ ਰਾਜ ਦੁਆਰਿ ਗਇਆ ਸਰਮਾਈ।*
*ਰਾਣੈ ਦੂਰਹੁੰ ਸਦਿ ਕੈ ਗਲਹੁੰ ਕਵਾਇ ਖੋਲਿ ਪੈਨ੍ਹਾਈ॥*
*ਵਸਿ ਕੀਤਾ ਹਉਂ ਤੁਧੁ ਅਜੁ ਬੋਲੈ ਰਾਜਾ ਸੁਣੈ ਲੁਕਾਈ।*
***ਪਰਗਟੁ ਕਰੈ ਭਗਤਿ ਵਡਿਆਈ॥੧੬॥*** (ਵਾਰ ੧੦, ਪਉੜੀ ੧੬)

ਜੈਤਸਰੀ ਮਹਲਾ ੫ ॥ ਚਾਤ੍ਰਿਕ ਚਿਤਵਤ ਬਰਸਤ ਮੇਂਹ ॥ ਕ੍ਰਿਪਾ ਸਿੰਧੁ ਕਰੁਣਾ ਪ੍ਰਭ ਧਾਰਹੁ ਹਰਿ ਪ੍ਰੇਮ ਭਗਤਿ ਕੋ ਨੇਂਹ ॥ ੧ ॥ ਰਹਾਉ ॥ ਅਨਿਕ ਸੂਖ ਚਕਵੀ ਨਹੀ ਚਾਹਤ ਅਨਦ ਪੂਰਨ ਪੇਖਿ ਦੇਂਹ ॥ ਆਨ ਉਪਾਵ ਨ ਜੀਵਤ ਮੀਨਾ ਬਿਨੁ ਜਲ ਮਰਨਾ ਤੇਂਹ ॥ ੧ ॥ ਹਮ ਅਨਾਥ ਨਾਥ ਹਰਿ ਸਰਣੀ ਅਪੁਨੀ ਕ੍ਰਿਪਾ ਕਰੇਂਹ ॥ ਚਰਣ ਕਮਲ ਨਾਨਕੁ ਆਰਾਧੈ ਤਿਸੁ ਬਿਨੁ ਆਨ ਨ ਕੇਂਹ ॥ ੨ ॥ ੬ ॥ ੧੦ ॥

(ਅੰਗ ੭੦੨)

## ਪਦ ਅਰਥ :

ਚਾਤ੍ਰਿਕ-ਪਪੀਹਾ। ਚਿਤਵਤ-ਤਾਂਘਦਾ, ਲੋਚਦਾ ਹੈ। ਬਰਸਤ ਮੇਂਹ-ਮੀਂਹ ਵੱਸਦਾ ਹੈ। ਕ੍ਰਿਪਾ ਸਿੰਧੁ-ਕ੍ਰਿਪਾ ਦੇ ਸਮੁੰਦਰ। ਕਰੁਣਾ-ਦਇਆ। ਧਾਰਹੁ-ਕਰੋ। ਨੇਂਹ-ਪ੍ਰੇਮ ਭਾਉ। ਨਹੀ ਚਾਹਤ-ਨਹੀਂ ਚਾਹੁੰਦੀ। ਅਨਦ ਪੂਰਨ-ਪੂਰੀ ਤਰ੍ਹਾਂ ਪ੍ਰਸੰਨ ਹੁੰਦੀ ਹੈ। ਪੇਖਿ ਦੇਂਹ-ਸੂਰਜ ਨੂੰ ਵੇਖ ਕੇ। ਆਨ-ਹੋਰ। ਉਪਾਵ-ਯਤਨ। ਮੀਨਾ-ਮੱਛੀ। ਤੇਂਹ-ਉਸਦਾ। ਨਾਥ-ਹੇ ਮਾਲਕ। ਕਰੇਂਹ-ਕਰ। ਅਰਾਧੈ-ਸਿਮਰਦਾ ਹੈ। ਆਨ ਨ ਕੇਂਹ-ਹੋਰ ਕੁਝ ਨਹੀਂ ਹੈ।

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

**ਅਰਥ :**

(ਹੇ ਭਾਈ ! ਜਿਸ ਸਮੇਂ) ਪਪੀਹਾ ਲੋਚਦਾ ਹੈ ਤਾਂ ਮੀਂਹ ਵਰਸਦਾ (ਭਾਵ ਪਪੀਹਾ ਜਦ ਪ੍ਰਿਉ-ਪ੍ਰਿਉ ਦੀ ਰਟ ਲਗਾਉਂਦਾ ਹੈ) ਤਿਵੇਂ ਹੇ ਹਰੀ !) ਮੈਨੂੰ ਪ੍ਰੇਮਾ ਭਗਤੀ ਦਾ ਚਾਉ ਹੈ। ਹੇ ਕਿਰਪਾ ਦੇ ਸਮੁੰਦਰ ਪ੍ਰਭੂ ! (ਮੇਰੇ ਉੱਤੇ) ਦਇਆ ਕਰੋ, (ਮੈਨੂੰ) ਇਹ ਦਾਤਿ ਬਖ਼ਸ਼ੋ ਜੀ। ੧। ਰਹਾਉ (ਭਾਵੇਂ ਸੰਸਾਰ ਅੰਦਰ) ਅਨੇਕਾਂ ਸੁੱਖ ਹਨ (ਪਰ) ਚੱਕਵੀ (ਇਨ੍ਹਾਂ ਸੁੱਖਾਂ ਵਿਚੋਂ ਇਕ ਸੁੱਖ ਵੀ) ਨਹੀਂ ਚਾਹੁੰਦੀ। (ਉਹ) ਸੂਰਜ ਨੂੰ ਵੇਖ ਕੇ ਪੂਰੀ ਤਰ੍ਹਾਂ ਪ੍ਰਸੰਨ ਹੁੰਦੀ ਹੈ। (ਇਸੇ ਤਰ੍ਹਾਂ) ਮੱਛੀ ਹੋਰ ਕਿਸੇ ਯਤਨ ਨਾਲ ਨਹੀਂ ਜੀਉਂਦੀ ਰਹਿ ਸਕਦੀ। ਜਲ ਤੋਂ ਬਿਨਾਂ ਉਸ ਦੀ ਮੌਤ ਹੋ ਜਾਂਦੀ ਹੈ। ੧। ਹੇ ਮਾਲਕ ! ਅਸੀਂ ਨਿਮਾਣੇ (ਆਪ) ਹਰੀ ਮਾਲਕ ਤੇਰੀ ਸ਼ਰਨ ਵਿਚ ਹਾਂ। (ਸਾਡੇ ਉੱਤੇ) ਆਪਣੀ ਕਿਰਪਾ ਕਰੋ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਹੇ ਪ੍ਰਭੂ ! ਮੇਰੇ 'ਤੇ ਕਿਰਪਾ ਕਰ, ਮੈਂ ਤੇਰੇ, ਚਰਨ ਕਮਲਾਂ ਨੂੰ ਸਿਮਰਦਾ ਰਹਾਂ, (ਮੈਂ ਤੇਰੇ) ਇਸ ਸਿਮਰਨ ਤੋਂ ਬਿਨਾਂ ਹੋਰ ਕੁਝ ਨਹੀਂ ਚਾਹੁੰਦਾ। ੨। ੬। ੧੦।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

☆☆☆
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਸ੍ਰੀ ਮੁਖਵਾਕ ਨੰਬਰ ੧੧੨ (ਅੰਗ ੭੦੩-੦੪)

## ਜੈਤਸਰੀ ਮਹਲਾ ੫ ਛੰਤ ਘਰੁ ੧ ੧ਓ ਸਤਿਗੁਰ ਪ੍ਰਸਾਦਿ ॥

ਸਲੋਕ ॥ ਦਰਸਨ ਪਿਆਸੀ ਦਿਨਸੁ ਰਾਤਿ ਚਿਤਵਉ ਅਨਦਿਨੁ ਨੀਤ ॥ ਖੋਲਿ੍ ਕਪਟ ਗੁਰਿ ਮੇਲੀਆ ਨਾਨਕ ਹਰਿ ਸੰਗਿ ਮੀਤ ॥ ੧ ॥ ਛੰਤ ॥ ਸੁਣਿ ਯਾਰ ਹਮਾਰੇ ਸਜਣ ਇਕ ਕਰਉ ਬੇਨੰਤੀਆ ॥ ਤਿਸੁ ਮੋਹਨ ਲਾਲ ਪਿਆਰੇ ਹਉ ਫਿਰਉ ਖੋਜੰਤੀਆ ॥ ਤਿਸੁ ਦਸਿ ਪਿਆਰੇ ਸਿਰੁ ਧਰੀ ਉਤਾਰੇ ਇਕ ਭੋਰੀ ਦਰਸਨੁ ਦੀਜੈ ॥ ਨੈਨ ਹਮਾਰੇ ਪ੍ਰਿਅ ਰੰਗ ਰੰਗਾਰੇ ਇਕੁ ਤਿਲੁ ਭੀ ਨਾ ਧੀਰੀਜੈ ॥ ਪ੍ਰਭ ਸਿਉ ਮਨੁ ਲੀਨਾ ਜਿਉ ਜਲ ਮੀਨਾ ਚਾਤ੍ਰਿਕ ਜਿਵੈ ਤਿਸੰਤੀਆ ॥ ਜਨ ਨਾਨਕ ਗੁਰੁ ਪੂਰਾ ਪਾਇਆ ਸਗਲੀ ਤਿਖਾ ਬੁਝੰਤੀਆ ॥ ੧ ॥ ਯਾਰ ਵੇ ਪ੍ਰਿਅ ਹਭੇ ਸਖੀਆ ਮੂ ਕਹੀ ਨ ਜੇਹੀਆ ॥ ਯਾਰ ਵੇ ਹਿਕ ਡੂੰ ਹਿਕਿ ਚਾੜੈ ਹਉ ਕਿਸੁ ਚਿਤੇਹੀਆ ॥ ਹਿਕ ਦੂੰ ਹਿਕਿ ਚਾੜੇ ਅਨਿਕ ਪਿਆਰੇ ਨਿਤ ਕਰਦੇ ਭੋਗ ਬਿਲਾਸਾ ॥ ਤਿਨਾ ਦੇਖਿ ਮਨਿ ਚਾਉ ਉਠੰਦਾ ਹਉ ਕਦਿ ਪਾਈ ਗੁਣਤਾਸਾ ॥ ਜਿਨੀ ਮੈਡਾ ਲਾਲੁ ਰੀਝਾਇਆ ਹਉ ਤਿਸੁ ਆਗੈ ਮਨੁ ਡੇਂਹੀਆ ॥ ਨਾਨਕੁ ਕਹੈ ਸੁਣਿ ਬਿਨਉ ਸੁਹਾਗਣਿ ਮੂ ਦਸਿ ਡਿਖਾ ਪਿਰੁ ਕੇਹੀਆ ॥ ੨ ॥ ਯਾਰ ਵੇ ਪਿਰੁ ਆਪਣ ਭਾਣਾ ਕਿਛੁ ਨੀਸੀ ਛੰਦਾ ॥ ਯਾਰ ਵੇ ਤੈ ਰਾਵਿਆ ਲਾਲਨੁ ਮੂ ਦਸਿ ਦਸੰਦਾ ॥ ਲਾਲਨੁ ਤੈ ਪਾਇਆ ਆਪੁ ਗਵਾਇਆ ਜੈ ਧਨ ਭਾਗ ਮਥਾਣੇ ॥ ਬਾਂਹ ਪਕੜਿ ਠਾਕੁਰਿ ਹਉ ਘਿਧੀ ਗੁਣ ਅਵਗਣ ਨ ਪਛਾਣੇ ॥ ਗੁਣ ਹਾਰੁ ਤੈ ਪਾਇਆ ਰੰਗੁ ਲਾਲੁ ਬਣਾਇਆ ਤਿਸੁ ਹਭੋ ਕਿਛੁ ਸੁਹੰਦਾ ॥ ਜਨ ਨਾਨਕ ਧੰਨਿ ਸੁਹਾਗਣਿ ਸਾਈ ਜਿਸੁ ਸੰਗਿ ਭਤਾਰੁ ਵਸੰਦਾ ॥ ੩ ॥ ਯਾਰ ਵੇ ਨਿਤ ਸੁਖ ਸੁਖੇਦੀ ਸਾ ਮੈ ਪਾਈ ॥ ਵਰੁ ਲੋੜੀਦਾ

ਆਇਆ ਵਜੀ ਵਾਧਾਈ ॥ ਮਹਾ ਮੰਗਲੁ ਰਹਸੁ ਥੀਆ ਪਿਰੁ ਦਇਆਲੁ ਸਦ ਨਵ ਰੰਗੀਆ ॥ ਵਡ ਭਾਗਿ ਪਾਇਆ ਗੁਰਿ ਮਿਲਾਇਆ ਸਾਧ ਕੈ ਸਤਸੰਗੀਆ ॥ ਆਸਾ ਮਨਸਾ ਸਗਲ ਪੂਰੀ ਪ੍ਰਿਅ ਅੰਕਿ ਅੰਕੁ ਮਿਲਾਈ ॥ ਬਿਨਵੰਤਿ ਨਾਨਕੁ ਸੁਖ ਸੁਖੇਦੀ ਸਾ ਮੈ ਗੁਰ ਮਿਲਿ ਪਾਈ ॥ ੪ ॥ ੧ ॥

## ਪ੍ਰਾਕ੍ਰਥਨ :-

ਇਹ ਪਾਵਨ ਸ਼ਬਦ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦਾ ਜੈਤਸਰੀ ਰਾਗ ਅੰਦਰ ਛੰਤ ਛੰਦ ਦੀ ਚਾਲ ਵਿਚ ਉਚਾਰਨ ਕੀਤਾ ਹੋਇਆ ਹੈ। ਇਸ ਦੇ ਆਰੰਭ ਵਿਚ ਗੁਰਦੇਵ ਨੇ ਦਰਸ਼ਨਾਂ ਦਾ ਜ਼ਿਕਰ ਕੀਤਾ ਹੈ:

## ਵਿਸ਼ਾ— ਦਰਸਨ ਦੇਖਿ ਜੀਵਾ ਗੁਰ ਤੇਰਾ

ਕਾਵਿਕਾਰੀ ਗ੍ਰੰਥਾਂ ਦੇ ਅੰਦਰ ਦਰਸ਼ਨ ਚਾਰ ਪ੍ਰਕਾਰ ਦੇ ਕਥਨ ਕੀਤੇ ਹਨ—੧. ਪ੍ਰਤੱਖ ਦਰਸ਼ਨ, ੨. ਸ੍ਰਵਣ ਦਰਸ਼ਨ, ੩. ਚਿਤਰ ਦਰਸ਼ਨ, ੪. ਸੁਪਨ ਦਰਸ਼ਨ। ਅਕਾਲ ਪੁਰਖ ਵਾਹਿਗੁਰੂ ਜੀ ਦੇ ਨਿਰਗੁਣ ਅਤੇ ਸਰਗੁਣ ਦੇ ਦੋ ਸਰੂਪ ਮੰਨੇ ਹਨ:

***ਨਿਰਗੁਨੁ ਆਪਿ ਸਰਗੁਨ ਭੀ ਓਹੀ॥***
***ਕਲਾ ਧਾਰਿ ਜਿਨਿ ਸਗਲੀ ਮੋਹੀ॥***

(ਅੰਗ ੨੮੭)

ਨਿਰਗੁਣ ਸਰੂਪ ਦਾ ਕੋਈ ਰੂਪ, ਰੰਗ ਰੇਖ ਨਹੀ ਹੈ:

***ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ॥***

(ਅੰਗ ੨੮੩)

ਉਹ ਨਿਰਗੁਣ ਸਰੂਪ ਪ੍ਰਮੇਸ਼ਰ ਹੀ ਜਗਤ ਜੀਆਂ ਨੂੰ ਤਾਰਨ ਲਈ ਸਰਗੁਣ ਗੁਰੂ ਨਾਨਕ ਸਰੂਪ ਹੋ ਕੇ ਸੰਸਾਰ ਅੰਦਰ ਪ੍ਰਗਟ ਹੋਇਆ ਹੈ :

***ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥***
***ਨਿਰੰਕਾਰਿ ਆਕਾਰੁ ਜੋਤਿ ਜਗਿ ਮੰਡਲਿ ਕਰਿਯਉ॥***

(ਸਵਈਏ ਮ: ੩, ਅੰਗ ੧੩੯੫)

ਉਹ ਨਿਰਗੁਣ ਸਰੂਪ ਨਿਰੰਕਾਰੀ ਜੋਤ ਹੀ ਦਸਾਂ ਸਰੂਪਾਂ ਵਿਚ ਵਰਤੀ ਹੈ। ਗੁਰੂ ਕਾਲ ਸਮੇਂ ਪ੍ਰੇਮੀ ਗੁਰੂ ਕੇ ਸਿੱਖ ਪ੍ਰਤੱਖ ਰੂਪ ਵਿਚ ਗੁਰੂ ਕੇ ਦਰਸ਼ਨ ਕਰਦੇ ਸਨ ਅਤੇ ਗੁਰਸਿੱਖਾਂ ਦੀ ਭਾਵਨਾ ਭੀ ਹੈ, ਕਿ ਸਮਰੱਥ ਗੁਰੂ, ਜਿਸ ਗੁਰੂ ਦੀ ਅੰਮ੍ਰਿਤ ਭਰੀ ਦ੍ਰਿਸ਼ਟੀ ਪੈਣ ਨਾਲ ਮਨੁੱਖ ਦੇ ਸਾਰੇ ਪਾਪ ਕੱਟੇ ਜਾਂਦੇ ਹਨ, ਉਸ ਗੁਰੂ ਦੇ ਦਰਸ਼ਨ ਕੀਤਿਆਂ ਮਨੁੱਖ ਦੇ ਜਨਮ ਦੇ ਦੁੱਖ ਭੀ ਕੱਟੇ ਜਾਂਦੇ ਹਨ। ਇਸ ਭਾਵ ਨੂੰ ਭੱਟਾਂ ਨੇ ਸਵੱਈਆਂ ਅੰਦਰ ਉਜਾਗਰ ਕੀਤਾ ਹੈ:

***ਅਮਿਅ ਦ੍ਰਿਸਟਿ ਸੁਭ ਕਰੈ ਹਰੈ ਅਘ ਪਾਪ ਸਕਲ ਮਲ॥***
***ਕਾਮ ਕ੍ਰੋਧ ਅਰੁ ਲੋਭ ਮੋਹ ਵਸਿ ਕਰੈ ਸਭੈ ਬਲ॥***

***ਸਦਾ ਸੁਖੁ ਮਨਿ ਵਸੈ ਦੁਖੁ ਸੰਸਾਰਹ ਖੋਵੈ॥***
***ਗੁਰੁ ਨਵ ਨਿਧਿ ਦਰੀਆਉ ਜਨਮ ਹਮ ਕਾਲਖ ਧੋਵੈ॥***
***ਸੁ ਕਹੁ ਟਲ ਗੁਰੁ ਸੇਵੀਐ ਅਹਿਨਿਸਿ ਸਹਜਿ ਸੁਭਾਇ॥***
***ਦਰਸਨਿ ਪਰਸਿਐ ਗੁਰੂ ਕੈ ਜਨਮ ਮਰਣ ਦੁਖੁ ਜਾਇ॥***

(ਸਵਈਏ ਮ: ੩, ਅੰਗ ੧੩੯੨)

ਵਰਤਮਾਨ ਸਮੇਂ ਅੰਦਰ ਭੀ ਸ਼ਬਦ ਸਰੂਪ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਤੱਖ ਦਰਸ਼ਨ ਗੁਰਸਿੱਖ ਭਾਵਨਾ ਨਾਲ ਹਰ ਰੋਜ਼, ਹਰ ਥਾਂ, ਦੇਸ਼-ਵਿਦੇਸ਼ ਵਿਚ ਜਿਥੇ-ਜਿਥੇ ਗੁਰੂ ਨਾਨਕ ਨਾਮ ਲੇਵਾ ਬੈਠੇ ਹਨ, ਕਰਦੇ ਹਨ। ਸ੍ਰਵਣ ਦਰਸ਼ਨ ਗੁਰ ਇਤਿਹਾਸ ਰਾਹੀਂ ਗੁਰੂ ਸਾਹਿਬ ਜੀ ਦੇ ਕਵੀ ਸੰਤੋਖ ਸਿੰਘ ਜੀ ਨੇ "ਗੁਰ ਪ੍ਰਤਾਪ ਸੂਰਜ ਗ੍ਰੰਥ" ਅੰਦਰ ਗੁਰਸਿੱਖਾਂ ਨੂੰ ਬੇਅੰਤ ਥਾਈਂ ਕਰਾਏ ਹਨ। ਚਿਤਰ ਦਰਸ਼ਨ ਦਸ ਗੁਰੂ ਸਾਹਿਬਾਨਾਂ ਦੀਆਂ ਤਸਵੀਰਾਂ ਰਾਹੀਂ ਗੁਰੂ ਦੇ ਚਿੱਤਰ ਦਰਸ਼ਨ ਕਰੀਦੇ ਹਨ। ਸੁਪਨ ਦਰਸ਼ਨ ਭਾਵਨਾ ਵਾਲੇ ਨੇਮੀ ਪ੍ਰੇਮੀ, ਗੁਰਸਿੱਖਾਂ ਨੂੰ ਸੁੱਤੇ ਪਿਆਂ ਸੁਪਨੇ ਵਿਚ ਗੁਰੂ ਸਾਹਿਬਾਨਾਂ ਦੇ ਦਰਸ਼ਨ ਹੁੰਦੇ ਹਨ। ਇਹ ਸੰਖੇਪ ਰੂਪ ਵਿਚ ਚਾਰ ਤਰ੍ਹਾਂ ਦੇ ਦਰਸ਼ਨਾਂ ਦਾ ਜ਼ਿਕਰ ਕੀਤਾ ਹੈ। ਗੁਰਬਾਣੀ ਅੰਦਰ ਬੇਅੰਤ ਸ਼ਬਦ ਹਨ ਜਿਨ੍ਹਾਂ ਅੰਦਰ ਗੁਰੂ ਸਿਖਾਂ ਦੇ ਦਿਲ ਦੀ ਤਾਂਘ ਦਰਸ਼ਨਾਂ ਪ੍ਰਤੀ ਗੁਰਦੇਵ ਨੇ ਪ੍ਰਗਟ ਕੀਤੀ ਹੈ :

***ਸਤਿਗੁਰ ਦਰਸਨ ਸਬਦ ਅਗਾਧਿ ਬੋਧ,***
***ਅਬਿਗਤਿ ਗਤਿ ਨੇਤਿ ਨੇਤਿ ਨਮੋ ਨਮ ਹੈ॥***
***ਦਰਸ ਧਿਆਨ ਅਰੁ ਸਬਦ ਗਿਆਨ ਲਿਵ,***
***ਗੁਪਤ ਪ੍ਰਗਟ ਠਟ ਪੂਰਨ-ਬ੍ਰਹਮ ਹੈ॥***
***ਨਿਰਗੁਨ ਸਰਗੁਨ ਕੁਸਮਾਵਲੀ ਸੁਗੰਧਿ ਸੰਧਿ,***
***ਏਕ ਅਉ ਅਨੇਕ ਰੂਪ ਗੰਮਿਤਾ ਅਗਮ-ਹੈ॥***
***ਪਰਮਦਭੁਤ ਅਸਚਰਜੈ ਅਸਚਰਜ ਮੈ***
***ਅਕਥ ਕਥਾ ਅਲਖ ਬਿਸਮੈ ਬਿਸਮ ਹੈ॥ ੮੧॥***

(ਕਬਿੱਤ ਸਵੱਯੇ ਭਾ: ਗੁਰਦਾਸ ਜੀ)

ਪਰ ਗੁਰਦੇਵ ਦਾ ਪਾਵਨ ਬਾਣੀ ਅੰਦਰ ਇਹ ਭੀ ਫ਼ੁਰਮਾਨ ਹੈ ਕਿ ਪ੍ਰਤੱਖ ਰੂਪ ਵਿਚ ਦਰਸ਼ਨ ਕੀਤੇ ਤਦ ਹੀ ਸਫਲੇ ਹਨ ਜੇ ਗੁਰਸਿੱਖ ਜਗਿਆਸੂ ਅਥਾਹ ਸ਼ਰਧਾ ਤੇ ਪ੍ਰੇਮ ਨਾਲ ਗੁਰੂ ਸਾਹਿਬ ਦੇ ਦਰਸ਼ਨ ਕਰਦਾ ਹੈ। ਨਹੀਂ ਤਾਂ ਉਸ ਤਰ੍ਹਾਂ ਸਭ ਕੋਈ ਦਰਸ਼ਨ ਕਰ ਰਿਹਾ ਹੈ, ਭਾਵਨਾ ਤੇ ਪ੍ਰੇਮ ਤੋਂ ਬਿਨਾਂ ਦਰਸ਼ਨ ਕਰਨ ਦਾ ਬਹੁਤ ਲਾਭ ਨਹੀਂ। ਹਜ਼ੂਰ ਕਥਨ ਕਰਦੇ ਹਨ :

***ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ॥***
***ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥*** (ਅੰਗ ੫੯੪)

ਭਾਈ ਗੁਰਦਾਸ ਜੀ ਵੀ ਕਥਨ ਕਰਦੇ ਹਨ ਕਿ ਉਸ ਤਰ੍ਹਾਂ ਤਾਂ ਸਭ ਕੋਈ ਕਹੀ ਜਾਂਦਾ ਹੈ ਕਿ ਮੈਂ ਦਰਸ਼ਨ ਕੀਤੇ ਹਨ, ਪਰ ਉਹ ਦਰਸ਼ਨ ਕਿਹੜੇ ਹਨ ਜਿਸ ਦਰਸ਼ਨ ਕਰਨ ਨਾਲ ਮਨ ਗੁਰੂ ਸਰੂਪ ਦੇ ਦਰਸ਼ਨਾਂ 'ਚ ਹੀ ਅਭੇਦ ਹੋ ਜਾਂਦਾ ਹੈ, ਉਹ ਤਾਂ ਇਕ ਅਲੌਕਿਕ ਦ੍ਰਿਸ਼ਟੀ ਹੀ ਹੈ:

***ਦਰਸਨ ਦੇਖਿਓ ਦੇਖਿਓ ਸਕਲ ਸੰਸਾਰੁ ਕਹੈ,***
***ਕਵਨ ਦ੍ਰਿਸਟਿ ਸਉ ਮਨ ਦਰਸਿ ਸਮਾਈਐ॥***
***ਗੁਰ ਉਪਦੇਸ ਸੁਨਿਓ ਸੁਨਿਓ ਸਭ ਕੋਊ ਕਹੈ,***
***ਕਵਨ ਸੁਰਤਿ ਸੁਨਿ ਅਨਤ ਨ ਧਾਈਐ॥***
***ਜੈ ਜੈਕਾਰ ਜਪਤ ਜਗਤ ਗੁਰ ਮੰਤ੍ਰ ਜੀਹ,***
***ਕਵਨ ਜੁਗਤਿ ਜੋਤੀ ਜੋਤਿ ਲਿਵ ਲਾਈਐ॥***
***ਦ੍ਰਿਸਟਿ ਸੁਰਤਿ ਗਿਆਨ ਧਿਆਨ ਸਰਬੰਗ ਹੀਨ,***
***ਪਤਿਤ ਪਾਵਨ ਗੁਰ ਮੂੜ ਸਮਝਾਈਐ॥ ੫੪੧॥***

(ਕਬਿੱਤ ਸਵੱਯੇ ਭਾ: ਗੁਰਦਾਸ ਜੀ)

***ਅਥਵਾ: ੧. ਆਸ ਪਿਆਸੀ ਪਿਰ ਕੈ ਤਾਈ ਜਿਉ ਚਾਤ੍ਰਿਕੁ ਬੂੰਦੇਰੇ॥***

(ਅੰਗ ੧੧੧੭)

***੨. ਹਰਿ ਦਰਸਨ ਕਉ ਮੇਰਾ ਮਨੁ ਬਹੁ ਤਪਤੈ ਜਿਉ ਤ੍ਰਿਖਾਵੰਤੁ ਬਿਨੁ ਨੀਰ॥***

(ਅੰਗ ੮੬੧)

***੩. ਪੰਥੁ ਨਿਹਾਰੈ ਕਾਮਨੀ ਲੋਚਨ ਭਰੀ ਲੇ ਉਸਾਸਾ॥***
***ਉਰ ਨ ਭੀਜੈ ਪਗੁ ਨਾ ਖਿਸੈ ਹਰਿ ਦਰਸਨ ਕੀ ਆਸਾ॥***

(ਅੰਗ ੩੩੭)

ਇਸ ਲਈ:

***ਦਰਸਨੁ ਦੇਖਿ ਜੀਵਾ ਗੁਰ ਤੇਰਾ॥***
***ਪੂਰਨ ਕਰਮੁ ਹੋਇ ਪ੍ਰਭ ਮੇਰਾ॥***

(ਅੰਗ ੭੪੨)

## ਸਾਖੀ—ਗੁਰੂ ਹਰਿਗੋਬਿੰਦ ਜੀ ਦੇ ਦਰਸ਼ਨਾਂ ਦੀ

ਪਿੰਡ ਡਰੌਲੀ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਰਹਿਣ ਵਾਲਾ ਸਾਈਂ ਦਾਸ ਜੀ ਜਿਸਨੂੰ ਮੀਰੀ-ਪੀਰੀ ਦੇ ਮਾਲਕ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਮਹਿਲ, ਸਾਡੇ ਜਗਤ ਮਾਤਾ, ਮਾਤਾ ਦਮੋਦਰੀ ਜੀ ਦੀ ਵੱਡੀ ਭੈਣ

ਰਾਮੋ ਜੀ ਵਿਆਹੀ ਹੋਈ ਸੀ। ਭਾਵ ਗੁਰੂ ਦੇ ਮਹਿਲ ਸ੍ਰੀ ਦਮੋਦਰੀ ਜੀ ਅਤੇ ਸਾਈਂ ਦਾਸ ਦੇ ਘਰੋਂ ਰਾਮੋ ਜੀ ਦੋਵੇਂ ਸਕੀਆਂ ਭੈਣਾਂ ਸਨ। ਇਸ ਕਰਕੇ ਸੰਸਾਰਿਕ ਸੰਬੰਧ ਕਰਕੇ ਸਾਂਈਂ ਦਾਸ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਸਾਂਢੂ ਸੀ। ਪਰ ਸਾਈਂ ਦਾਸ ਜੀ ਤੇ ਰਾਮੋ ਜੀ ਗੁਰੂ ਜੀ ਨਾਲ ਆਪਣੇ ਸੰਸਾਰਿਕ ਰਿਸ਼ਤੇ ਨੂੰ ਮੁਖ ਨਹੀਂ ਰੱਖਦੇ ਸਨ। ਇਹ ਦੋਵੇਂ ਜੀ ਸਤਿਗੁਰੂ ਸਾਹਿਬ ਜੀ ਦੇ ਅਨਿਨ ਸ਼ਰਧਾਲੂ, ਪ੍ਰੇਮੀ ਸਿੱਖ ਸਨ। ਇਹਨਾਂ ਨੇ ਆਪਣੇ ਪਿੰਡ ਡਰੌਲੀ ਵਿਚ ਆਪਣਾ ਨਵਾਂ ਘਰ ਬਣਾਇਆ। ਉਸ ਘਰ ਵਿਚ ਗੁਰੂ ਜੀ ਲਈ ਸੁੰਦਰ ਪਲੰਘ ਸਜਾਇਆ ਅਤੇ ਦੋਵਾਂ ਜੀਆਂ ਨੇ ਪ੍ਰਣ ਕਰ ਲਿਆ ਕਿ ਨਵੇਂ ਮਕਾਨ ਵਿਚ "ਦਲ ਭੰਜਨ ਗੁਰੂ ਸੂਰਮਾ, ਬਡਾ ਯੋਧਾ ਬਹੁ ਪਰਉਪਕਾਰੀ" ਸਤਿਗੁਰੂ ਸਾਹਿਬ ਜੀ ਦੇ ਪਹਿਲਾਂ ਚਰਨ ਪਵਾਵਾਂਗੇ। ਆਪਾਂ ਬਾਅਦ ਵਿਚ ਇਸ ਘਰ ਵਿਚ ਰਹਿਣਾ ਸ਼ੁਰੂ ਕਰਾਂਗੇ, ਇਸ ਲਈ ਪਤੀ ਪਤਨੀ ਦੋਵਾਂ ਜੀਆਂ ਨੇ ਬੜੀ ਹੀ ਸ਼ਰਧਾ ਤੇ ਪ੍ਰੇਮ ਸਹਿਤ ਅੰਮ੍ਰਿਤਸਰ ਸਾਹਿਬ ਗੁਰੂ ਜੀ ਨੂੰ ਬੇਨਤੀ ਕਰ ਭੇਜੀ, ਕਿ ਗੁਰਦੇਵ! ਅਸੀਂ ਆਪ ਜੀ ਦੇ ਦਰਸ਼ਨਾਂ ਦੀ ਉਡੀਕ ਵਿਚ ਹਾਂ, ਆਪ ਜੀ ਪ੍ਰਵਾਰ ਸਮੇਤ ਸਾਨੂੰ ਦਰਸ਼ਨ ਦੇ ਕੇ ਦਰਸ਼ਨਾਂ ਨਾਲ ਨਿਵਾਜੋ। ਇਹਨਾਂ ਦੀ ਬੇਨਤੀ ਗੁਰੂ ਜੀ ਪਾਸ ਪਹੁੰਚੀ ਤਾਂ ਇਹ ਦੋਵੇਂ ਜੀਅ ਪ੍ਰੇਮ ਸਹਿਤ ਬਿਹਬਲ ਹੋ ਕੇ ਗੁਰੂ ਜੀ ਦੇ ਦਰਸ਼ਨਾਂ ਦੀ ਉਡੀਕ ਕਰ ਰਹੇ ਸਨ। ਇਸੇ ਹੀ ਸਮੇਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਇਕ ਸਾਧ ਨੇ ਆ ਕੇ ਬੇਨਤੀ ਕੀਤੀ ਕਿ ਹਜ਼ੂਰ! ਆਪ ਜੀ ਦੇ ਦਰਸ਼ਨਾਂ ਦੀ ਉਡੀਕ ਵਿਚ ਲੱਗਿਆ ਅਲਮਸਤ ਸਾਧੂ ਨਾਨਕ ਮਤੇ ਤੁਹਾਨੂੰ ਯਾਦ ਕਰ ਰਿਹਾ ਹੈ। ਕਿਉਂਕਿ ਉਥੇ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਅਸਥਾਨ ਦੀ ਸਿਧ ਜੋਗੀਆਂ ਨੇ ਬੇਅਦਬੀ ਕਰ ਰੱਖੀ ਹੈ ਤੇ ਪਿੱਪਲ ਨੂੰ ਸਾੜ ਦਿੱਤਾ ਹੈ। ਅਲਮਸਤ ਸਾਧੂ ਨੂੰ ਕੁੱਟ ਮਾਰ ਕੇ ਉੱਥੋਂ ਕੱਢ ਦਿੱਤਾ ਹੈ। ਐਸੇ ਕਠਿਨ ਸਮੇਂ ਵਿਚ ਅਲਮਸਤ ਸਾਧੂ ਤੁਹਾਡੇ ਦਰਸ਼ਨਾਂ ਦੀ ਉਡੀਕ ਵਿਚ ਬਿਹਬਲ ਹੋਇਆ ਤੁਹਾਨੂੰ ਯਾਦ ਕਰ ਰਿਹਾ ਹੈ। ਮਹਾਨ ਕੋਸ਼ ਅਨੁਸਾਰ ਬਾਬਾ ਸ੍ਰੀ ਚੰਦ ਜੀ ਦਾ ਸੇਵਕ ਸੀ, ਜਿਸ ਦਾ ਨਾਉਂ ਕਮਲੀਆ ਅਤੇ ਗੋਦੜੀਆ ਕਰਕੇ ਭੀ ਪ੍ਰਸਿੱਧ ਹੈ। ਅਲਮਸਤ ਦਾ ਜਨਮ ਕਸ਼ਮੀਰ ਦੇ ਇਲਾਕੇ ਵਿਚ ਗੌਡ ਬਾਹਮਣ ਦੇ ਘਰ ਸੰਮਤ ੧੬੧੦ ਵਿਚ ਹੋਇਆ ਸੀ। ਬਾਲੂ ਹਸਨਾ ਇਸਦਾ ਛੋਟਾ ਭਰਾ ਸੀ। ਇਹ ਬਾਬਾ ਗੁਰਦਿੱਤਾ ਜੀ ਦਾ ਚੇਲਾ ਹੋ ਕੇ ਉਦਾਸੀਆਂ ਦੇ ਇਕ ਧੂਣੇ ਦਾ ਮੁਖੀਆ ਬਣਿਆ ਸੀ। ਹੁਣ ਜਗਤ ਗੁਰੂ ਛੇਵੇਂ ਪਾਤਸ਼ਾਹ ਜੀ ਦੇ ਦਰਸ਼ਨਾਂ ਨੂੰ ਦੋ ਥਾਈਂ ਬਿਹਬਲ ਹੋ ਕੇ ਉਡੀਕ ਰਹੇ ਹਨ। ਇਕ ਮਾਲਵੇ ਵਿਚ ਡਰੌਲੀ ਪਿੰਡ ਤੇ ਦੂਜੇ ਯੂ. ਪੀ. ਵਿਚ ਨਾਨਕ ਮਤੇ ਗੁਰੂ ਜੀ ਦੇ ਦਰਸ਼ਨਾਂ ਦੀ ਅਲਮਸਤ ਉਡੀਕ ਕਰ ਰਿਹਾ ਹੈ। ਪਰ ਗੁਰਦੇਵ ਨੇ ਆਪਣੇ ਮਾਤਾ ਗੰਗਾ ਜੀ ਨੂੰ ਕਿਹਾ ਕਿ ਤੁਸੀਂ ਕੁਝ ਸੇਵਕ ਅਤੇ ਸ੍ਰੀ ਦਮੋਦਰੀ ਜੀ ਨੂੰ ਨਾਲ ਲੈ ਕੇ ਡਰੌਲੀ ਚਲੇ ਜਾਉ। ਉਥੇ ਸਾਈਂ ਦਾਸ ਤੇ ਰਾਮੋ ਜੀ ਨੂੰ ਧੀਰਜ ਦਿਉ ਕਿ ਅਸੀਂ ਛੇਤੀ ਹੀ ਆਕੇ ਉਹਨਾਂ ਨੂੰ ਦਰਸ਼ਨ ਦੇਵਾਂਗੇ, ਕਿਉਂਕਿ ਇਸ ਸਮੇਂ ਸਾਡਾ ਨਾਨਕ ਮਤੇ ਜਾਣਾ ਜ਼ਰੂਰੀ ਬਣ ਆਇਆ ਹੈ। ਹਜ਼ੂਰ ਮਾਤਾ ਗੰਗਾ ਜੀ ਅਤੇ ਆਪਣੇ ਪਰਿਵਾਰ ਨੂੰ ਡਰੌਲੀ ਵੱਲ ਤੋਰ ਕੇ ਆਪ ਜੀ ਸਿੱਖ ਸੂਰਮਿਆਂ ਸਮੇਤ ਨਾਨਕ ਮਤੇ ਪਹੁੰਚ ਗਏ। ਹਜ਼ੂਰ ਦੇ ਪਹੁੰਚਣ ਦੀ ਖ਼ਬਰ ਸੁਣਦਿਆ ਹੀ ਯੋਗੀ ਹਰਨ ਸਿਉ ਹੋ ਗਏ। ਗੁਰਦੇਵ ਨੇ ਅਲਮਸਤ ਸਾਧੂ ਨੂੰ ਦਰਸ਼ਨ ਬਖ਼ਸ਼ ਕੇ ਨਿਹਾਲ ਕੀਤਾ, ਜੋ ਬੜੇ ਸਮੇਂ ਤੋਂ ਪ੍ਰੇਮ ਦੀ ਮੂਰਤ ਬਣ ਕੇ ਗੁਰੂ ਜੀ ਨੂੰ ਯਾਦ ਕਰ ਰਿਹਾ ਸੀ। ਉਸਨੇ ਹਜ਼ੂਰ ਨੂੰ ਬੇਨਤੀ ਦੁਆਰਾ ਸਾਰਾ ਹਾਲ ਦੱਸਿਆ

ਕਿ ਜਿਸ ਤਰ੍ਹਾਂ ਯੋਗੀਆਂ ਨੇ ਪਿੱਪਲ ਸਾੜਿਆ ਸੀ ਤੇ ਅਸਥਾਨ ਦੀ ਬੇਅਦਬੀ ਕੀਤੀ ਸੀ। ਤਵਾਰੀਖ਼ ਗੁਰੂ ਖ਼ਾਲਸਾ (ਭਾਗ-੧) ਅਨੁਸਾਰ ਹਜ਼ੂਰ ਨੇ ਜਲ ਵਿਚ ਚੰਦਨ ਘੋਲ ਕੇ ਪਿੱਪਲ ਉੱਪਰ ਛਿੜਕਿਆ ਤੇ ਆਪਣੇ ਕਰ ਕਮਲ ਦਾ ਪਿੱਪਲ ਨੂੰ ਪੰਜਾ ਲਾਇਆ ਤੇ ਆਪਣੀ ਬਖ਼ਸ਼ਿਸ਼ ਕਰਕੇ ਸੁੱਕੇ ਹੋਏ ਪਿੱਪਲ ਨੂੰ ਹਰਾ ਭਰਾ ਕੀਤਾ। "ਸੂਕੇ ਹਰੇ ਕੀਏ ਖਿਨ ਮਾਹੇ॥" ਇਸ ਤਰ੍ਹਾਂ ਬਖ਼ਸ਼ਿਸ਼ਾਂ ਕਰਦਿਆਂ ਆਪ ਜੀ ਨੇ ਰਸਤੇ ਵਿਚ ਜੀਆਂ ਨੂੰ ਤਾਰਦਿਆਂ, ਪਿੰਡ ਡਰੌਲੀ ਸਾਈਂ ਦਾਸ ਤੇ ਰਾਮੋ ਜੀ ਨੂੰ ਦਰਸ਼ਨ ਬਖ਼ਸ਼ ਕੇ ਨਦਰੀ ਨਦਰ ਨਿਹਾਲ ਕੀਤਾ, ਜੋ ਕਿੰਨੇ ਦਿਨਾਂ ਤੋਂ ਬਿਹਬਲ ਹੋਏ ਗੁਰੂ ਦੇ ਦਰਸ਼ਨ ਦੀ ਉਡੀਕ ਵਿਚ ਸਨ। ਜਿਸ ਸਮੇਂ ਸਤਿਗੁਰੂ ਦੇ ਸਨਮੁਖ ਦਰਸ਼ਨ ਕੀਤੇ, ਦੋਵਾਂ ਦੇ ਨੇਤਰਾਂ ਵਿਚ ਬੈਰਾਗ ਦਾ ਜਲ ਭਰਿ ਆਇਆ ਅਤੇ ਗਲਾ ਰੁੱਕ ਗਿਆ। ਐਸੀ ਅਵੱਸਥਾ ਮਾਨੋ ਬਣ ਆਈ, ਜਿਸ ਅਵੱਸਥਾ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਕੀਤਾ :

***ਦਰਸਨ ਦੇਖਤ ਹੀ ਸੁਧਿ ਕੀ ਨ ਸੁਧਿ ਰਹੀ***
***ਬੁਧਿ ਕੀ ਨ ਬੁਧਿ ਰਹੀ, ਮਤਿ ਮੈ ਨ ਮਤਿ ਹੈ॥***
***ਸੁਰਤਿ ਮੈ ਨ ਸੁਰਤਿ ਅਉ ਧਿਆਨ ਮੈ ਨ ਧਿਆਨੁ ਰਹਿਓ,***
***ਗਿਆਨ ਮੈ ਨ ਗਿਆਨ ਰਹਿਓ ਗਤਿ ਮੈ ਨ ਗਤਿ ਹੈ॥***
***ਧੀਰਜ ਕੋ ਧੀਰਜ, ਗਰਬ ਕੋ ਗਰਬੁ ਗਇਓ,***
***ਰਤਿ ਮੈ ਨ ਰਤਿ ਰਹੀ, ਪਤਿ ਰਤਿ ਪਤਿ ਹੈ॥***
***ਅਦਭੁਤ ਪਰਮਦਭੁਤ, ਬਿਸਮੈ ਬਿਸਮ,***
***ਅਸਚਰਜੈ ਅਸਚਰਜ ਅਤਿ ਅਤਿ ਹੈ॥੯॥*** (ਕਬਿੱਤ ਸਵੱਯੇ ਭਾ: ਗੁਰਦਾਸ ਜੀ)

ਇਕ ਮਹੀਨਾ ਗੁਰੂ ਸਾਹਿਬ ਨੇ ਪਿੰਡ ਭਾਈ ਕੀ ਡਰੌਲੀ ਵਿਚ ਰਹਿ ਕੇ ਸਾਈਂ ਦਾਸ ਅਤੇ ਰਾਮੋ ਜੀ ਨੂੰ ਦਰਸ਼ਨ ਬਖ਼ਸ਼ ਕੇ ਜਿਥੇ ਨਿਹਾਲ ਕੀਤਾ, ਉਥੇ ਇਸ ਸਮੇਂ ਦੌਰਾਨ ਮਾਲਵੇ ਵਿਚ ਗੁਰਦੇਵ ਨੇ ਹੋਰ ਭੀ ਬੇਅੰਤ ਹੀ ਪ੍ਰੇਮੀ ਗੁਰਮੁਖਾਂ ਨੂੰ ਦਰਸ਼ਨ ਦੇ ਕੇ ਤਾਰਿਆ।

ਜੈਤਸਰੀ ਮਹਲਾ ੫ ਛੰਤ ਘਰੁ ੧ ੧ੴ ਸਤਿਗੁਰ ਪ੍ਰਸਾਦਿ॥

ਸਲੋਕ॥ ਦਰਸਨ ਪਿਆਸੀ ਦਿਨਸੁ ਰਾਤਿ ਚਿਤਵਉ ਅਨਦਿਨੁ ਨੀਤ॥ ਖੋਲ੍ਹਿ ਕਪਟ ਗੁਰਿ ਮੇਲੀਆ ਨਾਨਕ ਹਰਿ ਸੰਗਿ ਮੀਤ॥੧॥ ਛੰਤ॥ ਸੁਣਿ ਯਾਰ ਹਮਾਰੇ ਸਜਣ ਇਕ ਕਰਉ ਬੇਨੰਤੀਆ॥ ਤਿਸੁ ਮੋਹਨ ਲਾਲ ਪਿਆਰੇ ਹਉ ਫਿਰਉ ਖੋਜੰਤੀਆ॥ ਤਿਸੁ ਦਸਿ ਪਿਆਰੇ ਸਿਰੁ ਧਰੀ ਉਤਾਰੇ ਇਕ ਭੋਰੀ ਦਰਸਨੁ ਦੀਜੈ॥ ਨੈਨ ਹਮਾਰੇ ਪ੍ਰਿਅ ਰੰਗ ਰੰਗਾਰੇ ਇਕੁ ਤਿਲੁ ਭੀ ਨਾ ਧੀਰੀਜੈ॥ ਪ੍ਰਭ ਸਿਉ ਮਨੁ ਲੀਨਾ ਜਿਉ ਜਲ ਮੀਨਾ ਚਾਤ੍ਰਿਕ ਜਿਵੈ ਤਿਸੰਤੀਆ॥ ਜਨ ਨਾਨਕ ਗੁਰੁ ਪੂਰਾ ਪਾਇਆ ਸਗਲੀ ਤਿਖਾ ਬੁਝੰਤੀਆ॥੧॥

## ਪਦ ਅਰਥ :

ਸਲੋਕ॥ ਪਿਆਸੀ-ਤਿਹਾਈ, ਚਾਹਵਾਨ। ਚਿਤਵਉ-ਚਿਤਵਉ, ਮੈਂ ਚਿਤਾਰਦੀ ਹਾਂ। ਅਨਦਿਨੁ-ਹਰ ਰੋਜ਼। ਨੀਤ-ਨਿੱਤ, ਸਦਾ। ਖੋਲਿ੍-ਖੋਹਲ ਕੇ। ਕਪਟ-ਕਪਾਟ, ਕਿਵਾੜ। ਖੋਲਿ੍ ਕਪਟ-ਮੇਰੇ ਮਨ ਦੇ ਕਿਵਾੜ ਖੋਹਲ ਕੇ, ਮੇਰੇ ਮਾਇਆ ਦੇ ਛੌੜ ਕੱਟ ਕੇ। ਗੁਰਿ-ਗੁਰੂ ਨੇ। ਮੇਲੀਆ-ਮਿਲਾ ਦਿੱਤਾ। ਸੰਗਿ-ਨਾਲ।੧।

ਛੰਤ॥ ਯਾਰ-ਹੇ ਯਾਰ। ਸਜਣ-ਹੇ ਸੱਜਣ। ਕਰਉ-ਮੈਂ ਕਰਦੀ ਹਾਂ। ਹਉ ਫਿਰਉ-ਮੈਂ ਫਿਰਦੀ ਹਾਂ। ਤਿਸੁ ਦਸਿ-ਉਸ ਦੀ ਦੱਸ ਪਾ। ਧਰੀ-ਧਰੀ, ਮੈਂ ਧਰਾਂ। ਉਤਾਰੇ-ਉਤਾਰਿ ਲਾਹ ਕੇ। ਇਕ ਭੋਰੀ-ਰਤਾ ਭਰ ਹੀ। ਦੀਜੈ-ਦਿਉ। ਨੈਨ-ਅੱਖਾਂ। ਪ੍ਰਿਅ ਰੰਗ-ਪਿਆਰੇ ਦੇ ਪ੍ਰੇਮ-ਰੰਗ। ਨਾ ਧੀਰੀਜੈ-ਧੀਰਜ ਨਹੀਂ ਕਰਦਾ। ਸਿਉ-ਨਾਲ। ਲੀਨਾ-ਮਸਤ। ਜਲ ਮੀਨਾ-ਪਾਣੀ ਦੀ ਮੱਛੀ। ਚਾਤ੍ਰਿਕ-ਪਪੀਹਾ। ਤਿਸੰਤੀਆ-ਤਿਹਾਇਆ। ਤਿਖਾ-ਤ੍ਰੇਹ, ਪਿਆਸ॥੧॥

## ਅਰਥ :

(ਹੇ ਭਾਈ ! ਮੈਂ ਪ੍ਰਭੂ ਦੇ) ਦਰਸ਼ਨਾਂ ਦੀ ਪਿਆਸੀ (ਚਾਹਵਾਨ) ਹਾਂ ਅਤੇ (ਹਰ ਰੋਜ਼ ਹੀ) ਦਿਨ ਰਾਤ (ਉਸ ਨੂੰ) ਚੇਤੇ ਕਰਦੀ ਰਹਿੰਦੀ ਹਾਂ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਗੁਰੂ ਨੇ (ਕਿਰਪਾ ਕਰਕੇ ਮੋਹ ਦੇ) ਦਰਵਾਜ਼ੇ ਖੋਲ੍ਹ ਕੇ (ਮੈਨੂੰ) ਹਰੀ ਮਿੱਤਰ ਨਾਲ ਮਿਲਾ ਦਿੱਤਾ ਹੈ।੧।

ਹੇ ਯਾਰ, ਹੇ ਮੇਰੇ ਮਿੱਤਰ ! (ਤੂੰ) ਸੁਣ (ਮੈਂ ਤੇਰੇ ਅੱਗੇ) ਇਕ ਬੇਨਤੀ ਕਰਦੀ ਹਾਂ। ਮੈਂ ਉਸ ਮੋਹ ਲੈਣ ਵਾਲੇ ਹਰੀ ਪਿਆਰੇ ਨੂੰ ਢੂੰਡਦੀ ਫਿਰਦੀ ਹਾਂ। (ਹੇ ਮੇਰੇ ਮਿੱਤਰ ! ਮੈਨੂੰ) ਉਸ ਪਿਆਰੇ ਦਾ ਪਤਾ ਦੱਸ ਦੇ। ਮੈਂ ਆਪਣਾ ਸਿਰ ਉਤਾਰ ਕੇ (ਉਸ ਦੇ ਚਰਨਾਂ ਵਿਚ ਰੱਖ ਦਿਆਂਗੀ, (ਅਤੇ ਬੇਨਤੀ ਕਰਾਂਗੀ ਕਿ ਹੇ ਪ੍ਰਭੂ ! ਮੈਨੂੰ) ਇਕ ਰਤੀ ਭਰ ਹੀ (ਆਪਣਾ) ਦਰਸ਼ਨ ਬਖ਼ਸ਼ੋ ਜੀ। ਮੇਰੀਆਂ ਅੱਖਾਂ ਪਿਆਰੇ ਦੇ ਪ੍ਰੇਮ ਰੰਗ ਵਿਚ ਰੰਗੀਆਂ ਮਸਤ ਹਨ, (ਉਸ ਪਿਆਰੇ ਦੇ ਦਰਸ਼ਨਾਂ ਬਿਨਾਂ) ਇਕ ਤਿਲ ਮਾਤਰ ਭੀ ਧੀਰਜ ਨਹੀਂ ਆਉਂਦੀ। ਮੇਰਾ ਮਨ (ਹੁਣ) ਪਿਆਰੇ ਪ੍ਰਭੂ ਦੇ ਪ੍ਰੇਮ ਵਿਚ (ਇਸ ਤਰ੍ਹਾਂ) ਲੀਨ ਹੈ ਜਿਵੇਂ ਪਪੀਹਾ (ਸਵਾਂਤੀ ਬੂੰਦ ਦੇ ਪ੍ਰੇਮ ਵਿਚ ਲੀਨ) ਉਸ (ਸਵਾਂਤੀ) ਬੂੰਦ ਦਾ ਪਿਆਸਾ (ਪ੍ਰਿਉ ਪ੍ਰਿਉ ਕਰਦਾ ਰਹਿੰਦਾ ਹੈ) ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਮੈਂ ਜਨ ਨੇ (ਜਿਸ ਵੇਲੇ) ਪੂਰਾ ਗੁਰੂ ਪਾ ਲਿਆ ਹੈ (ਤਾਂ ਉਸ ਸਮੇਂ) ਮੇਰੀ ਸਾਰੀ ਪਿਆਸ ਬੁਝ ਗਈ ਹੈ।੧।

**ਯਾਰ ਵੇ ਪ੍ਰਿਅ ਹਭੇ ਸਖੀਆ ਮੂ ਕਹੀ ਨ ਜੇਹੀਆ ॥ ਯਾਰ ਵੇ ਹਿਕ ਡੂੰ ਹਿਕਿ ਚਾੜੈ ਹਉ ਕਿਸੁ ਚਿਤੇਹੀਆ ॥ ਹਿਕ ਦੂੰ ਹਿਕਿ ਚਾੜੇ ਅਨਿਕ ਪਿਆਰੇ ਨਿਤ ਕਰਦੇ ਭੋਗ ਬਿਲਾਸਾ ॥ ਤਿਨਾ ਦੇਖਿ ਮਨਿ ਚਾਉ ਉਠੰਦਾ**

**ਹਉ ਕਦਿ ਪਾਈ ਗੁਣਤਾਸਾ॥ ਜਿਨੀ ਮੈਡਾ ਲਾਲੁ ਰੀਝਾਇਆ ਹਉ ਤਿਸੁ ਆਗੈ ਮਨੁ ਡੇਂਹੀਆ॥ ਨਾਨਕੁ ਕਹੈ ਸੁਣਿ ਬਿਨਉ ਸੁਹਾਗਣਿ ਮੂ ਦਸਿ ਡਿਖਾ ਪਿਰੁ ਕੇਹੀਆ॥ ੨॥**

## ਪਦ ਅਰਥ :

ਪ੍ਰਿਅ-ਪਿਆਰੇ ਦੀਆਂ। ਹਭੇ-ਸਾਰੀਆਂ। ਮੂ-ਮੈਂ। ਕਹੀ ਨ ਜੇਹੀਆ-ਕਿਸੇ ਵਰਗੀ ਭੀ ਨਹੀਂ। ਡੂੰ-ਤੋਂ। ਹਿਕਿ-ਇਕ। ਚਾੜ੍ਹੈ-ਚੜ੍ਹਦੀਆਂ, ਵਧੀਆ, ਸੋਹਣੀਆਂ। ਹਉ-ਮੈਂ। ਕਿਸੁ ਚਿਤੇਹੀਆ-ਕਿਸਨੂੰ ਚੇਤੇ ਹਾਂ ? ਭੋਗ ਬਿਲਾਸਾ-ਮਿਲਾਪ ਦਾ ਆਨੰਦ। ਦੇਖਿ-ਵੇਖਕੇ। ਮਨਿ-ਮਨ ਵਿਚ। ਕਦਿ-ਕਦੋਂ ? ਪਾਈ-ਮੈਂ ਮਿਲ ਸਕਾਂ। ਦੇਖਿ-ਵੇਖ ਕੇ ਗੁਣਾਂ ਦਾ ਖ਼ਜ਼ਾਨਾ ਹਰੀ। ਮੈਡਾ-ਮੇਰਾ। ਰੀਝਾਇਆ-ਪ੍ਰਸੰਨ ਕਰ ਲਿਆ। ਜਿਨੀ-ਜਿਸ ਨੇ । ਡੇਂਹੀਆ- ਦੇ ਦਿਆਂ। ਨਾਨਕੁ ਕਹੈ-ਨਾਨਕ ਆਖਦਾ ਹੈ। ਬਿਨਉ-ਬੇਨਤੀ। ਸੁਹਾਗਣਿ- ਹੇ ਸੁਹਾਗ ਵਾਲੀਏ। ਮੂ-ਮੈਨੂੰ। ਡਿਖਾ-ਵਿਖਾ। ੨।

## ਅਰਥ :

ਹੇ ਸਤਸੰਗੀ ਮਿੱਤਰ ! ਪਿਆਰੇ (ਪਤੀ) ਦੀਆਂ ਸਾਰੀਆਂ ਸਖੀਆਂ ਹਨ, ਮੈਂ (ਉਹਨਾਂ ਵਿਚੋਂ) ਕਿਸੇ ਜੈਸੀ ਭੀ ਨਹੀਂ ਹਾਂ। ਹੇ ਮਿੱਤਰ ! (ਉਹ ਇਕ ਤੋਂ ਇਕ (ਵੱਧ ਕੇ) ਸੋਹਣੀਆਂ ਹਨ (ਇਸ ਕਰਕੇ) ਮੈਂ ਕਿਸ ਨੂੰ ਚੇਤੇ ਹਾਂ ? (ਭਾਵ ਮੈਂ ਕਿਸੇ) ਗਿਣਤੀ ਵਿਚ ਨਹੀਂ ਹਾਂ। (ਉਸ ਪਿਆਰੇ ਦੇ) ਇਕ ਤੋਂ ਇਕ ਚੜ੍ਹ ਕੇ (ਸੋਹਣੇ ਜੀਵਨ ਵਾਲੇ) ਅਨੇਕਾਂ ਪਿਆਰੇ ਹਨ, (ਅਤੇ ਉਹ) ਨਿਤ ਪ੍ਰਭੂ ਨਾਲ ਮਿਲ ਕੇ (ਆਤਮਿਕ) ਅਨੰਦ ਤੇ ਖ਼ੁਸ਼ੀਆਂ ਮਾਣਦੇ ਹਨ, ਉਹਨਾਂ ਨੂੰ ਵੇਖ ਕੇ ਮੇਰੇ ਮਨ ਵਿਚ ਵੀ ਚਾਉ ਪੈਦਾ ਹੁੰਦਾ ਹੈ, ਕਿ ਮੈਂ ਕਦੋਂ ਸ਼ੁਭ ਗੁਣਾਂ ਦੇ ਖ਼ਜ਼ਾਨੇ (ਪ੍ਰਭੂ) ਨੂੰ ਮਿਲਾਂਗੀ। ਜਿਸ (ਪ੍ਰੇਮਣ) ਨੇ ਮੇਰੇ ਪਿਆਰੇ (ਪ੍ਰਭੂ ਪਤੀ) ਨੂੰ ਰੀਝਾਇਆ ਹੈ, ਮੈਂ ਉਸ ਨੂੰ ਆਪਣਾ ਮਨ ਭੇਟਾ ਕਰਦੀ ਹਾਂ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਹੇ ਗੁਰਮੁਖ ਉਤਮ ਸੱਖੀ ਸੁਹਾਗਣ ! ਮੇਰੀ ਬੇਨਤੀ ਸੁਣ, ਮੈਨੂੰ ਦਸ, ਮੈਨੂੰ ਵਿਖਾ (ਮੈਂ ਵੇਖਾਂ ਕਿ ਉਹ ਮੇਰਾ) ਪਿਆਰਾ (ਪ੍ਰੀਤਮ) ਕਿਹੋ ਜਿਹਾ ਹੈ?। ੨।

**ਯਾਰ ਵੇ ਪਿਰੁ ਆਪਣ ਭਾਣਾ ਕਿਛੁ ਨੀਸੀ ਛੰਦਾ॥ ਯਾਰ ਵੇ ਤੈ ਰਾਵਿਆ ਲਾਲਨੁ ਮੂ ਦਸਿ ਦਸੰਦਾ॥ ਲਾਲਨੁ ਤੈ ਪਾਇਆ ਆਪੁ ਗਵਾਇਆ ਜੈ ਧਨ ਭਾਗ ਮਥਾਣੇ॥ ਬਾਂਹ ਪਕੜਿ ਠਾਕੁਰਿ ਹਉ ਘਿਧੀ ਗੁਣ ਅਵਗਣ ਨ ਪਛਾਣੇ॥ ਗੁਣ ਹਾਰੁ ਤੈ ਪਾਇਆ ਰੰਗੁ ਲਾਲੁ ਬਣਾਇਆ ਤਿਸੁ ਹਭੋ ਕਿਛੁ ਸੁਹੰਦਾ॥ ਜਨ ਨਾਨਕ ਧੰਨਿ ਸੁਹਾਗਣਿ ਸਾਈ ਜਿਸੁ ਸੰਗਿ ਭਤਾਰੁ ਵਸੰਦਾ॥ ੩॥**

## ਪਦ ਅਰਥ :

ਯਾਰ ਵੇ-ਹੇ ਸਤਸੰਗੀ ਮਿੱਤਰ। ਭਾਣਾ-ਚੰਗਾ ਲੱਗ ਪਿਆ। ਨੀਸੀ-ਨਹੀਂ। ਛੰਦਾ-ਮੁਥਾਜੀ। ਗਾਵਿਆ-ਮਿਲਾਪ ਹਾਸਿਲ ਕੀਤਾ। ਦਸੰਦਾ-ਪੁੱਛਦਾ ਹਾਂ। ਆਪੁ-ਆਪਾ ਭਾਵ। ਜੈ ਧਨ ਭਾਗ ਮਥਾਣੇ-ਜਿਸ (ਜੀਵ) ਇਸਤਰੀ ਦੇ ਮੱਥੇ ਉੱਤੇ। ਪਕੜਿ-ਫੜ ਕੇ। ਠਾਕੁਰਿ-ਠਾਕੁਰ ਨੇ। ਘਿਧੀ-ਲੈ ਲਈ, ਆਪਣੀ ਬਣਾ ਲਈ। ਗੁਣ ਹਾਰੁ-ਗੁਣਾਂ ਦਾ ਹਾਰ। ਕਿਛੁ-ਸਭ ਕੁਝ, ਸਾਰਾ ਜੀਵਨ। ਤਿਸੁ-ਤਿਸੁ ਨੂੰ (ਮਿਲਿ)। ਸਾਈ-ਉਹੀ। ਸੰਗਿ-ਨਾਲ। ੩।

## ਅਰਥ :

ਹੇ ਸਤਸੰਗੀ ਮਿੱਤਰ! ਪ੍ਰਭੂ ਆਪਣੀ ਮਰਜ਼ੀ ਕਰਦਾ ਹੈ, (ਉਸ) ਨੂੰ ਕਿਸੇ ਦੀ ਮੁਥਾਜੀ ਨਹੀਂ ਹੈ। ਹੇ ਮਿੱਤਰ! ਤੂੰ ਪਿਆਰੇ ਦਾ ਅਨੰਦ ਮਾਣਿਆ ਹੈ, ਮੈਨੂੰ ਦੱਸ, ਮੈਂ ਪੁੱਛਦਾ ਹਾਂ। (ਉੱਤਰ) ਪਿਆਰੇ ਹਰੀ ਨੂੰ ਉਸ (ਜੀਵ-ਇਸਤਰੀ ਨੇ) ਪਾਇਆ ਹੈ, (ਜਿਸ ਨੇ ਆਪਣਾ) ਹੰਕਾਰ ਦੂਰ ਕੀਤਾ ਹੈ (ਅਤੇ) ਜਿਸ ਇਸਤਰੀ ਦੇ ਮੱਥੇ ਦੇ ਚੰਗੇ ਭਾਗ ਸਨ। (ਜਿਸ ਨੇ ਉਸ ਨੂੰ ਪਾਇਆ ਹੈ ਉਹ ਕਹਿੰਦੀ ਹੈ) (ਕਿ ਠਾਕੁਰ) ਨੇ ਮੇਰੇ ਗੁਣ ਅਵਗੁਣਾਂ ਦੀ ਵੀਚਾਰ ਨਹੀਂ ਕੀਤੀ। (ਮੇਰੇ 'ਤੇ ਤਰਸ ਕਰਕੇ) ਠਾਕੁਰ ਨੇ ਮੇਰੀ ਬਾਂਹ ਫੜ ਕੇ ਮੈਨੂੰ ਆਪਣੀ (ਗੋਦ) ਵਿਚ ਲੈ ਲਿਆ ਹੈ। ਹੇ ਪ੍ਰਭੂ! ਜਿਸ ਇਸਤਰੀ ਨੂੰ ਤੂੰ ਸ਼ੁੱਭ ਗੁਣਾਂ ਦਾ ਹਾਰ ਪਹਿਨਾਇਆ ਹੈ, ਅਤੇ ਸੋਹਣਾ ਰੰਗ ਪ੍ਰੇਮ ਦਾ ਬਖ਼ਸ਼ਿਆ ਹੈ, ਉਸ ਦਾ ਸਭ ਕੁਝ (ਪਹਿਨਿਆ ਹੋਇਆ) ਸੋਹਣਾ ਲੱਗਦਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਉਹ ਸੁਹਾਗਣ ਧੰਨਤਾ ਯੋਗ ਹੈ, ਜਿਸ ਦੇ ਨਾਲ ਹਰੀ (ਪ੍ਰਭੂ) (ਪਤੀ ਵਸਦਾ ਹੈ)। ੩।

**ਯਾਰ ਵੇ ਨਿਤ ਸੁਖ ਸੁਖੇਦੀ ਸਾ ਮੈ ਪਾਈ॥ ਵਰੁ ਲੋੜੀਦਾ ਆਇਆ ਵਜੀ ਵਾਧਾਈ॥ ਮਹਾ ਮੰਗਲੁ ਰਹਸੁ ਥੀਆ ਪਿਰੁ ਦਇਆਲੁ ਸਦ ਨਵ ਰੰਗੀਆ॥ ਵਡ ਭਾਗਿ ਪਾਇਆ ਗੁਰਿ ਮਿਲਾਇਆ ਸਾਧ ਕੈ ਸਤਸੰਗੀਆ॥ ਆਸਾ ਮਨਸਾ ਸਗਲ ਪੂਰੀ ਪ੍ਰਿਅ ਅੰਕਿ ਅੰਕੁ ਮਿਲਾਈ॥ ਬਿਨਵੰਤਿ ਨਾਨਕੁ ਸੁਖ ਸੁਖੇਦੀ ਸਾ ਮੈ ਗੁਰ ਮਿਲਿ ਪਾਈ॥ ੪ ॥੧॥**

## ਪਦ ਅਰਥ :-

ਸੁਖ-ਸੁੱਖਣਾ। ਸੁਖੇਦੀ-ਮੈਂ ਸੁੱਖਦੀ ਸਾਂ। ਸਾ-ਉਹ (ਸੁੱਖਣਾ। ਲੋੜੀਦਾ-ਜਿਸ ਨੂੰ ਮੈਂ ਲੋੜਦੀ ਸਾਂ। ਵਧਾਈ-ਚੜ੍ਹਦੀ ਕਲਾ, ਉਤਸ਼ਾਹ। ਰਹਸੁ-ਆਨੰਦ। ਸਦ-ਸਦਾ। ਨਵ ਰੰਗੀਆ-ਨਵੇਂ ਰੰਗ ਵਾਲਾ। ਭਾਗਿ-ਕਿਸਮਤ ਨਾਲ। ਗੁਰਿ-ਗੁਰੂ ਨੇ। ਕੈ ਸਤਸੰਗੀਆ-ਦੀ ਸੰਗਤਿ ਵਿਚ। ਮਨਸਾ-ਮੁਰਾਦ। ਅੰਕਿ-ਗਲ ਨਾਲ। ਅੰਕੁ-ਅੰਗ, ਆਪਾ। ਮਿਲਿ-ਮਿਲ ਕੇ। ਗੁਰ ਮਿਲਿ-ਗੁਰੂ ਨੂੰ ਮਿਲ ਕੇ। ੪।

**ਅਰਥ :**

ਹੇ ਸਤਸੰਗੀ ਮਿੱਤਰ! ਜਿਸ ਦੀ ਖ਼ਾਤਰ ਮੈਂ ਨਿਤ ਸੁੱਖਣਾ ਸੁਖਦੀ ਸਾਂ (ਉਹ ਵਸਤੂ) ਮੈਂ ਪਾ ਲਈ ਹੈ। (ਮੇਰਾ) ਚਾਹਿਆ ਹੋਇਆ ਪਤੀ ਮੈਨੂੰ ਮਿਲ ਗਿਆ ਹੈ, (ਅਤੇ ਮੇਰੇ ਮਨ ਵਿਚ) ਹੁਣ ਅਨੰਦ ਦੀ ਵਧਾਈ ਵੱਜੀ (ਭਾਵ ਪ੍ਰਗਟ ਹੋਈ) ਹੈ। ਵੱਡਾ (ਮੰਗਲ) ਉਤਸ਼ਾਹ ਤੇ ਆਨੰਦ ਹੋਇਆ ਹੈ, ਕਿਉਂਕਿ ਪਤੀ ਦਇਆਲੂ ਤੇ ਸਦਾ ਨਵੇਂ ਜੀਵਨ ਵਾਲਾ ਹੈ। ਵੱਡੇ ਭਾਗਾਂ ਨਾਲ ਸਾਧੂ (ਗੁਰੂ) ਨੇ ਪਤੀ ਪਰਮੇਸ਼ਰ ਮਿਲਾਇਆ ਹੈ। ਮੇਰੀਆਂ ਉਮੀਦਾਂ ਤੇ ਖ਼ਾਹਸ਼ਾਂ ਸਭ ਪੂਰੀਆਂ ਹੋ ਗਈਆਂ ਹਨ, (ਪ੍ਰਭੂ) ਪਤੀ ਨੇ ਪੂਰੀ ਤਰ੍ਹਾਂ ਆਪਣੇ ਗਲ ਨਾਲ ਲਾ ਕੇ (ਮੈਨੂੰ) ਮਿਲਾਇਆ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਮੈਂ ਇਸਤਰੀ (ਪ੍ਰਭੂ ਦੇ ਮਿਲਾਪ ਲਈ) ਜੋ ਨਿਤ ਸੁਖਣਾ ਸੁੱਖਦੀ ਸੀ (ਹੁਣ ਮੈਂ ਉਸ ਪ੍ਰਭੂ ਪਤੀ ਨੂੰ) ਗੁਰੂ ਨਾਲ ਮਿਲ ਕੇ ਪਾ ਲਿਆ ਹੈ। ੪। ੧।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧੧੩ (ਅੰਗ ੭੦੫-੦੬)

## ਜੈਤਸਰੀ ਮਹਲਾ ੫ ਵਾਰ ਸਲੋਕਾ ਨਾਲਿ
## ੧ਓ ਸਤਿਗੁਰ ਪ੍ਰਸਾਦਿ ॥

ਸਲੋਕ ॥ ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ ਪਰਮੇਸੁਰਹ ॥ ਸਿਮਰੰਤਿ ਸੰਤ ਸਰਬਤ੍ਰ ਰਮਣੰ ਨਾਨਕ ਅਘ ਨਾਸਨ ਜਗਦੀਸੁਰਹ ॥ ੧ ॥ ਪੇਖਨ ਸੁਨਨ ਸੁਨਾਵਨੋ ਮਨ ਮਹਿ ਦ੍ਰਿੜੀਐ ਸਾਚੁ ॥ ਪੂਰਿ ਰਹਿਓ ਸਰਬਤ੍ਰ ਮੈ ਨਾਨਕ ਹਰਿ ਰੰਗਿ ਰਾਚੁ ॥ ੨ ॥ ਪਉੜੀ ॥ ਹਰਿ ਏਕੁ ਨਿਰੰਜਨੁ ਗਾਈਐ ਸਭ ਅੰਤਰਿ ਸੋਈ ॥ ਕਰਣ ਕਾਰਣ ਸਮਰਥ ਪ੍ਰਭੁ ਜੋ ਕਰੇ ਸੁ ਹੋਈ ॥ ਖਿਨ ਮਹਿ ਥਾਪਿ ਉਥਾਪਦਾ ਤਿਸੁ ਬਿਨੁ ਨਹੀ ਕੋਈ ॥ ਖੰਡ ਬ੍ਰਹਮੰਡ ਪਾਤਾਲ ਦੀਪ ਰਵਿਆ ਸਭ ਲੋਈ ॥ ਜਿਸੁ ਆਪਿ ਬੁਝਾਏ ਸੋ ਬੁਝਸੀ ਨਿਰਮਲ ਜਨੁ ਸੋਈ ॥ ੧ ॥

## ਪ੍ਰਾਕ੍ਥਨ :-

ਇਹ ਪਾਵਨ ਸ਼ਬਦ ਪੰਚਮ ਗੁਰਦੇਵ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜੈਤਸਰੀ ਰਾਗ ਦੀ ਵਾਰ ਦੀ ਪਹਿਲੀ ਪਉੜੀ ਨਾਲ ਸੰਬੰਧਿਤ ਦੋ ਸਲੋਕਾਂ ਸਮੇਤ ਉਚਾਰਨ ਕੀਤਾ ਹੈ। ਆਰੰਭਤਾ ਦੇ ਸਲੋਕ ਅੰਦਰ ਗੁਰਦੇਵ ਨੇ ਉਸ ਅਕਾਲ ਪੁਰਖ ਵਾਹਿਗੁਰੂ ਨੂੰ ਤਿੰਨਾਂ ਕਾਲਾਂ ਭਾਵ ਭੂਤ, ਭਵਿੱਖਤ, ਵਰਤਮਾਨ ਅੰਦਰ ਸਾਰੇ ਪੂਰਨ ਕਥਨ ਕੀਤਾ ਹੈ।

## ਵਿਸ਼ਾ—ਆਦਿ ਅੰਤੇ ਮਧਿ ਪੂਰਨ

ਜੋ ਹਸਤੀ ਖੰਡਾਂ-ਬ੍ਰਹਮੰਡਾਂ, ਲੱਖਾਂ ਪਾਤਾਲਾਂ ਤੇ ਅਕਾਸ਼ਾਂ ਦੀ ਨਿਯਮ ਬੱਧ ਢੰਗ ਨਾਲ ਦੇਖ ਭਾਲ ਕਰ ਰਹੀ ਹੈ, ਤੇ ਜੋ ਸਾਰੀ ਸ੍ਰਿਸ਼ਟੀ ਦੀ ਸਿਰਜਣਹਾਰ ਤੇ ਪਾਲਣਹਾਰ ਅਤੇ ਸੰਘਾਰ ਹਸਤੀ ਮੰਨੀ ਹੈ, ਉਸ ਮਹਾਨ ਹਸਤੀ ਨੂੰ ਅਮਰ, ਅਜੋਨੀ ਤੇ ਅਗਮ ਅਗੋਚਰ ਕਥਨ ਕੀਤਾ ਹੈ :

***ਏਕਮ ਏਕੰਕਾਰੁ ਨਿਰਾਲਾ॥***
***ਅਮਰੁ ਅਜੋਨੀ ਜਾਤਿ ਨ ਜਾਲਾ॥***
***ਅਗਮ ਅਗੋਚਰੁ ਰੂਪੁ ਨ ਰੇਖਿਆ॥***
***ਖੋਜਤ ਖੋਜਤ ਘਟਿ ਘਟਿ ਦੇਖਿਆ॥***

(ਅੰਗ ੮੩੮)

ਭਾਈ ਗੁਰਦਾਸ ਜੀ ਨੇ ਉਸ ਪੂਰਨ ਪਾਰਬ੍ਰਹਮ ਦਾ ਰੂਪ ਇਸ ਤਰ੍ਹਾਂ ਨਾਲ ਅਭੇਦਤਾ ਤੇ ਸਰਬ ਰਚਨਾ ਦੇ ਸਾਜਣ ਨੂੰ ਕਥਨ ਕੀਤਾ ਹੈ :

***ਪੂਰਨ ਬ੍ਰਹਮ ਆਪਿ ਆਪਨ ਹੀ ਆਪੁ ਸਾਜਿ, ਆਪਨ ਰਚਿਓ ਹੈ ਨਾਉ ਆਪ ਹੀ ਬਿਚਾਰ ਕੈ॥***
***ਆਦਿ ਗੁਰ ਦੁਤੀਆ ਗੋਬਿੰਦ ਨਾਮ ਕੈ ਕਹਾਇਓ, ਗੁਰਮੁਖਿ ਰਚਨਾ ਅਕਾਰ ਓਅੰਕਾਰ ਕੈ॥***
***ਗੁਰਮੁਖਿ ਨਾਦ ਬੇਦ ਗੁਰਮੁਖਿ ਪਾਵੈ ਭੇਦ, ਗੁਰਮੁਖਿ ਲੀਲਾਧਾਰੀ ਅਨਿਕ ਅਉਤਾਰ ਕੈ॥***
***ਗੁਰੂ ਗੋਬਿੰਦ ਆਉ ਗੋਬਿੰਦ ਗੁਰੂ ਏਕ-ਮੇਕ, ਓਤਿ ਪੋਤਿ ਸੂਤ੍ਰ ਗਤਿ ਅੰਬਰ ਉਚਾਰ ਕੈ॥੫੪॥***

(ਕਬਿੱਤ ਸਵੱਯੇ ਭਾ: ਗੁਰਦਾਸ ਜੀ)

ਪੰਚਮ ਪਾਤਸ਼ਾਹ ਜੀ ਨੇ ਉਸ ਪਾਰਬ੍ਰਹਮ ਨੂੰ ਆਦਿ ਮਧਿ ਅੰਤ ਵਿਚ ਪੂਰਨ ਕਥਨ ਕੀਤਾ ਹੈ:

***ਆਦਿ ਮਧਿ ਅੰਤਿ ਪ੍ਰਭੁ ਸੋਈ॥ ਨਾਨਕ ਤਿਸੁ ਬਿਨੁ ਅਵਰੁ ਨ ਕੋਈ॥***

(ਅੰਗ ੭੬੦)

ਉਹ ਪ੍ਰਭੂ ਸਭ ਜਗ੍ਹਾ ਪੂਰਨ ਹੈ। ਸਰੀਰ ਕਦੇ ਪੂਰਨ ਨਹੀਂ ਹੁੰਦਾ, ਇਸ ਕਰਕੇ ਜੋ ਸਰੀਰ ਅੱਜ ਹੈ,

ਉਹ ਅੱਜ ਤੋਂ ਡੇਢ ਸੌ ਸਾਲ ਪਹਿਲਾਂ ਨਹੀਂ ਸੀ, ਅੱਜ ਤੋਂ ਡੇਢ ਸੌ ਸਾਲ ਪਿਛੋਂ ਵੀ ਨਹੀਂ ਹੋਵੇਗਾ। ਪ੍ਰਭੂ ਪਹਿਲਾਂ ਵੀ ਸੀ, ਅੱਜ ਤੋਂ ਡੇਢ ਸੌ ਸਾਲ ਕੀ, ਹਜ਼ਾਰਾਂ ਸਾਲ ਪਹਿਲਾਂ ਵੀ ਸੀ, ਉਸ ਤੋਂ ਵੀ ਪਹਿਲਾਂ ਸ੍ਰਿਸ਼ਟੀ ਦੇ ਰਚਨ ਸਮੇਂ ਪੂਰਨ ਸੀ, (ਅਤੇ) "ਕਈ ਬਾਰ ਪਸਰਿਓ ਪਾਸਾਰ॥੭॥ ਹਰ ਸਮੇਂ ਪਸਾਰੇ ਦੇ ਪਸਾਰਨ ਵਾਲਾ ਮੌਜੂਦ ਸੀ। ਜੋ ਸ੍ਰਿਸ਼ਟੀ ਦੇ ਆਦਿ ਵਿਚ ਸੀ ਪ੍ਰਭੂ, ਉਹ ਹੁਣ ਭੀ ਹੈ, ਅਗੇ ਆਉਣ ਵਾਲੇ ਸਮੇਂ ਵਿਚ ਵੀ ਸਦਾ ਹੋਵੇਗਾ, ਇਸ ਕਰਕੇ ਉਹ ਪ੍ਰਮਾਤਮਾ ਪੂਰਨ ਹੈ। ਸਮੇਂ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਗਿਆ ਹੈ- ਗੁਜ਼ਰਿਆ ਹੋਇਆ, ਆਉਣ ਵਾਲਾ ਤੇ ਜੋ ਹੁਣ ਹੈ। ਸੰਸਕ੍ਰਿਤ ਵਿਚ ਇਸ ਦੇ ਨਾਮ ਹਨ—ਭੂਤ, ਭਵਿੱਖ ਤੇ ਵਰਤਮਾਨ। ਫ਼ਾਰਸੀ ਵਿਚ ਮਾਜ਼ੀ 'ਤੇ ਆਉਣ ਵਾਲੇ ਨੂੰ ਮੁਸਤਿਕਬਿਲ ਤੇ ਹੁਣ ਨੂੰ 'ਹਾਲ' ਆਖਦੇ ਹਨ। ਇਸ ਨੂੰ ਆਦਿ ਕਾਲ, ਮਧਿ ਕਾਲ, ਅੰਤ ਕਾਲ, ਭੀ ਕਿਹਾ ਗਿਆ ਹੈ। ਮਨੁੱਖ ਜੋ 'ਮਧਿ ਕਾਲ' ਭਾਵ ਵਰਤਮਾਨ ਕਾਲ ਵਿਚ ਹੈ, ਇਹ ਆਦਿ ਕਾਲ, ਭਾਵ ਭੂਤ ਕਾਲ ਵਿਚ ਨਹੀਂ ਸੀ ਅਤੇ ਅੰਤ ਕਾਲ, ਭਾਵ ਭਵਿਖਤ ਕਾਲ ਵਿਚ ਵੀ ਨਹੀਂ ਹੋਵੇਗਾ। ਪ੍ਰਭੂ ਪ੍ਰਮਾਤਮਾ ਮਧਿ ਕਾਲ ਵਿਚ ਹੈ, ਆਦਿ ਕਾਲ ਵਿਚ ਵੀ ਸੀ ਅਤੇ ਅੰਤ ਕਾਲ ਨੂੰ ਵੀ ਹੋਵੇਗਾ, ਇਸ ਕਰਕੇ ਉਸ ਨੂੰ ਗੁਰਦੇਵ ਨੇ "ਆਦਿ ਪੂਰਨ ਮਧਿ ਪੂਰਨ ਅੰਤ ਪੂਰਨ ਪਰਮੇਸੁਰਹ" ਕਿਹਾ ਹੈ। ਉਸ ਪੂਰਨ ਪ੍ਰਭੂ ਦਾ ਕੋਈ ਰੂਪ, ਰੰਗ, ਅਕਾਰ ਨਹੀਂ ਹੈ।

ਸੰਸਾਰ ਅੰਦਰ ਸਾਰੇ ਰਪੂ, ਰੰਗ, ਆਕਾਰ ਉਸ ਪ੍ਰਭੂ ਦੇ ਆਪਣੇ ਹਨ। ਸਮਝਣ ਵਾਸਤੇ ਦ੍ਰਿਸ਼ਟਾਂਤ ਮਾਤਰ ਜਿਸ ਤਰ੍ਹਾਂ ਇਕ ਗੁਲਾਬ ਦਾ ਸੁੰਦਰ ਫੁਲ ਖਿੜਿਆ ਹੈ। ਫੁੱਲ ਦਾ ਜੋ ਸੁੰਦਰ ਰੂਪ ਤੇ ਰੰਗ ਅਤੇ ਅਕਾਰ ਹੈ ਇਹ ਉਸ ਪ੍ਰਭੂ ਦਾ ਆਪਣਾ ਹੈ, ਉਸ ਨੇ ਦਿੱਤਾ ਹੈ, ਪਰ ਉਸ ਪ੍ਰਭੂ ਦਾ ਆਪਣਾ ਕੋਈ ਰੂਪ, ਰੰਗ, ਅਕਾਰ ਨਹੀਂ ਹੈ। ਜਿਸ ਸਮੇਂ ਫੁਲ ਮੁਰਝਾ ਜਾਂਦਾ ਹੈ, ਤਾਂ ਰੂਪ ਚਲਾ ਜਾਂਦਾ ਹੈ। ਫੁਲ ਸੁਕ ਕੇ ਖ਼ਤਮ ਹੋ ਜਾਂਦਾ ਹੈ, ਉਸ ਵੇਲੇ ਰੰਗ ਤੇ ਅਕਾਰ ਵੀ ਚਲਿਆ ਜਾਂਦਾ ਹੈ। ਉਹ ਫੁੱਲ ਦਾ ਰੂਪ, ਰੰਗ ਅਕਾਰ ਕਿਥੇ ਗਿਆ, ਜਿਸ ਨੇ ਦਿੱਤਾ ਸੀ ਉਸ ਵਿਚ ਹੀ ਸਮਾ ਗਿਆ ਹੈ।

ਨਿਰਾਕਾਰ ਪ੍ਰਭੂ ਰੂਪ, ਰੰਗ ਤੋਂ ਰਹਿਤ, ਜੋਤੀ ਸਰੂਪ ਹੈ। ਸਾਰਿਆਂ ਅੰਦਰ ਉਸ ਪ੍ਰਭੂ ਦੀ ਜੋਤ ਹੀ ਪ੍ਰਕਾਸ਼ ਹੋ ਰਹੀ ਹੈ। ਗੁਰਦੇਵ ਦਾ ਸੁੰਦਰ ਫ਼ੁਰਮਾਨ ਹੈ :

ਯਥਾ: "ਸਭ ਮਹਿ ਜੋਤਿ ਜੋਤਿ ਹੈ ਸੋਇ॥" ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥" (ਅੰਗ ੧੩) ਸੰਸਾਰ ਅੰਦਰ ਜਿਤਨੇ ਜੀਆ ਜੰਤ ਸੂਖਮ ਸਥੂਲ ਹਨ ਸਾਰਿਆਂ ਅੰਦਰ ਉਸ ਦੀ ਜੋਤ ਅਨੰਤ ਹੀ ਸੂਰਜ ਤੇ ਚੰਦ੍ਰਮਾ ਹਨ। ਇਨ੍ਹਾਂ ਸਾਰਿਆਂ ਵਿਚ ਜੋਤ ਪ੍ਰਭੂ ਦੀ ਹੈ, ਪਰ ਅਸਚਰਜ ਇਹ ਹੈ ਕਿ ਅੰਤ ਨੂੰ ਸਾਰਿਆਂ ਦੀ ਜੋਤ, ਜੋਤੀ ਸਰੂਪ ਵਿਚ ਸਮਾ ਜਾਂਦੀ ਹੈ :

***ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥***
***ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥***

(ਅੰਗ ੮੪੬)

ਇਕ ਬਹੁਤ ਪੁਰਾਣੀ ਘਟਨਾ, ਸੁਕਰਾਤ ਜੀ ਨਾਲ ਸੰਬੰਧਤ ਹੈ।

# ਸਾਖੀ—ਸੁਕਰਾਤ ਜੀ

ਸੁਕਰਾਤ ਯੂਨਾਨ ਦਾ ਇਕ ਬਹੁਤ ਪ੍ਰਸਿੱਧ ਵਿਦਵਾਨ ਤੇ ਉਸ ਸਮੇਂ ਪਖੰਡ ਦੇ ਉਲਟ ਪ੍ਰਚਾਰ ਕਰਨ ਵਾਲਾ ਸੀ। ਉਸ ਦਾ ਜਨਮ ਸੋਫਰੋ ਨਿਸਕਸ ਦੇ ਘਰ ਫਿਨਾਰੇਟੀ ਦੇ ਉਦਰ ਤੋਂ ਲਗਪਗ ਬੀ.ਸੀ. ੪੬੯ ਨੂੰ ਹੋਇਆ ਦੱਸਿਆ ਹੈ। ਇਹ ਯੂਨਾਨ ਦੀਆਂ ਪਖੰਡ ਤੇ ਕੁਰੀਤੀਆਂ ਦਾ ਪ੍ਰਚਾਰ ਦੇਖਕੇ, ਉਸ ਦੇ ਵਿਰੋਧ ਵਿਚ, ਪਖੰਡ ਤੇ ਕੁਰੀਤੀਆਂ ਦਾ ਖੰਡਨ ਕਰਨ ਵਾਸਤੇ ਪ੍ਰਚਾਰ ਵਿਚ ਡਟ ਗਿਆ ਸੀ। ਨਿਰਭੈਤਾ ਨਾਲ ਸੱਚਾ ਉਪਦੇਸ਼ ਕਰਨ ਦਾ ਇਸ ਦਾ ਤਰੀਕਾ ਐਸਾ ਸੀ ਕਿ ਇਸ ਅਗੇ ਵੱਡੇ ਵੱਡੇ ਪ੍ਰਸਿੱਧ ਵਿਦਵਾਨ ਨਿਰੁੱਤਰ ਹੋ ਜਾਂਦੇ ਸਨ। ਇਸ ਦੇ ਜੀਵਨ ਦੀ ਇਕ ਘਟਨਾ ਹੈ। ਸੁਕਰਾਤ ਜੀ ਦੇ ਸਮੇਂ ਅੱਗ ਪੱਥਰ 'ਤੇ ਪੱਥਰ ਮਾਰ ਕੇ ਬਾਲੀ ਜਾਂਦੀ ਸੀ। ਇਸ ਅੱਗ ਨਾਲ ਖਾਣੇ ਤਿਆਰ ਕੀਤੇ ਜਾਂਦੇ ਸਨ, ਤੇ ਇਸ ਤੋਂ ਹੀ ਘਰਾਂ ਅੰਦਰ ਰੌਸ਼ਨੀ ਦੇ ਪ੍ਰਬੰਧ ਕੀਤੇ ਜਾਂਦੇ ਸਨ। ਭਾਵ ਦੀਵਾ ਬਾਲਣ ਵਾਸਤੇ ਵੀ ਅੱਗ ਪੱਥਰ ਰਾਹੀਂ ਨਿਕਾਲੀ ਜਾਂਦੀ ਸੀ। ਸਿਆਣੇ ਤਕੜੇ ਅਮੀਰ ਘਰਾਣੇ ਇਕ ਵਾਰੀ ਅੱਗ ਪੱਥਰ ਨਾਲ ਜਗਾ ਕੇ ਮੁੜ ਉਸ ਨੂੰ ਦੱਬ ਕੇ ਸਾਂਭ ਰੱਖਦੇ ਸਨ। ਕਈ ਪੜੋਸੀ ਅੱਗ ਇਸ ਤਰ੍ਹਾਂ ਇਕ ਦੂਜੇ ਘਰੋਂ, ਜਿਸ ਘਰ ਵਿਚ ਅੱਗ ਸਾਂਭੀ ਹੁੰਦੀ, ਲੈ ਜਾਇਆ ਕਰਦੇ ਸਨ। ਇਕ ਵਾਰ ਸੁਕਰਾਤ ਜੀ ਸ਼ਾਮੀ ਰਾਤ ਨੂੰ ਆ ਰਹੇ ਸਨ ਕਿ ਰਸਤੇ ਵਿਚ ਅੱਗਿਉਂ ਆਉਂਦਾ ਇਕ ਬਾਲਕ ਮਿਲਿਆ। ਬਾਲਕ ਕਿਸੇ ਘਰੋਂ ਜਿਸ ਘਰ ਵਿਚ ਅੱਗ ਸਾਂਭ ਰੱਖੀ ਸੀ, ਦੀਵਾ ਜਗਾ ਕੇ ਲਿਆਇਆ ਸੀ। ਸੁਕਰਾਤ ਨੇ ਬਾਲਕ ਦੇ ਸਿਰ ਉਪਰ ਹੱਥ ਫੇਰ ਕੇ ਕਿਹਾ ਬੱਚਾ, ਇਹ ਜੋਤ (ਰੌਸ਼ਨੀ) ਕਿਥੋਂ ਆਈ ਹੈ ? ਸੁਕਰਾਤ ਦੇ ਕਹਿਣ ਦਾ ਭਾਵ ਸੀ ਕਿ ਕਿਸ ਘਰੋਂ ਦੀਵਾ ਜਗਾ ਕੇ ਲਿਆਇਆ ਹੈਂ। ਪਰ ਬਾਲਿਕ ਨੇ ਦੀਵੇ ਨੂੰ ਫੂਕ ਮਾਰ ਕੇ ਕਿਹਾ, ਬਾਬਾ ਇਹ ਜੋਤ ਕਿਥੇ ਚਲੀ ਗਈ ਹੈ ? ਇਕ ਨਿੱਕੇ ਜਿਹੇ ਬਾਲਿਕ ਪਾਸੋਂ ਇਹ ਗੱਲ ਸੁਣ ਕੇ ਸੁਕਰਾਤ ਦੀਆਂ ਅੱਖਾਂ ਖੁਲ੍ਹ ਗਈਆਂ ਤੇ ਸੁਕਰਾਤ ਨੇ ਬਾਲਕ ਦੇ ਚਰਨਾਂ 'ਤੇ ਮੱਥਾ ਟੇਕ ਦਿੱਤਾ। ਕਿਹਾ ਮਨਾ ! ਗ੍ਰੰਥ ਪੜ੍ਹਦਾ ਪੜ੍ਹਦਾ ਬੁੱਢਾ ਹੋ ਗਿਆ ਹੈਂ। ਜੋ ਸਮਝ ਅੱਜ ਬਾਲਕ ਦੇ ਕਹਿਣ ਤੋਂ ਆਈ ਹੈ, ਅੱਜ ਤੱਕ ਗ੍ਰੰਥ ਪੜ੍ਹਦਿਆਂ ਇਸ ਗੱਲ ਦੀ ਸਮਝ ਨਹੀਂ ਸੀ ਆਈ। ਠੀਕ ਸਮਝ ਹੈ, ਉਸਦੀ ਜੋਤ ਹੀ ਸਾਰਿਆਂ ਅੰਦਰ ਹੈ ਤੇ ਉਸੇ ਜੋਤ ਵਿਚ ਹੀ ਸਾਰੇ ਸਮਾ ਜਾਂਦੇ ਹਨ। ਉਹ ਜੋਤੀ ਸਰੂਪ ਪ੍ਰਮਾਤਮਾ ਸਾਰੇ ਪੂਰਨ ਹੈ ਕਿਉਂਕਿ ਉਸ ਦੀ ਜੋਤ ਸਾਰੇ ਥਾਂ ਤੇ ਸਾਰੇ ਜੀਵਾਂ ਅੰਦਰ ਪ੍ਰਕਾਸ਼ ਹੋ ਰਹੀ ਹੈ। ਇਸ ਕਰਕੇ ਉਹ ਸਭ ਥਾਵਾਂ ਅੰਦਰ ਪੂਰਨ ਹੈ।

***ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ,***
***ਨਜਾਰੇ ਨਜਾਰੇ ਹੁਇਕੈ ਫੇਰਿ ਆਗ ਮੈਂ ਮਿਲਾਹਿਗੇ॥***
***ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈ,***
***ਧੂਰ ਕੇ ਕਨੂਕਾ ਫੇਰ ਧੂਰ ਹੀ ਸਮਾਹਿਗੇ॥***
***ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ,***
***ਪਾਨ ਕੇ ਤਰੰਗ ਸਭੈ ਪਾਨ ਹੀ ਕਹਾਹਿਗੇ॥***

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

*ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ,*
*ਤਾਹੀ ਤੇ ਉਪਜ ਸਬੈ ਤਾਹੀ ਮੈਂ ਸਮਾਹਿਗੇ ॥੧੭॥੮੭॥*

(ਅਕਾਲ ਉਸਤਿਤ, ਦਸਮ ਗ੍ਰੰਥ)

*ਓਅੰਕਾਰਿ ਅਕਾਰੁ ਕਰਿ ਥਿਤਿ ਵਾਰੁ ਨ ਮਾਹੁ ਜਣਾਇਆ।*
*ਨਿਰੰਕਾਰੁ ਆਕਾਰੁ ਵਿਣੁ ਏਕੰਕਾਰ ਨ ਅਲਖੁ ਲਖਾਇਆ।*
*ਆਪੇ ਆਪਿ ਉਪਾਇ ਕੈ ਆਪੇ ਅਪਣਾ ਨਾਉ ਧਰਾਇਆ।*
*ਆਦਿ ਪੁਰਖ ਆਦੇਸੁ ਹੈ, ਹੈ ਭੀ ਹੋਸੀ ਹੋਂਦਾ ਆਇਆ।*
*ਆਦਿ ਨ ਅੰਤੁ ਬਿਅੰਤੁ ਹੈ ਆਪੇ ਆਪਿ ਨ ਆਪੁ ਗਣਾਇਆ।*
*ਆਪੇ ਆਪੁ ਉਪਾਇ ਸਮਾਇਆ ॥੭॥* (ਵਾਰ ੧੮, ਪਉੜੀ ੭)

ਜੈਤਸਰੀ ਮਹਲਾ ੫ ਵਾਰ ਸਲੋਕਾ ਨਾਲਿ ੧ੴ ਸਤਿਗੁਰ ਪ੍ਰਸਾਦਿ ॥

ਸਲੋਕ ॥ ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ ਪਰਮੇਸੁਰਹ ॥ ਸਿਮਰੰਤਿ ਸੰਤ ਸਰਬਤ੍ਰ ਰਮਣੰ ਨਾਨਕ ਅਘ ਨਾਸਨ ਜਗਦੀਸੁਰਹ ॥ ੧ ॥ ਪੇਖਨ ਸੁਨਨ ਸੁਨਾਵਨੋ ਮਨ ਮਹਿ ਦ੍ਰਿੜੀਐ ਸਾਚੁ ॥ ਪੂਰਿ ਰਹਿਓ ਸਰਬਤ੍ਰ ਮੈ ਨਾਨਕ ਹਰਿ ਰੰਗਿ ਰਾਚੁ ॥ ੨ ॥

## ਪਦ ਅਰਥ :

ਆਦਿ-ਜਗਤ ਦੇ ਸ਼ੁਰੂ ਤੋਂ। ਪੂਰਨ-ਸਭ ਥਾਂ ਮੌਜੂਦ। ਮਧਿ-ਵਿਚਕਾਰਲੇ ਸਮੇਂ। ਅੰਤਿ-ਜਗਤ ਦੇ ਮੁੱਕ ਜਾਣ 'ਤੇ। ਸਰਬਤ੍ਰ ਰਮਣੰ-ਹਰ ਥਾਂ ਵਿਆਪਕ ਪ੍ਰਭੂ ਨੂੰ। ਅਘ-ਪਾਪ। ਜਗਦੀਸੁਰਹ-(ਜਗਤ=ਈਸੁਰ) ਜਗਤ ਦਾ ਮਾਲਕ। ੧। ਪੇਖਨ-ਵੇਖਣ ਵਾਲਾ। ਦ੍ਰਿੜੀਐ-ਪੱਕੀ ਤਰ੍ਹਾਂ ਟਿਕਾਅ ਰੱਖੀਏ। ਸਾਚੁ-ਸਦਾ ਥਿਰ ਰਹਿਣ ਵਾਲੇ ਪ੍ਰਭੂ ਨੂੰ । ਪੂਰਿ ਰਹਿਓ-ਮੌਜੂਦ ਹੈ। ਹਰਿ ਰੰਗਿ-ਹਰੀ ਦੇ ਪਿਆਰ ਵਿਚ। ਰਾਚੁ-ਇਕ ਹੋ ਜਾ, ਲੀਨ ਹੋ ਜਾ। ੨।

## ਅਰਥ :

(ਹੇ ਭਾਈ ! ਇਕੋ) ਅਕਾਲ ਪੁਰਖ ਹੀ ਸ੍ਰਿਸ਼ਟੀ ਦੇ ਆਰੰਭ ਵਿਚ ਸਭ ਥਾਂ ਪੂਰਨ ਵਿਆਪਕ ਸੀ, ਵਿਚਕਾਰਲੇ ਸਮੇਂ ਵਿਚ (ਭਾਵ ਵਰਤਮਾਨ ਵਿਚ, ਹੁਣ ਵੀ) ਪੂਰਨ ਵਿਆਪਕ ਹੈ, (ਅਤੇ) ਅੰਤ ਵਿਚ ਵੀ (ਭਾਵ ਸ੍ਰਿਸ਼ਟੀ ਦੇ ਖ਼ਤਮ ਹੋ ਜਾਣ ਤੇ ਵੀ ਸਰਬ) ਵਿਆਪਕ (ਪੂਰਨ) ਰਹੇਗਾ। ਐਸੇ ਸਰਬ ਵਿਆਪੀ ਪੂਰਨ (ਪਰਮਾਤਮਾ ਨੂੰ) ਉਸ ਦੇ ਸੰਤ ਸਿਮਰਦੇ ਹਨ, ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਪਰਮੇਸ਼ਰ ਸਾਰੇ ਜਗਤ ਦਾ ਮਾਲਕ ਹੈ (ਅਤੇ) ਪਾਪਾਂ ਦੇ ਨਾਸ਼ ਕਰਨ ਵਾਲਾ ਹੈ। ੧।
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

(ਹੇ ਭਾਈ ! ਐਸੇ ਸਰਬ ਵਿਆਪਕ ਪੂਰਨ ਪ੍ਰਭੂ) ਸੱਚੇ ਨੂੰ ਮਨ ਵਿਚ (ਪੱਕਾ) ਦ੍ਰਿੜ੍ਹ ਕਰਕੇ, (ਅੱਖਾਂ ਨਾਲ) ਉਸ ਨੂੰ ਵੇਖਣਾ ਤੇ (ਕੰਨਾਂ ਨਾਲ) ਉਸ ਦਾ ਨਾਮ ਸੁਣਨਾ (ਅਤੇ ਰਸਨਾ) ਨਾਲ ਨਾਮ ਬੋਲ ਕੇ ਹੋਰਨਾਂ ਨੂੰ ਸੁਣਾਉਣਾ ਚਾਹੀਦਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਉਹ ਪ੍ਰਭੂ (ਸਭ ਥਾਵਾਂ ਤੇ ਸਭ ਜੀਆਂ ਵਿਚ ) ਪਰੀ ਪੂਰਨ ਹੋ ਰਿਹਾ ਹੈ। ਇਸ ਲਈ (ਐਸੇ ਪੂਰਨ) ਪ੍ਰਭੂ ਦੇ ਪ੍ਰੇਮ ਵਿਚ (ਹੇ ਜੀਵ ! ਤੂੰ) ਰਚਨਾ ਕਰ (ਭਾਵ ਤਦਾਕਾਰ ਹੋ ਜਾ। ੨।

**ਪਉੜੀ ॥ ਹਰਿ ਏਕੁ ਨਿਰੰਜਨੁ ਗਾਈਐ ਸਭ ਅੰਤਰਿ ਸੋਈ ॥ ਕਰਣ ਕਾਰਣ ਸਮਰਥ ਪ੍ਰਭੁ ਜੋ ਕਰੇ ਸੁ ਹੋਈ ॥ ਖਿਨ ਮਹਿ ਥਾਪਿ ਉਥਾਪਦਾ ਤਿਸੁ ਬਿਨੁ ਨਹੀ ਕੋਈ ॥ ਖੰਡ ਬ੍ਰਹਮੰਡ ਪਾਤਾਲ ਦੀਪ ਰਵਿਆ ਸਭ ਲੋਈ ॥ ਜਿਸੁ ਆਪਿ ਬੁਝਾਏ ਸੋ ਬੁਝਸੀ ਨਿਰਮਲ ਜਨੁ ਸੋਈ ॥ ੧ ॥**

## ਪਦ ਅਰਥ :

ਨਿਰੰਜਨੁ-ਨਿਰ ਅੰਜੁਨ (ਅੰਜਨੁ, ਕਾਲਖ, ਮਾਇਆ) ਮਾਇਆ ਤੋਂ ਨਿਰਲੇਪ। ਕਰਣ-ਰਚਿਆ ਹੋਇਆ ਜਗਤ। ਕਰਣ ਕਾਰਣ-ਸਾਰੇ ਜਗਤ ਦਾ ਮੂਲ। ਖਿਨੁ-ਪਲ, ਰਤਾ ਕੁ ਸਮਾਂ। ਥਾਪਿ-ਪੈਦਾ ਕਰਕੇ। ਉਥਾਪਦਾ-ਨਾਸ਼ ਕਰ ਦੇਂਦਾ ਹੈ। ਖੰਡ-ਧਰਤੀ ਦੇ ਟੋਟੇ, ਵੱਡੇ ਵੱਡੇ ਦੇਸ। ਬ੍ਰਹਮੰਡ-ਸਾਰਾ ਜਗਤ। ਦੀਪ-ਜਜ਼ੀਰੇ। ਲੋਈ-ਜਗਤ, ਲੋਕ। ਨਿਰਮਲ-ਪਵਿੱਤਰ। ਸੋ-ਉਹੀ।

## ਅਰਥ :

(ਹੇ ਭਾਈ !) ਇਕ ਹਰੀ (ਪ੍ਰਭੂ ਜੋ) ਮਾਇਆ ਤੋਂ ਨਿਰਲੇਪ ਹੈ (ਕੇਵਲ ਉਸ ਦੇ) ਗੁਣਾਂ ਨੂੰ ਹੀ ਗਾਉਣਾ ਚਾਹੀਦਾ ਹੈ, ਉਹ ਹੀ ਸਭ ਦੇ ਹਿਰਦਿਆਂ ਅੰਦਰ ਵੱਸ ਰਿਹਾ ਹੈ। ਉਹ ਪ੍ਰਭੂ ਸਭ ਕਾਰਣਾਂ ਦੇ ਕਰਨ ਵਾਲਾ (ਕਰਤਾ ਪੁਰਖ) ਹੈ, (ਅਤੇ) ਸਰਬ ਸ਼ਕਤੀਮਾਨ ਹੈ, ਜੋ ਕੁਝ ਉਹ ਕਰਨਾ ਚਾਹੇ, ਉਹੀ ਕੁਝ ਹੁੰਦਾ ਹੈ। ਇਕ ਛਿਨ ਵਿਚ (ਰਚਨਾ) ਬਣਾ ਕੇ ਨਾਸ ਕਰ ਦਿੰਦਾ ਹੈ, ਉਸ ਤੋਂ ਬਿਨਾਂ (ਹੋਰ) ਕੋਈ (ਵੀ) ਐਸਾ ਕੰਮ ਨਹੀਂ ਕਰ ਸਕਦਾ) ਉਹ ਧਰਤੀ ਦੇ ਸਭ ਹਿੱਸਿਆਂ ਵਿਚ ਸਾਰੇ ਸੰਸਾਰ ਅੰਦਰ ਧਰਤੀ ਦੇ ਹੇਠਾਂ ਧਰਤੀ ਉੱਤੇ, ਟਾਪੂਆਂ ਭਾਵ ਸਾਰੀ ਦੁਨੀਆ ਵਿਚ ਵਿਆਪਕ ਹੈ। ਇਸ ਭੇਦ ਨੂੰ ਉਹੀ ਸਮਝ ਸਕਦਾ ਹੈ, ਜਿਸ ਨੂੰ (ਉਹ ਪ੍ਰਭੂ) ਆਪ ਸਮਝਾਵੇਗਾ। (ਕੇਵਲ) ਉਹ ਹੀ ਸਮਝੇਗਾ ਅਤੇ ਉਹ ਹੀ ਪਵਿੱਤਰ ਪੁਰਸ਼ ਹੈ। ੧।

## ਵਿਆਖਿਆ ਤੇ ਸਾਰੰਸ਼ :-

ਸੰਪ੍ਰਦਾਈ ਵਿਦਵਾਨਾਂ ਦੇ ਕਥਨ ਅਨੁਸਾਰ ਇਸ ਵਾਰ ਦੇ ਸੰਬੰਧ ਵਿਚ ਸਿਆਣੇ ਵਿਦਵਾਨ ਮਹਾਂਪੁਰਖ ਅਤੇ ਗਿਆਨੀ ਹਜ਼ਾਰਾ ਸਿੰਘ ਜੀ ਦੇ ਵਿਚਾਰ ਇਸ ਪ੍ਰਕਾਰ ਹਨ :

ਕਾਂਸ਼ੀ ਤੋਂ ਇਕ ਵਿਜੇ ਰਾਮ ਪੰਡਿਤ ਗੁਰੂ ਜੀ ਪਾਸ ਆਇਆ। ਉਸਨੇ ਕਿਹਾ, "ਮਹਾਰਾਜ ! ਹਿੰਦੂ ਮੱਤ ਅਨੁਸਾਰ ਸ਼ੂਦਰ ਦੀ ਚਾਲ੍ਹੀ ਦਿਨਾਂ ਬਾਅਦ, ਵੈਸ਼ ਦੀ ਸਤਾਰ੍ਹਾਂ ਦਿਨਾਂ ਬਾਅਦ, ਛੱਤਰੀ ਦੀ ਤੇਰ੍ਹਾਂ ਦਿਨਾਂ ਬਾਅਦ ਅਤੇ ਬ੍ਰਾਹਮਣ ਦੀ ਬਾਰ੍ਹਾਂ ਦਿਨਾਂ ਬਾਅਦ ਗਤੀ ਹੁੰਦੀ ਹੈ।" ਹਜ਼ੂਰ ਨੇ ਕਿਹਾ, "ਹੇ ਵਿਜੇ ਰਾਮ ਪੰਡਿਤ ! ਸਾਡੇ ਸਿੱਖ ਸਭ ਤੋਂ ਉੱਚੇ ਹਨ, ਇਸ ਕਰਕੇ ਸਿੱਖਾਂ ਦਾ ਦੁਸਹਿਰਾ ਕੀਤਾ ਜਾਂਦਾ ਹੈ।" ਤਾਂ ਪੰਡਿਤ ਨੇ ਪੁੱਛਿਆ, "ਹਿੰਦੂ ਮੱਤ ਅਨੁਸਾਰ ਗਰੁੜ ਪੁਰਾਣ ਆਦਿਕ ਦਾ ਪਾਠ ਕਰਦੇ ਹਨ, ਆਪ ਜੀ ਗੁਰਮਤਿ ਅਨੁਸਾਰ ਦੱਸੋ ਕਿਸ ਦਾ ਪਾਠ ਕਰਨਾ ਚਾਹੀਦਾ ਹੈ ?" ਸਤਿਗੁਰਾਂ ਫ਼ੁਰਮਾਇਆ, "ਜੈਤਸਰੀ ਦੀ ਵਾਰ ਦੇ ਦੋ-ਦੋ ਸਲੋਕਾਂ ਦੀ ਰੋਜ਼ਾਨਾ ਕਥਾ ਕਰਕੇ, ਦਸਵੇਂ ਦਿਨ ਸਮਾਪਤੀ ਕਰੇ ਅਤੇ ਸਹਸਕ੍ਰਿਤੀ ਦੇ ਛੇ-ਛੇ ਜਾਂ ਸੱਤ-ਸੱਤ ਸਲੋਕਾਂ ਦੀ ਰੋਜ਼ਾਨਾ ਕਥਾ ਕਰਕੇ ਦਸਵੇਂ ਦਿਨ ਭੋਗ ਪਾਵੇ ਮੋਹ ਆਦਿਕ ਮੇਟਣ ਵਾਸਤੇ, ਤਾਂ ਪ੍ਰਾਣੀ ਦੀ ਕਲਿਆਣ ਹੁੰਦੀ ਹੈ।"

ਸ੍ਰੀ ਮਾਨ ਭਾਈ ਹਜ਼ਾਰਾ ਸਿੰਘ ਜੀ ਗਿਆਨੀ, ਜਿਹੜੇ ਕਿ ਆਪਣੇ ਸਮੇਂ ਦੇ ਚੰਗੇ ਵਿਦਵਾਨ ਪੁਰਸ਼ ਸਨ, ਨੇ ਇਸ ਬਾਣੀ ਦਾ ਟੀਕਾ ਈਸਵੀ ਸੰਨ ੧੮੯੬-੯੭ ਵਿਚ ਤਿਆਰ ਕੀਤਾ ਸੀ ਜਿਸ ਨੂੰ ਖ਼ਾਲਸਾ ਟ੍ਰੈਕਟ ਸੋਸਾਇਟੀ ਨੇ 'ਨਿਰਗੁਣਿਆਰਾ' ਟ੍ਰੈਕਟ ਵਿਚ ਪ੍ਰਕਾਸ਼ਤ ਕਰਵਾਇਆ ਸੀ। ਇਸ ਟ੍ਰੈਕਟ ਦੀ ਭੂਮਿਕਾ ਵਿਚ ਇਸ ਵਾਰ ਦੇ ਸੰਬੰਧ ਵਿਚ ਇਸ ਤਰ੍ਹਾਂ ਜ਼ਿਕਰ ਕੀਤਾ ਹੈ :

"ਸ੍ਰੇਸ਼ਟ ਸੰਪਰਦਾਈ ਗਿਆਨੀ ਜੀ ਤੋਂ ਪਤਾ ਲੱਗਾ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਸੇ ਸਮੇਂ ਪੰਡਿਤ ਦੇ ਪ੍ਰਸ਼ਨਾਂ ਦੇ ਉੱਤਰ ਵਿਚ ਸਹਸਕ੍ਰਿਤੀ ਦੇ ਸਲੋਕ, ਜੋ ਇਸ ਵਾਰ ਵਿਚ ਹਨ, ਉਚਾਰੇ ਸਨ। ਫਿਰ ਕਿਸੇ ਵੇਲੇ ਕਿਸੇ ਸਿੱਖ ਨੇ ਗਰੁੜ ਦੀ ਕਥਾ ਸੁਣੀ ਤੇ ਉਸ ਦਾ ਜੀ ਘਾਬਰਿਆ। ਤਦ ਗੁਰੂ ਸਾਹਿਬ ਅਗੇ ਬੇਨਤੀ ਕੀਤੀ ਕਿ ਇਹ ਕੀ ਗੱਲ ਹੈ ? ਤਦ ਮਹਾਰਾਜ ਜੀ ਨੇ ਕਿਹਾ ਕਿ ਅਸੀਂ ਇਕ ਅਕਾਲ ਪੁਰਖ ਦੇ ਸੇਵਕ ਹਾਂ, ਸਾਡੀ ਕਥਾ ਉਸ ਦਾ ਜੱਸ ਹੈ ਤੇ ਉਸ ਦੇ ਮਿਲਾਪ ਦਾ ਜਤਨ ਹੈ ਤੇ ਸੰਸਾਰ ਦੀ ਆਸਰਤਾ ਦਾ ਗਿਆਨ। ਇਹ ਪ੍ਰਾਣੀ ਦੇ ਅੰਤ ਸਮੇਂ ਅੱਖਾਂ ਅਗੇ ਆਉਣੇ ਚਾਹੀਦੇ ਹਨ ਅਰ ਸ੍ਰੀ ਗੁਰੂ ਜੀ ਨੇ ਉਹ ਸਲੋਕ ਸੁਣਾ ਕੇ ਕਿਹਾ ਕਿ ਸਿੱਖਾਂ ਵਿਚ ਮਿਰਤਕ ਸੰਸਕਾਰਾਂ ਵੇਲੇ ਇਸ ਦੀ ਕਥਾ ਸੁਨਣੀ ਯੋਗ ਹੈ। ਪਰ ਸਹਸਕ੍ਰਿਤੀ ਦੇ ਔਖੇ ਬਚਨ ਹੋਣ ਕਰਕੇ ਗੁਰੂ ਜੀ ਨੇ ਇਕ ਇਕ ਸਲੋਕ ਦੀ ਵਿਆਖਿਆ ਇਕ ਇਕ ਸਲੋਕ ਵਿਚ ਸੌਖੀ ਬੋਲੀ ਵਿਚ ਕੀਤੀ ਤੇ ਬਾਕੀ ਵਿਸਥਾਰ ਪਉੜੀ ਵਿਖੇ ਕਰ ਦਿੱਤਾ। ਇਸੇ ਕ੍ਰਮ ਵਿਚ ਇਹ ਬਾਣੀ ਫੇਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਚੜ੍ਹੀ। ਟੀਕਾ ਤਾਂ ਮਾਨੋ ਮਹਾਰਾਜ ਜੀ ਨੇ ਆਪ ਕਰ ਛਡਿਆ ਸੀ ਪਰ ਤਿਸ ਦੇ ਅਰਥਾਂ ਨੂੰ ਹੋਰ ਭੀ ਸੁਗਮ ਕਰਨ ਲਈ ਇਹ ਟੀਕਾ ਤਿਆਰ ਹੋਇਆ ਹੈ ਕਿਉਂਕਿ ਹਰ ਥਾਂ ਗਿਆਨ ਨਹੀਂ ਲੱਭਦੇ। ਸੋ ਲੋੜ ਸਮੇਂ ਖ਼ਾਲਸਾ ਇਸੇ ਪੋਥੀ ਤੋਂ ਆਪਣੇ ਮਨ ਦੇ ਸ਼ੌਕ ਨੂੰ ਨਿਵਾਰ ਲਿਆ ਕਰੇ ਅਰ ਪ੍ਰਾਣੀ ਦੇ ਮਿਰਤੂ ਹੋਣ ਤੋਂ ਮਗਰੋਂ ੧੦ ਦਿਨ ਤੱਕ ਇਸ ਦੀ ਕਥਾ ਰੋਜ਼ ਸੰਝ ਨੂੰ ਪ੍ਰਾਣੀ ਦੇ ਸੰਬੰਧੀ ਅਤੇ ਸੱਜਣ ਪ੍ਰੇਮ ਸਹਿਤ ਸੁਣਿਆ ਕਰਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜਿਤਨੀ ਵੀ ਬਾਣੀ ਵਿਦਮਾਨ ਹੈ, ਉਸ ਦਾ ਕੋਈ ਨਾ ਕੋਈ

ਪਿਛੋਕੜ ਹੈ ਭਾਵ ਉਹ ਕਿਸੇ ਨਾ ਕਿਸੇ ਪ੍ਰਥਾਇ ਜ਼ਰੂਰ ਉਚਾਰਣ ਹੋਈ ਹੈ। ਚਾਹੇ ਉਹ ਕਰਤਾ ਪੁਰਖ ਨੂੰ ਹਾਜ਼ਰ-ਨਾਜ਼ਰ ਵੇਖਕੇ ਸਿਫ਼ਤ ਰੂਪ ਵਿਚ ਜਾਂ ਮਨ ਨੂੰ ਸੰਬੋਧਨ ਰੂਪ ਵਿਚ ਹੈ, ਭਾਵੇਂ ਸਮੁੱਚੀ ਮਾਨਵਤਾ ਨੂੰ ਉਪਦੇਸ਼ ਰੂਪ ਵਿਚ ਹੈ। ਉਹ ਸਮਾਂ, ਉਹ ਘੜੀ, ਉਹ ਜਗਿਆਸੂ ਜਿਸ ਨੂੰ ਉਸ ਸਮੇਂ ਸਿੱਖਿਆ ਦਿੱਤੀ ਗਈ, ਬਾਰੇ ਸਹੀ ਅਨੁਮਾਨ ਲਾਉਣਾ ਸੰਭਵ ਨਹੀਂ ਪਰ ਪਰੰਪਰਾਗਤਿ ਰੀਤੀਆਂ ਅਤੇ ਪੁਰਾਤਨ ਇਤਿਹਾਸ ਨੂੰ ਖੋਜਿਆਂ ਕੋਈ ਨ ਕੋਈ ਥਾਉਂ ਥੇਹ ਲੱਭ ਹੀ ਪੈਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਤੋਂ ਲੈ ਕੇ ਦਸਮੇਸ਼ ਪਿਤਾ ਜੀ ਤੱਕ ਜੋ ਰਹੁਰੀਤੀਆਂ ਸਿੱਖ ਧਰਮ ਵਿਚ ਪ੍ਰਚਲਿੱਤ ਰਹੀਆਂ, ਉਨ੍ਹਾਂ ਦੇ ਕਈ ਸੰਕੇਤ ਸਾਨੂੰ ਪੁਰਾਤਨ ਜਨਮ ਸਾਖੀ (ਵਲਾਇਤ ਵਾਲੀ), ਵੱਡੀ ਜਨਮ ਸਾਖੀ ਭਾਈ ਬਾਲੇ ਵਾਲੀ, ਮਿਹਰਵਾਨ ਵਾਲੀ ਜਨਮ ਸਾਖੀ ਅਤੇ ਭਾਈ ਮਨੀ ਸਿੰਘ ਵਾਲੀ ਜਨਮ ਸਾਖੀ (ਗਿਆਨ ਰਤਨਾਵਲੀ ਅਤੇ ਭਗਤ ਰਤਨਾਵਲੀ) ਆਦਿ ਵਿਚੋਂ ਮਿਲਦੇ ਹਨ। ਹਰੇਕ ਰਹੁਰੀਤੀ ਦਾ ਲਿਖਤੀ ਰੂਪ ਮਿਲਣਾ ਮੁਸ਼ਕਿਲ ਹੈ ਪਰੰਤੂ ਸਿੱਖ ਧਰਮ ਦੇ ਰਹਿਤਨਾਮੇ ਇਸ ਗੱਲ ਦਾ ਪ੍ਰਤੀਕ ਹਨ ਕਿ ਸਿੱਖ ਸਮਾਜ ਇਕ ਸੁਤੰਤਰ ਸਮਾਜ ਹੈ ਅਤੇ ਇਸ ਦੀਆਂ ਰਹੁਰੀਤੀਆਂ ਬਾਕੀ ਧਰਮਾਂ ਨਾਲੋਂ ਵਿਲੱਖਣ ਹਨ। ਧਰਮ ਦਾ ਸੰਬੰਧ ਆਤਮਾ ਨਾਲ ਹੁੰਦਾ ਹੈ। ਜਿਹੜਾ ਧਰਮ ਆਤਮਾ ਨੂੰ ਗਿਆਨਸ਼ੀਲ ਨਹੀਂ ਬਣਾਉਂਦਾ, ਉਹ ਆਤਮਾ ਨੂੰ ਸੰਸਾਰੀ ਸੰਸਕਾਰਾਂ ਵਿਚੋਂ ਮੁਕਤ ਨਹੀਂ ਕਰਵਾ ਸਕਦਾ। ਉੱਚਾ ਆਚਰਣ ਹੀ ਮਨੁੱਖੀ ਆਤਮਾ ਨੂੰ ਉੱਚੀ ਸੁਰਤਿ ਪ੍ਰਦਾਨ ਕਰ ਸਕਦਾ ਹੈ ਜਿਸ ਤੋਂ ਧਰਮੀ ਪੁਰਸ਼ ਵਿਸ਼ਈ ਜੀਵਨ ਤੋਂ ਨਿਰਲੇਪ ਹੋ ਕੇ ਸੁਵੱਛ ਤੇ ਸ਼ੁੱਧ ਜੀਵਨ ਬਿਤੀਤ ਕਰਦਾ ਹੈ:

***ਗੁਰਮੁਖਿ ਨਾਮੁ ਦਾਨੁ ਇਸਨਾਨੁ॥ ਗੁਰਮੁਖਿ ਲਾਗੈ ਸਹਜਿ ਧਿਆਨੁ॥***

(ਅੰਗ ੯੪੨)

ਹੀ ਗੁਰਮਤਿ ਦਾ ਨਿਸ਼ਾਨਾ ਹੈ ਅਤੇ ਇਸ ਮਨੋਰਥ ਦੀ ਪੂਰਤੀ ਲਈ ਹੀ ਨਿਰੰਕਾਰੀ ਬਾਣੀ ਦਾ ਸੰਪਾਦਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੀਤਾ ਸੀ। ਪਵਿੱਤਰ ਗੁਰਬਾਣੀ ਦਾ ਵਾਕ ਹੈ:

***ਪਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਝੀ ਸਗਲ ਜਹਾਨੈ॥***
***ਗੁਰਮੁਖਿ ਹੋਇ ਸੁ ਭਉ ਕਰੇ ਆਪਣਾ ਆਪੁ ਪਛਾਣੈ॥***

(ਪੰਨਾ ੬੪੭)

ਇਸ ਪੰਕਤੀ ਅਨੁਸਾਰ ਗੁਰਬਾਣੀ ਵਿਚਲੇ ਉਪਦੇਸ਼ ਚਹੁੰ ਵਰਨਾਂ ਲਈ ਸਾਂਝੇ ਹਨ।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧੧੪ (ਅੰਗ ੭੦੭-੦੮)

ਸਲੋਕ ॥ ਬਸੰਤਿ ਸ੍ਵਰਗ ਲੋਕਹ ਜਿਤਤੇ ਪ੍ਰਿਥਵੀ ਨਵ ਖੰਡਣਹ ॥ ਬਿਸਰੰਤ ਹਰਿ ਗੋਪਾਲਹ ਨਾਨਕ ਤੇ ਪ੍ਰਾਣੀ ਉਦਿਆਨ ਭਰਮਣਹ ॥੧॥ ਕਉਤਕ ਕੋਡ ਤਮਾਸਿਆ ਚਿਤਿ ਨ ਆਵਸੁ ਨਾਉ ॥ ਨਾਨਕ ਕੋੜੀ ਨਰਕ ਬਰਾਬਰੇ ਉਜੜੁ ਸੋਈ ਥਾਉ ॥ ੨ ॥ ਪਉੜੀ ॥ ਮਹਾ ਭਇਆਨ ਉਦਿਆਨ ਨਗਰ ਕਰਿ ਮਾਨਿਆ ॥ ਝੂਠ ਸਮਗ੍ਰੀ ਪੇਖਿ ਸਚੁ ਕਰਿ ਜਾਨਿਆ ॥ ਕਾਮ ਕ੍ਰੋਧਿ ਅਹੰਕਾਰਿ ਫਿਰਹਿ ਦੇਵਾਨਿਆ ॥ ਸਿਰਿ ਲਗਾ ਜਮ ਡੰਡੁ ਤਾ ਪਛੁਤਾਨਿਆ ॥ ਬਿਨੁ ਪੂਰੇ ਗੁਰਦੇਵ ਫਿਰੈ ਸੈਤਾਨਿਆ ॥ ੯ ॥

# ਪ੍ਰਾਕ੍ਰਥਨ :-

ਇਹ ਪਾਵਨ ਸ਼ਬਦ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜੈਤਸਰੀ ਦੀ ਵਾਰ ਅੰਦਰ ਨੌਵੀਂ ਪਉੜੀ ਨਾਲ ਸੰਬੰਧਿਤ ਦੋ ਸਲੋਕਾਂ ਸਮੇਤ ਉਚਾਰਣ ਕੀਤਾ ਹੋਇਆ ਹੈ। ਇਸ ਦੇ ਆਰੰਭ ਅੰਦਰ ਗੁਰਦੇਵ ਨੇ ਸਵਰਗ ਪੁਰੀ ਦਾ ਜ਼ਿਕਰ ਕੀਤਾ ਹੈ। ਮਨੁੱਖ ਭਾਵੇਂ ਨੌਵਾਂ ਖੰਡਾਂ ਵਾਲੀ ਪ੍ਰਿਥਵੀ ਨੂੰ ਜਿੱਤ ਕੇ ਇੰਦ੍ਰ ਪੁਰੀ ਦਾ ਰਾਜ ਵੀ ਪ੍ਰਾਪਤ ਕਰ ਲਵੇ, ਪਰ ਪ੍ਰਮਾਤਮਾ ਨੂੰ ਭੁੱਲ ਜਾਣ ਕਰਕੇ ਮੁੜ ਕੇ ਉਸਦੀ ਜ਼ਿੰਦਗੀ ਫਿਰ ਦੁੱਖਾਂ ਵਿਚ ਘਿਰ ਜਾਂਦੀ ਹੈ।

## ਵਿਸ਼ਾ—ਸੁਰਗ ਬਾਸੁ ਨਾ ਬਾਂਛੀਐ

ਹਿੰਦੂ ਗ੍ਰੰਥਾਂ ਵਿਚ ਸੁਰਗ ਉਸ ਥਾਂ ਦਾ ਨਾਮ ਹੈ, ਜਿਥੇ ਮਰਣ ਪਿੱਛੋਂ ਜੀਵ ਉੱਚੇ ਕਰਮਾਂ ਅਨੁਸਾਰ ਪਹੁੰਚ ਕੇ ਦੇਵ ਜੂਨੀ ਪਾ ਕੇ ਇਥੋਂ ਦੇ ਸੁੱਖ ਭੋਗਦਾ ਹੈ। ਮੁਸਲਮਾਨ ਮਤ ਵਿਚ ਇਸ ਨੂੰ 'ਬਹਿਸ਼ਤ' ਕਰਕੇ ਮੰਨਿਆ ਹੈ। ਇਹਨਾਂ ਦੇ ਮੁਕਾਬਲੇ 'ਤੇ ਮਾੜੇ ਕਰਮ ਕਰਨ ਵਾਲਾ ਮਨੁੱਖ ਨਰਕਾਂ ਵਿਚ ਪੈਣਾ ਦੱਸਿਆ ਹੈ। ਨਰਕਾਂ ਦੀ ਗਿਣਤੀ ਵੀ ਸ਼ਾਸਤਰਕਾਰਾਂ ਨੇ ਵੱਖ-ਵੱਖ ਕਥਨ ਕੀਤੀ ਹੈ। ਮੁਸਲਮਾਨ ਨਰਕਾਂ ਨੂੰ ਦੋਜ਼ਕ ਕਹਿੰਦੇ ਹਨ, ਇਸ ਲਈ ਹਿੰਦੂ ਮਤ ਅਨੁਸਾਰ ਸਵਗਪੁਰੀ, ਬ੍ਰਹਮਪੁਰੀ, ਇੰਦ੍ਰਪੁਰੀ, ਸ਼ਿਵਪੁਰੀ, ਬਿਸ਼ਨਪੁਰੀ, ਆਦਿ ਵੱਖ-ਵੱਖ ਕਥਨ ਕੀਤੀਆਂ ਹਨ। ਪਰ ਗੁਰਦੇਵ ਨੇ ਇਸ ਦੇ ਆਰੰਭ ਅੰਦਰ ਸੁਰਗ ਅੰਦਰ ਰਹਿਣ ਵਾਲੇ ਦੀ ਗੱਲ ਕੀਤੀ ਹੈ। ਸਵਰਗ ਦਾ ਰਾਜਾ ਇੰਦ੍ਰ ਮੰਨਿਆ ਹੈ। ਇੰਦ੍ਰ ਦੀ ਰਾਜਧਾਨੀ ਨੂੰ ਅਮਰਾਵਤੀ, ਇੰਦ੍ਰਾਵਤੀ ਜਾ ਇੰਦ੍ਰਪੁਰੀ ਕਿਹਾ ਗਿਆ ਹੈ। ਇੰਦ੍ਰ ਦੇ ਘਰ ਵਾਲੀ ਦਾ ਨਾਮ ਰਿਗ ਵੇਦ ਅੰਦਰ ਇੰਦ੍ਰਾਣੀ ਦੱਸਿਆ ਹੈ। ਪੁਰਾਣਾਂ ਅਨੁਸਾਰ ਇੰਦ੍ਰ ਨੇ ਪੁਲੋਮਾ ਦੀ ਪੁੱਤਰੀ ਇੰਦ੍ਰਾਣੀ ਨਾਲ ਵਿਆਹ ਕੀਤਾ, ਇਸ ਦੇ ਵੱਖ ਵੱਖ ਨਾਮ ਮਿਲਦੇ ਹਨ। ਇੰਦ੍ਰਾਣੀ, ਪੌਲੋਮੀ, ਸੱਚੀ ਅਤੇ ਐਦ੍ਰੀ ਕਿਹਾ ਜਾਂਦਾ ਹੈ। ਅਸਲ ਵਿਚ ਇੰਦ੍ਰ ਦੇਵਤਿਆਂ ਦੇ ਰਾਜੇ ਦੀ ਉਪਾਧੀ ਦਾ ਨਾਮ ਹੈ। ਵਰ੍ਹਿਆਂ ਤੱਕ ਚੱਲਦਾ ਦੱਸਿਆ ਹੈ, ਪਰ ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਚੌਦਾਂ ਇੰਦ੍ਰ ਰਾਜ ਕਰਕੇ ਖ਼ਤਮ ਹੋ ਜਾਂਦੇ ਹਨ ਤਾਂ ਬ੍ਰਹਮਾ ਦਾ ਇਕ ਦਿਨ ਬਣਦਾ ਹੈ।

***"ਚਉਦਹ ਇੰਦ੍ਰ ਬਿਣਾਸੁ ਕਾਲਿ, ਬ੍ਰਹਮੇ ਦਾ ਇਕੁ ਦਿਵਸ ਵਿਹਾਵੈ।***
***ਧੰਧੇ ਹੀ ਬ੍ਰਹਮਾ ਮਰੈ ਲੋਮਸ ਦਾ ਇਕੁ ਰੋਮ ਛਿਜਾਵੈ।***

(ਵਾਰ ੧੨, ਪਉੜੀ ੧੦)

ਇਸ ਇੰਦ੍ਰ ਪਦਵੀ ਨੂੰ ਪਾਉਣ ਵਾਸਤੇ ਪੁਰਾਣਿਕ ਗ੍ਰੰਥਾਂ ਅਨੁਸਾਰ ਇਕ ਸੌ ਇਕ ਅਸ੍ਵਮੇਧ ਯੱਗ ਕਰਨ ਨਾਲ ਸਵਰਗ ਦਾ ਰਾਜ ਮਿਲਦਾ ਦੱਸਿਆ ਹੈ। ਕਈ ਵਾਰੀ ਐਸੇ ਯੱਗ ਕਰਕੇ ਰਾਜੇ ਲੋਕਾਂ ਨੇ ਸੂਰਗ ਦਾ ਰਾਜ ਪਾਇਆ ਪਰ ਫਿਰ ਖੁਸ ਜਾਂਦਾ ਲਿਖਿਆ ਮਿਲਦਾ ਹੈ। ਹਿੰਦੂ ਮੱਤ ਦੇ ਗ੍ਰੰਥਾਂ ਅੰਦਰ ਸੂਰਗ ਤੇ ਨਰਕ ਦਾ ਜ਼ਿਕਰ ਵਿਸਥਾਰ ਸਹਿਤ ਮਿਲਦਾ ਹੈ। ਇਸਲਾਮ ਧਰਮ ਅੰਦਰ ਵੀ ਭਿਸ਼ਤ ਤੇ ਦੋਜ਼ਕ ਦਾ

ਜ਼ਿਕਰ ਆਉਂਦਾ ਹੈ। ਪੁੰਨ ਕਰਮ ਕਰਨ ਨਾਲ ਸ੍ਵਰਗ ਦੀ ਪ੍ਰਾਪਤੀ ਅਤੇ ਪਾਪ ਕਰਮ ਕਰਨ ਨਾਲ ਨਰਕਾਂ ਦੇ ਦੁੱਖ ਭੋਗਣਾ ਦੱਸਿਆ ਹੈ। ਸੰਸਾਰ ਦੇ ਆਦਿ ਕਾਲ ਤੋਂ ਹੀ ਪਾਪਾਂ ਤੇ ਪੁੰਨਾਂ ਦੀ ਕਹਾਵਤ ਸ਼ੁਰੂ ਹੋਈ ਅਤੇ ਨਰਕਾਂ ਦੇ ਦੁੱਖ ਤੇ ਸ੍ਵਰਗ ਦੇ ਸੁੱਖਾਂ ਦੀ ਗੱਲ ਚਲੀ। ਗੁਰਦੇਵ ਦਾ ਸੁੰਦਰ ਫ਼ੁਰਮਾਣ ਹੈ :

***ਪਾਪੁ ਪੁੰਨੁ ਤਹ ਭਈ ਕਹਾਵਤ॥ ਕੋਊ ਨਰਕ ਕੋਊ ਸੁਰਗ ਬੰਛਾਵਤ॥***

(ਸੁਖਮਨੀ ਸਾਹਿਬ)

ਤਿੰਨਾਂ ਗੁਣਾਂ ਵਿਚ ਵਰਤਣ ਵਾਲੇ ਤ੍ਰੈ ਗੁਣੀ ਸੁਭਾਵਾਂ ਦੇ ਧਾਰਣੀ ਮਨੁੱਖ ਨਰਕਾਂ ਸੁਰਗਾਂ ਵਿਚ ਵਾਰ ਵਾਰ ਜਨਮ ਧਾਰ ਕੇ ਆਉਂਦੇ ਜਾਂਦੇ ਰਹਿੰਦੇ ਹਨ :

***ਤ੍ਰਿਹੁ ਗੁਣ ਮਹਿ ਵਰਤੈ ਸੰਸਾਰਾ॥ ਨਰਕ ਸੁਰਗ ਫਿਰਿ ਫਿਰਿ ਅਉਤਾਰਾ॥***

(ਅੰਗ ੩੮੯)

ਅਥਵਾ :

***ਤ੍ਰੈ ਗੁਣ ਕੀਆ ਪਸਾਰਾ॥ ਨਰਕ ਸੁਰਗ ਅਵਤਾਰਾ॥***
***ਹਉਮੈ ਆਵੈ ਜਾਹੀ॥ ਮਨੁ ਟਿਕਣੁ ਨ ਪਾਵੈ ਰਾਈ॥***

(ਅੰਗ ੧੦੦੩)

ਤੀਰਥ ਇਸ਼ਨਾਨ ਤੇ ਪੁੰਨ ਦਾਨ, ਯੱਗ ਆਦਿ ਕਰਮ ਕਰਨ ਨਾਲ ਸਵਰਗ ਲੋਕ ਦੀ ਪ੍ਰਾਪਤੀ ਦੱਸੀ ਹੈ, ਪਰ ਨਾਲ ਹੀ ਹਉਮੈ ਸਹਿਤ ਹੋਣ ਕਰਕੇ ਤੇ ਪੁੰਨ ਕਰਮਾਂ ਦਾ ਅਭਾਵ ਹੋਣ ਤੇ ਨਰਕਾਂ ਵਿਚ ਪੈ ਕੇ ਦੁੱਖ ਭੋਗਣਾ ਦਰਸਾਇਆ ਹੈ :

***ਹੋਮ ਜਗ ਤੀਰਥ ਕੀਏ ਬਿਚਿ ਹਉਮੈ ਬਧੇ ਬਿਕਾਰ॥***
***ਨਰਕੁ ਸੁਰਗੁ ਦੁਇ ਭੁੰਚਨਾ ਹੋਇ ਬਹੁਰਿ ਬਹੁਰਿ ਅਵਤਾਰ॥***

(ਅੰਗ ੨੧੪)

ਅਥਵਾ :

***ਇੰਦ੍ਰ ਲੋਕ ਸ਼ਿਵ ਲੋਕਹਿ ਜੈਬੋ॥ ਓੱਛੇ ਤਪ ਕਰਿ ਬਾਹਰਿ ਐਬੋ॥੧॥***

ਇਸ ਲਈ ਪਦਵੀ ਵੀ ਸਥਿਰ ਨਹੀਂ ਹੈ। ਹਿੰਦੂ ਮਤ ਅਨੁਸਾਰ ਜਿਸ ਵੇਲੇ ਚਾਰ ਜੁਗ ੧੨ ਵਾਰ ਗੁਜ਼ਰ ਜਾਣ ਤਾਂ ਇੰਦ੍ਰ ਦੀ ਉਮਰ ਪੂਰੀ ਹੁੰਦੀ ਹੈ। ਇਸ ਲਈ ਭਾਵੇਂ ਇਸਦੀ ਉਮਰ ਬਹੁਤ ਲੰਮੀ ਹੈ, ਪਰ ਫਿਰ ਵੀ ਸਮੇਂ ਦੇ ਨਾਲ ਇੰਦ੍ਰ ਜੰਮਦਾ ਮਰਦਾ ਰਹਿੰਦਾ ਹੈ। ਭਾਈ ਗੁਰਦਾਸ ਜੀ ਨੇ ਇਸ ਦੇ ਸੰਬੰਧ ਵਿਚ ਇਸ ਤਰ੍ਹਾਂ ਕਥਨ ਕੀਤਾ ਹੈ :

***ਵਡੀ ਆਰਜਾ ਇੰਦ੍ਰ ਦੀ, ਇੰਦ੍ਰਪਰੀ ਵਿਚਿ ਰਾਜੁ ਕਮਾਵੈ।***
***ਚਉਦਹ ਇੰਦ੍ਰ ਵਿਣਾਸੁ ਕਾਲਿ, ਬ੍ਰਹਮੇ ਦਾ ਇਕੁ ਦਿਵਸੁ ਵਿਹਾਵੈ।***

*ਧੰਧੇ ਹੀ ਬ੍ਰਹਮਾ ਮਰੈ, ਲੋਮਸ ਦਾ ਇਕੁ ਰੋਮ ਛਿਜਾਵੈ।*
*ਸੇਸ ਮਹੇਸ ਵਖਾਣੀਅਨਿ ਚਿਰੰਜੀਵ ਹੋਇ ਸਾਂਤਿ ਨ ਆਵੈ।*
*ਜੋਗ ਭੋਗ ਜਪ ਤਪ ਘਣੇ ਲੋਕ ਵੇਦ ਸਿਮਰਣੁ ਨ ਸੁਹਾਵੈ।*
*ਆਪੁ ਗਣਾਏ ਨ ਸਹਜਿ ਸਮਾਵੈ ॥੧੦॥*

(ਵਾਰ ੧੨, ਪਉੜੀ ੧੦)

ਇਸ ਇੰਦ੍ਰ ਨੂੰ ਸਵਰਗ ਵਿਚ ਇੰਦ੍ਰਪੁਰੀ ਦੇ ਰਾਜ ਦੇ ਅਨੰਤ ਸੁੱਖ ਅਤੇ ਸੱਚੀ ਵਰਗੀਆਂ ਪਟਰਾਣੀਆਂ ਦੇ ਸੁੱਖ ਪ੍ਰਾਪਤ ਸਨ, ਪਰ ਤ੍ਰਿਪਤੀ ਫਿਰ ਵੀ ਨਹੀਂ ਹੋਈ ਅਤੇ ਵਿਸ਼ੇ ਸੁੱਖ ਭੋਗਣ ਲਈ ਇੰਦ੍ਰਪੁਰੀ ਨੂੰ ਛੱਡ ਕੇ ਗੋਤਮ ਰਿਖੀ ਦੇ ਘਰ ਜਾ ਕੇ ਅਹਿੱਲਿਆ ਦੇ ਨਾਲ ਕੁਕਰਮ ਕੀਤਾ। ਗੋਤਮ ਰਿਖੀ ਨੇ ਇਸ ਨੂੰ ਸਰਾਪ ਦਿੱਤਾ, ਜਿਸ ਕਰਕੇ ਸਾਰੇ ਸਰੀਰ ਤੇ ਕੋਹੜ ਚੱਲ ਗਿਆ, ਹਜ਼ਾਰਾਂ ਭਗਾਂ (ਬਿਆਈਆਂ) ਸਰੀਰ ਉੱਪਰ ਫੁਟ ਪਈਆਂ। ਇਸ ਸਮੇਂ ਇੰਦ੍ਰ ਦਾ ਸੰਘਾਸਣ ਵੀ ਸੁੰਨਾ ਹੋਇਆ। ਭਾਈ ਗੁਰਦਾਸ ਜੀ ਨੇ ਫ਼ੁਰਮਾਨ ਕੀਤਾ ਹੈ :

*ਗੋਤਮ ਨਾਰਿ ਅਹਿਲਿਆ ਤਿਸ ਨੋ ਦੇਖਿ ਇੰਦ੍ਰ ਲੋਭਾਣਾ।*
*ਪਰ ਘਰਿ ਜਾਇ ਸਰਾਪੁ ਲੈ ਹੋਇ ਸਹਸ ਭਗ ਪਛੋਤਾਣਾ।*
*ਸੁੰਞਾ ਹੋਆ ਇੰਦ੍ਰ ਲੋਕੁ ਲੁਕਿਆ ਸਰਵਰਿ ਮਨ ਸਰਮਾਣਾ।*
*ਸਹਸ ਭਗਹੁ ਲੋਇਣ ਸਹਸ ਲੈਂਦੋਈ ਇੰਦ੍ਰ ਪੁਰੀ ਸਿਧਾਣਾ।*
*ਸਤੀ ਸਤਹੁ ਟਲਿ ਸਿਲਾ ਹੋਇ ਨਦੀ ਕਿਨਾਰੈ ਬਾਝੁ ਪਰਾਣਾ।*
*ਰਘੁਪਤਿ ਚਰਣ ਛੁਹੰਦਿਆ ਚਲੀ ਸੁਰਗ ਪੁਰਿ ਬਣੇ ਬਿਬਾਣਾ।*
*ਭਗਤਿ ਵਛਲੁ ਭਲਿਆਈਅਹੁ ਪਤਿਤ ਉਧਾਰਣੁ ਪਾਪ ਕਮਾਣਾ।*
*ਗੁਣ ਨੋ ਗੁਣ ਸਭ ਕੋ ਕਰੈ ਅਉਗੁਣ ਕੀਤੇ ਗੁਣ ਤਿਸੁ ਜਾਣਾ।*
*ਅਬਿਗਤਿ ਗਤਿ ਕਿਆ ਆਖਿ ਵਖਾਣਾ ॥੧੮॥*

(ਵਾਰ ੧੦, ਪਉੜੀ ੧੮)

ਇਸ ਲਈ ਪ੍ਰਮੇਸ਼ਰ ਦੇ ਨਾਮ ਨੂੰ ਭੁੱਲ ਕੇ ਸਵਰਗ ਵਿਚ ਵੀ ਸਦੀਵੀ ਸੁੱਖ ਨਹੀਂ ਹੈ। ਨਾ ਹੀ ਸਦੀਵ ਕਾਲ ਸਵਰਗ ਵਿਚ ਕੋਈ ਰਹਿ ਸਕਦਾ ਹੈ। ਕਿਉਂਕਿ ਸਵਰਗ ਪੁਰੀ ਜਿਸ ਨੂੰ ਇੰਦ੍ਰਪੁਰੀ ਕਿਹਾ ਜਾਂਦਾ ਹੈ, ਇਸ ਨਾਲੋਂ ਉੱਪਰ ਹੋਰ ਬ੍ਰਹਮਪੁਰੀ-ਸ਼ਿਵਪੁਰੀ ਇਹ ਮੰਨੀਆਂ ਹਨ। ਪਰ ਇਹ ਸਾਰੀਆਂ ਹੀ ਪੁਰੀਆਂ ਨਾਸ਼ ਰੂਪ ਹਨ। ਇਥੋਂ ਦੇ ਰਹਿਣ ਵਾਲੇ ਵੀ ਸਮੇਂ ਅਨੁਸਾਰ ਜੰਮਣ ਮਰਨ ਦੇ ਚੱਕਰ ਵਿਚ ਪੈਂਦੇ ਰਹਿੰਦੇ ਹਨ। ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗਉੜੀ ਰਾਗ ਅੰਦਰ ਇਕ ਸ਼ਬਦ ਵਿਚ ਬਹੁਤ ਹੀ ਵਿਸਥਾਰ ਪੂਰਵਕ ਇਹਨਾਂ ਪੁਰੀਆਂ ਨੂੰ ਨਾਸ਼ ਰੂਪ ਦਰਸਾਉਂਦਿਆਂ, ਇਸ ਤਰ੍ਹਾਂ ਕਥਨ ਕੀਤਾ ਹੈ :

***ਪ੍ਰਥਮੇ ਗਰਭ ਵਾਸ ਤੇ ਟਰਿਆ ॥ ਪੁਤ੍ਰ ਕਲਤ੍ਰ ਕੁਟੰਬ ਸੰਗਿ ਜੁਰਿਆ ॥***
***ਭੋਜਨੁ ਅਨਿਕ ਪ੍ਰਕਾਰ ਬਹੁ ਕਪਰੇ ॥ ਸਰਪਰ ਗਵਨੁ ਕਰਹਿਗੇ ਬਪੁਰੇ ॥ ੧ ॥***
***ਕਵਨੁ ਅਸਥਾਨੁ ਜੋ ਕਬਹੁ ਨ ਟਰੈ॥ ਕਵਨੁ ਸਬਦੁ ਜਿਤੁ ਦੁਰਮਤਿ ਹਰੈ॥੧॥ਰਹਾਉ॥***
***ਇੰਦ੍ਰ ਪੁਰੀ ਮਹਿ ਸਰਪਰ ਮਰਣਾ ॥ ਬ੍ਰਹਮ ਪੁਰੀ ਨਿਹਚਲੁ ਨਹੀ ਰਹਣਾ ॥***
***ਸਿਵ ਪੁਰੀ ਕਾ ਹੋਇਗਾ ਕਾਲਾ ॥ ਤ੍ਰੈ ਗੁਣ ਮਾਇਆ ਬਿਨਸਿ ਬਿਤਾਲਾ ॥ ੨ ॥***
***ਗਿਰਿ ਤਰ ਧਰਣਿ ਗਗਨ ਅਰੁ ਤਾਰੇ ॥ ਰਵਿ ਸਸਿ ਪਵਣੁ ਪਾਵਕੁ ਨੀਰਾਰੇ ॥***
***ਦਿਨਸੁ ਰੈਣਿ ਬਰਤ ਅਰੁ ਭੇਦਾ ॥ ਸਾਸਤ ਸਿੰਮ੍ਰਿਤਿ ਬਿਨਸਹਿਗੇ ਬੇਦਾ ॥ ੩ ॥***

(ਅੰਗ ੨੩੭)

ਇਸ ਕਰਕੇ ਗੁਰਬਾਣੀ ਦੇ ਸਿਧਾਂਤ ਅਨੁਸਾਰ ਜੋ ਪ੍ਰਭੂ ਪ੍ਰੇਮ ਵਿਚ ਅਤੇ ਗੁਰ ਚਰਨਾਂ ਦੀ ਪ੍ਰੀਤੀ ਵਿਚ ਲਿਵਲੀਨ ਹਨ, ਉਹ ਐਸੇ ਸਵਰਗ ਦੀ ਇੱਛਾ ਨਹੀਂ ਰੱਖਦੇ। ਨਾ ਹੀ ਉਹ ਨਰਕਾਂ ਦਾ ਮਨ ਵਿਚ ਡਰ ਧਾਰਦੇ ਹਨ, ਕਿਉਂਕਿ ਪਾਵਨ ਬਾਣੀ ਦਾ ਫ਼ੁਰਮਾਨ ਹੈ:

***ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ॥***
***ਹਮ ਕਾਹੂ ਕੀ ਕਾਣਿ ਨ ਕਢਤੇ ਅਪਨੇ ਗੁਰ ਪਰਸਾਦੇ॥***

(ਅੰਗ ੯੬੯)

ਅਥਵਾ:

***ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪਰਸਾਦਿ॥***
***ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ॥***

(ਅੰਗ ੧੩੭੦)

***ਸੁਰਗ ਬਾਸੁ ਨ ਬਾਛੀਐ ਡਰੀਐ ਨ ਨਰਕਿ ਨਿਵਾਸੁ॥***
***ਹੋਨਾ ਹੈ ਸੋ ਹੋਈ ਹੈ ਮਨਹਿ ਨ ਕੀਜੈ ਆਸ॥***

(ਅੰਗ ੩੩੭)

## ਸਾਖੀ—ਨੌਖ ਰਾਜੇ ਦੀ

ਜਦੋਂ ਇੰਦ੍ਰ ਗੋਤਮ ਰਿਸ਼ੀ ਦੇ ਘਰ ਜਾ ਕੇ ਅਹਿੱਲਿਆ ਦਾ ਸਤ ਤੋੜਨ ਤੋਂ ਸ੍ਰਾਪ ਲੈ ਕੇ ਕਮਲਾਂ ਦੀ ਬਗ਼ੀਚੀ ਵਿਚ ਜਾ ਛੁਪਿਆ, ਤਾਂ ਉਸ ਵੇਲੇ ਨੌਖ ਰਾਜੇ ਦੀ ਪੁੰਨਾਂ ਦੇ ਪ੍ਰਤਾਪ ਕਰਕੇ ਇੰਦ੍ਰਾਸਨ 'ਤੇ ਬੈਠਣ ਦੀ ਵਾਰੀ ਆ ਗਈ। (ਭਾਵੇਂ ਇੰਦ੍ਰ ਦੀ ਪੂਰਬੋਕਤ ਦਸ਼ਾ ਸੀ) ਪਰ ਇੰਦ੍ਰ ਦੀ ਰਾਣੀ ਸਚੀ ਪਤੀਬ੍ਰਤਾ ਧਰਮ ਵਿਚ ਪੱਕੀ ਸੀ। ਇੰਦ੍ਰ ਦੀ ਪਦਵੀ 'ਤੇ ਬੈਠਣ ਤੋਂ ਬਾਅਦ ਨੌਖ ਰਾਜੇ ਨੇ ਸੱਚੀ ਦਾ ਸਤ ਤੋੜਨਾ ਚਾਹਿਆ,

ਤਾਂ ਸੱਚੀ ਨੇ ਦੇਵਤਿਆਂ ਦੇ ਗੁਰੂ ਬ੍ਰਿਹਸਪਤ ਪਾਸ ਬੇਨਤੀ ਕੀਤੀ ਕਿ ਮਹਾਰਾਜ ਜੀ ! ਕਿਰਪਾ ਕਰਕੇ ਕੋਈ ਢੰਗ ਦੱਸੋ, ਜਿਸ ਕਰਕੇ ਮੇਰਾ ਸਤ ਰਹਿ ਜਾਵੇ, ਤਾਂ ਬ੍ਰਿਹਸਪਤ ਨੇ ਕਿਹਾ ਕਿ ਤੂੰ ਨੌਖ ਰਾਜੇ ਨੂੰ ਕਹਿ ਕਿ ਰਿਖੀਆਂ ਤੋਂ ਆਪਣੀ ਪਾਲਕੀ ਨੂੰ ਚੁਕਾ ਕੇ ਮੈਨੂੰ ਵਰਨ ਵਾਸਤੇ ਮੇਰੇ ਮਹਿਲਾਂ ਵਿਚ ਆ। ਸੱਚੀ ਨੇ ਇਵੇਂ ਆਖਿਆ। ਨੌਖ ਰਾਜੇ ਨੇ ਪ੍ਰਵਾਨ ਕੀਤਾ। ਉਦਿਆਲਕ, ਜੜ ਭਰਥਾਦਿਕ ਰਿਖੀ ਪਾਲਕੀ ਨੂੰ ਲਿਆਏ ਜਿਨ੍ਹਾਂ ਵਿਚ ਸਤਿ ਰਿਖੀ ਵਸ਼ਿਸ਼ਟ, ਅਤ੍ਰੀ ਅੰਗਰੇ, ਭ੍ਰਿਗੁ ਪੁਲੱਸਤ, ਕ੍ਰਤੂ ਅਤੇ ਪੁਲਹ ਸੱਚੀ ਦੀ ਪਾਲਕੀ ਨੂੰ ਚੁੱਕ ਕੇ ਲਈ ਆਉਂਦੇ ਹਨ। ਨੌਖ ਰਾਜੇ ਦੇ ਮਨ ਵਿਚ ਵਿਕਾਰ ਦੀ ਇੱਛਾ ਕਰਕੇ ਬੜੀ ਛੇਤੀ ਪੁੱਜਣ ਦੀ ਕਾਹਲੀ ਵਰਤ ਰਹੀ ਸੀ। 'ਵਿਸ਼ਨੂੰ ਪੁਰਾਣ' ਵਿਚ ਲਿਖਿਆ ਹੈ ਕਿ ਜੜ ਭਰਥ ਮੌਜ ਵਿਚ ਅੱਗੇ ਪਿੱਛੇ ਪੈਰ ਧਰਦਾ ਸੀ। ਨੌਖ ਨੇ ਕੋਰੜਾ ਮਾਰਿਆ ਤੇ ਕਿਹਾ ਕਿ 'ਸਰਪ ਸਰਪ' ਭਾਵ ਛੇਤੀ ਚੱਲੋ! ਰਿਖੀ ਨੂੰ ਦਰਦ ਹੋਇਆ ਤੇ ਉਸਨੇ ਦੁੱਖੀ ਹੋ ਕੇ ਆਖਿਆ, ਓਇ ਕਾਮੀਆਂ ਤੂੰ ਸਰਪ ਬਣ। 'ਸ੍ਰੀ ਦਸਮ ਗ੍ਰੰਥ' ਵਿਚ ਦਸਮੇਸ਼ ਪਿਤਾ ਜੀ ਨੇ ਉਦਿਆਲਿਕ ਰਿਖੀ ਦਾ ਨਾਮ ਸਰਾਪ ਦੇਣ ਬਾਰੇ ਲਿਖਿਆ ਹੈ। ਬੱਸ ਰਿਖੀ ਦੇ ਕਹਿਣ ਦੀ ਦੇਰ ਸੀ ਕਿ ਇਹ ਨੌਖ ਰਾਜਾ ਪਾਲਕੀ ਵਿਚੋਂ ਸੱਪ ਬਣ ਕੇ ਮਾਤ ਲੋਕ ਵਿਚ ਆ ਡਿੱਗਾ। ਇਸ ਲਈ ਨਾਮ ਨੂੰ ਭੁੱਲ ਕੇ ਮਨੁੱਖ ਭਾਵੇ ਪੁੰਨ ਕਰਮ ਕਰਕੇ ਸਵਰਗ ਦੇ ਵਿਚ ਵੀ ਚਲਾ ਜਾਵੇ, ਪਰ ਨਾਮ ਸਿਮਰਨ ਤੋਂ ਬਿਨਾਂ ਜੀਵਨ ਵਿਕਾਰਾਂ ਵਿਚ ਘਿਰਿਆ ਰਹਿੰਦਾ ਹੈ। ਵਿਕਾਰੀ ਮਨੁੱਖ ਦਾ ਅੰਤ ਇਸ ਨੌਖ ਰਾਜੇ ਜੈਸਾ ਹੀ ਹੁੰਦਾ ਹੈ। ਸਵਰਗ 'ਚੋਂ ਗਿਰ ਕੇ ਭੈੜੀਆਂ ਜੂਨਾਂ ਵਿਚ ਪੈ ਦੁੱਖ ਭੋਗਦਾ ਹੈ :

***ਹੇ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ ਭ੍ਰਮਾਵਣਹ॥***

(ਅੰਗ ੧੩੫੮)

## ਸਾਖੀ—ਰਾਜਾ ਜੁਜਾਤੀ ਦੀ

ਜੁਜਾਤੀ ਰਾਜੇ ਨੇ ਇੰਦ੍ਰ ਪਦਵੀ ਦੀ ਇੱਛਾ ਰੱਖ ਕੇ ਤੀਰ ਤੀਰ ਦੇ ਫ਼ਾਸਲੇ ਪਰ ਜੱਗ ਕੀਤੇ, ਭਾਵ ਧਨੁੱਖ ਵਿਚੋਂ ਤੀਰ ਛੱਡਣਾ ਤੇ ਉਸ ਤੀਰ ਨੇ ਜਿਥੇ ਜਾ ਕੇ ਡਿੱਗਣਾ, ਉਥੇ ਹੀ ਯੱਗ ਦਾ ਥੰਮ੍ਹਾ ਗੱਡ ਕੇ ਯੱਗ ਕਰਨਾ। ਇਸ ਤਰੀਕੇ ਨਾਲ ਇਸ ਨੇ ਬਹੁਤ ਸਾਰੇ ਯੱਗ ਕੀਤੇ, ਜਿਨ੍ਹਾਂ ਦੇ ਪੁੰਨਾਂ ਦੇ ਪ੍ਰਭਾਵ ਕਰਕੇ ਅੰਤ ਨੂੰ ਇੰਦ੍ਰ ਪਦਵੀ 'ਤੇ ਜਾ ਇਸਥਿਤ ਹੋਇਆ। ਤਾਂ ਇੰਦਰ ਭੈ-ਭੀਤ ਹੋ ਗਿਆ। ਆਪਣੇ ਗੁਰੂ ਬ੍ਰਿਹਸਪਤਿ ਜੀ ਕੋਲ ਜਾ ਕੇ ਬੇਨਤੀ ਕਰਨ ਲੱਗਾ ਕਿ ਰਾਜਾ ਜੁਜਾਤੀ ਨੇ ਮੇਰਾ ਸਿੰਘਾਸਨ ਮੱਲ ਲਿਆ ਹੈ, ਆਪ ਮੇਰੇ 'ਤੇ ਕ੍ਰਿਪਾ ਕਰੋ ਤਾਕਿ ਮੇਰਾ ਰਾਜ ਕਾਇਮ ਰਹੇ। ਇਹ ਸੁਣਿ ਕੇ ਬ੍ਰਹਸਪਤਿ ਜੀ ਨੇ ਕਿਹਾ, ਕਿ ਤੂੰ ਉਸ ਦੇ ਪਾਸ ਜਾ ਕੇ ਉਸ ਦੀ ਮਹਿਮਾ ਕਰ, ਕਿ ਆਪ ਬੜੇ ਧਰਮਾਤਮਾ ਰਾਜੇ ਹੋ। ਤੁਸਾਂ ਨੇ ਬੜੇ ਪੁੰਨ ਕਰਮ ਕੀਤੇ ਹਨ, ਜਿਸ ਕਰ ਕੇ ਆਪ ਇਸ ਤਖ਼ਤ ਦੇ ਮਾਲਕ ਬਣੇ ਹੋ। ਰਾਜਾ ਜੁਜਾਤੀ ਸੁਣ ਕੇ ਹੰਕਾਰ ਦੇ ਸਹਿਤ ਆਪਣੇ ਮੁੱਖੋਂ ਕੀਤੇ ਹੋਏ ਪੁੰਨ ਵਰਨਣ ਕਰੇਗਾ, ਤਾਂ ਉਸ ਦੇ ਸਾਰੇ ਪੁੰਨ ਨਾਸ ਹੋ ਜਾਣਗੇ। ਤੂੰ ਕੋਈ ਫ਼ਿਕਰ ਨਾ ਕਰ।

***ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥***
***ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ॥***

(ਅੰਗ ੧੪੨੮)

ਇੰਦਰ ਨੇ ਰਾਜੇ ਕੋਲ ਜਾ ਕੇ ਇਸ ਤਰ੍ਹਾਂ ਹੀ ਕੀਤਾ। ਜੁਜਾਤੀ ਆਪਣੀ ਉਸਤਿਤ ਸੁਣ ਕੇ ਹੰਕਾਰ ਵਿਚ ਆ ਗਿਆ ਤੇ ਹੰਕਾਰ ਵਿਚ ਆ ਕੇ ਆਪਣੇ ਪੁੰਨਾਂ ਦਾ ਵਰਨਣ ਆਪ ਹੀ ਕਰਨ ਲੱਗ ਪਿਆ, ਜਿਸ ਕਰਕੇ ਪੁੰਨ ਨਾਸ ਹੋ ਗਏ ਤੇ ਇਸ ਨੂੰ ਸਵਰਗ ਵਿਚੋਂ ਹੇਠਾਂ ਮਾਤ ਲੋਕ ਦੀ ਧਰਤੀ 'ਤੇ ਸੁੱਟ ਦਿੱਤਾ ਗਿਆ। ਨੀਮਖਾਰ ਤੀਰਥ 'ਤੇ ਡਿੱਗਾ। ਉੱਥੇ ਇਸ ਦੇ ਦੋਹਤਰੇ ਤਪ ਕਰ ਰਹੇ ਸਨ। ਉਹਨਾਂ ਨੇ ਕਿਹਾ, ਨਾਨਾ ਜੀ ! ਆਪ ਸਾਥੋਂ ਪੁੰਨ ਲੈ ਕੇ ਫਿਰ ਸਵਰਗ ਵਿਚ ਚਲੇ ਜਾਉ। ਜੁਜਾਤੀ ਨੇ ਕਿਹਾ, ਦੋਹਤਿਆਂ ਪਾਸੋਂ ਪੁੰਨ ਲੈਣ ਦਾ ਹੱਕ ਨਹੀਂ ਬਣਦਾ। ਇਸ ਕਰਕੇ ਹੁਣ ਇਥੇ ਹੀ ਠੀਕ ਹੈ। ਸੋ ਰਾਜੇ ਨੇ ਅਨੇਕਾਂ ਜੱਗ ਕਰਕੇ ਭਾਵੇਂ ਸਵਰਗ ਦੀ ਪ੍ਰਾਪਤੀ ਕਰ ਲਈ ਸੀ, ਪਰ ਸਵਰਗ ਦੇ ਸੁੱਖ ਵੀ ਸਦਾ ਸਥਿਰ ਨਹੀਂ ਹਨ। ਨਾ ਹੀ ਸਵਰਗ ਦੇ ਅੰਦਰ ਸਦੀਵ ਕਾਲ ਕਿਸੇ ਨੂੰ ਰਹਿਣ ਦਾ ਸਮਾਂ ਮਿਲਦਾ ਹੈ। ਗੁਰਦੇਵ ਦਾ ਪਾਵਨ ਫ਼ੁਰਮਾਣ ਹੈ :

***ਇੰਦ੍ਰ ਲੋਕ ਸਿਵ ਲੋਕਹਿ ਜੈਬੋ॥ ਓਛੇ ਤਪ ਕਰਿ ਬਾਹੁਰਿ ਐਬੋ॥***

(ਅੰਗ ੬੯੨)

**ਸਲੋਕ॥ ਬਸੰਤਿ ਸ੍ਵਰਗ ਲੋਕਹ ਜਿਤਤੇ ਪ੍ਰਿਥਵੀ ਨਵ ਖੰਡਣਹ॥ ਬਿਸਰੰਤ ਹਰਿ ਗੋਪਾਲਹ ਨਾਨਕ ਤੇ ਪ੍ਰਾਣੀ ਉਦਿਆਨ ਭਰਮਣਹ॥੧॥ ਕਉਤਕ ਕੋਡ ਤਮਾਸਿਆ ਚਿਤਿ ਨ ਆਵਸੁ ਨਾਉ॥ ਨਾਨਕ ਕੋੜੀ ਨਰਕ ਬਰਾਬਰੇ ਉਜੜੁ ਸੋਈ ਥਾਉ॥੨॥**

## ਪਦ ਅਰਥ :

ਬਸੰਤਿ-ਵੱਸਦੇ ਹੋਣ। ਸ੍ਵਰਗ ਲੋਕਹ-ਸੁਰਗ ਵਰਗੇ ਦੇਸਾਂ ਵਿਚ। ਜਿਤਤੇ-ਜਿਤ ਲੈਣ। ਪ੍ਰਿਥਵੀ ਨਵ ਖੰਡਣਹ-ਨੌਂ ਖੰਡਾਂ ਵਾਲੀ ਧਰਤੀ। ਗੋਪਾਲਹ-ਧਰਤੀ ਦਾ ਰੱਖਿਅਕ। ਉਦਿਆਨ-ਜੰਗਲ। ੧।

ਕਉਤਕ-ਖੇਲ, ਚੋਜ। ਕੋਡ-ਕਰੋੜਾਂ। ਚਿਤਿ-ਚਿਤ ਵਿਚ। ਨ ਆਵਸੁ-ਜੇ ਉਸ ਨੂੰ ਨਾਂਹ ਆਵੇ। ਕੋੜੀ ਨਰਕ-ਘੋਰ ਭਿਆਨਕ ਨਰਕ। ਉਜੜੁ-ਉਜੜਿਆ ਹੋਇਆ। ੨।

## ਅਰਥ :

(ਹੇ ਭਾਈ ! ਮਨੁੱਖ ਭਾਵੇਂ) ਨੌਂ ਖੰਡਾਂ ਵਾਲੀ ਪ੍ਰਿਥਵੀ=ਧਰਤੀ ਨੂੰ ਜਿੱਤ ਕੇ (ਭਾਵ ਨੌਂ ਖੰਡਾਂ ਵਿਚ ਸਾਰਿਆਂ ਉੱਪਰ ਜਿਤ ਹਾਸਲ ਕਰਕੇ) ਸਵਰਗ ਲੋਕ ਵਰਗੇ ਸੁੱਖਾਂ ਦੇ ਅਸਥਾਨ ਨੂੰ (ਆਪਣਾ ਟਿਕਾਣਾ ਬਣਾ ਕੇ) ਸਵਰਗ ਵਿਚ ਰਹਿੰਦਾ ਹੋਵੇ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਜੇ ਉਸ ਮਨੁੱਖ ਨੂੰ ਪ੍ਰਿਥਵੀ ਪਾਲਕ ਹਰੀ ਪ੍ਰਭੂ ਭੁੱਲ ਗਿਆ ਹੈ, ਤਾਂ ਉਹ (ਮਨੁੱਖ ਸੁੱਖਾਂ ਤੋਂ ਗਿਰ ਕੇ) ਸੰਸਾਰ ਰੂਪੀ ਜੰਗਲ ਵਿਚ ਭਟਕਦੇ ਹਨ। ੧।

(ਹੇ ਭਾਈ !) ਜਿਹੜਾ ਜੀਵ ਕਿਸੇ ਥਾਂ 'ਤੇ ਕਰੋੜਾਂ ਰਾਗਾਂ ਰੰਗਾਂ ਤੇ ਖੰਡਾਂ ਵਿਚ ਲੱਗਾ ਹੋਇਆ ਹੈ,

(ਅਤੇ) ਉਸ ਦੇ ਚਿੱਤ ਵਿਚ ਪ੍ਰਭੂ ਦਾ ਨਾਮ ਨਹੀਂ ਆਉਂਦਾ, ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਪ੍ਰਭੂ ਨੂੰ ਵਿਸਾਰ ਦੇਣ ਕਰਕੇ) ਉਹ ਥਾਂ ਕਰੋੜਾਂ ਨਰਕਾਂ ਦੇ ਬਰਾਬਰ ਹੈ, (ਉਹ ਮਾਨੋ) ਉਜਾੜ ਹੈ। ੨।

**ਪਉੜੀ ॥ ਮਹਾ ਭਇਆਨ ਉਦਿਆਨ ਨਗਰ ਕਰਿ ਮਾਨਿਆ ॥ ਝੂਠ ਸਮਗ੍ਰੀ ਪੇਖਿ ਸਚੁ ਕਰਿ ਜਾਨਿਆ ॥ ਕਾਮ ਕ੍ਰੋਧਿ ਅਹੰਕਾਰਿ ਫਿਰਹਿ ਦੇਵਾਨਿਆ ॥ ਸਿਰਿ ਲਗਾ ਜਮ ਡੰਡੁ ਤਾ ਪਛੁਤਾਨਿਆ ॥ ਬਿਨੁ ਪੂਰੇ ਗੁਰਦੇਵ ਫਿਰੈ ਸੈਤਾਨਿਆ ॥ ੯ ॥**

## ਪਦ ਅਰਥ :

ਮਹਾ ਭਇਆਨ-ਬੜਾ ਡਰਾਉਣਾ। ਉਦਿਆਨ-ਜੰਗਲ। ਨਗਰ-ਸ਼ਹਿਰ। ਸਮਗ੍ਰੀ-ਪਦਾਰਥ। ਝੂਠ-ਨਾਸ਼ ਹੋ ਜਾਣ ਵਾਲੇ। ਦੇਵਾਨਿਆ-ਪਾਗ਼ਲ, ਝੱਲੇ। ਸਿਰਿ-ਸਿਰ ਉੱਤੇ।

## ਅਰਥ :

(ਹੇ ਭਾਈ!) ਇਹ ਸੰਸਾਰ ਵੱਡਾ ਡਰਾਉਣਾ ਜੰਗਲ ਹੈ, ਜਿਸ ਨੂੰ ਕਈ ਲੋਕਾਂ ਨੇ (ਸੁੰਦਰ) ਸ਼ਹਿਰ ਕਰਕੇ ਮੰਨਿਆ ਹੋਇਆ ਹੈ। ਝੂਠੀ ਸਮੱਗਰੀ ਵੇਖ ਕੇ, ਉਸ ਨੂੰ ਸੱਚ ਕਰਕੇ ਸਮਝਿਆ ਹੋਇਆ ਹੈ। ਕਾਮ ਵਾਸ਼ਨਾ, ਗ਼ੁੱਸੇ ਤੇ ਹੰਕਾਰ ਵਿਚ ਫਸੇ (ਮਨੁੱਖ) ਪਾਗ਼ਲਾਂ ਵਾਂਗ ਫਿਰ ਰਹੇ ਹਨ। ਜਦੋਂ ਸਿਰ ਉੱਤੇ ਜਮਾਂ ਦਾ ਡੰਡਾ ਲੱਗਦਾ ਹੈ ਤਾਂ (ਜੀਵ) ਪਛਤਾਉਂਦਾ ਹੈ। ਪੂਰੇ ਗੁਰੂ ਤੋਂ ਬਿਨਾਂ ਜੀਵ ਸ਼ੈਤਾਨਾਂ ਵਾਂਗ ਫਿਰਦਾ ਰਹਿੰਦਾ ਹੈ। ੯।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧੧੫ (ਅੰਗ ੭੦੯-੧੦)

ਸਲੋਕ ॥ ਦਇਆ ਕਰਣੰ ਦੁਖ ਹਰਣੰ ਉਚਰਣੰ ਨਾਮ ਕੀਰਤਨਹ ॥ ਦਇਆਲ ਪੁਰਖ ਭਗਵਾਨਹ ਨਾਨਕ ਲਿਪਤ ਨ ਮਾਇਆ ॥ ੧ ॥ ਭਾਹਿ ਬਲੰਦੜੀ ਬੁਝਿ ਗਈ ਰਖੰਦੜੋ ਪ੍ਰਭੁ ਆਪਿ ॥ ਜਿਨਿ ਉਪਾਈ ਮੇਦਨੀ ਨਾਨਕ ਸੋ ਪ੍ਰਭੁ ਜਾਪਿ ॥ ੨ ॥ ਪਉੜੀ ॥ ਜਾ ਪ੍ਰਭ ਭਏ ਦਇਆਲ ਨ ਬਿਆਪੈ ਮਾਇਆ ॥ ਕੋਟਿ ਅਘਾ ਗਏ ਨਾਸ ਹਰਿ ਇਕੁ ਧਿਆਇਆ ॥ ਨਿਰਮਲ ਭਏ ਸਰੀਰ ਜਨ ਧੂਰੀ ਨਾਇਆ ॥ ਮਨ ਤਨ ਭਏ ਸੰਤੋਖ ਪੂਰਨ ਪ੍ਰਭੁ ਪਾਇਆ ॥ ਤਰੇ ਕੁਟੰਬ ਸੰਗਿ ਲੋਗ ਕੁਲ ਸਬਾਇਆ ॥ ੧੮ ॥

# ਪ੍ਰਾਕ੍ਥਨ :-

ਇਹ ਪਾਵਨ ਮੁਖਵਾਕ ਜੈਤਸਰੀ ਦੀ ਵਾਰ ਅੰਦਰ ਪੰਚਮ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ੧੮ਵੀਂ ਪਉੜੀ ਨਾਲ ਸੰਬੰਧਿਤ ਦੋ ਸਲੋਕ ਸਮੇਤ ਉਚਾਰਣ ਕੀਤਾ ਹੋਇਆ ਹੈ। ਇਸ ਦੇ ਆਰੰਭ ਅੰਦਰ ਗੁਰਦੇਵ ਨੇ ਉਸ ਦਇਆਲੂ ਪ੍ਰਮਾਤਮਾ ਨੂੰ ਦਇਆ ਕਰਕੇ ਜੀਆਂ ਦੇ ਦੁੱਖ ਨਾਸ਼ ਕਰਨ ਵਾਲਾ ਕਥਨ ਕੀਤਾ ਹੈ।

## ਵਿਸ਼ਾ— ਦਇਆ ਧਰਮੁ ਤਪੁ ਨਿਹਚਲੋ

ਦਇਆ ਦਾ ਧਰਮ ਨਾਲ ਗੂੜ੍ਹਾ ਸੰਬੰਧ ਹੈ। ਇਸੇ ਕਰਕੇ ਤੁਲਸੀ ਜੀ ਨੇ ਕਿਹਾ ਹੈ, ਕਿ ਧਰਮ ਦਾ ਬੀਜ (ਮੂਲ) ਦਇਆ ਹੈ। ਪਰ ਨਾਲ ਹੀ ਦੱਸਿਆ ਹੈ ਕਿ ਪਾਪ ਦਾ ਮੂਲ ਅਹੰਕਾਰ ਹੈ :

***ਦਇਆ ਧਰਮ ਕੋ ਮੂਲ ਹੈ ਪਾਪ ਮੂਲ ਅਭਿਮਾਨ।***
***ਤੁਲਸੀ ਦਇਆ ਨ ਛੋਡੀਐ ਜਬ ਲਗ ਘਟਿ ਮਹਿ ਪ੍ਰਾਨ।***

(ਤੁਲਸੀਦਾਸ)

ਇਸ ਲਈ ਦਇਆ ਵਿਚੋਂ ਧਰਮ ਪੈਦਾ ਹੋਇਆ ਹੈ ਅਤੇ ਧਰਮ ਵਿਚੋਂ ਸੰਤੋਖ। ਇੰਝ ਕਹਿ ਲਉ ਕਿ ਦਇਆ ਮਾਂ ਹੈ, ਸੰਤੋਖ ਪਿਤਾ ਹੈ। ਦਇਆ ਵਿਚੋਂ ਸੇਵਾ ਦਾ ਜਨਮ ਹੁੰਦਾ ਹੈ ਤੇ ਸੰਤੋਖ ਵਿਚੋਂ ਸਿਮਰਨ ਦਾ। ਜਿਉਂ ਜਿਉਂ ਮਨੁੱਖ ਸੇਵਾ ਵਿਚ ਲੀਨ ਹੁੰਦਾ ਹੈ ਤੇ ਨਾਲ-ਨਾਲ ਸਿਮਰਨ ਕਰਦਾ ਹੈ, ਤਾਂ ਧਰਮ ਨੂੰ ਇਕ ਸ਼ਿੰਗਾਰ ਮਿਲ ਜਾਂਦਾ ਹੈ। ਧਰਮ ਵਿਚੋਂ ਦਇਆ ਤੇ ਸਿਮਰਨ ਕੱਢ ਦੇਈਏ ਤਾਂ ਸਿਮਰਨ ਤੋਂ ਸੱਖਣੇ ਧਰਮੀ ਅਖਵਾਉਣ ਵਾਲੇ ਮਨੁੱਖ ਕੋਲੋਂ ਵੈਰ ਵਿਰੋਧ ਦੇ ਭੇਦ ਦੀ ਸੜਾਂਦ ਆਉਣ ਲੱਗ ਪੈਂਦੀ ਹੈ। ਦਇਆ ਤੋਂ ਬਿਨਾਂ ਕੀਤੀ ਗਈ ਸੇਵਾ ਵਪਾਰ ਹੈ, ਇਕ ਰਾਜਨੀਤੀ ਹੈ। ਰਾਜਨੀਤਿਕ ਲੋਕ ਵੀ ਇਹ ਆਖ ਕੇ ਠੱਗਦੇ ਹਨ ਕਿ ਮੈਂ ਦੇਸ਼ ਕੌਮ ਦੀ ਸੇਵਾ ਕਰਨੀ ਹੈ। ਰਾਜਨੀਤਿਕ ਦੀ ਸੇਵਾ ਵਿਚ ਸੁਆਰਥ ਹੈ। ਦਇਆਲੂ ਦੀ ਸੇਵਾ ਵਿਚ ਅਨੰਦ ਹੈ। ਦਇਆ ਤੋਂ ਜੋ ਸੇਵਾ ਨਿਕਲਦੀ ਹੈ, ਉਹ ਸੇਵਾ ਅੱਗੇ ਅਨੰਦ ਨੂੰ ਜਨਮ ਦਿੰਦੀ ਹੈ। ਸੰਤੋਖ ਤੋਂ ਬਿਨਾਂ ਸਿਮਰਨ ਵੀ ਇਕ ਪਖੰਡ ਬਣ ਜਾਂਦਾ ਹੈ। ਉਹ ਪਾਖੰਡ ਹੰਕਾਰ ਨੂੰ ਜਨਮ ਦਿੰਦਾ ਹੈ। ਜਿਹੜੀ ਦਇਆ ਸੇਵਾ ਨੂੰ ਜਨਮ ਨਾ ਦੇ ਸਕੇ, ਉਹ ਬਾਂਝ ਹੈ। ਜੈਨੀ ਸਾਧੂਆਂ ਕੋਲ ਬਾਂਝ ਦਇਆ ਹੈ। ਉਹਨਾਂ ਦੀ ਦਇਆ ਸੇਵਾਹੀਨ ਹੈ। ਜੈਨੀ ਮੁਨੀ ਅਕਸਰ ਅਹੰਕਾਰੀ ਦੇਖੇ ਗਏ ਹਨ। ਹੰਕਾਰ ਪਾਪਾਂ ਦਾ ਮੂਲ ਹੈ। ਗੁਰਦੇਵ ਨੇ ਐਸੀ ਪਾਖੰਡ ਵਾਲੀ ਦਇਆ ਖੰਡਨ ਕਰਦਿਆਂ ਪਾਵਨ ਬਾਣੀ ਵਿਚ ਕਿਹਾ ਹੈ :

***ਸਿਰੁ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ॥***
***ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ॥***
***ਭੇਡਾ ਵਾਗੀ ਸਿਰੁ ਖੋਹਾਇਨਿ ਭਰੀਅਨਿ ਹਥ ਸੁਆਹੀ॥...***
***ਲਕੀ ਕਾਸੇ ਹਥੀ ਫੁੰਮਣ ਅਗੋ ਪਿਛੀ ਜਾਹੀ॥*** (ਅੰਗ ੧੪੯)

ਦਇਆ ਤੋਂ ਸੱਖਣੇ ਨਿਰਦਈ ਮਨੁੱਖ ਸੰਸਾਰ ਵਿਚ ਮਨੁੱਖਾ ਜਨਮ ਲੈ ਕੇ ਵੀ ਕਦੀ ਕੋਈ ਚੰਗਾ ਕੰਮ ਨਹੀਂ ਕਰਦੇ। ਅਜਿਹੇ ਮਲੀਨ ਬੁੱਧੀ ਵਾਲੇ ਮਨੁੱਖਾਂ ਦੇ ਮਨ ਸਦਾ ਨਫ਼ਰਤ, ਜ਼ੁਲਮ, ਅਨਿਆ ਆਦਿ ਔਗੁਣਾਂ ਨਾਲ ਭਰੇ ਰਹਿੰਦੇ ਹਨ। ਇਥੋਂ ਤੱਕ ਕਿ ਅਜਿਹੇ ਅਭਾਗੇ ਮਨੁੱਖ ਸਤਿਸੰਗਤ ਵਿਚ ਜਾ ਕੇ ਵੀ ਕਦੀ ਪ੍ਰਭੂ ਨਾਲ ਨਹੀਂ ਜੁੜਦੇ ਭਾਵ ਉਨ੍ਹਾਂ ਦੇ ਮਨ ਅੰਦਰ ਸਤਿਸੰਗਤ ਕਰਨ ਦਾ ਕੋਈ ਸ਼ੌਕ ਪੈਦਾ ਹੀ ਨਹੀਂ ਹੁੰਦਾ।

***ਹਿੰਸਾ ਤਉ ਮਨ ਤੇ ਨਹੀ ਛੂਟੀ ਜੀਅ ਦਇਆ ਨਹੀ ਪਾਲੀ॥***
***ਪਰਮਾਨੰਦ ਸਾਧਸੰਗਤਿ ਮਿਲਿ ਕਥਾ ਪੁਨੀਤ ਨ ਚਾਲੀ॥***

(ਅੰਗ ੧੨੫੩)

ਜਿਸ ਪ੍ਰਾਣੀ ਨੇ ਨਾ ਤਾਂ ਸਿਮਰਨ ਕੀਤਾ ਹੈ ਅਤੇ ਨਾ ਹੀ ਕਿਸੇ 'ਤੇ ਦਇਆ ਕੀਤੀ ਹੈ ਤਾਂ ਅੰਤ ਵੇਲੇ ਉਸ ਨੂੰ ਜਮ ਦੀ ਮਾਰ ਹੀ ਸਹਿਣੀ ਪਵੇਗੀ। ਮਰਨ ਵੇਲੇ ਦੁੱਖ ਹੀ ਭੋਗਣੇ ਪੈਣਗੇ। ਅਜਿਹਾ ਪ੍ਰਾਣੀ ਧਰਮਰਾਜ ਦੀ ਦਰਗਾਹ ਵਿਚ ਕੀ ਮੂੰਹ ਲੈ ਕੇ ਜਾਵੇਗਾ। ਆਪ ਜੀ ਅਖ਼ੀਰ ਵਿਚ ਇਸ ਗੱਲ ਦਾ ਨਿਸਤਾਰਾ ਕਰਦੇ ਹੋਏ ਫ਼ੁਰਮਾ ਰਹੇ ਹਨ ਕਿ ਸਾਧ ਸੰਗਤ ਕੀਤਿਆਂ ਭਵ-ਸਾਗਰ ਤੋਂ ਪਾਰ ਤਰਿਆ ਜਾ ਸਕਦਾ ਹੈ:

***ਸਿਮਰਨੁ ਭਜਨੁ ਦਇਆ ਨਹੀ ਕੀਨੀ ਤਉ ਮੁਖਿ ਚੋਟਾ ਖਾਹਿਗਾ॥੨॥***
***ਧਰਮ ਰਾਇ ਜਬ ਲੇਖਾ ਮਾਗੈ ਕਿਆ ਮੁਖੁ ਲੈ ਕੈ ਜਾਹਿਗਾ॥***
***ਕਹਤੁ ਕਬੀਰੁ ਸੁਨਹੁ ਰੇ ਸੰਤਹੁ ਸਾਧਸੰਗਤਿ ਤਰਿ ਜਾਂਹਿਗਾ॥੩॥੧॥***

(ਅੰਗ ੧੧੦੬)

ਪ੍ਰਭੂ ਹਿਰਦੇ ਘਰ ਵਿਚ ਵਸਾਉਣ ਨਾਲ ਧਰਮ ਤੇ ਦਇਆ ਦੋਨੋਂ ਹੀ ਮਨੁੱਖ ਅੰਦਰ ਆ ਵਸਦੇ ਹਨ, ਜਿਸ ਸਦਕਾ ਅੰਤਰ-ਆਤਮਾ ਫਿਰ ਖ਼ੁਸ਼ੀ ਤੇ ਖੇੜੇ ਨਾਲ ਭਰਪੂਰ ਹੋ ਜਾਂਦਾ ਹੈ:

***ਕਹਤੁ ਕਬੀਰੁ ਸੁਨਹੁ ਰੇ ਸੰਤਹੁ ਧਰਮੁ ਦਇਆ ਕਰਿ ਬਾੜੀ॥***

(ਅੰਗ ੯੭੦)

***ਅਥਵਾ: ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ॥***
***ਸੀਲ ਸੰਤੋਖ ਸਦਾ ਨਿਰਬਾਹਿਬੋ ਹ੍ਵੈਬੋ ਤ੍ਰਿਗੁਣ ਅਤੀਤਿ॥***

(ਸ਼ਬਦ ਹਜ਼ਾਰੇ ਪਾ: ੧੦)

***ਅਥਵਾ: ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾ ਨਹ ਏਕ ਪਛਾਨੈ॥***
***ਪੂਰਨ ਜੋਤ ਜਗੈ ਘਟ ਮੈ ਤਬ ਖਾਲਸ ਤਾਹਿ ਨਖਾਲਸ ਜਾਨੈ॥***

(੩੩ ਸੈਵਯੇ, ਸ੍ਰੀ ਮੁਖਵਾਕ ਪ: ੧੦)

ਦਇਆ ਅਤੇ ਧਰਮ ਵਰਗੇ ਗੁਣ ਭਾਗਾਂ ਵਾਲੇ ਪ੍ਰਾਣੀ ਨੂੰ ਨਸੀਬ ਹੁੰਦੇ ਹਨ:

***ਦਇਆ ਧਰਮੁ ਤਪੁ ਨਿਹਚਲੋ ਜਿਸੁ ਕਰਮਿ ਲਿਖਾਧਾ॥*** (ਅੰਗ ੧੧੦੧)

***ਅਥਵਾ: ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪਰਧਾਨ॥***

(ਅੰਗ ੧੨੪੫)

ਜਿਸ ਕਰਕੇ ਜਿਥੇ ਦਇਆ ਹੈ, ਉਥੇ ਸੇਵਾ ਹੈ। ਜਿਥੇ ਸੇਵਾ ਹੈ, ਉਥੇ ਧਰਮ ਹੈ। ਜਿਥੇ ਧਰਮ ਹੈ, ਉਥੇ ਸੰਤੋਖ ਹੈ। ਜਿਥੇ ਸੰਤੋਖ ਹੈ, ਉਥੇ ਸਿਮਰਨ ਹੈ। ਜਿਥੇ ਸਿਮਰਨ ਹੈ, ਉਥੇ ਅਕਾਲ ਪੁਰਖ ਆਪ ਹੈ। ਅਸਲ ਵਿਚ ਦਇਆ ਦਾ ਸੋਮਾ ਪੂਰਨ ਪ੍ਰਮਾਤਮਾ ਤੇ ਪ੍ਰਮਾਤਮਾ ਦਾ ਸਰੂਪ ਗੁਰੂ ਸਾਹਿਬ ਜੀ ਹਨ। ਸੋ ਪ੍ਰਮਾਤਮਾ ਰਹਿਮਤਾਂ ਦਾ ਭੰਡਾਰ ਅਤੇ ਸਭ ਜੀਆਂ ਦੀ ਪਾਲਣਾ ਕਰਨ ਵਾਲਾ ਹੈ:

***ਦਇਆਲ ਏਕ ਭਗਵਾਨ ਪੁਰਖਹ ਨਾਨਕ ਸਰਬ ਜੀਅ ਪ੍ਰਤਿਪਾਲਕਹ॥***

(ਅੰਗ ੧੩੫੫)

***ਅਥਵਾ: ਤੂ ਅਗਮ ਦਇਆਲ ਦਇਆ ਪਤਿ ਦਾਤਾ ਸਭ ਦਇਆ ਧਾਰਿ ਰਖਿ ਲੀਜੈ॥***
***ਸਰਬ ਜੀਅ ਜਗਜੀਵਨੁ ਏਕੋ ਨਾਨਕ ਪ੍ਰਤਿਪਾਲ ਕਰੀਜੈ॥***

(ਅੰਗ ੧੩੨੬)

ਭਾਵ ਦਇਆਵਾਨ ਪ੍ਰਭੂ ਦਾ ਕੋਈ ਅੰਤ ਨਹੀਂ ਪਾ ਸਕਦਾ। ਉਹ ਅਪਹੁੰਚ ਹੈ। ਸਭ 'ਤੇ ਦਇਆ ਕਰਨ ਵਾਲਾ ਅਤੇ ਸਭ ਦਾ ਰਖਵਾਲਾ ਹੈ। ਜਗਤ ਦੇ ਸਾਰੇ ਜੀਵਾਂ ਦਾ ਉਹ ਮਾਲਕ ਹੈ, ਆਸਰਾ ਹੈ ਅਤੇ ਸਾਰਿਆਂ ਦੀ ਪਾਲਣਾ ਕਰਨ ਵਾਲਾ ਹੈ। ਮਾਲਕ ਪ੍ਰਭੂ ਦੇ ਕੀਤੇ ਹੋਏ ਜੀਵਾਂ ਲਈ ਵੀ ਦਇਆ ਦੇ ਧਾਰਨੀ ਹੋਣਾ ਬੜਾ ਜ਼ਰੂਰੀ ਹੈ। ਜੇਕਰ ਸੰਸਾਰ ਵਿਚੋਂ ਦਇਆ ਉੱਡ ਜਾਵੇ ਤਾਂ ਇਹ ਸੰਸਾਰ ਨਰਕ ਬਣ ਕੇ ਕਹਿ ਜਾਵੇ। ਮਨੁੱਖ ਅਧਰਮੀ ਬਣ ਕੇ ਲੁੱਟ-ਖਸੁੱਟ ਦੁਆਰਾ ਸੱਚੇ ਦੀ ਕੋਠੜੀ ਨੂੰ ਅਤਿਆਚਾਰਾਂ ਅਤੇ ਅਪਰਾਧਾਂ ਦਾ ਅਖਾੜਾ ਬਣਾ ਦੇਵੇ। ਪ੍ਰੰਤੂ ਦਇਆ ਦੇ ਹੁੰਦਿਆਂ ਧਰਮ ਸਦਾ ਕਾਇਮ ਰਹੇਗਾ, ਕਿਉਂਕਿ ਦਇਆ ਤੋਂ ਹੀ ਧਰਮ ਪ੍ਰਫੁੱਲਤ ਹੁੰਦਾ ਹੈ:

***ਧੌਲੁ ਧਰਮੁ ਦਇਆ ਕਾ ਪੂਤੁ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥***

(ਅੰਗ ੩)

ਪ੍ਰਭੂ ਸਾਡੇ ਸਾਰਿਆਂ ਦਾ ਰਖਵਾਲਾ ਹੈ। ਉਸ ਦਾ ਸਾਡੇ ਸਾਰਿਆਂ 'ਤੇ ਮਿਹਰ ਦਾ ਹੱਥ ਹੈ। ਉਹ ਦਇਆ ਦਾ ਸਾਗਰ ਹੈ। ਉਸ ਦਾ ਹਿਰਦਾ ਬੜਾ ਵਿਸ਼ਾਲ ਹੈ। ਗੁਰੂ ਅਰਜਨ ਦੇਵ ਜੀ ਪ੍ਰਭੂ-ਪਿਤਾ ਪਾਸੋਂ ਦਇਆ ਦੀ ਜਾਚਨਾ ਕਰਦੇ ਹੋਏ ਫ਼ੁਰਮਾ ਰਹੇ ਹਨ:

***ਦਇਆ ਕਰਹੁ ਠਾਕੁਰ ਪ੍ਰਭ ਮੇਰੇ॥ ਗੁਣ ਗਾਵੈ ਨਾਨਕੁ ਨਿਤ ਤੇਰੇ॥***

(ਅੰਗ ੧੧੪੪)

ਭਾਈ ਗੁਰਦਾਸ ਜੀ ਅਨੁਸਾਰ:

*ਆਂਬ ਕੀ ਸਧਰ ਕਤ ਮਿਟਤ ਨ ਆਂਬਲੀ ਖਾਏ,*
*ਪਿਤਾ ਕੋ ਪਿਆਰ ਨ ਪਰੋਸੀ ਪਹਿ ਪਾਈਐ॥*
*ਸਾਗਰ ਕੀ ਨਿਧਿ ਕਤ ਪਾਈਅਤ ਪੋਖਰ ਸੈ,*
*ਦਿਨਕਰਿ ਸਰਿ ਦੀਪ ਜੋਤਿ ਨ ਪੁਜਾਈਐ॥*
*ਇੰਦ੍ਰ ਬਰਖਾ ਸਮਾਨ ਪੂਜਸਿ ਨ ਕੂਪ ਜਲ,*
*ਚੰਦਨ ਸੁਬਾਸ ਨ ਪਲਾਸ ਮਹਿਕਾਈਐ॥*
*ਸ੍ਰੀ ਗੁਰ ਦਇਆਲ ਕੀ ਦਇਆ ਨ ਆਨ ਦੇਵ ਮੈ,*
*ਜਉ ਖੰਡ ਬ੍ਰਹਮੰਡ ਉਦੈ ਅਸਤ ਲਉ ਧਾਈਐ॥੪੭੨॥*

(ਕਬਿੱਤ ਸਵੱਯੇ ਭਾ: ਗੁਰਦਾਸ ਜੀ)

## ਸਾਖੀ—ਦਇਆ ਧਰਮ ਕੋ ਮੂਲ ਹੈ

ਜਿਥੇ ਪ੍ਰਮੇਸ਼ਰ ਦੇ ਪਿਆਰੇ ਭਗਤੀ ਕਰਨ ਵਾਲੇ ਭਗਤ ਲਈ ਜਪ ਤਪ, ਸਿਮਰਨ ਅਭਿਆਸ, ਕਮਾਈ ਜ਼ਰੂਰੀ ਹੈ, ਉਥੇ ਭਗਤ ਵਿਚ ਦਇਆ ਕਰਨ ਦਾ ਗੁਣ ਹੋਣਾ ਵੀ ਜ਼ਰੂਰੀ ਹੈ, ਨਹੀਂ ਤਾਂ ਦਇਆ ਤੋਂ ਸੱਖਣਾ ਮਨੁੱਖ ਕਸਾਈ ਤਰ੍ਹਾਂ ਮੰਨਿਆ ਹੈ। ਪੌਰਾਣਿਕ ਗ੍ਰੰਥਾਂ ਅੰਦਰ ਜ਼ਿਕਰ ਆਉਂਦਾ ਹੈ ਕਿ ਧਰਮ ਪੁੱਤਰ ਯੁਧਿਸ਼ਟਰ ਜੀ ਬਹੁਤ ਭਗਤੀ ਭਾਵ ਵਾਲੇ ਸਨ। ਸ੍ਰੀ ਕ੍ਰਿਸ਼ਨ ਜੀ ਦੇ ਦਰਸ਼ਨ ਕਰਨ ਹਰ ਰੋਜ਼ ਜਾਇਆ ਕਰਦੇ ਸਨ, ਤਾਂ ਸ੍ਰੀ ਕ੍ਰਿਸ਼ਨ ਜੀ ਇਸ ਨੂੰ ਆਉ ਰਾਜਨ ਜੀ ਕਹਿ ਕੇ ਸਤਿਕਾਰ ਦਿਆ ਕਰਦੇ ਸਨ। ਧਰਮ ਪੁੱਤਰ ਯੁਧਿਸ਼ਟਰ ਦੀ ਇੱਛਾ ਸੀ ਕਿ ਮੈਨੂੰ ਭਗਤ ਜੀ, ਕਹਿ ਕੇ ਸਤਿਕਾਰ ਦਿਆ ਕਰਨ। ਇਕ ਦਿਨ ਯੁਧਿਸ਼ਟਰ ਜੀ ਜੰਗਲ ਵਿਚ ਸ਼ਿਕਾਰ ਖੇਡਣ ਵਾਸਤੇ ਗਏ, ਤਾਂ ਇਕ ਭੀਲਾਂ ਦੀ ਲੜਕੀ ਬਹੁਤ ਦੁੱਖੀ ਦੇਖੀ, ਜਿਸਨੂੰ ਬੱਚਾ ਪੈਦਾ ਨਹੀਂ ਸੀ ਹੋ ਰਿਹਾ। ਉਸ ਨੂੰ ਤਕਲੀਫ਼ ਹੁੰਦੀ ਜਾਣ ਦੇ ਯੁਧਿਸ਼ਟਰ ਨੇ ਆਪਣੀਆਂ ਅੱਖਾਂ ਬੰਨ੍ਹ ਕੇ ਦਇਆ ਕਰਕੇ ਉਸ ਵਕਤ ਦਾਈ ਵਾਲਾ ਕਾਰਜ ਕੀਤਾ ਤਾਂ ਬੱਚਾ ਪੈਦਾ ਹੋਣ ਨਾਲ ਲੜਕੀ ਦੀ ਜਾਨ ਬਚ ਗਈ। ਇਸ ਪਿਛੋਂ ਜਦ ਯੁਧਿਸ਼ਟਰ ਜੀ ਸ੍ਰੀ ਕ੍ਰਿਸ਼ਨ ਜੀ ਨੂੰ ਮਿਲੇ ਤਾਂ ਅੱਗੋਂ ਭਗਵਾਨ ਨੇ ਕਿਹਾ, "ਆਉ ਭਗਤ ਜੀ!" ਯੁਧਿਸ਼ਟਰ ਨੇ ਪੁੱਛਿਆ, "ਅੱਗੇ ਤਾਂ ਤੁਸੀਂ ਮੈਨੂੰ ਰਾਜਨ ਕਹਿ ਕੇ ਬੁਲਾਉਂਦੇ ਸੀ, ਅੱਜ ਭਗਤ ਕਹਿ ਕੇ ਕਿਉਂ ਬੁਲਾਇਆ ਹੈ?" ਤਾਂ ਸ੍ਰੀ ਕ੍ਰਿਸ਼ਨ ਜੀ ਨੇ ਕਿਹਾ, "ਤੂੰ ਦੁੱਖੀ ਲੜਕੀ 'ਤੇ ਦਇਆ ਕੀਤੀ ਹੈ, ਦਇਆ ਹੀ ਸਭ ਤੋਂ ਵੱਡਾ ਪੁੰਨ ਹੈ।" ਤੁਲਸੀ ਜੀ ਦਾ ਕਥਨ ਹੈ:

*ਦਇਆ ਧਰਮ ਕੋ ਮੂਲ ਹੈ ਪਾਪ ਮੂਲ ਅਭਿਮਾਨ॥*
*ਤੁਲਸੀ ਦਇਆ ਨਾ ਛੋਡੀਅਹਿ ਜਬ ਲੱਗ ਘਟਿ ਮਹਿ ਪਰਾਨ॥*

# ਸਾਖੀ—ਸੋਟੀ ਹਰੀ ਹੋਣ ਦੀ

ਇਕ ਮਨੁੱਖ ਕਿਸੇ ਸੰਤ ਕੋਲ ਚੇਲਾ ਬਣਨ ਵਾਸਤੇ ਗਿਆ, ਤਾਂ ਸੰਤਾਂ ਨੇ ਉਸ ਮਨੁੱਖ ਨੂੰ ਕਿਹਾ, ਆ ਸਾਡੀ ਸੋਟੀ ਲੈ ਜਾ ਅਤੇ ਇਸ ਨੂੰ ਅਠਾਹਟ ਤੀਰਥਾਂ 'ਤੇ ਇਸ਼ਨਾਨ ਕਰਵਾ ਲਿਆ। ਜਿਸ ਵੇਲੇ ਇਹ ਸੋਟੀ ਹਰੀ ਹੋ ਗਈ, ਉਸ ਵੇਲੇ ਸਾਡੇ ਪਾਸ ਆ ਜਾਵੀਂ ਫਿਰ ਤੈਨੂੰ ਉਪਦੇਸ਼ ਦਿਆਂਗੇ। ਇਹ ਹੁਕਮ ਸੁਣ ਕੇ ਮਨੁੱਖ ਸੋਟੀ ਲੈ ਕੇ ਨੰਬਰਵਾਰ ਤੀਰਥਾਂ ਦੇ ਉੱਤੇ ਇਸ਼ਨਾਨ ਕਰਦਾ ਜਾ ਰਿਹਾ ਹੈ। ਕਈਆਂ ਨਾਲ ਰਸਤੇ ਵਿਚ ਵਿਚਾਰ ਹੋਈ ਕਿ ਕਿਸ ਲਈ ਤੀਰਥਾਂ 'ਤੇ ਇਸ਼ਨਾਨ ਕਰਨ ਆਇਆ ਹੈਂ। ਤਾਂ ਇਹ ਕਹਿੰਦਾ ਹੈ, ਕਿ ਮੇਰਾ ਤੀਰਥ ਇਸ਼ਨਾਨ ਉਸ ਵੇਲੇ ਸਫਲਾ ਹੋਵੇਗਾ, ਜਿਸ ਸਮੇਂ ਇਹ ਮੇਰੀ ਸੋਟੀ ਹਰੀ ਹੋ ਜਾਵੇਗੀ। ਤਾਂ ਇਸ ਨੂੰ ਅੱਗੋਂ ਜਵਾਬ ਮਿਲਦਾ ਹੈ ਕਿ ਭੋਲਿਆ ! ਤੀਰਥਾਂ 'ਤੇ ਇਸ਼ਨਾਨ ਕਰਾਇਆਂ ਲੱਕੜ ਦੀ ਸੋਟੀ ਵੀ ਕਦੇ ਹਰੀ ਹੋਈ ਹੈ। ਤੀਰਥ ਇਸ਼ਨਾਨ ਨਾਲ ਤਾਂ ਸਰੀਰਾਂ ਦੀ ਮੈਲ ਦੂਰ ਹੁੰਦੀ ਹੈ। ਪਰ ਇਹ ਮਨੁੱਖ ਇਸੇ ਤਰ੍ਹਾਂ ਤੀਰਥ ਇਸ਼ਨਾਨ ਕਰਦਾ ਜਾ ਰਿਹਾ ਹੈ। ਇਕ ਵਾਰ ਇਸਨੂੰ ਰਸਤੇ ਵਿਚ ਰਾਤ ਪੈ ਗਈ, ਤਾਂ ਇਹ ਇਕ ਪਿੰਡ ਦੇ ਲਾਗੇ ਹੀ ਰਾਤ ਨੂੰ ਬਿਰਾਜ ਗਿਆ। ਰਾਤ ਹਨੇਰੀ ਹੋਣ ਕਰਕੇ ਪਾਸ ਹੀ ਚਾਰ ਚੋਰ ਲਾਗਲੇ ਪਿੰਡ ਨੂੰ ਲੁੱਟਣ ਵਾਸਤੇ ਸਕੀਮ ਬਣਾ ਰਹੇ ਸਨ। ਇਸ ਨੇ ਉਸੇ ਸੋਟੀ ਨਾਲ ਚਾਰੇ ਚੋਰ ਮਾਰ ਦਿੱਤੇ ਅਤੇ ਸਿਰ੍ਹਾਣੇ ਰੱਖ ਕੇ ਸੌਂ ਗਿਆ। ਦਿਨ ਚੜ੍ਹਿਆ ਤਾਂ ਦੇਖਿਆ ਕਿ ਸੋਟੀ ਵਿਚੋਂ ਹਰੀਆਂ-ਹਰੀਆਂ ਲਗਰਾਂ ਫੁੱਟੀਆਂ ਹੋਈਆਂ ਹਨ। ਵਾਪਸ ਜਾ ਕੇ ਸੰਤਾਂ ਨੂੰ ਦਿਖਾਈ। ਸੰਤਾਂ ਦੇ ਪੁੱਛਣ 'ਤੇ ਦੱਸਿਆ ਕਿ ਮੈਂ ਤੀਰਥਾਂ 'ਤੇ ਜਾਣ ਦੀ ਥਾਂ ਪਿੰਡ ਨੂੰ ਲੁੱਟਣ ਅਤੇ ਸਾੜਨ ਵਾਲੇ ਚਾਰ ਆਦਮੀ ਮਾਰ ਦਿੱਤੇ ਹਨ, ਤਾਂ ਸੰਤਾਂ ਨੇ ਕਿਹਾ, "ਅਠਾਹਠ ਤੀਰਥਾਂ ਦੇ ਨਵਾਉਣ ਨਾਲ ਇਹ ਸੋਟੀ ਪਤਾ ਨਹੀਂ ਹਰੀ ਹੋਣੀ ਸੀ ਕਿ ਨਹੀਂ, ਪਰ ਤੂੰ ਜੀਵਾਂ 'ਤੇ ਦਇਆ ਕਰਕੇ ਪਿੰਡ ਨੂੰ ਲੁੱਟਣੋਂ ਅਤੇ ਸੜਨੋਂ ਬਚਾਇਆ ਹੈ, ਇਸ ਕਰਕੇ ਇਹ ਸੋਟੀ ਹਰੀ ਹੋ ਗਈ ਹੈ। ਤੈਨੂੰ ਉਪਦੇਸ਼ ਇਹੋ ਹੀ ਹੈ ਕਿ ਸਿਮਰਨ ਭਜਨ ਦੇ ਨਾਲ ਜੀਆਂ ਉੱਪਰ ਦਇਆ ਕਰਨੀ ਇਹ ਗੁਣ ਤੂੰ ਜ਼ਰੂਰੀ ਧਾਰਨ ਕਰਨਾ ਹੈ। ਇਸ ਤੋਂ ਬਿਨਾਂ ਮਨੁੱਖ ਦਾ ਕੋਈ ਸਾਧਨ ਕੀਤਾ ਸਫਲਾ ਨਹੀਂ ਹੈ, ਕਿਉਂਕਿ ਦਇਆ ਹੀਨ ਮਨੁੱਖ ਵਾਹਿਗੁਰੂ ਜੀ ਨੂੰ ਭਾਉਂਦਾ ਨਹੀਂ ਹੈ।

**ਸਲੋਕ ॥ ਦਇਆ ਕਰਣੰ ਦੁਖ ਹਰਣੰ ਉਚਰਣੰ ਨਾਮ ਕੀਰਤਨਹ ॥
ਦਇਆਲ ਪੁਰਖ ਭਗਵਾਨਹ ਨਾਨਕ ਲਿਪਤ ਨ ਮਾਇਆ ॥੧॥ ਭਾਹਿ
ਬਲੰਦੜੀ ਬੁਝਿ ਗਈ ਰਖੰਦੜੋ ਪ੍ਰਭੁ ਆਪਿ ॥ ਜਿਨਿ ਉਪਾਈ ਮੇਦਨੀ
ਨਾਨਕ ਸੋ ਪ੍ਰਭੁ ਜਾਪਿ ॥੨ ॥**

## ਪਦ ਅਰਥ :

ਕੀਰਤਨਹ-ਸਿਫ਼ਤਿ ਸਾਲਾਹ, ਵਡਿਆਈ। ਲਿਪਤ ਨ-ਨਹੀਂ ਲਿੱਬੜਦਾ, ਨਹੀਂ ਫੱਸਦਾ। ਪੁਰਖ-ਸਰਬ-ਵਿਆਪਕ। ਭਗਵਾਨਹ-ਭਾਗਾਂ ਵਾਲਾ, ਦਇਆਲੂ ਪ੍ਰਭੂ। ੧। ਭਾਹਿ-ਅੱਗ। ਜਿਨਿ-ਜਿਸ ਪ੍ਰਭੂ ਨੇ।

ਮੇਦਨੀ=ਧਰਤੀ, ਸ੍ਰਿਸ਼ਟੀ। ੨।

## ਅਰਥ :

(ਹੇ ਭਾਈ!) ਉਹ ਪ੍ਰਭੂ (ਉਸ ਮਨੁੱਖ 'ਤੇ) ਦਇਆ ਕਰਕੇ ਉਸ ਦੇ ਸਾਰੇ ਦੁੱਖ ਨਾਸ਼ ਕਰ ਦਿੰਦਾ ਹੈ, (ਜਿਹੜਾ ਮਨੁੱਖ) ਪ੍ਰਭੂ ਦਾ ਨਾਮ ਜੱਪਦਾ ਤੇ (ਉਸ ਪ੍ਰਮਾਤਮਾ) ਦਾ ਜਸ ਗਾਇਨ ਕਰਦਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਉਹ ਮਾਲਕ ਦਇਆ ਦਾ ਸੋਮਾ ਹੈ। (ਜਿਸ ਉੱਤੇ ਆਪਣੀ) ਮਿਹਰ ਕਰਦਾ ਹੈ, ਉਹ (ਮਨੁੱਖ) ਮਾਇਆ ਵਿਚ ਨਹੀਂ ਫੱਸਦਾ।੧।

(ਹੇ ਭਾਈ!) ਪ੍ਰਮਾਤਮਾ ਦੀ ਸਿਫਤ ਸਾਲਾਹ ਕਰਨ ਨਾਲ ਤ੍ਰਿਸ਼ਨਾ ਰੂਪ ਬਲਦੀ ਅੱਗ ਬੁੱਝ ਜਾਂਦੀ ਹੈ, ਅਤੇ ਪ੍ਰਭੂ ਆਪ ਹੀ ਰਖਵਾਲਾ ਬਣਦਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਜਿਸ ਪ੍ਰਭੂ ਨੇ ਸਾਰੀ ਸ੍ਰਿਸ਼ਟੀ ਪੈਦਾ ਕੀਤੀ ਹੈ, ਉਸ ਪ੍ਰਭੂ ਨੂੰ ਸਿਮਰਨਾ ਚਾਹੀਦਾ ਹੈ।੨।

**ਪਉੜੀ ॥ ਜਾ ਪ੍ਰਭ ਭਏ ਦਇਆਲ ਨ ਬਿਆਪੈ ਮਾਇਆ ॥ ਕੋਟਿ ਅਘਾ ਗਏ ਨਾਸ ਹਰਿ ਇਕੁ ਧਿਆਇਆ ॥ ਨਿਰਮਲ ਭਏ ਸਰੀਰ ਜਨ ਧੂਰੀ ਨਾਇਆ ॥ ਮਨ ਤਨ ਭਏ ਸੰਤੋਖ ਪੂਰਨ ਪ੍ਰਭੁ ਪਾਇਆ ॥ ਤਰੇ ਕੁਟੰਬ ਸੰਗਿ ਲੋਗ ਕੁਲ ਸਬਾਇਆ ॥ ੧੮ ॥**

## ਪਦ ਅਰਥ :

ਨ ਬਿਆਪੈ-ਜ਼ੋਰ ਨਹੀਂ ਪਾ ਸਕਦੀ। ਕੋਟਿ ਅਘਾ-ਕਰੋੜਾਂ ਪਾਪ। ਨਿਰਮਲ-ਪਵਿੱਤ੍ਰ। ਜਨ ਧੂਰੀ-ਸੰਤ ਜਨਾਂ ਦੀ ਚਰਨ ਧੂੜ ਵਿਚ। ਨਾਇਆ-ਨਾਤਿਆਂ। ਕੁਟੰਬ-ਪਰਵਾਰ। ਸਬਾਇਆ-ਸਾਰੀ।

## ਅਰਥ :

(ਹੇ ਭਾਈ! (ਜਦ ਪ੍ਰਭੂ ਦਿਆਲ ਹੋ ਜਾਣ ਤਾਂ ਮਾਇਆ ਜੀਵ ਉੱਤੇ ਆਪਣਾ ਅਸਰ ਨਹੀਂ ਪਾ ਸਕਦੀ। ਜਿਸ ਨੇ ਇਕ ਹਰੀ ਨੂੰ ਸਿਮਰਿਆ ਹੈ, ਉਸ ਦੇ ਕਰੋੜਾਂ ਪਾਪ ਨਾਸ਼ ਹੋ ਗਏ ਹਨ। ਪ੍ਰਭੂ ਦੇ ਸੰਤ ਜਨਾਂ ਦੀ ਧੂੜੀ ਵਿਚ ਇਸ਼ਨਾਨ ਕੀਤਿਆਂ ਸਰੀਰ (ਪਾਪਾਂ ਤੋਂ ਰਹਿਤ) ਪਵਿਤ੍ਰ ਹੋ ਗਿਆ ਹੈ। ਉਸ ਦੇ ਮਨ ਤੇ ਸਰੀਰ ਦੋਹਾਂ ਨੂੰ ਸੰਤੋਖ ਹੋ ਗਿਆ ਹੈ, ਅਤੇ ਉਸ ਨੇ ਪ੍ਰਭੂ ਨੂੰ ਪਾ ਲਿਆ ਹੈ। (ਐਸੇ ਮਨੁੱਖ) ਦੀ ਸੰਗਤ ਕਰਕੇ ਸਾਰਾ ਪਰਵਾਰ ਤੇ ਹੋਰ ਸਾਰੇ ਸੰਗੀ ਤੇ ਕੁਲ ਦੇ ਜੀਅ ਤੁਰ ਜਾਂਦੇ ਹਨ।੧੮।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧੧੬ (ਅੰਗ ੭੧੧-੧੨)

## ਟੋਡੀ ਮਹਲਾ ੫ ॥

ਹਰਿ ਬਿਸਰਤ ਸਦਾ ਖੁਆਰੀ ॥ ਤਾ ਕਉ ਧੋਖਾ ਕਹਾ ਬਿਆਪੈ ਜਾ ਕਉ ਓਟ ਤੁਹਾਰੀ ॥ ਰਹਾਉ ॥ ਬਿਨੁ ਸਿਮਰਨ ਜੋ ਜੀਵਨੁ ਬਲਨਾ ਸਰਪ ਜੈਸੇ ਅਰਜਾਰੀ ॥ ਨਵ ਖੰਡਨ ਕੋ ਰਾਜੁ ਕਮਾਵੈ ਅੰਤਿ ਚਲੈਗੋ ਹਾਰੀ ॥ ੧ ॥ ਗੁਣ ਨਿਧਾਨ ਗੁਣ ਤਿਨ ਹੀ ਗਾਏ ਜਾ ਕਉ ਕਿਰਪਾ ਧਾਰੀ ॥ ਸੋ ਸੁਖੀਆ ਧੰਨੁ ਉਸੁ ਜਨਮਾ ਨਾਨਕ ਤਿਸੁ ਬਲਿਹਾਰੀ ॥ ੨ ॥ ੨ ॥

## ਪ੍ਰਾਕ੍ਥਨ :-

ਇਹ ਪਾਵਨ ਪਵਿੱਤਰ ਸ਼ਬਦ ਗੁਰੂ ਅਰਜਨ ਦੇਵ ਜੀ ਦਾ ਟੋਡੀ ਰਾਗ ਅੰਦਰ ਉਚਾਰਣ ਕੀਤਾ ਹੋਇਆ ਹੈ। ਇਸ ਸ਼ਬਦ ਦੇ ਆਰੰਭ ਵਿਚ ਗੁਰਦੇਵ ਨੇ ਹਰੀ ਪ੍ਰਮਾਤਮਾ ਨੂੰ ਭੁੱਲ ਕੇ ਜੀਵ ਨੂੰ ਖ਼ੁਆਰ ਹੋਣਾ ਦੱਸਿਆ ਹੈ। ਇਹ ਅਟੱਲ ਸਚਾਈ ਹੈ ਕਿ ਪ੍ਰਮਾਤਮਾ ਨੂੰ ਭੁੱਲਣ ਕਰਕੇ ਮਨੁੱਖ ਨੂੰ ਸਾਰੇ ਰੋਗ ਆ ਚਿੰਬੜਦੇ ਹਨ :

***ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥***
***ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ॥***

(ਅੰਗ ੧੩੫)

## ਵਿਸ਼ਾ— ਹਰਿ ਬਿਸਰਤੁ ਸੋ ਮੂਆ

ਕੁਦਰਤ ਦਾ ਅਸੂਲ ਹੈ ਕਿ ਦਰੱਖ਼ਤ ਨਾਲੋਂ ਟੁੱਟੀ ਹੋਈ ਟਾਹਣੀ ਸੁੱਕ ਸੜ ਜਾਂਦੀ ਹੈ। ਦਰਿਆਵਾਂ-ਨਦੀਆਂ ਦਾ ਪਾਣੀ ਉਛਾਲ ਨਾਲ ਕੰਢਿਆਂ ਤੋਂ ਬਾਹਰ ਟੋਇਆਂ ਵਿਚ ਡਿੱਗ ਪੈਣ ਕਰਕੇ ਕੁਝ ਸਮੇਂ ਬਾਅਦ ਹੀ ਤਰੱਕ ਜਾਂਦਾ ਹੈ। ਉਸ ਵਿਚ ਦੁਰਗੰਧ ਆਉਣੀ ਸ਼ੁਰੂ ਹੋ ਜਾਂਦੀ ਹੈ। ਉਹ ਪਾਣੀ ਪਸ਼ੂਆਂ-ਜਾਨਵਰਾਂ ਦੇ ਪੀਣ ਯੋਗ ਵੀ ਨਹੀਂ ਰਹਿੰਦਾ। ਜਿਸ ਤਰ੍ਹਾਂ ਡਾਲੀ ਨਾਲੋਂ ਟੁੱਟਾ ਹੋਇਆ ਫੁੱਲ ਆਪਣਾ ਸੁਹੱਪਣ ਤੇ ਮਹਿਕ ਗੁਆ ਬੈਠਦਾ ਹੈ, ਨੇਸਤੋ ਨਾਬੂਦ ਹੋ ਜਾਂਦਾ ਹੈ, ਇਸ ਤਰ੍ਹਾਂ ਹੀ ਨਾਮ ਬਾਣੀ ਦੇ ਰਸ ਤੋਂ ਵਿਹੂਣਾ, ਪ੍ਰਭੂ ਨਾਲੋਂ ਵਿਛੜਿਆ ਹੋਇਆ ਮਨੁੱਖ ਅਨੇਕਾਂ ਤਰ੍ਹਾਂ ਦੇ ਸੰਤਾਪ ਭੋਗਦਾ ਹੋਇਆ ਦੁੱਖਾਂ ਅੰਦਰ ਤੜਪਦਾ ਰਹਿੰਦਾ ਹੈ। ਸ਼ਾਇਦ ਇਸੇ ਕਰਕੇ ਹੀ ਗੁਰਮਤਿ ਦੀਆਂ ਰਮਜ਼ਾਂ ਨੂੰ ਸਮਝਣ ਤੇ ਸਮਝਾਉਣ ਵਾਲੇ ਸੰਤ ਕਵੀ ਭਾਈ ਵੀਰ ਸਿੰਘ ਜੀ ਨੇ ਫੁੱਲ ਤੋੜਨ ਵਾਲੇ ਨੂੰ ਆਪਣੇ ਨਿਵੇਕਲੇ ਅੰਦਾਜ਼ ਵਿਚ ਕਿਹਾ ਸੀ :

***ਡਾਲੀ ਨਾਲੋਂ ਤੋੜ ਨਾ ਸਾਨੂੰ, ਅਸਾਂ ਹਟ ਮਹਿਕ ਦੀ ਲਾਈ।***
***ਲੱਖ ਗਾਹਕ ਜੇ ਸੁੰਘੇ ਆ ਕੇ, ਖ਼ਾਲੀ ਇਕ ਨਾ ਜਾਈ।***
***ਜੇ ਤੂੰ ਇਕੱਲਾ ਤੋੜ ਲੈ ਗਿਉਂ, ਇਕ ਜੋਗਾ ਰਹਿ ਜਾਸਾਂ।***
***ਉਹ ਵੀ ਪਲਕ ਝਲਕ ਦਾ ਮੇਲਾ, ਰੂਪ ਮਹਿਕ ਖਿੰਡ ਜਾਈ।***

ਸੱਤਮ ਪਾਤਸ਼ਾਹ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਚੋਗੇ ਨਾਲ ਫੁੱਲ ਟੁੱਟਣ ਤੋਂ, ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਤਾੜਨਾ ਕੀਤੀ ਅਤੇ ਇਸੇ ਪ੍ਰਕਾਰ ਸਮਝਾਇਆ ਸੀ :

***ਕਿਉ ਨ ਸੰਭਾਲ ਸੰਕੋਚ ਚਲੇ ਹੋ, ਚਪਲ ਚਾਲ ਚੱਲ, ਬਿਘਨ ਕਰੇ ਹੋ।***

ਇਹ ਬਚਨ ਦਾਦਾ ਸਤਿਗੁਰੂ ਜੀ ਦੇ ਸੁਣ ਕੇ, ਸ੍ਰੀ ਹਰਿ ਰਾਇ ਜੀ ਨੇ ਪ੍ਰਣ ਕਰ ਲਿਆ ਸੀ ਕਿ ਚੋਗੇ ਨੂੰ ਸੰਭਾਲ ਕੇ ਚੱਲਣਾ ਹੈ।

***ਮਾਨ ਪਿਤਾਮੇ ਕੇਰ ਸਿਖਾਵਨ, ਜਾਮਾ ਕਰ ਸੋ ਕਰਿਉ ਉਠਾਵਨ।***
***ਪੁਨ ਕਬਹੀ ਨਹਿ ਛੋਰ ਚਲੇਹੈ, ਅੰਤ ਪ੍ਰਯੰਤ ਨਿਵਾਹਿਉ ਭਲੇ ਹੈ।***

ਇਸ ਕਰਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰਿਆਈ ਦੀ ਗੱਦੀ ਸ੍ਰੀ ਗੁਰੂ ਹਰਿ ਰਾਇ ਜੀ ਨੂੰ ਬਖ਼ਸ਼ੀ ਸੀ।

***ਜਗ ਬੰਦਨ ਬੰਦਨ ਕਰ ਦੀਨੀ, ਨੰਦਨ ਨੰਦਨ ਤਾਈ।***
***ਕਲਗੀ ਜਿਗਾ ਅਮੋਲ ਸਿਰੇ ਪਾਉ ਦੀਨੇ ਸਹਿ ਗੁਰਿਆਈ।***
***ਪੁਨ ਸੁਨਾਇ ਸਭਨ ਕੋ ਭਾਖਿਯੋ, ਇਨ ਕੋ ਮਮ ਬਪ ਮਾਨਿਯੋ।***
***ਰਾਗ ਰੋਖ ਬਿਨ ਤੀਨੋ ਪੁਤਰਨ ਝਟ ਉਠਿ ਬੰਦਨ ਠਾਨਿਯੋ।***

(ਸ੍ਰੀ ਗੁਰ ਪੰਥ ਪ੍ਰਕਾਸ਼)

ਪੰਜਵੇਂ ਪਾਤਸ਼ਾਹ ਜੀ ਨੇ ਜੈਤਸਰੀ ਦੀ ਵਾਰ ਵਿਚ ਜ਼ਿਕਰ ਕੀਤਾ ਹੈ ਕਿ ਜਿਨ੍ਹਾਂ ਨੂੰ ਹਰੀ ਗੋਪਾਲ ਭੁੱਲ ਜਾਂਦਾ ਹੈ ਭਾਵੇਂ ਉਹ ਮਨੁੱਖ ਬਹਿਸ਼ਤਾਂ ਵਿਚ ਵਸਦੇ ਹੋਣ, ਸਾਰੀ ਸ੍ਰਿਸ਼ਟੀ ਨੂੰ ਜਿੱਤਣ ਵਾਲੇ ਹੋਣ, ਗੁਰੂ ਜੀ ਫ਼ੁਰਮਾਉਂਦੇ ਹਨ ਕਿ ਜੇ ਉਹ ਪ੍ਰਿਥਵੀ ਦੇ ਪਾਲਕ ਹਰੀ ਨੂੰ ਵਿਸਾਰ ਦੇਣ ਤਾਂ ਇਉਂ ਸਮਝੋ ਕਿ ਉਹ ਮਨੁੱਖ ਜੰਗਲ ਵਿਚ ਭੰਬਲ ਭੂਸੇ ਖਾ ਰਹੇ ਹਨ।

ਜਿਹੜਾ ਜੀਵ ਕਿਸੇ ਥਾਂ 'ਤੇ ਕਰੋੜਾਂ ਰਾਗਾਂ-ਰੰਗਾਂ ਤੇ ਖੇਡਾਂ ਵਿਚ ਲੱਗਾ ਹੋਇਆ ਹੈ ਅਤੇ ਉਸ ਦੇ ਚਿਤ ਵਿਚ ਪ੍ਰਭੂ ਦਾ ਨਾਮ ਨਹੀਂ ਆਉਂਦਾ, ਤਾਂ ਗੁਰੂ ਜੀ ਫ਼ੁਰਮਾਉਂਦੇ ਹਨ ਕਿ ਉਹ ਤੁਮਾਸ਼ੇ ਵਾਲੀ ਥਾਂ ਕਰੋੜਾਂ ਨਰਕਾਂ ਦੇ ਬਰਾਬਰ ਹੈ, ਮਾਨੋ ਉਹ ਉਜਾੜ ਹੈ।

ਹੇ ਭਾਈ ! ਇਹ ਸੰਸਾਰ ਵੱਡਾ ਡਰਾਉਣਾ ਜੰਗਲ ਹੈ, ਜਿਸ ਨੂੰ ਕਈ ਲੋਕਾਂ ਨੇ ਸ਼ਹਿਰ ਕਰਕੇ ਮੰਨਿਆ ਹੋਇਆ ਹੈ। ਝੂਠੀ ਸਮੱਗਰੀ ਵੇਖ ਕੇ ਉਸ ਨੂੰ ਸੱਚ ਕਰਕੇ ਸਮਝਿਆ ਹੋਇਆ ਹੈ। ਕਾਮ ਵਾਸ਼ਨਾ, ਗ਼ੁੱਸੇ ਤੇ ਹੰਕਾਰ ਵਿਚ ਫਸੇ ਹੋਏ ਮਨੁੱਖ ਪਾਗ਼ਲਾਂ ਵਾਂਗ ਫਿਰ ਰਹੇ ਹਨ। ਜਦੋਂ ਸਿਰ ਉੱਤੇ ਜਮਾਂ ਦਾ ਡੰਡਾ ਲੱਗਦਾ ਹੈ ਤਾਂ ਜੀਵ ਪਛਤਾਉਂਦਾ ਹੈ। ਪੂਰੇ ਗੁਰੂ ਤੋਂ ਬਿਨਾਂ ਜੀਵ ਸ਼ੈਤਾਨ ਵਾਂਗ ਫਿਰਦਾ ਰਹਿੰਦਾ ਹੈ।

***ਸਲੋਕ॥ ਬਸੰਤਿ ਸ੍ਵਰਗ ਲੋਕਹ ਜਿਤਤੇ ਪ੍ਰਿਥਵੀ ਨਵ ਖੰਡਣਹ॥***
***ਬਿਸਰੰਤ ਹਰਿ ਗੋਪਾਲਹ ਨਾਨਕ ਤੇ ਪ੍ਰਾਣੀ ਉਦਿਆਨ ਭਰਮਣਹ॥੧॥***
***ਕਉਤਕ ਕੋਡ ਤਮਾਸਿਆ ਚਿਤਿ ਨ ਆਵਸੁ ਨਾਉ॥***
***ਨਾਨਕ ਕੋੜੀ ਨਰਕ ਬਰਾਬਰੇ ਉਜੜੁ ਸੋਈ ਥਾਉ॥ ੨ ॥***
***ਪਉੜੀ॥ ਮਹਾ ਭਇਆਨ ਉਦਿਆਨ ਨਗਰ ਕਰਿ ਮਾਨਿਆ॥***
***ਝੂਠ ਸਮਗ੍ਰੀ ਪੇਖਿ ਸਚੁ ਕਰਿ ਜਾਨਿਆ॥***
***ਕਾਮ ਕ੍ਰੋਧਿ ਅਹੰਕਾਰਿ ਫਿਰਹਿ ਦੇਵਾਨਿਆ॥***

***ਸਿਰਿ ਲਗਾ ਜਮ ਡੰਡੁ ਤਾ ਪਛੁਤਾਨਿਆ ॥***
***ਬਿਨੁ ਪੂਰੇ ਗੁਰਦੇਵ ਫਿਰੈ ਸੈਤਾਨਿਆ ॥ ੯ ॥***

(ਅੰਗ ੧੦੭)

ਇਕ ਬੜੀ ਪਿਆਰੀ ਸੁੰਦਰ ਗਾਥਾ ਹੈ। ਇਕ ਦਿਨ ਭਗਤ ਕਬੀਰ ਸਾਹਿਬ ਜੀ ਸਮੁੰਦਰ ਕਿਨਾਰੇ ਚਲੇ ਗਏ। ਬੜੀਆਂ ਲਹਿਰਾਂ ਸਮੁੰਦਰ ਵਿਚੋਂ ਉਠ ਰਹੀਆਂ ਸਨ। ਕੰਢਿਆਂ ਨਾਲ ਟਕਰਾ-ਟਕਰਾ ਵਾਪਸ ਚਲੇ ਜਾਂਦੀਆਂ ਸਨ। ਇੰਜ ਲਗਾਤਾਰ ਹੋ ਰਿਹਾ ਸੀ। ਇਕ ਲਹਿਰ ਇਕ ਸੰਖ ਨੂੰ ਸਮੁੰਦਰ 'ਚੋਂ ਬਾਹਰ ਕਿਨਾਰੇ 'ਤੇ ਸੁੱਟ ਗਈ। ਭਗਤ ਕਬੀਰ ਜੀ ਦੇ ਮਨ ਵਿਚ ਸੰਖ ਪ੍ਰਤੀ ਤਰਸ ਆਇਆ। ਉਨ੍ਹਾਂ ਨੇ ਸੰਖ ਨੂੰ ਸਮੁੰਦਰ ਅੰਦਰ ਹੀ ਸੁੱਟ ਦਿੱਤਾ। ਦੂਜੀ ਲਹਿਰ ਨੇ ਫਿਰ ਸੰਖ ਬਾਹਰ ਸੁੱਟ ਦਿੱਤਾ ਤਾਂ ਭਗਤ ਕਬੀਰ ਜੀ ਨੇ ਸੰਖ ਨੂੰ ਸੰਬੋਧਨ ਹੋ ਕੇ ਫ਼ੁਰਮਾਇਆ-

***ਕਬੀਰ ਰੈਨਾਇਰ ਬਿਛੋਰਿਆ ਰਹੁ ਤੇ ਸੰਖ ਮਝੂਰਿ॥***
***ਦੇਵਲ ਦੇਵਲ ਧਾਹੜੀ ਦੇਸਹਿ ਉਗਵਤ ਸੂਰ॥***

(ਸਲੋਕ ਕਬੀਰ ਜੀ, ਅੰਗ ੧੩੭੧)

ਆਪ ਜੀ ਕਹਿੰਦੇ ਹਨ ਕਿ ਐ ਸਮੁੰਦਰ ਤੋਂ ਵਿਛੁੜੇ ਸੰਖ ! ਸਮੁੰਦਰ ਵਿਚ ਹੀ ਟਿਕਿਆ ਰਹੁ, ਨਹੀਂ ਤਾਂ ਸੂਰਜ ਚੜ੍ਹਦੇ ਸਾਰ ਮੰਦਰਾਂ 'ਚ ਧਾਹਾਂ ਮਾਰੇਂਗਾ। ਇਥੇ ਹੀ ਟਿਕਿਆ ਰਹਿ। ਗੱਲ ਸੰਖ ਤੇ ਸਮੁੰਦਰ ਦੀ ਨਹੀਂ, ਸਗੋਂ ਮਨੁੱਖ ਅਤੇ ਪ੍ਰਭੂ ਦੀ ਹੈ। ਵਿਕਾਰਾਂ ਦੀਆਂ ਲਹਿਰਾਂ ਮਨੁੱਖ ਨੂੰ ਪ੍ਰਮਾਤਮਾ ਤੋਂ ਦੂਰ ਸੁੱਟ ਦਿੰਦੀਆਂ ਹਨ। ਰੱਬੀ ਪੁਰਸ਼ਾਂ ਦੀ ਚਿਤਾਵਨੀ ਹੈ ਕਿ ਐ ਮਨੁੱਖ ! ਰੱਬੀ ਯਾਦ ਵਿਚ ਜੁੜਨਾ ਲੋਚ, ਨਹੀਂ ਤਾਂ ਵਿਕਾਰਾਂ ਦੇ ਥਪੇੜੇ ਬੜੇ ਪੀੜਾਂ ਵਾਲੇ ਹਨ। ਸਮੁੰਦਰ 'ਚ ਰਹਿੰਦਿਆਂ ਸੰਖ ਮੌਜਾਂ ਮਾਣਦਾ ਹੈ, ਪਰ ਬਾਹਰ ਆ ਕੇ ਧਾਹਾਂ ਮਾਰਦਾ ਹੈ।

ਅਸਲ ਵਿਚ ਮਨੁੱਖ ਆਪਣੇ ਦੁੱਖਾਂ ਦਾ ਕਾਰਨ ਸਮਝਣ ਦੀ ਬਜਾਇ ਹੋਰ ਜ਼ਿਆਦਾ ਬਾਹਰਮੁਖੀ ਹੋ ਕੇ ਭਟਕ ਜਾਂਦਾ ਹੈ। ਇਹ ਦੁੱਖ ਹਨ ਮੂਲ ਪ੍ਰਮਾਤਮਾ ਨੂੰ ਵਿਸਰਨ ਕਰਕੇ। ਜਦ ਕੋਈ ਵਡਭਾਗਾ ਗੁਰਮੁਖ ਗੁਰੂ ਸਾਹਿਬ ਜੀ ਦੇ ਉਪਦੇਸ਼ ਨੂੰ ਪ੍ਰੇਮ ਭਾਵਨਾ ਸਹਿਤ ਪੜ੍ਹਦਾ, ਸੁਣਦਾ ਤੇ ਦਿਲ 'ਚ ਵਸਾਉਂਦਾ ਹੈ ਤਾਂ ਉਸ ਦਾ ਜੀਵਨ ਸਫਲ ਅਤੇ ਸੁਹੇਲਾ ਹੋ ਜਾਂਦਾ ਹੈ। ਪਰ ਜਿਨ੍ਹਾਂ ਨੂੰ ਪ੍ਰਮੇਸ਼ਰ ਭੁੱਲ ਗਿਆ ਹੈ, ਉਨ੍ਹਾਂ ਲਈ ਪੰਜਾਬੀ ਦੇ ਮਹਾਨ ਕਵੀ, ਨਾਮ ਬਾਣੀ ਦੇ ਰਸੀਏ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦਾ ਕਹਿਣਾ ਹੈ ਕਿ ਕੋਲੇ ਉੱਪਰ ਜੋ ਕਾਲਖ ਹੁੰਦੀ ਹੈ, ਉਹ ਇਸ ਕਰਕੇ ਹੈ ਕਿ ਕੋਲਾ ਅੰਗਿਆਰਾਂ ਤੋਂ ਦੂਰ ਜੋ ਹੋ ਗਿਆ। ਵਿਛੜਿਆਂ ਕਾਲਖਾਂ ਹੀ ਤਾਂ ਆ ਘੇਰਦੀਆਂ ਹਨ। ਸਭੇ ਰੋਗ-ਵਿਕਾਰ ਰੱਬੀ ਯਾਦ ਨੂੰ ਵਿਸਰਨ ਕਰਕੇ ਹੀ ਤਾਂ ਵਿਆਪਦੇ ਹਨ। ਜੇਕਰ ਦੁਬਾਰਾ ਕੋਲੇ ਨੂੰ ਅੰਗਿਆਰਾਂ ਉੱਪਰ ਰੱਖ ਦੇਈਏ ਤਾਂ ਭਾਈ ਸਾਹਿਬ ਕਹਿੰਦੇ ਹਨ ਕਿ ਸਾਰੀ ਕਾਲਖ ਸਿਰਫ਼ ਦੂਰ ਨਹੀਂ ਹੋਵੇਗੀ, ਸਗੋਂ ਖੁੱਸਿਆ ਹੋਇਆ ਅਨੰਦ ਖੇੜਾ ਵੀ ਵਾਪਸ ਮਿਲ ਜਾਂਦਾ ਹੈ :

*ਸਾਬਣ ਲਾ ਲਾ ਧੋਤਾ ਕੋਲਾ ਦੁਧ ਦਹੀਂ ਵਿਚ ਪਾਇਆ।*
*ਖੁੰਬੇ ਚਾੜ੍ਹ ਰੰਗਣ ਭੀ ਧਰਿਆ ਰੰਗ ਨ ਓਸ ਵਟਾਇਆ।*
*ਵਿਛੁੜ ਕੇ ਕਾਲਖ ਜੋ ਆਈ ਬਿਨ ਮਿਲਿਆਂ ਨਹੀਂ ਲਹਿੰਦੀ।*
*ਅੰਗ ਅੱਗ ਤੇ ਲਾ ਕੇ ਵੇਖੋ ਚੜ੍ਹਦਾ ਰੂਪ ਸਵਾਇਆ।*

ਧੰਨ ਕ੍ਰਿਪਾਲੂ ਸਰਬ ਸ਼ਕਤੀਆਂ ਦੇ ਮਾਲਕ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਨੁੱਖੀ ਮਨ ਨੂੰ ਆਪਣੇ ਮੂਲ ਜੀਵਨ-ਸ੍ਰੋਤ ਪ੍ਰਮਾਤਮਾ ਨਾਲ ਜੁੜਨ ਦੀ ਪ੍ਰੇਰਨਾ ਇਕ ਐਸੇ ਤਲਾਅ ਰਾਹੀਂ ਦਿੰਦੇ ਹਨ, ਜਿਹੜਾ ਤਲਾਅ ਕਿਸੇ ਸਮੇਂ ਪਾਣੀ ਨਾਲ ਨੱਕੋ-ਨੱਕ ਭਰਿਆ ਹੋਇਆ ਸੀ। ਇਸ ਤਲਾਅ ਦੇ ਅੰਦਰ ਅਨੇਕਾਂ ਕੰਵਲ ਦੇ ਬੂਟੇ ਝੂਮਦੇ ਰਹਿੰਦੇ ਸਨ। ਸੋਨੇ ਜੈਸੇ ਸੰਦਰ ਫੁੱਲ ਵੀ ਸਨ। ਹਵਾ ਦੇ ਝੋਕਿਆਂ ਨਾਲ ਇਹ ਫੁੱਲ ਬਹਾਰਾਂ ਦੇ ਖੇੜੇ ਵੰਡਦੇ ਸਨ। ਭੌਰਿਆਂ ਦੀਆਂ ਗੂੰਜਾਰਾਂ ਸਦਾ ਰੌਣਕਾਂ ਲਾਈ ਰੱਖਦੀਆਂ ਸਨ। ਬੜੀ ਸੁਹਾਵਣੀ ਜ਼ਿੰਦਗੀ ਸੀ ਤਲਾਅ ਦੇ ਪਾਸ। ਜਦ ਗੁਰੂ ਨਾਨਕ ਦੇਵ ਜੀ ਇਸ ਤਲਾਅ ਪਾਸ ਗਏ ਤਾਂ ਇਸ ਦੇ ਉਲਟ ਹੋਇਆ ਪਿਆ ਸੀ। ਤਲਾਅ ਸੁੱਕਾ ਸੀ। ਕਮਲ ਦੇ ਬੂਟੇ ਤਾਂ ਹਨ ਪਰ ਸੜੇ ਹੋਏ। ਜ਼ਿੰਦਗੀ ਨਹੀਂ, ਵੈਰਾਨੀ ਹੈ। ਖ਼ੁਸ਼ਹਾਲੀ ਨਹੀਂ, ਉਦਾਸੀ ਸੀ। ਹਜ਼ੂਰ ਦਾ ਕੋਮਲ ਹਿਰਦਾ ਦ੍ਰਵਿਆ। ਮੇਹਰਾਂ ਦੇ ਦਾਤੇ ਕ੍ਰਿਪਾਲੂ ਸਤਿਗੁਰੂ ਜੀ ਤਲਾਅ ਕੋਲ ਬੈਠ ਕੇ ਪੁੱਛਦੇ ਹਨ ਕਿ ਤੇਰੀ ਇਹ ਦਸ਼ਾ ਕਿਵੇਂ ਹੋਈ ? ਕਦੇ ਤਾਂ ਤੇਰੇ ਪਾਸ ਬਹੁਤ ਹਰਿਆਲੀ ਹੋਵੇਗੀ? ਕਦੇ ਤਾਂ ਆਹ ਕਮਲ ਮਹਿਕ ਅਤੇ ਖੇੜੇ ਬਿਖੇਰਦੇ ਹੋਣਗੇ, ਤੇਰੇ ਪਾਸ ਬੜੀਆਂ ਰੌਣਕਾਂ ਭੌਰਿਆਂ ਕਰਕੇ ਲੱਗਦੀਆਂ ਹੋਣਗੀਆਂ? ਪਰ ਐ ਤਲਾਅ, ਤੇਰੀਆਂ ਉਦਾਸੀਆਂ ਦਾ ਕੀ ਕਾਰਨ ਹੈ ?

*ਪਬਰ ਤੂੰ ਹਰੀਆਵਲਾ ਕਵਲਾ ਕੰਚਨ ਵੰਨਿ ॥*
*ਕੈ ਦੋਖੜੇ ਸੜਿਓਹਿ ਕਾਲੀ ਹੋਈਆ ਦੇਹੁਰੀ ਨਾਨਕ ਮੈ ਤਨਿ ਭੰਗੁ ॥*

(ਸਲੋਕ ਵਾਰਾਂ ਤੇ ਵਧੀਕ ਮ: ੧, ਅੰਗ ੧੪੧੨)

ਪਰ ਐ ਤਲਾਅ ! ਕਿਸ ਗੁਨਾਹ ਕਰਕੇ ਤੂੰ ਇਹ ਸਜ਼ਾ ਪਾਈ ਹੈ ? ਉੱਤਰ ਵਜੋਂ ਤਲਾਅ ਕਹਿਣ ਲੱਗਾ ਕਿ ਮੇਰੀ ਇਸ ਕੁਰੂਪਤਾ ਦਾ ਕਾਰਨ ਪਾਣੀ ਤੋਂ ਵਿਛੋੜਾ ਹੈ।

*ਜਾਣਾ ਪਾਣੀ ਨਾ ਲਹਾਂ ਜੈ ਸੇਤੀ ਮੇਰਾ ਸੰਗੁ ॥*
*ਜਿਤੁ ਡਿਠੈ ਤਨੁ ਪਰਫੁੜੈ ਚੜੈ ਚਵਗਣਿ ਵੰਨੁ ॥*

(ਸਲੋਕ ਵਾਰਾਂ ਤੇ ਵਧੀਕ ਮ: ੧, ਅੰਗ ੧੪੧੨)

ਤਲਾਅ ਕਹਿੰਦਾ ਹੈ ਕਿ ਮੇਰਾ ਪਾਣੀ ਨਾਲੋਂ ਵਿਛੋੜਾ ਹੋ ਜਾਣਾ ਹੀ ਦੁੱਖ ਦਾ ਕਾਰਨ ਹੈ। ਮੈਨੂੰ ਸਮਝ ਆ ਗਈ ਹੈ ਕਿ ਜਿਸ ਪਾਣੀ ਨਾਲ ਮੇਰਾ ਸਾਥ ਸੀ ਅਤੇ ਜਿਸ ਪਾਣੀ ਨੂੰ ਵੇਖ-ਵੇਖ ਕੇ ਮੇਰਾ ਤਨ ਖ਼ੁਸ਼ਹਾਲ ਸੀ, ਉਸ ਪਾਣੀ ਤੋਂ ਬਗ਼ੈਰ ਮੇਰੀ ਜ਼ਿੰਦਗੀ ਨਿਰਾਸ ਹੋ ਗਈ ਹੈ।

ਵਾਕਿਆ ਹੀ ਜਦ ਕੋਈ ਮਨੁੱਖ ਪਰਮਾਤਮਾ ਨੂੰ ਭੁੱਲ ਕੇ ਨਾਮ ਰੂਪ ਜਲ ਤੋਂ ਬਿਨਾਂ ਖ਼ੁਸ਼ੀਆਂ ਖੇੜੇ

ਲੱਭਣਾ ਚਾਹੇ ਤਾਂ ਨਹੀਂ ਲੱਭਦੇ। ਆਪਣੀ ਜ਼ਿੰਦਗੀ ਦੇ ਸੋਮੇ ਨਾਲੋਂ ਵੱਖ ਹੋ ਕੇ ਕੋਈ ਜਿਊਣਾ ਚਾਹੇ ਤਾਂ ਉਹ ਜੀਵਨ ਮੁਰਦਾ ਹੀ ਮੰਨਿਆ ਗਿਆ ਹੈ। ਪੰਚਮ ਪਾਤਸ਼ਾਹ ਦਾ ਗੁਰਵਾਕ ਹੈ :

***ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥***
***ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥***

(ਗਉੜੀ ਬਾਵਨ ਅਖਰੀ ਮਹਲਾ ੫, ਅੰਗ ੨੫੩)

ਪਰ ਜਿਨ੍ਹਾਂ ਮਨੁੱਖਾਂ ਪਾਸ ਪਿਆਰ ਦਾ ਰਸ ਨਹੀਂ, ਦਇਆ ਦੀ ਮਹਿਕ ਨਹੀਂ, ਸੰਤੋਖ ਸੰਜਮ ਦੀ ਮਰਿਆਦਾ ਨਹੀਂ, ਪਰਉਪਕਾਰਾਂ ਦੀ ਸੁੰਦਰਤਾ ਨਹੀਂ, ਉਹ ਮਨੁੱਖ ਜਿਊਂਦਾ ਹੀ ਮੁਰਦੇ ਸਮਾਨ ਹੈ। ਉਹਨਾਂ ਦੀ ਚਮਕ-ਦਮਕ ਤਾਂ ਇਕ ਛਲਾਵਾ ਹੀ ਹੈ। ਇਕ ਕਵੀ ਦਾ ਕਥਨ ਹੈ :

***ਲਿਸ਼ਕ ਪੁਸ਼ਕ ਨਾ ਦੇਖ ਭਰਾਵਾ, ਦੇਖ ਨਾ ਸੁੰਦਰ ਮੁਖੜੇ।***
***ਹਰ ਮੁਖੜੇ ਦੇ ਅੰਦਰ ਦਿਲ ਹੈ, ਹਰ ਦਿਲ ਅੰਦਰ ਦੁਖੜੇ।***

ਪਰ ਇਨ੍ਹਾਂ ਦੁਖੜਿਆਂ ਦਾ ਕਾਰਨ ਜੋ ਸਤਿਪੁਰਸ਼ਾਂ ਨੇ ਲੱਭਿਆ ਹੈ, ਉਹ ਹੈ :

***ਜੀਉ ਤਪਤੁ ਹੈ ਬਾਰੋ ਬਾਰ॥ ਤਪਿ ਤਪਿ ਖਪੈ ਬਹੁਤੁ ਬੇਕਾਰ॥***
***ਜੈ ਤਨਿ ਬਾਣੀ ਵਿਸਰਿ ਜਾਇ ॥ ਜਿਉ ਪਕਾ ਰੋਗੀ ਵਿਲਲਾਇ ॥ ੧ ॥***
***ਬਹੁਤਾ ਬੋਲਣੁ ਝਖਣੁ ਹੋਇ ॥ ਵਿਣੁ ਬੋਲੇ ਜਾਣੈ ਸਭੁ ਸੋਇ ॥ ੧ ॥ ਰਹਾਉ ॥***
***ਜਿਨਿ ਕਨ ਕੀਤੇ ਅਖੀ ਨਾਕੁ ॥ ਜਿਨਿ ਜਿਹਵਾ ਦਿਤੀ ਬੋਲੇ ਤਾਤੁ ॥***
***ਜਿਨਿ ਮਨੁ ਰਾਖਿਆ ਅਗਨੀ ਪਾਇ ॥ ਵਾਜੈ ਪਵਣੁ ਆਖੈ ਸਭ ਜਾਇ ॥ ੨ ॥***
***ਜੇਤਾ ਮੋਹੁ ਪਰੀਤਿ ਸੁਆਦ ॥ ਸਭਾ ਕਾਲਖ ਦਾਗਾ ਦਾਗ ॥***
***ਦਾਗ ਦੋਸ ਮੁਹਿ ਚਲਿਆ ਲਾਇ ॥ ਦਰਗਹ ਬੈਸਣ ਨਾਹੀ ਜਾਇ ॥ ੩ ॥***
***ਕਰਮਿ ਮਿਲੈ ਆਖਣੁ ਤੇਰਾ ਨਾਉ ॥ ਜਿਤੁ ਲਗਿ ਤਰਣਾ ਹੋਰੁ ਨਹੀ ਥਾਉ ॥***
***ਜੇ ਕੋ ਡੂਬੈ ਫਿਰਿ ਹੋਵੈ ਸਾਰ ॥ ਨਾਨਕ ਸਾਚਾ ਸਰਬ ਦਾਤਾਰ ॥ ੪ ॥ ੩ ॥ ੫ ॥***

(ਅੰਗ ੬੬੧)

## ਸਾਖੀ—ਦੁਨੀ ਚੰਦ ਮਸੰਦ ਦੀ

ਅਨੰਦਪੁਰ ਸਾਹਿਬ ਵਿਚ ਕਲਗੀਧਰ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਆਨੰਦਪੁਰ ਦੀ ਪਹਿਲੀ ਜੰਗ ਵਿਚ, ਜਿਸ ਸਮੇਂ ਬਾਈਧਾਰ ਦੇ ਰਾਜੇ ਅਤੇ ਇਹਨਾਂ ਨਾਲ ਸਰਹਿੰਦ ਦਾ ਸੂਬਾ ਤੇ ਦਿੱਲੀ ਤੋਂ ਬਾਦਸ਼ਾਹ ਦੇ ਹੁਕਮ ਨਾਲ ਭੇਜੇ ਹੋਏ ਦੋ ਜਰਨੈਲ ੧੦ ਹਜ਼ਾਰ ਫ਼ੌਜ ਲੈ ਕੇ, ਇਹਨਾਂ ਸਾਰਿਆਂ ਨੇ ਇਕੱਠੇ ਹੋ ਕੇ ਗੁਰੂ ਜੀ ਉੱਪਰ ਹਮਲਾ ਕੀਤਾ, ਤਾਂ ਗੁਰਦੇਵ ਨੇ ਇਹਨਾਂ ਸਾਰਿਆਂ ਨੂੰ ਤਕੜੀ ਹਾਰ ਦਿੱਤੀ।

''ਸੈਨਾਪਤੀ'' ਦੇ ਕਥਨ ਅਨੁਸਾਰ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਨੇ ਦੁਸ਼ਮਣਾਂ ਦੇ ਮੂੰਹ ਮੋੜ ਦਿੱਤੇ :

***ਰਾਜਨ ਕੀ ਸੁਧਿ ਬੁਧਿ ਗਈ ਭਇਉ ਯੁੱਧ ਜਬ ਜੋਰ।***
***ਲੜਤ ਸਿੰਘ ਰਣਜੀਤ ਤਹਿ ਫ਼ੌਜ ਦਈ ਸਭ ਮੋਰ।***

(ਗੁਰਸੋਭਾ)

ਇਸ ਆਨੰਦਪੁਰ ਸਾਹਿਬ ਦੀ ਪਹਿਲੀ ਜੰਗ ਵਿਚ ਗੁਰੂ ਜੀ ਦੀ ਜਿੱਤ ਹੋਈ ਅਤੇ ਅਨੰਦਪੁਰ ਸਾਹਿਬ ਦੀ ਦੂਸਰੀ ਜੰਗ ਵਿਚ ਵੀ ਇਕ ਪਾਸਿਉਂ ਬਾਈਧਾਰ ਦੇ ਰਾਜੇ ਅਤੇ ਇਹਨਾਂ ਨਾਲ ਗੁਜਰ, ਰੰਗੜ ਅਤੇ ਬਾਕੀ ਰਈਅਤ ਦੇ ਲੋਕ ਸਨ। ਇਹਨਾਂ ਗੁੱਜਰਾਂ, ਰੰਗੜਾਂ ਦੀ ਅਗਵਾਈ ਕਰ ਰਿਹਾ ਸੀ ਜਮਤੁੱਲਾ। ਗੁਰੂ ਜੀ ਦੇ ਸਿੰਘ ਸੂਰਮਿਆਂ ਨਾਲ ਆਪਸ ਵਿਚ ਜੰਮ ਕੇ ਲੜਾਈ ਹੋਈ। ਇਸ ਦੁਵੱਲੀ ਲੜਾਈ ਵਿਚ ਰੰਗੜਾਂ ਦਾ ਸਰਦਾਰ ਜਮਤੁੱਲਾ ਪੰਜ ਪਿਆਰੇ ਭਾਈ ਸਾਹਿਬ ਸਿੰਘ ਦੇ ਹੱਥੋਂ ਮਾਰਿਆ ਗਿਆ। ਇਸ ਦੀ ਲੋਥ ਵੀ ਸਿੰਘਾਂ ਨੇ ਦੁਸ਼ਮਣਾਂ ਨੂੰ ਚੁੱਕਣ ਨਹੀਂ ਦਿੱਤੀ। ਰਾਤ ਪਈ ਤੋਂ ਜੰਗ ਬੰਦ ਹੋਇਆ। ਦੂਸਰੇ ਦਿਨ ਫਿਰ ਜੰਗ ਦੋਹਾਂ ਪਾਸਿਆਂ ਦੇ ਸੂਰਮੇ ਵੱਧ-ਵੱਧ ਕੇ ਲੜਦੇ ਰਹੇ। ਬਰਸਾਤ ਦੀ ਰੁੱਤ ਸੀ। ਦੁਸ਼ਮਣ ਘੇਰਾ ਪਾ ਕੇ ਬੈਠ ਗਏ। ਘੇਰਾ ਲਗਪਗ ਦੋ ਮਹੀਨੇ ਪਿਆ ਰਿਹਾ। ਇਕ ਦਿਨ ਪਹਾੜੀ ਰਾਜਿਆਂ ਦੀ ਸਲਾਹ ਨਾਲ ਕੇਸਰੀ ਚੰਦ ਰਾਜੇ ਨੇ ਇਕ ਖ਼ੂਨੀ ਹਾਥੀ ਨੂੰ ਸ਼ਰਾਬ ਪਿਆ ਕੇ ਮੱਥੇ ਉਪਰ ਲੋਹੇ ਦੇ ਤਵੇ ਬੰਨ੍ਹ ਅਤੇ ਸੁੰਡ ਨਾਲ ਨੰਗੀ ਤਲਵਾਰ ਬੰਨ੍ਹ ਕੇ ਲੋਹਗੜ੍ਹ ਦੇ ਕਿਲ੍ਹੇ ਦੇ ਦਰਵਾਜ਼ੇ ਨੂੰ ਤੋੜਨ ਦਾ ਹੁਕਮ ਦੇ ਦਿੱਤਾ। ਸ਼ਾਮ ਦਾ ਸਮਾਂ ਤੇ ਗੁਰੂ ਜੀ ਦੇ ਪਾਸ ਸੂਹੀਆਂ ਨੇ ਖ਼ਬਰ ਦਿੱਤੀ ਕਿ ਗੁਰਦੇਵ ! ਕੱਲ ਵੱਡੇ ਤੜਕੇ ਮਸਤ ਖ਼ੂਨੀ ਹਾਥੀ ਨੂੰ ਮੂਹਰੇ ਅਤੇ ਪਿੱਛੇ ਰਾਜਿਆਂ ਦੀਆਂ ਫ਼ੌਜਾਂ ਲੋਹਗੜ ਦੇ ਕਿਲ੍ਹੇ 'ਤੇ ਹਮਲਾ ਕਰਨ ਦਾ ਦੁਸ਼ਮਣਾਂ ਨੇ ਪੱਕਾ ਫੈਸਲਾ ਕੀਤਾ ਹੈ।

ਇਹ ਖ਼ਬਰ ਸੁਣ ਕੇ ਗੁਰਦੇਵ ਨੇ ਸਿੰਘਾਂ ਦੇ ਇਕੱਠ ਵਿਚ ਕਿਹਾ, ਸਾਡੇ ਪਾਸ ਗੁਰੂ ਕਾ ਹਾਥੀ ਭਾਈ ਸਾਹਲੋ ਦੁਨੀ ਚੰਦ ਹੈ। ਇਹ ਉਸ ਖ਼ੂਨੀ ਹਾਥੀ ਦਾ ਮੁਕਾਬਲਾ ਕਰੇਗਾ। ਇਹ ਦੁਨੀ ਚੰਦ ਭਾਈ ਸਾਲ੍ਹੋ ਜੀ ਦਾ ਪੋਤਰਾ ਸੀ, ਜੋ ਸਰੀਰ ਕਰਕੇ ਦੇਖਣ ਵਿਚ ਡਾਢਾ ਮੋਟਾ, ਤਕੜਾ ਲੱਗਦਾ ਸੀ, ਪਰ ਇਹ ਮਸੰਦ ਮਨ ਦਾ ਕਮਜ਼ੋਰ ਸੀ।

***ਦੁਨੀ ਚੰਦ ਸਾਹਲੋ ਕਾ ਪੋਤਾ। ਧਾਲੀਵਾਲ ਜਾਟ ਸਿੱਖ ਹੋਤਾ।***

(ਗੁਰ ਪਦ ਪ੍ਰੇਮ ਪ੍ਰਕਾਸ਼)

ਗੁਰਦੇਵ ਦਾ ਹੁਕਮ ਸੁਣ ਕੇ ਸਿੰਘ ਸਾਰੇ ਖ਼ੁਸ਼ ਹੋ ਗਏ। ਵਾਹ, ਵਾਹ ਪੁਕਾਰ ਉਠੇ। ਪਰ ਦੁਨੀ ਚੰਦ ਆਪਣਾ ਨਾਂ ਸੁਣ ਕੇ, ਕਿ ਹਾਥੀ ਨਾਲ ਕੱਲ ਨੂੰ ਮੂਹਰੇ ਟਾਕਰਾ ਕਰ ਕੇ ਗੁਰੂ ਜੀ ਮੈਨੂੰ ਹਾਥੀ ਤੋਂ ਮਰਵਾਉਣਗੇ। ਇਸ ਕਰਕੇ ਦੁਨੀ ਚੰਦ ਘਬਰਾ ਗਿਆ। ਸੂਰਜ ਪ੍ਰਕਾਸ਼ ਅਨੁਸਾਰ ਦੁਨੀ ਚੰਦ ਰਾਤ ਨੂੰ ਪੰਜ ਪਿਆਰਿਆਂ ਤੇ ਨਾਮਵਰ ਸਿੱਖਾਂ ਕੋਲ ਵਾਰੀ ਵਾਰੀ ਗਿਆ। ਹਰ ਇਕ ਕੋਲ ਜਾ ਕੇ ਇਹੋ ਹੀ ਕਿਹਾ ਕਿ ਗੁਰੂ ਜੀ ਆਪਾਂ ਨੂੰ ਅਜਾਈਂ ਮਰਵਾ ਰਹੇ ਹਨ, ਪਰ ਭਾਈ ਦਇਆ ਸਿੰਘ ਆਦਿ ਸਾਰੇ ਸਿੰਘਾਂ ਨੇ ਦੁਨੀ ਚੰਦ

ਨੂੰ ਬਹੁਤ ਸਮਝਾਇਆ, ਕਿ ਦੁਨੀ ਚੰਦ! ਤੇਰੇ 'ਤੇ ਬਖ਼ਸ਼ਿਸ਼ ਕਰਕੇ ਗੁਰੂ ਨੇ ਤੈਨੂੰ ਸ਼ੇਰ ਬਣਾਕੇ ਹਾਥੀ ਨੂੰ ਭਜਾ ਦੇਣਾ ਹੈ। ਤੇਰੀ ਸਾਰੇ ਬੱਲੇ-ਬੱਲੇ ਹੋਵੇਗੀ, ਤੂੰ ਡਰ ਨਾ। ਗੁਰੂ ਸਾਹਿਬ ਦਾ ਹੱਥ ਤੇਰੇ ਸਿਰ ਉੱਪਰ ਹੋਵੇਗਾ। ਪਰ ਦੁਨੀ ਚੰਦ ਨੇ ਕਿਸੇ ਦੀ ਨਹੀਂ ਮੰਨੀ। ਆਪਣੇ ਨਾਲ ਕੁਝ ਸਾਥੀਆਂ ਸਮੇਤ ਅੱਧੀ ਰਾਤ ਦੇ ਸਮੇਂ ਗੁਰੂ ਜੀ ਨੂੰ ਛੱਡ ਕੇ ਕਿਲ੍ਹੇ ਦੇ ਅੰਦਰੋਂ ਜਦੋਂ ਪਿਛਲੇ ਪਾਸਿਉ ਰੱਸਿਆਂ ਰਾਹੀਂ ਕੰਧ ਤੋਂ ਹੇਠਾਂ ਉਤਰਨ ਲੱਗੇ ਤਾਂ ਦੁਨੀ ਚੰਦ ਦਾ ਸਰੀਰ ਬਹੁਤ ਭਾਰਾ ਸੀ। ਅੱਧ ਵਿਚੋਂ ਰੱਸਾ ਟੁੱਟ ਗਿਆ ਤੇ ਡਿਗਦਿਆਂ ਲੱਤ ਟੁੱਟ ਗਈ। ਇਸ ਦੇ ਸਾਥੀ ਨੇ ਦੁਨੀ ਚੰਦ ਨੂੰ ਮੰਜੇ 'ਤੇ ਪਾਕੇ ਹਨੇਰੇ ਦੀ ਓਟ ਵਿਚ ਉਥੋਂ ਨੱਸ ਗਏ। ਦੁਨੀ ਚੰਦ ਨੂੰ ਲੈ ਕੇ ਘਰ ਪਹੁੰਚਣ ਤੋਂ ਪਹਿਲਾਂ ਹੀ ਲੋਕਾਂ ਵਿਚ ਖ਼ਬਰਾਂ ਪਹੁੰਚ ਗਈਆਂ ਕਿ ਗੁਰੂ ਜੀ ਤੋਂ ਬੇਮੁਖ ਹੋ ਕੇ ਗੁਰੂ ਪਾਸੋਂ ਨੱਸ ਕੇ ਆਏ ਹਨ। ਇਸ ਕਰਕੇ ਦੁਨੀ ਚੰਦ ਆਦਿ ਨੂੰ ਕਿਸੇ ਨੇ ਮੂੰਹ ਨਹੀਂ ਲਾਇਆ। ਸ਼ਰਮ ਦਾ ਮਾਰਾ ਦੁਨੀ ਚੰਦ ਅੰਦਰ ਕਮਰੇ ਵਿਚ ਹੀ ਬੈਠ ਰਹਿੰਦਾ ਹੈ। ਹੁਣ ਦੁਨੀ ਚੰਦ ਮੌਤ ਤੋਂ ਡਰਦਾ ਨੱਸ ਕੇ ਆਇਆ ਸੀ, ਪਰ ਮੌਤ ਨੇ ਪਿੱਛਾ ਨਾ ਛੱਡਿਆ। ਇਕ ਦਿਨ ਦੁਨੀ ਚੰਦ ਦੇ ਪੈਰ 'ਤੇ ਸੱਪ ਨੇ ਡੰਗ ਮਾਰਿਆ ਜਿਸ ਕਰਕੇ ਦੁਨੀ ਚੰਦ ਦੀ ਮੌਤ ਹੋ ਗਈ:

***ਆਗੇ ਹੂੰ ਕਾਲ ਧਰੇ ਅਸਿ ਗਾਜਤ ਛਾਜਤ ਹੈ ਜਿਹ ਤੇ ਨਸਿਅਈਐ॥***
***ਜਾਤੇ ਨਾ ਛੁਟੀਐ ਮੂੜ ਕਹੂ ਹਸਿ ਤਾਕੀ ਨ ਕਿਉ ਸਰਣਾਗਤਿ ਪਈਐ॥***

(ਦਸਮ ਗ੍ਰੰਥ)

ਇਸ ਲਈ ਗੁਰੂ ਪ੍ਰਮੇਸ਼ਰ ਨਾਲੋਂ ਟੁੱਟਿਆਂ ਤੇ ਗੁਰੂ ਤੋਂ ਬੇਮੁੱਖ ਹੋਇਆਂ, ਦੁਨੀ ਚੰਦ ਦੀ ਤਰ੍ਹਾਂ ਮਨੁੱਖ ਦੀ ਖ਼ੁਆਰੀ ਹੁੰਦੀ ਹੈ:

***ਹਰਿ ਬਿਸਰਤ ਸੋ ਮੂਆ॥*** (ਅੰਗ ੪੦੭)

ਹਰੀ ਸਰੂਪ ਗੁਰੂ ਨੂੰ ਭੁੱਲਣ ਕਰਕੇ ਇਸ ਤਰ੍ਹਾਂ ਹੀ ਮਰਨਾ ਹੁੰਦਾ ਹੈ।

**ਟੋਡੀ ਮਹਲਾ ੫ ॥ ਹਰਿ ਬਿਸਰਤ ਸਦਾ ਖੁਆਰੀ ॥ ਤਾ ਕਉ ਧੋਖਾ ਕਹਾ ਬਿਆਪੈ ਜਾ ਕਉ ਓਟ ਤੁਹਾਰੀ ॥ ਰਹਾਉ ॥ ਬਿਨੁ ਸਿਮਰਨ ਜੋ ਜੀਵਨੁ ਬਲਨਾ ਸਰਪ ਜੈਸੇ ਅਰਜਾਰੀ ॥ ਨਵ ਖੰਡਨ ਕੋ ਰਾਜੁ ਕਮਾਵੈ ਅੰਤਿ ਚਲੈਗੋ ਹਾਰੀ ॥ ੧ ॥ ਗੁਣ ਨਿਧਾਨ ਗੁਣ ਤਿਨ ਹੀ ਗਾਏ ਜਾ ਕਉ ਕਿਰਪਾ ਧਾਰੀ ॥ ਸੋ ਸੁਖੀਆ ਧੰਨੁ ਉਸੁ ਜਨਮਾ ਨਾਨਕ ਤਿਸੁ ਬਲਿਹਾਰੀ ॥ ੨ ॥ ੨ ॥**

(ਅੰਗ ੭੧੧-੧੨)

## ਪਦ ਅਰਥ :

ਖੁਆਰੀ-ਬੇ-ਇੱਜ਼ਤੀ। ਕਉ-ਨੂੰ। ਕਹਾ ਬਿਆਪੈ-ਨਹੀ ਬਿਆਪ ਸਕਦਾ। ਓਟ-ਆਸਰਾ। ਰਹਾਉ। ਬਲਨਾ-ਬਿਤਾਨਾ, ਗੁਜ਼ਾਰਨਾ। ਅਰਜਾਰੀ-ਉਮਰ। ਨਵ ਖੰਡਨ ਕੋ ਰਾਜੁ-ਸਾਰੀ ਧਰਤੀ ਦਾ ਰਾਜ। ਅੰਤਿ-

ਆਖ਼ਰ ਨੂੰ। ਹਾਰੀ-ਹਾਰਿ (ਮਨੁੱਖਾ ਜੀਵਨ ਦੀ ਬਾਜ਼ੀ) ਹਾਰ ਕੇ। ੧। ਗੁਣ ਨਿਧਾਨ ਗੁਣ-ਗੁਣਾਂ ਦੇ ਖ਼ਜ਼ਾਨੇ ਪ੍ਰਭੂ ਦੇ ਗੁਣ। ਤਿਨ ਹੀ-ਉਸ ਨੇ ਹੀ। ਜਾ ਕਉ-ਜਿਸ ਉਤੇ। ਧਾਰੀ-ਕੀਤੀ। ਧੰਨੁ-ਮੁਬਾਰਿਕ। ਤਿਸੁ ਬਲਿਹਾਰੀ-ਉਸ ਤੋਂ ਕੁਰਬਾਨ। ੨।

## ਅਰਥ :

(ਹੇ ਭਾਈ!) ਹਰੀ (ਪ੍ਰਭੂ ਨੂੰ) ਵਿਸਾਰਦਿਆਂ ਸਦਾ ਖ਼ੁਆਰੀ (ਮਨੁੱਖ ਦੇ ਪੱਲੇ ਪੈਂਦੀ ਹੈ। ) (ਪਰ) ਜਿਸ ਮਨੁੱਖ ਨੂੰ ਤੇਰੀ ਓਟ ਤੇ ਤੇਰਾ (ਆਸਰਾ) ਹੈ, ਉਸ ਨੂੰ (ਕਿਸੇ ਪ੍ਰਕਾਰ ਦਾ) ਧੋਖਾ ਨਹੀਂ ਬਿਆਪ ਸਕਦਾ। ਰਹਾਉ। (ਹੇ ਭਾਈ! ਪ੍ਰਭੂ ਦੇ ਨਾਮ) ਸਿਮਰਨ ਤੋਂ ਬਿਨਾਂ ਜੋ ਜੀਵਨ ਗੁਜ਼ਾਰਨਾ ਹੈ, (ਉਹ ਇਸ ਤਰ੍ਹਾਂ ਹੈ) ਜਿਸ ਤਰ੍ਹਾਂ ਸੱਪ ਦੀ ਉਮਰ ਗੁਜ਼ਰਦੀ ਹੈ। (ਇਸ ਤੋਂ ਭਾਵ ਹੈ ਕਿ ਸੱਪ ਸਾਰੀ ਉਮਰ ਜ਼ਹਿਰ ਸਹਿਤ ਸੜਦਿਆਂ ਬਲਦਿਆਂ ਉਮਰ ਬਤੀਤ ਕਰਦਾ ਹੈ।) (ਇਸੇ ਤਰ੍ਹਾਂ ਨਾਮ ਨੂੰ ਭੁੱਲਾ ਕੇ) ਭਾਵੇਂ ਕੋਈ ਨੌਂ ਖੰਡਾਂ ਦਾ (ਭਾਵ ਸਾਰੀ ਪ੍ਰਿਥਵੀ ਉੱਤੇ) ਰਾਜ ਕਰਦਾ ਹੋਵੇ, (ਪਰ ਨਾਮ ਬਿਨਾਂ) ਅੰਤ ਸਮੇਂ ਉਹ ਮਨੁੱਖ (ਆਪਣੀ ਜੀਵਨ ਦੀ) ਬਾਜ਼ੀ ਹਾਰ ਕੇ ਜਾਵੇਗਾ। ੧।

(ਹੇ ਭਾਈ! ਸ਼ੁਭ) ਗੁਣਾਂ ਕੇ ਖ਼ਜ਼ਾਨੇ (ਵਾਹਿਗੁਰੂ ਜੀ ਦੇ) ਗੁਣ ਉਨ੍ਹਾਂ ਨੇ ਗਾਏ ਹਨ, ਜਿਨ੍ਹਾਂ ਉੱਤੇ (ਪ੍ਰਭੂ ਨੇ ਆਪਣੀ) ਕਿਰਪਾ ਕੀਤੀ ਹੈ। ਉਹ ਮਨੁੱਖ ਸਦਾ ਸੁੱਖੀ ਹੈ (ਅਤੇ) ਉਸਦਾ ਜਨਮ ਧੰਨਤਾ ਯੋਗ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਉਸ (ਪਭੂ ਦੇ ਸ਼ੁਭ ਗੁਣ ਗਾਉਣ ਵਾਲੇ) ਮਨੁੱਖ ਤੋਂ ਸਦਕੇ ਜਾਂਦੇ ਹਾਂ। ੨। ੨।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

★★★

ਸ੍ਰੀ ਮੁਖਵਾਕ ਨੰਬਰ ੧੧੭ (ਅੰਗ ੭੧੩-੧੪)

K K

ਟੋਡੀ ਮਹਲਾ ੫ ॥

ਰਸਨਾ ਗੁਣ ਗੋਪਾਲ ਨਿਧਿ ਗਾਇਣ ॥ ਸਾਂਤਿ ਸਹਜੁ ਰਹਸੁ ਮਨਿ ਉਪਜਿਓ ਸਗਲੇ ਦੂਖ ਪਲਾਇਣ ॥੧॥ਰਹਾਉ॥ ਜੋ ਮਾਗਹਿ ਸੋਈ ਸੋਈ ਪਾਵਹਿ ਸੇਵਿ ਹਰਿ ਕੇ ਚਰਣ ਰਸਾਇਣ ॥ ਜਨਮ ਮਰਣ ਦੁਹਹੂ ਤੇ ਛੂਟਹਿ ਭਵਜਲੁ ਜਗਤੁ ਤਰਾਇਣ ॥ ੧ ॥ ਖੋਜਤ ਖੋਜਤ ਤਤੁ ਬੀਚਾਰਿਓ ਦਾਸ ਗੋਵਿੰਦ ਪਰਾਇਣ ॥ ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ ॥ ੨ ॥ ੫ ॥ ੧੦ ॥

# ਪ੍ਰਾਕ੍ਥਨ :-

ਇਹ ਪਾਵਨ ਸ਼ਬਦ ਟੋਡੀ ਰਾਗ ਅੰਦਰ ਗੁਰੂ ਨਾਨਕ ਦੇਵ ਜੀ ਨੇ ਪੰਜਵਾਂ ਸਰੂਪ ਗੁਰੂ ਅਰਜਨ ਦੇਵ ਹੋ ਕੇ ਉਚਾਰਣ ਕੀਤਾ ਹੈ। ਇਸ ਦੇ ਆਰੰਭ ਵਿਚ ਗੁਰਦੇਵ ਨੇ ਗੁਣਾਂ ਦੇ ਖ਼ਜ਼ਾਨੇ, ਮਾਲਕ ਪ੍ਰਭੂ ਦੇ ਰਸਨਾ (ਜੀਭ) ਨਾਲ ਗੁਣ ਗਾਉਣ ਦੀ ਮਨੁੱਖ ਨੂੰ ਪ੍ਰੇਰਨਾ ਕੀਤੀ ਹੈ।

## ਵਿਸ਼ਾ— ਨਾਮ ਜਪਣ ਕਉ ਜਿਹਬਾ ਦੀਨੀ

ਸਿਆਣਿਆਂ ਦਾ ਕਥਨ ਹੈ ਕਿ ਰਸਨਾ ਨਾਮ ਜੱਪਣ ਲਈ ਪ੍ਰਭੂ ਨੇ ਦਿੱਤੀ ਹੈ, ਨੇਤਰਾਂ ਸਾਰਿਆਂ ਨੂੰ ਪ੍ਰਭੂ ਸਰੂਪ ਦੇ ਦਰਸ਼ਨ ਕਰਨ ਲਈ ਮਿਲੇ ਹਨ। ੨੪ ਹਜ਼ਾਰ ਸਵਾਸ ਮਨੁੱਖ ਦੇ ੨੪ ਘੰਟਿਆਂ ਵਿਚ ਬਤੀਤ ਹੁੰਦੇ ਹਨ। ਰਸਨਾ ਨਾਲ ਸਵਾਸ-ਸਵਾਸ ਪ੍ਰਭੂ ਦਾ ਸਿਮਰਨ ਕਰਕੇ ਸਾਰੇ ਸਵਾਸ ਸਫਲੇ ਕਰਨੇ ਹਨ:

***ਦਮਿ ਦਮਿ ਸਦਾ ਸਮ੍ਾਲਦਾ ਦੰਮੁ ਨ ਬਿਰਥਾ ਜਾਇ॥***

(ਅੰਗ ੫੫੬)

ਨਹੀਂ ਤਾਂ ਵਡਮੁੱਲੇ ਕੀਮਤੀ ਸੁਆਸਾਂ ਦਾ ਇਸ ਮਨੁੱਖ ਨੂੰ ਹਰ ਰੋਜ਼ ਘਾਟਾ ਪੈਂਦਾ ਹੈ:

***ਨਾਮ ਜਪਣ ਕਉ ਜਿਹਬਾ ਦੀਨੀ ਹਰ ਦਰਸਨ ਕਉ ਅੱਖੀਂ।***
***ਇਕ ਇਕ ਸ੍ਵਾਸ ਅਮੋਲਕ ਜਾਂਦਾ ਹੱਥ ਨ ਆਵੈ ਲੱਖੀਂ।***
***ਚੌਵੀ ਹਜ਼ਾਰ ਸ੍ਵਾਸ ਬੰਦੇ ਦਾ ਆਮਦਨ ਮੂਲ ਨ ਥੀਵੇ।***
***ਜਿਸ ਬੰਦੇ ਕਉ ਇਤਨਾ ਘਾਟਾ ਸੋ ਬੰਦਾ ਕਿਉ ਜੀਵੇ।***

ਭਾਵ ਨਾਮ-ਰਸ ਤੋਂ ਬਿਨਾਂ ਮਨੁੱਖ ਦੀ ਜੀਭ ਵਿਚ ਬੋਲਣ ਦੀ ਮਿਠਾਸ ਪੈਦਾ ਨਹੀਂ ਹੁੰਦੀ, ਜਿਸ ਕਰਕੇ ਜੀਭ ਸਦਾ ਖਰ੍ਵੇ ਅਤੇ ਫਿਕੇ ਬੋਲ ਬੋਲਦੀ ਹੈ। ਇਹ ਫਿਕਾ ਹੀ ਨਹੀਂ ਬੋਲਦੀ, ਸਗੋਂ ਭਲੇ ਲੋਕਾਂ ਦੀ ਨਿੰਦਿਆ ਵੀ ਕਰਦੀ ਹੈ। ਗੁਰੂ ਜੀ ਅਜਿਹੇ ਲੋਕਾਂ ਨੂੰ ਪਸ਼ੂ ਬਿਰਤੀ ਵਾਲੇ ਆਖਦੇ ਹਨ, ਜੋ ਕਦੀ ਚੰਗੇ ਨਹੀਂ ਹੋ ਸਕਦੇ:

***ਜਿਹਵਾ ਰੰਗਿ ਨਹੀ ਹਰਿ ਰਾਤੀ ਜਬ ਬੋਲੈ ਤਬ ਫੀਕੇ॥***
***ਸੰਤ ਜਨਾ ਕੀ ਨਿੰਦਾ ਵਿਆਪਸਿ ਪਸੂ ਭਏ ਕਦੇ ਹੋਹਿ ਨ ਨੀਕੇ॥***

(ਅੰਗ ੧੧੨੬)

ਜੀਭ ਦੇ ਰਸਾਂ-ਕਸਾਂ ਅਤੇ ਚਸਕਿਆਂ ਵਿਚ ਮਸਤ ਰਹਿਣ ਨਾਲ ਪ੍ਰਾਣੀ ਦੇ ਮਨ ਅੰਦਰ ਲੋਭ ਅਤੇ ਵਿਕਾਰ ਉਪਜਦੇ ਹਨ ਅਤੇ ਹਉਮੈ ਹਾਵੀ ਹੁੰਦੀ ਹੈ, ਜਿਸ ਸਦਕਾ ਜੀਵ ਜੂਨਾਂ ਵਿਚ ਭਟਕ-ਭਟਕ ਕੇ ਦੁੱਖੀ ਹੁੰਦਾ ਹੈ:

***ਜਿਹਵਾ ਸੁਆਦ ਲੋਭ ਮਦਿ ਮਾਤੋ ਉਪਜੇ ਅਨਿਕ ਬਿਕਾਰਾ॥***
***ਬਹੁਤੁ ਜੋਨਿ ਭਰਮਤ ਦੁਖੁ ਪਾਇਆ ਹਉਮੈ ਬੰਧਨ ਕੇ ਭਾਰਾ॥***

(ਅੰਗ ੬੧੬)

ਅਥਵਾ :

***ਰਸਨਾ ਸਾਦ ਚਖੈ ਭਾਇ ਦੂਜੈ ਅਤਿ ਫੀਕੇ ਲੋਭ ਬਿਕਾਰੇ॥***

(ਅੰਗ ੯੮੦)

***ਅਥਵਾ: ਜਉ ਪੈ ਰਸਨਾ ਰਾਮੁ ਨ ਕਹਿਬੋ॥***
***ਉਪਜਤ ਬਿਨਸਤ ਰੋਵਤ ਰਹਿਬੋ॥***

(ਅੰਗ ੩੨੫)

ਪ੍ਰੰਤੂ ਪਰਾਈ ਨਿੰਦਿਆ ਅਤੇ ਝੂਠ-ਕੁਮੱਤ ਨੂੰ ਤਿਆਗ ਕੇ ਜਿਸ ਮਨੁੱਖ ਦੀ ਜੀਭ ਨਾਮ ਰੰਗ ਵਿਚ ਰੰਗੀ ਜਾਂਦੀ ਹੈ, ਉਸਦਾ ਮਨ ਤ੍ਰਿਪਤ ਹੋ ਜਾਂਦਾ ਹੈ ਭਾਵ ਮਾਇਆ ਵੱਲੋਂ ਰੱਜ ਜਾਂਦਾ ਹੈ ਅਤੇ ਹਿਰਦੇ ਘਰ ਵਿਚ ਸ਼ਾਂਤੀ ਆ ਵੱਸਦੀ ਹੈ :

***ਰਸਨਾ ਸਬਦੁ ਵੀਚਾਰਿ ਰਸਿ ਰਾਤੀ ਲਾਲ ਭਈ ਰੰਗੁ ਲਾਈ॥***
***ਰਾਮ ਨਾਮੁ ਨਿਹਕੇਵਲੁ ਜਾਣਿਆ ਮਨੁ ਤ੍ਰਿਪਤਿਆ ਸਾਂਤਿ ਆਈ॥***

(ਅੰਗ ੧੨੩੪)

***ਅਥਵਾ: ਜੀਭ ਰਸਾਇਣਿ ਸਾਚੈ ਰਾਤੀ॥ ਹਰਿ ਪ੍ਰਭੁ ਸੰਗੀ ਭਉ ਨ ਭਰਾਤੀ॥***

(ਅੰਗ ੧੦੨੩)

ਜਿਸ ਮਨੁੱਖ ਦੀ ਜੀਭ ਹਰ ਵੇਲੇ ਪ੍ਰਭੂ ਦੇ ਨਾਮ ਦਾ ਸਿਮਰਨ ਕਰਦੀ ਹੈ, ਉਸ ਦੇ ਖਾਣ-ਹੰਢਾਉਣ ਦੇ ਸਾਰੇ ਚਾਅ ਪੂਰੇ ਹੋ ਜਾਂਦੇ ਹਨ। ਮਨ ਵਿਚ ਖ਼ੁਸ਼ੀਆਂ ਤੇ ਖੇੜਾ ਆ ਵੱਸਦੇ ਹਨ :

***ਬਹੁ ਭੋਜਨ ਕਾਪਰ ਸੰਗੀਤ॥ ਰਸਨਾ ਜਪਤੀ ਹਰਿ ਹਰਿ ਨੀਤ॥***

(ਅੰਗ ੨੯੦)

***ਅਥਵਾ : ਨਾਨਕ ਰਸਨਾ ਸਬਦਿ ਰਸਾਇ ਜਿਨਿ ਹਰਿ ਹਰਿ ਮੰਨਿ ਵਸਾਇਆ॥***

(ਅੰਗ ੫੫੦)

***ਅਥਵਾ : ਨਾਨਕ ਗੁਰਮੁਖਿ ਰਸਨਾ ਹਰਿ ਜਪੈ ਹਰਿ ਕੈ ਨਾਇ ਪਿਆਰਿਆ॥***

(ਅੰਗ ੫੫੦)

ਚਸਕਿਆਂ ਵਿਚ ਫਸੀ ਹੋਈ ਜੀਭ ਨੂੰ ਮਿਠੇ ਪਦਾਰਥ ਤਾਂ ਪਿਆਰੇ ਲੱਗਦੇ ਹਨ, ਪਰ ਪਰਮਾਤਮਾ ਦਾ ਨਾਮ-ਰਸ ਚੰਗਾ ਨਹੀਂ ਲੱਗਦਾ, ਜਿਸ ਕਾਰਨ ਇਹ ਹੋਰ-ਹੋਰ ਝਮੇਲਿਆਂ ਵਿਚ ਪਈ ਰਹਿੰਦੀ ਹੈ। ਅਸਲ ਵਿਚ ਉਹੋ ਹੀ ਜੀਭ ਅਖਵਾਉਣ ਦੇ ਯੋਗ ਹੈ ਜੋ ਪ੍ਰਮਾਤਮਾ ਦੇ ਨਾਮ ਦਾ ਸਦਾ ਜਾਪ ਕਰਦੀ ਹੈ :

*ਹੇ ਜਿਹਬੇ ਹੇ ਰਸਗੇ ਮਧੁਰ ਪ੍ਰਿਅ ਤੁਯੰ॥*
*ਸਤ ਹਤੰ ਪਰਮ ਬਾਦੰ ਅਵਰਤ ਏਥਹ ਸੁਧ ਅਛਰਣਹ॥*
*ਗੋਬਿੰਦ ਦਾਮੋਦਰ ਮਾਧਵੇ॥* (ਅੰਗ ੧੩੫੯)

*ਅਥਵਾ: ਮਨਿ ਜੂਠੈ ਤਨਿ ਜੂਠਿ ਹੈ ਜਿਹਵਾ ਜੂਠੀ ਹੋਇ॥*
*ਮੁਖਿ ਝੂਠੈ ਝੂਠੁ ਬੋਲਣਾ ਕਿਉ ਕਰਿ ਸੂਚਾ ਹੋਇ॥*

(ਅੰਗ ੫੫-੫੬)

*ਅਥਵਾ: ਏ ਰਸਨਾ ਤੂ ਅਨ ਰਸਿ ਰਾਚਿ ਰਹੀ ਤੇਰੀ ਪਿਆਸ ਨ ਜਾਇ॥*
*ਪਿਆਸ ਨ ਜਾਇ ਹੋਰਤੁ ਕਿਤੈ ਜਿਚਰੁ ਹਰਿ ਰਸੁ ਪਲੈ ਨ ਪਾਇ॥*

(ਅੰਗ ੯੨੧)

ਪ੍ਰੰਤੂ ਜੇਕਰ ਜੀਭ ਸੱਚੀ ਹੈ ਅਤੇ ਸਦਾ ਸੱਚ ਬੋਲਦੀ ਹੈ ਤਾਂ ਮਨ ਵੀ ਸਚਾ ਹੀ ਹੋਵੇਗਾ। ਫਿਰ ਮਨੁੱਖੀ ਸਰੀਰ ਭਾਵ ਪ੍ਰਾਣੀ ਸਦਾ ਸੱਚ ਦੇ ਮਾਰਗ 'ਤੇ ਹੀ ਚੱਲੇਗਾ:

*ਜਿਹਵਾ ਸਚੀ ਮਨੁ ਸਚਾ ਸਚਾ ਸਰੀਰ ਅਕਾਰੁ॥*

(ਅੰਗ ੮੩)

*ਅਥਵਾ: ਜਿਹਵਾ ਸਚੀ ਸਚਿ ਰਤੀ ਤਨੁ ਮਨੁ ਸਚਾ ਹੋਇ॥*

(ਅੰਗ ੫੬੫)

ਇਸ ਲਈ:

*ਹੇ ਰਸਨਾ ਜਪਿ ਗੋਬਿੰਦੋ ਮੇਰੀ ਜਿੰਦੁੜੀਏ*
*ਜਪਿ ਹਰਿ ਹਰਿ ਤ੍ਰਿਸਨਾ ਜਾਏ ਰਾਮ॥*

(ਅੰਗ ੫੪੧)

*ਅਥਵਾ: ਸਾ ਰਸਨਾ ਧਨੁ ਧੰਨੁ ਹੈ ਮੇਰੀ ਜਿੰਦੁੜੀਏ*
*ਤਗੁਣ ਗਾਵੈ ਹਰਿ ਪ੍ਰਭਿ ਕੇਰੇ ਰਾਮ॥*

(ਅੰਗ ੫੪੦)

*ਅਥਵਾ: ਆਇਆ ਸਫਲ ਤਾਹੂ ਕੋ ਗਨੀਐ॥ ਜਾਸੁ ਰਸਨ ਹਰਿ ਹਰਿ ਜਸੁ ਭਨੀਐ॥*

(ਅੰਗ ੨੫੨)

## ਸਾਖੀ—ਇਕ ਜੱਟ ਦੇ ਸਿਮਰਨ ਦੀ

ਡਾ: ਭਾਈ ਵੀਰ ਸਿੰਘ ਜੀ ਨੇ 'ਗੁਰਮੁਖ ਸਿੱਖਿਆ' ਵਿਚ ਜ਼ਿਕਰ ਕੀਤਾ ਹੈ ਕਿ ਲੁਧਿਆਣੇ ਤੋਂ ੬-੭ ਮੀਲ ਇਕ ਪਿੰਡ ਵਿਚ ਇਕ ਜੱਟ ਜ਼ਿਮੀਦਾਰ ਦੇ ਖੂਹ ਉੱਪਰ ਨਾਮ ਰੰਗ ਵਿਚ ਰੰਗੀ ਹੋਈ ਰੱਬੀ ਰੂਹ

ਪੂਰਨ ਮਹਾਤਮਾ ਆ ਪਹੁੰਚਿਆ। ਗਰਮੀ ਦੇ ਦਿਨ ਸਨ। ਇਸ ਸਾਧੂ ਨੂੰ ਪਾਣੀ ਦੀ ਬਹੁਤ ਪਿਆਸ ਲੱਗੀ ਤਾਂ ਬਲਦ ਹਲਟ ਨੂੰ ਚਲਾ ਰਹੇ, ਪਿਛੇ ਗਾਧੀ 'ਤੇ ਬੈਠੇ ਜੱਟ ਨੇ ਹਲਟ ਰੋਕ ਕੇ ਸਾਧੂ ਨੂੰ ਨਮਸ਼ਕਾਰ ਕੀਤੀ ਤੇ ਵਿਚਾਰਿਆ ਕਿ ਸਾਧੂ ਹੈ, ਇਸ ਨੂੰ ਫੋਕਾ ਪਾਣੀ ਕੀ ਪਿਲਾਵਾਂ? ਖੂਹ 'ਤੇ ਜੱਟ ਦੀ ਗਾਂ ਬੱਝੀ ਹੋਈ ਸੀ। ਇਸ ਨੇ ਗਾਂ ਦਾ ਦੁੱਧ ਚੋ ਕੇ ਦੁੱਧ ਦੀ ਲੱਸੀ ਬਣਾ ਕੇ ਨਾਮ ਰੱਤੜੇ ਸਾਧੂ ਨੂੰ ਛਕਾਇਆ। ਮਹਾਤਮਾ ਪ੍ਰਸੰਨ ਹੋ ਗਿਆ, ਅਸੀਸ ਦਿੱਤੀ, ਕਹਿਣ ਲੱਗਿਆ, ਚੌਧਰੀ ਤੈਨੂੰ ਕਿਵੇਂ ਪਤਾ ਸੀ ਕਿ ਮੈਂ ਭੁੱਖਾ ਵੀ ਹਾਂ, ਪਾਣੀ ਮੰਗਿਆ ਸੀ ਤੇ ਤੂੰ ਕੱਚੀ ਲੱਸੀ ਪਿਲਾ ਦਿੱਤੀ। ਜੱਟ ਨੇ ਉੱਤਰ ਦਿੱਤਾ ਕਿ ਆਪ ਰੱਬ ਦੇ ਪਿਆਰੇ ਫ਼ਕੀਰ ਹੋ। ਮੇਰੇ ਪਾਸ ਜੋ ਸੀ ਉਹ ਹਾਜ਼ਰ ਕਰ ਦਿੱਤਾ ਹੈ। ਇਹ ਸੁਣ ਕੇ ਫ਼ਕੀਰ ਵਿਸਮਾਦ ਰੰਗ ਵਿਚ ਆ ਗਿਆ ਤੇ ਕਹਿਣ ਲੱਗਿਆ, ਵਾਹ-ਵਾਹ ! ਤੇਰੇ ਪਾਸ ਜੋ ਤੂੰ ਚੰਗੀ ਚੀਜ਼ ਸਮਝੀ, ਮੈਨੂੰ ਅਰਪ ਦਿੱਤੀ। ਮੇਰੇ ਪਾਸ ਜੋ ਸਭ ਤੋਂ ਚੰਗੀ ਚੀਜ਼ ਹੈ, ਉਹ ਮੈਂ ਤੈਨੂੰ ਦਿੰਦਾ ਹਾਂ :

ਕਹੁ 'ਵਾਹਿਗੁਰੂ ! ਵਾਹਿਗੁਰੂ ! ਵਾਹਿਗੁਰੂ !

ਜੱਟ ਨੇ ਰਸਨਾ ਨਾਲ ਕਿਹਾ :

ਵਾਹਿਗੁਰੂ ! ਵਾਹਿਗੁਰੂ ! ਵਾਹਿਗੁਰੂ !

ਮਹਾਤਮਾ ਨੇ ਕਿਹਾ, ਬੱਸ ਇਹ ਕਹੀ ਚੱਲ ਇਸ ਤਰ੍ਹਾਂ ਵਾਹਿਗੁਰੂ ਤੇ ਦੇਖ ਰੰਗ ਵਾਹਿਗੁਰੂ ਸਾਈਂ ਦੇ ਕਿ ਇਸ ਵਾਹਿਗੁਰੂ ਵਾਹਿਗੁਰੂ ਨੂੰ ਵੀ ਫਲ ਲੱਗਦੇ ਹਨ। ਇਹ ਕਹਿ ਕੇ ਰੰਗ ਰੱਤੜੇ ਮਹਾਤਮਾ ਜੀ ਤਾਂ ਚਲੇ ਗਏ ਅਤੇ ਜੱਟ ਰਸਨਾ ਨਾਲ ਵਾਹਿਗੁਰੂ-ਵਾਹਿਗੁਰੂ ਜੱਪਣ ਲੱਗ ਪਿਆ। ਉਸ ਨੂੰ ਹੋਰ ਗੱਲਾਂ ਵਿਸਰ ਗਈਆਂ, ਇਕ ਵਾਹਿਗੁਰੂ ਨਾਮ ਦੀ ਰਟ ਲੱਗ ਗਈ। ਦਿਨ ਰਾਤ ਵਾਹਿਗੁਰੂ-ਵਾਹਿਗੁਰੂ ਰਸਨਾ ਨਾਲ ਜੱਪਦਾ ਰਹਿੰਦਾ। ਕੁਝ ਸਮੇਂ ਬਾਅਦ ਪਿੰਡ ਦੇ ਲੋਕਾਂ ਨੇ ਦੇਖਿਆ ਕਿ ਜੋ ਮੂੰਹੋਂ ਕਹਿੰਦਾ ਹੈ, ਸੱਚ ਹੋ ਜਾਂਦਾ ਹੈ। ਹੋਰ ਲੋਕ ਤਾਂ ਖੇਤਾਂ ਵਿਚ ਹਲ ਵਾਹੁੰਦੇ, ਸੁਹਾਗਾ ਦਿੰਦੇ, ਨਦੀਨ ਕੱਢਦੇ, ਫਿਰ ਬੀਜ ਬੀਜਦੇ ਸਨ ਪਰ ਇਹ ਜੱਟ ਆਪਣੇ ਖੇਤ ਵਿਚ ਇਕ ਵਾਰ ਵਾਹ ਕੇ ਵਾਹਿਗੁਰੂ ਵਾਹਿਗੁਰੂ ਕਰਦਾ ਬੀਜ ਬੀਜ ਦਿੰਦਾ ਤਾਂ ਇਸ ਦੀ ਖੇਤੀ ਹੋਰਨਾਂ ਨਾਲੋਂ ਵੱਧ ਫਲਦੀ ਤੇ ਅਨਾਜ ਪੈਦਾ ਕਰਦੀ। ਆਖ਼ਿਰ ਸਹਿਜੇ-ਸਹਿਜੇ ਇਸ ਦੀ ਲੋਕਾਂ ਵਿਚ ਚਰਚਾ ਹੋਣ ਲੱਗ ਪਈ ਕਿ ਜੋ ਬਚਨ ਕਰਦਾ ਹੈ, ਪੂਰਾ ਹੋ ਜਾਂਦਾ ਹੈ। ਇਸਨੂੰ ਵਾਕ ਸਿਧੀ ਫੁਰ ਆਈ ਹੈ। ਲੋਕ ਇਸ ਪਾਸ ਮਨੌਤਾਂ ਮੰਨਣ ਆਉਣ ਲੱਗ ਪਏ। ਇਹ ਜੋ ਸਹਿਜ ਸੁਭਾਅ ਕਹਿ ਦੇਵੇ ਉਹ ਸੱਚ ਹੋ ਜਾਏ। ਪਰ ਇਹ ਦਿਨ ਰਾਤ ਰਸਨਾ ਨਾਲ ਵਾਹਿਗੁਰੂ-ਵਾਹਿਗੁਰੂ ਜੱਪਦਾ ਰਹਿੰਦਾ ਸੀ। ਪੰਡਿਤ ਈਸ਼ਰ ਸਿੰਘ ਜੀ ਬੜੇ ਮਸ਼ਹੂਰ ਵਿਦਵਾਨ ਹੋਏ ਹਨ। ਆਪਿ ਨਿਰਮਲੇ ਸੰਤ ਸਨ। ਚਾਰੇ ਵੇਦਾਂ ਦੇ ਵਕਤੇ ਤੇ ਗੁਰੂ ਘਰ ਦੇ ਸ਼ਰਧਾਲੂ ਹੋਏ ਹਨ। ਕਹਿੰਦੇ ਹਨ ਕਿ ਆਪ ਜੀ ਨੂੰ ਮਹਾਰਾਜਾ ਨਾਭਾ ਹੀਰਾ ਸਿੰਘ ਜੀ ਨੇ ਇਕ ਵੇਰ ਇਕ ਲੱਖ ਰੁਪਇਆ ਭੇਟ ਕਰਨਾ ਚਾਹਿਆ ਪਰ ਆਪ ਨੇ ਲੈਣ ਤੋਂ ਇਨਕਾਰ ਕਰ ਦਿੱਤਾ। ਤਾਂ ਸਰਦਾਰਾਂ ਨੇ ਕਿਹਾ, ਸੁਆਮੀ ਜੀ, ਪ੍ਰਵਾਨ ਕਰ ਲਵੋ। ਮਹਾਰਾਜਾ ਹੀਰਾ ਸਿੰਘ ਵਰਗਾ ਇਸ ਸਮੇਂ ਕੋਈ ਦਾਨੀ ਨਹੀਂ ਹੈ। ਇਹ ਸੁਣ ਕੇ ਪੰਡਿਤ ਈਸ਼ਰ ਸਿੰਘ ਜੀ ਜਲਾਲ ਵਿਚ ਆ ਗਏ ਅਤੇ ਕਿਹਾ, ਈਸ਼ਰ ਸਿੰਘ

ਵਰਗਾ ਕੋਈ ਵਿਰਕਤ ਤਿਆਗੀ ਸਾਧੂ ਵੀ ਨਹੀਂ ਹੈ। ਜੇ ਹਰਿਦੁਆਰ ਤੋਂ ਨਾਭੇ ਤੱਕ ਹੀਰਾ ਸਿੰਘ ਸੜਕ 'ਤੇ ਮੋਹਰਾਂ ਵਿਛਾ ਦੇਵੇ, ਈਸ਼ਰ ਸਿੰਘ ਉਹਨਾਂ ਵਲ ਤਕੇਗਾ ਵੀ ਨਹੀਂ। ਇਸ ਪੰਡਿਤ ਈਸ਼ਰ ਸਿੰਘ ਪਾਸ ਕਿਸੇ ਨੇ ਇਸ ਜੱਟ ਦੀ ਸਿਫ਼ਤ ਕਰ ਦਿੱਤੀ ਕਿ ਖ਼ੂਹ 'ਤੇ ਬੈਠਾ, ਜੱਟ ਵਾਹਿਗੁਰੂ-ਵਾਹਿਗੁਰੂ ਕਰਦਾ ਹੈ। ਮੁੱਖ ਤੋਂ ਜੋ ਕਹਿੰਦਾ ਹੈ, ਸੱਚ ਹੋ ਜਾਂਦਾ ਹੈ। ਇਹ ਸੁਣ ਕੇ ਪੰਡਿਤ ਈਸ਼ਰ ਸਿੰਘ ਜੀ ਉਸ ਜੱਟ ਦੇ ਦਰਸ਼ਨ ਕਰਨ ਚੱਲੇ ਗਏ। ਤਾਂ ਆਪ ਨੇ ਜੱਟ ਨੂੰ ਮਿਲ ਕੇ ਜੋ ਸੁਣਿਆ ਸੀ, ਠੀਕ ਵੇਖਿਆ। ਪੰਡਿਤ ਜੀ ਜੱਟ ਨੂੰ ਕਹਿਣ ਲੱਗੇ ਕਿ ਭਾਈ! ਤੂੰ ਵਾਹਿਗੁਰੂ ਵਾਹਿਗੁਰੂ ਕਿਉਂ ਕਰਦਾ ਹੈਂ? ਜੱਟ ਨੇ ਕਿਹਾ ਕਿ ਮੇਰੇ ਮੁਰਸ਼ਦ ਨੇ ਇਹ ਦੱਸਿਆ ਸੀ, ਸੋ ਕਰੀ ਜਾਂਦਾ ਹਾਂ। ਮੈਨੂੰ ਕੀ ਪਤਾ ਹੈ ਕਿ ਮੈਂ ਕਿਉਂ ਕਰਦਾ ਹਾਂ। ਪੰਡਿਤ ਜੀ ਨੇ ਪੁੱਛਿਆ ਕਿ ਜੇ ਤੂੰ ਵਾਹਿਗੁਰੂ-ਵਾਹਿਗੁਰੂ ਕਰਨਾ ਛੱਡ ਦੇਵੇਂ ਤਾਂ ਕੀ ਹੋਵੇ? ਜੱਟ ਬਿਹਬਲ ਹੋ ਕੇ ਕਹਿਣ ਲੱਗਾ, ਜੇ ਮੈਂ ਵਾਹਿਗੁਰੂ ਵਾਹਿਗੁਰੂ ਕਰਨਾ ਛੱਡਾਂ ਤਾਂ ਮੈਂ ਮਰਦਾ ਹਾਂ। ਮੈਂ ਹੁਣ ਵਾਹਿਗੁਰੂ ਨਾਮ ਤੋਂ ਬਿਨਾਂ ਜੀ ਨਹੀਂ ਸਕਦਾ:

***ਮੇਰੇ ਪ੍ਰੀਤਮਾ ਹਉ ਜੀਵਾ ਨਾਮੁ ਧਿਆਇ॥***
***ਬਿਨੁ ਨਾਵੈ ਜੀਵਣੁ ਨਾ ਥੀਐ ਮੇਰੇ ਸਤਿਗੁਰ ਨਾਮੁ ਦ੍ਰਿੜਾਇ॥***

(ਅੰਗ ੪੦)

ਇਹ ਜਵਾਬ ਸੁਣ ਕੇ ਪੰਡਿਤ ਈਸ਼ਰ ਸਿੰਘ ਜੀ ਨੇ ਜੱਟ ਨੂੰ ਨਮਸ਼ਕਾਰ ਕੀਤੀ। ਵਾਹਿਗੁਰੂ ਨਾਮ ਜਪਣ ਵਾਲੇ ਦਾ ਇਉਂ ਨਾਮ ਜੀਵਨ ਆਧਾਰ ਬਣ ਜਾਂਦਾ ਹੈ:

***ਬ੍ਰਹਮ ਗਿਆਨੀ ਕੈ ਨਾਮੁ ਆਧਾਰੁ॥***

(ਸੁਖਮਨੀ ਸਾਹਿਬ)

ਟੋਡੀ ਮਹਲਾ ੫ ॥ ਰਸਨਾ ਗੁਣ ਗੋਪਾਲ ਨਿਧਿ ਗਾਇਣ ॥ ਸਾਂਤਿ ਸਹਜੁ ਰਹਸੁ ਮਨਿ ਉਪਜਿਓ ਸਗਲੇ ਦੂਖ ਪਲਾਇਣ ॥ ੧ ॥ ਰਹਾਉ ॥ ਜੋ ਮਾਗਹਿ ਸੋਈ ਸੋਈ ਪਾਵਹਿ ਸੇਵਿ ਹਰਿ ਕੇ ਚਰਣ ਰਸਾਇਣ ॥ ਜਨਮ ਮਰਣ ਦੁਹਹੂ ਤੇ ਛੂਟਹਿ ਭਵਜਲੁ ਜਗਤੁ ਤਰਾਇਣ ॥ ੧ ॥ ਖੋਜਤ ਖੋਜਤ ਤਤੁ ਬੀਚਾਰਿਓ ਦਾਸ ਗੋਵਿੰਦ ਪਰਾਇਣ ॥ ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ ॥ ੨ ॥ ੫ ॥ ੧੦ ॥

(ਅੰਗ ੭੧੩-੧੪)

## ਪਦ ਅਰਥ:

ਰਸਨਾ-ਜੀਭ (ਨਾਲ)। ਨਿਧਿ-ਖ਼ਜ਼ਾਨਾ, ਸੁੱਖਾਂ ਦਾ ਖ਼ਜ਼ਾਨਾ। ਸਹਜੁ-ਆਤਮਿਕ ਅਡੋਲਤਾ। ਰਹਸੁ-ਖ਼ੁਸ਼ੀ। ਮਨਿ-ਮਨ ਵਿਚ। ਪਲਾਇਣ-ਦੌੜ ਜਾਂਦੇ ਹਨ। ੧। ਰਹਾਉ।

ਮਾਗਹਿ-(ਜੀਵ) ਮੰਗਦੇ ਹਨ। ਸੇਵਿ-ਸੇਵ ਕੇ। ਰਸਾਇਣ-ਸਾਰੇ ਰਸਾਂ ਦਾ ਘਰ। ਤੇ-ਤੋਂ। ਛੂਟਹਿ-ਬਚ ਜਾਂਦੇ ਹਨ। ਭਵਜਲੁ-ਸੰਸਾਰ-ਸਮੁੰਦਰ। ੧।

ਤਤੁ-ਅਸਲੀਅਤ, ਅਸਲ, ਸਿੱਟਾ। ਪਰਾਇਣ-ਆਸਰੇ। ਅਬਿਨਾਸੀ ਖੇਮ-ਕਦੇ ਨਾਸ਼ ਨਾ ਹੋਣ ਵਾਲਾ ਸੁੱਖ। ਚਾਹਹਿ-ਤੂੰ ਚਾਹੁੰਦਾ ਹੈਂ। ੨।

## ਅਰਥ :

(ਹੇ ਭਾਈ! ਜਿਨ੍ਹਾਂ ਨੇ) ਰਸਨਾ ਨਾਲ ਪ੍ਰਭੂ ਦੇ (ਸ਼ੁਭ) ਗੁਣਾਂ ਦਾ ਗਾਇਨ ਕੀਤਾ ਹੈ, (ਉਨ੍ਹਾਂ ਦੇ ਮਨ ਵਿਚ ਆਤਮਿਕ) ਸ਼ਾਂਤੀ, ਗਿਆਨ (ਅਤੇ) ਅਨੰਦ ਪੈਦਾ ਹੋਇਆ ਹੈ, (ਉਨ੍ਹਾਂ ਦੇ) ਸਾਰੇ ਦੁੱਖ ਦੂਰ ਹੋ ਗਏ ਹਨ।੧। ਰਹਾਉ। (ਹੇ ਭਾਈ!) ਹਰੀ (ਪ੍ਰਭੂ ਦੇ) ਚਰਨ ਰਸਾਂ ਦਾ ਘਰ ਹਨ, (ਉਸ ਪ੍ਰਭੂ ਦੇ ਨਾਮ ਰੂਪ ਚਰਨਾਂ ਨੂੰ ਸੇਵਨ) ਵਾਲੇ ਸੇਵਕ ਜੋ (ਵਸਤੂ ਪ੍ਰਭੂ ਪਾਸੋਂ) ਮੰਗਦੇ ਹਨ, ਉਹ ਉਹੀ ਪਾ ਲੈਂਦੇ ਹਨ। (ਨਾਮ ਸਿਮਰਨ) ਸੰਸਾਰ ਸਮੁੰਦਰ ਤੋਂ ਤਾਰ ਦਿੰਦਾ ਹੈ। (ਪ੍ਰਭੂ ਪਿਆਰੇ ਨਾਮ ਜੱਪਣ ਵਾਲੇ) ਜੰਮਣ ਮਰਣ (ਭਾਵ ਆਵਾਗਉਣ ਤੋਂ) ਰਹਿਤ ਹੋ ਜਾਂਦੇ ਹਨ। ੧। ( ਹੇ ਭਾਈ!) ਅਸਾਂ ਨੇ ਖੋਜਦਿਆਂ ਖੋਜਦਿਆਂ (ਇਹ ਤੱਤ (ਨਿਚੋੜ) ਕੱਢਿਆ ਹੈ ਕਿ (ਪ੍ਰਭੂ ਦੇ) ਸੇਵਕ ਉਸ ਪ੍ਰਮਾਤਮਾ ਦੇ ਆਸਰੇ ਹੀ (ਸਦਾ) ਰਹਿੰਦੇ ਹਨ। (ਇਸ ਲਈ) ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਹੇ ਭਾਈ!) ਜੇ ਤੂੰ ਨਾਸ਼ ਤੋਂ ਰਹਿਤ ਆਤਮਿਕ ਸੁੱਖ ਪ੍ਰਾਪਤ ਕਰਨਾ ਚਾਹੁੰਦਾ ਹੈਂ, ਤਾਂ ਸਦਾ ਹੀ ਪਰਮਾਤਮਾ ਦਾ ਸਿਮਰਨ ਕਰ (ਭਾਵ ਉਸ ਦੀ ਸਿਫ਼ਤ ਸਲਾਹ ਕਰ। ੨। ੫। ੧੦।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧੧੮ (ਅੰਗ ੭੧੬)

ਟੋਡੀ ਮਹਲਾ ੫ ਘਰੁ ੫ ਦੁਪਦੇ ੧ੴ ਸਤਿਗੁਰ ਪ੍ਰਸਾਦਿ ॥ ਐਸੋ ਗੁਨੁ ਮੇਰੋ ਪ੍ਰਭ ਜੀ ਕੀਨ ॥ ਪੰਚ ਦੋਖ ਅਰੁ ਅਹੰ ਰੋਗ ਇਹ ਤਨ ਤੇ ਸਗਲ ਦੂਰਿ ਕੀਨ ॥ ਰਹਾਉ ॥ ਬੰਧਨ ਤੋਰਿ ਛੋਰਿ ਬਿਖਿਆ ਤੇ ਗੁਰ ਕੋ ਸਬਦੁ ਮੇਰੈ ਹੀਅਰੈ ਦੀਨ ॥ ਰੂਪੁ ਅਨਰੂਪੁ ਮੋਰੋ ਕਛੁ ਨ ਬੀਚਾਰਿਓ ਪ੍ਰੇਮ ਗਹਿਓ ਮੋਹਿ ਹਰਿ ਰੰਗ ਭੀਨ ॥ ੧ ॥ ਪੇਖਿਓ ਲਾਲਨੁ ਪਾਟ ਬੀਚ ਖੋਏ ਅਨਦ ਚਿਤਾ ਹਰਖੇ ਪਤੀਨ ॥ ਤਿਸ ਹੀ ਕੋ ਗ੍ਰਿਹੁ ਸੋਈ ਪ੍ਰਭੁ ਨਾਨਕ ਸੋ ਠਾਕੁਰੁ ਤਿਸ ਹੀ ਕੋ ਧੀਨ ॥ ੨ ॥ ੧ ॥ ੨੦ ॥

# ਪ੍ਰਾਕ੍ਥਨ :-

ਇਹ ਪਾਵਨ ਸ਼ਬਦ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਟੋਡੀ ਰਾਗ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਦੇ ਆਰੰਭ ਅੰਦਰ ਗੁਰਦੇਵ ਨੇ ਉਸ ਪ੍ਰਭੂ ਦੇ ਪਰਉਪਕਾਰ ਦਾ ਜ਼ਿਕਰ ਕੀਤਾ ਹੈ ਕਿ ਹੇ ਭਾਈ! ਉਸ ਵਾਹਿਗੁਰੂ ਨੇ ਮੇਰੇ ਉੱਤੇ ਐਸਾ ਪਰਉਪਕਾਰ ਕੀਤਾ ਹੈ, ਜੋ ਬਖ਼ਸ਼ਿਸ਼ ਕਰਕੇ ਪੰਜੇ ਦੋਖ ਅਤੇ ਹਉਮੈ ਦਾ ਦੀਰਘ ਰੋਗ ਮੇਰੇ ਤਨ ਤੋਂ ਇਹ ਸਾਰਾ ਕੁਝ ਦੂਰ ਕਰ ਦਿੱਤਾ ਹੈ। ਇਹ ਉਸ ਵਾਹਿਗੁਰੂ ਜੀ ਦਾ ਮੇਰੇ 'ਤੇ ਬਹੁਤ ਵੱਡਾ ਪਰਉਪਕਾਰ ਹੈ।

## ਵਿਸ਼ਾ—ਪੰਜੇ ਰੋਗ ਅਸਾਧ ਨਿਵਾਰੇ

ਇਸ ਪਾਵਨ ਸ਼ਬਦ ਦੇ ਆਰੰਭ ਅੰਦਰ ਪਹਿਲੀ ਇਸ ਪੰਕਤੀ "ਐਸੋ ਗੁਨੁ ਮੇਰੋ ਪ੍ਰਭਿ ਜੀ ਕੀਨ॥ ਪੰਚ ਦੋਖ ਅਰੁ ਅਹੰ ਰੋਗ ਇਹ ਤਨਿ ਤੇ ਸਗਲ ਦੂਰਿ ਕੀਨ॥" ਅੰਦਰ ਗੁਰਦੇਵ ਨੇ ਪ੍ਰਭੂ ਦੇ ਪਰਉਪਕਾਰ ਦਾ ਜ਼ਿਕਰ ਕੀਤਾ ਹੈ। ਕਿਉਂਕਿ ਵਿਦਵਾਨਾਂ ਨੇ ਇਸ ਪੰਕਤੀ ਅੰਦਰ ਜੋ 'ਗੁਨੁ' ਸ਼ਬਦ ਆਇਆ ਹੈ, ਇਸ ਦਾ ਅਰਥ ਪਰਉਪਕਾਰ ਕੀਤਾ ਹੈ। ਪਰਉਪਕਾਰ ਭੀ ਕਈ ਤਰ੍ਹਾਂ ਦਾ ਹੁੰਦਾ ਹੈ। ਪਰ ਇਥੇ ਪੰਜੇ ਦੋਸ਼ਾਂ ਅਤੇ ਹੰਕਾਰ ਰੂਪੀ ਦੀਰਘ ਰੋਗ ਦੂਰ ਕਰਨ ਦਾ ਪਰਉਪਕਾਰ ਪ੍ਰਭੂ ਨੇ ਕੀਤਾ ਹੈ। ਪਰਉਪਕਾਰ ਸ਼ਬਦ ਦੋ ਅੱਖਰਾਂ-ਪਰ ਅਤੇ ਉਪਕਾਰ ਦਾ ਸੁਮੇਲ ਹੈ। ਪਰ ਦਾ ਅਰਥ ਹੈ ਦੂਜਾ, ਅਤੇ ਉਪਕਾਰ ਤੋਂ ਭਾਵ ਹੈ ਭਲਾਈ, ਨੇਕੀ, ਸਹਾਇਤਾ, ਮਿਹਰਬਾਨੀ ਆਦਿ। ਬਿਨਾਂ ਕਿਸੀ ਸੁਆਰਥ ਦੇ ਗ਼ਰੀਬਾਂ, ਅਨਾਥਾਂ ਜਾਂ ਲੋੜਵੰਦਾਂ ਆਦਿ ਦੂਜਿਆਂ ਦੇ ਕੰਮ ਆਉਣਾ ਅਤੇ ਬਿਨਾਂ ਕਿਸੇ ਭਿੰਨ-ਭੇਦ ਦੇ ਉਨ੍ਹਾਂ ਦਾ ਭਲਾ ਜਾਂ ਸਹਾਇਤਾ ਕਰਨੀ ਪਰਉਪਕਾਰ ਹੈ। ਭੁੱਲੇ, ਭਟਕੇ ਅਤੇ ਕੁਰਾਹੇ ਪਏ ਹੋਇਆਂ ਨੂੰ ਸੱਚ ਦੇ ਮਾਰਗ 'ਤੇ ਚੱਲਣ ਲਈ ਪ੍ਰੇਰਨਾ, ਉਨ੍ਹਾਂ 'ਤੇ ਬਹੁਤ ਵੱਡਾ ਉਪਕਾਰ ਕਰਨ ਦੇ ਤੁੱਲ ਹੈ। ਅਨਾਥਾਂ ਲੋੜਵੰਦਾਂ ਅਤੇ ਕੁਰਾਹੇ ਪਿਆਂ ਨੂੰ ਸੱਚ ਦੀ ਪ੍ਰੇਰਨਾ ਕਰਨ ਵਾਲੇ ਐਸੇ ਪਰਉਪਕਾਰੀ ਤਾਂ ਪ੍ਰਮੇਸ਼ਰ ਦੇ ਪਿਆਰੇ ਸਾਧੂ, ਸੰਤ ਜਨ, ਗੁਰਮੁਖਿ, ਗੁਰਸਿੱਖ ਜੋ ਜੀਆਂ 'ਤੇ ਪਰਉਪਕਾਰ ਕਰਕੇ ਲੋੜਵੰਦਾਂ ਦੀ ਸਹਾਇਤਾ ਤੇ ਕੁਰਾਹੇ ਪਿਆਂ ਨੂੰ ਸੱਚੇ ਭਾਉ ਭਗਤੀ ਦੇ ਮਾਰਗ ਵੱਲ ਪ੍ਰੇਰਨਾ ਕਰਦੇ ਹਨ, ਐਸੇ ਪਰਉਪਕਾਰੀਆਂ ਨੂੰ ਗੁਰੂ ਰਾਮਦਾਸ ਜੀ ਨੇ ਧੰਨਤਾ ਯੋਗ ਕਿਹਾ ਹੈ:

***ਓਇ ਪੁਰਖ ਪ੍ਰਾਣੀ ਧੰਨਿ ਜਨ ਹਹਿ ਉਪਦੇਸੁ ਕਰਹਿ ਪਰਉਪਕਾਰਿਆ॥***

(ਅੰਗ ੩੧੧)

ਗੁਰਦੇਵ ਨੇ ਉੱਤਮ ਵਿਦਿਆ ਦੇ ਵਿਚਾਰਵਾਨ ਨੂੰ ਵੀ ਪਰਉਪਕਾਰੀ ਕਿਹਾ ਹੈ। ਕਿਉਂਕਿ ਵਿਦਿਆ ਇਕ ਅਮੋਲਕ ਧਨ ਹੈ, ਜਿਸ ਨਾਲ ਮਨੁੱਖ ਅੰਦਰੋਂ ਅਗਿਆਨਤਾ ਦਾ ਹਨੇਰਾ ਦੂਰ ਹੁੰਦਾ ਹੈ। ਵਿਦਿਆ ਗ੍ਰਹਿਣ ਕਰਨ ਨਾਲ ਜਿਨ੍ਹਾਂ ਦੇ ਅੰਦਰ ਗਿਆਨ ਦਾ ਪ੍ਰਕਾਸ਼ ਹੋਇਆ ਹੈ, ਉਹ ਪਰਉਪਕਾਰੀ ਹਨ, ਕਿਉਂਕਿ ਪਰਉਪਕਾਰੀ ਦਾ ਕੰਮ ਹੀ ਗਿਆਨ ਪ੍ਰਾਪਤ ਕਰਕੇ ਦੂਜਿਆਂ ਵਿਚ ਵੰਡਣਾ ਹੈ:

***ਵਿਦਿਆ ਵੀਚਾਰੀ ਤਾਂ ਪਰਉਪਕਾਰੀ॥*** (ਅੰਗ ੩੫੬)

ਇਸੇ ਤਰ੍ਹਾਂ ਜੋ ਪ੍ਰਭੂ ਦੇ ਸੇਵਕ ਜਨ ਹੋਰਨਾਂ ਨੂੰ ਪ੍ਰਮਾਤਮਾ ਦੇ ਨਾਮ ਨੂੰ ਮਨ ਵਿਚ ਵਸਾਉਣ ਲਈ ਪ੍ਰੇਰਦੇ ਹਨ, ਜਿਸ ਨਾਮ ਨੂੰ ਜੱਪਣ ਨਾਲ ਸਾਰੇ ਔਗੁਣ ਦੂਰ ਹੋ ਜਾਂਦੇ ਹਨ, ਤਾਂ ਇਹ ਵੀ ਇਕ ਪਰਉਪਕਾਰ ਹੈ। ਐਸੇ ਪਰਉਪਕਾਰੀ ਨੂੰ ਸੱਜਣ, ਸੰਬੰਧੀ ਤੇ ਸ੍ਰੇਸ਼ਟ ਮਿੱਤਰ ਸ਼ਬਦ ਨਾਲ ਗੁਰਦੇਵ ਨੇ ਸਤਿਕਾਰ ਦਿੱਤਾ ਹੈ :

***ਸਾਜਨੁ ਬੰਧੁ ਸੁਮਿਤ੍ਰੁ ਸੋ ਹਰਿ ਨਾਮੁ ਹਿਰਦੈ ਦੇਇ॥***
***ਅਉਗਣ ਸਭਿ ਮਿਟਾਇ ਕੈ ਪਰਉਪਕਾਰੁ ਕਰੇਇ॥***

(ਅੰਗ ੨੧੮)

***ਅਥਵਾ: ਸੰਤਨ ਸੰਤ ਸਾਧ ਮਿਲਿ ਰਹੀਐ ਗੁਣ ਬੋਲਹਿ ਪਰਉਪਕਾਰੇ॥***
***ਸੰਤੈ ਸੰਤੁ ਮਿਲੈ ਮਨੁ ਬਿਗਸੈ ਜਿਉ ਜਲ ਮਿਲਿ ਕਮਲ ਸਵਾਰੇ॥***

(ਅੰਗ ੯੮੩)

ਐਸੇ ਪਰਉਪਕਾਰੀ ਗੁਰਮਖਿ ਜਨ ਜੰਮਣ ਮਰਣ ਤੋਂ ਰਹਿਤ ਹਨ। ਉਹ ਦੂਸਰਿਆਂ ਦਾ ਭਲਾ ਕਰਨ ਵਾਸਤੇ ਹੀ ਸੰਸਾਰ ਅੰਦਰ ਆਉਂਦੇ ਹਨ। ਉਹਨਾਂ ਬ੍ਰਹਮ ਗਿਆਨੀਆਂ ਦੇ ਮਨ ਅੰਦਰ ਜੀਆਂ 'ਤੇ ਪਰਉਪਕਾਰ ਕਰਨ ਦਾ ਹਮੇਸ਼ਾ ਉਤਸ਼ਾਹ ਬਣਿਆ ਰਹਿੰਦਾ ਹੈ :

***ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥***
***ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥***

(ਅੰਗ ੭੪੯)

ਅਥਵਾ :

***ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ॥***
***ਬ੍ਰਹਮ ਗਿਆਨੀ ਪਰਉਪਕਾਰ ਉਮਾਹਾ॥***

(ਅੰਗ ੨੭੩)

ਪਰ ਜਿਸ ਪਰਉਪਕਾਰ ਦਾ ਜ਼ਿਕਰ ਗੁਰਦੇਵ ਨੇ ਇਸ ਸ੍ਰੀ ਮੁਖਵਾਕ ਦੇ ਆਰੰਭ ਵਿਚ ਕੀਤਾ ਹੈ, ਪੰਜ ਦੋਸ਼ ਆਦਿ ਤੇ ਹੰਕਾਰ ਆਦਿ ਵਿਕਾਰਾਂ ਨੂੰ ਮੇਟਣ ਦਾ ਇਹ ਪਰਉਪਕਾਰ ਮਨੁੱਖ ਤੇ ਗੁਰੂ ਪ੍ਰਮੇਸ਼ਰ ਹੀ ਕਰ ਸਕਦਾ ਹੈ। ਐਸਾ ਪਰਉਪਕਾਰੀ ਪਰਮਾਤਮਾ ਆਪ ਹੈ :

***ਪਰਉਪਕਾਰੀ ਸਰਬ ਸਧਾਰੀ ਸਫਲ ਦਰਸਨ ਸਹਜਾਇਆ॥***
***ਕਹੁ ਨਾਨਕ ਨਿਰਗੁਣ ਕਉ ਦਾਤਾ ਚਰਣ ਕਮਲ ਉਰ ਧਰਿਆ॥***

(ਅੰਗ ੫੩੩)

ਜਾਂ ਫਿਰ ਪੂਰਨ ਗੁਰੂ ਪਰਉਪਕਾਰੀ ਹੈ, ਜੋ ਸੇਵਕ ਦੇ ਕਾਮ, ਕ੍ਰੋਧ, ਲੋਭ, ਜਿੰਨ੍ਹਾਂ ਵਿਚ ਇਸ ਦਾ

ਮਨ ਲੀਨ ਹੋਇਆ ਹੋਇਆ ਹੈ, ਸਮਰੱਥ ਗੁਰੂ ਇਹਨਾਂ ਵੇਕਾਰਾਂ ਦੇ ਬੰਧਨ ਕੱਟ ਕੇ ਸੇਵਕ ਨੂੰ ਮੁਕਤਿ ਕਰ ਦਿੰਦੇ ਹਨ:

***ਕਾਮਿ ਕ੍ਰੋਧਿ ਲੋਭਿ ਮੋਹਿ ਮਨੁ ਲੀਨਾ॥ਬੰਧਨ ਕਾਟਿ ਮੁਕਤਿ ਗੁਰਿ ਕੀਨਾ॥***

(ਅੰਗ ੮੦੪)

ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਜਿਹੜਾ ਵੈਦ ਆਪ ਰੋਗੀ ਹੈ, ਉਹ ਦੂਜਿਆਂ ਦਾ ਰੋਗ ਕਿਸ ਤਰ੍ਹਾਂ ਮੇਟ ਸਕਦਾ ਹੈ। ਇਸ ਤਰ੍ਹਾਂ ਪਾਖੰਡੀ ਗੁਰੂ ਆਪ ਵਿਕਾਰਾਂ ਰੂਪ ਰੋਗਾਂ ਵਿਚ ਗ੍ਰਸੇ ਹੋਏ ਹਨ, ਉਹ ਦੂਸਰੇ ਦੇ ਵਿਕਾਰਾਂ ਰੂਪੀ ਰੋਗ ਕਿਵੇਂ ਮੇਟ ਸਕਦੇ ਹਨ:

***ਸਤਿਗੁਰੁ ਵੈਦੁ ਨ ਸੇਵਿਓ ਰੋਗੀ ਵੈਦੁ ਨ ਰੋਗੁ ਮਿਟਾਵੈ।***
***ਕਾਮ ਕ੍ਰੋਧੁ ਵਿਚਿ ਲੋਭੁ ਮੋਹੁ ਦੁਬਿਧਾ ਕਰਿ ਕਰਿ ਧ੍ਰੋਹੁ ਵਧਾਵੈ।***
***ਆਧਿ ਬਿਆਧਿ ਉਪਾਧਿ ਵਿਚਿ ਮਰਿ ਮਰਿ ਜੰਮੈ ਦੁਖਿ ਵਿਹਾਵੇ।***
***ਆਵੈ ਜਾਇ ਭਵਾਈਐ ਭਵਜਲ ਅੰਦਰਿ ਪਾਰੁ ਨ ਪਾਵੈ।***
***ਆਸਾ ਮਨਸਾ ਮੋਹਣੀ ਤਾਮਸੁ ਤਿਸਨਾ ਸਾਂਤਿ ਨਾ ਆਵੈ।***
***ਬਲਦੀ ਅੰਦਰਿ ਤੇਲੁ ਪਾਇ ਕਿਉ ਮਨੁ ਮੂਰਖੁ ਅਗਿ ਬੁਝਾਵੈ।***
***ਗੁਰੁ ਪੂਰੇ ਵਿਣੁ ਕਉਣੁ ਛਡਾਵੈ॥੯॥***

(ਵਾਰ ੧੫, ਪਉੜੀ ੯)

ਇਸ ਕਰਕੇ ਪੂਰਾ ਵੈਦ ਤਾਂ ਸਤਿਗੁਰੂ ਹੀ ਹੈ, ਜੋ ਸੇਵਕ ਦੇ ਪੰਜੇ ਅਸਾਧ ਰੋਗ ਦੂਰ ਕਰਨ ਨੂੰ ਸਮਰੱਥ ਹੈ। ਜਿਸ ਵੈਦ ਰੂਪ ਪੂਰਨ ਗੁਰੂ ਨੇ ਅਣਗਿਣਤ ਹੀ ਨਿੰਦਕ, ਦੋਖੀ, ਬੇਮੁਖ ਜੀਆਂ ਨੂੰ ਤਾਰ ਕੇ ਇਹਨਾਂ 'ਤੇ ਵੱਡਾ ਪਰਉਪਕਾਰ ਕੀਤਾ ਹੈ, ਐਸੇ ਉਪਕਾਰੀ ਗੁਣੀ ਨਿਧਾਨ ਔਗੁਣ ਬਖ਼ਸ਼ਣਹਾਰ ਪਰਉਪਕਾਰੀ ਗੁਰੂ ਦੀ ਸਿਫ਼ਤ ਭਾਈ ਸਾਹਿਬ ਜੀ ਨੇ ਇਉਂ ਕੀਤੀ:

***ਸਤਿਗੁਰ ਗੁਣੀ ਨਿਧਾਨੁ ਹੈ ਗੁਣ ਕਰਿ ਬਖਸੈ ਅਵਗੁਣਿਆਰੇ।***
***ਸਤਿਗੁਰੁ ਪੂਰਾ ਵੈਦੁ ਹੈ ਪੰਜੇ ਰੋਗ ਅਸਾਧ ਨਿਵਾਰੇ।***
***ਸੁਖ ਸਾਗਰੁ ਗੁਰੁਦੇਉ ਹੈ ਸੁਖ ਦੇ ਮੇਲਿ ਲਏ ਦੁਖਿਆਰੇ।***
***ਗੁਰ ਪੂਰਾ ਨਿਰਵੈਰੁ ਹੈ ਨਿੰਦਕ ਦੋਖੀ ਬੇਮੁਖ ਤਾਰੇ।***
***ਗੁਰੁ ਪੂਰਾ ਨਿਰਭਉ ਸਦਾ ਜਨਮ ਮਰਣ ਜਮ ਡਰੈ ਉਤਾਰੇ।***
***ਸਤਿਗੁਰੁ ਪੁਰਖੁ ਸੁਜਾਣੁ ਹੈ ਵਡੇ ਅਜਾਣ ਮੁਗਧ ਨਿਸਤਾਰੇ।***
***ਸਤਿਗੁਰੁ ਆਗੂ ਜਾਣੀਐ ਬਾਹ ਪਕੜਿ ਅੰਧਲੇ ਉਧਾਰੇ।***
***ਮਾਣੁ ਨਿਮਾਣੇ ਸਦ ਬਲਿਹਾਰੇ॥੧੯॥*** (ਵਾਰ ੨੬, ਪਉੜੀ ੧੯)

ਅਥਵਾ :

***ਕੋਟਨਿ ਕੋਟਾਨਿ ਮਿਸਟਾਨ ਪਾਨ ਸੁਧਾ ਰਸ, ਪੁਜਸਿ ਨ ਸਾਧ ਮੁਖ ਮਧੁਰ ਬਚਨ ਕਉ।***
***ਸੀਤਲ ਸੁਗੰਧ ਚੰਦ ਚੰਦਨ ਕੋਟਾਨਿ ਕੋਟਿ, ਪੁਜਸਿ ਨ ਸਾਧ ਮਤਿ ਨਿੰਮ੍ਰਤਾ ਸਚਨ ਕਉ।***
***ਕੋਟਨਿ ਕੋਟਾਨਿ ਕਾਮਧੇਨ ਅਉ ਕਲਪਤਰ, ਪੁਜਸਿ ਨ ਕਿੰਚਤ ਕਟਾਛ ਕੇ ਰਚਨ ਕਉ।***
***ਸਰਬ ਨਿਧਾਨ ਫਲ ਸਕਲ ਕੋਟਾਨਿ ਕੋਟਿ, ਪੁਜਸਿ ਨ ਪਰਉਪਕਾਰ ਕੇ ਖਚਨ ਕਉ ॥੧੩੦॥***

(ਕਬਿੱਤ ਸਵੱਯੇ ਭਾ: ਗੁਰਦਾਸ ਜੀ)

ਪਰਉਪਕਾਰ ਦੇ ਸਬੰਧ ਵਿਚ ਗੁਰਇਤਿਹਾਸ ਅੰਦਰ ਇਸ ਤਰ੍ਹਾਂ ਜ਼ਿਕਰ ਆਇਆ ਹੈ :

***"ਸਾਰ ਮਹਾ ਸਿਮਰਨਿ ਸਤਿ ਨਾਮੁ ਕਾਰ ਮਹਾ ਕਰਿਬੇ ਉਪਾਕਾਰ।***
***ਇਨ ਦੋਨਹੁ ਬਿਨ ਮਾਨੁਖ ਤਨ ਧਿਕ ਸਮੋ ਬਿਤਾਵਹਿ ਲਖਹਿ ਨ ਸਾਰ।***
***ਪੂਛ ਸੀਂਗ ਬਿਨ ਪਸ਼ੂ ਜਨਮ ਤਿਨ ਆਏ ਬਾਦ ਬੀਚ ਸੰਸਾਰ।***
***ਅੰਤ ਸਮੇ ਜਮਦੂਤ ਗਹੈ, ਦਿਢਜ਼ੂਰਤਿ ਗਮਨਹਿ ਦ੍ਵੈ ਕਰ ਝਾਰਿ॥ ੨੨॥***
***ਪੁੰਨ,ਦਾਨ, ਤਪ, ਮਖ, ਕੋ ਕਰਿਬੋ ਹੋਤਿ ਨ ਪਰਉਪਕਾਰ ਸਮਾਨ॥***
***ਕਲਮਲ ਕਰਨਿ ਅਨੇਕਨਿ ਰੀਤੀ ਕ੍ਰਿਤ ਘਨ ਕੇ ਸਮ ਕੋਇ ਨ ਜਾਨਿ॥***

(ਕਵਿ ਸੰਤੋਖ ਸਿੰਘ ਸੂ: ਪ੍ਰ : ਗ੍ਰੰ:, ਰਾਸਿ ੩, ਅੰਸੂ ੪੫)

***ਅਥਵਾ: ਆਇਆ ਤਾ ਕਾ ਸਫਲ ਹੈ ਪਰਉਪਕਾਰੀ ਹੋਇ॥***
***ਦੂਖ ਸਹੈ ਸਿਰ ਆਪੁਨੇ ਸੁਖਦਾਈ ਸਭਿ ਕੋਇ॥ ੧॥***

(ਸਰਬ ਲੋਹ ਪ੍ਰਕਾਸ਼)

## ਸਾਖੀ—ਵਜ਼ੀਰ ਖ਼ਾਨ ਦੀ

ਸ਼ੇਖ਼ ਅਬਦੁਲ ਲਤੀਫ਼ ਦਾ ਪੁੱਤਰ ਹਕੀਮ ਆਲਮੁੱਦੀਨ ਜਿਸ ਦਾ ਪ੍ਰਸਿੱਧ ਨਾਉਂ ਵਜ਼ੀਰ ਖ਼ਾਨ ਸੀ। ਇਹ ਚਿਨੌਟ ਦਾ ਵਸਨੀਕ ਸੀ। ਬਾਦਸ਼ਾਹ ਜਹਾਂਗੀਰ ਅਤੇ ਸ਼ਾਹਜਹਾਂ ਦਾ ਇਤਬਾਰੀ ਅਹਿਲਕਾਰ ਸੀ ਅਤੇ ਇਹ ਇਕ ਤਕੜਾ ਹਕੀਮ ਵੀ ਸੀ, ਕਿਉਂਕਿ ਇਸ ਨੇ ਇਕ ਪ੍ਰਸਿੱਧ ਹਕੀਮ ਕੋਲੋਂ ਹਕੀਮੀ ਦੀ ਵਿਦਿਆ ਸਿੱਖੀ ਸੀ। ਜਦ ਵਜ਼ੀਰ ਖ਼ਾਂ ੨੦ ਸਾਲਾਂ ਦੇ ਹੋਏ ਤਾਂ, ਇਹ ਲਾਹੌਰ ਆਏ। ਇਸ ਸਮੇਂ ਲਾਹੌਰ ਸ਼ਹਿਰ ਵਿਚ ਦੁੱਖੀਆਂ ਦੇ ਦਰਦ ਵੰਡਾਉਣ ਲਈ ਗੁਰੂ ਅਰਜਨ ਦੇਵ ਜੀ ਵੀ ਆਏ ਹੋਇ ਸਨ। ਗੁਰਦੇਵ ਨੇ ਸ਼ਹਿਰ ਅਤੇ ਪਿੰਡਾਂ ਵਿਚ ਫਿਰ ਕੇ ਬੇਅੰਤ ਦੁੱਖੀਆਂ ਦੇ ਦੁੱਖ ਦੂਰ ਕੀਤੇ। ਇਸ ਸਮੇਂ ਵਜ਼ੀਰ ਖ਼ਾਂ ਨੇ ਗੁਰਦੇਵ ਦੇ ਦਰਸ਼ਨ ਕੀਤੇ ਸਨ। ਪਰ ਕੁਝ ਸਮੇਂ ਪਿੱਛੋਂ ਸੰਨ ੧੬੦੫ ਈ: ਵਿਚ ਇਸ ਵਜ਼ੀਰ ਖ਼ਾਂ ਨੂੰ ਜਲੋਧਰ ਦੇ ਰੋਗ ਨੇ ਗ੍ਰਸਿ ਲਿਆ। ਇਸ ਰੋਗ ਨੇ ਇਸ ਨੂੰ ਬਹੁਤ ਤੰਗ ਕੀਤਾ। ਵਜ਼ੀਰ ਖ਼ਾਂ ਭਾਵੇਂ ਆਪ ਤਕੜਾ ਹਕੀਮ ਸੀ, ਇਸ ਦੀ ਆਪਣੀ ਹਕੀਮੀ ਅਤੇ ਇਸਦੇ ਹੋਰ ਕੀਤੇ ਹੋਏ ਦਾਰੂ-ਦੁੱਪੇ, ਸਾਰੇ ਨਿਸਫਲ ਚੱਲੇ ਗਏ। ਇਸ ਦੁੱਖ ਦੇ ਸਮੇਂ

ਵਿਚ ਇਹ ਆਪਣਾ ਇਲਾਜ ਕਰਕੇ ਹੰਭ ਗਿਆ। ਇਸ ਦਾ ਜਲੋਧਰ ਦਾ ਰੋਗ ਕਿਤੋਂ ਵੀ ਠੀਕ ਨਾ ਹੋਇਆ। ਇਕ ਦਿਨ ਇਸ ਰੋਗ ਨਾਲ ਇਹ ਤੜਫ ਰਿਹਾ ਸੀ ਕਿ ਇਕ ਗੁਰਸਿੱਖ ਉੱਚੀ-ਉੱਚੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਦਾ, ਇਸ ਦੇ ਕੋਲ ਦੀ ਲੰਘਿਆ। ਸੁੱਖਾਂ ਦੇ ਦੇਣ ਵਾਲੀ ਪਾਵਨ ਬਾਣੀ ਦੀ ਵਜ਼ੀਰ ਖ਼ਾਂ ਦੇ ਕੰਨਾਂ ਵਿਚ ਆਵਾਜ਼ ਜਿਸ ਵੇਲੇ ਪਈ, ਤਾਂ ਇਸ ਨੂੰ ਰੋਗ ਤੋਂ ਕੁਝ ਸੁੱਖ ਮਿਲਿਆ। ਇਸ ਨੇ ਸਿੱਖ ਪਾਸੋਂ ਬਾਣੀ ਬਾਰੇ ਪੁੱਛਿਆ, ਤਾਂ ਸਿੱਖ ਨੇ ਦੱਸਿਆ, ਕਿ ਇਹ ਸ੍ਰੀ ਸੁਖਮਨੀ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਉਚਾਰਨ ਕੀਤੀ ਪਾਵਨ ਬਾਣੀ ਹੈ। ਇਸ ਸਮੇਂ ਗੁਰੂ ਅਰਜਨ ਦੇਵ ਜੀ ਅੰਮ੍ਰਿਤਸਰ ਵਿਚ ਜਗਤ ਜੀਆਂ ਨੂੰ ਤਾਰ ਰਹੇ ਹਨ। ਉਸ ਸਮੇਂ ਸਿੱਖ ਪਾਸੋਂ ਗੁਰੂ ਜੀ ਦਾ ਨਾਮ ਸੁਣ ਕੇ ਵਜ਼ੀਰ ਖ਼ਾਂ ਪਾਲਕੀ ਵਿਚ ਬੈਠ ਕੇ ਅੰਮ੍ਰਿਤਸਰ ਆ ਪਹੁੰਚਿਆ। ਗੁਰੂ ਜੀ ਇਸ ਸਮੇਂ ਦੁਖਭੰਜਨੀ ਬੇਰੀ ਪਾਸ ਥੜੇ ਉੱਪਰ ਬੈਠੇ ਅੰਮ੍ਰਿਤ ਸਰੋਵਰ ਦੀ ਸੇਵਾ ਕਰਾ ਰਹੇ ਸਨ। ਵਜ਼ੀਰ ਖ਼ਾਂ ਨੂੰ ਤੜਫਦੇ ਨੂੰ ਥੱਲੇ ਗੁਰੂ ਜੀ ਦੇ ਚਰਨਾਂ 'ਤੇ ਲਿਟਾ ਦਿੱਤਾ। ਵਜ਼ੀਰ ਖ਼ਾਂ ਨੇ ਘਿਘਿਆ ਕੇ ਹੱਥ ਜੋੜ ਕੇ ਗੁਰੂ ਜੀ ਨੂੰ ਬੇਨਤੀ ਕੀਤੀ, ਮਹਾਰਾਜ ! ਮੈਂ ਬਹੁਤ ਦੁੱਖੀ ਹਾਂ। ਜਲੋਧਰ ਦੇ ਰੋਗ ਨੇ ਮੈਨੂੰ ਐਸਾ ਗ੍ਰਸਿਆ ਹੈ। ਸਾਰੇ ਉਪਾਅ ਕੀਤੇ ਅਤੇ ਦਵਾਈਆਂ ਸਭ ਫੇਲ੍ਹ ਹੋ ਗਈਆਂ ਹਨ। ਇਕ ਸਿੱਖ ਪਾਸੋਂ ਸੁਖਮਨੀ ਸਾਹਿਬ ਸੁਣ ਕੇ ਕੁਝ ਮਨ ਅੰਦਰ ਠੰਢ ਵਰਤੀ ਸੀ। ਉਸ ਪਾਸੋਂ ਆਪ ਜੀ ਦਾ ਪਤਾ ਸੁਣ ਕੇ ਆਪ ਦੀ ਸ਼ਰਨ ਵਿਚ ਆ ਪਿਆ ਹਾਂ। ਹੁਣ ਆਪ ਕਿਰਪਾ ਕਰੋ, ਭਾਵੇਂ ਮਾਰੋ ਭਾਵੇਂ ਰੱਖ ਲਵੋ, ਮੇਰਾ ਹੋਰ ਕਿਤੇ ਇਲਾਜ ਨਹੀਂ। ਮੈਂ ਤੁਹਾਡਾ ਹੋ ਚੁੱਕਾ ਹਾਂ। ਬਾਬਾ ਬੁੱਢਾ ਜੀ ਵੀ ਇਸ ਸਮੇਂ ਗੁਰੂ ਜੀ ਦੇ ਪਾਸ ਹੀ ਸਰੋਵਰ ਵਿਚੋਂ ਕਾਰ ਕਢਾ ਰਹੇ ਸਨ। ਹਜ਼ੂਰ ਨੇ ਬਾਬਾ ਜੀ ਨੂੰ ਆਵਾਜ਼ ਦੇ ਕੇ ਕਿਹਾ ਕਿ ਵਜ਼ੀਰ ਖ਼ਾਨ ਉੱਤੇ ਆਪ ਕ੍ਰਿਪਾ ਕਰੋ। ਬਾਬਾ ਜੀ ਚੁੱਪ ਰਹੇ। ਗੁਰਦੇਵ ਨੇ ਦੂਸਰੀ ਵਾਰ ਫਿਰ ਕਿਹਾ ਕਿ ਵਜ਼ੀਰ ਖ਼ਾਂ 'ਤੇ ਆਪ ਕਿਰਪਾ ਕਰੋ। ਬਾਬਾ ਜੀ ਮੁਸਕਰਾ ਕੇ ਫਿਰ ਚੁੱਪ ਰਹੇ। ਗੁਰੂ ਅਰਜਨ ਦੇਵ ਜੀ ਨੇ ਤੀਜੀ ਵਾਰ ਕਿਹਾ ਕਿ, ਬਾਬਾ ਬੁੱਢਾ ਜੀ ! ਆਪ ਤਰਸ ਕਰਕੇ ਵਜ਼ੀਰ ਖ਼ਾਂ 'ਤੇ ਕਿਰਪਾ ਕਰੋ। ਉਸ ਸਮੇਂ ਬਾਬਾ ਬੁੱਢਾ ਜੀ ਨੇ ਕਾਰ ਦੀ ਭਰੀ ਹੋਈ ਟੋਕਰੀ ਵਜ਼ੀਰ ਖ਼ਾਨ ਦੇ ਪੇਟ ਉੱਤੇ ਮਾਰੀ ਤਾਂ ਸਾਰਾ ਪੇਟ ਸਾਫ਼ ਹੋ ਗਿਆ। ਗੁਰਦੇਵ ਨੇ ਆਪਣੇ ਹੱਥੀਂ ਗਰਮ-ਗਰਮ ਕੜਾਹ ਪ੍ਰਸ਼ਾਦ ਵਜ਼ੀਰ ਖ਼ਾਂ ਨੂੰ ਖਾਣ ਲਈ ਦਿੱਤਾ। ਵਜ਼ੀਰ ਖ਼ਾਂ ਨੇ ਕਿਹਾ, ਮਹਾਰਾਜ ! ਜਿਸ ਤਰ੍ਹਾਂ ਮੇਰਾ ਇਹ ਰੋਗ ਕੱਟਿਆ ਹੈ ਇਸੇ ਤਰ੍ਹਾਂ ਮੇਰੇ ਸਾਰੇ ਸਰੀਰਕ ਤੇ ਮਾਨਸਿਕ ਰੋਗ ਕੱਟ ਕੇ ਮੈਨੂੰ ਸਦੀਵੀ ਸ਼ਾਂਤੀ ਬਖ਼ਸ਼ ਦਿਉ। 'ਤਵਾਰੀਖ਼ ਗੁਰੂ ਖ਼ਾਲਸਾ' ਅਨੁਸਾਰ ਗੁਰਦੇਵ ਨੇ ਇਕ ਭਾਗੂ ਨਾਮ ਦੇ ਸਿੱਖ ਨੂੰ ਜਿਸ ਦੇ ਸੁਖਮਨੀ ਸਾਹਿਬ ਜ਼ੁਬਾਨੀ ਯਾਦ ਸੀ, ਹਰ ਰੋਜ਼ ਵਜ਼ੀਰ ਖ਼ਾਂ ਨੂੰ ਸੁਖਮਨੀ ਸਾਹਿਬ ਦਾ ਪਾਠ ਸੁਣਾਉਣ ਲਈ ਹੁਕਮ ਦੇਕੇ ਵਜ਼ੀਰ ਖ਼ਾਂ ਦੇ ਨਾਲ ਤੋਰ ਦਿੱਤਾ। ਸੋ ਹਰ ਰੋਜ਼ ਇਸ ਭਾਈ ਭਾਗੂ ਸਿੱਖ ਕੋਲੋਂ ਚਉਕੜਾ ਮਾਰ ਕੇ ਵਜ਼ੀਰ ਖ਼ਾਂ ਸੁਖਮਨੀ ਸਾਹਿਬ ਸੁਣਦਾ ਰਿਹਾ ਅਤੇ ਸਦਾ ਲਈ ਸੁੱਖੀ ਹੋ ਗਿਆ। ਜਿਸ ਸਮੇਂ ਵੀ ਗੁਰੂ ਜੀ ਨੂੰ ਮਿਲਦਾ ਵਜ਼ੀਰ ਖ਼ਾਂ ਤਾਂ ਗੁਰੂ ਜੀ ਨੂੰ ਮਸਤਕ ਟੇਕ ਕੇ ਹੱਥ ਜੋੜ ਬੇਨਤੀ ਦੁਆਰਾ ਕਹਿੰਦਾ ਕਿ ਧੰਨ ਹੋ ਗੁਰੂ ਅਰਜਨ ਦੇਵ ਜੀ ! ਤੁਸੀਂ ਮੇਰੇ 'ਤੇ ਵੱਡਾ ਪਰਉਪਕਾਰ ਕੀਤਾ ਅਤੇ ਮੇਰੇ ਸਾਰੇ ਸਰੀਰਕ ਮਾਨਸਿਕ ਰੋਗ ਦੂਰ ਕਰ ਦਿੱਤੇ ਹਨ। ਧੰਨ ਤੁਸੀਂ ਹੋ, ਧੰਨ ਤੁਹਾਡੀ ਪਾਵਨ ਬਾਣੀ ਸ੍ਰੀ ਸੁਖਮਨੀ ਸਾਹਿਬ ਜੋ ਹਰ ਇਕ ਮਨੁੱਖ ਮਾਤਰ ਨੂੰ ਸੁੱਖ ਬਖ਼ਸ਼ਣ ਵਾਲੀ ਹੈ। ਇਹ ਵਜ਼ੀਰ ਖ਼ਾਂ ਜੋ ਲਾਹੌਰ

ਦਾ ਨਵਾਬ ਵੀ ਰਿਹਾ, ਸੁਚੱਜਾ ਹਕੀਮ, ਜਹਾਂਗੀਰ ਦਾ ਪਿਆਰਾ, ਸ਼ਾਹ ਜਹਾਨ ਦਾ ਮਿੱਤਰ, ਆਗੂ, ਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ ਗੁਰੂ ਸਾਹਿਬ ਅਤੇ ਗੁਰੂ ਕੀ ਬਾਣੀ ਉੱਤੇ ਪੂਰਨ ਨਿਸ਼ਚਾ ਰੱਖਣ ਵਾਲਾ, ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਨਿਮਾਣਾ ਸੇਵਕ, ਸਦਾ ਹੀ ਸੁਖਮਨੀ ਸਾਹਿਬ ਜੀ ਦਾ ਆਸ਼ਿਕ, ਸਵੇਰੇ ਭਾਈ ਭਾਗੂ ਦੇ ਪਾਸੋਂ, ਨਿਤਨੇਮੀ ਬਣ ਕੇ ਬਾਣੀ ਸੁਣਦਾ ਰਿਹਾ। ਗੁਰ ਇਤਿਹਾਸ ਅਨੁਸਾਰ ਵਜ਼ੀਰ ਖ਼ਾਂ ਕਈ ਵਾਰ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦਰਸ਼ਨ ਕਰਨ ਸ੍ਰੀ ਅੰਮ੍ਰਿਤਸਰ ਆਉਂਦਾ ਰਿਹਾ। ਸਮੇਂ ਅਨੁਸਾਰ ਲੋੜ ਪੈਣ 'ਤੇ ਗੁਰੂ ਜੀ ਵੀ ਵਜ਼ੀਰ ਖ਼ਾਂ ਨੂੰ ਬੁਲਾ ਲੈਂਦੇ ਸਨ :

***ਤਬ ਵਜ਼ੀਰ ਖ਼ਾਨ ਗੁਰੂ ਹਕਾਰਾ।***
***ਆਇਉ ਲੇਕਰ ਭੇਟ ਉਦਾਰਾ।***

ਟੋਡੀ ਮਹਲਾ ੫ ਘਰੁ ੫ ਦੁਪਦੇ ੧ੴ ਸਤਿਗੁਰ ਪ੍ਰਸਾਦਿ॥ ਐਸੋ ਗੁਨੁ ਮੇਰੋ ਪ੍ਰਭ ਜੀ ਕੀਨ ॥ ਪੰਚ ਦੋਖ ਅਰੁ ਅਹੰ ਰੋਗ ਇਹ ਤਨ ਤੇ ਸਗਲ ਦੂਰਿ ਕੀਨ ॥ ਰਹਾਉ ॥ ਬੰਧਨ ਤੋਰਿ ਛੋਰਿ ਬਿਖਿਆ ਤੇ ਗੁਰ ਕੋ ਸਬਦੁ ਮੇਰੈ ਹੀਅਰੈ ਦੀਨ॥ ਰੂਪੁ ਅਨਰੂਪੁ ਮੋਰੋ ਕਛੁ ਨ ਬੀਚਾਰਿਓ ਪ੍ਰੇਮ ਗਹਿਓ ਮੋਹਿ ਹਰਿ ਰੰਗ ਭੀਨ ॥ ੧ ॥ ਪੇਖਿਓ ਲਾਲਨੁ ਪਾਟ ਬੀਚ ਖੋਏ ਅਨਦ ਚਿਤਾ ਹਰਖੇ ਪਤੀਨ॥ ਤਿਸ ਹੀ ਕੋ ਗ੍ਰਿਹੁ ਸੋਈ ਪ੍ਰਭੁ ਨਾਨਕ ਸੋ ਠਾਕੁਰੁ ਤਿਸ ਹੀ ਕੋ ਧੀਨ ॥ ੨ ॥ ੧ ॥ ੨੦ ॥

## ਪਦ ਅਰਥ :

ਗੁਨੁ-ਉਪਕਾਰ। ਪੰਚ ਦੋਖ-(ਕਾਮਾਦਿਕ) ਪੰਜੇ ਵਿਕਾਰ। ਅਰੁ-ਅਤੇ। ਅਹੰ ਰੋਗ-ਹਉਮੈ ਦਾ ਰੋਗ। ਸਗਲ-ਸਾਰੇ। ਰਹਾਉ।

ਬੰਧਨ-ਫਾਹੀਆਂ। ਤੋਰਿ-ਤੋੜ ਕੇ। ਛੋਰਿ-ਛੁਡਾ ਕੇ। ਬਿਖਿਆ ਤੇ-ਮਾਇਆ (ਦੇ ਮੋਹ) ਤੋਂ। ਕੋ-ਦਾ। ਮੇਰੈ ਹੀਅਰੈ-ਮੇਰੇ ਹਿਰਦੇ ਵਿਚ। ਰੂਪੁ-ਸੁਹਜ, ਸੁੰਦ੍ਰਤਾ ਆਦਿ। ਅਨਰੂਪੁ-ਕੁਹਜ। ਗਹਿਓ-ਫੜ ਲਿਆ, ਬੰਨ੍ਹ ਦਿੱਤਾ। ਮੋਹਿ-ਮੈਨੂੰ। ਰੰਗਿ-ਪ੍ਰੇਮ ਰੰਗ ਵਿਚ। ਭੀਨ-ਭਿਉਂ ਦਿੱਤਾ। ੧।

ਲਾਲਨੁ-ਸੋਹਣਾ ਲਾਲ। ਪਾਟ ਬੀਚ-ਵਿਚਲੇ ਪੜਦੇ। ਖੋਏ-ਖੋਇ, ਦੂਰ ਕਰਕੇ। ਹਰਖੇ-ਖ਼ੁਸ਼ੀ ਵਿਚ। ਪਤੀਨ-ਪਤੀਜ ਗਿਆ। ਗ੍ਰਿਹੁ-ਸਰੀਰ ਘਰ। ਠਾਕੁਰੁ-ਮਾਲਕ। ਕੋ ਧੀਨ-ਦੇ ਅਧੀਨ, ਦਾ ਸੇਵਕ। ੨।

## ਅਰਥ :

(ਹੇ ਭਾਈ !) ਮੇਰੇ ਪ੍ਰਭੂ ਜੀ ਨੇ (ਮੇਰੇ ਉੱਤੇ) ਇਹੋ ਜਿਹਾ ਉਪਕਾਰ ਕੀਤਾ ਹੈ ਜੋ ਪੰਜ ਦੋਸ਼ (ਵਿਕਾਰ

ਅਤੇ) ਹੰਗਤਾ ਦਾ ਰੋਗ, ਇਹ (ਸਾਰੇ) ਸਰੀਰ ਤੋਂ ਦੂਰ ਕਰ ਦਿੱਤੇ (ਭਾਵ ਮੇਰੇ ਅੰਦਰੋਂ ਪ੍ਰਭੂ ਨੇ ਸਾਰੇ ਵਿਕਾਰ ਗਵਾ ਦਿੱਤੇ) ਹਨ ।ਰਹਾਉ। (ਹੇ ਭਾਈ!) ਪ੍ਰਭੂ ਜੀ ਨੇ ਮਾਇਆ ਦੇ ਫਾਹੇ ਕਟ ਕੇ (ਜ਼ਹਿਰ) ਰੂਪ ਮਾਇਆ ਤੋਂ (ਖਹਿੜਾ) ਛੁੜਾ ਕੇ ਗੁਰੂ ਦਾ ਸ਼ਬਦ ਮੇਰੇ ਹਿਰਦੇ ਵਿਚ ਵਸਾ ਦਿੱਤਾ। (ਗੁਰੂ-ਸ਼ਬਦ ਦਾ ਸਦਕਾ) ਮੇਰਾ (ਸੋਹਣਾ) ਰੂਪ ਅਤੇ (ਸੁਹੱਪਣ ਹੀਨ) ਕੁਰੂਪਤਾ ਪਣਾ (ਭਾਵ ਸੁਹਜ ਤੇ ਕੁਹਜ) ਉਸ ਨੇ ਕੁਝ ਨਹੀਂ ਵੀਚਾਰਿਆ (ਭਾਵ ਮਨ ਵਿਚ ਨਹੀਂ ਲਿਆਂਦਾ) ਮੈਨੂੰ ਪ੍ਰੇਮ ਦੇ ਖਿੱਚੇ ਹੋਏ ਨੂੰ ਹਰੀ ਦੇ ਰੰਗ ਵਿਚ ਭਿਉਂ ਦਿੱਤਾ (ਭਾਵ ਮਗਨ ਕਰ ਦਿੱਤਾ)।੧। (ਹੇ ਭਾਈ! ਜਦੋਂ) ਮੇਰੇ ਤੇ ਹਰੀ ਦੇ ਵਿਚ ਪੜਦੇ ਦੂਰ ਹੋ ਗਏ ਤਾਂ ਮੈਂ ਪਿਆਰਾ (ਪ੍ਰਭੂ) ਵੇਖਿਆ ਅਤੇ (ਮੇਰਾ) ਚਿਤ ਅਨੰਦ ਹੋ ਗਿਆ। (ਮਨ) ਖ਼ੁਸ਼ ਹੋ ਕੇ ਪਤੀਜ ਗਿਆ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਇਹ ਸੰਸਾਰ ਉਸ ਹਰੀ (ਪ੍ਰਭੂ) ਮਾਲਕ ਦਾ ਘਰ ਹੈ, ਉਹੀ ਮੇਰਾ (ਮਾਲਕ) ਹੈ। ਪ੍ਰਭੂ ਜੀ ਦੇ ਮੈਂ ਅਧੀਨ (ਭਾਵ ਆਸਰਿਤ) ਹਾਂ। ੨। ੧। ੨੦।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧੧੯ (ਅੰਗ ੭੧੭)

## ਟੋਡੀ ਮਹਲਾ ੫ ॥

ਮਾਈ ਮੇਰੇ ਮਨ ਕੋ ਸੁਖੁ ॥ ਕੋਟਿ ਅਨੰਦ ਰਾਜ ਸੁਖੁ ਭੁਗਵੈ ਹਰਿ ਸਿਮਰਤ ਬਿਨਸੈ ਸਭ ਦੁਖੁ ॥ ੧ ॥ ਰਹਾਉ ॥ ਕੋਟਿ ਜਨਮ ਕੇ ਕਿਲਬਿਖ ਨਾਸਹਿ ਸਿਮਰਤ ਪਾਵਨ ਤਨ ਮਨ ਸੁਖ ॥ ਦੇਖਿ ਸਰੂਪੁ ਪੂਰਨੁ ਭਈ ਆਸਾ ਦਰਸਨੁ ਭੇਟਤ ਉਤਰੀ ਭੁਖ ॥ ੧ ॥ ਚਾਰਿ ਪਦਾਰਥ ਅਸਟ ਮਹਾ ਸਿਧਿ ਕਾਮਧੇਨੁ ਪਾਰਜਾਤ ਹਰਿ ਹਰਿ ਰੁਖੁ ॥ ਨਾਨਕ ਸਰਨਿ ਗਹੀ ਸੁਖ ਸਾਗਰ ਜਨਮ ਮਰਨ ਫਿਰਿ ਗਰਭ ਨ ਧੁਖੁ ॥ ੨ ॥ ੧੦ ॥ ੨੯ ॥

## ਪ੍ਰਾਕ੍ਥਨ :-

ਇਹ ਪਾਵਨ ਸ਼ਬਦ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਟੋਡੀ ਰਾਗੁ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਦੇ ਆਰੰਭ ਅੰਦਰ ਗੁਰਦੇਵ ਨੇ ਸੁੱਖ ਦੀ ਗੱਲ ਕੀਤੀ ਹੈ। ਸੱਚੇ ਤੇ ਸਦੀਵੀ ਸੁੱਖ ਦਾ ਜ਼ਿਕਰ ਕੀਤਾ ਹੈ। ਜਿਸ ਸੁੱਖ ਦੇ ਬਰਾਬਰ ਹੋਰ ਕੋਈ ਦੁਨੀਆਂ ਦੇ ਰਾਜ ਭਾਗ ਆਦਿ ਦੇ ਸੁੱਖ ਵੀ ਨਹੀਂ ਹੋ ਸਕਦੇ। ਪਰ ਐਸਾ ਸਦੀਵੀ ਸੁੱਖ ''ਹਰਿ ਸਿਮਰਤ ਬਿਨਸੈ ਸਭੁ ਦੁਖੁ॥' ਹਰੀ ਸਿਮਰਨ ਨਾਲ ਹੀ ਮਿਲਦਾ ਹੈ। ਜਿਸ ਸਿਮਰਨ ਦਾ ਸਦਕਾ ਮਨੁੱਖ ਦੇ ਸਾਰੇ ਦੁੱਖ ਬਿਨਸ ਜਾਂਦੇ ਹਨ।

## ਵਿਸ਼ਾ—ਹਰਿ ਸਿਮਰਤ ਮਨੁ ਤਨੁ ਸੁਖੀ

ਸੰਸਾਰ ਅੰਦਰ ਸੁੱਖ ਅਤੇ ਦੁੱਖ ਮਨੁੱਖ ਨੂੰ ਪੂਰਬਲੇ ਕਰਮਾਂ ਅਨੁਸਾਰ ਹੀ ਮਿਲਦੇ ਹਨ। ਸਾਡੇ ਕਰਮਾਂ ਬਾਰੇ ਵੀ ਉਹੀ ਪ੍ਰਭੂ ਜਾਣਦਾ ਹੈ, ਜੋ ਕਰਮਾਂ ਅਨੁਸਾਰ ਸੁੱਖ ਅਤੇ ਦੁੱਖ ਦੇਂਦਾ ਹੈ :

***ਸੁਖੁ ਦੁਖੁ ਪੁਰਬ ਜਨਮ ਕੇ ਕੀਏ॥ ਸੋ ਜਾਣੈ ਜਿਨਿ ਦਾਤੈ ਦੀਏ॥***

(ਅੰਗ ੧੦੩੦)

***ਅਥਵਾ- ਸੁਖੁ ਦੁਖੁ ਤੇਰੀ ਆਗਿਆ ਪਿਆਰੇ ਦੂਜੀ ਨਾਹੀ ਜਾਇ॥***

(ਅੰਗ ੪੩੨)

ਸਮੁੱਚੇ ਦੁੱਖੀ ਸੰਸਾਰ ਨੂੰ ਦੁੱਖੀ ਦੇਖ ਕੇ, ਦੁੱਖੀਆਂ ਦੀ ਪੀੜਾ ਨੂੰ ਅਨੁਭਵ ਕਰਨ ਵਾਲੇ ਅਤੇ ਸਭ ਸਦੀਵੀ ਸੁੱਖ ਬਖ਼ਸ਼ਣ ਵਾਲੇ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਮਨੁੱਖ ਜਿਨ੍ਹਾਂ ਸੰਸਾਰਿਕ ਤੇ ਸਰੀਰਿਕ ਸਹੂਲਤਾਂ ਤੂੰ ਸੁੱਖ ਸਮਝੀ ਬੈਠਾ ਹੈ, ਇਨ੍ਹਾਂ ਸਰੀਰਿਕ ਸਹੂਲਤਾਂ ਵਿਚ ਸੁੱਖ ਨਹੀਂ ਹੈ, ਸਗੋਂ ਇਨ੍ਹਾਂ ਵਿਚ ਖਚਤ ਹੋ ਕੇ ਪ੍ਰਮੇਸ਼ਰ ਨੂੰ ਭੁਲਣ ਕਰਕੇ ਅੰਤ ਨੂੰ ਦੁੱਖ ਪ੍ਰਾਪਤ ਹੁੰਦਾ ਹੈ :

***ਚੋਆ ਚੰਦਨੁ ਅੰਕਿ ਚੜਾਵਉ ॥***
***ਪਾਟ ਪਟੰਬਰ ਪਹਿਰਿ ਹਢਾਵਉ ॥***
***ਬਿਨੁ ਹਰਿ ਨਾਮ ਕਹਾ ਸੁਖੁ ਪਾਵਉ ॥ ੧ ॥***
***ਕਿਆ ਪਹਿਰਉ ਕਿਆ ਓਢਿ ਦਿਖਾਵਉ ॥***
***ਬਿਨੁ ਜਗਦੀਸ ਕਹਾ ਸੁਖੁ ਪਾਵਉ॥੧॥ਰਹਾਉ॥***
***ਕਾਨੀ ਕੁੰਡਲ ਗਲਿ ਮੋਤੀਅਨ ਕੀ ਮਾਲਾ ॥***
***ਲਾਲ ਨਿਹਾਲੀ ਫੂਲ ਗੁਲਾਲਾ ॥***
***ਬਿਨੁ ਜਗਦੀਸ ਕਹਾ ਸੁਖੁ ਭਾਲਾ॥ ੨ ॥***
***ਨੈਨ ਸਲੋਨੀ ਸੁੰਦਰ ਨਾਰੀ ॥***

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

***ਖੋੜ ਸੀਗਾਰ ਕਰੈ ਅਤਿ ਪਿਆਰੀ ॥***
***ਬਿਨੁ ਜਗਦੀਸ ਭਜੇ ਨਿਤ ਖੁਆਰੀ ॥ ੩ ॥***
***ਦਰ ਘਰ ਮਹਲਾ ਸੇਜ ਸੁਖਾਲੀ ॥***
***ਅਹਿਨਿਸਿ ਫੂਲ ਬਿਛਾਵੈ ਮਾਲੀ ॥***
***ਬਿਨੁ ਹਰਿ ਨਾਮ ਸੁ ਦੇਹ ਦੁਖਾਲੀ ॥ ੪ ॥***

(ਅੰਗ ੨੨੫)

ਅਸਲ ਵਿਚ ਪ੍ਰਭੂ ਨੂੰ ਭੁੱਲ ਜਾਣ ਕਰਕੇ ਮਨੁੱਖ ਨੂੰ ਦੁੱਖ ਵਿਆਪਦਾ ਹੈ। ਉਸ ਦਾ ਸਿਮਰਨ ਕਰਨ ਨਾਲ ਹੀ ਸੁੱਖ ਦੀ ਪ੍ਰਾਪਤੀ ਹੁੰਦੀ ਹੈ। ਇਸ ਕਰਕੇ ਸੰਤ ਜਨ ਹਮੇਸ਼ਾ ਹਰੀ ਦੇ ਗੁਣ ਗਾਉਂਦੇ ਹਨ, ਜਿਸ ਕਰਕੇ ਸੰਤ ਜਨਾਂ ਨੂੰ ਹਮੇਸ਼ਾਂ ਸੁੱਖ ਅਨੰਦ ਬਣਿਆ ਰਹਿੰਦਾ ਹੈ :

***ਦੂਖੁ ਤਦੇ ਜਦਿ ਵੀਸਰੈ ਸੁਖੁ ਪ੍ਰਭ ਚਿਤਿ ਆਏ॥***
***ਸੰਤਨ ਕੈ ਆਨੰਦੁ ਏਹੁ ਨਿਤ ਹਰਿ ਗੁਣ ਗਾਏ॥***

(ਅੰਗ ੮੧੩)

ਆਸਾ ਰਾਗੁ ਅੰਦਰ ਗੁਰਦੇਵ ਦਾ ਫ਼ੁਰਮਾਣ ਹੈ ਕਿ ਹਰੀ ਪ੍ਰਭੂ ਦੇ ਨਾਮ ਸਿਮਰਨ ਨਾਲ ਸਾਰੇ ਦੁੱਖ ਬਿਨਸ ਗਏ ਹਨ। ਹੁਣ ਘਰ ਅੰਦਰ ਅਤੇ ਘਰ ਤੋਂ ਬਾਹਰ ਭੀ ਸਭ ਥਾਵਾਂ ਵਿਚ ਸੁੱਖ ਪ੍ਰਾਪਤ ਹੋ ਆਇਆ ਹੈ। ਪੂਰਨ ਗੁਰੂ ਨੇ ਨਾਮ ਦ੍ਰਿੜ੍ਹ ਕਰਾਇਆ ਹੈ ਜਿਸ ਦਾ ਸਦਕਾ ਇਹ ਸਦੀਵੀ ਤੇ ਸੱਚਾ ਸੁੱਖ ਮਿਲਿਆ ਹੈ:

***ਘਰ ਮਹਿ ਸੂਖ ਬਾਹਰਿ ਫੁਨਿ ਸੂਖਾ॥***
***ਹਰਿ ਸਿਮਰਤ ਸਗਲ ਬਿਨਾਸੇ ਦੂਖਾ॥ ੧ ॥.....***

(ਅੰਗ ੩੮੫)

ਅਥਵਾ :

***ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ॥***
***ਭਨਤਿ ਨਾਨਕੁ ਮੇਰੈ ਮਨਿ ਸੁਖੁ ਪਾਇਆ॥***

(ਅੰਗ ੩੮੬)

ਸਿਰੀਰਾਗੁ ਅੰਦਰ ਤੀਸਰੇ ਸਤਿਗੁਰੂ ਗੁਰੂ ਅਮਰਦਾਸ ਜੀ ਦਾ ਭੀ ਫ਼ੁਰਮਾਣ ਹੈ ਕਿ ਉਨ੍ਹਾਂ ਨੂੰ ਸਦਾ ਅਨੰਦ ਤੇ ਸੁੱਖ ਪ੍ਰਾਪਤ ਹੈ। ਜਿਨ੍ਹਾਂ ਪ੍ਰਭੂ ਪਿਆਰਿਆਂ ਨੂੰ ਨਾਮ ਦਾ ਆਸਰਾ ਹੈ, ਭਾਵ ਜਿਨ੍ਹਾਂ ਦਾ ਜੀਵਨ ਆਧਾਰ ਹੀ ਨਾਮ ਬਾਣੀ ਹੈ :

***ਤਿਨਾ ਅਨੰਦੁ ਸਦਾ ਸੁਖੁ ਹੈ ਜਿਨਾ ਸਚੁ ਨਾਮੁ ਆਧਾਰੁ॥***
***ਗੁਰ ਸਬਦੀ ਸਚੁ ਪਾਇਆ ਦੂਖ ਨਿਵਾਰਣਹਾਰੁ॥***

(ਅੰਗ ੩੬)
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

***ਅਥਵਾ: ਹਰਿ ਸਿਮਰਤ ਮਨੁ ਤਨੁ ਸੁਖੀ ਬਿਨਸੀ ਦੁਤੀਆ ਸੋਚ॥***
***ਨਾਨਕ ਟੇਕ ਗੁੋਪਾਲ ਕੀ ਗੋੁਵਿੰਦ ਸੰਕਟ ਮੋਚ॥***

(ਅੰਗ ੯੨੬)

## ਸਾਖੀ—ਸੋ ਸੁਖ ਰਾਜ ਨ ਲਹੀਐ

ਇਕ ਬਹੁਤ ਵੱਡਾ ਅਧਮ ਨਾਮ ਦਾ ਬਾਦਸ਼ਾਹ ਹੋਇਆ ਹੈ। ਗ੍ਰੰਥਕਾਰਾਂ ਦੇ ਕਥਨ ਅਨੁਸਾਰ ਪਹਿਲਾਂ-ਪਹਿਲਾਂ ਇਹ ਬਹੁਤ ਹੀ ਅਰਾਮ-ਪ੍ਰਸਤ ਸੀ। ਸਰੀਰਕ ਹਰ ਸੁੱਖ ਇਸ ਰਾਜੇ ਨੂੰ ਪ੍ਰਾਪਤ ਸਨ। ਬਹੁਤ ਸਾਰੇ ਦਾਸ ਦਾਸੀਆਂ ਇਸ ਦੀ ਸੇਵਾ ਵਿਚ ਹਰ ਸਮੇਂ ਤੱਤਪਰ ਰਹਿੰਦੀਆਂ ਸਨ। ਕਿਤਨੀਆਂ ਹੀ ਇਸਦੀਆਂ ਪਟਰਾਣੀਆਂ ਸਨ, ਜੋ ਹਮੇਸ਼ਾ ਹੀ ਬਾਦਸ਼ਾਹ ਦੀ ਸੇਵਾ ਵਿਚ ਹਾਜ਼ਰ ਰਹਿੰਦੀਆਂ ਸਨ। ਇਹ ਅਧਮ ਬਾਦਸ਼ਾਹ ਇਤਨਾ ਸਰੀਰਕ ਤੌਰ ਤੇ ਸੁੱਖ ਪ੍ਰਸਤੀ ਸੀ ਕਿ ਆਪਣੀ ਸੌਣ ਵਾਲੀ ਸੇਜਾ ਹਰ ਰੋਜ਼ ਨਵੀਨ ਸੁੰਦਰ ਖਿੜੇ ਹੋਏ, ਸੁਗੰਧਤ ਫੁੱਲ ਵਿਛਾ ਕੇ ਤਿਆਰ ਕਰਾਇਆ ਕਰਦਾ ਸੀ।

***ਦਰ ਘਰ ਮਹਲਾ ਸੇਜ ਸੁਖਾਲੀ॥ ਅਹਿਨਿਸਿ ਫੂਲ ਬਿਛਾਵੈ ਮਾਲੀ॥***

(ਅੰਗ ੨੨੫)

ਇਕ ਦਾਸੀ ਗੁਲਾਬ ਚਮੇਲੀ, ਆਦਿਕ ਫੁੱਲਾਂ ਨੂੰ ਰਾਜੇ ਦੀ ਸੇਜਾ 'ਤੇ ਵਿਛਾ ਕੇ ਇਸ ਦੇ ਸੌਣ ਲਈ ਤਿਆਰ ਕਰਿਆ ਕਰਦੀ ਸੀ। ਇਕ ਦਿਨ ਸੇਜਾ ਉੱਤੇ ਫੁੱਲ ਵਿਛਾਉਣ ਵਾਲੀ ਦਾਸੀ ਨੇ ਮਨ ਵਿਚ ਵਿਚਾਰਿਆ ਕਿ ਰਾਜਾ ਹਮੇਸ਼ਾ ਹੀ ਇਸ ਸੇਜਾ ਦਾ ਸੁੱਖ ਲੈਂਦਾ ਹੈ, ਇਸ ਉੱਤੇ ਪੈ ਕੇ ਸਰੀਰ ਨੂੰ ਕਿਤਨਾ ਸੁੱਖ ਆਰਾਮ ਹੋਵੇਗਾ, ਇਸ ਭਾਵਨਾ ਨੇ ਉਸ ਦੇ ਮਨ ਵਿਚ ਸੇਜਾ 'ਤੇ ਸੁੱਖ ਲੈਣ ਦੀ ਭਾਵਨਾ ਜਾਗ੍ਰਿਤ ਕਰ ਦਿੱਤੀ। ਦਾਸੀ ਕੁਝ ਸਮੇਂ ਵਾਸਤੇ ਸੇਜਾ 'ਤੇ ਪੈ ਗਈ। ਕੰਮ-ਕਾਰ ਤੋਂ ਥੱਕੀ ਅਤੇ ਦੂਜਾ ਸੇਜਾ ਦਾ ਆਰਾਮ। ਇਸ ਸੇਜਾ 'ਤੇ ਪੈਂਦਿਆਂ ਹੀ ਥੋੜੇ ਸਮੇਂ ਵਿਚ ਹੀ ਉਸ ਨੂੰ ਨੀਂਦ ਆ ਗਈ ਅਤੇ ਦਾਸੀ ਤਾਂ ਇਹ ਸੋਚ ਕੇ ਪਈ ਸੀ ਕਿ ਕਿਹੜਾ ਕੋਈ ਦੇਖਦਾ ਹੈ, ਪਰ ਅਚਾਨਕ ਰਾਜਾ ਜੀ ਆ ਗਏ। ਆਪਣੀ ਦਾਸੀ ਨੂੰ ਸੇਜ ਉੱਤੇ ਪਈ ਦੇਖ ਕੇ ਕ੍ਰੋਧ ਵੱਸ ਹੋ ਗਏ, ਤੇ ਹੱਥ ਵਿਚ ਬੈਂਤ ਪਕੜ ਕੇ ਦਾਸੀ ਨੂੰ ਮਾਰਨਾ ਸ਼ੁਰੂ ਕੀਤਾ। ਦਾਸੀ ਕੁਰਲਾ ਉਠੀ। ਅੱਖਾਂ ਵਿਚ ਅੱਥਰੂ ਭਰ ਕੇ ਰੋਂਦੀ-ਰੋਂਦੀ ਅਚਾਨਕ ਖਿੜ-ਖਿੜ ਕਰਕੇ ਹੱਸ ਪਈ। ਇਹ ਦੇਖਕੇ ਰਾਜਾ ਬਹੁਤ ਹੈਰਾਨ ਹੋਇਆ। ਪੁੱਛਿਆ ਕਿ ਤੈਨੂੰ ਰੋਣਾ ਚਾਹੀਦਾ ਹੈ, ਕਿਉਂਕਿ ਮੈਂ ਤੈਨੂੰ ਕੁੱਟਿਆ ਹੈ, ਪਰ ਤੂੰ ਹੱਸਦੀ ਵੀ ਹੈਂ। ਇਸ ਦਾ ਕੀ ਕਾਰਨ ਹੈ ? ਇਹ ਸੁਣ ਕੇ ਦਾਸੀ ਚੁੱਪ ਹੋ ਗਈ। ਕੋਈ ਉੱਤਰ ਨਾ ਦਿੱਤਾ। ਰਾਜੇ ਨੇ ਪ੍ਰੇਮ ਨਾਲ ਇਸ ਪ੍ਰਸ਼ਨ ਦਾ ਉੱਤਰ ਲੈਣਾ ਚਾਹਿਆ ਤਾਂ ਦਾਸੀ ਨੇ ਕਿਹਾ, ਰਾਜਨ ! ਸਚਾਈ ਬੜੀ ਕੌੜੀ ਹੁੰਦੀ ਹੈ।

ਪਹਿਲਾਂ ਮੇਰੇ ਨਾਲ ਬਚਨ ਕਰੋ ਕਿ ਸਚਾਈ ਸੁਣ ਕੇ ਤੁਸੀਂ ਮੈਨੂੰ ਹੋਰ ਨਹੀਂ ਕੁੱਟੋਗੇ। ਰਾਜੇ ਨੇ ਕਿਹਾ, ਕਿ ਮੈਂ ਵਚਨ ਦਿੰਦਾ ਹਾਂ। ਤੂੰ ਆਪਣੇ ਹੱਸਣ ਦਾ ਕਾਰਣ ਦੱਸ। ਤਾਂ ਦਾਸੀ ਕਹਿਣ ਲੱਗੀ ਕਿ ਹੇ ਰਾਜਨ ! ਮੈਂ ਇਸ ਸੇਜਾ ਉੱਪਰ ਦੋ ਘੜੀਆਂ ਸੁੱਤੀ ਹਾਂ, ਇਸ ਦਾ ਫਲ ਮੈਨੂੰ ਇਹ ਹੋਇਆ ਹੈ ਕਿ ਮੈਨੂੰ ਕਿਤਨੀਆਂ

ਬੈਂਤਾਂ ਵੱਜੀਆਂ ਹਨ ਪਰ ਬਾਦਸ਼ਾਹ ! ਮੈਂ ਤੁਹਾਡੇ ਵੱਲ ਵੇਖ ਕੇ ਹੱਸ ਰਹੀ ਹਾਂ ਕਿ ਤੁਸੀਂ ਤਾਂ ਇਸ ਸੇਜਾ 'ਤੇ ਹਮੇਸ਼ਾ ਆਰਾਮ ਕਰਦੇ ਹੋ, ਤੁਹਾਡਾ ਕੀ ਹਸ਼ਰ ਹੋਵੇਗਾ ? ਇਹ ਗੱਲ ਸੁਣਦਿਆਂ ਹੀ ਬਾਦਸ਼ਾਹ ਦੇ ਮਨ ਅੰਦਰ ਵੈਰਾਗ ਹੋ ਆਇਆ। ਰਾਜਾ ਵੈਰਾਗ ਵਿਚ ਆ ਕੇ ਆਪਣਾ ਸਾਰਾ ਰਾਜਭਾਗ ਸ਼ਹਿਜ਼ਾਦੇ ਨੂੰ ਦੇ ਕੇ ਆਪ ਜੰਗਲ ਵਿਚ ਸਿਮਰਨ ਭਜਨ ਕਰਨ ਲਈ ਚਲਿਆ ਗਿਆ। ਜਾਣ ਸਮੇਂ ਇਸਨੇ ਆਪਣੇ ਨਾਲ ਸਿਰਫ਼ ਇਕ ਲੋਟਾ ਅਤੇ ਇਕ ਸਿਰਹਾਣਾ ਲਿਆ ਸੀ। ਜੰਗਲ ਵਿਚ ਇਕ ਖੂਹ ਦੇ ਲਾਗੇ ਕੁਝ ਫ਼ਕੀਰ ਉੱਤਰੇ ਹੋਏ ਸਨ। ਇਕ ਫ਼ਕੀਰ ਨੂੰ ਸਿਰ ਥੱਲੇ ਆਪਣੀ ਬਾਂਹ ਧਰੀ ਪਿਆ ਦੇਖਿਆ, ਅਤੇ ਇਕ ਫ਼ਕੀਰ ਬੁੱਕਾਂ ਨਾਲ ਪਾਣੀ ਪੀਂਦਾ ਦੇਖਿਆ ਤਾਂ ਇਸ ਤੋਂ ਮਨ ਵਿਚ ਹੋਰ ਸਿੱਖਿਆ ਤੇ ਵੈਰਾਗ ਪੈਦਾ ਹੋ ਆਇਆ। ਇਸ ਰਾਜੇ ਨੇ ਸਿਰ੍ਹਾਣਾ ਤੇ ਲੋਟਾ ਵੀ ਉਥੇ ਹੀ ਤਿਆਗ ਦਿੱਤਾ। ਉਹਨਾਂ ਫ਼ਕੀਰਾਂ ਵਿਚੋਂ ਇਕ ਪੁੱਜੇ ਹੋਏ ਸੰਤ ਤੋਂ ਗੁਰ ਦੀਖਿਆ ਲੈ ਕੇ ਜੰਗਲ ਵਿਚ ਇਕ ਨਦੀ ਦੇ ਕਿਨਾਰੇ ਬੈਠ ਕੇ ਸਿਮਰਨ ਕਰਨ ਲੱਗ ਪਿਆ। ਨਦੀ ਕਿਨਾਰੇ ਭੁੱਖੇ ਤਿਹਾਏ ਤੇ ਫਟੇ ਬਸਤਰਾਂ ਵਿਚ ਤਪ ਕਰ ਰਹੇ ਰਾਜੇ ਨੂੰ ਕਿਸੇ ਨੇ ਵੇਖ ਕੇ ਰਾਜੇ ਦੇ ਸਾਹਿਬਜ਼ਾਦੇ ਨੂੰ ਜਾ ਦੱਸਿਆ ਕਿ ਤੂੰ ਰਾਜ ਭਾਗ ਦੇ ਸੁੱਖ ਭੋਗ ਰਿਹਾ ਹੈਂ, ਤੇਰਾ ਬਾਪ ਰਾਜਾ ਨਦੀ ਕਿਨਾਰੇ ਫਟੇ ਬਸਤਰਾਂ ਵਿਚ ਭੁੱਖ ਦਾ ਦੁੱਖ ਸਹਿ ਰਿਹਾ ਹੈ। ਇਹ ਸੁਣ ਕੇ ਰਾਜੇ ਦਾ ਪੁੱਤਰ ਸੈਨਾ ਸਮੇਤ ਰਾਜੇ ਨੂੰ ਲੈਣ ਵਾਸਤੇ ਗਿਆ। ਰਾਜੇ ਦੇ ਫਟੇ ਬਸਤਰ ਦੇ ਕੇ ਸ਼ਹਿਜ਼ਾਦਾ ਰੋ ਪਿਆ, ਕਿ ਕਿੱਡਾ ਵੱਡਾ ਰਾਜ ਭਾਗ ਦਾ ਮਾਲਕ ਅੱਜ ਫਟੇ ਟਾਕੀਆਂ ਵਾਲੇ ਕੱਪੜੇ ਪਾਈ ਬੈਠਾ ਹੈ। ਸ਼ਹਿਜ਼ਾਦਾ ਕਹਿਣ ਲੱਗਿਆ, ਕਿ ਪਿਤਾ ਜੀ ! ਕਿੱਡਾ ਰਾਜ ਛੱਡ ਕੇ ਅੱਜ ਕਿਸ ਬਿਪਤਾ ਦੀ ਹਾਲਤ ਵਿਚ ਤੁਸੀਂ ਇਥੇ ਬੈਠੇ ਹੋ। ਨਾਮ ਜੱਪਣਾ ਹੈ ਤਾਂ ਚੱਲੋ ਆਪਣੇ ਮਹਿਲਾਂ ਵਿਚ ਬੈਠ ਕੇ ਨਾਮ ਜਪੋ। ਇਹ ਸੁਣ ਕੇ ਅਧਮ ਬਾਦਸ਼ਾਹ ਨੇ ਕਿਹਾ, ਕਿ ਪੁੱਤਰ, ਅਸਲ ਰਾਜ ਤਾਂ ਮੈਨੂੰ ਹੁਣ ਪ੍ਰਾਪਤ ਹੋਇਆ ਹੈ। ਉਹ ਰਾਜ ਤਾਂ ਝੂਠਾ ਸੀ, ਜਿਸ ਵਿਚ ਦੁਬਾਰਾ ਮੈਨੂੰ ਜਾਣ ਵਾਸਤੇ ਕਹਿ ਰਿਹਾ ਹੈਂ। ਸ਼ਹਿਜ਼ਾਦਾ ਕਹਿਣ ਲੱਗਿਆ, ਹੁਣ ਤੁਸੀਂ ਕਾਹਦੇ ਰਾਜੇ ਹੋ। ਪਹਿਲਾਂ ਤੁਹਾਡਾ ਕਿੰਨੀਆਂ ਫ਼ੌਜਾਂ ਤੇ ਲੋਕਾਂ ਉਪਰ ਹੁਕਮ ਚੱਲਦਾ ਸੀ। ਉਹ ਤੁਹਾਡੇ ਹੁਕਮ ਨੂੰ ਸਾਰੇ ਮੰਨਦੇ ਸਨ। ਅਧਮ ਬਾਦਸ਼ਾਹ ਨੇ ਕਿਹਾ ਪੁੱਤਰ, ਅੱਗੇ ਮੇਰਾ ਹੁਕਮ ਇਕੱਲੀ ਮੇਰੀ ਪਰਜਾ ਦੇ ਲੋਕ ਮੰਨਦੇ ਸਨ, ਹੁਣ ਮੈਂ ਪ੍ਰਭੂ ਦਾ ਹੁਕਮ ਮੰਨਦਾ ਹਾਂ ਤੇ ਮੇਰਾ ਹੁਕਮ ਸਾਰੇ ਜੀਅ ਜੰਤ ਮੰਨਦੇ ਹਨ। ਜੇ ਤੇਰੇ ਮਨ ਵਿਚ ਸ਼ੱਕ ਹੈ, ਤਾਂ ਹੁਣੇ ਨਿਰਣਾ ਕਰ ਲੈਂਦੇ ਹਾਂ, ਕਿ ਤੇਰਾ ਹੁਕਮ ਸਾਰੇ ਚੱਲਦਾ ਹੈ ਕਿ ਮੇਰਾ। ਇਹ ਕਹਿ ਕੇ ਅਧਮ ਬਾਦਸ਼ਾਹ ਨੇ ਟਾਕੀਆਂ ਲਾਉਣ ਵਾਲੀ ਸੂਈ ਪਾਣੀ ਵਿਚ ਸੁੱਟ ਦਿੱਤੀ ਤੇ ਕਿਹਾ, ਪੁੱਤਰ ਆਪਣੀਆਂ ਫ਼ੌਜਾਂ ਤੋਂ ਮੇਰੀ ਸੂਈ ਬਾਹਰ ਕੱਢਾ ਕੇ ਮੈਨੂੰ ਦੇ। ਆਖ਼ਿਰ ਸ਼ਹਿਜ਼ਾਦੇ ਨੇ ਅਪਣੇ ਬਾਪ ਦਾ ਹੁਕਮ ਮੰਨ ਕੇ ਫ਼ੌਜਾਂ ਨੂੰ ਹੁਕਮ ਕੀਤਾ ਕਿ ਨਦੀ ਵਿਚੋਂ ਸੂਈ ਕੱਢ ਦਿਉ। ਸੈਨਾ ਟੁੱਬੀਆਂ ਮਾਰ-ਮਾਰ ਕੇ ਸੂਈ ਨੂੰ ਲੱਭ ਕੇ ਥੱਕ ਗਈ, ਪਰ ਸੂਈ ਨਹੀਂ ਮਿਲੀ। ਆਖ਼ਿਰ ਨੂੰ ਜਦ ਸ਼ਹਿਜ਼ਾਦੇ ਨੇ ਕਿਹਾ ਕਿ ਸੂਈ ਨਹੀਂ ਲੱਭਦੀ ਤਾਂ ਅਧਮ ਬਾਦਸ਼ਾਹ ਨੇ ਨਦੀ ਦੇ ਕਿਨਾਰੇ 'ਤੇ ਅਵਾਜ਼ ਦਿੱਤੀ, ਕਿ ਹੇ ਪਾਣੀ ਵਿਚ ਰਹਿਣ ਵਾਲੀ ਮੱਛੀਉ ! ਮੈਨੂੰ ਮੇਰੀ ਸੂਈ ਜਲਦੀ ਲੱਭ ਕੇ ਦਿਉ। ਇਕ ਮੱਛੀ ਨੇ ਤੁਰੰਤ ਹੀ ਸੂਈ ਮੂੰਹ ਵਿਚ ਪਕੜ ਕੇ ਪਾਣੀ ਤੋਂ ਬਾਹਰ ਕੱਢ ਕੇ ਬਾਦਸ਼ਾਹ ਨੂੰ ਸੌਂਪ ਦਿੱਤੀ। ਇਹ ਕੌਤਕ ਦੇਖ ਕੇ ਸਾਰੇ ਹੈਰਾਨ ਹੋ ਗਏ। ਅਧਮ ਬਾਦਸ਼ਾਹ ਨੇ ਕਿਹਾ, ਪੁੱਤਰ ਦੱਸ, ਤੂੰ ਵੱਡਾ ਰਾਜਾ ਹੈਂ

ਕਿ ਮੈਂ ? ਸ਼ਹਿਜ਼ਾਦਾ ਆਪਣੇ ਬਾਪ ਬਾਦਸ਼ਾਹ ਦੇ ਚਰਣੀ ਡਿੱਗ ਪਿਆ ਕਿ ਠੀਕ ਅਸਲ ਸੱਚੇ ਰਾਜੇ ਤੁਸੀਂ ਹੋ। ਪਾਵਨ ਗੁਰਬਾਣੀ ਦਾ ਫ਼ੁਰਮਾਣ ਹੈ :

***ਜਿਸੁ ਨਾਮੁ ਰਿਦੈ ਸੋਈ ਵਡ ਰਾਜਾ॥***

(ਅੰਗ ੧੧੫੫)

ਇਸ ਲਈ ਜੋ ਅਸਲ ਸੁੱਖ ਅਨੰਦ ਨਾਮ ਸਿਮਰਨ ਵਿਚ ਹੈ, ਉਹ ਸੁੱਖ ਸੰਸਾਰਿਕ ਰਾਜ ਭਾਗ ਵਿਚ ਨਹੀਂ :

***ਜੋ ਸੁਖੁ ਪ੍ਰਭ ਗੋਬਿੰਦ ਕੀ ਸੇਵਾ ਸੋ ਸੁਖੁ ਰਾਜਿ ਨ ਲਹੀਐ॥***

(ਅੰਗ ੩੩੬)

***ਅਥਵਾ : ਸਗਲ ਸ੍ਰਿਸਟਿ ਕੋ ਰਾਜਾ ਦੁਖੀਆ॥ਹਰਿ ਕਾ ਨਾਮੁ ਜਪਤ ਹੋਇ ਸੁਖੀਆ॥***

(ਅੰਗ ੨੬੪)

ਟੋਡੀ ਮਹਲਾ ੫ ॥ ਮਾਈ ਮੇਰੇ ਮਨ ਕੋ ਸੁਖੁ ॥ ਕੋਟਿ ਅਨੰਦ ਰਾਜ ਸੁਖੁ ਭੁਗਵੈ ਹਰਿ ਸਿਮਰਤ ਬਿਨਸੈ ਸਭ ਦੁਖੁ ॥ ੧ ॥ ਰਹਾਉ ॥ ਕੋਟਿ ਜਨਮ ਕੇ ਕਿਲਬਿਖ ਨਾਸਹਿ ਸਿਮਰਤ ਪਾਵਨ ਤਨ ਮਨ ਸੁਖ ॥ ਦੇਖਿ ਸਰੂਪੁ ਪੂਰਨੁ ਭਈ ਆਸਾ ਦਰਸਨੁ ਭੇਟਤ ਉਤਰੀ ਭੁਖ ॥ ੧ ॥ ਚਾਰਿ ਪਦਾਰਥ ਅਸਟ ਮਹਾ ਸਿਧਿ ਕਾਮਧੇਨੁ ਪਾਰਜਾਤ ਹਰਿ ਹਰਿ ਰੁਖੁ ॥ ਨਾਨਕ ਸਰਨਿ ਗਹੀ ਸੁਖ ਸਾਗਰ ਜਨਮ ਮਰਨ ਫਿਰਿ ਗਰਭ ਨ ਧੁਖੁ ॥ ੨ ॥ ੧੦ ॥ ੨੯ ॥

(ਅੰਗ ੭੧੭)

## ਪਦ ਅਰਥ :

ਮਾਈ-ਹੇ ਮਾਂ। ਕੋ-ਦਾ। ਕੋਟਿ-ਕ੍ਰੋੜਾਂ। ਭੁਗਵੈ-ਮਾਣਦਾ ਹੈ। ਸਿਮਰਤ-ਸਿਮਰਦਿਆਂ। ੧। ਰਹਾਉ। ਕਿਲਬਿਖ-ਪਾਪ। ਨਾਸਹਿ-ਨਾਸ਼ ਹੋ ਜਾਂਦੇ ਹਨ। ਪਾਵਨ-ਪਵਿੱਤਰ। ਦੇਖਿ-ਵੇਖ ਕੇ। ੧। ਚਾਰਿ ਪਦਾਰਥ-ਧਰਮ, ਅਰਥ, ਕਾਮ, ਮੋਖ। ਅਸਟ-ਅੱਠ। ਮਹਾ ਸਿਧਿ-ਵੱਡੀਆਂ ਕਰਾਮਾਤੀ ਤਾਕਤਾਂ। ਕਾਮਧੇਨੁ-ਕਾਮ ਵਾਸ਼ਨਾ। ਧੇਨੁ-ਸੁਰਗ ਦੀ ਉਹ ਗਾਂ ਜੋ ਹਰੇਕ ਵਾਸ਼ਨਾ ਪੂਰੀ ਕਰ ਦੇਂਦੀ ਹੈ। ਪਾਰਜਾਤ-ਇੰਦਰ ਦੇ ਬਾਗ਼ ਦਾ ਪਾਰਜਾਤ ਰੁੱਖ ਜੋ ਮਨ-ਮੰਗੀ ਮੁਰਾਦ ਪੂਰੀ ਕਰਦਾ ਹੈ। ਧੁਖੁ-ਚਿੰਤਾ। ੨।

## ਅਰਥ :

ਹੇ ਮਾਂ ! ਮੇਰੇ ਮਨ ਨੂੰ (ਬਹੁਤ ਹੀ ਵੱਡਾ) ਸੁੱਖ ਪ੍ਰਾਪਤ ਹੋ ਗਿਆ ਹੈ। (ਇਹ ਸੁੱਖ ਐਸਾ ਹੈ) ਮਾਨੋ ਕਿ ਜਿਵੇਂ ਕੋਈ ਕ੍ਰੋੜਾਂ ਰਾਜਾਂ ਦਾ ਦੁੱਖ ਨਾਸ਼ ਹੋ ਜਾਂਦਾ ਹੈ, (ਅਤੇ ਐਸਾ ਸਦੀਵੀ ਸੁੱਖ ਸਿਮਰਨ ਕਰਕੇ ਮਿਲ

ਜਾਂਦਾ ਹੈ)। ਰਹਾਉ। (ਹੇ ਭਾਈ ! ਨਾਮ) ਸਿਮਰਦਿਆਂ ਕ੍ਰੋੜਾਂ ਜਨਮਾਂ ਦੇ ਪਾਪ ਨਾਸ਼ ਹੋ ਜਾਂਦੇ ਹਨ, ਮਨ ਤੇ ਸਰੀਰ ਸੁੱਖੀ ਹੋ ਜਾਂਦੇ ਹਨ। (ਉਸ ਪ੍ਰਭੂ ਦਾ) ਸਰੂਪ ਵੇਖ ਕੇ (ਭਾਵ ਦੀਦਾਰ ਕਰਕੇ ਮੇਰੀ) ਸਾਰੀ ਆਸਾ ਪੂਰੀ ਹੋ ਗਈ ਹੈ, (ਅਤੇ ਪ੍ਰਭੂ ਦੇ) ਦਰਸ਼ਨ ਕਰਦਿਆਂ ਹੀ (ਮਨ ਦੀ) ਭੁੱਖ ਲਹਿ ਗਈ ਹੈ (ਭਾਵ ਤ੍ਰਿਪਤੀ ਹੋ ਗਈ ਹੈ)। ੧। ਚਾਰ ਪਦਾਰਥ ਧਰਮ, ਅਰਥ, ਕਾਮ, ਮੋਖ, ਧੇਨ (ਗਊ) ਪਾਰਜਾਤ (ਇੰਦ੍ਰ ਦੇ ਬਾਗ਼ ਦਾ ਕਲਪ ਬ੍ਰਿਛ) ਹਰੀ ਪ੍ਰਭੂ (ਆਪ ਹੀ ਹੈ)। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਅਸਾਂ ਨੇ ਸੁੱਖ ਆਸਰਾ (ਪ੍ਰਮਾਤਮਾ ਦੀ) ਸ਼ਰਨ ਪਕੜੀ ਹੈ, (ਜਿਸ ਕਰਕੇ) ਮੁੜ ਜਨਮ ਮਰਨ ਦੇ (ਗੇੜ) ਅਤੇ ਮਾਤਾ ਦੇ ਗਰਭ ਜੂਨ ਦਾ ਦੁੱਖ ਨਹੀਂ ਹੁੰਦਾ। ੨। ੧੦। ੨੯।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧੨੦ (ਅੰਗ ੭੧੮)

## ਟੋਡੀ ਮਹਲਾ ੫ ॥

ਹਰਿ ਹਰਿ ਚਰਨ ਰਿਦੈ ਉਰ ਧਾਰੇ ॥ ਸਿਮਰਿ ਸੁਆਮੀ ਸਤਿਗੁਰੁ ਅਪੁਨਾ ਕਾਰਜ ਸਫਲ ਹਮਾਰੇ ॥ ੧ ॥ ਰਹਾਉ ॥ ਪੁੰਨ ਦਾਨ ਪੂਜਾ ਪਰਮੇਸੁਰ ਹਰਿ ਕੀਰਤਿ ਤਤੁ ਬੀਚਾਰੇ ॥ ਗੁਨ ਗਾਵਤ ਅਤੁਲ ਸੁਖੁ ਪਾਇਆ ਠਾਕੁਰ ਅਗਮ ਅਪਾਰੇ ॥ ੧ ॥ ਜੋ ਜਨ ਪਾਰਬ੍ਰਹਮਿ ਅਪਨੇ ਕੀਨੇ ਤਿਨ ਕਾ ਬਾਹੁਰਿ ਕਛੁ ਨ ਬੀਚਾਰੇ ॥ ਨਾਮ ਰਤਨੁ ਸੁਨਿ ਜਪਿ ਜਪਿ ਜੀਵਾ ਹਰਿ ਨਾਨਕ ਕੰਠ ਮਝਾਰੇ ॥ ੨ ॥ ੧੧ ॥ ੩੦ ॥

## ਪ੍ਰਾਕ੍ਰਥਨ :-

ਇਹ ਪਾਵਨ ਸ਼ਬਦ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਟੋਡੀ ਰਾਗ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਪਾਵਨ ਸ਼ਬਦ ਦੇ ਆਰੰਭ ਅੰਦਰ ਗੁਰਦੇਵ ਨੇ ਹਰੀ ਵਾਹਿਗੁਰੂ ਜੀ ਦੇ ਨਾਮ ਰੂਪ ਚਰਨਾਂ ਨੂੰ ਹਿਰਦੇ 'ਚ ਵਸਾ ਕੇ ਆਪਣੇ ਗੁਰੂ ਰਾਹੀਂ ਉਸ ਮਾਲਕ ਦਾ ਸਿਮਰਨ ਕਰਦਿਆਂ, ਆਪਣੇ ਸਾਰੇ ਕਾਰਜ ਸਫਲੇ ਹੋਏ ਦੱਸੇ ਹਨ ਅਤੇ ਇਸ ਸ਼ਬਦ ਰਾਹੀਂ ਸਾਨੂੰ ਸਾਰੇ ਸੰਸਾਰਿਕ ਜੀਆਂ ਨੂੰ ਪ੍ਰੇਰਨਾ ਕੀਤੀ ਹੈ ਕਿ ਹੇ ਭਾਈ! ਉਸ ਪ੍ਰਭੂ ਦੇ ਨਾਮ ਰੂਪ ਚਰਨਾਂ ਨੂੰ ਹਿਰਦੇ 'ਚ ਵਸਾ ਕੇ ਗੁਰੂ ਦੁਆਰਾ ਉਸ ਦੇ ਨਾਮ ਨੂੰ ਸਿਮਰ ਕੇ ਜਿਥੇ ਸੰਸਾਰਕ ਕੰਮ ਪੂਰੇ ਹੁੰਦੇ ਨੇ, ਉੱਥੇ ਮਨੁੱਖਾ ਜਨਮ ਵੀ ਸਫਲਾ ਹੁੰਦਾ ਹੈ।

## ਵਿਸ਼ਾ — ਸਿਮਰਿ ਸੁਆਮੀ ਸਤਿਗੁਰੁ ਅਪੁਨਾ

ਇਸ ਪਾਵਨ ਸ਼ਬਦ ਦੀ ਪਹਿਲੀ ਪੰਕਤੀ ਇਸ ਪ੍ਰਕਾਰ ਹੈ:

***ਹਰਿ ਹਰਿ ਚਰਨ ਰਿਦੈ ਉਰ ਧਾਰੇ॥***
***ਸਿਮਰਿ ਸੁਆਮੀ ਸਤਿਗੁਰੁ ਅਪੁਨਾ ਕਾਰਜ ਸਫਲ ਹਮਾਰੇ॥***

(ਅੰਗ ੭੧੮)

ਗੁਰਦੇਵ ਨੇ ਆਰੰਭ ਵਿਚ ਹਰੀ ਦੇ ਚਰਨਾਂ ਤੇ ਸੁਆਮੀ ਦਾ ਸਿਮਰਨ ਕਰਕੇ ਸਾਰੇ ਕਾਰਜ ਸਫਲ ਹੋਣੇ ਦਰਸਾਏ ਹਨ। ਹਰੀ ਪ੍ਰਭੂ ਪ੍ਰਮਾਤਮਾ ਦੇ ਗੁਰਬਾਣੀ ਸਿਧਾਂਤ ਅਨੁਸਾਰ ਨਿਰਗੁਣ ਅਤੇ ਸਰਗੁਣ ਦੋ ਸਰੂਪ ਕਥਨ ਕੀਤੇ ਹਨ। ਪਰਮਾਤਮਾ ਦਾ ਸਰਗੁਣ ਸਰੂਪ ਗੁਰਮਤਿ ਸਿਧਾਂਤ ਅਨੁਸਾਰ ਅਸੀਂ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਤੱਕ ਦਸਾਂ ਸਰੂਪਾਂ ਨੂੰ ਮੰਨਦੇ ਹਾਂ। ਇਸ ਲਈ ਦਸਾਂ ਗੁਰੂਆਂ ਦੇ ਚਰਨ-ਕਮਲ ਨੂੰ ਗੁਰੂ ਕੇ ਚਰਨ ਗੁਰਬਾਣੀ ਅੰਦਰ ਕਥਨ ਕੀਤਾ ਗਿਆ ਹੈ। ਜੈਸੇ ਪਾਵਨ ਫ਼ੁਰਮਾਨ ਹੈ:

***ਗੁਰ ਕੇ ਚਰਨ ਜੀਅ ਕਾ ਨਿਸਤਾਰਾ॥***
***ਸਮੁੰਦੁ ਸਾਗਰੁ ਜਿਨਿ ਖਿਨ ਮਹਿ ਤਾਰਾ॥***

(ਅੰਗ ੬੮੪)

ਅਤੇ ਦੂਸਰਾ ਪ੍ਰਮਾਤਮਾ ਦਾ ਨਿਰਗੁਣ ਸਰੂਪ ਹੈ, ਜਿਸ ਦਾ ਕੋਈ ਰੂਪ, ਰੇਖ, ਚੱਕਰ, ਚਿਹਨ, ਚਿੰਨ੍ਹ ਨਹੀਂ ਹੈ। ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਸਿੱਖ ਦੀ ਨਿਤਨੇਮ ਦੀ ਦੂਸਰੀ ਬਾਣੀ 'ਜਾਪੁ ਸਾਹਿਬ' (ਦਸਮ ਗ੍ਰੰਥ) ਦੇ ਆਰੰਭ ਵਿਚ ਇਸ ਸਰੂਪ ਦਾ ਨਿਰਣਾ ਕੀਤਾ ਹੈ:

***ਚੱਕ੍ਰ ਚਿਹਨ ਅਰ ਬਰਨ ਜਾਤਿ ਅਰੁ ਪਾਤ ਨਹਿਨ ਜਿਹ॥***
***ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤਿ ਕਿਹ॥***

ਇਸ ਲਈ ਇਸ ਨਿਰਗੁਣ ਸਰੂਪ ਹਰੀ ਦੇ ਚਰਨ ਜਾਪੁ ਸਾਹਿਬ ਅੰਦਰ ਹੀ ਚੋਜੀ ਪ੍ਰੀਤਮ ਗੁਰੂ

ਗੋਬਿੰਦ ਸਿੰਘ ਜੀ ਨੇ ਦੱਸੇ ਹਨ:-

***ਚਿਤ ਚਰਨ ਨਾਮ॥*** (ਦਸਮ ਗ੍ਰੰਥ ਅੰਗ-੯)

ਪਾਵਨ ਬਾਣੀ ਦੇ ਅੰਦਰ ਇਸ ਨਿਰਗੁਣ ਸਰੂਪ ਹਰੀ ਦੇ ਚਰਨਾਂ ਨੂੰ ਸੰਸਾਰ ਸਮੁੰਦਰ ਤੋਂ ਮਨੁੱਖ ਨੂੰ ਤਾਰਨ ਵਾਲੇ ਇਕ ਜਹਾਜ਼ ਦੀ ਤਰ੍ਹਾਂ ਦੱਸਿਆ ਹੈ, ਜਿਸ ਨਾਮ ਰੂਪ ਚਰਨਾਂ ਨੂੰ ਹਿਰਦੇ 'ਚ ਵਸਾ ਕੇ ਮਨੁੱਖ ਸਹਿਜੇ ਹੀ ਇਸ ਆਸਰੇ ਸੰਸਾਰ ਸਮੁੰਦਰ ਤੋਂ ਪਾਰ ਹੋ ਜਾਂਦਾ ਹੈ:

***ਬੋਹਿਥੜਾ ਹਰਿ ਚਰਣ ਮਨ ਚੜਿ ਲੰਘੀਐ॥***
***ਆਠ ਪਹਰ ਗੁਣ ਗਾਇ ਸਾਧੂ ਸੰਗੀਐ॥***

(ਅੰਗ ੩੯੮)

***ਅਥਵਾ: ਚਰਨ ਪ੍ਰਭੂ ਕੇ ਬੋਹਿਥੁ ਪਾਏ ਭਵ ਸਾਗਰੁ ਪਾਰਿ ਪਰਾਹੀ॥***

(ਅੰਗ ੮੨੪)

***ਅਥਵਾ: ਚਰਨ ਕਮਲ ਬੋਹਿਥ ਭਏ ਲਗਿ ਸਾਗਰੁ ਤਰਿਓ ਤੇਹ॥***

(ਅੰਗ ੪੩੧)

***ਅਥਵਾ: ਗਰਭ ਕੁੰਡ ਨਰਕ ਤੇ ਰਾਖੈ ਭਵਜਲੁ ਪਾਰਿ ਉਤਾਰੇ॥***
***ਚਰਨ ਕਮਲ ਆਰਾਧਤ ਮਨ ਮਹਿ ਜਮ ਕੀ ਤ੍ਰਾਸ ਬਿਦਾਰੇ॥***

(ਅੰਗ ੨੧੦)

***ਅਥਵਾ: ਚਰਨ ਕਮਲ ਕੀ ਓਟ ਉਧਰੇ ਸਗਲ ਜਨ॥***
***ਸੁਣਿ ਪਰਤਾਪੁ ਗੋਵਿੰਦ ਨਿਰਭਉ ਭਏ ਮਨ॥***

(ਅੰਗ ੭੦੯)

***ਚਰਨ ਕਮਲ ਕੋ ਮਹਾਤਮ ਅਗਾਧਿ ਬੋਧਿ,***
***ਅਤਿ ਅਸਚਰਜ-ਮੈ ਨਮੋ ਨਮੋ ਨਮ ਹੈ॥***
***ਕੋਮਲ ਕੋਮਲਤਾ ਅਉ ਸੀਤਲ ਸੀਤਲਤਾ ਕੈ,***
***ਬਾਸਨਾ ਸੁਬਾਸੁ ਤਾਸੁ ਦੁਤੀਆ ਨ ਸਮ ਹੈ॥***
***ਸਹਜ ਸਮਾਧਿ ਨਿਜ ਆਸਨ ਸਿੰਘਾਸਨ,***
***ਸ੍ਵਾਦ ਬਿਸਮਾਦ ਰਸ ਗੰਮਿਤਾ ਅਗਮ ਹੈ॥***
***ਰੂਪ ਕੈ ਅਨੂਪ ਰੂਪ ਮਨ ਮਨਸਾ ਥਕਤ,***
***ਅਕਥ ਕਥਾ ਬਿਨੋਦ ਬਿਸਮੈ ਬਿਸਮ ਹੈ॥ ੮੦॥***

(ਕਬਿੱਤ ਸਵੱਯੇ ਭਾ: ਗੁਰਦਾਸ ਜੀ)

***ਅਥਵਾ: ਨਦੀ ਤਰੰਦੜੀ ਮੈਡਾ ਖੋਜੁ ਨ ਖੁੰਭੈ ਮੰਝਿ ਮੁਹਬਤਿ ਤੇਰੀ॥***
***ਤਉ ਸਹ ਚਰਣੀ ਮੈਡਾ ਹੀਅੜਾ ਸੀਤਮੁ ਹਰਿ ਨਾਨਕ ਤੁਲਹਾ ਬੇੜੀ॥***

(ਅੰਗ ੫੨੦)

ਇਸ ਹਰੀ ਪ੍ਰਭੁ ਦੇ ਨਾਮ ਰੂਪ ਚਰਨਾਂ ਨੂੰ ਹਿਰਦੇ 'ਚ ਵਸਾ ਕੇ ਜਿਥੇ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਈਦਾ ਹੈ, ਉਥੇ ਪ੍ਰਤੱਖ ਸਮੁੰਦਰ ਤੋਂ ਅਤੇ ਡੂੰਘੇ ਤੋਂ ਡੂੰਘੇ ਪਾਣੀ ਦਰਿਆ ਆਦਿ ਨੂੰ ਨਾਮ ਆਸਰੇ ਦੇ ਨਾਲ ਪਾਰ ਕਰ ਲਈਦਾ ਹੈ। ਗੁਰ ਇਤਿਹਾਸ ਇਸ ਗੱਲ ਦੀ ਸਾਖ ਭਰਦਾ ਹੈ ਕਿ ਭਾਈ ਪਾਰੋ ਜੀ ਨਾਮ ਆਸਰੇ ਨਾਲ ਆਪਣੇ ਪਿੰਡ ਡੱਲੇ ਤੋਂ ਹਰ ਰੋਜ਼ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਨ ਲਈ ਗੋਇੰਦਵਾਲ ਆਉਣ ਸਮੇਂ ਰਸਤੇ ਵਿਚੋਂ ਬਿਆਸ ਦੇ ਠਾਠਾਂ ਮਾਰਦੇ ਡੂੰਘੇ ਪਾਣੀ ਵਿਚੋਂ ਸੌਖਿਆਂ ਆਉਣ ਜਾਣ ਸਮੇਂ ਪਾਰ ਲੰਘ ਜਾਇਆ ਕਰਦੇ ਸਨ।

## ਸਾਖੀ—ਭਾਈ ਪਾਰੋ ਜੀ

ਭਾਈ ਪਾਰੋ ਜੀ ਡੱਲੇ ਪਿੰਡ ਦੇ ਰਹਿਣ ਵਾਲੇ ਸਨ। ਇਸ ਪਿੰਡ ਦੇ ਹੋਰ ਵੀ ਬਹੁਤ ਸਾਰੇ ਗੁਰਸਿੱਖ ਸਨ, ਜਿੰਨ੍ਹਾਂ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਸਿੱਖਾਂ ਦੀ ਭਗਤ ਮਾਲਾ ਅੰਦਰ ਕੀਤਾ ਹੈ। ਇਹ ਭਾਈ ਪਾਰੋ ਜੀ ਪਰਮਹੰਸ ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਨ ਰੋਜ਼ਾਨਾ ਡੱਲੇ ਪਿੰਡ ਤੋਂ ਗੋਇੰਦਵਾਲ ਸਾਹਿਬ ਆਉਂਦੇ ਹਨ। ਰਸਤੇ ਵਿਚ ਬਿਆਸ ਦਰਿਆ ਹੈ। ਭਾਈ ਪਾਰੋ ਜੁਲਕਾ ਜੀ ਗੁਰੂ ਆਸਰੇ ਦਰਿਆ ਦੀਆਂ ਲਹਿਰਾਂ ਨੂੰ ਪਾਰ ਕਰਕੇ ਸਤਿਗੁਰੂ ਜੀ ਦੇ ਦਰਸ਼ਨ ਕਰ ਕੇ ਆਪਣੇ ਧੰਨ ਭਾਗ ਸਮਝਦੇ ਹਨ। ਉਨ੍ਹਾਂ ਅੰਦਰ ਹਮੇਸ਼ਾ ਗੁਰੂ ਦੇ ਦੀਦਾਰਿਆਂ ਦੀ ਤੜਪ ਬਣੀ ਰਹਿੰਦੀ ਹੈ।

ਦਰਸ਼ਨ ਕਰਨ ਉਪਰੰਤ ਉਸੇ ਤਰ੍ਹਾਂ ਦਰਿਆ ਅੰਦਰ ਘੋੜੀ ਠੇਲ੍ਹ ਕੇ ਵਾਪਸ ਪਿੰਡ ਆ ਜਾਂਦੇ ਹਨ। ਦਿੱਲੀਓਂ ਲਾਹੌਰ ਨੂੰ ਜਾਂਦਾ ਫ਼ੌਜਾਂ ਦਾ ਕਾਫ਼ਲਾ ਦਰਿਆ ਦੇ ਹੜ੍ਹ ਨੂੰ ਵੇਖ ਕੇ ਰੁਕ ਗਿਆ। ਫ਼ੌਜਾਂ ਦਾ ਜਰਨੈਲ ਅੱਲਾ ਯਾਰ ਖ਼ਾਂ ਹੜ੍ਹ ਦੇ ਪਾਣੀ ਦੇ ਉਤਰਨ ਦੀ ਉਡੀਕ ਕਰਨ ਲੱਗਾ। ਜਿਉਂ ਹੀ ਜਰਨੈਲ ਨੇ ਭਾਈ ਪਾਰੋ ਜੁਲਕਾ ਜੀ ਨੂੰ ਰਵੀਂ-ਰਵੀਂ ਘੋੜੀ ਠੇਲ੍ਹ ਕੇ ਦਰਿਆ ਪਾਰ ਕਰਦੇ ਵੇਖਿਆ ਤਾਂ ਉਸ ਦੀ ਅਕਲ ਦੰਗ ਰਹਿ ਗਈ। ਜਦੋਂ ਭਾਈ ਸਾਹਿਬ ਵਾਪਸ ਆਏ ਤਾਂ ਜਰਨੈਲ ਨੇ ਪੁੱਛਿਆ-ਸਿੱਖਾ ! ਤੇਰਾ ਨਾਮ ਕੀ ਹੈ ? ਤਾਂ ਭਾਈ ਪਾਰੋ ਜੀ ਨੇ ਕਿਹਾ ਮੇਰਾ ਨਾਮ ਪਾਰੋ ਹੈ।

***ਪਾਰੋ ਨਾਮ ਹਮਾਰਾ ਅਹੈ। ਗੁਰਦਰਸਨ ਜਾਵਤ ਚਿਤ ਚਹੈ॥ ੧੯॥***
***ਸੁਨ ਨਵਾਬ ਮਨ ਸਿਦਕ ਉਦਾਰਾ। ਬੂਝਿਉ ਕਿਹ ਠਾਂ ਪੀਰ ਤੁਮਾਰਾ।***

(ਗੁ: ਪ੍ਰ: ਸੂ: ਗ: ਰਾਸ ਅੰਸੂ ੩੭)

ਸਤਿਗੁਰੂ ਜੀ ਦੇ ਭਰੋਸੇ ਦੇ ਬੇੜੇ ਚੜ੍ਹ ਜਾਈਏ ਫਿਰ ਗੁਰੂ ਹਰ ਥਾਂ ਸਹਾਇਤਾ ਕਰਦਾ ਹੈ। ਜਰਨੈਲ ਅੱਲਾ ਯਾਰ ਖ਼ਾਂ ਇਥੋਂ ਹੀ ਗੁਰੂ ਚਰਨਾਂ ਦਾ ਸੇਵਕ ਬਣ ਜਾਂਦਾ ਹੈ। ਗੁਰੂ ਅਮਰਦਾਸ ਜੀ ਦੇ ਚਰਨਾਂ 'ਚੋਂ

ਗੁਰਮਤਿ ਦਾਨ ਪਾ ਕੇ ਵਡਭਾਗਿਆਂ ਵਿਚ ਸ਼ਾਮਿਲ ਹੋ ਗਿਆ। ਤੀਜੇ ਗੁਰੂ ਜੀ ਨੇ ਪ੍ਰਚਾਰ ਦੀ ਜ਼ਿੰਮੇਵਾਰੀ ਜਦ ਗੁਰਸਿੱਖਾਂ ਨੂੰ ਬਖ਼ਸ਼ੀ ਤਾਂ ਉਨ੍ਹਾਂ ਭਾਗਸ਼ਾਲੀ ਗੁਰਸਿੱਖਾਂ ਵਿਚ ਅੱਲਾ ਯਾਰ ਖ਼ਾਂ ਵੀ ਸੀ। ਭਾਈ ਪਾਰੋ ਜੀ ਨੂੰ ਭਾਈ ਸਾਹਿਬ ਗੁਰਦਾਸ ਜੀ ਨੇ ਪਰਮ ਹੰਸ ਕਰ ਕੇ ਵਾਰਾਂ ਅੰਦਰ ਲਿਖਿਆ ਹੈ:

***ਪਾਰੋ ਜੁਲਕਾ ਪਰਮਹੰਸੁ ਪੂਰੈ ਸਤਿਗੁਰ ਕਿਰਪਾ ਧਾਰੀ...***
***ਪੂਰੈ ਸਤਿਗੁਰ ਪੈਜ ਸਵਾਰੀ ॥੧੫॥*** (ਵਾਰ ੧੧, ਪਉੜੀ ੧੫)

ਜਿਥੇ ਨਾਮ ਆਸਰੇ ਨਾਲ ਸੰਸਾਰ ਸਮੁੰਦਰ ਨੂੰ ਅਤੇ ਪ੍ਰਤੱਖ ਸਮੁੰਦਰ ਦਰਿਆ ਆਦਿ ਨੂੰ ਪਾਰ ਕਰ ਲਈਦਾ ਹੈ, ਉਥੇ ਪ੍ਰਮਾਤਮਾ ਦੇ ਨਾਮ ਆਸਰੇ ਨਾਲ ਮਨੁੱਖ ਦੇ ਸੰਸਾਰਿਕ ਅਤੇ ਪ੍ਰਮਾਰਥ ਸਾਰੇ ਕਾਰਜ ਸੌਖਿਆਂ ਹੀ ਸਵਰ ਜਾਂਦੇ ਹਨ। ਕਿਉਂਕਿ ਨਾਮ ਜਪਣ ਵਾਲਿਆਂ ਦੇ ਸਾਰੇ ਕਾਰਜ ਪ੍ਰਮਾਤਮਾ ਸੁਤੇ ਸਿੱਧ ਹੀ ਪੂਰੇ ਕਰ ਦਿੰਦਾ ਹੈ। ਪ੍ਰਭੂ ਦਾ ਪਿਆਰਾ ਨਾਮ ਜਪਣ ਵਾਲਾ ਮਨ ਵਿਚ ਕਿਸੇ ਕੰਮ-ਕਾਰਜ ਦਾ ਫੁਰਨਾ ਜਦ ਵੀ ਕਰਦਾ ਹੈ, ਤਾਂ ਪ੍ਰਮਾਤਮਾ ਇਕ ਛਿਨ ਵਿਚ ਉਸ ਕਾਰਜ ਨੂੰ ਪੂਰਾ ਕਰ ਦਿੰਦਾ ਹੈ। ਗੁਰਦੇਵ ਦਾ ਫ਼ੁਰਮਾਨ ਹੈ:-

***ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ ਜਿਨ ਹਰਿ ਕਾ ਨਾਮੁ ਪਿਆਰਾ॥***

(ਅੰਗ ੬੩੮)

***ਅਥਵਾ: ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ॥***
***ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥***

(ਅੰਗ ੪੦੩)

ਜਿਸ ਤਰ੍ਹਾਂ ਨਾਮ ਜੱਪਣ ਕਰਕੇ ਭਗਤ ਧੰਨਾ ਜੀ ਦੇ ਪ੍ਰਭੂ ਸਾਰੇ ਕੰਮ ਕਾਰ ਆਪ ਹੀ ਕਰਦਾ ਸੀ।

## ਸਾਖੀ—ਭਗਤ ਧੰਨਾ ਜੀ

ਭਗਤ ਧੰਨਾ ਜੀ ਦਾ ਜਨਮ ਸੰਨ ੧੪੧੭ ਈ: ਨੂੰ ਧੁਆਨ ਨਗਰ ਜ਼ਿਲ੍ਹਾ ਟਾਂਕ, ਰਾਜਸਥਾਨ ਦੇ ਜੱਟ ਘਰਾਣੇ ਵਿਚ ਹੋਇਆ ਕਥਨ ਕੀਤਾ ਹੈ। ਭਗਤ ਧੰਨਾ ਜੀ ਬਚਪਨ ਤੋਂ ਹੀ ਸਿਧੇ ਸਾਦੇ, ਸਿਦਕੀ ਸੁਭਾਅ ਦੇ ਸਨ। ਗੁਰੂ ਅਰਜਨ ਦੇਵ ਜੀ ਦੇ ਆਸਾ ਰਾਗ ਅੰਦਰ (ਅੰਗ ੪੮੮) ਅੰਕਿਤ ਸ਼ਬਦ

***ਮਹਲਾ ੫ ॥ ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ॥***
***ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ ॥ ੧ ॥ ਰਹਾਉ ॥***
***ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ ॥***
***ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ ॥ ੧ ॥***
***ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ॥***

***ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ ॥ ੨ ॥***
***ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ ॥***
***ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ ॥ ੩ ॥***
***ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ ॥***
***ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ ॥ ੪ ॥ ੨ ॥***

ਇਸ ਸ਼ਬਦ ਅੰਦਰ ਚਾਰ ਭਗਤਾਂ ਦੇ ਭਗਤੀ ਕਰਨ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਭਗਤ ਧੰਨਾ ਜੀ ਪ੍ਰਭੂ ਦੀ ਭਗਤੀ ਕਰਨ ਵਿਚ ਲੱਗਿਆ, ਗੁਰੂ ਅਰਜਨ ਦੇਵ ਜੀ ਨੇ ਦਰਸਾਇਆ ਹੈ :

ਇਸ ਸ਼ਬਦ ਅੰਦਰ ਹਜ਼ੂਰ ਦੇ ਕਥਨ ਕੀਤੇ ਸਿਧਾਂਤ ਅਨੁਸਾਰ ਅੱਧੀ ਕਉਡੀ ਦਾ ਛੀਂਬਾ ਜਾਤੀ ਵਿਚੋਂ ਨਾਮਦੇਵ ਗੋਬਿੰਦ ਗੋਬਿੰਦ ਪ੍ਰਭੂ ਦਾ ਨਾਮ ਜੱਪਕੇ "ਹੋਇਓ ਲਾਖੀਣਾ" ਅਤੇ ਸੰਸਾਰਿਕ ਬੁਨਣਾ ਤਨਣਾ ਤਿਆਗ ਕੇ ਪ੍ਰਭੂ ਚਰਨਾਂ ਨਾਲ "ਪ੍ਰੀਤ ਚਰਨ ਕਬੀਰਾ" ਪਾ ਕੇ ਇਕ ਨੀਚ ਕੁਲ ਵਿਚੋਂ ਭਗਤ ਕਬੀਰ "ਭਇਓ ਗੁਣੀ ਗਹੀਰਾ" ਦੱਸਿਆ ਹੈ। ਰਵਿਦਾਸ ਮਾਇਆ ਦਾ ਤਿਆਗੀ ਹੋ ਕੇ ਜੋ "ਢੋਰ ਢਵੰਤਾ" ਸੀ, ਇਸਨੇ ਵੀ "ਹਰਿ ਦਰਸ਼ਨ ਪਾਇਆ" ਬੁੱਤਕਾਰੀਆਂ ਭਰਨ ਵਾਲਾ ਸੈਣਿ ਨਾਈ ਜਿਸਦੇ ਹਿਰਦੇ ਵਿਚ ਪ੍ਰਮੇਸ਼ਰ ਵੱਸ ਗਿਆ, ਇਹ ਭੀ ਭਗਤਾਂ ਦੀ ਗਿਣਤੀ ਵਿਚ ਗਿਣਿਆ ਗਿਆ ਦੱਸਿਆ ਹੈ। ਉਪਰੋਕਤ ਨੀਵੀਂ ਜਾਤੀ ਵਿਚ ਜਨਮ ਲੈਣ ਵਾਲੇ ਪ੍ਰਭੂ ਦੀ ਭਗਤੀ ਕਰਕੇ ਪ੍ਰਮਾਤਮਾ ਨੂੰ ਪਾ ਕੇ ਪ੍ਰਮੇਸ਼ਰ ਰੂਪ ਹੋਇਆਂ ਨੂੰ ਵੇਖ ਕੇ ਹੀ ਭਗਤ ਧੰਨਾ ਜੀ ਦੇ ਮਨ ਅੰਦਰ ਭਗਤੀ ਕਰਨ ਦਾ ਚਾਅ ਜਾਗ ਆਇਆ ਹੈ। ਗੁਰਦੇਵ ਦਾ ਫ਼ੁਰਮਾਣ ਹੈ :-

***ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ॥***

(ਅੰਗ ੪੮੮)

ਭਗਤ ਧੰਨਾ ਜੀ ਨੇ ਐਸੇ ਦ੍ਰਿੜ੍ਹ ਇਰਾਦੇ ਨਾਲ ਅਤੇ ਨਿਰਛਲ ਹੋ ਕੇ ਪ੍ਰਭੂ ਦੀ ਪ੍ਰੇਮਾ ਭਗਤੀ ਕੀਤੀ। ਜਿਸ ਭਗਤੀ ਦਾ ਸਦਕਾ ਆਪ ਜੀ ਦੀ ਪਾਵਨ ਬਾਣੀ ਦੇ ਸਿਧਾਂਤ ਅਨੁਸਾਰ ਜਿਵੇਂ ਪਿਤਾ ਪੁੱਤਰ ਨਾਲ ਪਿਆਰ ਕਰਦਿਆਂ, ਲਾਡ ਦੇ ਬਚਨ ਕਰਦਾ ਹੈ, ਇਸ ਤਰ੍ਹਾਂ ਪ੍ਰਮਾਤਮਾ ਨੇ ਭਗਤ ਜੀ ਨੂੰ ਪ੍ਰਤੱਖ ਦਰਸ਼ਨ ਬਖ਼ਸ਼ੇ ਜੋ ਗੁਰਬਾਣੀ ਸਪੱਸ਼ਟ ਕਰਦੀ ਹੈ :

***ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ॥***

(ਅੰਗ ੪੮੭)

ਪ੍ਰਭੂ ਨੇ ਕਿਹਾ, ਧੰਨਿਆ, ਹੋਰ ਭਗਤਾਂ ਨੇ ਤਾਂ ਮੇਰਾ ਜਸ ਕਰਦਿਆਂ ਮੇਰੀ ਆਰਤੀ ਕੀਤੀ ਹੈ, ਪਰ ਤੂੰ ਭੀ ਮੇਰੀ ਆਰਤੀ ਕਰ। ਭਗਤ ਧੰਨਾ ਜੀ ਨੇ ਕਿਹਾ, ਹੇ ਪ੍ਰਭੂ ! ਠੀਕ ਹੋਰਾਂ ਨੇ ਆਰਤੀ ਕੀਤੀ ਹੈ, ਪਰ ਮੈਂ ਤਾਂ ਤੇਰਾ ਆਰਤਾ ਕਰਦਾ ਹਾਂ। ਹੇ ਪ੍ਰਮਾਤਮਾ ! ਤੂੰ ਆਪਣੀ ਭਗਤੀ ਕਰਨ ਵਾਲਿਆਂ ਦੇ ਸਾਰੇ ਕੰਮ ਸਵਾਰਦਾ ਹੈਂ, ਪਰ ਮੇਰੀਆਂ ਤਾਂ ਸੰਸਾਰਿਕ ਬਹੁਤ ਸਾਰੀਆਂ ਮੰਗਾਂ ਹਨ, ਅਤੇ ਮੇਰੇ ਬਹੁਤ ਸਾਰੇ ਸੰਸਾਰਿਕ

ਧੰਦੇ ਹਨ। ਆਪ ਇਹ ਸਾਰੇ ਕਾਰਜ ਪੂਰੇ ਕਰੋ। ਇਸ ਤਰ੍ਹਾਂ ਕਹਿੰਦਿਆਂ ਭਗਤ ਜੀ ਨੇ ਆਰਤਾ ਉਚਾਰਨ ਕੀਤਾ :

***ਧੰਨਾ ॥ਗੋਪਾਲ ਤੇਰਾ ਆਰਤਾ ॥ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ ॥***

(ਅੰਗ ੬੯੫)

ਇਕ ਕਥਨ ਅਨੁਸਾਰ ਪ੍ਰਭੂ ਨੇ ਪ੍ਰਗਟ ਹੋ ਕੇ ਭਗਤ ਧੰਨਾ ਜੀ ਦੇ ਸੰਸਾਰਿਕ ਕੰਮ ਸਾਰੇ ਕੀਤੇ ਹਨ। ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਭਗਤ ਧੰਨਾ ਜੀ ਭੋਲੇ-ਭਾਲੇ, ਪ੍ਰੇਮ ਰੰਗ ਵਿਚ ਭਿੱਜੇ ਹੋਏ ਸਿਧੇ-ਸਾਦੇ, ਨਿਰਛਲ ਸੁਭਾਅ ਦੇ ਧਾਰਨੀ ਜੱਟ, ਜ਼ਿਮੀਂਦਾਰ ਸਨ। ਆਪ ਜੀ ਜ਼ਿੰਮੀਦਾਰਾ ਖੇਤੀ ਦਾ ਕੰਮ ਕਰਦੇ ਸਨ। ਆਪਣੇ ਘਰ ਤੋਂ ਗਊਆਂ, ਮੱਝਾਂ ਅਤੇ ਬਲਦ ਲੈ ਕੇ ਰਸਤੇ ਵਿਚ ਦੀ ਜਿਥੋਂ ਹਰ ਰੋਜ਼ ਖੇਤ ਨੂੰ ਲੰਘਦੇ ਸਨ, ਉਥੇ ਰਸਤੇ ਵਿਚ ਲੰਘਦੇ ਹੋਏ, ਤ੍ਰਿਲੋਚਨ ਬ੍ਰਾਹਮਣ ਨੂੰ ਠਾਕੁਰ ਪੂਜਾ ਕਰਦੇ ਨੂੰ ਵੇਖਦੇ ਸਨ। ਆਪ ਜੀ ਨੇ ਇਕ ਦਿਨ ਤ੍ਰਿਲੋਚਨ ਨੂੰ ਪੁੱਛਿਆ, ਕਿ ਪੰਡਿਤ ਜੀ! ਇਹ ਤੁਸੀਂ ਕੀ ਕਰਦੇ ਹੋ? ਤ੍ਰਿਲੋਚਨ ਨੇ ਕਿਹਾ, ਮੈਂ ਠਾਕਰ ਦੀ ਪੂਜਾ ਕਰਦਾ ਹਾਂ। ਧੰਨੇ ਨੇ ਕਿਹਾ, ਪੂਜਾ ਕਰਨ ਤੋਂ ਠਾਕੁਰ ਕੀ ਦਿੰਦਾ ਹੈ? ਤ੍ਰਿਲੋਚਨ ਨੇ ਕਿਹਾ, ਠਾਕਰ ਸਾਰੇ ਕੰਮ ਸਵਾਰਦਾ ਹੈ। ਤਾਂ ਭਗਤ ਧੰਨਾ ਜੀ ਨੇ ਕਿਹਾ, ਪੰਡਿਤ ਜੀ, ਇਕ ਠਾਕੁਰ ਮੈਨੂੰ ਭੀ ਦਿਉ। ਪਖੰਡੀ, ਛਲੀਏ, ਤ੍ਰਿਲੋਚਨ ਬ੍ਰਾਹਮਣ ਨੇ ਧੰਨੇ ਨੂੰ ਗਲੋਂ ਲਾਹੁਣ ਵਾਸਤੇ ਇਕ ਅਣਘੜਿਆ ਪੱਥਰ ਬਸਤਰ ਵਿਚ ਲਪੇਟ ਕੇ ਦੇ ਦਿੱਤਾ। ਕਿਹਾ ਕਿ ਲੈ ਇਸਨੂੰ ਭੋਗ ਲਵਾਇਆ ਕਰ। ਭਗਤ ਧੰਨਾ ਜੀ ਪੰਡਿਤ ਦੇ ਦੱਸੇ ਅਨੁਸਾਰ ਠਾਕੁਰ ਨੂੰ ਭੋਗ ਲਵਾਉਣ ਲਈ ਬੇਨਤੀਆਂ ਕਰਨ ਲੱਗਾ। ਜਿਸ ਵੇਲੇ ਠਾਕੁਰ ਨੇ ਭੋਗ ਨਾ ਲਾਇਆ, ਤਾਂ ਧੰਨਾ ਜੀ ਨੇ ਹਠ ਧਾਰ ਲਿਆ ਕਿ ਭਗਵਾਨ, ਆਪ ਮੇਰੇ ਨਾਲ ਗ਼ੁੱਸੇ ਹੋ? ਮੇਰੇ ਰੁਖੇ ਮਿੱਸੇ ਪ੍ਰਸ਼ਾਦੇ ਆਪ ਨੂੰ ਚੰਗੇ ਨਹੀਂ ਲੱਗਦੇ? ਪਰ ਜੇ ਤੁਸੀਂ ਨਾ ਭੋਗ ਲਾਉਗੇ ਤਾਂ ਮੈਂ ਪ੍ਰਾਣ ਤਿਆਗ ਦੇਵਾਂਗਾ, ਪਰ ਮੁੱਖ ਵਿਚ ਕੁਝ ਨਹੀਂ ਪਾਵਾਂਗਾ। ਧੰਨੇ ਦਾ ਸਿਦਕ, ਭਾਵਨਾ ਤੇ ਪ੍ਰੇਮ ਦੇਖ ਕੇ ਭਗਵਾਨ ਨੇ ਆਕਾਸ਼ ਬਾਣੀ ਦੁਆਰਾ ਕਿਹਾ ਕਿ ਧੰਨਿਆ! ਬ੍ਰਾਹਮਣ ਨੇ ਤੇਰੇ ਨਾਲ ਧੋਖਾ ਕੀਤਾ ਹੈ। ਮੈਂ ਪੱਥਰ ਨਹੀਂ ਹਾਂ। ਪੱਥਰ ਤਾਂ ਕਦੇ ਕੁਝ ਛੱਕਦਾ ਨਹੀਂ, ਇਹ ਸਭ ਪਖੰਡ ਹੈ। ਤਾਂ ਧੰਨੇ ਨੇ ਕਿਹਾ ਭਗਵਾਨ! ਬ੍ਰਾਹਮਣ ਨੇ ਤਾਂ ਮੇਰੇ ਨਾਲ ਧੋਖਾ ਕੀਤਾ ਹੈ, ਪਰ ਪ੍ਰਭੂ, ਤੂੰ ਤਾਂ ਮੇਰੇ 'ਤੇ ਤਰਸ ਕਰ। ਆਪ ਪ੍ਰਤੱਖ ਹੋ ਕੇ ਮੈਨੂੰ ਦਰਸ਼ਨ ਬਖ਼ਸ਼ ਤੇ ਮੇਰਾ ਰੁਖਾ ਮਿੱਸਾ ਪ੍ਰਸ਼ਾਦਾ ਪ੍ਰਵਾਨ ਕਰ। ਪ੍ਰਮਾਤਮਾ ਨੇ ਧੰਨੇ ਨੂੰ ਪ੍ਰਤੱਖ ਦਰਸ਼ਨ ਬਖ਼ਸ਼ਸ਼ ਕੀਤੇ ਅਤੇ ਧੰਨੇ ਦੇ ਸਾਰੇ ਕਾਰਜ ਵੀ ਪੂਰੇ ਕੀਤੇ।

ਇਕ ਕਥਨ ਅਨੁਸਾਰ ਭਗਤ ਧੰਨਾ ਜੀ ਨੇ ਉਹ ਪੱਥਰ ਵਾਪਿਸ ਤ੍ਰਿਲੋਚਨ ਨੂੰ ਦੇ ਕੇ ਕਿਹਾ, ਕਿ ਪੰਡਿਤ ਜੀ! ਤੁਸੀਂ ਮੇਰੇ ਨਾਲ ਧੋਖਾ ਕੀਤਾ ਸੀ, ਪਰ ਪ੍ਰਭੂ ਆਪਣੇ ਪਿਆਰਿਆਂ ਨਾਲ ਧੋਖਾ ਨਹੀਂ ਕਰਦਾ। ਠੀਕ ਪ੍ਰਮਾਤਮਾ ਮੇਰੇ ਸਾਰੇ ਕਾਰਜ ਪੂਰੇ ਕਰਦਾ ਹੈ। ਭਾਈ ਗੁਰਦਾਸ ਜੀ ਨੇ ਇਸ ਸਾਰੇ ਪ੍ਰਸੰਗ ਨੂੰ ਆਪਣੀ ਰਚਨਾ ਵਿਚ ਇਸ ਤਰ੍ਹਾਂ ਦਰਸਾਇਆ ਹੈ :

*ਬਾਮ੍ਹਣੁ ਪੂਜੈ ਦੇਵਤੇ ਧੰਨਾ ਗਊ ਚਰਾਵਣਿ ਆਵੈ।*
*ਧੰਨੈ ਡਿਠਾ ਚਲਿਤੁ ਏਹੁ ਪੁਛੈ ਬਾਮ੍ਹਣੁ ਆਖਿ ਸੁਣਾਵੈ।*
*ਠਾਕੁਰ ਦੀ ਸੇਵਾ ਕਰੈ ਜੋ ਇਛੈ ਸੋਈ ਫਲੁ ਪਾਵੈ।*
*ਧੰਨਾ ਕਰਦਾ ਜੋਦੜੀ ਮੈ ਭਿ ਦੇਹ ਇਕ ਜੇ ਤੁਧੁ ਭਾਵੈ।*
*ਪਥਰੁ ਇਕੁ ਲਪੇਟਿ ਕਰਿ ਦੇ ਧੰਨੈ ਨੋ ਗੈਲ ਛੁਡਾਵੈ।*
*ਠਾਕੁਰ ਨੋ ਨ੍ਹਾਵਾਲਿ ਕੈ ਛਾਹਿ ਰੋਟੀ ਲੈ ਭੋਗੁ ਚੜ੍ਹਾਵੈ।*
*ਹਥਿ ਜੋੜਿ ਮਿਨਤਿ ਕਰੈ ਪੈਰੀ ਪੈ ਪੈ ਬਹੁਤੁ ਮਨਾਵੈ।*
*ਹਉ ਭੀ ਮੁਹੁ ਨ ਜੁਠਾਲਸਾਂ ਤੂ ਰੁਠਾ ਮੈ ਕਿਹੁ ਨ ਸੁਖਾਵੈ।*
*ਗੋਸਾਈ ਪਰਤਖਿ ਹੋਇ ਰੋਟੀ ਖਾਹਿ ਛਾਹਿ ਮੁਹਿ ਲਾਵੈ।*
*ਭੋਲਾ ਭਾਉ ਗੋਬਿੰਦੁ ਮਿਲਾਵੈ॥੧੩॥*

(ਵਾਰ ੧੦, ਪਉੜੀ ੧੩)

ਸੋ ਇਸ ਤਰ੍ਹਾਂ ਭਗਤ ਧੰਨਾ ਜੀ ਨੇ ਸੱਚੇ ਦਿਲੋਂ ਪ੍ਰਭੂ ਜੀ ਦੀ ਭਗਤੀ ਕੀਤੀ, ਜਿਸ ਕਰਕੇ ਪ੍ਰਮਾਤਮਾ ਨੇ ਧੰਨਾ ਜੀ ਦੇ ਇਕੱਲੇ ਸਾਰੇ ਕੰਮ ਹੀ ਨਹੀਂ ਕੀਤੇ, ਸਗੋਂ ਧੰਨਾ ਜੀ ਭਗਤੀ ਕਰਕੇ ਨਾਮ ਜਪਦਿਆਂ ਪ੍ਰਮਾਤਮਾ ਦਾ ਰੂਪ ਹੀ ਹੋ ਗਏ ਸਨ। "ਜਿਨ ਹਰਿ ਜਪਿਆ ਸੇ ਹਰਿ ਹੋਇ॥" ਅਤੇ "ਜਿਨਿ ਜਿਨਿ ਨਾਮੁ ਧਿਆਇਆ ਤਿਨ ਕੇ ਕਾਜ ਸਰੇ॥" ਅੱਜ ਜੋ ਮਨੁੱਖ ਪ੍ਰਭੂ ਦਾ ਸਿਮਰਨ ਕਰਦਾ ਹੈ, ਪ੍ਰਮਾਤਮਾ ਉਸਦੇ ਸਾਰੇ ਕਾਰਜ ਸਵਾਰਦਾ ਹੈ।

ਟੋਡੀ ਮਹਲਾ ੫ ॥ ਹਰਿ ਹਰਿ ਚਰਨ ਰਿਦੈ ਉਰ ਧਾਰੇ ॥ ਸਿਮਰਿ ਸੁਆਮੀ ਸਤਿਗੁਰੁ ਅਪੁਨਾ ਕਾਰਜ ਸਫਲ ਹਮਾਰੇ ॥੧॥ ਰਹਾਉ ॥ ਪੁੰਨ ਦਾਨ ਪੂਜਾ ਪਰਮੇਸੁਰ ਹਰਿ ਕੀਰਤਿ ਤਤੁ ਬੀਚਾਰੇ ॥ ਗੁਨ ਗਾਵਤ ਅਤੁਲ ਸੁਖੁ ਪਾਇਆ ਠਾਕੁਰ ਅਗਮ ਅਪਾਰੇ ॥੧॥ ਜੋ ਜਨ ਪਾਰਬ੍ਰਹਮਿ ਅਪਨੇ ਕੀਨੇ ਤਿਨ ਕਾ ਬਾਹੁਰਿ ਕਛੁ ਨ ਬੀਚਾਰੇ ॥ ਨਾਮ ਰਤਨੁ ਸੁਨਿ ਜਪਿ ਜਪਿ ਜੀਵਾ ਹਰਿ ਨਾਨਕ ਕੰਠ ਮਝਾਰੇ ॥੨॥੧੧॥੩੦॥

(ਅੰਗ ੭੧੮)

## ਪਦ ਅਰਥ :

ਰਿਦੈ-ਹਿਰਦੇ ਵਿਚ। ਉਰ ਧਾਰੈ-ਟਿਕਾਅ। ਸਿਮਰਿ-ਸਿਮਰ ਕੇ। ਸੁਆਮੀ-ਮਾਲਕ ਪ੍ਰਭੂ। ਹਮਾਰੇ-ਅਸਾਂ ਜੀਵਾਂ ਦੇ। ੧।

ਕੀਰਤਿ-ਸਿਫ਼ਤਿ ਸਲਾਹ। ਤਤੁ ਬੀਚਾਰੇ-ਸਾਰੀਆਂ ਵਿਚਾਰਾਂ ਦਾ ਨਿਚੋੜ। ਗਾਵਤ-ਗਾਉਂਦਿਆਂ। ਅਤੁਲ-ਜਿਹੜਾ ਤੋਲਿਆ ਨਾ ਜਾ ਸਕੇ। ਗੁਨ ਠਾਕੁਰ-ਠਾਕੁਰ ਦੇ ਗੁਣ। ਅਗਮ-ਅਪਹੁੰਚ। ੧।

ਪਾਰਬ੍ਰਹਮਿ-ਪਾਰਬ੍ਰਹਮ ਨੇ। ਬਾਹੁਰਿ-ਮੁੜ ਫਿਰ। ਕਛੁ ਨ ਬੀਚਾਰੇ-ਕੋਈ ਲੇਖਾ ਨਹੀਂ ਕਰਦਾ। ਸੁਨਿ-ਸੁਣ ਕੇ। ਜਪਿ-ਜਪ ਕੇ। ਜੀਵਾ-ਮੈਂ ਆਤਮਿਕ ਜੀਵਨ ਹਾਸਲ ਕਰ ਰਿਹਾ ਹਾਂ। ਕੰਠ-ਗਲਾ। ਮਝਾਰੇ-ਵਿਚ। ੨।

## ਅਰਥ :

(ਹੇ ਭਾਈ! ਅਸਾਂ ਨੇ) ਹਰੀ (ਪ੍ਰਭੂ ਦੇ ਚਰਨ ਹਿਰਦੇ ਵਿਚ ਧਾਰਨ ਕੀਤੇ ਹਨ। ਆਪਣੇ ਸੁਆਮੀ ਸਤਿਗੁਰੂ ਨੂੰ ਸਿਮਰ ਕੇ ਸਾਡੇ (ਸਾਰੇ) ਕਾਰਜ ਸਫਲੇ (ਭਾਵ ਪੂਰੇ) ਹੋ ਗਏ ਹਨ।੧।ਰਹਾਉ। (ਹੇ ਭਾਈ! ਅਸਾਂ ਇਹ) ਤੱਤ ਵਿਚਾਰਿਆ ਹੈ ਕਿ ਪੁੰਨ ਦਾਨ, ਤੇ ਪਰਮੇਸ਼ਰ ਦੀ ਪੂਜਾ (ਆਦਿ ਸਭ ਕੁਝ) ਗਾਉਂਦਿਆਂ ਅਗਿਣਵਾਂ ਸੁੱਖ ਪ੍ਰਾਪਤ ਕਰ ਲਿਆ ਹੈ। ੧। (ਹੇ ਭਾਈ!) ਜੋ ਸੇਵਕ ਪ੍ਰਭੂ ਨੇ ਆਪਣੇ ਕਰ ਲਏ ਹਨ, ਉਨ੍ਹਾਂ ਦਾ ਮੁੜ ਕੇ ਕੋਈ (ਮੰਦਾ ਕਰਮ ਪ੍ਰਭੂ) ਨਹੀਂ ਵਿਚਾਰਦਾ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਮੈਂ ਉਸ ਪ੍ਰਭੂ ਦਾ) ਨਾਮ ਰੂਪੀ ਰਤਨ ਸੁਣ (ਸੁਣ) ਕੇ, (ਅਤੇ) ਜਪ-ਜਪ ਕੇ ਜੀਉਂਦਾ ਹਾਂ (ਅਤੇ ਉਸ) ਹਰੀ ਦਾ (ਨਾਮ) ਗਲੇ ਵਿਚ ਪ੍ਰੋ ਲਿਆ ਹੈ। ੨। ੧੧। ੩੦।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧੨੧ (ਅੰਗ ੭੧੯-੨੦)

## ਬੈਰਾੜੀ ਮਹਲਾ ੪ ॥

ਹਰਿ ਜਨੁ ਰਾਮ ਨਾਮ ਗੁਨ ਗਾਵੈ ॥ ਜੇ ਕੋਈ ਨਿੰਦ ਕਰੇ ਹਰਿ ਜਨ ਕੀ ਅਪੁਨਾ ਗੁਨੁ ਨ ਗਵਾਵੈ ॥੧॥ ਰਹਾਉ ॥ ਜੋ ਕਿਛੁ ਕਰੇ ਸੁ ਆਪੇ ਸੁਆਮੀ ਹਰਿ ਆਪੇ ਕਾਰ ਕਮਾਵੈ ॥ ਹਰਿ ਆਪੇ ਹੀ ਮਤਿ ਦੇਵੈ ਸੁਆਮੀ ਹਰਿ ਆਪੇ ਬੋਲਿ ਬੁਲਾਵੈ ॥ ੧ ॥ ਹਰਿ ਆਪੇ ਪੰਚ ਤਤੁ ਬਿਸਥਾਰਾ ਵਿਚਿ ਧਾਤੂ ਪੰਚ ਆਪਿ ਪਾਵੈ ॥ ਜਨ ਨਾਨਕ ਸਤਿਗੁਰੁ ਮੇਲੇ ਆਪੇ ਹਰਿ ਆਪੇ ਝਗਰੁ ਚੁਕਾਵੈ ॥ ੨ ॥ ੩ ॥

## ਪ੍ਰਾਕ੍ਰਥਨ :-

ਇਹ ਪਾਵਣ ਸ਼ਬਦ ਸੋਢੀ ਸੁਲਤਾਨ ਸ੍ਰੀ ਗੁਰੂ ਰਾਮਦਾਸ ਜੀ ਦਾ ਬੈਰਾੜੀ ਰਾਗੁ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਦੇ ਆਰੰਭ ਵਿਚ ਗੁਰਦੇਵ ਨੇ ਹਰਿ ਜਨ ਨੂੰ ਰਾਮ ਭਾਵ ਰਮੇ ਹੋਏ ਪ੍ਰਭੂ ਦੇ ਗੁਣ ਗਾਉਣ ਵਿਚ ਤੱਤਪਰ ਦਰਸਾਇਆ ਹੈ।

## ਵਿਸ਼ਾ—ਹਰਿ ਜਨ ਕਉ ਇਹੀ ਸੁਹਾਵੈ

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੋਰਠਿ ਰਾਗੁ ਅੰਦਰ, ''ਹਰਿ ਜਨ'' ਦੇ ਬਾਰੇ ਦੱਸਦਿਆਂ ਪਹਿਲਾਂ ਕੁਝ ਦ੍ਰਿਸ਼ਟਾਂਤ ਦਿੱਤੇ ਹਨ। ਰਾਜਾ ਜਿਸ ਤਰ੍ਹਾਂ ਰਾਜ ਭਾਗ ਨੂੰ ਚਲਾਉਣ ਵਿਚ ਉਲਝਿਆ ਹੁੰਦਾ ਹੈ, ਮਾਨੀ ਪੁਰਸ਼ ਮਾਨ ਵਡਿਆਈ ਕਰਾਉਣ ਵਿਚ ਫਸਿਆ ਹੁੰਦਾ ਹੈ ਅਤੇ ਲੋਭੀ ਮਨੁੱਖ ਪਦਾਰਥ ਇਕੱਠੇ ਕਰਨ ਦਾ ਲੋਭ ਕਰਦਾ ਹੈ, ਐਸੇ ਹੀ ਗਿਆਨੀ ਪੁਰਸ਼ (ਸਤਿ ਅਸਤਿ ਦਾ ਨਿਰਣਾ ਕਰਨ ਵੇਲੇ) ਹਰੀ ਰੰਗ ਵਿਚ ਰਚੇ ਰਹਿੰਦੇ ਹਨ। ਐਸੇ ਹਰੀ ਜਨਾਂ ਨੂੰ ਇਹੀ ਸੁਹਾਂਵਦਾ ਹੈ, ਕਿ (ਪ੍ਰਭੂ ਨੂੰ ਹਮੇਸ਼ਾਂ ਨੇੜੇ ਤੋਂ ਨੇੜੇ ਵੇਖਦੇ) ਹੋਏ ਪੂਰਨ ਸਤਿਗੁਰੂ ਦੀ ਸੇਵਾ ਕਰਨ। ਹਰਿ ਜਨਾਂ ਦੀ ਖ਼ੁਰਾਕ (ਭੋਜਨ) ਹਰੀ ਦਾ ਕੀਰਤਨ ਹੈ, ਜਿਸ ਨਾਲ ਉਹ ਤ੍ਰਿਪਤ ਹੁੰਦੇ ਹਨ।

***ਰਾਜਨ ਮਹਿ ਰਾਜਾ ਉਰਝਾਇਓ ਮਨਿਨ ਮਹਿ ਅਭਿਮਾਨੀ॥***
***ਲੋਭਨ ਮਹਿ ਲੋਭੀ ਲੋਭਾਇਓ ਤਿਉ ਹਰਿ ਰੰਗਿ ਰਚੇ ਗਿਆਨੀ॥ ੧॥***
***ਹਰਿ ਜਨ ਕਉ ਇਹੀ ਸੁਹਾਵੈ॥***
***ਪੇਖਿ ਨਿਕਟਿ ਕਰਿ ਸੇਵਾ ਸਤਿਗੁਰ ਹਰਿ ਕੀਰਤਨਿ ਹੀ ਤ੍ਰਿਪਤਾਵੈ॥ਰਹਾਉ॥***

(ਅੰਗ ੬੧੩)

ਪੰਚਮ ਗੁਰਦੇਵ ਨੇ ਜੈਤਸਰੀ ਰਾਗੁ ਅੰਦਰ ''ਹਰਿ ਜਨ'' ਨੂੰ ਹਿਰਦੇ ਅੰਦਰ ਉਸ ਰਮੇ ਹੋਏ ਵਿਆਪਕ ਪ੍ਰਭੂ ਦਾ ਸਿਮਰਨ ਕਰਨ ਲਈ ਕਿਹਾ ਹੈ। ਐਸੇ ਸਿਮਰਨ ਕਰਨ ਵਾਲੇ ਹਰਿ ਜਨ ਦੇ ਸਾਰੇ ਕਾਰਜ ਪ੍ਰਭੂ ਪੂਰਨ ਕਰਦਾ ਹੈ ਅਤੇ ਉਸ ਦੇ ਨੇੜੇ ਅਪਦਾ ਨੂੰ ਨਹੀਂ ਆਉਣ ਦਿੰਦਾ :

***ਹਰਿ ਜਨ ਸਿਮਰਹੁ ਹਿਰਦੈ ਰਾਮ॥***
***ਹਰਿ ਜਨ ਕਉ ਅਪਦਾ ਨਿਕਟਿ ਨ ਆਵੈ***
***ਪੂਰਨ ਦਾਸ ਕੇ ਕਾਮ॥ ੧॥ ਰਹਾਉ॥***

(ਅੰਗ ੭੦੨)

ਤੀਸਰੇ ਗੁਰਦੇਵ ਸੋਰਿਠ ਰਾਗੁ ਅੰਦਰ ਹਰਿ ਜਨ ਬਾਰੇ ਦੱਸਦੇ ਹਨ। ਹਰਿ ਜਨ ਗ੍ਰਿਹਸਤ ਵਿਚ ਉਦਾਸ ਰਹਿੰਦਾ ਹੈ, ਭਾਵ ਗ੍ਰਿਹਸਤ ਵਿਚ ਸੰਸਾਰੀ ਜੀਆਂ ਦੀ ਤਰ੍ਹਾਂ ਹਰਿ ਜਨ ਫਸਦਾ ਨਹੀਂ। ਉਹ ਗੁਰੂ

ਦੇ ਗਿਆਨ ਦੁਆਰਾ ਤੱਤ ਵਿਚਾਰ ਕਰਦਾ ਹੋਇਆ, ਗੁਰੂ ਸੇਵਾ ਕਰਕੇ ਸਦਾ ਸੁੱਖ ਪਾਉਂਦਾ ਹੈ ਅਤੇ ਹਰੀ ਪ੍ਰਭੂ ਨੂੰ ਹਮੇਸ਼ਾਂ ਹਿਰਦੇ ਵਿਚ ਵਸਾ ਰੱਖਦਾ ਹੈ।

***ਗਿਰਹੀ ਮਹਿ ਸਦਾ ਹਰਿ ਜਨ ਉਦਾਸੀ ਗਿਆਨ ਤਤ ਬੀਚਾਰੀ॥***
***ਸਤਿਗੁਰੁ ਸੇਵਿ ਸਦਾ ਸੁਖੁ ਪਾਇਆ ਹਰਿ ਰਾਖਿਆ ਉਰ ਧਾਰੀ॥੨॥***

(ਅੰਗ ੫੯੯)

***ਹਰਿ ਜਨ ਸਾਚੇ ਸਾਚੁ ਕਮਾਵਹਿ ਗੁਰ ਕੈ ਸਬਦਿ ਵੀਚਾਰੀ॥***
***ਆਪੇ ਮੇਲਿ ਲਏ ਪ੍ਰਭਿ ਸਾਚੈ ਸਾਚੁ ਰਖਿਆ ਉਰ ਧਾਰੀ॥***
***ਨਾਨਕ ਨਾਵਹੁ ਗਤਿ ਮਤਿ ਪਾਈ ਏਹਾ ਰਾਸਿ ਹਮਾਰੀ॥੪॥੧॥***

(ਅੰਗ ੬੦੦)

ਭਗਤ ਕਬੀਰ ਜੀ ਆਸਾ ਰਾਗੁ ਅੰਦਰ ਦੱਸਦੇ ਹਨ ਕਿ ਹਰਿ ਜਨ ਹਰੀ ਦੇ ਉੱਤਮ ਭਗਤ ਸੱਦੀਂਦੇ ਹਨ, ਕਿਉਂਕਿ ਉਹ ਪ੍ਰਭੂ ਦੀ ਆਗਿਆ ਮੰਨਣ ਵਿਚ ਸੁੱਖ ਪਾਉਂਦੇ ਹਨ ਅਤੇ ਜੋ ਪ੍ਰਭੂ ਨੂੰ ਭਾਂਵਦਾ ਹੈ ਉਸ ਨੂੰ ਸਤਿ ਕਰਕੇ ਮੰਨਦੇ ਹਨ। ਉਨ੍ਹਾਂ ਨੂੰ ਪ੍ਰਭੂ ਦਾ ਭਾਣਾ ਮੰਨਣਾ ਚੰਗਾ ਲੱਗਦਾ ਹੈ। ਇਸ ਕਰਕੇ ਪ੍ਰਭੂ ਦੇ ਭਾਣੇ ਨੂੰ ਹਮੇਸ਼ਾ ਮਨ ਵਿਚ ਵਸਾ ਕੇ ਰੱਖਦੇ ਹਨ :

***ਹਰਿ ਜਨੁ ਊਤਮੁ ਭਗਤੁ ਸਦਾਵੈ ਆਗਿਆ ਮਨਿ ਸੁਖੁ ਪਾਈ॥***
***ਜੋ ਤਿਸੁ ਭਾਵੈ ਸਤਿ ਕਰਿ ਮਾਨੈ ਭਾਣਾ ਮੰਨਿ ਵਸਾਈ॥ ੪॥***

(ਅੰਗ ੪੮੦)

ਗੁਰੂ ਰਾਮਦਾਸ ਜੀ ਕਹਿੰਦੇ ਹਨ ਕਿ ਹਰਿ ਜਨ ਸਭ ਤੋਂ ਉੱਤਮ ਹਨ। ਉਨ੍ਹਾਂ ਦੀ ਸਿੱਖਿਆ (ਉਪਦੇਸ਼) ਰੂਪ ਬਾਣੀ ਵੀ ਉੱਤਮ ਹੈ। ਉਹ ਬਾਣੀ (ਉਪਦੇਸ਼) ਰਾਹੀਂ ਪਰਉਪਕਾਰ ਦੇ ਹੀ ਮੁੱਖੋਂ ਬਚਨ ਬੋਲਦੇ ਹਨ। ਜੋ ਸਿੱਖਿਆ ਸੁਣਦਾ ਹੈ, ਹਰੀ ਉਸ ਨੂੰ ਤਾਰ ਦਿੰਦਾ ਹੈ :

***ਹਰਿ ਜਨ ਊਤਮ ਊਤਮ ਬਾਣੀ ਮੁਖਿ ਬੋਲਹਿ ਪਰਉਪਕਾਰੇ॥***
***ਜੋ ਜਨੁ ਸੁਣੈ ਸਰਧਾ ਭਗਤਿ ਸੇਤੀ ਕਰਿ ਕਿਰਪਾ ਹਰਿ ਨਿਸਤਾਰੇ॥੧॥***

(ਅੰਗ ੪੯੩)

ਪਰਮ ਕ੍ਰਿਪਾਲੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਸੰਤ ਰਾਗੁ ਅੰਦਰ ਹਰਿ ਜਨ ਦੇ ਹਰੀ ਨੂੰ ਧਿਆਉਣ ਤੇ ਜੱਪਣ ਅਤੇ 'ਹਰਿ ਹਰਿ ਆਧਾਰ' ਦਾ ਨਿਰਣਾ ਕਰਨ ਲਈ ਇਹ ਦ੍ਰਿਸ਼ਟਾਂਤ ਦਿੱਤੇ ਹਨ। ਹਟਵਾਣੀਏ ਦਾ ਚਿੱਤ ਮਾਲ ਧਨ ਨਾਲ, ਜੁਆਰੀਏ ਦਾ ਚਿੱਤ ਜੂਏ ਵਿਚ ਅਤੇ ਅਮਲੀ ਦਾ ਅਮਲ ਖਾਣ ਨਾਲ ਤੇ "ਤਿਉ ਹਰਿ ਜਨੁ ਜੀਵੈ ਹਰਿ ਧਿਆਏ॥" ਕਿਹਾ ਹੈ। ਅੱਗੇ ਹੋਰ ਭੀ ਕਈ ਦ੍ਰਿਸ਼ਟਾਂਤ ਦਿੱਤੇ ਹਨ ਜੋ ਸ਼ਬਦ ਪੜ੍ਹਦਿਆਂ ਸੌਖਿਆਂ ਹੀ ਸਮਝ ਪੈਂਦੇ ਹਨ :

*ਹਟਵਾਣੀ ਧਨ ਮਾਲ ਹਾਟੁ ਕੀਤੁ ॥ ਜੂਆਰੀ ਜੂਏ ਮਾਹਿ ਚੀਤੁ ॥*
*ਅਮਲੀ ਜੀਵੈ ਅਮਲੁ ਖਾਇ ॥ ਤਿਉ ਹਰਿ ਜਨੁ ਜੀਵੈ ਹਰਿ ਧਿਆਇ ॥ ੧ ॥*
*ਅਪਨੈ ਰੰਗਿ ਸਭੁ ਕੋ ਰਚੈ ॥ ਜਿਤੁ ਪ੍ਰਭਿ ਲਾਇਆ ਤਿਤੁ ਤਿਤੁ ਲਗੈ ॥ ੧ ॥ ਰਹਾਉ ॥*
*ਮੇਘ ਸਮੈ ਮੋਰ ਨਿਰਤਿਕਾਰ ॥ ਚੰਦ ਦੇਖਿ ਬਿਗਸਹਿ ਕਉਲਾਰ ॥*
*ਮਾਤਾ ਬਾਰਿਕ ਦੇਖਿ ਅਨੰਦ ॥ ਤਿਉ ਹਰਿ ਜਨ ਜੀਵਹਿ ਜਪਿ ਗੋਬਿੰਦ ॥ ੨ ॥*
*ਸਿੰਘ ਰੁਚੈ ਸਦ ਭੋਜਨੁ ਮਾਸ ॥ ਰਣੁ ਦੇਖਿ ਸੂਰੇ ਚਿਤ ਉਲਾਸ ॥*
*ਕਿਰਪਨ ਕਉ ਅਤਿ ਧਨ ਪਿਆਰੁ ॥ ਹਰਿ ਜਨ ਕਉ ਹਰਿ ਹਰਿ ਆਧਾਰੁ ॥ ੩ ॥*
*ਸਰਬ ਰੰਗ ਇਕ ਰੰਗ ਮਾਹਿ ॥ ਸਰਬ ਸੁਖਾ ਸੁਖ ਹਰਿ ਕੈ ਨਾਇ ॥*
*ਤਿਸਹਿ ਪਰਾਪਤਿ ਇਹੁ ਨਿਧਾਨੁ ॥ ਨਾਨਕ ਗੁਰੁ ਜਿਸੁ ਕਰੇ ਦਾਨੁ ॥ ੪ ॥ ੨ ॥*

(ਅੰਗ ੧੧੮੦)

ਗੁਰੂ ਰਾਮਦਾਸ ਜੀ ਨੇ ਰਾਮਕਲੀ ਰਾਗੁ ਅੰਦਰ ਕਿਹਾ ਹੈ, ਕਿ ਜੇ ਮੇਰੇ ਵੱਡੇ ਭਾਗ ਹੋਵਨ ਤਾਂ ਹਰਿ ਜਨਾਂ ਨੂੰ ਮਿਲਦਿਆਂ ਦੇਰ ਨਾ ਲਾਈਏ। ਹਰਿ ਜਨ ਅੰਮ੍ਰਿਤ ਦੇ ਸੁੰਦਰ ਸਰੋਵਰ ਹਨ। ਵੱਡੇ ਭਾਗਾਂ ਨਾਲ ਉਸ ਵਿਚ ਇਸ਼ਨਾਨ ਕਰੀਏ। ਹੇ ਰਾਮ ਪ੍ਰਭੂ ! ਮੈਨੂੰ ਹਰੀ ਜਨਾਂ ਦੀ ਸੇਵਾ ਵਿਚ ਲਗਾ ਲਉ। ਮੈਂ ਪਾਣੀ ਢੋਵਾਂ ਤੇ ਸੰਤਾਂ ਨੂੰ ਪੱਖਾ ਝੱਲਾਂ ਅਤੇ ਚਰਨਾਂ ਨੂੰ ਮਲਿ ਮਲਿ ਕੇ ਧੋਵਾਂ ਤੇ ਚਰਨ ਧੂੜੀ ਮੁਖ ਨੂੰ ਲਗਾਵਾਂ।

*ਜੇ ਵਡ ਭਾਗ ਹੋਵਹਿ ਵਡ ਮੇਰੇ ਜਨ ਮਿਲਦਿਆ ਢਿਲ ਨ ਲਾਈਐ ॥*
*ਹਰਿ ਜਨ ਅੰਮ੍ਰਿਤ ਕੁੰਟ ਸਰ ਨੀਕੇ ਵਡਭਾਗੀ ਤਿਤੁ ਨਾਵਾਈਐ ॥ ੧ ॥*
*ਰਾਮ ਮੋ ਕਉ ਹਰਿ ਜਨ ਕਾਰੈ ਲਾਈਐ ॥*
*ਹਉ ਪਾਣੀ ਪਖਾ ਪੀਸਉ ਸੰਤ ਆਗੈ ਪਗ ਮਲਿ ਮਲਿ ਧੂਰਿ ਮੁਖਿ ਲਾਈਐ ॥ ੧ ॥ ਰਹਾਉ ॥*
*ਹਰਿ ਜਨ ਵਡੇ ਵਡੇ ਵਡ ਊਚੇ ਜੋ ਸਤਗੁਰ ਮੇਲਿ ਮਿਲਾਈਐ ॥*
*ਸਤਗੁਰ ਜੇਵਡੁ ਅਵਰੁ ਨ ਕੋਈ ਮਿਲਿ ਸਤਗੁਰ ਪੁਰਖ ਧਿਆਈਐ ॥ ੨ ॥*

(ਅੰਗ ੮੮੧)

ਗੁਰੂ ਰਾਮਦਾਸ ਜੀ ਕਹਿੰਦੇ ਹਨ ਕਿ ਹਰੀ ਜਨਾਂ ਨਾਲ ਮਿਲ ਕੇ ਸੁੱਖ ਪ੍ਰਾਪਤ ਹੁੰਦਾ ਹੈ। ਹਰੀ ਜਨਾਂ ਦੀ ਹਰੀ ਨਾਮ ਨਾਲ ਮੱਛੀ ਦੀ ਤਰ੍ਹਾਂ ਪ੍ਰੀਤੀ ਹੈ। ਜੈਸੇ ਮੱਛੀ ਪਾਣੀ ਬਿਨਾਂ ਨਹੀਂ ਰਹਿ ਸਕਦੀ, ਤੈਸੇ ਹਰਿ ਜਨ ਨਾਮ ਜਲ ਬਿਨਾਂ ਨਹੀਂ ਰਹਿ ਸਕਦੇ।

*ਤਿਸੁ ਜਨ ਕੇ ਹਮ ਹਾਟਿ ਬਿਹਾਝੇ ਜਿਸੁ ਹਰਿ ਹਰਿ ਕਿਰਪਾ ਕਰੈ ॥*
*ਹਰਿ ਜਨ ਕਉ ਮਿਲਿਆਂ ਸੁਖੁ ਪਾਈਐ ਸਭ ਦੁਰਮਤਿ ਮੈਲੁ ਹਰੈ ॥ ੨ ॥*

***ਹਰਿ ਜਨ ਕਉ ਹਰਿ ਭੂਖ ਲਗਾਨੀ ਜਨੁ ਤ੍ਰਿਪਤੈ ਜਾ ਹਰਿ ਗੁਨ ਬਿਚਰੈ॥***
***ਹਰਿ ਕਾ ਜਨੁ ਹਰਿ ਜਲ ਕਾ ਮੀਨਾ ਹਰਿ ਬਿਸਰਤ ਫੂਟਿ ਮਰੈ॥ ੩ ॥***

(ਅੰਗ ੧੨੬੩)

ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਐਸੇ ਹਰੀ ਜਨ ਨੂੰ ਹਰੀ ਪ੍ਰਭੂ ਦਾ ਰੂਪ ਹੀ ਦੱਸਿਆ ਹੈ :

***ਹਰਿ ਹਰਿ ਜਨ ਦੁਈ ਏਕ ਹੈ ਬਿਬ ਬਿਚਾਰ ਕਛੁ ਨਾਹਿ॥***
***ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ॥ ੬੦॥***

(ਦਸਮ ਗ੍ਰੰਥ ਬਚ੍ਰਿਤ ਨਾਟਕ, ਅਧਿਯਾਯ ੬)

ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਭੀ ਐਸੇ ਹਰੀ ਜਨ ਨੂੰ ਹਰੀ ਦਾ ਰੂਪ ਹੀ ਕਥਨ ਕੀਤਾ ਹੈ :

***ਹਰਿ ਜਨ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ॥੨੯॥***

(ਅੰਗ ੧੪੨੮)

ਜਿਸ ਹਰੀ ਜਨ ਬਾਰੇ ਵਿਸਥਾਰ ਸਹਿਤ ਕਥਨ ਕੀਤਾ ਗਿਆ ਹੈ, ਐਸੇ ਪ੍ਰਭੂ ਪਿਆਰੇ ਪ੍ਰਭੂ ਸਰੂਪ ਪਰਉਪਕਾਰੀ ਜੋ ਨਾਮ ਬਿਨਾਂ ਰਹਿ ਨਹੀਂ ਸਕਦੇ, ਇਨ੍ਹਾਂ ਦਾ ਜਨਮ ਲੈਣਾ ਸਫਲਾ ਦੱਸਿਆ ਹੈ :

***ਸਫਲੁ ਜਨਮੁ ਹਰਿ ਜਨ ਕਾ ਉਪਜਿਆ ਜਿਨਿ ਕੀਨੋ ਸਉਤੁ ਬਿਧਾਤਾ॥***

(ਅੰਗ ੫੩੨)

ਐਸੇ ਪ੍ਰਭੂ ਪਿਆਰੇ ਦੀ ਜੇ ਕੋਈ ਨਿੰਦਿਆ ਕਰੇ, ਤਾਂ ਹਰਿ ਜਨ ਆਪਣੀ ਨਿੰਦਿਆ ਸੁਣ ਕੇ ਵੀ :

***ਹਰਿ ਜਨ ਰਾਮ ਨਾਮ ਗੁਨ ਗਾਵੈ॥*** (ਅੰਗ ੭੧੯)

ਸਗੋਂ ਨਿੰਦਕਾਂ ਨੂੰ ਭਗਤ ਕਬੀਰ ਜੀ ਦੀ ਤਰ੍ਹਾਂ ਕਹਿ ਦਿੰਦਾ ਹੈ :-

***ਨਿੰਦਉ ਨਿੰਦਉ ਮੋ ਕਉ ਲੋਗੁ ਨਿੰਦਉ॥*** (ਅੰਗ ੩੩੯)

***ਤੇਰਾ ਜਨੁ ਰਾਮ ਰਸਾਇਣਿ ਮਾਤਾ॥***
***ਪ੍ਰੇਮ ਰਸਾ ਨਿਧਿ ਜਾ ਕਉ ਉਪਜੀ ਛੋਡਿ ਨ ਕਤਹੂ ਜਾਤਾ॥ ੧ ॥ ਰਹਾਉ॥***
***ਬੈਠਤ ਹਰਿ ਹਰਿ ਸੋਵਤ ਹਰਿ ਹਰਿ ਹਰਿ ਰਸ ਭੋਜਨੁ ਖਾਤਾ॥***
***ਅਠਸਠਿ ਤੀਰਥ ਮਜਨੁ ਕੀਨੋ ਸਾਧੂ ਧੂਰੀ ਨਾਤਾ॥੨॥***
***ਸਫਲੁ ਜਨਮੁ ਹਰਿ ਜਨ ਕਾ ਉਪਜਿਆ ਜਿਨਿ ਕੀਨੋ ਸਉਤੁ ਬਿਧਾਤਾ॥***
***ਸਗਲ ਸਮੂਹ ਲੈ ਉਧਰੇ ਨਾਨਕ ਪੂਰਨ ਬ੍ਰਹਮੁ ਪਛਾਤਾ॥***

(ਅੰਗ ੫੩੨)

## ਸਾਖੀ — ਜਨ ਨਿਰਵੈਰ ਨਿੰਦਕ ਅਹੰਕਾਰੀ

ਪ੍ਰਭੂ ਦੇ ਪਿਆਰੇ ਸੰਤ, ਭਗਤ ਜਨ ਨਿਰਵੈਰ ਹੁੰਦੇ ਹਨ। ਉਨ੍ਹਾਂ ਦਾ ਕਿਸੇ ਨਾਲ ਵੈਰ ਨਹੀਂ ਹੁੰਦਾ, ਪਰ ਹੰਕਾਰੀ ਮਨੁੱਖ ਰੱਬ ਦੇ ਪਿਆਰਿਆਂ ਦਾ ਬੁਰਾ ਚਿਤਵਦੇ ਹਨ, ਅਤੇ ਮੁਖੋਂ ਪ੍ਰਭੂ ਪਿਆਰਿਆਂ ਦੀ ਨਿੰਦਾ ਕਰਦੇ ਹਨ, ਪਰ ਹਰੀ ਜਨ ਉਨ੍ਹਾਂ ਨਿੰਦਕਾਂ ਦੀ ਪ੍ਰਵਾਹ ਨਹੀਂ ਕਰਦੇ:- ''ਜਨ ਭਲ ਮਾਨਹਿ ਨਿੰਦਕ ਵੇਕਾਰੀ॥' ਐਸਾ ਹੀ ਜੀਵਨ ਭਗਤ ਕਬੀਰ ਜੀ ਦਾ ਹੈ ਜੋ ਕਹਿੰਦੇ ਹਨ:- ''ਜਨ ਕਬੀਰ ਕਉ ਨਿੰਦਾ ਸਾਰੁ॥' ਇਸੇ ਮਹਾਂ ਪੁਰਖ ਭਗਤ ਕਬੀਰ ਜੀ ਦਾ ਪਾਲਣ ਪੋਸ਼ਣ ਪਿਤਾ ਨੀਰੂ ਜੀ ਅਤੇ ਮਾਤਾ ਨੀਮਾ ਜੀ ਦੇ ਘਰ ਹੋਇਆ। ਪਿਤਾ ਨੀਰੂ ਜੀ ਜੁਲਾਹਾ ਜਾਤੀ ਦੇ ਸਨ। ਆਪ ਜੀ ਦਾ ਕਿਤਾ ਜੁਲਾਹਿਆਂ ਵਾਲਾ ਸੀ। ਤਾਣੀ ਤਣਨੀ ਤੇ ਬੁਣਨੀ ਆਪ ਦਾ ਕੰਮ ਸੀ। ਕੁਝ ਚਿਰ ਭਗਤ ਕਬੀਰ ਜੀ ਇਹੋ ਕੰਮ ਕਰਦੇ ਰਹੇ ਪਰ ਇਸ ਕੰਮ ਵਿਚ ਲੱਗਿਆਂ ਸ੍ਵਾਸ ਸ੍ਵਾਸ ਪ੍ਰਭੂ ਦੇ ਸਿਮਰਨ ਕਰਨ ਵਿਚ ਵਿਘਨ ਪੈਂਦਾ ਸੀ। ਆਪ ਜੀ ਦਾ ਗੁਰਬਾਣੀ ਅੰਦਰ ਫ਼ੁਰਮਾਨ ਹੈ ਕਿ ਜਦ ਮੈਂ ਮੂੰਹ ਨਾਲ ਤਾਗਾ ਫੜ ਕੇ ਨਾਲ ਵਿਚੋਂ ਖਿੱਚਦਾ ਹਾਂ ਤਾਂ ਉੱਨਾ ਚਿਰ ਮੈਨੂੰ ਪਿਆਰਾ ਰਾਮ ਭੁੱਲ ਜਾਂਦਾ ਹੈ। ਇਸ ਕਰਕੇ ਬੰਦਗੀ ਵਿਚ ਵਿਘਨ ਸਮਝ ਮੈਂ ਇਸ ਕੰਮ ਨੂੰ ਤਿਆਗ ਦਿੱਤਾ ਹੈ :

***ਤਨਨਾ ਬੁਨਨਾ ਸਭੁ ਤਜਿਓ ਹੈ ਕਬੀਰ॥***
***ਹਰਿ ਕਾ ਨਾਮੁ ਲਿਖਿ ਲੀਓ ਸਰੀਰ॥੧॥ ਰਹਾਉ॥***
***ਜਬ ਲਗੁ ਤਾਗਾ ਬਾਹਉ ਬੇਹੀ॥ ਤਬ ਲਗੁ ਬਿਸਰੈ ਰਾਮੁ ਸਨੇਹੀ॥***

(ਅੰਗ ੫੨੪)

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਵੀ ਸੁੰਦਰ ਫ਼ੁਰਮਾਨ ਹੈ :

***ਬੁਨਨਾ ਤਨਨਾ ਤਿਆਗਿ ਕੈ, ਪ੍ਰੀਤਿ ਚਰਨ ਕਬੀਰਾ॥***
***ਨੀਚ ਕੁਲਾ ਜੋਲਾਹਰਾ, ਭਇਓ ਗੁਨੀਯ ਗਹੀਰਾ॥***

(ਅੰਗ ੪੮੭)

ਘਰ ਦਾ ਕੰਮ ਤਿਆਗ ਕੇ ਆਪ ਜੀ ਹਮੇਸ਼ਾਂ ਨਾਮ ਸਿਮਰਨ ਵਿਚ ਜੁੜੇ ਰਹਿੰਦੇ ਸਨ, ਪਰ ਇਸ ਗੱਲ ਦਾ ਆਪ ਜੀ ਦੀ ਮਾਤਾ ਨੀਮਾ ਜੀ ਨੂੰ ਦੁੱਖ ਹੋਇਆ।

***ਮੁਸਿ ਮੁਸਿ ਰੋਵੈ ਕਬੀਰ ਕੀ ਮਾਈ॥ ਏ ਬਾਰਿਕ ਕੈਸੇ ਜੀਵਹਿ ਰਘੁਰਾਈ॥***

(ਅੰਗ ੫੨੪)

ਕਿਉਂਕਿ ਭਗਤ ਕਬੀਰ ਜੀ ਹਮੇਸ਼ਾਂ ਨਾਮ ਸਿਮਰਨ ਵਿਚ ਜੁੜੇ ਰਹਿੰਦੇ ਸਨ। ਕਿਸੇ ਟਾਈਮ ਵੀ ਰਸਨਾ ਤੋਂ ਨਾਮ ਵਿਸਰਦਾ ਨਹੀਂ ਸੀ :

***ਕਬੀਰ ਮੇਰੀ ਸਿਮਰਨੀ ਰਸਨਾ ਊਪਰਿ ਰਾਮੁ॥***
***ਆਦਿ ਜੁਗਾਦੀ ਸਗਲ ਭਗਤ ਤਾ ਕੋ ਸੁਖੁ ਬਿਸ੍ਰਾਮੁ॥***

(ਅੰਗ ੧੩੬੪)

ਭਗਤ ਜੀ ਪਾਖੰਡ ਦੇ ਵਿਰੋਧੀ ਸਨ। ਆਪ ਜੀ ਹਮੇਸ਼ਾਂ ਪਾਖੰਡ ਦਾ ਤਿਆਗ ਕਰਕੇ ਭਗਤੀ ਕਰਨ ਦਾ ਸਭ ਨੂੰ ਉਪਦੇਸ਼ ਦਿੰਦੇ ਸਨ। ਭਗਤ ਜੀ ਦਾ ਕਿਸੇ ਜਾਤੀ ਨਾਲ ਵਿਰੋਧ ਨਹੀਂ ਸੀ। ਹਰਿ ਇਕ ਨੂੰ ਸੱਚੇ ਮਨੋਂ ਪ੍ਰਭੂ ਦੀ ਭਗਤੀ ਕਰਨ ਦਾ ਉਪਦੇਸ਼ ਦਿੰਦੇ ਸਨ :

***ਕਿਆ ਜਪੁ ਕਿਆ ਤਪੁ ਕਿਆ ਬ੍ਰਤ ਪੂਜਾ॥ ਜਾ ਕੈ ਰਿਦੈ ਭਾਉ ਹੈ ਦੂਜਾ॥ ੧॥***
***ਰੇ ਜਨ ਮਨੁ ਮਾਧਉ ਸਿਉ ਲਾਈਐ॥ਚਤੁਰਾਈ ਨ ਚਤੁਰਭੁਜੁ ਪਾਈਐ॥੧॥ਰਹਾਉ॥***

(ਅੰਗ ੩੨੪)

ਅਥਵਾ :

***ਗਰਭ ਵਾਸ ਮਹਿ ਕੁਲੁ ਨਹੀ ਜਾਤੀ॥ ਬ੍ਰਹਮ ਬਿੰਦੁ ਤੇ ਸਭ ਉਤਪਾਤੀ॥ ੧॥***
***ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ॥ਬਾਮਨ ਕਹਿ ਕਹਿ ਜਨਮੁ ਮਤ ਖੋਏ॥੧॥ਰਹਾਉ॥***
***ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ॥ ਤਉ ਆਨ ਬਾਟ ਕਾਹੇ ਨਹੀ ਆਇਆ॥੨॥***
***ਤੁਮ ਕਤ ਬ੍ਰਾਹਮਣ ਹਮ ਕਤ ਸੂਦ॥ ਹਮ ਕਤ ਲੋਹੂ ਤੁਮ ਕਤ ਦੂਧ॥ ੩॥***
***ਕਹੁ ਕਬੀਰ ਜੋ ਬ੍ਰਹਮੁ ਬੀਚਾਰੈ॥ ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ॥ ੪॥ ੭॥***

(ਅੰਗ ੩੨੪)

ਇਸ ਕਰਕੇ ਬ੍ਰਾਹਮਣ ਲੋਕ ਆਪ ਜੀ ਦੇ ਵਿਰੋਧੀ ਸਨ। ਕਿਉਂਕਿ ਭਗਤ ਜੀ ਸੱਚ ਕਹਿੰਦੇ ਸਨ ਅਤੇ ਉਨ੍ਹਾਂ ਨੂੰ ਸੱਚ ਸੁਖਾਉਂਦਾ ਨਹੀਂ ਸੀ। ਇਕ ਵਾਰ ਕੋਈ ਮਨੁੱਖ ਮਰ ਗਿਆ ਤਾਂ ਉਸ ਘਰ ਵਿਚ ਬਹੁਤ ਸਾਰੇ ਲੋਕ ਇਕੱਠੇ ਹੋ ਕੇ ਸੋਗ ਕਰ ਰਹੇ ਸਨ। ਭਗਤ ਜੀ ਵੀ ਉਥੇ ਚੱਲੇ ਗਏ ਤਾਂ ਉੱਥੇ ਰੋਂਦਿਆਂ ਤੇ ਸੋਗ ਕਰਦਿਆਂ ਨੂੰ ਵੇਖ ਕੇ ਆਪ ਜੀ ਨੇ ਅੰਮ੍ਰਿਤ ਬਚਨ ਉਚਾਰਨ ਕੀਤੇ, ਪਰ ਉਨ੍ਹਾਂ ਮਨਮੁਖਾਂ ਨੂੰ "ਅੰਮ੍ਰਿਤ ਕਉਰਾ ਬਿਖਿਆ ਮੀਠੀ॥" ਦੀ ਤਰ੍ਹਾਂ ਉਪਦੇਸ਼ ਚੰਗਾ ਨਹੀਂ ਲਗਿਆ।

***ਅਵਰ ਮੂਏ ਕਿਆ ਸੋਗੁ ਕਰੀਜੈ॥ ਤਉ ਕੀਜੈ ਜਉ ਆਪਨ ਜੀਜੈ॥੧॥***

(ਅੰਗ ੩੨੫)

ਅਥਵਾ :

***ਜਿਹ ਮਰਨੈ ਸਭੁ ਜਗਤੁ ਤਰਾਸਿਆ॥ ਸੋ ਮਰਨਾ ਗੁਰ ਸਬਦਿ ਪ੍ਰਗਾਸਿਆ॥ ੧॥***
***ਅਬ ਕੈਸੇ ਮਰਉ ਮਰਨਿ ਮਨੁ ਮਾਨਿਆ॥ਮਰਿ ਮਰਿ ਜਾਤੇ ਜਿਨ ਰਾਮੁ ਨ ਜਾਨਿਆ॥੧॥ਰਹਾਉ॥***

(ਅੰਗ ੩੨੭)

ਇਕ ਵਾਰ ਬ੍ਰਾਹਮਣ ਇਕੱਠੇ ਹੋਕੇ ਸ੍ਰੀ ਕ੍ਰਿਸ਼ਨ ਜੀ ਨੂੰ ਪੂਰਨ ਨਿਰੰਕਾਰ ਮੰਨ ਕੇ ਉਸ ਦਾ ਜਸ ਕਰਦੇ ਹੋਏ ਭਗਵਾਨ ਨੰਦ ਕੋ ਨੰਦਨ, ਭਗਵਾਨ ਸ੍ਰੀ ਕ੍ਰਿਸ਼ਨ ਜੀ ਨੰਦ ਕੋ ਨੰਦਨ ਕਹਿੰਦੇ ਪਏ ਸਨ, ਤਾਂ ਇਹ ਸੁਣ ਕੇ ਭਗਤ ਕਬੀਰ ਜੀ ਨੇ ਕਿਹਾ:

***ਲਖ ਚਉਰਾਸੀਹ ਜੀਅ ਜੋਨਿ ਮਹਿ ਭ੍ਰਮਤ ਨੰਦੁ ਬਹੁ ਥਾਕੋ ਰੇ ॥***
***ਭਗਤਿ ਹੇਤਿ ਅਵਤਾਰੁ ਲੀਓ ਹੈ ਭਾਗੁ ਬਡੋ ਬਪੁਰਾ ਕੋ ਰੇ ॥ ੧ ॥***
***ਤੁਮ੍ਹ ਜੁ ਕਹਤ ਹਉ ਨੰਦ ਕੋ ਨੰਦਨੁ ਨੰਦ ਸੁ ਨੰਦਨੁ ਕਾ ਕੋ ਰੇ ॥***
***ਧਰਨਿ ਅਕਾਸੁ ਦਸੋ ਦਿਸ ਨਾਹੀ ਤਬ ਇਹੁ ਨੰਦੁ ਕਹਾ ਥੋ ਰੇ ॥ ੧ ॥ ਰਹਾਉ ॥***
***ਸੰਕਟਿ ਨਹੀ ਪਰੈ ਜੋਨਿ ਨਹੀ ਆਵੈ ਨਾਮੁ ਨਿਰੰਜਨ ਜਾ ਕੋ ਰੇ ॥***
***ਕਬੀਰ ਕੋ ਸੁਆਮੀ ਐਸੋ ਠਾਕੁਰੁ ਜਾ ਕੈ ਮਾਈ ਨ ਬਾਪੋ ਰੇ ॥ ੨ ॥ ੧੯ ॥ ੭੦ ॥***

(ਅੰਗ ੩੩੮)

ਇਸ ਤਰ੍ਹਾਂ ਸੁਣ ਕੇ ਜੋ ਕੁਝ ਬਾਕੀ ਰਹਿੰਦੇ ਸਨ, ਉਹ ਵੀ ਭਗਤ ਜੀ ਦੇ ਉਲਟ ਹੋ ਗਏ। ਇਸ ਤਰਾਂ ਦੇ ਕਾਰਨ ਸਨ ਜੋ ਭਗਤ ਜੀ ਦਾ ਵਿਰੋਧ ਕਰਦੇ ਸਨ। ਪਰ ਭਗਤ ਜੀ ਦ੍ਰਿੜ੍ਹ ਸਨ ਅਤੇ ਸੱਚੀ ਗੱਲ ਕਹਿਣੋ ਨਹੀਂ ਟੱਲਦੇ ਸਨ। ਵਿਰੋਧੀ ਲੋਕ ਭਗਤ ਜੀ 'ਤੇ ਤਰ੍ਹਾਂ-ਤਰ੍ਹਾਂ ਦੇ ਦੂਸ਼ਨ ਲਗਾ ਕੇ ਭਗਤ ਜੀ ਦੀ ਨਿੰਦਿਆ ਕਰਦੇ ਸਨ, ਪਰ ਆਪ ਜੀ ਆਪਣੀ ਨਿੰਦਿਆ ਸੁਣ ਕੇ ਘਬਰਾਉਂਦੇ ਨਹੀਂ ਸਨ। ਨਾ ਹੀ ਸੱਚ ਕਹਿਣੋ ਹੱਟਦੇ ਸਨ, ਸਗੋਂ ਪਾਖੰਡ ਦੇ ਉਲਟ ਡੱਟ ਕੇ ਪ੍ਰਚਾਰ ਕਰਦੇ ਸਨ। ਨਿੰਦਕ ਲੋਕ ਬਹੁਤ ਕੁਝ ਕਹਿੰਦੇ ਸਨ ਕਿ ਇਹ ਸ੍ਰੀ ਕ੍ਰਿਸ਼ਨ ਜੀ ਦੇ ਉਲਟ ਕਹਿੰਦੇ ਹਨ। ਇਹ ਬ੍ਰਾਹਮਣਾਂ ਦੇ ਵਿਰੋਧੀ ਹਨ:

***ਹਿੰਦੂ ਤੁਰਕ ਕਹਾ ਤੇ ਆਏ ਕਿਨਿ ਏਹ ਰਾਹ ਚਲਾਈ ॥***
***ਦਿਲ ਮਹਿ ਸੋਚਿ ਬਿਚਾਰਿ ਕਵਾਦੇ ਭਿਸਤ ਦੋਜਕ ਕਿਨਿ ਪਾਈ ॥ ੧ ॥***
***ਕਾਜੀ ਤੈ ਕਵਨ ਕਤੇਬ ਬਖਾਨੀ ॥***
***ਪੜ੍ਹਤ ਗੁਨਤ ਐਸੇ ਸਭ ਮਾਰੇ ਕਿਨਹੂੰ ਖਬਰਿ ਨ ਜਾਨੀ ॥ ੧ ॥ ਰਹਾਉ ॥***
***ਸਕਤਿ ਸਨੇਹੁ ਕਰਿ ਸੁੰਨਤਿ ਕਰੀਐ ਮੈ ਨ ਬਦਉਗਾ ਭਾਈ ॥***
***ਜਉ ਰੇ ਖੁਦਾਇ ਮੋਹਿ ਤੁਰਕੁ ਕਰੈਗਾ ਆਪਨ ਹੀ ਕਟਿ ਜਾਈ ॥ ੨ ॥***
***ਸੁੰਨਤਿ ਕੀਏ ਤੁਰਕੁ ਜੇ ਹੋਇਗਾ ਅਉਰਤ ਕਾ ਕਿਆ ਕਰੀਐ ॥***
***ਅਰਧ ਸਰੀਰੀ ਨਾਰਿ ਨ ਛੋਡੈ ਤਾ ਤੇ ਹਿੰਦੂ ਹੀ ਰਹੀਐ ॥ ੩ ॥***
***ਛਾਡਿ ਕਤੇਬ ਰਾਮੁ ਭਜੁ ਬਉਰੇ ਜੁਲਮ ਕਰਤ ਹੈ ਭਾਰੀ ॥***
***ਕਬੀਰੈ ਪਕਰੀ ਟੇਕ ਰਾਮ ਕੀ ਤੁਰਕ ਰਹੇ ਪਚਿਹਾਰੀ ॥ ੪ ॥ ੮ ॥***

(ਅੰਗ ੪੭੭)

ਇਨ੍ਹਾਂ ਕਾਰਨਾਂ ਕਰਕੇ ਹਿੰਦੂ ਅਤੇ ਮੁਸਲਮਾਨ ਸਾਰੇ ਹੀ ਆਪ ਜੀ ਦੀ ਨਿੰਦਿਆ ਕਰਦੇ ਸਨ। ਪਰ ਆਪ ਜੀ, ਗੁਰੂ ਰਾਮਦਾਸ ਜੀ ਦੇ ਕਥਨ ਅਨੁਸਾਰ:

***ਹਰਿ ਜਨੁ ਰਾਮ ਨਾਮ ਗੁਨ ਗਾਵੈ॥***
***ਜੇ ਕੋਈ ਨਿੰਦ ਕਰੇ ਹਰਿ ਜਨ ਕੀ ਅਪੁਨਾ ਗੁਨੁ ਨ ਗਵਾਵੈ॥***

(ਅੰਗ ੭੧੯)

ਭਗਤ ਜੀ ਹਮੇਸ਼ਾਂ ਪ੍ਰਭੂ ਭਗਤੀ ਵਿਚ ਜੁੜੇ ਹੋਏ ਸਭ ਨੂੰ ਉਪਦੇਸ਼ ਇਸ ਤਰ੍ਹਾਂ ਦਿੰਦੇ ਰਹਿੰਦੇ ਸਨ:

***ਕਹਤ ਕਬੀਰ ਰਾਮ ਗੁਨ ਗਾਵਉ॥ ਹਿੰਦੂ ਤੁਰਕ ਦੋਊ ਸਮਝਾਵਉ॥***

(ਅੰਗ ੪੭੯)

ਅਥਵਾ:-

***ਹਮ ਘਰਿ ਸੂਤੁ ਤਨਹਿ ਨਿਤ ਤਾਨਾ ਕੰਠਿ ਜਨੇਊ ਤੁਮਾਰੇ॥***
***ਤੁਮ੍ ਤਉ ਬੇਦ ਪੜਹੁ ਗਾਇਤ੍ਰੀ ਗੋਬਿੰਦੁ ਰਿਦੈ ਹਮਾਰੇ॥ ੧॥***
***ਮੇਰੀ ਜਿਹਬਾ ਬਿਸਨੁ ਨੈਨ ਨਾਰਾਇਨ ਹਿਰਦੈ ਬਸਹਿ ਗੋਬਿੰਦਾ॥***
***ਜਮ ਦੁਆਰ ਜਬ ਪੂਛਸਿ ਬਵਰੇ ਤਬ ਕਿਆ ਕਹਸਿ ਮੁਕੰਦਾ॥੧॥ ਰਹਾਉ॥***

(ਅੰਗ ੪੮੨)

ਜਦ ਵਿਰੋਧੀ ਆਪ ਜੀ ਦੀ ਨਿੰਦਿਆ ਕਰਦੇ ਸਨ ਤਾਂ ਆਪ ਜੀ ਅਗੋਂ ਉਨ੍ਹਾਂ ਨਿੰਦਕਾਂ ਨੂੰ ਬੜੇ ਪਿਆਰ ਨਾਲ ਕਹਿੰਦੇ ਸਨ:

***ਨਿੰਦਉ ਨਿੰਦਉ ਮੋ ਕਉ ਲੋਗੁ ਨਿੰਦਉ॥***
***ਨਿੰਦਾ ਜਨ ਕਉ ਖਰੀ ਪਿਆਰੀ॥***
***ਨਿੰਦਾ ਬਾਪੁ ਨਿੰਦਾ ਮਹਤਾਰੀ॥ ੧॥ ਰਹਾਉ॥***

(ਅੰਗ ੩੩੯)

ਬੈਰਾੜੀ ਮਹਲਾ ੪॥ ਹਰਿ ਜਨੁ ਰਾਮ ਨਾਮ ਗੁਨ ਗਾਵੈ॥ ਜੇ ਕੋਈ ਨਿੰਦ ਕਰੇ ਹਰਿ ਜਨ ਕੀ ਅਪੁਨਾ ਗੁਨੁ ਨ ਗਵਾਵੈ॥ ੧॥ ਰਹਾਉ॥ ਜੋ ਕਿਛੁ ਕਰੇ ਸੁ ਆਪੇ ਸੁਆਮੀ ਹਰਿ ਆਪੇ ਕਾਰ ਕਮਾਵੈ॥ ਹਰਿ ਆਪੇ ਹੀ ਮਤਿ ਦੇਵੈ ਸੁਆਮੀ ਹਰਿ ਆਪੇ ਬੋਲਿ ਬੁਲਾਵੈ॥ ੧॥ ਹਰਿ ਆਪੇ ਪੰਚ ਤਤੁ ਬਿਸਥਾਰਾ ਵਿਚਿ ਧਾਤੂ ਪੰਚ ਆਪਿ ਪਾਵੈ॥ ਜਨ ਨਾਨਕ ਸਤਿਗੁਰੁ ਮੇਲੇ ਆਪੇ ਹਰਿ ਆਪੇ ਝਗਰੁ ਚੁਕਾਵੈ॥ ੨॥ ੩॥

## ਪਦ ਅਰਥ :

ਗਾਵੈ-ਗਾਉਂਦਾ ਰਹਿੰਦਾ ਹੈ। ਕੀ-ਦੀ। ਗੁਨੁ-ਸੁਭਾਉ।੧।ਰਹਾਉ। ਆਪੇ-ਆਪ ਹੀ। ਬੋਲਿ-ਬੋਲ ਕੇ। ਬੋਲਿ ਬੁਲਾਵੈ (ਆਪ ਹੀ ਹਰੇਕ ਜੀਵ ਵਿਚ) ਬੋਲਦਾ ਹੈ ਅਤੇ ਆਪ ਹੀ ਜੀਵਾਂ ਨੂੰ ਬੋਲਣ ਦੀ ਪ੍ਰੇਰਨਾ ਕਰਦਾ ਹੈ। ੧।

ਪੰਚ ਤਤੁ-ਜਲੁ, ਅਗਨੀ, ਪ੍ਰਿਥਵੀ, ਵਾਯੂ, ਆਕਾਸ਼। ਪੰਚ ਧਾਤੂ-ਜਲ ਵਿਚ ਰਸ, ਅਗਨੀ ਵਿਚ ਰੂਪ, ਪ੍ਰਿਥਵੀ ਵਿਚ ਗੰਧ, ਵਾਯੂ ਵਿਚ ਸਪੱਰਸ਼, ਆਕਾਸ਼ ਵਿਚ ਸ਼ਬਦ। ਝਗਰ-ਖਿਚੋਤਾਣ। ਚੁਕਾਵੈ-ਮੁਕਾਂਦਾ ਹੈ। ੨।

## ਅਰਥ :

(ਹੇ ਭਾਈ !) ਹਰੀ ਦਾ ਸੇਵਕ-ਜਨ ਰਾਮ ਨਾਮ ਦੇ ਗੁਣ ਗਾਉਂਦਾ ਹੈ। ਜੇ ਕੋਈ (ਮਨੁੱਖ ਨਿੰਦਕ) ਹਰੀ ਦੇ ਸੇਵਕ ਦੀ ਨਿੰਦਾ ਕਰਦਾ ਹੈ, (ਤਾਂ ਉਹ ਹਰੀ ਦਾ ਸੇਵਕ) ਆਪਣਾ ਸੁਭਾਅ (ਪ੍ਰਭੂ ਦੇ ਗੁਣ ਗਾਉਣ ਵਾਲਾ) ਨਹੀਂ ਛੱਡਦਾ। ੧। ਰਹਾਉ। (ਹੇ ਭਾਈ !) ਜੋ ਕੁਝ ਕਰ ਰਿਹਾ ਹੈ, ਉਹ ਸੁਆਮੀ ਆਪ ਹੀ ਕਰ ਰਿਹਾ ਹੈ। ਹਰੀ ਆਪ ਹੀ (ਜੀਵ ਰੂਪ ਹੋ ਕੇ) ਕਾਰ ਕਮਾਉਂਦਾ ਹੈ। ਹਰੀ ਆਪ ਹੀ (ਸਭ ਨੂੰ) ਅਕਲ ਦਿੰਦਾ ਹੈ (ਅਤੇ ਆਪ ਹੀ) ਜੀਵ ਦੇ ਅੰਦਰ ਹੋਕੇ ਬੋਲ ਬੁਲਵਾਉਂਦਾ ਹੈ। ੧। (ਹੇ ਭਾਈ!) ਹਰੀ ਨੇ ਆਪ ਹੀ ਪੰਜਾਂ ਤੱਤਾਂ ਤੋਂ (ਸਾਰਾ) ਪਸਾਰਾ ਕੀਤਾ ਹੈ (ਅਤੇ) ਆਪ ਹੀ (ਜੀਵ ਵਿਚ) ਪੰਜ ਦੋਸ਼ (ਸ਼ਬਦ, ਸਪੱਰਸ਼, ਰੂਪ, ਰਸ, ਗੰਧ) ਪਾਉਂਦਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਉਹ ਪ੍ਰਭੂ ਆਪ) ਹੀ ਭਗਤ ਜਨਾਂ ਨੂੰ ਸਤਿਗੁਰੂ ਨਾਲ ਮੇਲ ਕੇ (ਇਨ੍ਹਾਂ ਪੰਜਾਂ ਦੋਸ਼ਾਂ ਦੇ) ਝਗੜਿਆਂ ਨੂੰ ਮੁਕਾਉਂਦਾ ਹੈ। ੨। ੩।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧੨੨ (ਅੰਗ ੭੨੧-੨੨)

ਤਿਲੰਗ ਮਹਲਾ ੧ ਘਰੁ ੩ ੴ ਸਤਿਗੁਰ ਪ੍ਰਸਾਦਿ ॥ ਇਹੁ ਤਨੁ ਮਾਇਆ ਪਾਹਿਆ ਪਿਆਰੇ ਲੀਤੜਾ ਲਬਿ ਰੰਗਾਏ ॥ ਮੇਰੈ ਕੰਤ ਨ ਭਾਵੈ ਚੋਲੜਾ ਪਿਆਰੇ ਕਿਉ ਧਨ ਸੇਜੈ ਜਾਏ ॥ ੧ ॥ ਹੰਉ ਕੁਰਬਾਨੈ ਜਾਉ ਮਿਹਰਵਾਨਾ ਹੰਉ ਕੁਰਬਾਨੈ ਜਾਉ ॥ ਹੰਉ ਕੁਰਬਾਨੈ ਜਾਉ ਤਿਨਾ ਕੈ ਲੈਨਿ ਜੋ ਤੇਰਾ ਨਾਉ ॥ ਲੈਨਿ ਜੋ ਤੇਰਾ ਨਾਉ ਤਿਨਾ ਕੈ ਹੰਉ ਸਦ ਕੁਰਬਾਨੈ ਜਾਉ ॥ ੧ ॥ ਰਹਾਉ ॥ ਕਾਇਆ ਰੰਙਣਿ ਜੇ ਥੀਐ ਪਿਆਰੇ ਪਾਈਐ ਨਾਉ ਮਜੀਠ ॥ ਰੰਙਣ ਵਾਲਾ ਜੇ ਰੰਙੈ ਸਾਹਿਬੁ ਐਸਾ ਰੰਗੁ ਨ ਡੀਠ ॥ ੨ ॥ ਜਿਨ ਕੇ ਚੋਲੇ ਰਤੜੇ ਪਿਆਰੇ ਕੰਤੁ ਤਿਨਾ ਕੈ ਪਾਸਿ ॥ ਧੂੜਿ ਤਿਨਾ ਕੀ ਜੇ ਮਿਲੈ ਜੀ ਕਹੁ ਨਾਨਕ ਕੀ ਅਰਦਾਸਿ ॥ ੩ ॥ ਆਪੇ ਸਾਜੇ ਆਪੇ ਰੰਗੇ ਆਪੇ ਨਦਰਿ ਕਰੇਇ ॥ ਨਾਨਕ ਕਾਮਣਿ ਕੰਤੈ ਭਾਵੈ ਆਪੇ ਹੀ ਰਾਵੇਇ ॥ ੪ ॥ ੧ ॥ ੩ ॥

# ਪ੍ਰਾਕ੍ਥਨ :-

ਇਹ ਪਾਵਨ ਸ਼ਬਦ ਜਗਤ ਗੁਰੂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਤਿਲੰਗ ਰਾਗੁ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਅੰਦਰ ਹਜ਼ੂਰ ਨੇ ਮਾਇਕੀ ਝੂਠੇ ਕੁਸੁੰਭੇ ਰੰਗ ਦਾ ਤਿਆਗ ਕਰਕੇ ਸੱਚੇ ਨਾਮ ਰੰਗ ਵਿਚ ਜੀਵਨ ਰੂਪ ਚੋਲੇ ਨੂੰ ਰੰਗਣ ਦਾ ਉਪਦੇਸ਼ ਦਿੱਤਾ ਹੈ।

## ਵਿਸ਼ਾ — ਕਵਨ ਰੰਗ

ਸੰਸਾਰ ਅੰਦਰ ਰੰਗ ਭਾਵੇਂ ਕਈ ਤਰ੍ਹਾਂ ਦੇ ਹਨ, ਪਰ ਗੁਰਬਾਣੀ ਅੰਦਰ ਵਿਸ਼ੇਸ਼ ਰੂਪ ਵਿਚ ਸੂਹਾ ਤੇ ਮਜੀਠੀ ਰੰਗ ਦਾ ਜ਼ਿਕਰ ਆਇਆ ਹੈ। ਵੱਖ ਵੱਖ ਪ੍ਰਕਰਣ ਅਨੁਸਾਰ ਹੋਰਾਂ ਰੰਗਾਂ ਦਾ ਵੀ ਗੁਰਬਾਣੀ ਅੰਦਰ ਜ਼ਿਕਰ ਆਇਆ ਹੈ। ਸੂਹਾ ਰੰਗ ਕੱਚਾ ਰੰਗ ਹੁੰਦਾ ਹੈ, ਪਾਣੀ ਦੀ ਬੂੰਦ ਪੈਂਦਿਆਂ ਹੀ ਖਿਲਰ ਜਾਂਦਾ ਹੈ।

ਮਜੀਠੀ ਰੰਗ ਪੱਕਾ ਹੁੰਦਾ ਹੈ। ਜਿਸ ਬਸਤ੍ਰ ਨੂੰ ਮਜੀਠੀ ਰੰਗ ਚਾੜ੍ਹ ਦਿੱਤਾ ਜਾਵੇ, ਉਹ ਬਸਤ੍ਰ ਫੱਟ ਭਾਵੇਂ ਜਾਵੇ ਪਰ ਬਸਤ੍ਰ ਨਾਲੋਂ ਰੰਗ ਨਹੀਂ ਲੱਥਦਾ। ਗੁਰਦੇਵ ਨੇ ਪ੍ਰਭੂ ਨਾਮ ਨੂੰ ਮਜੀਠੀ ਕਿਹਾ ਹੈ ਅਤੇ ਮਾਇਕੀ ਰੰਗ ਕਸੁੰਭਾ ਰੰਗ ਹੈ। ਇਹ ਚਪਲ ਇਸਤਰੀਆਂ ਦਾ ਲਿਬਾਸ ਹੈ, ਜਿਸ ਦਾ ਜ਼ਿਕਰ ਗੁਰੂ ਅਮਰਦਾਸ ਜੀ ਨੇ ਇਸ ਤਰ੍ਹਾਂ ਕੀਤਾ ਹੈ :

***ਸੂਹਾ ਰੰਗੁ ਵਿਕਾਰੁ ਹੈ ਕੰਤੁ ਨ ਪਾਇਆ ਜਾਇ॥***
***ਇਸੁ ਲਹਦੇ ਬਿਲਮ ਨ ਹੋਵਈ ਰੰਡ ਬੈਠੀ ਦੂਜੈ ਭਾਇ॥***
***ਮੁੰਧ ਇਆਣੀ ਦੁੰਮਣੀ ਸੂਹੈ ਵੇਸਿ ਲੋੁਭਾਇ॥***
***ਸਬਦਿ ਸਚੈ ਰੰਗੁ ਲਾਲੁ ਕਰਿ ਭੈ ਭਾਇ ਸੀਗਾਰੁ ਬਣਾਇ॥***
***ਨਾਨਕ ਸਦਾ ਸੋਹਾਗਣੀ ਜਿ ਚਲਨਿ ਸਤਿਗੁਰ ਭਾਇ॥੨॥***

(ਅੰਗ ੭੮੬)

ਗੁਰੂ ਅਮਰਦਾਸ ਜੀ ਨੇ ਅੱਗੇ ਦਰਸਾਇਆ ਹੈ ਕਿ ਸੂਹਾ ਵੇਸ ਉਹ ਖੋਟੇ ਲੱਖਣਾਂ ਵਾਲੀ ਇਸਤਰੀ ਪਹਿਨਦੀ ਹੈ, ਜਿਸ ਨੇ ਪ੍ਰਭੂ ਪਤੀ ਨੂੰ ਛੱਡ ਕੇ ਹੋਰਨਾਂ ਨਾਲ ਪਿਆਰ ਕੀਤਾ ਹੈ। ਉਸ ਦਾ ਕੋਈ ਸੀਲ ਸੰਜਮ ਵੀ ਨਹੀਂ ਅਤੇ ਉਹ ਹਮੇਸ਼ਾਂ ਝੂਠ ਬੋਲਦੀ ਹੈ। ਉਸ ਮਨਮੁੱਖ ਕੁਲੱਖਣੀ ਦਾ ਕਰਮ ਉਸ ਨੂੰ ਹੀ ਖ਼ੁਆਰ ਕਰਦਾ ਹੈ।

***ਸੂਹੈ ਵੇਸਿ ਕਾਮਣਿ ਕੁਲਖਣੀ ਜੋ ਪ੍ਰਭ ਛੋਡਿ ਪਰ ਪੁਰਖ ਧਰੇ ਪਿਆਰ॥***
***ਓਸੁ ਸੀਲੁ ਨ ਸੰਜਮੁ ਸਦਾ ਝੂਠੁ ਬੋਲੈ ਮਨਮੁਖਿ ਕਰਮ ਖੁਆਰੁ॥***

(ਅੰਗ ੭੮੬)

ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ ਕਿ ਹੇ ਸੂਹਾ ਲਿਬਾਸ ਧਾਰਨ ਵਾਲੀ ਜੀਵ ਰੂਪ

ਇਸਤਰੀਏ ! ਤੂੰ ਇਸ ਵੇਸ ਨੂੰ ਛੱਡ ਦੇ ਤਾਂ ਹੀ ਤੇਰਾ ਪ੍ਰਭੂ ਪਤੀ ਨਾਲ ਪਿਆਰ ਲੱਗੇਗਾ। ਇਸ ਸੂਹੇ ਵੇਸ ਦੇ ਧਾਰਣ ਵਾਲੀ ਕਿਸੇ ਵੀ ਇਸਤਰੀ ਨੇ ਪ੍ਰਭੂ ਪਤੀ ਨੂੰ ਨਹੀਂ ਪਾਇਆ :

***ਸੂਹਵੀਏ ਸੂਹਾ ਵੇਸੁ ਛਡਿ ਤੂ ਤਾ ਪਿਰ ਲਗੀ ਪਿਆਰੁ॥***
***ਸੂਹੈ ਵੇਸਿ ਪਿਰੁ ਕਿਨੈ ਨ ਪਾਇਓ ਮਨਮੁਖਿ ਦਝਿ ਮੁਈ ਗਾਵਾਰਿ॥***

(ਅੰਗ ੭੮੬-੮੭)

ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਕ ਸਲੋਕ ਅੰਦਰ ਪਹਿਲਾਂ ਸੂਹੇ ਰੰਗ ਦਾ ਜ਼ਿਕਰ ਕਰਕੇ ਫਿਰ ਸੱਚੇ ਮਜੀਠੀ ਰੰਗ ਦਾ ਕਥਨ ਇਸ ਤਰ੍ਹਾਂ ਕੀਤਾ ਹੈ :

***ਸੂਹਾ ਰੰਗੁ ਸੁਪਨੈ ਨਿਸੀ ਬਿਨੁ ਤਾਗੇ ਗਲਿ ਹਾਰੁ॥***
***ਸਚਾ ਰੰਗੁ ਮਜੀਠ ਕਾ ਗੁਰਮੁਖਿ ਬ੍ਰਹਮ ਬੀਚਾਰ॥***
***ਨਾਨਕ ਪ੍ਰੇਮ ਮਹਾ ਰਸੀ ਸਭਿ ਬੁਰਿਆਈਆ ਛਾਰੁ॥੨॥***

(ਅੰਗ ੭੮੬)

ਪਰ ਇਸ ਮਨੁੱਖ ਨੇ ਮਾਇਆ ਦਾ ਪਾਹ ਦੇਕੇ ਲੱਬ ਭਾਵ ਲਾਲਚ ਦੇ ਰੰਗ ਵਿਚ ਇਸ ਸਰੀਰ ਰੂਪੀ ਚੋਲੇ ਨੂੰ ਰੰਗ ਲਿਆ ਹੈ। ਐਸੇ ਮਾਇਕੀ ਰੰਗ ਵਾਲਾ ਚੋਲੜਾ ਮੇਰੇ ਪ੍ਰਭੂ ਪਤੀ ਨੂੰ ਭਾਂਵਦਾ ਨਹੀਂ ਭਾਵ ਚੰਗਾ ਨਹੀਂ ਲੱਗਦਾ। ਪਾਹ=ਕੱਪੜੇ ਤੋਂ ਪਾਣ ਅਥਵਾ ਮਾਵਾ, (ਜੋ ਰੰਗ ਨੂੰ ਫੜਨ ਨਹੀਂ ਦਿੰਦਾ) ਕੱਢ ਕੇ, ਫਟਕੜੀ ਆਦਿ ਨਾਲ ਧੋਣਾ ਜਿਸ ਤੋਂ ਵਸਤ੍ਰ ਰੰਗ ਜਜ਼ਬ ਕਰ ਲਵੇ, ਉਸ ਨੂੰ 'ਪਾਹ' ਆਖੀਦਾ ਹੈ। ਇਧਰ ਕਰਤਾਰ ਦੇ ਭੈਅ ਨਾਲ ਮਨ ਦੇ ਖੋਟੇ ਸੰਕਲਪ ਅਤੇ ਵਿਕਾਰ ਵਾਸ਼ਨਾ ਮਿਟਾ ਕੇ ਗੁਰਬਾਣੀ ਦੇ ਅਭਿਆਸ ਦੁਆਰਾ ਕੁਕਰਮਾਂ ਤੋਂ ਜੋ ਸੰਗਣਾ ਹੈ, ਮਨ ਦਾ ਧੋਣਾ ਅਤੇ ਪਾਹ ਦੇਣਾ ਹੈ, ਵਾਹਿਗੁਰੂ ਦੇ ਪ੍ਰੇਮ ਅਰ ਨਾਮ ਦੀ ਲਿਵ ਕਰ ਕੇ ਮਨ ਰੰਗੀਦਾ ਹੈ, ਸਤਿਗੁਰਾਂ ਨੇ ਇਸ ਪੱਕੇ ਰੰਗ ਨੂੰ ਮਜੀਠ ਦਾ ਰੰਗ ਗੁਰਬਾਣੀ ਵਿਚ ਵਰਣਨ ਕੀਤਾ ਹੈ।

ਕੋਰੇ ਬਸਤ੍ਰ ਨੂੰ ਰੰਗ ਨਹੀਂ ਚੜ੍ਹਦਾ, "ਪਾਹ" ਦੇਣਾ ਪੈਂਦਾ ਹੈ। ਫਿਰ ਇਸ ਤਨ ਰੂਪ ਚੋਲੇ ਨੂੰ "ਪਾਹ" ਕਿਹੜਾ ਦੇਣਾ ਹੈ ? ਅਤੇ ਰੰਗ ਕਿਹੜਾ ਚਾੜ੍ਹਨਾ ਹੈ ? ਜਿਸ ਰੰਗ ਨਾਲ ਰੰਗਿਆ ਸਰੀਰ ਰੂਪ ਚੋਲਾ ਪ੍ਰਭੂ ਪਤੀ ਨੂੰ ਭਾ ਜਾਵੇ :

***ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ॥***
***ਭੈ ਵਿਚਿ ਖੁੰਬਿ ਚੜਾਈਐ ਸਰਮੁ ਪਾਹੁ ਤਨਿ ਹੋਇ॥***
***ਨਾਨਕ ਭਗਤੀ ਜੇ ਰਪੈ ਕੂੜੈ ਸੋਇ ਨ ਕੋਇ॥੧॥***

(ਅੰਗ ੪੬੮)

ਐਸੇ ਚੋਲੇ ਦਾ ਜ਼ਿਕਰ ਆਸਾ ਰਾਗੁ ਅੰਦਰ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਤਰ੍ਹਾਂ ਕੀਤਾ ਹੈ :-

***ਲਾਲੁ ਚੋਲਨਾ ਤੈ ਤਨਿ ਸੋਹਿਆ ॥ ਸੁਰਿਜਨ ਭਾਨੀ ਤਾਂ ਮਨੁ ਮੋਹਿਆ ॥ ੧ ॥***
***ਕਵਨ ਬਨੀ ਰੀ ਤੇਰੀ ਲਾਲੀ ॥ ਕਵਨ ਰੰਗਿ ਤੂੰ ਭਈ ਗੁਲਾਲੀ ॥ ੧ ॥ ਰਹਾਉ ॥***
***ਤੁਮ ਹੀ ਸੁੰਦਰਿ ਤੁਮਹਿ ਸੁਹਾਗੁ ॥ ਤੁਮ ਘਰਿ ਲਾਲਨੁ ਤੁਮ ਘਰਿ ਭਾਗੁ ॥ ੨ ॥***

(ਅੰਗ ੩੮੪)

ਸ੍ਰੀ ਗੁਰੂ ਅਮਰਦਾਸ ਜੀ ਕਹਿੰਦੇ ਹਨ ਕਿ ਐਸਾ ਰੰਗ ਫਿਰ ਉਤਰਦਾ ਨਹੀਂ ਅਤੇ ਨਾ ਹੀ ਉਸ ਨਾਮ ਰੂਪ ਮਜੀਠੀ ਰੰਗ ਦੇ ਉਪਰ ਹੋਰ ਕੋਈ ਮਾਇਕੀ ਝੂਠਾ ਰੰਗ ਚੜ੍ਹਦਾ ਹੈ :

***ਸਜਣੁ ਮੈਡਾ ਰੰਗੁਲਾ ਰੰਗੁ ਲਾਏ ਮਨੁ ਲੇਇ॥***
***ਜਿਉ ਮਾਜੀਠੈ ਕਪੜੇ ਰੰਗੇ ਭੀ ਪਾਹੇਹਿ॥***
***ਨਾਨਕ ਰੰਗੁ ਨ ਉਤਰੈ ਬਿਆ ਨ ਲਗੈ ਕੇਹ॥ ੨ ॥***

(ਅੰਗ ੬੪੪)

ਅਥਵਾ :

***ਹਰਿ ਨਾਮਾ ਹਰਿ ਰੰਙੁ ਹੈ ਹਰਿ ਰੰਙੁ ਮਜੀਠੈ ਰੰਙੁ॥***
***ਗੁਰਿ ਤੁਠੈ ਹਰਿ ਰੰਗੁ ਚਾੜਿਆ ਫਿਰਿ ਬਹੁੜਿ ਨ ਹੋਵੀ ਭੰਙੁ ॥***

(ਅੰਗ ੭੩੧)

ਪਰ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਹੇ ਪਿਆਰੇ! ਤੂੰ ਤਨ ਨੂੰ ਮਾਇਆ ਦਾ 'ਪਾਹ' ਦੇਕੇ ਲੱਬ ਭਾਵ ਲਾਲਚ ਦੇ ਰੰਗ ਵਿਚ ਰੰਗ ਲਿਆ ਹੈ :

***ਇਹੁ ਤਨੁ ਮਾਇਆ ਪਾਹਿਆ ਪਿਆਰੇ ਲੀਤੜਾ ਲਬਿ ਰੰਗਾਏ॥***

(ਅੰਗ ੭੨੧)

ਐਸੇ ਝੂਠੇ ਰੰਗ ਵਿਚ ਹੀ ਸਾਹੁ ਸੁਹਾਗਣ ਦਾ ਤਨ ਅਤੇ ਮਨ ਰੰਗਿਆ ਹੋਇਆ ਸੀ, ਜਿਸ ਨੂੰ ਗੁਰਦੇਵ ਨੇ ਇਸ ਸ਼ਬਦ ਰਾਹੀਂ ਸੁਮੱਤਿ ਬਖ਼ਸ਼ੀ ਸੀ।

## ਸਾਖੀ—ਸਾਹੁ ਸੁਹਾਗਣ ਦੀ

ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਜਗਤ ਜੀਆਂ ਨੂੰ ਤਾਰਦੇ ਹੋਏ, ਨੌਸ਼ਹਿਰੇ ਪਿੰਡ ਸਾਹੁ-ਸੁਹਾਗਣ ਦੇ ਡੇਰੇ ਪਹੁੰਚੇ ਹਨ। ਇਹ ਮੁਸਲਮਾਨ ਫਕੀਰ ਸੀ। ਇਸਤਰੀਆਂ ਵਾਲੇ ਬਸਤਰ ਅਤੇ ਗਹਿਣੇ ਸਰੀਰ 'ਤੇ ਪਹਿਨਦਾ ਸੀ। ਜਿਸ ਤਰ੍ਹਾਂ ਪਤਿਬਰਤਾ ਇਸਤਰੀ ਆਪਣੇ ਪਤੀ ਦੀ ਪ੍ਰਸੰਨਤਾ ਲਈ ਆਪਣੇ ਸਰੀਰ 'ਤੇ ਹਾਰ ਸ਼ਿੰਗਾਰ ਲਗਾਉਂਦੀ ਹੈ, ਆਪਣੇ ਪਤੀ ਦੀ ਸੇਵਾ ਕਰਕੇ ਉਹ ਸੁਹਾਗਣ ਇਸਤਰੀ ਸਦਾਉਂਦੀ ਹੈ, ਇਸੇ ਤਰ੍ਹਾਂ ਇਹ ਸਾਹੁ-ਸੁਹਾਗਣ ਆਪਣੇ ਸਰੀਰ 'ਤੇ ਪਾਖੰਡ ਦਾ ਅਤੇ ਦਿਖਾਵੇ ਦਾ

ਲਿਬਾਸ ਧਾਰ ਕੇ ਆਪਣੇ ਆਪ ਨੂੰ ਰੱਬ ਦੀ ਇਸਤਰੀ ਸੁਹਾਗਣ ਕਹਾਉਂਦਾ ਸੀ। ਪਰ ਕਰਮ ਇਸਦੇ ਦੁਹਾਗਣਾਂ ਵਾਲੇ ਸਨ। ਗੁਰੂ ਨਾਨਕ ਦੇਵ ਜੀ ਨੇ ਇਸ ਨੂੰ ਮਿਲਣਾ ਚਾਹਿਆ। ਇਸ ਦੇ ਡੇਰੇ 'ਤੇ ਬੜਾ ਭਾਰੀ ਲੋਕਾਂ ਦਾ ਇਕੱਠ ਸੀ। ਮੇਲਾ ਭਰਿਆ ਹੋਇਆ ਸੀ। ਗੁਰਦੇਵ ਨੇ ਇਸਦੇ ਮੁਰੀਦਾਂ ਨੂੰ ਕਿਹਾ ਕਿ ਸਾਹੁ-ਸੁਹਾਗਣ ਨੂੰ ਬੁਲਾਉ, ਅਸੀਂ ਮਿਲਣਾ ਹੈ। ਅਗੋਂ ਇਸ ਦੇ ਮੁਰੀਦਾਂ ਨੇ ਜਵਾਬ ਦਿੱਤਾ ਕਿ ਅੱਜ ਤਾਂ ਪੀਰ ਜੀ ਨੂੰ ਸਾਹੁ ਦੀ ਪ੍ਰਾਪਤੀ ਹੋਣੀ ਹੈ, ਇਸ ਲਈ ਉਹ ਭੋਰੇ ਵਿਚ ਹਨ। ਉਹ ਕਿਸੇ ਮਨੁੱਖ ਨੂੰ ਅੱਜ ਨਹੀਂ ਮਿਲਦੇ। ਇਹ ਜਵਾਬ ਸੁਣ ਕੇ ਗੁਰਦੇਵ ਨੇ ਮਰਦਾਨੇ ਨੂੰ ਬਚਨ ਕੀਤਾ ਕਿ ਆਉ ਭਾਈ ਚੱਲੀਏ, ਕਰਤਾਰ ਦੀ ਐਸੀ ਹੀ ਰਜ਼ਾ ਹੈ। ਇਸਤਰ੍ਹਾਂ ਕਹਿ ਕੇ ਹਜ਼ੂਰ ਚੱਲੇ ਗਏ। ਪਰ ਮੇਲੇ ਵਿਚ ਥੋੜੀ ਦੇਰ ਬਾਅਦ ਹੀ ਲੋਕਾਂ ਦੀ ਆਪਸ ਵਿਚ ਲੜਾਈ ਹੋ ਪਈ। ਉਸ ਲੜਾਈ ਵਿਚ ਧੱਕੋ ਜ਼ੋਰੀ ਕਰਦਿਆਂ ਕਿਸੇ ਨੇ ਆਪਣੀ ਜਾਨ ਬਚਾਉਣ ਲਈ ਸਾਹੁ-ਸੁਹਾਗਣ ਦੇ ਭੋਰੇ ਦੇ ਦਰਵਾਜ਼ੇ ਨੂੰ ਧੱਕਾ ਮਾਰਿਆ। ਦਰਵਾਜ਼ਾ ਟੁੱਟ ਗਿਆ ਤੇ ਉਹ ਮਨੁੱਖ ਅੰਦਰ ਚਲਿਆ ਗਿਆ। ਇਸ ਦੇ ਪਿੱਛੇ ਲੋਕਾਂ ਦਾ ਇਕੱਠ ਭੋਰੇ ਵਿਚ ਚਲਿਆ ਗਿਆ, ਤਾਂ ਕੀ ਦੇਖਿਆ ਕਿ ਸਾਹੁ-ਸੁਹਾਗਣ ਇਕ ਨੌਜਵਾਨ ਇਸਤਰੀ ਨਾਲ ਬਿਭਚਾਰ ਕਰ ਰਿਹਾ ਸੀ। ਲੋਕ ਆਪਣੀ ਲੜਾਈ ਛੱਡ ਕੇ ਸਾਹੁ-ਸੁਹਾਗਣ ਦਾ ਕੁਕਰਮ ਦੇਖ ਕੇ ਇਸ ਨੂੰ ਕੁੱਟਣ ਪੈ ਗਏ। ਲੋਕਾਂ ਨੇ ਚੰਗਾ ਕੁਟਾਪਾ ਚਾੜ੍ਹਿਆ। ਇਸ ਦਾ ਕੁਕਕਮ ਸਾਰੇ ਲੋਕਾਂ ਵਿਚ ਪ੍ਰਗਟ ਹੋ ਗਿਆ। ਕਈਆਂ ਨੇ ਇਸ ਦਾ ਮੂੰਹ ਕਾਲਾ ਕਰ ਦਿੱਤਾ ਅਤੇ ਡੇਰੇ ਦਾ ਸਾਰਾ ਸਾਮਾਨ ਲੋਕ ਲੁੱਟ ਕੇ ਲੈ ਗਏ।

ਹੁਣ ਇਸ ਮੰਦ ਕਰਮੀ ਪੀਰ ਨੂੰ ਕੋਈ ਮੂੰਹ ਨਹੀਂ ਲਾਉਂਦਾ। ਮੰਗਤਿਆਂ ਨਾਲੋਂ ਵੀ ਇਸ ਦਾ ਭੈੜਾ ਹਾਲ ਹੋ ਗਿਆ। ਜਗਤ ਗੁਰੂ ਨੇ ਇਕ ਸਾਲ ਪਿੱਛੋਂ ਇਸੇ ਨੁਸ਼ਹਿਰੇ ਪਿੰਡ ਇਕ ਬਿਰਧ ਮਾਤਾ ਦੇ ਪ੍ਰੇਮ ਦੇ ਖਿੱਚੇ ਉਸ ਮਾਤਾ ਨੂੰ ਜਾ ਦਰਸ਼ਨ ਦਿੱਤੇ ਸਨ। ਹਜ਼ੂਰ ਨੇ ਉਸ ਮਾਤਾ ਨੂੰ ਪੁੱਛਿਆ ਕਿ ਇਥੇ ਇਕ ਸਾਹੁ-ਸੁਹਾਗਣ ਰਹਿੰਦਾ ਸੀ। ਬੜਾ ਭਾਰੀ ਮੇਲਾ ਲੱਗਦਾ ਸੀ। ਤਾਂ ਮਾਤਾ ਨੇ ਦੱਸਿਆ ਕਿ ਜੀ ਉਹ ਤਾਂ ਬਿਭਚਾਰੀ ਸੀ। ਉਸਦਾ ਲੋਕਾਂ ਨੇ ਮੂੰਹ ਕਾਲਾ ਕਰ ਦਿੱਤਾ ਸੀ। ਉਸਨੂੰ ਕੋਈ ਆਪਣੇ ਮੱਥੇ ਨਹੀਂ ਲਗਾਉਂਦਾ। ਹਜ਼ੂਰ ਇਹ ਬਚਨ ਮਾਤਾ ਨਾਲ ਕਰ ਰਹੇ ਸਨ ਤਾਂ ਇਸ ਸਮੇਂ ਇਕ ਪਿੰਗਲਾ ਕੁਸ਼ਟੀ ਰਿੜਦਾ-ਰਿੜਦਾ ਗੁਰਦੇਵ ਪਾਸ ਆ ਪਹੁੰਚਿਆ। ਸਤਿਗੁਰੂ ਜੀ ਨੇ ਅੰਮ੍ਰਿਤ ਭਰੀ ਦ੍ਰਿਸ਼ਟੀ ਪਾ ਕੇ ਇਸ ਦਾ ਕੁਸ਼ਟ ਦੂਰ ਕਰ ਦਿੱਤਾ। ਪਿੰਗਲਾ ਠੀਕ ਹੋ ਕੇ ਗੁਰਦੇਵ ਦੀ ਉਸਤਤੀ ਕਰਨ ਲੱਗਿਆ ਤਾਂ ਸਤਿਗੁਰੂ ਜੀ ਨੇ ਕਿਹਾ ਕਿ ਤੈਨੂੰ ਪਿੰਡ ਵਿਚ ਕੋਈ ਪੁੱਛੇ ਕਿ ਕਿਸ ਤਰ੍ਹਾਂ ਰਾਜ਼ੀ ਹੋਇਆ ਹੈਂ, ਤਾਂ ਤੂੰ ਕਹੀਂ ਕਿ ਮੈਨੂੰ ਸਾਹੁ-ਸੁਹਾਗਣ ਨੇ ਠੀਕ ਕੀਤਾ ਹੈ। ਇਸ ਨੇ ਗੁਰਦੇਵ ਦਾ ਬਚਨ ਮੰਨ ਕੇ ਇਸ ਤਰ੍ਹਾਂ ਕੀਤਾ। ਲੋਕਾਂ ਇਸ ਪਾਸੋਂ ਇਸ ਨੂੰ ਸਾਹੁ-ਸੁਹਾਗਣ ਦੇ ਰਾਜ਼ੀ ਕਰਨ ਦੀ ਕਹਾਣੀ ਸੁਣ ਕੇ ਬੜੇ ਹੈਰਾਨ ਹੋਏ। ਇਸ ਗੱਲ ਦਾ ਪਤਾ ਸਾਹੁ-ਸੁਹਾਗਣ ਨੂੰ ਵੀ ਲੱਗਿਆ। ਸਾਹੁ-ਸੁਹਾਗਣ ਨੇ ਇਸ ਰਾਜ਼ੀ ਹੋਏ ਪਿੰਗਲੇ ਨੂੰ ਪੁੱਛਿਆ ਤਾਂ ਇਸ ਪਿੰਗਲੇ ਨੇ ਗੁਰੂ ਨਾਨਕ ਦਾ ਪਤਾ ਦੱਸ ਦਿੱਤਾ ਕਿ ਉਹ ਮਾਤਾ ਦੇ ਘਰ ਠਹਿਰੇ ਹਨ। ਇਹ ਪੀਰ ਉਸੇ ਵੇਲੇ ਸਮਝ ਗਿਆ ਕਿ ਗੁਰੂ ਨਾਨਕ ਉਹੀ ਹਨ, ਜੋ ਇਕ ਸਾਲ ਪਹਿਲਾਂ ਮੇਰੇ ਡੇਰੇ ਆਏ ਸਨ ਅਤੇ ਮੈਂ ਮੰਦ ਕਰਮੀ ਗੁਰੂ ਜੀ ਦੇ ਦਰਸ਼ਨ ਨਹੀਂ ਸੀ ਕਰ ਸਕਿਆ। ਉਸੇ ਵੇਲੇ ਪੀਰ ਮਾਤਾ ਦੇ ਘਰ ਜਾ ਕੇ ਗੁਰੂ ਨਾਨਕ ਦੇ ਚਰਨੀਂ ਢਹਿ ਪਿਆ ਅਤੇ ਪਿਛਲੀ

ਭੁੱਲ ਦੀ ਮੁਆਫੀ ਮੰਗੀ, ਤਾਂ ਗੁਰਦੇਵ ਨੇ ਨਾਮ ਦਾਨ ਦੇ ਕੇ ਇਸ ਸਾਹੁ-ਸੁਹਾਗਣ ਨੂੰ ਤਾਰ ਦਿੱਤਾ। ਗੋਬਿੰਦ ਦਾਸ ਦੇ ਪਰਿਆਵਾਂ ਵਿਚ ਜ਼ਿਕਰ ਹੈ ਕਿ ਗੁਰੂ ਨਾਨਕ ਨੇ ''ਜੀਉ ਤਪਤ ਹੈ ਬਾਰੋ ਬਾਰ'' ਇਹ ਸ਼ਬਦ ਉਚਾਰ ਕੇ ਪਿੰਗਲੇ ਕੁਸ਼ਟੀ ਨੂੰ ਰਾਜ਼ੀ ਕੀਤਾ ਸੀ ਤੇ ਇਸ ਸਾਹੁ-ਸੁਹਾਗਣ ਨੂੰ ਤਾਰਿਆ ਸੀ। ਗੁਰਵਾਕ ਚਾਨਣ (ਭਾਗ-2) ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਇਹ ਸ਼ਬਦ ਭੀ ਇਸ ਪ੍ਰਥਾਏ ਉਚਾਰਣ ਕੀਤਾ ਸੀ :

**ਤਿਲੰਗ ਮਹਲਾ ੧ ਘਰੁ ੩ ੧ੴ ਸਤਿਗੁਰ ਪ੍ਰਸਾਦਿ ॥ ਇਹੁ ਤਨੁ ਮਾਇਆ ਪਾਹਿਆ ਪਿਆਰੇ ਲੀਤੜਾ ਲਬਿ ਰੰਗਾਏ ॥ ਮੇਰੈ ਕੰਤ ਨ ਭਾਵੈ ਚੋਲੜਾ ਪਿਆਰੇ ਕਿਉ ਧਨ ਸੇਜੈ ਜਾਏ ॥ ੧ ॥ ਹੰਉ ਕੁਰਬਾਨੈ ਜਾਉ ਮਿਹਰਵਾਨਾ ਹੰਉ ਕੁਰਬਾਨੈ ਜਾਉ ॥ ਹੰਉ ਕੁਰਬਾਨੈ ਜਾਉ ਤਿਨਾ ਕੈ ਲੈਨਿ ਜੋ ਤੇਰਾ ਨਾਉ ॥ ਲੈਨਿ ਜੋ ਤੇਰਾ ਨਾਉ ਤਿਨਾ ਕੈ ਹੰਉ ਸਦ ਕੁਰਬਾਨੈ ਜਾਉ ॥ ੧ ॥ ਰਹਾਉ ॥ ਕਾਇਆ ਰੰਙਣਿ ਜੇ ਥੀਐ ਪਿਆਰੇ ਪਾਈਐ ਨਾਉ ਮਜੀਠ ॥ ਰੰਙਣ ਵਾਲਾ ਜੇ ਰੰਙੈ ਸਾਹਿਬੁ ਐਸਾ ਰੰਗੁ ਨ ਡੀਠ ॥ ੨ ॥ ਜਿਨ ਕੇ ਚੋਲੇ ਰਤੜੇ ਪਿਆਰੇ ਕੰਤੁ ਤਿਨਾ ਕੈ ਪਾਸਿ ॥ ਧੂੜਿ ਤਿਨਾ ਕੀ ਜੇ ਮਿਲੈ ਜੀ ਕਹੁ ਨਾਨਕ ਕੀ ਅਰਦਾਸਿ ॥ ੩ ॥ ਆਪੇ ਸਾਜੇ ਆਪੇ ਰੰਗੇ ਆਪੇ ਨਦਰਿ ਕਰੇਇ ॥ ਨਾਨਕ ਕਾਮਣਿ ਕੰਤੈ ਭਾਵੈ ਆਪੇ ਹੀ ਰਾਵੇਇ ॥ ੪ ॥ ੧ ॥ ੩ ॥**

(ਅੰਗ ੭੨੧-੨੨)

## ਪਦ ਅਰਥ :

ਪਾਹਿਆ-ਪੱਕਾ ਰੰਗ ਚਾੜ੍ਹਨ ਲਈ ਫੱਟਕੜੀ ਜਾਂ ਲੂਣ ਸੋਡਾ ਆਦਿ ਦੀ ਦਿੱਤੀ ਪਾਣ। ਲੀਤੜਾ-ਲਿਆ। ਲਬਿ-ਲੋਭ ਵਿਚ। ਮੇਰੇ ਕੰਤ-ਮੇਰੇ ਪਤੀ (ਪ੍ਰਭੂ) ਨੂੰ। ਚੋਲੜਾ-ਚੋਲਾ, ਜੀਵਨ ਰੂਪੀ ਚੋਲੇ ਤੋਂ ਭਾਵ ਹੈ। ਕਿਉ-ਕਿਸ ਤਰ੍ਹਾਂ ?। ਧਨ-ਇਸਤਰੀ। ਸੇਜੈ-ਸੇਜ। ਜਾਏ-ਸੇਜ ਉਪਰ ਜਾਵੇ। ਜਾਉ- ਜਾਂਦਾ ਹਾਂ। ਮਿਹਰਵਾਨਾ-ਹੇ ਮਿਹਰਵਾਨ (ਪ੍ਰਭੂ !)। ਤਿਨਾ ਕੈ-ਉਨ੍ਹਾਂ ਤੋਂ। ਕਾਇਆ-ਸਰੀਰ। ਰੰਙਣਿ-ਰੰਗ ਵਾਲੀ ਮੱਟੀ। ਮਜੀਠ-ਮਜੀਠੀ ਰੰਗ ਪੱਕਾ ਹੁੰਦਾ ਹੈ। ਪਾਸਿ-ਕੋਲ। ਸਾਜੇ-ਸਵਾਰਦਾ ਸ਼ਿੰਗਾਰਦਾ। ਕਰੇਇ-ਕਰਦਾ ਹੈ। ਕਾਮਣਿ-ਇਸਤਰੀ। ਰਾਵੇਇ-ਭੋਗਦਾ, ਅੰਗੀਕਾਰ ਕਰਦਾ ਹੈ।

## ਅਰਥ :

ਹੇ ਪਿਆਰੇ ! ਇਸ ਸਰੀਰ ਨੂੰ ਮਾਇਆ (ਮੋਹ ਦੀ) ਪਾਹ ਲੱਗੀ ਹੋਈ ਹੈ (ਜਿਵੇਂ ਕਿ ਇਸ ਨੂੰ) ਲੋਭ ਵਿਚ ਰੰਗ ਲਿਆ ਹੋਵੇ। ਮੇਰੇ ਪਤੀ (ਪ੍ਰਮਾਤਮਾ) ਨੂੰ (ਮਾਇਆ ਦੇ ਪਾਹ ਤੇ ਲੋਭ ਦੇ ਰੰਗ ਵਾਲਾ) ਜੀਵਨ

ਰੂਪ ਚੋਲਾ ਚੰਗਾ ਨਹੀਂ ਲੱਗਦਾ, (ਇਸ ਲਈ ਜੀਵ)-ਇਸਤਰੀ ਕਿਸ ਤਰ੍ਹਾਂ (ਪ੍ਰਭੂ ਪਤੀ ਦੀ) ਸੇਜਾ ਉੱਤੇ ਪਹੁੰਚੇ ? ੧। ਮੈਂ ਤੇਰੇ ਤੋਂ ਕੁਰਬਾਨ (ਅਤੇ) ਸਦਕੇ ਜਾਂਦਾ ਹਾਂ। (ਭਾਵ ਵਾਰ ਵਾਰ ਕੁਰਬਾਨ ਜਾਂਦਾ ਹਾਂ। ਮੈਂ ਉਹਨਾਂ ਤੋਂ ਕੁਰਬਾਨ ਜਾਂਦਾ ਹਾਂ, ਜੋ ਤੇਰਾ ਨਾਮ ਜੱਪਦੇ ਹਨ। ਜੋ (ਰਸਨਾ) ਦੁਆਰਾ ਤੇਰਾ ਨਾਮ ਲੈਂਦੇ ਹਨ, ਮੈਂ ਉਹਨਾਂ ਤੋਂ ਸਦਾ ਹੀ ਕੁਰਬਾਨ ਜਾਂਦਾ ਹਾਂ।੧।ਰਹਾਉ। ਹੇ ਪਿਆਰੇ ! ਜੇ ਸਰੀਰ ਨੂੰ ਰੰਗ ਵਾਲੀ ਮੱਟੀ ਬਣਾ ਲਈਏ, (ਇਸ ਸਰੀਰ ਰੂਪੀ ਮੱਟੀ ਵਿਚ ਪ੍ਰਭੂ ਦਾ) ਨਾਮ ਰੂਪ ਮਜੀਠੀ ਰੰਗ ਪਾ ਲਈਏ (ਫਿਰ ਇਸ ਜੀਵਨ ਰੂਪ ਚੋਲੇ ਨੂੰ) ਰੰਗਣ ਵਾਲਾ ਮਾਲਕ ਜੇ (ਨਾਮ ਵਿਚ) ਰੰਗ ਦੇਵੇ (ਤਾਂ ਐਸਾ ਅਸਚਰਜ) ਮਜੀਠੀ ਰੰਗ (ਚੜ੍ਹੇਗਾ ਜੋ ਕਦੇ ਕਿਸੇ ਨੇ ਵੇਖਿਆ ਨ ਹੋਵੇ। ੨। ਜਿਨ੍ਹਾਂ (ਜੀਵ-ਇਸਤਰੀਆਂ ਦੇ ਜੀਵਨ) ਚੋਲੇ (ਨਾਮ ਰੰਗ ਨਾਲ) ਰੰਗੇ ਹੋਏ ਹਨ, ਪਤੀ (ਪ੍ਰਮਾਤਮਾ) ਉਨ੍ਹਾਂ ਦੇ ਕੋਲ ਹੀ ਵੱਸਦਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਸਾਡੀ ਇਹ ਅਰਦਾਸ (ਬੇਨਤੀ ਹੈ ਪ੍ਰਭੂ ਅਗੇ ਕਿ ਰੰਗ ਰਤੜੇ ਨਾਮ ਰਸੀਆਂ ਦੀ) ਇਸ ਜੀਵ ਨੂੰ (ਚਰਨ) ਧੂੜੀ ਜੇ ਮਿਲ ਜਾਵੇ (ਤਾਂ ਇਸ ਦਾ ਜੀਵਨ ਸਫਲਾ ਹੋ ਜਾਵੇਗਾ)। ੩। (ਉਹ ਪ੍ਰਭੂ !) ਆਪ ਹੀ (ਜੀਵ-ਇਸਤਰੀ ਨੂੰ ਸੰਵਾਰਦਾ, ਸ਼ਿੰਗਾਰਦਾ ਤੇ ਰੰਗਦਾ ਹੈ (ਤੇ) ਆਪ ਹੀ ਮਿਹਰ ਦੀ ਨਜ਼ਰ ਕਰਦਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਜੋ ਜੀਵ-ਇਸਤਰੀ (ਆਪਣੇ) ਪਤੀ ਨੂੰ ਪਿਆਰੀ ਲੱਗਦੀ ਹੈ, (ਤਾਂ) ਆਪ ਹੀ (ਪ੍ਰਭੂ ਪਤੀ) ਉਸ ਨੂੰ ਅੰਗੀਕਾਰ ਕਰਦਾ ਹੈ, (ਭਾਵ ਉਸ ਨੂੰ ਆਪਣੀ ਅਭੇਦਤਾ ਦਾ ਅਨੰਦ ਬਖ਼ਸ਼ ਦਿੰਦਾ ਹੈ। ੪। ੧। ੩।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧੨੩ (ਅੰਗ ੭੨੩-੨੪)

## ਤਿਲੰਗ ਘਰੁ ੨ ਮਹਲਾ ੫ ॥

ਤੁਧੁ ਬਿਨੁ ਦੂਜਾ ਨਾਹੀ ਕੋਇ ॥ ਤੂ ਕਰਤਾਰੁ ਕਰਹਿ ਸੋ ਹੋਇ ॥ ਤੇਰਾ ਜੋਰੁ ਤੇਰੀ ਮਨਿ ਟੇਕ ॥ ਸਦਾ ਸਦਾ ਜਪਿ ਨਾਨਕ ਏਕ ॥ ੧ ॥ ਸਭ ਊਪਰਿ ਪਾਰਬ੍ਰਹਮੁ ਦਾਤਾਰੁ ॥ ਤੇਰੀ ਟੇਕ ਤੇਰਾ ਆਧਾਰੁ ॥ ਰਹਾਉ ॥ ਹੈ ਤੂਹੈ ਤੂ ਹੋਵਨਹਾਰ ॥ ਅਗਮ ਅਗਾਧਿ ਊਚ ਆਪਾਰ ॥ ਜੋ ਤੁਧੁ ਸੇਵਹਿ ਤਿਨ ਭਉ ਦੁਖੁ ਨਾਹਿ ॥ ਗੁਰ ਪਰਸਾਦਿ ਨਾਨਕ ਗੁਣ ਗਾਹਿ ॥ ੨ ॥ ਜੋ ਦੀਸੈ ਸੋ ਤੇਰਾ ਰੂਪੁ ॥ ਗੁਣ ਨਿਧਾਨ ਗੋਵਿੰਦ ਅਨੂਪ ॥ ਸਿਮਰਿ ਸਿਮਰਿ ਸਿਮਰਿ ਜਨ ਸੋਇ ॥ ਨਾਨਕ ਕਰਮਿ ਪਰਾਪਤਿ ਹੋਇ ॥ ੩ ॥ ਜਿਨਿ ਜਪਿਆ ਤਿਸ ਕਉ ਬਲਿਹਾਰ ॥ ਤਿਸ ਕੈ ਸੰਗਿ ਤਰੈ ਸੰਸਾਰ ॥ ਕਹੁ ਨਾਨਕ ਪ੍ਰਭ ਲੋਚਾ ਪੂਰਿ ॥ ਸੰਤ ਜਨਾ ਕੀ ਬਾਛਉ ਧੂਰਿ ॥ ੪ ॥ ੨ ॥

## ਪ੍ਰਾਕ੍ਥਨ :-

ਇਹ ਸ਼ਬਦ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਤਿਲੰਗ ਰਾਗੁ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਦੇ ਆਰੰਭ ਅੰਦਰ ਪ੍ਰਭੂ ਦੇ ਸਨਮੁੱਖ ਬੇਨਤੀ ਕਰਨ ਦੀ ਜਾਚ ਸਿਖਾਈ ਹੈ ਕਿ ਹੇ ਪ੍ਰਭੂ ! ਤੈਥੋਂ ਬਿਨਾਂ ਹੋਰ ਕੋਈ ਕੁਝ ਵੀ ਕਰਨ ਨੂੰ ਸਮੱਰਥ ਨਹੀਂ ਹੈ ਅਤੇ ਤੈਥੋਂ ਬਿਨਾਂ ਸਾਡਾ ਹੋਰ ਕੋਈ ਰੱਖਿਅਕ ਨਹੀਂ ਹੈ।

## ਵਿਸ਼ਾ — ਕਰਹਿ ਸੋ ਹੋਇ

ਅਕਾਲ ਪੁਰਖ ਸਰਬ ਕਲਾ ਸਮਰੱਥ ਹੈ, ਜੋ ਚਾਹੇ ਇਕ ਖਿਨ ਵਿਚ ਕਰ ਦਿੰਦਾ ਹੈ। ਇਕ ਛਿਨ ਵਿਚ ਸ੍ਰਿਸ਼ਟੀ ਨੂੰ ਉਤਪਤ ਕਰਕੇ ਲੈਤਾ ਕਰਨ ਨੂੰ ਵੀ ਸਮੱਰਥ ਹੈ।

***ਕਰਣ ਕਾਰਣ ਸਮਰਥ ਪ੍ਰਭੁ ਜੋ ਕਰੇ ਸੁ ਹੋਈ॥***
***ਖਿਨ ਮਹਿ ਥਾਪ ਉਥਾਪਦਾ ਤਿਸੁ ਬਿਨੁ ਨਹੀ ਕੋਈ॥***

(ਅੰਗ ੭੦੬)

ਉਸ ਪ੍ਰਭੂ ਜੀ ਦੀ ਸਮੱਰਥਾ ਦਾ ਜ਼ਿਕਰ ਕਰਦਿਆਂ ਪੰਚਮ ਗੁਰਦੇਵ ਨੇ ਮਾਰੂ ਸੋਲਹੇ ਅੰਦਰ ਕਥਨ ਕੀਤਾ ਹੈ ਕਿ ਜਿਸ ਪ੍ਰਭੂ ਨੇ ਆਪਣੀ ਸ਼ਕਤੀ ਨਾਲ ਧਰਤੀ ਆਦਿ ਤੱਤ ਪੈਦਾ ਕਰਕੇ, ਪ੍ਰਿਥਵੀ ਜਲ ਵਿਚ ਅਤੇ ਅਕਾਸ਼ ਆਪਣੇ ਹੁਕਮ ਵਿਚ ਤਾਣ ਰੱਖਿਆ ਹੈ ਤੇ ਅਗਨੀ ਕਾਸ਼ਟ ਵਿਚ ਬੰਨ੍ਹ ਰੱਖੀ ਹੈ, ਉਹ ਸਮੱਰਥ ਖਿਨ ਵਿਚ ਪੈਦਾ ਕਰਕੇ ਨਾਸ਼ ਕਰਨ ਵਾਲਾ ਪ੍ਰਭੂ, ਬਾਦਸ਼ਾਹ ਨੂੰ ਭਿਖਾਰੀ ਤੇ ਗ਼ਰੀਬਾਂ ਨੂੰ ਬਾਦਸ਼ਾਹ ਕਰਨ ਵਾਲਾ ਹੀ ਸਾਡਾ ਸਹਾਇਕ ਤੇ ਰੱਖਿਆ ਕਰਨ ਵਾਲਾ ਹੈ :

***ਕਲਾ ਉਪਾਇ ਧਰੀ ਜਿਨਿ ਧਰਣਾ ॥ ਗਗਨੁ ਰਹਾਇਆ ਹੁਕਮੇ ਚਰਣਾ ॥***
***ਅਗਨਿ ਉਪਾਇ ਈਧਨ ਮਹਿ ਬਾਧੀ ਸੋ ਪ੍ਰਭੁ ਰਾਖੈ ਭਾਈ ਹੇ ॥ ੧ ॥***
***ਜੀਅ ਜੰਤ ਕਉ ਰਿਜਕੁ ਸੰਬਾਹੇ ॥ ਕਰਣ ਕਾਰਣ ਸਮਰਥ ਆਪਾਹੇ ॥***
***ਖਿਨ ਮਹਿ ਥਾਪਿ ਉਥਾਪਨਹਾਰਾ ਸੋਈ ਤੇਰਾ ਸਹਾਈ ਹੇ ॥ ੨ ॥ ......***
***ਸੁਲਤਾਨ ਖਾਨ ਕਰੇ ਖਿਨ ਕੀਰੇ ॥ ਗਰੀਬ ਨਿਵਾਜਿ ਕਰੇ ਪ੍ਰਭੁ ਮੀਰੇ ॥***
***ਗਰਬ ਨਿਵਾਰਣ ਸਰਬ ਸਧਾਰਣ ਕਿਛੁ ਕੀਮਤਿ ਕਹੀ ਨ ਜਾਈ ਹੇ ॥ ੪ ॥....***
***ਭਗਤ ਜਨਾ ਕਾ ਪ੍ਰੀਤਮੁ ਪਿਆਰਾ ॥ ਸਭੈ ਉਧਾਰਣੁ ਖਸਮੁ ਹਮਾਰਾ ॥***
***ਸਿਮਰਿ ਨਾਮੁ ਪੁੰਨੀ ਸਭ ਇਛਾ ਜਨ ਨਾਨਕ ਪੈਜ ਰਖਾਈ ਹੇ ॥ ੧੬ ॥ ੧ ॥***

(ਅੰਗ ੧੦੭੧)

ਮਨੁੱਖਾ ਜਨਮ ਸਾਰੀਆਂ ਜੂਨਾਂ ਤੋਂ ਉੱਤਮ ਹੈ। ਇਸ ਜਨਮ ਵਿਚ ਪ੍ਰਭੂ ਨੇ ਕੁਝ ਕੁ ਮਨੁੱਖਾਂ ਨੂੰ ਕਰਮ ਕਰਨ ਦੀ ਸੁਤੰਤਰਤਾ ਬਖ਼ਸ਼ੀ ਹੈ ਪਰ ਪੂਰਨ ਸੁਤੰਤਰਤਾ ਨਹੀਂ, ਭਾਵ ਜੋ ਚਾਹੇ ਮਨੁੱਖ ਓਹੀ ਕੁਝ ਕਰਨ

ਨੂੰ ਸਮੱਰਥ ਨਹੀਂ। ਮਨੁੱਖ ਜੋ ਚਾਹੇ ਕਰਮ ਕਰਦਾ ਹੈ, ਪਰ ਸਫਲਤਾ ਪ੍ਰਭੂ ਦੇ ਹੱਥ ਵੱਸ ਹੈ। ਇਸ ਕਰਕੇ ਪ੍ਰਭੂ ਦੇ ਪਿਆਰੇ ਹਰ ਇਕ ਕਰਮ ਕਰਨ ਸਮੇਂ, ਉਸ ਕੰਮ ਦੀ ਸਫਲਤਾ ਵਾਸਤੇ ਪ੍ਰਭੂ ਅੱਗੇ ਅਰਦਾਸ ਕਰਦੇ ਹਨ :

*ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ॥*
*ਕਾਰਜ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ॥*

(ਅੰਗ ੯੧)

ਜੋ ਪ੍ਰਭੂ ਹਰ ਕਾਰਜ ਕਰਨ ਨੂੰ ਸਮਰੱਥ ਹੈ, ਸੇਵਕ ਦੁਖ-ਕਾਲ ਵਿਚ ਵੀ ਦੁੱਖਾਂ ਤੋਂ ਰੱਖਿਆ ਕਰਨ ਵਾਲਾ ਉਸ ਨੂੰ ਸਮਝ ਕੇ ਉਸ ਪ੍ਰਭੂ ਅੱਗੇ ਹੀ ਬੇਨਤੀਆਂ ਕਰਦੇ ਹਨ :

*ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ*

(ਅੰਗ ੧੩੪)

ਹੇ ਪ੍ਰਭੂ ! ਤੈਥੋਂ ਬਿਨਾਂ ਸਾਡੀ ਕੋਈ ਰੱਖਿਆ ਕਰਨ ਵਾਲਾ ਨਹੀਂ ਹੈ। ਤੂੰ ਕਰਤਾਰ ਸਮੱਰਥ ਹੈਂ, ਜੋ ਤੂੰ ਚਾਹੇ ਉਹੀ ਕਰਦਾ ਹੈਂ ਅਤੇ ਸਾਰਾ ਕੁਝ ਕਰਨ ਨੂੰ ਸਮੱਰਥ ਵੀ ਹੈਂ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਸ ਦੀ ਸਮੱਰਥਾ ਇਸ ਤਰ੍ਹਾਂ ਕਥਨ ਕੀਤੀ ਹੈ :

*ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ॥*
*ਘਾਹੁ ਖਾਨਿ ਤਿਨਾ ਮਾਸੁ ਖਵਾਲੇ ਏਹਿ ਚਲਾਏ ਰਾਹ॥*
*ਨਦੀਆ ਵਿਚਿ ਟਿਬੇ ਦੇਖਾਲੇ ਥਲੀ ਕਰੇ ਅਸਗਾਹ॥*
*ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ॥*
*ਜੇਤੇ ਜੀਅ ਜੀਵਹਿ ਲੈ ਸਾਹਾ ਜੀਵਾਲੇ ਤਾ ਕਿ ਅਸਾਹ॥*
*ਨਾਨਕ ਜਿਉ ਜਿਉ ਸਚੇ ਭਾਵੈ ਤਿਉ ਤਿਉ ਦੇਇ ਗਿਰਾਹ॥*

(ਅੰਗ ੧੪੪)

ਅਥਵਾ :

*ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ॥*
*ਦਰਿ ਮੰਗਨਿ ਭਿਖ ਨ ਪਾਇਦਾ॥*

(ਅੰਗ ੪੭੨)

ਅਥਵਾ :

*ਖਿਨ ਮਹਿ ਥਾਪਿ ਉਥਾਪਨਹਾਰਾ ਕੀਮਤਿ ਜਾਇ ਨ ਕਰੀ॥*
*ਰਾਜਾ ਰੰਕੁ ਕਰੈ ਖਿਨ ਭੀਤਰਿ ਨੀਚਹ ਜੋਤਿ ਧਰੀ॥ ੧॥*

(ਅੰਗ ੪੯੯)

ਅਥਵਾ :

***ਛਿਨ ਮਹਿ ਰਾਉ ਰੰਕੁ ਕਉ ਕਰਈ ਰਾਉ ਰੰਕ ਕਰਿ ਡਾਰੇ॥***
***ਰੀਤੇ ਭਰੇ ਭਰੇ ਸਖਨਾਵੈ ਯਹ ਤਾ ਕੌ ਬਿਵਹਾਰੇ॥ ੧॥***

(ਅੰਗ ੫੩੭)

## ਸਾਖੀ—ਮੇਰਾ ਕੀਆ ਕਛੂ ਨ ਹੋਇ

ਭਗਤ ਨਾਮ ਦੇਵ ਜੀ ਇਕ ਵਾਰੀ ਸਿਮਰਨ ਭਜਨ ਵਿਚ ਲਿਵਲੀਨ ਨਦੀ ਕਿਨਾਰੇ ਬੈਠੇ ਸਨ। ਤਾਂ ਉਸ ਸਮੇਂ ਇਕ ਬ੍ਰਾਹਮਣਾਂ ਦੇ ਨੌਜਵਾਨ ਲੜਕੇ ਨੂੰ ਜੋ ਮਰ ਚੁੱਕਿਆ ਸੀ, ਉਸ ਦਾ ਦਾਹ ਸੰਸਕਾਰ ਕਰਨ ਵਾਸਤੇ ਉਸ ਦੇ ਪਰਿਵਾਰ ਦੇ ਜੀਅ, ਸਾਕ ਸੰਬੰਧੀ, ਮਿੱਤਰ ਦੋਸਤ ਅਤੇ ਉਸ ਦੀ ਘਰਵਾਲੀ ਇਹ ਸਾਰੇ ਲੈ ਕੇ ਜਾ ਰਹੇ ਸਨ। ਉਸ ਸਮੇਂ ਦੇ ਰਿਵਾਜ ਅਨੁਸਾਰ ਉਸ ਲੜਕੇ ਦੀ ਘਰਵਾਲੀ ਉਸ ਨਾਲ ਸਤੀ ਹੋਣ ਵਾਸਤੇ ਚੱਲੀ ਸੀ। ਰਸਤੇ ਵਿਚ ਭਗਤ ਨਾਮ ਦੇਵ ਜੀ ਬੈਠੇ ਸਨ। ਇਕ ਔਰਤ ਨੇ ਲੜਕੇ ਦੀ ਘਰਵਾਲੀ ਨੂੰ ਕਿਹਾ ਕਿ ਹੇ ਧੀਏ ! ਉਹ ਸਾਹਮਣੇ ਪੂਰਨ ਮਹਾਂਪੁਰਖ ਭਗਤ ਨਾਮ ਦੇਵ ਜੀ ਬੈਠੇ ਹਨ। ਤੂੰ ਸਤੀ ਹੋਣਾ ਹੈ, ਇਨ੍ਹਾਂ ਨੂੰ ਮਸਤਕ ਟੇਕ ਕੇ ਅਸੀਸ ਲੈ। ਤਾਂ ਉਸ ਬੀਬੀ ਨੇ ਭਗਤ ਜੀ ਨੂੰ ਜਾ ਸ਼ਰਧਾ ਨਾਲ ਮੱਥਾ ਟੇਕਿਆ। ਭਗਤ ਜੀ ਨੇ ਸੁਭਾਵਿਕ ਕਿਹਾ ਕਿ ਬੱਚਾ ਸੁਹਾਗਵੰਤੀ ਹੋ। ਇਹ ਬਚਨ ਸੁਣ ਕੇ ਬੀਬੀ ਅਸਚਰਜ ਹੋ ਗਈ ਕਿ ਮੇਰਾ ਪਤੀ ਮਰ ਚੁੱਕਾ ਹੈ ਅਤੇ ਮੈਨੂੰ ਇਨ੍ਹਾਂ ਸੁਹਾਗਵੰਤੀ ਹੋਵਣ ਦਾ ਬਚਨ ਕਰ ਦਿੱਤਾ ਹੈ। ''ਇਕ ਸਾਧ ਬਚਨ ਅਟਲਾਧਾ'' ਦੇ ਅਨੁਸਾਰ ਪ੍ਰਭੂ ਦੀ ਐਸੀ ਨੇਤ ਵਰਤੀ ''ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ॥' ਉਹ ਲੜਕਾ ਜਿਉਂਦਾ ਹੋ ਉਠ ਬੈਠਾ। ਇਹ ਖ਼ੁਸ਼ੀ ਦੀ ਖ਼ਬਰ ਸਾਰੇ ਫੈਲ ਗਈ ਕਿ ਭਗਤ ਨਾਮ ਦੇਵ ਜੀ ਨੇ ਬ੍ਰਾਹਮਣ ਦਾ ਲੜਕਾ ਜਿਉਂਦਾ ਕਰ ਦਿੱਤਾ ਹੈ। ਇਹ ਖ਼ਬਰ ਬਾਦਸ਼ਾਹ ਤੱਕ ਪਹੁੰਚ ਗਈ ਕਿ ਨਾਮ ਦੇਵ ਨੇ ਮਰਿਆ ਲੜਕਾ ਜਿਉਂਦਾ ਕੀਤਾ ਹੈ। ਬਾਦਸ਼ਾਹ ਬੜਾ ਤੁਅੱਸਬੀ ਸੀ, ਜਿਸ ਨੇ ਭਗਤ ਕਬੀਰ ਜੀ ਨੂੰ ਜ਼ੰਜੀਰਾਂ ਵਿਚ ਬੰਨ੍ਹ ਕੇ ਗੰਗਾ ਵਿਚ ਡੋਬਣ ਦੇ ਤੇ ਹੋਰ ਤਸੀਹੇ ਦੇ ਕੇ ਮਾਰਨ ਦੇ ਜਤਨ ਕੀਤੇ ਸਨ। ਕੁਦਰਤੀ ਬਾਦਸ਼ਾਹ ਦੀ ਇਕ ਗਊ ਮਰ ਗਈ ਤਾਂ ਬਾਦਸ਼ਾਹ ਨੇ ਉਸੇ ਵੇਲੇ ਕਿਹਾ, ਬੁਲਾਉ ਨਾਮ ਦੇਵ ਨੂੰ, ਮੇਰੀ ਮਰੀ ਗਊ ਜਿਉਂਦੀ ਕਰੇ। ਭਗਤ ਜੀ ਨੂੰ ਆਪਣੇ ਦਰਬਾਰ ਵਿਚ ਸੱਦ ਕੇ ਭਰੇ ਇਕੱਠ ਵਿਚ ਬਾਦਸ਼ਾਹ ਨੇ ਕਿਹਾ ਕਿ ਇਹ ਮੇਰੀ ਮਰੀ ਗਊ ਜਿਉਂਦੀ ਕਰ। ਭਗਤ ਜੀ ਨੇ ਕਿਹਾ ਬਾਦਸ਼ਾਹ ! ਐਸਾ ਕਿਵੇਂ ਹੋ ਸਕਦਾ ਹੈ ? ਕਦੇ ਕੋਈ ਮਰਿਆ ਜੀਅ ਜਿਉਂਦਾ ਹੋਇਆ ਹੈ ? ਭਗਤ ਜੀ ਦਾ ਆਪਣੀ ਬਾਣੀ ਅੰਦਰ ਬਚਨ ਆਇਆ ਹੈ :

***ਬਾਦਿਸਾਹ ਐਸੀ ਕਿਉ ਹੋਇ॥ ਬਿਸਮਿਲਿ ਕੀਆ ਨ ਜੀਵੈ ਕੋਇ॥***

(ਅੰਗ ੧੧੬੫)

ਇਹ ਸੁਣ ਕੇ ਬਾਦਸ਼ਾਹ ਕਹਿੰਦਾ ਹੈ ਕਿ ਬ੍ਰਾਹਮਣਾਂ ਦਾ ਲੜਕਾ ਕਿਸ ਤਰ੍ਹਾਂ ਜਿਉਂਦਾ ਕਰ ਦਿੱਤਾ ਸੀ ? ਜਾਂ ਤਾਂ ਮੇਰੀ ਗਊ ਜਿਉਂਦੀ ਕਰ ਨਹੀਂ ਤਾਂ ਫਿਰ ਮੁਸਲਮਾਨ ਹੋਣ ਲਈ ਤਿਆਰ ਹੋ ਜਾ। ਇਕ ਕੰਮ

ਕਰ, ਜਾਂ ਗਊ ਜਿਉਂਦੀ ਕਰ ਦੇ ਨਹੀਂ ਤਾਂ ਮੁਸਲਮਾਨ ਬਣ ਜਾਂ ਫਿਰ ਮਰਨ ਵਾਸਤੇ ਤਿਆਰ ਹੋ ਜਾ। ਨਾਮਦੇਵ ਜੀ ਕਹਿੰਦੇ ਹਨ, ਬਾਦਸ਼ਾਹ ! ਮੈਨੂੰ ਮਰਨ ਦਾ ਕੋਈ ਡਰ ਨਹੀਂ ਹੈ, ਪਰ ਮੈਂ ਬ੍ਰਾਹਮਣਾਂ ਦਾ ਲੜਕਾ ਜਿਉਂਦਾ ਨਹੀਂ ਕੀਤਾ। ਜਿਉਂਦਾ ਕਰਨ ਵਾਲਾ ਵਿਆਪਕ ਰਾਮ ਹੈ। ਮਾਰਨਾ ਜਿਵਾਲਨਾ ਉਸ ਰਾਮ ਦੇ ਹੱਥ ਵੱਸ ਹੈ। ਬਾਦਸ਼ਾਹ ਨੇ ਕਿਹਾ ਸਾਢੇ ਸੱਤ ਘੜੀਆਂ ਦਾ ਸਮਾਂ ਤੈਨੂੰ ਦਿੱਤਾ ਹੈ, ਭਾਵੇਂ ਤੂੰ ਗਊ ਜਿਉਂਦੀ ਕਰ, ਚਾਹੇ ਤੂੰ ਆਪਣੇ ਰਾਮ ਪਾਸੋਂ ਜਿਉਂਦੀ ਕਰਾ। ਨਹੀਂ ਤਾਂ ਇਹ ਫੌਲਾਦੀ ਤਲਵਾਰ ਦੇਖ ਲੈ, ਇਸ ਨਾਲ ਤੈਨੂੰ ਕਤਲ ਕਰ ਦਿੱਤਾ ਜਾਵੇਗਾ। ਪਹਿਰੇਦਾਰ ਨੇ ਅਵਾਜ਼ ਦਿੱਤੀ ਕਿ ਸੱਤ ਘੜੀਆਂ ਬੀਤ ਗਈਆਂ ਹਨ, ਬੱਸ ਬਾਕੀ ਅੱਧੀ ਘੜੀ ਰਹਿ ਗਈ ਹੈ ਤਾਂ ਨਾਮ ਦੇਵ ਕਹਿਣ ਲੱਗੇ :

***ਅਜਹੁ ਨ ਆਇਓ ਤ੍ਰਿਭਵਣ ਧਣੀ॥***

(ਅੰਗ ੧੧੬੬)

ਉਸ ਸਮੇਂ ਭਗਤ ਜੀ ਦੀ ਮਾਂ ਰੋਂਦੀ ਹੋਈ ਆਈ ਤੇ ਕਹਿਣ ਲੱਗੀ ਪੁੱਤਰ ਕੀ ਗੱਲ ਹੈ ? ਰਾਮ ਕਹਿਣਾ ਛੱਡ ਦੇ ਤੇ ਤੂੰ ਮੂੰਹ ਤੋਂ ਖ਼ੁਦਾ ਖ਼ੁਦਾ ਕਹਿ ਦੇ, ਤੇਰੀ ਜਾਨ ਬਚ ਜਾਏਗੀ ਭਾਵ ਮੁਸਲਮਾਨ ਬਣ ਜਾਂ ਤਾਂ ਕੀ ਹੈ।

***ਰੁਦਨੁ ਕਰੈ ਨਾਮੇ ਕੀ ਮਾਇ॥ ਛੋਡਿ ਰਾਮੁ ਕੀ ਨ ਭਜਹਿ ਖੁਦਾਇ॥***

(ਅੰਗ ੧੧੬੫)

ਪਰ ਨਾਮਦੇਵ ਜੀ ਕਹਿਣ ਲੱਗੇ, ਤੂੰ ਮੈਨੂੰ ਧਰਮ ਤੋਂ ਬੇਮੁਖ ਕਰਦੀ ਹੈਂ, ਇਸ ਲਈ ਤੂੰ ਮੇਰੀ ਮਾਂ ਹੀ ਨਹੀਂ ਹੈਂ, ਮੈਂ ਧਰਮ ਨਹੀਂ ਛੱਡਾਂਗਾ।

***ਨ ਹਉ ਤੇਰਾ ਪੂੰਗੜਾ ਨ ਤੂ ਮੇਰੀ ਮਾਇ॥ ਪਿੰਡੁ ਪੜੈ ਤਉ ਹਰਿ ਗੁਨ ਗਾਇ॥***

(ਅੰਗ ੧੧੬੫)

ਨਾਮਦੇਵ ਦਾ ਆਪਣੇ ਰਾਮ ਪ੍ਰਭੂ 'ਤੇ ਪੂਰਨ ਭਰੋਸਾ ਸੀ। ਬੱਸ ਉਸ ਸਮੇਂ ਭਗਵਾਨ ਪ੍ਰਗਟ ਹੋ ਆਏ ਤੇ ਨਾਮਦੇਵ ਨੂੰ ਕਹਿਣ ਲੱਗੇ ਕਿ ਦੱਸ ਨਾਮਦੇਵ ਧਰਤੀ ਟੇਡੀ ਕਰਕੇ ਸਾਰਿਆਂ ਨੂੰ ਸਮੁੰਦਰ ਵਿਚ ਸੁੱਟ ਦਿਆਂ। ਜੇ ਕਹੇਂ ਤਾਂ ਧਰਤੀ ਬਾਦਸ਼ਾਹ ਦੇ ਸਿਰ ਉੱਪਰ ਰੱਖ ਦਿੰਦਾ ਹਾਂ। ਜਿਸ ਦਾ ਜ਼ਿਕਰ ਭਗਤ ਜੀ ਨੇ ਆਪਣੀ ਬਾਣੀ ਵਿਚ ਇਸ ਤਰ੍ਹਾਂ ਕੀਤਾ ਹੈ :

***ਪਾਖੰਤਣ ਬਾਜ ਬਜਾਇਲਾ॥ ਗਰੁੜ ਚੜ੍ਹੇ ਗੋਬਿੰਦ ਆਇਲਾ॥ ੧੫॥...***
***ਕਹਹਿ ਤ ਧਰਣਿ ਇਕੋਡੀ ਕਰਉ॥ ਕਹਹਿ ਤ ਲੇਕਰਿ ਊਪਰਿ ਧਰਉ॥੧੭॥***

(ਅੰਗ ੧੧੬੬)

ਭਗਤ ਜੀ ਕਹਿੰਦੇ ਹਨ ਕਿ ਭਗਵਾਨ ਜੀ ! ਮਰੀ ਗਊ ਹੀ ਜਿਉਂਦੀ ਕਰ ਦਿਉ, ਕਿਉਂਕਿ ਮਰਨਾ ਜਿਵਾਲਨਾ ਤੇਰੇ ਹੱਥ ਹੈ। ਬੱਸ ਉਸ ਸਮੇਂ ਗਊ ਜਿਉਂਦੀ ਹੋ ਆਈ ਤਾਂ ਬਾਦਸ਼ਾਹ ਇਹ ਦੇਖ ਕੇ ਨਾਮਦੇਵ ਦੇ ਚਰਨੀਂ ਡਿੱਗ ਪਿਆ ਤੇ ਮੁਆਫ਼ੀ ਮੰਗਣ ਲੱਗਿਆ।

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

***ਨਾਮਾ ਪ੍ਰਣਵੈ ਸੇਲ ਮਸੇਲ॥ ਗਊ ਦੁਹਾਈ ਬਛਰਾ ਮੇਲਿ॥***

(ਭੈਰਉ ਨਾਮਦੇਵ ਜੀ, ਅੰਗ ੧੧੬੬)

**ਤਿਲੰਗ ਘਰੁ ੨ ਮਹਲਾ ੫॥ ਤੁਧੁ ਬਿਨੁ ਦੂਜਾ ਨਾਹੀ ਕੋਇ॥ ਤੂ ਕਰਤਾਰੁ ਕਰਹਿ ਸੋ ਹੋਇ॥ ਤੇਰਾ ਜੋਰੁ ਤੇਰੀ ਮਨਿ ਟੇਕ॥ ਸਦਾ ਸਦਾ ਜਪਿ ਨਾਨਕ ਏਕ॥੧॥ ਸਭ ਊਪਰਿ ਪਾਰਬ੍ਰਹਮੁ ਦਾਤਾਰੁ॥ ਤੇਰੀ ਟੇਕ ਤੇਰਾ ਆਧਾਰੁ ॥ ਰਹਾਉ॥ ਹੈ ਤੂਹੈ ਤੂ ਹੋਵਨਹਾਰ॥ ਅਗਮ ਅਗਾਧਿ ਊਚ ਆਪਾਰ॥ ਜੋ ਤੁਧੁ ਸੇਵਹਿ ਤਿਨ ਭਉ ਦੁਖੁ ਨਾਹਿ॥ ਗੁਰ ਪਰਸਾਦਿ ਨਾਨਕ ਗੁਣ ਗਾਹਿ ॥੨॥ ਜੋ ਦੀਸੈ ਸੋ ਤੇਰਾ ਰੂਪੁ॥ ਗੁਣ ਨਿਧਾਨ ਗੋਵਿੰਦ ਅਨੂਪ॥ ਸਿਮਰਿ ਸਿਮਰਿ ਸਿਮਰਿ ਜਨ ਸੋਇ॥ ਨਾਨਕ ਕਰਮਿ ਪਰਾਪਤਿ ਹੋਇ॥੩॥ ਜਿਨਿ ਜਪਿਆ ਤਿਸ ਕਉ ਬਲਿਹਾਰ॥ ਤਿਸ ਕੈ ਸੰਗਿ ਤਰੈ ਸੰਸਾਰ॥ ਕਹੁ ਨਾਨਕ ਪ੍ਰਭ ਲੋਚਾ ਪੂਰਿ॥ ਸੰਤ ਜਨਾ ਕੀ ਬਾਛਉ ਧੂਰਿ॥੪॥੨॥**

(ਅੰਗ ੭੨੩-੨੪)

## ਪਦ ਅਰਥ :

ਕਰਹਿ-ਕਰਦਾ ਹੈ। ਜੋਰੁ-ਬਲ। ਆਧਾਰੁ-ਆਸਰਾ। ਹੈ-ਹੁਣ (ਵਰਤਮਾਨ ਕਾਲ ਵਿਚ) ਹੈ। ਹੋਵਨਹਾਰ-ਅਗੇ (ਭਵਿੱਖਤ ਕਾਲ ਵਿਚ) ਹੋਣ ਵਾਲਾ। ਗਾਹਿ-ਗਾਉਂਦੇ ਹਨ। ਗੁਣ ਨਿਧਾਨ-ਹੇ ਗੁਣਾਂ ਦੇ ਖ਼ਜ਼ਾਨੇ ! ਅਨੂਪ-ਹੇ ਸੁੰਦਰ ਹਰੀ। ਸੋਇ-ਉਸ ਪ੍ਰਭੂ ਨੂੰ। ਕਰਮਿ-ਮਿਹਰ, ਕਿਰਪਾ। ਜਿਨਿ-ਜਿਸ (ਮਨੁੱਖ) ਨੇ। ਲੋਚਾ-ਇੱਛਾ। ਬਾਛਉ-ਮੈਂ ਚਾਹੁੰਦਾ ਹਾਂ।

## ਅਰਥ :

(ਹੇ ਪ੍ਰਭੂ !) ਤੇਰੇ ਤੋਂ ਬਿਨਾਂ (ਹੋਰ) ਦੂਜਾ ਕੋਈ (ਕੁਝ ਕਰਨ ਵਾਲਾ) ਨਹੀਂ ਹੈ। ਤੂੰ ਕਰਤਾਰ (ਜੋ ਕੁਝ) ਕਰਦਾ ਹੈਂ ਓਹੀ (ਕੁਝ) ਹੁੰਦਾ ਹੈ। (ਹੇ ਪ੍ਰਭੂ ! ਸਭ ਵਿਚ) ਤੇਰਾ ਹੀ ਬਲ ਹੈ (ਅਤੇ ਸਭ ਦੇ) ਮਨ ਵਿਚ ਤੇਰੀ ਹੀ ਟੇਕ (ਓਟ) ਹੈ। ਨਾਨਕ (ਗੁਰੂ ਜੀ ਉਪਦੇਸ਼ ਬਖ਼ਸ਼ਦੇ ਹਨ ਕਿ) ਸਦਾ ਸਦਾ ਹੀ ਇਕ (ਪ੍ਰਮੇਸ਼ਰ) ਦਾ ਨਾਮ ਜਪਣਾ ਚਾਹੀਦਾ ਹੈ । ੧।

(ਹੇ ਭਾਈ !) ਉਹ ਪਾਰਬ੍ਰਹਮ ਦਾਤਾਰ ਹੀ ਸਭ (ਜੀਆਂ ਦੇ) ਸਿਰ ਉੱਪਰ (ਰੱਖਵਾਲਾ ਹੈ। (ਉਹ ਹੀ ਪ੍ਰਮਾਤਮਾ) ਤੇਰੀ ਟੇਕ ਹੈ (ਅਤੇ ਉਹ ਹੀ) ਤੇਰਾ ਆਸਰਾ ਹੈ। ਰਹਾਉ। (ਹੇ ਤਿੰਨਾਂ ਕਾਲਾਂ ਵਿਚ ਪੂਰਨ ਪ੍ਰਭੂ ਜੀ ! ਤੂੰ ਹੁਣ (ਵਰਤਮਾਨ ਵਿਚ) ਹੈਂ (ਅਤੇ) ਅਗੋਂ ਨੂੰ ਤੂੰ ਹੋਣ ਵਾਲਾ ਹੈਂ। ਹੇ ਅਪਾਰ (ਪ੍ਰਭੂ !) ਤੂੰ ਅਪਹੁੰਚ ਤੇ ਅਥਾਹ (ਅਤੇ ਸਾਰਿਆਂ ਤੋਂ) ਉੱਚਾ ਹੈਂ। (ਹੇ ਪ੍ਰਭੂ !) ਜੋ ਤੈਨੂੰ ਸੁਣਦੇ (ਸਿਮਰਦੇ) ਹਨ, (ਉਹਨਾਂ
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਨੂੰ ਕਿਸੇ ਪ੍ਰਕਾਰ ਦਾ) ਡਰ ਦੁੱਖ (ਆਦਿ) ਨਹੀਂ (ਲੱਗ ਸਕਦਾ)। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਸੇਵਕ) ਗੁਰੂ ਦੀ ਕਿਰਪਾ ਨਾਲ (ਤੇਰੇ) ਗੁਣ ਗਾਉਂਦੇ ਹਨ। ੨।

(ਹੇ ਪ੍ਰਭੂ ! ਤੇਰੇ ਸੇਵਕਾਂ ਨੂੰ) ਜੋ (ਕੁਝ) ਦਿੱਸਦਾ ਹੈ, ਉਹ ਸਾਰਾ ਤੇਰਾ ਹੀ ਰੂਪ ਹੈ। ਹੇ ਗੁਣਾਂ ਦੇ ਖ਼ਜ਼ਾਨੇ ! ਹੇ ਗੋਵਿੰਦ (ਪ੍ਰਭੂ ਜੀ ! ਤੂੰ) ਸੁੰਦਰ ਸਰੂਪ ਹੈਂ। ਹੇ (ਹਰੀ ਦੇ) ਜਨ ! (ਤੂੰ ਉਸ ਸੁੰਦਰ ਸਰੂਪ ਨੂੰ) ਹਰ ਵੇਲੇ (ਮਨ ਬਾਣੀ ਸਰੀਰ ਕਰਕੇ ਸਦਾ ਹੀ) ਸਿਮਰਦਾ ਰਹੁ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਸਿਮਰਨ ਪ੍ਰਭੂ ਦੀ) ਕਿਰਪਾ ਨਾਲ ਹੀ ਪ੍ਰਾਪਤ ਹੁੰਦਾ ਹੈ। ੩। ਹੇ ਭਾਈ !) ਜਿਸ (ਮਨੁੱਖ) ਨੇ ਪ੍ਰਭੂ ਦਾ ਨਾਮ ਜਪਿਆ ਹੈ, ਮੈਂ ਉਸ ਤੋਂ ਸਦਕੇ ਜਾਂਦਾ ਹਾਂ (ਕਿਉਂਕਿ) ਉਸ ਮਨੁੱਖ ਦੇ ਸੰਗ ਨਾਲ ਸਾਰਾ ਸੰਸਾਰ ਹੀ (ਭਵਜਲ ਤੋਂ) ਪਾਰ ਹੋ ਜਾਂਦਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਤੂੰ ਆਖ ਹੇ ਪ੍ਰਭੂ ! (ਮੇਰੀ) ਇੱਛਾ ਪੂਰੀ ਕਰ। ਮੈਂ ਤੇਰੇ ਪਾਸੋਂ ਸੰਤ ਜਨਾਂ ਦੇ ਚਰਨਾਂ ਦੀ ਧੂੜੀ ਮੰਗਦਾ ਹਾਂ। ੪। ੨।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧੨੪ (ਅੰਗ ੭੨੫-੨੬)

## ਤਿਲੰਗ ਮਹਲਾ ੪ ॥

ਹਰਿ ਕੀਆ ਕਥਾ ਕਹਾਣੀਆ ਗੁਰਿ ਮੀਤਿ ਸੁਣਾਈਆ॥ ਬਲਿਹਾਰੀ ਗੁਰ ਆਪਣੇ ਗੁਰ ਕਉ ਬਲਿ ਜਾਈਆ ॥ ੧ ॥ ਆਇ ਮਿਲੁ ਗੁਰਸਿਖ ਆਇ ਮਿਲੁ ਤੂ ਮੇਰੇ ਗੁਰੂ ਕੇ ਪਿਆਰੇ ॥ ਰਹਾਉ ॥ ਹਰਿ ਕੇ ਗੁਣ ਹਰਿ ਭਾਵਦੇ ਸੇ ਗੁਰੂ ਤੇ ਪਾਏ ॥ ਜਿਨ ਗੁਰ ਕਾ ਭਾਣਾ ਮੰਨਿਆ ਤਿਨ ਘੁਮਿ ਘੁਮਿ ਜਾਏ ॥ ੨ ॥ ਜਿਨ ਸਤਿਗੁਰੁ ਪਿਆਰਾ ਦੇਖਿਆ ਤਿਨ ਕਉ ਹਉ ਵਾਰੀ ॥ ਜਿਨ ਗੁਰ ਕੀ ਕੀਤੀ ਚਾਕਰੀ ਤਿਨ ਸਦ ਬਲਿਹਾਰੀ ॥ ੩ ॥ ਹਰਿ ਹਰਿ ਤੇਰਾ ਨਾਮੁ ਹੈ ਦੁਖ ਮੇਟਣਹਾਰਾ ॥ ਗੁਰ ਸੇਵਾ ਤੇ ਪਾਈਐ ਗੁਰਮੁਖਿ ਨਿਸਤਾਰਾ ॥ ੪ ॥ ਜੋ ਹਰਿ ਨਾਮੁ ਧਿਆਇਦੇ ਤੇ ਜਨ ਪਰਵਾਨਾ ॥ ਤਿਨ ਵਿਟਹੁ ਨਾਨਕੁ ਵਾਰਿਆ ਸਦਾ ਸਦਾ ਕੁਰਬਾਨਾ ॥ ੫ ॥ ਸਾ ਹਰਿ ਤੇਰੀ ਉਸਤਤਿ ਹੈ ਜੋ ਹਰਿ ਪ੍ਰਭ ਭਾਵੈ ॥ ਜੋ ਗੁਰਮੁਖਿ ਪਿਆਰਾ ਸੇਵਦੇ ਤਿਨ ਹਰਿ ਫਲੁ ਪਾਵੈ ॥ ੬ ॥ ਜਿਨਾ ਹਰਿ ਸੇਤੀ ਪਿਰਹੜੀ ਤਿਨਾ ਜੀਅ ਪ੍ਰਭ ਨਾਲੇ ॥ ਓਇ ਜਪਿ ਜਪਿ ਪਿਆਰਾ ਜੀਵਦੇ ਹਰਿ ਨਾਮੁ ਸਮਾਲੇ ॥ ੭ ॥ ਜਿਨ ਗੁਰਮੁਖਿ ਪਿਆਰਾ ਸੇਵਿਆ ਤਿਨ ਕਉ ਘੁਮਿ ਜਾਇਆ ॥ ਓਇ ਆਪਿ ਛੁਟੇ ਪਰਵਾਰ ਸਿਉ ਸਭੁ ਜਗਤੁ ਛਡਾਇਆ ॥ ੮ ॥ ਗੁਰਿ ਪਿਆਰੈ ਹਰਿ ਸੇਵਿਆ ਗੁਰੁ ਧੰਨੁ ਗੁਰੁ ਧੰਨੋ ॥ ਗੁਰਿ ਹਰਿ ਮਾਰਗੁ ਦਸਿਆ ਗੁਰ ਪੁੰਨੁ ਵਡ ਪੁੰਨੋ ॥ ੯ ॥ ਜੋ ਗੁਰਸਿਖ ਗੁਰੁ ਸੇਵਦੇ ਸੇ ਪੁੰਨ ਪਰਾਣੀ ॥ ਜਨੁ ਨਾਨਕੁ ਤਿਨ ਕਉ ਵਾਰਿਆ ਸਦਾ ਸਦਾ ਕੁਰਬਾਣੀ ॥ ੧੦ ॥ ਗੁਰਮੁਖਿ ਸਖੀ ਸਹੇਲੀਆ ਸੇ ਆਪਿ ਹਰਿ ਭਾਈਆ ॥ ਹਰਿ ਦਰਗਹ ਪੈਨਾਈਆ ਹਰਿ ਆਪਿ ਗਲਿ ਲਾਈਆ

॥੧੧॥ ਜੋ ਗੁਰਮੁਖਿ ਨਾਮੁ ਧਿਆਇਦੇ ਤਿਨ ਦਰਸਨੁ ਦੀਜੈ॥ ਹਮ ਤਿਨ ਕੇ ਚਰਣ ਪਖਾਲਦੇ ਧੂੜਿ ਘੋਲਿ ਘੋਲਿ ਪੀਜੈ॥ ੧੨ ॥ ਪਾਨ ਸੁਪਾਰੀ ਖਾਤੀਆ ਮੁਖਿ ਬੀੜੀਆ ਲਾਈਆ॥ ਹਰਿ ਹਰਿ ਕਦੇ ਨ ਚੇਤਿਓ ਜਮਿ ਪਕੜਿ ਚਲਾਈਆ॥ ੧੩ ॥ ਜਿਨ ਹਰਿ ਨਾਮਾ ਹਰਿ ਚੇਤਿਆ ਹਿਰਦੈ ਉਰਿ ਧਾਰੇ॥ ਤਿਨ ਜਮੁ ਨੇੜਿ ਨ ਆਵਈ ਗੁਰਸਿਖ ਗੁਰ ਪਿਆਰੇ॥ ੧੪ ॥ ਹਰਿ ਕਾ ਨਾਮੁ ਨਿਧਾਨੁ ਹੈ ਕੋਈ ਗੁਰਮੁਖਿ ਜਾਣੈ॥ ਨਾਨਕ ਜਿਨ ਸਤਿਗੁਰੁ ਭੇਟਿਆ ਰੰਗਿ ਰਲੀਆ ਮਾਣੈ॥੧੫ ॥ ਸਤਿਗੁਰੁ ਦਾਤਾ ਆਖੀਐ ਤੁਸਿ ਕਰੇ ਪਸਾਓ॥ ਹਉ ਗੁਰ ਵਿਟਹੁ ਸਦ ਵਾਰਿਆ ਜਿਨਿ ਦਿਤੜਾ ਨਾਓ॥੧੬॥ ਸੋ ਧੰਨੁ ਗੁਰੂ ਸਾਬਾਸਿ ਹੈ ਹਰਿ ਦੇਇ ਸਨੇਹਾ॥ ਹਉ ਵੇਖਿ ਵੇਖਿ ਗੁਰੂ ਵਿਗਸਿਆ ਗੁਰ ਸਤਿਗੁਰ ਦੇਹਾ॥੧੭॥ ਗੁਰ ਰਸਨਾ ਅੰਮ੍ਰਿਤੁ ਬੋਲਦੀ ਹਰਿ ਨਾਮਿ ਸੁਹਾਵੀ॥ ਜਿਨ ਸੁਣਿ ਸਿਖਾ ਗੁਰੁ ਮੰਨਿਆ ਤਿਨਾ ਭੁਖ ਸਭ ਜਾਵੀ ॥ ੧੮ ॥ ਹਰਿ ਕਾ ਮਾਰਗੁ ਆਖੀਐ ਕਹੁ ਕਿਤੁ ਬਿਧਿ ਜਾਈਐ॥ ਹਰਿ ਹਰਿ ਤੇਰਾ ਨਾਮੁ ਹੈ ਹਰਿ ਖਰਚੁ ਲੈ ਜਾਈਐ॥ ੧੯ ॥ ਜਿਨ ਗੁਰਮੁਖਿ ਹਰਿ ਆਰਾਧਿਆ ਸੇ ਸਾਹ ਵਡ ਦਾਣੇ॥ ਹਉ ਸਤਿਗੁਰ ਕਉ ਸਦ ਵਾਰਿਆ ਗੁਰ ਬਚਨਿ ਸਮਾਣੇ॥ ੨੦ ॥ ਤੂ ਠਾਕੁਰੁ ਤੂ ਸਾਹਿਬੋ ਤੂਹੈ ਮੇਰਾ ਮੀਰਾ॥ ਤੁਧੁ ਭਾਵੈ ਤੇਰੀ ਬੰਦਗੀ ਤੂ ਗੁਣੀ ਗਹੀਰਾ॥ ੨੧ ॥ ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ॥ ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ॥੨੨॥੨॥

# ਪ੍ਰਾਕ੍ਥਨ :-

ਇਹ ਪਾਵਨ ਸ਼ਬਦ ਗੁਰੂ ਰਾਮਦਾਸ ਜੀ ਦਾ ਤਿਲੰਗ ਰਾਗੁ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਅੰਦਰ ਸੋਢੀ ਪਾਤਸ਼ਾਹ ਜੀ ਨੇ ਹਰੀ ਪ੍ਰਭੂ ਪਰਮਾਤਮਾ ਦੀਆਂ ਕਥਾ ਕਹਾਣੀਆਂ, ਗੁਰੂ ਮਿੱਤਰ ਦੁਆਰਾ ਸੁਣਾਈਆਂ ਦੱਸੀਆਂ ਹਨ।

## ਵਿਸ਼ਾ — ਹਰਿ ਹਰਿ ਕਥਾ ਨਿਰਾਲੀ

ਕਥਾ ਦਾ ਸ਼ਾਬਦਿਕ ਅਰਥ ਹੈ ਵਰਣਨ ਜਾਂ ਵਿਆਖਿਆ। ਧਾਰਮਿਕ ਰਮਜ਼ਾਂ ਜਾਂ ਵਿਸ਼ਿਆਂ ਨੂੰ ਜੋ ਕਈ ਵਾਰ ਸੰਖਿਪਤ ਜਾਂ ਸੰਕੇਤਿਕ ਰੂਪ ਵਿਚ ਹੁੰਦੇ ਹਨ, ਉਨ੍ਹਾਂ ਨੂੰ ਸਪੱਸ਼ਟ ਕਰਨ ਲਈ ਜੋ ਬ੍ਰਿਤਾਂਤ ਦਿੱਤਾ ਜਾਂਦਾ ਹੈ, ਉਸ ਨੂੰ ਵੀ ਕਥਾ ਕਿਹਾ ਜਾਂਦਾ ਹੈ ਅਤੇ ਕਥਾ ਤੋਂ ਇਹ ਵੀ ਭਾਵ ਹੈ ਕਿ ਕਿਸੇ ਔਖੇ ਵਾਕ, ਸਲੋਕ ਸ਼ਬਦ ਆਦਿ ਨੂੰ ਸੌਖੇ ਸ਼ਬਦਾਂ ਵਿਚ ਢੁਕਵੇਂ ਪ੍ਰਮਾਣ ਦੇ ਕੇ ਅਤੇ ਰੌਚਕ ਤੇ ਸਿਧਾਂਤਕ ਸਾਖੀਆਂ ਰਾਹੀਂ ਸਮਝਾਉਣਾ। ਕਥਾ ਦੇ ਆਰੰਭ ਬਾਰੇ ਕਹਿਣਾ ਮੁਸ਼ਕਿਲ ਹੈ, ਪਰ ਭਾਈ ਗੁਰਦਾਸ ਜੀ ਨੇ ਕੁਝ ਵੈਦਿਕ ਕਾਲ ਦੀਆਂ ਉਦਾਹਰਨਾਂ ਦਿੱਤੀਆਂ ਹਨ। ਗ੍ਰੰਥਾਂ ਦੇ ਸੰਦਰਭ ਵਿਚ ਸੰਸਾਰ ਦਾ ਸਭ ਤੋਂ ਪੁਰਤਾਨ ਗ੍ਰੰਥ ਰਿਗਵੇਦ ਮੰਨਿਆ ਹੈ। ਇਸ ਤੋਂ ਬਾਅਦ ਸਾਮਵੇਦ, ਯਜੁਰਵੇਦ ਅਤੇ ਅਥਰਵਵੇਦ ਦੀ ਰਚਨਾ ਹੋਈ, ਜਿਨ੍ਹਾਂ ਬਾਰੇ ਮੰਨਿਆ ਜਾਂਦਾ ਹੈ ਕਿ ਬ੍ਰਹਮਾ ਨੇ ਇਨ੍ਹਾਂ ਦੀ ਰਚਨਾ ਕੀਤੀ। ਇਸ ਤੋਂ ਬਾਅਦ ਇਨ੍ਹਾਂ ਵੇਦਾਂ ਦੀ ਵਿਆਖਿਆ ਦੇ ਰੂਪ ਵਿਚ ਸ਼ਾਸਤ੍ਰਾਂ ਦੀ ਰਚਨਾ ਹੋਈ, ਜਿਨ੍ਹਾਂ ਦੀ ਬਿਆਸ ਰਿਸ਼ੀ ਆਦਿਕ ਰਿਸ਼ੀਆਂ ਨੇ ਵਿਆਖਿਆ ਕੀਤੀ। ਇਕ ਕਥਨ ਅਨੁਸਾਰ ਬਿਆਸ ਰਿਸ਼ੀ ਜੀ ਦੇ ਨਾਲ ਹਰ ਸਮੇਂ ੧ ਲੱਖ ਵਿਦਿਆਰਥੀ ਰਹਿੰਦੇ ਤੇ ਵੇਦਾਂ ਦੇ ਅਰਥ ਅਤੇ ਕਥਾ ਸਿਖਦੇ ਸਨ। ਪੁਰਾਤਨ ਸਮੇਂ ਤੋਂ ਹੀ ਕਥਾ ਦੀ ਪਰੰਪਰਾ ਰਹੀ ਹੈ, ਜਿਸਨੂੰ ਅਸੀਂ ਕਹਿ ਸਕਦੇ ਹਾਂ ਕਿ ਕਥਾ ਦੀ ਪ੍ਰੰਪਰਾ ਆਦਿ ਕਾਲ ਤੋਂ ਹੀ ਚਲੀ ਆ ਰਹੀ ਹੈ।

ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ :

***ਚਹੁੰ ਬੇਦਾਂ ਕੇ ਧਰਮ ਮਥਿ ਖਟਿ ਸਾਸਤ੍ਰ ਮਥਿ ਰਿਖਿ ਸੁਣਾਵੈ।***
***ਬ੍ਰਹਮਾਦਿਕ ਸਨਕਾਦਿਕ ਜਿਉ ਤਿਹਿ ਕਹਾ ਤਿਵੈ ਜਗੁ ਗਾਵੈ।***
***ਗਾਵਨਿ ਪੜਨਿ ਬਿਚਾਰਿ ਬਹੁ ਕੋਟਿ ਮਧੇ ਵਿਰਲਾ ਗਤਿ ਪਾਵੈ।***
***ਇਹਿ ਅਚਰਜੁ ਮਨ ਆਵਦੀ ਪੜਤਿ ਗੁਣਤਿ ਕਛੁ ਭੇਦੁ ਨ ਪਾਵੈ।***
***ਜੁਗ ਜੁਗ ਏਕੋ ਵਰਨ ਹੈ ਕਲਿਜੁਗਿ ਕਿਉ ਬਹੁਤੇ ਦਿਖਲਾਵੈ।***
***ਜੰਦ੍ਰੇ ਵਜੇ ਤ੍ਰਿਹੁ ਜੁਗੀ ਕਥਿ ਪੜ੍ਹਿ ਰਹੈ ਭਰਮੁ ਨਹਿ ਜਾਵੈ।***
***ਜਿਉ ਕਰਿ ਕਥਿਆ ਚਾਰਿ ਬੇਦਿ ਖਟਿ ਸਾਸਤ੍ਰਿ ਸੰਗਿ ਸਾਖਿ ਸੁਣਾਵੈ।***
***ਆਪੋ ਆਪਣੇ ਮਤਿ ਸਭਿ ਗਾਵੈ॥੮॥*** (ਵਾਰ ੧, ਪਉੜੀ ੮)

*ਗੋਤਮਿ ਤਪੇ ਬਿਚਾਰਿਕੈ ਰਿਗਿ ਵੇਦ ਕੀ ਕਥਾ ਸੁਣਾਈ।*
*ਨਿਆਇ ਸਾਸਤ੍ਰਿ ਕੌ ਮਥਿ ਕਰਿ ਸਭਿ ਬਿਧਿ ਕਰਤੇ ਹਥਿ ਜਣਾਈ।*

(ਵਾਰ ੧, ਪਉੜੀ ੯)

*ਫਿਰਿ ਜੈਮਨਿ ਰਿਖੁ ਬੋਲਿਆ ਜੁਜਰਿ ਵੇਦਿ ਮਥਿ ਕਥਾ ਸੁਣਾਵੈ।*
*ਕਰਮ ਉਤੇ ਨਿਬੜੈ ਦੇਹੀ ਮਧਿ ਕਰੇ ਸੋ ਪਾਵੈ।*

(ਵਾਰ ੧, ਪਉੜੀ ੧੦)

*ਸਿਆਮ ਵੇਦ ਕਉ ਸੋਧਿ ਕਰਿ ਮਥਿ ਵੇਦਾਂਤੁ ਬਿਆਸਿ ਸੁਣਾਇਆ।*
*ਕਥਨੀ ਬਦਨੀ ਬਾਹਰਾ ਆਪੇ ਆਪਣਾ ਬ੍ਰਹਮੁ ਜਣਾਇਆ।*

.... .... ....

*ਨਾਰਦਿਮੁਨਿ ਉਪਦੇਸਿਆ ਮਥਿ ਭਾਗਵਤ ਗੁਨਿ ਗੀਤ ਕਰਾਇਆ।*

(ਵਾਰ, ਪਉੜੀ ੧੧)

*ਕਪਲ ਰਿਖੀਸੁਰਿ ਸਾਂਖਿ ਮਥਿ ਅਥਰਵਣਿ ਵੇਦ ਕੀ ਰਿਚਾ ਸੁਣਾਈ।*

(ਵਾਰ ੧, ਪਉੜੀ ੧੨)

*ਸੇਖਨਾਗ ਪਾਤੰਜਲ ਮਥਿਆ ਗੁਰਮੁਖਿ ਸਾਸਤ੍ਰ ਨਾਗਿ ਸੁਣਾਈ।*

(ਵਾਰ ੧, ਪਉੜੀ ੧੪)

ਸੋ ਵੇਦਾਂ ਸ਼ਾਸਤਰਾਂ ਦੀ ਕਥਾ ਤੋਂ ਪਿਛੋਂ ਪੁਰਾਣਾਂ ਦੀ ਕਥਾ ਦਾ ਜ਼ਿਕਰ ਆਉਂਦਾ ਹੈ। ਇਨ੍ਹਾਂ ਪੁਰਾਣਿਕ ਕਥਾਵਾਂ ਦਾ ਜੋ ਜ਼ਿਕਰ ਕੀਤਾ ਹੈ, ਇਨ੍ਹਾਂ ਕਥਾਵਾਂ ਵਿਚੋਂ ਅਸੀਂ ਕਿਸੇ ਵੀ ਕਥਾ ਨੂੰ ਹਰੀ ਪ੍ਰਭੂ ਦੀ ਕਥਾ ਨਹੀਂ ਕਹਿ ਸਕਦੇ। ਇਹ ਦੇਵਤਿਆਂ, ਅਵਤਾਰਾਂ, ਰਾਜੇ ਮਹਾਰਾਜਿਆਂ ਦੀਆਂ ਕਥਾ ਕਹਾਣੀਆਂ ਹਨ, ਅਤੇ ਹੋਰ ਰਾਮਾਇਣ ਦੀ ਕਥਾ ਤੇ ਸ੍ਰੀ ਮਦ ਭਾਗਵਤ ਦੀ ਕਥਾ ਆਦਿ ਹਨ। ਐਸੇ ਪ੍ਰਸੰਗ ਹਨ ਕਿ ਕਦੇ ਰਾਧਕਾ ਰੁੱਸ ਗਈ, ਕਦੇ ਚੰਦ੍ਰਭਗਾਂ ਰੁੱਸ ਗਈ। ਕਦੇ ਉਨ੍ਹਾਂ ਨੂੰ ਮਨਾਉਣ ਚੱਲੇ ਗਏ, ਕਦੇ ਰੁਕਮਣੀ ਨੂੰ ਮਖ਼ੌਲ ਕਰਨ ਲੱਗ ਪਏ। ਫਿਰ ਰਾਵਣ ਨੂੰ ਸਮੇਤ ਪਰਿਵਾਰ ਮਾਰ ਕੇ ਸੀਤਾ ਵਾਪਸ ਲਿਆਂਦੀ। ਰਾਮਾਇਣ ਦੀ ਕਥਾ ਬਾਰੇ ਇਕ ਪ੍ਰੇਮੀ ਦਾ ਕਥਨ ਹੈ :

"ਰਾਮ ਰਾਮ ਰਾਵੜਾ। ਉਸਨੇ ਉਸ ਦੀ ਜ਼ੋਰੂ ਖੋਹ ਲਈ ਉਸਨੇ ਢਾਹਤਾ ਗਾਂਵੜਾ। ਪਰ ਇਹ ਗੁਰਬਾਣੀ ਦੀ ਕਥਾ ਤਾਂ ਨਿਰੋਲ ਬ੍ਰਹਮ ਦੀ ਵਿਚਾਰ ਹੈ। ਇਹ ਹਰੀ ਪ੍ਰਭੂ ਪ੍ਰਮਾਤਮਾ ਦੀ ਕਥਾ ਤਾਂ ਸਭ ਤੋਂ ਉੱਤਮ ਹੈ। ਇਸ ਦੇ ਸ੍ਰਵਨ ਕਰਨ ਨਾਲ ਜੀਵ ਦੀ ਜਨਮਾਂ ਜਨਮਾਤਰਾਂ ਦੀ ਲੱਗੀ ਹੋਈ ਪਾਪਾਂ ਦੀ ਮੈਲ ਸਭ ਲੱਥ ਜਾਂਦੀ ਹੈ।

*ਸਭ ਤੇ ਊਤਮ ਹਰਿ ਕੀ ਕਥਾ॥ ਨਾਮੁ ਸੁਨਤ ਦਰਦ ਦੁਖ ਲਥਾ॥*

(ਅੰਗ ੨੬੫)

***ਸੁਣਿ ਹਰਿ ਕਥਾ ਉਤਾਰੀ ਮੈਲੁ॥ ਮਹਾ ਪੁਨੀਤ ਭਏ ਸੁਖ ਸੈਲੁ॥***

(ਅੰਗ ੧੭੮)

***ਕਥਾ ਸੁਣਤ ਮਲੁ ਸਗਲੀ ਖੋਵੈ॥***

(ਅੰਗ ੧੦੪)

***ਹਰਿ ਹਰਿ ਕਥਾ ਸੁਨਹੁ ਇਕ ਨਿਮਖ ਪਲ ਸਭਿ ਕਿਲਵਿਖ ਪਾਪ ਲਹਿ ਜਾਨੀ॥***

(ਅੰਗ ੬੬੭)

***ਸਦ ਬਲਿਹਾਰੀ ਤਿਨਾ ਜਿ ਸੁਨਤੇ ਹਰਿ ਕਥਾ॥***

(ਅੰਗ ੭੦੯)

ਇਸੇ ਤਰ੍ਹਾਂ ਜੋ ਗੁਰੂ ਦੇ ਗੁਰਸਿੱਖ ਗੁਰੂ ਦੇ ਸ਼ਬਦ ਦੀ ਕਥਾ ਸੰਗਤਾਂ ਨੂੰ ਸੁਣਾਉਂਦੇ ਹਨ, ਉਨ੍ਹਾਂ ਗੁਰਸਿੱਖਾਂ ਨੂੰ ਕਥਾ ਕਰਨ ਕਰਕੇ ਉੱਤਮ ਕਿਹਾ ਹੈ।

ਉਨ੍ਹਾਂ ਤੋਂ ਹਜ਼ੂਰ ਸਦਕੇ ਜਾਂਦੇ ਹਨ, ਅਤੇ ਵੈਰਾਗ ਸਹਿਤ ਉਨ੍ਹਾਂ ਪਿੱਛੇ ਫਿਰਨਾ ਤੇ ਮਨ ਤਨ ਉਨ੍ਹਾਂ ਨੂੰ ਭੇਟਾ ਕਰਨਾ ਦੱਸਿਆ ਹੈ।

***ਜੋ ਪ੍ਰਭ ਕੀ ਹਰਿ ਕਥਾ ਸੁਨਾਵੈ ਅਨਦਿਨੁ ਫਿਰਉ ਤਿਸੁ ਪਿਛੈ ਵਿਰਾਗੀ॥***

(ਅੰਗ ੨੦੪)

***ਮੇਰੇ ਪ੍ਰੀਤਮ ਪ੍ਰਾਨ ਮਨੁ ਤਨੁ ਸਭੁ ਦੇਵਾ ਮੇਰੇ ਹਰਿ ਪ੍ਰਭ ਕੀ ਹਰਿ ਕਥਾ ਸੁਨਾਵੈ॥***

(ਅੰਗ ੪੯੪)

***ਹਉ ਮਨੁ ਦੇਵਉ ਤਿਸੁ ਆਪਣਾ ਮੇਰੀ ਜਿੰਦੁੜੀਏ***
***ਹਰਿ ਪ੍ਰਭਿ ਕੀ ਹਰਿ ਕਥਾ ਸੁਣਾਵੈ ਰਾਮ॥***

(ਅੰਗ ੫੩੮)

***ਨਿਤ ਨਿਤ ਸੇਵ ਕਰੀ ਹਰਿ ਜਨ ਕੀ ਜੋ ਹਰਿ ਹਰਿ ਕਥਾ ਸੁਣਾਏ॥***

(ਅੰਗ ੫੬੧)

ਪਾਵਨ ਗੁਰਬਾਣੀ ਵਿਚੋਂ ਆਏ ਪ੍ਰਮਾਣਾਂ ਅਨੁਸਾਰ ਅਤੇ ਗੁਰਇਤਿਹਾਸ ਅੰਦਰ ਆਏ ਜ਼ਿਕਰ ਅਨੁਸਾਰ ਗੁਰਬਾਣੀ ਦੀ ਕਥਾ ਵਿਆਖਿਆ ਗੁਰਬਾਣੀ ਉਚਾਰਨ ਸਮੇਂ ਨਾਲੋ ਨਾਲ ਅਤੇ ਗੁਰਸਿੱਖਾਂ ਦੁਆਰਾ ਧਰਮਸ਼ਾਲਾਵਾਂ ਵਿਚ ਸ਼ੁਰੂ ਹੋ ਗਈ ਸੀ। ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਤੋਂ ਪਿੱਛੋਂ ਤਾਂ ਗੁਰਬਾਣੀ ਦੀ ਕਥਾ ਦੀ ਪਰੰਪਰਾ ਹੀ ਚੱਲ ਪਈ ਸੀ। ਭਾਈ ਗੁਰਦਾਸ ਜੀ ਦਾ ਕਥਾ ਕਰਨ ਦਾ ਵਿਸ਼ੇਸ਼ ਜ਼ਿਕਰ ਆਉਂਦਾ ਹੈ। ਸਮੇਂ ਸਮੇਂ ਗੁਰੂ ਸਾਹਿਬ ਗੁਰਸਿੱਖਾਂ ਨੂੰ ਜੋ ਪ੍ਰਚਾਰ ਕਰਨ ਭੇਜਦੇ ਸਨ, ਵੱਖ ਵੱਖ ਇਲਾਕਿਆਂ ਵਿਚ ਉਹ ਗੁਰਸਿੱਖ ਗੁਰਬਾਣੀ ਦੀ ਵਿਚਾਰ ਕਥਾ ਦੁਆਰਾ ਹੀ ਪ੍ਰਚਾਰ ਕਰਦੇ ਸਨ। ਦਸਮ ਸਰੂਪ ਵਿਚ ਸ੍ਰੀ ਗੁਰੂ

ਗੋਬਿੰਦ ਸਿੰਘ ਸਾਹਿਬ ਜੀ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਜੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਤਾ ਕਰਨ ਸਮੇਂ ੯ ਮਹੀਨਿਆਂ ਤੋਂ ਵੱਧ ਸਮਾਂ ਤਲਵੰਡੀ ਸਾਬੋ ਕੇ ਟਿਕ ਕੇ ਸਾਰੀ ਗੁਰਬਾਣੀ ਦੀ ਕਥਾ ਹਜ਼ੂਰ ਨੇ ਆਪ ਕੀਤੀ ਅਤੇ ੪੮ ਸਿੰਘਾਂ ਨੂੰ ਗੁਰਬਾਣੀ ਦੀ ਕਥਾ ਪੜ੍ਹਾਈ। ਇਹ ੪੮ ਸਿੰਘ ਗੁਰੂ ਜੀ ਪਾਸੋਂ ਹਰੀ ਪ੍ਰਭੂ ਦੀ ਕਥਾ ਸੁਣ ਕੇ ਸਾਰੇ ਵਿਦੇਹ ਮੁਕਤ ਹੋ ਗਏ ਸਨ। ਅਗੋਂ ਬਾਬਾ ਦੀਪ ਸਿੰਘ ਜੀ, ਭਾਈ ਮਨੀ ਸਿੰਘ ਜੀ ਇਹ ਕਥਾ ਹਰੀ ਪ੍ਰਭੂ ਦੀ ਕਰਦੇ ਰਹੇ ਹਨ।

**ਤਿਲੰਗ ਮਹਲਾ ੪ ॥ ਹਰਿ ਕੀਆ ਕਥਾ ਕਹਾਣੀਆ ਗੁਰਿ ਮੀਤਿ ਸੁਣਾਈਆ ॥ ਬਲਿਹਾਰੀ ਗੁਰ ਆਪਣੇ ਗੁਰ ਕਉ ਬਲਿ ਜਾਈਆ ॥ ੧ ॥ ਆਇ ਮਿਲੁ ਗੁਰਸਿਖ ਆਇ ਮਿਲੁ ਤੂ ਮੇਰੇ ਗੁਰੂ ਕੇ ਪਿਆਰੇ ॥ ਰਹਾਉ ॥ ਹਰਿ ਕੇ ਗੁਣ ਹਰਿ ਭਾਵਦੇ ਸੇ ਗੁਰੂ ਤੇ ਪਾਏ ॥ ਜਿਨ ਗੁਰ ਕਾ ਭਾਣਾ ਮੰਨਿਆ ਤਿਨ ਘੁਮਿ ਘੁਮਿ ਜਾਏ ॥ ੨ ॥ ਜਿਨ ਸਤਿਗੁਰੁ ਪਿਆਰਾ ਦੇਖਿਆ ਤਿਨ ਕਉ ਹਉ ਵਾਰੀ ॥ ਜਿਨ ਗੁਰ ਕੀ ਕੀਤੀ ਚਾਕਰੀ ਤਿਨ ਸਦ ਬਲਿਹਾਰੀ ॥ ੩ ॥ ਹਰਿ ਹਰਿ ਤੇਰਾ ਨਾਮੁ ਹੈ ਦੁਖ ਮੇਟਣਹਾਰਾ ॥ ਗੁਰ ਸੇਵਾ ਤੇ ਪਾਈਐ ਗੁਰਮੁਖਿ ਨਿਸਤਾਰਾ ॥ ੪ ॥ ਜੋ ਹਰਿ ਨਾਮੁ ਧਿਆਇਦੇ ਤੇ ਜਨ ਪਰਵਾਨਾ ॥ ਤਿਨ ਵਿਟਹੁ ਨਾਨਕੁ ਵਾਰਿਆ ਸਦਾ ਸਦਾ ਕੁਰਬਾਨਾ ॥ ੫ ॥**

## ਪਦ ਅਰਥ :

ਹਰਿ-ਹਰੀ। ਕੀਆ-ਦੀਆਂ। ਗੁਰਿ ਮੀਤਿ-ਗੁਰੂ ਮਿੱਤਰ ਨੇ। ਬਲਿ ਜਾਈਆ-ਮੈਂ ਬਲਿਹਾਰੇ ਜਾਂਦਾ ਹਾਂ। ਭਾਵਦੇ-ਚੰਗੇ ਲੱਗਦੇ ਹਨ। ਘੁਮਿ ਘੁਮਿ ਜਾਏ-ਮੁੜ ਮੁੜ ਕੇ ਸਦਕੇ ਘੋਲੀ ਜਾਂਦਾ ਹਾਂ। ਵਾਰੀ-ਵਾਰਨੇ, ਕੁਰਬਾਨ। ਚਾਕਰੀ-ਨੌਕਰੀ, ਸੇਵਾਦਾਰੀ। ਗੁਰਮੁਖਿ-ਗੁਰੂ ਦੁਆਰਾ। ਪਰਵਾਨਾ-ਪਰਵਾਣ, ਕਬੂਲ। ਵਿਟਹੁ-ਤੋਂ।

## ਅਰਥ :

(ਹੇ ਭਾਈ!) ਗੁਰੂ ਮਿੱਤਰ ਨੇ (ਮੈਨੂੰ) ਹਰੀ (ਪ੍ਰਭੂ) ਦੀਆਂ (ਅਸਚਰਜ) ਕਥਾ-ਕਹਾਣੀਆਂ ਸੁਣਾਈਆਂ ਹਨ। (ਇਸ ਕਰਕੇ) ਮੈਂ ਆਪਣੇ (ਸਮਰੱਥ) ਗੁਰੂ ਤੋਂ ਮੁੜ ਮੁੜ ਵਾਰਨੇ-ਬਲਿਹਾਰਨੇ ਜਾਂਦਾ ਹਾਂ।੧। ਹੇ ਮੇਰੇ ਗੁਰੂ ਦੇ ਪਿਆਰੇ ਗੁਰਸਿੱਖ! ਤੂੰ ਮੈਨੂੰ ਆ ਕੇ ਮਿਲ, (ਛੇਤੀ) ਆ ਕੇ ਮਿਲ। ਰਹਾਉ। (ਹੇ ਗੁਰਸਿੱਖ ਵੀਰ!) ਉਹ ਹਰੀ (ਪ੍ਰਭੂ) ਦੇ ਗੁਣ (ਗਾਉਣੇ) ਹਰੀ ਪ੍ਰਮਾਤਮਾ ਨੂੰ ਚੰਗੇ ਲੱਗਦੇ ਹਨ, (ਅਤੇ) ਉਹ ਗੁਣ ਗੁਰੂ ਤੋਂ ਪ੍ਰਾਪਤ ਹੁੰਦੇ ਹਨ। ਜਿਨ੍ਹਾਂ ਗੁਰਸਿੱਖਾਂ ਨੇ ਗੁਰੂ ਦਾ ਭਾਣਾ ਮੰਨਿਆ ਹੈ, ਮੈਂ ਉਨ੍ਹਾਂ ਤੋਂ ਵਾਰੀ

ਘੋਲੀ ਜਾਂਦਾ ਹਾਂ। ੨। (ਹੇ ਵੀਰ!) ਜਿਨ੍ਹਾਂ ਮਨੁੱਖਾਂ ਨੇ ਪਿਆਰਾ ਸਤਿਗੁਰੂ ਵੇਖਿਆ (ਭਾਵ ਦਰਸ਼ਨ ਕੀਤਾ ਹੈ), ਮੈਂ ਉਨ੍ਹਾਂ ਤੋਂ ਵਾਰਨੇ ਜਾਂਦਾ ਹਾਂ। ਜਿਨ੍ਹਾਂ ਨੇ ਗੁਰੂ ਦੀ (ਦੱਸੀ ਚਾਕਰੀ ਕੀਤੀ ਹੈ, (ਮੈਂ) ਉਨ੍ਹਾਂ ਤੋਂ ਸਦਾ ਸਦਕੇ ਜਾਂਦਾ ਹਾਂ। ੩। ਹੇ ਹਰੀ ਤੇਰਾ ਨਾਮ ਸਾਰੇ (ਸਰੀਰਕ ਤੇ) ਜਨਮ ਮਰਣ ਦੇ ਦੁੱਖ ਦੂਰ ਕਰਨ ਵਾਲਾ ਹੈ। ਗੁਰੂ ਦੀ ਸੇਵਾ ਕੀਤਿਆਂ (ਇਹ ਨਾਮ) ਪਾਈਦਾ ਹੈ (ਅਤੇ) ਗੁਰੂ ਦੁਆਰਾ (ਸੰਸਾਰ ਸਾਗਰ ਤੋਂ) ਪਾਰ ਉਤਾਰਾ ਹੋ ਜਾਂਦਾ ਹੈ। ੪। ਜੋ ਸੇਵਕ ਜਨ ਹਰੀ ਦਾ ਨਾਮ ਧਿਆਉਂਦੇ ਹਨ, ਉਹ (ਸੇਵਕ) ਜਨ (ਪ੍ਰਭੂ ਦੀ ਦਰਗਾਹ ਵਿਚ) ਪਰਵਾਨ ਹੁੰਦੇ ਹਨ। ਨਾਨਕ ਗੁਰੂ ਜੀ ਉਚਾਰਨ ਕਰਦੇ ਹਨ) ਕਿ ਮੈਂ ਉਹਨਾਂ ਸੇਵਕਾਂ ਤੋਂ ਸਦਾ ਸਦਾ ਕੁਰਬਾਨ ਜਾਂਦਾ ਹਾਂ। ੫।

**ਸਾ ਹਰਿ ਤੇਰੀ ਉਸਤਤਿ ਹੈ ਜੋ ਹਰਿ ਪ੍ਰਭ ਭਾਵੈ ॥ ਜੋ ਗੁਰਮੁਖਿ ਪਿਆਰਾ ਸੇਵਦੇ ਤਿਨ ਹਰਿ ਫਲੁ ਪਾਵੈ ॥ ੬ ॥ ਜਿਨਾ ਹਰਿ ਸੇਤੀ ਪਿਰਹੜੀ ਤਿਨਾ ਜੀਅ ਪ੍ਰਭ ਨਾਲੇ ॥ ਓਇ ਜਪਿ ਜਪਿ ਪਿਆਰਾ ਜੀਵਦੇ ਹਰਿ ਨਾਮੁ ਸਮਾਲੇ ॥ ੭ ॥ ਜਿਨ ਗੁਰਮੁਖਿ ਪਿਆਰਾ ਸੇਵਿਆ ਤਿਨ ਕਉ ਘੁਮਿ ਜਾਇਆ ॥ ਓਇ ਆਪਿ ਛੁਟੇ ਪਰਵਾਰ ਸਿਉ ਸਭੁ ਜਗਤੁ ਛਡਾਇਆ ॥ ੮ ॥ ਗੁਰਿ ਪਿਆਰੈ ਹਰਿ ਸੇਵਿਆ ਗੁਰੁ ਧੰਨੁ ਗੁਰੁ ਧੰਨੋ ॥ ਗੁਰਿ ਹਰਿ ਮਾਰਗੁ ਦਸਿਆ ਗੁਰ ਪੁੰਨੁ ਵਡ ਪੁੰਨੋ ॥ ੯ ॥ ਜੋ ਗੁਰਸਿਖ ਗੁਰੁ ਸੇਵਦੇ ਸੇ ਪੁੰਨ ਪਰਾਣੀ ॥ ਜਨੁ ਨਾਨਕੁ ਤਿਨ ਕਉ ਵਾਰਿਆ ਸਦਾ ਸਦਾ ਕੁਰਬਾਣੀ ॥ ੧੦ ॥**

## ਪਦ ਅਰਥ :

ਸਾ-ਉਹ। ਸੇਵਦੇ-ਸਿਮਰਦੇ ਹਨ। ਹਰਿ ਫਲੁ ਪਾਵੈ-ਹਰੀ (ਉਹਨਾਂ ਦੀ ਝੋਲੀ ਵਿਚ ਨਾਮ ਰੂਪੀ) ਸੁੱਖ ਫਲ ਪਾਉਂਦਾ ਹੈ। ਪਿਰਹੜੀ-ਪ੍ਰੀਤ, ਪ੍ਰੇਮ। ਤਿਨਾ ਜੀਅ-ਉਨ੍ਹਾਂ ਦੇ ਦਿਲ। ਜਪਿ ਜਪਿ-ਜਪ-ਜਪ ਕੇ। ਸਮਾਲੇ-ਸੰਭਾਲ ਕੇ, ਯਾਦ ਕਰਕੇ। ਘੁਮਿ ਜਾਇਆ-ਸਦਕੇ ਜਾਂਦਾ ਹਾਂ। ਧੰਨੁ-ਸਲਾਹੁਣ ਯੋਗ। ਗੁਰ ਪੁੰਨੁ-ਗੁਰੂ ਦਾ ਉਪਕਾਰ। ਪੁੰਨੁ-ਪਵਿੱਤਰ। ਪਰਾਣੀ-ਮਨੁੱਖ।

## ਅਰਥ :

ਹੇ ਹਰੀ! ਤੇਰੀ ਉਸਤਤਿ (ਵਡਿਆਈ) ਹੈ ਜੋ (ਆਪ) ਹਰੀ ਪ੍ਰਭੂ ਨੂੰ ਚੰਗੀ ਲੱਗਦੀ ਹੈ। ਜੋ ਗੁਰੂ (ਦੁਆਰਾ) ਹਰੀ ਪਿਆਰੇ ਨੂੰ ਸਿਮਰਦੇ ਹਨ, ਉਹ (ਨਾਮ ਰੂਪੀ) ਸੁੱਖ ਫਲ ਪਾ ਲੈਂਦੇ ਹਨ। ੬। ਜਿਨ੍ਹਾਂ ਦੀ ਪ੍ਰਭੂ ਨਾਲ ਪ੍ਰੀਤ ਹੈ ਉਨ੍ਹਾਂ ਦੇ ਦਿਲ ਪ੍ਰਭੂ ਨਾਲ (ਜੁੜੇ) ਰਹਿੰਦੇ ਹਨ। ਉਹ ਪਿਆਰੇ (ਪ੍ਰਭੂ ਨੂੰ) ਜਪ ਜਪ ਕੇ, ਨਾਮ ਯਾਦ ਕਰਕੇ (ਆਤਮਿਕ ਜੀਵਨ) ਜੀਉਂਦੇ ਹਨ। ੭। ਜਿਨ੍ਹਾਂ ਪੁਰਸ਼ਾਂ ਨੇ ਗੁਰੂ ਦੁਆਰਾ ਪਿਆਰਾ (ਪ੍ਰਭੂ ਪ੍ਰਮਾਤਮਾ) ਸੇਵਿਆ ਹੈ, (ਮੈਂ ਉਨ੍ਹਾਂ ਤੋਂ ਘੋਲੀ ਜਾਂਦਾ ਹਾਂ। ਉਹ ਆਪ ਸਹਿਤ ਪਰਿਵਾਰ (ਜਗਤ ਦੇ

ਧੰਧਿਆਂ ਤੋਂ) ਛੁੱਟ ਗਏ ਹਨ, (ਅਤੇ) ਨਾਮ ਸਿਮਰਨ ਦਾ ਸਦਕਾ ਸਾਰੇ ਜਗਤ ਨੂੰ (ਧੰਧਿਆਂ ਤੋਂ) ਛੁੱਡਾ ਲਿਆ ਹੈ। ੮। ਪਿਆਰੇ ਗੁਰੂ ਨੇ ਹਰੀ ਨੂੰ ਸੇਵਿਆ (ਸਿਮਰਿਆ) ਹੈ (ਇਸ ਲਈ) ਗੁਰੂ ਧੰਨ ਹੈ, ਗੁਰੂ ਸਾਲਾਹੁਣ ਯੋਗ ਹੈ। ਗੁਰੂ ਨੇ ਮੈਨੂੰ ਹਰੀ ਦੇ ਮਿਲਣ ਦਾ ਰਸਤਾ ਦੱਸਿਆ ਹੈ। (ਇਹ) ਗੁਰੂ ਦਾ ਪੁੰਨ (ਉਪਕਾਰ) ਹੈ। (ਇਹ ਗੁਰੂ ਦਾ ਮੇਰੇ ਉੱਪਰ) ਵੱਡਾ ਉਪਕਾਰ ਹੈ। ੯। ਜੋ ਗੁਰਸਿੱਖ ਗੁਰੂ ਨੂੰ ਸੇਂਵਦੇ (ਸਿਮਰਦੇ) ਹਨ, ਉਹ ਪ੍ਰਾਣੀ ਪਵਿੱਤਰ ਹਨ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਮੈਂ) ਦਾਸ ਉਹਨਾਂ ਤੋਂ ਸਦਕੇ (ਤੇ) ਸਦਾ ਸਦਾ ਲਈ ਕੁਰਬਾਨ ਜਾਂਦਾ ਹਾਂ। ੧੦।

**ਗੁਰਮੁਖਿ ਸਖੀ ਸਹੇਲੀਆ ਸੇ ਆਪਿ ਹਰਿ ਭਾਈਆ ॥ ਹਰਿ ਦਰਗਹ ਪੈਨਾਈਆ ਹਰਿ ਆਪਿ ਗਲਿ ਲਾਈਆ ॥ ੧੧ ॥ ਜੋ ਗੁਰਮੁਖਿ ਨਾਮੁ ਧਿਆਇਦੇ ਤਿਨ ਦਰਸਨੁ ਦੀਜੈ ॥ ਹਮ ਤਿਨ ਕੇ ਚਰਣ ਪਖਾਲਦੇ ਧੂੜਿ ਘੋਲਿ ਘੋਲਿ ਪੀਜੈ ॥ ੧੨ ॥ ਪਾਨ ਸੁਪਾਰੀ ਖਾਤੀਆ ਮੁਖਿ ਬੀੜੀਆ ਲਾਈਆ ॥ ਹਰਿ ਹਰਿ ਕਦੇ ਨ ਚੇਤਿਓ ਜਮਿ ਪਕੜਿ ਚਲਾਈਆ ॥ ੧੩ ॥ ਜਿਨ ਹਰਿ ਨਾਮਾ ਹਰਿ ਚੇਤਿਆ ਹਿਰਦੈ ਉਰਿ ਧਾਰੇ ॥ ਤਿਨ ਜਮੁ ਨੇੜਿ ਨ ਆਵਈ ਗੁਰਸਿਖ ਗੁਰ ਪਿਆਰੇ ॥ ੧੪ ॥ ਹਰਿ ਕਾ ਨਾਮੁ ਨਿਧਾਨੁ ਹੈ ਕੋਈ ਗੁਰਮੁਖਿ ਜਾਣੈ ॥ ਨਾਨਕ ਜਿਨ ਸਤਿਗੁਰੁ ਭੇਟਿਆ ਰੰਗਿ ਰਲੀਆ ਮਾਣੈ ॥ ੧੫ ॥**

## ਪਦ ਅਰਥ :

ਭਾਈਆ-ਚੰਗੀਆਂ ਲੱਗੀਆਂ। ਪੈਨਾਈਆ-ਸਨਮਾਨੀਆਂ ਗਈਆਂ। ਗਲਿ-ਗਲੇ ਨਾਲਿ। ਪਖਾਲਦੇ-ਧੋਂਦੇ ਹਾਂ। ਘੋਲਿ-ਘੋਲ ਕੇ। ਪੀਜੈ-ਪੀਂਦੇ ਰਹੀਏ। ਖਾਤੀਆ-ਖਾਂਦੀਆਂ ਸਨ। ਮੁਖਿ-ਮੂੰਹ ਵਿਚ। ਬੀੜੀਆ-ਪਾਨਾਂ ਦੀਆਂ ਬੀੜੀਆਂ। ਜਮਿ-ਜਮ ਨੇ। ਚਲਾਈਆ-ਅੱਗੇ ਲਾ ਲਈਆਂ। ਚੇਤਿਆ-ਸਿਮਰਿਆ। ਉਰਿ ਧਾਰੇ-ਹਿਰਦੇ ਵਿਚ ਧਾਰ ਕੇ।

## ਅਰਥ :

(ਐਸੀਆਂ ਨਾਮ ਜੱਪਣ ਵਾਲੀਆਂ) ਗੁਰਮੁੱਖ ਸਖੀਆਂ ਸਹੇਲੀਆਂ ਉਹ ਆਪ ਹਰੀ ਨੂੰ ਚੰਗੀਆਂ ਲੱਗੀਆਂ ਹਨ। (ਉਹ ਗੁਰਮੁਖਿ ਸਖੀਆਂ) ਹਰੀ ਦੀ ਦਰਗਾਹ ਵਿਚ ਸਨਮਾਨੀਆਂ ਗਈਆਂ (ਅਤੇ ਉਹ) ਹਰੀ ਨੇ ਆਪਣੇ ਗਲੇ ਨਾਲ ਲਾਈਆਂ ਹਨ। ੧੧। (ਹੇ ਹਰੀ ਪ੍ਰਭੂ ਜੀ!) ਜੋ ਗੁਰੂ ਦੁਆਰਾ (ਗੁਰਮੁਖਿ) ਤੇਰਾ ਨਾਮ ਧਿਆਉਂਦੇ ਹਨ, ਉਨ੍ਹਾਂ ਦਾ ਮੈਨੂੰ ਦਰਸ਼ਨ ਬਖ਼ਸ਼ੋ। ਅਸੀਂ ਉਨ੍ਹਾਂ ਦੇ ਚਰਨ ਧੋਂਦੇ ਰਹੀਏ (ਅਤੇ ਚਰਨ) ਧੂੜ (ਉਨ੍ਹਾਂ) ਦੀ ਘੋਲ ਘੋਲ ਕੇ ਪੀਂਦੇ ਰਹੀਏ। ੧੨। (ਹੇ ਭਾਈ!) ਜੋ ਜੀਵ-ਇਸਤਰੀਆਂ ਪਾਨਾਂ ਦੇ ਬੀੜ

ਤੇ ਸੁਪਾਰੀ ਆਦਿ (ਸੁਆਦਿ ਨਾਲ) ਖਾਂਦੀਆਂ ਸਨ, ਆਪਣੇ ਮੂੰਹ ਵਿਚ ਬੀੜੀਆਂ (ਜਗਤ ਜੂਠ ਦੀਆਂ) ਲਾਉਂਦੀਆਂ ਸਨ, ਉਨ੍ਹਾਂ ਨੇ ਹਰੀ (ਪ੍ਰਭੂ ਦਾ) ਹਰੀ ਨਾਮ ਕਦੇ ਨਹੀਂ ਸੀ ਸਿਮਰਿਆ (ਇਸ ਕਰਕੇ) ਉਹ ਜਮਾਂ ਨੇ ਫੜ ਕੇ (ਨਰਕਾਂ ਵਿਚ ਪਾਵਣ ਲਈ) ਅੱਗੇ ਚਲਾਈਆਂ (ਤੋਰੀਆਂ) ਹਨ। ੧੩। (ਅਤੇ) ਜਿਨ੍ਹਾਂ ਨੇ ਹਰੀ ਦਾ (ਨਾਮ ਸਿਮਰਿਆ ਹੈ, ਉਨ੍ਹਾਂ ਗੁਰੂ ਦੇ ਪਿਆਰੇ ਗੁਰਸਿੱਖਾਂ ਦੇ ਨੇੜੇ ਜਮ (ਬਿਲਕੁਲ) ਨਹੀਂ ਆਉਂਦਾ। ੧੪। (ਹੇ ਭਾਈ!) ਹਰੀ ਦਾ ਨਾਮ (ਸੱਚੇ ਧਨ) ਦਾ ਖ਼ਜ਼ਾਨਾ ਹੈ, (ਪਰ) ਕੋਈ ਵਿਰਲਾ ਗੁਰਮੁਖ (ਇਸ ਨਾਮ ਰੂਪੀ ਸਚਾਈ ਨੂੰ) ਜਾਣਦਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਜਿਨ੍ਹਾਂ ਨੂੰ (ਭਾਵ ਜਿਸ ਕਿਸੇ ਨੂੰ) ਸਤਿਗੁਰੂ ਮਿਲ ਪਿਆ ਹੈ (ਉਹ ਪ੍ਰਭੂ ਦੇ) ਪ੍ਰੇਮ ਵਿਚ (ਓਤਪੋਤ ਹੋ ਕੇ) ਖ਼ੁਸ਼ੀਆਂ ਮਾਣਦੇ ਹਨ। ੧੫।

**ਸਤਿਗੁਰ ਦਾਤਾ ਆਖੀਐ ਤੁਸਿ ਕਰੇ ਪਸਾਓ॥ ਹਉ ਗੁਰ ਵਿਟਹੁ ਸਦ ਵਾਰਿਆ ਜਿਨਿ ਦਿਤੜਾ ਨਾਓ॥੧੬॥ ਸੋ ਧੰਨੁ ਗੁਰੂ ਸਾਬਾਸਿ ਹੈ ਹਰਿ ਦੇਇ ਸਨੇਹਾ॥ ਹਉ ਵੇਖਿ ਵੇਖਿ ਗੁਰੂ ਵਿਗਸਿਆ ਗੁਰ ਸਤਿਗੁਰ ਦੇਹਾ॥ ੧੭॥ ਗੁਰ ਰਸਨਾ ਅੰਮ੍ਰਿਤੁ ਬੋਲਦੀ ਹਰਿ ਨਾਮਿ ਸੁਹਾਵੀ॥ ਜਿਨ ਸੁਣਿ ਸਿਖਾ ਗੁਰੁ ਮੰਨਿਆ ਤਿਨਾ ਭੁਖ ਸਭ ਜਾਵੀ॥੧੮॥ ਹਰਿ ਕਾ ਮਾਰਗੁ ਆਖੀਐ ਕਹੁ ਕਿਤੁ ਬਿਧਿ ਜਾਈਐ॥ ਹਰਿ ਹਰਿ ਤੇਰਾ ਨਾਮੁ ਹੈ ਹਰਿ ਖਰਚੁ ਲੈ ਜਾਈਐ॥੧੯॥ ਜਿਨ ਗੁਰਮੁਖਿ ਹਰਿ ਆਰਾਧਿਆ ਸੇ ਸਾਹ ਵਡ ਦਾਣੇ॥ ਹਉ ਸਤਿਗੁਰ ਕਉ ਸਦ ਵਾਰਿਆ ਗੁਰ ਬਚਨਿ ਸਮਾਣੇ॥ ੨੦॥ ਤੂ ਠਾਕੁਰੁ ਤੂ ਸਾਹਿਬੋ ਤੂਹੈ ਮੇਰਾ ਮੀਰਾ॥ ਤੁਧੁ ਭਾਵੈ ਤੇਰੀ ਬੰਦਗੀ ਤੂ ਗੁਣੀ ਗਹੀਰਾ॥੨੧॥ ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ॥ ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ॥੨੨॥੨॥**

## ਪਦ ਅਰਥ :

ਤੁਸਿ-ਤੁਠ ਕੇ। ਪਸਾਓ-ਪ੍ਰਸ਼ਾਦ, ਕਿਰਪਾ। ਵੇਖਿ ਵੇਖਿ-ਵੇਖ ਵੇਖ ਕੇ। ਵਿਗਸਿਆ-ਖਿੜਿਆ, ਪ੍ਰਸੰਨ। ਦੇਹਾ-ਸਰੀਰ। ਹਰਿ ਨਾਮਿ-ਹਰੀ ਦੇ ਨਾਮ ਦੁਆਰਾ। ਸੁਹਾਵੀ-ਸੋਹਣੀ। ਸਿਖਾ-ਸਿੱਖਾਂ ਨੇ। ਕਿਤੁ ਬਿਧਿ-ਕਿਸ ਤਰੀਕੇ ਨਾਲ। ਸਾਹ-(ਉਹ) ਸ਼ਾਹ ਹਨ। ਦਾਣੇ-ਦਾਨੇ, ਅਕਲਵੰਦ, ਸਿਆਣੇ। ਗੁਰ ਬਚਨਿ-ਗੁਰੂ ਦੇ ਬਚਨਾਂ ਵਿਚ। ਠਾਕੁਰੁ-ਮਾਲਕ। ਮੀਰਾ-ਸਰਦਾਰ, ਪਾਤਸ਼ਾਹ। ਗੁਣੀ ਗਹੀਰਾ-ਅਥਾਹ ਗੁਣਾਂ ਦਾ ਮਾਲਕ।

## ਅਰਥ :

(ਹੇ ਭਾਈ!) ਸਤਿਗੁਰੂ ਨੂੰ (ਸੱਚਾ) ਦਾਤਾ ਆਖਿਆ ਜਾਂਦਾ ਹੈ, ਜੋ ਤੁੱਠ ਕੇ (ਨਾਮ ਦੇਣ ਦੀ)

ਕਿਰਪਾ ਕਰਦਾ ਹੈ। ਮੈਂ (ਉਸ) ਗੁਰੂ ਤੋਂ ਸਦਾ ਸਦਕੇ ਜਾਂਦਾ ਹਾਂ ਜਿਸ ਨੇ (ਮੈਨੂੰ ਪ੍ਰਭੂ ਦਾ) ਨਾਮ ਬਖ਼ਸ਼ਿਆ ਹੈ। ੧੬।

(ਹੇ ਭਾਈ!) ਉਹ ਗੁਰੂ ਧੰਨਤਾ ਯੋਗ ਹੈ। (ਉਸ ਨੂੰ) ਸ਼ਾਬਾਸ਼ ਹੈ, (ਜੋ) ਹਰੀ ਨਾਮ ਜੱਪਣ ਦਾ ਸੰਦੇਸ਼ਾ ਦਿੰਦਾ ਹੈ। ਮੈਂ ਸੱਚੇ ਗੁਰੂ ਸਤਿਗੁਰੂ ਦਾ (ਸੁੰਦਰ) ਸਰੀਰ (ਅਤੇ ਮੁਖ) ਵੇਖ ਵੇਖ ਕੇ ਪ੍ਰਸੰਨ ਹੋ ਰਿਹਾ ਹਾਂ। ੧੭। (ਹੇ ਭਾਈ!) ਗੁਰੂ ਦੀ ਰਸਨਾ (ਪ੍ਰਮੇਸ਼ਰ) ਦਾ ਅੰਮ੍ਰਿਤ (ਨਾਮ) ਉਚਾਰਦੀ ਹੈ, (ਅਤੇ) ਹਰੀ ਦੇ ਨਾਮ ਵਿਚ (ਰਸੀ ਹੋਈ) ਸੋਹਣੀ ਲੱਗਦੀ ਹੈ। ਜਿਨ੍ਹਾਂ ਸਿੱਖਾਂ ਨੇ ਗੁਰੂ ਤੋਂ (ਨਾਮ) ਸੁਣ ਕੇ ਮੰਨਿਆ (ਭਾਵ ਅਮਲ ਕੀਤਾ ਹੈ) ਉਨ੍ਹਾਂ ਦੀ (ਦੁਨਿਆਵੀ ਪਦਾਰਥ ਦੀ) ਸਾਰੀ ਭੁੱਖ ਦੂਰ ਹੋ ਗਈ ਹੈ। ੧੮। (ਹੇ ਭਾਈ! ਜੋ) ਹਰੀ ਦਾ (ਮਿਲਾਪ) ਆਖਿਆ ਜਾਂਦਾ ਹੈ, ਦੱਸੋ (ਉਸ ਮਾਰਗ 'ਤੇ) ਕਿਸ ਤਰੀਕੇ ਨਾਲ ਟੁਰੀਏ?। (ਹੇ ਭਾਈ!) ਹਰੀ ਪ੍ਰਭੂ ਦਾ ਨਾਮ ਹੀ ਦਰਗਾਹ ਵਿਚ ਖ਼ਰਚ (ਵਜੋਂ ਨਾਲ ਲੈ ਕੇ) ਜਾਣਾ ਚਾਹੀਦਾ ਹੈ। ੧੯। (ਹੇ ਭਾਈ!) ਜਿਨ੍ਹਾਂ ਮਨੁੱਖਾਂ ਨੇ ਗੁਰੂ ਦੁਆਰਾ ਹਰੀ ਨਾਮ ਸਿਮਰਿਆ ਹੈ, ਉਹ ਵੱਡੇ ਸਿਆਣੇ ਸ਼ਾਹ ਹਨ। ਮੈਂ ਸਤਿਗੁਰੂ ਤੋਂ ਸਦਾ ਵਾਰਨੇ ਜਾਂਦਾ ਹਾਂ, (ਜਿਸ) ਗੁਰੂ ਦੇ ਬਚਨਾਂ ਦੁਆਰਾ (ਉਹ ਪ੍ਰਮੇਸ਼ਰ ਦੇ ਨਾਮ ਵਿਚ) ਸਮਾਅ ਗਏ ਹਨ। ੨੦। ਹੇ ਵਾਹਿਗੁਰੂ! ਤੂੰ ਮੇਰਾ ਮਾਲਕ ਹੈਂ, ਤੂੰ (ਮੇਰਾ) ਸਾਹਿਬ ਹੈਂ, (ਅਤੇ) ਤੂੰ ਮੇਰਾ ਪਾਤਸ਼ਾਹ ਹੈਂ। ਹੇ ਪ੍ਰਭੂ ਜੀ! ਜੇ ਤੈਨੂੰ ਭਾਵੇ (ਚੰਗਾ ਲੱਗੇ ਤਾਂ ਮੈਂ) ਤੇਰੀ ਬੰਦਗੀ ਕਰ ਸਕਦਾ ਹਾਂ, (ਕਿਉਂਕਿ) ਤੂੰ ਅਥਾਹ ਗੁਣਾਂ ਦਾ ਮਾਲਕ ਹੈਂ। ੨੧। (ਹੇ ਭਾਈ!) ਹਰੀ ਆਪ ਹੀ ਇਕ ਰੰਗ ਹੈ (ਅਤੇ) ਆਪ ਹੀ ਅਨੇਕ ਰੰਗਾਂ ਵਿਚ (ਰੂਪਮਾਨ ਹੋ ਰਿਹਾ ਹੈ)। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਜੋ (ਗੱਲ) ਪ੍ਰਭੂ ਨੂੰ ਭਾਉਂਦੀ ਹੈ, ਉਹੀ ਗੱਲ ਚੰਗੀ ਹੈ, ਭਾਵ ਉਸਦੀ ਰਜ਼ਾ ਵਿਚ ਰਹਿਣਾ ਚਾਹੀਦਾ ਹੈ)। ੨੨। ੨।

## ਵਿਆਖਿਆ ਤੇ ਸਾਰੰਸ਼ :-

ਇਸ ਸ਼ਬਦ ਦੇ ਆਰੰਭ ਵਿਚ ''ਹਰਿ ਕੀਆ ਕਥਾ ਕਹਣੀਆ ਗੁਰਿ ਮੀਤਿ ਸੁਣਾਈਆ'' ਕਹਿ ਕੇ ''ਬਲਿਹਾਰੀ ਗੁਰ ਆਪਣੇ ਗੁਰ ਕਉ ਬਲਿ ਜਾਈਆ॥' ਅਤੇ ਗੁਰਸਿੱਖ ਨਾਲ ਪ੍ਰੇਮ ਪ੍ਰਗਟਾਇਆ ਹੈ। ਫਿਰ ਨਾਮ ਜੱਪਣ ਦੀਆਂ ਵਡਿਆਈਆਂ ਵਰਣਨ ਕੀਤੀਆਂ ਹਨ। ਗੁਰਮੁਖ ਸਖੀ ਸਹੇਲੀਆਂ ਨਾਲ ਮਿਲ ਕੇ ਪ੍ਰੇਮ ਦੀ ਅਕਥ ਕਹਾਣੀ ਦਾ ਜ਼ਿਕਰ ਕੀਤਾ ਹੈ। ਅਖ਼ੀਰ ਵਿਚ ''ਆਪੇ ਹਰਿ ਇਕ ਰੰਗੁ ਹੈ, ਆਪੇ ਬਹੁ ਰੰਗੀ॥ ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ॥' ਨਾਲ ਹੀ ਸੰਪੂਰਨਤਾ ਕੀਤੀ ਹੈ।

## ਹੁਕਮਨਾਮੇ (ਤਿਲੰਗ ਰਾਗ) ਸਮਾਪਤ

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

☆☆☆